ਗ਼ਦਰ ਲਹਿਰ

ਅਤੇ ਹਿੰਦੁਸਤਾਨ ਦੀ
ਸਾਮਰਾਜਵਾਦ ਵਿਰੋਧੀ ਜੱਦੋਜਹਿਦ

ਸੰਪਾਦਕ: ਡਾ. ਪ੍ਰਿਥਵੀ ਰਾਜ ਕਾਲੀਆ

ਅਨੁਵਾਦ : ਬੂਟਾ ਸਿੰਘ



ਗ਼ਦਰ ਲਹਿਰ

ਅਤੇ ਹਿੰਦੁਸਤਾਨ ਦੀ
ਸਾਮਰਾਜਵਾਦ ਵਿਰੋਧੀ ਜੱਦੋਜਹਿਦ

Z

ਗ਼ਦਰ ਲਹਿਰ

ਅਤੇ ਹਿੰਦੁਸਤਾਨ ਦੀ
ਸਾਮਰਾਜਵਾਦ ਵਿਰੋਧੀ ਜੱਦੋਜਹਿਦ

ਸੰਪਾਦਕ:
ਡਾ. ਪ੍ਰਿਥਵੀ ਰਾਜ ਕਾਲੀਆ

ਅਨੁਵਾਦ : ਬੂਟਾ ਸਿੰਘ

ਪ੍ਰਕਾਸ਼ਕ
ਪ੍ਰਾਗਰੈਸਿਵ ਪੀਪਲਜ਼ ਫਾਊਂਡੇਸ਼ਨ ਆਫ ਐਡਮਿੰਟਨ
ਅਲਬਰਟਾ, ਕੈਨੇਡਾ

5 ਆਬ
ਪ੍ਰਕਾਸ਼ਨ, ਜਲੰਧਰ

9

First Published : English Edition : 2013
© Progressive Peoples' Foundation of Edmonton, 2013

First Published: Punjabi Edition : October 2016

GHADR LEHAR ATE HINDUSTAN DI SAMRAJVAD VIRODHI JADDOJAHED

Edited by:
Dr. Prithvi Raj Kalia
prithvikaliaeditor@yahoo.ca
Translated by: Boota Singh

ISBN : 978-93-82413-57-8

Publisher:
Progressive Peoples' Foundation of Edmonton
1626, Millwoods Road East, Edmonton, AB, Canada T6L 6W4

5aab Parkashan
1-2 Desh Bhagat Yadgar Hall, Jalandhar.
Mob. 98140-87063, 5aabparkashan@gmail.com
www.5aabparkashan.com

[*Progressive Peoples' Foundation of Edmonton:* An umbrella organization comprising of four socio-cultural organizations namely: Punjabi Cultural Association of Alberta, Maple Leaf Writers' Foundation of Edmonton, Secular Peoples Association of Edmonton & Progressive Arts Association of Alberta]

Printed at: 5aab Printers, jal.

Copies: 1000

Price: 20 $., ₹ 400 (Paper back)
: 25 $., ₹ 500(Hard bond)

[All rights reserved. No part of this publication may be reproduced or transmitted, in any form or in any means, without prior permission of the publisher. And the views expressed by our contributors through their articles in this volume are their own, and the Progressive Peoples' Foundation of Edmonton does not necessarily subscribe to them.]

5

ਗ਼ਦਰ ਲਹਿਰ ਦੇ ਸ਼ਹੀਦਾਂ
ਦੀ
ਯਾਦ ਵਿਚ

ਆਦਿਕਾ

ਸੰਨ 2012 ਦੇ ਫਰਵਰੀ ਮਹੀਨੇ ਦੇ ਦੂਜੇ ਹਫ਼ਤੇ ਮੈਨੂੰ ਡਾ. ਪ੍ਰਿਥਵੀ ਰਾਜ ਕਾਲੀਆ, ਕਾਮਰੇਡ ਤਰਲੋਚਨ ਸਿੰਘ ਰਾਣਾ ਅਤੇ ਕਾਮਰੇਡ ਮੰਗਤ ਰਾਮ ਪਾਸਲਾ ਦੇਸ਼ਭਗਤ ਯਾਦਗਾਰ ਵਿਚ ਮਿਲੇ ਅਤੇ ਉਨ੍ਹਾਂ ਨੇ ਗ਼ਦਰ ਦੇ ਸੌ ਸਾਲਾ ਜਸ਼ਨ ਬਾਰੇ ਸਮੁੱਚੇ ਪ੍ਰੋਗਰਾਮ ਸਬੰਧੀ ਗੱਲਬਾਤ ਕੀਤੀ। ਮੈਂ ਉਨ੍ਹਾਂ ਨੂੰ ਦੱਸਿਆ ਕਿ ਹੋਰ ਸਾਰੀਆਂ ਸਰਗਰਮੀਆਂ ਤਾਂ ਬਗ਼ੈਰ ਕਿਸੇ ਮੁਸ਼ਕਲ ਤੋਂ ਨੇਪਰੇ ਚਾੜ੍ਹ ਲਈਆਂ ਜਾਣਗੀਆਂ ਸਿਵਾਏ ਇਸ ਦੇ ਸਭ ਤੋਂ ਅਹਿਮ ਹਿੱਸੇ ਦੇ, ਯਾਨੀ ਗ਼ਦਰ ਲਹਿਰ ਦੇ ਇਤਿਹਾਸ ਸਬੰਧੀ ਭਰਵੇਂ ਲੇਖਾਂ ਦੀ ਇਕ ਕਿਤਾਬ ਦੇ। ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਸ਼ਹੀਦ ਭਗਤ ਸਿੰਘ ਦੀ ਜਨਮ ਸ਼ਤਾਬਦੀ ਮੌਕੇ ਬਹੁਤ ਸਾਰੀਆਂ ਕਿਤਾਬਾਂ ਛਾਪੀਆਂ ਗਈਆਂ ਸਨ; ਐਨ ਉਸੇ ਤਰ੍ਹਾਂ ਕਮੇਟੀ ਦੀ ਯੋਜਨਾ ਹੈ ਕਿ ਸ਼ਤਾਬਦੀ ਵਰ੍ਹੇ ਮੌਕੇ ਲੇਖਕਾਂ ਦੀ ਵੱਡੀ ਤਾਦਾਦ ਨੂੰ ਗ਼ਦਰ ਪਾਰਟੀ ਸਬੰਧੀ ਲਿਖਣ ਦਾ ਸੱਦਾ ਦਿਤਾ ਜਾਵੇ। ਮੈਂ ਉਨ੍ਹਾਂ ਨੂੰ ਕਿਹਾ ਕਿ ਹਿੰਦੁਸਤਾਨ ਦੀ ਇਨਕਲਾਬੀ ਕੌਮੀ ਲਹਿਰ ਦਾ ਇਕ ਬਹੁਤ ਹੀ ਅਹਿਮ ਪਹਿਲੂ ਇਹ ਹੈ ਕਿ ਸਾਡੇ ਮੁਸਲਮਾਨ ਭਰਾਵਾਂ ਨੇ ਇਸ ਵਿਚ ਸ਼ਾਨਦਾਰ ਭੂਮਿਕਾ ਨਿਭਾਈ ਹੈ। ਐਪਰ, ਅਫ਼ਸੋਸ ਦੀ ਗੱਲ ਇਹ ਹੈ ਕਿ ਹਾਕਮ ਜਮਾਤਾਂ ਅਤੇ ਕੁਝ ਫਿਰਕਾਪ੍ਰਸਤ ਹਿੰਦੂ ਇਤਿਹਾਸਕਾਰਾਂ ਨੇ ਲਹਿਰ ਵਿਚ ਉਨ੍ਹਾਂ ਦੀ ਸ਼ਮੂਲੀਅਤ ਨੂੰ ਉੱਕਾ ਹੀ ਨਜ਼ਰਅੰਦਾਜ਼ ਕੀਤਾ ਹੈ। ਸਭ ਤੋਂ ਵੱਧ ਦੁੱਖ ਦੀ ਗੱਲ ਇਹ ਹੈ ਕਿ ਪਾਕਿਸਤਾਨ ਵਿਚ ਨਾ ਕਦੇ ਉਨ੍ਹਾਂ ਦਾ ਜ਼ਿਕਰ ਹੁੰਦਾ ਹੈ ਅਤੇ ਨਾ ਕਦੇ ਉਨ੍ਹਾਂ ਨੂੰ ਯਾਦ ਕੀਤਾ ਜਾਂਦਾ ਹੈ। ਇਥੇ ਹਿੰਦੁਸਤਾਨ ਵਿਚ, ਅਸੀਂ ਉਨ੍ਹਾਂ ਵਲੋਂ ਨਿਭਾਈ ਭੂਮਿਕਾ ਤੇ ਕੀਤੀਆਂ ਕੁਰਬਾਨੀਆਂ ਨੂੰ ਬੁਲੰਦ ਕਰਨ ਲਈ ਇਕ ਹੱਦ ਤਕ ਯਤਨ ਕਰ ਰਹੇ ਹਾਂ। ਮਿਸਾਲ ਵਜੋਂ, 'ਹੈਰੀਟੇਜ਼' (ਵਿਰਸਾ) ਵਿਚ ਸਾਡੀਆਂ ਲਿਖਤਾਂ ਅਤੇ ਜਨਤਕ ਸੈਮੀਨਾਰਾਂ/ਚਰਚਾਵਾਂ ਵਿਚ ਅਸੀਂ ਮੌਲਾਨਾ ਬਰਕਤਉੱਲਾ, ਰਹਿਮਤ ਅਲੀ ਵਜ਼ੀਦਕੇ, ਅਬਦੁੱਲਾ ਨਾਹਲ ਬੰਦ, ਅਤੇ ਸਿੰਗਾਪੁਰ ਬਗ਼ਾਵਤ ਦੇ ਸ਼ਹੀਦਾਂ ਵਲੋਂ ਨਿਭਾਈ ਗਈ ਅਹਿਮ ਭੂਮਿਕਾ ਉੱਤੇ ਜ਼ੋਰ ਦਿੰਦੇ ਰਹੇ ਹਾਂ। ਪਰ ਸਭ ਤੋਂ ਵੱਡੀ ਗੱਲ ਇਹ ਹੈ ਕਿ ਇਸ ਵਿਸ਼ੇ ਉੱਤੇ ਇਕ ਭਰਵੀਂ ਕਿਤਾਬ ਦੀ ਜ਼ਰੂਰਤ ਸੀ ਜਿਹੜੀ ਸਿਰਾਜ-ਉਦ-ਦੌਲਾ ਦੇ ਵਕਤ ਤੋਂ ਲੈ ਕੇ ਨੇਤਾ ਜੀ ਸੁਭਾਸ਼ ਚੰਦਰ ਬੋਸ ਦੀ ਅਗਵਾਈ ਵਾਲੀ ਇੰਡੀਅਨ ਨੈਸ਼ਨਲ ਆਰਮੀ (ਆਈ.ਐੱਨ.ਏ.) ਜੱਦੋਜਹਿਦ ਦੀ ਸਮੁੱਚੀ ਬਹਾਦਰਾਨਾ ਕਹਾਣੀ ਬਿਆਨ ਕਰੇ।

ਨਾਲੇ ਮੈਂ ਉਨ੍ਹਾਂ ਨੂੰ ਇਹ ਵੀ ਦੱਸਿਆ ਕਿ ਇਸ ਮਾਮਲੇ ਸਬੰਧੀ ਮੈਂ ਪਹਿਲਾਂ ਹੀ ਕਈ ਲੇਖਕਾਂ ਤਕ ਪਹੁੰਚ ਕਰ ਚੁੱਕਾ ਹਾਂ ਪਰ ਅਜੇ ਤਕ ਕਿਸੇ ਨੇ ਵੀ ਇਹ ਚੁਣੌਤੀ ਕਬੂਲਣ ਦੀ ਹਾਮੀ ਨਹੀਂ ਭਰੀ। ਪਰ ਜਦੋਂ ਡਾ. ਕਾਲੀਆ ਨੇ ਇਹ ਸੁਝਾਇਆ ਕਿ ਐਡਮਿੰਟਨ ਦੀ ਪ੍ਰਾਗਰੈਸਿਵ ਪੀਪਲਜ਼ ਫਾਊਂਡੇਸ਼ਨ (ਪੀ.ਪੀ.ਐਫ.ਈ.) ਇਸ ਕਾਰਜ ਨੂੰ ਹੱਥ ਲੈ ਸਕਦੀ ਹੈ ਅਤੇ ਉਹ ਇਸ ਵਾਸਤੇ ਤਿਆਰ ਵੀ ਹਨ ਤਾਂ ਮੈਨੂੰ ਬਹੁਤ ਤਸੱਲੀ ਹੋਈ। ਇਸ ਮਾਮਲੇ ਸਬੰਧੀ ਉਸਨੇ ਮੈਨੂੰ ਬੇਨਤੀ ਕੀਤੀ ਕਿ ਦੇਸ਼ ਭਗਤ ਯਾਦਗਾਰ ਲਾਇਬ੍ਰੇਰੀ ਤੋਂ ਇਸ ਨਾਲ ਸਬੰਧਤ ਕੁਝ ਦਸਤਾਵੇਜ਼/

ਸਾਹਿਤ ਮੁਹੱਈਆ ਕੀਤਾ ਜਾਵੇ। ਸਾਨੂੰ ਇਸ ਦੀ ਅਪਾਰ ਖੁਸ਼ੀ ਹੈ ਕਿ ਪੀ.ਪੀ.ਈ.ਈ. ਨੇ ਗ਼ਦਰ ਲਹਿਰ ਦੀ ਸ਼ਤਾਬਦੀ ਮਨਾਉਂਦਿਆਂ ਲੇਖਾਂ ਦਾ ਇਹ ਸੰਗ੍ਰਹਿ ਤਿਆਰ ਕਰਨ ਵਿਚ ਸਫ਼ਲਤਾ ਹਾਸਲ ਕੀਤੀ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਦੀ ਤਰਫ਼ੋਂ ਮੈਂ ਗ਼ਦਰ ਸ਼ਤਾਬਦੀ ਪ੍ਰੋਗਰਾਮ ਨੂੰ ਪੀ.ਪੀ.ਐਫ.ਈ. ਵਲੋਂ ਦਿੱਤੀ ਗਈ ਇਸ ਆਹਲਾ ਅਤੇ ਬੇਸ਼ਕੀਮਤੀ ਦੇਣ ਦੀ ਤਹਿ ਦਿਲੋਂ ਤਾਰੀਫ਼ ਤੇ ਸ਼ੁਕਰੀਆ ਅਦਾ ਕਰਦਾ ਹਾਂ। ਮੈਨੂੰ ਉਮੀਦ ਹੈ ਕਿ ਕੈਨੇਡਾ ਵਸਦੇ ਪਾਕਿਸਤਾਨੀ ਤੇ ਹਿੰਦੁਸਤਾਨੀ ਲੋਕ ਇਸ ਕਿਤਾਬ ਨੂੰ ਗਰਮਜੋਸ਼ੀ ਨਾਲ ਕਬੂਲ ਕਰਨਗੇ।

ਕਮੇਟੀ ਪੀ.ਪੀ.ਐਫ.ਈ. ਜਥੇਬੰਦੀ ਦੇ ਮੈਂਬਰਾਂ ਨੂੰ ਗੁਜ਼ਾਰਿਸ਼ ਕਰਦੀ ਹੈ ਕਿ ਉਹ ਆ ਰਹੀਆਂ ਹੋਰ ਸ਼ਤਾਬਦੀਆਂ, 2014 ਵਿਚ ਕਾਮਾਗਾਟਾ ਮਾਰੂ, 2015 ਵਿਚ ਸ਼ਹੀਦ ਕਰਤਾਰ ਸਿੰਘ ਸਰਾਭਾ, 2016 ਵਿਚ ਬਰਮਾ ਸਾਜ਼ਿਸ਼ ਕੇਸ ਅਤੇ 2017 ਵਿਚ ਰੂਸ ਦੇ ਬਾਲਸ਼ਵਿਕ ਇਨਕਲਾਬ ਸਬੰਧੀ ਸਰਗਰਮੀਆਂ ਵਿਚ ਅਗਾਂਹ ਵੀ ਸ਼ਮੂਲੀਅਤ ਕਰਨ ਅਤੇ ਇਨ੍ਹਾਂ ਇਤਿਹਾਸਕ ਘਟਨਾਵਾਂ ਦੇ ਹਿੰਦੁਸਤਾਨ ਦੀ ਕੌਮੀ ਆਜ਼ਾਦੀ ਦੀ ਲਹਿਰ ਉੱਤੇ ਪਏ ਅਸਰਾਂ ਉੱਪਰ, ਜਿੰਨਾ ਸੰਭਵ ਹੋ ਸਕੇ, ਧਿਆਨ ਕੇਂਦਰਤ ਕਰਨ।

ਨੌਨਿਹਾਲ ਸਿੰਘ
ਮੀਤ ਪ੍ਰਧਾਨ
ਦੇਸ਼ ਭਗਤ ਯਾਦਗਾਰ ਕਮੇਟੀ
ਜਲੰਧਰ, ਪੰਜਾਬ, ਭਾਰਤ,
dbycjal@gmail.com

ਜਲੰਧਰ: 29 ਅਗਸਤ, 2013

ਮੁੱਢਲੇ ਲ.ਫਜ਼

.ਗਦਰ ਲਹਿਰ ਹਿੰਦੁਸਤਾਨ ਦੀ ਆਜ਼ਾਦੀ ਦੀ ਜੱਦੋਜਹਿਦ ਦਾ ਪੂਰਵ-ਸੰਕੇਤ

.ਗਦਰ ਲਹਿਰ ਦੀ ਸ਼ਤਾਬਦੀ ਮਨਾਉਂਦਿਆਂ, ਐਡਮਿੰਟਨ ਦੀ ਪ੍ਰਾਗਰੈਸਿਵ ਪੀਪਲਜ਼ ਫਾਊਂਡੇਸ਼ਨ .ਗਦਰ ਪਾਰਟੀ ਨੂੰ ਸਲਾਮ ਕਰਦੀ ਹੈ ਜੋ ਕਿ 4 ਜੂਨ, 1913 ਨੂੰ ਫਿਨਿਸ਼ ਸੋਸ਼ਲਿਸਟ ਹਾਲ, ਅਸਟੋਰੀਆ, ਵਿਚ ਹਰਦਿਆਲ ਵਲੋਂ ਇਕ ਜਨਤਕ ਤਕਰੀਰ ਵਿਚ ਐਲਾਨੀ ਗਈ (ਓਦੋਂ ਇਸ ਦਾ ਨਾਂ ਸੀ: ਪੈਸੀਫਿਕ ਕੋਸਟ ਹਿੰਦੀ ਐਸੋਸੀਏਸ਼ਨ)। ਇਸ ਨੇ ਸਭ ਮੁਲਕਾਂ ਦੇ ਪ੍ਰਵਾਸੀਆਂ ਵਾਸਤੇ ਇੱਕੋ ਜਹੇ ਹੱਕਾਂ ਵਾਸਤੇ ਸੰਘਰਸ਼ ਜਥੇਬੰਦ ਕਰਨ ਵਿਚ ਸ਼ਾਨਦਾਰ ਭੂਮਿਕਾ ਨਿਭਾਈ ਅਤੇ ਵਿਸ਼ੇਸ਼ ਕਰਕੇ ਬਰਤਾਨਵੀ ਸਾਮਰਾਜਵਾਦ ਤੋਂ ਆਪਣੀ ਮਾਂ-ਧਰਤੀ, ਹਿੰਦੁਸਤਾਨ, ਨੂੰ ਆਜ਼ਾਦ ਕਰਾਉਣ ਲਈ ਜ਼ਬਰਦਸਤ ਖਾੜਕੂ ਟਾਕਰਾ ਲਹਿਰ ਉਸਾਰੀ। ਇਸ ਨੇ ਇਕ ਤਿੱਖੇ ਸੰਸਾਰ ਨਜ਼ਰੀਏ ਨੂੰ ਉਭਾਰਿਆ ਅਤੇ ਬਦੇਸ਼ਾਂ ਵਿਚ ਵਸੇ ਅੱਠ ਹਜ਼ਾਰ ਹਿੰਦੁਸਤਾਨੀ ਪ੍ਰਵਾਸੀਆਂ ਨੂੰ ਵਤਨ ਵਾਪਸ ਪਰਤ ਕੇ ਬਰਤਾਨਵੀ ਹਕੂਮਤ ਵਿਰੁੱਧ ਜੰਗ ਛੇੜਨ ਲਈ ਕਾਇਲ ਕਰ ਲਿਆ। ਅਸੀਂ ਪੂਰੇ ਮਾਣ ਨਾਲ ਉਨ੍ਹਾਂ ਕੋਈ 150 ਸ਼ਹੀਦਾਂ ਦੀ ਯਾਦ ਨੂੰ ਤਾਜ਼ਾ ਕਰਦੇ ਹਾਂ ਜਿਨ੍ਹਾਂ ਨੂੰ ਫਾਂਸੀ ਦੇ ਦਿੱਤੀ ਗਈ ਜਾਂ ਗੋਲੀਆਂ ਨਾਲ ਉਡਾ ਦਿੱਤਾ ਗਿਆ ਅਤੇ ਬਹੁਤ ਸਾਰੇ ਉਨ੍ਹਾਂ ਨੂੰ ਵੀ ਜਿਨ੍ਹਾਂ ਨੂੰ ਅੰਡੇਮਾਨ ਦੀਆਂ ਚੱਕੀਆਂ ਵਿਚ ਉਮਰ ਕੈਦ ਦੀ ਸਜ਼ਾ ਦੇ ਦਿੱਤੀ ਗਈ। ਉਨ੍ਹਾਂ ਦੀ ਬਹਾਦਰਾਨਾ ਮਿਸਾਲ ਨੇ ਆਸਾਂ ਜਗਾ ਦਿੱਤੀਆਂ ਕਿ ਸਾਮਰਾਜਵਾਦ ਦੀ ਦਰਿੰਦਗੀ ਤੇ ਵਹਿਸ਼ਤ ਦਾ ਮੁਕਾਬਲਾ ਕੀਤਾ ਜਾ ਸਕਦਾ ਹੈ।

ਵੀਹਵੀਂ ਸਦੀ ਦੇ ਮੁੱਢਲੇ ਦੌਰ ਵਿਚ, *.ਗਦਰ* ਰਸਾਲੇ ਅਤੇ ਕਈ ਹੋਰ ਅਜਿਹੇ ਅਖ਼ਬਾਰਾਂ ਨੇ ਬ.ਗਾਵਤ ਦੀਆਂ ਲਾਟਾਂ ਭੜਕਾਈਆਂ, ਅਤੇ ਉਨ੍ਹਾਂ ਆਮ ਸ਼ਹਿਰੀਆਂ ਵਿਚ ਦੇਸ਼ ਭਗਤੀ ਤੇ ਆਜ਼ਾਦੀ ਦੇ ਖ਼ਿਆਲਾਂ ਨੂੰ ਜਗਾਇਆ ਜਿਹੜੇ ਪਹਿਲਾਂ ਕਦੇ ਵੀ ਐਨੀ ਮਜ਼ਬੂਤੀ ਨਾਲ ਇਕਮੁੱਠ ਨਹੀਂ ਸਨ ਹੋਏ। ਇਸ ਤਰ੍ਹਾਂ, ਲਹਿਰ ਤੇਜ਼ੀ ਨਾਲ ਕੈਨੇਡਾ ਦੇ ਵੈਨਕੂਵਰ ਤੋਂ ਸਾਨ ਫਰਾਂਸਿਸਕੋ, ਟੋਕੀਓ, ਪੰਜਾਬ ਦੇ ਪਿੰਡਾਂ ਤਕ ਫੈਲ ਗਈ ਅਤੇ ਪੂਰਬੀ ਏਸ਼ੀਆ, ਯੂਰਪ, ਮੱਧ-ਪੂਰਬ ਅਤੇ ਪੂਰਬੀ ਅਫ਼ਰੀਕਾ ਵਿਚ ਇਕ ਸੰਸਾਰ ਵਿਆਪੀ ਵਰਤਾਰੇ ਦੇ ਰੂਪ ਵਿਚ ਮਸ਼ਹੂਰ ਹੋਈ। ਜਿਵੇਂ ਕਿ ਇਸ ਦੇ ਨਾਂ ਤੋਂ ਹੀ ਜ਼ਾਹਰ ਹੈ, ਇਹ 1857 ਦੀ ਹਿੰਦੁਸਤਾਨ ਦੀ ਪਹਿਲੀ ਜੰਗੇ-ਆਜ਼ਾਦੀ ਤੋਂ ਪ੍ਰੇਰਿਤ ਸੀ; ਅਤੇ ਇਸ ਰਵਾਇਤ ਪ੍ਰਤੀ ਵ.ਫ਼ਾ ਪਾਲਦਿਆਂ, ਪਹਿਲੀ ਆਲਮੀ ਜੰਗ ਦੌਰਾਨ, ਜਵਾਨੀ ਵਿਚ ਪੈਰ ਰੱਖ ਰਹੇ ਕਰਤਾਰ ਸਿੰਘ ਸਰਾਭਾ ਤੇ ਉਸ ਦੇ ਦੂਜੇ ਸਾਥੀਆਂ ਨੇ ਬਰਤਾਨਵੀ ਹਿੰਦੁਸਤਾਨੀ .ਫ਼ੌਜ ਦੇ .ਫ਼ੌਜੀਆਂ ਵਿਚ ਬ.ਗਾਵਤ ਖੜ੍ਹੀ ਕਰਨ ਬਦਲੇ ਸ਼ਹਾਦਤ ਦਾ ਜਾਮ ਪੀਤਾ। ਬਾਦ ਵਿਚ ਰੂਸੀ ਇਨਕਲਾਬ ਤੋਂ ਉਤਸ਼ਾਹਤ ਹੋ ਕੇ .ਗਦਰ ਪਾਰਟੀ ਦੇ ਕਾਰਕੁਨ ਆਜ਼ਾਦੀ ਹਾਸਲ ਕਰਨ ਲਈ ਅਤੇ ਸਮਾਜਵਾਦ ਉਸਾਰਨ ਵਾਸਤੇ ਮਜ਼ਦੂਰਾਂ ਤੇ ਕਿਸਾਨਾਂ ਨੂੰ ਲਾਮਬੰਦ ਕਰਨ ਲੱਗੇ। ਕਈ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋ ਗਏ ਅਤੇ ਉੱਤਰ-ਪੱਛਮੀ ਹਿੰਦੁਸਤਾਨ ਵਿਚ ਪਹਿਲਾ ਕਮਿਊਨਿਸਟ ਗਰੁੱਪ ਉਸਾਰਿਆ। ਉਨ੍ਹਾਂ ਨੇ ਆਪਣੇ ਵਕਤ ਵਿਚ ਸਾਮਰਾਜਵਾਦ ਦੇ ਗੜ੍ਹ ਉੱਤੇ ਧਾਵਾ ਬੋਲਣ ਦਾ ਹੌਸਲਾ ਕੀਤਾ ਅਤੇ ਉਨ੍ਹਾਂ ਦੀ ਯਾਦ ਸਾਡੇ ਵਕਤ ਵਿਚ ਸਾਮਰਾਜਵਾਦ ਉੱਤੇ ਜਿੱਤ ਹਾਸਲ ਕਰਨ ਦੀ ਉਸ ਜੱਦੋਜਹਿਦ ਨੂੰ ਅਗਾਂਹ ਲਿਜਾਣ ਦੇ ਉਤਸ਼ਾਹ ਦਾ ਸੋਮਾ ਬਣਨੀ

ਚਾਹੀਦੀ ਹੈ। ਪਰ ਜਿਸ ਗ਼ਦਰ ਲਹਿਰ ਨੇ ਹਿੰਦੁਸਤਾਨ ਵਿਚ ਆਜ਼ਾਦੀ ਦੀ ਜੱਦੋਜਹਿਦ ਦਾ ਮੁੱਢ ਬੰਨ੍ਹਣ ਦਾ ਅਜਿਹਾ ਕਿਰਦਾਰ ਨਿਭਾਇਆ, ਉਸ ਨੂੰ ਅਜੋਕੀ ਇਤਿਹਾਸਕਾਰੀ ਵਿਚ ਢੁੱਕਵੀਂ ਜਗ੍ਹਾ ਨਹੀਂ ਮਿਲੀ। ਗ਼ਦਰੀਆਂ ਦੀ ਪਵਿੱਤਰ ਯਾਦ ਪ੍ਰਤੀ ਵੱਡੀ ਬੇਇਨਸਾਫ਼ੀ ਕੀਤੀ ਗਈ ਹੈ, ਜਿਨ੍ਹਾਂ ਨੇ ਆਪਣੇ ਲੋਕਾਂ ਦੇ ਹੱਕਾਂ ਦੇ ਸੂਰਮਿਆਂ ਵਜੋਂ ਮੁਲਕ ਦੀ ਆਜ਼ਾਦੀ ਤੇ ਮਾਣ ਵਾਸਤੇ ਆਪਣੀਆਂ ਜ਼ਿੰਦਗੀਆਂ ਕੁਰਬਾਨ ਕਰ ਦਿੱਤੀਆਂ। ਮੁਲਕ ਦੀ ਆਜ਼ਾਦੀ ਦੇ ਸੰਘਰਸ਼ ਵਿਚ ਗ਼ਦਰ ਲਹਿਰ ਦੀ ਅਹਿਮੀਅਤ ਨੂੰ ਮਸ਼ਹੂਰ ਇਤਿਹਾਸਕ ਕਿਤਾਬਾਂ ਵਿਚ ਪੂਰੀ ਤਰ੍ਹਾਂ ਅੱਖੋਂ ਪਰੋਖੇ ਕੀਤਾ ਗਿਆ ਹੈ। ਮਿਸਾਲ ਦੇ ਤੌਰ 'ਤੇ, ਇੱਥੋਂ ਤਕ ਕਿ ਇਸ ਸਾਲ ਵਿਚ ਵੀ, ਜੋ ਗ਼ਦਰ ਪਾਰਟੀ ਦੀ ਸ਼ਤਾਬਦੀ ਦਾ ਸਾਲ ਹੈ, ਕੁਝ ਅਕਾਦਮਿਕ ਆਲਮਾਂ ਵਲੋਂ ਫਿਰਕਾਪ੍ਰਸਤ ਤੱਤਾਂ ਨਾਲ ਤਾਲ ਮਿਲਾਉਂਦਿਆਂ ਇਸ ਲਹਿਰ ਦੀ ਵਿਆਖਿਆ ਅਤੇ ਸਮਝਦਾਰੀ ਸਬੰਧੀ ਬਹੁਤ ਹੀ ਪਿਛਾਂਹ-ਖਿੱਚੂ ਅਕਾਦਮਿਕ ਬਹਿਸ ਸ਼ੁਰੂ ਕੀਤੀ ਗਈ ਹੈ। ਇਸ ਨੂੰ ਇਸ ਤਰ੍ਹਾਂ ਵੀ ਬਿਆਨਿਆ ਜਾ ਸਕਦਾ ਹੈ, ਲਹਿਰ ਬਾਰੇ ਸਿਆਸਤ ਤੋਂ ਪ੍ਰੇਰਿਤ ਅਤੇ ਹਕੀਕਤ ਦੀ ਬੇਅਦਬੀ ਕਰਦੇ ਵਰਨਣਾਂ ਨੂੰ ਪ੍ਰਚਾਰਿਆ ਜਾ ਰਿਹਾ ਹੈ। ਗ਼ਦਰ ਲਹਿਰ ਸਬੰਧੀ ਉਹ ਸਬੂਤਾਂ 'ਤੇ ਅਧਾਰਤ ਠੋਸ ਭਵਿੱਖਨਕਸ਼ਾ ਪੇਸ਼ ਕਰਨ ਵਿਚ ਨਾਕਾਮ ਰਹੇ ਹਨ ਅਤੇ ਅੰਤਰਮੁਖੀ ਪਹੁੰਚ ਦੇ ਸ਼ਿਕਾਰ ਹਨ, ਜਦੋਂਕਿ ਇਸ ਲਹਿਰ ਨੂੰ ਮੁਲਕ ਦੀ ਆਜ਼ਾਦੀ ਦੀ ਲੜਾਈ ਦਾ ਮੁੱਢ ਬੰਨ੍ਹਣ ਵਾਲੀ ਲਹਿਰ ਦਾ ਦਰਜਾ ਦੇਣਾ ਵਧੇਰੇ ਢੁੱਕਵੀਂ ਗੱਲ ਹੈ।

ਇਨ੍ਹਾਂ ਸਾਰੀਆਂ ਚੁਣੌਤੀਆਂ ਨੂੰ ਧਿਆਨ ਵਿਚ ਰੱਖਦੇ ਹੋਏ, ਐਡਮਿੰਟਨ ਦੀ ਪ੍ਰਾਗਰੈਸਿਵ ਪੀਪਲਜ਼ ਫਾਊਂਡੇਸ਼ਨ ਨੇ ਗ਼ਦਰ ਪਾਰਟੀ ਦੇ ਸ਼ਤਾਬਦੀ ਵਰ੍ਹੇ ਨੂੰ ਮਨਾਉਂਦਿਆਂ ਤਿੰਨ ਸੈਮੀਨਾਰ ਕੀਤੇ ਹਨ – ਮਾਰਚ, ਮਈ ਅਤੇ ਜੁਲਾਈ ਮਹੀਨਿਆਂ ਵਿਚ; 31 ਅਗਸਤ ਨੂੰ 'ਨਿਸ਼ਾਨ-ਏ-ਗ਼ਦਰ' ਨਾਂ ਦੇ ਨਾਟਕ ਦਾ ਮੰਚਨ ਕੀਤਾ; 21 ਸਤੰਬਰ ਨੂੰ ਬਹੁ--ਭਾਸ਼ੀ ਮੁਸ਼ਾਇਰਾ ਜਥੇਬੰਦ ਕੀਤਾ; ਅਤੇ 'ਗ਼ਦਰ ਲਹਿਰ ਅਤੇ ਹਿੰਦੁਸਤਾਨ ਦੀ ਸਾਮਰਾਜ ਵਿਰੋਧੀ ਜੱਦੋਜਹਿਦ' ਨਾਂ ਦਾ ਵੱਡਾ ਸੰਗ੍ਰਹਿ ਪ੍ਰਕਾਸ਼ਤ ਕੀਤਾ ਜਿਹੜਾ 16 ਨਵੰਬਰ 2013 ਨੂੰ ਹੋਏ 'ਸਿਖ਼ਰ ਸੰਮੇਲਨ' ਵਿਚ ਲੋਕ-ਅਰਪਣ ਕੀਤਾ ਗਿਆ। ਗ਼ਦਰ ਪਾਰਟੀ ਦੀ ਵਿਲੱਖਣ, ਨਿਰਾਲੀ ਤੇ ਉਤਸ਼ਾਹ ਭਰਪੂਰ ਕਹਾਣੀ ਦੀ ਪੈੜ ਉਲੀਕਦਾ ਇਹ ਸੰਗ੍ਰਹਿ ਅਖ਼ਬਾਰਾਂ ਤੋਂ ਲਏ ਗਏ ਦੇਸ਼ ਭਗਤੀ ਨਾਲ ਸਰਸ਼ਾਰ ਅਤੇ ਈਮਾਨਦਾਰ ਅੱਖੀਂ ਡਿੱਠੇ ਵਰਨਣਾਂ, ਉਸ ਵਕਤ ਦੇ ਗ਼ਦਰੀਆਂ ਦੀਆਂ ਯਾਦਾਂ ਅਤੇ ਕੁਝ ਸਵੈ-ਜੀਵਨੀਆਂ ਉੱਤੇ ਅਧਾਰਤ ਹੈ ਜਿਹੜੇ ਅੰਧ-ਮਹਾਂਸਾਗਰ ਦੇ ਦੋਵੇਂ ਪਾਸੇ ਛਪੇ। ਕਿਤਾਬ ਨੂੰ ਪੜ੍ਹਦਿਆਂ, ਪਾਠਕ ਇਨਕਲਾਬ ਦੇ ਤਜ਼ਰਬੇ ਵਿੱਚੋਂ ਉਸੇ ਤਰ੍ਹਾਂ ਲੰਘਣਗੇ ਜਿਵੇਂ ਇਹ ਵਾਪਰਿਆ।

ਪਰਵਾਨਗੀਆਂ

ਇਸ ਸੰਗ੍ਰਹਿ ਵਿਚ ਛੱਬੀ ਲੇਖ ਹਨ, ਜਿਹੜੇ ਕੁਝ ਜਾਣੇ-ਪਛਾਣੇ ਲੇਖਕਾਂ, ਪੱਤਰਕਾਰਾਂ, ਕਾਨੂੰਨਦਾਨਾਂ ਅਤੇ ਵਿਦਵਾਨਾਂ ਦੇ ਲਿਖੇ ਹੋਏ ਹਨ ਜਿਹੜੇ ਕੈਨੇਡਾ, ਅਮਰੀਕਾ ਅਤੇ ਹਿੰਦੁਸਤਾਨ ਨਾਲ ਸਬੰਧਤ ਹਨ। ਇਹ ਸੰਗ੍ਰਹਿ ਗ਼ਦਰ ਨੂੰ ਰਾਸ਼ਟਰਵਾਦੀ ਅਤੇ ਬਸਤੀਵਾਦ ਵਿਰੋਧੀ ਸੰਘਰਸ਼ਾਂ ਦੇ ਪ੍ਰਸੰਗ ਵਿਚ ਪੇਸ਼ ਕਰਦਾ ਹੈ, ਅਤੇ ਉਸ ਦੌਰ ਦੀਆਂ ਦੁਨੀਆ ਭਰ ਵਿਚ ਚੱਲੀਆਂ ਜੱਦੋਜਹਿਦਾਂ ਨਾਲ ਇਸ ਦਾ ਰਿਸ਼ਤਾ ਜੋੜਦਾ ਹੈ। ਲੇਖਕਾਂ ਨੇ, ਸੰਭਵ ਹੱਦ ਤਕ, ਸਾਰੇ ਪ੍ਰਯੋਗ ਸਿੱਧ ਮੌਜੂਦ ਸਰੋਤਾਂ ਨੂੰ ਘੋਖਿਆ ਹੈ ਅਤੇ ਲੇਖਾਂ ਨੂੰ ਡੂੰਘੀ ਸਿਧਾਂਤਕ ਸੂਝ ਨਾਲ ਰੌਸ਼ਨ ਕੀਤਾ ਹੈ।

ਇਸ ਕਿਤਾਬ ਦਾ ਹੋਂਦ ਵਿਚ ਆਉਣਾ ਬਹੁਤ ਸਾਰੇ ਵਿਦਵਾਨਾਂ, ਲੇਖਕਾਂ, ਵਿਅਕਤੀਆਂ ਅਤੇ ਕੁਝ ਜਥੇਬੰਦੀਆਂ ਦੀ ਮਦਦ, ਹਮਾਇਤ ਅਤੇ ਰਾਹਬਰੀ ਕਾਰਨ ਹੀ ਸੰਭਵ ਹੋਇਆ ਹੈ।

ਅਸੀਂ, ਸਭ ਤੋਂ ਪਹਿਲਾਂ, ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਤਹਿ ਦਿਲੋਂ ਸ਼ੁਕਰ-ਗੁਜ਼ਾਰ ਹਾਂ ਕਿ ਉਹ ਇਸ ਪ੍ਰੋਜੈਕਟ ਨਾਲ ਸਰਗਰਮੀ ਨਾਲ ਜੁੜੇ ਰਹੇ। ਉਨ੍ਹਾਂ ਦੇ ਬਹੁਮੁੱਲੇ ਸੁਝਾਵਾਂ, ਉਨ੍ਹਾਂ ਦੀ ਲਾਇਬ੍ਰੇਰੀ ਵਿਚ ਮੌਜੂਦ ਸਮੱਗਰੀ ਦੇ ਇਸਤੇਮਾਲ ਅਤੇ ਰੋਜ਼-ਬ-ਰੋਜ਼ ਦੀ ਅਗਵਾਈ ਨਾਲ ਉਨ੍ਹਾਂ ਨੇ ਕਿਤਾਬ ਦੀਆਂ ਖ਼ੂਬੀਆਂ ਵਿਚ ਵਾਧਾ ਕੀਤਾ। ਇਸ ਸਾਰੇ ਕੁਝ ਵਾਸਤੇ, ਅਸੀਂ ਕਾਮਰੇਡ ਨੌਨਿਹਾਲ ਸਿੰਘ, ਮੀਤ ਪ੍ਰਧਾਨ, ਅਤੇ ਡਾ. ਰਘਬੀਰ ਕੌਰ ਜਨਰਲ ਸਕੱਤਰ ਦੇ ਕਰਜ਼ਦਾਰ ਮਹਿਸੂਸ ਕਰਦੇ ਹਾਂ ਜਿਨ੍ਹਾਂ ਨੇ ਹਿੰਦੁਸਤਾਨ ਵਿਚ ਕਿਤਾਬ ਦੇ ਪ੍ਰਕਾਸ਼ਤ ਕੀਤੇ ਜਾਣ ਵਿਚ ਵੱਡੀ ਭੂਮਿਕਾ ਨਿਭਾਈ।

ਪ੍ਰੋਫੈਸਰ ਹਰੀਸ਼ ਪੁਰੀ ਨੇ ਤਿੰਨ ਲੇਖ ਲਿਖਣ ਦੇ ਨਾਲ-ਨਾਲ ਹਰ ਕਦਮ ਉੱਤੇ ਕਿਤਾਬ ਦੀ ਯੋਜਨਾ ਨੂੰ ਸੰਵਾਰਨ ਵਿਚ ਸਾਡੀ ਮਦਦ ਕੀਤੀ। ਅਸੀਂ ਉਨ੍ਹਾਂ ਦੇ ਸ਼ੁਕਰਗੁਜ਼ਾਰ ਹਾਂ। ਅਸੀਂ ਪ੍ਰੋਫੈਸਰ ਮਾਰਕ ਜਿਊਰਜਨਸਮੇਅਰ ਅਤੇ ਪ੍ਰੋਫੈਸਰ ਮਾਇਆ ਐਲਿਸਾ ਰਾਮਨਾਥ ਦੇ ਧੰਨਵਾਦੀ ਹਾਂ ਜਿਨ੍ਹਾਂ ਨੇ ਆਪਣੇ ਲੇਖਾਂ ਨੂੰ ਦੁਬਾਰਾ ਇਸ ਕਿਤਾਬ ਵਿਚ ਛਾਪਣ ਦੀ ਇਜਾਜ਼ਤ ਦਿੱਤੀ। ਜੈਸਿਕਾ ਵਾਕਰ, ਜਿਹੜੇ ਕਿ 'ਬੀ.ਸੀ. ਸਟੱਡੀਜ਼: ਬ੍ਰਿਟਿਸ਼ ਕੋਲੰਬੀਅਨ ਤ੍ਰੈਮਾਸਿਕ' ਦੇ ਮੈਨੇਜਿੰਗ ਡਾਇਰੈਕਟਰ ਹਨ, ਦੇ ਅਸੀਂ ਤਹਿ-ਦਿਲੋਂ ਸ਼ੁਕਰ-ਗੁਜ਼ਾਰ ਹਾਂ ਕਿਉਂਕਿ ਉਨ੍ਹਾਂ ਨੇ ਹਿਊ ਜੌਹਨਸਟਨ ਦੇ ਲੇਖ 'ਕਾਮਾਗਾਟਾ ਮਾਰੂ ਅਤੇ ਗ਼ਦਰ ਪਾਰਟੀ' ਨੂੰ ਇਸ ਕਿਤਾਬ ਵਿਚ ਸ਼ਾਮਲ ਕਰਨ ਦੀ ਇਜਾਜ਼ਤ ਦਿੱਤੀ।

ਨਾਲ ਹੀ ਅਸੀਂ ਪ੍ਰੋਫੈਸਰ ਰਾਜ ਪੰਨੂ ਅਤੇ ਰਾਬਿੰਦਰ ਸਾਰਾ ਦੇ ਦਿਲੋਂ ਰਿਣੀ ਹਾਂ ਜਿਨ੍ਹਾਂ ਨੇ ਖਰੜੇ ਨੂੰ ਡੂੰਘੀ ਤਵੱਜੋ ਨਾਲ ਪੜ੍ਹਿਆ। ਉਨ੍ਹਾਂ ਦੀਆਂ ਟਿੱਪਣੀਆਂ ਤੇ ਸੁਝਾਅ ਬਹੁਤ ਕਾਰਗਰ ਸਨ। ਪ੍ਰੋਫੈਸਰ ਪੰਨੂ ਦਾ ਮਸ਼ਵਰਾ ਤਾਂ ਸਾਡੇ ਲਈ ਵਿਸ਼ੇਸ਼ ਅਹਿਮੀਅਤ ਵਾਲਾ ਸੀ ਜਿਹੜਾ ਉਨ੍ਹਾਂ ਦੇ ਅਮੀਰ ਤਜ਼ਰਬੇ ਅਤੇ ਅਕਾਦਮਿਕ ਮੁਹਾਰਤ ਦੀ ਤਰਜ਼ਮਾਨੀ ਕਰਦਾ ਸੀ ਅਤੇ ਜਿਸ ਨੇ ਇਸ ਸੰਗ੍ਰਹਿ ਦੀ ਸਮੱਗਰੀ ਦੀਆਂ ਖ਼ੂਬੀਆਂ ਨੂੰ ਹੋਰ ਨਿਖ਼ਾਰਨ ਵਿਚ ਮਦਦ ਕੀਤੀ।

ਅਸੀਂ ਪ੍ਰਾਗਰੈਸਿਵ ਪੀਪਲਜ਼ ਫਾਊਂਡੇਸ਼ਨ ਐਡਮਿੰਟਨ ਦੇ ਮੈਂਬਰਾਂ ਦੇ ਅਹਿਸਾਨਮੰਦ ਹਾਂ ਜਿਨ੍ਹਾਂ ਨੇ ਪ੍ਰੋਜੈਕਟ ਨੂੰ ਸਿਰੇ ਲਾਉਣ ਵਿਚ ਮਦਦ ਤੇ ਧਿਆਨ ਦਿੱਤਾ ਅਤੇ ਆਰਥਕ ਮਦਦ ਮੁਹੱਈਆ ਕਰਾਈ। ਖ਼ਾਸ ਕਰਕੇ, ਹਰਸਿਮਰਨ ਕੌਰ ਅਤੇ ਸਮੀਰ ਬੈਂਸ ਨੇ ਟਾਈਪ ਦਾ ਬਹੁਤ ਸਾਰਾ ਕੰਮ ਨੇਪਰੇ ਚੜ੍ਹਾਇਆ; ਜਦਕਿ ਅੰਸ਼ੂ ਸ਼ਰਮਾ ਨੇ ਗਰਾਫ਼ਿਕਸ ਤੇ ਕਿਤਾਬ ਦੀ ਦਿੱਖ ਸੰਵਾਰੀ। ਜਥੇਬੰਦੀ ਵਿਚਲੇ ਮੇਰੇ ਹਮਸਫ਼ਰ ਦਲਬੀਰ ਸਾਂਗਿਆਨ, ਦਲਜੀਤ ਰੱਖੜਾ, ਜਸਵੀਰ ਦਿਓਲ, ਕਸ਼ਮੀਰ ਬਦੇਸ਼ਾ ਅਤੇ ਨਵਤੇਜ ਬੈਂਸ ਨੇ ਇਸ ਸੰਗ੍ਰਹਿ ਦੀ ਤਿਆਰੀ ਅਤੇ ਪ੍ਰਕਾਸ਼ਨਾ ਦੇ ਮਾਮਲਿਆਂ ਨੂੰ ਨਜਿੱਠਣ ਵਿਚ ਮਦਦ ਕੀਤੀ।

ਸਾਨੂੰ ਉਮੀਦ ਹੈ ਕਿ ਕਿਤਾਬ ਨੂੰ ਵਿਆਪਕ ਹੁੰਗਾਰਾ ਮਿਲੇਗਾ।

ਡਾ. ਪ੍ਰਿਥਵੀ ਰਾਜ ਕਾਲੀਆ

ਐਡਮਿੰਟਨ: 25 ਸਤੰਬਰ 2013 *ਸੰਪਾਦਕ*

GRATITUDE

Publication of "Ghadr Lehar ate Hindustan di Samrajvad virodhi Jaddojahed" has been made possible with the valuable financial support of following members of the Progressive Peoples Foundation of Edmonton, along with contribution of some worthy organisations from USA and Canada.

OUR CONTRIBUTORS:

1. Amajeet Sohi
2. Anshu & Rakesh Sharma; 780-271-1761
3. Dalbir & Balwinder Sangione; Ph. 780-995-5475
4. Gurcharan Brar; Ph. 780-265-3752
5. Harchand Singh Grewal; Ph. 780-952-9550
6. Hardeep Baraich; 780-905-7726
7. Jagdev Sohi; Ph. 780-463-2913
8. Jasvir Deol; 780-906-4497
9. Joginder Randhawa; Ph. 780-914-6251
10. Kashmir Badesha; Ph. 780-462-3071
11. Kirtmeet Kohar; Ph. 780-200-5328
12. Dr. P. R. Kalia; Ph. 780-655-0201
13. Rabinder Sara; Ph. 780-431-1692
14. Raj Pandher; 780-475-0692
15. Gurbrinder Gill; 780-497-8801
16. Surinder Deol; 780-239-9038

ORGNISATIONS:

- Harbhajan Cheema, Secretary, East Indian Defence Committee Vancouver; Ph. 604-377-2415
- Balvir Singh, Pankaj Aansal, Indo American Desh Bhagat Foundation Bay Area, California
- Kuldip Singh Atwal, Gadar Memorial Foundation California Sacramento
- Surinder Singh Mandhali; Ph. 559-473-9269, Gurdeep Singh Gill; Ph. 559-360-4248 Iahforum@gmail.com; Indo American Heritage Forum Fresno
- Indo Amercian Heritage Foundation New York; Ph. 347-753-5940

PROGRESSIVE PEOPLES FOUNDATION OF EDMONTON

ppfe2007@gmail.com
President: Dr. P. R. Kalia
Vice-President: Gurbrinder Gill, Gursewak Mann
Secretary: Kirtmeet Singh Kohar
Treasurer: Joginder Randhawa
Directors: Bakhash Sangha, Dalbir Sangione, Gurcharn Brar, Gurminder Moom, Harchand Singh Grewal, Jagdev Sohi, Jasvir Deol, Kashmir Badesha, Mohinder Singh Seelon, Navtej Bains, Rabinder Saran, Raj Pandher, Surinder Deol

ਪੰਜਾਬੀ ਐਡੀਸ਼ਨ ਬਾਰੇ ਦੋ ਸ਼ਬਦ

ਪ੍ਰਾਗਰੈਸਿਵ ਪੀਪਲਜ਼ ਫਾਊਂਡੇਸ਼ਨ, ਐਡਮਿੰਟਨ ਸਾਡੇ ਵਲੋਂ ਗ਼ਦਰ ਸ਼ਤਾਬਦੀ ਮੌਕੇ 2013 ਵਿਚ ਛਾਪੀ ਗਈ ਪੁਸਤਕ The Ghadr Movement And India's Anti-Imperialist Struggle ਦੇ ਪੰਜਾਬੀ ਐਡੀਸ਼ਨ ਨੂੰ ਪੰਜਾਬੀ ਪਾਠਕਾਂ ਦੇ ਹੱਥਾਂ ਵਿਚ ਪਹੁੰਚਾਉਂਦਿਆਂ ਬਹੁਤ ਮਾਣ ਤੇ ਖੁਸ਼ੀ ਮਹਿਸੂਸ ਕਰ ਰਹੀ ਹੈ। ਮੂਲ ਅੰਗਰੇਜ਼ੀ ਐਡੀਸ਼ਨ ਨੂੰ ਪਾਠਕਾਂ ਵਲੋਂ ਮਿਲੇ ਭਰਵੇਂ ਹੁੰਗਾਰੇ ਨੇ ਸਾਨੂੰ ਇਸ ਲਈ ਉਤਸ਼ਾਹਤ ਕੀਤਾ ਕਿ ਇਹ ਪੁਸਤਕ ਪੰਜਾਬੀ ਵਿਚ ਵੀ ਮੁਹੱਈਆ ਕਰਾਈ ਜਾਵੇ ਤਾਂ ਜੋ ਪੰਜਾਬੀ ਪਾਠਕ ਵੀ ਇਸ ਵਿਚ ਸੰਗ੍ਰਹਿ ਕੀਤੀ ਖੋਜ-ਭਰਪੂਰ ਇਤਿਹਾਸਕ ਜਾਣਕਾਰੀ ਅਤੇ ਗ਼ਦਰ ਲਹਿਰ ਦੇ ਬਹੁਪਰਤੀ ਅਧਿਐਨਾਂ ਦਾ ਪੂਰਾ ਲਾਭ ਉਠਾ ਸਕਣ।

ਪੰਜਾਬ ਦੇ ਲੋਕਾਂ ਨੇ ਗ਼ਦਰ ਸ਼ਤਾਬਦੀ ਮੌਕੇ ਦੇਸ਼-ਵਿਦੇਸ਼ ਵਿਚ ਉਚੇਚੇ ਸ਼ਤਾਬਦੀ ਸਮਾਗਮ ਆਯੋਜਤ ਕਰਕੇ ਗ਼ਦਰੀ ਇਨਕਲਾਬੀਆਂ ਦੀ ਯੁਗ-ਪਲਟਾਊ ਸੋਚ ਅਤੇ ਉਨ੍ਹਾਂ ਦੀਆਂ ਬੇਮਿਸਾਲ ਕੁਰਬਾਨੀਆਂ ਨੂੰ ਬਹੁਤ ਹੀ ਉਤਸ਼ਾਹ ਤੇ ਸੰਜੀਦਗੀ ਨਾਲ ਯਾਦ ਕੀਤਾ ਹੈ। ਇਸ ਤੋਂ ਪਤਾ ਚਲਦਾ ਹੈ ਕਿ ਸਾਡੇ ਸਮਾਜ ਉੱਪਰ ਆਜ਼ਾਦੀ, ਬਰਾਬਰੀ ਤੇ ਇਨਸਾਫ਼ ਦੇ ਕਾਜ ਨੂੰ ਪ੍ਰਣਾਈਆਂ ਸੱਚੀਆਂ ਦੇਸ਼ਭਗਤ ਜੱਦੋਜਹਿਦਾਂ ਦੀ ਕਿੰਨੀ ਡੂੰਘੀ ਛਾਪ ਹੈ।

ਅੱਜ ਜਦੋਂ ਹਿੰਦੂਤਵੀ ਫਾਸ਼ੀਵਾਦੀ ਤਾਕਤਾਂ ਆਪਣੇ ਸੌੜੇ ਫਿਰਕੂ ਏਜੰਡੇ ਨੂੰ ਸਾਡੇ ਡੂੰਘੀਆਂ ਧਰਮ-ਨਿਰਪੱਖ ਕਦਰਾਂ-ਕੀਮਤਾਂ ਵਾਲੇ ਦੇਸ਼ ਉੱਪਰ ਥੋਪਣ ਲਈ ਰਾਸ਼ਟਰਵਾਦ ਨੂੰ ਨਿਹਾਇਤ ਸੰਕੀਰਣ ਢੰਗ ਨਾਲ ਪ੍ਰਭਾਸ਼ਿਤ ਕਰ ਰਹੀਆਂ ਹਨ; ਜਦੋਂ ਸੱਚੀਆਂ ਧਰਮਨਿਰਪੱਖ ਤੇ ਅਗਾਂਹਵਧੂ ਤਾਕਤਾਂ ਬਾਰੇ ਸਾਜ਼ਿਸ਼ੀ ਭੁਲੇਖੇ ਖੜ੍ਹੇ ਕਰਕੇ ਉਨ੍ਹਾਂ ਦੀ ਆਵਾਜ਼ ਨੂੰ ਕੁਚਲਿਆ ਜਾ ਰਿਹਾ ਹੈ; ਜਦੋਂ ਸੱਤਾਧਾਰੀ ਸੰਘ ਪਰਿਵਾਰ ਵਲੋਂ, ਜਿਸਦਾ ਦੇਸ਼ਭਗਤੀ ਨਾਲ ਕਦੇ ਕੋਈ ਸਬੰਧ ਨਹੀਂ ਰਿਹਾ, ਇਕ ਵਿਆਪਕ ਸਾਜ਼ਿਸ਼ੀ ਮੁਹਿੰਮ ਤਹਿਤ ਆਪਣੇ ਤੋਂ ਵੱਖਰੇ ਵਿਚਾਰ ਰੱਖਣ ਵਾਲਿਆਂ ਨੂੰ ਦੇਸ਼ਧ੍ਰੋਹੀ ਕਰਾਰ ਦੇਕੇ ਆਪਣੇ ਫਿਰਕੂ ਮਨੋਰਥ ਨੂੰ ਵਾਜਬੀਅਤ ਪ੍ਰਦਾਨ ਕਰਨ ਦੀਆਂ ਘ੍ਰਿਣਤ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ; ਅਤੇ ਜਦੋਂ ਸੌੜੀ ਸੋਚ ਵਾਲੇ ਕੁਝ ਹੋਰ ਅਨਸਰਾਂ ਵਲੋਂ ਵੀ ਗ਼ਦਰ ਲਹਿਰ ਨੂੰ ਆਪਣੇ ਸੌੜੇ ਮਨੋਰਥ ਅਨੁਸਾਰ ਸਿੱਖ ਦੇਸ਼ਭਗਤਾਂ ਦੀ ਲਹਿਰ ਬਣਾਕੇ ਪੇਸ਼ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ, ਅਜਿਹੇ ਮੌਕੇ ਗ਼ਦਰ ਲਹਿਰ ਦੇ ਰੂਪ 'ਚ ਮੌਜੂਦ ਸੱਚੀ ਦੇਸ਼ਭਗਤੀ ਦੀ ਮਹਾਨ ਵਿਰਾਸਤ ਨੂੰ ਬੁਲੰਦ ਕਰਨਾ ਅਤੇ ਉਸਦੀ ਰਾਖੀ ਕਰਨਾ ਸਾਡਾ ਇਕ ਬਹੁਤ ਹੀ ਅਹਿਮ ਫਰਜ਼ ਹੈ। ਗ਼ਦਰ ਲਹਿਰ ਅਤੇ ਉਸ ਦੀਆਂ ਵਾਰਿਸ ਅਗਲੀਆਂ ਦੇਸ਼ਭਗਤ ਲਹਿਰਾਂ ਦੀ ਅਗਾਂਹਵਧੂ ਤੇ ਸੱਚੀ ਵਤਨਪ੍ਰਸਤੀ ਸੰਘ ਦੀ ਝੂਠੀ ਦੇਸ਼ਭਗਤੀ ਨੂੰ ਮੂੰਹ-ਤੋੜ ਜਵਾਬ ਹੈ ਜਿਨ੍ਹਾਂ ਸੰਘੀਆਂ ਲਈ ਰਾਸ਼ਟਰਵਾਦ ਉਸ ਖ਼ਾਸ ਧਾਰਮਿਕ ਫਿਰਕੇ ਦੀ ਅਜਾਰੇਦਾਰੀ ਹੈ ਜਿਸ ਨਾਲ ਉਹ ਆਪ ਸਬੰਧਤ ਹਨ। ਉਨ੍ਹਾਂ ਅਨੁਸਾਰ ਬਾਕੀ ਧਾਰਮਿਕ ਫਿਰਕਿਆਂ ਦੀ ਦੇਸ਼ ਪ੍ਰਤੀ ਵਫ਼ਾਦਾਰੀ ਸ਼ੱਕੀ ਹੈ।

ਇਸ ਦੇ ਐਨ ਉਲਟ, ਗ਼ਦਰੀ ਇਨਕਲਾਬੀਆਂ ਅੱਗੇ ਕੇਵਲ ਆਪਣੇ ਦੇਸ਼ ਦੀ ਅੰਗਰੇਜ਼

ਬਸਤੀਵਾਦ ਤੋਂ ਮੁਕਤੀ ਦਾ ਟੀਚਾ ਨਹੀਂ ਸੀ ਸਗੋਂ ਉਨ੍ਹਾਂ ਅੱਗੇ ਬਸਤੀਵਾਦ ਦੇ ਦਾਬੇ ਹੇਠ ਪਿਸ ਰਹੇ ਸੰਸਾਰ ਦੇ ਹਰ ਗ਼ੁਲਾਮ ਦੇਸ਼ ਨੂੰ ਬਦੇਸ਼ੀ ਕਬਜ਼ੇ ਦੀਆਂ ਜ਼ੰਜੀਰਾਂ ਤੋਂ ਆਜ਼ਾਦ ਕਰਾਉਣ ਦਾ ਮਹਾਨ ਗਲੋਬਲੀ ਉਦੇਸ਼ ਸੀ। ਉਨ੍ਹਾਂ ਦਾ ਇਹ ਮਹਾਨ ਉਦੇਸ਼ ਹਰ ਉਸ ਦੇਸ਼ਪ੍ਰੇਮੀ ਨੂੰ ਆਪਣੇ ਸੰਗਰਾਮ ਦਾ ਹਿੱਸਾ ਬਣਾਉਣ ਦਾ ਨਿੱਗਰ ਰਾਸ਼ਟਰਵਾਦੀ ਅਧਾਰ ਬਣਦਾ ਸੀ ਜੋ ਆਪਣੇ ਧਾਰਮਿਕ ਅਕੀਦੇ, ਸਮਾਜਿਕ ਪਿਛੋਕੜ ਅਤੇ ਖੇਤਰੀ ਤੇ ਭਾਸ਼ਾਈ ਦਾਇਰਿਆਂ ਤੋਂ ਉਪਰ ਉੱਠਕੇ ਦੇਸ਼ ਦੀ ਆਜ਼ਾਦੀ ਲਈ ਮਰ-ਮਿਟਣ ਦਾ ਜਜ਼ਬਾ ਰੱਖਦਾ ਸੀ। ਉਦੇਸ਼ ਤੇ ਪ੍ਰੋਗਰਾਮ ਦੀ ਇਸ ਵਿਸ਼ਾਲਤਾ ਕਾਰਨ ਹੀ ਇਹ ਸੰਭਵ ਹੋਇਆ ਕਿ ਹਰ ਧਾਰਮਿਕ ਅਕੀਦੇ ਨਾਲ ਸਬੰਧਤ ਦੇਸ਼ਭਗਤ ਬਿਨਾ ਕਿਸੇ ਝਿਜਕ ਦੇ ਇਸ ਲਹਿਰ ਵਿਚ ਵਧ-ਚੜ੍ਹਕੇ ਸ਼ਾਮਲ ਹੋਏ ਅਤੇ ਇਕ ਦੂਜੇ ਤੋਂ ਅੱਗੇ ਹੋ ਕੇ ਕੁਰਬਾਨੀਆਂ ਕਰਦੇ ਰਹੇ। 1857 ਦੀ ਪਹਿਲੀ ਜੰਗੇ-ਆਜ਼ਾਦੀ ਅਤੇ ਇਸ ਤੋਂ ਪਹਿਲਾਂ ਤੇ ਇਸ ਤੋਂ ਪਿੱਛੋਂ ਦੇ ਫਿਰਕੂ ਸਦਭਾਵਨਾ ਵਾਲੇ ਦੇਸ਼ਭਗਤ ਅੰਦੋਲਨ ਗ਼ਦਰ ਲਹਿਰ ਲਈ ਸਾਂਝੀ ਕੌਮੀ ਜੱਦੋਜਹਿਦ ਦਾ ਨਮੂਨਾ ਸਨ। ਗ਼ਦਰ ਲਹਿਰ ਨੇ ਇਨ੍ਹਾਂ ਅੰਦੋਲਨਾਂ ਦੀ ਫਿਰਕੂ ਸਦਭਾਵਨਾ ਦੀ ਵਿਰਾਸਤ ਨੂੰ ਕੇਵਲ ਆਤਮਸਾਤ ਨਹੀਂ ਕੀਤਾ ਸਗੋਂ ਵਿਦੇਸ਼ਾਂ ਵਿਚ ਪ੍ਰਵਾਸ ਦੇ ਆਜ਼ਾਦ ਤੇ ਅਗਾਂਹਵਧੂ ਮਾਹੌਲ ਦਾ ਡੂੰਘਾ ਪ੍ਰਭਾਵ ਕਬੂਲਦੇ ਹੋਏ ਧਰਮਨਿਰਪੱਖਤਾ ਅਤੇ ਬਰਾਬਰੀ ਦੀ ਸੋਚ ਨਾਲ ਇਸਦਾ ਸੁਮੇਲ ਕਰਕੇ ਆਜ਼ਾਦੀ ਸੰਗਰਾਮ ਨੂੰ ਅਸਲੋਂ ਹੀ ਵਿਲੱਖਣ ਨਜ਼ਰੀਆ ਦਿੱਤਾ। ਗ਼ਦਰੀ ਨਜ਼ਰੀਏ ਦੀ ਇਸ ਵਿਸ਼ਾਲਤਾ ਦਾ ਆਜ਼ਾਦੀ ਦੇ ਅਗਲੇ ਅੰਦੋਲਨਾਂ ਨੇ ਡੂੰਘਾ ਪ੍ਰਭਾਵ ਕਬੂਲਿਆ ਅਤੇ ਇਸਨੇ ਉਸ ਸਮੇਂ ਪ੍ਰਚਲਤ ਰਾਸ਼ਟਰਵਾਦ ਨੂੰ ਸੌੜੇ ਦਾਇਰਿਆਂ 'ਚੋਂ ਬਾਹਰ ਕੱਢਣ ਵਿਚ ਵੱਡੀ ਭੂਮਿਕਾ ਨਿਭਾਈ।

ਗ਼ਦਰ ਲਹਿਰ ਦੀ ਦੇਸ਼ਭਗਤ ਵਿਰਾਸਤ ਸੰਘ ਪਰਿਵਾਰ ਅਤੇ ਹੋਰ ਫਿਰਕਾਪ੍ਰਸਤ ਤਾਕਤਾਂ ਦੇ ਸੌੜੇ ਰਾਸ਼ਟਰਵਾਦ ਦਾ ਮੂੰਹ-ਤੋੜ ਜਵਾਬ ਦੇਣ ਲਈ ਉਨ੍ਹਾਂ ਤਾਕਤਾਂ ਕੋਲ ਇਕ ਪ੍ਰਭਾਵਸ਼ਾਲੀ ਹਥਿਆਰ ਹੈ ਜੋ ਗ਼ਦਰੀਆਂ ਤੇ ਹੋਰ ਸੱਚੇ ਦੇਸ਼ਭਗਤਾਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਯਤਨਸ਼ੀਲ ਹਨ। ਸਾਨੂੰ ਉਮੀਦ ਹੈ ਕਿ ਗ਼ਦਰ ਲਹਿਰ ਬਾਰੇ ਸਾਡੀ ਇਹ ਪ੍ਰਕਾਸ਼ਨਾ ਉਨ੍ਹਾਂ ਸਾਰੀਆਂ ਹੀ ਸਮਾਜ ਵਿਰੋਧੀ ਤਾਕਤਾਂ ਵਿਰੁੱਧ ਅਗਾਂਹਵਧੂ ਜਮਹੂਰੀ ਤੇ ਇਨਸਾਫ਼ਪਸੰਦ ਲੋਕਾਂ ਦੀ ਇਸ ਲੜਾਈ ਵਿਚ ਤਿਲ-ਫੁਲ ਸਹਾਇਤਾ ਜ਼ਰੂਰ ਕਰੇਗੀ ਜੋ ਸਾਡੇ ਦੇਸ਼ ਦੀ ਸਮਾਜਿਕ ਏਕਤਾ ਨੂੰ ਤਹਿਸ਼-ਨਹਿਸ਼ ਕਰਨ ਅਤੇ ਅਗਾਂਹਵਧੂ ਵਿਚਾਰਾਂ ਨੂੰ ਕੁਚਲਕੇ ਆਪਣੀ ਪਿਛਾਖੜੀ ਵਿਚਾਰਧਾਰਾ ਨੂੰ ਥੋਪਣ 'ਤੇ ਤੁਲੀਆਂ ਹੋਈਆਂ ਹਨ।

ਅਸੀਂ ਦੇਸ਼ਭਗਤ ਯਾਦਗਾਰ ਕਮੇਟੀ (ਜਲੰਧਰ) ਦੇ ਜਨਰਲ ਸਕੱਤਰ ਡਾ. ਰਘਬੀਰ ਕੌਰ ਜੀ, ਸੀਨੀਅਰ ਟਰੱਸਟੀ ਕਾ. ਨੌਨਿਹਾਲ ਸਿੰਘ ਤੇ ਹੋਰ ਸਾਥੀਆਂ, ਅਨੁਵਾਦਕ ਬੂਟਾ ਸਿੰਘ, ਕੇਸਰ ਸਿੰਘ 5ਆਬ ਪ੍ਰਕਾਸ਼ਨ ਅਤੇ ਹੋਰ ਸੱਜਣਾਂ ਦੇ ਤਹਿਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਦੇ ਬਹੁਮੁੱਲੇ ਸਹਿਯੋਗ ਅਤੇ ਹੱਲਾਸ਼ੇਰੀ ਨਾਲ ਅਸੀਂ ਇਸ ਵੱਡੇ ਕਾਰਜ ਨੂੰ ਨੇਪਰੇ ਚਾੜ੍ਹਨ ਵਿਚ ਕਾਮਯਾਬ ਹੋਏ ਹਾਂ। ਭਰਵੇਂ ਹੁੰਗਾਰੇ ਦੀ ਉਮੀਦ ਨਾਲ।

ਡਾ. ਪ੍ਰਿਥਵੀ ਰਾਜ ਕਾਲੀਆ, ਸੰਪਾਦਕ

ਐਡਮਿੰਟਨ: 26 ਅਕਤੂਬਰ 2016

ਤਰਤੀਬ

ਹਿੱਸਾ ਪਾਉਣ ਵਾਲੇ ਲੇਖਕ



ਚਮਨ ਲਾਲ

ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਨਵੀਂ ਦਿੱਲੀ (ਹਿੰਦੁਸਤਾਨ) ਦੇ ਹਿੰਦੁਸਤਾਨੀ ਜ਼ਬਾਨਾਂ ਦੇ ਕੇਂਦਰ ਦੇ ਸਾਬਕਾ ਚੇਅਰਪਰਸਨ; ਵੈਸਟ ਇੰਡੀਜ਼ ਯੂਨੀਵਰਸਿਟੀ ਦੇ ਅਗਸਟੀਨ ਕੈਂਪਸ ਵਿਚ ਹਿੰਦੀ ਚੇਅਰ ਦੇ ਵਿਜ਼ਿਟਿੰਗ ਪ੍ਰੋਫੈਸਰ ਰਹੇ; ਪੰਜਾਹ ਤੋਂ ਵੱਧ ਕਿਤਾਬਾਂ ਦੇ ਲੇਖਕ/ਸੰਪਾਦਕ/ਤਰਜਮਾਕਾਰ ਹਿੰਦੂ, ਪੰਜਾਬੀ ਤੇ ਅੰਗਰੇਜ਼ੀ ਜ਼ਬਾਨਾਂ ਵਿਚ; ਉਨ੍ਹਾਂ ਦੀਆਂ ਕੁਝ ਕਿਤਾਬਾਂ ਮਰਾਠੀ, ਬੰਗਾਲੀ ਅਤੇ ਉਰਦੂ ਵਿਚ ਵੀ ਉਲਥਾਈਆਂ ਜਾ ਚੁੱਕੀਆਂ ਹਨ; ਉਨ੍ਹਾਂ ਦੀ ਦਿਲਚਸਪੀ ਦੇ ਮੁੱਖ ਖੇਤਰ ਹਨ ਹਿੰਦੁਸਤਾਨੀ ਸਾਹਿਤ ਦਾ ਤਰਜਮਾ, ਹਿੰਦੁਸਤਾਨ ਦੀ ਆਜ਼ਾਦੀ ਦੌਰਾਨ ਚੱਲੀਆਂ ਇਨਕਲਾਬੀ ਲਹਿਰਾਂ ਦਾ ਇਤਿਹਾਸ; ਹਿੰਦੁਸਤਾਨੀ ਇਨਕਲਾਬੀ ਭਗਤ ਸਿੰਘ ਅਤੇ ਇਨਕਲਾਬੀ ਪੰਜਾਬੀ ਕਵੀ ਪਾਸ਼ ਸਬੰਧੀ ਕਿਤਾਬਾਂ ਦੇ ਰਚੇਤਾ ਵਜੋਂ ਪ੍ਰਸਿੱਧ, ਹਿੰਦੁਸਤਾਨ ਵਿਚ ਸਾਹਿਤਕ ਖੇਤਰ ਵਿਚ ਕਈ ਕੌਮੀ ਅਤੇ ਸੂਬਾਈ ਸਨਮਾਨ ਹਾਸਲ ਕੀਤੇ ਜਿਨ੍ਹਾਂ ਵਿਚ ਕੌਮੀ ਸਾਹਿਤ ਅਕਾਦਮੀ ਦੇ ਤਰਜਮਿਆਂ ਸਬੰਧੀ ਕੌਮੀ ਸਨਮਾਨ ਵੀ ਸ਼ਾਮਲ ਹੈ; ਬਹੁਤ ਸਾਰੀਆਂ ਕੌਮੀ ਤੇ ਕੌਮਾਂਤਰੀ ਯੂਨੀਵਰਸਿਟੀਆਂ ਵਿਚ ਪੇਪਰ ਪੇਸ਼ ਕਰ ਚੁੱਕੇ ਹਨ; ਹਿੰਦੁਸਤਾਨ ਅਤੇ ਬਦੇਸ਼ਾਂ ਵਿਚ, ਜਿਨ੍ਹਾਂ ਵਿਚ ਯੂ.ਐੱਸ.ਏ., ਕੈਨੇਡਾ, ਮਾਰੀਸ਼ਸ, ਪਾਕਿਸਤਾਨ ਅਤੇ ਸੂਰੀਨਾਮ ਸ਼ਾਮਲ ਹਨ, ਲੈਕਚਰ ਕਰ ਚੁੱਕੇ ਹਨ, ਉਨ੍ਹਾਂ ਨਾਲ ਇਸ ਪਤੇ ਉੱਤੇ ਸੰਪਰਕ ਕੀਤਾ ਜਾ ਸਕਦਾ ਹੈ: prof.chaman@gmail.com, Mobile: +91-98687-74820

◊◊◊



ਗੁਰਪ੍ਰੀਤ ਸਿੰਘ

ਗਰੇਟਰ ਵੈਨਕੂਵਰ ਵਿਚ ਸਪਾਈਸ ਰੇਡੀਓ (ਪਹਿਲਾਂ ਉਹ ਲੰਮਾ ਸਮਾਂ ਰੇਡੀਓ ਇੰਡੀਆ ਵਿਚ ਕੰਮ ਕਰ ਚੁੱਕੇ ਹਨ) ਦੇ ਮਹਿਮਾਨਾਂ ਨਾਲ ਵਾਰਤਾਲਾਪ ਦੇ ਮੇਜ਼ਬਾਨ ਅਤੇ ਖ਼ਬਰਾਂ ਨੂੰ ਆਵਾਜ਼ ਦੇਣ ਵਾਲੇ ਅਤੇ ਜਿਓਰਜੀਆ ਸਟਰੇਟ ਦੀ *ਪੀਪਲਜ਼ ਵਾਇਸ* ਤੇ *ਵੈਨਕੂਵਰ ਦੇਸੀ* ਵਿਚ ਗਾਹੇ-ਬਗਾਹੇ ਪੇਸ਼ਕਾਰੀ ਕਰਨ ਵਾਲੇ ਪੱਤਰਕਾਰ ਹਨ। ਕਦੇ ਕਦੇ ਹਿੰਦੁਸਤਾਨ ਤੋਂ ਛਪਣ ਵਾਲੇ *ਹਿੰਦੁਸਤਾਨ ਟਾਈਮਜ਼* ਅਤੇ *ਫਰੰਟ ਲਾਈਨ* ਰਸਾਲੇ ਵਿਚ ਵੀ ਲਿਖਦੇ ਹਨ। ਉਨ੍ਹਾਂ ਨੇ 2001 ਵਿਚ ਕੈਨੇਡਾ ਵਿਚ ਪ੍ਰਵਾਸ ਤੋਂ ਪਹਿਲਾਂ *ਇੰਡੀਅਨ ਐਕਸਪ੍ਰੈੱਸ* ਅਤੇ ਫਿਰ ਦ *ਟ੍ਰਿਬਿਊਨ* ਵਿਚ ਵੀ ਕੰਮ ਕੀਤਾ। ਉਹ ਮਾਸਿਕ ਅੰਗਰੇਜ਼ੀ *ਰੈਡੀਕਲ ਦੇਸੀ* ਪਰਚਾ ਵੀ ਚਲਾ ਰਹੇ ਹਨ।
ਉਨ੍ਹਾਂ ਦੀ ਬੁੱਕਲ ਨੇ ਚਾਰ ਕਿਤਾਬਾਂ ਦਿੱਤੀਆਂ: *ਅੱਤਵਾਦ - ਪੰਜਾਬ ਦਾ ਵਾਰ-ਵਾਰ ਵਾਪਰਦਾ ਦੁਰ-ਸੁਪਨ, ਨਫ਼ਰਤ ਵਿਰੁੱਧ ਮੁਹੱਬਤ ਨਾਲ ਲੜਾਈ - ਏਅਰ ਇੰਡੀਆ ਦੇ ਪੀੜਤਾਂ ਦੇ ਪਰਿਵਾਰਾਂ ਦੀਆਂ ਆਵਾਜ਼ਾਂ, ਧਰਮ-ਨਿਰਪੱਖਤਾ ਦੇ ਮੁਹਾਫ਼ਿਜ਼* ਅਤੇ *ਮੇਵਾ ਸਿੰਘ ਨੇ ਵਿਲੀਅਮ*

ਹਾਪਕਿਨਸਨ ਨੂੰ ਕਿਉਂ ਕਤਲ ਕੀਤਾ? : ਇਕ ਇਮੀਗਰੇਸ਼ਨ ਇੰਸਪੈਕਟਰ ਦੇ ਕਤਲ ਦੇ ਮੁੜ ਦਰਸ਼ਨ।
ਅੱਜ ਕੱਲ੍ਹ ਉਹ ਪੰਜਵੀਂ ਕਿਤਾਬ ਉੱਤੇ ਕੰਮ ਕਰ ਰਹੇ ਹਨ, *'ਕੈਨੇਡਾ ਦਾ 9/11 : ਏਅਰ ਇੰਡੀਆ ਨੂੰ ਬੰਬ ਨਾਲ ਉਡਾ ਦੇਣ ਦੇ ਸਬਕ'*।

❖❖❖



ਗੋਬਿੰਦ ਠੁਕਰਾਲ

ਪੈਦਾਇਸ਼ ਪਿੰਡ ਜਾਖੜ ਜ਼ਿਲ੍ਹਾ ਲਾਇਲਪੁਰ, ਹੁਣ ਪਾਕਿਸਤਾਨ ਵਿਚ; ਅੰਗਰੇਜ਼ੀ ਵਿਚ ਐੱਮ.ਏ. ਦੀ ਡਿਗਰੀ ਅਤੇ ਮਾਸ ਕਮਿਊਨੀਕੇਸ਼ਨ (ਪੱਤਰਕਾਰੀ) ਵਿਚ ਵੀ ਐੱਮ.ਏ., 1969 ਤੋਂ ਵੱਖ-ਵੱਖ ਅਖ਼ਬਾਰਾਂ ਵਾਸਤੇ ਲਿਖਦੇ ਰਹੇ। ਇਨ੍ਹਾਂ ਵਿਚ ਸ਼ਾਮਲ ਹਨ *ਇੰਡੀਅਨ ਐਕਸਪ੍ਰੈੱਸ, ਫਾਈਨੈਂਸ਼ਲ ਐਕਸਪ੍ਰੈੱਸ, ਇੰਡੀਆ ਟੂਡੇ, ਦ ਹਿੰਦੁਸਤਾਨ ਟਾਈਮਜ਼, ਦ ਟ੍ਰਿਬਿਊਨ,* ਅਤੇ ਹੁਣ 'ਦੇਸ ਸੇਵਕ' ਦੇ ਸੰਪਾਦਕੀ ਸਲਾਹਕਾਰ; 2001 ਤੋਂ 2004 ਤਕ ਇੰਡੀਅਨ ਇੰਸਟੀਟਿਊਟ ਆਫ਼ ਐਡਵਾਂਸ ਸਟੱਡੀ, ਸ਼ਿਮਲਾ ਵਿਚ ਫੈਲੋ ਰਹੇ; *ਟਰੱਬਲਡ ਰਿਫ਼ਲੈਕਸ਼ਨਜ਼: ਰਿਪੋਰਟਿੰਗ ਵਾਇਲੈਂਸ: ਮੀਡੀਆ'ਜ਼ ਸਿਮਬਾਇਟਿਕ ਰਿਲੇਸ਼ਨਸ਼ਿਪ ਵਿਦ ਵਾਇਲੈਂਸ, ਐਥਨਿਕ ਵਾਇਲੈਂਸ, ਟੈਰਰਿਜ਼ਮ, ਐਂਡ ਵਾਰ* ; ਦੂਸਰੀ ਕਿਤਾਬ *'ਦ ਗਰੇਟ ਇੰਡੀਅਨ ਮੀਡੀਆ ਬਾਜ਼ਾਰ'* ਤਿਆਰੀ ਅਧੀਨ

❖❖❖



ਹਰੀਸ਼ ਕੇ. ਪੁਰੀ

ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਪੁਲੀਟੀਕਲ ਸਾਇੰਸ ਦੇ ਪ੍ਰੋਫੈਸਰ ਦੇ ਤੌਰ 'ਤੇ ਰਿਟਾਇਰ ਹੋਏ ਅਤੇ ਯੂਨੀਵਰਸਿਟੀ ਦੀ ਬੀ.ਆਰ. ਅੰਬੇਡਕਰ ਚੇਅਰ ਦੇ ਮੁਖੀ ਰਹੇ। ਉਨ੍ਹਾਂ ਨੇ ਸਿਆਸੀ ਲਹਿਰਾਂ, ਸੰਘੀ ਢਾਂਚੇ, ਦਲਿਤਾਂ, ਨਸਲੀ, ਜਾਤੀ ਤੇ ਧਾਰਮਿਕ ਸਿਆਸਤ ਅਤੇ ਅੱਤਵਾਦ ਦੇ ਖੇਤਰਾਂ ਵਿਚ ਖੋਜ ਕੀਤੀ ਅਤੇ ਖ਼ੂਬ ਲਿਖਿਆ। ਉਨ੍ਹਾਂ ਦੀਆਂ ਲਿਖੀਆਂ ਕਿਤਾਬਾਂ ਹਨ - *ਗ਼ਦਰ ਲਹਿਰ: ਵਿਚਾਰਧਾਰਾ, ਜਥੇਬੰਦੀ ਅਤੇ ਯੁੱਧਨੀਤੀ*; *ਪੰਜਾਬ ਵਿਚ ਅੱਤਵਾਦ: ਜ਼ਮੀਨੀ ਹਕੀਕਤ ਦਾ ਬੋਧ* (ਸਹਿ-ਲੇਖਕ); *ਇਲਾਕਾਈ ਪ੍ਰਸੰਗ ਵਿਚ ਦਲਿਤ* (ਸੰਪਾਦਨ); *ਸਮਾਜੀ ਤੇ ਸਿਆਸੀ ਲਹਿਰ* (ਸਾਂਝੀ ਸੰਪਾਦਨਾ); *ਗ਼ਦਰ ਲਹਿਰ : ਪਿਛੋਕੜ, ਵਿਚਾਰਧਾਰਾ, ਕਾਰਗੁਜ਼ਾਰੀ ਅਤੇ ਵਿਰਸਾ* (ਸਾਂਝੀ ਸੰਪਾਦਨਾ)।

❖❖❖



ਹਰਭਜਨ ਚੀਮਾ

ਸੱਠਵਿਆਂ ਦੇ ਅੰਤ ਵਿਚ ਕੈਨੇਡਾ ਨੂੰ ਪ੍ਰਵਾਸ; ਅਗਾਂਹਵਧੂ ਵਿਚਾਰਾਂ ਨਾਲ ਸਰਸ਼ਾਰ ਕੈਨੇਡਾ ਦੀ ਸਿਆਸਤ ਵਿਚ ਸਰਗਰਮ ਹੋਏ ਅਤੇ ਕਮਿਊਨਿਸਟ ਪਾਰਟੀ ਆਫ਼ ਕੈਨੇਡਾ (ਐੱਮ.ਐੱਲ.) ਦੇ ਵੀਹ ਸਾਲ ਮੈਂਬਰ ਰਹੇ; ਈਸਟ ਇੰਡੀਆ ਡਿਫੈਂਸ ਕਮੇਟੀ ਦੇ 1973 ਤੋਂ ਬਾਨੀ ਕੌਮੀ ਸਕੱਤਰ ਹਨ; ਬੀ.ਸੀ. ਵਿਚ ਨਸਲੀ ਵਿਤਕਰੇ ਦਾ ਮੁਕਾਬਲਾ ਕਰਨ ਲਈ ਮੂਹਰਲੀਆਂ ਸਫ਼ਾਂ ਦੇ ਘੁਲਾਟੀਏ ਵਜੋਂ ਵਿਚਰਦੇ ਹਨ; ਬੀ.ਸੀ. ਦੀਆਂ ਸੂਬਾਈ ਚੋਣਾਂ ਵਿਚ ਪੀਪਲਜ਼ ਫਰੰਟ ਅਗੇਂਸਟ ਰੇਸਿਸਟ ਐਂਡ ਫ਼ਾਸਿਸਟ ਵਾਇਲੈਂਸ ਨਾਂ ਦੀ ਜਥੇਬੰਦੀ ਵੱਲੋਂ ਉਮੀਦਵਾਰ ਵਜੋਂ ਹਿੱਸਾ ਲਿਆ ਅਤੇ 1970 ਵਿਚ ਸੰਘੀ ਚੋਣਾਂ ਸਮੇਂ ਕੈਨੇਡਾ ਦੀ ਐੱਮ.ਐੱਲ. ਪਾਰਟੀ ਦੇ ਉਮੀਦਵਾਰ ਬਣੇ; ਉਹ ਨਕਸਲਬਾੜੀ ਲਹਿਰ ਦੇ ਹਮਾਇਤੀ ਹਨ ਅਤੇ ਮਾਰਕਸਵਾਦੀ ਲੈਨਿਨਵਾਦੀ ਵਿਚਾਰਧਾਰਾ ਪ੍ਰਤੀ ਉਮਰ ਭਰ ਲਈ ਵਚਨਬੱਧ ਹਨ।

❖❖❖



ਹਿਊ ਜੌਹਨਸਟਨ

ਸਾਈਮਨ ਫਰੇਜ਼ਰ ਯੂਨੀਵਰਸਿਟੀ ਵਿਚ ਇਤਿਹਾਸ ਦੇ ਸੇਵਾ-ਮੁਕਤ ਸਨਮਾਨਤ ਪ੍ਰੋਫੈਸਰ ਹਨ, ਜਿਥੇ ਉਹ 1968 ਤੋਂ ਲਗਾਤਾਰ ਪੜ੍ਹਾਉਂਦੇ ਰਹੇ ਅਤੇ ਸੀਨੀਅਰਜ਼ ਪ੍ਰੋਗਰਾਮ ਵਿਚ ਅਜੇ ਵੀ ਪੜ੍ਹਾ ਰਹੇ ਹਨ। ਉਹ ਕਈ ਕਿਤਾਬਾਂ ਦੇ ਰਚੇਤਾ ਹਨ ਜਿਨ੍ਹਾਂ ਵਿਚ *'ਦ ਵਾਇਏਜ ਆਫ਼ ਦ ਕਾਮਾਗਾਟਾ ਮਾਰੂ: ਦ ਸਿੱਖ ਚੈਲਿੰਜ ਟੂ ਕੈਨੇਡਾ'ਜ਼ ਕਲਰ ਬਾਰ (1989), 'ਦ ਫੋਰ ਕੁਆਰਟਰਜ਼ ਆਫ਼ ਦ ਨਾਈਟ: ਦ ਲਾਈਫ਼ ਸਟੋਰੀ ਆਫ਼ ਐਨ ਐਮੀਗਰੈਂਟ ਸਿੱਖ (1995), 'ਰੈਡੀਕਲ ਕੈਂਪਸ: ਮੇਕਿੰਗ ਸਾਈਮਨ ਫਰੇਜ਼ਰ ਯੂਨੀਵਰਸਿਟੀ (2005)'*, ਅਤੇ *'ਜਿਊਲਜ਼ ਆਫ਼ ਦ ਕਿਲਾ: ਦ ਰਿਮਾਰਕੇਬਲ ਸਟੋਰੀ ਆਫ਼ ਐਨ ਇੰਡੋ-ਕੈਨੇਡੀਅਨ ਫੈਮਿਲੀ (2011)'*। ਅੱਜ ਕੱਲ੍ਹ ਉਹ ਕਪੂਰ ਸਿੰਘ ਦੀ ਜੀਵਨੀ ਉੱਤੇ ਕੰਮ ਕਰ ਰਹੇ ਹਨ, ਇਕ ਸਿੱਖ ਮੋਢੀ, ਮਿੱਲ ਮਾਲਕ ਅਤੇ ਪਰਉਪਕਾਰੀ।

❖❖❖



ਕਿਰਪਾਲ ਬੈਂਸ

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਅੰਗਰੇਜ਼ੀ ਵਿਚ ਐੱਮ.ਏ.। ਅੰਗਰੇਜ਼ੀ ਦੇ ਲੈਕਚਰਾਰ ਰਹੇ। ਕੈਨੇਡਾ ਵਿਚ ਯੂਨੀਅਨ ਵਿਚ ਵੱਖ-ਵੱਖ ਕੰਮ ਕੀਤੇ ਜਿਨ੍ਹਾਂ ਵਿਚ ਸ਼ਾਪ ਸਟੀਵਾਰਡ ਤੋਂ ਲੈ ਕੇ ਕੈਨੇਡੀਅਨ ਆਟੋ ਵਰਕਰਜ਼ ਲੋਕਲ ਦੇ ਮੀਤ ਪ੍ਰਧਾਨ ਬਣਨਾ ਸ਼ਾਮਲ ਹਨ। ਟਰੇਡ ਯੂਨੀਅਨਿਸਟ ਹੋਣ

ਦੇ ਨਾਲ-ਨਾਲ ਉਹ ਮਨੁੱਖੀ ਹੱਕਾਂ ਅਤੇ ਸਮਾਜੀ ਨਿਆਂ ਦੇ ਵੀ ਕਾਰਕੁਨ ਹਨ। ਉਹ ਸ਼ੁਰੂ ਤੋਂ ਹੀ ਈਸਟ ਇੰਡੀਆ ਡਿਫ਼ੈਂਸ ਕਮੇਟੀ ਦੇ ਮੈਂਬਰ ਹਨ। ਕਿਰਪਾਲ ਬੈਂਸ ਨੇ 1969 ਵਿਚ ਕੈਨੇਡਾ ਪ੍ਰਵਾਸ ਕੀਤਾ।

◇◇◇



ਮਲਵਿੰਦਰਜੀਤ ਸਿੰਘ ਵੜੈਚ

ਚੰਡੀਗੜ੍ਹ ਵਿਚ ਵਕੀਲ, ਗ਼ਦਰ ਲਹਿਰ ਅਤੇ ਭਗਤ ਸਿੰਘ ਦੇ ਮੁਕੱਦਮੇ ਨਾਲ ਸਬੰਧਤ ਦਸਤਾਵੇਜ਼ਾਂ ਇਕੱਠੀਆਂ ਕਰਦੇ ਤੇ ਸੰਭਾਲਦੇ ਹਨ; ਪਿਛਲੇ ਚਾਰ ਦਹਾਕੇ ਤੋਂ ਆਜ਼ਾਦੀ ਦੀ ਜੱਦੋਜਹਿਦ ਸਬੰਧੀ ਸਹੀ ਜਾਣਕਾਰੀ ਹਾਸਲ ਕਰਨ ਦੇ ਕਾਰਜ ਵਿਚ ਰੁੱਝੇ ਹੋਏ ਹਨ, ਅਤੇ ਮੁਲਕ ਨੂੰ ਸ਼ਹੀਦਾਂ ਤੇ ਆਜ਼ਾਦੀ ਘੁਲਾਟੀਆਂ ਦੀ ਦੇਣ ਨੂੰ ਉਚਿਆਉਂਦਿਆਂ ਕਿਤਾਬਾਂ ਛਪਵਾਉਂਦੇ ਹਨ। ਗੁੱਜਰਾਂਵਾਲਾ (ਹੁਣ ਪਾਕਿਸਤਾਨ) ਜ਼ਿਲ੍ਹੇ ਦੇ ਲੋਧੇਵਾਲਾ ਵੜੈਚ ਪਿੰਡ ਦੇ ਜੰਮਪਲ; ਪੁਲੀਟੀਕਲ ਸਾਇੰਸ, ਇਤਿਹਾਸ, ਇਕਨਾਮਿਕਸ, ਸੋਸ਼ਿਆਲੋਜੀ ਅਤੇ ਅੰਗਰੇਜ਼ੀ ਵਿਚ ਐੱਮ.ਏ.; ਗੁਰੂ ਨਾਨਕ ਇੰਜੀਨੀਅਰਿੰਗ ਕਾਲਜ, ਲੁਧਿਆਣਾ ਵਿਚ ਹਿਊਮੈਨਿਟੀਜ਼ ਦੇ ਲੈਕਚਰਾਰ ਰਹੇ; ਅੱਜ ਕੱਲ੍ਹ ਪੰਜਾਬ ਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ ਵਿਚ ਬਤੌਰ ਕ੍ਰਿਮੀਨਲ ਵਕੀਲ ਕਾਰਜਸ਼ੀਲ ਹਨ।

◇◇◇



ਮਾਰਕ ਜੁਏਰਜਨਸਮੇਅਰ

ਓਰਫੇਲੀਆ ਸੈਂਟਰ ਫਾਰ ਗਲੋਬਲ ਐਂਡ ਇੰਟਰਨੈਸ਼ਨਲ ਸਟੱਡੀਜ਼ ਦੇ ਡਾਇਰੈਕਟਰ, ਸੋਸ਼ਿਆਲੋਜੀ ਦੇ ਪ੍ਰੋਫ਼ੈਸਰ, ਅਤੇ ਕੈਲੀਫ਼ੋਰਨੀਆ ਯੂਨੀਵਰਸਿਟੀ, ਸਾਂਤਾ ਬਾਰਬਾਰਾ, ਵਿਚ ਧਾਰਮਿਕ ਅਧਿਐਨ ਦੇ ਐਫੀਲੀਏਟ ਪ੍ਰੋਫ਼ੈਸਰ। ਆਪ ਧਾਰਮਿਕ ਹਿੰਸਾ, ਬਖੇੜਿਆਂ ਦੇ ਹੱਲ ਅਤੇ ਦੱਖਣੀ ਏਸ਼ੀਆਈ ਧਰਮ ਤੇ ਸਿਆਸਤ ਦੇ ਮਜ਼ਮੂਨਾਂ ਦੇ ਮਾਹਰ ਹਨ, ਦੋ ਸੌ ਤੋਂ ਵੱਧ ਲੇਖ ਅਤੇ ਵੀਹ ਕਿਤਾਬਾਂ ਦੇ ਲੇਖਕ ਹਨ, ਇਕ ਕਿਤਾਬ *ਗਲੋਬਲ ਰਿਬੈੱਲੀਅਨ: ਰਿਲੀਜੀਅਸ ਚੈਲਿੰਜਸ ਟੂ ਦ ਸੈਕੂਲਰ ਸਟੇਟ* ਹੁਣੇ ਹੁਣੇ ਛਪੀ ਹੈ (ਯੂਨੀਵਰਸਿਟੀ ਆਫ਼ ਕੈਲੀਫ਼ੋਰਨੀਆ ਪ੍ਰੈੱਸ 2008) ਉਨ੍ਹਾਂ ਦੀਆਂ ਮਸ਼ਹੂਰ ਕਿਤਾਬਾਂ ਹਨ: *ਟੈਰਰ ਇਨ ਦ ਮਾਈਂਡ ਆਫ਼ ਗਾਡ: ਦ ਗਲੋਬਲ ਰਾਈਜ਼ ਆਫ਼ ਰਿਲੀਜਿਅਸ ਵਾਇਲੈਂਸ*; *ਦ ਨਿਊ ਕੋਲਡ ਵਾਰ? ਰਿਲੀਜਿਅਸ ਨੈਸ਼ਨਲਿਜ਼ਮ ਕਾਨਫਰੰਟਸ ਦ ਸੈਕੂਲਰ ਸਟੇਟ*; *ਗਾਂਧੀ'ਜ਼ ਵੇਅ*; *ਆਕਸਫੋਰਡ ਹੈਂਡਬੁੱਕ ਆਫ਼ ਗਲੋਬਲ ਰਿਲੀਜਨ* ਦੀ ਸੰਪਾਦਨਾ, ਅਤੇ *ਦ ਪਰਿਸੰਟਨ ਰੀਡਰ ਆਨ ਰਿਲੀਜਨ ਐਂਡ ਵਾਇਲੈਂਸ*, ਦ

ਇਨਸਾਈਕਲੋਪੀਡੀਆ ਆਫ਼ ਗਲੋਬਲ ਰਿਲੀਜਨਜ਼ ਐਂਡ ਦ ਇਨਸਾਈਕਲੋਪੀਡੀਆ ਆਫ਼ ਗਲੋਬਲ ਸਟੱਡੀਜ਼ ਦੀ ਸਹਿ-ਸੰਪਾਦਨਾ ਕਰ ਰਹੇ ਹਨ।

◇◇◇



ਮਾਇਆ ਰਾਮਨਾਥ

ਹਿਸਟਰੀ ਐਂਡ ਏਸ਼ੀਅਨ ਸਟੱਡੀਜ਼ ਦੀ ਐਸੋਸੀਏਟ ਪ੍ਰੋਫ਼ੈਸਰ, ਅੱਜ ਕੱਲ੍ਹ ਨਿਊਯਾਰਕ ਯੂਨੀਵਰਸਿਟੀ ਦੇ ਡਰੇਪਰ ਇੰਟਰਡਸਿਪਲਿਨਰੀ ਹਿਊਮੈਨੀਟੀਜ਼ ਐਂਡ ਸੋਸ਼ਲ ਥਾਟ ਪ੍ਰੋਗਰਾਮ ਵਿਚ ਪੜ੍ਹਾ ਰਹੇ ਹਨ। ਉਹ *ਹੱਜ ਟੂ ਯੂਟੋਪੀਆ: ਹਾਓ ਦ ਗ਼ਦਰ ਮੂਵਮੈਂਟ ਚਾਰਟਰਡ ਗਲੋਬਲ ਰੈਡੀਕਲਿਜ਼ਮ ਐਂਡ ਅਟੈਂਪਟਿਡ ਟੂ ਓਵਰਥਰੋ ਦਾ ਬ੍ਰਿਟਿਸ਼ ਐਂਪਾਇਰ*', ਅਤੇ '*ਡੀਕਾਲੋਨਾਈਜ਼ਿੰਗ ਅਨਾਰਕਿਜ਼ਮ: ਐਨ ਅਥਾਰੀਟੇਰੀਅਨ ਹਿਸਟਰੀ ਆਫ਼ ਇੰਡੀਆ'ਜ਼ ਲਿਬਰੇਸ਼ਨ ਸਟਰੱਗਲ*'। ਆਪ **ਅਦਾਲ੍ਹ** – ਨਿਊਯਾਰਕ, ਹਿਸਟੋਰੀਅਨਜ਼ ਅਗੇਂਸਟ ਵਾਰ, ਦ ਐੱਨ.ਵਾਈ.ਸੀ. ਬੁੱਕ ਫੇਅਰ ਜਥੇਬੰਦਕ ਕਮੇਟੀ ਅਤੇ ਸਾਊਥ ਏਸ਼ੀਆ ਸਾਲੀਡੈਰਿਟੀ ਇਨੀਸ਼ੀਏਟਿਵ ਨਾਂਵਾਂ ਦੀਆਂ ਜਥੇਬੰਦੀਆਂ ਵਿਚ ਸਰਗਰਮ ਹਨ।

◇◇◇

ਮੁਹੰਮਦ ਅਯੂਬ ਖ਼ਾਨ

(ਏ.ਬੀ.ਡੀ., ਐੱਮ.ਏ.) ਮੈਕਮਾਸਟਰ ਯੂਨੀਵਰਸਿਟੀ ਵਿਚ ਪੁਲੀਟੀਕਲ ਸਾਇੰਸ ਡਿਪਾਰਟਮੈਂਟ ਵਿਚ ਡਾਕਟੋਰਲ ਕੈਂਡੀਡੇਟ। ਹਿੰਦੁਸਤਾਨ ਦੀ ਆਜ਼ਾਦੀ ਦੀ ਲਹਿਰ ਦੇ ਨਾਇਕਾਂ ਦੇ ਜੀਵਨ, ਕੰਮਾਂ ਅਤੇ ਵਿਚਾਰਾਂ ਨੂੰ ਉਭਾਰਨ ਵਿਚ ਆਪ ਦੀ ਵਿਸ਼ੇਸ਼ ਰੁਚੀ ਹੈ। ਅੰਗਰੇਜ਼ੀ ਅਤੇ ਉਰਦੂ ਜ਼ੁਬਾਨਾਂ ਵਿਚ ਪ੍ਰਮੁੱਖ ਹਿੰਦੁਸਤਾਨੀ ਮੁਸਲਮਾਨਾਂ ਨਾਲ ਸਬੰਧਤ ਤਰ੍ਹਾਂ ਤਰ੍ਹਾਂ ਦੇ ਵਿਸ਼ਿਆਂ ਉੱਤੇ ਕਈ ਲੇਖ ਲਿਖੇ ਹਨ।

◇◇◇



ਪ੍ਰਿਥਵੀ ਰਾਜ ਕਾਲੀਆ

26 ਫਰਵਰੀ 1938 ਵਿਚ, ਹਿੰਦੁਸਤਾਨ ਦੇ ਰੋਪੜ ਜ਼ਿਲ੍ਹੇ ਦੇ ਪਿੰਡ ਸਿਸਵਾਂ ਵਿਚ ਪੈਦਾਇਸ਼; ਹਿੰਦੀ ਭਾਸ਼ਾ ਤੇ ਸਾਹਿਤ ਵਿਚ ਐੱਮ.ਏ.; ਮਾਸਟਰਜ਼ ਇਨ ਹਿਸਟਰੀ ਆਫ਼ ਆਰਟਸ, ਐਸਥੈਟਿਕਸ ਆਫ਼ ਮਾਡਰਨ ਹਿੰਦੀ ਪੋਇਟਰੀ ਵਿਚ ਪੀ.ਐੱਚ.ਡੀ. ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਕੀਤੀ;

ਪੰਜਾਬ ਦੇ ਭਾਸ਼ਾ ਵਿਭਾਗ ਵਿਚ ਰਿਸਰਚ ਅਸਿਸਟੈਂਟ, ਤੇ ਲੈਕਚਰਾਰ ਵਜੋਂ ਕੰਮ ਕੀਤਾ; ਇਕ ਸਿਹਤ ਰਸਾਲੇ ਦੇ ਸੰਪਾਦਕ; ਯੂਨੀਵਰਸਿਟੀ ਕਿਤਾਬਾਂ ਦੇ ਵੀਹ ਸਾਲ ਤੋਂ ਸੰਪਾਦਕ। ਕੈਨੇਡਾ ਦੇ ਐਡਮਿੰਟਨ, ਐਲਬਰਟਾ ਤੋਂ ਨਿਕਲਦੇ ਬਹੁ-ਭਾਸ਼ੀ ਅਖ਼ਬਾਰ *ਏਸ਼ੀਅਨ ਟਾਈਮਜ਼* ਦੇ ਸੰਪਾਦਕ; ਬਹੁ-ਭਾਸ਼ੀ ਸਾਹਿਤਕ ਅਦਾਰੇ 'ਮੈਪਲ ਲੀਫ਼ ਰਾਈਟਰਜ਼ ਫ਼ਾਊਂਡੇਸ਼ਨ ਆਫ਼ ਐਡਮਿੰਟਨ' ਦੇ 1998 ਤੋਂ ਬਾਨੀ ਪ੍ਰਧਾਨ; 'ਪ੍ਰਾਗਰੈਸਿਵ ਪੀਪਲਜ਼ ਫ਼ਾਊਂਡੇਸ਼ਨ ਆਫ਼ ਐਡਮਿੰਟਨ' ਦੇ 2006 ਤੋਂ ਪ੍ਰਧਾਨ ਰਹੇ, ਅਤੇ ਪੰਜਾਬੀ ਮੀਡੀਆ ਐਸੋਸੀਏਸ਼ਨ ਆਫ਼ ਐਲਬਰਟਾ ਦੇ 2007 ਤੋਂ ਪ੍ਰਧਾਨ ਹਨ। ਉਨ੍ਹਾਂ ਦੇ '*ਅਪਨੇ ਪਾਨੀਓਂ ਕੇ ਰੰਗ*' ਨਾਂ ਦੇ ਕਵਿਤਾਵਾਂ ਦੇ ਸੰਗ੍ਰਹਿ ਨੂੰ ਸਾਹਿਤ ਅਕਾਦਮੀ ਵਲੋਂ ਪ੍ਰਕਾਸ਼ਤ ਕੀਤਾ ਗਿਆ; 2007 ਵਿਚ ਸ਼ਹੀਦ ਭਗਤ ਸਿੰਘ ਦੀ ਸ਼ਤਾਬਦੀ ਮਨਾਉਂਦਿਆਂ '*ਭਗਤ ਸਿੰਘ ਟੁਡੇ*' ਨਾਂ ਦੀ ਕਿਤਾਬ ਪ੍ਰਕਾਸ਼ਤ ਕੀਤੀ; '*ਗ਼ਦਰ ਮੂਵਮੈਂਟ ਐਂਡ ਇੰਡੀਆ'ਜ਼ ਐਂਟੀ ਇੰਪੀਰੀਅਲਿਸਟ ਸਟਰੱਗਲ*' ਦੀ ਸੰਪਾਦਨਾ (2013); ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ 1915 ਦੇ ਸ਼ਹੀਦ (2015), ਸਾਹਿਤ, ਸਿਆਸਤ ਅਤੇ ਅਗਾਂਹਵਧੂ ਸਮਾਜੀ-ਸੱਭਿਆਚਾਰਕ ਮਾਮਲਿਆਂ ਵਿਚ ਸਰਗਰਮ ਸ਼ਮੂਲੀਅਤ ਉਨ੍ਹਾਂ ਦੀਆਂ ਦਿਲਚਸਪੀਆਂ ਹਨ।

prithvikaliaeditor@yahoo.ca

❖❖❖



ਰਾਜ ਪੰਨੂ

ਸੋਸ਼ਿਆਲੋਜੀ ਵਿਚ ਡਾਕਟਰੇਟ ਸੇਵਾ-ਮੁਕਤ ਕੈਨੇਡੀਅਨ ਅਕਾਦਮੀਸ਼ੀਅਨ। ਅੱਜਕੱਲ੍ਹ ਯੂਨੀਵਰਸਿਟੀ ਆਫ਼ ਐਲਬਰਟਾ ਦੇ ਪ੍ਰੋਫੈਸਰ ਅਮੈਰੀਟਸ, ਜਿਥੇ ਉਨ੍ਹਾਂ ਨੇ 1969 ਤੋਂ 1996 ਤਕ ਐਜੂਕੇਸ਼ਨ ਪਾਲਿਸੀ ਸਟੱਡੀਜ਼ (ਫ਼ੈਕਲਟੀ ਆਫ਼ ਐਜੂਕੇਸ਼ਨ) ਅਤੇ ਸੋਸ਼ਿਆਲੋਜੀ (ਫ਼ੈਕਲਟੀ ਆਫ਼ ਆਰਟਸ) ਵਿਚ ਅਧਿਆਪਕ ਰਹੇ। 1996 ਵਿਚ ਸੇਵਾ-ਮੁਕਤ ਹੋਣ ਤੋਂ ਬਾਦ ਸਿਆਸਤ ਵਿਚ ਕੁੱਦੇ। 1997-2002 ਤਕ ਅਲਬਰਟਾ ਸੂਬੇ ਦੀ ਵਿਧਾਨ-ਸਭਾ ਦੇ ਮੈਂਬਰ ਰਹੇ। ਇਨ੍ਹਾਂ ਗਿਆਰਾਂ ਸਾਲਾਂ ਵਿਚ ਐੱਮ.ਐੱਲ.ਏ. ਹੁੰਦਿਆਂ ਉਹ ਸਾਢੇ ਚਾਰ ਸਾਲ (2000-2004) ਤਕ ਐਲਬਰਟਾ ਨਿਊ ਡੈਮੋਕਰੇਟਿਕ ਪਾਰਟੀ ਦੇ ਆਗੂ ਰਹੇ ਅਤੇ ਵਿਧਾਨ-ਸਭਾ ਵਿਚ ਇਸ ਪਾਰਟੀ ਦੇ ਵਿਰੋਧੀ-ਧਿਰ ਵਜੋਂ ਆਗੂ ਵੀ ਰਹੇ। ਇਸ ਦੇ ਨਾਲ ਹੀ, ਵਿਧਾਨ-ਸਭਾ ਦਾ ਮੈਂਬਰ ਹੁੰਦਿਆ ਉਹ ਕਈ ਅਹਿਮ ਕਮੇਟੀਆਂ ਵਿਚ ਕੰਮ ਕਰਦੇ ਰਹੇ। ਵਿਰੋਧੀ ਧਿਰ ਦੇ ਚੁਣੇ ਹੋਏ ਅਹਿਲਕਾਰ ਵਜੋਂ ਬਹੁਤ ਹੀ ਸਫ਼ਲ ਭੂਮਿਕਾ ਨਿਭਾਉਣ ਤੋਂ ਬਾਦ ਉਹ ਮਾਰਚ 2008 ਵਿਚ ਸਰਗਰਮ ਸਿਆਸਤ ਤੋਂ ਲਾਂਭੇ ਹੋ ਗਏ।

ਅਕਾਦਮੀਸ਼ੀਅਨ ਅਤੇ ਸੋਸ਼ਿਆਲੋਜਿਸਟ ਵਜੋਂ ਉਨ੍ਹਾਂ ਦਾ ਜੀਵਨ-ਪੰਧ ਬਹੁਤ ਹੀ ਸਫ਼ਲ, ਫ਼ਾਇਦੇਮੰਦ ਅਤੇ ਉਪਜਾਊ ਰਿਹਾ ਹੈ। ਉਨ੍ਹਾਂ ਦੇ ਖੋਜ ਅਤੇ ਅਧਿਆਪਨ ਦਾ ਵਿਸ਼ੇਸ਼ ਖੇਤਰ

ਪੁਲੀਟੀਕਲ ਸੋਸ਼ਿਆਲੋਜੀ, ਵਿਕਾਸ ਅਤੇ ਪਛੜੇਪਣ ਦੀ ਸੋਸ਼ਿਆਲੋਜੀ, ਨਵ-ਉਦਾਰਵਾਦੀ ਆਲਮੀਕਰਨ ਦੇ ਸਿੱਟੇ ਅਤੇ ਇਸ ਦੇ ਵਿਰੁੱਧ ਜੱਦੋਜਹਿਦ, ਤੋਂ ਲੈ ਕੇ ਵਿਦਿਅਕ ਪ੍ਰਬੰਧਾਂ ਦੀ ਸੋਸ਼ਿਆਲੋਜੀ ਤਕ ਰਿਹਾ ਜਿਸ ਵਿਚ ਅਕਾਦਮਿਕ ਪ੍ਰਬੰਧਨ ਦੀ ਸਿਆਸਤ ਉੱਤੇ ਉਨ੍ਹਾਂ ਖ਼ਾਸ ਤਵੱਜੋ ਦਿੱਤੀ। ਉਨ੍ਹਾਂ ਨੇ ਕਿਤਾਬਾਂ ਦੇ ਅਧਿਆਏ, ਪ੍ਰੋਫ਼ੈਸ਼ਨਲ ਰਸਾਲਿਆਂ ਅਤੇ ਮੈਗਜ਼ੀਨਾਂ ਵਿਚ ਆਪਣੀਆਂ ਰਚਨਾਵਾਂ ਛਪਵਾਈਆਂ ਅਤੇ ਬਹੁਤ ਸਾਰੇ ਖੋਜ ਖਰੜੇ ਤਿਆਰ ਕੀਤੇ। ਆਪਣੀ ਸਮੁੱਚੀ ਅਕਾਦਮਿਕ ਜ਼ਿੰਦਗੀ ਵਿਚ ਉਨ੍ਹਾਂ ਨੇ ਬਹੁਤ ਸਾਰੇ ਵਿਦਵਾਨ ਖੋਜਕਾਰਾਂ ਅਤੇ ਉੱਚ ਵਿਦਿਆ ਦੇ ਵਿਦਿਆਰਥੀਆਂ ਨਾਲ ਮਿਲਕੇ ਕੰਮ ਕਰਨ ਦੀ ਖ਼ੁਸ਼ੀ ਹਾਸਲ ਕੀਤੀ ਜਿਨ੍ਹਾਂ ਵਿਚ ਬਹੁਤ ਸਾਰੇ ਸਮੁੰਦਰ ਪਾਰ ਤੋਂ ਆਏ ਸਨ ਅਤੇ ਉਨ੍ਹਾਂ ਦੇ ਸਬੰਧਤ ਖੋਜ ਪ੍ਰੋਜੈਕਟਾਂ ਵਿਚ ਉਨ੍ਹਾਂ ਦੀ ਥੀਸਿਸਾਂ ਸਬੰਧੀ ਰਾਹਨੁਮਾਈ ਤੇ ਨਿਗਰਾਨੀ ਕੀਤੀ। ਅਧਿਆਪਨ ਅਤੇ ਖੋਜ ਕਾਰਜਾਂ ਦੇ ਨਾਲ-ਨਾਲ ਉਨ੍ਹਾਂ ਯੂਨੀਵਰਸਿਟੀ ਦੇ ਕਾਲਜਾਂ ਦੇ ਪ੍ਰਬੰਧਨ ਦੇ ਮਾਮਲਿਆਂ ਵਿਚ ਸਰਗਰਮੀ ਨਾਲ ਹਿੱਸਾ ਲਿਆ, ਜਿਸ ਕਾਰਨ ਉਹ ਬਹੁਤ ਸਾਰੀਆਂ ਅਹਿਮ ਕਮੇਟੀਆਂ ਦੇ ਪ੍ਰਧਾਨ ਬਣੇ ਅਤੇ ਅਕਾਦਮਿਕ ਕੌਂਸਲਾਂ ਵਿਚ ਸ਼ਾਮਲ ਹੁੰਦੇ ਰਹੇ। ਇਕ ਮਸਰੂਫ਼ ਅਧਿਆਪਕ ਅਤੇ ਖੋਜਕਰਤਾ ਦੀ ਭੂਮਿਕਾ ਨਿਭਾਉਂਦਿਆਂ ਉਹ ਪੂਰੀ ਤਨਦੇਹੀ ਤੇ ਤਵੱਜੋ ਨਾਲ ਕਾਰਜਸ਼ੀਲ ਰਹੇ ਤੇ ਨਾਲ ਹੀ ਅਵਾਮੀ ਬੁੱਧੀਜੀਵੀ ਵਾਂਗ ਜੀਵੇ ਅਤੇ ਹੁਣ ਖ਼ੁਸ਼ੀ-ਖ਼ੁਸ਼ੀ ਸੁਰਖ਼ਰੂ ਹਨ।

✧✧✧



ਰਾਬਿੰਦਰ ਸਾਰਾ

ਪਿੰਡ ਢੋਡਾ, ਹੁਣ ਪਾਕਿਸਤਾਨ ਵਿਚ, ਵਿਚ ਅੱਸੀ ਸਾਲ ਪਹਿਲਾਂ ਪੈਦਾ ਹੋਏ; 1947 ਵਿਚ ਹਿੰਦੁਸਤਾਨ ਵਿਚ ਪਰਤੇ ਅਤੇ ਕਾਦੀਆਂ ਵਿਚ ਰਹੇ; ਆਲ ਇੰਡੀਆ ਸਟੂਡੈਂਟ ਫੈੱਡਰੇਸ਼ਨ ਅਤੇ ਟਰੇਡ ਯੂਨੀਅਨਾਂ ਵਿਚ ਸਰਗਰਮ ਰਹੇ; ਜਲੰਧਰ ਦੀ ਮੈਟਲ ਵਰਕਰਜ਼ ਯੂਨੀਅਨ ਵਿਚ ਹਿੱਸਾ ਲਿਆ ਅਤੇ 21 ਦਿਨ ਭੁੱਖ ਹੜਤਾਲ ਕੀਤੀ; ਤਿੰਨ ਸਾਲ ਲੈਕਚਰਾਰ ਰਹੇ ਅਤੇ 1968 ਵਿਚ ਇੰਗਲੈਂਡ ਹੁੰਦੇ ਹੋਏ ਕੈਨੇਡਾ ਪਹੁੰਚੇ; ਸਮੋਕੀ ਲੇਕ ਨਾਂ ਦੇ ਕਸਬੇ ਵਿਚ ਹਿਸਾਬ ਦੇ ਅਧਿਆਪਕ ਵਜੋਂ ਸੇਵਾ ਨਿਭਾਈ ਅਤੇ ਇਸ ਅਹੁਦੇ ਤੋਂ 1993 ਵਿਚ ਸੇਵਾ-ਮੁਕਤ ਹੋਏ। ਜਿੱਥੋਂ ਤਕ ਦਿਲਚਸਪੀਆਂ ਦਾ ਸਵਾਲ ਹੈ ਉਹ ਪੜ੍ਹਣ, ਸੰਗੀਤ ਸੁਨਣ ਅਤੇ ਫ਼ਿਲਮਾਂ ਦੇਖਣ ਦੇ ਸ਼ੌਕੀਨ ਹਨ।

✧✧✧



ਐੱਸ.ਐੱਨ.ਅਗਰਵਾਲ

ਪੈਦਾਇਸ਼: ਪਹਿਲੀ ਅਕਤੂਬਰ 1944; ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਐੱਲ.ਐੱਲ.ਬੀ.; ਹਾਈਕੋਰਟ ਬਾਰ ਵਿਚ ਥੋੜ੍ਹਾ ਵਕਤ ਕੰਮ ਕਰਨ ਤੋਂ ਬਾਦ ਰਾਜ ਦੀ ਜੁਡੀਸ਼ੀਅਲ ਸਰਵਿਸ ਵਿਚ ਨੌਕਰੀ ਕੀਤੀ ਅਤੇ ਪੰਜਾਬ ਵਿਚ ਵੱਖ-ਵੱਖ ਥਾਈਂ ਸੇਵਾ ਨਿਭਾਈ। 2004 ਵਿਚ ਪੰਜਾਬ ਅਤੇ ਹਰਿਆਣਾ ਕੋਰਟ ਵਿਚ ਜੱਜ ਵਜੋਂ ਨਿਯੁਕਤ ਹੋਏ।

ਜਸਟਿਸ ਅਗਰਵਾਲ ਆਜ਼ਾਦੀ ਘੁਲਾਟੀਆਂ ਦੇ ਪਰਿਵਾਰ ਵਿੱਚੋਂ ਹਨ, ਅਤੇ ਸ਼ਾਇਦ ਇਸੇ ਕਾਰਨ ਹੀ ਉਹ ਆਜ਼ਾਦੀ ਦੀ ਲਹਿਰ ਦੇ ਨੌਜਵਾਨ ਇਨਕਲਾਬੀਆਂ ਦੀਆਂ ਦੇਣਾਂ ਸਬੰਧੀ ਅਣਜਾਣੇ ਤੱਥਾਂ ਨੂੰ ਉਜਾਗਰ ਕਰਨ ਦੀ ਇੱਛਾ ਨਾਲ ਲਬਰੇਜ਼ ਹਨ। ਅੰਡੇਮਾਨ ਤੇ ਨਿੱਕੋਬਾਰ ਵਿਚ ਪੋਰਟ ਬਲੇਅਰ ਵਿਚ ਉਨ੍ਹਾਂ ਦੀ ਕਾਨੂੰਨ ਸਕੱਤਰ ਵਜੋਂ ਨਿਯੁਕਤੀ ਉਨ੍ਹਾਂ ਨੂੰ ਇਹ ਸੁਪਨਾ ਸਾਕਾਰ ਕਰਨ ਦੇ ਬਹੁਤ ਨਜ਼ਦੀਕ ਲੈ ਗਈ। ਉਨ੍ਹਾਂ ਦੀਆਂ ਲਿਖੀਆਂ ਕਿਤਾਬਾਂ ਹਨ: *ਹੀਰੋਜ਼ ਆਫ਼ ਸੈਲੂਲਰ ਜੇਲ੍ਹ, ਲਾਅ ਆਨ ਰਿਲੀਜਿਅਸ ਐਂਡ ਚੈਰੀਟੇਬਲ ਐਨਡਾਵਮੈਂਟਸ, ਲਾਅ ਆਨ ਮੇਨਟੀਨੈਂਸ*।

✧✧✧



ਸਾਵਿੱਤਰੀ ਸਾਹਨੀ

ਡਾ. ਪਾਂਡੂਰੰਗ ਅਤੇ ਜੀਆਨ ਖ਼ਾਨਖ਼ੋਜੇ ਦੇ ਘਰ 26 ਜੁਲਾਈ 1938 ਨੂੰ ਮੈਕਸੀਕੋ ਦੇ ਸ਼ਹਿਰ ਗੁਆਡਲਾਜਾਰਾ ਵਿਚ ਪੈਦਾ ਹੋਏ। ਪਾਂਡੂਰੰਗ ਖ਼ਾਨਖ਼ੋਜੇ, ਹਿੰਦੁਸਤਾਨ ਦੀ ਆਜ਼ਾਦੀ ਹਾਸਲ ਕਰਨ ਲਈ ਬਣੀ ਗ਼ਦਰ ਪਾਰਟੀ ਦੇ ਬਾਨੀ ਮੈਂਬਰ, ਪਹਿਲੀ ਆਲਮੀ ਜੰਗ ਦੇ ਅਖ਼ੀਰ 'ਚ ਗ਼ਦਰ ਪਾਰਟੀ ਦੇ ਅਸਫ਼ਲ ਹੋਣ ਤੋਂ ਬਾਦ ਮੈਕਸੀਕੋ ਵਿਚ ਜਾ ਵੱਸੇ ਸਨ। ਅੰਤ 1956 ਨੂੰ ਪਰਿਵਾਰ ਵਾਪਸ ਹਿੰਦੁਸਤਾਨ ਆ ਕੇ ਵੱਸ ਗਿਆ। ਸਾਵਿੱਤਰੀ ਆਪਣੇ ਪਿਤਾ ਵਲੋਂ ਮਰਾਠੀ ਵਿਚ ਲਿਖੇ ਗਏ ਕੁਝ ਟੁਕੜਿਆਂ ਤੋਂ ਐਨੀ ਪ੍ਰਭਾਵਤ ਹੋਈ ਕਿ ਉਸ ਉੱਤੇ ਗ਼ਦਰ ਪਾਰਟੀ ਦੀ ਪੂਰੀ ਕਹਾਣੀ ਜਾਨਣ ਦਾ ਭੂਤ ਸਵਾਰ ਹੋ ਗਿਆ। ਉਸ ਦੇ ਪਿਤਾ ਦਾ ਗ਼ਦਰ ਪਾਰਟੀ ਬਾਰੇ ਇਹ ਵਰਨਣ ਬਾਦ ਵਿਚ ਛਪਿਆ ਵੀ। ਇਸ ਜਿਗਿਆਸਾ ਵੱਸ ਉਹ ਆਪਣੇ ਨਿਸ਼ਾਨੇ 'ਤੇ ਪੁੱਜਣ ਲਈ ਪੂਰੀ ਤਰ੍ਹਾਂ ਜੁਟ ਗਈ ਜੋ ਪੈਂਗੁਇਨ ਪਬਲਿਸ਼ਰਜ਼ ਰਾਹੀਂ *'ਮੈਂ ਕਦੇ ਵੀ ਖ਼ਿਮਾ ਦੀ ਯਾਚਨਾ ਨਹੀਂ ਕਰਾਂਗਾ'* (I Shall Never Ask For Pardon) ਸਿਰਲੇਖ ਹੇਠ ਛਪੀ। ਇਹ ਕਿਤਾਬ ਅਮੇਆ ਪ੍ਰਕਾਸ਼ਨ ਵਲੋਂ ਮਰਾਠੀ ਵਿਚ ਉਲਥਾਈ ਗਈ ਜਿਸ ਦਾ ਸਿਰਲੇਖ ਸੀ *'ਕ੍ਰਾਂਤੀ ਅਨਿਕ ਰਹਿਤ ਕ੍ਰਾਂਤੀ'*। ਉਨ੍ਹਾਂ ਨਾਲ ਇਸ ਪਤੇ ਉੱਤੇ ਸੰਪਰਕ ਕੀਤਾ ਜਾ ਸਕਦਾ ਹੈ : ssavitri@gmail.com

✧✧✧



ਤੇਜਵੰਤ ਸਿੰਘ ਗਿੱਲ

ਦੋ ਦਹਾਕਿਆਂ ਤੋਂ ਵੱਧ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਚ ਅੰਗ੍ਰੇਜ਼ੀ ਦੇ ਪ੍ਰੋਫ਼ੈਸਰ ਰਹੇ। ਸੇਵਾ-ਮੁਕਤੀ ਤੋਂ ਬਾਦ ਉਨ੍ਹਾਂ ਨੂੰ ਇੰਡੀਅਨ ਇੰਸਟੀਟਿਊਟ ਆਫ਼ ਐਡਵਾਂਸ ਸਟੱਡੀ, ਸ਼ਿਮਲਾ ਵਲੋਂ ਫੈਲੋਸ਼ਿਪ ਦਿੱਤੀ ਗਈ ਜਿਥੇ ਉਨ੍ਹਾਂ ਨੇ *'ਅਰਨਸਟ ਟਰੰਪ: ਹਿਜ਼ ਓਰੀਐਂਟਲਿਸਟ ਕਰੀਟੀਕ ਐਂਡ ਟਰਾਂਸਲੇਸ਼ਨ ਆਫ਼ ਦੀ ਆਦਿ ਗ੍ਰੰਥ'* ਦੀ ਰਚਨਾ ਕੀਤੀ। ਉਹ 2001-2003 ਤਕ ਪੰਜਾਬੀ ਤ੍ਰੈ-ਮਾਸਿਕ 'ਅਲੋਚਨਾ' ਦੇ ਸੰਪਾਦਕ ਰਹੇ। ਉਹ ਪੰਜਾਬੀ 'ਦੇਸ਼ ਸੇਵਕ' ਦੇ ਮੁੱਖ ਸੰਪਾਦਕ ਵੀ ਰਹੇ। ਅੱਜ ਕੱਲ੍ਹ ਡਾ. ਗਿੱਲ ਮਿਊਜ਼ ਇੰਡੀਆ ਦੇ ਪੰਜਾਬੀ ਸੰਪਾਦਕ ਹਨ, ਇਹ ਬਹੁਤ ਹੀ ਪ੍ਰਸਿੱਧੀ ਹਾਸਲ ਰਸਾਲਾ ਹੈ। ਉਹ ਪੰਜਾਬੀ ਤੋਂ ਅੰਗਰੇਜ਼ੀ ਅਤੇ ਅੰਗਰੇਜ਼ੀ ਤੋਂ ਪੰਜਾਬੀ ਵਿਚ ਸਾਹਿਤਿਕ ਕਿਰਤਾਂ ਦੇ ਤਰਜਮਿਆਂ ਲਈ ਜਾਣੇ ਜਾਂਦੇ ਹਨ। ਉਨ੍ਹਾਂ ਦੀਆਂ ਆਪਣੀਆਂ ਕਿਰਤਾਂ ਵਿਚ ਦਸ ਪੰਜਾਬੀ ਦੀਆਂ ਅਤੇ ਤਿੰਨ ਅੰਗਰੇਜ਼ੀ ਦੀਆਂ ਕਿਤਾਬਾਂ ਸ਼ਾਮਲ ਹਨ, ਜਿਨ੍ਹਾਂ ਵਿਚ 'ਇਕਲਾਪੇ ਦੇ ਸੌ ਸਾਲ', ਅੰਗਰੇਜ਼ੀ ਤੋਂ ਤਰਜਮਾ, ਵੀ ਸ਼ਾਮਲ ਹੈ। ਇਸ ਦੇ ਨਾਲ ਹੀ ਇਨ੍ਹਾਂ ਵਿਚ ਸੰਤ ਸਿੰਘ ਸੇਖੋਂ ਤੋਂ ਲੈ ਕੇ ਅੰਮ੍ਰਿਤਾਸ਼ੇਰ ਗਿੱਲ, ਮਸ਼ਹੂਰ ਮੁਸੱਵਰ, ਅਤੇ ਸੁਰਜੀਤ ਪਾਤਰ ਤੋਂ ਲੈ ਕੇ ਐਨਤੋਨੀਓ ਗ੍ਰਾਮਸੀ (ਯੂਰਪੀ ਫ਼ਿਲਾਸਫ਼ਰ) ਤਕ ਸ਼ਾਮਲ ਹਨ। ਅੱਜ ਕੱਲ੍ਹ ਉਹ ਛੇ-ਸੈਂਚੀਆਂ ਵਾਲੇ ਅਜੋਕੇ ਪੰਜਾਬੀ ਸਾਹਿਤ ਦਾ ਇਤਿਹਾਸ ਲਿਖਣ ਵਿਚ ਮਸਰੂਫ਼ ਹਨ।

◊◊◊



ਵੇਦ ਪ੍ਰਕਾਸ਼ ਵਟੁਕ

ਉਹ ਸਚਮੁਚ ਹੀ ਬਹੁ-ਸੱਭਿਆਚਾਰਕ ਪੁਨਰ-ਜਾਗਰਤ ਹਸਤੀ ਹਨ। ਵੇਦ ਪ੍ਰਕਾਸ਼ ਵਾਟੁਕ ਸਿਆਸੀ ਤੌਰ 'ਤੇ ਸਮਰਪਿਤ ਕਵੀ ਹਨ ਅਤੇ ਹਿੰਦੀ ਤੇ ਅੰਗਰੇਜ਼ੀ ਦੋ ਜ਼ੁਬਾਨਾਂ ਵਿਚ ਲਿਖਦੇ ਹਨ। ਉਹ ਸੰਸਕ੍ਰਿਤ ਮਾਹਰ, ਭਾਸ਼ਾ ਮਾਹਰ ਅਤੇ ਲੋਕ ਗੀਤਾਂ ਦੇ ਮਾਹਰ ਵੀ ਹਨ; ਨਾਲ ਹੀ ਉਹ ਮਾਨਵ ਵਿਗਿਆਨੀ, ਪ੍ਰੋਫੈਸਰ ਅਤੇ ਹੌਸਲੇ ਵਾਲੇ ਸਮਾਜੀ ਤੇ ਸਿਆਸੀ ਕਾਰਕੁਨ ਵੀ ਹਨ। ਆਜ਼ਾਦੀ ਘੁਲਾਟੀਆਂ ਦੇ ਪਰਿਵਾਰ ਵਿਚ ਪੈਦਾ ਹੋਏ ਉਹ ਅਮਨ, ਨਿਆਂ ਅਤੇ ਬਰਾਬਰੀ ਲਈ ਜੂਝਣ ਵਾਲੇ ਅਣਥੱਕ ਇਨਸਾਨ ਹਨ। ਲੇਖਕ ਅਮਿਤਵ ਕੁਮਾਰ ਨੇ ਉਨ੍ਹਾਂ ਨੂੰ "ਅਮਰੀਕਾ ਵਿਚਲਾ ਬਦੇਸ਼ੀ ਜਿਹੜਾ ਬਾਕੀ ਦੀ ਦੁਨੀਆ ਤਰਫ਼ੋਂ ਹਕੂਮਤ ਦੇ ਵਿਰੁੱਧ ਸੱਚ ਨੂੰ ਬੁਲੰਦ ਕਰਦਾ ਹੈ" ਕਹਿ ਕੇ ਨਿਵਾਜਿਆ ਹੈ। ਡਾ. ਵਾਟੁਕ ਨੇ ਆਗਰਾ, ਲੰਡਨ ਅਤੇ ਹਾਰਵਰਡ ਯੂਨੀਵਰਸਿਟੀ ਵਿਚ ਸਿੱਖਿਆ ਹਾਸਲ ਕੀਤੀ ਅਤੇ ਬਰਕਲੇ ਦੀ ਕੈਲੀਫ਼ੋਰਨੀਆ ਯੂਨੀਵਰਸਿਟੀ ਅਤੇ, ਸ਼ਿਕਾਗੋ ਦੀ ਯੂਨੀਵਰਸਿਟੀ ਸਮੇਤ ਕਈ ਸਾਰੀਆਂ ਅਮਰੀਕੀ ਯੂਨੀਵਰਸਿਟੀਆਂ ਵਿਚ ਪੜ੍ਹਾਇਆ ਹੈ। ਉਹ ਕਵਿਤਾਵਾਂ ਦੇ ਕੋਈ ਤੀਹ ਸੰਗ੍ਰਹਿਾਂ ਦੇ ਰਚੇਤਾ ਹਨ (ਜਿਨ੍ਹਾਂ ਵਿਚ ਤਿੰਨ ਮਸ਼ਹੂਰ ਮਹਾਂ-

ਕਾਵਿ ਹਨ) ਅਤੇ ਨਾਲ ਹੀ ਬਹੁਤ ਸਾਰੇ ਸਿਆਸੀ ਤੇ ਅਕਾਦਮਿਕ ਲੇਖ ਉਨ੍ਹਾਂ ਨੇ ਲੋਕਾਂ ਦੀ ਝੋਲੀ ਪਾਏ ਹਨ। ਉਨ੍ਹਾਂ ਦਾ ਬਹੁਤ ਸਾਰੇ ਸੱਭਿਆਚਾਰਕ ਅਤੇ ਸਾਹਿਤਕ ਅਦਾਰਿਆਂ ਵਲੋਂ ਸਨਮਾਨ ਕੀਤਾ ਗਿਆ ਹੈ ਅਤੇ ਉਹ ਉੱਤਰ ਪ੍ਰਦੇਸ ਹਿੰਦੀ ਸੰਸਥਾਨ ਦੇ ਪਰਵਾਸੀ ਹਿੰਦੁਸਤਾਨੀ *ਸਾਹਿਤਰਿਆ ਭੂਸ਼ਨ* ਸਨਮਾਨ ਹਾਸਲ ਕਰਨ ਵਾਲੇ ਪਹਿਲੇ ਵਿਅਕਤੀ ਹਨ। ਉਨ੍ਹਾਂ ਨੂੰ "ਬਾਹੂਬਲੀ" ਮਹਾਂ-ਕਾਵਿ ਲਈ ਜੈ ਸ਼ੰਕਰ ਪ੍ਰਸਾਦ ਸਨਮਾਨ ਵੀ ਦਿੱਤਾ ਗਿਆ।

[ਨੋਟ: ਸਾਡੇ ਬਾਕੀ ਤਿੰਨ ਲੇਖਕਾਂ, ਬਾਬਾ ਸੋਹਣ ਸਿੰਘ ਭਕਨਾ, ਲਾਲਾ ਹਰਦਿਆਲ ਅਤੇ ਬਾਬਾ ਹਰਨਾਮ ਸਿੰਘ ਟੁੰਡੀਲਾਟ ਬਾਰੇ ਵਿਸਤਾਰਤ ਜਾਣਕਾਰੀ ਹਿੱਸਾ ਨੰਬਰ 2 ਅਤੇ 4 ਵਿਚ ਹਾਸਲ ਹੈ।]

ਹਿੱਸਾ ਪਹਿਲਾ

ਇਤਿਹਾਸਕ ਪ੍ਰਸੰਗ ਅਤੇ ਨਿਰਣੇਕਾਰੀ

ਇਕ ਹੋਰ ਗ਼ਦਰ

-ਮਲਵਿੰਦਰਜੀਤ ਸਿੰਘ ਵੜੈਚ

'ਜੰਗ ਦਾ ਬਿਗਲ' ਵਜਾ ਕੇ ਕੈਨੇਡਾ-ਅਮਰੀਕਾ ਵਿਚ ਵਸਦੇ ਹਜ਼ਾਰਾਂ ਹਿੰਦੁਸਤਾਨੀਆਂ, ਜ਼ਿਆਦਾਤਰ ਸਿੱਖਾਂ, ਵਲੋਂ ਵੀਹਵੀਂ ਸਦੀ ਦੇ ਮੁੱਢਲੇ ਸਾਲਾਂ ਵਿਚ ਗ਼ੁਲਾਮੀ ਦੇ ਵਿਰੁੱਧ 'ਐਲਾਨ-ਏ-ਜੰਗ' ਕਰ ਦਿੱਤਾ ਗਿਆ। ਉਹ ਵਰ੍ਹਿਆਂ ਤੋਂ ਕਮਰਕੱਸੇ ਕੱਸ ਰਹੇ ਸਨ ਅਤੇ ਮਾਰਚ 1913 ਵਿਚ 'ਗ਼ਦਰ ਪਾਰਟੀ' ਬਣਾ ਲਈ ਗਈ ਸੀ, ਨਿਸ਼ਾਨਾ ਸੀ ਕਿਸੇ ਢੁਕਵੇਂ ਮੌਕੇ 'ਤੇ, 1857 ਦੀ ਤਰਜ਼ 'ਤੇ, ਹਿੰਦੁਸਤਾਨ ਵਿਚ ਗ਼ਦਰ ਮਚਾ ਦਿੱਤਾ ਜਾਵੇ।

ਲਓ! ਉਹ ਮੌਕਾ ਆਣ ਪਹੁੰਚਾ ਜਦੋਂ ਇੰਗਲੈਂਡ ਨੇ 4-8-1914 ਨੂੰ ਜਰਮਨੀ ਵਿਰੁੱਧ ਜੰਗ ਦਾ ਐਲਾਨ ਕਰ ਦਿੱਤਾ: ਹੁਣ ਬਰਤਾਨਵੀ ਮਾਲਕਾਂ ਨੂੰ ਢਾਹਿਆ ਜਾ ਸਕਦਾ ਹੈ।

ਗ਼ਦਰ ਪਾਰਟੀ ਦੇ ਹਫ਼ਤਾਵਾਰੀ ਅਖ਼ਬਾਰ 'ਗ਼ਦਰ' ਦੇ 4-8-1914 ਦੇ ਅੰਕ ਵਿਚ ਐਲਾਨ-ਏ-ਜੰਗ ਦਾ ਇਹ ਹੋਕਾ ਦੇ ਕੇ ਜੰਗ ਦਾ ਬਿਗਲ ਵਜਾ ਦਿੱਤਾ ਗਿਆ। ਹਜ਼ਾਰਾਂ ਨੇ ਫੌਰਨ ਹਿੰਦੁਸਤਾਨ ਵੱਲ ਚਾਲੇ ਪਾਉਣ ਦੇ ਸੱਦੇ ਨੂੰ ਹੁੰਗਾਰਾ ਭਰਿਆ ਤਾਂ ਕਿ ਕਰੋ ਅਤੇ ਮਰੋ ਦੇ ਮੁਤਾਬਕ ਜੰਗ ਛੇੜ ਦਿੱਤੀ ਜਾਵੇ। ਡਾਲਰਾਂ ਦੀ ਜਿਸ ਦੌਲਤ ਨੇ ਪਹਿਲਾਂ ਉਨ੍ਹਾਂ ਨੂੰ ਭਰਮਾਇਆ ਸੀ, ਜਿਸ ਨੂੰ ਉਨ੍ਹਾਂ ਨੇ ਆਪਣੀ ਸਖ਼ਤ ਮਿਹਨਤ ਨਾਲ ਇਕੱਠਾ ਕੀਤਾ ਸੀ ਹੁਣ ਮਾਂ-ਧਰਤੀ ਲਈ ਪਿਆਰ ਦੇ ਅਥਾਹ ਜਜ਼ਬੇ ਸਾਹਮਣੇ ਆਪਣਾ ਜਾਦੂ ਗਵਾ ਚੁੱਕੀ ਸੀ। "ਜੰਗ ਦਾ ਐਲਾਨ" ਕਿਸੇ "ਕਾਗਜ਼ੀ ਸ਼ੇਰ" ਦੀ ਕਾਰਸਤਾਨੀ ਨਹੀਂ ਸੀ। ਇਹ ਐਨ ਉਸ ਟ੍ਰਿਬਿਊਨਲ ਦੇ ਲਫ਼ਜ਼ ਹਨ ਜੋ ਅਦਾਲਤ 1915-16 ਵਿਚ "ਲਾਹੌਰ ਸਾਜ਼ਿਸ਼ ਕੇਸ" ਦੇ ਗ਼ਦਰੀਆਂ ਉੱਪਰ ਮੁਕੱਦਮਾ ਚਲਾਉਣ ਲਈ ਜ਼ਬਰਦਸਤ ਅਧਿਕਾਰ ਦੇ ਕੇ ਬਣਾਇਆ ਗਿਆ ਸੀ। ਇਸ ਨੇ ਕਿਹਾ ਕਿ ਲਹਿਰ ਗ਼ਦਰ ਮਚਾਉਣ ਲਈ ਇਕ "ਜ਼ਬਰਦਸਤ ਜਥੇਬੰਦੀ ਵਿਚ ਵਿਕਸਤ ਹੋ ਚੁੱਕੀ ਸੀ ਜਿਸ ਦਾ ਸਿੱਟਾ ਜੰਗ ਦੇ ਸ਼ੁਰੂ ਹੋਣ ਵੇਲੇ ਹਿੰਦੁਸਤਾਨ ਵੱਲ ਚਾਲੇ ਪਾਉਣ ਦੇ ਇਰਾਦੇ ਵਿਚ ਨਿਕਲਿਆ।"[1]

ਨਿਰਾਸ਼ਤਾ ਤੋਂ ਐਲਾਨ-ਏ-ਜੰਗ ਵੱਲ

ਬਦੇਸ਼ਾਂ ਵਿਚ ਰਹਿੰਦਿਆਂ ਅਮਰੀਕੀ ਮਹਾਂਦੀਪ ਵਿਚਲੇ ਹਿੰਦੁਸਤਾਨੀ ਪ੍ਰਵਾਸੀ ਦੁੱਖਾਂ, ਮੁਸੀਬਤਾਂ ਦੇ ਨਾਲ-ਨਾਲ ਜ਼ਲਾਲਤ ਵੀ ਝੱਲਦੇ ਰਹੇ: ਉਨ੍ਹਾਂ ਦੀ ਦੁਬਿਧਾ ਨੂੰ ਪੰਜਾਬੀ ਕਵਿਤਾ ਦੀਆਂ ਇਹ ਸਤਰਾਂ ਬਾਖ਼ੂਬੀ ਪੇਸ਼ ਕਰਦੀਆਂ ਹਨ ਜੋ ਹਰ ਕਿਸੇ ਦੀ ਜ਼ੁਬਾਨ ਉੱਤੇ ਹੁੰਦੀਆਂ

ਸਨ–

"ਦੇਸ ਪੈਣ ਧੱਕੇ, ਬਾਹਰ ਮਿਲੇ ਢੋਈ ਨਾ
ਸਾਡਾ ਪਰਦੇਸੀਆਂ ਦਾ ਦੇਸ ਕੋਈ ਨਾ।"

ਸਵੈ–ਤਰਸ ਦੀ ਇਹ ਮਾਯੂਸੀ ਭਰੀ ਸਿਸਕੀ ਸੱਚੀਓਂ ਹੀ ਕਾਇਆਪਲਟੀ ਜ਼ਰੀਏ 'ਜੰਗ' ਦੇ ਹੋਕੇ ਵਿਚ ਬਦਲ ਗਈ:

"ਚਲੋ ਚਲੀਏ ਦੇਸ ਨੂੰ ਯੁਧ ਕਰਨ
ਇਹੋ ਬਚਨ ਤੇ ਫ਼ਰਮਾਨ ਹੋ ਗਏ"

ਉਸ ਵਕਤ ਜਿਸ ਤਰ੍ਹਾਂ ਦੀ ਸੋਚਣੀ ਉੱਭਰ ਰਹੀ ਸੀ ਉਸ ਨੂੰ 1910 ਦੇ ਦੋ ਵੱਖੋ–ਵੱਖਰੇ ਦਸਤਾਵੇਜ਼ ਆਵਾਜ਼ ਮੁਹੱਈਆ ਕਰਦੇ ਹਨ। ਭਾਵੇਂਕਿ ਅਮਰੀਕਨ ਮਹਾਂਦੀਪ ਵਿਚ ਵਸੇ ਹਿੰਦੁਸਤਾਨੀ ਬਾਸ਼ਿੰਦਿਆਂ ਦੀਆਂ ਸਮੱਸਿਆਵਾਂ ਓਦੋਂ ਤੋਂ ਹੀ ਮੂੰਹਜ਼ੋਰ ਰੂਪ ਵਿਚ ਸ਼ੁਰੂ ਹੋ ਗਈਆਂ ਸਨ ਜਦੋਂ ਉਨ੍ਹਾਂ ਨੇ ਸਦੀ ਦੇ ਮੁੱਢ ਵਿਚ ਉਥੇ ਕਦਮ ਰੱਖਿਆ ਸੀ ਪਰ ਉਨ੍ਹਾਂ ਦੇ ਦੁੱਖ ਹੋਰ ਵੀ ਭਾਰੇ ਹੁੰਦੇ ਜਾ ਰਹੇ ਸਨ ਅਤੇ ਹੁਣ ਇਹ ਮਹਿਸੂਸ ਵੀ ਵਧੇਰੇ ਕੀਤੇ ਜਾਣ ਲੱਗੇ। ਸ਼ਾਇਦ 1908 ਵਿਚ ਕੈਨੇਡਾ ਵਿਚ ਨਵੇਂ ਪ੍ਰਵਾਸੀਆਂ ਦੇ ਵਸੇਬੇ ਉੱਤੇ ਲਾਈ ਰੋਕ, ਜਿਸ ਦੀ ਮਾਰ ਹੇਠ ਪੁਰਾਣੇ ਪ੍ਰਵਾਸੀ ਪਰਿਵਾਰ ਵੀ ਆਉਂਦੇ ਸਨ, ਨੇ ਅਜਿਹੇ ਇਜ਼ਹਾਰਾਂ ਨੂੰ ਜਨਮ ਦਿੱਤਾ ਹੋਵੇ, ਜਿਨ੍ਹਾਂ ਵਿਚ ਵਾਪਰਨ ਵਾਲੀਆਂ ਘਟਨਾਵਾਂ ਦੀ ਪੇਸ਼ੀਨਗੋਈ ਛੁਪੀ ਹੋਈ ਹੋਵੇ।

ਇਨ੍ਹਾਂ ਦੋ ਰਚਨਾਵਾਂ ਵਰਗੇ ਹੋਰ ਇਜ਼ਹਾਰਾਂ ਨੇ ਇਨਕਲਾਬੀ ਕੌਮੀ ਉਠਾਣ ਦਾ ਮੁੱਢ ਬੰਨ੍ਹਣਾ ਸੀ ਜਿਸ ਨੇ ਬਾਅਦ ਵਿਚ ਗ਼ਦਰ ਜਿਹੀ ਹਫ਼ਤਾਵਾਰੀ ਪ੍ਰਕਾਸ਼ਨਾ ਵਿਚ ਸੰਸਥਾਗਤ ਰੂਪ ਅਖ਼ਤਿਆਰ ਕਰ ਲੈਣਾ ਸੀ ਅਤੇ 1913 ਵਿਚ ਗ਼ਦਰ ਪਾਰਟੀ ਦੇ ਬਾਕਾਇਦਾ ਹੋਂਦ ਵਿਚ ਆਉਣ ਨਾਲ ਗ਼ਦਰ–ਦੀ–ਗੂੰਜ ਜਿਹੀ ਕਾਵਿਕ ਲੜੀ ਨੇ ਪੈਦਾ ਹੋਣਾ ਸੀ।

ਅਜਿਹੀਆਂ ਰਚਨਾਵਾਂ ਦੂਹਰੀ ਤਰ੍ਹਾਂ ਨਾਲ ਕੰਮ ਕਰਦੀਆਂ ਸਨ, ਯਾਨੀ, ਜਜ਼ਬਿਆਂ ਦਾ ਇਜ਼ਹਾਰ ਅਤੇ ਨਾਲ ਹੀ ਅਜਿਹੇ ਹੋਰ ਇਜ਼ਹਾਰਾਂ ਦੀ ਲੰਮੀ ਲੜੀ ਨੂੰ ਉਤੇਜਤ ਕਰਨਾ।

(ੳ) ਖ਼ਾਲਸਾ ਕਿਤਾਬਚਾ

ਹਾਈਗੇਟ, ਲੰਡਨ, 17–9–1910

ਵੰਦੇ ਮਾਤਰਮ ਖ਼ਾਲਸਾ

"ਉਹ ਜਿਸ ਦੀ ਰੂਹ ਗ਼ੁਲਾਮੀ ਤੋਂ ਮੁਕਤ ਹੈ। ਜਿਹੜਾ ਅੱਥਰੇ ਘੋੜੇ ਦਾ ਸਵਾਰ ਹੈ, ਅਤੇ ਹੱਕ ਦੇ ਮੈਦਾਨ–ਜੰਗ ਵੱਲ ਧਾਉਂਦਾ ਹੈ। ਕਮਜ਼ੋਰਾਂ ਦੀ ਰਾਖੀ ਕਰਦਾ, ਜਾਬਰਾਂ ਹੱਥੀਂ ਸ਼ਹੀਦ ਹੁੰਦਾ, ਉਹ ਖ਼ਾਲਸਾ ਹੈ। ਸਿਰਫ਼ ਉਹੀ, ਉਹੀ ਸਿਰਫ਼, ਤੇ ਹੋਰ ਕੋਈ ਨਹੀਂ"

–ਗੁਰੂ ਗੋਬਿੰਦ ਸਿੰਘ

"ਫ਼ਰਜ਼ ਦੀ ਦੇਵੀ ਦੀ ਅਮੁੱਕ ਪਿਆਸ", ਉਨ੍ਹਾਂ ਉਚਾਰਿਆ, "ਲਹੂ ਦੀ ਕੁਰਬਾਨੀ ਮੰਗਦੀ ਹੈ। ਕੀ ਤੁਹਾਡੇ ਦਰਮਿਆਨ ਕੋਈ ਐਸਾ ਹੈ ਜਿਹੜਾ ਆਪਣਾ ਦਿਲ ਚੀਰ ਦੇਵੇ ਅਤੇ

ਇਸ ਭੁੱਖੀ ਦੇਵੀ ਅੱਗੇ ਫ਼ੌਰਨ ਆਪਣਾ ਲਹੂ ਭੇਟ ਕਰ ਦੇਵੇ?" ਇਹ ਸੁਣ ਕੇ ਵਿਸ਼ਾਲ ਹੁੰਦੀ ਜਾ ਰਹੀ ਭੀੜ ਵਿਚ ਸੁੰਨਾਟਾ ਛਾ ਗਿਆ!

ਇਹ 1699 ਈਸਵੀ ਦਾ ਸਾਲ ਸੀ, ਅਜਿਹੀਆਂ ਇਤਿਹਾਸਕ ਲਹਿਰਾਂ ਵਿੱਚੋਂ ਇਕ ਜਿਨ੍ਹਾਂ ਨਾਲ ਯੁਗ ਬਣਦਾ ਜਾਂ ਢਹਿੰਦਾ ਹੈ, ਨੇ ਆਨੰਦਪੁਰ ਦੇ ਦ੍ਰਿਸ਼ ਨੂੰ ਘਟਨਾਵਾਂ ਭਰਪੂਰ ਰੌਸ਼ਨੀ ਨਾਲ ਰੁਸ਼ਨਾਅ ਦਿੱਤਾ।

"ਮਹਾਨ ਸੀ ਅਫ਼ਲਾਤੂਨ ਜਦੋਂ ਉਸ ਨੇ ਲਾਸਾਨੀ 'ਰਿਪਬਲਿਕ' ਲਿਖੀ, ਮਹਾਨ ਸੀ ਗਿਊਰਗਸ ਜਦੋਂ ਉਸ ਨੇ ਆਪਣੇ ਫ਼ੌਜੀ ਅਕੀਦੇ ਨੂੰ ਸਪਾਰਟਨ ਰਾਜ ਦੀ ਹਕੀਕਤ ਵਿਚ ਬਦਲ ਦਿੱਤਾ, ਪਰ 'ਇਸ ਮਹਾਨ ਹਿੰਦੁਸਤਾਨੀ, ਗੁਰੂ ਗੋਬਿੰਦ ਸਿੰਘ ਦੇ ਖ਼ਾਲਸੇ' ਦੀ ਰਿਪਬਲਿਕ ਕਿਤੇ ਮਹਾਨ ਹੈ.....ਆਪਣੇ ਫ਼ਲਸਫ਼ਾਨਾ ਅਤੇ ਵਿਹਾਰਕ ਪਹਿਲੂਆਂ ਵਿਚ ਐਨੀ ਖ਼ੂਬਸੂਰਤੀ ਨਾਲ ਇਕਸੁਰ ਕਿ ਮਨੁੱਖ ਜਾਤੀ ਲਈ ਸਨੇਹ ਕਮਜ਼ੋਰ ਨਹੀਂ ਰਹਿੰਦਾ ਅਤੇ ਤਲਵਾਰ ਵਾਂਗ ਤਿੱਖਾ ਹੋ ਜਾਂਦਾ ਹੈ....

"ਅਜਿਹਾ ਸੀ ਮਹਾਨ ਖ਼ਾਲਸੇ ਦਾ ਜਨਮ। ਆਪਣੀ ਸਵੈ-ਜੀਵਨੀ ਵਿਚ ਗੁਰੂ ਗੋਬਿੰਦ ਸਿੰਘ ਖ਼ੁਦ ਸਾਨੂੰ ਦਸਦੇ ਹਨ ਕਿ ਉਨ੍ਹਾਂ ਨੂੰ ਇਸ ਧਰਤੀ ਉੱਤੇ 'ਦੁਸ਼ਟਾਂ ਅਤੇ ਜ਼ਾਲਮਾਂ ਦਾ ਨਾਸ ਕਰਕੇ ਪਰਮਾਤਮਾ ਦੀ ਸ਼ਾਨ ਅਤੇ ਇਨਸਾਨ ਦੀ ਮੁਕਤੀ' ਬਹਾਲ ਕਰਨ ਵਾਸਤੇ ਭੇਜਿਆ ਗਿਆ ਸੀ। ਚਲਾਣੇ ਤੋਂ ਪਹਿਲਾਂ ਉਨ੍ਹਾਂ ਨੂੰ ਪੁੱਛਿਆ ਗਿਆ ਉਨ੍ਹਾਂ ਦਾ ਜਾਨਸ਼ੀਨ ਕੌਣ ਹੋਵੇਗਾ? ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਉਠਾਇਆ ਅਤੇ ਉਸ ਨੂੰ ਗੱਦੀ ਉੱਪਰ ਬਿਰਾਜਮਾਨ ਕਰਦਿਆਂ ਐਲਾਨ ਕੀਤਾ ਕਿ ਕੋਈ ਵੀ ਇਨਸਾਨ ਖ਼ਾਲਸੇ ਦੇ ਆਗੂ ਦੇ ਤੌਰ 'ਤੇ ਜਾਨਸ਼ੀਨ ਨਹੀਂ ਹੋ ਸਕਦਾ, ਪਰ ਖ਼ਾਲਸੇ ਉੱਤੇ ਅਗਵਾਈ ਤੇ ਕਮਾਨ ਅਤੇ ਰਾਜ ਗੁਰੂ ਗ੍ਰੰਥ ਦਾ ਅਤੇ ਸਿਰਫ਼ ਅਸੂਲਾਂ ਦਾ ਹੋਵੇਗਾ।" "ਜਿਥੇ ਕਿਤੇ ਵੀ", ਦੇਹ ਤਿਆਗਦਿਆਂ ਗੁਰੂ ਨੇ ਕਿਹਾ, "ਮੇਰੇ ਪੰਜ ਪਿਆਰੇ ਇਕੱਠੇ ਹੋਣਗੇ, ਓਥੇ ਹੀ ਮੈਂ ਹਾਜ਼ਰ ਹੋਵਾਂਗਾ।"

"ਮੇਰੇ ਪਿਆਰੇ", ਐ ਗੁਰੂ, ਉਹ "ਮੇਰੇ ਪਿਆਰੇ" ਕਿੱਥੇ ਹਨ?

ਤੁਹਾਡੇ ਪਿਆਰੇ ਹੋਣ ਲਈ, ਤੁਹਾਡੇ ਸੱਚੇ ਸਿੱਖ ਹੋਣ ਲਈ ਸ਼ੇਰ ਬਨਣਾ ਜ਼ਰੂਰੀ ਹੈ, ਸਿੰਘ, ਜਿਹੜਾ ਜਬਰ ਅੱਗੇ ਨਾ ਝੁਕੇ, ਜਿਹੜਾ ਉਮਰ ਭਰ ਜੂਝਦਾ ਰਹੇ – ਜਿਹੜਾ ਤਲਵਾਰ ਨੂੰ ਬੁਰਾਈ ਦੀ ਸੇਵਾ ਵਿਚ ਵੇਸਵਾ ਨਾ ਬਣਾ ਦੇਵੇ, ਸਗੋਂ ਚੰਗੇ ਗੁਣਾਂ ਦੇ ਪ੍ਰਚਾਰ ਨਾਲ ਇਸ ਨੂੰ ਹੋਰ ਪਵਿੱਤਰ ਕਰੇ।

"ਜਦੋਂ ਸਾਨੂੰ ਪੰਜ "ਮੇਰੇ ਸਿੱਖ" ਮਿਲ ਗਏ, ਓਦੋਂ ਸਾਡੇ ਗੁਰੂ ਸਾਡੇ ਦਰਮਿਆਨ ਹੋਣਗੇ, ਅਤੇ ਜਦੋਂ ਗੁਰੂ ਗੋਬਿੰਦ ਸਿੰਘ ਜੀ ਸਾਡੇ ਦਰਮਿਆਨ ਹੋਏ, ਸ਼ੁਕਰ ਰੱਬ ਦਾ! ਓਦੋਂ ਸਾਡੇ ਕਸ਼ਟਾਂ, ਅਪਮਾਨ ਅਤੇ ਸਾਡੀ ਨਸਲ ਅਤੇ ਧਰਤੀ ਦੀ ਗਿਰਾਵਟ ਹਮੇਸ਼ਾ ਵਾਸਤੇ ਖ਼ਤਮ ਹੋ ਜਾਵੇਗੀ! ਅਜਿਹੇ ਪੰਜ ਇਨਸਾਨ ਜਿਹੋ ਜਿਹਿਆਂ ਵਿਚ ਉਨ੍ਹਾਂ ਨੇ ਵਿਸਾਖੀ ਦੇ ਪਹਿਲੇ ਦਿਨ ਨਵੀਂ ਰੂਹ ਫੂਕੀ ਸੀ ਸਮੁੱਚੀ ਕੌਮ ਦਾ ਉਦਾਰ ਕਰਨ ਲਈ ਕਾਫ਼ੀ ਹਨ।

ਸਾਰੇ ਜੰਗਲ ਵਿਚ ਕਾਲ, ਜ਼ੁਲਮ ਅਤੇ ਵਿਸਾਹਘਾਤ ਦੇ ਗਿੱਦੜ ਹਵਾਂਕਦੇ ਫਿਰਦੇ

ਹਨ ਤੇ ਜੇਤੂ ਹੋਏ ਘੁੰਮਦੇ ਹਨ – ਸਿੰਘ ਕਿੱਥੇ ਹੈ – ਉਹ ਸ਼ੇਰ ਜਿਹੜਾ ਆਪਣੀ ਗਰਜ ਨਾਲ ਆਪਣੀ ਮਾਂ-ਧਰਤੀ ਦੀ ਵਾਗਡੋਰ ਆਪਣੇ ਹੱਥ ਲਵੇ। ਇਹ ਖ਼ਾਲਸਾ – ਗੁਰੂ ਨੇ ਭਾਰਤ ਮਾਤਾ ਦੇ ਹੱਥ ਵਿਚਲੀ ਤਲਵਾਰ ਦੇ ਤੌਰ 'ਤੇ ਸਾਜਿਆ ਸੀ ਨਾ ਕਿ ਸਿਰਫ਼ ਪੰਜਾਬ ਵਾਸਤੇ। ਮਹਾਨ ਗੁਰੂ ਅਤੇ ਉਸ ਦੇ ਪੁੱਤਰਾਂ ਤੇ ਪੈਰੋਕਾਰਾਂ ਨੇ ਆਪਣਾ ਬੇਥਾਹ ਲਹੂ ਕੁਰਬਾਨ ਕੀਤਾ, ਜ਼ਾਲਮਾਂ ਦਾ ਨਾਸ ਕੀਤਾ ਅਤੇ ਜਰਵਾਣਿਆਂ ਨੂੰ ਪਿਛਾਂਹ ਧੱਕ ਦਿੱਤਾ। ਅੱਜ ਹਿਮਾਲਾ ਤੋਂ ਲੈ ਕੇ ਕੰਨਿਆ ਕੁਮਾਰੀ ਤਕ ਭਾਰਤ ਮਾਂ ਦੀ ਸਮੁੱਚੀ ਦੇਹ ਮਰ ਰਹੀ ਹੈ, ਉਸ ਦਾ ਲਹੂ ਨਿਚੋੜਿਆ ਜਾ ਰਿਹਾ ਹੈ – ਪੰਜਾਬ ਦਾ ਹਰ ਪੱਥਰ ਕਿਸੇ ਨਾ ਕਿਸੇ ਸਿੱਖ ਸ਼ਹਾਦਤ ਦੀ ਗਵਾਹੀ ਦਿੰਦਾ ਹੈ; ਬੰਗਾਲ ਵਿਚ ਗੁਰੂ ਤੇਗ ਬਹਾਦਰ ਅਤੇ ਗੁਰੂ ਨਾਨਕ ਰਹਿੰਦੇ ਰਹੇ ਤੇ ਪ੍ਰਚਾਰ ਕਰਦੇ ਰਹੇ; ਦੱਖਣ ਵਿਚ ਗੋਦਾਵਰੀ ਵਿਚ ਸੂਰਬੀਰ ਸ਼ਹੀਦਾਂ ਦੀਆਂ ਅਸਥੀਆਂ ਸਮੋਈਆਂ ਹੋਈਆਂ ਹਨ, ਸਾਰੇ ਹੀ ਮੌਤ ਦੀ ਵਥਾ ਅਧੀਨ ਕਰਾਹ ਰਹੇ ਹਨ।

ਪਟਨਾ – ਗੁਰੂ ਦਾ ਜਨਮ ਸਥਾਨ ਰੋਂਦੇ-ਕੁਰਲਾਉਂਦੇ ਗ਼ੁਲਾਮ ਜਿਹਾ ਹੈ ਅਤੇ ਆਨੰਦਪੁਰ – ਆਨੰਦ ਦਾ ਸ਼ਹਿਰ ਵਿਸ਼ਵਾਸਘਾਤ ਅਤੇ ਸ਼ਰਮ ਦੇ ਢੇਰ ਹੇਠ ਦਫ਼ਨ ਹੈ। ਗੁਰੂ ਨੇ ਬ੍ਰਾਹਮਣਾਂ ਨੂੰ ਕਿਹਾ ਕਿ ਅਰਦਾਸ ਤੋਤੇ ਵਾਂਗ ਰਟਣਾ ਧਰਮ ਨਹੀਂ, ਸਗੋਂ ਅਰਦਾਸ ਨੂੰ ਅਮਲੀ ਜਾਮਾ ਪਹਿਨਾਉਣਾ ਧਰਮ ਹੈ। ਕੀ ਉਹ ਸਾਡੇ ਉੱਤੇ ਉਹੀ ਨੇਜ਼ਾ ਨਹੀਂ ਚਲਾਵੇਗਾ ਜਦੋਂ ਉਹ ਸਾਨੂੰ ਤੋਤਿਆਂ ਵਾਂਗ ਅਰਦਾਸ ਦਾ ਰਟਣ ਕਰਦੇ ਦੇਖੇਗਾ – ਉਹ ਅਸਾਂ ਤੀਹ ਕਰੋੜ ਦੇ ਕੀਰਨਿਆਂ ਤੇ ਰੋਣ ਕੁਰਲਾਉਣ ਦੀ ਪਰਵਾਹ ਕਿਓਂ ਕਰੇਗਾ – ਜਿਵੇਂ ਕਿ ਉਹ ਸੰਗੀਤ ਹੋਵੇ ਅਤੇ ਅਸੀਂ ਆਪਣੇ 'ਜਪੁਜੀ' ਅਤੇ 'ਸ਼ਬਦਾਂ' ਵਿਚ ਗੁੰਮ ਹੋ ਗਏ ਹੋਈਏ। ਜਿਹੜੀ ਤਲਵਾਰ ਉਸਨੇ ਧਰਮ ਤੇ ਵਤਨ ਦੀ ਰਾਖੀ ਵਾਸਤੇ ਦਿੱਤੀ ਕੀ ਉਸੇ ਹੀ ਤਲਵਾਰ ਨਾਲ ਅਸੀਂ ਦਗ਼ਾ ਨਹੀਂ ਕੀਤਾ?

ਸਿੱਖ ਨੂੰ ਮਾਂ-ਧਰਤੀ ਵਲੋਂ ਦੇਸ਼ਭਗਤ ਕਹਿ ਕੇ ਸਰਾਹਿਆ ਗਿਆ ਅਤੇ ਬਾਹਰਲੀ ਦੁਨੀਆ ਨੇ ਉਸ ਨੂੰ ਨਾਇਕ ਦਾ ਰੁਤਬਾ ਦਿੱਤਾ। ਲਾਹਣਤ ਹੈ: ਹੁਣ ਸਿੱਖ ਨੂੰ ਘਰ ਵਿਚ ਖੇਤ ਵਾਹੁਣ ਵਾਲਾ ਕਿਹਾ ਜਾਂਦਾ ਹੈ; ਜਿਵੇਂ ਸ਼ਾਂਤ ਮਹਾਂਸਾਗਰ ਅਤੇ ਅੰਧਮਹਾਂਸਾਗਰ ਦੇ ਕੰਢਿਆਂ ਉੱਤੇ ਕਿਸੇ ਨੂੰ ਮਜ਼ਦੂਰ ਜਾਂ ਕੁਲੀ ਕਿਹਾ ਜਾਂਦਾ ਹੈ। ਇਸ ਲਈ ਖ਼ਾਲਸਾ ਜੀ ਜਾਗੋ, ਉੱਠੋ। ਖ਼ਾਲਸਾ ਜੀ, ਫੇਰ ਅਸੀਂ ਕਦੇ ਨਹੀਂ ਢਹਾਂਗੇ। ਭਾਰਤ ਮਾਤਾ ਨੂੰ ਮਲੇਛ ਫ਼ਿਰੰਗੀਆਂ ਤੋਂ ਮੁਕਤ ਕਰਾਓ, ਸਤਿ ਸ੍ਰੀ ਅਕਾਲ।[2]

(ਅ) ਹਿੰਦੁਸਤਾਨੀ ਐਸੋਸੀਏਸ਼ਨ ਵੈਨਕੂਵਰ (ਕੈਨੇਡਾ) ਦੇ ਨੇਮ ਅਤੇ ਵਿਧਾਨ

(ਸੁੰਦਰ ਸਿੰਘ ਸਕੱਤਰ ਦੇ ਦਸਤਖ਼ਤਾਂ ਹੇਠ 23-10-1910 ਨੂੰ ਜਾਰੀ)

(ਇਸ ਦਸਤਾਵੇਜ਼ ਵਿਚ ਹਿੰਦੁਸਤਾਨੀ ਐਸੋਸੀਏਸ਼ਨ ਦਾ ਜੋ ਨਾਮ ਅਤੇ ਚੌਖਟਾ ਪੇਸ਼ ਕੀਤੇ ਗਏ ਹਨ ਉਹ "ਗ਼ਦਰ ਪਾਰਟੀ" ਦੀ ਮੂਲ ਵਸਤੂ ਹੈ ਜਿਸ ਨੂੰ ਬਾਅਦ ਵਿਚ ਮਾਰਚ 1913 ਵਿਚ ਪੋਰਟ ਲੈਂਡ, ਯੂ.ਐੱਸ.ਏ. ਵਿਚ "ਹਿੰਦੀ ਐਸੋਸੀਏਸ਼ਨ ਆਫ਼ ਪੈਸੀਫ਼ਿਕ ਕੋਸਟ" ਦਾ ਨਾਮ ਦਿੱਤਾ ਗਿਆ।)

ਨਾਮ

ਇਸ ਐਸੋਸੀਏਸ਼ਨ ਦਾ ਨਾਮ ਹਿੰਦੁਸਤਾਨੀ ਐਸੋਸੀਏਸ਼ਨ ਹੋਵੇਗਾ।

ਮਨੋਰਥ

ਦੁਨੀਆ ਦੀਆਂ ਬਾਕੀ ਦੀਆਂ ਕੌਮਾਂ ਨਾਲ ਰਿਸ਼ਤੇ ਵਿਚ ਹਿੰਦੁਸਤਾਨੀ ਕੌਮ ਦੀ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਨੂੰ ਸਥਾਪਤ ਕਰਨਾ।

ਮੈਂਬਰ

ਇਸ ਐਸੋਸੀਏਸ਼ਨ ਦਾ ਮੈਂਬਰ ਬਨਣਾ ਹਰ ਹਿੰਦੁਸਤਾਨੀ ਦਾ ਜਨਮ-ਸਿੱਧ ਅਧਿਕਾਰ ਹੈ, ਅਤੇ ਉਸ ਉੱਤੇ ਹੇਠ ਲਿਖੀਆਂ ਸ਼ਰਤਾਂ ਲਾਗੂ ਹੋਣਗੀਆਂ:

(1) ਉਸ ਨੂੰ ਇਕ ਅਰਜ਼ੀ ਲਿਖ ਕੇ ਦੇਣੀ ਹੋਵੇਗੀ ਕਿ ਉਹ ਆਪਣੀ ਯੋਗਤਾ ਦੀ ਪੂਰੀ ਵਰਤੋਂ ਕਰਦੇ ਹੋਏ ਐਸੋਸੀਏਸ਼ਨ ਦੇ ਮੰਤਵਾਂ ਦੀ ਪੂਰਤੀ ਕਰੇਗਾ।

(2) ਕਿ ਉਹ ਜਾਤਾਂ, ਰੰਗ ਅਤੇ ਫਿਰਕੇ ਦੇ ਤੁਅੱਸਬਾਂ ਤੋਂ ਮੁਕਤ ਹੋਵੇਗਾ।

ਪ੍ਰਬੰਧਕੀ ਕਮੇਟੀ ਅਤੇ ਅਹੁਦੇਦਾਰ

ਪ੍ਰਬੰਧਕੀ ਕਮੇਟੀ ਆਮ ਸਭਾ ਵਿਚ ਵੋਟ ਪਰਚੀ ਨਾਲ ਜਾਂ ਸਿੱਧੇ ਰੂਪ ਵਿਚ ਚੁਣੀ ਜਾਵੇਗੀ। ਕਮੇਟੀ ਆਪਣੇ ਵਿੱਚੋਂ ਫਿਰ ਦੂਸਰੇ ਅਹੁਦੇਦਾਰ ਚੁਣੇਗੀ।

ਮੀਟਿੰਗਾਂ

ਐਸੋਸੀਏਸ਼ਨ ਦੇ ਮੰਤਵਾਂ ਨੂੰ ਵਿਚਾਰਨ ਅਤੇ ਅਗਾਂਹ ਵਧਾਉਣ ਲਈ ਹਰ ਹਫ਼ਤੇ ਮੀਟਿੰਗ ਕੀਤੀ ਜਾਵੇਗੀ।[3]

ਇਹ ਗ਼ੌਰਤਲਬ ਹੈ ਕਿ ਹਿੰਦੁਸਤਾਨੀ ਐਸੋਸੀਏਸ਼ਨ – ਬਾਅਦ ਵਿਚ ਹਿੰਦੀ ਐਸੋਸੀਏਸ਼ਨ – ਦੇ ਭੋਲੇਭਾਲੇ ਜਾਪਦੇ ਨਾਂ ਤਹਿਤ ਇਕ ਇਨਕਲਾਬੀ ਸਭਾ ਛੇਤੀ ਹੀ ਬਣਨ ਵਾਲੀ ਸੀ।

ਅਤੇ ਫਿਰ ਮੈਂਬਰਸ਼ਿਪ ਦੀਆਂ ਸ਼ਰਤਾਂ ਅਤੇ ਫ਼ਰਜ਼ ਜਾਤ, ਰੰਗ ਅਤੇ ਫਿਰਕੇ ਦੀਆਂ ਹੱਦਾਂ ਤੋਂ ਪਾਰ ਜਾਂਦੇ ਹੋਏ ਇਕ ਸੱਚੀ ਕੌਮੀ ਪਛਾਣ ਉਘਾੜਦੇ ਹਨ।

ਮੁੱਕਦੀ ਗੱਲ, ਜਥੇਬੰਦੀ ਸੱਚੀਓਂ ਹੀ ਜਮਹੂਰੀ ਸੀ ਜਿਸ ਵਿਚ ਸਾਰੀ ਸ਼ਕਤੀ ਅਤੇ ਇਖ਼ਤਿਆਰ ਹੇਠਾਂ ਤੋਂ ਉੱਪਰ ਵੱਲ ਤੁਰਦੇ ਸਨ।

ਮੰਥਨ ਦ੍ਰਿਸ਼

ਯੂ.ਐੱਸ.ਏ. ਅਤੇ ਕੈਨੇਡਾ ਦੋਵੇਂ ਹੀ ਅਜਿਹੀ ਵਿਸ਼ਾਲ ਧਰਤੀ ਦੇ ਮਾਲਕ ਹਨ, ਖ਼ਾਸ ਕਰਕੇ ਦੂਸਰਾ, ਜੋ ਜ਼ਿਆਦਾਤਰ ਵੱਸਣ ਦੇ ਕਾਬਲ ਨਹੀਂ ਹੈ। ਬਾਕੀ ਦੇ ਹਿੱਸੇ ਵਿਚ, ਦੋਵਾਂ ਮੁਲਕਾਂ ਦੇ ਪਸਾਰ ਵਿਚ ਉਦਯੋਗਕ ਕੇਂਦਰ ਫੈਲੇ ਹੋਏ ਹਨ। ਜਿੱਥੋਂ ਤਕ ਉਦਯੋਗ ਦਾ ਸਵਾਲ

ਹੈ, ਹਿੰਦੁਸਤਾਨੀ ਪ੍ਰਵਾਸੀ, ਜਿਨ੍ਹਾਂ ਦਾ ਪਿਛੋਕੜ ਜ਼ਿਆਦਾਤਰ ਪੇਂਡੂ ਤੇ ਅਨਪੜ੍ਹ ਹੋਣ ਕਾਰਨ ਅਤੇ ਉਨ੍ਹਾਂ ਵਿਚ ਵਾਹਵਾ ਹਿੱਸਾ ਅਣਜਾਣ ਥਾਵਾਂ ਤੇ ਮੁਲਕਾਂ ਵਿਚ ਘੁੰਮ ਚੁੱਕੇ ਸਾਬਕਾ ਫ਼ੌਜੀਆਂ ਦਾ ਹੋਣ ਕਾਰਨ ਉਦਯੋਗ ਪ੍ਰਤੀ ਕੁਦਰਤੀ ਹੀ ਬਹੁਤੀ ਦਿਲਚਸਪੀ ਨਹੀਂ ਸੀ ਰੱਖਦੇ।

ਉਨ੍ਹਾਂ ਦਾ ਕੁਦਰਤੀ ਝੁਕਾਅ ਪਹਿਲ-ਪ੍ਰਿਥਮੇ ਉਨ੍ਹਾਂ ਥਾਵਾਂ ਉੱਤੇ ਜਾਣ ਦਾ ਸੀ ਜਿਨ੍ਹਾਂ ਦਾ ਪੌਣਪਾਣੀ ਸੁਖਾਵਾਂ ਸੀ: ਹਕੀਕਤ ਇਹ ਹੈ ਕਿ ਉਹ ਤਕਰੀਬਨ ਸਾਰੇ ਹੀ ਪੂਰਬੀ ਏਸ਼ੀਆ ਵਿੱਚੋਂ ਦੀ ਸਫ਼ਰ ਕਰਦੇ, ਪ੍ਰਸ਼ਾਂਤ ਮਹਾਂਸਾਗਰ ਲੰਘਦੇ ਹੋਏ ਅਮਰੀਕੀ ਮਹਾਂਦੀਪ ਦੇ ਪੱਛਮੀ ਕੰਢੇ ਉੱਤੇ ਉਤਾਰਾ ਕਰਦੇ।

ਸ਼ੁਰੂ ਸ਼ੁਰੂ ਵਿਚ ਲਗਭਗ ਸਾਰੇ ਹੀ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ ਜਾਂਦੇ ਕਿਉਂਕਿ ਇਹ ਬਰਤਾਨਵੀ ਸਲਤਨਤ ਨਾਲ ਸਬੰਧਤ ਸੀ ਜੋ ਬਰਤਾਨਵੀ ਸਾਮਰਾਜਵਾਦ ਦਾ ਡੁਮੀਨੀਅਨ ਸੀ। ਪਰ ਤਕਰੀਬਨ 1908 ਦੇ ਨੇੜੇ-ਤੇੜੇ ਤੋਂ ਬਾਅਦ ਰੁਝਾਨ ਅਮਰੀਕਾ ਵੱਲ ਨੂੰ ਹੋ ਗਿਆ ਜਿਸ ਦਾ ਦੋਵੇਂ ਚੀਜ਼ਾਂ ਕਾਰਨ ਬਣੀਆਂ। ਪਹਿਲੀ ਸੀ ਉਹ ਰੋਕਾਂ ਜਿਨ੍ਹਾਂ ਦਾ ਜ਼ਿਕਰ ਉੱਪਰ ਕੀਤਾ ਗਿਆ ਹੈ ਅਤੇ ਦੂਜੀ ਸੀ ਹੇਠਾਂ ਦੱਖਣ ਵੱਲ ਤਨਖ਼ਾਹਾਂ ਮੁਕਾਬਲਤਨ ਜ਼ਿਆਦਾ ਸਨ। ਅਮਰੀਕਾ ਵਿਚ ਵੀ ਉਹ ਪੱਛਮੀ ਕੰਢੇ ਵੱਲ ਜਾਣ ਨੂੰ ਤਰਜੀਹ ਦਿੰਦੇ, ਜਾਂ ਪੈਸੀਫ਼ਿਕ ਕੰਢੇ ਪਹੁੰਚਦੇ ਕਿਉਂਕਿ ਉੱਥੇ ਮੌਸਮ ਸੁਖਾਵਾਂ ਸੀ। ਸੋ ਕੈਲੀਫ਼ੋਰਨੀਆ ਸੂਬੇ ਵਿਚ ਸਾਨ ਫਰਾਂਸਿਸਕੋ ਦੇ ਦੁਆਲੇ ਦਾ ਇਲਾਕਾ ਅਤੇ ਨਾਲ ਦੇ ਸੂਬਿਆਂ ਓਰੇਗਾਨ ਅਤੇ ਵਾਸ਼ਿੰਗਟਨ ਵਿਚ ਸੇਂਟ ਜੌਹਨ, ਪੋਰਟਲੈਂਡ, ਸਿਆਟਲ, ਅਸਟੋਰੀਆ ਦੇ ਸ਼ਹਿਰੀ ਕੇਂਦਰ ਹਿੰਦੁਸਤਾਨੀਆਂ ਵਲੋਂ ਪਸੰਦ ਕੀਤੇ ਜਾਂਦੇ ਅਤੇ ਉਥੇ ਉਨ੍ਹਾਂ ਦੀਆਂ ਸੰਘਣੀਆਂ ਆਬਾਦੀਆਂ ਮਸ਼ਹੂਰ ਸਨ।

ਪਿਛੋਕੜ ਵਜੋਂ ਉਨ੍ਹਾਂ ਦਾ 80% ਹਿੱਸਾ ਲਾਹੌਰ, ਅੰਮ੍ਰਿਤਸਰ ਅਤੇ ਲੁਧਿਆਣਾ, ਜਲੰਧਰ, ਫ਼ਿਰੋਜ਼ਪੁਰ ਜ਼ਿਲ੍ਹਿਆਂ ਦੇ ਸਿੱਖਾਂ ਦਾ ਸੀ ਜਿਸ ਨੂੰ 1947 ਤਕ ਓਦੋਂ ਕੇਂਦਰੀ ਪੰਜਾਬ ਮੰਨਿਆ ਜਾਂਦਾ ਸੀ। ਉਨ੍ਹਾਂ ਨੂੰ ਖੇਤ ਮਜ਼ਦੂਰਾਂ ਵਜੋਂ ਕੰਮ ਦਿੱਤਾ ਜਾਂਦਾ, ਰੇਲਵੇ ਲਾਈਨਾਂ ਵਿਛਾਉਣ ਉੱਤੇ ਲਾਇਆ ਜਾਂਦਾ, ਆਰਿਆਂ ਉੱਤੇ ਰੋਜ਼ਗਾਰ ਮਿਲਦਾ ਅਤੇ ਜੰਗਲੀ ਇਲਾਕਿਆਂ ਨੂੰ ਸਾਫ਼ ਕਰਨ ਲਈ ਰੱਖਿਆ ਜਾਂਦਾ। ਇਸੇ ਦੌਰਾਨ, ਜਿਹੜੇ ਹਿੰਦੁਸਤਾਨੀ ਵਿਦਿਆਰਥੀ ਇੰਗਲੈਂਡ ਵਿਚ ਪੜ੍ਹਨ ਦੇ ਉੱਚੇ ਖ਼ਰਚਿਆਂ ਨੂੰ ਝੱਲ ਨਾ ਸਕਦੇ ਉਹ ਅਮਰੀਕਾ ਵੱਲ ਖਿੱਚੇ ਗਏ ਜੋ ਕਿ ਹੋਰ ਗੱਲਾਂ ਦੇ ਨਾਲ-ਨਾਲ ਉਨ੍ਹਾਂ ਦੇ ਖ਼ਰਚਿਆਂ ਦੀ ਪੂਰਤੀ ਲਈ ਥੋੜ੍ਹੇ ਦਿਨ ਦੇ ਜਾਂ ਰੁੱਤ ਅਨੁਸਾਰ ਕੰਮ ਕਰਨ ਦੀ ਇਜਾਜ਼ਤ ਦਿੰਦਾ ਸੀ। ਇਨ੍ਹਾਂ ਵਿੱਚੋਂ ਦੋ ਦਾ ਵਿਸ਼ੇਸ਼ ਜ਼ਿਕਰ ਜ਼ਰੂਰੀ ਹੈ, ਪਹਿਲਾ ਲੁਧਿਆਣੇ ਦੇ ਪਿੰਡ ਸਰਾਭਾ ਦਾ ਕਰਤਾਰ ਸਿੰਘ ਤੇ ਦੂਜਾ ਪੁਣੇ ਦਾ ਵਿਸ਼ਨੂੰ ਗਣੇਸ਼ ਪਿੰਗਲੇ, ਦੋਵਾਂ ਨੇ ਆਜ਼ਾਦੀ ਸੰਗਰਾਮ ਦੀ ਬੀਰ ਗਾਥਾ ਵਿਚ ਤਾਰਿਆਂ ਜਿਹੀ ਭੂਮਿਕਾ ਨਿਭਾਈ ਅਤੇ ਆਜ਼ਾਦੀ ਦੀ ਵੇਦੀ ਉੱਪਰ 16 ਨਵੰਬਰ 1915 ਨੂੰ ਲਾਹੌਰ ਦੀ ਕੇਂਦਰੀ ਜੇਲ੍ਹ ਵਿਚ ਕੁਰਬਾਨ ਹੋ ਗਏ। ਲਹਿਰ ਬਾਰੇ ਮੁੱਢਲੀ ਪ੍ਰਕਾਸ਼ਨਾ ਦੇ ਲੇਖਕ ਪ੍ਰੋਫੈਸਰ ਜਗਜੀਤ ਸਿੰਘ ਮੁਤਾਬਕ "ਪੈਸੀਫ਼ਿਕ ਕੋਸਟ ਖ਼ਾਲਸਾ ਦੀਵਾਨ ਸੋਸਾਇਟੀ ਦੀ ਸਥਾਪਨਾ (ਸੰਤ) ਬਾਬਾ ਵਿਸਾਖਾ ਸਿੰਘ (ਪਿੰਡ ਦਦੇਹਰ, ਅੰਮ੍ਰਿਤਸਰ) ਅਤੇ ਬਾਬਾ ਜਵਾਲਾ ਸਿੰਘ (ਪਿੰਡ ਠੱਠੀਆਂ, ਅੰਮ੍ਰਿਤਸਰ) ਦੇ

ਉੱਦਮ ਨਾਲ ਸਟਾਕਟਨ ਵਿਚਲੇ ਉਨ੍ਹਾਂ ਦੇ ਵਿਸ਼ਾਲ ਆਲੂ ਫਾਰਮ ਵਿਚ ਕੀਤੀ ਗਈ; ਉਨ੍ਹਾਂ ਨੂੰ "ਆਲੂਆਂ ਦੇ ਬਾਦਸ਼ਾਹ" ਵਜੋਂ ਵੀ ਜਾਣਿਆ ਜਾਂਦਾ ਸੀ। ਇਹ ਗੁਰਦੁਆਰੇ ਸਿੱਖਾਂ ਦੇ ਧਾਰਮਿਕ ਕੇਂਦਰ ਹੋਣ ਤੋਂ ਇਲਾਵਾ, ਅਮਰੀਕਾ ਗਏ ਹਿੰਦੀਆਂ ਦੀ ਪਹਿਲੋਂ ਭਾਈਚਾਰਕ ਅਤੇ ਪਿੱਛੋਂ ਰਾਜਸੀ ਜਾਗਰਤੀ ਦੇ ਕੇਂਦਰ ਬਣੇ।"[4] ਵਿਦਿਆਰਥੀਆਂ ਅਤੇ ਆਮ ਹਿੰਦੁਸਤਾਨੀ ਪ੍ਰਵਾਸੀਆਂ ਦਰਮਿਆਨ ਸਮਾਜੀ ਨੇੜਤਾ ਲਹਿਰ ਨੂੰ ਜੋੜਨ ਦਾ ਇਕ ਕਾਰਕ ਬਣ ਕੇ ਉੱਭਰੀ।

ਇਸ ਲਹਿਰ ਵਿਚ ਜਲਾਵਤਨ ਹੋਏ ਬਾਗ਼ੀ ਬੁੱਧੀਜੀਵੀਆਂ ਨੇ ਕਾਫ਼ੀ ਅਹਿਮ ਭੂਮਿਕਾ ਨਿਭਾਈ, ਜਿਨ੍ਹਾਂ ਵਿਚ ਸਭ ਤੋਂ ਸਿਰਕੱਢ ਸਨ ਲਾਲਾ ਹਰਦਿਆਲ, ਜੋ ਪਾਰਟੀ ਦਾ ਬਾਨੀ ਸਕੱਤਰ ਬਣਿਆ, ਪ੍ਰੋਫੈਸਰ ਤੇਜਾ ਸਿੰਘ (ਬਾਅਦ ਵਿਚ ਸੰਤ ਤੇਜਾ ਸਿੰਘ ਮਸਤੂਆਣਾ ਨਾਂ ਨਾਲ ਮਸ਼ਹੂਰ ਹੋਏ), ਭਾਈ ਪਰਮਾਨੰਦ ਲਾਹੌਰ, ਸ੍ਰੀ ਤਾਰਕ ਨਾਥ ਦਾਸ ਬੰਗਾਲ ਤੋਂ ਅਤੇ ਸਿਆਮਜੀ ਕ੍ਰਿਸ਼ਨ ਵਰਮਾ। ਇਹ ਦਿਮਾਗ, ਤਾਕਤ ਅਤੇ ਜਵਾਨੀ ਦਾ ਕਾਲ ਨਾਲ ਸੰਗਮ ਸੀ, ਇਹ ਵੱਖੋ-ਵੱਖਰੇ ਸਮਾਜੀ ਹਿੱਸਿਆਂ ਦਾ ਸੰਸਲੇਸ਼ਣ ਸੀ ਜਿਹੜਾ ਰੰਗਾਂ ਦੇ ਕਿਸੇ ਸਿਲਸਿਲੇ ਵਿਚ ਇਕ ਰੂਪ ਹੋਇਆ ਘੱਟ ਹੀ ਨਜ਼ਰ ਆਉਂਦਾ ਹੈ।

ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ (ਭਕਨਾ, ਅੰਮ੍ਰਿਤਸਰ) ਨੇ ਪਿੰਡ ਵਿਚਲੀ ਆਪਣੀ ਰਿਹਾਇਸ਼ ਨਾਲ ਲਗਦੀ ਗ਼ਦਰ ਪਾਰਟੀ ਦੀ ਯਾਦਗਾਰੀ ਸਿਲ ਉੱਤੇ ਇਹ ਬਹੁਤ ਹੀ ਸੱਚੇ ਸ਼ਬਦ ਉਕਰਵਾਏ ਹਨ:-

"ਦੇਸ਼ ਨੂੰ ਪੂਰਨ ਅਜ਼ਾਦੀ ਤੇ ਬਰਾਬਰੀ ਦਾ ਰਾਹ ਵਿਖਾਉਣ ਵਾਲੀ ਪਹਿਲੀ ਪਾਰਟੀ ਕਿਹੜੀ ਹੈ? ਗ਼ਦਰ ਪਾਰਟੀ। ਜਿਹੜੀ ਮਾਰਚ 1914 ਨੂੰ, (ਮਤਾ 1913 ਨੂੰ ਹੋਇਆ) ਹਿੰਦੀ ਮਿਹਨਤਕਸ਼ਾਂ, ਹਿੰਦੀ ਜਲਾਵਤਨ ਦੇਸ਼ ਭਗਤਾਂ ਤੇ ਹਿੰਦੀ ਵਿਦਿਆਰਥੀਆਂ ਦੀ ਮਿਲਵੀਂ ਕੋਸ਼ਸ਼ ਦੇ ਸਿੱਟੇ ਵਜੋਂ ਹੋਂਦ ਵਿਚ ਆਈ।"[5]

ਪੜ੍ਹੇਲਿਖੇ ਹਿੱਸੇ ਅੰਦਰ ਪਾਈ ਜਾਂਦੀ ਡੂੰਘੀ ਮਿੱਥ ਦੇ ਉਲਟ, ਇਹ ਇਕਮੁੱਠ ਲਹਿਰ ਅਰਾਮ ਕੁਰਸੀਆਂ ਉੱਤੇ ਬੈਠੇ ਕੁਝ ਨਕਲੀ ਗਰਮਖ਼ਿਆਲੀਆਂ ਦੇ ਦਿਮਾਗਾਂ ਦੀ ਕਾਢ ਨਹੀਂ ਸੀ, ਸਗੋਂ ਸੂਖ਼ਮ ਅਤੇ ਵਿਸ਼ਾਲ ਦੋਵਾਂ ਪੱਧਰਾਂ ਉੱਤੇ, ਆਪਸੀ ਜਨਤਕ ਮੇਲਜੋਲ ਦਾ ਵਿਆਪਕ ਤੇ ਖੁੱਲ੍ਹਾ ਇਜ਼ਹਾਰ ਸੀ।

ਜਨਤਕ ਇਕੱਠਾਂ ਦੀ ਆਬਸ਼ਾਰ

ਕੈਲੀਫੋਰਨੀਆ ਤੇ ਓਰੇਗਾਨ, ਜਿਹੜੇ ਸੂਬਿਆਂ ਵਿਚ ਹਿੰਦੁਸਤਾਨੀ ਪ੍ਰਵਾਸੀ ਵੱਡੀ ਤਾਦਾਦ ਵਿਚ ਰਹਿੰਦੇ ਸਨ, ਉੱਪਰ ਬਗ਼ਾਵਤ ਦੀਆਂ ਲਾਟਾਂ ਹੌਲੀ-ਹੌਲੀ ਫੈਲਣ ਲੱਗ ਪਈਆਂ। 1912 ਦੇ ਅੰਤ ਜਾਂ 1913 ਦੇ ਸ਼ੁਰੂ ਵਿਚ ਅਸਟੋਰੀਆ (ਓਰੇਗਾਨ) ਵਿਚ ਇਕ ਹਿੰਦੁਸਤਾਨੀ ਐਸੋਸੀਏਸ਼ਨ ਬਣਾਏ ਜਾਣ ਨਾਲ ਇਸ ਨੂੰ ਪਹਿਲੇ ਫ਼ਲ ਪੈਣ ਲੱਗੇ: ਇਸ ਮੀਟਿੰਗ ਵਿਚ ਮੁਣਸ਼ੀ ਰਾਮ, ਕਰੀਬ ਬਖ਼ਸ਼, ਨਵਾਬ ਖ਼ਾਨ, ਕੇਸਰ ਸਿੰਘ ਠੱਠਗੜ੍ਹ, ਬੰਤਾ ਸਿੰਘ ਸੰਘਵਾਲ ਅਤੇ ਕਰਤਾਰ ਸਿੰਘ ਸਰਾਭਾ ਨੇ ਤਕਰੀਰਾਂ ਕੀਤੀਆਂ। ਕੇਸਰ ਸਿੰਘ ਨੂੰ ਪ੍ਰਧਾਨ ਅਤੇ ਬਲਵੰਤ ਸਿੰਘ

ਨੂੰ ਸਕੱਤਰ ਚੁਣਿਆ ਗਿਆ।

ਐਸੋਸੀਏਸ਼ਨ ਦੇ ਐਲਾਨੇ ਗਏ ਨਿਸ਼ਾਨੇ ਇਹ ਸਨ:

ੳ. ਹਿੰਦੁਸਤਾਨ ਵਿੱਚੋਂ ਸਥਾਨਕ ਜ਼ੁਬਾਨਾਂ ਦੇ ਅਖ਼ਬਾਰਾਂ, ਰਸਾਲੇ ਮੰਗਵਾਏ ਜਾਣ।

ਅ. ਮੁਲਕ ਵਿੱਚੋਂ ਅਮਰੀਕਾ ਵਿਚ ਪੜ੍ਹਨ ਲਈ ਨੌਜਵਾਨਾਂ ਨੂੰ ਬੁਲਾਉਣਾ ਤਾਂ ਕਿ ਉਨ੍ਹਾਂ ਦੀ ਹਿੰਦੁਸਤਾਨ ਵਿਚ 'ਕੌਮੀ' ਕਾਜ ਵਾਸਤੇ ਏਥੇ ਤਿਆਰੀ ਕਰਵਾਈ ਜਾਵੇ।

ੲ. ਹਫ਼ਤਾਵਾਰੀ ਮੀਟਿੰਗਾਂ ਕਰਨ ਦਾ ਫ਼ੈਸਲਾ ਤਾਂ ਕਿ ਸਿਆਸਤ ਉੱਤੇ ਵਿਚਾਰ-ਚਰਚਾ ਹੋਵੇ – ਨਵਾਬ ਖ਼ਾਨ (ਬਾਅਦ ਵਿਚ ਵਾਅਦਾ ਮੁਆਫ਼ ਗਵਾਹ) ਦੇ ਲਫ਼ਜ਼ਾਂ ਵਿਚ ਇਸ ਦਾ ਸਿੱਟਾ ਇਹ ਨਿਕਲਿਆ ਕਿ 'ਮੈਂਬਰਾਂ ਨੇ ਆਪਣੇ ਮੁਲਕ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ।'

ਨਵਾਬ ਖ਼ਾਨ ਨੇ ਇਹ ਵੀ ਕਿਹਾ ਕਿ 'ਹਿੰਦੁਸਤਾਨ ਐਸੋਸੀਏਸ਼ਨ' ਦੇ ਵੀ ਤਕਰੀਬਨ ਉਹੀ ਵਿਚਾਰ ਸਨ ਜੋ ਬਾਅਦ ਵਿਚ ਹਿੰਦੀ ਐਸੋਸੀਏਸ਼ਨ ਨੇ ਅਪਣਾਏ..... "ਕਿ ਇਸਨੇ ਹਿੰਦੁਸਤਾਨ ਦੇ ਸਾਰੇ ਫ਼ਿਰਕਿਆਂ ਦੀ ਏਕਤਾ ਕਾਇਮ ਕਰਨ ਦਾ ਨਿਸ਼ਾਨਾ ਮਿਥਿਆ ਤੇ ਨਾਲ ਹੀ ਸਿੱਖਿਆ ਤੇ ਬਰਤਾਨਵੀ ਹਕੂਮਤ ਦੇ ਵਿਰੋਧ ਦਾ ਵੀ।" [ਲਾਹੌਰ ਸਾਜ਼ਿਸ਼ ਮੁਕੱਦਮੇ ਦਾ ਫ਼ੈਸਲਾ][6]

ਇਸ ਲੜੀ ਅਧੀਨ ਪੱਛਮੀ ਪੈਸੀਫ਼ਿਕ ਕੋਸਟ ਉੱਤੇ, ਜਿਥੇ ਹਿੰਦੁਸਤਾਨੀ ਵੱਡੀ ਤਾਦਾਦ ਵਿਚ ਮੌਜੂਦ ਸਨ, ਅਹਿਮ ਕੇਂਦਰਾਂ ਵਿਚ ਕਿੰਨੀਆਂ ਹੀ ਮੀਟਿੰਗਾਂ ਕੀਤੀਆਂ ਜਾਣ ਲੱਗੀਆਂ। ਇਨ੍ਹਾਂ ਮੀਟਿੰਗਾਂ ਬਾਰੇ ਉਪਰੋਕਤ ਫ਼ੈਸਲੇ (ਲਾਹੌਰ ਸਾਜ਼ਿਸ਼ ਮੁਕੱਦਮੇ) ਦੇ ਕੋਈ ਅੱਠ ਸਫ਼ਿਆਂ ਵਿਚ ਇਕ ਇਕ ਕਰਕੇ ਵੇਰਵਾ ਛਪਿਆ ਹੈ। ਅਗਸਤ 1914 ਵਿਚ ਮੀਟਿੰਗਾਂ ਦੀ ਇਹ ਲੜੀ ਆਪਣੇ ਸਿਖ਼ਰ 'ਤੇ ਪਹੁੰਚ ਗਈ, ਯਾਨੀ, 4 ਅਗਸਤ 1914 ਨੂੰ "ਜੰਗ ਦੇ ਐਲਾਨ" ਤੋਂ ਬਾਅਦ। ਇਨ੍ਹਾਂ ਵਿਚ ਆਖ਼ਰੀ ਤੋਂ ਪਹਿਲੀ ਮੀਟਿੰਗ ਫਰਿਜ਼ਨੋ (ਕੈਲੀਫੋਰਨੀਆ) ਵਿਚ 9 ਅਗਸਤ ਨੂੰ ਹੋਈ ਜਿਸ ਨੂੰ ਬਰਕਤਉੱਲਾ (ਬਾਅਦ ਵਿਚ ਮੀਤ ਪ੍ਰਧਾਨ) ਅਤੇ ਰਾਮ ਚੰਦ ਨੇ ਸੰਬੋਧਨ ਕੀਤਾ। "ਸਰੋਤਿਆਂ ਨੂੰ ਜ਼ੋਰਦਾਰ ਨਸੀਹਤ ਕੀਤੀ ਗਈ ਕਿ ਇਕ ਦਮ ਹਿੰਦੁਸਤਾਨ ਵੱਲ ਚਾਲੇ ਪਾ ਦੇਣ; ਹਿੰਦੁਸਤਾਨ ਪਹੁੰਚਣ ਉੱਤੇ ਉਨ੍ਹਾਂ ਨੂੰ ਹਥਿਆਰ ਦਿੱਤੇ ਜਾਣਗੇ ਅਤੇ ਹੁਣ ਉਹ ਵਕਤ ਆਣ ਪੁੱਜਾ ਸੀ ਜਦੋਂ ਇੰਗਲੈਂਡ ਨੂੰ ਹਿੰਦੁਸਤਾਨ ਦੀ ਸਰਜ਼ਮੀਨ ਤੋਂ ਬਾਹਰ ਕੱਢਿਆ ਜਾ ਸਕਦਾ ਸੀ, ਜਦਕਿ ਇੰਗਲੈਂਡ ਖ਼ੁਦ ਜੰਗ ਵਿਚ ਉਲਝਿਆ ਹੋਇਆ ਸੀ। ਚੰਦੇ ਉਗਰਾਹੇ ਗਏ ਅਤੇ ਵਾਲੰਟੀਅਰਾਂ ਦੀ ਇਕ ਸੂਚੀ ਤਿਆਰ ਕੀਤੀ ਗਈ ਜਿਸ ਵਿਚ 200 ਜਾਂ 300 ਸਿੱਖਾਂ ਨੇ ਫ਼ੌਰਨ ਹਿੰਦੁਸਤਾਨ ਵੱਲ ਰਵਾਨਾ ਹੋਣ ਦਾ ਅਹਿਦ ਲਿਆ ਸੀ।"[7]

ਉਪਰੋਕਤ ਅਦਾਲਤੀ ਫ਼ੈਸਲਿਆਂ ਮੁਤਾਬਕ "ਕਰੋ ਤੇ ਮਰੋ" ਦੇ ਇਸ ਸੱਦੇ ਨੂੰ ਹੁੰਗਾਰਾ ਭਰਨ ਵਾਲਿਆਂ ਦੀ ਤਾਦਾਦ ਕਈ ਹਜ਼ਾਰ ਤਕ ਜਾ ਅੱਪੜੀ।[8]

ਕਾਮਾਗਾਟਾ ਮਾਰੂ ਘਟਨਾ

ਇਹ ਘਟਨਾ ਜਿਸ ਦਾ ਗ਼ਦਰ ਪਾਰਟੀ ਨਾਲ ਕੋਈ ਜ਼ਾਹਰਾ ਰਿਸ਼ਤਾ ਨਹੀਂ ਸੀ, ਲਹਿਰ ਦੀ ਗਾਥਾ ਵਿਚ ਵਾਪਰੇ ਘਟਨਾਵਾਂ ਦੇ ਸਬੱਬ ਤੇ ਅਸਰ ਦੇ ਚੱਕਰ ਵਿਚ ਇਕ ਅਹਿਮ ਕੜੀ ਹੈ: ਇਸ ਦਾ ਸਿੱਧਾ ਸਾਦਾ ਮਕਸਦ 1907 ਤੋਂ ਕੈਨੇਡਾ ਵਿਚ ਹਿੰਦੁਸਤਾਨੀਆਂ ਦੇ ਦਾਖ਼ਲ ਹੋਣ ਉੱਤੇ ਲੱਗੀ ਪਾਬੰਦੀ ਦੀ ਲੁਕਵੇਂ ਰੂਪ 'ਚ ਵੱਡੀ ਪੱਧਰ 'ਤੇ ਅਵੱਗਿਆ ਕਰਨਾ ਸੀ। ਇਹ ਪਾਬੰਦੀ ਕਿਸੇ ਨਾ ਕਿਸੇ ਤਰ੍ਹਾਂ ਕੈਨੇਡਾ ਵਿਚ ਹਿੰਦੁਸਤਾਨੀ ਪ੍ਰਵਾਸੀਆਂ ਦੀਆਂ ਬਾਗ਼ੀ ਸਰਗਰਮੀਆਂ ਸਬੰਧੀ ਖੁਫ਼ੀਆ ਸੂਚਨਾਵਾਂ ਨਾਲ ਵੀ ਜਾ ਜੁੜਦੀ ਸੀ ਜਿਹੜਾ ਉਸ ਵਕਤ ਖ਼ੁਦ-ਇਖ਼ਤਿਆਰ ਡੁਮੀਨੀਅਨ ਦਰਜਾ ਹੋਣ ਦੇ ਬਾਵਜੂਦ ਬਰਤਾਨਵੀ ਸਾਮਰਾਜ ਦਾ ਹਿੱਸਾ ਸੀ।

ਗੱਲ ਇੰਞ ਸ਼ੁਰੂ ਕਰਦੇ ਹਾਂ ਕਿ ਕਾਮਾਗਾਟਾ ਮਾਰੂ ਨਾਂ ਦਾ ਜਪਾਨੀ ਸਮੁੰਦਰੀ ਜਹਾਜ਼ ਅੰਮ੍ਰਿਤਸਰ ਦੇ 'ਬਾਬਾ' ਗੁਰਦਿੱਤ ਸਿੰਘ ਸਰਹਾਲੀ ਨੇ ਕਿਰਾਏ ਉੱਤੇ ਲਿਆ ਸੀ, ਉਹ ਉਸ ਵਕਤ ਦੇ ਉੱਦਮੀ ਵਪਾਰੀ ਸਨ। ਉਨ੍ਹਾਂ ਨੇ "ਗੁਰੂ ਨਾਨਕ ਸਟੀਮਸ਼ਿਪ ਕੰਪਨੀ" ਨਾਂ ਦਾ ਇਕ ਅਦਾਰਾ ਖੜ੍ਹਾ ਕੀਤਾ ਜਿਸ ਦਾ ਮਕਸਦ ਸਮੁੰਦਰ ਜ਼ਰੀਏ ਸਫ਼ਰ ਸੀ। ਕੰਮ ਕਰਨ ਦਾ ਐਲਾਨੀਆ ਤਰੀਕਾ ਤਾਂ ਇਸ ਮਕਸਦ ਦੀ ਪੂਰਤੀ ਸੀ ਕਿ ਮੁਸਾਫ਼ਰਾਂ ਨੂੰ ਸਿੱਧਾ ਹਿੰਦੁਸਤਾਨ ਤੋਂ ਕੈਨੇਡਾ ਲੈ ਕੇ ਜਾਇਆ ਜਾਵੇਗਾ ਤਾਂ ਕਿ "ਸਿੱਧੇ ਸਮੁੰਦਰੀ ਸਫ਼ਰ" ਦੀ ਹਾਕਮਾਂ ਵਲੋਂ ਥੋਪੀ ਗਈ ਸ਼ਰਤ ਪੂਰੀ ਕੀਤੀ ਜਾ ਸਕੇ। ਜਿਸ ਪਿੱਛੇ ਮਨਸ਼ਾ ਇਹ ਸੀ ਕਿ ਕੈਨੇਡਾ ਵਿਚ ਹਿੰਦੁਸਤਾਨੀਆਂ ਦੇ ਦਾਖ਼ਲੇ ਨੂੰ ਰੋਕਿਆ ਜਾ ਸਕੇ ਕਿਉਂਕਿ ਦਰਅਸਲ ਐਸੀ ਕੋਈ ਸਹੂਲਤ ਮੌਜੂਦ ਨਹੀਂ ਸੀ ਕਿ ਹਿੰਦੁਸਤਾਨ ਤੋਂ ਸਿੱਧਾ ਕੈਨੇਡਾ ਨੂੰ ਸਫ਼ਰ ਸੰਭਵ ਹੋਵੇ। ਹਾਕਮਾਂ ਦੀ ਮਨਸ਼ਾ ਆਪਣੇ ਆਪ ਨੂੰ ਨਸਲੀ ਵਿਤਕਰੇ ਦੇ ਇਲਜ਼ਾਮਾਂ ਤੋਂ ਬਚਾਉਣ ਦੀ ਸੀ।

ਇਹ ਵਿਸ਼ਵਾਸ ਕਰਨ ਦੇ ਕਾਰਨ ਮੌਜੂਦ ਹਨ ਕਿ ਸਮੁੰਦਰੀ ਸਫ਼ਰ ਦੇ ਪ੍ਰਬੰਧਕਾਂ ਅਤੇ ਨਾਲ ਹੀ ਬਹੁਤ ਸਾਰੇ ਮੁਸਾਫ਼ਰਾਂ ਨੂੰ ਪਹਿਲਾਂ ਹੀ ਇਹ ਧੁੜਕੂ ਸੀ ਕਿ ਉਹ ਆਪਣੀ ਮੰਜ਼ਲ (ਵੈਨਕੂਵਰ ਬੰਦਰਗਾਹ) ਉੱਪਰ ਸੁੱਖੀ ਸਾਂਦੀ ਪਹੁੰਚ ਜਾਣਗੇ ਜਿਥੇ ਇਹ ਮਈ 1914 ਦੇ ਆਖ਼ਰੀ ਹਫ਼ਤੇ ਪਹੁੰਚਿਆ। ਸਮੁੰਦਰੀ ਜਹਾਜ਼ ਨੂੰ ਕੈਨੇਡੀਅਨ ਅਧਿਕਾਰੀਆਂ ਨੇ ਲੰਗਰ ਸੁੱਟੇ ਜਾਣ ਤੋਂ ਪਹਿਲਾਂ ਹੀ ਸਮੁੰਦਰ ਕੰਢੇ ਰੋਕ ਲਿਆ ਜਿਸ ਪਿੱਛੋਂ ਇਕ ਪਾਸੇ ਕੈਨੇਡੀਅਨ ਅਧਿਕਾਰੀਆਂ ਅਤੇ ਦੂਜੇ ਪਾਸੇ ਮੁਸਾਫ਼ਰਾਂ ਤੇ ਸਥਾਨਕ ਹਿੰਦੁਸਤਾਨੀਆਂ ਦਰਮਿਆਨ ਤਣਾ-ਤਣੀ ਅਤੇ ਝਗੜੇ ਦਾ ਮਾਹੌਲ ਬਣ ਗਿਆ ਜਿਹੜਾ ਕਈ ਦਫ਼ਾ ਖੁੱਲ੍ਹੀ ਟੱਕਰ ਵਿਚ ਬਦਲਣ ਕਿਨਾਰੇ ਅੱਪੜ ਜਾਂਦਾ ਰਿਹਾ। ਅੰਤ ਨੂੰ ਜਹਾਜ਼ ਨੂੰ ਮੁਸਾਫ਼ਰਾਂ ਸਮੇਤ ਕੁਝ ਰਸਦ, ਕੋਲਾ ਅਤੇ ਹੋਰ ਜ਼ਰੂਰੀ ਸਮਾਨ ਦੇ ਕੇ ਵਾਪਸ ਘੱਲ ਦਿੱਤਾ ਗਿਆ। ਇਸ ਭਿਆਨਕ ਹਾਲਤ ਨੇ ਪਹਿਲਾਂ ਹੀ ਬੇਚੈਨ ਪ੍ਰਵਾਸੀ ਹਿੰਦੁਸਤਾਨੀਆਂ ਦੇ ਜਜ਼ਬਾਤਾਂ ਨੂੰ ਭੜਕਾ ਦਿੱਤਾ ਭਾਵੇਂਕਿ ਇਨ੍ਹਾਂ ਮੁਸਾਫ਼ਰਾਂ ਨਾਲ ਅਜੇ ਸਤੰਬਰ 1914 ਵਾਲਾ ਕਲਕੱਤੇ ਵਾਪਸੀ ਵਕਤ ਦਾ ਖ਼ੂਨੀ ਕਾਂਡ ਨਹੀਂ ਸੀ ਵਾਪਰਿਆ। ਜਿਵੇਂ ਕਿ ਉਮੀਦ ਕੀਤੀ ਜਾ ਸਕਦੀ ਸੀ, ਗ਼ਦਰ ਪਾਰਟੀ ਨੇ ਮੁਸਾਫ਼ਰਾਂ ਨੂੰ ਬਗ਼ਾਵਤ ਵਿਚ

ਸ਼ਾਮਲ ਕਰਨ ਦੀ ਯੋਜਨਾ ਉਲੀਕੀ ਅਤੇ ਪਾਰਟੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਨੂੰ ਉਨ੍ਹਾਂ ਨਾਲ ਰਾਬਤਾ ਬਣਾਉਣ ਦੀ ਜ਼ਿੰਮੇਵਾਰੀ ਸੌਂਪ ਦਿੱਤੀ। ਉਹ ਆਪਣੇ ਨਾਲ 200 ਪਿਸਤੌਲਾਂ ਤੇ 2000 ਰਾਊਂਡ ਗੋਲੀ-ਸਿੱਕਾ ਅਤੇ ਗ਼ਦਰੀਆਂ ਵਲੋਂ ਛਪਾਇਆ ਗਿਆ ਸਾਹਿਤ ਲੈ ਕੇ ਜਪਾਨ ਦੀ ਯੋਕੋਹਾਮਾ ਬੰਦਰਗਾਹ ਉੱਤੇ ਮੁਸਾਫ਼ਰਾਂ ਨੂੰ ਜਾ ਮਿਲੇ ਅਤੇ ਉਨ੍ਹਾਂ ਨੂੰ ਇਹ ਸਮਾਨ ਦੇ ਦਿੱਤਾ।

ਦਿਲਚਸਪ ਗੱਲ ਇਹ ਹੈ ਕਿ ਬਾਬਾ ਭਕਨਾ ਓਦੋਂ ਅਜੇ ਜਪਾਨ ਦੇ ਰਾਹ ਵਿਚ ਸਨ ਜਦੋਂ ਜਰਮਨੀ ਅਤੇ ਇੰਗਲੈਂਡ ਦਰਮਿਆਨ 4.8.1914 ਨੂੰ ਜੰਗ ਲੱਗ ਗਈ, ਇਹ ਉਹ ਪਲ ਵੀ ਸੀ ਜਦੋਂ ਹਿੰਦੁਸਤਾਨ ਵਿਚ ਗ਼ਦਰ ਸ਼ੁਰੂ ਕੀਤਾ ਜਾਣਾ ਸੀ।

ਬਰਤਾਨਵੀ ਖੁਫ਼ੀਆ ਵਿਭਾਗ ਨੂੰ ਇਸ ਸਭ ਕਾਸੇ ਦੀ ਭਿਣਕ ਪੈ ਗਈ ਅਤੇ ਉਨ੍ਹਾਂ ਨੇ ਜਹਾਜ਼ ਦੀ ਕਲਕੱਤੇ ਵਿਚ 'ਪ੍ਰਾਹੁਣਾਚਾਰੀ' ਲਈ ਬਜ ਬਜ ਘਾਟ ਉੱਪਰ ਪੂਰੀ ਤਿਆਰੀ ਕਰ ਲਈ। ਜਦੋਂ ਪੁਲਿਸ ਨੇ ਮੁਸਾਫ਼ਰਾਂ ਨੂੰ ਇਕ ਰੇਲ ਗੱਡੀ ਵਿਚ 'ਚੜ੍ਹਨ' ਦਾ ਹੁਕਮ ਦਿੱਤਾ ਜੋ ਕਿ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਦਾ ਇਕ ਬਹਾਨਾ ਸੀ ਅਤੇ ਉਨ੍ਹਾਂ ਨੇ ਇਹ ਹੁਕਮ ਮੰਨਣ ਤੋਂ ਇਨਕਾਰ ਕਰ ਦਿੱਤਾ ਤਾਂ ਪੁਲਿਸ ਨੇ ਬੇਹਥਿਆਰੇ ਸ਼ਾਂਤਮਈ ਮੁਸਾਫ਼ਰਾਂ, ਜਿਨ੍ਹਾਂ ਵਿੱਚੋਂ ਕਈਆਂ ਨੇ ਨਾਲ ਉਨ੍ਹਾਂ ਦੇ ਪਰਿਵਾਰ ਅਤੇ ਬੱਚੇ ਵੀ ਸਨ, ਉੱਤੇ ਬੇਤਹਾਸ਼ਾ ਗੋਲੀ ਚਲਾਉਣੀ ਸ਼ੁਰੂ ਕਰ ਦਿੱਤੀ ਜਿਸ ਨਾਲ 20 ਜਣੇ ਮਾਰੇ ਗਏ ਅਤੇ ਏਨੇ ਹੀ ਜ਼ਖ਼ਮੀ ਹੋ ਗਏ।[9]

ਇਸ ਨਾਲ ਹਿੰਦੁਸਤਾਨੀ ਕੌਮੀ ਜਜ਼ਬਾਤ ਉੱਤੇ ਮੁਲਕ ਦੇ ਅੰਦਰ ਅਤੇ ਬਦੇਸ਼ਾਂ ਵਿਚ ਵਿਆਪਕ ਅਸਰ ਹੋਇਆ, ਜਿਹਾ ਕਿ ਹੋਣਾ ਹੀ ਸੀ।

ਗ਼ਦਰੀਆਂ ਦਾ ਵਾਪਸੀ ਸਮੁੰਦਰੀ ਸਫ਼ਰ

"ਇੰਞ ਜਾਪਦਾ ਹੈ ਕਿ ਅਮਰੀਕਾ ਤੋਂ ਗ਼ਦਰੀਆਂ ਦਾ ਵੱਡਾ ਝੁੰਡ ਵਾਪਸ ਪਰਤਣ ਤੋਂ ਪਹਿਲਾਂ ਹੀ ਕੁਝ ਨੂੰ ਅਗਾਊਂ ਭੇਜ ਦਿੱਤਾ ਗਿਆ ਸੀ।"[10]

ਉਹ ਬਹੁਤ ਸਾਰੇ ਸਮੁੰਦਰੀ ਜਹਾਜ਼ਾਂ ਵਿਚ ਵਾਪਸ ਪਰਤੇ ਜਿਵੇਂ ਕਿ "ਨਿਪੋਨਮਾਰੂ", "ਮੈਕਸੀਕੋ ਮਾਰੂ" ਅਤੇ ਕੁਝ ਕੁ ਹੋਰ ਅਤੇ ਰਸਤੇ ਵਿਚ ਇਹ ਵੱਖੋ-ਵੱਖਰੀਆਂ ਬੰਦਰਗਾਹਾਂ ਉੱਤੇ ਰੁਕਦੇ ਰਹੇ, ਅਜਿਹਾ ਹਰ ਮੁਕਾਮ ਘਟਨਾ ਭਰਪੂਰ ਸੀ।

ਇਨ੍ਹਾਂ ਵਿੱਚੋਂ ਇਕ, (ਸਿਰਫ਼ ਇਹ ਦਰਸਾਉਣ ਲਈ ਕਿ ਸਫ਼ਰ ਕਿਸ ਤਰ੍ਹਾਂ ਦਾ ਸੀ) 29 ਅਗਸਤ 1914 ਨੂੰ 60 ਜਾਂ 70 ਮੁਸਾਫ਼ਰਾਂ ਸਮੇਤ ਅਮਰੀਕਾ ਤੋਂ ਹਾਂਗਕਾਂਗ ਲਈ ਰਵਾਨਾ ਹੋਇਆ। ਮੁਸਾਫ਼ਰਾਂ ਨੇ ਬਹੁਤਾ ਵਕਤ "ਗ਼ਦਰ-ਦੀ-ਗੂੰਜ" ਦੇ ਗੀਤ ਤੇ ਕਵਿਤਾਵਾਂ ਕੰਠ ਕਰਨ ਵਿਚ ਗੁਜ਼ਾਰਿਆ ਅਤੇ ਬਹੁਤ ਸਾਰੀਆਂ ਮੀਟਿੰਗਾਂ ਕੀਤੀਆਂ ਜਿਨ੍ਹਾਂ ਵਿਚ ਹਿੰਦੁਸਤਾਨ ਦੀ ਬਰਤਾਨਵੀ ਹਕੂਮਤ ਦੀ ਨਿਖੇਧੀ ਕੀਤੀ ਗਈ। ਯੋਕੋਹਾਮਾ ਬੰਦਰਗਾਹ ਉੱਤੇ ਰਾਮ ਰੱਖਾ ਅਤੇ ਅਮਰ ਸਿੰਘ ਬਾਰੇ ਅੰਦਾਜ਼ਾ ਹੈ ਕਿ ਉਹ ਹਥਿਆਰ ਹਾਸਲ ਕਰਨ ਲਈ ਜਹਾਜ਼ ਤੋਂ ਉੱਤਰ ਗਏ ਅਤੇ ਇਕ ਨਵਾਂ ਮੁਸਾਫ਼ਰ ਪੰਡਤ ਪਰਮਾਨੰਦ ਝਾਂਸੀ (ਯੂ.ਪੀ.) ਜਹਾਜ਼ 'ਤੇ ਆਣ ਸਵਾਰ

ਹੋਇਆ। ਅਗਲਾ ਪੜਾਅ ਕੋਬੇ ਸੀ ਜਿਥੇ ਉਨ੍ਹਾਂ ਨੂੰ ਇਕ ਹੋਰ ਸਮੁੰਦਰੀ ਜਹਾਜ਼ ਮਿਲਿਆ ਜਿਸ ਵਿਚ ਬਹੁਤ ਸਾਰੇ ਹਿੰਦੁਸਤਾਨੀ ਵੈਨਕੂਵਰ ਤੋਂ ਸਵਾਰ ਹੋਏ ਸਨ। ਨਾਗਾਸਾਕੀ ਦੀ ਬੰਦਰਗਾਹ ਉੱਤੇ ਨਿਧਾਨ ਸਿੰਘ (ਚੁੱਘਾ, ਫ਼ਿਰੋਜ਼ਪੁਰ) ਤੇ ਪਿਆਰਾ ਸਿੰਘ (ਲੰਗੇਰੀ, ਹੁਸ਼ਿਆਰਪੁਰ) ਅਤੇ ਤਿੰਨ ਹੋਰ ਜਣੇ ਜਹਾਜ਼ ਤੋਂ ਚਲੇ ਗਏ ਤਾਂ ਕਿ ਸਿੱਧਾ ਸ਼ੰਘਾਈ ਜਾ ਸਕਣ।

ਅਗਲਾ ਪੜਾਅ ਮਨੀਲਾ ਸੀ ਜਿਥੇ ਮੁਸਾਫ਼ਰਾਂ ਨੂੰ ਸਥਾਨਕ ਗ਼ਦਰ ਸੋਸਾਇਟੀ ਦਾ ਪ੍ਰਧਾਨ ਹਾਫਿਜ਼ ਅਬਦੁੱਲਾ ਅਤੇ ਦੋ ਜਣੇ ਹੋਰ ਮਿਲੇ। ਘਾਟ ਉੱਤੇ ਇਕ ਮੀਟਿੰਗ ਕੀਤੀ ਗਈ ਜਿਸ ਨੂੰ ਨਵਾਬ ਖ਼ਾਨ ਅਤੇ ਜਗਤ ਰਾਮ (ਹਰਿਆਣਾ, ਹੁਸ਼ਿਆਰਪੁਰ) ਨੇ ਸੰਬੋਧਨ ਕੀਤਾ। ਇਹ ਮੰਨਿਆ ਜਾਂਦਾ ਹੈ ਕਿ ਜਗਤ ਰਾਮ ਨੇ ਹੇਠ ਲਿਖਿਆ ਸੁਨੇਹਾ ਦਿੱਤਾ:

"ਪਿਛਲੇ ਕੁਝ ਵਕਤ ਤੋਂ ਅਸੀਂ ਤੁਹਾਨੂੰ ਗ਼ਦਰ ਅਖ਼ਬਾਰ ਭੇਜਦੇ ਰਹੇ ਹਾਂ ਤਾਂ ਕਿ ਤੁਹਾਨੂੰ ਬਗ਼ਾਵਤ ਵਾਸਤੇ ਤਿਆਰ ਕੀਤਾ ਜਾਵੇ ਅਤੇ ਹੁਣ ਗ਼ਦਰ ਮਚਾਉਣ ਦੀ ਘੜੀ ਆਣ ਪੁੱਜੀ ਹੈ। ਇੰਗਲੈਂਡ ਜਰਮਨੀ ਨਾਲ ਜ਼ਿੰਦਗੀ ਮੌਤ ਦੀ ਲੜਾਈ ਲੜ ਰਿਹਾ ਹੈ। ਉਹ ਓਧਰ ਉਲਝਿਆ ਹੋਇਆ ਹੋਣ ਕਰਕੇ, ਅਸੀਂ ਗੋਰਿਆਂ ਨੂੰ ਆਸਾਨੀ ਨਾਲ ਹਿੰਦੁਸਤਾਨ ਤੋਂ ਬਾਹਰ ਕੱਢ ਸਕਦੇ ਹਾਂ। ਇਸ ਮੌਕੇ ਨੂੰ ਹੱਥੋਂ ਨਾ ਜਾਣ ਦਿਓ ਕਿਉਂਕਿ ਫੇਰ ਸਦੀਆਂ ਤਕ ਅਜਿਹਾ ਮੌਕਾ ਨਹੀਂ ਮਿਲਣਾ। ਸਾਡੇ ਵਿਚ ਸ਼ਾਮਲ ਹੋਵੋ ਅਤੇ ਹਿੰਦੁਸਤਾਨ ਪਹੁੰਚ ਕੇ ਮਰਨ ਮਾਰਨ ਲਈ ਤਿਆਰ ਹੋ ਜਾਵੋ।" ਮੀਟਿੰਗ ਵਿਚ ਕੁਝ ਬਾਗ਼ੀ ਸਾਹਿਤ ਵੀ ਵੰਡਿਆ ਗਿਆ।

"ਜਦ ਜਹਾਜ਼ ਮਨੀਲਾ ਵਿਖੇ ਸੀ ਤਾਂ ਸ਼ੰਘਾਈ ਤੋਂ ਨਿਧਾਨ ਸਿੰਘ ਵਲੋਂ ਭੇਜੀ ਗਈ ਚੌਕਸੀ ਭਰੀ ਤਾਰ ਮਿਲੀ ਕਿ ਜਹਾਜ਼ ਦੇ ਹਾਂਗਕਾਂਗ ਪੁੱਜਣ ਉੱਤੇ ਹਥਿਆਰ ਅਤੇ ਬਾਗ਼ੀ ਸਾਹਿਤ ਫੜ੍ਹਨ ਲਈ ਇਸ ਦੀ ਤਲਾਸ਼ੀ ਲਈ ਜਾਵੇਗੀ। ਸਿੱਟੇ ਵਜੋਂ ਜਹਾਜ਼ ਉਤਲਾ ਸਾਰਾ ਬਾਗ਼ੀ ਸਾਹਿਤ ਇਕੱਠਾ ਕੀਤਾ ਗਿਆ ਅਤੇ ਇਸ ਨੂੰ ਸਮੁੰਦਰ ਵਿਚ ਸੁੱਟ ਦਿੱਤਾ ਗਿਆ। ਸਾਰੇ ਰਿਵਾਲਵਰ ਅਤੇ ਗੋਲੀ-ਸਿੱਕਾ ਆਗੂਆਂ ਨੇ ਪਹਿਲਾਂ ਹੀ ਮੁਸਾਫ਼ਰਾਂ ਤੋਂ ਲੈਕੇ ਆਪਣੇ ਹੱਥ ਹੇਠ ਕਰ ਲਿਆ ਸੀ।"[11]

ਸਾਹਿਤ: "ਗ਼ਦਰ" "ਗ਼ਦਰ ਗੂੰਜਾਂ"

ਪ੍ਰਸਿੱਧ ਬਾਬੇ, ਜਿਵੇਂ ਕਿ ਗ਼ਦਰੀਆਂ ਨੂੰ ਸਤਿਕਾਰ ਵਜੋਂ ਕਿਹਾ ਜਾਣ ਲੱਗਾ, ਨੇ ਪ੍ਰਚਾਰ ਦਾ ਸਭ ਤੋਂ ਕਾਰਗਰ ਸਾਧਨ ਈਜਾਦ ਕੀਤਾ ਅਤੇ ਦੇਸ ਬਦੇਸ਼ ਵਸਦੇ ਵੱਡੀ ਤਾਦਾਦ ਵਿਚ ਹਿੰਦੁਸਤਾਨੀਆਂ ਦੇ ਸੁਭਾਅ ਨੂੰ ਇਨਕਲਾਬੀ ਬਣਾ ਦਿੱਤਾ।

ਪਹਿਲੀ ਨਵੰਬਰ 1913 ਨੂੰ ਪਾਰਟੀ ਸਦਰ-ਮੁਕਾਮ – ਯੁਗਾਂਤਰ ਆਸ਼ਰਮ – ਤੋਂ *ਗ਼ਦਰ* ਸ਼ੁਰੂ ਕਰ ਦਿੱਤਾ ਗਿਆ–ਇਹ ਨਾਂ ਬੰਗਲਾ ਦੇ *ਜੁਗਾਂਤਰ* (ਨਵਾਂ ਯੁਗ) ਨਾਂ ਦੇ ਅਖ਼ਬਾਰ ਤੋਂ ਲਿਆ ਗਿਆ ਜੋ ਕਿ ਕਲਕੱਤਾ ਤੋਂ ਨਿਕਲਦਾ ਇਨਕਲਾਬੀ ਪਰਚਾ ਸੀ।

ਅਖ਼ਬਾਰ ਦੇ ਪਹਿਲੇ ਅੰਕ ਕਰਤਾਰ ਸਿੰਘ ਸਰਾਭਾ ਅਤੇ ਯੂ.ਪੀ. ਦੇ ਰਘੁਬੀਰ ਦਿਆਲ

ਨੇ ਹੱਥ ਨਾਲ ਚੱਲਣ ਵਾਲੀ ਮਸ਼ੀਨ ਨਾਲ ਛਾਪੇ। ਮੁੱਖ ਸੰਪਾਦਕ ਲਾਲਾ ਹਰਦਿਆਲ ਉਰਦੂ ਵਿਚ ਲਿਖਦਾ ਸੀ ਜਿਸ ਨੂੰ ਬਾਅਦ ਵਿਚ ਕਰਤਾਰ ਸਿੰਘ ਗੁਰਮੁਖੀ (ਪੰਜਾਬੀ) ਵਿਚ ਉਲਥਾ ਦਿੰਦਾ। ਅਖ਼ਬਾਰ ਦਾ ਨਾਂ – *ਗ਼ਦਰ* – 1857 ਦੇ ਗ਼ਦਰ ਦੇ ਨਮੂਨੇ ਦਾ ਪ੍ਰਤੀਕ ਸੀ। ਇਸ ਦਾ ਨਿਸ਼ਾਨਾ ਵਿਆਪਕ ਲੋਕ ਉਭਾਰ ਨੂੰ ਫ਼ੌਜੀ ਬਗ਼ਾਵਤ ਨਾਲ ਜੋੜਨਾ ਸੀ। ਇਹ ਇਸ ਧਾਰਨਾ ਉੱਤੇ ਅਧਾਰਤ ਸੀ ਕਿ ਜਦ ਤਕ ਫ਼ੌਜ ਬਗ਼ਾਵਤ ਵਿਚ ਸ਼ਾਮਲ ਨਹੀਂ ਹੁੰਦੀ ਇਹ ਕਾਮਯਾਬ ਨਹੀਂ ਹੋ ਸਕਦੀ। (ਉਨ੍ਹਾਂ ਦੀ ਦੂਰਅੰਦੇਸ਼ੀ ਨੂੰ ਸਲਾਮ ਕਰੋ ਜਿਹੜੇ ਬਾਅਦ ਵਿਚ ਸਹੀ ਸਾਬਤ ਹੋਏ ਕਿਉਂਕਿ ਬਰਤਾਨਵੀਆਂ ਨੇ 1946–47 ਵਿਚ ਹਿੰਦੁਸਤਾਨ ਤਦ ਹੀ ਛੱਡਿਆ ਜਦੋਂ ਲਾਲ ਕਿਲ੍ਹੇ ਅੰਦਰ ਇੰਡੀਅਨ ਨੈਸ਼ਨਲ ਆਰਮੀ ਉੱਤੇ ਚੱਲੇ ਮੁਕੱਦਮਿਆਂ ਨੇ ਸਮੁੰਦਰੀ ਫ਼ੌਜ ਨੂੰ ਬਗ਼ਾਵਤ ਦੇ ਰਾਹ ਤੋਰ ਦਿੱਤਾ ਤੇ ਮੁੰਬਈ ਦੇ ਹਜ਼ਾਰਾਂ ਲੋਕ ਗੋਲੀਆਂ ਸਾਹਮਣੇ ਡਟ ਕੇ ਉਨ੍ਹਾਂ ਦੀ ਹਮਾਇਤ ਵਿਚ ਸੜਕਾਂ ਉੱਤੇ ਉੱਤਰ ਆਏ ਅਤੇ ਨਾਲ ਹੀ ਇਹ ਸੂਚਨਾਵਾਂ ਮਿਲਣ ਲੱਗ ਪਈਆਂ ਕਿ ਬਗ਼ਾਵਤ ਫ਼ੌਜ ਅਤੇ ਹਵਾਈ ਫ਼ੌਜ ਤਕ ਫੈਲ ਰਹੀ ਹੈ)। 'ਗ਼ਦਰ' ਅਖ਼ਬਾਰ ਉੱਤੇ ਮੋਟੇ ਅੱਖਰਾਂ ਵਿਚ ਲਿਖਿਆ ਹੁੰਦਾ "ਅੰਗਰੇਜ਼ੀ ਰਾਜ ਦਾ ਦੁਸ਼ਮਨ, ਉਰਦੂ, ਗੁਰਮੁਖੀ ਅਖ਼ਬਾਰ।"

"ਗ਼ਦਰ" ਦੇ ਸਿਖ਼ਰ ਉੱਤੇ ਗੁਰੂ ਗ੍ਰੰਥ ਸਾਹਿਬ 'ਚੋਂ ਇਹ ਤੁਕ ਲਿਖੀ ਹੁੰਦੀ:

"ਜੇ ਚਿਤ ਪ੍ਰੇਮ ਖੇਲਣ ਦਾ ਚਾਓ,
ਸਿਰ ਧਰ ਤਲੀ ਗਲੀ ਮੇਰੀ ਆਓ"

ਉੱਪਰ ਦੋਵਾਂ ਨੁੱਕਰਾਂ ਵਿਚ – **ਵੰਦੇ** (ਖੱਬੇ ਪਾਸੇ) ਅਤੇ **ਮਾਤਰਮ** (ਸੱਜੇ ਪਾਸੇ) ਮੋਟੇ ਅੱਖਰਾਂ ਵਿਚ ਛਪੇ ਹੁੰਦੇ।

ਵੰਦੇ ਮਾਤਰਮ (ਐ ਮਾਂ ਮੈਂ ਤੇਰੀ ਡੰਡੌਤ ਬੰਦਨਾ ਕਰਦਾ ਹਾਂ) ਬੰਕਿਮ ਚੰਦਰ ਚੈਟਰਜੀ ਦੇ ਨਾਵਲ "ਅਨੰਦ ਮਠ" ਵਿਚਲੇ ਇਕ ਗੀਤ ਦਾ ਸਿਰਲੇਖ ਸੀ ਜਿਹੜਾ *ਮਲੇਛ* ਰਾਜ ਵਿਰੁੱਧ ਸੰਨਿਆਸੀ ਬਗ਼ਾਵਤ ਬਾਰੇ ਸੀ।

ਇਹ ਨਾਵਲ ਬਾਅਦ ਵਿਚ ਸਰਦਾਰ ਭਗਤ ਸਿੰਘ ਜਹੇ ਮਸ਼ਹੂਰ ਇਨਕਲਾਬੀਆਂ ਵਾਸਤੇ ਵੀ ਇਕ ਮੰਤਰ ਵਾਂਗ ਸੀ। ਜਦੋਂ ਸਰਦਾਰ ਭਗਤ ਸਿੰਘ ਅਤੇ ਸ੍ਰੀ ਬੀ.ਕੇ. ਦੱਤ ਨੇ ਕੇਂਦਰੀ ਅਸੈਂਬਲੀ ਵਿਚ ਬੰਬ ਸੁੱਟਿਆ ਤਾਂ 1929 ਤੋਂ ਬਾਦ **ਵੰਦੇ ਮਾਤਰਮ** ਨਾਅਰੇ ਦੀ ਥਾਂ **ਇਨਕਲਾਬ ਜ਼ਿੰਦਾਬਾਦ** ਨੇ ਲੈ ਲਈ।

"ਗ਼ਦਰ" ਅਖ਼ਬਾਰ ਦੇ ਮਜ਼ਮੂਨਾਂ ਵਿਚ ਅਨੇਕਾਂ ਰੰਗ ਸਨ ਜਿਵੇਂ:

ੳ) ਬਰਤਾਨਵੀ ਹਾਕਮਾਂ ਵਲੋਂ ਹਿੰਦੁਸਤਾਨ ਦੀ ਆਰਥਕ ਲੁੱਟਖਸੁੱਟ ਦੇ ਢੰਗ।

ਅ) ਹਿੰਦੁਸਤਾਨੀ ਦੀ ਬਰਤਾਨਵੀ ਹਕੂਮਤ ਵਲੋਂ ਚੱਲੀਆਂ ਜਾਂਦੀਆਂ ਸਿਆਸੀ ਚਾਲਾਂ ਦੀ 'ਅਸਲ ਹਕੀਕਤ' ਦਾ ਪਰਦਾਫਾਸ਼।

ੲ) ਵੀਰ ਸਾਵਰਕਰ ਵਲੋਂ 1857 ਦੇ ਗ਼ਦਰ ਉੱਤੇ ਲਿਖੀ ਕਿਤਾਬ ਵਿੱਚੋਂ ਚੋਣਵੇਂ ਹਿੱਸਿਆਂ ਨੂੰ ਛਾਪਣਾ।

ਸ) ਅਮਰੀਕਾ ਵਿਚ ਵਸਦੇ ਹਿੰਦੁਸਤਾਨੀਆਂ ਲਈ ਸੇਧਾਂ।

ਹ) ਕੌਮਾਂਤਰੀ ਮਾਮਲਿਆਂ ਵਿਚ ਬਰਤਾਨਵੀ ਦਖ਼ਲਅੰਦਾਜ਼ੀ ਦਾ ਪਰਦਾਫਾਸ਼।

ਕ) ਕੁਝ ਇਨਕਲਾਬੀ ਕਵਿਤਾਵਾਂ – ਜੋ ਬਾਅਦ ਵਿਚ "ਗਦਰ–ਦੀ–ਗੂੰਜ" ਦੇ ਲੜੀਵਾਰ ਸੰਗ੍ਰਹਿਾਂ ਦੀ ਸ਼ਕਲ ਵਿਚ ਛਾਪੀਆਂ ਗਈਆਂ।

ਭਾਸ਼ਾ ਐਸੀ ਇਸਤੇਮਾਲ ਕੀਤੀ ਜਾਂਦੀ ਸੀ ਜੋ ਲੋਕਾਂ ਨੂੰ ਸੌਖਿਆਂ ਹੀ ਸਮਝ ਪੈ ਜਾਂਦੀ, ਜੋ ਭਾਸ਼ਾ ਲੋਕ ਬੋਲਦੇ ਸਨ। ਜੋ ਕਵਿਤਾਵਾਂ ਯੋਧਿਆਂ ਵਲੋਂ ਯੋਧਿਆਂ ਵਾਸਤੇ ਲਿਖੀਆਂ ਜਾਂਦੀਆਂ ਉਨ੍ਹਾਂ ਦਾ ਸਾਹਿਤਕ ਰੰਗ ਤਾਂ ਨਾ ਹੁੰਦਾ ਪਰ ਉਨ੍ਹਾਂ ਦਾ ਅਸਰ ਝਰਨਾਹਟਾਂ ਛੇੜਨ ਵਾਲਾ ਹੁੰਦਾ [ਇਹ ਲੇਖਕ 1968 ਵਿਚ ਇਕ ਵਾਰ ਉਸ ਵਕਤ ਦੇ ਬਾਬਾ (ਸ਼ਹੀਦ) ਭਾਨ ਸਿੰਘ (ਪਿੰਡ ਸੁਨੇਤ) ਦੇ ਇਕ ਸਮਕਾਲੀ ਨੂੰ ਮਿਲਿਆ। ਉਹ ਓਦਰੇਵੇਂ ਦੇ ਆਲਮ ਵਿਚ ਉਨ੍ਹਾਂ ਸਤਰਾਂ ਨੂੰ ਜੋਸ਼ ਅਤੇ ਜਜ਼ਬੇ ਨਾਲ ਇੰਞ ਗਾਉਣ ਲਗ ਪਿਆ ਕਿ "ਇਹ ਬਿਆਨ ਤੋਂ ਬਾਹਰ ਹੈ, ਜਦੋਂਕਿ ਉਸ ਦਾ ਚਿਹਰਾ ਭਖ਼ ਰਹੇ ਗਰਮ ਲਾਲ ਕੋਲਿਆਂ ਵਾਂਗ ਦਗ਼ ਦਗ਼ ਕਰ ਰਿਹਾ ਸੀ।"]

1960 ਵਿਆਂ, 70ਵਿਆਂ ਤੇ 80ਵਿਆਂ ਦੌਰਾਨ ਲੇਖਕ ਵਲੋਂ ਉਸ ਵੇਲੇ ਤਕ ਜਿਉਂਦੇ ਗ਼ਦਰੀ ਬਾਬਿਆਂ ਨਾਲ ਹੋਈਆਂ ਗੱਲਾਂਬਾਤਾਂ ਦੇ ਅਧਾਰ 'ਤੇ ਇਹ ਸਾਹਮਣੇ ਆਇਆ ਕਿ ਹਰੇਕ ਗ਼ਦਰੀ ਸ਼ਹੀਦ ਨੇ ਆਪਣੀ "ਆਖ਼ਰੀ ਰਾਤ" ਇਹ ਕਵਿਤਾਵਾਂ ਗਾਉਂਦੇ ਹੋਏ ਗੁਜ਼ਾਰੀ। ਮਸ਼ਹੂਰ ਕਰਤਾਰ ਸਿੰਘ ਸਰਾਭਾ ਜਿਹੜਾ ਕਿ ਅਜੇ ਵੀਹ ਸਾਲ ਦਾ ਵੀ ਨਹੀਂ ਸੀ ਹੋਇਆ 19.2.1915 ਨੂੰ ਬਗ਼ਾਵਤ ਦੇ ਅਸਫ਼ਲ ਹੋਣ ਤੋਂ ਬਾਅਦ (ਸ਼ਹੀਦ) ਜਗਤ ਸਿੰਘ (ਸੁਰ ਸਿੰਘ, ਅੰਮ੍ਰਿਤਸਰ) ਅਤੇ (ਬਾਬਾ) ਹਰਨਾਮ ਸਿੰਘ ਟੁੰਡੀਲਾਟ (ਕੋਟਲਾ ਨੌਧ ਸਿੰਘ, ਹੁਸ਼ਿਆਰਪੁਰ) ਸਮੇਤ ਹਿੰਦੁਸਤਾਨ ਛੱਡ ਕੇ ਕਾਬਲ ਵੱਲ ਚਲਾ ਗਿਆ। ਸਰਹੱਦ ਦੇ ਨਜ਼ਦੀਕ ਜਾ ਕੇ ਤਿੰਨੇ ਕਿਸੇ ਥਾਂ ਸੌਂ ਗਏ। ਅੱਧੀ ਰਾਤ ਨੂੰ ਕਰਤਾਰ ਸਿੰਘ ਅਚਾਨਕ ਉੱਠ ਕੇ ਬੈਠ ਗਿਆ ਅਤੇ ਆਪਣੇ ਸਾਥੀਆਂ ਨੂੰ ਬਚੇ–ਖੁਚੇ ਵਸੀਲਿਆਂ ਨੂੰ ਦੁਬਾਰਾ ਇਕੱਠੇ ਕਰਨ ਲਈ ਵਾਪਸ ਮੁੜਨ ਲਈ ਪ੍ਰੇਰਨ ਲੱਗਾ। ਬਾਅਦ ਵਿਚ ਪਤਾ ਲੱਗਾ ਕਿ ਉਸ ਵਲੋਂ ਵਾਪਸ ਮੋੜਾ ਕੱਟਣ ਵਿਚ "ਗ਼ਦਰ–ਦੀ–ਗੂੰਜ" ਦੀਆਂ ਇਨ੍ਹਾਂ ਸਤਰਾਂ ਵਿਚਲਾ ਉਤਸ਼ਾਹ ਸੀ ਜਿਹੜੀਆਂ ਉਸ ਨੂੰ ਬਹੁਤ ਪਸੰਦ ਸਨ:

"ਬਣੀ ਸਿਰ ਸ਼ੇਰਾਂ ਦੇ, ਕੀ ਜਾਣਾ ਭੱਜਕੇ।"

"ਗ਼ਦਰ" ਦੀ ਰੂਹ ਦਾ ਸਾਮਰਾਜ ਦੇ ਮਜ਼ਬੂਤ ਗੜ੍ਹਾਂ ਦੇ ਅੰਦਰ ਤਕ ਫੈਲ ਜਾਣਾ, ਭਾਵ ਫ਼ੌਜ, ਅਤੇ ਜੁਗਰਾਫ਼ੀਏ ਵਜੋਂ ਮਹਾਂਦੀਪਾਂ ਤੋਂ ਵੀ ਪਾਰ ਨਿਕਲ ਜਾਣਾ ਜ਼ਿਆਦਾਤਰ "ਬਗ਼ਾਵਤ ਦੀਆਂ ਇਨ੍ਹਾਂ ਗੂੰਜਾਂ" ਦੇ ਰੂਹ ਛੇੜੂ ਅਸਰ ਕਰਕੇ ਹੀ ਹੋਇਆ ਸੀ।

ਲੁਧਿਆਣਾ ਵਿਚ ਬੋਰਡਿੰਗ ਹਾਊਸਾਂ ਵਿਚਲੇ ਵਿਦਿਆਰਥੀ, ਕਰਤਾਰ ਸਿੰਘ ਦੇ ਹਾਣ ਉਮਰ, ਗ਼ਦਰੀ ਸਾਹਿਤ ਨੂੰ ਸਾਈਕਲੋਸਟਾਈਲ ਮਸ਼ੀਨਾਂ ਨਾਲ ਮੁੜ ਛਾਪਦੇ ਤਾਂ ਕਿ ਬਾਹਰੋਂ ਮੰਗਵਾਉਣ ਉੱਪਰ ਲੱਗੀਆਂ ਰੋਕਾਂ ਵਲੋਂ ਪੈਦਾ ਕੀਤੇ ਜਾਂਦੇ ਖੱਪੇ ਨੂੰ ਪੂਰਿਆ ਜਾ ਸਕੇ।

"ਵਤਨ" ਨੂੰ ਮੋੜਾ

ਇਹ ਹੈਰਾਨੀ ਨਹੀਂ ਕਿ ਬਰਤਾਨਵੀ ਹਕੂਮਤ ਨੂੰ ਗ਼ਦਰੀਆਂ ਦੀ ਵਾਪਸੀ ਦੇ ਇਸ ਹੜ੍ਹ

ਦਾ ਪਹਿਲਾਂ ਤੋਂ ਹੀ ਅੰਦਾਜ਼ਾ ਹੋ ਚੁੱਕਾ ਸੀ। ਹਿੰਦੁਸਤਾਨੀ ਬੰਦਰਗਾਹਾਂ ਉੱਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਤੇ ਰੋਕਣ ਲਈ ਇੰਤਜ਼ਾਮ ਕੀਤੇ ਜਾ ਚੁੱਕੇ ਸਨ। ਕਰਤਾਰ ਸਿੰਘ ਜਿਹੇ ਕੁਝ ਕੁ ਨੇ ਇਸ ਗ੍ਰਿਫ਼ਤਾਰੀ ਤੋਂ ਬਚਣ ਲਈ ਕੋਲੰਬੋ (ਸ੍ਰੀਲੰਕਾ) ਉੱਤਰ ਜਾਣ ਨੂੰ ਤਰਜੀਹ ਦਿੱਤੀ। ਲੁਧਿਆਣਾ ਵਿਚ (ਘੰਟਾ ਘਰ ਨੇੜੇ) ਇਕ "ਜ਼ੈਲ ਘਰ' ਸੀ ਜੋ ਪੁੱਛਗਿੱਛ ਤੇ ਤਸੀਹਾ ਕੇਂਦਰ ਸੀ (ਸਿਤਮ ਜ਼ਰੀਫ਼ੀ ਇਹ ਹੈ ਕਿ ਇਸ ਇਮਾਰਤ ਨੂੰ 1970 ਵਿਚ ਢਾਹ ਦਿੱਤਾ ਗਿਆ ਤਾਂ ਕਿ ਉੱਥੇ ਦੁਕਾਨਾਂ ਬਣਾਈਆਂ ਜਾ ਸਕਣ)। ਸਿੱਟੇ ਵਜੋਂ, ਸਾਰੇ ਸਿਰਮੌਰ ਆਗੂ ਜਿਨ੍ਹਾਂ ਵਿਚ ਪ੍ਰਧਾਨ (ਬਾਬਾ ਸੋਹਣ ਸਿੰਘ ਭਕਨਾ) ਅਤੇ ਮੀਤ ਪ੍ਰਧਾਨ (ਬਾਬਾ ਕੇਸਰ ਸਿੰਘ ਠੱਠਗੜ੍ਹ) ਜੇਲ੍ਹਾਂ ਵਿਚ ਤਾੜ ਦਿੱਤੇ ਗਏ, ਇਸ ਤਰ੍ਹਾਂ ਲਹਿਰ ਹੰਢੇ ਹੋਏ ਆਗੂਆਂ ਤੋਂ ਵਾਂਝੀ ਹੋ ਗਈ – ਇਹ ਗ਼ਦਰ ਦੀ ਘਟਨਾ ਭਰਪੂਰ 'ਨਾਕਾਮੀ' ਦੀ ਇਕ ਅਹਿਮ ਵਜ੍ਹਾ ਬਣੀ।

ਇਸ ਨਾਲ ਇਹ ਲਹਿਰ ਕਮਜ਼ੋਰ ਤਾਂ ਹੋ ਗਈ ਪਰ ਉੱਕਾ ਹੀ ਤਾਕਤ ਵਿਹੂਣੀ ਨਾ ਹੋਈ ਕਿਉਂਕਿ ਇਹ 'ਸੰਗਤ' – ਧਾਰਮਿਕ ਇਕੱਠ – ਦੀਆਂ ਰਵਾਇਤਾਂ ਦੀ ਸੱਚੀ ਵਾਰਿਸ ਸੀ।

ਇਸ ਖੱਪੇ ਨੂੰ ਪੂਰਨ ਲਈ ਬੰਗਾਲ ਦੇ ਵਾਰਾਨਸੀ ਵਿਚਲੇ ਇਨਕਲਾਬੀ ਗਰੁੱਪ ਨਾਲ ਸੰਪਰਕ ਕਰਨ ਦੇ ਯਤਨ ਸ਼ੁਰੂ ਕੀਤੇ ਗਏ। ਆਖ਼ਿਰ ਨੂੰ ਮਸ਼ਹੂਰ ਹਾਰਡਿੰਗ ਬੰਬ ਕੇਸ (1912) ਵਾਲੇ ਰਾਸ ਬਿਹਾਰੀ ਬੋਸ ਅਤੇ ਉਸ ਦੇ ਸਹਾਇਕ ਸਚਿੰਦਰ ਸਾਨਿਆਲ ਨੂੰ ਸਿਰਮੌਰ ਅਗਵਾਈ ਸੰਭਾਲ ਦਿੱਤੀ ਗਈ। ਸਿੱਟੇ ਵਜੋਂ, ਹਜ਼ਾਰਾਂ 'ਬੇਨਾਮ' ਕਾਮਿਆਂ ਵਲੋਂ ਇੱਟ ਇੱਟ ਜੋੜ ਕੇ ਖੜ੍ਹੀ ਕੀਤੀ ਲਹਿਰ ਦੀ ਅਗਵਾਈ ਇਕ ਬਹੁਤ ਹੀ ਨਾਜ਼ੁਕ ਮਰਹੱਲੇ ਉੱਤੇ ਨਵੀਂ ਆਗੂ ਟੁਕੜੀ ਦੇ ਹਵਾਲੇ ਕਰ ਦਿੱਤੀ ਗਈ। ਇਸ ਚੋਣ ਦੇ ਚੰਗੇ ਮਾੜੇ ਪੱਖਾਂ ਜਾਂ ਮੋੜਵੇਂ ਅਸਰਾਂ ਨੂੰ ਦਰਕਿਨਾਰ ਕਰਦੇ ਹੋਏ ਇਹ ਗੱਲ ਯਕੀਨਨ ਹੀ ਸਾਫ਼ ਹੈ ਕਿ ਇੰਞ ਕਰਨਾ (ਗ਼ਦਰੀਆਂ) ਦੇ ਸਵੈਤਿਆਗ ਅਤੇ ਲਹਿਰ ਦੇ ਸਿਰਮੌਰ ਘੁਲਾਟੀਆਂ ਵਜੋਂ ਸਥਾਪਤ ਹੋਣ ਦੀ ਕਿਸੇ ਵੀ ਲਾਲਸਾ ਤੋਂ ਨਿਰਲੇਪ ਰਹਿਣ ਦੀ ਸ਼ਾਹਦੀ ਭਰਦਾ ਹੈ। ਇਸ ਨੂੰ ਲੈ ਕੇ ਕਿਸੇ ਨੇ ਭੋਰਾ ਵੀ ਨਾਰਾਜ਼ਗੀ ਦਾ ਇਜ਼ਹਾਰ ਨਹੀਂ ਸੀ ਕੀਤਾ। ਬੰਗਾਲੀ ਆਗੂਆਂ ਨੂੰ ਸੱਦਾ ਦੇਣ ਦੀ ਚੋਣ ਕਰਨ ਵਿਚ ਇਸ ਖਿੱਚ ਦਾ ਵੀ ਪੂਰਾ ਹੱਥ ਸੀ ਕਿ ਬੰਗਾਲ ਇਨਕਲਾਬੀ ਭਾਵਨਾਵਾਂ ਨਾਲ ਉੱਬਲ ਰਿਹਾ ਸੀ; ਭਾਵੇਂ ਕਿ ਇਹ ਜ਼ਿਆਦਾਤਰ ਵਿਅਕਤੀਗਤ ਦਹਿਸ਼ਤਪਸੰਦੀ ਦੁਆਲੇ ਹੀ ਕੇਂਦਰਤ ਸੀ, ਹੋਣ ਵਾਲੀ ਬਗ਼ਾਵਤ ਵਾਸਤੇ ਉਹ ਬੁਰੀ ਤਰ੍ਹਾਂ ਲੋੜੀਂਦੇ ਪਿਸਤੌਲਾਂ ਅਤੇ ਬੰਬ ਮੁਹੱਈਆ ਕਰ ਸਕਦੇ ਸਨ।

ਇਸ ਤੋਂ ਬਾਅਦ ਇਨਕਲਾਬੀਆਂ ਵਲੋਂ ਕੀਤੀਆਂ ਗਈਆਂ ਸਰਗਰਮੀਆਂ ਦਾ ਕਾਰਜ ਖੇਤਰ ਵਸੀਹ ਹੋ ਗਿਆ, ਜਿਸ ਨੇ ਸਮੁੱਚੇ ਉੱਤਰ-ਪੱਛਮੀ ਹਿੰਦੁਸਤਾਨ ਨੂੰ ਆਪਣੀ ਲਪੇਟ ਵਿਚ ਲੈ ਲਿਆ ਜਿਥੇ ਬਰਤਾਨਵੀ ਹਿੰਦੁਸਤਾਨ ਦੀ ਫ਼ੌਜ ਸਭ ਤੋਂ ਜ਼ਿਆਦਾ ਮੌਜੂਦ ਸੀ। ਟ੍ਰਿਬਿਊਨਲ ਦੇ ਜੱਜਾਂ ਨੇ ਐਸੀਆਂ 17 ਸਰਗਰਮੀਆਂ ਦੀ ਸੂਚੀ ਤਿਆਰ ਕੀਤੀ। ਉਨ੍ਹਾਂ ਵਿੱਚੋਂ ਕੁਝ ਕੁ ਦਾ ਜ਼ਿਕਰ ਕਰਨਾ ਹੀ ਕਾਫ਼ੀ ਹੋਵੇਗਾ:

ੳ) ਵਿਦਿਆਰਥੀਆਂ ਨੂੰ ਭਰਮਾਉਣਾ – ਧਿਆਨ ਦਾ ਮੁੱਖ ਕੇਂਦਰ ਲੁਧਿਆਣਾ ਦੇ ਖ਼ਾਲਸਾ ਅਤੇ ਇਸਲਾਮੀਆ ਹਾਈ ਸਕੂਲ ਦੇ ਵਿਦਿਆਰਥੀ ਸਨ ਜਿਨ੍ਹਾਂ ਨੇ

ਵੱਡੀ ਤਾਦਾਦ ਵਿਚ ਇਨਕਲਾਬੀ ਵਿਦਿਆਰਥੀ ਮੁਹੱਈਆ ਕੀਤੇ, ਜਿਨ੍ਹਾਂ ਵਿੱਚੋਂ ਕੁਝ ਕੁ ਨੂੰ ਬਹੁਤ ਹੀ ਨਾਜ਼ੁਕ ਜ਼ਿੰਮੇਵਾਰੀਆਂ ਦਿੱਤੀਆਂ ਗਈਆਂ, ਜਿਵੇਂ ਕਿ ਸਿਪਾਹੀਆਂ ਨਾਲ ਸਰਗਰਮ ਸੰਪਰਕ ਬਣਾਉਣਾ।

ਅ) ਪੇਂਡੂਆਂ ਨੂੰ ਲਪੇਟ ਵਿਚ ਲੈਣਾ – ਢੁੱਡੀਕੇ ਪਿੰਡ (ਓਦੋਂ ਫ਼ਿਰੋਜ਼ਪੁਰ ਦਾ ਹਿੱਸਾ ਹੁਣ ਮੋਗਾ ਜ਼ਿਲ੍ਹੇ ਦਾ) ਮਾਲਵਾ ਖ਼ਿੱਤੇ ਦੇ ਗ਼ਦਰੀਆਂ ਦਾ ਮਿਲਣ ਕੇਂਦਰ ਸੀ। ਇਸ ਨੂੰ ਜੱਜਾਂ ਨੇ 'ਢੁੱਡੀਕੇ ਗਰੋਹ' ਦਾ ਨਾਂ ਦਿੱਤਾ। ਜਲੰਧਰ ਦਾ ਪਿੰਡ ਸੰਘਵਾਲ ਦੋਆਬਾ ਖ਼ਿੱਤੇ ਦੇ ਇਨਕਲਾਬੀਆਂ ਦਾ ਕੇਂਦਰ ਬਣਿਆ ਤੇ ਇਸ ਨੇ ਲਹਿਰ ਦਾ ਉਸ ਖ਼ਿੱਤੇ ਵਿਚ ਅਸਰ ਫੈਲਾਇਆ। ਸੁਰ ਸਿੰਘ-ਦਦੇਹਰ-ਮਰਹਾਣਾ ਪਿੰਡ, ਜਿਹੜੇ ਅੰਮ੍ਰਿਤਸਰ ਅਤੇ (ਓਦੋਂ ਦੇ) ਲਾਹੌਰ ਜ਼ਿਲ੍ਹੇ ਵਿਚ ਪੈਂਦੇ ਸਨ ਮਾਝਾ ਖ਼ਿੱਤੇ ਦਾ ਕੇਂਦਰ ਬਣੇ। ਇਸ ਦੇ ਨਾਲ ਹੀ ਇਕ ਅਹਿਮ ਘਟਨਾ ਇਹ ਹੋਈ ਕਿ (ਭਾਈ ਸਾਹਿਬ) ਰਣਧੀਰ ਸਿੰਘ ਦਾ "ਜਥਾ" ਲਹਿਰ ਨਾਲ ਜੁੜ ਗਿਆ। ਇਹ ਸੰਪਰਦਾਇ ਉਸ ਵਕਤ ਲਹਿਰ ਦਾ ਹਿੱਸਾ ਬਣਿਆ ਜਦੋਂ ਇਹ ਹਕੂਮਤ ਵਲੋਂ ਗੁਰਦੁਆਰਾ ਰਕਾਬ ਗੰਜ ਦਿੱਲੀ ਦੀ ਬੇਅਦਬੀ ਤੋਂ ਤਪਿਆ ਹੋਇਆ ਸੀ ਜਿਹੜੀ 1911 ਵਿਚ (ਓਦੋਂ ਦੇ) ਵਾਇਸਰਾਏ ਹਾਊਸ (ਹੁਣ ਰਾਸ਼ਟਰਪਤੀ ਭਵਨ) ਦੀਆਂ ਹੱਦਾਂ ਵਧਾ ਰਹੀ ਸੀ, ਯਾਨੀ, ਨਵੀਂ ਦਿੱਲੀ ਵਿਖੇ ਨਵੀਂ ਰਾਜਧਾਨੀ (ਜਿਹੜੀ 1913 ਤਕ ਕਲਕੱਤਾ ਸੀ) ਦੀ ਉਸਾਰੀ ਦੌਰਾਨ। ਇਸ ਸੰਪਰਦਾਇ ਨੇ 19 ਫਰਵਰੀ 1915 ਨੂੰ ਫ਼ਿਰੋਜ਼ਪੁਰ ਛਾਉਣੀ ਵਿਚ ਬਗ਼ਾਵਤ ਖੜ੍ਹੀ ਕਰਨ ਵਿਚ ਵੱਡੀ ਭੂਮਿਕਾ ਨਿਭਾਈ। ਇਸ ਦੇ ਬਹੁਤੇ ਮੈਂਬਰ ਲੁਧਿਆਣਾ ਜ਼ਿਲ੍ਹੇ ਦੇ ਨਾਰੰਗਵਾਲ-ਗੁੱਜਰਵਾਲ-ਸਰਾਭਾ ਇਲਾਕੇ ਨਾਲ ਸਬੰਧਤ ਸਨ।

ੲ) ਫ਼ੌਜੀਆਂ ਨੂੰ ਵਰਗਲਾਉਣਾ – ਜਿਸ ਚੀਜ਼ ਨੇ ਹਕੂਮਤ ਨੂੰ ਸਭ ਤੋਂ ਵੱਧ ਪ੍ਰੇਸ਼ਾਨ ਕੀਤਾ ਉਹ ਸੀ ਗ਼ਦਰੀਆਂ ਦੀ ਕਾਮਯਾਬੀ ਦਾ ਉਹ ਦਰਜਾ ਜਿਸ ਨਾਲ ਉਹ ਬਰਤਾਨਵੀ ਹਿੰਦੁਸਤਾਨ ਦੇ ਫ਼ੌਜੀਆਂ ਨੂੰ ਆਪਣੇ ਕਾਜ ਵੱਲ ਜਿੱਤਣ ਵਿਚ ਸਫ਼ਲ ਰਹੇ ਸਨ। ਇਸ ਅਸਰ ਦਾ ਆਕਾਰ ਅਤੇ ਵੇਗ, ਸੰਖੇਪ ਕੋਰਟ ਮਾਰਸ਼ਲ ਮੁਕੱਦਮਿਆਂ ਤੋਂ ਬਾਅਦ ਗੋਲੀਆਂ ਨਾਲ ਫੁੰਡੇ ਗਏ ਸ਼ਹੀਦਾਂ ਦੇ ਇਸ ਸ਼ਾਨਾਮੱਤੇ ਸਾਕੇ ਪ੍ਰਤੀ ਹਕੂਮਤ ਦੇ ਲਾਪ੍ਰਵਾਹ ਤੇ ਪਥਰਾਏ ਵਤੀਰੇ ਕਾਰਨ ਗੁਪਤ ਤਹਿਖ਼ਾਨਿਆਂ ਵਿਚ ਦੱਬੇ ਪਏ ਹਨ। ਨਾ ਸਿਰਫ਼ ਹਿੰਦੁਸਤਾਨ ਵਿਚ ਹੀ ਸਗੋਂ ਮਲਾਇਆ ਅਤੇ ਸਿੰਗਾਪੁਰ ਵਿਚ ਵੀ ਫ਼ੌਜੀਆਂ ਨੇ 'ਵਿਆਪਕ' ਬਗ਼ਾਵਤਾਂ ਕੀਤੀਆਂ।

ਲਾਹੌਰ ਲਾਗੇ, ਮੀਆਂ-ਮੀਰ ਛਾਉਣੀ ਜਿਥੇ 23ਵਾਂ ਰਿਸਾਲਾ ਮੌਜੂਦ ਸੀ ਅਤੇ ਫ਼ਿਰੋਜ਼ਪੁਰ ਜਿਥੇ 26ਵੀਂ ਪੰਜਾਬੀ ਪਲਟਣ ਤਾਇਨਾਤ ਸੀ ਗ਼ਦਰੀਆਂ ਦੀਆਂ

ਸਰਗਰਮੀਆਂ ਦੇ ਸਰਗਰਮ ਕੇਂਦਰ ਬਣ ਕੇ ਉੱਭਰੇ। ਸਿਰਫ਼ 23ਵੇਂ ਰਿਸਾਲੇ ਵਿੱਚੋਂ ਹੀ 12 ਫ਼ੌਜੀਆਂ ਨੂੰ **ਡਗਸ਼ਈ** ਦੇ ਸਥਾਨ ਉੱਤੇ ਸਜ਼ਾ-ਏ-ਮੌਤ ਦਿੱਤੀ ਗਈ ਤੇ ਉਨ੍ਹਾਂ ਨੂੰ 3.9.1915 ਨੂੰ ਅੰਬਾਲਾ ਦੀ ਕੇਂਦਰੀ ਜੇਲ੍ਹ ਵਿਚ ਫਾਂਸੀ ਦੇ ਦਿੱਤੀ ਗਈ।

ਸ) ਉਪਰੋਕਤ ਨਾਲ ਸਬੰਧਤ ਇਨਕਲਾਬੀ ਸਾਹਿਤ।

ਹ) ਖਜ਼ਾਨੇ ਲੁੱਟਣਾ – ਤਜਵੀਜ਼ ਪਰ ਇਸ ਉੱਤੇ ਅਮਲ ਨਹੀਂ ਹੋਇਆ।

ਕ) ਹਥਿਆਰ ਇਕੱਠੇ ਕਰਨੇ ਅਤੇ ਬੰਬ ਬਣਾਉਣੇ।

ਗ਼ਦਰ ਦਾ ਦਿਨ - 19 ਫਰਵਰੀ 1915

ਫ਼ੌਜੀ ਟੁਕੜੀਆਂ ਅਤੇ ਆਮ ਜਨਤਾ ਤੋਂ ਇਕੱਠੀ ਹੋਈ ਜਾਣਕਾਰੀ ਨੂੰ ਧਿਆਨ ਵਿਚ ਰੱਖਦਿਆਂ ਪਾਰਟੀ ਦੇ ਲਾਹੌਰ ਵਿਚਲੇ ਸਦਰ-ਮੁਕਾਮ ਵਿਚ 12.2.15 ਨੂੰ ਰਾਸ ਬਿਹਾਰੀ ਬੋਸ ਦੀ ਅਗਵਾਈ ਵਿਚ ਅਤਿ ਅਹਿਮ ਫ਼ੈਸਲਾ ਲਿਆ ਗਿਆ ਕਿ 21 ਫਰਵਰੀ ਨੂੰ ਗ਼ਦਰ ਸ਼ੁਰੂ ਕਰ ਦਿੱਤਾ ਜਾਵੇ।

ਇਸ ਅਨੁਸਾਰ ਹੀ ਵੱਖੋ-ਵੱਖਰੇ ਕੇਂਦਰਾਂ ਨੂੰ ਸੁਨੇਹੇ ਘੱਲ ਦਿੱਤੇ ਗਏ ਅਤੇ ਨਾਲ ਹੀ ਆਮ ਬਗ਼ਾਵਤ ਦੇ ਸ਼ੁਰੂ ਹੋਣ ਦਾ ਸੰਕੇਤ ਭੇਜ ਦਿੱਤਾ ਗਿਆ। ਪਰ ਇਸ ਵਕਤ ਦੌਰਾਨ ਕ੍ਰਿਪਾਲ ਸਿੰਘ ਦੀ ਬਦੌਲਤ ਪੁਲਿਸ ਉਨ੍ਹਾਂ ਦੇ ਸਭ ਤੋਂ ਅੰਦਰਲੇ ਘੇਰਿਆਂ ਤਕ ਪਹੁੰਚਣ ਵਿਚ ਕਾਮਯਾਬ ਹੋ ਚੁੱਕੀ ਸੀ, ਜਿਹੜਾ ਕਿ ਇਸੇ ਮਕਸਦ ਵਾਸਤੇ ਜਸੂਸ ਵਜੋਂ ਘੁਸਿਆ ਹੋਇਆ ਸੀ। ਕਿਸੇ ਤਰ੍ਹਾਂ ਆਗੂਆਂ ਨੂੰ ਇਹ ਪਤਾ ਲੱਗ ਗਿਆ ਕਿ ਪੁਲਿਸ ਨੂੰ 21 ਤਰੀਕ ਬਾਰੇ ਖ਼ਬਰ ਹੋ ਚੁੱਕੀ ਹੈ। ਸੋ 16 ਜਾਂ 17 ਫਰਵਰੀ ਨੂੰ ਸਰਕਾਰੀ ਕਾਰਵਾਈ ਦੇ ਯਤਨ ਨੂੰ ਨਾਕਾਮ ਬਣਾਉਣ ਲਈ ਗ਼ਦਰ ਦੀ ਤਰੀਕ ਦੋ ਦਿਨ ਅਗਾਊਂ 19 ਫਰਵਰੀ ਤੈਅ ਕਰ ਲਈ ਗਈ। ਪਰ ਚਲਾਕ ਕ੍ਰਿਪਾਲ ਨੂੰ 19 ਦੀ ਸਵੇਰ ਨੂੰ ਹੀ ਇਸ ਦੀ ਭਿਣਕ ਮਿਲ ਗਈ ਤੇ ਉਸ ਨੇ ਪਾਰਟੀ ਦੇ ਸਦਰ-ਮੁਕਾਮ ਉੱਪਰ ਹਮਲਾ ਕਰਵਾ ਦਿੱਤਾ ਜੋ ਉਸੇ ਦਿਨ ਦੁਪਹਿਰ ਦੇ ਵਕਤ ਹੋਇਆ।

ਬਾਕੀ ਗ਼ਦਰੀਆਂ ਨੂੰ ਲਾਹੌਰ ਸਦਰ-ਮੁਕਾਮ ਉੱਪਰ ਹੋਏ ਉਪਰੋਕਤ ਹਮਲੇ ਦੀ ਕੋਈ ਖ਼ਬਰ ਨਹੀਂ ਸੀ ਸੋ ਉਨ੍ਹਾਂ ਨੇ ਉਸੇ ਤਰ੍ਹਾਂ ਆਪਣੀ ਯੋਜਨਾ ਨੂੰ ਲਾਗੂ ਕਰ ਦਿੱਤਾ। ਫ਼ਿਰੋਜ਼ਪੁਰ ਛਾਉਣੀ ਦੇ ਬਾਹਰ ਸਰਕੰਡਿਆਂ ਵਿਚ ਬਹੁਤ ਸਾਰੇ ਗ਼ਦਰੀ ਕਰਤਾਰ ਸਿੰਘ ਦੀ ਅਗਵਾਈ ਵਿਚ ਇਕੱਠੇ ਹੋਏ ਹੋਏ ਸਨ। ਉਹ ਫ਼ੌਜੀ ਬੈਰਕਾਂ ਵਿਚ ਗਿਆ ਤੇ ਉਸ ਨੂੰ ਪਤਾ ਲੱਗਾ ਕਿ ਤਰੀਕ ਦਾ ਭੇਤ ਖੁੱਲ੍ਹਣ ਕਾਰਨ ਹਾਲਾਤ ਵਿਚ ਵੱਡਾ ਬਦਲਾਓ ਹੋ ਚੁੱਕਾ ਸੀ ਅਤੇ ਉਹ ਖਿੰਡ ਜਾਣ ਦਾ ਐਲਾਨ ਕਰਨ ਲਈ ਵਾਪਸ ਪਰਤ ਆਇਆ। ਦਿਲਚਸਪ ਗੱਲ ਇਹ ਹੈ ਕਿ ਭਾਈ ਸਾਹਿਬ ਰਣਧੀਰ ਸਿੰਘ ਦਾ "ਜਥਾ" ਜਿਸ ਵਿਚ ਕੋਈ 60-65 ਜਣੇ ਸਨ, (19.2.15 ਨੂੰ) ਨੀਲਾ ਬਾਣਾ ਪਾਈ ਤੇ ਹਾਰਮੋਨੀਅਮ ਚੁੱਕੀ ਤਾਂ ਕਿ ਉਹ 'ਕੀਰਤਨੀ ਜਥਾ" ਸਮਝੇ ਜਾਣ, ਮੁੱਲਾਂਪੁਰ (ਦਾਖ਼ਾ) ਤੋਂ ਜੋ ਕਿ ਲੁਧਿਆਣਾ ਤੋਂ ਕੋਈ 10 ਮੀਲ ਦੀ ਵਿੱਥ 'ਤੇ ਹੈ, ਅਤੇ ਗੁੱਜਰਵਾਲ ਤੇ

ਨਾਰੰਗਵਾਲ ਦੇ ਬਹੁਤ ਨੇੜੇ ਹੈ, ਫ਼ਿਰੋਜ਼ਪੁਰ ਦੀ ਗੱਡੀ ਵਿਚ ਚੜ੍ਹ ਗਏ। (ਉਨ੍ਹਾਂ ਵਿੱਚੋਂ ਜ਼ਿਆਦਾਤਰ ਦੀ ਸ਼ਨਾਖ਼ਤ ਹੋ ਗਈ ਅਤੇ ਉਨ੍ਹਾਂ ਉੱਤੇ ਬਾਅਦ ਵਿਚ ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਮੁਕੱਦਮਾ ਚੱਲਿਆ)।

"ਮੁੱਲ" ਜੋ ਤਾਰਨਾ ਪਿਆ

ਹਕੂਮਤੀ ਮਸ਼ੀਨਰੀ "ਬੁਰਾਈ ਨੂੰ ਜੰਮਦਿਆਂ ਮਾਰ ਦੇਣ" ਤੋਂ ਬਾਅਦ ਬਹੁਤ ਤੇਜ਼ੀ ਨਾਲ ਹਰਕਤ ਵਿਚ ਆ ਗਈ।

ਪੰਜਾਬ ਦੇ ਗਵਰਨਰ, ਸਰ ਮਾਈਕਲ ਓਡਵਾਇਰ (ਜਿਹੜਾ ਬਾਅਦ ਵਿਚ 1919 ਦੇ ਜੱਲ੍ਹਿਆਂ ਵਾਲੇ ਬਾਗ਼ ਸਾਕੇ ਕਾਰਨ ਬਦਨਾਮ ਹੋਇਆ ਤੇ ਜਿਸ ਦੀ 1940 ਵਿਚ ਸ਼ਹੀਦ ਊਧਮ ਸਿਘ ਨੇ ਅਲਖ ਮੁਕਾਈ) ਨੇ ਬਰਤਾਨਵੀ ਸੰਸਦ ਦੇ ਇਕ ਚੀਫ਼ ਅਤੇ ਦੋ ਵਿਸ਼ੇਸ਼ ਕਮਿਸ਼ਨਰਾਂ (ਜੱਜ ਨਹੀਂ) ਉੱਤੇ ਅਧਾਰਤ ਇਕ ਟ੍ਰਿਬਿਊਨਲ, ਜਿਸ ਨੂੰ ਕਾਰਜ ਪ੍ਰਣਾਲੀ ਦੇ ਅਤੇ ਬੇਰੋਕ-ਟੋਕ ਬੇਥਾਹ ਅਧਿਕਾਰ ਦਿੱਤੇ ਗਏ ਸਨ (ਨਾ ਵਕੀਲ, ਨਾ ਦਲੀਲ, ਨਾ ਅਪੀਲ), ਬਣਾਉਣ ਦੇ ਨੋਟੀਫ਼ੀਕੇਸ਼ਨ ਦਾ ਖ਼ੂਬ ਫ਼ਾਇਦਾ ਉਠਾਇਆ।

ੳ) ਲਾਹੌਰ ਸਾਜ਼ਿਸ਼ ਮੁਕੱਦਮਾ

ਟ੍ਰਿਬਿਊਨਲ ਨੂੰ ਦਿੱਤੇ ਗਏ ਅਧਿਕਾਰਾਂ ਦੇ ਇਸ 'ਬਲੈਂਕ ਚੈੱਕ" ਅਤੇ ਨਾਲ ਹੀ ਬੁਰੀ ਤਰ੍ਹਾਂ ਨਾਲ ਹਿੰਦੁਸਤਾਨੀ ਵਿਰੋਧੀ ਪੰਜਾਬ ਦੇ ਗਵਰਨਰ, ਦੋਵਾਂ ਦਾ ਰੱਜਕੇ ਇਸਤੇਮਾਲ ਕੀਤਾ ਗਿਆ। ਲਾਹੌਰ ਸਾਜ਼ਿਸ਼ ਮੁਕੱਦਮੇ ਦੇ 61 ਮੁਲਜ਼ਮਾਂ ਵਿੱਚੋਂ 24 ਨੂੰ ਸਜ਼ਾ-ਏ-ਮੌਤ, 27 ਦੀ ਜਾਇਦਾਦ ਜ਼ਬਤੀ ਅਤੇ ਕਾਲੇਪਾਣੀ ਉਮਰ ਕੈਦ, 6 ਨੂੰ ਘੱਟ ਸਜ਼ਾ ਦਿੱਤੀ ਗਈ ਅਤੇ ਸਿਰਫ਼ ਚਾਰ ਜਣੇ ਹੀ ਬਰੀ ਕੀਤੇ ਗਏ।

ਮੁਲਜ਼ਮਾਂ ਸਬੰਧੀ ਜੋ ਫ਼ੈਸਲੇ ਸੁਣਾਏ ਗਏ ਉਨ੍ਹਾਂ ਦੀ ਲਾਪ੍ਰਵਾਹੀ ਵਾਲੀ ਸ਼ਬਦਾਵਲੀ ਤਕਰੀਬਨ ਸੰਕੇਤਕ ਸੀ, ਜੇ ਕਿਸੇ ਅਪੀਲ ਅਦਾਲਤ ਵਿਚ ਉਨ੍ਹਾਂ ਉੱਤੇ ਜਿਰਾਹ ਹੁੰਦੀ ਤਾਂ (ਸੰਭਵ ਹੈ ਕਿ) ਉਸ ਅੱਗੇ ਉਨ੍ਹਾਂ ਨੇ ਨਹੀਂ ਸੀ ਠਹਿਰਨਾ। ਜਿਹਾ ਕਿ ਹੋਣਾ ਹੀ ਸੀ, ਇਕੋ ਸੱਟੇ 24 ਜਣਿਆਂ ਨੂੰ ਸਜ਼ਾ-ਏ-ਮੌਤ ਸੁਣਾਏ ਜਾਣ ਉੱਤੇ ਹਿੰਦੁਸਤਾਨ ਦੇ ਸਭ ਤੋਂ ਉੱਪਰਲੇ ਅਧਿਕਾਰੀਆਂ ਦਾ, ਯਾਨੀ, ਗਵਰਨਰ ਜਨਰਲ ਦਾ ਧਿਆਨ ਖਿੱਚਿਆ ਗਿਆ। ਜਿੱਥੋਂ ਤਕ ਕਾਨੂੰਨੀ ਕਾਰਵਾਈ ਦਾ ਸਵਾਲ ਹੈ ਪੰਜਾਬ ਗਵਰਨਰ ਨੇ ਕਾਨੂੰਨੀ ਅਧਿਕਾਰੀ ਹੋਣ ਦੇ ਨਾਤੇ, ਇਸ ਫ਼ੈਸਲੇ ਉੱਤੇ "ਕਾਨੂੰਨੀ ਮੋਹਰ" ਲਗਾ ਦਿੱਤੀ। ਬੇਸ਼ਕ ਕਿ ਰਹਿਮ ਦੀ ਅਪੀਲ ਵਾਸਤੇ ਵੀ ਗੁੰਜਾਇਸ਼ ਮੌਜੂਦ ਸੀ ਜਿਸ ਦਾ 24 ਜਣਿਆਂ ਵਿੱਚੋਂ ਇਕ ਜਾਂ ਦੋ ਨੇ ਇਸਤੇਮਾਲ ਕੀਤਾ। ਸੋ ਕਾਨੂੰਨੀ ਸੋਚ ਦੀ ਬਜਾਏ ਵਿਹਾਰਕ ਤਰੀਕੇ ਅਨੁਸਾਰ ਮਾਮਲਾ ਗਵਰਨਰ ਜਨਰਲ ਦੀ ਕੌਂਸਲ ਦੇ ਸਪੁਰਦ ਹੋਇਆ।

ਫ਼ੈਸਲਾ 13.9.1915 ਨੂੰ ਸੁਣਾਇਆ ਗਿਆ ਸੀ। ਇਹ ਕੈਦੀ "ਫਾਂਸੀ ਕੋਠੀਆਂ"

ਵਿਚ ਕੈਦ ਕਰ ਦਿੱਤੇ ਗਏ ਸਨ। ਇਸ ਵਕਤ ਦੌਰਾਨ ਉਨ੍ਹਾਂ ਦੀ ਫਾਂਸੀ ਦੀ ਤਰੀਕ 5.10.15 ਤੈਅ ਕੀਤੀ ਗਈ। ਉਨ੍ਹਾਂ ਦੇ ਆਪਣੀ "ਆਖ਼ਰੀ ਰਾਤ" ਇਕ ਦੂਜੇ ਨੂੰ ਆਪੋ ਆਪਣੀ ਕੋਠੀ ਵਿੱਚੋਂ ਵਧਾਈਆਂ ਦੇਣ ਤੇ ਦੁਆ ਸਲਾਮ ਕਰਨ ਵਿਚ ਗੁਜ਼ਾਰੀ ਅਤੇ ਉੱਚੀ ਆਵਾਜ਼ ਵਿਚ ਕਵਿਤਾਵਾਂ ਗਾ ਕੇ ਆਜ਼ਾਦੀ ਦੀ ਵੇਦੀ ਉੱਪਰ ਆਪਣੇ ਆਪ ਨੂੰ ਕੁਰਬਾਨ ਕਰ ਦੇਣ ਦੇ ਅਕੀਦੇ ਦੀ ਤਸਦੀਕ ਕੀਤੀ। 5 ਅਕਤੂਬਰ ਸਵੇਰੇ-ਸਵੇਰੇ ਜਦ ਉਹ ਵਾਰਡਨ ਦੀ ਆਖ਼ਰੀ ਦਸਤਕ ਦੀ ਇੰਤਜ਼ਾਰ ਕਰ ਰਹੇ ਸਨ ਤਾਂ ਕਿ ਉਹ "ਆਖ਼ਰੀ ਇਸ਼ਨਾਨ" ਵਾਸਤੇ ਪਾਣੀ ਦੀ ਭਰੀ ਬਾਲਟੀ ਲੈ ਕੇ ਆਵੇ, ਉਸ ਵਕਤ ਉਨ੍ਹਾਂ ਨੂੰ ਦੱਸਿਆ ਗਿਆ ਕਿ ਉਨ੍ਹਾਂ ਦੀ ਫਾਂਸੀ ਮੁਲਤਵੀ ਕਰ ਦਿੱਤੀ ਗਈ ਹੈ। ਬਾਬਾ ਸੋਹਣ ਸਿੰਘ ਭਕਨਾ ਨੇ ਆਪਣੀ ਸਵੈਜੀਵਨੀ "ਜੀਵਨ ਸੰਗਰਾਮ" ਵਿਚ ਇਸ ਤਰ੍ਹਾਂ ਬਿਆਨ ਕੀਤਾ ਹੈ ਕਿ ਗਵਰਨਰ ਜਨਰਲ ਨੇ ਐਸਾ ਕਿਉਂ ਕੀਤਾ, ਉਹ ਖ਼ੁਦ ਵੀ ਇਨ੍ਹਾਂ 24 ਵਿੱਚੋਂ ਇਕ ਸਨ। "ਫਿਰ ਪਤਾ ਲੱਗਾ ਕਿ ਸ੍ਰੀ ਰਘੁਨਾਥ ਸਹਾਏ ਤੇ ਕੁਝ ਹੋਰ ਦੇਸ਼ ਭਗਤ ਵਕੀਲਾਂ ਨੇ ਇਸ ਮੁਕੱਦਮੇ ਦਾ ਡਰਾਮਾ ਅੱਖੀਂ ਵੇਖਿਆ ਸੀ। ਉਹਨਾਂ ਨੇ ਇੱਕ ਕਮੇਟੀ ਬਣਾਈ, ਜਿਸ ਨੇ ਇਸ ਮੁਕੱਦਮੇ ਦੇ ਕਾਗਜ਼ ਅਲਾਹਾਬਾਦ ਪੰਡਿਤ ਮੋਤੀ ਲਾਲ ਨਹਿਰੂ ਅੱਗੇ ਪੇਸ਼ ਕੀਤੇ। ਕਾਗਜ਼ਾਂ ਦੀ ਪੜਤਾਲ ਕਰਕੇ ਉਹ ਕਹਿਣ ਲੱਗੇ ਕਿ 24 ਵਿੱਚੋਂ 17 ਅਜਿਹਿਆਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਹੈ, ਜਿਹੜੇ ਹਿੰਦੁਸਤਾਨ ਦੀ ਜ਼ਮੀਨ ਉੱਤੇ ਉਤਰੇ ਹੀ ਨਹੀਂ ਤੇ ਜਹਾਜ਼ਾਂ ਤੋਂ ਹੀ ਫੜੇ ਗਏ ਹਨ। ਇਹ ਕਾਨੂੰਨੀ ਕਮਜ਼ੋਰੀ ਹੈ। ਵਕੀਲਾਂ ਦਾ ਡੈਪੂਟੇਸ਼ਨ ਵਾਇਸਰਾਏ ਦੀ ਕੌਂਸਲ ਦੇ ਨਾਮਜ਼ਦ ਮੈਂਬਰਾਂ – ਸਰ ਹਰਨਾਮ ਸਿੰਘ ਕਪੂਰਥਲਾ, ਸ੍ਰੀ ਮਦਨ ਮੋਹਨ ਮਾਲਵੀਆ ਤੇ ਸਰ ਅਲੀ ਇਮਾਮ ਮਦਰਾਸ ਨੂੰ ਮਿਲਿਆ। ਕੇਸ ਸਮਝਾਇਆ ਅਤੇ ਕਾਨੂੰਨੀ ਨੁਕਤੇ ਨਾਲ ਉਹਨਾਂ ਨੂੰ ਸਹਿਮਤ ਕਰ ਲਿਆ। ਫੇਰ ਇਹ ਡੈਪੂਟੇਸ਼ਨ ਲਾਰਡ ਹਾਰਡਿੰਗ ਨੂੰ ਮਿਲਿਆ ਤੇ ਉਸ ਨੇ ਉਸ ਕਾਨੂੰਨੀ ਕਮਜ਼ੋਰੀ ਦੀ ਬਿਨਾ ਤੇ ਉਹਨਾਂ 17 ਆਦਮੀਆਂ ਦੀ ਮੌਤ ਦੀ ਸਜ਼ਾ ਤੋੜ ਦਿੱਤੀ।"[12]

ਜਦ ਮੁਕੱਦਮੇ ਦੇ ਸਬੂਤਾਂ ਨੂੰ ਕਾਨੂੰਨ ਜ਼ਾਵੀਏ ਤੋਂ ਵਿਚਾਰਿਆ ਗਿਆ ਤਾਂ ਐਸੇ ਖੱਪੇ ਸਾਹਮਣੇ ਆਏ ਜਿਨ੍ਹਾਂ ਨੂੰ ਅੱਖੋਂ ਪਰੋਖੇ ਕਰਨਾ ਮੁਸ਼ਕਲ ਸੀ। ਟ੍ਰਿਬਿਊਨਲ ਤਾਂ ਇਸ ਸਿੱਧੀ ਸਾਦੀ ਧਾਰਨਾ ਉੱਤੇ ਚੱਲ ਰਿਹਾ ਸੀ ਕਿ ਸਾਰੇ ਸਾਜ਼ਿਸ਼ੀਆਂ (ਮੁਜਰਮਾਂ) ਦੇ "ਜੁਲਾਈ-ਅਗਸਤ 1914 ਤਕ ਕੀਤੇ ਕੰਮ ਜੰਗ ਛੇੜਨ ਦੀ ਸਾਜ਼ਿਸ਼ ਦੇ ਕਾਰੇ ਸਨ, ਤੇ ਪਿੱਛੋਂ ਜਦੋਂ ਜੰਗ ਲੱਗ ਗਈ ਤਾਂ ਇਸ ਜੰਗ ਨੂੰ ਅਗਾਂਹ ਵਧਾਉਣ ਵਾਲੇ ਅਤੇ ਐਸੀ ਜੰਗ ਨੂੰ ਉਕਸਾਉਣ ਵਾਲੇ ਕੰਮ ਸਨ।"[13]

ਤਾਜ਼ੀਰਾਤ-ਏ-ਹਿੰਦ (IPC) ਮੁਤਾਬਿਕ ਸਾਜ਼ਿਸ਼ ਕਰਨ ਦੇ ਇਲਜ਼ਾਮਾਂ ਦੀ ਸਜ਼ਾ ਉਮਰ ਕੈਦ ਹੈ ਜਦੋਂਕਿ ਜੰਗ ਲੜਨ ਦੀ ਸਜ਼ਾ ਸਜ਼ਾ-ਏ-ਮੌਤ ਵੀ ਹੋ ਸਕਦੀ ਹੈ। ਟ੍ਰਿਬਿਊਨਲ ਨੇ 4.8.1915 ਦੇ "ਐਲਾਨ-ਏ-ਜੰਗ" ਨੂੰ *ਜੰਗ ਸ਼ੁਰੂ ਕਰਨ* ਦੇ *ਪ੍ਰਤੱਖ ਠੋਸ ਸਬੂਤ ਵਜੋਂ* ਲਿਆ ਕਿਉਂਕਿ ਸਾਜ਼ਿਸ਼ੀਆਂ ਦੇ ਇਸ ਪਿੱਛੋਂ ਹੋਣ ਵਾਲੇ ਸਾਰੇ ਮੁਜਰਮਾਨਾ ਕੰਮ *ਇਸ ਸਿੱਧਮ-ਸਿੱਧੀ ਹਠਧਰਮੀ* ਕਾਰਨ *ਆਪਣੇ ਆਪ ਹੀ* ਇਨ੍ਹਾਂ ਕੰਮਾਂ ਨੂੰ ਜੰਗ ਦੇ ਜ਼ੁਮਰੇ ਵਿਚ ਲੈ ਗਏ।

ਸੋਹਣ ਸਿੰਘ ਭਕਨਾ ਵਰਗੇ "ਕੇਂਦਰੀ ਸਾਜ਼ਿਸ਼ੀਆਂ ਅਤੇ ਜੰਗਬਾਜ਼ਾਂ" ਦੇ ਫਾਂਸੀ ਤੋਂ

ਬਚ ਜਾਣ ਕਾਰਨ ਸਰ ਮਾਈਕਲ ਓਡਵਾਇਰ ਵਰਗੇ ਆਦਮੀ ਨੂੰ ਨਿਰਾਸ਼ਾ ਹੋਈ। ਜਦੋਂਕਿ ਤਿੰਨ ਗਿੱਲਵਾਲੀਏ (ਅੰਮ੍ਰਿਤਸਰ) ਸਥਾਨਕ ਮਦਦਗਾਰ – ਸਰਦਾਰ ਬਖ਼ਸ਼ੀਸ਼ ਸਿੰਘ, ਸਰਦਾਰ ਸੁਰੈਣ ਸਿੰਘ ਪੁੱਤਰ ਸਰਦਾਰ ਬੂੜ ਸਿੰਘ ਅਤੇ ਸਰਦਾਰ ਸੁਰੈਣ ਸਿੰਘ ਪੁੱਤਰ ਸਰਦਾਰ ਈਸ਼ਰ ਸਿੰਘ – ਚਾਰ ਮੁੱਖ ਇਨਕਲਾਬੀ ਆਗੂਆਂ (ਸਰਦਾਰ ਕਰਤਾਰ ਸਿੰਘ ਸਰਾਭਾ, ਸ੍ਰੀ ਵਿਸ਼ਨੂੰ ਗਣੇਸ਼ ਪਿੰਗਲੇ, ਸਰਦਾਰ ਹਰਨਾਮ ਸਿੰਘ (ਸਿਆਲਕੋਟ) ਅਤੇ ਸਰਦਾਰ ਜਗਤ ਸਿੰਘ (ਸੁਰ ਸਿੰਘ) ਸਮੇਤ ਫਾਂਸੀ ਚੜ੍ਹਾ ਦਿੱਤੇ ਗਏ।

ਸਜ਼ਾਵਾਂ ਸੁਣਾਏ ਜਾਣ ਤੋਂ ਬਾਅਦ ਦੀਆਂ ਘਟਨਾਵਾਂ ਤੋਂ ਟ੍ਰਿਬਿਊਨਲ ਨੇ 'ਠੀਕ ਹੀ' ਸਬਕ ਸਿੱਖੇ। ਜਦੋਂ ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਮੁਕੱਦਮੇ ਵਿਚ ਸਜ਼ਾਵਾਂ ਸੁਣਾਈਆਂ ਗਈਆਂ ਤਾਂ ਫ਼ਰਕ ਹਰ ਕਿਸੇ ਨੂੰ ਸਾਫ਼ ਨਜ਼ਰ ਆਇਆ।

ਅ) ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਮੁਕੱਦਮਾ

ਇਸ ਤਹਿਤ ਦਿੱਤੀਆਂ ਗਈਆਂ ਸਜ਼ਾਵਾਂ ਦਾ ਰੁਝਾਨ ਕੁਲ–ਮਿਲਾਕੇ ਮੁਕਾਬਲਤਨ ਨਰਮ ਸਜ਼ਾਵਾਂ ਵਾਲਾ ਸੀ, ਇਹ ਵੱਡਾ ਫ਼ਰਕ ਸ਼ਾਇਦ ਇਸ ਕਾਰਨ ਸੀ ਕਿ ਲਹਿਰ ਦੇ ਬਹੁਤ ਸਾਰੇ ਉੱਭਰਵੇਂ ਆਗੂਆਂ ਨਾਲ ਪਹਿਲੇ ਮੁਕੱਦਮੇ ਦੌਰਾਨ ਹੀ ਨਜਿੱਠਿਆ ਜਾ ਚੁੱਕਾ ਸੀ। ਜਿਨ੍ਹਾਂ 74 ਜਣਿਆਂ ਉੱਤੇ ਮੁਕੱਦਮਾ ਚੱਲਿਆ ਉਨ੍ਹਾਂ ਵਿੱਚੋਂ ਪੰਜਾਂ (ਅਸਲ ਵਿਚ ਚਾਰਾਂ) ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ, 18 ਨੂੰ ਕਾਲੇਪਾਣੀ ਉਮਰ ਕੈਦ ਦੀ ਸਜ਼ਾ ਹੋਈ, ਕੋਈ 36 ਜਣਿਆਂ ਨੂੰ ਨਰਮ ਸਜ਼ਾਵਾਂ ਦਿੱਤੀਆਂ ਗਈਆਂ ਜਦੋਂਕਿ ਬਰੀ ਹੋਣ ਵਾਲਿਆਂ ਦੀ ਤਾਦਾਦ 15 ਸੀ।

ਬਾਅਦ ਵਿਚ, ਸਪਲੀਮੈਂਟਰੀ ਮਾਮਲਿਆਂ ਦੀ ਲੜੀ ਚਾਰ ਤਕ ਚੱਲੀ। ਇਹ ਮੁਕੱਦਮੇ ਉਨ੍ਹਾਂ ਉੱਤੇ ਚਲਾਏ ਗਏ ਜਿਹੜੇ ਬਾਅਦ ਵਿਚ ਗ੍ਰਿਫ਼ਤਾਰ ਹੋਏ (ਉਹ 'ਫ਼ਰਾਰ' ਰਹੇ ਸਨ)। ਇਸ ਤੋਂ ਛੁੱਟ, ਇਸ ਤਰ੍ਹਾਂ ਦੇ ਮੁਕੱਦਮਿਆਂ ਦਾ ਇਕ ਪੂਰਾ ਸਿਲਸਿਲਾ ਚੱਲਿਆ ਜਿਵੇਂ ਕਿ ਮੰਡੀ (ਹਿਮਾਚਲ ਪ੍ਰਦੇਸ) ਸਾਜ਼ਿਸ਼ ਮਾਮਲਾ, ਬਰਮਾ ਸਾਜ਼ਿਸ਼ ਮਾਮਲਾ (ਪਹਿਲਾ ਤੇ ਦੂਜਾ), ਬਨਾਰਸ ਸਾਜ਼ਿਸ਼ ਮਾਮਲਾ ਪਹਿਲਾ ਅਤੇ ਦੂਜਾ, ਫ਼ਿਰੋਜ਼ਪੁਰ ਕਤਲ ਮਾਮਲਾ, ਅਨਾਰਕਲੀ ਭਵਨ ਮਾਮਲਾ, ਜਗਤਪੁਰ ਕਤਲ ਮਾਮਲਾ, ਨੰਗਲ ਕਲਾਂ ਕਤਲ ਮਾਮਲਾ, ਪੱਧਰੀ ਕਤਲ ਮਾਮਲਾ, ਵੱਲਾ ਪੁਲ ਹਮਲੇ ਦਾ ਮਾਮਲਾ ਅਤੇ ਅਮਰੀਕਾ ਦੇ ਸ਼ਿਕਾਗੋ ਸਾਜ਼ਿਸ਼ ਤੇ ਸਾਨ ਫਰਾਂਸਿਸਕੋ ਸਾਜ਼ਿਸ਼ ਮਾਮਲੇ।

ੲ) ਕੋਰਟ ਮਾਰਸ਼ਲ

ਐਪਰ ਜਿਵੇਂ ਕਿ ਉੱਪਰ ਜ਼ਿਕਰ ਕੀਤਾ ਗਿਆ ਹੈ ਕਿ ਗ਼ਦਰੀਆਂ ਦੇ ਸੱਦੇ ਉੱਪਰ ਜਿਨ੍ਹਾਂ ਫ਼ੌਜੀਆਂ ਨੇ ਬਗ਼ਾਵਤ ਕੀਤੀ ਉਨ੍ਹਾਂ ਨੂੰ ਦਿੱਤੀਆਂ ਗਈਆਂ ਸਜ਼ਾਵਾਂ ਦੀ ਹੱਦ ਅਤੇ ਆਕਾਰ ਇਸ ਤਰ੍ਹਾਂ ਸੀ, ਇਕਤਾਲੀ ਜਣਿਆਂ ਨੂੰ ਸਿੰਗਾਪੁਰ ਵਿਚ ਸ਼ਰੇਆਮ ਗੋਲੀ ਮਾਰ ਦਿੱਤੀ ਗਈ ਅਤੇ ਤਿੰਨ ਨੂੰ ਫਾਂਸੀ ਦਿੱਤੀ ਗਈ, ਬਾਰਾਂ ਜਣੇ ਅੰਬਾਲਾ ਵਿਚ ਫਾਂਸੀ ਲਾਏ ਗਏ ਜਦੋਂਕਿ ਸੈਂਕੜਿਆਂ ਨੂੰ ਅੰਡੇਮਾਨ ਵਿਚ ਉਮਰ ਭਰ ਲਈ ਜਲਾਵਤਨ ਕਰ ਦਿੱਤਾ ਗਿਆ।

ਇਸ ਲੇਖਕ ਨੇ ਹੁਣੇ ਜਿਹੇ ਇਕ ਕਿਤਾਬ "ਸੋਲਜਰਜ਼ ਇਨ ਰਿਵੋਲਟ" ਲਿਖੀ ਹੈ ਜਿਸ ਵਿਚ ਬਰਤਾਨਵੀ ਹਿੰਦੁਸਤਾਨੀ ਫ਼ੌਜ ਵਿਚ ਹੋਈਆਂ ਵੱਖ-ਵੱਖ ਬਗ਼ਾਵਤਾਂ ਬਾਰੇ ਲਿਖਿਆ ਗਿਆ ਹੈ।[14]

ਇਥੇ ਇਹ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਗ਼ਦਰ ਕਰਨ ਲਈ ਹਿੰਦੁਸਤਾਨ ਵੱਲ ਪਰਤਦੇ ਹੋਏ ਗ਼ਦਰੀ ਰਸਤੇ ਵਿਚ ਬੰਦਰਗਾਹਾਂ ਉੱਪਰ ਰੁਕਦੇ ਰਹੇ ਅਤੇ ਉਹ ਉਥੇ ਤਾਇਨਾਤ ਹਿੰਦੁਸਤਾਨੀ ਫ਼ੌਜੀਆਂ ਨੂੰ ਲਹਿਰ ਵਿਚ ਸ਼ਾਮਲ ਹੋਣ ਲਈ ਮਨਾਉਣ ਵਾਸਤੇ ਸ਼ਰੇਆਮ ਮਿਲਦੇ ਰਹੇ।

ਸ) ਕੀ ਇਹ ਵਾਕਈ "ਸਾਜ਼ਿਸ਼" ਸੀ?

ਸਾਜ਼ਿਸ਼ ਹਮੇਸ਼ਾ ਲੁਕਵੀਂ, ਖੁਫ਼ੀਆ ਅਤੇ ਲੁਕ-ਛਿਪਕੇ ਕੀਤੀ ਜਾਂਦੀ ਹੈ, ਨਹੀਂ ਤਾਂ ਇਹ ਸਾਜ਼ਿਸ਼ ਨਹੀਂ ਰਹਿੰਦੀ। ਲਹਿਰ ਦੇ ਸ਼ੁਰੂ ਹੋਣ ਤੇ ਵਿਕਸਤ ਹੋਣ ਸਬੰਧੀ ਹਾਸਲ ਬਿਓਰਿਆਂ ਮੁਤਾਬਕ, ਜਿਵੇਂ ਕਿ ਲਾਹੌਰ ਸਾਜ਼ਿਸ਼ (ਪਹਿਲਾ) ਸਬੰਧੀ ਹੋਏ ਫ਼ੈਸਲੇ ਤੋਂ ਸਪਸ਼ਟ ਜ਼ਾਹਰ ਹੈ, ਇਸ ਮਾਮਲੇ ਵਿਚ ਇਹ ਪਹਿਲੂ ਬਿਲਕੁਲ ਮੌਜੂਦ ਨਹੀਂ ਸੀ। ਪਹਿਲੇ ਦਿਨ ਤੋਂ ਹੀ ਸਾਰਾ ਕੁਝ ਸ਼ਰੇਆਮ ਸੀ, ਸਗੋਂ ਜ਼ਿਆਦਾ ਹੀ ਖੁੱਲ੍ਹਾ ਸੀ। ਇਕੋ ਇਕ ਅੱਪਵਾਦ, ਜਿਹੜਾ ਇਸ ਅਖਾਣ ਦੀ ਹਾਮੀ ਭਰਦਾ ਹੈ, ਉਹ ਸੀ ਗ਼ਦਰ ਦੀ ਤਰੀਕ ਦਾ ਮਿਥਿਆ ਜਾਣਾ - 21 ਫਰਵਰੀ, ਬਾਅਦ ਵਿਚ 19 ਫਰਵਰੀ 1915।

ਲੱਗਦਾ ਹੈ ਕਿ ਜਿਸ ਚੀਜ਼ ਨੂੰ ਸਾਜ਼ਿਸ਼ ਦਾ ਨਾਂ ਦਿੱਤਾ ਗਿਆ ਉਸਦਾ ਰਿਸ਼ਤਾ "ਜਰਮਨ ਸਬੰਧ" ਨਾਲ ਜੁੜਦਾ ਹੈ ਜਿਸ ਦੀ ਇਸ ਸਿਰਲੇਖ ਅਧੀਨ ਵਿਆਖਿਆ ਕੀਤੀ ਗਈ: "ਇਨਕਲਾਬੀਆਂ ਦਾ ਜਰਮਨੀ ਨਾਲ ਸਬੰਧ।"

ਕੋਈ ਠੋਸ ਸਬੂਤ ਮੁਹੱਈਆ ਕੀਤੇ ਬਗ਼ੈਰ (ਜਿਸ ਦੀ ਕਿ ਸਮਝ ਪੈਂਦੀ ਹੀ ਹੈ) ਟ੍ਰਿਬਿਊਨਲ ਨੇ ਅਜਿਹੇ ਸੰਕੇਤ ਲੱਭੇ ਜਿਹੜੇ ਇਸ ਵਿਚਾਰ ਵੱਲ ਇਸ਼ਾਰਾ ਕਰਦੇ ਹਨ ਕਿ ਕੁਝ ਐਸੀ ਸਹਿਮਤੀ ਸੀ ਕਿ ਜਰਮਨਾਂ ਵਲੋਂ ਵਿਅਕਤੀਗਤ ਤੌਰ 'ਤੇ ਕੁਝ ਮਦਦ ਦਿੱਤੀ ਗਈ ਸੀ, ਅਤੇ ਇਨਕਲਾਬੀ ਸ਼ਹਿਨਸ਼ਾਹ ਦੇ ਵੈਰੀ ਜਰਮਨਾਂ ਨਾਲ ਆਪਣੀ ਨੇੜਤਾ ਮਹਿਸੂਸ ਕਰਦੇ ਸਨ।[15]

ਹੁਣ, ਬੇਸ਼ੱਕ, ਇਹ ਸਾਰਾ ਕੁਝ ਇਤਿਹਾਸ ਦਾ ਹਿੱਸਾ ਬਣ ਚੁੱਕਾ ਹੈ, ਅਤੇ ਸਾਨੂੰ ਕੁਝ ਅਜਿਹੇ ਬਿਓਰੇ ਮਿਲਦੇ ਹਨ ਜਿਹੜੇ ਇਸ ਸ਼ੱਕ ਦੀ ਤਸਦੀਕ ਕਰਦੇ ਹਨ। ਕਾਮਾਗਾਟਾ ਮਾਰੂ ਕਾਂਡ ਬਾਰੇ ਲਿਖਦੇ ਹੋਏ ਬਾਬਾ ਸੋਹਣ ਸਿੰਘ ਭਕਨਾ ਕਹਿੰਦੇ ਹਨ, "ਜੰਗ ਛਿੜ ਚੁੱਕੀ ਸੀ ਤੇ ਡਰ ਸੀ ਕਿ ਜਰਮਨ ਡੁਬਕਣੀ ਐਡਮਿਨ, ਜੋ ਉਸ ਵੇਲੇ ਸਮੁੰਦਰ ਦਾ ਚੱਕਰ ਲਾ ਰਹੀ ਸੀ, ਕਿਤੇ ਕਾਮਾਗਾਟਾ ਮਾਰੂ ਨੂੰ ਡੋਬ ਨਾ ਦੇਵੇ।" ਬਾਬਾ ਜੀ ਭੇਸ ਬਦਲ ਕੇ, ਚੋਰ ਦਰਵਾਜ਼ਿਉਂ ਜਰਮਨ ਕੌਂਸਲਰ ਨੂੰ ਜਾ ਮਿਲੇ ਅਤੇ ਕੋਡ (ਗੁਪਤ ਬੋਲ) ਮੁਕੱਰਰ ਕੀਤੇ ਤਾਂ ਜੁ ਐਡਮਿਨ, ਕਾਮਗਾਟਾ ਮਾਰੂ ਸਹੀ ਸਲਾਮਤ ਗੁਜ਼ਰ ਜਾਣ ਦੇਵੇ।[16]

ਦੂਜੀ ਘਟਨਾ ਬਾਬਾ ਹਰੀ ਸਿੰਘ 'ਉਸਮਾਨ' ਨਾਲ ਸਬੰਧਤ ਹੈ। ਉਹ ਉਨ੍ਹਾਂ ਵਿੱਚੋਂ ਇਕ

ਸੀ ਜਿਨ੍ਹਾਂ ਨੂੰ ਅਮਰੀਕਾ ਵਿਚ ਪਿੱਛੇ ਇਸ ਲਈ ਛੱਡ ਦਿੱਤਾ ਗਿਆ ਸੀ ਕਿ ਉਹ ਯੁਗਾਂਤਰ ਆਸ਼ਰਮ ਨੂੰ ਚਲਾਉਣ। ਗ਼ਦਰੀਆਂ ਨੇ ਕਿਸੇ ਜਰਮਨ ਫਰਮ ਨਾਲ ਇਕ ਸਮਝੌਤਾ ਕਰ ਲਿਆ ਸੀ ਕਿ ਉਹ ਨਗਦ ਅਦਾਇਗੀ ਦੇ ਅਧਾਰ 'ਤੇ ਹਥਿਆਰ ਅਤੇ ਗੋਲੀਸਿੱਕੇ ਦਾ ਭਰਿਆ ਹੋਇਆ ਜਹਾਜ਼ ਮੁਹੱਈਆ ਕਰੇ। ਉਸ ਨੂੰ ਇਸ ਸੌਦੇ ਦਾ ਮੁਖੀ ਬਣਾ ਦਿੱਤਾ ਗਿਆ ਅਤੇ ਉਹ 15.4.1915 ਨੂੰ ਅਮਰੀਕਾ ਤੋਂ ਰਵਾਨਾ ਹੋਇਆ ਪਰ ਕੁਝ ਅਣ-ਕਿਆਸੀਆਂ ਘਟਨਾਵਾਂ ਕਾਰਨ ਸਤੰਬਰ 1915 ਵਿਚ ਇੰਡੋਨੇਸ਼ੀਆ ਪਹੁੰਚ ਗਿਆ ਤੇ ਇਹ ਕਾਰਜ ਨੇਪਰੇ ਨਾ ਚੜ੍ਹ ਸਕਿਆ (ਉੱਥੇ ਉਹ ਉਸਮਾਨ ਖ਼ਾਨ ਦੇ ਨਾਂ ਅਧੀਨ ਰਹਿਣ ਲੱਗਾ ਜਿਸ ਕਾਰਨ ਉਸ ਨੂੰ ਹਰੀ ਸਿੰਘ ਉਸਮਾਨ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਉਸ ਨੇ ਦੂਜੀ ਆਲਮੀ ਜੰਗ ਦੌਰਾਨ ਇੰਡੀਆ ਇੰਡੀਪੈਂਡੈਂਸ ਲੀਗ ਬਣਾਉਣ ਅਤੇ ਇੰਡੀਅਨ ਨੈਸ਼ਨਲ ਆਰਮੀ ਵਿਚ ਅਹਿਮ ਭੂਮਿਕਾ ਨਿਭਾਈ। 1948 ਵਿਚ ਉਹ ਹਿੰਦੁਸਤਾਨ ਪਰਤਿਆ ਅਤੇ 15.8.1969 ਨੂੰ ਗੁੰਮਨਾਮੀ ਵਿਚ ਪ੍ਰਾਣ ਤਿਆਗ ਦਿੱਤੇ।)[17]

ਹ) "ਜੰਗ ਛੇੜਨਾ"

ਪਹਿਲੇ ਮੁਕੱਦਮੇ ਵਿਚ ਵਾਇਸਰਾਏ ਵਲੋਂ ਮੌਤ ਦੀਆਂ ਸਜ਼ਾਵਾਂ ਉੱਤੇ ਮੁਕੱਦਮੇ ਤੋਂ ਬਾਅਦ ਕੀਤੀ ਗਈ ਨਜ਼ਰਸਾਨੀ ਦੇ ਸਨਮੁੱਖ ਦੂਜੇ ਮੁਕੱਦਮੇ ਵਿਚ ਟ੍ਰਿਬਿਊਨਲ ਕੁਝ "ਸਿਆਣੀ" ਹੋ ਕੇ ਪੇਸ਼ ਆਈ। ਜਦੋਂਕਿ ਪਹਿਲੇ ਮੁਕੱਦਮੇ ਵਿਚ ਉਸ ਨੇ "ਜੰਗ ਛੇੜਨ" ਸਬੰਧੀ ਤਾਜ਼ੀਰਾਤ-ਏ-ਹਿੰਦ ਦੀ ਧਾਰਾ-121 ਲਾਗੂ ਕਰਨ ਵੇਲੇ ਤਿੰਨ ਸਫ਼ੇ ਵੀ ਨਹੀਂ ਸੀ ਭਰੇ, [18] ਪਰ ਦੂਜੇ ਮੁਕੱਦਮੇ ਵਿਚ ਉਨ੍ਹਾਂ ਨੇ ਇਸ ਮੁੱਦੇ ਉੱਤੇ "ਇਸ ਮਾਮਲੇ ਸਬੰਧੀ ਸੰਪਾਦਕੀ ਟਿੱਪਣੀ" ਲਿਖ ਦਿੱਤੀ, ਦੇਖੋ ਸਫ਼ਾ 392-411: ਗ਼ਦਰ ਦਸਤਾਵੇਜ਼, ਜਿਲਦ 1, ਯੂਨੀਸਟਾਰ।[19]

ਇਹ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਇਸ ਦਾ ਅਸਲ ਕਾਰਨ ਉਹ "ਡਾਂਟ" ਸੀ ਜਿਹੜੀ ਖੁਫ਼ੀਆ ਮਿਸਲਾਂ ਅੰਦਰ ਦੱਬੀ ਪਈ ਸੀ, ਪਰ ਉਸ ਦਾ ਸਿੱਟਾ ਇਹ ਨਿਕਲਿਆ ਸੀ ਕਿ ਜਿਨ੍ਹਾਂ 24 ਜਣਿਆਂ ਨੂੰ ਪਹਿਲਾਂ ਸਜ਼ਾ-ਏ-ਮੌਤ ਸੁਣਾਈ ਗਈ ਸੀ ਉਨ੍ਹਾਂ ਵਿੱਚੋਂ ਸਿਰਫ਼ 7 ਜਣਿਆਂ ਨੂੰ ਹੀ ਫਾਂਸੀ ਦਿੱਤੀ ਗਈ, ਇਹ ਤੱਥ ਜੱਗ ਜ਼ਾਹਰ ਸੀ। 17 ਸਫ਼ਿਆਂ ਦੀ ਵਿਆਖਿਆ ਵਿਚ ਇਹ ਬਿਆਨ ਕੀਤਾ ਗਿਆ "ਮੌਜੂਦਾ ਮੁਕੱਦਮੇ ਵਿਚ (ਬਚਾਅ ਪੱਖ) ਦੇ ਵਕੀਲ ਨੇ ਜਿਰਾਹ ਕੀਤੀ ਹੈ ਕਿ ਜੋ ਤੱਥ ਬਿਆਨ ਕੀਤੇ ਗਏ ਹਨ ਜੇ ਉਹ ਸੱਚ ਵੀ ਹੋਣ, ਤਾਂ ਵੀ ਉਹ ਜੰਗ ਛੇੜਨਾ, ਜੰਗ ਦਾ ਯਤਨ ਕਰਨਾ, ਜਾਂ ਜੰਗ ਲਈ ਉਕਸਾਉਣਾ, ਨਹੀਂ ਬਣਦੇ ਸਗੋਂ ਇਕ ਨਿੱਕੇ ਜੁਰਮ ਦੇ ਖਲਾਇਕ ਹਨ, ਜਿਵੇਂ ਕਿ ਸਾਜ਼ਿਸ਼ ਜਾਂ ਜੰਗ ਦੀ ਤਿਆਰੀ ਜਿਹਾ ਮਾਮਲਾ" ਜਿਸ ਬਾਰੇ ਇਸ ਲੇਖਕ ਨੇ ਵਿਸਤਾਰ ਸਹਿਤ ਵਿਆਖਿਆ ਕੀਤੀ ਹੈ।[20]

ਉਹ ਜਿਹੜੇ ਮੁਜਰਮਾਨਾ ਮੁਕੱਦਮੇ ਬਾਰੇ ਜਾਣਦੇ ਹਨ, ਬਚਾਅ ਪੱਖ ਵਲੋਂ ਇਸ ਮੁਕੱਦਮੇ ਵਿਚ ਦਿੱਤੀ ਉੱਪਰਲੀ ਦਲੀਲ ਬਾਰੇ ਭਲੀਭਾਂਤ ਜਾਣਦੇ ਹਨ ਕਿ ਇਹ ਅਜਿਹੀ ਆਮ ਦਲੀਲ ਹੈ ਜਿਹੜੀ ਮੁਜਰਮਾਨਾ ਮੁਕੱਦਮਿਆਂ ਵਿਚ ਸ਼ਾਇਦ ਹੀ ਕਦੇ ਨਜ਼ਰਅੰਦਾਜ਼ ਕੀਤੀ ਜਾਂਦੀ ਹੈ -

ਕਿ ਲਾਏ ਗਏ ਇਲਜ਼ਾਮ ਭਾਵੇਂ ਸੱਚ ਵੀ ਸਾਬਤ ਹੋ ਜਾਣ, ਤਾਂ ਵੀ ਇਹ ਆਪਣੇ ਆਪ ਹੀ ਸੰਗੀਨ ਇਲਜ਼ਾਮ (ਜਿਵੇਂ ਕਿ ਕਤਲ) ਨੂੰ ਨਹੀਂ ਸਗੋਂ ਇਕ ਹਲਕੇ ਇਲਜ਼ਾਮ (ਜਿਵੇਂ ਕਿ ਕਿਸੇ ਮਨੁੱਖ ਨੂੰ ਮਾਰ ਦੇਣ ਦਾ ਜੁਰਮ) ਨੂੰ ਹੀ ਸਾਬਤ ਕਰਦੇ ਹਨ। ਫਿਰ ਵੀ ਸਮਝ ਤੋਂ ਬਾਹਰ ਦੀ ਗੱਲ ਹੈ ਕਿ 61 ਮੁਲਜ਼ਮਾਂ ਦੇ ਮੁਕੱਦਮੇ ਦੀ ਪੈਰਵਾਈ ਕਰਨ ਵਾਲੇ 7 ਵਕੀਲਾਂ ਵਿੱਚੋਂ ਕਿਸੇ ਨੇ ਵੀ ਇਸ ਦਲੀਲ ਨੂੰ ਕਿਸੇ ਵੀ ਇਕ ਮੁਲਜ਼ਮ ਦੇ ਮਾਮਲੇ ਵਿਚ ਇਸਤੇਮਾਲ ਕੀਤਾ ਹੋਵੇ।

ਇਸ ਤੋਂ ਅਸਾਨੀ ਨਾਲ ਹੀ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਸੁਭਾਅ ਪੱਖੋਂ ਹੀ "ਜੰਗ ਛੇੜਨਾ" ਆਪਣੇ ਆਪ ਵਿਚ ਇਕ ਐਸੀ ਚੀਜ਼ ਹੈ ਜਿਸ ਦੇ ਸਿਆਸੀ ਪਸਾਰ ਹਨ ਕਿਉਂਕਿ ਇਹ ਸਿਆਸੀ ਢਾਂਚੇ ਦੀ ਵਾਜਬੀਅਤ ਨੂੰ ਚੁਣੌਤੀ ਦਿੰਦੇ ਹੋਏ ਇਸ ਦੀਆਂ ਜੜ੍ਹਾਂ ਉੱਤੇ ਸੱਟ ਮਾਰਦੇ ਹਨ।

ਇਸੇ ਕਾਰਨ ਜਿਸ "ਕਾਨੂੰਨ ਦਾ ਰਾਜ" ਉੱਤੇ ਐਂਗਲੋ-ਸੈਕਸ਼ਨ ਦੁਨੀਆ ਬਹੁਤ ਮਾਣ ਕਰਦੀ ਹੈ, ਇਨਕਲਾਬੀਆਂ ਨੂੰ ਨਜਿੱਠਦੇ ਵਕਤ ਇਸ ਨੂੰ ਤਿਲਾਂਜਲੀ ਦੇ ਦਿੱਤੀ ਜਾਂਦੀ ਹੈ।

ਇਸੇ ਮੁਤਾਬਕ ਹੀ ਸਰਦਾਰ ਭਗਤ ਸਿੰਘ ਨੇ ਪੰਜਾਬ ਦੇ ਗਵਰਨਰ ਨੂੰ ਇਹ ਜੋ ਤਾਅਨਾ ਦਿੱਤਾ ਸੀ "ਕਿਉਂਕਿ ਉਹ ਜੰਗ ਛੇੜਨ ਦੇ ਦੋਸ਼ੀ ਹਨ, ਇਸ ਲਈ ਉਨ੍ਹਾਂ ਨੂੰ ਫਾਂਸੀ ਦੇਣ ਦੀ ਬਜਾਏ ਫ਼ੌਜ ਦੇ ਫਾਇਰਿੰਗ ਸਕੁਐਡ ਦੇ ਸਪੁਰਦ ਕਰ ਦੇਣਾ ਚਾਹੀਦਾ ਹੈ," ਇਸ ਦਾ ਇਕ ਮਤਲਬ ਹੈ। (ਗਵਰਨਰ ਦੇ ਨਾਂ ਖ਼ਤ 20.3.1931, ਭਾਵ ਸ਼ਹਾਦਤ ਤੋਂ ਤਿੰਨ ਜਾਂ ਚਾਰ ਦਿਨ ਪਹਿਲਾਂ)।[21]

ਅੰਤ ਨੂੰ ਇਸ ਦਾ ਸਿਹਰਾ ਟ੍ਰਿਬਿਊਨਲ ਨੂੰ ਹੀ ਜਾਂਦਾ ਹੈ ਕਿ ਉਹ ਗ਼ਦਰੀਆਂ ਨੂੰ ਇਨਕਲਾਬੀ ਹੋਣ ਦਾ ਨਾਂ ਦਿੰਦੇ ਹਨ ਨਾ ਕਿ ਦਹਿਸ਼ਤਪਸੰਦ ਜਾਂ ਅਰਾਜਕਤਾਵਾਦੀ ਹੋਣ ਦਾ, ਜਿਹੜੇ ਲਫ਼ਜ਼ ਕਿ ਉਸ ਵਕਤ ਦੁਨੀਆ ਭਰ ਵਿਚ ਉਸ ਜ਼ਮਾਨੇ ਦੀਆਂ ਹਕੂਮਤਾਂ ਖ਼ਿਲਾਫ਼ ਰਾਜ-ਧ੍ਰੋਹ ਜਾਂ ਬਗ਼ਾਵਤ ਕਰਨ ਵਾਲਿਆਂ ਨਾਲ ਨਜਿੱਠਣ ਵੇਲੇ ਇਸਤੇਮਾਲ ਕੀਤੇ ਜਾਂਦੇ ਸਨ। ਐਪਰ, ਇਹ ਇਕ ਵੱਖਰੀ ਗੱਲ ਹੈ ਕਿ ਤੱਤ ਰੂਪ ਵਿਚ ਇਹ ਇਕ ਇਨਕਲਾਬੀ ਲਹਿਰ ਸੀ ਕਿਉਂਕਿ ਇਸ ਦਾ ਮਕਸਦ ਉਸ ਪ੍ਰਬੰਧ ਨੂੰ ਹੀ ਬਦਲ ਦੇਣ ਦਾ ਸੀ ਨਾ ਕਿ ਮੁਲਕ ਉੱਪਰ ਰਾਜ ਕਰ ਰਹੇ ਇਸ ਜਾਂ ਉਸ ਵਿਅਕਤੀ ਨੂੰ ਬਦਲਣ ਦਾ।

ਅਹਿਮ ਗੱਲ ਇਹ ਹੈ ਕਿ ਅਸੈਂਬਲੀ ਬੰਬ ਮਾਮਲੇ ਵਿਚ ਭਗਤ ਸਿੰਘ ਅਤੇ ਦੱਤ ਨੂੰ ਦਿੱਤੀ ਗਈ ਸਜ਼ਾ ਵਿਰੁੱਧ ਦਾਇਰ ਕੀਤੀ ਗਈ ਲਾਹੌਰ ਅਦਾਲਤ ਵਿਚਲੀ ਅਪੀਲ ਸਬੰਧੀ ਜੱਜ ਇਹ ਕਹਿੰਦਾ ਹੈ:

"ਭਗਤ ਸਿੰਘ ਖ਼ਰਾ ਇਨਕਲਾਬੀ ਹੈ। ਮੈਨੂੰ ਕੋਈ ਸ਼ੱਕ ਨਹੀਂ, ਯਾਨੀ, ਉਹ ਇਸ ਭੁਲੇਖੇ ਵਿਚ ਯਕੀਨ ਰੱਖਣ ਵਿਚ ਖ਼ਰਾ ਹੈ ਕਿ ਹੁਣ ਦੇ ਸਮਾਜੀ ਢਾਂਚੇ ਨੂੰ ਤਬਾਹ ਕਰਕੇ ਹੀ ਦੁਨੀਆ ਨੂੰ ਚੰਗਾ ਬਣਾਇਆ ਜਾ ਸਕਦਾ ਹੈ ਅਤੇ ਕਾਨੂੰਨ ਦੇ ਰਾਜ ਵਾਸਤੇ ਵਿਅਕਤੀ ਦੀ ਬੇਲਗਾਮ ਇੱਛਾ ਨੂੰ ਕਾਬੂ ਵਿਚ ਰੱਖਿਆ ਜਾਣਾ ਚਾਹੀਦਾ ਹੈ।"[22]

ਜੇਲ੍ਹਾਂ ਦੀ ਦਾਸਤਾਨ

ਮੁਕੱਦਮਿਆਂ ਦਾ ਅੰਤ ਉਨ੍ਹਾਂ ਵਾਸਤੇ ਸੀ ਜਿਹੜੇ ਸ਼ਹਾਦਤ ਦਾ ਜਾਮ ਪੀ ਗਏ, ਬਾਕੀਆਂ ਵਾਸਤੇ ਨਹੀਂ। ਉਨ੍ਹਾਂ ਵਿੱਚੋਂ ਜ਼ਿਆਦਾਤਰ ਨੂੰ ਉਮਰ ਭਰ ਲਈ ਜਲਾਵਤਨ ਕਰ ਦਿੱਤਾ ਗਿਆ। ਇਨ੍ਹਾਂ ਚੰਗੇ ਲਫ਼ਜ਼ਾਂ ਵਿਚ ਉਹ ਕੌੜੀ ਹਕੀਕਤ ਛੁਪੀ ਹੋਈ ਸੀ ਜਿਸ ਦਾ ਮਤਲਬ ਸੀ ਜ਼ਿੰਦਗੀ ਦੇ ਸਭ ਤੋਂ ਚੰਗੇ ਹਿੱਸੇ ਨੂੰ ਅੰਡੇਮਾਨ ਦੀ ਸੈਲੂਲਰ ਜੇਲ੍ਹ ਦੀ ਅਣਮਨੁੱਖੀ ਜ਼ਿੰਦਗੀ ਦੇ ਹਵਾਲੇ ਕਰ ਦੇਣਾ। ਪਿਛਲਿਆਂ ਨੂੰ ਅਕਸਰ ਉਨ੍ਹਾਂ ਪਹਿਲਿਆਂ ਨਾਲ ਰਸ਼ਕ ਹੁੰਦਾ ਜਿਨ੍ਹਾਂ ਨੇ ਦੇਸ਼ਭਗਤੀ ਦਾ 'ਇਮਤਿਹਾਨ' ਪਾਸ ਕਰ ਲਿਆ ਸੀ, ਜਦੋਂਕਿ ਖ਼ੁਦ ਉਹ ਅਜੇ 'ਅਜ਼ਮਾਇਸ਼' ਦੇ ਦੌਰ ਵਿੱਚੋਂ ਹੀ ਲੰਘ ਰਹੇ ਸਨ। ਬਾਬਾ ਸੋਹਣ ਸਿੰਘ ਭਕਨਾ ਨੇ ਇਹ ਬੜੀ ਖ਼ੂਬਸੂਰਤੀ ਨਾਲ ਪੇਸ਼ ਕੀਤਾ ਹੈ "ਇੱਕ ਗੱਲ ਯਾਦ ਰੱਖਣ ਵਾਲੀ ਹੈ-ਉਹ ਇਹ ਕਿ ਸੱਚੇ ਇਨਕਲਾਬੀ ਦੇ ਸਾਹਮਣੇ ਚਾਹੇ ਉਹ ਬਾਹਰ ਹੋਵੇ ਜਾਂ ਜੇਲ੍ਹ ਦੇ ਅੰਦਰ, ਕੰਮ ਕਦੇ ਖ਼ਤਮ ਨਹੀਂ ਹੁੰਦਾ। ਕਿਉਂਕਿ ਉਹਦਾ ਮੁਕਾਬਲਾ ਗੁਲਾਮੀ ਤੇ ਅਨਿਆਂ ਨਾਲ ਹੁੰਦਾ ਹੈ।"[23] ਇਹ ਚੰਗਾ ਹੀ ਹੋਵੇਗਾ ਜੇ ਅਸੀਂ ਇਸ ਜੇਲ੍ਹ ਦਾਸਤਾਨ ਨੂੰ ਸੰਖੇਪ ਵਿਚ ਪੇਸ਼ ਕਰ ਹੀ ਦੇਈਏ ਪਰ ਦੋ ਵੱਖ-ਵੱਖ ਪੜਾਵਾਂ ਵਿਚ, ਯਾਨੀ (ੳ) ਜਿਨ੍ਹਾਂ ਨੂੰ ਪਹਿਲੇ ਮੁਕੱਦਮੇ ਵਿਚ ਦੋਸ਼ੀ ਗਰਦਾਨਿਆ ਗਿਆ (ਅੰਡੇਮਾਨ), ਅਤੇ (ਅ) ਬਾਕੀਆਂ ਸਬੰਧੀ (ਹਿੰਦੁਸਤਾਨੀ ਜੇਲ੍ਹਾਂ)।

ਦੋ ਹਿੱਸਿਆਂ ਵਿਚ ਇਹ ਵੰਡ ਜ਼ਰੂਰੀ ਹੈ ਕਿਉਂਕਿ ਪਹਿਲਿਆਂ ਨੂੰ "ਜਲਾਵਤਨ" ਕੀਤਾ ਗਿਆ, ਯਾਨੀ, ਅੰਡੇਮਾਨ ਭੇਜ ਦਿੱਤਾ ਗਿਆ, ਜਦੋਂਕਿ ਬਾਕੀਆਂ ਨੂੰ ਨਹੀਂ, ਭਾਵੇਂ ਕਿ ਉਨ੍ਹਾਂ ਨੂੰ ਵੀ ਉਹੋ ਜਹੀਆਂ ਸਜ਼ਾਵਾਂ ਦਿੱਤੀਆਂ ਗਈਆਂ ਸਨ। ਇਸ ਮਾਮਲੇ ਵਿਚ ਨੀਤੀ ਦਾ ਫ਼ਰਕ ਅਚਾਨਕ ਹੀ ਨਹੀਂ ਵਾਪਰਿਆ। ਪਹਿਲਿਆਂ ਨੇ ਵਹਿਸ਼ੀ ਵਤੀਰੇ, ਅਤੇ ਗੁਪਤਤਾ ਦੇ 'ਲੋਹ-ਪਰਦੇ' ਦੇ ਬਾਵਜੂਦ, ਜੇਲ੍ਹ ਅਧਿਕਾਰੀਆਂ ਦੀ ਹੋਸ਼ ਟਿਕਾਣੇ ਲੈ ਆਂਦੀ ਸੀ ਭਾਵੇਂ ਕਿ ਉਨ੍ਹਾਂ ਵਿੱਚੋਂ ਅੱਠ ਜਣਿਆਂ ਨੂੰ ਜ਼ਿੰਦਗੀ ਵਾਰਨੀ ਪਈ ਸੀ। ਉਨ੍ਹਾਂ ਅਕਹਿ ਤਸੀਹਿਆਂ, ਥੁੜਾਂ ਅਤੇ ਜ਼ਲਾਲਤਾਂ ਦੇ ਇਲਾਵਾ ਜਿਨ੍ਹਾਂ ਵਿੱਚੋਂ ਬਾਕੀ ਦੇ ਕੈਦੀ ਲੰਘੇ।ਆਖ਼ਰੀ ਸਿੱਟਾ ਇਹ ਨਿਕਲਿਆ ਕਿ ਅੰਡੇਮਾਨ ਜੇਲ੍ਹਰਾਂ ਨੇ ਨਿਰਾਸ਼ਾ ਵਿਚ "ਆਪਣੇ ਹੱਥ ਖੜ੍ਹੇ ਕਰ ਦਿੱਤੇ" ਅਤੇ ਬਾਅਦ ਵਾਲੇ ਮੁਕੱਦਮਿਆਂ ਦੇ ਹੋਰ ਗ਼ਦਰੀ ਮੁਜਰਮਾਂ ਨੂੰ ਜਗ੍ਹਾ ਦੇਣ ਤੋਂ ਸਾਫ਼ ਨਾਂਹ ਕਰ ਦਿੱਤੀ। (ਮਾਣ !)

(ੳ) ਅੰਡੇਮਾਨ ਦੇ ਕਸ਼ਟ

ਮਸ਼ਹੂਰ ਸ਼ੇਅਰ ਵਿਚ ਕਸ਼ਮੀਰ ਦੀ ਉਸਤਤ ਵਿਚ ਇਸਤੇਮਾਲ ਕੀਤੇ ਗਏ ਲਫ਼ਜ਼ ਕਿ ਜੇ 'ਧਰਤੀ ਉੱਤੇ ਕੋਈ ਜੰਨਤ ਹੈ ਤਾਂ ਇਹੀ ਹੈ', ਨੂੰ ਬਿਨਾ ਅਤਿਕਥਨੀ ਅਤੇ "ਕਾਵਿ-ਲਾਇਸੈਂਸ" ਤੋਂ ਇਂਵ ਕਿਹਾ ਜਾ ਸਕਦਾ ਹੈ "ਜੇ ਧਰਤੀ ਉੱਤੇ ਕੋਈ ਨਰਕ ਸੀ – ਇਹੀ ਸ੍ਹੀ, ਇਹੀ ਤੇ (ਸਿਰਫ਼) ਇਹੀ।"

ਨਾ ਹੀ ਕੈਦੀਆਂ ਦੇ ਡਾਕਟਰੀ ਮੁਆਇਨੇ ਜ਼ਰੀਏ ਹੋਇਆ, ਅਤੇ ਨਾ ਹੀ ਕਾਨੂੰਨ

ਮੁਤਾਬਕ, ਉਮਰ ਦੀ ਉੱਪਰਲੀ ਹੱਦ ਦੀ ਪ੍ਰਵਾਹ ਕੀਤੀ ਗਈ, ਜਿਨ੍ਹਾਂ ਨੂੰ ਵੀ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਇਥੇ ਜਲਾਵਤਨ ਕਰ ਦਿੱਤੇ ਗਏ। ਉਥੇ ਪਹੁੰਚਣ ਉੱਤੇ ਉਨ੍ਹਾਂ ਨੂੰ ਗਣੇਸ਼ ਸਾਵਰਕਰ ਅਤੇ ਵਿਨਾਇਕ ਸਾਵਰਕਰ (ਮਹਾਰਾਸ਼ਟਰ ਦੇ ਸਾਵਰਕਰ ਭਰਾ) ਨੇ ਦੱਸਿਆ ਕਿ ਜੇਲ੍ਹ ਸੁਪਰਡੈਂਟ ਅਤੇ ਜੇਲ੍ਹਰ ਦੋਵੇਂ ਹੀ ਦਰਿੰਦੇ ਸਨ। ਕੈਦੀਆਂ ਤੋਂ ਬਹੁਤ ਜ਼ਿਆਦਾ ਅਣਮਨੁੱਖੀ ਮੁਸ਼ੱਕਤ ਕਰਵਾਈ ਜਾਂਦੀ ਸੀ। ਅਜਿਹਾ ਨਾ ਕਰਨ ਸਕਣ ਕਰਕੇ ਕੁਝ ਕੈਦੀ (ਜਿਨ੍ਹਾਂ ਵਿਚ ਸਿਆਸੀ ਕੈਦੀ ਵੀ ਸਨ) ਖ਼ੁਦਕੁਸ਼ੀ ਕਰ ਗਏ।

"ਸਾਰੇ ਸਾਥੀਆਂ ਨੇ ਇਸ ਤੇ ਵਿਚਾਰ ਕੀਤੀ ਕਿ ਹੁਣ ਕੀ ਨੀਤੀ ਅਪਣਾਈ ਜਾਵੇ। ਫੈਸਲਾ ਇਹ ਹੋਇਆ ਕਿ ਮੁਸ਼ੱਕਤ ਤਾਂ ਕੀਤੀ ਜਾਵੇ ਪਰ ਜਿੱਥੋਂ ਤੱਕ ਇਨਸਾਨੀ ਤਾਕਤ ਦੇ ਅੰਦਰ ਹੋਵੇ। ਕੋਹਲੂ ਦੀ ਮੁਸ਼ੱਕਤ – ਜੋ ਬੈਲ ਦੀ ਮੁਸ਼ੱਕਤ ਹੈ – ਕਰਨ ਦਾ ਭਾਵ ਹੈ ਕਿ ਅਸੀਂ ਕੈਦੀ ਦੇ ਹੱਕਾਂ ਲਈ ਘੋਲ ਕਰਨੋਂ ਡਰਦੇ ਹਾਂ ਅਤੇ ਆਪਾ ਬਚਾਉਂਦੇ ਹਾਂ। ਸੋ ਫੈਸਲਾ ਇਹ ਹੋਇਆ ਕਿ ਇਹ ਗੈਰ ਇਨਸਾਨੀ ਕੋਹਲੂ ਦੀ ਮੁਸ਼ੱਕਤ ਨਾ ਖ਼ੁਦ ਕੀਤੀ ਜਾਏ ਤੇ ਨਾ ਹੀ ਸਾਡੇ ਤੋਂ ਪਿੱਛੋਂ ਆਉਣ ਵਾਲੇ ਰਾਜਸੀ ਕੈਦੀਆਂ ਨੂੰ ਕਰਨ ਲਈ ਕਿਹਾ ਜਾਵੇ।.... ਦੂਸਰਾ – ਕਿਸੇ ਜੇਲ੍ਹ ਅਧਿਕਾਰੀ ਦੀ ਬੇਇੱਜ਼ਤੀ ਨਾ ਕੀਤੀ ਜਾਏ ਪਰ ਜੇ ਸਾਡੀ ਬੇਇੱਜ਼ਤੀ ਜੇਲ੍ਹ ਵਾਲੇ ਨਾਜਾਇਜ਼ ਤੌਰ 'ਤੇ ਕਰਨ ਤਾਂ ਇੱਟ ਦਾ ਜਵਾਬ ਪੱਥਰ ਨਾਲ ਦਿੱਤਾ ਜਾਏ।"

ਭਾਨ ਸਿੰਘ ਦਾ ਮਾਮਲਾ ਇਸ ਗੱਲ ਨੂੰ ਸਹੀ ਤਰ੍ਹਾਂ ਪੇਸ਼ ਕਰਦਾ ਹੈ ਕਿ ਬਾਅਦ ਵਿਚ ਕਿਵੇਂ ਵਾਪਰਿਆ। ਉਸ ਨੂੰ ਥੋੜ੍ਹੀ ਬਹੁਤ ਅੰਗਰੇਜ਼ੀ ਆਉਂਦੀ ਸੀ। ਦਿੱਤੀ ਗਈ ਮੁਸ਼ੱਕਤ ਨੂੰ ਵੀ ਉਹ ਚੰਗੀ ਤਰ੍ਹਾਂ ਕਰ ਲੈਂਦਾ ਸੀ। ਇਕ ਦਿਨ ਜਦੋਂ ਉਹ ਆਪਣੀ ਕੀਤੀ ਮੁਸ਼ੱਕਤ ਦੀ ਪੈਦਾ ਕੀਤੀ ਉਪਜ ਜਮ੍ਹਾਂ ਕਰਵਾਉਣ ਲਈ ਆਪਣੀ ਵਾਰੀ ਦੀ ਇੰਤਜ਼ਾਰ ਕਰ ਰਿਹਾ ਸੀ ਤਾਂ ਇਕ ਬਰਤਾਨਵੀ ਗਾਰਡ ਨੇ ਅੰਗਰੇਜ਼ੀ ਵਿਚ (ਸਾਡੇ) ਕੌਮੀ ਮਾਣ ਸਬੰਧੀ ਕੁਬੋਲ ਬੋਲਿਆ। ਭਾਨ ਸਿੰਘ ਨੇ ਉਸੇ ਜ਼ੁਬਾਨ (ਅੰਗਰੇਜ਼ੀ) ਵਿਚ ਮੋੜਵਾਂ ਵਾਰ ਕਰ ਦਿੱਤਾ। ਇਸ ਪਿੱਛੋਂ ਗਾਰਡ ਨੇ ਜੇਲ੍ਹਰ ਸਾਹਮਣੇ ਸ਼ਿਕਾਇਤ ਕਰ ਦਿੱਤੀ। ਜੇਲ੍ਹਰ ਵਲੋਂ ਭਾਨ ਸਿੰਘ ਦੀ ਦਲੀਲ ਦੀ ਪ੍ਰਵਾਹ ਨਾ ਕਰਦੇ ਹੋਏ ਉਸ ਨੂੰ ਛੇ ਮਹੀਨੇ ਲਈ ਚੱਕੀਬੰਦੀ, ਬੇੜੀਆਂ, ਖਾਣੇ ਵਿਚ ਕਮੀ ਅਤੇ ਉਸ ਵਕਤ ਦੌਰਾਨ ਖੜ੍ਹੇ ਰਹਿਣ ਵਾਲੀਆਂ ਹੱਥ-ਕੜੀਆਂ ਦੀ ਸਜ਼ਾ ਦੇ ਦਿੱਤੀ ਗਈ। ਇਕ ਦਿਨ ਜਦੋਂ ਉਹ ਖੜ੍ਹੇ ਰਹਿਣ ਵਾਲੀਆਂ ਹੱਥ-ਕੜੀਆਂ ਵਿਚ ਜਕੜਿਆ ਖੜ੍ਹਾ ਸੀ ਤਾਂ ਉਹ ਵਜਦ ਵਿਚ ਆ ਕੇ "ਜੇ ਤਉ ਪ੍ਰੇਮ ਖੇਲਨ ਕਾ ਚਾਉ, ਸਿਰੁ ਧਰ ਤਲੀ ਗਲੀ ਮੇਰੀ ਆਉ' ਗਾਉਣ ਲੱਗ ਪਿਆ। ਬਦਨਾਮ ਜੇਲ੍ਹਰ ਬੈਰੀ ਉਸ ਦੇ ਨੇੜਿਓਂ ਲੰਘਿਆ ਅਤੇ ਉਸ ਨੂੰ ਗਾਲ੍ਹਾਂ ਦੇਣ ਲੱਗ ਪਿਆ। ਅਗਲੇ ਦਿਨ ਭਾਨ ਸਿੰਘ ਨੇ ਖੜ੍ਹੇ ਰਹਿਣ ਵਾਲੀਆਂ ਹੱਥ ਕੜੀਆਂ ਪਾਉਣ ਤੋਂ ਇਨਕਾਰ ਕਰ ਦਿੱਤਾ। ਜੇਲ੍ਹਰ ਤਿੰਨ "ਲੰਬੜਦਾਰਾਂ" ਨੂੰ ਨਾਲ ਲੈ ਆਇਆ ਤੇ ਭਾਨ ਸਿੰਘ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਹੇਠਲੀ ਜ਼ਮੀਨੀ ਮੰਜ਼ਲ ਉੱਤੇ ਉਸ ਦੇ ਸਾਥੀ ਕੈਦੀ ਖਾਣੇ ਵਾਸਤੇ ਕਮਰੇ ਵਿਚ ਬੈਠੇ ਸਨ। ਜਦੋਂ ਉਨ੍ਹਾਂ ਨੂੰ ਪਤਾ ਲੱਗਾ ਤਾਂ ਉਹ ਸਾਰੇ ਉਸ ਦੇ ਬਚਾਅ ਲਈ ਉੱਪਰ ਵੱਲ ਨੂੰ ਦੌੜੇ। ਪਰ ਜੇਲ੍ਹਰ ਨੇ ਡਿਓੜੀ ਦੇ ਦਰਵਾਜ਼ੇ ਨੂੰ ਪਹਿਲਾਂ ਹੀ ਤਾਲਾ ਲਗਾ ਲਿਆ ਸੀ। ਉਹ ਅੰਦਰ ਤਾਂ ਨਾ

ਜਾ ਸਕੇ ਪਰ ਉਨ੍ਹਾਂ ਨੇ ਜੇਲ੍ਹਰ ਨੂੰ ਮਜਬੂਰ ਕਰ ਦਿੱਤਾ ਕਿ ਉਸ ਨੂੰ ਇਕੱਲਾ ਛੱਡ ਦੇਵੇ। ਭਾਵੇਂ ਕਿ ਉਸ ਵਕਤ ਭਾਨ ਸਿੰਘ ਬਚ ਗਿਆ, ਪਰ ਜੇਲ੍ਹਰ ਨੇ ਉਸ ਨੂੰ ਅਗਲੇ ਦਿਨ ਐਨਾ ਕੁਟਵਾਇਆ ਕਿ ਉਹ ਬੇਹੋਸ਼ ਹੋ ਕੇ ਡਿੱਗ ਪਿਆ। ਨਾਲ ਦੇ ਕੈਦੀਆਂ ਨੇ ਕੰਮ ਤੋਂ ਹੜਤਾਲ ਕਰ ਦਿੱਤੀ। ਜਦੋਂ ਉਸ ਦੀ ਹਾਲਤ ਨਾਜ਼ੁਕ ਹੋ ਗਈ ਤਾਂ ਉਸ ਨੂੰ ਜੇਲ੍ਹ ਹਸਪਤਾਲ ਵਿਚ ਭੇਜ ਦਿੱਤਾ ਗਿਆ।

"ਹਾਲਤ ਦੇ ਖਰਾਬ ਹੋਣ ਤੇ ਕਈ ਸਾਥੀਆਂ ਨੇ ਕੰਮ ਦੀ ਹੜਤਾਲ ਦੇ ਨਾਲ ਹੀ ਭੁੱਖ ਹੜਤਾਲ ਵੀ ਕਰ ਦਿੱਤੀ, ਜਿਨ੍ਹਾਂ ਵਿਚ ਮੈਂ ਵੀ ਸ਼ਾਮਲ ਸਾਂ। ਇਸ ਅਰਸੇ ਵਿੱਚ ਬਰਮਾ ਕੇਸ ਦੇ ਕਈ ਸਾਥੀ ਵੀ ਆ ਗਏ ਤੇ ਉਹ ਵੀ ਕੰਮ ਦੀ ਹੜਤਾਲ ਵਿੱਚ ਸ਼ਾਮਲ ਹੋ ਗਏ। ਸਿਆਲ ਦੇ ਦਿਨ ਸਨ। ਜੇਲਰ ਸ਼ਰਾਰਤ ਨਾਲ ਭੁੱਖ ਹੜਤਾਲ ਵਾਲਿਆਂ ਨੂੰ ਚੁਕਾ ਕੇ, ਪਾਣੀ ਦੀ ਹੌਜੀ ਤੇ ਲਿਜਾ ਕੇ ਉਹਨਾਂ ਤੇ ਠੰਡਾ ਪਾਣੀ ਪਵਾਉਂਦਾ। ਕੰਬਲ ਕੋਠੜੀ ਤੋਂ ਬਾਹਰ ਕਢਵਾ ਕੇ ਲੱਕੜੀ ਦੇ ਠੰਡੇ ਫੱਟਿਆਂ ਤੇ ਲਿਟਾ ਦੇਂਦਾ। ਪੰਡਤ ਰਾਮ ਰੱਖਾ ਮੱਲ ਦੀ ਇਸੇ ਠੰਡ ਨਾਲ ਮੌਤ ਹੋ ਗਈ।....ਅਖ਼ੀਰ ਭਾਈ ਭਾਨ ਸਿੰਘ ਦੀ ਬੇਰੀ ਜੇਲਰ ਦੇ ਅਤਿਆਚਾਰਾਂ ਨਾਲ ਮੌਤ ਹੋ ਗਈ ਤੇ ਰਾਮ ਰੱਖਾ ਵੀ ਸ਼ਹੀਦੀ ਪਾ ਗਏ।"[24]

ਬਾਬਾ ਸੋਹਣ ਸਿੰਘ ਭਕਨਾ ਨੇ ਇਸ ਲੇਖਕ ਨੂੰ ਦੱਸਿਆ ਸੀ ਕਿ ਪੰਡਤ ਰਾਮ ਰੱਖਾ ਨੇ ਬਰਮਾ ਤੋਂ ਅੰਡੇਮਾਨ ਵੱਲ ਜਾਂਦਿਆਂ ਜਾਣ ਲਿਆ ਸੀ ਕਿ ਅੰਡੇਮਾਨ ਜੇਲ੍ਹ ਦੇ ਹਾਕਮ ਧਰਮ ਦੇ ਕਿਸੇ ਵੀ ਚਿੰਨ੍ਹ ਨੂੰ ਪਹਿਨਣ ਦੀ ਇਜਾਜ਼ਤ ਨਹੀਂ ਦਿੰਦੇ। ਬ੍ਰਾਹਮਣ ਹੋਣ ਦੇ ਬਾਵਜੂਦ ਉਸਨੇ ਬਹੁਤ ਪਹਿਲਾਂ ਤੋਂ ਹੀ ਪਵਿੱਤਰ-ਧਾਗਾ – *ਜਨੇਊ* – ਪਹਿਨਣਾ ਛੱਡ ਦਿੱਤਾ ਸੀ। ਪਰ ਉਸ ਨੇ ਜਾਣ-ਬੁੱਝਕੇ ਇਕ ਜਨੇਊ ਤਿਆਰ ਕਰ ਲਿਆ ਅਤੇ ਜੇਲ੍ਹ ਅਧਿਕਾਰੀਆਂ ਵਲੋਂ ਇਸ ਦੇ ਖੋਹੇ ਜਾਣ ਦਾ ਵਿਰੋਧ ਕੀਤਾ ਜਿਸ ਦਾ ਅੰਤ ਇਸ ਮਾਮਲੇ ਦੇ ਬੁਰੇ ਅੰਜਾਮ ਤਕ ਜਾ ਪਹੁੰਚਿਆ।

1921 ਵਿਚ ਕਿਸੇ ਵਕਤ ਇਨ੍ਹਾਂ ਗ਼ਦਰੀਆਂ ਨੂੰ 'ਹਿੰਦੁਸਤਾਨੀ ਜੇਲ੍ਹਾਂ' ਵਿਚ ਤਬਾਦਲਾ ਕਰ ਦਿੱਤਾ ਗਿਆ ਜਿਨ੍ਹਾਂ ਵਿੱਚੋਂ ਕੁਝ ਪੂਣੇ ਦੀ ਯੇਰਵਾੜਾ ਜੇਲ੍ਹ ਵਿਚ ਪਹੁੰਚੇ। ਜੇਲ੍ਹ ਕਾਨੂੰਨਾਂ ਮੁਤਾਬਕ ਉਨ੍ਹਾਂ ਨੂੰ ਪੱਗਾਂ ਦੀ ਬਜਾਏ ਟੋਪੀਆਂ ਪਹਿਨਣ ਲਈ ਮਜਬੂਰ ਕੀਤਾ ਗਿਆ। ਜਦੋਂ ਕੈਦੀਆਂ ਨੇ ਇਸ ਦਾ ਵਿਰੋਧ ਕੀਤਾ ਤਾਂ ਉਨ੍ਹਾਂ ਦੇ ਕੱਪੜੇ ਜ਼ਬਰਦਸਤੀ ਉਤਾਰ ਦਿੱਤੇ ਗਏ। ਕੈਦੀਆਂ ਨੇ ਭੁੱਖ-ਹੜਤਾਲ ਕਰ ਦਿੱਤੀ। ਝਾਂਸੀ ਦੇ ਪੰਡਤ ਪਰਮਾਨੰਦ ਅਤੇ ਹਿਰਦੇ ਰਾਮ ਮੰਡੀ (ਹਿਮਾਚਲ) ਤੇ ਉਨ੍ਹਾਂ ਦੇ ਸਾਥੀ ਗ਼ਦਰੀ ਵੀ ਇਸ ਵਿਚ ਸ਼ਾਮਲ ਹੋ ਗਏ। ਉਨ੍ਹਾਂ ਨੂੰ "ਦੂਸਰੇ ਸਾਥੀਆਂ ਨੇ ਬਥੇਰਾ ਕਿਹਾ ਕਿ ਇਹ ਪਗੜੀ ਕੱਛੇ ਦੀ ਮੰਗ ਹੈ ਤੁਸੀਂ ਭੁੱਖ ਹੜਤਾਲ ਨਾ ਕਰੋ ਪ੍ਰੰਤੂ ਉਹ ਨਾ ਮੰਨੇ। ਗ਼ਦਰ ਪਾਰਟੀ ਦੇ ਮੈਂਬਰਾਂ ਦੇ ਅਸੂਲੀ ਪਿਆਰ ਦਾ ਸਬੂਤ ਇਨ੍ਹਾਂ ਦੀ ਭੁੱਖ ਹੜਤਾਲ ਤੋਂ ਮਿਲ ਜਾਂਦਾ ਹੈ।"[25]

ਅੰਡੇਮਾਨ ਦੀ ਸੈਲੂਲਰ ਜੇਲ੍ਹ ਦੇ ਹਕੀਕੀ ਦੋਜ਼ਖ਼ ਬਾਰੇ ਏਨਾ ਹੀ ਕਾਫ਼ੀ ਹੈ!

(ਅ) ਬਾਅਦ ਦੇ ਮਾਮਲੇ - ਹਿੰਦੁਸਤਾਨੀ ਜੇਲ੍ਹਾਂ

30-03-1916 ਨੂੰ ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਮਾਮਲਾ (ਦੂਜਾ ਮੁਕੱਦਮਾ) ਦਾ

ਫ਼ੈਸਲਾ ਸੁਣਾਇਆ ਗਿਆ। 3 ਅਪ੍ਰੈਲ 1916 ਨੂੰ ਮੁਜਰਮਾਂ ਦਾ ਮੁਲਤਾਨ ਜੇਲ੍ਹ ਵਿਚ ਤਬਾਦਲਾ ਕਰ ਦਿੱਤਾ ਗਿਆ। **"ਪਰ ਉਨ੍ਹਾਂ ਨੂੰ ਭੇਜਣ ਤੋਂ ਪਹਿਲਾਂ ਧਾਰਮਿਕ ਚਿੰਨ੍ਹਾਂ (ਸਿੱਖ ਕਕਾਰ) ਲਾਹੌਰ ਜੇਲ੍ਹ ਵਿਚ ਹੀ ਉਤਰਵਾ ਲਏ ਗਏ।"**[26]

ਇਸ ਮੁਕੱਦਮੇ ਦੇ ਉਮਰ ਕੈਦੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਨੇ ਮੁਲਤਾਨ ਜੇਲ੍ਹ ਦੀ ਮੁਸ਼ਕਲ ਅਜ਼ਮਾਇਸ਼ ਦਾ ਹੱਡੀਂ ਹੰਢਾਇਆ ਵੇਰਵਾ ਬਿਆਨ ਕੀਤਾ ਸੀ ਜਿਥੇ ਉਹ ਜੁਲਾਈ 1917 ਤਕ ਬੰਦ ਰਹੇ ਸਨ। ਉਨ੍ਹਾਂ ਨੇ ਅਣਮਨੁੱਖੀ ਵਤੀਰੇ ਵਿਰੁੱਧ 40 ਦਿਨ ਭੁੱਖ-ਹੜਤਾਲ ਕੀਤੀ ਜਿਸ ਦੌਰਾਨ ਉਨ੍ਹਾਂ ਨੇ ਨਾ ਸਿਰਫ਼ ਕਿਸੇ ਵੀ ਤਰ੍ਹਾਂ ਦਾ ਭੋਜਨ ਨਹੀਂ ਲਿਆ, ਸਗੋਂ ਪਾਣੀ ਵੀ ਨਹੀਂ ਪੀਤਾ।[27]

ਫੇਰ ਉਨ੍ਹਾਂ ਸਾਰਿਆਂ ਨੂੰ ਹਜ਼ਾਰੀ ਬਾਗ਼ (ਬਿਹਾਰ) ਭੇਜ ਦਿੱਤਾ ਗਿਆ। ਹਜ਼ਾਰੀ ਬਾਗ਼ ਵੱਲ ਜਾਂਦਿਆਂ ਉਨ੍ਹਾਂ ਲੁਧਿਆਣੇ ਵਿੱਚੋਂ ਗੁਜ਼ਰਨਾ ਸੀ, ਜਿਹੜਾ ਉਨ੍ਹਾਂ ਵਿੱਚੋਂ ਕਈਆਂ ਦਾ ਆਪਣਾ ਜ਼ਿਲ੍ਹਾ ਸੀ। ਬਾਬਾ ਸੱਜਣ ਸਿੰਘ (ਨਾਰੰਗਵਾਲ, ਲੁਧਿਆਣਾ) ਨੇ ਲੁਧਿਆਣੇ ਰੇਲਵੇ ਸਟੇਸ਼ਨ ਉੱਤੇ ਗੱਡੀ ਰੁਕਣ ਸਬੰਧੀ ਆਪਣੀ ਸਵੈਜੀਵਨੀ ਵਿਚ ਇਸ ਘਟਨਾ ਦਾ ਭਾਵਨਾ ਭਰਪੂਰ ਵਰਨਣ ਕੀਤਾ ਹੈ।

"ਜ਼ਿਲ੍ਹਾ ਆ ਗਿਆ ਮੇਰਾ, ਤੇ ਮੈਂ ਤੱਕਾਂ ਚਾਰ ਚੁਫੇਰੇ।
ਸਿਖ ਭਾਈ ਜਾਂ ਵਾਕਫ਼ ਕੋਈ, ਸਾਡੇ ਆਵੇ ਨੇੜੇ।
ਐਨਾ ਡਰ ਲੋਕਾਂ ਵਿਚ ਪਾਇਆ, ਕੋਲੇ ਕੋਈ ਨਾ ਆਵੇ।
ਦੂਰੋਂ ਵੀ ਨਾ ਦੇਖੇ ਕੋਈ, ਫਤਹਿ ਨਾ ਕੋਈ ਬੁਲਾਵੇ।
ਪਤਾ ਲੱਗਿਆ ਸਾਨੂੰ, ਬਾਹਰ ਕਰਦੇ ਇਹ ਪਰਚਾਰ।
ਸਿਖ ਨਹੀਂ, ਸਰਦਾਰ ਨਹੀਂ, ਜੋ ਲੜੇ ਨਾਲ ਸਰਕਾਰ।"[28]

ਇਨ੍ਹਾਂ ਕੈਦੀਆਂ ਵਾਸਤੇ ਹਜ਼ਾਰੀ ਬਾਗ਼ ਇਸ ਲਈ ਚੁਣਿਆ ਗਿਆ ਸੀ ਕਿਉਂਕਿ ਇਹ ਬਹੁਤ ਦੂਰ ਸੀ। ਉਥੇ ਵੀ ਜੇਲ੍ਹ ਅੰਦਰਲੇ ਜ਼ੁਲਮ ਜਾਰੀ ਰਹੇ। ਅਖ਼ੀਰ ਨੂੰ ਗ਼ਦਰੀਆਂ ਨੇ ਫ਼ੈਸਲਾ ਕੀਤਾ ਕਿ ਜੇਲ੍ਹ ਵਿੱਚੋਂ ਫ਼ਰਾਰ ਹੋਇਆ ਜਾਵੇ ਅਤੇ 8/9 ਮਾਰਚ 1918 ਦਰਮਿਆਨ ਦੀ ਰਾਤ ਉਨ੍ਹਾਂ ਵਿੱਚੋਂ 18 ਜਣੇ ਜੇਲ੍ਹ ਵਿੱਚੋਂ ਫ਼ਰਾਰ ਹੋਣ ਵਿਚ ਕਾਮਯਾਬ ਹੋ ਗਏ। ਜੇਲ੍ਹ ਵਿੱਚੋਂ ਫ਼ਰਾਰ ਹੋਣ ਦੀ ਬਹੁਤ ਹੀ ਅਹਿਮ ਘਟਨਾ ਸਬੰਧੀ ਦੋ ਕਹਾਣੀਆਂ ਇਸ ਗੱਲ ਨੂੰ ਬਹੁਤ ਚੰਗੀ ਤਰ੍ਹਾਂ ਜ਼ਾਹਰ ਕਰਦੀਆਂ ਹਨ ਕਿ ਜੇਲ੍ਹ ਦੇ ਮੁਕੱਦਮ ਉਨ੍ਹਾਂ ਤੋਂ ਕਿੰਨੇ ਦਹਿਸ਼ਤਜ਼ਦਾ ਸਨ।

ਪਹਿਲੀ – ਜਦੋਂ ਜੇਲ੍ਹ ਦਾ ਖ਼ਤਰੇ ਦਾ ਘੁੱਗੂ ਵੱਜਿਆ। ਜੇਲ੍ਹ ਦੇ ਗਾਰਡਾਂ ਨੂੰ ਆਪਣੀਆਂ ਬੰਦੂਕਾਂ ਅਸਲ੍ਹਾਖ਼ਾਨੇ ਵਿਚ ਜਮ੍ਹਾਂ ਕਰਵਾਉਣ ਦਾ ਹੁਕਮ ਦੇ ਦਿੱਤਾ ਗਿਆ ਤਾਂ ਕਿ ਫ਼ਰਾਰ ਹੋਏ ਗ਼ਦਰੀ ਉਨ੍ਹਾਂ ਦੇ ਹਥਿਆਰ ਨਾਲ ਨਾ ਲੈ ਕੇ ਜਾ ਸਕਣ!

ਦੂਜੀ – ਜੇਲ੍ਹ 'ਚੋਂ ਫ਼ਰਾਰੀ ਦੀ ਉਸ ਕਾਮਯਾਬ ਕਾਰਵਾਈ ਦੀ ਯੋਜਨਾ ਵਿਚ ਉੱਚੀ ਉੱਚੀ "ਸ਼ਬਦ" ਗਾਉਣਾ ਸ਼ਾਮਲ ਸੀ ਤਾਂ ਕਿ ਹਰ ਤਰ੍ਹਾਂ ਦੇ ਸ਼ੋਰ ਦੀ ਆਵਾਜ਼ ਨੂੰ ਉਸ ਆਵਾਜ਼ ਵਿਚ ਡੁਬੋ ਦਿੱਤਾ ਜਾਵੇ, ਭਾਵੇਂ ਉਹ ਆਵਾਜ਼ ਕਿਸੇ ਵੀ ਧਿਰ ਦੀ ਹੋਵੇ। ਇਸ ਕਾਰਵਾਈ ਦੇ ਹੋ

ਜਾਣ ਪਿਛੋਂ, ਇਕ ਵਾਰ, ਜੇਲ੍ਹ ਵਾਰਡਰ ਨੂੰ ਮਹਿਸੂਸ ਹੋਇਆ ਕਿ ਕੈਦੀਆਂ ਦਾ "ਸ਼ਬਦ" ਗਾਉਣਾ ਆਮ ਨਾਲੋਂ ਜ਼ਿਆਦਾ ਉੱਚੀ ਸੁਰ ਵਿਚ ਹੈ, ਉਹ ਇਕ ਦਮ ਜੇਲ੍ਹਰ ਵੱਲ ਭੱਜਿਆ ਤੇ ਉਸ ਨੂੰ ਦੱਸਿਆ ਕਿ ਇਕ ਵਾਰ ਫਿਰ ਉਹ ਸਿੱਖ "ਫ਼ਰਾਰ ਹੋਣ ਦਾ ਮੰਤਰ" ਪੜ੍ਹਨ ਲੱਗੇ ਹੋਏ ਹਨ!

ਬਾਬਾ ਹਰਨਾਮ ਸਿੰਘ (ਕਾਲਾ ਸੰਘਿਆਂ, ਕਪੂਰਥਲਾ), ਜੋ ਇਨ੍ਹਾਂ ਗ਼ਦਰੀਆਂ ਵਿੱਚੋਂ ਇਕ ਸਨ, 21 ਸਾਲ ਲਗਾਤਾਰ ਜੇਲ੍ਹ ਵਿਚ ਰਹੇ। ਉਨ੍ਹਾਂ ਦੀ ਜਾਇਦਾਦ 2011 ਤਕ ਜ਼ਬਤ ਰਹੀ ਜਦੋਂ ਇਸ ਲੇਖਕ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ ਵਿਚ ਇਕ ਲੋਕ-ਹਿੱਤ ਦਰਖ਼ਾਸਤ (ਪੀ.ਆਈ.ਐੱਲ.) ਜ਼ਰੀਏ ਬਜ਼ਾਰ ਦੇ ਮੌਜੂਦਾ ਭਾਅ ਉੱਪਰ ਮੁਆਵਜ਼ਾ ਹਾਸਲ ਕਰਨ ਵਿਚ ਕਾਮਯਾਬੀ ਹਾਸਲ ਕੀਤੀ।

ਅਮੀਰ ਵਿਰਾਸਤ

ਰੂਹਾਨੀ, ਆਰਥਕ, ਵਿਦਿਅਕ ਕਾਜਾਂ ਅਤੇ ਪਿਆਰ ਜਗਾਊ ਤੌਰ-ਤਰੀਕੇ ਅਖ਼ਤਿਆਰ ਕਰਨ ਵਾਲੇ ਅਤੇ ਨਿਰਮਾਣਤਾ ਦੇ ਮੁਜੱਸਮੇ ਅਣਥੱਕ ਬਾਬਿਆਂ ਨੂੰ ਪੂਰੀ ਤਰ੍ਹਾਂ ਨਾਲ ਸਮਝਣ ਲਈ ਉਨ੍ਹਾਂ ਨੂੰ ਮਿਲਣਾ ਅਤੇ ਨੇੜਿਓਂ ਹੋ ਕੇ ਘੋਖਣਾ ਜ਼ਰੂਰੀ ਸੀ। ਉਨ੍ਹਾਂ ਵਿੱਚੋਂ ਹਰ ਕੋਈ ਜਿਥੇ ਵੀ ਰਿਹਾ ਤੇ ਕੰਮ ਕਰਦਾ ਰਿਹਾ ਆਪਣੇ-ਆਪਣੇ ਤਰੀਕੇ ਨਾਲ ਜ਼ਿੰਦਗੀ ਨੂੰ ਹੋਰ ਵੀ ਸ਼ਾਨਦਾਰ ਬਣਾਉਂਦਾ ਰਿਹਾ। ਇਸ ਦਾ ਉਨ੍ਹਾਂ ਦੇ ਆਲਮੀ ਨਜ਼ਰੀਏ ਨਾਲ ਕਰੀਬੀ ਰਿਸ਼ਤਾ ਰਿਹਾ ਜਿਸ ਨੂੰ ਜਰਮਨ ਜ਼ੁਬਾਨ ਵਿਚ 'ਵੈਲਟਾਨਚਾਊਂਗ' (Weltanchauung) ਕਹਿੰਦੇ ਹਨ। ਆਪਣੇ ਪੇਂਡੂ ਪਿਛੋਕੜ ਤੋਂ ਉੱਚਾ ਉੱਠਕੇ ਉਨ੍ਹਾਂ ਨੇ ਇਕ ਸਰਵਪੱਖੀ ਨਜ਼ਰੀਆ ਅਪਣਾਇਆ ਜਿਹੜਾ ਉਨ੍ਹਾਂ ਦੀਆਂ ਸਰਗਰਮੀਆਂ ਵਿਚ ਆਮ ਰੂਪ ਵਿਚ ਪ੍ਰਗਟ ਹੁੰਦਾ ਸੀ ਅਤੇ ਸ਼ਾਇਦ ਗ਼ਦਰ ਪਾਰਟੀ ਦੇ ਮੁੱਖ ਸਿਧਾਂਤਾਂ ਵਿੱਚੋਂ ਇਕ ਵਿਚ ਪ੍ਰਤੱਖ ਨਜ਼ਰ ਆਉਂਦਾ ਸੀ – ਕਿ ਪਾਰਟੀ ਦੇ ਹਰ ਸਿਪਾਹੀ ਦਾ ਇਹ ਫਰਜ਼ ਹੋਵੇਗਾ ਕਿ ਉਹ ਚਾਹੇ ਦੁਨੀਆ ਦੇ ਕਿਸੇ ਕੋਨੇ ਵਿੱਚ ਹੋਵੇ, ਜੇ ਉਥੇ ਆਜ਼ਾਦੀ ਦੀ ਲੜਾਈ ਸ਼ੁਰੂ ਹੋਵੇ ਤਾਂ ਗੁਲਾਮੀ ਦੇ ਵਿਰੁੱਧ ਤੇ ਆਜ਼ਾਦੀ ਦੇ ਹੱਕ ਵਿੱਚ ਹਿਸਾ ਲਵੇ।[29] ਇਸੇ ਦੀ ਅਮਲੀ ਮਿਸਾਲ ਡੱਚ ਸਾਮਰਾਜਵਾਦ ਦੇ ਖ਼ਿਲਾਫ਼ ਇੰਡੋਨੇਸ਼ੀਆ ਦੀ ਆਜ਼ਾਦੀ ਦੀ ਜੱਦੋਜਹਿਦ ਵਿਚ ਬਾਬਾ ਹਰੀ ਸਿੰਘ ਉਸਮਾਨ ਦੀ ਸ਼ਮੂਲੀਅਤ ਹੈ ਜਿਸ ਕਾਰਨ ਉਸ ਨੂੰ ਠੁੱਡੇ ਮਾਰ-ਮਾਰ ਕੇ ਮਾਰ ਦਿੱਤੇ ਜਾਣ ਦੀ ਸਜ਼ਾ ਸੁਣਾਈ ਗਈ।[30] ਬਾਬੇ ਦੇ ਦੋਵੇਂ ਇੰਡੋਨੇਸ਼ੀਆਈ ਪੁੱਤਰ ਵੀ "ਪਿੱਛੇ" ਨਹੀਂ ਰਹੇ: ਉਹ ਆਜ਼ਾਦ ਹਿੰਦ ਫ਼ੌਜ ਵਿਚ ਸ਼ਾਮਲ ਹੋਏ – ਵੱਡਾ ਆਪਣੀ *ਪਿਤਰ-ਭੂਮੀ* ਦੀ ਮੁਕਤੀ ਲਈ ਲੜਦਾ ਹੋਇਆ ਜਾਨ ਵਾਰ ਗਿਆ।

NOTES AND REFERENCES

1. Ghadr Movement Original Documents, Vol. I, Lahore Conspiracy Cases I and II, p. 124, Malwinder Jit Singh Waraich, Harinder

Singh, 2008, Unistar Publishers, Chandigarh.
2. Ibid, Appendix XIX, p. 489.
3. Ibid., Appendix XXI, p. 500.
4. *ਗ਼ਦਰ ਪਾਰਟੀ ਲਹਿਰ* (ਪੰਜਾਬੀ), ਜਗਜੀਤ ਸਿੰਘ, ਨਵਯੁਗ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ, 1956।
5. *ਜੀਵਨ ਸੰਗਰਾਮ* (ਪੰਜਾਬੀ), ਬਾਬਾ ਸੋਹਣ ਸਿੰਘ ਭਕਨਾ ਦੀ ਸਵੈ-ਜੀਵਨੀ, ਸੰਪਾਦਕ ਮਲਵਿੰਦਰਜੀਤ ਸਿੰਘ ਵੜੈਚ, ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ, 2003, ਸਫ਼ਾ 79।
6. Ghadr Documents, Vol. I, p. 112.
7. Ibid., p. 123.
8. Ibid., p. 151.
9. Komagata Maru : A Challenge to Colonialism — Key Documents, Malwinder Jit Singh Waraich, Gurdev Singh Sidhu, Unistar Publishers, Chandigarh, 2005, pp. 15-16.
10. *Ghadr Documents,* Vol. I, p. 141.
11. Ibid., pp. 141-142.
12. Ibid.. II : First Lahore Conspiracy Case Mercy Petition, Malwinder Jit Singh Waraich. Harish Jain, Unistar Publishers, Chandigarh, 2010, pp. 7-8.
13. Ibid, Vol. 1, p. 340.
14. *Ghadr Documents: Soldiers in Revolt*, Malwinder Jit Singh Waraich, Harish Jain, Unistar Publishers (Preface), under publication.
15. *Ghadr Documents*, Vol. 1, p. 336.
16. *ਗ਼ਦਰ ਪਾਰਟੀ ਲਹਿਰ*, ਸਫ਼ਾ 72।
17. *ਡਾਇਰੀ ਬਾਬਾ ਹਰੀ ਸਿੰਘ ਉਸਮਾਨ* (ਸਵੈ-ਜੀਵਨੀ), ਪੰਜਾਬੀ, ਸੰਪਾਦਕ ਮਲਵਿੰਦਰਜੀਤ ਸਿੰਘ ਵੜੈਚ, ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ – 2006, ਸਫ਼ੇ 9-11।
18. *Ghadr Documents*, Vol. 1, pp. 350-354.
19. Ibid, 355-391.
20. Ibid., pp. 392-411.
21. *Bhagat Singh The Eternal Rebel*, Malwinder Jit Singh Waraich, Publication Division, Ministry of Information and Broadcasting,

Govt. of India, Soochna Bhawan, C.GO. Complex, Lodhi Road, New Delhi 110003, 2007, p. 163.

22. *Hanging of Bhagat Singh*, Vol. I, Complete Judgement and other Documents, Malwinder Jit Singh Waraich, Gurdev Singh Sidhu, Unistar Publishers, Chandigarh. 2005, p. 55.
23. *ਜੀਵਨ ਸੰਗਰਾਮ*, ਸਫ਼ਾ 48।
24. ਉਹੀ, ਸਫ਼ੇ 51-52।
25. ਉਹੀ, ਸਫ਼ੇ 56-57।
26. *ਆਤਮ-ਕਥਾ: ਗ਼ਦਰੀ ਬਾਬਾ ਹਰਨਾਮ ਸਿੰਘ ਕਾਲਾ ਸੰਘਿਆਂ* (ਕਪੂਰਥਲਾ), ਸੰਪਾਦਕ ਮਲਵਿੰਦਰਜੀਤ ਸਿੰਘ ਵੜੈਚ, ਸੀਤਾ ਰਾਮ ਬਾਂਸਲ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2011, ਸਫ਼ਾ 35।
27. ਉਹੀ, ਸਫ਼ਾ 36।
28. *ਆਤਮ-ਕਥਾ: ਬਾਬਾ ਸੱਜਣ ਸਿੰਘ ਨਾਰੰਗਵਾਲ*, ਸੰਪਾਦਕ ਮਲਵਿੰਦਰਜੀਤ ਸਿੰਘ ਵੜੈਚ, ਸੀਤਾ ਰਾਮ ਬਾਂਸਲ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2011, ਸਫ਼ਾ 33।
29. *ਜੀਵਨ ਸੰਗਰਾਮ*, ਸਫ਼ਾ 32।
30. *ਡਾਇਰੀ ਬਾਬਾ ਹਰੀ ਸਿੰਘ ਉਸਮਾਨ*, ਸਫ਼ਾ 99।
31. ਉਹੀ।

.ਗਦਰ ਲਹਿਰ ਦਾ ਆਲਮੀ ਪ੍ਰਸੰਗ:
ਕੈਨੇਡਾ ਉਪਰ ਮੁੜ-ਝਾਤ

–ਰਾਜ ਪੰਨੂ
(ਰਾਬਿੰਦਰ ਸਾਰਾ ਦੇ ਸਹਿਯੋਗ ਨਾਲ)

ਜਾਣ-ਪਛਾਣ

ਦੱਖਣੀ ਏਸ਼ੀਆ ਦੇ ਪਿਛੋਕੜ ਵਾਲੇ ਬਹੁਤ ਸਾਰੇ ਅਸੀਂ ਅੱਜ ਕੈਨੇਡਾ ਅਤੇ ਅਮਰੀਕਾ ਵਿਚ ਵੋਟ ਅਧਿਕਾਰ ਅਤੇ ਬਰਾਬਰ ਦੇ ਸ਼ਹਿਰੀ ਹੱਕਾਂ ਸਮੇਤ ਵਸੇ ਹੋਏ ਹਾਂ। .ਗਦਰ ਪਾਰਟੀ ਬਣਾਏ ਜਾਣ ਦੇ ਇਸ ਸ਼ਤਾਬਦੀ ਵਰ੍ਹੇ ਦੌਰਾਨ ਸਾਡੇ ਵਿੱਚੋਂ ਬਹੁਤ ਜਣੇ ਵਿਸ਼ੇਸ਼ ਸਮਾਰੋਹਾਂ – ਸਿੰਪੋਜੀਆ, ਸੈਮੀਨਾਰਾਂ ਅਤੇ ਕਾਨਫਰੰਸਾਂ – ਵਿਚ ਹਿੱਸਾ ਲੈਣਗੇ – ਜੋ ਸਮੁੱਚੇ ਉੱਤਰੀ ਅਮਰੀਕਾ ਵਿਚ ਕੀਤੇ ਜਾ ਰਹੇ ਹਨ। ਉਨ੍ਹਾਂ ਨੂੰ ਇਸ ਸਿਆਸੀ ਜਥੇਬੰਦੀ ਦੇ ਉੱਭਰਨ ਦੇ ਇਤਿਹਾਸਕ ਪ੍ਰਸੰਗ ਨੂੰ ਮੁੜ ਤੋਂ ਦੇਖਣ ਦਾ ਮੌਕਾ ਮਿਲਣਾ ਹੈ, ਅਤੇ ਇਸ ਮੁੱਦੇ ਬਾਰੇ ਘੋਖ–ਵਿਚਾਰ ਕੀਤੀ ਜਾਣੀ ਹੈ ਕਿ ਬਸਤੀਵਾਦੀ ਦਾਬੇ ਅਤੇ ਇਸ ਦੇ ਨੈਤਿਕ ਤੌਰ 'ਤੇ ਘਿਣਾਉਣੇ ਪਰਸਪਰ ਸਾਥੀ, ਨਸਲਵਾਦੀ ਦਾਬੇ, ਤੋਂ ਇਨਸਾਨ ਦੀ ਮੁਕਤੀ ਦੀ ਮੌਜੂਦਾ ਜੱਦੋਜਹਿਦ ਵਿਚ ਇਸ ਦੀ ਦੇਣ ਦੀ ਅਹਿਮੀਅਤ ਕੀ ਹੈ।

ਇਨ੍ਹਾਂ ਸਾਲਾਂ ਵਿਚ .ਗਦਰ ਲਹਿਰ ਦੇ ਇਤਿਹਾਸ ਬਾਰੇ ਕੈਨੇਡਾ ਅਤੇ ਹਿੰਦੁਸਤਾਨ ਵਿਚ ਕਈ ਅਧਿਐਨ ਹੋਏ ਹਨ ਜਿਨ੍ਹਾਂ ਵਿਚ, ਹੋਰਨਾਂ ਚੀਜ਼ਾਂ ਦੇ ਨਾਲ ਇਸ ਦੇ ਬਾਨੀ ਮੈਂਬਰਾਂ ਤੇ ਆਗੂਆਂ ਦੇ ਕਿਆਸ ਤੋਂ ਬਾਹਰਲੇ ਹੌਸਲੇ, ਕੁਰਬਾਨੀ ਅਤੇ ਅਗਾਂਹਵਧੂ ਸਿਆਸੀ ਆਵੇਗ ਬਾਰੇ ਚਾਨਣਾ ਪਾਇਆ ਗਿਆ ਹੈ। ਕੁਲ–ਮਿਲਾਕੇ, ਅਜਿਹੀਆਂ ਲਿਖਤਾਂ ਨੇ ਇਸ ਲਹਿਰ ਦੇ ਇਤਿਹਾਸ ਨੂੰ ਸਾਡੇ ਸਾਹਮਣੇ ਲੈਕੇ ਆਉਣ ਵਿਚ ਕਾਬਲੇ–ਤਾਰੀਫ਼ ਕੰਮ ਕੀਤਾ ਹੈ – ਇਕ ਅਜਿਹੀ ਕੌਮੀ ਮੁਕਤੀ ਦੀ ਜੱਦੋਜਹਿਦ ਬਾਰੇ ਜਿਸ ਦੀਆਂ ਮੁੱਢਲੀਆਂ ਜੜ੍ਹਾਂ ਵੀਹਵੀਂ ਸਦੀ ਦੇ ਮੁੱਢ ਦੇ ਉੱਤਰੀ ਅਮਰੀਕਾ ਅਤੇ ਜ਼ਿਆਦਾ ਅਹਿਮ ਗੱਲ ਇਹ ਕਿ ਕੈਨੇਡਾ ਵਿਚ ਪੱਕੀ ਤਰ੍ਹਾਂ ਲੱਗੀਆਂ ਹੋਈਆਂ ਹਨ। ਏਨੀ ਹੀ ਅਹਿਮੀਅਤ ਵਾਲੀ ਚੀਜ਼ ਇਹ ਵੀ ਹੈ ਕਿ ਗਿਆਨ ਦਾ ਇਹ ਸੰਗ੍ਰਹਿ ਹੋਰ ਵੀ ਵੱਡਾ ਹੋਈ ਜਾ ਰਿਹਾ ਹੈ ਅਤੇ ਇਸ ਤਰ੍ਹਾਂ ਹੇਠ ਲਿਖੀਆਂ ਚੀਜ਼ਾਂ ਦਾ ਅਨਿੱਖੜ ਹਿੱਸਾ ਬਣ ਗਿਆ ਹੈ: (ੳ) ਸਿਆਸੀ ਆਜ਼ਾਦੀ ਅਤੇ ਕੌਮੀ ਪ੍ਰਭੂਸੱਤਾ ਵਾਸਤੇ ਬਰਤਾਨਵੀ ਬਸਤੀਵਾਦ ਵਿਰੁੱਧ ਹਿੰਦੁਸਤਾਨ ਦੀ ਜੱਦੋਜਹਿਦ ਦਾ ਇਤਿਹਾਸ ਦਾ, ਅਤੇ (ਅ)

ਵੀਹਵੀਂ ਸਦੀ ਦੇ ਮੁੱਢ ਵਿਚ ਕੈਨੇਡਾ ਅਤੇ ਅਮਰੀਕਾ ਦੋਹਾਂ ਵਿਚ ਨਸਲੀ ਦਾਬੇ ਅਤੇ ਨਸਲੀ ਪ੍ਰਵਾਸ ਨੀਤੀਆਂ ਦੇ ਇਤਿਹਾਸ ਦਾ ਅਤੇ ਨਾਲ ਹੀ ਇਨ੍ਹਾਂ ਦੇ ਵਿਰੋਧ ਅਤੇ ਟਾਕਰੇ ਦਾ। ਆਪਣੇ ਚੀਨੀ ਅਤੇ ਜਪਾਨੀ ਸਹਿ-ਪ੍ਰਵਾਸੀਆਂ ਵਾਂਗ ਜਿਹੜੇ ਪਹਿਲਾਂ ਹੀ ਨਸਲੀ ਵਿਰੋਧ ਅਤੇ ਵਿਤਕਰੇ ਦਾ ਕੇਂਦਰ ਰਹੇ ਸਨ, ਹੁਣ ਹਿੰਦੁਸਤਾਨੀ ਪ੍ਰਵਾਸੀ ਵੀ ਇਨ੍ਹਾਂ ਅਲਹਿਦਗੀ ਵਾਲੀਆਂ ਨੀਤੀਆਂ ਦਾ ਸ਼ਿਕਾਰ ਹੋਣੇ ਸ਼ੁਰੂ ਹੋ ਰਹੇ ਸਨ। ਇਨ੍ਹਾਂ ਨਵੇਂ ਸ਼ਾਮਲ ਹੋਣ ਵਾਲਿਆਂ ਦਾ ਘੋਰ ਨਸਲਵਾਦੀ, ਅੱਤ ਦੇ ਬੇਇਨਸਾਫ਼ੀ ਭਰੇ ਅਤੇ ਨੈਤਿਕ ਤੌਰ 'ਤੇ ਨਫ਼ਰਤ ਦੀ ਪਾਤਰ ਹਕੂਮਤ ਵਲੋਂ ਸਹੀ ਗਰਦਾਨੇ ਗਏ ਵਿਤਕਰੇ ਭਰੇ ਵਤੀਰੇ ਵਿਰੁੱਧ ਦ੍ਰਿੜ ਟਾਕਰੇ ਅਤੇ ਵਿਰੋਧ ਦੇ ਅਮਲ ਦੌਰਾਨ ਗ਼ਦਰ ਲਹਿਰ ਪੈਦਾ ਹੋਈ। ਦੂਜੇ ਦੋ ਪ੍ਰਵਾਸੀ ਹਿੱਸਿਆਂ ਦੇ ਉਲਟ, ਭਾਵੇਂਕਿ ਉਹ ਵੀ ਇਸੇ ਤਰ੍ਹਾਂ ਦੀ ਨਸਲਵਾਦੀ ਨਫ਼ਰਤ ਅਤੇ ਵਿਤਕਰੇਪੂਰਨ ਵਤੀਰੇ ਦੇ ਸ਼ਿਕਾਰ ਸਨ, ਇਨ੍ਹਾਂ ਨਵਿਆਂ ਨੇ ਅਖ਼ੀਰ ਨੂੰ ਇਕ ਵਿਲੱਖਣ ਸਿਆਸੀ ਪ੍ਰਤੀਕਰਮ ਕਿਉਂ ਦਿਖਾਇਆ? ਹੇਠਾਂ ਅਸੀਂ ਇਸ ਸਵਾਲ ਦਾ ਜਵਾਬ ਕੁਰੇਦਦੇ ਹਾਂ।

ਇਹ ਛੋਟੀ ਜਿਹੀ ਲਿਖਤ ਉਸ ਇਤਿਹਾਸਕ ਪ੍ਰਸੰਗ ਨੂੰ ਘੋਖਣ ਦਾ ਯਤਨ ਹੈ – ਯਾਨੀ 19ਵੀਂ ਦਾ ਅਖ਼ੀਰਲਾ ਤੀਜਾ ਹਿੱਸਾ ਅਤੇ 20ਵੀਂ ਸਦੀ ਦੇ ਮੁੱਢਲੇ ਸਾਲ – ਜਿਸ ਵਿਚ ਗ਼ਦਰ ਲਹਿਰ ਦੇ ਉੱਭਰਨ ਦੇ ਅਮਲ ਸਬੰਧੀ ਮੁੱਢਲੇ ਅਸਰਾਂ ਅਤੇ ਉਨ੍ਹਾਂ ਖ਼ਾਸ ਢੰਗਾਂ ਉਪਰ ਜ਼ੋਰ ਦਿੱਤਾ ਗਿਆ ਹੈ ਜਿਨ੍ਹਾਂ ਜ਼ਰੀਏ ਇਸਨੇ ਉਸ ਸਰਬਾਂਗੀ ਸਿਆਸਤ ਦੇ ਅਗਲੇਰੇ ਵਿਕਾਸ ਦੀ ਪਰਵਰਿਸ਼ ਕੀਤੀ ਜੋ ਹਿੰਦੁਸਤਾਨ ਦੀ ਬਰਤਾਨਵੀ ਸਾਮਰਾਜਵਾਦੀ ਕਬਜ਼ੇ ਅਤੇ ਲੁੱਟਖਸੁੱਟ ਤੋਂ ਬੰਦ-ਖ਼ਲਾਸੀ ਕਰਾਉਣ ਨੂੰ ਪ੍ਰਣਾਈ ਹੋਈ ਸੀ। ਇਸ ਦਾ ਪਰਾ-ਕੌਮੀ ਖ਼ਾਸਾ ਅਤੇ ਇਸ ਦੇ ਉਭਰਨ ਦਾ ਵਕਤ ਉਨ੍ਹਾਂ ਤਾਕਤਾਂ ਦੇ ਅਧਿਐਨ ਵੱਲ ਉਚੇਚਾ ਧਿਆਨ ਦਿੱਤੇ ਜਾਣ ਦੀ ਮੰਗ ਕਰਦੇ ਹਨ ਜੋ ਨਵੇਂ ਆਲਮੀ ਪ੍ਰਸੰਗ ਨਾਲ ਜੁੜੀਆਂ ਹੋਈਆਂ ਸਨ ਜਿਨ੍ਹਾਂ ਨੂੰ "ਸਲਤਨਤ ਦਾ ਯੁਗ" ਜਾਂ "ਨਵ ਸਾਮਰਾਜਵਾਦ"[1] ਦਾ ਨਾਂ ਦਿੱਤਾ ਗਿਆ ਜਿਸਨੇ ਬਸਤੀਵਾਦ ਵਿਰੋਧੀ ਲਹਿਰਾਂ ਦੇ ਅਗਲੇਰੇ ਵਾਧੇ ਲਈ ਹਾਲਾਤ ਪੈਦਾ ਕੀਤੇ, ਖ਼ਾਸ ਕਰਕੇ ਹਿੰਦੁਸਤਾਨ ਵਿਚ। ਗ਼ਦਰ ਲਹਿਰ ਉਨ੍ਹਾਂ ਵਿੱਚੋਂ ਇਕ ਸੀ। ਹੇਠਲੀ ਵਿਚਾਰ-ਚਰਚਾ ਵਿਚ ਇਤਿਹਾਸਕ ਪ੍ਰਸੰਗ ਦੇ ਅੰਤਰ-ਸਬੰਧਤ ਤੱਤ ਸਾਡਾ ਸਿਲਸਿਲੇਵਾਰ, ਹਾਲਾਂਕਿ ਬਹੁਤ ਹੀ ਸਰਸਰੀ ਅਤੇ ਸੰਖੇਪ ਜਿਹਾ, ਧਿਆਨ ਖਿੱਚਦੇ ਹਨ:

(ੳ) ਕੌਮਾਂਤਰੀ ਪ੍ਰਬੰਧ ਅੰਦਰ ਬਰਤਾਨਵੀ ਸਲਤਨਤ ਦਾ ਅਜੇ ਵੀ ਜੋ ਸਰਬੋਤਮ ਦਰਜਾ ਸੀ ਉਸ ਦੇ ਖ਼ਾਸ ਹਵਾਲੇ ਨਾਲ ਉਨੀਵੀਂ ਸਦੀ ਦੇ ਅਖ਼ੀਰ ਅਤੇ ਵੀਹਵੀਂ ਸਦੀ ਦੇ ਮੁੱਢ ਦੇ ਭੂਗੋਲਿਕ-ਸਿਆਸੀ ਅਤੇ ਕੌਮਾਂਤਰੀ ਪ੍ਰਸੰਗ ਵਿਚ ਹੋ ਰਹੇ ਬਦਲਾਓ;

(ਅ) ਉਸ ਅਰਸੇ ਵਿਚ ਹਿੰਦੁਸਤਾਨ, ਹੋਰ ਵੀ ਖ਼ਾਸ ਤੌਰ 'ਤੇ ਪੰਜਾਬ ਵਿਚ ਬਸਤੀਵਾਦ ਵਿਰੋਧੀ ਲਹਿਰਾਂ ਦੀ ਉਠਾਣ; ਅਤੇ

(ੲ) ਕੈਨੇਡਾ ਦੀ ਸਿਆਸੀ ਆਰਥਿਕਤਾ ਅਤੇ ਇਸ ਦੀ ਕੌਮ ਨੂੰ "ਗੋਰੇ ਆਦਮੀ ਦੇ ਮੁਲਕ" ਵਜੋਂ ਉਸਾਰਨ ਦੀ ਖਾਹਸ਼, ਜੋ ਬਦੇਸ਼ਾਂ ਤੋਂ ਆਵਾਸੀ ਕਿਰਤੀਆਂ ਦੀ ਵੱਡੇ ਪੈਮਾਨੇ ਦੀ

ਆਮਦ ਉਪਰ ਨਿਰਭਰ ਸੀ ਅਤੇ ਇਸ ਮਨੋਰਥ ਦੀ ਪੂਰਤੀ ਲਈ ਘੜੀਆਂ ਆਵਾਸੀ ਨੀਤੀਆਂ।

ਸਾਮਰਾਜਵਾਦੀ ਆਲਮੀ ਪ੍ਰਬੰਧ ਉਪਰ ਪੰਛੀ ਝਾਤ ਦੇ ਪਿਛੋਕੜ ਵਿਚ ਰੱਖਕੇ ਸਾਡੇ ਵਲੋਂ ਕੀਤਾ ਗਿਆ ਵਿਸ਼ਲੇਸ਼ਣ ਉਨ੍ਹਾਂ ਢੰਗ-ਤਰੀਕਿਆਂ ਉਪਰ ਕੇਂਦਰਤ ਕਰਦਾ ਹੈ ਜਿਨ੍ਹਾਂ ਵਿਚ ਓਦੋਂ ਹਿੰਦੁਸਤਾਨ ਅਤੇ ਕੈਨੇਡਾ ਵਿਚ ਮੌਜੂਦ ਸਮਾਜੀ ਤੇ ਸਿਆਸੀ ਹਾਲਾਤ ਅਤੇ ਤਾਕਤਾਂ ਦਰਮਿਆਨ ਅੰਤਰ-ਕਿਰਿਆ ਨੇ ਉਸ ਵਰਤਾਰੇ ਦੀ ਕਾਇਆਪਲਟੀ ਦਾ ਮੂੰਹ-ਮੱਥਾ ਘੜਨ 'ਚ ਸਹਾਇਤਾ ਕੀਤੀ ਜੋ ਸ਼ੁਰੂ ਵਿਚ ਕੈਨੇਡਾ ਦੀਆਂ ਆਵਾਸੀਆਂ ਨੂੰ ਆਪਣੇ ਵਿਚ ਨਾ ਸਮੋਣ ਦੀਆਂ ਆਵਾਸੀ ਨੀਤੀਆਂ ਵਿਚ ਸੁਧਾਰ ਲਿਆਉਣ ਦੀ ਸਿੱਧੀ-ਸਾਦੀ ਇੱਛਾ ਵਲੋਂ ਸੰਚਾਲਤ ਸਮੂਹਕ ਹੁੰਗਾਰਾ ਸੀ ਜੋ ਫਿਰ ਗ਼ਦਰ ਨਾਂ ਦੀ ਇਨਕਲਾਬੀ ਕੌਮਪ੍ਰਸਤ ਲਹਿਰ 'ਚ ਬਦਲ ਗਿਆ ਜੋ ਬਰਤਾਨਵੀਆਂ ਨੂੰ ਹਿੰਦੁਸਤਾਨ ਵਿੱਚੋਂ ਬਾਹਰ ਕੱਢਣ ਦੇ ਮਨੋਰਥ ਨੂੰ ਪ੍ਰਣਾਈ ਹੋਈ ਸੀ।

ਉੱਤਰੀ ਅਮਰੀਕਾ ਵਿਚ ਆਉਣ ਵਾਲੇ ਮੋਹਰੀ ਹਿੰਦੁਸਤਾਨੀ ਆਵਾਸੀ: ਆਮਦ ਅਤੇ ਸਵਾਗਤ

1904 ਤਕ ਹਿੰਦੁਸਤਾਨ ਤੋਂ ਬਹੁਤ ਥੋੜ੍ਹੇ ਆਵਾਸੀ ਹੀ ਕੈਨੇਡਾ ਜਾਂ ਅਮਰੀਕਾ ਵਿਚ ਵਸੇਬੇ ਲਈ ਆਏ ਸਨ। ਜਿਨ੍ਹਾਂ ਨੇ ਸ਼ੁਰੂ ਵਿਚ ਇਸ ਜਥੇਬੰਦੀ ਦੀ ਨੀਂਹ ਰੱਖੀ ਅਤੇ ਇਸ ਨੂੰ ਨੈਤਿਕ, ਪਦਾਰਥਕ ਅਤੇ ਸਿਆਸੀ ਹਮਾਇਤ ਦਿੱਤੀ ਉਹ ਹਿੰਦੁਸਤਾਨ ਅਤੇ ਏਸ਼ੀਆ ਦੀਆਂ ਹੋਰ ਬਰਤਾਨਵੀ ਬਸਤੀਆਂ ਤੋਂ ਇਨ੍ਹਾਂ ਦੋਵਾਂ ਮੁਲਕਾਂ ਵਿਚ ਥੋੜ੍ਹਾ ਚਿਰ ਪਹਿਲਾਂ ਹੀ ਆਏ ਸਨ। ਜਿੱਥੋਂ ਤਾਈਂ ਕੈਨੇਡਾ ਦਾ ਸਵਾਲ ਹੈ, ਅਤੇ ਇਥੇ ਅਸਲ ਵਿਚ ਅਸੀਂ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਹਵਾਲੇ ਨਾਲ ਹੀ ਗੱਲ ਕਰ ਰਹੇ ਹਾਂ, 1906 ਦੀ ਬਸੰਤ ਤਕ ਉੱਥੇ (ਈਸਟ) ਇੰਡੀਅਨ ਆਵਾਸੀ 400 ਤੋਂ ਵੱਧ ਨਹੀਂ ਸਨ। ਅਗਲੇ ਦੋ ਸਾਲਾਂ ਵਿਚ ਮੁਕਾਬਲਤਨ ਵਧੇਰੇ ਆਮਦ ਦੇਖੀ ਗਈ: 1907 'ਚ 2124 ਅਤੇ 1908 'ਚ 2623 ਆਵਾਸੀ ਆਏ।[2] ਮੋਟੇ ਤੌਰ 'ਤੇ ਇਸੇ ਅਰਸੇ ਦੌਰਾਨ, ਏਨੀ ਹੀ ਤਾਦਾਦ ਵਿਚ ਦੱਖਣੀ ਏਸ਼ੀਆਈ ਅਮਰੀਕੀ ਪੈਸੀਫਿਕ ਕੋਸਟਲ ਸੂਬਿਆਂ ਵਾਸ਼ਿੰਗਟਨ, ਓਰੇਗਾਨ ਅਤੇ ਕੈਲੀਫੋਰਨੀਆ ਵਿਚ ਦਾਖ਼ਲ ਹੋਣ ਵਿਚ ਕਾਮਯਾਬ ਹੋ ਗਏ ਸਨ।[3]

ਕੈਨੇਡਾ-ਅਮਰੀਕਾ ਸਰਹੱਦ ਦੇ ਦੋਵੇਂ ਪਾਸੇ ਉਨ੍ਹਾਂ ਏਸ਼ੀਆਈ ਆਵਾਸੀਆਂ ਦੇ ਖ਼ਿਲਾਫ਼ ਨਸਲਵਾਦੀ ਬਦਲਾਲਊ ਪ੍ਰਤੀਕਰਮ ਵਧਦਾ ਜਾ ਰਿਹਾ ਸੀ ਜੋ ਪਹਿਲਾਂ ਹੀ ਕੈਨੇਡਾ ਅਤੇ ਅਮਰੀਕਾ ਦੇ ਬਾਸ਼ਿੰਦੇ ਬਣ ਚੁੱਕੇ ਸਨ। ਨਾਲ ਹੀ ਉੱਥੋਂ ਭਵਿੱਖ ਵਿਚ ਆਉਣ ਵਾਲੇ ਆਵਾਸੀਆਂ ਦੇ ਖ਼ਿਲਾਫ਼ ਵੀ ਤਕੜੀਆਂ ਭਾਵਨਾਵਾਂ ਬਣ ਗਈਆਂ ਸਨ। ਉਤਰੀ ਅਮਰੀਕਾ ਦੇ ਪੈਸੀਫਿਕ ਕੋਸਟ ਉਪਰ ਗ਼ੈਰ-ਗੋਰੇ ਲੋਕਾਂ ਦੇ ਆਵਾਸ ਉਪਰ ਪਾਬੰਦੀ ਲਗਾਏ ਜਾਣ ਦੇ ਦਬਾਓ ਦਾ ਲੰਮਾ ਇਤਿਹਾਸ ਸੀ, ਜੋ ਆਸਟਰੇਲੀਆ ਨਾਲ ਮਿਲਦਾ-ਜੁਲਦਾ ਸੀ। ਮੂਲ ਰੂਪ 'ਚ ਇਹ

1880ਵਿਆਂ ਤੋਂ ਸ਼ੁਰੂ ਹੋ ਕੇ ਮਹਾਂ ਆਰਥਕ ਮੰਦਵਾੜੇ ਦੇ ਸਾਲਾਂ ਦੌਰਾਨ ਮਜ਼ਦੂਰ ਜਮਾਤ ਵਲੋਂ ਲਾਮਬੰਦ ਕੀਤਾ ਵਿਰੋਧ ਸੀ ਜਿਸਦੇ ਸਿੱਟੇ ਵਜੋਂ 1880 ਅਤੇ 1914 ਦਰਮਿਆਨ "ਗੋਰਾ ਕੈਲੀਫੋਰਨੀਆ" ਅਤੇ "ਗੋਰਾ ਆਸਟਰੇਲੀਆ" ਦੀਆਂ ਨੀਤੀਆਂ ਬਣੀਆਂ। ਕੈਨੇਡਾ ਨੂੰ "ਗੋਰੇ ਆਦਮੀ ਦਾ ਮੁਲਕ"[4] ਬਣਾਈ ਰੱਖਣ ਲਈ ਇਸੇ ਤਰ੍ਹਾਂ ਦੇ ਦਬਾਓ ਬਣੇ।

ਜ਼ਾਹਰਾ ਤੌਰ 'ਤੇ ਦੱਖਣੀ ਏਸ਼ੀਆਈ ਆਵਾਸ ਵਿਚ ਨਵੀਂ ਪਰ ਥੋੜ੍ਹ-ਚਿਰੀ ਤੇਜ਼ੀ ਨਾਲ ਇਸ ਨੂੰ ਹੁਲਾਰਾ ਮਿਲਿਆ। ਜਦੋਂਕਿ, ਇਹ ਗੱਲ ਨੋਟ ਕਰਨ ਵਾਲੀ ਹੈ ਕਿ ਮੌਜੂਦ ਆਰਥਕ ਗਿਰਾਵਟ ਵੀ – ਵਧ ਰਹੀ ਬੇਰੋਜ਼ਗਾਰੀ, ਰੋਜ਼ਗਾਰ ਦੀ ਅਸੁੱਰਖਿਆ ਅਤੇ ਉਜ਼ਰਤਾਂ ਘਟਣ ਦੇ ਦਬਾਓ ਨਾਲ ਜੁੜਕੇ, ਖ਼ਾਸ ਕਰਕੇ ਰੁੱਖਾਂ ਦੀ ਕਟਾਈ, ਲੱਕੜ, ਖਨਣ ਅਤੇ ਇਸ ਤਰ੍ਹਾਂ ਦੀਆਂ ਛੇਤੀ ਮਾਰ ਹੇਠ ਆਉਣ ਵਾਲੀਆਂ ਸਨਅਤਾਂ ਵਿਚ – ਅਜਿਹੀ ਵੈਰ-ਭਾਵਨਾ ਦੇ ਵਧਣ ਵਿਚ ਇਕ ਕਾਰਕ ਬਣਿਆ ਹੋ ਸਕਦਾ ਹੈ।

ਇਸ ਹਿੰਸਕ ਅਤੇ ਤਿੱਖੇ ਹੋ ਰਹੇ ਰੋਸ ਨੂੰ ਜਥੇਬੰਦ ਕਰਨ ਕਰਨ ਵਾਲੀ ਏਸ਼ੀਐਟਿਕ ਐਕਸਕਲੂਜ਼ਨ ਲੀਗ ਸੀ, ਕੈਨੇਡਾ ਅਤੇ ਅਮਰੀਕਾ ਦੋਹਾਂ ਵਿਚ ਸਰਗਰਮ ਇਹ ਜਥੇਬੰਦੀ ਬਹੁਤ ਸਾਰੀਆਂ ਟਰੇਡ ਅਤੇ ਮਜ਼ਦੂਰ ਯੂਨੀਅਨਾਂ ਨੇ ਬਣਾਈ ਸੀ ਅਤੇ ਉਹੀ ਇਸ ਦੀ ਅਗਵਾਈ ਕਰਦੀਆਂ ਸਨ।[5] ਸਿੱਟੇ ਵਜੋਂ 1907 ਦੀ ਪੱਤਝੜ ਵਿਚ, ਸਰਹੱਦ ਦੇ ਦੋਵੇਂ ਪਾਸੇ ਨਸਲੀ ਫ਼ਸਾਦ ਭੜਕ ਉੱਠੇ: 4 ਸਤੰਬਰ ਨੂੰ ਵਾਸ਼ਿੰਗਟਨ ਸੂਬੇ ਵਿਚ ਬਲਿੰਗ਼ਮ ਵਿਚ ਇਮਾਰਤੀ ਲੱਕੜ ਮਿੱਲਾਂ ਦੇ ਹਿੰਦੁਸਤਾਨੀ ਆਵਾਸੀ ਮਜ਼ਦੂਰਾਂ ਦੇ ਖ਼ਿਲਾਫ਼; ਅਤੇ 7 ਸਤੰਬਰ ਨੂੰ ਵੈਨਕੂਵਰ, ਬ੍ਰਿਟਿਸ਼ ਕੋਲੰਬੀਆ ਵਿਚ ਚੀਨੀ ਅਤੇ ਜਪਾਨੀ ਬਸਤੀਆਂ ਦੇ ਖ਼ਿਲਾਫ਼।[6]

ਇਹ ਗੱਲ ਨੋਟ ਕਰਨ ਵਾਲੀ ਹੈ ਕਿ 1850ਵਿਆਂ ਅਤੇ 1860ਵਿਆਂ ਦੇ ਕੈਰਿਬੂ ਅਤੇ ਫਰੇਜ਼ਰ ਗੋਲਡ ਬੂਮ ਦੇ ਵਕਤ ਤੋਂ ਹੀ ਬ੍ਰਿਟਿਸ਼ ਕੋਲੰਬੀਆ ਵਿਚ ਹਰ ਪਾਸੇ ਪੂਰਬੀ ਲੋਕਾਂ ਵਿਰੋਧੀ ਇਹ ਭਾਵਨਾ ਬਣੀ ਹੋਈ ਸੀ। 1870ਵਿਆਂ ਵਿਚ ਅਤੇ ਖ਼ਾਸ ਕਰਕੇ 1880ਵਿਆਂ ਵਿਚ ਜਦੋਂ ਪਹਾੜਾਂ ਵਿਚ ਕੈਨੇਡੀਅਨ ਪੈਸੀਫਿਕ ਰੇਲਵੇ ਪੱਟੜੀਆਂ ਵਿਛਾਉਣ ਲਈ ਦਹਿ-ਹਜ਼ਾਰਾਂ ਚੀਨੀਆਂ ਨੂੰ ਲਿਆਂਦੇ ਜਾਣ ਨਾਲ ਚੀਨੀ "ਕੁਲੀਆਂ" ਦੀ ਤਾਦਾਦ ਵਧੀ, ਉਸੇ ਤਰ੍ਹਾਂ ਗੋਰਿਆਂ ਦੀ ਵੈਰ-ਭਾਵਨਾ ਵਧ ਗਈ। 1887 'ਚ, ਕੌੜ 'ਚ ਆਏ ਬੇਰੋਜ਼ਗਾਰ ਵੈਨਕੂਵਰੀਏ ਗੋਰਿਆਂ ਨੇ "ਦੋ ਚੀਨੀ ਬਸਤੀਆਂ ਉਪਰ ਹਮਲਾ ਕਰਕੇ ਉਨ੍ਹਾਂ ਦੇ ਤੰਬੂਆਂ ਅਤੇ ਝੁੱਗੀਆਂ ਨੂੰ ਅੱਗ ਲਗਾ ਦਿੱਤੀ ਅਤੇ ਉਥੇ ਰਹਿਣ ਵਾਲੇ ਅੱਗ ਦੀ ਲਪੇਟ ਵਿਚ ਆਇਆ ਆਪਣਾ ਮਾਲ-ਅਸਬਾਬ ਛੱਡਕੇ ਜਾਨ ਬਚਾਉਣ ਲਈ ਉੱਥੋਂ ਭੱਜ ਗਏ।"[7]

ਇੰਞ ਵੈਨਕੂਵਰ ਤਾਂ ਪਹਿਲਾਂ ਹੀ ਉਸ ਚੀਨੀ ਤੇ ਜਪਾਨੀ ਆਵਾਸੀ ਵਸੋਂ ਦੇ ਖ਼ਿਲਾਫ਼ ਨਸਲਵਾਦੀ ਜਨੂੰਨ ਅਤੇ ਉਨ੍ਹਾਂ ਵੱਲ ਸੇਧਤ ਹਜੂਮ ਦੀ ਹਿੰਸਾ ਦੀ ਲਪੇਟ ਵਿਚ ਸੀ ਜੋ ਕਈ ਦਹਾਕੇ ਪਹਿਲਾਂ ਉੱਥੇ ਆਕੇ ਵਸ ਗਏ ਸਨ। ਇਹ ਇਸ ਤੱਥ ਦੇ ਬਾਵਜੂਦ ਸੀ ਕਿ ਚੀਨੀਆਂ ਦੇ ਆਵਾਸ ਨੂੰ ਅਸਰਦਾਇਕ ਤੌਰ 'ਤੇ ਪਹਿਲਾਂ ਹੀ ਰੋਕ ਦਿੱਤਾ ਗਿਆ ਸੀ, ਅਤੇ ਕੈਨੇਡਾ ਤੇ ਜਪਾਨ ਦੀਆਂ ਸਰਕਾਰਾਂ ਦਰਮਿਆਨ ਹੋਏ "ਭੱਦਰਪੁਰਸ਼ ਸਮਝੌਤੇ" ਨਾਲ ਕੈਨੇਡਾ ਵਿਚ ਦਾਖ਼ਲ

ਹੋਣ ਵਾਲੇ ਜਪਾਨੀ ਆਵਾਸੀਆਂ ਦੀ ਤਾਦਾਦ ਵੀ ਨਾਟਕੀ ਰੂਪ 'ਚ ਘਟ ਗਈ ਸੀ। ਵੈਨਕੂਵਰ ਵਿਚ ਉਪਰੋਕਤ ਬਦਨਾਮ ਨਸਲੀ ਫ਼ਸਾਦ ਓਦੋਂ ਹੋਏ ਜਦੋਂ ਅਜੇ ਮਹੀਨਾ ਪਹਿਲਾਂ ਹੀ ਟਰੇਡਜ਼ ਐਂਡ ਲੇਬਰ ਕੌਂਸਲ ਦੀ ਛੱਤਰਛਾਇਆ ਹੇਠ ਬਣਾਈ ਗਈ ਏਸ਼ੀਐਟਿਕ ਐਕਸਕਲੂਜ਼ਨ ਲੀਗ ਨੇ ਪਹਿਲਾਂ ਸਿਟੀ ਹਾਲ ਵਿਖੇ ਭੜਕਾਊ ਨਸਲਵਾਦੀ ਤਕਰੀਰਾਂ ਸੁਣਨ ਤੋਂ ਬਾਅਦ ਚਾਈਨਾਟਾਊਨ ਵੱਲ ਮਾਰਚ ਕਰਕੇ ਕਰੋੜਾਂ ਡਾਲਰ ਦੇ ਕਾਰੋਬਾਰ ਤੇ ਹੋਰ ਜਾਇਦਾਦਾਂ ਤਬਾਹ ਕੀਤੀਆਂ। ਫਿਰ ਹਜ਼ੂਮ ਨੇ ਜਪਾਨੀ ਕਵਾਟਰਾਂ (ਜਪਾਨ-ਟਾਊਨ) ਦੀ ਭੰਨਤੋੜ ਕੀਤੀ।[8] ਸੰਖੇਪ 'ਚ, ਕੈਨੇਡਾ ਵਿਚ ਹਿੰਦੁਸਤਾਨੀ ਆਵਾਸੀਆਂ ਦੇ ਆਉਣ ਦੇ ਵਕਤ, ਨਸਲੀ ਤਣਾਓ ਵਿਸਫੋਟਕ ਹੱਦ ਨੂੰ ਪਹੁੰਚੇ ਹੋਏ ਸਨ; ਨਾਲ ਦੀ ਨਾਲ, ਏਸ਼ੀਆ ਤੋਂ ਹੋਣ ਵਾਲੇ ਆਵਾਸ ਉਪਰ ਪਾਬੰਦੀ ਲਾਉਣ ਦੀਆਂ ਮੰਗਾਂ ਨੇ ਨਵੇਂ ਸਿਰਿਓਂ ਜੋੜ ਫੜ ਲਿਆ। ਸਿਆਸਤਦਾਨਾਂ ਲਈ ਇਹ ਸੁਨਹਿਰੀ ਮੌਕਾ ਸੀ; ਉਨ੍ਹਾਂ ਨੇ ਮੌਕਾ ਸਾਂਭ ਲਿਆ ਅਤੇ ਹਿੰਦੁਸਤਾਨ ਤੋਂ ਹੋਣ ਵਾਲੇ ਅਗਲੇਰੇ ਆਵਾਸ ਨੂੰ ਅਸਰਦਾਇਕ ਢੰਗ ਨਾਲ ਠੱਲ ਪਾਉਣ ਲਈ ਵਿਧਾਨਕ ਅਤੇ ਰੈਗੂਲੇਟਰੀ ਤਬਦੀਲੀਆਂ ਲਿਆਂਦੀਆਂ। ਇਹ ਪਾਬੰਦੀ ਦੂਜੀ ਆਲਮੀ ਜੰਗ ਦੇ ਅਖ਼ੀਰ ਤਕ ਲੱਗੀ ਰਹੇਗੀ। ਹੋਰ ਆਵਾਸ ਦੇ ਵਿਰੁੱਧ ਲਾਈਆਂ ਕਾਨੂੰਨੀ ਰੋਕਾਂ ਅਤੇ ਬੁਨਿਆਦੀ ਸ਼ਹਿਰੀ ਤੇ ਸਿਆਸੀ ਹੱਕ ਦੇਣ ਤੋਂ ਸੋਚੇ-ਸਮਝੇ ਇਨਕਾਰ ਦੇ ਵਿਰੁੱਧ ਹਿੰਦੁਸਤਾਨੀ ਆਵਾਸੀਆਂ ਵਲੋਂ ਸਖ਼ਤ ਵਿਰੋਧ ਤੇ ਟਾਕਰਾ ਸਾਹਮਣੇ ਆਇਆ ਜੋ ਆਪਸ ਵਿਚ ਬਹੁਤ ਗੁੰਦਵਾਂ ਭਾਈਚਾਰਾ ਸੀ।

ਇਹ ਆਵਾਸੀ ਕੌਣ ਸਨ ਅਤੇ ਉਨ੍ਹਾਂ ਨੇ ਇਨ੍ਹਾਂ ਰੋਕਾਂ ਤੇ ਪਾਬੰਦੀਆਂ ਦੇ ਖ਼ਿਲਾਫ਼ ਇੰਞ ਪ੍ਰਤੀਕਰਮ ਕਿਉਂ ਦਿਖਾਇਆ? ਪ੍ਰਵਾਸ ਦੇ ਸਮਾਜੀ-ਇਤਿਹਾਸਕ ਪ੍ਰਸੰਗ ਅਤੇ ਆਵਾਸੀਆਂ ਦੇ ਭੂਗੋਲਿਕ ਪਿਛੋਕੜ ਤੇ ਨਿੱਜੀ ਤਜ਼ਰਬਿਆਂ ਦਰਮਿਆਨ ਆਦਾਨ-ਪ੍ਰਦਾਨ ਨੇ ਉਨ੍ਹਾਂ ਦੇ ਨਿੱਜੀ ਵਤੀਰੇ ਅਤੇ ਉਪਰੋਕਤ ਸਮੂਹਕ ਕਾਰਵਾਈਆਂ ਦੇ ਨਿਰਮਾਣ ਵਿਚ ਕੀ ਤੇ ਕਿੰਨੀ ਕੁ ਅਹਿਮ ਭੂਮਿਕਾ ਨਿਭਾਈ?

ਇਹ ਲਗਭਗ ਸਾਰੇ ਹੀ ਮੁੱਢਲੇ ਆਵਾਸੀ ਪੰਜਾਬ ਤੋਂ, ਪ੍ਰਮੁੱਖ ਤੌਰ 'ਤੇ ਸਿੱਖ ਅਤੇ ਪੇਂਡੂ ਤੇ ਖੇਤੀਬਾੜੀ ਕਰਦੇ ਪਰਿਵਾਰਾਂ ਵਿੱਚੋਂ ਸਨ। ਉਨ੍ਹਾਂ ਵਿੱਚੋਂ ਲਗਭਗ ਅੱਧਿਆਂ ਨੇ ਹਿੰਦੁਸਤਾਨ ਵਿਚ ਜਾਂ ਬਦੇਸ਼ਾਂ ਵਿਚ ਬਰਤਾਨਵੀ ਹਿੰਦੁਸਤਾਨੀ ਫ਼ੌਜ ਵਿਚ ਨੌਕਰੀ ਕੀਤੀ ਸੀ ਅਤੇ ਫ਼ੌਜੀ ਨੌਕਰੀ ਤੋਂ ਸੇਵਾ-ਮੁਕਤ ਹੋ ਕੇ ਦੱਖਣ-ਪੂਰਬੀ ਏਸ਼ੀਆ ਵਿਚਲੀਆਂ ਬਰਤਾਨਵੀ ਬਸਤੀਆਂ/ਮਕਬੂਜ਼ਾ ਇਲਾਕਿਆਂ ਵਿਚ ਵਸੇਬਾ ਕਰ ਲਿਆ ਸੀ। ਉਹ ਸਾਰੇ ਖ਼ੁਦ ਨੂੰ ਬਰਤਾਨਵੀ ਪਰਜਾ ਸਮਝਦੇ ਸਨ ਅਤੇ ਉਨ੍ਹਾਂ ਨੂੰ ਲੱਗਦਾ ਸੀ ਕਿ ਉਹ ਉਨ੍ਹਾਂ ਹੀ ਹੱਕਾਂ ਤੇ ਸਹੂਲਤਾਂ ਦੇ ਹੱਕਦਾਰ ਹਨ ਜੋ ਓਦੋਂ ਬਰਤਾਨਵੀ ਬਸਤੀ, ਕੈਨੇਡਾ ਦੀ ਬਾਕੀ ਪਰਜਾ ਮਾਣ ਰਹੀ ਸੀ। ਉਨ੍ਹਾਂ ਦੀ ਵਿਸ਼ਾਲ ਬਹੁਗਿਣਤੀ ਨੌਜਵਾਨਾਂ ਦੀ ਸੀ ਜਿਨ੍ਹਾਂ ਦਾ ਜਨਮ 1870ਵਿਆਂ ਦੇ ਅਖ਼ੀਰ ਅਤੇ 1880ਵਿਆਂ ਦੇ ਸ਼ੁਰੂ ਦਾ ਸੀ। ਉਨ੍ਹਾਂ ਕੁਝ ਕੁ ਨੂੰ ਛੱਡਕੇ ਜੋ ਯੂਨੀਵਰਸਿਟੀ ਦੇ ਵਿਦਿਆਰਥੀ, ਸਿਆਸੀ ਜਲਾਵਤਨ ਅਤੇ ਇਨਕਲਾਬੀ ਬੁੱਧੀਜੀਵੀ ਸਨ ਅਤੇ ਜ਼ਿਆਦਾਤਰ ਕੈਲੀਫੋਰਨੀਆ ਦੇ ਬਾਸ਼ਿੰਦੇ ਸਨ – ਉਨ੍ਹਾਂ ਦਾ ਅੱਖਰ ਗਿਆਨ ਬਹੁਤ ਥੋੜ੍ਹਾ ਸੀ। ਉੱਥੇ ਆਕੇ ਉਨ੍ਹਾਂ ਨੂੰ ਲੱਕੜ ਮਿੱਲਾਂ, ਰੇਲ ਪੱਟੜੀਆਂ ਵਿਛਾਉਣ

ਤੇ ਉਨ੍ਹਾਂ ਦੇ ਰੱਖ-ਰਖਾਅ ਅਤੇ ਢੋਆ-ਢੁਆਈ ਦੀ ਸਨਅਤ ਵਿਚ ਘੱਟ ਹੁਨਰ, ਥੋੜ੍ਹੀ ਤਨਖ਼ਾਹ ਵਾਲਾ ਕੰਮ ਮਿਲਿਆ। ਉਨ੍ਹਾਂ ਦੀ ਭਾਰੀ ਬਹੁਗਿਣਤੀ ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ, ਗਰੇਟਰ ਵੈਨਕੂਵਰ ਇਲਾਕੇ ਵਿਚ ਅਤੇ ਵੈਨਕੂਵਰ ਟਾਪੂ ਉਪਰ ਵਸ ਗਈ।

ਕੈਨੇਡਾ ਵਿਚ ਆਉਣ ਦੇ ਬਾਰਾਂ ਕੁ ਸਾਲ ਤੋਂ ਘੱਟ ਅਰਸੇ ਵਿਚ ਹੀ ਉਹ ਜ਼ਾਹਰਾ ਤੌਰ 'ਤੇ ਵਿਆਪਕ ਨਸਲੀ ਤੁਅੱਸਬ ਅਤੇ ਸਿਲਸਿਲੇਵਾਰ ਵਿਤਕਰੇ ਦੇ ਸਿੱਧੇ ਅਨੁਭਵਾਂ ਜ਼ਰੀਏ ਰੈਡੀਕਲ ਖ਼ਿਆਲਾਂ ਦੇ ਰੰਗ 'ਚ ਰੰਗੇ ਗਏ। ਸੜਕਾਂ ਉਪਰ ਅਤੇ ਸਮਾਜੀ ਜ਼ਿੰਦਗੀ ਅੰਦਰ ਹਰ ਥਾਂ; ਰੋਜ਼ਗਾਰ ਵਿਚ ਅਤੇ ਕੰਮ ਦੀਆਂ ਥਾਵਾਂ ਉਪਰ ਹਰ ਪਾਸੇ ਨਸਲੀ ਵਿਤਕਰੇ ਦੀ ਭਰਮਾਰ ਸੀ। ਰਾਜ ਅਤੇ ਸਿਆਸੀ ਪ੍ਰਬੰਧ ਵਲੋਂ ਉਨ੍ਹਾਂ ਨੂੰ ਨਾਗਰਿਕਤਾ ਸਮੇਤ ਜਮਹੂਰੀ ਹੱਕ ਦੇਣ ਤੋਂ ਇਨਕਾਰ ਨੇ ਉਨ੍ਹਾਂ ਦੇ ਜ਼ਖ਼ਮਾਂ 'ਤੇ ਲੂਣ ਭੁੱਕ ਦਿੱਤਾ। ਜ਼ਿੰਦਗੀ ਦੇ ਹਰ ਖੇਤਰ ਵਿਚ ਇਨ੍ਹਾਂ ਘੋਰ ਜ਼ਲਾਲਤ ਵਾਲੇ ਅਤੇ ਅਪਮਾਨਜਨਕ ਅਨੁਭਵਾਂ ਦੇ ਪ੍ਰਤੀਕਰਮ ਵਜੋਂ ਦੋਖੀ ਮੁਲਕ ਵਿਚ ਨਵੇਂ ਆਉਣ ਵਾਲਿਆਂ ਵਿਚ ਸਮੂਹਕ ਚੇਤਨਾ ਵਿਕਸਤ ਹੋਣੀ ਸ਼ੁਰੂ ਹੋ ਗਈ। ਆਪਣੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ, ਪਹਿਲਾ ਰਾਹ ਉਨ੍ਹਾਂ ਨੇ ਪ੍ਰਬੰਧ ਦੇ ਅੰਦਰ ਭਾਵ ਜਮਹੂਰੀ ਰਾਜ ਦੀਆਂ ਸੰਸਥਾਵਾਂ ਜ਼ਰੀਏ ਓਹੜ-ਪੋਹੜ ਕਰਨ ਦਾ ਚੁਣਿਆ। ਪਰ ਉਨ੍ਹਾਂ ਨੂੰ ਤੁਰੰਤ ਪਤਾ ਚਲ ਗਿਆ ਕਿ ਸਾਰੇ ਵਾਜਬ ਰਾਹ ਅਤੇ ਦਰਵਾਜ਼ੇ ਉਨ੍ਹਾਂ ਲਈ ਬੰਦ ਹਨ। ਸਭ ਤੋਂ ਵੱਧ ਚੁਭਵੀਂ ਅਤੇ ਰੋਹ ਭੜਕਾਉਣ ਵਾਲੀ ਹਕੀਕਤ ਉਨ੍ਹਾਂ ਨੇ ਇਹ ਦੇਖੀ ਕਿ ਕੁਝ ਕੁ ਮਿਸਾਲਾਂ ਨੂੰ ਛੱਡਕੇ ਬ੍ਰਿਟਿਸ਼ ਕੋਲੰਬੀਆ ਦੇ ਸਿਆਸਤਦਾਨ (ਮਿਉਂਸਪਲ, ਸੂਬਾਈ ਅਤੇ ਫੈਡਰਲ), ਮਜ਼ਦੂਰਾਂ ਦੇ ਅਤੇ ਕਾਰੋਬਾਰੀ ਆਗੂ, ਚਰਚ ਦੇ ਨੁਮਾਇੰਦੇ ਅਤੇ ਉਨ੍ਹਾਂ ਦੇ ਨਾਲ ਹੋਰ ਵੀ ਜ਼ਾਹਰਾ ਨਸਲਵਾਦੀ ਮਜ਼ਦੂਰ ਯੂਨੀਅਨਾਂ, ਜਿਨ੍ਹਾਂ ਨੂੰ ਰੂਪਮਾਨ ਏਸ਼ੀਐਟਿਕ ਐਕਸਕਲੂਜ਼ਨ ਲੀਗ ਕਰਦੀ ਸੀ, ਹਿੰਦੁਸਤਾਨ ਅਤੇ ਹੋਰ ਏਸ਼ੀਆਈ ਮੁਲਕਾਂ ਤੋਂ ਹੋਣ ਵਾਲੇ ਆਵਾਸ ਦੇ ਜਨਤਕ ਵਿਰੋਧ ਵਿਚ ਇਕਮੁੱਠ ਹੋਕੇ ਡੱਟੀਆਂ ਹੋਈਆਂ ਸਨ। ਗੋਰੀ ਨਸਲ ਦੀ ਅਤੇ ਸੱਭਿਆਚਾਰਕ ਸ੍ਰੇਸ਼ਟਤਾ ਦੇ ਮੱਤ, ਜਿਨ੍ਹਾਂ ਦੀ ਟੇਕ "ਵਿਗਿਆਨਕ ਨਸਲਵਾਦ" ਸੀ, ਅਤੇ ਗ਼ੈਰ-ਗੋਰੇ ਲੋਕਾਂ ਦੀ ਸੱਭਿਆਚਾਰਕ ਬੇਮੇਲਤਾ ਤੇ ਗੋਰਿਆਂ ਵਿਚ ਰਚਣ-ਮਿਚਣ ਦੀ ਅਯੋਗਤਾ ਨਾਲ ਸਬੰਧਤ ਤੁਅੱਸਬ 20ਵੀਂ ਸਦੀ ਦੇ ਸ਼ੁਰੂ ਦੇ ਕੈਨੇਡਾ (ਅਤੇ ਅਮਰੀਕਾ) ਵਿਚ ਆਮ ਗੱਲ ਸਨ ਅਤੇ ਇਨ੍ਹਾਂ ਨੂੰ ਆਵਾਸੀਆਂ ਨੂੰ ਰੋਕਣ ਦੀਆਂ ਨੀਤੀਆਂ ਤੇ ਨਸਲੀ ਵਿਤਕਰੇ ਨੂੰ ਜਾਇਜ਼ ਠਹਿਰਾਉਣ ਲਈ ਇਸਤੇਮਾਲ ਕੀਤਾ ਜਾਂਦਾ ਸੀ।

ਸਾਧਾਰਣ ਤਰੀਕੇ ਨਾਲ ਕਹਿਣਾ ਹੋਵੇ ਤਾਂ ਨਸਲਵਾਦ ਦੀ ਇਸ ਗੁਸਤਾਖ਼ ਹਮਾਇਤ ਅਤੇ ਕੈਨੇਡੀਅਨ ਵਤੀਰਿਆਂ ਤੇ ਕੈਨੇਡਾ ਦੀਆਂ ਆਵਾਸ ਦੀਆਂ ਨੀਤੀਆਂ ਵਿਚ ਇਸਦੇ ਸੰਸਥਾਗਤ ਇਜ਼ਹਾਰ ਨਾਲ ਉਨ੍ਹਾਂ ਨੂੰ ਘੋਰ ਸਦਮਾ ਪਹੁੰਚਿਆ ਸੀ। ਉਥੇ ਆਕੇ ਜੂਨ-ਗੁਜ਼ਾਰਾ ਸੌਖਾ ਹੋਣ ਦੀਆਂ ਉਮੀਦਾਂ ਅਤੇ ਉਨ੍ਹਾਂ ਦੇ ਆਪਣੇ ਤੇ ਆਪਣੇ ਪਰਿਵਾਰਾਂ ਦੇ ਬਿਹਤਰ ਭਵਿੱਖ ਦੇ ਅਹਿਦ ਤਹਿਸ਼-ਨਹਿਸ਼ ਹੋ ਗਏ, ਉਨ੍ਹਾਂ ਅੰਦਰ ਭਾਈਚਾਰਕ ਇਕਮੁੱਠਤਾ ਦੀ ਮਜ਼ਬੂਤ ਭਾਵਨਾ ਅਤੇ ਬਸਤੀਵਾਦ ਵਿਰੋਧੀ/ਸਾਮਰਾਜਵਾਦ ਵਿਰੋਧ ਦੀ ਸੁਭਾਵਿਕ ਖ਼ੂਬੀ/ ਟਾਕਰੇ ਦਾ ਸੱਭਿਆਚਾਰ ਵਿਕਸਤ ਹੋ ਗਏ। ਮੋੜਵੇਂ ਤੌਰ 'ਤੇ, ਇਸਨੇ ਉਨ੍ਹਾਂ ਨੂੰ ਤੁਰੰਤ ਜਥੇਬੰਦ ਸਿਆਸੀ

ਕਾਰਵਾਈ ਲਈ ਉਤਸ਼ਾਹਤ ਕਰ ਦਿੱਤਾ।

ਇੰਞ ਉਹ ਸਫ਼ਰ ਸ਼ੁਰੂ ਹੋਇਆ ਜਿਸ ਦੇ ਸਿੱਟੇ ਵਜੋਂ ਛੇ ਸਾਲ ਦੇ ਅੰਦਰ ਉਹ ਜਥੇਬੰਦੀ ਬਣ ਜਾਵੇਗੀ ਜੋ ਹਿੰਦੁਸਤਾਨ ਗ਼ਦਰ ਪਾਰਟੀ ਵਜੋਂ ਜਾਣੀ ਜਾਵੇਗੀ। ਯਕੀਨ ਨਹੀਂ ਆਉਂਦਾ, ਉੱਤਰੀ ਅਮਰੀਕਾ ਦੇ ਸਮੁੰਦਰੀ ਕੰਢਿਆਂ ਉੱਪਰ ਪਹੁੰਚਣ ਵਾਲੇ ਇਹ ਹਿੰਦੁਸਤਾਨੀ ਆਵਾਸੀ, ਜੋ ਆਪਣੇ ਘਰ-ਬਾਰ ਤਿਆਗਕੇ ਆਪਣੀ ਤੇ ਆਪਣੇ ਪਰਿਵਾਰਾਂ ਦੀ ਆਰਥਕ ਸੁਰੱਖਿਆ ਤੇ ਖ਼ੁਸ਼ਹਾਲੀ ਦੇ ਸੁਪਨਿਆਂ ਪਿੱਛੇ ਹੋ ਤੁਰੇ, ਨੇ 1913 'ਚ ਯੁਗ-ਪਲਟਾਊ ਫ਼ੈਸਲਾ ਲਿਆ। ਯਾਨੀ ਉਹ ਜਿਸ ਨਸਲੀ ਤੇ ਸਿਆਸੀ ਦਾਬੇ ਦੇ ਪ੍ਰਬੰਧ ਵਿਚ ਜਕੜੇ ਹੋਏ ਮਹਿਸੂਸ ਕਰਦੇ ਸਨ ਉਸ ਦਾ ਬੇਹਰਕਤ ਅਤੇ ਬੇਵੱਸ ਸ਼ਿਕਾਰ ਬਣੇ ਰਹਿਣ ਤੋਂ ਨਾਬਰੀ। ਉਹ ਇਸ ਸਿੱਟੇ 'ਤੇ ਪਹੁੰਚੇ ਕਿ ਹਿੰਦੁਸਤਾਨ ਦਾ ਬਰਤਾਨਵੀ ਬਸਤੀ ਵਾਲਾ ਦਰਜਾ - ਜੋ ਉਸਦੀ ਸਿਆਸੀ ਤੇ ਆਰਥਕ ਦੁਰਦਸ਼ਾ ਲਈ ਜ਼ਿੰਮੇਵਾਰ ਹੈ ਜਿਨ੍ਹਾਂ ਹਾਲਾਤ ਤੋਂ ਉਹ ਭੱਜਕੇ ਆ ਰਹੇ ਹਨ - ਹੀ ਉੱਤਰੀ ਅਮਰੀਕਾ ਵਿਚ ਉਨ੍ਹਾਂ ਦੀਆਂ ਮੁਸੀਬਤਾਂ ਦੀ ਜੜ੍ਹ ਹੈ। ਉਨ੍ਹਾਂ ਦਾ ਖ਼ਿਆਲ ਸੀ ਕਿ ਕੈਨੇਡਾ ਅਤੇ ਸਰਹੱਦੋਂ ਪਾਰ ਦੱਖਣ ਵਿਚ ਘੋਰ ਜ਼ਲਾਲਤ, ਦੁਰਕਾਰੇ ਜਾਣ ਅਤੇ ਦਾਬੇ ਦਾ ਸ਼ਿਕਾਰ ਹੋਣ ਦੇ ਉਨ੍ਹਾਂ ਦੇ ਨਿੱਜੀ ਅਨੁਭਵ ਦੀਆਂ ਵਿਆਪਕ ਸਰਬਾਂਗੀ ਜੜ੍ਹਾਂ ਬਰਤਾਨਵੀ ਰਾਜ ਅਤੇ ਬਸਤੀਵਾਦ ਵਿਚ ਹੀ ਸਨ। ਫਿਰ ਉਹ ਇਸ ਸਿੱਟੇ 'ਤੇ ਪਹੁੰਚੇ ਕਿ ਆਪਣੇ ਵਤਨ ਵਿਚ ਅਤੇ ਪਰਦੇਸਾਂ ਵਿਚ ਹਿੰਦੁਸਤਾਨੀਆਂ ਸਾਹਮਣੇ ਪਹਿਲਾ ਕੰਮ ਸੀ ਬਰਤਾਨਵੀ ਸਾਮਰਾਜੀ ਜਕੜ ਅਤੇ ਗ਼ਲਬੇ ਤੋਂ ਹਿੰਦੁਸਤਾਨ ਦੀ ਬੰਦ-ਖ਼ਲਾਸੀ ਕਰਾਉਣਾ। ਲਿਹਾਜ਼ਾ, ਇਸ ਦਾ ਪ੍ਰਮੁੱਖ ਨਿਸ਼ਾਨਾ ਸੀ ਹਿੰਦੁਸਤਾਨ ਵਿਚ ਬਸਤੀਵਾਦੀ ਨਿਜ਼ਾਮ ਦਾ ਤਖ਼ਤ ਉਲਟਾਉਣਾ ਅਤੇ ਇਸਦੀ ਥਾਂ ਇਕ ਜਮਹੂਰੀ ਅਤੇ ਬਰਾਬਰੀ ਵਾਲਾ ਗਣਰਾਜੀ ਸਿਆਸੀ ਪ੍ਰਬੰਧ ਸਥਾਪਤ ਕਰਨਾ। ਗ਼ਦਰ ਪਾਰਟੀ ਪਿੱਛੇ ਆਪਣੇ ਮੁਲਕ ਹਿੰਦੁਸਤਾਨ ਅੰਦਰਲੀ ਬਸਤੀਵਾਦ ਵਿਰੋਧੀ ਮੁੱਢਲੀ ਲਹਿਰ ਵਿਚ ਆਗੂ ਭੂਮਿਕਾ ਨਿਭਾਏਗੀ ਅਤੇ ਬਸਤੀਵਾਦੀ ਰਾਜ ਦਾ ਖ਼ਾਤਮਾ ਕਰਨ 'ਚ ਮਦਦ ਕਰੇਗੀ। ਇਹ ਨੋਟ ਕੀਤਾ ਜਾਵੇ ਕਿ ਗ਼ਦਰ ਪਾਰਟੀ ਦੀ ਸਥਾਪਨਾ 1914 ਦੇ ਕਾਮਾਗਾਟਾ ਮਾਰੂ ਕਾਂਡ ਅਤੇ ਪਹਿਲੀ ਆਲਮੀ ਜੰਗ ਛਿੜਨ ਤੋਂ ਪਹਿਲਾਂ ਹੋਈ ਸੀ।

ਹੁਣ ਅਸੀਂ ਉਸ ਇਤਿਹਾਸ ਪ੍ਰਸੰਗ ਨੂੰ ਨੀਝ ਨਾਲ ਘੋਖਾਂਗੇ ਜਿਸ ਵਿਚ ਇਹ ਕੌਮਾਂਤਰੀ ਸਿਆਸੀ ਜਥੇਬੰਦੀ ਵਿਕਸਤ ਹੋਈ ਅਤੇ ਇਸ ਜ਼ੋਖ਼ਮ ਵਾਲੇ, ਅਭਿਲਾਸ਼ੀ ਅਤੇ ਸੁਪਨਸਾਜ਼ ਸਿਆਸੀ ਮਾਅਰਕੇ ਦਾ ਕੰਮ ਹੱਥ ਲੈਣ ਦੀ ਬੁਲੰਦੀ 'ਤੇ ਪਹੁੰਚੀ, ਭਾਵ ਹਿੰਦੁਸਤਾਨ ਅੰਦਰ ਇਤਿਹਾਸ ਦੀ ਸਭ ਤੋਂ ਤਾਕਤਵਰ ਸਾਮਰਾਜੀ ਤਾਕਤ ਨਾਲ ਟੱਕਰ ਲੈਣ ਦਾ ਮਾਅਰਕਾ।

ਬਦਲ ਰਿਹਾ ਆਲਮੀ ਪ੍ਰਸੰਗ ਅਤੇ ਬਸਤੀਵਾਦ ਤੇ ਨਸਲਵਾਦ ਲਈ ਚੁਣੌਤੀਆਂ ਦਾ ਉਭਰਨਾ

ਮੋਟੇ ਤੌਰ 'ਤੇ 19ਵੀਂ ਸਦੀ ਦੀ ਪਿਛਲੀ ਤਿਹਾਈ ਅਤੇ 20ਵੀਂ ਸਦੀ ਦੇ ਪਹਿਲੇ ਬਾਰਾਂ ਸਾਲਾਂ ਦੌਰਾਨ ਚਾਰ ਵੱਡੇ ਘਟਨਾ-ਵਿਕਾਸਾਂ ਦਾ ਸਬੰਧ ਸਾਡੀ ਚਰਚਾ ਨਾਲ ਹੈ: ਆਲਮੀ

ਸਰਮਾਏਦਾਰੀ ਦਾ ਮਹਾਂ-ਮੰਦਵਾੜਾ ਜੋ 1872 ਤੋਂ ਲੈ ਕੇ 1896 ਤਕ ਰਿਹਾ; ਜਪਾਨ ਦੀ ਮੀਜੀ ਮੁੜ-ਬਹਾਲੀ ਦਾ ਦੌਰ ਜੋ ਓਦੋਂ ਦੇ ਖੇਰੂੰ-ਖੇਰੂੰ ਸਮਾਜ ਦੇ ਇਕ ਆਧੁਨਿਕ ਸਨਅਤੀ ਤੇ ਫ਼ੌਜੀ ਤਾਕਤ ਵਿਚ ਤੇਜ਼ੀ ਨਾਲ ਕਾਇਆਕਲਪ ਹੋਣ ਦੀ ਸੂਚਕ ਸੀ; ਸਰਵ-ਏਸ਼ੀਆਈ ਚੇਤਨਾ ਦਾ ਵਿਕਾਸ; ਅਤੇ ਹਿੰਦੁਸਤਾਨ ਵਿਚ ਕੌਮੀ ਚੇਤਨਾ ਅਤੇ ਸਾਮਰਾਜੀ ਗ਼ਲਬੇ ਤੇ ਬਸਤੀਵਾਦੀ ਲੁੱਟਖਸੁੱਟ ਦੇ ਵਧੇਰੇ ਜਥੇਬੰਦ ਸਿਆਸੀ ਟਾਕਰੇ ਵਿਚ ਪ੍ਰਤੱਖ ਵਾਧਾ।

19ਵੀਂ ਸਦੀ ਦੇ ਪਹਿਲੇ ਸੱਤਰ ਕੁ ਸਾਲਾਂ ਦੌਰਾਨ ਸਨਅਤੀ ਸਰਮਾਏਦਾਰੀ ਨੇ ਯੂਰਪ ਅਤੇ ਅਮਰੀਕਾ ਅੰਦਰ ਜ਼ਬਰਦਸਤ ਤਰੱਕੀ ਕੀਤੀ, ਅਤੇ ਆਲਮੀ ਆਰਥਿਕਤਾ ਦਾ ਤੇਜ਼ੀ ਨਾਲ ਪਸਾਰਾ ਹੋਇਆ। ਪਰ 1873 ਤੋਂ ਸ਼ੁਰੂ ਹੋ ਕੇ 1896 ਤਕ, ਸਾਰੇ ਹੀ ਵਿਕਸਤ ਸਰਮਾਏਦਾਰਾ ਅਰਥਚਾਰੇ ਲੰਮੇ ਆਰਥਕ ਸੰਕਟ (ਮਹਾਂ ਮੰਦਵਾੜੇ), ਕੀਮਤਾਂ, ਉਜਰਤਾਂ, ਰੋਜ਼ਗਾਰ ਦਰ, ਵਿਆਜ ਦਰਾਂ, ਅਤੇ ਮੁਨਾਫ਼ਾ ਦਰਾਂ ਦੇ ਘਟਣ 'ਚੋਂ ਗੁਜ਼ਰੇ। ਜਿਵੇਂ ਐਰਿਕ ਹੌਬਸਬਾਮ ਨੋਟ ਕਰਦਾ ਹੈ, 1870ਵਿਆਂ ਦੇ ਨਾਟਕੀ ਪਤਨ ਤੋਂ ਪਿੱਛੋਂ ਜੋ ਹੋਇਆ ਅਤੇ ਜਿਸਦੇ ਸਿੱਟੇ ਸਭ ਤੋਂ ਅਹਿਮ ਹੋਣਗੇ ਉਹ ਸੀ ਵਸਤਾਂ ਦੀਆਂ ਕੀਮਤਾਂ ਅਤੇ ਇੰਞ ਮੁਨਾਫ਼ਾਯੋਗਤਾ ਵਿਚ ਜ਼ਬਰਦਸਤ ਗਿਰਾਵਟ।[9] ਸਾਡੇ ਲਈ ਜੋ ਖ਼ਾਸ ਦਿਲਚਸਪੀ ਵਾਲੀ ਗੱਲ ਹੈ ਉਹ ਇਹ ਹੈ ਕਿ "ਮੁਨਾਫ਼ਿਆਂ ਵਿਚ ਇਸ ਗਿਰਾਵਟ ਦੀ ਸਭ ਤੋਂ ਹੈਰਤਅੰਗੇਜ਼ ਸ਼ਿਕਾਰ ਖੇਤੀਬਾੜੀ ਹੋਈ ਸੀ, ਅਤੇ ਹਕੀਕਤ ਵਿਚ ਆਰਥਿਕਤਾ ਦਾ ਸਭ ਤੋਂ ਡੂੰਘੇ ਰੂਪ 'ਚ ਮੰਦਵਾੜੇ ਦਾ ਸ਼ਿਕਾਰ ਇਸਦੇ ਹਿੱਸੇ ਹੋਏ ਸਨ। ਜੋ ਐਸਾ ਖੇਤਰ ਸੀ ਜਿਸਦੀ ਬੇਚੈਨੀ ਦੇ ਸਮਾਜੀ ਤੇ ਸਿਆਸੀ ਨਤੀਜੇ ਸਭ ਤੋਂ ਤੁਰੰਤ ਅਤੇ ਦੂਰਗਾਮੀ ਸਨ। ਖੇਤੀਬਾੜੀ ਜਿਣਸਾਂ ਦੇ ਭਾਵਾਂ ਵਿਚ ਗਿਰਾਵਟ ਨਿਸ਼ਚੇ ਹੀ ਇਕ ਐਸਾ ਅਹਿਮ ਕਾਰਕ ਸੀ ਜੋ ਪੰਜਾਬ ਅੰਦਰ ਪੇਂਡੂ ਕਰਜ਼ਾਈਪਣ ਅਤੇ ਨਾਲ ਦੀ ਨਾਲ ਸਿਆਸੀ ਬੇਚੈਨੀ ਤੇ ਕਿਸਾਨਾਂ ਦੇ ਰੋਸ-ਮੁਜ਼ਾਹਰਿਆਂ ਵਿਚ ਤੇਜ਼ੀ ਨਾਲ ਵਾਧੇ ਲਈ ਜ਼ਿੰਮੇਵਾਰ ਸੀ – ਘਟਨਾ-ਵਿਕਾਸ ਜੋ ਓਦੋਂ ਕੁਝ ਬਸਤੀਵਾਦੀ ਪ੍ਰਸ਼ਾਸਕਾਂ ਅੰਦਰ ਭਾਰੀ ਫ਼ਿਕਰਮੰਦੀ ਪੈਦਾ ਕਰਨ ਦਾ ਕਾਰਨ ਬਣੇ।[10]

ਸੰਕਟ ਅਤੇ ਰੂਪਬਦਲੀ ਦੇ ਇਸ ਅਰਸੇ ਦੌਰਾਨ ਸਨਅਤੀ ਮੁਲਕਾਂ ਅੰਦਰ ਜਿਹੜੇ ਕੁਝ ਹੋਰ ਘਟਨਾ-ਵਿਕਾਸ ਹੋਏ ਉਹ ਸਨ: ਪੈਦਾਵਾਰ ਦੀਆਂ ਨਵੀਆਂ ਸਨਅਤਾਂ ਤੇ ਤਕਨਾਲੋਜੀਆਂ ਵਿਚ ਵਾਧਾ; ਬੇਰੋਜ਼ਗਾਰੀ ਵਿਚ ਵਾਧਾ, ਉਜਰਤਾਂ ਦੇ ਘਟਣ ਦਾ ਦਬਾਓ ਅਤੇ ਮਗਰਲੇ ਨਾਲ ਵਿਰੋਧ-ਵਿਕਾਸੀ ਰਿਸ਼ਤੇ ਵਿਚ ਮਜ਼ਦੂਰਾਂ ਦੇ ਖਾੜਕੂਪਣ, ਮਜ਼ਦੂਰ ਲਹਿਰਾਂ ਅਤੇ ਕਿਰਤੀ ਯੂਨੀਅਨਾਂ ਵਿਚ ਤੇਜ਼ੀ ਨਾਲ ਵਾਧਾ। ਮਜ਼ਦੂਰਾਂ ਦੀਆਂ ਹੜਤਾਲਾਂ ਆਮ ਹੀ ਹੋਣ ਲੱਗੀਆਂ। ਮਿਸਾਲ ਵਜੋਂ, ਅਮਰੀਕਾ ਵਿਚ 1881 ਅਤੇ 1886 ਦਰਮਿਆਨ 3000 ਤੋਂ ਵੱਧ ਹੜਤਾਲਾਂ ਹੋਈਆਂ ਅਤੇ ਦਸ ਲੱਖ ਤੋਂ ਵੱਧ ਮਜ਼ਦੂਰਾਂ ਨੇ ਇਨ੍ਹਾਂ ਵਿਚ ਹਿੱਸਾ ਲਿਆ। "ਇਨ੍ਹਾਂ ਹੜਤਾਲਾਂ ਵਿਚ 1884-86 ਦੀ ਰੇਲਵੇ ਹੜਤਾਲ ਅਤੇ ਸ਼ਿਕਾਗੋ ਵਿਚ ਮਈ 1886 ਵਾਲੀ ਅੱਠ ਘੰਟੇ ਦੇ ਕੰਮ ਦਿਨ ਵਾਲੀ ਹੜਤਾਲ ਸ਼ਾਮਲ ਸਨ; ਉੱਥੇ 80,000 ਹੜਤਾਲੀ ਸਨ (ਜਿਨ੍ਹਾਂ ਨੇ ਇਸ ਵਿਚ ਹਿੱਸਾ ਲਿਆ), ਅਤੇ ਹੇਅ ਮਾਰਕੀਟ ਚੌਕ ਦੇ ਫ਼ਸਾਦ ਤੋਂ ਬਾਅਦ ਲਹਿਰ ਦੇ ਆਗੂਆਂ ਨੂੰ ਸਜ਼ਾ ਦਿੱਤੀ ਗਈ ਅਤੇ ਫਾਹੇ ਲਾ ਦਿੱਤੇ ਗਏ।"[11] ਇਨ੍ਹਾਂ ਨਾਲ ਮਿਲਦੀਆਂ-ਜੁਲਦੀਆਂ

ਮਜ਼ਦੂਰ ਕਾਰਵਾਈਆਂ ਬਰਤਾਨੀਆ ਅਤੇ ਹੋਰ ਯੂਰਪੀ ਮੁਲਕਾਂ ਵਿਚ ਹੋਈਆਂ (ਹੁਣ ਜੋ ਸਾਲਾਨਾ ਮਈ ਦਿਹਾੜਾ ਆਮ ਮਨਾਇਆ ਜਾਂਦਾ ਹੈ ਦਾ ਮੁੱਢ 1886 ਵਿਚ ਸ਼ਿਕਾਗੋ ਕਾਂਡ ਤੋਂ ਬੱਝਿਆ ਸੀ।)।

ਪਰ ਸਾਡੇ ਲਈ ਖ਼ਾਸ ਦਿਲਚਸਪੀ ਦਾ ਮਾਮਲਾ ਹੈ ਆਲਮੀ ਪੱਧਰ 'ਤੇ ਬਸਤੀਕਰਨ ਅਤੇ ਇਸ ਦੇ ਪਸਾਰੇ ਦੀ ਨਵੀਂ ਲਹਿਰ ਅਤੇ ਇਸਦੇ ਸਿੱਟੇ: ਬਸਤੀਆਂ ਬਣਾਏ ਜਾਣਾ ਅਤੇ ਨਿਰਭਰ ਆਰਥਿਕਤਾਵਾਂ ਦਾ ਸਰਮਾਏਦਾਰਾ ਆਲਮੀ ਅਰਥਚਾਰੇ ਨਾਲ ਕੱਸਕੇ ਜਕੜੇ ਜਾਣਾ, "ਘੱਟ-ਵਿਕਾਸ ਦੇ ਵਿਕਾਸ" ਦਾ ਅਮਲ ਤਿੱਖਾ ਹੋਣਾ ਅਤੇ ਇਸ ਦਾ ਇਨ੍ਹਾਂ ਅਖਾਉਤੀ ਘੱਟ-ਵਿਕਸਤ ਸਮਾਜਾਂ ਦੀ ਵਿਸ਼ਾਲ ਬਹੁਗਿਣਤੀ ਵਸੋਂ ਨੂੰ ਗ਼ਰੀਬੀ ਅਤੇ ਸਮਾਜੀ ਥੁੜ੍ਹ ਦੇ ਹਾਲਾਤ ਨੂੰ ਹੋਰ ਵੀ ਭੈੜੇ ਬਣਾਉਣ ਵਿਚ ਯੋਗਦਾਨ।

ਮਿਸਾਲ ਵਜੋਂ, ਹਿੰਦੁਸਤਾਨ ਵਿਚ ਵਿਆਪਕ ਤੌਰ 'ਤੇ ਫੈਲੀ ਸਮਾਜੀ ਬੇਚੈਨੀ, ਕਿਸਾਨਾਂ ਦੇ ਰੋਸ-ਮੁਜ਼ਾਹਰੇ ਅਤੇ ਟਾਕਰਾ, ਅਤੇ ਮੱਧ ਵਰਗ ਦਾ ਭਰਮ ਟੁੱਟਣਾ ਤੇ ਸਿਆਸੀ ਨਾਰਾਜ਼ਗੀ ਵਿਚ ਤੇਜ਼ ਰਫ਼ਤਾਰ ਵਾਧਾ ਸਾਹਮਣੇ ਆਇਆ। ਫੈਲਦੀ ਜਾ ਰਹੀ ਸਮਾਜੀ ਬੇਚੈਨੀ ਅਤੇ ਸਿਆਸੀ ਰੋਸ-ਪ੍ਰਗਟਾਵੇ ਨੂੰ ਬਸਤੀਵਾਦੀ ਰਾਜ ਦੇ ਵਹਿਸ਼ੀ ਜਬਰ ਦਾ ਸਾਹਮਣਾ ਕਰਨਾ ਪਿਆ। ਮਹਿਜ਼ ਖ਼ਾਸ ਨੀਤੀਆਂ ਦੇ ਖ਼ਿਲਾਫ਼ ਹੀ ਨਹੀਂ ਸਗੋਂ ਬਸਤੀਵਾਦੀ ਕੰਟਰੋਲ ਅਤੇ ਗ਼ੁਲਾਮੀ ਦੇ ਪ੍ਰਬੰਧ ਦੇ ਖ਼ਿਲਾਫ਼ ਇਕ ਜਥੇਬੰਦ ਖਾੜਕੂ ਵਿਰੋਧ ਲਈ ਹਾਲਾਤ ਬਣਨੇ ਸ਼ੁਰੂ ਹੋ ਗਏ। ਇਹ ਉਹ ਅਰਸਾ ਵੀ ਸੀ ਜਦੋਂ ਸਨਅਤੀ ਬਣ ਚੁੱਕੇ ਜਗਤ ਦੀਆਂ ਕੌਮੀ ਸਰਮਾਏਦਾਰੀਆਂ (ਸਰਮਾਏਦਾਰਾ ਆਲਮੀ ਆਰਥਿਕਤਾ ਦੀਆਂ ਇਕਾਈਆਂ ਅਤੇ ਐਕਟਰਾਂ) ਦਰਮਿਆਨ ਸ਼ਰੀਕੇਬਾਜ਼ੀ ਅਤੇ ਮੁਕਾਬਲੇਬਾਜ਼ੀ ਤੇਜ਼ ਹੋਈ ਜਿਸ ਦੇ ਸਿੱਟੇ ਵਜੋਂ "ਦੁਨੀਆ ਵੰਡੀ ਗਈ" ਅਤੇ ਮਹਾਂ ਜੰਗ ਛਿੜੀ।[12] ਤਕਰੀਬਨ ਚੌਥਾ ਹਿੱਸਾ ਧਰਤੀ ਅੱਧੀ ਦਰਜਨ ਯੂਰਪੀ ਰਾਜਾਂ ਨੇ ਆਪਸ ਵਿਚ ਵੰਡ ਲਈ ਜਾਂ ਦੁਬਾਰਾ ਵੰਡ ਲਈ। ਇਹ ਜ਼ਿਆਦਾਤਰ ਹਥਿਆਰਬੰਦ ਤਾਕਤ ਦੇ ਇਸਤੇਮਾਲ ਅਤੇ ਫ਼ੌਜੀ ਕਬਜ਼ੇ ਜ਼ਰੀਏ ਹਾਸਲ ਕੀਤਾ ਗਿਆ। ਇਕੱਲੇ ਬਰਤਾਨੀਆ ਨੇ ਆਪਣੇ ਕਬਜ਼ੇ ਹੇਠਲਾ ਖੇਤਰ 40 ਲੱਖ ਵਰਗ ਮੀਲ ਹੋਰ ਵਧਾ ਲਿਆ।[13] ਫਿਰ ਵੀ, ਇਹ ਅਹਿਮ ਹੈ ਕਿ ਜਰਮਨੀ ਅਤੇ ਅਮਰੀਕਾ ਇਸ ਸੰਕਟ ਵਿੱਚੋਂ ਵਧੇਰੇ ਤਕੜੇ ਹੋ ਕੇ ਉੱਭਰੇ ਅਤੇ ਜਪਾਨ ਸਾਮਰਾਜੀ ਲੀਗ ਵਿਚ ਸ਼ਾਮਲ ਹੋ ਗਿਆ।

20ਵੀਂ ਸਦੀ ਦੇ ਸ਼ੁਰੂ ਦੀ ਗੱਲ ਕਰਨੀ ਹੋਵੇ, ਤਾਂ ਬਰਤਾਨੀਆ ਅਜੇ ਵੀ ਸ਼ਿਰੋਮਣੀ ਸਾਮਰਾਜਵਾਦੀ ਤਾਕਤ ਸੀ ਅਤੇ ਧਰਤੀ ਦੇ ਚੌਥੇ ਹਿੱਸੇ ਵਿਚ ਫੈਲੀ ਵਿਆਪਕ ਸਲਤਨਤ ਅਤੇ ਦੁਨੀਆ ਦੀ ਚੌਥਾ ਹਿਸਾ ਤੋਂ ਵੱਧ ਵਸੋਂ ਉੱਪਰ ਇਸ ਦਾ ਰਾਜ ਸੀ। "ਬਰਤਾਨੀਆ ਦੀ ਤਾਕਤ, ਖੁਸ਼ਹਾਲੀ ਅਤੇ ਦੌਲਤ ਨੂੰ ਝੁਠਲਾਇਆ ਨਹੀਂ ਸੀ ਜਾ ਸਕਦਾ। ਦੁਨੀਆ ਦੀ ਰਾਜਧਾਨੀ ਲੰਦਨ ਸੀ, ਅਤੇ ਕੌਮਾਂਤਰੀ ਮੁਦਰਾ ਸਟਰਲਿੰਗ ਸੀ। ਪੰਜ ਮਹਾਂਦੀਪਾਂ ਉਪਰ ਬਰਤਾਨੀਆ ਦਾ ਗ਼ਲਬਾ ਸੀ ਅਤੇ ਬਰਤਾਨਵੀ ਸਰਮਾਏਦਾਰੀ ਨੂੰ ਇਸ ਗ਼ਲਬੇ ਤੋਂ ਚੋਖੀ ਕਮਾਈ ਹੁੰਦੀ ਸੀ (ਬਿਊਡ, ਸਫ਼ਾ 122: 1983)।[14] ਪਰ, ਸਾਮਰਾਜੀ ਅੰਬਰਾਂ ਵਿਚ ਤੂਫ਼ਾਨ ਦੇ ਬੱਦਲ ਪ੍ਰਗਟ

ਹੋਣੇ ਸ਼ੁਰੂ ਹੋ ਗਏ ਸਨ। 1873–1896 ਦੇ ਮਹਾਂ ਮੰਦਵਾੜੇ ਦੇ ਅਰਸੇ ਦੌਰਾਨ ਬਰਤਾਨਵੀ ਧੌਂਸ ਦਾ ਅੰਤ, ਭਾਵ ਇਸਦਾ *ਮੁਕਾਬਲਤਨ* ਨਿਘਾਰ ਸ਼ੁਰੂ ਹੋ ਗਿਆ ਸੀ।[15]

ਬਰਤਾਨਵੀ ਭੂਗੋਲਿਕ–ਸਿਆਸੀ ਗ਼ਲਬੇ ਦੀ ਹਕੀਕਤ ਤੋਂ ਇਸ ਦੀ ਹਾਕਮ ਜਮਾਤ ਨੂੰ ਇਹ ਯਕੀਨ ਹੋ ਗਿਆ, ਜਿਸਦੇ ਦਾਅਵੇ ਉਹ ਉੱਚੀ-ਉੱਚੀ ਕਰਦੇ ਹਨ, ਕਿ ਇਸ ਨੂੰ "ਰਾਜ ਕਰਨ ਦਾ ਹੱਕ" ਹੈ ਜਾਂ ਇਹੀ ਉਸ ਦੀ ਹੋਣੀ ਹੈ, ਜਿਵੇਂ ਵਿਕਟਰ ਕੀਰਨਨ ਆਪਣੀ ਕਿਤਾਬ *The Lords of the Humankind* ਵਿਚ ਇਸ ਦਾ ਨਿਚੋੜ ਕੱਢਦਾ ਹੈ। ਸਾਮਰਾਜੀ ਜੇਤੂਵਾਦ ਅਤੇ ਨਸਲੀ ਰੰਗ 'ਚ ਰੰਗੇ ਸੰਸਾਰ–ਨਜ਼ਰੀਏ ਦਾ ਬੁਲੰਦ ਰਾਗ, ਜਿਸ ਦੀ ਵਿਲੀਅਮ ਲੈਂਜਰ ਨੇ ਆਪਣੀ ਕਿਤਾਬ *The Diplomacy of Imperialism* ਵਿਚ ਬਿਲਕੁਲ ਸਹੀ ਮੁੜ–ਰਚਨਾ ਕੀਤੀ, ਮਹਿਜ਼ ਬਰਤਾਨੀਆ ਅਤੇ ਕੈਨੇਡਾ ਸਮੇਤ ਗੋਰੇ ਆਬਾਦਕਾਰਾਂ ਵਾਲੀਆਂ ਬਰਤਾਨਵੀ ਬਸਤੀਆਂ ਤਕ ਹੀ ਮਹਿਦੂਦ ਨਹੀਂ ਸੀ ਸਗੋਂ ਪੂਰੇ ਯੂਰਪ ਦਾ ਵਿਆਪਕ ਤੌਰ 'ਤੇ ਇਹੀ ਨਜ਼ਰੀਆ ਸੀ। ਆਖ਼ਿਰਕਾਰ, ਸਰਮਾਏਦਾਰੀ ਦੇ ਵਾਧੇ ਅਤੇ ਬਾਹਰ ਵੱਲ ਪਸਾਰੇ ਦੌਰਾਨ ਧਰਤੀ ਦਾ ਸਾਮਰਾਜੀ ਬਸਤੀਕਰਨ ਯੂਰਪ ਦੀ ਵਾਹਦ ਅਜਾਰੇਦਾਰੀ ਬਣਿਆ ਰਿਹਾ।

ਨਸਲਵਾਦ ਸਾਮਰਾਜੀ ਜਗਤ ਦਾ ਇਕ ਅਹਿਮ ਮੱਤ ਸੀ ਅਤੇ ਇਹ ਬਸਤੀਵਾਦੀ ਕਬਜ਼ੇ, ਲੁੱਟਮਾਰ ਅਤੇ ਗ਼ੁਲਾਮੀ ਨੂੰ ਵਾਜਬੀਅਤ ਮੁਹੱਈਆ ਕਰਦਾ ਸੀ। ਯੂਰਪੀਅਨਾਂ ਅੰਦਰ, ਚਾਹੇ ਉਹ ਅਮੀਰ ਸਨ ਜਾਂ ਗ਼ਰੀਬ, ਗ਼ੈਰ–ਗੋਰੇ ਜਗਤ ਉਪਰ ਨਸਲੀ ਸ੍ਰੇਸ਼ਟਤਾ ਅਤੇ ਗ਼ਲਬੇ ਦਾ ਵਿਚਾਰ ਸੱਚਮੁੱਚ ਹਰਮਨਪਿਆਰਾ ਸੀ, ਅਤੇ ਇੰਞ ਸਲਤਨਤ ਦੀ ਸਿਆਸਤ ਲਈ ਲਾਹੇਵੰਦਾ ਸੀ। ਮਿਸਾਲ ਵਜੋਂ, ਦੁਨੀਆ ਵਿਚ ਬਰਤਾਨੀਆ ਦੀਆਂ ਗੋਰੇ ਆਬਾਦਕਾਰਾਂ ਵਾਲੀਆਂ ਬਸਤੀਆਂ, ਜਿਵੇਂ ਆਸਟਰੇਲੀਆ ਅਤੇ ਕੈਨੇਡਾ, ਵਿਚ ਇਸ ਨਸਲੀ ਸੰਸਾਰ–ਨਜ਼ਰੀਏ ਨੂੰ ਵਿਆਪਕ ਪੱਧਰ 'ਤੇ ਅਪਣਾਇਆ ਗਿਆ ਅਤੇ ਇਹ ਨਸਲੀ ਤੌਰ 'ਤੇ ਖ਼ਾਸ ਕੌਮੀ ਭਾਈਚਾਰੇ ਉਸਾਰਨ ਦੀ ਖਾਹਸ਼ ਨੂੰ ਥੋਪਣ ਦੇ ਕੰਮ ਆਇਆ, ਖ਼ਾਹਸ਼ ਜਿਸ ਦਾ ਇਜ਼ਹਾਰ "ਗੋਰੇ ਬੰਦੇ ਦਾ ਮੁਲਕ" ਦੇ ਸੰਬੋਧਨੀ ਫ਼ਿਕਰੇ ਵਿਚ ਹਰਮਨਪਿਆਰੇ ਰੂਪ 'ਚ ਹੋਇਆ ਸੀ।

ਪਰ 1905 'ਚ ਰੂਸੀ–ਜਪਾਨੀ ਜੰਗ ਵਿਚ ਜਿੱਤ ਤੋਂ ਪਿੱਛੋਂ ਜਪਾਨ ਦੀ ਪਹਿਲਾ ਸਨਅਤੀਕ੍ਰਿਤ ਮੁਲਕ ਬਣ ਜਾਣ ਦੀ ਹੈਰਤਅੰਗੇਜ਼ ਕਾਮਯਾਬੀ ਅਤੇ ਨਾਲ ਦੀ ਨਾਲ ਇਸਦੇ ਇਕ ਸਾਮਰਾਜੀ ਤਾਕਤ ਵਜੋਂ ਉੱਭਰਨ ਨਾਲ ਯੂਰਪੀ ਸ੍ਰੇਸ਼ਟਤਾ ਦੇ ਮੱਤ ਬਾਰੇ ਗੰਭੀਰ ਸ਼ੱਕ ਪੈਦਾ ਹੋ ਗਿਆ। ਇਸ ਤੋਂ ਇਲਾਵਾ, ਆਰਥਕ ਅਤੇ ਸਿਆਸੀ ਆਧੁਨਿਕੀਕਰਨ ਪੱਖੋਂ ਜਪਾਨ ਦੀ ਦਰਸ਼ਨੀ ਕਾਮਯਾਬੀ ਨੇ ਏਸ਼ੀਆਈ ਪ੍ਰੈੱਸ ਅਤੇ ਖ਼ਿੱਤੇ ਦੇ ਬੌਧਿਕ ਆਗੂਆਂ ਦਾ ਪੂਰਾ ਧਿਆਨ ਖਿੱਚਿਆ। ਇਸ ਨਾਲ ਏਸ਼ੀਆਈ ਕੁਲੀਨ–ਵਰਗ ਇਸ ਸਿੱਟੇ 'ਤੇ ਪਹੁੰਚੇ:

(ੳ) ਕਿ ਇਕ ਸਰਮਾਏਦਾਰਾ ਆਲਮੀ ਆਰਥਿਕਤਾ ਦੇ ਪ੍ਰਸੰਗ ਵਿਚ – ਜਿਸ ਉਪਰ ਪਹਿਲਾਂ ਹੀ ਸਨਅਤੀਕ੍ਰਿਤ ਕੌਮੀ ਰਾਜਾਂ ਦਾ ਗ਼ਲਬਾ ਹੈ – ਇਕ ਮਜ਼ਬੂਤ ਆਜ਼ਾਦ ਕੌਮੀ ਰਾਜ ਕਾਮਯਾਬ ਆਧੁਨਿਕੀਕਰਨ ਦੀ ਇਕ ਲਾਜ਼ਮੀ ਸ਼ਰਤ ਹੈ; ਅਤੇ,

(ਅ) ਕਿ ਇਤਿਹਾਸਕ ਤਜ਼ਰਬਾ ਦਿਖਾਉਂਦਾ ਹੈ ਕਿ ਬਸਤੀਕਰਨ ਵਿਕਾਸ ਦੀ ਥਾਂ

ਆਰਥਕ ਤੇ ਸਮਾਜੀ *ਘੱਟ-ਵਿਕਾਸ* ਪੈਦਾ ਕਰਦਾ ਹੈ।

ਹਿੰਦੁਸਤਾਨ ਵਿਚ, ਘਟਨਾਵਾਂ ਦਾ ਇਤਿਹਾਸਕ ਮੋੜ ਬਹੁਤ ਹੀ ਅਹਿਮ ਸਾਬਤ ਹੋਇਆ: ਇਸ ਨੇ ਨਸਲੀ ਮੱਤ ਦੀ ਉਪਰੋਕਤ ਭੂਮਿਕਾ ਨੂੰ ਅਸਰਦਾਰ ਤੌਰ 'ਤੇ ਸੱਟ ਮਾਰੀ ਜੋ ਬਸਤੀਵਾਦ ਨੂੰ ਤਰੱਕੀ ਦਾ ਸਾਧਨ ਦੱਸਕੇ ਇਸ ਦੀ ਵਾਜਬੀਅਤ ਬਣਾਉਂਦੀ ਸੀ । ਇਹ 20ਵੀਂ ਸਦੀ ਸ਼ੁਰੂ ਵਿਚ ਬੰਗਾਲ ਵਿਚ ਅਤੇ ਥੋੜ੍ਹੇ ਚਿਰ ਲਈ ਪੰਜਾਬ ਵਿਚ ਬਸਤੀਵਾਦ ਵਿਰੋਧੀ ਸੰਘਰਸ਼ਾਂ ਅਤੇ ਸਿਆਸੀ ਲਹਿਰਾਂ ਨੂੰ ਹੋਰ ਤਾਕਤ ਬਖ਼ਸ਼ਣ ਦੇ ਕੰਮ ਵੀ ਆਇਆ, ਜਿਸ ਨੇ ਕੌਮੀ ਸਵੈ-ਵਿਸ਼ਵਾਸ ਅਤੇ ਸਿਆਸੀ ਹੱਕ-ਜਤਾਈ ਦੇ "ਨਵੇਂ ਜਜ਼ਬੇ" ਦੇ ਵਿਕਸਤ ਹੋਣ ਵਿਚ ਯੋਗਦਾਨ ਪਾਇਆ।[17]

ਘੱਟੋਘੱਟ ਇਸ ਖ਼ਿੱਤੇ ਦੇ ਹਿੰਦੁਸਤਾਨੀ ਪ੍ਰਵਾਸੀ ਭਾਈਚਾਰੇ ਸਮੇਤ ਬਸਤੀਆਂ ਦੇ ਦਹਿ-ਲੱਖਾਂ ਏਸ਼ੀਅਨਾਂ ਲਈ, ਯੂਰਪੀ ਨਸਲੀ ਤੇ ਸਭਿਆਚਾਰਕ ਸ੍ਰੇਸ਼ਟਤਾ ਅਤੇ ਇਸ ਜ਼ਰੀਏ ਗ਼ੈਰਯੂਰਪੀ ਲੋਕਾਂ ਨੂੰ ਗ਼ੁਲਾਮ ਬਣਾਉਣ ਦੇ ਹੱਕ ਦੀ ਮਿੱਥ ਦੀਆਂ ਧੱਜੀਆਂ ਉੱਡ ਗਈਆਂ ਸਨ। ਹੁਣ ਤਕ ਯੂਰਪੀ ਤਾਕਤਾਂ ਦੀ ਜੋ ਸੱਭਿਆਚਾਰਕ ਅਤੇ ਵਿਚਾਰਧਾਰਕ ਧੌਂਸ ਚਲਦੀ ਸੀ ਉਸ ਲਈ ਜਪਾਨ ਦੇ ਉਭਰਨ ਦੀਆਂ ਅਰਥ-ਸੰਭਾਵਨਾਵਾਂ ਬੇਥਾਹ ਸਨ। ਆਪਣੀ ਸੱਜਰੀ ਕਿਤਾਬ *From The Ruins Of Empire: The Intellectuals Who Remade Asia* ਵਿਚ ਪੰਕਜ ਮਿਸ਼ਰਾ ਨੋਟ ਕਰਦਾ ਹੈ ਕਿ "ਕਲਕੱਤਾ ਵਿਚ, ਬਰਤਾਨਵੀ ਸਲਤਨਤ ਦੇ ਸਭ ਤੋਂ ਮਨਭਾਉਂਦੇ ਕਬਜ਼ੇ ਦੇ ਰਾਖੇ, ਹਿੰਦੁਸਤਾਨ ਦੇ ਵਾਇਸਰਾਏ ਲਾਰਡ ਕਰਜ਼ਨ ਨੂੰ ਡਰ ਪੈ ਗਿਆ ਕਿ ਪੂਰਬ ਦੇ ਗੁੰਬਦਾਂ ਵਿੱਚੋਂ ਦੀ ਲੰਘਕੇ ਫ਼ਤਹਿ ਦੀਆਂ ਗੂੰਜਾਂ ਤਾੜੀਆਂ ਦੀ ਗੂੰਜ ਬਣਕੇ ਆ ਪੁੱਜੀਆਂ ਹਨ"।[18] ਕਰਜ਼ਨ ਸਹੀ ਸੀ; ਮਿਸਰ ਅਤੇ ਤੁਰਕੀ ਸਮੇਤ ਪੂਰੇ ਏਸ਼ੀਆ ਉਪਰ ਯੂਰਪੀ ਗ਼ਲਬਾ ਅਤੇ ਕੰਟਰੋਲ ਬਣਾਈ ਰੱਖਣ ਨੂੰ ਪਹਿਲਾਂ ਹੀ ਜਿਸ ਧੁਖ ਰਹੀ ਚੁਣੌਤੀ ਦਾ ਸਾਹਮਣਾ ਸੀ ਉਸ ਨੂੰ ਜ਼ਬਰਦਸਤ ਹੁਲਾਰਾ ਮਿਲਿਆ। ਜਪਾਨ ਦੀ ਜਿੱਤ ਨਾਲ, ਹਿੰਦੁਸਤਾਨ ਵਿਚ ਖ਼ਾਸ ਕਰਕੇ ਪੂਰਬ ਤੋਂ ਲੈ ਕੇ ਪੱਛਮ ਤਕ ਦੂਰ-ਦਰਾਜ਼ ਖੇਤਰਾਂ ਅੰਦਰ ਦੇਸ਼ਭਗਤੀ ਦੇ ਜਜ਼ਬੇ ਅਤੇ ਬਸਤੀਵਾਦ ਵਿਰੋਧੀ ਲਹਿਰ ਨੂੰ ਹੁਲਾਰਾ ਮਿਲਣਾ ਸ਼ੁਰੂ ਹੋ ਗਿਆ। ਬਸਤੀਵਾਦ ਵਿਰੋਧੀ ਲਾਮਬੰਦੀਆਂ ਹੋਰ ਵੀ ਖਾੜਕੂ ਹੋ ਗਈਆਂ ਅਤੇ ਇਨ੍ਹਾਂ ਦੀ ਜਨਤਕ ਹਮਾਇਤ ਦਾ ਅਧਾਰ ਚੁੜੇਰਾ ਹੋ ਗਿਆ। "ਬੰਗਾਲ ਅੰਦਰ ਮਿਜ਼ਾਜ, ਜਿਸ ਨੂੰ ਕਰਜ਼ਨ ਨੇ ਵੰਡਣ ਦੀ ਯੋਜਨਾ ਬਣਾਈ, ਪਹਿਲਾਂ ਹੀ ਖਾੜਕੂ ਤੌਰ 'ਤੇ ਬਰਤਾਨਵੀ ਵਿਰੋਧੀ ਸੀ। 1905 ਤੋਂ ਹੀ ਫ਼ਸਾਦ ਅਤੇ ਦਹਿਸ਼ਤੀ ਹਮਲੇ ਬਸਤੀਵਾਦ ਵਿਰੋਧੀ ਭਾਵਨਾ ਦੇ ਮਜ਼ਬੂਤ ਹੋਣ ਦੀ ਪੁਸ਼ਟੀ ਕਰਦੇ ਸਨ ਜਿਸ ਦਾ ਹੁਣ ਤਕ ਇੰਡੀਅਨ ਨੈਸ਼ਨਲ ਕਾਂਗਰਸ ਨੇ ਬਹੁਤ ਥੋੜ੍ਹਾ ਇਜ਼ਹਾਰ ਕੀਤਾ ਸੀ। ਕਲਕੱਤਾ ਅਤੇ ਢਾਕਾ ਦੇ ਰੈਡੀਕਲਾਂ ਨੇ ਬੰਗਾਲੀ ਵਿਦਿਆਰਥੀਆਂ ਦੇ ਟੋਕੀਓ ਜਾਣ ਨੂੰ ਸਪਾਂਸਰ ਕਰਨਾ ਸ਼ੁਰੂ ਕਰ ਦਿੱਤਾ, ਅਤੇ ਯੂਰਪ ਤੇ ਅਮਰੀਕਾ ਅਧਾਰਤ ਬਸਤੀਵਾਦ ਵਿਰੋਧੀ ਅੰਦੋਲਨਕਾਰੀਆਂ ਨੇ ਬੰਗਾਲ ਵਿਚ ਚੋਰੀ-ਛੁਪੇ ਹਥਿਆਰ ਭੇਜਣ ਲਈ ਆਇਰਿਸ਼ ਤੇ ਰੂਸੀ ਇਨਕਲਾਬੀਆਂ ਅਤੇ ਜਪਾਨੀ ਤੇ ਚੀਨੀ ਆਗੂਆਂ ਨਾਲ ਸੰਪਰਕ ਬਣਾ ਲਏ।"[19]

ਇਹ ਚੇਤੇ ਕਰਨਾ ਹੋਵੇਗਾ ਕਿ ਉੱਤਰੀ ਅਮਰੀਕਾ ਵਿਚਲੀਆਂ ਜਿਨ੍ਹਾਂ ਸਿਆਸੀ ਸਰਗਰਮੀਆਂ ਤੋਂ ਮਿਸ਼ਰਾ ਕੰਨੀ ਕਤਰਾਉਂਦਾ ਹੈ, ਉਨ੍ਹਾਂ ਨੇ ਛੇਤੀ ਹੀ ਗ਼ਦਰ ਲਹਿਰ ਦੀ ਸਥਾਪਨਾ ਅਤੇ ਇਸ ਦੇ ਵਧਾਰੇ-ਪਸਾਰੇ ਵਿਚ ਵਟ ਜਾਣਾ ਸੀ।

ਗ਼ਦਰ ਲਹਿਰ ਦਾ ਉਭਰਨਾ

ਉੱਪਰ ਸਰਮਾਏਦਾਰੀ ਪ੍ਰਬੰਧ ਦੀਆਂ ਜਿਨ੍ਹਾਂ ਤਬਦੀਲੀਆਂ ਅਤੇ ਤਰਥੱਲੀਆਂ ਦੀ ਚਰਚਾ ਕੀਤੀ ਗਈ ਹੈ, ਮਹਾਂ ਮੰਦਵਾੜੇ ਦੇ ਪਰਛਾਵੇਂ ਹੇਠ ਦੁਨੀਆ ਉਨ੍ਹਾਂ ਵਿੱਚੋਂ ਦੌਲਤ ਅਤੇ ਤਾਕਤ ਦੇ ਪੱਖੋਂ ਹੋਰ ਵੀ ਪਾਲਾਬੰਦੀ ਹੋ ਕੇ ਅਤੇ ਤਕਸੀਮ ਹੋ ਕੇ ਉੱਭਰੀ: ਇਕ ਪਾਸੇ ਸਨਅਤੀ ਹੋ ਚੁੱਕੇ ਤੇ ਅਮੀਰ ਮੁਲਕਾਂ ਅਤੇ ਦੂਜੇ ਪਾਸੇ ਕੰਨੀ ਉਪਰਲੇ ਬਸਤੀਆਂ ਬਣਾਏ ਅਤੇ ਨਿਰਭਰ ਬਹੁਤ ਹੀ ਲੁੱਟੇਪੁੱਟੇ ਅਤੇ ਕੰਗਾਲ ਮੁਲਕਾਂ ਦਰਮਿਆਨ ਪਾਲਾਬੰਦੀ ਅਤੇ ਤਕਸੀਮ।

ਜਿਵੇਂ 19ਵੀਂ ਸਦੀ ਦੇ ਅਖ਼ੀਰ 'ਚ ਹਿੰਦੁਸਤਾਨ ਦੇ ਇਤਿਹਾਸਕ ਤੌਰ 'ਤੇ ਖ਼ਾਸ ਹਾਲਾਤ ਵਿਚ ਇਸ ਦਾ ਇਜ਼ਹਾਰ ਹੋਇਆ, ਘੋਰ ਗ਼ੁਲਾਮੀ ਅਤੇ ਕੰਗਾਲੀ ਦੇ ਇਸ ਆਮ ਬਣਾਏ ਅਮਲ ਵਿੱਚੋਂ ਦੋ ਮਜ਼ਬੂਤ ਸਿਆਸੀ ਲਹਿਰਾਂ ਉੱਭਰੀਆਂ ਜਿਨ੍ਹਾਂ ਨੇ ਖਾੜਕੂ ਕੌਮੀ ਮੁਕਤੀ ਲਹਿਰ ਦੇ ਵਾਧੇ ਲਈ ਬਹੁਤ ਵੱਡੀਆਂ ਨਰਸਰੀਆਂ ਵਜੋਂ ਕੰਮ ਕੀਤਾ: ਬੰਗਾਲ ਵਿਚ ਵੰਡ ਵਿਰੋਧੀ ਲਾਮਬੰਦੀ ਅਤੇ ਸਵਦੇਸ਼ੀ ਲਹਿਰ ਦਾ ਉੱਭਰਨਾ: 1903-1908; ਅਤੇ ਪੰਜਾਬ ਵਿਚ ਸਿਆਸੀ ਰੋਸ-ਮੁਜ਼ਾਹਰੇ ਅਤੇ ਕਿਸਾਨ ਲਹਿਰ: 1905-1908।

ਪ੍ਰਸਿੱਧ ਮਾਹਰ ਜਿਵੇਂ *'India's Struggle for Independence' (1857-1947)* ਦੇ ਲੇਖਕ ਸਵਦੇਸ਼ੀ ਲਹਿਰ ਦੀ ਸਿਆਸੀ ਅਹਿਮੀਅਤ ਉਪਰ ਇਸ ਤਰ੍ਹਾਂ ਜ਼ੋਰ ਦਿੰਦੇ ਹਨ:

> *"[20ਵੀਂ] ਸਦੀ ਦੇ ਸ਼ੁਰੂ ਹੋਣ 'ਤੇ ਸਵਦੇਸ਼ੀ ਲਹਿਰ ਦਾ ਆਗਾਜ਼ ਹੋਣ ਨਾਲ, ਹਿੰਦੁਸਤਾਨ ਦੀ ਕੌਮੀ ਲਹਿਰ ਨੇ ਅੱਗੇ ਵੱਲ ਵੱਡੀ ਛਾਲ ਮਾਰੀ। ਬੰਗਾਲ ਅਤੇ ਹਿੰਦੁਸਤਾਨ ਦੇ ਹੋਰ ਹਿੱਸਿਆਂ ਤੋਂ ਔਰਤਾਂ, ਵਿਦਿਆਰਥੀ ਅਤੇ ਵੱਡੀ ਤਾਦਾਦ 'ਚ ਸ਼ਹਿਰੀ ਤੇ ਪੇਂਡੂ ਵਸੋਂ ਪਹਿਲੀ ਦਫ਼ਾ ਸਿਆਸਤ ਵਿਚ ਸਰਗਰਮੀ ਨਾਲ ਸ਼ਾਮਲ ਹੋਏ। ਅਗਲੇ ਅੱਧੇ ਦਹਾਕੇ ਵਿਚ ਹਿੰਦੁਸਤਾਨੀ ਕੌਮੀ ਲਹਿਰ ਦੇ ਤਕਰੀਬਨ ਸਾਰੇ ਹੀ ਵੱਡੇ ਸਿਆਸੀ ਰੁਝਾਨ ਉੱਭਰੇ। ਰੂੜ੍ਹੀਵਾਦੀ ਨਰਮਾਈ ਤੋਂ ਲੈ ਕੇ ਸਿਆਸੀ ਅੱਤਵਾਦ ਤਕ, ਦਹਿਸ਼ਤਵਾਦ ਤੋਂ ਲੈ ਕੇ ਮੁੱਢਲੇ ਸਮਾਜਵਾਦ ਤਕ, ਦਰਖ਼ਾਸਤਾਂ ਦੇਣ ਅਤੇ ਜਨਤਕ ਤਕਰੀਰਾਂ ਕਰਨ ਤੋਂ ਲੈ ਕੇ ਗ਼ੈਰਸਰਗਰਮ ਵਿਰੋਧ ਅਤੇ ਬਾਈਕਾਟ ਤਕ, ਇਨ੍ਹਾਂ ਸਾਰਿਆਂ ਦੀ ਪੈਦਾਇਸ਼ ਇਸ ਲਹਿਰ ਵਿੱਚੋਂ ਹੋਈ।"[20]*

ਲਹਿਰ ਦਾ ਮੁੱਢ ਉਸ ਸਿਆਸੀ ਅੰਦੋਲਨ 'ਚੋਂ ਬੱਝਿਆ ਸੀ ਜੋ ਬੰਗਾਲ ਦੀ ਤਕਸੀਮ ਕਰਨ ਅਤੇ ਇਸ ਵਿੱਚੋਂ ਤੋੜਕੇ ਮੁਸਲਿਮ ਬਹੁਗਿਣਤੀ ਵਾਲਾ ਇਕ ਨਵਾਂ ਸੂਬਾ ਬਣਾਉਣ ਦੇ ਬਰਤਾਨਵੀ ਫ਼ੈਸਲੇ ਦਾ ਵਿਰੋਧ ਕਰਨ ਤੇ ਇਸ ਫ਼ੈਸਲੇ ਨੂੰ ਵਾਪਸ ਕਰਾਉਣ ਲਈ ਸ਼ੁਰੂ ਹੋਇਆ

ਸੀ। ਬਰਤਾਨਵੀਆਂ ਵਲੋਂ 1905 'ਚ ਬੰਗਾਲ ਦੀ ਤਕਸੀਮ ਦਾ ਇਹ ਹੋਣੀਹਾਰ ਫ਼ੈਸਲਾ ਲੈਣ ਦੇ ਦੋ ਨਿਆਰੇ ਕਾਰਨ ਸਨ: ਪ੍ਰਸ਼ਾਸਨਿਕ, ਅਤੇ ਸਿਆਸੀ। ਸਾਡਾ ਸਰੋਕਾਰ ਇਥੇ ਮਗਰਲੇ ਕਾਰਨ ਨਾਲ ਹੈ। ਲਾਰਡ ਕਰਜ਼ਨ ਦੀ ਹਕੂਮਤ ਰਾਸ਼ਟਰਵਾਦੀ ਲਹਿਰ ਦੀ ਵਧ ਰਹੀ ਤਾਕਤ ਉਪਰ ਬਹੁਤ ਹੀ ਫ਼ਿਕਰਮੰਦੀ ਨਾਲ ਨਜ਼ਰ ਰੱਖ ਰਹੀ ਸੀ ਅਤੇ ਬੰਗਾਲ ਨੂੰ ਇਸ ਦਾ ਸ਼ਕਤੀ-ਸਰੋਤ ਸਮਝਦੀ ਸੀ। ਬਸਤੀਵਾਦੀ ਰਾਜ ਲਈ ਏਨੀ ਹੀ ਚਿੰਤਾਜਨਕ ਉਹ ਵਿਲੱਖਣ ਏਕਤਾ ਸੀ ਜਿਸ ਨੂੰ ਇਸ ਅਮਲ ਵਿਚ ਬੰਗਾਲੀ ਸਿਆਸੀ ਆਗੂਆਂ, ਹਿੰਦੂਆਂ ਅਤੇ ਮੁਸਲਮਾਨਾਂ, ਨੇ ਕਾਮਯਾਬੀ ਨਾਲ ਢਾਲਿਆ ਸੀ। ਹਕੂਮਤ ਨੇ ਇਨ੍ਹਾਂ ਦੋਹਾਂ ਨੂੰ ਸੱਟ ਮਾਰਨ ਦੀ ਠਾਣ ਰੱਖੀ ਸੀ। ਤਕਸੀਮ ਦੀ ਮਨਸ਼ਾ 'ਪਾੜੋ ਤੇ ਰਾਜ ਕਰੋ' ਦੀ ਨੀਤੀ ਜ਼ਰੀਏ ਉਨ੍ਹਾਂ ਦੀ ਤਾਕਤ ਨੂੰ ਕਮਜ਼ੋਰ ਕਰਨ ਦੀ ਸੀ। ਕਰਜ਼ਨ ਦਾ ਗ੍ਰਹਿ ਸਕੱਤਰ ਹਰਬਰਟ ਰਿਜ਼ਲੇ ਇਸ ਬਾਰੇ ਬਿਲਕੁਲ ਸਾਫ਼-ਸਾਫ਼ ਕਹਿ ਰਿਹਾ ਸੀ:

> *"ਇਕਜੁੱਟ ਬੰਗਾਲ ਤਾਕਤ ਹੈ। ਟੋਟੇ-ਟੋਟੇ ਹੋਇਆ ਬੰਗਾਲ ਕਈ ਵੱਖੋ-ਵੱਖਰੇ ਪਾਸਿਆਂ ਨੂੰ ਖਿੱਚੇਗਾ। ਕਾਂਗਰਸ ਦੇ ਆਗੂ ਇਹੀ ਮਹਿਸੂਸ ਕਰਦੇ ਹਨ: ਉਨ੍ਹਾਂ ਦੇ ਖਦਸ਼ੇ ਐਨ ਸਹੀ ਹਨ ਅਤੇ ਇਹ ਇਸ ਸਕੀਮ ਦੀ ਇਕ ਵੱਡੀ ਖ਼ੂਬੀ ਬਣਦੇ ਹਨ.....ਸਾਡੇ ਮੁੱਖ ਨਿਸ਼ਾਨਿਆਂ ਵਿੱਚੋਂ ਇਕ ਹੈ ਇਸ ਨੂੰ ਵੰਡਣਾ ਅਤੇ ਇਸ ਜ਼ਰੀਏ ਸਾਡੇ ਰਾਜ ਦੇ ਵਿਰੋਧੀਆਂ ਦੀ ਨਿੱਗਰ ਸੰਸਥਾ ਨੂੰ ਕਮਜ਼ੋਰ ਕਰਨਾ।"*[21]

ਇਸ ਸਿਆਸੀ ਬਗ਼ਾਵਤ ਨੂੰ ਦਬਾਉਣ ਦੇ ਕਰਜ਼ਨ ਹਕੂਮਤ ਦੇ ਦ੍ਰਿੜ ਯਤਨਾਂ ਦੇ ਬਾਵਜੂਦ, ਇਸ ਵਿਸ਼ਾਲ ਸੂਬੇ ਨੂੰ ਤੋੜਕੇ ਇਕ ਭਾਰੂ ਤੌਰ 'ਤੇ ਮੁਸਲਿਮ ਖੇਤਰ ਬਣਾਉਣ ਦੀ ਬਰਤਾਨਵੀ ਯੋਜਨਾ ਦੇ ਸਿੱਟੇ ਅਣਚਾਹੇ ਨਿੱਕਲੇ ਸਨ: ਇਸ ਨਾਲ ਬੰਗਾਲ ਵਿਚ ਇਕ ਬਸਤੀਵਾਦ ਵਿਰੋਧੀ ਜ਼ਬਰਦਸਤ ਅਵਾਮੀ ਲਹਿਰ, *ਸਵਦੇਸ਼ੀ*, ਉੱਭਰੀ ਜਿਸਦੀ ਪਰਵਰਿਸ਼ "ਇਸਦੇ ਸੂਝਵਾਨ ਦੇਸੀ ਸਭਿਆਚਾਰ, ਇਸ ਦੇ ਵਿਸ਼ਾਲ (ਜ਼ਿਆਦਾਤਰ) ਹਿੰਦੂ ਮੱਧ ਵਰਗ, ਅਤੇ ਇਸਦੇ ਬੁੱਧੀਜੀਵੀਆਂ ਨੇ ਕੀਤੀ।"[22] ਭਾਵੇਂ ਇਕ ਅਵਾਮੀ ਲਹਿਰ ਵਜੋਂ ਸਵਦੇਸ਼ੀ ਬੇਕਿਰਕ ਹਕੂਮਤੀ ਜਬਰ ਹੇਠ 1908 ਦੇ ਅੱਧ ਤਕ ਖ਼ਤਮ ਹੋ ਗਈ ਸੀ, ਇਸਨੇ ਰਾਸ਼ਟਰਵਾਦੀ ਲਹਿਰ ਉੱਪਰ ਵੱਡੀ ਛਾਪ ਛੱਡੀ। ਇਸਨੇ ਰਾਸ਼ਟਰਵਾਦ ਦੀ ਸੋਚ ਲੋਕਾਂ ਦੇ ਚੋਖੇ ਹਿੱਸਿਆਂ ਤਕ ਪਹੁੰਚਾਕੇ ਹਰਮਨਪਿਆਰੀ ਬਣਾ ਦਿੱਤੀ ਜੋ ਓਦੋਂ ਤਕ ਇਸ ਤੋਂ ਨਾਵਾਕਫ਼ ਸਨ ਜਾਂ ਇਸ ਤੋਂ ਅਣਭਿੱਜ ਸਨ। ਐਸਾ ਕਰਦਿਆਂ, ਇਸਨੇ ਬਸਤੀਵਾਦੀ ਸੰਸਥਾਵਾਂ ਅਤੇ ਬਸਤੀਵਾਦੀ ਰਾਜ ਦੀ ਵਾਜਬੀਅਤ ਨੂੰ ਹੋਰ ਖ਼ੋਰਾ ਲਾਇਆ।[23]

ਬੰਗਾਲ ਦੀ ਇਹ ਸਿਆਸੀ ਤਰਥੱਲੀ ਜੋ 1905 'ਚ ਰੂਸ ਉਪਰ ਜਪਾਨ ਦੀ ਜਿੱਤ ਦੇ ਵਕਤ ਹੀ ਉੱਭਰੀ ਸੀ, ਇਸ ਦੀ ਜ਼ਬਰਦਸਤ ਗੂੰਜ ਪੰਜਾਬ ਵਿਚ ਵੀ ਪਹੁੰਚੀ ਅਤੇ ਇਸ ਦਾ ਇਸ ਸੂਬੇ ਦੀ ਉੱਭਰ ਰਹੀ ਸਿਆਸੀ ਹਾਲਤ ਉੱਪਰ ਵੱਡਾ ਅਸਰ ਪਿਆ। ਇਸ ਨੇ ਇਸ ਦੇ ਪੜ੍ਹੇਲਿਖੇ ਹਿੱਸੇ, ਨੌਜਵਾਨਾਂ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਦੀ ਅਨਾੜੀ ਅਤੇ ਕਮਜ਼ੋਰ

ਮੁਕਾਮੀ ਸ਼ਾਖਾ ਨੂੰ ਰੈਡੀਕਲ ਬਣਾ ਦਿੱਤਾ। ਕਾਂਗਰਸ ਦੇ 1905 ਦੇ ਬਨਾਰਸ ਸੈਸ਼ਨ ਵਿਚ, ਬੰਗਾਲ ਅਤੇ ਹੋਰ ਥਾਵਾਂ ਦੇ ਸੰਗੀ-ਸਾਥੀਆਂ ਨਾਲ ਮਿਲਕੇ ਪੰਜਾਬ ਦੇ ਡੈਲੀਗੇਟਾਂ ਨੇ ਉਥੇ ਜੁੜੇ ਡੈਲੀਗੇਟਾਂ ਨੂੰ ਸਵਦੇਸ਼ੀ ਲਹਿਰ ਦੀ ਹਮਾਇਤ ਕਰਨ ਅਤੇ ਇਸ ਦੀ ਠੋਸ ਕਾਰਵਾਈ ਯੋਜਨਾ ਨੂੰ ਅਪਣਾਉਣ ਲਈ ਪ੍ਰੇਰਿਆ ਜਿਸ ਵਿਚ ਸਰਕਾਰੀ ਸੰਸਥਾਵਾਂ ਦਾ ਬਾਈਕਾਟ, ਸਰਕਾਰੀ ਕੰਟਰੋਲ ਅਤੇ ਦਿਸ਼ਾ-ਨਿਰਦੇਸ਼ਾਂ ਤੋਂ ਮੁਕਤ ਕਰਾਕੇ ਸਿੱਖਿਆ ਸੰਸਥਾਵਾਂ ਦਾ ਵਿਕਾਸ, ਅਤੇ ਦੇਸੀ ਮਾਲ ਦੇ ਇਸਤੇਮਾਲ ਜਿਵੇਂ ਕੱਪੜੇ ਤੋਂ ਲੈ ਕੇ ਬਰਤਾਨੀਆ ਦੀਆਂ ਬਣੀਆਂ ਵਸਤਾਂ ਦਾ ਬਾਈਕਾਟ ਸ਼ਾਮਲ ਸੀ। ਸਵਦੇਸ਼ੀ ਲਹਿਰ ਨੂੰ ਉਤਸ਼ਾਹ ਨਾਲ ਅਪਣਾਇਆ ਗਿਆ ਅਤੇ ਇਸ ਨੂੰ ਵਿਦਿਆਰਥੀਆਂ ਸਮੇਤ ਲੋਕਾਂ ਦੇ ਵੱਖੋ-ਵੱਖਰੇ ਵਿਸ਼ਾਲ ਹਿੱਸਿਆਂ ਦੀ ਹਮਾਇਤ ਮਿਲੀ ਜੋ ਜਨਤਕ ਰੈਲੀਆਂ ਅਤੇ ਮੁਜ਼ਾਹਰਿਆਂ ਵਿਚ ਸ਼ਾਮਲ ਹੋਏ। ਅੰਦਾਜ਼ਾ ਲਗਾਇਆ ਗਿਆ ਸੀ ਕਿ "ਅਕਤੂਬਰ 1905 ਤਕ, 10000 ਪੰਜਾਬੀਆਂ ਨੇ ਮਾਰਚਾਂ ਅਤੇ ਜਨਤਕ ਇਕੱਠਾਂ ਵਿਚ ਸ਼ਮੂਲੀਅਤ ਕੀਤੀ ਸੀ।"[24] ਇਕ ਵਧ-ਫੁੱਲ ਰਹੇ ਸ਼ਹਿਰੀ ਮੱਧ ਵਰਗ ਦੀ ਅਗਵਾਈ ਹੇਠ ਇਕ ਵਧੇਰੇ ਰੈਡੀਕਲ ਸਿਆਸੀ ਚੇਤਨਾ ਵਾਲੀ ਅਤੇ ਬਸਤੀਵਾਦ ਵਿਰੋਧੀ ਰੋਸ ਲਹਿਰ ਤੇਜ਼ੀ ਨਾਲ ਵਿਕਸਤ ਹੋਣੀ ਸ਼ੁਰੂ ਹੋ ਗਈ, ਜੋ ਸ਼ੁਰੂ 'ਚ ਸ਼ਹਿਰਾਂ ਤੇ ਕਸਬਿਆਂ ਵਿਚ ਸੀ ਪਰ ਛੇਤੀ ਹੀ ਇਸਨੇ ਪੇਂਡੂ ਇਲਾਕਿਆਂ ਨੂੰ ਵੀ ਆਪਣੀ ਲਪੇਟ ਵਿਚ ਲੈ ਲਿਆ।

ਇਸ ਸਿਆਸੀ ਮਾਹੌਲ ਦਾ ਇਕ ਅਹਿਮ ਸਿੱਟਾ ਸੀ ਪੇਂਡੂ ਬੇਚੈਨੀ ਦਾ ਸਿਖ਼ਰਾਂ ਛੂਹਣਾ ਜੋ ਕੁਝ ਸਮੇਂ ਤੋਂ ਇਕ ਵਿਆਪਕ ਸਿਆਸੀ ਅੰਦੋਲਨ ਵਿਚ ਵਿਕਸਤ ਹੋ ਰਹੀ ਸੀ। 1907 'ਚ ਇਹ ਪੰਜਾਬ ਦੀ ਗੜਬੜ ਵਜੋਂ ਜਾਣੀ ਗਈ। ਇਸ ਅੰਦੋਲਨ ਨੂੰ ਸ਼ੁਰੂ ਕਰਨ ਵਾਲੇ ਫੌਰੀ ਕਾਰਨ ਸਨ: 1906 ਦਾ ਪੰਜਾਬ ਬਸਤੀਕਰਨ ਲੈਂਡ ਬਿੱਲ, ਕਾਨੂੰਨ ਜਿਸਦਾ ਮਨੋਰਥ ਪੰਜਾਬ ਦੇ 1901 ਵਾਲੇ ਪੰਜਾਬ ਐਲੀਨੇਸ਼ਨ ਐਕਟ ਵਿਚ ਸੁਧਾਰ ਕਰਨਾ ਸੀ; ਅਤੇ ਬਾਰੀ ਦੋਆਬ ਖੇਤਰ ਵਿਚ ਆਬਿਆਨੇ ਦੀਆਂ ਦਰਾਂ ਵਿਚ ਕੀਤਾ ਵਾਧਾ ਜਿਸ ਵਿਚ ਲਾਹੌਰ, ਅੰਮ੍ਰਿਤਸਰ ਅਤੇ ਗੁਰਦਾਸਪੁਰ ਕੇਂਦਰੀ ਜ਼ਿਲ੍ਹੇ ਸ਼ਾਮਲ ਸਨ। ਇਸ ਅੰਦੋਲਨ ਦੀ ਮੁੱਖ ਤੌਰ 'ਤੇ ਅਗਵਾਈ ਅਜੀਤ ਸਿੰਘ ਅਤੇ ਉਨ੍ਹਾਂ ਦੀ ਜਥੇਬੰਦੀ *ਅੰਜੁਮਨ-ਈ-ਵਤਨ* (ਵਤਨ-ਪ੍ਰੇਮੀਆਂ ਦੀ ਸਭਾ) ਨੇ ਕੀਤੀ ਸੀ। ਉਹ ਤੇ ਉਨ੍ਹਾਂ ਦੇ ਸਾਥੀ ਇਸ ਕਾਨੂੰਨ ਦੇ ਖ਼ਿਲਾਫ਼ ਵਿਆਪਕ ਲਾਮਬੰਦੀ ਕਰਨ 'ਚ ਕਾਮਯਾਬ ਹੋ ਗਏ ਸਨ। ਇਸ ਅੰਦੋਲਨ ਦਾ ਇਕ ਸਭ ਤੋਂ ਵੱਡਾ ਹਾਸਲ ਇਹ ਸੀ ਕਿ ਇਸ ਨੇ ਹਿੰਦੂ, ਮੁਸਲਿਮ ਅਤੇ ਸਿੱਖ ਆਬਾਦਕਾਰਾਂ ਨੂੰ ਏਕਤਾ 'ਚ ਪਰੋਇਆ।[25] ਅਜੀਤ ਸਿੰਘ ਦੀ ਜ਼ਬਰਦਸਤ ਅਤੇ ਅਗਾਂਹਵਧੂ ਅਗਵਾਈ ਹੇਠ, ਕਿਸਾਨਾਂ ਦਾ ਇਹ ਰੋਸ-ਵਿਖਾਵਾ ਬਰਤਾਨਵੀ ਰਾਜ ਵਿਰੁੱਧ ਇਕ ਹਰਮਨਪਿਆਰੇ ਰੋਹ ਵਿਚ ਵਟ ਗਿਆ। ਜਨਤਕ ਰੈਲੀਆਂ ਵਿਚ "ਲੋਕਾਂ ਨੂੰ ਸਰਕਾਰੀ ਸੇਵਾਵਾਂ ਅਤੇ ਅਦਾਲਤਾਂ ਦਾ ਬਾਈਕਾਟ ਕਰਨ ਦੇ ਸੱਦੇ ਦਿੱਤੇ ਜਾਂਦੇ ਸਨ। ਉਨ੍ਹਾਂ ਨੂੰ ਟੈਕਸ ਨਾ ਦੇਣ ਅਤੇ ਬਾਹਰ ਭੇਜਣ ਦੇ ਮਨੋਰਥ ਨਾਲ ਅਨਾਜ ਨਾ ਚੁੱਕਣ ਦੇਣ ਲਈ ਕਿਹਾ ਜਾਂਦਾ ਸੀ। ਕੁਝ ਫ਼ੌਜੀ ਰੈਜੀਮੈਂਟਾਂ ਵਿਚ ਬਗ਼ਾਵਤ ਦਾ ਪ੍ਰਚਾਰ ਕਰਨ ਲਈ ਇਸਤੇਮਾਲ ਕੀਤੇ ਸਿਆਸੀ ਪੈਂਫਲੈੱਟਾਂ ਦੇ ਢੰਗ ਨੇ ਬਰਤਾਨਵੀ ਅਧਿਕਾਰੀਆਂ ਦੇ ਮਨਾਂ ਵਿਚ ਭੈਅ ਪੈਦਾ ਕਰ ਦਿੱਤਾ।

ਅਜੀਤ ਸਿੰਘ ਅਤੇ ਲਾਜਪਤ ਰਾਏ [ਜਿਸ ਨੇ ਆਪਣੇ ਅਖ਼ਬਾਰ *ਪੰਜਾਬੀ* ਦੁਆਰਾ ਅੰਦੋਲਨ ਦੀ ਹਮਾਇਤ ਕੀਤੀ] ਨੂੰ ਇਕ ਸਦੀ ਪੁਰਾਣੇ 1818 ਦੇ ਬੰਗਾਲ ਰੈਗੂਲੇਸ਼ਨ ਤਿੰਨ ਤਹਿਤ ਜਲਾਵਤਨ ਕਰ ਦਿੱਤਾ ਗਿਆ ਜੋ ਈਸਟ ਇੰਡੀਆ ਕੰਪਨੀ ਦੇ ਜ਼ਮਾਨੇ ਵਿਚ ਉਸ ਵਕਤ ਰਾਜਧ੍ਰੋਹ ਨਾਲ ਨਜਿੱਠਣ ਲਈ ਬਣਾਇਆ ਗਿਆ ਸੀ।"[26] ਪੰਜਾਬ ਦੀ ਬਸਤੀਵਾਦੀ ਸਰਕਾਰ, ਜੋ ਉਸ ਵਕਤ ਦੀ ਸਭ ਤੋਂ ਤਾਨਾਸ਼ਾਹ ਅਤੇ ਆਪਾਸ਼ਾਹ ਸੂਬਾ ਸਰਕਾਰ ਸੀ, ਨੇ ਆਪਣੀਆਂ ਨੀਤੀਆਂ ਨਾਲ ਹਰ ਅਸਹਿਮਤੀ ਅਤੇ ਨੁਕਤਾਚੀਨੀ ਦੇ ਹਰ ਜਨਤਕ ਇਜ਼ਹਾਰ ਨਾਲ ਰਾਜਧ੍ਰੋਹ ਵਾਲਾ ਸਲੂਕ ਕੀਤਾ। ਜਾਬਰ ਤੇ ਲੋਟੂ ਨੀਤੀਆਂ ਅਤੇ ਵਹਿਸ਼ੀ ਜਬਰ ਦਾ ਮਿਸ਼ਰਣ ਸਿਆਸੀ ਰੋਸ-ਵਿਖਾਵੇ ਅਤੇ ਟਾਕਰੇ 'ਚ ਵਟ ਗਿਆ ਜਿਸਨੇ ਬਸਤੀਵਾਦੀ ਰਾਜ ਦੀ ਵਾਜਬੀਅਤ ਦਾ ਨਾ ਪੂਰਾ ਹੋਣ ਵਾਲਾ ਨੁਕਸਾਨ ਕੀਤਾ। ਇਹ ਪੰਜਾਬ ਅੰਦਰ ਨਾਟਕੀ ਸਿਆਸੀ ਰੈਡੀਕਲ ਰੂਪ ਅਖ਼ਤਿਆਰ ਕਰਨ ਦੇ ਅਮਲ ਦਾ ਵਕਤ ਸੀ।

ਜਦੋਂਕਿ, ਰੈਡੀਕਲ ਹੋਣ ਦੇ ਇਸ ਅਮਲ ਦੀ ਤਿਆਰੀ ਲੰਮੇ ਸਮੇਂ ਤੋਂ ਚੱਲ ਰਹੀ ਸੀ। 1860ਵਿਆਂ ਤੋਂ ਹੀ ਪੰਜਾਬ ਦੀ ਜ਼ਰੱਈ ਆਰਥਿਕਤਾ ਨੂੰ ਸਲਤਨਤ ਦੇ ਹਿੱਤਾਂ ਦੀ ਸੇਵਾ ਲਈ ਸਰਮਾਏਦਾਰਾ ਆਲਮੀ ਆਰਥਿਕਤਾ ਨਾਲ ਜੋੜ ਦਿੱਤੇ ਜਾਣ ਕਾਰਨ ਬਰਤਾਨਵੀ ਕੰਟਰੋਲ ਹੇਠ ਇਸ ਦੀ ਕਾਇਆਕਲਪ ਹੋ ਗਈ ਸੀ। ਉਪਰ ਚਰਚਾ ਕੀਤੇ 1870ਵਿਆਂ ਦੇ ਮਹਾਂ ਮੰਦਵਾੜੇ ਨੇ ਇਸ ਦੇ ਤਬਾਹਕੁਨ ਸਮਾਜੀ ਅਤੇ ਆਰਥਕ ਅਸਰਾਂ ਨੂੰ ਹੋਰ ਵੀ ਵਧਾ ਦਿੱਤਾ। ਇਸ ਤਿੱਖੀ ਆਰਥਕ ਢਾਂਚਾ ਢਲਾਈ ਨੇ ਖੇਤੀਬਾੜੀ ਉਪਰ ਨਿਰਭਰ ਪੇਂਡੂ ਵਸੋਂ ਦੀ ਵਿਸ਼ਾਲ ਬਹੁਗਿਣਤੀ ਨੂੰ ਬੁਰੀ ਤਰ੍ਹਾਂ ਕੰਗਾਲ ਕਰ ਦਿੱਤਾ, ਵਿਆਪਕ ਪੇਂਡੂ ਕਰਜ਼ਾਈਪਣ ਪੈਦਾ ਕਰ ਦਿੱਤਾ। ਇਸ ਦਾ ਸਿੱਟਾ ਕਿਸਾਨਾਂ ਦੀ ਜ਼ਮੀਨ ਖੁੱਸਣ, ਬੇਜ਼ਮੀਨਾਪਣ, ਗੁਜ਼ਾਰੇ ਦੇ ਵਸੀਲੇ ਹੱਥੋਂ ਨਿਕਲਣ, ਅਕਸਰ ਅਕਾਲ ਪੈਣ ਵਿਚ ਨਿਕਲਿਆ। ਸਿਆਸੀ ਰੋਸ-ਮੁਜ਼ਾਹਰੇ ਜੰਗਲ ਦੀ ਅੱਗ ਵਾਂਗ ਫੈਲ ਗਏ ਅਤੇ ਬਸਤੀਵਾਦੀ ਸਰਕਾਰ ਦੀ ਪ੍ਰਤੀਤ ਖ਼ਤਮ ਹੋ ਗਈ। ਬਸਤੀਵਾਦੀ ਰਾਜ ਦੀ ਵਾਜਬੀਅਤ ਨੂੰ ਵਿਆਪਕ ਸੱਟ ਪਈ।

ਇਹ ਉਹ ਸਿਆਸੀ ਪ੍ਰਸੰਗ ਸੀ ਜਿਸ ਵਿਚ ਉੱਤਰੀ ਅਮਰੀਕਾ ਵਿਚ ਪੰਜਾਬੀ ਆਵਾਸੀਆਂ ਦੀ ਤਾਦਾਦ ਵਧੀ ਸੀ। 20ਵੀਂ ਸਦੀ ਦੇ ਪਹਿਲੇ ਦਹਾਕੇ ਨੇ ਪੰਜਾਬ ਵਿਚ ਅਤੇ ਹਿੰਦੁਸਤਾਨ ਵਿਚ ਹੋਰ ਥਾਈਂ ਐਸੇ ਉੱਬਲਦੇ ਦੇਗਚੇ ਦਾ ਕੰਮ ਕੀਤਾ ਜਿਸ ਵਿਚ ਉਨ੍ਹਾਂ ਨੇ "ਅੱਗ ਦਾ ਸਿਆਸੀ ਪਹੁਲ" ਛਕਿਆ। ਬਾਗ਼ੀ ਰਾਸ਼ਟਰਵਾਦ ਦੀ ਚੜ੍ਹਤ ਸੀ। ਬਸਤੀਵਾਦ ਵਿਰੋਧੀ ਰੋਸ-ਮੁਜ਼ਾਹਰਿਆਂ ਅਤੇ ਬਗ਼ਾਵਤ ਦੇ ਸਿਆਸੀ ਮਾਹੌਲ ਵਿਚ ਉਨ੍ਹਾਂ ਦੀ ਪਰਵਰਿਸ਼ ਹੋਈ ਜਿਨ੍ਹਾਂ ਨੇ ਜ਼ਰੂਰ ਹੀ ਨੌਜਵਾਨਾਂ ਦੇ ਮਨਾਂ ਉਪਰ ਅਮਿੱਟ ਛਾਪ ਛੱਡੀ ਹੋਵੇਗੀ। ਇਹ ਰੈਡੀਕਲ ਸਿਆਸੀਕਰਨ ਦਾ ਦੌਰ ਸੀ। ਇਸ ਤੋਂ ਬਹੁਤ ਥੋੜ੍ਹੇ ਹੀ ਅਣਭਿੱਜ ਰਹੇ ਹੋਣਗੇ। ਪ੍ਰਵਾਸ ਕਰਕੇ ਕੈਨੇਡਾ ਅਤੇ ਅਮਰੀਕਾ ਜਾਣ ਵਾਲੇ ਵੀ ਖ਼ਾਸ ਮਿਸਾਲਾਂ ਨਹੀਂ ਸਨ। ਸੰਖੇਪ ਵਿਚ, ਉਹ ਉੱਤਰੀ ਅਮਰੀਕਾ ਗਏ, ਬਾਗ਼ੀ ਰਾਸ਼ਟਰਵਾਦ ਦੇ ਇਸ ਨਵੇਂ ਜਜ਼ਬੇ ਨੇ ਉਨ੍ਹਾਂ ਵਿਚ ਨਵੀਂ ਰੂਹ ਫੂਕ ਦਿੱਤੀ ਜਿਸ ਨੇ ਉਨ੍ਹਾਂ ਦੇ ਅਗਲੇ ਫ਼ੈਸਲਿਆਂ ਉੱਪਰ ਅਹਿਮ ਪ੍ਰਭਾਵ ਪਾਇਆ ਹੋਵੇਗਾ।

ਫਿਰ ਇਹ ਹੈਰਾਨੀ ਦੀ ਗੱਲ ਨਹੀਂ ਕਿ ਹਮਲਾਵਰ ਨਸਲਵਾਦ ਅਤੇ ਵਿਤਕਰੇ ਦੀ ਭਰਮਾਰ ਨਾਲ ਵਾਹ ਪੈਣ 'ਤੇ, ਖ਼ਾਸ ਕਰਕੇ ਕੈਨੇਡਾ ਵਿਚ, ਅਤੇ ਇਸ ਦੇ ਖ਼ਿਲਾਫ਼ ਇਕ ਲੰਮੀ ਪਰ ਨਾਕਾਮ ਲੜਾਈ 'ਚੋਂ ਉਨ੍ਹਾਂ ਨੇ ਉੱਤਰੀ ਅਮਰੀਕਾ ਨੂੰ ਆਪਣਾ ਘਰ ਬਣਾਉਣ ਦਾ ਸਾਂਝਾ ਸੁਪਨਾ ਤਿਆਗ ਦਿੱਤਾ। ਇਸ ਦੀ ਥਾਂ, ਨਵੇਂ ਜੋਸ਼ ਨਾਲ ਉਨ੍ਹਾਂ ਨੇ ਕੌਮੀ ਮੁਕਤੀ ਅਤੇ ਬਸਤੀਵਾਦ ਦੇ ਖ਼ਾਤਮੇ ਦੀ ਨਵੀਂ ਸਿਆਸਤ ਵੱਲ ਮੁਹਾਣ ਮੋੜ ਲਿਆ ਅਤੇ ਗ਼ਦਰ ਪਾਰਟੀ ਬਣਾਈ। ਇਸ ਸਿਆਸੀ ਜਥੇਬੰਦੀ ਨੂੰ ਹਿੰਦੁਸਤਾਨੀ ਆਵਾਸੀਆਂ ਦੀ ਭਾਰੂ ਬਹੁਗਿਣਤੀ ਦੀ ਜ਼ਬਰਦਸਤ ਹਮਾਇਤ ਅਤੇ ਭਰੋਸਾ ਹਾਸਲ ਸੀ। ਇਸ ਦੀ ਅਗਵਾਈ ਹੇਠ, ਉਹ ਆਪਣੇ ਹਮਵਤਨੀਆਂ ਦੀ ਕੌਮੀ ਮੁਕਤੀ ਅਤੇ ਬਸਤੀਵਾਦ ਦੇ ਖ਼ਾਤਮੇ ਲਈ ਲੜਾਈ ਵਿਚ ਸ਼ਾਮਲ ਹੋਣ ਲਈ ਵੱਡੀ ਤਾਦਾਦ 'ਚ ਹਿੰਦੁਸਤਾਨ ਮੁੜ ਆਏ। ਉਨ੍ਹਾਂ ਨੇ ਦੁਰਗਮ (insurmountable) ਮੁਸੀਬਤਾਂ ਝੱਲੀਆਂ, ਪਰ ਉਨ੍ਹਾਂ ਦਾ ਜਜ਼ਬਾ ਅਡੋਲ ਰਿਹਾ।

19ਵੀਂ ਸਦੀ ਦੇ ਅੰਗਰੇਜ਼ੀ ਕਵੀ ਪਰਸੀ ਬਿਸ਼ ਸ਼ੈਲੇ ਨੇ ਸ਼ਾਇਦ ਉਸੇ ਭਾਵਨਾ ਨੂੰ ਪ੍ਰਗਟਾਇਆ ਜੋ ਗ਼ਦਰੀ ਮਹਿਸੂਸ ਕਰਦੇ ਸਨ ਕਿ ਉਨ੍ਹਾਂ ਨੂੰ ਕਰਨਾ ਚਾਹੀਦਾ ਹੈ:

ਸੂਝਵਾਨ ਵਕਤ ਦੇ ਜਾਇਓ:
'ਗੂੜ੍ਹੀ ਨੀਂਦ ਤੋਂ ਸ਼ੇਰ ਦੀ ਤਰ੍ਹਾਂ ਜਾਗੋ
ਅਜਿੱਤ ਤਾਦਾਦ 'ਚ –
ਤ੍ਰੇਲ ਦੀ ਤਰ੍ਹਾਂ ਪੂੰਝ ਦਿਓ ਆਪਣੀਆਂ ਜ਼ੰਜੀਰਾਂ
ਜੋ ਨੀਂਦ ਵਿਚ ਤੁਹਾਡੇ ਉਪਰ ਪੈ ਗਈ ਸੀ –
ਤੁਸੀਂ ਬਹੁਤ ਸਾਰੇ ਹੋ – ਉਹ ਥੋੜ੍ਹੇ ਹਨ।'

NOTES AND REFERENCES

1. Eric Hobsbaum, The Age of Empire, 1875-1914. London: Weidenfeld and Nicholson 1987;Michel Beaud, A History of Capitalism (1500-1980), published in1983.
2. Bolaria & Li, Racial Operation in Canada (Second Revised Edition). Toronto: Garamond Press, 1988.
3. Buchignani, Norman & Indra, Doreen M., with Srivastva, 1985, Continuous Journey: A Social History of South Asians in Canada. Toronto: McClelland and Stewart, 1985.
4. Ferguson, Ted; A White Man's Country: An Exercise in Canadian Prejudice. Toronto: Doubleday Canada Limited 1975.

5. Ibid
6. Ibid
7. Ibid. : p.3.
8. Ibid.
9. Eric Hobsbaum, The Age of Empire.
10. N. Gerald Barrier, "The Punjab Disturbances of 1907: The Response of the British Government in India to Agrarian Unrest", pp. 227-258, in Hardiman, David (ed.), Peasant resistance in India, 1858-1914, Delhi, Oxford University Press, 1992.
11. Michel Beaud, A History of Capitalism, p. 128.
12. Ibid.
13. Eric Hobsbaum, The Age of Empire, p.59
14. Michel Beaud, A History of Capitalism, p. 122
15. Ibid, Chapter 4, 1983.
16. William Langer, The Diplomacy of Imperialism, 1890-1902 (1965).
17. H. W. Nevinson, The New Spirit in India, 1908, Introduction, pp. 1-30
18. Pankaj Mishra, From The Ruins Of Empire: The Intellectuals Who Remade Asia. New York: Farrar, Straus and Giroux, 2012, p, 1.
19. Ibid, pp. 5-6.
20. Chandra, Bipan. et. al. India's Struggle for Independence, 1857-1947 Viking, 1988, Penguin India, 1989.
21. Ibid, p. 125.
22. Eric Hobsbaum, The Age of Empire, p 288.
23. India's Struggle for Independence.
24. Helen Fein, Imperial Crime and Punishment: The Massacre at JallianwalaBagh and British Judgernent, 1919-1920, Honolulu, 1977, p. 65.
25. N. Gerald Barrier, The Punjab Disturbances of 1907: The

Response of the British Government in India to Agrarian Unrest, pp. 227-258; Josh, Sohan Singh; Hindustan Ghadr Party: A Short History, 2007, Desh BhagatYadgar Committee, Jalandhar,

26. Harish K. Puri, Ghadar Movement: A Short History, 2011: p. 10. Percy Bysshe Shelley, The Mask of Anarchy.(Written on the occasion of the massacre carried out by the British Government at Peterloo, Manchester, 1819.)

BIBLIOGRAPHY

1. Ali Imran, 1988, The Punjab Under Imperialism, 1885-1947, Princeton University Press.
2. BhiSukhdeep, 1998, Ghadar: The Immigrant Outrage Against Canadian Injustices, 1900-1918, M.A. Thesis, Queens University, Kingston, Ontario, Canada.
3. B. Gurcharan S. & B. Singh Bolaria, 2003, The Sikh's in Canada: Migration, Race, class & gender, New Delhi, Oxford University Press, 2003.
4. Bolaria & Li, Racial Operation in Canada (Second Revised Edition). Toronto: Garamond Press, 1988.
5. Brrier Gerald, 1966, The Punjab Alienation of Land Bill, 19(Y), Duke University, Monograph, no. 2.
6. Buchignani, Norman &Indra, Doreen M., with Srivastva, 1985, Continuous Journey: A Social History of South Asians in Canada. Toronto: McClelland and Stewart, 1985.
7. Chandra, Bipan, Mridula Mkherjee, Aditya Mukherjee, K. N. Panikkar & Sucheta Mahajan, 1988, India's Struggle For Independence — 1857-1947, New Delhi, Viking Press.
8. Eric Hobsbaum, The Age of Empire, 1875-1914, London; Weidenfeld and Nicholson 1987;Michel Beaud, A History of Capitalism (1500-1980), published in 1983.
9. Ferguson, Ted; A White Man's Country: An Exercise in Canadian Prejudice. Toronto: Doubleday Canada Limited 1975.
10. Hardiman, David (ed.) 1992, Peasant Resistance in India; 1858-

1914, Delhi, Oxford University Press, 1992.

11. Harish K. Puri, Ghadar Movement: A Short History, 2011 , NBT, New Delhi, India
12. Horninan, B.G, British Oppression in Punjab, 1920; reprinted first edition, Sameer Parkashan, Chandigarh, India, 1980.
13. H. W. Nevinson, The New Spirit in India, 1908, Introduction.
14. Helen Fein, Imperial Crime and Punishment: The Massacre at JallianwalaBagh and British Judgement, 1919-1920, Honolulu.
15. Josh, Sohan Singh; Hindustan Ghadr Party: A Short History, 2007, DeshBhagatYadgar Committee, Jalandhar,
16. Kazimi, Ali; 2012, UNDISIRABLES: White Canada and the KamagataMaru— An Illustrated History, Vancouver, Douglas & McIntyre.
17. Michel Beaud, A History of Capitalism.
18. Meyer, k. e., 2003, The Dust of Empire: The Race for Mastery in Asia Heartland, New York, The Century Foundation.
.19. N. Gerald Barrier, "The Punjab Disturbances of 1907: The Response of the British Government in India to Agrarian Unrest", in Hardiman, David (ed.), Peasant resistance in India, 1858-1914, Delhi, Oxford University Press, 1992. 20.
20. Nevinson, Henry W., 1968, The New Spirit in India, Introduction.
21. Prem Singh, 2007, From Pagri Sambhal Jatta to JallianwalaBagh, DeshBhagatYadgar Committee.
22. Pankaj Mishra, From the Ruins of Empire: The Intellectuals Who Remade Asia. New York: Farrar, Straus and Giroux, 2012.
23. Sareen, Tilkraj, 1979, Indian Revolutionary Movement Abroad (1905-1921), Sterling Publishers Pvt. Ltd. New Delhi.
24. Tau, Tai Yong, 2005, The Garrison State: The Military, Government and Society in Colonial Punjab, 1849-1947, Sage Publications, New Delhi.
25. William Langer, The Diplomacy of Imperialism, 1890-1902 (1965).

ਜਿਗਰੇ ਵਾਲੇ ਇਨਕਲਾਬੀ
ਉੱਤਰੀ ਅਮਰੀਕਾ ਵਿਚ ਮੋਢੀ ਪੰਜਾਬੀ ਆਵਾਸੀ

–ਹਰੀਸ਼ ਕੇ. ਪੁਰੀ

20ਵੀਂ ਸਦੀ ਦੇ ਮੁੱਢਲੇ ਸਾਲਾਂ ਦੌਰਾਨ ਉੱਤਰੀ ਅਮਰੀਕਾ ਦੇ ਪੈਸੀਫਿਕ ਕੋਸਟ ਦੇ ਇਲਾਕਿਆਂ ਵਿਚ ਪੰਜਾਬੀਆਂ ਦਾ ਵੱਡੇ ਪੈਮਾਨੇ 'ਤੇ ਪ੍ਰਵਾਸ ਦੋ ਅਹਿਮ ਪੱਖਾਂ ਦੀ ਅਹਿਮੀਅਤ ਨੂੰ ਦਰਸਾਉਂਦਾ ਹੈ। ਪਹਿਲਾ "ਹਿੰਦੁਸਤਾਨ ਨੂੰ ਕੌਮਾਂਤਰੀ ਆਰਥਿਕਤਾ ਨਾਲ ਜੋੜੇ ਜਾਣ" ਨਾਲ ਸਬੰਧਤ ਹੈ, ਜੋ ਸਪਸ਼ਟ ਤੌਰ 'ਤੇ ਬਸਤੀਵਾਦ ਅਤੇ ਸਾਮਰਾਜਵਾਦ ਨਾਲ ਜੁੜੀ ਹੋਈ ਸੀ। ਕੈਨੇਡਾ ਅਤੇ ਅਮਰੀਕਾ ਨੂੰ ਉਨ੍ਹਾਂ ਦਾ ਪ੍ਰਵਾਸ ਇਸੇ ਬੰਧਨ ਦੀ ਪੈਦਾਵਾਰ ਸੀ। ਇਹ ਸਰਮਾਏਦਾਰਾ ਆਰਥਕ ਤੇ ਸਿਆਸੀ ਗ਼ਲਬੇ ਅਤੇ ਸਭਿਆਚਾਰਕ ਧੌਂਸ ਦੇ ਜਾਣੇ-ਪਛਾਣੇ ਸਿੱਟਿਆਂ ਨੂੰ ਪ੍ਰਗਟਾਉਂਦੀ ਸੀ। ਦੂਜਾ ਇਹ ਕਿ ਇਨ੍ਹਾਂ ਮੋਹਰੀ ਪੰਜਾਬੀ ਪ੍ਰਵਾਸੀਆਂ ਦੀ ਪਛਾਣ ਦੀ ਢਲਾਈ ਦੇ ਹਾਲਾਤ ਇਹ ਸਨ: ਕੈਨੇਡਾ ਅਤੇ ਅਮਰੀਕਾ ਵਿਚ ਉਨ੍ਹਾਂ ਦੇ ਤਜ਼ਰਬਿਆਂ ਅਤੇ ਇਸ ਦੇ ਸਿੱਟੇ ਵਜੋਂ ਉੱਥੇ ਆਪਣੇ ਦਰਜੇ ਬਾਰੇ ਉਨ੍ਹਾਂ ਵਿਚ ਸਵਾਲ ਉੱਠਣਾ ਅਤੇ ਉਹ ਭਵਿੱਖ ਵਿਚ ਕੀ ਤੇ ਕਿਵੇਂ ਚਾਹੁੰਦੇ ਸਨ। ਦੋਵਾਂ ਪਹਿਲੂਆਂ ਦਰਮਿਆਨ ਆਪਸੀ ਸਬੰਧ ਦਾ ਅਧਿਐਨ ਸਾਨੂੰ ਇਹ ਸਮਝਣ 'ਚ ਸਹਾਈ ਹੁੰਦਾ ਹੈ ਕਿ ਪਰਾਏ ਮਾਹੌਲ ਵਿਚ ਇਨ੍ਹਾਂ ਪ੍ਰਵਾਸੀਆਂ ਨੂੰ ਕਿਨ੍ਹਾਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ਅਤੇ ਕੌਮਾਂਤਰੀ ਸਰਮਾਏਦਾਰੀ ਦੀਆਂ ਵਿਰੋਧਤਾਈਆਂ ਦੇ ਪੈਦਾ ਕੀਤੇ ਬਾਹਰਮੁਖੀ ਹਾਲਾਤ ਪ੍ਰਤੀ ਉਨ੍ਹਾਂ ਦੇ ਹੁੰਗਾਰੇ ਕੀ ਸਨ।

ਕੌਮਾਂਤਰੀ ਆਰਥਿਕਤਾ ਨਾਲ ਜੁੜਨ ਨੇ ਤਿੰਨ ਵੱਖੋ-ਵੱਖਰੇ ਪਰ ਅੰਤਰ-ਸੰਬੰਧਤ ਢੰਗਾਂ ਨਾਲ ਕੰਮ ਕੀਤਾ। *ਪਹਿਲਾ*, ਪੰਜਾਬ ਉੱਪਰ ਬਰਤਾਨੀਆ ਵਲੋਂ ਕਬਜ਼ਾ ਕੀਤੇ ਜਾਣ ਦੇ ਲਗਭਗ ਪਹਿਲੇ ਚਾਰ ਦਹਾਕਿਆਂ ਦੇ ਅੰਦਰ ਰੇਲਵੇ ਅਤੇ ਸਿੰਜਾਈ ਲਈ ਨਹਿਰਾਂ ਦਾ ਜਾਲ ਤੇਜ਼ੀ ਨਾਲ ਵਿਛਾਏ ਜਾਣ ਅਤੇ ਨਿਰਯਾਤ ਲਈ ਸਰਕਾਰੀ ਪੁਸ਼ਤ-ਪਨਾਹੀ ਵਾਲਾ ਪੈਦਾਵਾਰੀ ਮਾਡਲ ਸ਼ੁਰੂ ਕੀਤੇ ਜਾਣ ਨੇ ਪੇਂਡੂ ਖੇਤੀਬਾੜੀ ਆਰਥਿਕਤਾ ਨੂੰ ਬਦਲ ਦਿੱਤਾ। ਘਰੇਲੂ ਇਸਤੇਮਾਲ ਲਈ ਫ਼ਸਲਾਂ ਦੀ ਥਾਂ ਨਿਰਯਾਤ ਦੇ ਮਨੋਰਥ ਨਾਲ ਨਗ਼ਦੀ ਫ਼ਸਲਾਂ – ਕਣਕ, ਕਪਾਹ ਅਤੇ ਕਮਾਦ – ਨੂੰ ਤਰਜੀਹ ਦਿੱਤੀ ਜਾਣ ਲੱਗੀ। ਨਗ਼ਦ ਕਮਾਈ ਅਤੇ ਨਾਲ ਹੀ ਕਰਜੇ ਦੀ ਸਹੂਲਤ ਨੇ ਜ਼ਮੀਨ ਤੇ ਖੇਤੀਬਾੜੀ ਨਾਲ ਪੂਰਾ ਰਿਸ਼ਤਾ ਅਤੇ ਕਰਜਾ ਯੋਗਤਾ ਦੀ ਧਾਰਨਾ ਹੀ ਬਦਲ ਦਿੱਤੇ। ਰਿਪੋਰਟ ਇਹ ਸੀ ਕਿ 1904 ਵਿਚ ਹਿੰਦੁਸਤਾਨ ਤੋਂ ਗਰੇਟ ਬ੍ਰਿਟੇਨ ਨੂੰ ਕਣਕ ਦਾ ਨਿਰਯਾਤ ਰੂਸ ਅਤੇ ਅਮਰੀਕਾ ਤੋਂ ਵੱਧ ਸੀ। ਜ਼ਮੀਨ ਦੇ ਭਾਅ ਤੇਜ਼ੀ ਨਾਲ ਵਧੇ, 1875-76

ਵਿਚ ਇਹ 20 ਰੁਪਏ ਪ੍ਰਤੀ ਏਕੜ ਸੀ ਜੋ 1907-08 ਵਿਚ 98 ਰੁਪਏ ਪ੍ਰਤੀ ਏਕੜ ਹੋ ਗਿਆ। "ਪੰਜਾਬ ਤੋਂ ਹੋਣ ਵਾਲਾ ਨਿਰਯਾਤ ਮਾਲਕ ਕਿਸਾਨੀ ਦਾ ਗੁਜ਼ਾਰਾ ਸੀ'।(ਜੋਹਨਸਟੋਨ 1988:298)।

ਦੂਜਾ, ਨਵੀਆਂ ਵਿਕਸਤ ਹੋਈਆਂ ਨਹਿਰੀ ਬਸਤੀਆਂ ਵਿਚ ਬਾਰਸੂਖ਼ ਅਤੇ ਸਰਦੇ-ਪੁੱਜਦੇ ਭੋਂਇ-ਮਾਲਕਾਂ ਦੀ ਜਮਾਤ ਨੂੰ ਜ਼ਮੀਨ ਦੇ ਮੁਰੱਬੇ ਦਿੱਤੇ ਜਾਣ ਅਤੇ ਵੇਚੇ ਜਾਣ, ਸਾਮਰਾਜੀ ਚੌਕੀਆਂ ਦੀ ਸੁਰੱਖਿਆ ਅਤੇ ਸਲਤਨਤ ਦੇ ਵਧਾਰੇ-ਪਸਾਰੇ ਲਈ ਫ਼ੌਜ ਦੀਆਂ ਨੌਕਰੀਆਂ, ਅਤੇ 'ਮਾਰਸ਼ਲ ਨਸਲ' ਦੇ ਸਰੂਰ ਦੇਣ ਵਾਲੇ ਸੰਕਲਪ ਵਰਗੀਆਂ ਬਹੁਤ ਸਾਰੀਆਂ ਨੀਤੀਆਂ ਅਤੇ ਪ੍ਰਸ਼ਾਸਨਿਕ ਉਪਾਵਾਂ ਨੇ ਧਨਾਢ ਭੋਂਇ ਮਾਲਕਾਂ ਦਾ ਵਾਹਵਾ ਮਜ਼ਬੂਤ ਸਮੂਹ ਪੈਦਾ ਕਰ ਦਿੱਤਾ ਜਿਸਦੀ ਬਰਤਾਨਵੀ ਰਾਜ ਦੇ ਜਾਰੀ ਰਹਿਣ 'ਚ ਡੂੰਘੀ ਰੁਚੀ ਸੀ ਅਤੇ ਅਵਾਮ ਉੱਪਰ ਉਨ੍ਹਾਂ ਦਾ ਦਬਦਬਾ ਸੀ। ਉਨ੍ਹਾਂ ਦੀ ਵਫ਼ਾਦਾਰੀ ਅਤੇ 'ਮਾਰਸ਼ਲ ਸਹਿਜ-ਪ੍ਰਵਿਰਤੀਆਂ' ਬਣਾਈ ਰੱਖਣ ਲਈ ਮਜ਼ਬੀ ਕੱਟੜਤਾ ਨੂੰ ਪ੍ਰਫੁੱਲਤ ਕਰਨਾ ਜ਼ਰੂਰੀ ਸਮਝਿਆ ਗਿਆ। ਪੈਟਰੀ (1911:11) ਸਿੱਖਾਂ ਨੂੰ "ਖ਼ੁਦ ਨੂੰ ਪੂਰੀ ਤਰ੍ਹਾਂ ਨਿਆਰੀ ਤੇ ਵੱਖਰੀ ਕੌਮ ਸਮਝਣ" ਲਈ ਉਤਸ਼ਾਹਤ ਕਰਨ ਦਾ ਸਿਹਰਾ ਆਪਣੇ ਸਿਰ ਬੰਨ੍ਹਦਾ ਹੈ। ਬਰਤਾਨਵੀ ਹਕੂਮਤ ਪ੍ਰਤੀ ਵਫ਼ਾਦਾਰੀ ਅਤੇ ਫਿਰਕੇ ਦਾ ਨਿਖੇੜਾ ਕਰਨ ਲਈ ਮਜ਼ਬੂਤ ਲਹਿਰ – ਸਿੰਘ ਸਭਾ ਲਹਿਰ – ਨਾਲੋ-ਨਾਲ ਚੱਲੀਆਂ। ਤਿੰਨ ਧਾਰਮਿਕ ਫਿਰਕਿਆਂ ਦੀਆਂ ਫਸਾਦੀ ਫਿਰਕੂ ਜਥੇਬੰਦੀਆਂ ਨੇ ਪੰਜਾਬ ਵਿਚ ਪਾਟਕ ਪਾ ਦਿੱਤਾ। ਪਾਟਕ-ਪਾਊ ਸਿਆਸਤ, ਜੋ ਕੌਮੀ ਇਕਮੁੱਠਤਾ ਅਤੇ ਟਾਕਰੇ ਦੀ ਸੰਭਾਵਨਾ ਨੂੰ ਰੋਕਦੀ ਸੀ, ਦਾ ਜ਼ਿਆਦਾ ਲਾਹਾ ਇਸ ਨੂੰ ਸ਼ਹਿ ਦੇਣ ਵਾਲੇ ਬਰਤਾਨਵੀ ਹੁਕਮਰਾਨਾਂ ਨੇ ਲਿਆ। *ਤੀਜਾ*, ਇਕ ਹਿੱਸੇ ਦੀ ਆਰਥਕ ਖੁਸ਼ਹਾਲੀ ਦਾ ਦੂਜਾ ਪਾਸਾ ਮਾਲਕ ਕਿਸਾਨੀ ਦੇ ਵਾਹਵਾ ਵੱਡੇ ਹਿੱਸਿਆਂ ਦੇ ਕਰਜਾਈ ਅਤੇ ਕੰਗਾਲ ਹੋਣ ਦੇ ਰੂਪ 'ਚ ਸਾਹਮਣੇ ਆਇਆ ਸੀ। ਮੈਲਕਮ ਡਾਰਲਿੰਗ ਦਾ ਅਧਿਐਨ Punjab Peasant in Prosperity and Debt ਇਨ੍ਹਾਂ ਵਿਰੋਧਤਾਈਆਂ 'ਤੇ ਜ਼ੋਰ ਦਿੰਦਾ ਸੀ। ਕਰਜੇ ਮੋੜਨ ਵਿਚ ਮੁਸ਼ਕਲਾਂ ਦਾ ਸਿੱਟਾ ਤੰਗੀ 'ਚੋਂ ਜ਼ਮੀਨਾਂ ਵੇਚਣ ਵਿਚ ਨਿਕਲਿਆ। 1886 ਦੇ ਮਾਲੀ ਸਾਲ ਦੌਰਾਨ 120,000 ਏਕੜ ਜ਼ਮੀਨ ਵੇਚੀ ਗਈ ਜਾਂ ਗਹਿਣੇ ਰੱਖੀ ਗਈ ਅਤੇ 1891 ਤਕ ਚਾਲੀ ਲੱਖ ਏਕੜ ਜ਼ਮੀਨ ਗਹਿਣੇ ਪੈ ਚੁੱਕੀ ਸੀ (ਬੈਰੀਅਰ 1966:23, 103)। ਪੰਜਾਬ ਦੇ ਵਿੱਤ ਕਮਿਸ਼ਨਰ ਨੇ 1893 'ਚ ਰਿਪੋਰਟ ਦਿੱਤੀ ਕਿ "ਵੱਡੇ ਰਕਬਿਆਂ ਉਪਰ ਗਹਿਨ ਜ਼ਮੀਨ ਨੂੰ ਛੁਡਾ ਸਕਣਾ ਕਿਸਾਨੀ ਦੇ ਵੱਸ ਤੋਂ ਬਾਹਰ ਹੋਣ ਕਾਰਨ ਉਹ ਪਹਿਲਾਂ ਹੀ ਤਬਾਹ ਹੋ ਚੁੱਕੀ ਸੀ" (ਡੋਨਲ 1908:94)। ਬਰਤਾਨਵੀ ਰਾਜ ਦੀ ਪਹਿਲੀ ਅੱਧੀ ਸਦੀ ਦੌਰਾਨ ਪੰਜਾਬ ਵਿਚ ਛੇ ਕਾਲ ਪਏ। ਜੇਮਜ਼ ਡੂਈ ਅਨੁਸਾਰ, 1901 ਅਤੇ 1911 ਦਰਮਿਆਨ ਪਲੇਗ ਦੀ ਮਹਾਂਮਾਰੀ ਨੇ ਸੂਬੇ ਦੇ ਚੌਥਾ ਹਿੱਸਾ ਲੋਕਾਂ ਦੀ ਜਾਨ ਲੈ ਲਈ। ਮੌਤ ਦੀ ਦਰ ਦਹਾਕੇ ਦੀ ਜਨਮ ਦਰ ਨਾਲੋਂ 2.2ਫ਼ੀਸਦੀ ਜ਼ਿਆਦਾ ਸੀ (ਜੋਹਨਸਟੋਨ 1988:300, ਪੁਰੀ 1993:16)। ਜਦੋਂ ਖਾਣੇ ਦੀ ਕਿੱਲਤ ਬਣ ਗਈ ਅਤੇ ਭਾਅ ਵੱਧ ਗਏ, ਫਿਰ ਵੀ ਸਰਕਾਰ ਨੇ ਦਖ਼ਲ ਦੇਣ ਅਤੇ ਖ਼ੁਰਾਕੀ ਅਨਾਜਾਂ ਦੀ ਨਿਰਯਾਤ

ਉੱਪਰ ਰੋਕ ਲਗਾਉਂਦੇ ਹੋਏ ਮੰਡੀ ਨੂੰ ਨਿਯਮਤ ਕਰਨ ਦੀ ਲੋੜ ਨਹੀਂ ਸਮਝੀ, ਇੱਥੋਂ ਤਕ ਕਿ 1896-97 ਅਤੇ 1899-1900 ਦੇ ਕਾਲ ਦੇ ਸਾਲਾਂ ਵਿਚ ਵੀ ਨਹੀਂ (ਸ਼ਰਮਾ 1980:180)।

ਇਹ ਹੈਰਾਨੀ ਦੀ ਗੱਲ ਨਹੀਂ ਕਿ ਹੋਰ ਮੁਲਕਾਂ ਨੂੰ ਪ੍ਰਵਾਸ ਉਨ੍ਹਾਂ ਲਈ ਇਕ ਚੋਣ ਬਣ ਗਿਆ ਜੋ ਆਪਣੇ ਟੱਬਰ ਦੇ ਇਕ ਨੌਜਵਾਨ ਨੂੰ ਬਦੇਸ਼ਾਂ ਵਿਚ ਭੇਜਣ ਦਾ ਖ਼ਰਚਾ ਸਹਿਣ ਕਰ ਸਕਦੇ ਸਨ। ਮੈਲਕਮ ਡਾਰਲਿੰਗ, ਜਿਸਨੇ ਦੇਖਿਆ ਕਿ "ਵੱਡੇ ਰਕਬਿਆਂ ਉਪਰ ਰਹਿਨ ਜ਼ਮੀਨ ਨੂੰ ਛੁਡਾ ਸਕਣਾ ਕਿਸਾਨੀ ਦੇ ਵੱਸ ਤੋਂ ਬਾਹਰ ਹੋਣ ਕਾਰਨ ਉਹ ਪਹਿਲਾਂ ਹੀ ਤਬਾਹ ਹੋ ਚੁੱਕੀ ਸੀ", ਨੂੰ ਇਹ ਨੋਟ ਕਰਦਿਆਂ ਖ਼ੁਸ਼ੀ ਹੋ ਰਹੀ ਸੀ ਕਿ ਜਦੋਂ ਗ਼ਰੀਬੀ ਅਤੇ ਕਰਜਾਈਪਣ "ਚੋਣ ਥੋਪ ਦੇਵੇ" ਅਤੇ ਪ੍ਰਵਾਸ ਦੇ ਮੌਕੇ ਹਾਸਲ ਹੋਣ, ਫਿਰ ਪੰਜਾਬ ਦੇ "ਜੱਟ ਸਿੱਖ ਤੋਂ ਵੱਧ ਉੱਦਮੀ ਆਵਾਸੀ ਸ਼ਾਇਦ ਹੀ ਕੋਈ ਹੋਵੇਗਾ (ਡਾਰਲਿੰਗ 1947:47-48, ਓ'ਡੋਨਲ 1908:94)

ਪ੍ਰਵਾਸ ਨਿਹਾਇਤ ਗ਼ਰੀਬ ਦੀ ਚੋਣ ਨਹੀਂ ਸੀ ਹੋ ਸਕਦੀ ਸਗੋਂ ਮਹਿਜ਼ ਉਨ੍ਹਾਂ ਸਰਦੇ-ਪੁੱਜਦੇ ਜਵਾਨ ਬੰਦਿਆਂ ਹੀ ਚੋਣ ਹੀ ਹੋ ਸਕਦੀ ਸੀ ਜਿਨ੍ਹਾਂ ਦੇ ਪਰਿਵਾਰ ਉਨ੍ਹਾਂ ਦੇ ਸਫ਼ਰ ਦਾ ਖ਼ਰਚ ਝੱਲ ਸਕਦੇ ਸਨ। 1907 ਵਿਚ, ਕਲਕੱਤਾ ਤੋਂ ਵੈਨਕੂਵਰ ਬਰਾਸਤਾ ਹਾਂਗਕਾਂਗ ਸਫ਼ਰ ਖ਼ਰਚ 201 ਰੁਪਏ ਸੀ (ਜੌਹਨਸਟੋਨ 1988:300)। ਅਮਰੀਕੀ ਕਾਨੂੰਨ ਮੰਗ ਕਰਦਾ ਸੀ ਕਿ ਆਉਣ ਵਾਲੇ ਪ੍ਰਵਾਸੀ ਕੋਲ ਘੱਟੋਘੱਟ 50 ਡਾਲਰ (ਡੇਢ ਸੌ ਰੁਪਏ) ਨਗ਼ਦ ਲਾਜ਼ਮੀ ਹੋਣ।

ਬਹੁਤ ਹੀ ਥੋੜ੍ਹੇ ਪਰਿਵਾਰਾਂ ਕੋਲ ਐਨੀ ਨਗ਼ਦੀ ਹੋਣ ਦੀ ਉਮੀਦ ਕੀਤੀ ਜਾ ਸਕਦੀ ਸੀ। ਇਹ ਰਕਮ ਸਿਰਫ਼ 3-4 ਏਕੜ ਜ਼ਮੀਨ ਵੇਚਕੇ ਜਾਂ ਗਹਿਣੇ ਧਰਕੇ ਹੀ ਜੁਟਾਈ ਜਾ ਸਕਦੀ ਸੀ। 1903 ਤੋਂ ਪਹਿਲਾਂ ਬਹੁਤ ਥੋੜ੍ਹੇ ਪੰਜਾਬੀ ਪ੍ਰਵਾਸੀ ਕੈਨੇਡਾ ਅਤੇ ਅਮਰੀਕਾ ਗਏ ਸਨ। ਬਹੁਤ ਸਾਰਿਆਂ ਨੇ ਪਹਿਲਾਂ ਹੋਰ ਮੁਲਕਾਂ ਨੂੰ ਪ੍ਰਵਾਸ ਕੀਤਾ ਸੀ ਜਿਵੇਂ ਹਾਂਗਕਾਂਗ, ਸ਼ੰਘਾਈ (ਚੀਨ), ਮਲਾਇਆ, ਆਸਟ੍ਰੇਲੀਆ, ਨਿਊ ਜ਼ੀਲੈਂਡ, ਪੂਰਬੀ ਅਫ਼ਰੀਕਾ, ਕੀਨੀਆ ਵਗੈਰਾ। ਇਨ੍ਹਾਂ ਇਲਾਕਿਆਂ ਵਿਚ ਜਾਣ ਵਾਲਿਆਂ 'ਚੋਂ ਜ਼ਿਆਦਾਤਰ (ਉਨ੍ਹਾਂ ਨੂੰ ਛੱਡਕੇ ਜੋ ਕੀਨੀਆ ਅਤੇ ਪੂਰਬੀ ਅਫ਼ਰੀਕਾ ਨੂੰ ਗਏ) ਮੁੱਖ ਤੌਰ 'ਤੇ ਕਿਸਾਨਾਂ ਦੀ ਉਸੇ ਜਮਾਤ ਵਿੱਚੋਂ ਸਨ ਜੋ ਆਪਣੇ ਇਕ ਲੜਕੇ ਨੂੰ ਬਾਹਰ ਭੇਜਣ ਦਾ ਖ਼ਰਚਾ ਕਰ ਸਕਦੇ ਸਨ, ਹੋ ਸਕਦਾ ਹੈ ਕਰਜਾ ਚੁੱਕਕੇ। ਉਨ੍ਹਾਂ ਨੇ ਕੈਨੇਡਾ ਵੱਲ ਮੂੰਹ ਓਦੋਂ ਹੀ ਕੀਤਾ ਜਦੋਂ ਉੱਥੇ ਮੌਕੇ ਖੁੱਲ੍ਹ ਗਏ ਅਤੇ ਜਦੋਂ ਆਸਟ੍ਰੇਲੀਆ ਵਲੋਂ, ਜਿੱਥੇ 1890ਵਿਆਂ ਦੌਰਾਨ ਉਨ੍ਹਾਂ ਨੂੰ ਕੰਮ ਮਿਲਦਾ ਰਿਹਾ ਸੀ, 1901 'ਚ ਖ਼ਾਸ ਕਾਨੂੰਨ ਜ਼ਰੀਏ ਉਨ੍ਹਾਂ ਦਾ ਦਾਖ਼ਲਾ ਬੰਦ ਕਰ ਦਿੱਤਾ ਗਿਆ। ਕੈਨੇਡੀਅਨ ਪੈਸੀਫਿਕ ਰੇਲਵੇ ਦੀ ਟਰੈਂਸ-ਪੈਸੀਫਿਕ ਸਟੀਮਰ ਸਰਵਿਸ ਅਤੇ ਇਕ ਕੈਨੇਡੀਅਨ ਮਜ਼ਦੂਰ ਠੇਕੇਦਾਰ ਡੀ.ਆਰ.ਦੇਵੀ ਚੰਦ ਦੇ ਏਜੰਟਾਂ ਨੇ ਕੈਨੇਡਾ ਦੇ ਵੈਸਟ ਕੋਸਟ ਉਪਰ ਨੌਕਰੀਆਂ ਸਬੰਧੀ ਪੰਜਾਬ ਵਿਚ ਇਸ਼ਤਿਹਾਰਬਾਜ਼ੀ ਕੀਤੀ। 1908 ਤਕ, 5000 ਤੋਂ ਵੱਧ ਬੰਦੇ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ ਪ੍ਰਵਾਸ ਕਰ ਚੁੱਕੇ ਸਨ। ਕੈਨੇਡਾ ਸਰਕਾਰ ਦੀ ਇਕ ਖੁਫ਼ੀਆ ਰਿਪੋਰਟ ਅਤੇ ਰਾਇਲ ਕਮਿਸ਼ਨ ਦੀ 1908 ਦੀ ਇਕ ਰਿਪੋਰਟ ਨੇ ਇਸ ਨੂੰ ਇਕ "ਧਾਵਾ" ਬਿਆਨ ਕਰਦੇ ਹੋਏ, ਪ੍ਰਵਾਸੀਆਂ ਦੀ ਆਮਦ ਬਾਰੇ ਖ਼ਤਰੇ ਦੀ ਧਾਰਨਾ ਨੂੰ ਜ਼ੋਰ ਦੇ ਕੇ ਉਭਾਰਿਆ। ਸਿੱਟੇ ਵਜੋਂ, 1908 ਵਿਚ ਕੈਨੇਡਾ

ਵਿਚ ਹਿੰਦੁਸਤਾਨੀਆਂ ਦੇ ਆਉਣ ਉੱਪਰ ਇਕ ਵਿਹਾਰਕ ਪਾਬੰਦੀ ਥੋਪ ਦਿੱਤੀ ਗਈ। ਬਰਤਾਨਵੀ ਸਲਤਨਤ ਦੇ ਇਕ ਹੋਰ ਹਿੱਸੇ ਦੇ ਲੋਕਾਂ ਉਪਰ ਆਮ ਪਾਬੰਦੀ ਮੁਸ਼ਕਲ ਹੋਣ ਕਾਰਨ, ਪ੍ਰਿਵੀ ਕੌਂਸਲ ਦੇ ਫ਼ੁਰਮਾਨ ਨੇ ਓਹਲਾ ਇਸਤੇਮਾਲ ਕੀਤਾ। ਇਹ ਭਲੀਭਾਂਤ ਜਾਣਕਾਰੀ ਸੀ ਕਿ ਕਿਸੇ ਵੀ ਹਿੰਦੁਸਤਾਨੀ ਬੰਦਰਗਾਹ ਤੋਂ ਮੁਸਾਫ਼ਰਾਂ ਨੂੰ ਲੈ ਕੇ ਕੋਈ ਵੀ ਸਮੁੰਦਰੀ ਜਹਾਜ਼ ਸਿੱਧਾ ਕੈਨੇਡੀਅਨ ਬੰਦਰਗਾਹਾਂ ਉੱਪਰ ਨਹੀਂ ਸੀ ਆਉਂਦਾ। ਜ਼ਾਹਿਰ ਸੀ ਇਹ ਨਵਾਂ ਫ਼ੁਰਮਾਨ ਕਿ ਉਨ੍ਹਾਂ ਨੂੰ ਹੀ ਆਉਣ ਦੀ ਇਜਾਜ਼ਤ ਦਿੱਤੀ ਜਾਵੇਗੀ ਜੋ ਆਪਣੇ ਮੁਲਕ ਤੋਂ 'ਸਿੱਧਾ ਸਫ਼ਰ' ਕਰਕੇ ਕੈਨੇਡਾ ਦੀਆਂ ਬੰਦਰਗਾਹਾਂ ਉੱਪਰ ਆਉਣਗੇ, ਹਿੰਦੁਸਤਾਨੀ ਆਵਾਸੀਆਂ ਲਈ ਦਰਵਾਜ਼ੇ ਬੰਦ ਕਰਨ ਦਾ ਮਹਿਫ਼ੂਜ਼ ਬਹਾਨਾ ਸੀ।

1907 'ਚ ਕੈਨੇਡਾ ਵਿਚ ਆਰਥਕ ਮੰਦਵਾੜੇ ਅਤੇ ਹਿੰਦੁਸਤਾਨੀ ਕਿਰਤੀਆਂ ਦੇ ਵਿਰੁੱਧ ਫ਼ਸਾਦਾਂ ਨੇ ਪਹਿਲਾਂ ਹੀ ਉਨ੍ਹਾਂ ਵਿੱਚੋਂ ਕਈਆਂ ਨੂੰ ਸਰਹੱਦੋਂ ਪਾਰ ਅਮਰੀਕਾ ਵਿਚ ਧੱਕ ਦਿੱਤਾ ਸੀ। 1908 ਦੇ ਅਖ਼ੀਰ 'ਚ ਕੈਨੇਡਾ ਵਿਚ ਹਿੰਦੁਸਤਾਨੀ (ਪੰਜਾਬੀ) ਆਵਾਸੀਆਂ ਦੀ ਕੁਲ ਤਾਦਾਦ 3500 ਦੇ ਕਰੀਬ ਸੀ। ਨਵੇਂ ਆਉਣ ਵਾਲੇ ਸਾਰੇ ਹੁਣ ਅਮਰੀਕਾ ਦੇ ਪੈਸੀਫਿਕ ਕੋਸਟ ਰਾਜਾਂ ਨੂੰ ਹੀ ਗਏ ਜਦੋਂ 1914 ਤਕ ਉੱਥੇ ਵੀ ਉਨ੍ਹਾਂ ਦੇ ਜਾਣ ਉੱਪਰ ਵਿਹਾਰਕ ਤੌਰ 'ਤੇ ਪਾਬੰਦੀ ਨਹੀਂ ਲਗਾ ਦਿੱਤੀ ਗਈ। ਉਸ ਵਕਤ ਤਕ, 10,000 ਦੇ ਕਰੀਬ ਪੰਜਾਬੀ ਦੋ ਮੁਲਕਾਂ ਦੇ ਪੈਸੀਫਿਕ ਕੋਸਟ ਇਲਾਕਿਆਂ ਉੱਪਰ ਕਤਾਰ ਵਿਚ ਲੱਗੇ ਹੋਏ ਸਨ ਅਤੇ ਕੰਮ ਕਰ ਰਹੇ ਸਨ। ਉਹ ਸੈਂਕੜੇ ਬੰਦੇ ਜੋ ਪਹਿਲਾਂ ਹੀ ਘਰਾਂ ਤੋਂ ਆ ਚੁੱਕੇ ਸਨ ਹਾਂਗਕਾਂਗ, ਮਲਾਇਆ, ਸ਼ੰਘਾਈ ਅਤੇ ਹੋਰ ਪੂਰਬੀ ਬੰਦਰਗਾਹ ਸ਼ਹਿਰਾਂ ਵਿਚ ਕਾਨੂੰਨੀ ਜਾਂ ਗ਼ੈਰਕਾਨੂੰਨੀ ਦਾਖ਼ਲੇ ਦੀ ਇੰਤਜ਼ਾਰ 'ਚ ਉੱਥੇ ਬੈਠੇ ਸਨ। ਆਖ਼ਰੀ ਸਿਰਤੋੜ ਯਤਨ 1914 'ਚ ਕੀਤਾ ਗਿਆ ਜਦੋਂ ਹਾਂਗਕਾਂਗ ਵਿਚ ਇਕ ਉੱਦਮੀ ਪੰਜਾਬੀ ਠੇਕੇਦਾਰ ਗੁਰਦਿੱਤ ਸਿੰਘ ਨੇ ਕਾਮਾਗਾਟਾ ਮਾਰੂ ਨਾਂ ਦਾ ਪੂਰਾ ਸਮੁੰਦਰੀ ਜਹਾਜ਼ ਹੀ ਲੀਜ਼ 'ਤੇ ਲੈ ਗਿਆ ਅਤੇ 376 ਮੁਸਾਫ਼ਰਾਂ ਨੂੰ ਲੈ ਕੇ ਉਹ ਪਾਬੰਦੀ ਨੂੰ ਚੁਣੌਤੀ ਦੇਣ ਲਈ ਵੈਨਕੂਵਰ ਬੀ.ਸੀ. ਨੂੰ ਚੱਲ ਪਿਆ। ਉਨ੍ਹਾਂ ਸਾਰਿਆਂ ਲਈ ਇਸ ਦੇ ਸਿੱਟੇ ਤ੍ਰਾਸਦਿਕ ਨਿੱਕਲੇ। ਉਸੇ ਸਾਲ ਦੌਰਾਨ, ਜਦੋਂ ਅਮਰੀਕਾ ਵਿਚ ਦਾਖ਼ਲ ਹੋਣ ਉੱਪਰ ਵਿਹਾਰਕ ਤੌਰ 'ਤੇ ਪਾਬੰਦੀ ਲਗਾ ਦਿੱਤੀ ਗਈ ਸੀ, ਰਿਪੋਰਟ ਇਹ ਸੀ ਕਿ 6000 ਤੋਂ ਵੱਧ ਹਿੰਦੁਸਤਾਨੀ ਅਮਰੀਕਾ ਜਾਣ ਲਈ ਮਨੀਲਾ ਵਿਚ ਬੈਠੇ ਇੰਤਜ਼ਾਰ ਕਰ ਰਹੇ ਸਨ (ਬਰਜੋਰ 1914:14)।

ਐਨੀ ਵੱਡੀ ਤਾਦਾਦ 'ਚ ਆਵਾਸ ਵਤਨ ਵਿਚ ਉਨ੍ਹਾਂ ਦੀਆਂ ਮੁਸ਼ਕਲਾਂ ਅਤੇ ਉਨ੍ਹਾਂ ਦੇ ਉੱਦਮੀ ਜਜ਼ਬੇ ਦੋਵਾਂ ਦਾ ਲਖਾਇਕ ਸੀ। ਵਿਹਾਰਕ ਤੌਰ 'ਤੇ ਉਨ੍ਹਾਂ ਵਿੱਚੋਂ ਸਾਰੇ ਮੁਕਾਬਲਤਨ ਗ਼ਰੀਬ ਕਿਸਾਨ ਪਰਿਵਾਰਾਂ ਵਿੱਚੋਂ ਸਨ ਜੋ ਆਪਣੇ *ਭਾਈਬੰਦਾਂ* ਅਤੇ ਸ਼ਿਪਿੰਗ ਕੰਪਨੀਆਂ ਦੀਆਂ ਲੁਭਾਉਣੀਆਂ ਰਿਪੋਰਟਾਂ ਦੇ ਬਹਿਕਾਵੇ ਵਿਚ ਆ ਗਏ ਸਨ ਕਿ ਉੱਤਰੀ ਅਮਰੀਕਾ ਵਿਚ ਪੈਸਾ ਕਮਾਉਣ ਦੇ ਵਿਆਪਕ ਮੌਕੇ ਸਨ। 1907 'ਚ ਵਿਕਟੋਰੀਆ ਵਿਚ ਸੂਚੀਬਧ ਕੀਤੀ ਜਾਣਕਾਰੀ ਅਤੇ 1911 'ਚ ਅਮਰੀਕਾ ਵਿਚ ਡਿਲਿੰਗਮ ਕਮਿਸ਼ਨ ਦਿਖਾਉਂਦਾ ਹੈ ਕਿ ਇਨ੍ਹਾਂ ਪੰਜਾਬੀ ਆਵਾਸੀਆਂ ਵਿੱਚੋਂ 85 ਫ਼ੀਸਦੀ ਸਿੱਖ ਸਨ ਅਤੇ ਉਨ੍ਹਾਂ ਵਿੱਚੋਂ ਲਗਭਗ ਅੱਧੇ ਉਹ ਸਨ ਜਿਨ੍ਹਾਂ

ਨੇ ਬਰਤਾਨਵੀ ਫ਼ੌਜ ਵਿਚ ਜਾਂ ਫਿਰ ਸੁਰੱਖਿਆ ਗਾਰਡਾਂ ਵਜੋਂ ਵੱਖੋ-ਵੱਖਰੇ ਬੰਦਰਗਾਹ ਸ਼ਹਿਰਾਂ ਵਿਚ ਨੌਕਰੀ ਕੀਤੀ ਹੋਈ ਸੀ। ਕਾਮਾਗਾਟਾ ਮਾਰੂ ਦੇ 376 ਮੁਸਾਫ਼ਰਾਂ ਵਿੱਚੋਂ 291 (76ਫ਼ੀਸਦੀ) ਦੀ ਜਾਤ ਵਜੋਂ ਸ਼ਨਾਖ਼ਤ ਜੱਟ ਸਿੱਖ ਕੀਤੀ ਗਈ ਸੀ। ਵਿਕਟੋਰੀਆ ਸੈਂਪਲ ਅਨੁਸਾਰ, 89ਫ਼ੀਸਦੀ 18 ਤੋਂ ਲੈ ਕੇ 30 ਸਾਲ ਦੀ ਉਮਰ ਦੇ ਸਨ। ਉਨ੍ਹਾਂ ਵਿੱਚੋਂ ਅੱਧੇ ਤੋਂ ਵੱਧ ਵਿਆਹੇ ਹੋਏ ਸਨ। ਸਭ ਤੋਂ ਵੱਡੀ ਤਾਦਾਦ ਜਲੰਧਰ, ਹੁਸ਼ਿਆਰਪੁਰ, ਫਿਰੋਜ਼ਪੁਰ ਅਤੇ ਅੰਮ੍ਰਿਤਸਰ ਜ਼ਿਲ੍ਹਿਆਂ ਤੋਂ ਸੀ (ਜੋਹਨਸਟੋਨ 1988: 299; ਪੁਰੀ 1993:18)। ਉਨ੍ਹਾਂ ਦੀ ਬਹੁਤ ਵੱਡੀ ਤਾਦਾਦ ਅਨਪੜ੍ਹ ਸੀ। ਜਿਨ੍ਹਾਂ ਨੇ ਫ਼ੌਜ ਜਾਂ ਪੁਲਿਸ ਵਿਚ ਜਾਂ ਬੰਦਰਗਾਹ ਸ਼ਹਿਰਾਂ ਵਿਚ ਨੌਕਰੀ ਕੀਤੀ ਹੋਈ ਸੀ ਉਨ੍ਹਾਂ ਨੂੰ ਛੱਡਕੇ ਵਿਹਾਰਕ ਤੌਰ 'ਤੇ ਉਨ੍ਹਾਂ ਵਿੱਚੋਂ 50ਫ਼ੀਸਦੀ ਆਪਣੇ ਪਿੰਡਾਂ ਵਿੱਚੋਂ ਸਿੱਧੇ ਉੱਤਰੀ ਅਮਰੀਕਾ ਨੂੰ ਆਏ ਸਨ।

ਅਗਸਤ 1914 'ਚ ਪਹਿਲੀ ਆਲਮੀ ਜੰਗ ਲੱਗਣ ਨਾਲ ਉਨ੍ਹਾਂ ਦੀ ਵੱਡੀ ਤਾਦਾਦ ਪੰਜਾਬ ਨੂੰ ਵਾਪਸ ਪਰਤ ਗਈ। ਜੰਗ ਦੇ ਪਹਿਲੇ ਦੋ ਸਾਲਾਂ ਵਿਚ ਬਦੇਸ਼ਾਂ ਤੋਂ ਜੋ ਕੁਲ 8000 ਵਾਪਸ ਆਏ ਉਨ੍ਹਾਂ ਵਿੱਚੋਂ ਅੱਧੇ, ਜਾਂ ਸ਼ਾਇਦ ਵੱਧ ਉੱਤਰੀ ਅਮਰੀਕਾ ਤੋਂ ਆਏ ਸਨ। 1915 ਦੇ ਹੁਨਾਲ ਵਿਚ ਕੈਨੇਡਾ ਵਿਚ ਕੀਤੇ ਗਏ ਇਕ ਸਰਵੇਖਣ ਨੇ ਦਿਖਾਇਆ ਕਿ ਉੱਥੇ ਮਹਿਜ਼ 1099 ਹਿੰਦੁਸਤਾਨੀ ਬਾਸ਼ਿੰਦੇ ਹੀ ਰਹਿ ਗਏ ਸਨ ਅਤੇ ਇਕ ਅਮਰੀਕਾ ਦੇ ਸਰਵੇਖਣ ਨਾਲ 1920 'ਚ ਸਾਹਮਣੇ ਆਇਆ ਕਿ ਉਥੇ ਕੁਲ 1898 ਹਿੰਦੁਸਤਾਨੀ ਹੀ ਸਨ (ਜੋਹਨਸਟੋਨ 1988:304-5)। ਅਗਲੇ ਸਾਲਾਂ ਵਿਚ ਉਨ੍ਹਾਂ ਦੀ ਤਾਦਾਦ ਹੋਰ ਘੱਟ ਗਈ ਕਿਉਂਕਿ ਉਨ੍ਹਾਂ ਵਿੱਚੋਂ ਹੋਰ ਵਾਪਸ ਪਰਤ ਗਏ ਅਤੇ ਕਿਸੇ ਨਵੇਂ ਨੂੰ ਕੈਨੇਡਾ ਅਤੇ ਅਮਰੀਕਾ ਵਿਚ ਆਉਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਉਨ੍ਹਾਂ ਦੀਆਂ ਪਤਨੀਆਂ ਤੇ ਬੱਚਿਆਂ ਨੂੰ ਛੱਡਕੇ ਜੋ ਕੈਨੇਡਾ ਵਿਚ ਰਹਿ ਰਹੇ ਸਨ। ਇਨ੍ਹਾਂ ਦੋ ਮੁਲਕਾਂ ਨੂੰ ਪੰਜਾਬੀਆਂ ਜਾਂ ਹਿੰਦੁਸਤਾਨੀ ਆਵਾਸੀਆਂ ਦੀ ਨਵੀਂ ਆਮਦ 1947 'ਚ ਹਿੰਦੁਸਤਾਨੀ ਦੀ ਆਜ਼ਾਦੀ ਤੋਂ ਡੇਢ ਦਹਾਕਾ ਬਾਅਦ ਸ਼ੁਰੂ ਹੋਈ। ਓਦੋਂ ਤਕ ਦੁਨੀਆ ਵਿਚ ਬਹੁਤ ਵੱਡੇ ਬਦਲਾਓ ਹੋ ਚੁੱਕੇ ਸਨ। ਬਸਤੀਵਾਦ ਦੇ ਅੰਤ ਅਤੇ ਸਾਬਕਾ ਬਸਤੀਆਂ ਦੀ ਬਹੁਤ ਵੱਡੀ ਤਾਦਾਦ ਦੀ ਸਿਆਸੀ ਬੰਦ-ਖ਼ਲਾਸੀ ਹੋ ਜਾਣ ਨੇ ਇਨ੍ਹਾਂ ਮੁਲਕਾਂ ਦੇ ਪ੍ਰਵਾਸੀਆਂ ਦੀ ਸ਼ਨਾਖ਼ਤ ਅਤੇ ਸਵੈਬੋਧ ਨੂੰ ਤਿੱਖੇ ਰੂਪ 'ਚ ਬਦਲ ਦਿੱਤਾ ਸੀ। ਇਵੇਂ ਹੀ ਮੇਜ਼ਬਾਨ ਮੁਲਕਾਂ ਦੇ ਭਵਿੱਖਨਕਸ਼ੇ ਬਦਲ ਗਏ ਸਨ। ਉੱਤਰੀ ਅਮਰੀਕਾ ਵਿਚ ਆਉਣ ਵਾਲੇ ਮੋਹਰੀ ਪੰਜਾਬੀ ਪ੍ਰਵਾਸੀਆਂ ਦੀ ਕਹਾਣੀ ਮੁੱਖ ਤੌਰ 'ਤੇ 20ਵੀਂ ਸਦੀ ਦੇ ਮੁੱਢਲੇ ਡੇਢ ਦਹਾਕੇ ਦੇ ਸੰਖੇਪ ਅਰਸੇ ਤਕ ਸੀਮਤ ਹੈ।

ਐਨੀ ਵੱਡੀ ਤਾਦਾਦ 'ਚ ਵਾਪਸ ਪਰਤਣਾ ਇਕ ਸੰਕਟ ਦਾ ਲਖਾਇਕ ਸੀ। 1913 'ਚ ਸ਼ੁਰੂ ਹੋਇਆ ਮੰਦਵਾੜਾ ਅਤੇ ਆਪਣੀ ਤਰ੍ਹਾਂ ਦੇ ਪਹਿਲੇ ਵਰਤਾਰੇ – ਆਲਮੀ ਜੰਗ – ਦਾ ਸ਼ੁਰੂ ਹੋਣਾ ਇਕ ਕਿਸਮ ਦੇ ਧੱਕਾ ਦੇਣ ਵਾਲੇ ਕਾਰਕ ਹੋ ਸਕਦੇ ਹਨ। ਇਕ ਹੋਰ ਕਾਰਕ ਸੀ ਗ਼ਦਰ ਪਾਰਟੀ ਵਲੋਂ ਬਰਤਾਨਵੀ ਰਾਜ ਦਾ ਤਖ਼ਤ ਉਲਟਾਉਣ ਲਈ ਹਥਿਆਰਬੰਦ ਇਨਕਲਾਬ ਸ਼ੁਰੂ ਕਰਨ ਲਈ ਸਾਰੇ ਹਿੰਦੁਸਤਾਨੀ ਕਿਰਤੀਆਂ ਨੂੰ ਹਿੰਦੁਸਤਾਨ ਵਾਪਸ ਪਰਤ ਜਾਣ ਦਾ ਹੋਕਾ।

ਜਾਪਦਾ ਹੈ ਮੰਦਵਾੜੇ ਦੇ ਸਿੱਟੇ ਵਜੋਂ ਇਹ ਕਾਰਖ਼ਾਨਿਆਂ ਅਤੇ ਫਾਰਮਾਂ ਵਿਚ ਵੱਡੇ ਪੈਮਾਨੇ 'ਤੇ ਲੇ-ਆਫ, ਪਰਾਏ ਮੁਲਕਾਂ ਵਾਲਿਆਂ ਲਈ ਜ਼ਮੀਨ ਕਾਨੂੰਨ (Alien Land Law), ਲੰਮੇ ਚਿਰ ਲਈ ਬੇਰੋਜ਼ਗਾਰ ਰਹਿਣ ਦਾ ਖ਼ਤਰਾ ਅਤੇ ਘਰ ਵਾਪਸ ਪਰਤਣ ਦੀ ਤਾਂਘ ਸੀ ਜਿਸਨੇ ਗ਼ਦਰ ਪਾਰਟੀ ਦੇ ਸੱਦੇ ਨੂੰ ਉਨ੍ਹਾਂ ਵਲੋਂ ਤੱਤਪਰ ਹੁੰਗਾਰਾ ਭਰੇ ਜਾਣ ਨੂੰ ਸਹਿਲ ਬਣਾਇਆ।

ਜਦੋਂਕਿ, ਵਧੇਰੇ ਅਹਿਮ ਇਹ ਤੱਥ ਸੀ ਕਿ ਜਦੋਂ ਇਹ ਵਾਪਸ ਪਰਤੇ ਪ੍ਰਵਾਸੀ ਪੰਜਾਬ ਵਿਚ ਆਪਣੇ ਪਿੰਡਾਂ ਵਿਚ ਗਏ ਜਾਂ ਹੋਰ ਲੋਕਾਂ ਨੂੰ ਮਿਲੇ, ਓਦੋਂ ਉਨ੍ਹਾਂ ਨੂੰ ਪਤਾ ਚੱਲਿਆ ਕਿ ਉਨ੍ਹਾਂ ਦੀ ਸੋਚ, ਵਤੀਰਾ ਅਤੇ ਰਵੱਈਏ ਤਾਂ ਉਸ ਤੋਂ ਪ੍ਰਤੱਖ ਤੌਰ 'ਤੇ ਵੱਖਰੇ ਸਨ ਜੋ ਬਦੇਸ਼ ਨੂੰ ਜਾਣ ਵਕਤ ਉਹ ਛੱਡਕੇ ਗਏ ਸਨ। ਦਰਅਸਲ, ਆਪਣੇ ਪ੍ਰਮੁੱਖ ਸਰੋਕਾਰਾਂ ਅਤੇ ਆਮ ਵਤੀਰੇ ਪੱਖੋਂ ਉਹ ਹੋਰ ਪੰਜਾਬੀਆਂ ਨਾਲੋਂ ਵਿਲੱਖਣ ਤੌਰ 'ਤੇ ਅਲਹਿਦਾ ਨਜ਼ਰ ਆਉਂਦੇ ਸਨ। ਪੰਜਾਬ ਦੇ ਲੋਕ, ਖ਼ਾਸ ਕਰਕੇ ਸਿੱਖ ਭਾਈਚਾਰਾ, ਉਸ ਵਕਤ ਬਰਤਾਨਵੀ ਹਿੰਦੁਸਤਾਨੀ ਫ਼ੌਜ ਵਿਚ ਗੱਭਰੂਆਂ ਨੂੰ ਵੱਡੇ ਪੈਮਾਨੇ 'ਤੇ ਭਰਤੀ ਕਰਾਉਣ ਵਿਚ ਮਦਦ ਕਰਦੇ ਅਤੇ ਬਰਤਾਨਵੀਆਂ ਦੀ ਜਿੱਤ ਦੀ ਕਾਮਨਾ ਕਰਦਿਆਂ ਜੰਗੀ ਮੁਹਿੰਮ ਨੂੰ ਵਫ਼ਾਦਾਰੀ ਨਾਲ ਹਮਾਇਤ ਦੇਣ ਦੀਆਂ ਪੁਰਜੋਸ਼ ਗੱਲਾਂ ਕਰਦੇ ਸਨ। ਦੂਜੇ ਪਾਸੇ, ਬਾਹਰੋਂ ਮੁੜੇ ਬੰਦੇ ਬਦੇਸ਼ੀ ਲੁਟੇਰਿਆਂ ਅਤੇ ਜ਼ਾਲਮਾਂ ਨੂੰ ਲਗਭਗ ਗਾਲ੍ਹਾਂ ਦਿੰਦੇ ਹੋਏ ਆਪਣੇ ਹਮਵਤਨੀਆਂ ਨੂੰ 'ਫਿਰੰਗੀ' ਪਰਾਇਆਂ ਦੀ ਮਦਦ ਨਾ ਕਰਨ ਸਗੋਂ ਬਰਤਾਨੀਆਂ ਨੂੰ ਹਥਿਆਰਬੰਦ ਸੰਘਰਸ਼ ਜ਼ਰੀਏ ਕੱਢਣ ਵਿਚ ਹੱਥ ਵਟਾਉਣ ਲਈ ਆਖ ਰਹੇ ਸਨ। ਭਾਈਚਾਰੇ ਦੇ ਧਾਰਮਿਕ ਤੇ ਸਿਆਸੀ ਆਗੂਆਂ ਦੇ ਰੂੜ੍ਹੀਵਾਦੀ ਅਤੇ ਤੰਗਨਜ਼ਰ ਸੰਕੀਰਣ ਸਰੋਕਾਰਾਂ ਤੇ ਨਾਲ ਹੀ ਆਪਣੀਆਂ ਖ਼ੁਦਗਰਜ਼ੀਆਂ ਲਈ ਉਨ੍ਹਾਂ ਵਲੋਂ ਜਾਬਰਾਂ ਦੀ ਕੀਤੀ ਜਾ ਰਹੀ ਲੋਕ-ਵਿਰੋਧੀ ਮਦਦ ਪ੍ਰਤੀ ਬਾਹਰੋਂ ਆਇਆਂ ਦਾ ਰਵੱਈਆ ਤ੍ਰਿਸਕਾਰ ਵਾਲਾ ਸੀ। ਵਾਪਸ ਪਰਤੇ ਪ੍ਰਵਾਸੀ ਮੁਕੰਮਲ ਆਜ਼ਾਦੀ ਹਾਸਲ ਕਰਨ, ਜਮਹੂਰੀਅਤ, ਗ਼ਰੀਬੀ ਦੇ ਖ਼ਾਤਮੇ, ਬੱਚਿਆਂ ਦੀ ਪੜ੍ਹਾਈ, ਸਮਾਜੀ ਸਦਭਾਵਨਾ ਅਤੇ ਸਮਾਜੀ ਬਰਾਬਰੀ ਦੀ ਅਹਿਮੀਅਤ ਦੀ ਗੱਲ ਕਰਦੇ ਸਨ – ਅਜਿਹੇ ਖ਼ਿਆਲ ਉਨ੍ਹਾਂ ਨੇ ਕਦੇ ਸੁਣੇ ਹੀ ਨਹੀਂ ਸਨ ਜਾਂ ਇੱਥੋਂ ਤਕ ਕਿ ਉਸ ਵਕਤ ਪੰਜਾਬ ਦੀ ਸਿਆਸੀ ਜਮਾਤ ਨੂੰ ਵੀ ਇਹ ਪਾਗਲਪਣ ਜਾਪਦੇ ਸਨ।

ਬਰਤਾਨਵੀ ਅਧਿਕਾਰੀ ਅਤੇ ਉਨ੍ਹਾਂ ਦੇ ਆਪਣੇ ਜ਼ਿਆਦਾਤਰ ਵਤਨ ਵਾਸੀ ਸੋਚਦੇ ਸਨ ਕਿ ਇਹ ਗ਼ਦਰੀ ਕਿਸੇ "ਜ਼ਹਿਰੀਲੇ ਬਦੇਸ਼ੀ ਪ੍ਰਭਾਵ" ਹੇਠ ਆਏ 'ਬਦਕਿਸਮਤ' ਬੰਦੇ ਹਨ ਜਾਂ "ਭੋਲੇਭਾਲੇ ਸਿੱਖ ਹਨ ਜਿਨ੍ਹਾਂ ਦੇ ਮਨਾਂ ਵਿਚ ਅਮਰੀਕਾ ਵਿਚ ਬਰਾਬਰੀ ਤੇ ਜਮਹੂਰੀਅਤ ਦੇ ਕੱਚਘਰੜ ਖ਼ਿਆਲ ਭਰ ਦਿੱਤੇ ਗਏ ਹਨ।" (ਸੈਡੀਸ਼ਨ ਕਮੇਟੀ 1918: 155) ਸਿੱਖ ਭਾਈਚਾਰੇ ਦੀਆਂ ਚੀਫ਼ ਖ਼ਾਲਸਾ ਦੀਵਾਨ ਅਤੇ ਸਿੰਘ ਸਭਾ ਵਰਗੀਆਂ ਜਥੇਬੰਦੀਆਂ ਨੇ ਉਨ੍ਹਾਂ ਨੂੰ ਪਤਿਤ ਕਰਾਰ ਦੇਕੇ ਭੰਡਿਆ ਅਤੇ ਦਰਅਸਲ ਸਰਕਾਰੀ ਅਧਿਕਾਰੀਆਂ ਦੀ ਉਨ੍ਹਾਂ ਨੂੰ ਲੱਭਕੇ ਸਜ਼ਾਵਾਂ ਦੇਣ ਵਿਚ ਹਰ ਸਹਾਇਤਾ ਕੀਤੀ। ਉਨ੍ਹਾਂ ਬਾਰੇ ਸਮਝਿਆ ਜਾਂਦਾ ਸੀ ਕਿ ਉਹ ਭਾਈਚਾਰੇ ਦੇ ਨਾਂ ਨੂੰ ਕਲੰਕਤ ਕਰ ਰਹੇ ਹਨ ਜਿਸ ਨੂੰ ਬਰਤਾਨੀਆ ਪ੍ਰਤੀ ਵਫ਼ਾਦਾਰੀ ਲਈ ਮਾਣ-ਸਨਮਾਨ ਮਿਲਦਾ ਸੀ। ਬਾਅਦ ਵਿਚ, ਇਕ ਇਤਿਹਾਸਕਾਰ ਨੇ ਉਨ੍ਹਾਂ ਦੀ ਸੋਚ ਨੂੰ 'ਬਦੇਸ਼-ਦਵੈਖੀ

ਰਾਸ਼ਟਰਵਾਦ' ਵੀ ਕਹਿ ਦਿੱਤਾ। ਇਕ ਸਾਬਕਾ ਗ਼ਦਰੀ ਆਗੂ, ਗੋਬਿੰਦ ਬਿਹਾਰੀ ਲਾਲ, ਦੀ ਪਿਛਲਝਾਤ ਮਾਰਦਿਆਂ ਸੋਚ ਬਣੀ ਕਿ ਇਨ੍ਹਾਂ ਬੰਦਿਆਂ ਦੀ ਸੋਚ ਆਪਣੇ ਹੋਰ ਮੁਲਕ ਵਾਸੀਆਂ ਤੋਂ 'ਵਧੇਰੇ ਧਰਮਨਿਰਪੱਖ ਅਤੇ ਵਧੇਰੇ ਆਧੁਨਿਕ' ਸੀ (ਪੁਰੀ 2000: 145-46)। ਉਨ੍ਹਾਂ ਦੀ ਬਹੁਤ ਹੀ ਵੱਡੀ ਤਾਦਾਦ ਨੇ ਆਪਣੀ ਸਿਆਸੀ ਵਚਨਬੱਧਤਾ ਦਾ ਖ਼ਾਸ ਤੌਰ 'ਤੇ ਭਾਰੀ ਮੁੱਲ ਤਾਰਿਆ। ਜਦੋਂਕਿ, ਇਕ ਦਹਾਕੇ ਬਾਅਦ ਉਨ੍ਹਾਂ ਨੂੰ ਗ਼ਦਰੀ ਬਾਬਿਆਂ ਵਜੋਂ ਵਿਆਪਕ ਪੱਧਰ 'ਤੇ ਸਤਿਕਾਰ ਦਿੱਤਾ ਗਿਆ ਜਿਨ੍ਹਾਂ ਦੇ ਖ਼ਿਆਲ ਤੇ ਕੁਰਬਾਨੀਆਂ ਪੰਜਾਬੀਆਂ ਲਈ ਆਮ ਕਰਕੇ ਅਤੇ ਵੱਖੋ-ਵੱਖਰੀ ਤਰ੍ਹਾਂ ਦੇ ਦੇਸ਼ਭਗਤ ਹਿੰਦੁਸਤਾਨੀਆਂ ਅਤੇ ਆਜ਼ਾਦੀ ਘੁਲਾਟੀਆਂ ਲਈ ਖ਼ਾਸ ਕਰਕੇ ਮਾਣ ਤੇ ਪ੍ਰੇਰਣਾ ਦਾ ਸਰੋਤ ਬਣੇ। ਦਰਅਸਲ ਜੇ ਉੱਤਰੀ ਅਮਰੀਕਾ ਵਿਚ ਜਾਣ ਵਾਲੇ ਮੋਹਰੀ ਪੰਜਾਬੀ ਆਵਾਸੀਆਂ ਦੇ ਤਜ਼ਰਬੇ ਅਤੇ ਭੂਮਿਕਾ ਨੂੰ ਸਮਝਣਾ ਹੈ ਤਾਂ ਉਨ੍ਹਾਂ ਦੇ ਹਿੰਦੁਸਤਾਨ ਦੇ ਆਜ਼ਾਦੀ ਘੁਲਾਟੀਆਂ ਦੀ ਪਹਿਲੀ ਟੋਲੀ ਵਜੋਂ ਗ਼ਦਰ ਲਹਿਰ ਨਾਲ ਰਿਸ਼ਤੇ ਨੂੰ ਸਮਝਣ ਤੋਂ ਬਿਨਾ ਹੋਰ ਕੋਈ ਬਿਹਤਰ ਢੰਗ ਨਹੀਂ ਹੈ ਜਿਨ੍ਹਾਂ ਦੀ ਇਨਕਲਾਬੀ ਸੰਘਰਸ਼ ਦੀ ਬੁਨਿਆਦ ਰੱਖਣ 'ਚ ਉਸੇ ਪੱਧਰ ਦੀ ਭੂਮਿਕਾ ਸੀ ਜਿਵੇਂ ਇਸ ਦੇ ਪ੍ਰਤੀਕ ਸ਼ਹੀਦ ਭਗਤ ਸਿੰਘ ਦੀ ਸੀ, ਜਾਂ ਜਿਵੇਂ ਮਹਾਤਮਾ ਗਾਂਧੀ ਦੀ ਸੀ ਜਿਸਨੇ ਹਰਮਨਪਿਆਰੀ ਅਵਾਮੀ ਲਹਿਰ ਦੀ ਅਗਵਾਈ ਕੀਤੀ। ਲਿਹਾਜ਼ਾ ਪੰਜਾਬ ਦੇ ਇਨ੍ਹਾਂ ਮੋਹਰੀ ਪ੍ਰਵਾਸੀਆਂ ਦੇ ਅਧਿਐਨ ਨੂੰ ਇਸ 'ਤੇ ਕੇਂਦਰਤ ਕੀਤਾ ਜਾਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਤਜ਼ਰਬਿਆਂ ਵਿਚ ਐਸਾ ਕੀ ਸੀ ਜਿਸ ਨੇ ਉੱਤਰੀ ਅਮਰੀਕਾ ਵਿਚ ਉਨ੍ਹਾਂ ਦੇ ਸੰਖੇਪ ਆਰਜ਼ੀ ਕਿਆਮ ਦੌਰਾਨ ਉਨ੍ਹਾਂ ਦੀ ਕਾਇਆ ਪਲਟ ਦਿੱਤੀ ਅਤੇ ਇਹ ਕਿਵੇਂ ਹੋਇਆ।

ਪ੍ਰਵਾਸੀਆਂ ਦੀ ਨਵੀਂ ਦੁਨੀਆ: ਸਮਾਜੀ ਤੇ ਸਿਆਸੀ ਪ੍ਰਸੰਗ

ਨਵੇਂ ਸਮਾਜੀ ਪ੍ਰਸੰਗ ਵਿਚ ਆਵਾਸੀਆਂ ਦੇ ਸਮਾਜੀ ਤੇ ਸਿਆਸੀ ਸਰੋਕਾਰਾਂ 'ਚ ਬਦਲਾਓ ਆਏ। ਪੱਛਮ ਵਿਚ ਇਹ ਮਸ਼ਹੂਰ ਸੀ ਕਿ "ਅਸੂਲ ਦੇ ਤੌਰ 'ਤੇ ਇਕ ਪੂਰਬੀਏ ਦੇ ਦਿਲ ਵਿਚ ਆਪਣੀ ਮਿੱਟੀ ਅਤੇ ਜਿਸ ਆਲੇ-ਦੁਆਲੇ ਵਿਚ ਉਸਦਾ ਜਨਮ ਹੁੰਦਾ ਹੈ ਨਾਲ ਸਦੀਵੀ ਮੋਹ ਬਣਿਆ ਰਹਿੰਦਾ ਹੈ" (ਬਰਜੋਰ 1914:9)। ਇਨ੍ਹਾਂ ਆਵਾਸੀਆਂ ਨੇ ਉੱਥੇ ਮਹਿਜ਼ ਥੋੜ੍ਹੇ ਚਿਰ ਲਈ ਹੀ ਪੜਾਅ ਕੀਤਾ। ਉਹ ਕਮਾਈ ਕਰਨ ਗਏ ਅਤੇ ਵਾਹਵਾ ਕਮਾਈ ਕਰਕੇ ਆਪਣੇ ਪਰਿਵਾਰਾਂ ਤੇ ਖੇਤਾਂ ਨੂੰ ਵਾਪਸ ਪਰਤ ਆਏ, ਉਹ ਪਰਾਏ ਮੁਲਕ ਦੇ ਪੱਕੇ ਬਾਸ਼ਿੰਦੇ ਨਹੀਂ ਬਣੇ। ਅਜਿਹਾ ਤਬਕਾ ਆਪਣੇ ਵਤਨ ਅੰਦਰ ਬਦਲਾਓ ਲਿਆਉਣ ਵਿਚ ਇਕ ਅਹਿਮ ਭੂਮਿਕਾ ਨਿਭਾ ਸਕਦਾ ਹੁੰਦਾ ਹੈ। ਜੋ ਨਵੇਂ ਖ਼ਿਆਲ ਉਨ੍ਹਾਂ ਦੀਆਂ ਜ਼ਿੰਦਗੀਆਂ ਵਿਚ ਖ਼ਾਸ ਲੱਛਣ ਬਣਦੇ ਹਨ ਅਤੇ ਜੋ ਤਰਜੀਹਾਂ ਉਨ੍ਹਾਂ ਦੀ ਸਮਾਜੀ ਕਾਰਵਾਈ ਦਾ ਅਧਾਰ ਬਣਦੀਆਂ ਹਨ ਦਾ ਸਬੰਧ ਇਸ ਨਾਲ ਹੁੰਦਾ ਹੈ ਕਿ ਉਨ੍ਹਾਂ ਦੇ ਆਪਣੇ ਮੁਲਕ ਦੇ ਜ਼ਿੰਦਗੀ ਦੇ ਹਾਲਾਤ ਦੀਆਂ ਅੰਤਰੀਵੀ ਖ਼ਾਸੀਅਤਾਂ ਅਤੇ ਉਨ੍ਹਾਂ ਦੀ ਸੱਭਿਆਚਾਰਕ ਸੂਝ ਦਾ ਬੇਗਾਨੇ ਮੁਲਕ ਵਿਚ ਅਤੇ ਮੇਜ਼ਬਾਨ ਮੁਲਕ ਦੇ ਸਮਾਜੀ-ਸਿਆਸੀ ਹਾਲਾਤ ਨਾਲ ਵਾਹ ਪੈਣ 'ਤੇ ਉਨ੍ਹਾਂ ਦੇ ਅਨੁਭਵ

ਕੀ ਰਹੇ।

ਇਨ੍ਹਾਂ ਆਵਾਸੀਆਂ ਲਈ ਨਵੀਂ ਦੁਨੀਆ ਤਰ੍ਹਾਂ-ਤਰ੍ਹਾਂ ਦੇ ਅਚੰਭਿਆਂ ਅਤੇ ਅਨੁਭਵਾਂ ਨਾਲ ਸਰਸ਼ਾਰ ਸੀ। ਪਹਿਲੀ ਗੱਲ, ਨਵੀਂ ਧਰਤੀ ਇਨ੍ਹਾਂ ਪੰਜਾਬੀ ਆਵਾਸੀਆਂ ਲਈ ਲੋਹੜੇ ਦਾ ਅਜੂਬਾ ਸੀ, ਖ਼ਾਸ ਕਰਕੇ ਉਨ੍ਹਾਂ ਲਈ ਜੋ ਉੱਥੇ ਸਿੱਧਾ ਆਪਣੇ ਪਿੰਡਾਂ ਤੋਂ ਗਏ ਸਨ। ਉਹ ਆਮ ਰੂਪ 'ਚ ਗੋਰੇ ਅਧਿਕਾਰੀਆਂ ਅਤੇ ਲੋਕਾਂ ਦੇ ਤੌਰ-ਤਰੀਕਿਆਂ ਤੇ ਵਤੀਰੇ ਅਤੇ ਵਿਕਾਸ ਤੇ ਖੁਸ਼ਹਾਲੀ ਦੇ ਪ੍ਰਤੱਖ ਚਿੰਨ੍ਹਾਂ ਨੂੰ ਦੇਖਕੇ ਬਹੁਤ ਖੁਸ਼ ਅਤੇ ਭਮੱਤਰੇ ਹੋਏ ਸਨ। ਇਹ ਥੋੜ੍ਹਾ ਤਰਾਹ ਕੱਢਣ ਵਾਲਾ ਸੀ। ਇਸਨੇ ਆਪਣੇ ਹਰ ਪੱਖੋਂ ਪਛੜੇਵੇਂ ਬਾਰੇ ਉਨ੍ਹਾਂ ਦੀਆਂ ਅੱਖਾਂ ਖੋਲ੍ਹ ਦਿੱਤੀਆਂ। ਦੂਜੀ ਗੱਲ, ਉਹ ਖੁਸ਼ ਸਨ ਕਿ ਜ਼ਿਆਦਾਤਰ ਨੂੰ ਕੈਨੇਡਾ ਵਿਚ ਲੱਕੜ ਮਿੱਲਾਂ, ਰੇਲਵੇ ਉਸਾਰੀ, ਟਰੈਮ ਲਾਈਨਾਂ ਦੀ ਮੁਰੰਮਤ, ਫਲ਼ ਤੋੜਨ ਅਤੇ ਅਮਰੀਕਾ ਵਿਚ ਲੱਕੜ ਦੀ ਕਟਾਈ ਅਤੇ ਖੇਤੀ ਦਾ ਕੰਮ ਮਿਲ ਗਿਆ ਸੀ। ਜੋ ਥੋੜ੍ਹੇ ਵਕਤ ਲਈ ਬੇਕਾਰ ਸਨ ਉਨ੍ਹਾਂ ਦੀ ਦੇਖਭਾਲ ਉਨ੍ਹਾਂ ਦੇ ਪੰਜਾਬੀ ਭਾਈ ਕਰਦੇ ਸਨ। ਹਿੰਦੁਸਤਾਨੀ ਮਿਆਰਾਂ ਅਨੁਸਾਰ ਉਜਰਤਾਂ ਬਹੁਤ ਉੱਚੀਆਂ ਸਨ। ਭਾਵੇਂਕਿ, ਅਸੂਲ ਵਜੋਂ, ਉਨ੍ਹਾਂ ਨੂੰ ਗੋਰੇ ਕਿਰਤੀਆਂ ਤੋਂ ਘੱਟ ਉਜਰਤ ਦਿੱਤੀ ਜਾਂਦੀ ਸੀ, ਫਿਰ ਵੀ ਉਹ ਕਾਫ਼ੀ ਕਮਾ ਲੈਂਦੇ ਸਨ; ਉਨ੍ਹਾਂ 'ਚੋਂ ਕਈ ਤਿੰਨ ਤੋਂ ਲੈ ਕੇ ਚਾਰ ਡਾਲਰ ਰੋਜ਼ਾਨਾ ਕਮਾ ਲੈਂਦੇ ਸਨ ਜੋ ਹਿੰਦੁਸਤਾਨ ਵਿਚ ਨੌਂ ਤੋਂ ਲੈ ਕੇ ਬਾਰਾਂ ਰੁਪਏ ਦੇ ਬਰਾਬਰ ਸੀ। ਉਹ ਹੱਡਭੰਨਵਾਂ ਕੰਮ ਕਰਦੇ ਸਨ ਅਤੇ ਅਕਸਰ ਹੀ ਓਵਰ ਟਾਈਮ ਲਗਾਉਂਦੇ ਸਨ। ਕਿਹਾ ਜਾਂਦਾ ਸੀ ਕਿ ਉਹ "ਪਸ਼ੂਆਂ ਵਾਂਗ ਕੰਮ ਕਰਦੇ ਸਨ"। ਬਰਜੋਰ (1914:8) ਜਿਸਨੇ ਏਂਜਲ ਆਈਲੈਂਡ ਵਿਖੇ ਹਿੰਦੁਸਤਾਨੀ ਆਵਾਸੀਆਂ ਲਈ ਚਾਰ ਸਾਲ ਦੁਭਾਸ਼ੀਏ ਦਾ ਕੰਮ ਕਰਨ ਤੋਂ ਬਾਦ ਬਰਤਾਨਵੀ ਸਰਕਾਰ ਲਈ ਇਕ ਰਿਪੋਰਟ ਤਿਆਰ ਕੀਤੀ, ਨੇ ਉਨ੍ਹਾਂ ਨਾਲ ਮੁਲਾਕਾਤਾਂ ਕੀਤੀਆਂ ਜੋ 1913 'ਚ ਛੁੱਟੀ ਪਿੱਛੋਂ ਘਰ ਮੁੜੇ ਸਨ। ਉਨ੍ਹਾਂ ਵਿੱਚੋਂ ਇਕ ਨੇ ਖ਼ੁਲਾਸਾ ਕੀਤਾ ਕਿ ਉਸਨੇ ਤਿੰਨ-ਚਾਰ ਸਾਲਾਂ ਵਿਚ ਦੋ ਤੋਂ ਤਿੰਨ ਹਜ਼ਾਰ ਡਾਲਰ ਬਚਾ ਲਏ ਸਨ। ਐਨੀ ਦੌਲਤ ਨਾਲ, ਓਦੋਂ ਪੰਜਾਬ ਵਿਚ 50 ਏਕੜ ਤੋਂ ਵੱਧ ਜ਼ਮੀਨ ਖ਼ਰੀਦੀ ਜਾ ਸਕਦੀ ਸੀ। ਮਾਲਕ ਆਮ ਤੌਰ 'ਤੇ ਉਨ੍ਹਾਂ ਤੋਂ ਖੁਸ਼ ਸਨ ਕਿ ਉਹ ਮਹਿਜ਼ ਗੋਰੇ ਕਿਰਤੀਆਂ ਨਾਲੋਂ ਘੱਟ ਉਜਰਤਾਂ ਉਪਰ ਜਾਨ ਤੋੜਕੇ ਕੰਮ ਹੀ ਨਹੀਂ ਸੀ ਕਰਦੇ ਸਗੋਂ ਕਿਰਤ ਸ਼ਕਤੀ ਵਿਚ ਵਧੇਰੇ ਸਥਿਰ ਅੰਸ਼ ਵੀ ਸਨ। ਜਦੋਂ ਕਿਰਤੀ ਯੂਨੀਅਨਾਂ ਵੱਧ ਉਜਰਤਾਂ ਅਤੇ ਕੰਮ ਦੇ ਬਿਹਤਰ ਹਾਲਾਤ ਦੀਆਂ ਮੰਗਾਂ ਲਈ ਹੜਤਾਲ ਦੀ ਧਮਕੀਆਂ ਦਿੰਦੀਆਂ ਤਾਂ ਏਸ਼ੀਆਈ ਕਿਰਤੀਆਂ ਉਪਰ ਭਰੋਸਾ ਕੀਤਾ ਜਾ ਸਕਦਾ ਸੀ ਕਿ ਉਹ ਅੰਦੋਲਨਕਾਰੀਆਂ ਦਾ ਸਾਥ ਨਾ ਦੇਕੇ ਕੰਮ ਕਰਦੇ ਰਹਿਣਗੇ। ਗੋਰੀਆਂ ਕਿਰਤੀ ਯੂਨੀਅਨਾਂ ਉਨ੍ਹਾਂ ਨੂੰ ਨਾਪਸੰਦ ਕਰਦੀਆਂ ਸਨ ਕਿਉਂਕਿ ਉਨ੍ਹਾਂ ਦੀ ਸਾਖ਼ "ਹੜਤਾਲ ਤੋੜੂਆਂ" ਵਾਲੀ ਬਣ ਚੁੱਕੀ ਸੀ। ਜਿਵੇਂ ਬਰਜੋਰ ਨੇ ਰਿਪੋਰਟ ਦਿੱਤੀ: "ਤੱਥ ਇਹ ਹੈ ਕਿ ਜੇ ਸਸਤੇ ਏਸ਼ੀਆਈ ਕਿਰਤੀ ਬੇਰੋਕ-ਟੋਕ ਆਉਂਦੇ ਰਹਿੰਦੇ ਹਨ ਤਾਂ ਗੋਰੇ ਕਿਰਤੀ ਭੁੱਖੇ ਮਰਨਗੇ.....ਤੁਸੀਂ ਦੇਖ ਲੈਣਾ ਇਥੇ ਗੋਰੇ ਕਿਰਤੀਆਂ ਜਿਨ੍ਹਾਂ ਲਈ ਵੱਧ ਉਜਰਤ ਪਰਮ ਜ਼ਰੂਰਤ ਹੈ ਅਤੇ ਏਸ਼ੀਆਈ ਕਿਰਤੀਆਂ ਜਿਨ੍ਹਾਂ ਲਈ ਮੁਕਾਬਲਤਨ ਘੱਟ ਉਜਰਤਾਂ ਵੀ ਆਨੰਦ ਹਨ ਦਰਮਿਆਨ ਜ਼ੋਰ ਅਜ਼ਮਾਈ

ਹੋਵੇਗੀ" (1914:8)। ਉਹ ਵਾਹਵਾ ਕਮਾਈ ਕਰਦੇ ਸਨ, ਫਿਰ ਵੀ ਇਹ ਤੱਥ ਉਨ੍ਹਾਂ ਲਈ ਨਮੋਸ਼ੀ ਵਾਲਾ ਸੀ ਕਿ ਜੱਟ ਕਿਸਾਨ ਪਰਿਵਾਰਾਂ ਦੇ ਮੁੰਡੇ ਮਜ਼ਦੂਰੀ ਕਰ ਰਹੇ ਸਨ ਅਤੇ ਉਨ੍ਹਾਂ ਨੂੰ 'ਕੁਲੀ' ਕਹਿਕੇ ਬੁਲਾਇਆ ਜਾਂਦਾ ਸੀ।

ਤੀਜੀ ਗੱਲ, ਗੋਰਿਆਂ ਦੇ ਨਸਲੀ ਹੰਕਾਰ ਅਤੇ ਵਿਤਕਰੇ ਨੇ ਉਨ੍ਹਾਂ ਉਪਰ ਡੂੰਘਾ ਅਸਰ ਪਾਇਆ। ਉਨ੍ਹਾਂ ਉਪਰ ਕੰਮ ਤੋਂ ਹਟਾਏ ਜਾਣ ਦਾ ਖ਼ਤਰਾ ਮੰਡਰਾਉਂਦਾ ਸੀ। ਇਹ ਉਹ ਦੌਰ ਸੀ ਜਦੋਂ ਅਮਰੀਕਾ ਇਕ ਤਰ੍ਹਾਂ ਦੇ "ਸਮਾਜੀ ਡਾਰਵਿਨਵਾਦ" ਦਾ ਅੱਡਾ ਸੀ ਜਿਸਦੇ ਅਕੀਦੇ ਦੀ ਸੁਰ ਇਹ ਸੀ ਕਿ ਪੂਰਬੀ ਲੋਕ "ਘਟੀਆ ਨਸਲ" ਦੇ ਹਨ। ਬਹੁਤ ਸਾਰੇ ਪੰਜਾਬੀਆਂ ਨੂੰ ਮਹਿਸੂਸ ਹੁੰਦਾ ਸੀ ਕਿ ਉਨ੍ਹਾਂ ਦਾ ਇਸ ਕਰਕੇ ਮਖੌਲ ਉਡਾਇਆ ਜਾਂਦਾ ਹੈ ਕਿਉਂਕਿ ਉਹ ਕਾਲੇ ਰੰਗ ਦੇ ਸਨ। ਉਹ ਯੂਰਪੀ-ਅਮਰੀਕੀ ਸੱਭਿਆਚਾਰ ਨਾਲ ਮਿਲਦੇ-ਜੁਲਦੇ ਨਾ ਹੋਣ ਕਾਰਨ ਉਨ੍ਹਾਂ ਦੇ ਵਤੀਰੇ ਨਾਲ ਜਗਿਆਸਾ ਤੇ ਘ੍ਰਿਣਾ ਪੈਦਾ ਹੁੰਦੀ ਸੀ। ਪਰ ਉਨ੍ਹਾਂ ਨੂੰ ਘ੍ਰਿਣਾ ਕੀਤੇ ਜਾਣ ਦੇ ਕਾਰਨ ਹੋਰ ਵੀ ਸਨ। ਬਰਜੋਰ ਨੇ ਉਨ੍ਹਾਂ ਦੀ ਤਸਵੀਰ ਇੰਞ ਬਿਆਨ ਕੀਤੀ ਜੋ ਸਿੱਧੇ ਆਪਣੇ ਪਿੰਡਾਂ ਤੋਂ ਆਏ ਸਨ "ਬੁੱਧੂ ਅਗਿਆਨੀ ਅਤੇ ਅਨਪੜ੍ਹ, ਬਹੁਤ ਹੀ ਗੰਵਾਰ ਅਤੇ ਗੰਦੀਆਂ ਆਦਤਾਂ ਵਾਲੇ, ...ਜੋ ਬਹੁਤ ਹੀ ਘ੍ਰਿਣਤ ਦ੍ਰਿਸ਼ ਪੇਸ਼ ਕਰਦੇ ਹਨ, ਅਤੇ ਹਿੰਦੁਸਤਾਨ ਤੇ ਉਸਦੇ ਲੋਕਾਂ ਬਾਰੇ ਬਹੁਤ ਹੀ ਉਲਟ ਪ੍ਰਭਾਵ ਪੈਂਦਾ ਹੈ।" ਉਸਦੀ ਰਿਪੋਰਟ ਨੇ ਖ਼ਾਸ ਤੌਰ 'ਤੇ ਜ਼ੋਰ ਦਿੱਤਾ "ਬਹੁਤ ਹੀ ਮਾਮੂਲੀ ਮਾਮਲਿਆਂ ਨੂੰ ਲੈ ਕੇ ਵੀ ਝੂਠ ਬੋਲਣ ਦੀ ਉਨ੍ਹਾਂ ਦੀ ਮਾੜੀ ਆਦਤ, ਇੰਞ ਇੰਮੀਗ੍ਰੇਸ਼ਨ ਅਫ਼ਸਰਾਂ ਦੇ ਮਨਾਂ ਵਿਚ ਇਹ ਪ੍ਰਭਾਵ ਪੈਂਦਾ ਹੈ ਕਿ ਇਹ 'ਹਿੰਦੂ' ਐਸੇ ਝੂਠੇ ਲੋਕ ਹਨ ਜਿਨ੍ਹਾਂ ਨੂੰ ਕੋਈ ਪਛਤਾਵਾ ਨਹੀਂ" (ਉਹੀ, 7-8)। ਸਮਕਾਲੀ ਨਿਗਰਾਨਾਂ ਅਤੇ ਮੀਡੀਆ ਰਿਪੋਰਟਾਂ ਨੇ ਵੀ ਉਨ੍ਹਾਂ ਦੀਆਂ ਗੰਦੀਆਂ ਆਦਤਾਂ ਦਾ ਜ਼ਿਕਰ ਕੀਤਾ ਹੈ। "ਉਹ ਸੜਕਾਂ ਕੰਢੇ ਝੁਰਮਟ ਪਾ ਲੈਂਦੇ, ਉੱਚੀ ਆਵਾਜ਼ 'ਚ ਗਲਾ ਸਾਫ਼ ਕਰਦੇ, ਥਾਂ-ਥਾਂ ਥੁੱਕਦੇ ਰਹਿੰਦੇ ਅਤੇ ਔਰਤਾਂ ਤੇ ਬੱਚਿਆਂ ਨੂੰ ਬਦਤਮੀਜ਼ੀ ਨਾਲ ਘੂਰਦੇ ਰਹਿੰਦੇ।" "ਸ਼ਰਾਬ ਦੀ ਲੱਤ ਉਨ੍ਹਾਂ ਵਿਚ ਖ਼ਤਰਨਾਕ ਹੱਦ ਤਕ ਸੀ" ਡੈਡੀ ਬਰਜੋਰ ਨੇ ਉਨ੍ਹਾਂ ਕੁਝ ਮਾਮਲਿਆਂ ਦਾ ਜ਼ਿਕਰ ਆਪਣੀ ਰਿਪੋਰਟ ਵਿਚ ਕੀਤਾ ਜੋ ਸੜਕਾਂ ਉਪਰ ਨਾਉਮੀਦੀ ਦੀ ਹੱਦ ਤਕ ਸ਼ਰਾਬੀ ਹਾਲਤ 'ਚ ਦੇਖੇ ਸਨ (ਉਹੀ, 8-9)। ਹਾਲਾਂਕਿ, ਇਸ ਤੋਂ ਵੀ ਗੰਭੀਰ ਅਤੇ ਖ਼ਤਰਨਾਕ ਸਿੱਟਾ ਸੀ ਕੈਨੇਡਾ ਅਤੇ ਅਮਰੀਕਾ ਦੋਹਾਂ ਮੁਲਕਾਂ ਵਿਚ ਗੋਰਿਆਂ ਦੀਆਂ ਕਿਰਤੀ ਯੂਨੀਅਨਾਂ ਵਲੋਂ ਪੂਰਬੀ ਕਿਰਤੀਆਂ ਦਾ ਜਥੇਬੰਦ ਵਿਰੋਧ ਅਤੇ ਉਨ੍ਹਾਂ ਵਿਰੁੱਧ ਫ਼ਸਾਦ, ਖ਼ਾਸ ਕਰਕੇ ਮੰਦਵਾੜੇ ਦੇ ਅਰਸਿਆਂ ਦੌਰਾਨ।

ਕੈਨੇਡਾ ਬਰਤਾਨਵੀ ਡੁਮੀਨੀਅਨ ਹੋਣ ਕਾਰਨ, ਸਿੱਖ ਭਾਈਚਾਰੇ ਦੇ ਮੋਹਰੀ ਆਵਾਸੀ ਸਰਕਾਰ ਅਤੇ ਲੋਕਾਂ ਤੋਂ ਲਿਹਾਜ਼ ਦੀ ਉਮੀਦ ਰੱਖਦੇ ਸਨ ਜਿਨ੍ਹਾਂ ਨੂੰ ਹਿੰਦੁਸਤਾਨ ਵਿਚ ਬਰਤਾਨਵੀ ਸਲਤਨਤ ਦੇ ਵਫ਼ਾਦਾਰ ਤੇ ਬਹਾਦਰ ਯੋਧੇ ਹੋਣ ਕਾਰਨ ਮਾਣ-ਸਤਿਕਾਰ ਮਿਲਿਆ ਹੋਇਆ ਸੀ। ਅਮਰੀਕਾ 'ਕੋਈ ਹੋਰ' ਮੁਲਕ ਸੀ। ਪਰ ਇਹ ਕੈਨੇਡਾ ਵਿਚ ਸੀ ਜਿਥੇ ਉਨ੍ਹਾਂ ਨੇ ਨਸਲੀ ਵਿਤਕਰੇ ਦਾ ਪਹਿਲਾ ਸਵਾਦ ਚੱਖਿਆ ਸੀ: ਉਨ੍ਹਾਂ ਦੇ ਖ਼ਿਲਾਫ਼ ਵਿਉਂਤਬਧ ਫ਼ਸਾਦ ਅਤੇ ਨਾਲ ਹੀ 1908 'ਚ ਹਿੰਦੁਸਤਾਨੀਆਂ ਦੇ ਉੱਥੇ ਆਉਣ ਉਪਰ ਮੁਕੰਮਲ ਪਾਬੰਦੀ। ਅਮਰੀਕਾ ਵਿਚ,

ਬਰਤਾਨਵੀ ਹਿੰਦੁਸਤਾਨ ਦੇ ਆਵਾਸੀ ਕਿਰਤੀਆਂ ਨੂੰ 1815 ਦੇ ਪੁਰਾਣੇ ਸਮਝੌਤੇ ਤਹਿਤ "ਹੋਰ ਬਰਤਾਨਵੀ ਪਰਜਾ ਵਾਲੇ ਹੀ ਹੱਕ ਸਨ, ਚਾਹੇ ਉਹ ਰਾਠ ਹੋਣ ਜਾਂ ਵਪਾਰੀ, ਵਿਦਿਆਰਥੀ ਹੋਣ ਜਾਂ ਆਮ ਕਿਰਤੀ"। ਲਿਹਾਜ਼ਾ ਹਰ ਦਰਖ਼ਾਸਤ-ਕਰਤਾ ਨੂੰ "ਉਸਦੇ ਆਪਣੇ ਗੁਣਾਂ" ਦੇ ਅਧਾਰ 'ਤੇ ਰੱਖਿਆ ਜਾਂ ਰੱਦ ਕੀਤਾ ਜਾਂਦਾ ਸੀ ਜਿਨ੍ਹਾਂ ਦਾ ਸਬੰਧ ਜਿਸਮਾਨੀ ਹਾਲਤ ਨਾਲ ਸੀ ਭਾਵ ਉਨ੍ਹਾਂ ਨੂੰ ਕੋਈ ਛੂਤ ਦੀ ਬੀਮਾਰੀ ਨਾ ਹੋਵੇ, ਜਿਸਮਾਨੀ ਕਿਰਤ ਲਈ ਜ਼ਰੂਰੀ ਤੰਦਰੁਸਤ ਹੋਣ ਅਤੇ "ਗੁਜ਼ਾਰੇ ਲਈ ਸਰਕਾਰ ਉਪਰ ਨਿਰਭਰਤਾ ਨਾ ਹੋਣ" ਦੀ ਯੋਗਤਾ" ਰੱਖਦੇ ਹੋਣ (ਉਹੀ, 1912:5)। 1914 'ਚ, ਏਸ਼ੀਐਟਿਕ ਐਕਸਕਲੂਜ਼ਨ ਲੀਗ ਨੇ ਅਮਰੀਕਨ ਸਰਕਾਰ ਨੂੰ ਮਜਬੂਰ ਕਰ ਦਿੱਤਾ ਕਿ ਅੱਗੇ ਤੋਂ ਆਉਣ ਵਾਲੇ ਹਿੰਦੁਸਤਾਨੀਆਂ ਦਾ ਦਾਖ਼ਲਾ ਸੱਚੀਮੁੱਚੀਂ ਕਾਨੂੰਨ ਦੁਆਰਾ ਰੋਕ ਦਿੱਤਾ ਜਾਵੇ ਜਿਸਦਾ ਪਾਲਣ 1917 ਵਿਚ ਕੀਤਾ ਗਿਆ।

ਕਿਹਾ ਜਾਂਦਾ ਸੀ ਕਿ ਚੀਨੀ ਤੇ ਜਪਾਨੀ ਕਿਰਤੀਆਂ ਦੇ ਹਿੱਤਾਂ ਦੀ ਰਾਖੀ ਉਨ੍ਹਾਂ ਦੀਆਂ ਸਭਾਵਾਂ ਸਰਕਾਰ ਦੀ ਹਮਾਇਤ ਨਾਲ ਵਧੀਆ ਢੰਗ ਨਾਲ ਕਰਦੀਆਂ ਸਨ। ਅਮਰੀਕਾ ਵਿਚਲੇ ਚੀਨੀ ਆਵਾਸੀਆਂ ਦੀ ਜਥੇਬੰਦੀ ਨੇ ਅਮਰੀਕਨ ਵਕੀਲਾਂ ਦੀ ਇਕ ਫਰਮ ਦੀਆਂ ਸੇਵਾਵਾਂ ਲੈ ਰੱਖੀਆਂ ਸਨ, ਅਤੇ ਜਪਾਨੀਆਂ ਨੇ ਵੀ ਇਹ ਪੈਰਵਾਈ ਕਰਨ ਲਈ ਇਕ ਅਮਰੀਕੀ ਅਧਿਕਾਰੀ ਰੱਖਿਆ ਹੋਇਆ ਸੀ ਕਿ ਜਦੋਂ ਉਨ੍ਹਾਂ ਦੇ ਨਾਗਰਿਕ ਅਮਰੀਕਾ ਵਿਚ ਆਉਣ ਤਾਂ ਇਮੀਗਰੇਸ਼ਨ ਅਧਿਕਾਰੀ ਉਨ੍ਹਾਂ ਦੇ ਹੱਕਾਂ ਦਾ ਸਤਿਕਾਰ ਕਰਨ ਅਤੇ ਉਨ੍ਹਾਂ ਦੀ ਚੰਗੀ ਤਰ੍ਹਾਂ ਦੇਖਭਾਲ ਹੋਵੇ। "ਪਰ ਵਿਚਾਰੇ ਅਨਪੜ੍ਹ 'ਹਿੰਦੂ' ਦੀ ਮਦਦ ਕਰਨ ਵਾਲਾ ਰਾਹ-ਦਰਸਾਵਾ, ਵਿਦਵਾਨ ਅਤੇ ਦੋਸਤ ਕੋਈ ਨਹੀਂ।" ਡੈਡੀ ਬਰਜੋਰ ਨੇ ਸਾਨ ਫਰਾਂਸਿਸਕੋ ਵਿਚ ਐੱਚ.ਐੱਮ. ਦੇ ਕੌਂਸਲ ਜਨਰਲ ਨੂੰ ਪੇਸ਼ ਕੀਤੀ ਆਪਣੀ ਰਿਪੋਰਟ ਵਿਚ ਦਰਜ ਕੀਤਾ ਕਿ ਉਸ ਦੇ "ਧਿਆਨ ਵਿਚ ਆਇਆ ਹੈ ਕਿ ਜਿੱਥੋਂ ਤਾਈਂ ਬਰਤਾਨਵੀ ਕਬਜ਼ੇ ਹੇਠਲੇ ਖੇਤਰਾਂ ਜਿਵੇਂ ਕੈਨੇਡਾ, ਆਸਟ੍ਰੇਲੀਆ ਅਤੇ ਦੱਖਣੀ ਅਫ਼ਰੀਕੀ ਬਸਤੀਆਂ ਅੰਦਰ ਸਮੁੱਚੀ ਬਰਤਾਨਵੀ ਹਿੰਦੁਸਤਾਨੀ ਪਰਜਾ ਦੇ ਆਉਣ ਦੀ ਮਨਾਹੀ ਦਾ ਅਤੇ ਉਨ੍ਹਾਂ ਨੂੰ ਬਾਹਰ ਰੱਖੇ ਜਾਣ ਦਾ ਸਬੰਧ ਹੈ ਕਿਰਤੀ ਜਮਾਤਾਂ ਦੇ ਸਿੱਖਾਂ ਨੂੰ ਹੋਮ ਗਵਰਨਮੈਂਟ (ਮੁਲਕ ਦੀ ਸਰਕਾਰ) ਵਲੋਂ ਅਖ਼ਤਿਆਰ ਕੀਤੇ ਬੇਪ੍ਰਵਾਹੀ ਅਤੇ ਉਦਾਸੀਨਤਾ ਵਾਲੇ ਰਵੱਈਏ ਵਿਰੁੱਧ ਜ਼ੋਰਦਾਰ ਸ਼ਿਕਾਇਤ ਹੈ" (ਉਹੀ, 12-13)। ਲਿਹਾਜ਼ਾ, ਉਸਨੇ ਬਰਤਾਨਵੀ ਕੌਂਸਲ ਜਨਰਲ ਨੂੰ ਸਾਰੀਆਂ ਜਮਾਤਾਂ ਦੇ ਬਰਤਾਨਵੀ ਹਿੰਦੁਸਤਾਨੀਆਂ ਦੀ ਸਭਾ ਬਣਾਉਣ ਦੀ ਸਿਫ਼ਾਰਸ਼ ਕੀਤੀ ਜੋ ਕਿਰਤੀ ਜਮਾਤਾਂ ਦੇ ਹਿੰਦੂਆਂ ਨੂੰ ਆਪਣੇ "ਪਨਾਹ ਦੇ ਖੰਭਾਂ" ਹੇਠ ਲੈ ਸਕਦੀ ਹੋਵੇ। ਹਿੰਦੁਸਤਾਨ ਦੀ ਬਰਤਾਨਵੀ ਸਰਕਾਰ ਵਲੋਂ ਇਸ ਦੀ ਪੂਰੀ ਹਮਾਇਤ ਕੀਤੀ ਜਾਵੇ ਅਤੇ ਇਮੀਗਰੇਸ਼ਨ ਅਧਿਕਾਰੀਆਂ ਵਲੋਂ ਉਨ੍ਹਾਂ ਨੂੰ ਅਣਚਾਹੇ ਬਾਹਰਲੇ ਲੋਕ ਕਰਾਰ ਦੇ ਕੇ ਰੱਦ ਕਰ ਦਿੱਤੇ ਜਾਣ ਤੋਂ ਬਾਅਦ ਵੀ ਆਵਾਸੀਆਂ ਨੂੰ ਹਰ ਸਹਾਇਤਾ ਤੇ ਮਸ਼ਵਰਾ ਦਿੱਤਾ ਜਾਵੇ (ਉਹੀ: 13)। ਇੰਞ ਹੋਣਾ ਨਹੀਂ ਸੀ। ਲਾਚਾਰ ਹਿੰਦੁਸਤਾਨੀਆਂ ਨੇ ਸਹਿਜੇ-ਸਹਿਜੇ ਜਾਣ ਲਿਆ ਕਿ ਉਨ੍ਹਾਂ ਨੂੰ ਇਸ ਦਾ ਸ਼ਿਕਾਰ ਇਸ ਕਰਕੇ ਹੋਣਾ ਪੈਂਦਾ ਹੈ ਕਿਉਂਕਿ ਹਿੰਦੁਸਤਾਨ ਵਿਚ ਅੰਗਰੇਜ਼ ਹਕੂਮਤ ਬਦੇਸ਼ੀ ਸਰਕਾਰ ਸੀ ਅਤੇ ਕਿ ਉਹ ਉਨ੍ਹਾਂ ਦੀ

ਆਪਣੀ ਸਰਕਾਰ ਨਹੀਂ ਜੋ ਪਰਾਏ ਮੁਲਕਾਂ ਵਿਚ ਉਨ੍ਹਾਂ ਦੇ ਹਿੱਤਾਂ ਦੀ ਉਸੇ ਤਰ੍ਹਾਂ ਰੱਖਿਆ ਕਰੇ ਜਿਵੇਂ ਚੀਨੀ, ਜਪਾਨੀ ਅਤੇ ਹੋਰ ਆਵਾਸੀਆਂ ਦੇ ਹਿੱਤਾਂ ਦੀ ਰਾਖੀ ਉਨ੍ਹਾਂ ਦੀਆਂ ਸਰਕਾਰਾਂ ਵਲੋਂ ਕੀਤੀ ਜਾਂਦੀ ਸੀ।

ਚੌਥੀ ਗੱਲ, ਅਮਰੀਕਾ ਵਿਚ ਜਮਹੂਰੀ ਆਜ਼ਾਦੀ ਦੇ ਮਾਹੌਲ ਅਤੇ ਜਿਵੇਂ ਹਿੰਦੁਸਤਾਨੀ ਵਿਦਿਆਰਥੀਆਂ ਨੇ ਇਸ ਆਜ਼ਾਦੀ ਨੂੰ ਹਿੰਦੁਸਤਾਨੀ ਆਵਾਸੀਆਂ ਨੂੰ ਸਿਆਸੀ ਤਾਲੀਮ ਦੇਣ ਲਈ ਇਸਤੇਮਾਲ ਕੀਤਾ ਨੇ ਉਨ੍ਹਾਂ ਦੀ ਸੋਚ ਉੱਪਰ ਡੂੰਘੀ ਛਾਪ ਛੱਡੀ ਜਿਸ ਦੇ ਸਿੱਟੇ ਵਜੋਂ ਉਨ੍ਹਾਂ ਵਿੱਚੋਂ ਜ਼ਿਆਦਾਤਰ ਦੀ ਸੱਚੀਓਂ ਹੀ ਕਾਇਆਪਲਟੀ ਹੋ ਗਈ। ਉੱਥੇ ਲੋਕ ਜਿਸ ਤਰ੍ਹਾਂ ਦੀ ਸਿਆਸੀ ਆਜ਼ਾਦੀ ਮਾਣਦੇ ਸਨ ਇਹ ਉਨ੍ਹਾਂ ਲਈ ਹੈਰਾਨੀਜਨਕ ਸੀ। ਸੋਹਣ ਸਿੰਘ ਭਕਨਾ ਨੇ 1912 'ਚ ਹੋਈਆਂ ਰਾਸ਼ਟਰਪਤੀ ਚੋਣਾਂ ਦੇ ਮਾਹੌਲ ਨੂੰ ਬਿਆਨ ਕੀਤਾ ਜਦੋਂ ਉਮੀਦਵਾਰ ਵੁੱਡਰੋ ਵਿਲਸਨ ਪੋਰਟਲੈਂਡ ਵਿਚ ਇਕ ਇਕੱਠ ਨੂੰ ਸੰਬੋਧਨ ਕਰਨ ਲਈ ਆਇਆ ਸੀ ਅਤੇ ਜਿਵੇਂ ਉਸ ਨਾਲ ਸਲੂਕ ਕੀਤਾ ਗਿਆ ਸੀ, ਆਮ ਅਮਰੀਕਨ ਵੋਟਰਾਂ ਨੇ ਬਰਾਬਰੀ ਨਾਲ ਉਸ ਦੀ ਸ਼ਲਾਘਾ ਕੀਤੀ ਜਾਂ ਉਸਦੀ ਆਲੋਚਨਾ ਕੀਤੀ ਸੀ। ਉਸ ਨੂੰ ਦੱਸਿਆ ਗਿਆ "ਇਹ ਜਮਹੂਰੀਅਤ ਹੈ। ਲੋਕ ਮਾਲਕ ਹਨ। ਸਾਡੇ ਨੁਮਾਇੰਦੇ ਲੋਕਾਂ ਦੀਆਂ ਮੰਗਾਂ ਅਨੁਸਾਰ ਉਨ੍ਹਾਂ ਦੀ ਸੇਵਾ ਲਈ ਹਨ" (ਲੇਖਕ ਨਾਲ ਮੁਲਾਕਾਤ 1968)। ਇਹ ਉਸ ਤੋਂ ਐਨ ਉਲਟ ਸੀ ਜਿਸ ਤਰ੍ਹਾਂ ਦਾ ਹਕੀਕੀ ਖੌਫ਼ ਹਿੰਦੁਸਤਾਨ ਵਿਚ ਸਭ ਤੋਂ ਹੇਠਲੇ ਗੋਰੇ ਅਧਿਕਾਰੀ ਦਾ ਸੀ। ਸਿਆਸੀ ਪ੍ਰਚਾਰ ਦੀ ਇਸ ਤਰ੍ਹਾਂ ਦੀ ਆਜ਼ਾਦੀ ਕਰਕੇ ਅਮਰੀਕਾ ਆਇਰਲੈਂਡ, ਚੀਨ, ਰੂਸ ਆਦਿ ਵਰਗੇ ਹੋਰ ਮੁਲਕਾਂ ਦੇ ਸਿਆਸੀ ਜਲਾਵਤਨਾਂ, ਇਨਕਲਾਬੀਆਂ, ਸਿੰਡੀਕਲਵਾਦੀਆਂ, ਅਰਾਜਕਤਾਵਾਦੀਆਂ ਅਤੇ ਆਜ਼ਾਦੀ ਘੁਲਾਟੀਆਂ ਅਤੇ ਕੌਮਾਂਤਰੀ ਕਿਰਤੀ ਲਹਿਰ ਲਈ ਕੰਮ ਕਰਨ ਵਾਲਿਆਂ ਦਾ ਆਸਰਾ ਬਣਿਆ। ਇਹ ਹੈਰਾਨੀ ਦੀ ਗੱਲ ਨਹੀਂ ਕਿ ਜਦੋਂ ਲਾਲਾ ਹਰਦਿਆਲ ਅਮਰੀਕਾ ਵਿਚ ਆਇਆ ਤਾਂ ਉਹ ਬਹੁਤ ਉਤਸ਼ਾਹ ਵਿਚ ਸੀ। ਜਿਵੇਂ ਉਸਨੇ ਕਿਹਾ, ਇਥੇ ਆਕੇ ਇਨ੍ਹਾਂ "ਕਾਇਰ, ਦਲਿੱਦਰੀ ਅਤੇ ਅਗਿਆਨੀ" ਲੋਕਾਂ ਦੀ ਕਾਇਆਪਲਟੀ ਹੋ ਗਈ। ਸਰੋਦੀ ਹੁੰਦਿਆਂ ਉਸਨੇ ਕਿਹਾ, "ਅਮਰੀਕਾ ਵਿਚ ਕੋਈ ਵੀ ਬੰਦਾ ਆਪਣੀ ਸੋਚ ਅਤੇ ਸਰਗਰਮੀ ਦਾ ਪੱਧਰ ਉੱਚਾ ਚੁੱਕੇ ਬਿਨਾ ਨਹੀਂ ਸੀ ਰਹਿ ਸਕਦਾ। ਅਮਰੀਕਾ ਹਰ ਤਰ੍ਹਾਂ ਦੀ ਬੁਜ਼ਦਿਲੀ, ਦਾਸਤਾ, ਨਿਰਾਸ਼ਤਾ ਤੇ ਬੇਲਾਗਤਾ ਨੂੰ ਉਸੇ ਤਰ੍ਹਾਂ ਸਾੜ ਕੇ ਭਸਮ ਕਰ ਦਿੰਦੀ ਹੈ ਜਿਵੇਂ ਜਵਾਲਾ ਖੋਟ ਨੂੰ ਖ਼ਤਮ ਕਰ ਦਿੰਦੀ ਹੈ ਅਤੇ ਪਿੱਛੇ ਖ਼ਾਲਸ ਕੁੰਦਨ ਰਹਿ ਜਾਂਦਾ ਹੈ' (ਬਰਾਊਨ 1975:86)।

ਦੂਜੇ ਪਾਸੇ, ਕੈਨੇਡਾ ਇਕ ਜਮਹੂਰੀਅਤ ਹੋਣ ਦੇ ਨਾਲ-ਨਾਲ ਇਕ ਬਰਤਾਨਵੀ ਬਸਤੀ ਵੀ ਸੀ। ਬਹੁਤ ਸ਼ੁਰੂ 'ਚ ਹੀ ਜਦੋਂ ਤਾਰਕਨਾਥ ਦਾਸ, ਹਰਨਾਮ ਸਿੰਘ ਸਾਹਰੀ, ਸੋਹਨ ਲਾਲ ਪਾਠਕ, ਸੀ.ਕੇ. ਵਰਮਾ ਆਦਿ ਵਰਗੇ ਅੱਧੀ ਕੁ ਦਰਜਨ ਰੈਡੀਕਲ ਹਿੰਦੁਸਤਾਨੀ ਵਿਦਿਆਰਥੀਆਂ ਵਲੋਂ ਪੰਜਾਬੀ ਕਿਰਤੀਆਂ ਅੰਦਰ ਸਮਾਜਵਾਦੀ ਜਾਂ ਰੈਡੀਕਲ ਸਿਆਸੀ ਪ੍ਰਚਾਰ ਕੀਤੇ ਜਾਣ ਦੀਆਂ ਰਿਪੋਰਟਾਂ ਬਰਤਾਨਵੀ ਹਿੰਦੁਸਤਾਨੀ ਸਰਕਾਰ ਨੂੰ ਮਿਲੀਆਂ, ਇਸ

ਨੇ ਕੈਨੇਡਾ ਤੋਂ ਐਸੇ ਤੱਤਾਂ ਨੂੰ ਕੱਢਿਆ ਜਾਣਾ ਯਕੀਨੀਂ ਬਣਾਇਆ। ਸਲਤਨਤ ਦੇ ਹਿੱਤ ਵਿਚ ਇਹ ਜ਼ਰੂਰੀ ਸੀ ਕਿ ਜਮਹੂਰੀਅਤ ਅਤੇ ਬਰਾਬਰੀ ਦੇ ਖ਼ਿਆਲਾਂ ਨੂੰ ਹਿੰਦੁਸਤਾਨੀ ਪ੍ਰਵਾਸੀਆਂ ਉੱਪਰ ਪ੍ਰਭਾਵ ਪਾਉਣ ਦੀ ਖੁੱਲ੍ਹ ਨਾ ਦਿੱਤੀ ਜਾਵੇ। ਬ੍ਰਿਟਿਸ਼ ਬਸਤੀਆਨਾ ਆਫ਼ਿਸ ਅਤੇ ਸੈਕਟਰੀ ਆਫ ਸਟੇਟ ਦੇ ਰਿਕਾਰਡ ਅਤੇ ਡੁਮੀਨੀਅਨ ਸਰਕਾਰ ਨਾਲ ਉਨ੍ਹਾਂ ਦੀ ਖ਼ਤੋ-ਕਿਤਾਬਤ ਦਿਖਾਉਂਦੀ ਹੈ ਕਿ ਅਜਿਹੇ ਪ੍ਰਚਾਰ ਨੂੰ ਰੋਕਣ ਲਈ ਕਿੰਨੀ ਜ਼ੋਰਦਾਰ ਸਰਗਰਮੀ ਕੀਤੀ ਜਾ ਰਹੀ ਸੀ। ਅਮਰੀਕਾ ਵਿਚ, ਬਰਤਾਨੀਆ ਵਲੋਂ ਅਮਰੀਕੀ ਸਰਕਾਰ ਉੱਪਰ ਜੋ ਹਿੰਦੁਸਤਾਨੀ ਵਿਦਿਆਰਥੀਆਂ ਨੂੰ ਐਸੇ ਬਰਤਾਨੀਆ ਵਿਰੋਧੀ ਪ੍ਰਚਾਰ ਦੀ ਖੁੱਲ੍ਹ ਨਾ ਦੇਣ ਲਈ ਬੱਝਵਾਂ ਦਬਾਓ ਪਾਇਆ ਗਿਆ ਉਹ ਘੱਟੋਘੱਟ 1914 ਤਕ ਕਾਰਗਰ ਨਹੀਂ ਹੋਇਆ।

ਜਿਵੇਂ ਵੱਖੋ-ਵੱਖਰੇ ਅਮਰੀਕੀ ਅਧਿਕਾਰੀਆਂ ਨਾਲ ਖ਼ਤੋ-ਕਿਤਾਬਤ ਤੋਂ ਪਤਾ ਚੱਲਦਾ ਹੈ, ਇਸ ਸਬੰਧ 'ਚ ਬਰਤਾਨਵੀ ਸਰਕਾਰ ਨੂੰ ਅਮਰੀਕੀ ਸਰਕਾਰ ਤੋਂ ਚਿੜ੍ਹ ਸੀ ਜਿਸਨੇ "ਹਰਦਿਆਲ ਦੀ ਅਗਵਾਈ ਵਾਲੇ ਬਹੁਤ ਹੀ ਖ਼ਤਰਨਾਕ ਸਾਜ਼ਿਸ਼ੀਆਂ ਦੇ ਗਰੋਹ" ਨੂੰ ਜਮਹੂਰੀ ਖੁੱਲ੍ਹ ਦੇ ਰੱਖੀ ਸੀ। ਬਰਤਾਨਵੀ ਸਰਕਾਰ ਨੇ ਸਰਗਰਮੀਆਂ 'ਤੇ ਨਜ਼ਰ ਰੱਖਣ ਲਈ ਭਾੜੇ ਦੇ ਜਾਸੂਸਾਂ ਦਾ ਆਪਣਾ ਤਾਣਾ-ਬਾਣਾ ਜਥੇਬੰਦ ਕੀਤਾ ਹੋਇਆ ਸੀ ਜੋ ਬਾਕਾਇਦਗੀ ਨਾਲ ਰਿਪੋਰਟਾਂ ਭੇਜਦਾ ਸੀ। ਬੰਬਈ ਤੋਂ ਹੁੰਦੀ ਇਕ ਨੀਮ-ਸਰਕਾਰੀ ਪ੍ਰਕਾਸ਼ਨਾ *ਦ ਪਾਈਨੀਅਰ* ਨੇ 1914 ਦੇ ਮੁੱਢ 'ਚ ਤਿੱਖੀ ਆਲੋਚਨਾ ਕੀਤੀ : "ਜ਼ਾਹਰਾ ਤੌਰ 'ਤੇ ਆਜ਼ਾਦ ਮੁਲਕ ਵਿਚ, ਇਕ ਅਰਾਜਕਤਾਵਾਦੀ ਨੂੰ ਓਦੋਂ ਤਕ ਸਜ਼ਾ ਨਹੀਂ ਮਿਲਦੀ ਜਦੋਂ ਤਕ ਉਹ ਉੱਥੇ 3 ਸਾਲ ਤੋਂ ਘੱਟ ਅਰਸੇ ਲਈ ਆਵਾਸੀ ਬਾਸ਼ਿੰਦਾ ਹੋਵੇ", ਅਤੇ ਉਹ ਆਪਣੀ ਮਰਜ਼ੀ ਅਨੁਸਾਰ ਅਰਾਜਕਤਾ ਫੈਲਾ ਸਕਦਾ ਸੀ (ਜੈਨਸਨ 1988: 189)। ਲਿਹਾਜ਼ਾ, ਹਰਦਿਆਲ ਭਰੋਸੇ ਨਾਲ ਕਹਿ ਸਕਦਾ ਸੀ: "ਅਮਰੀਕਾ ਵਿਚ ਹਿੰਦੁਸਤਾਨੀਆਂ ਦੀ (ਬਰਤਾਨੀਆ ਵਲੋਂ) ਜਾਸੂਸੀ ਦੀ ਤਜਵੀਜ਼ ਸਫ਼ਲ ਨਹੀਂ ਹੋਣ ਲੱਗੀ ਕਿਉਂਕਿ ਹਿੰਦੁਸਤਾਨੀ ਆਜ਼ਾਦੀ ਨਾਲ ਅਤੇ ਸ਼ਰੇਆਮ ਆਪਣੀ ਗੱਲ ਕਹਿ ਸਕਦੇ ਸਨ ਜਿਵੇਂ ਉਹ "ਅਮਰੀਕਨ ਲੋਕਾਂ ਦੀ ਵਡੱਤਣ, ਜਮਹੂਰੀਅਤ ਦੇ ਵਰਦਾਨ, ਜਿਸਮਾਨੀ ਮੁਸ਼ੱਕਤ ਦਾ ਮਾਣ-ਸਤਿਕਾਰ" ਸਮੇਤ ਵੱਖੋ-ਵੱਖਰੇ ਮਜ਼ਮੂਨਾਂ ਬਾਰੇ ਚਰਚਾ ਕਰਦੇ ਸਨ (ਬਰਾਊਨ 1975:89)।

ਆਖ਼ਰੀ ਗੱਲ, ਸਭ ਤੋਂ ਗਿਆਨਵਰਧਕ ਅਤੇ ਜੋਸ਼ ਭਰਨ ਵਾਲਾ ਅਨੁਭਵ ਸ਼ਾਇਦ ਉਨ੍ਹਾਂ ਵਲੋਂ ਹਿੰਦੁਸਤਾਨੀ ਬੁੱਧੀਜੀਵੀਆਂ ਅਤੇ ਅਮਰੀਕਨ ਯੂਨੀਵਰਸਿਟੀਆਂ ਵਿਚ ਪੜ੍ਹਦੇ ਵਿਦਿਆਰਥੀਆਂ ਵਲੋਂ ਦਿੱਤੀ ਜਾਣ ਵਾਲੀ ਸਿਆਸੀ ਤਾਲੀਮ ਦਾ ਪ੍ਰਭਾਵ ਕਬੂਲਣ ਦਾ ਸੀ। ਐਸੀ ਤਾਲੀਮ ਦਾ ਸਭ ਤੋਂ ਅਹਿਮ ਵਸੀਲਾ ਉਰਦੂ ਅਤੇ ਪੰਜਾਬੀ ਵਿਚ ਕੱਢਿਆ ਜਾਣ ਵਾਲਾ ਹਫ਼ਤਾਵਾਰ ਅਖ਼ਬਾਰ *ਗ਼ਦਰ* ਸੀ ਜੋ ਪਹਿਲੀ ਨਵੰਬਰ 1913 ਨੂੰ ਸ਼ੁਰੂ ਕੀਤਾ ਗਿਆ ਸੀ। ਇਸਨੇ ਗ਼ਦਰ ਪਾਰਟੀ ਬਣਾਏ ਜਾਣ ਦਾ ਐਲਾਨ ਕੀਤਾ, ਜੋ ਬਦੇਸ਼ਾਂ ਵਿਚ ਅਤੇ ਹਿੰਦੁਸਤਾਨ ਵਿਚ ਹਿੰਦੁਸਤਾਨੀਆਂ ਨੂੰ ਸਿਆਸੀ ਤੌਰ 'ਤੇ ਸਿਖਿਅਤ ਕਰਨ ਅਤੇ ਹਿੰਦੁਸਤਾਨ ਵਿੱਚੋਂ ਬਰਤਾਨਵੀ ਰਾਜ ਦਾ ਖ਼ਾਤਮਾ ਕਰਨ ਦੇ ਮਨੋਰਥ ਨਾਲ ਹਥਿਆਰਬੰਦ ਲੋਕ ਸੰਘਰਸ਼ ਦੀ

ਤਿਆਰੀ ਕਰਨ ਲਈ ਵਚਨਬੱਧ ਸੀ। ਅਖ਼ਬਾਰ ਵਿਆਪਕ ਤੌਰ 'ਤੇ ਵੰਡਿਆ ਜਾ ਰਿਹਾ ਹੋਣ ਕਾਰਨ, ਪਹਿਲੀ ਵਾਰ ਖ਼ਿਆਲਾਂ ਤੇ ਨਿਸ਼ਾਨਿਆਂ ਦੇ ਵਿਆਪਕ ਆਦਾਨ-ਪ੍ਰਦਾਨ ਅਤੇ ਇਕਮੁੱਠਤਾ ਤੇ ਸਹਿਚਾਰ ਦੀ ਭਾਵਨਾ ਮਹਿਸੂਸ ਕੀਤੀ ਜਾ ਰਹੀ ਸੀ ਅਤੇ ਨਾਲ ਹੀ ਆਪਣੇ ਮੁਲਕ ਦੀ ਇਨਕਲਾਬੀ ਕਾਇਆਪਲਟੀ ਕਰਨ ਦੇ ਅਮਲ ਵਿਚ ਹਿੱਸੇਦਾਰ ਹੋਣ ਦਾ ਸਰੂਰ ਵੀ ਸੀ। ਹੋਰ ਮੁਲਕਾਂ ਦੇ ਆਜ਼ਾਦੀ ਘੁਲਾਟੀਆਂ ਨਾਲ ਸਬੰਧ ਦੁਆਰਾ ਹਿੰਦੁਸਤਾਨੀ ਆਵਾਸੀਆਂ ਨੂੰ ਦੁਨੀਆ ਦੇ ਵੱਖੋ-ਵੱਖਰੇ ਮੁਲਕਾਂ ਦੇ ਬਸਤੀਵਾਦ ਵਿਰੋਧੀ ਸੰਘਰਸ਼ਾਂ ਦੀ ਵਾਕਫ਼ੀਅਤ ਵੀ ਹੋਈ ਅਤੇ ਉਨ੍ਹਾਂ ਦੇ ਕਾਜ ਨਾਲ ਇਕਮੁੱਠਤਾ ਦੀ ਭਾਵਨਾ ਵੀ ਵਿਕਸਤ ਹੋਈ। ਇਨ੍ਹਾਂ ਘੁਲਾਟੀਆਂ ਨੂੰ ਰੂਸੀ ਗ਼ਦਰੀ, ਆਇਰਲੈਂਡ ਦੇ ਗ਼ਦਰੀ, ਮੈਕਸੀਕਨ ਗ਼ਦਰੀ ਵਗੈਰਾ ਕਿਹਾ ਗਿਆ। ਉਨ੍ਹਾਂ ਨੇ ਇਸ ਢੰਗ ਨਾਲ ਰਹਿਣਾ ਤੇ ਵਰਤਾਓ ਕਰਨਾ ਸਿੱਖ ਲਿਆ ਜਿਸ ਨਾਲ ਹਿੰਦੁਸਤਾਨੀਆਂ ਦਾ ਅਕਸ ਬਿਹਤਰ ਬਣੇਗਾ।

ਹਿੰਦੁਸਤਾਨੀ ਆਵਾਸੀਆਂ ਅੰਦਰ ਭਾਰੂ ਇਸ ਵਿਸ਼ਵਾਸ ਨੂੰ ਸਮਝਣ ਦਾ ਯਤਨ ਕੀਤਾ ਜਾ ਸਕਦਾ ਹੈ ਕਿ ਅਮਰੀਕਨ ਚੰਗੇ ਲੋਕ ਹਨ; ਕਿ ਅਮਰੀਕਨ ਗ਼ੁਲਾਮੀ ਅਤੇ ਗ਼ੁਲਾਮਾਂ ਨੂੰ ਨਫ਼ਰਤ ਕਰਦੇ ਸਨ; ਕਿ ਅਮਰੀਕਨ ਚਾਹੁੰਦੇ ਸਨ ਕਿ ਹਿੰਦੁਸਤਾਨੀ ਉਸੇ ਤਰ੍ਹਾਂ ਬਰਤਾਨਵੀ ਰਾਜ ਵਿਰੁੱਧ ਜੰਗ ਲੜਨ ਜਿਵੇਂ ਅਮਰੀਕਨਾਂ ਨੇ 1776 ਵਿਚ ਬਰਤਾਨਵੀ ਰਾਜ ਵਿਰੁੱਧ ਅਮਰੀਕਨ ਆਜ਼ਾਦੀ ਦੀ ਜੰਗ ਲੜੀ ਸੀ। ਇਸ ਦਾ ਅੰਸ਼ਕ ਕਾਰਨ ਇਹ ਹੋ ਸਕਦਾ ਹੈ ਕਿ ਹਰਦਿਆਲ ਨੇ ਉਨ੍ਹਾਂ ਨੂੰ ਖ਼ਬਰਦਾਰ ਕੀਤਾ ਸੀ ਕਿ ਅਮਰੀਕਨ ਸਰਕਾਰ ਉੱਪਰ ਹਮਲੇ ਨਾ ਕੀਤੇ ਜਾਣ ਅਤੇ ਇਸ ਦੀ ਥਾਂ ਅਮਰੀਕਨਾਂ ਦੀ ਹਮਾਇਤ ਅਤੇ ਚੰਗੀ ਸਲਾਹ ਦਾ ਲਾਹਾ ਲਿਆ ਜਾਵੇ।

ਸਿਆਸੀ ਪ੍ਰਚਾਰ, ਬਰਤਾਨਵੀ ਬਸਤੀਵਾਦੀ ਲੁੱਟਖਸੁੱਟ ਦੇ ਮੁੱਦੇ ਉੱਪਰ ਖੁੱਲ੍ਹੀ ਵਿਚਾਰ ਚਰਚਾ ਅਤੇ ਤਿਆਰੀ ਦੀ ਐਸੀ ਆਜ਼ਾਦੀ ਕੈਨੇਡਾ ਵਿਚ ਹਾਸਲ ਨਹੀਂ ਸੀ। ਲਿਹਾਜ਼ਾ ਕੈਨੇਡਾ ਵਿਚ ਹਿੰਦੁਸਤਾਨੀਆਂ ਨੂੰ ਇਸ ਤਰ੍ਹਾਂ ਦੀ ਸਹੂਲਤ ਨਹੀਂ ਸੀ। ਇੱਥੋਂ ਤਕ ਕਿ ਜੰਗ ਲੱਗਣ ਦੇ ਸਿੱਟੇ ਵਜੋਂ ਅਮਰੀਕਾ ਵਿਚ ਵੀ ਰੋਕਾਂ ਲਗਾ ਦਿੱਤੀਆਂ ਗਈਆਂ, ਜੋ 1917 'ਚ ਅਮਰੀਕਾ ਦੇ ਬਰਤਾਨੀਆ ਵਾਲੇ ਪਾਸੇ ਜੰਗ ਵਿਚ ਸ਼ਾਮਲ ਹੋਣ ਨਾਲ ਬਹੁਤ ਹੀ ਸਖ਼ਤ ਹੋ ਗਈਆਂ। ਅਮਰੀਕਾ ਦੀ ਨਿਰਪੱਖਤਾ ਦੀ ਉਲੰਘਣਾ ਕਰਕੇ ਅਮਰੀਕੀ ਸਰਜ਼ਮੀਨ ਉੱਪਰ ਹਿੰਦ-ਜਰਮਨ ਸਾਜ਼ਿਸ਼ ਰਚਣ ਦਾ ਇਲਜ਼ਾਮ ਲਗਾਏ ਜਾਣ 'ਤੇ ਹਿੰਦੁਸਤਾਨੀਆਂ ਨੂੰ ਤੰਗ-ਪ੍ਰੇਸ਼ਾਨ ਕੀਤੇ ਜਾਣ ਵਿਚ ਬਹੁਤ ਵਾਧਾ ਹੋ ਗਿਆ। ਲਾਲਾ ਲਾਜਪਤ ਰਾਏ ਜੋ 1914 ਤੋਂ ਲੈਕੇ 1919 ਤਕ ਅਮਰੀਕਾ ਵਿਚ ਜਲਾਵਤਨੀ ਵਿਚ ਰਹੇ, ਨੇ ਉਸਦੀਆਂ ਸਰਗਰਮੀਆਂ ਤੇ ਸਮਾਜੀ ਸੰਪਰਕਾਂ ਉੱਪਰ ਬਾਕਾਇਦਗੀ ਨਾਲ ਨਜ਼ਰ ਰੱਖੇ ਜਾਣ ਅਤੇ ਪੁਲਿਸ ਵਲੋਂ ਉਸ ਨੂੰ ਪੁੱਛਗਿੱਛ ਲਈ ਵੀ ਸੱਦੇ ਜਾਣ ਬਾਬਤ ਲਿਖਿਆ। ਦਰਅਸਲ, ਗ਼ਦਰ ਦਾ ਪ੍ਰਚਾਰ ਸ਼ੁਰੂ ਹੋਣ ਤੋਂ ਮਹਿਜ਼ ਪੰਜ ਮਹੀਨੇ ਦੇ ਅੰਦਰ ਹੀ ਹਰਦਿਆਲ ਦੀ ਗ੍ਰਿਫ਼ਤਾਰੀ ਆਜ਼ਾਦੀ ਦੇ ਅੰਤ ਦਾ ਆਗਾਜ਼ ਹੋਣ ਦੀ ਸੂਚਕ ਸੀ, ਜਿਸਨੇ ਗ਼ਦਰ ਦੀ ਸਰਗਰਮੀ ਸੰਭਵ ਬਣਾਈ ਸੀ। ਉਸ ਵਕਤ ਅਮਰੀਕਨ ਹਕੂਮਤ ਆਪਣੇ

ਇਲਾਕੇ ਨੂੰ ਬਰਤਾਨੀਆ ਵਿਰੋਧੀ ਸਿਆਸੀ ਪ੍ਰਚਾਰ ਲਈ ਇਸਤੇਮਾਲ ਕਰਨ ਦੀ ਇਜਾਜ਼ਤ ਨਾ ਦੇਣ ਦੇ ਬਰਤਾਨਵੀ ਕੂਟਨੀਤਕ ਦਬਾਓ ਅੱਗੇ ਝੁਕ ਚੁੱਕੀ ਸੀ। ਛੇਤੀ ਬਾਅਦ ਇਸ ਆਜ਼ਾਦੀ ਉੱਪਰ ਸਖ਼ਤੀ ਨਾਲ ਕਟੌਤੀ ਲਾ ਦਿੱਤੀ ਗਈ। ਇਸ ਤੋਂ ਬਾਅਦ ਹਿੰਦੁਸਤਾਨੀਆਂ ਨੂੰ ਸਿਆਸੀ ਸਰਗਰਮੀਆਂ ਜਥੇਬੰਦ ਕਰਨ ਦੀ ਐਸੀ ਆਜ਼ਾਦੀ ਕਦੇ ਵੀ ਨਹੀਂ ਮਿਲੀ। ਇਹ ਸ਼ੱਕ ਸੁਭਾਵਿਕ ਹੈ ਕਿ ਜੇ ਇਕ ਸਾਲ ਪਹਿਲਾਂ ਹੀ ਅਮਰੀਕਨ ਹੁਕਮਰਾਨ ਬਰਤਾਨਵੀ ਦਬਾਓ ਅੱਗੇ ਗੋਡੇ ਟੇਕ ਦਿੰਦੇ ਕੀ ਇਕ ਐਸੀ ਲਹਿਰ ਜਥੇਬੰਦ ਕਰਨਾ ਸੰਭਵ ਸੀ ਅਤੇ ਕੀ ਫਿਰ ਇਨ੍ਹਾਂ ਪ੍ਰਵਾਸੀਆਂ ਦੀ ਐਸੀ ਕਾਇਆਪਲਟੀ ਸੰਭਵ ਹੁੰਦੀ। ਇੰਞ ਕਹਿ ਲਓ, ਜੇ ਹਰਦਿਆਲ ਨੂੰ ਅਪ੍ਰੈਲ 1913 ਵਿਚ ਗ੍ਰਿਫ਼ਤਾਰ ਕਰਕੇ ਡੀਪੋਰਟ ਕਰ ਦਿੱਤਾ ਗਿਆ ਹੁੰਦਾ। ਇਹ ਬਹੁਤ ਹੀ ਸੰਜੀਦਾ ਸੋਚ-ਵਿਚਾਰ ਦਾ ਮੁੱਦਾ ਹੋ ਸਕਦਾ ਹੈ।

ਉਨ੍ਹਾਂ ਦੇ ਅਨੁਭਵਾਂ ਦੇ ਮਾਇਨੇ

ਨਵੀਂ ਦੁਨੀਆ ਦੇ ਜਿਸ ਸਮਾਜੀ-ਸਿਆਸੀ ਪ੍ਰਸੰਗ ਦੀਆਂ ਖ਼ਾਸੀਅਤਾਂ ਦਾ ਜ਼ਿਕਰ ਉੱਪਰ ਕੀਤਾ ਗਿਆ ਹੈ ਜਿਨ੍ਹਾਂ ਵਿਚ ਮੋਹਰੀ ਪੰਜਾਬੀ ਆਵਾਸੀ ਕਿਰਤੀ ਰਹਿੰਦੇ ਰਹੇ ਤੇ ਕੰਮ ਕਰਦੇ ਰਹੇ, ਇਨ੍ਹਾਂ ਨੇ ਉਨ੍ਹਾਂ ਦੇ ਮਨਾਂ ਅੰਦਰ ਤਰ੍ਹਾਂ-ਤਰ੍ਹਾਂ ਦੇ ਸਵਾਲ ਉਠਾਉਣ ਦੀ ਜਿਗਿਆਸਾ ਜਗਾ ਦਿੱਤੀ। ਕੈਨੇਡਾ ਅਤੇ ਅਮਰੀਕਾ ਦੀ ਖ਼ੁਸ਼ਹਾਲੀ ਅਤੇ ਭਰਪੂਰਤਾ ਦੇ ਮੁਕਾਬਲੇ ਉਹ ਹਿੰਦੁਸਤਾਨ ਵਾਲੇ ਐਨੇ ਜ਼ਿਆਦਾ ਪੱਛੜੇ ਅਤੇ ਗ਼ਰੀਬ ਕਿਉਂ ਸਨ? ਉਨ੍ਹਾਂ ਦੇ ਬੱਚੇ ਭੁੱਖ ਨਾਲ ਕਿਉਂ ਮਰਦੇ ਸਨ? ਕੁਲ ਦੁਨੀਆ ਰਾਤ ਨੂੰ ਬਿਜਲੀ ਦੇ ਚਾਨਣ ਨਾਲ ਜਗਮਗਾਉਂਦੀ ਸੀ, ਉਨ੍ਹਾਂ ਦੇ ਪਿੰਡਾਂ ਵਿਚ ਐਨਾ ਘੁੱਪ ਹਨੇਰਾ ਕਿਉਂ ਸੀ? ਇਨ੍ਹਾਂ ਮੁਲਕਾਂ ਦੇ ਹੁਸ਼ਿਆਰ ਤੇ ਮੁਸਕਰਾਉਂਦੇ ਬੱਚੇ ਵਰਦੀਆਂ ਪਾਈ ਨਿੱਤ ਸਵੇਰੇ ਸਕੂਲ ਜਾਂਦੇ ਸਨ ਅਤੇ ਉੱਥੇ ਵਿਆਪਕ ਤਾਲੀਮ ਦੀ ਬਦੌਲਤ ਕਿੰਨੀ ਵਿਗਿਆਨਕ ਤਰੱਕੀ ਸੀ। ਪੰਜਾਬ ਅੰਦਰ ਉਨ੍ਹਾਂ ਦੇ ਪਿੰਡਾਂ ਵਿਚ ਤਾਲੀਮ ਦੀ ਪੂਰੀ ਤਰ੍ਹਾਂ ਅਣਹੋਂਦ ਕਿਉਂ ਸੀ? ਪਰਦੇਸਾਂ ਵਿਚ ਉਨ੍ਹਾਂ ਨੂੰ ਨਫ਼ਰਤ ਕਿਉਂ ਕੀਤੀ ਜਾਂਦੀ ਸੀ ਅਤੇ ਉਨ੍ਹਾਂ ਦਾ ਮਖੌਲ ਕਿਉਂ ਉਡਾਇਆ ਜਾਂਦਾ ਸੀ? ਉਨ੍ਹਾਂ ਨੂੰ ਦੂਰ-ਦਰਾਜ਼ ਮੁਲਕਾਂ ਵਿਚ ਆਕੇ ਕੁਲੀਆਂ ਜਾਂ ਉਜਰਤੀ ਮਜ਼ਦੂਰਾਂ ਵਾਂਗ ਕੰਮ ਕਿਉਂ ਕਰਨਾ ਪਿਆ? ਸਿੱਖ ਸਿਪਾਹੀਆਂ ਦੀ ਅਦਭੁੱਤ ਬਹਾਦਰੀ ਦੀ ਸ਼ਾਨ, ਬਰਤਾਨਵੀਆਂ ਵਲੋਂ 'ਮਾਰਸ਼ਲ ਨਸਲ' ਦੀਆਂ ਤਾਰੀਫ਼ਾਂ, ਅਤੇ 'ਉਨ੍ਹਾਂ ਦੀ ਸਲਤਨਤ ਦੇ ਵਧਾਰੇ-ਪਸਾਰੇ ਲਈ ਸਾਡੀਆਂ ਜਾਨਾਂ ਦੀ ਕੁਰਬਾਨੀ' ਕਿਸ ਕੰਮ? ਉਨ੍ਹਾਂ ਦਾ ਐਸਾ ਭਵਿੱਖ ਕਿਵੇਂ ਬਣ ਸਕਦਾ ਸੀ ਜਿਸ ਵਿਚ ਕਿਸੇ ਤਰ੍ਹਾਂ ਦੀ ਗ਼ਰੀਬੀ, ਭੈਅ ਅਤੇ ਜ਼ਲਾਲਤ ਨਾ ਹੋਵੇ? ਅਤੇ ਬਸਤੀਵਾਦੀ ਰਾਜ ਦੇ ਖ਼ਾਤਮੇ ਤੇ ਅਮਰੀਕਾ ਵਰਗੀ ਜਮਹੂਰੀਅਤ ਲਿਆਉਣ ਲਈ ਕੀ ਕੀਤਾ ਜਾਵੇ? ਉਨ੍ਹਾਂ ਦੇ ਦਿਲੋ-ਦਿਮਾਗਾਂ ਦੇ ਅੰਦਰੋਂ ਐਸੇ ਸਵਾਲ ਪਹਿਲਾਂ ਕੈਨੇਡਾ ਅਤੇ ਫਿਰ ਅਮਰੀਕਾ ਵਿਚ ਹਿੰਦੁਸਤਾਨੀ ਵਿਦਿਆਰਥੀਆਂ ਅਤੇ ਬੁੱਧੀਜੀਵੀਆਂ ਵਲੋਂ ਉਠਾਏ ਜਾਣ ਲੱਗੇ, ਖ਼ਾਸ ਕਰਕੇ ਹਰਦਿਆਲ ਵਲੋਂ ਉਨ੍ਹਾਂ ਨਾਲ ਮੀਟਿੰਗਾਂ ਵਿਚ ਅਤੇ ਹਫ਼ਤਾਵਾਰ *ਗ਼ਦਰ* ਅਖ਼ਬਾਰ ਜ਼ਰੀਏ। ਅਖ਼ਬਾਰ ਵਿਚ ਬਾਕਾਇਦਾ ਕਾਲਮ, ਜਿਵੇਂ *ਅੰਗਰੇਜ਼ੀ ਰਾਜ ਕਾ*

ਕੱਚਾ ਚਿੱਠਾ ਅਤੇ *ਅੰਕੋਂ ਕੀ ਗਵਾਹੀ* ਅਤੇ ਹੋਰ ਲੇਖ ਇਨ੍ਹਾਂ ਸਵਾਲਾਂ ਦੇ ਜਵਾਬ ਦੇਣ ਦੀ ਰੁਚੀ ਵਾਲੇ ਹੁੰਦੇ: ਜਵਾਬ ਜੋ ਸਿੱਧੇ-ਸਾਦੇ, ਰਸਮੀ ਤਾਲੀਮ ਤੋਂ ਕੋਰੇ ਕਿਸਾਨਾਂ ਦੇ ਸਮਝ ਪੈਂਦੇ। ਇਹ ਉਨ੍ਹਾਂ ਦੇ ਦਿਲਾਂ ਨੂੰ ਟੁੰਬਦੇ ਤੇ ਆਤਮਸਾਤ ਹੋ ਜਾਂਦੇ ਅਤੇ ਅਕਸਰ ਹੀ ਇਨ੍ਹਾਂ ਦਾ ਇਜ਼ਹਾਰ ਕਵਿਤਾ ਦੇ ਬੰਦਾਂ ਰਾਹੀਂ ਗਰਮਜੋਸ਼ੀ ਨਾਲ ਕੀਤਾ ਜਾਂਦਾ। ਦਰਅਸਲ, ਪੰਜਾਬੀ ਵਿਚ ਕਵਿਤਾਵਾਂ ਗੁੰਝਲਦਾਰ ਮੁੱਦਿਆਂ ਦੇ ਸਾਰ-ਤੱਤ ਦਾ ਸੰਚਾਰ ਕਰਦੀਆਂ ਸਨ ਅਤੇ ਰਚਨਾਤਮਕ ਵਾਧੇ ਦੀ ਖੁੱਲ੍ਹ ਦਿੰਦੀਆਂ ਸਨ।

ਭਾਵਨਾਵਾਂ, ਖ਼ਿਆਲਾਂ ਅਤੇ ਵਿਸ਼ਵਾਸਾਂ ਅਤੇ ਉਨ੍ਹਾਂ ਦੀ ਆਪਣੀ ਭੂਮਿਕਾ ਬਾਰੇ ਉਨ੍ਹਾਂ ਦੇ ਖ਼ਿਆਲਾਂ ਨੂੰ ਸੰਖੇਪ ਵਿਚ ਇੰਞ ਪੇਸ਼ ਕੀਤਾ ਜਾ ਸਕਦਾ ਹੈ:

1. ਆਪਣੀ ਕਿਸਮਤ ਉੱਪਰ ਸ਼ਰਮਿੰਦਗੀ ਦੀ ਭਾਵਨਾ ਉਨ੍ਹਾਂ ਦੇ ਕਾਲਜੇ ਸੱਲ ਪਾਉਂਦੀ ਸੀ ਕਿ ਉਨ੍ਹਾਂ ਨੂੰ ਪਰਦੇਸਾਂ ਵਿਚ ਕੁਲੀਆਂ ਵਾਂਗ ਕੰਮ ਕਰਨਾ ਪੈ ਰਿਹਾ ਸੀ, ਦੁਖਿਆਰੀ ਜ਼ਿੰਦਗੀ ਜਿਊਣੀ ਪੈ ਰਹੀ ਸੀ ਅਤੇ ਅਪਮਾਨ ਤੇ ਜ਼ਲਾਲਤ ਸਹਿਣੇ ਪੈ ਰਹੇ ਸਨ। ਇਕ ਤਰ੍ਹਾਂ ਨਾਲ ਪੀੜਤ ਹੋਣ, ਠੱਗੇ ਜਾਣ ਦੇ ਸਵੈ-ਸਰੂਰ ਦਾ ਇਜ਼ਹਾਰ ਦਾ ਨਮੂਨਾ ਇਹ ਬੰਦ ਹੈ:

   'ਜ਼ਮੀਨ ਵੇਹਲ ਨਾ ਦੇਂਵਦੀ, ਗਰਕ ਜਾਈਏ'।

   ਕਿਸਾਨੀ ਦੀ ਸ਼ਾਨ ਖੁੱਸ ਜਾਣ ਦੀ ਇਹ ਸ਼ਰਮਿੰਦਗੀ ਅਮਰੀਕਨਾਂ ਦੀ ਜ਼ਾਹਰਾ ਖ਼ੁਸ਼ਹਾਲੀ ਦੇ ਪ੍ਰਤੱਖ ਚਿੰਨਾਂ ਦੇ ਪ੍ਰਸੰਗ ਵਿਚ ਹੋਰ ਵੀ ਉੱਘੜਵੀਂ ਸੀ। ਇਹ ਮਹਿਸੂਸ ਕੀਤਾ ਗਿਆ ਕਿ ਸ਼ਾਇਦ ਇਹ ਸਭ ਹਿੰਦੁਸਤਾਨ ਵਿਚ ਫੈਲੀ ਵਿਆਪਕ ਗ਼ਰੀਬੀ, ਕਾਲ ਅਤੇ ਪਛੜੇਵੇਂ ਕਾਰਨ ਵਾਪਰਿਆ ਸੀ।

2. ਇਸ ਹੋਣੀ ਦਾ ਮੂਲ ਕਾਰਨ, ਜਿਵੇਂ ਉਨ੍ਹਾਂ ਨੇ ਇਸ ਨੂੰ ਸਮਝਿਆ, ਇਹ ਸੀ ਕਿ ਹਿੰਦੁਸਤਾਨ ਬਰਤਾਨਵੀ ਬਸਤੀਵਾਦੀ ਰਾਜ ਦੇ ਅਧੀਨ ਸੀ ਜਿਸ ਦੀ ਸਥਾਪਨਾ ਹਿੰਦੁਸਤਾਨ ਦੀ ਦੌਲਤ ਦੀ ਲੁੱਟਮਾਰ ਕਰਨ ਲਈ ਕੀਤੀ ਗਈ ਸੀ। ਕਿਉਂਕਿ:

   'ਪੈਸਾ ਸੂਤ ਸਾਰਾ ਹਿੰਦ ਦੇਸ ਵਾਲਾ
   ਇੰਗਲੈਂਡ ਦੇ ਵਿਚ ਲੈ ਜਾਣ ਲੋਕੋ।'

   ਇਸ ਨਾਲ ਕੋਰੇ ਅਨਪੜ੍ਹ ਕਿਰਤੀਆਂ ਲਈ ਬਸਤੀਵਾਦੀ ਲੁੱਟਖਸੁੱਟ ਨੂੰ ਡੂੰਘਾਈ 'ਚ ਸਮਝਣਾ ਹੋਰ ਵੀ ਸੁਖਾਲਾ ਹੋ ਗਿਆ। ਤਾਲੀਮ ਪੱਖੋਂ ਹਿੰਦੁਸਤਾਨ ਦੇ ਪਛੜੇਵੇਂ ਨੂੰ ਬਦੇਸ਼ੀ ਹੁਕਮਰਾਨਾਂ ਦੀ ਗੋਂਦ ਦਾ ਵੱਡਾ ਹਿਸਾ ਸਮਝਿਆ ਗਿਆ।

3. ਜਦੋਂ ਤਕ ਅਸੀਂ ਬਦੇਸ਼ੀ ਹੁਕਮਰਾਨਾਂ ਦਾ ਤਖ਼ਤ ਨਹੀਂ ਉਲਟਾ ਦਿੰਦੇ ਅਤੇ ਆਪਣੀ ਹੋਣੀ ਦੇ ਮਾਲਕ ਖ਼ੁਦ ਨਹੀਂ ਬਣ ਜਾਂਦੇ ਓਦੋਂ ਤਕ ਬਿਹਤਰ ਭਵਿੱਖ ਦੀ ਉਮੀਦ ਨਹੀਂ ਹੋ ਸਕਦੀ। ਇਹ ਵਿਸ਼ਵਾਸ ਕੀਤਾ ਗਿਆ ਕਿ ਅਮਰੀਕਨ ਇਸ ਕਰਕੇ ਅਮੀਰ ਸਨ ਕਿਉਂਕਿ ਉਨ੍ਹਾਂ ਦਾ ਮੁਲਕ ਆਜ਼ਾਦ ਸੀ; ਕਿਉਂਕਿ ਉਨ੍ਹਾਂ ਨੇ ਕਾਮਯਾਬੀ ਨਾਲ ਆਜ਼ਾਦੀ ਦੀ ਜੰਗ ਲੜੀ ਸੀ ਅਤੇ ਆਪਣੀ ਕੁਲ ਦੌਲਤ ਆਪਣੇ ਵਿਕਾਸ ਤੇ ਖ਼ੁਸ਼ਹਾਲੀ ਲਈ

ਖ਼ਰਚ ਕਰਦੇ ਸਨ। ਸਾਨੂੰ ਵੀ ਲਾਜ਼ਮੀ ਹੀ ਜਮਹੂਰੀ ਤਰਜ਼ ਦੀ ਸਰਕਾਰ ਕਾਇਮ ਕਰਨੀ ਚਾਹੀਦੀ ਹੈ ਜੋ ਧਰਮਨਿਰਪੱਖ ਹੋਵੇ ਅਤੇ ਲੋਕਾਂ ਦੀ ਤਾਲੀਮ ਨੂੰ ਉਤਸ਼ਾਹਤ ਕਰੇ।

4. ਹਿੰਦੁਸਤਾਨ ਅੰਦਰ ਬਰਤਾਨਵੀ ਬਦੇਸ਼ੀ ਥੋੜ੍ਹੀ ਤਾਦਾਦ 'ਚ ਸਨ ਅਤੇ ਹਿੰਦੁਸਤਾਨੀ 30 ਕਰੋੜ ਸਨ। ਉਹ ਸਾਡੇ ਉੱਪਰ ਸਾਡੇ ਆਪਣੇ ਵਤਨ ਵਾਸੀਆਂ ਦੀ ਮਦਦ ਨਾਲ ਰਾਜ ਕਰਦੇ ਸਨ, ਖ਼ਾਸ ਕਰਕੇ ਬਰਤਾਨਵੀ ਹਿੰਦੁਸਤਾਨੀ ਫ਼ੌਜ ਦੇ ਹਿੰਦੁਸਤਾਨੀ ਸਿਪਾਹੀਆਂ ਦੀ ਮਦਦ ਨਾਲ। ਜੇ ਹਿੰਦੁਸਤਾਨੀ ਇਕਜੁੱਟ ਹੋ ਜਾਣ ਅਤੇ ਮਾਲੀਆ ਤੇ ਹੋਰ ਟੈਕਸ ਦੇਣ ਤੋਂ ਨਾਂਹ ਕਰ ਦੇਣ, ਅਤੇ ਜੇ ਉਹ ਫ਼ੌਜ ਨੂੰ ਬੇਦਾਵਾ ਦੇ ਦੇਣ, ਫਿਰ ਅੰਗਰੇਜ਼ ਇਥੇ ਠਹਿਰ ਨਹੀਂ ਸਕਣਗੇ। ਉਹ ਇੰਝ ਮਹਿਸੂਸ ਕਰਦੇ ਸਨ। ਇਸੇ ਦਲੀਲ ਦੇ ਅਧਾਰ 'ਤੇ ਬਾਅਦ ਵਿਚ ਗਾਂਧੀ ਵਲੋਂ ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿੱਢੀ ਜਾਵੇਗੀ। ਇਹ ਦਲੀਲ ਦਿੱਤੀ ਗਈ ਸੀ ਕਿ ਜੇ ਸਿੱਖ ਸਿਪਾਹੀ ਅੰਗਰੇਜ਼ਾਂ ਦੀ ਮਦਦ ਨਾ ਕਰਦੇ ਤਾਂ ਉਨ੍ਹਾਂ ਨੂੰ 1857 ਦੇ ਗ਼ਦਰ ਦੌਰਾਨ ਸਹਿਜੇ ਹੀ ਭਜਾਇਆ ਜਾ ਸਕਦਾ ਸੀ। "ਇਹ ਸ਼ਰਮਨਾਕ ਸੀ; ਮਹਾਨ ਪੰਥ ਉੱਪਰ ਕਲੰਕ।" ਪਰ ਹੁਣ ਉਨ੍ਹਾਂ ਨੇ ਫ਼ੈਸਲਾ ਕੀਤਾ: "ਹੁਣ ਅਸੀਂ ਮੂਰਖ਼ ਨਹੀਂ ਬਣਾਂਗੇ।"

5. ਇਹ ਸਮਝਿਆ ਜਾਂਦਾ ਸੀ ਕਿ ਸੌੜੇ ਹਿੱਤਾਂ ਵਾਲੇ – ਅਮੀਰ ਅਤੇ ਜ਼ਮੀਂਦਾਰ – ਜੋ ਬਦੇਸ਼ੀ ਰਾਜ ਤੋਂ ਲਾਹੇ ਲੈਂਦੇ ਸਨ, ਉਹ ਆਜ਼ਾਦੀ ਦੇ ਸੰਘਰਸ਼ ਦੀ ਹਮਾਇਤ ਨਹੀਂ ਕਰਨਗੇ। ਲਿਹਾਜ਼ਾ, ਉਨ੍ਹਾਂ ਨੂੰ ਪੱਕਾ ਯਕੀਨ ਹੋ ਗਿਆ:

"ਮਿਲ ਕੇ ਸਬ ਗ਼ਰੀਬਾਂ ਨੇ ਗ਼ਦਰ ਕਰਨਾ,
ਆਸ ਰਖਣੀ ਨਾ ਸ਼ਾਹੂਕਾਰ ਵਾਲੀ।"

6. ਐਸੇ ਬਸਤੀਵਾਦੀ ਗ਼ਲਬੇ ਦਾ ਖ਼ਾਤਮਾ ਹਥਿਆਰਬੰਦ ਬਗ਼ਾਵਤ ਤੋਂ ਬਿਨਾ ਨਹੀਂ ਕੀਤਾ ਜਾ ਸਕਦਾ। ਇਹ 1857 ਵਾਲੇ ਗ਼ਦਰ ਦੇ ਨਮੂਨੇ 'ਤੇ ਕਰਨੀ ਹੋਵੇਗੀ। ਇਸ ਲਈ ਸਾਰੇ ਖਿੱਤਿਆਂ, ਜ਼ੁਬਾਨਾਂ, ਜਾਤਾਂ ਅਤੇ ਮਜ਼੍ਹਬਾਂ ਦੇ ਕੁਲ ਹਿੰਦੁਸਤਾਨੀਆਂ ਨੂੰ ਏਕੇ ਵਿਚ ਪਰੋਣ ਲਈ ਅਵਾਮ ਨੂੰ ਸਿਆਸੀ ਤਾਲੀਮ ਦਿੱਤੀ ਜਾਣੀ ਜ਼ਰੂਰੀ ਸੀ। ਇਹ ਲਾਜ਼ਮੀ ਸੀ ਕਿ ਹਿੰਦੁਸਤਾਨੀ ਸਿਪਾਹੀਆਂ ਨੂੰ ਆਪਣੇ ਨਾਲ ਜੋੜਿਆ ਜਾਵੇ ਅਤੇ ਉਹ ਹਥਿਆਰਬੰਦ ਬਗ਼ਾਵਤ ਵਿਚ ਸ਼ਾਮਲ ਹੋਣ। ਆਜ਼ਾਦੀ ਦੇ ਪ੍ਰਵਾਨਿਆਂ ਨੂੰ ਇਸ ਕਾਜ ਲਈ ਹਰ ਤਰ੍ਹਾਂ ਦੀਆਂ ਕੁਰਬਾਨੀਆਂ ਲਈ ਤਿਆਰ ਹੋਣਾ ਪਵੇਗਾ। ਜਿਹੜੇ ਵੀ ਸਾਡੇ ਰਾਹ ਦਾ ਰੋੜਾ ਬਣਦੇ ਹਨ –ਗ਼ਦਾਰ, ਮੁਖ਼ਬਰ, ਝੋਲੀਚੁੱਕ ਵਗੈਰਾ – ਉਨ੍ਹਾਂ ਨਾਲ ਫੌਰਨ ਨਜਿੱਠਣਾ ਹੋਵੇਗਾ।

7. ਗੁਰਦੁਆਰਿਆਂ, ਮੰਦਰਾਂ ਅਤੇ ਪੁਜਾਰੀਆਂ ਦੀ ਕੋਈ ਲੋੜ ਨਹੀਂ ਹੈ। "ਗ਼ੁਲਾਮਾਂ ਦਾ ਧਰਮ ਇਕ ਹੀ ਹੈ: ਦੇਸ਼ਭਗਤੀ", ਇਹ ਜ਼ੋਰ ਦਿੱਤਾ ਗਿਆ ਸੀ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਮਜ਼੍ਹਬ, ਜਾਤ ਜਾਂ ਜ਼ੁਬਾਨ ਨੂੰ ਲੈਕੇ ਵੰਡੀਆਂ ਕਪਟੀ ਅੰਗਰੇਜ਼ਾਂ ਦੀਆਂ ਪੈਦਾ

ਕੀਤੀਆਂ ਹੋਈਆਂ ਸਨ। "ਜੋ ਹੁਣ ਇਨ੍ਹਾਂ ਮੰਦਰਾਂ ਦੇ ਕਰਤਾ-ਧਰਤਾ ਹਨ ਜਾਂ ਸੌੜੇ ਹਿੱਤਾਂ ਦੀ ਵਕਾਲਤ ਕਰਦੇ ਹਨ, ਜਿਵੇਂ ਪੰਜਾਬ ਵਿਚ ਸਿੱਖ ਸਰਦਾਰ, ਉਹ ਅੰਗਰੇਜ਼ ਦੇ ਟੋਡੀ ਹਨ ਜੋ ਦਲਾਲਾਂ ਦਾ ਕੰਮ ਕਰਦੇ ਹਨ। ਉਹ ਪੰਥ ਅਤੇ ਵਤਨ ਦੇ ਵੈਰੀ ਹਨ।" *ਦੇਸ ਪੱਟਿਆ ਤੁਸਾਂ ਦੇ ਝਗੜਿਆਂ ਨੇ*। ਇਸ ਤਰ੍ਹਾਂ ਦੇ ਰੋਹ ਭਰੇ ਐਲਾਨਾਂ ਕਾਰਨ ਕਿ ਉਨ੍ਹਾਂ ਨੂੰ ਅਜਿਹੇ ਦੁਸ਼ਮਣਾਂ ਨੂੰ ਸੋਧਣ ਤੋਂ ਕੋਈ ਝਿਜਕ ਨਹੀਂ ਹੋਵੇਗੀ ਅਕਸਰ ਹੀ ਉਨ੍ਹਾਂ ਉਪਰ ਦਹਿਸ਼ਤਵਾਦ 'ਤੇ ਚੱਲਣ ਦੇ ਇਲਜ਼ਾਮ ਲਗਾਏ ਗਏ।

8. ਪੇਂਡੂ ਕਿਸਾਨੀ ਨਾਲ ਸਬੰਧਤ ਇਨ੍ਹਾਂ ਲੋਕਾਂ ਕੋਲ ਸਮਾਜੀ ਸਦਭਾਵਨਾ ਦੀ ਅਹਿਮੀਅਤ ਬਾਰੇ ਦੁਨਿਆਵੀ ਰਵਾਇਤੀ ਸੂਝ ਸੀ, ਜੋ ਬਦੇਸ਼ ਵਿਚ ਉਨ੍ਹਾਂ ਦੀ ਜ਼ਿੰਦਗੀ ਅਤੇ ਸੰਘਰਸ਼ ਦੌਰਾਨ ਹੋਰ ਮਜ਼ਬੂਤ ਹੋਈ। ਲਿਹਾਜ਼ਾ *"ਛੂਤ ਛਾਤ ਦਾ ਕੋਈ ਖਿਆਲ ਨਾਹੀਂ, ਸਾਨੂੰ ਪਰਖ ਨਾ ਚੂਹੜੇ, ਚਮਾਰ ਵਾਲੀ"* ਵਰਗੀਆਂ ਭਾਵਨਾਵਾਂ ਉਪਰ ਜ਼ੋਰ ਦਿੱਤਾ ਗਿਆ। ਨਿਸ਼ਚੇ ਹੀ ਉਹ ਆਪਣੇ ਹਮ-ਵਤਨੀਆਂ ਨੂੰ ਪਾਗਲ ਲੱਗਦੇ ਹੋਣਗੇ।

ਇਨ੍ਹਾਂ ਖ਼ਿਆਲਾਂ ਨਾਲ ਗੜੁੱਚ ਹੋਕੇ, 1913 'ਚ ਉਨ੍ਹਾਂ ਨੇ ਕੁਝ ਸਮੇਂ ਬਾਅਦ ਹਥਿਆਰਬੰਦ ਇਨਕਲਾਬ ਕਰਨ ਲਈ ਤਿਆਰੀ ਕਰਨ ਦਾ ਤੈਅ ਕਰ ਲਿਆ ਸੀ ਜਦੋਂ ਬਰਤਾਨਵੀ ਯੂਰਪ ਅੰਦਰ ਜਰਮਨੀ ਨਾਲ ਇਕ ਸੰਭਾਵੀ ਜੰਗ ਵਿਚ ਉਲਝੇ ਹੋਣਗੇ। ਪਰ ਜਦੋਂ ਅਗਸਤ 1914 'ਚ ਜੰਗ ਪਹਿਲਾਂ ਹੀ ਛਿੜ ਗਈ, ਫਿਰ ਇਹ ਸੋਚਿਆ ਗਿਆ ਕਿ ਤਿਆਰੀ ਨਾ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਮੌਕੇ ਦਾ ਲਾਹਾ ਲਾਜ਼ਮੀ ਲੈਣਾ ਚਾਹੀਦਾ ਹੈ। ਸ਼ਾਇਦ, ਇਕ ਹੋਰ ਕਾਰਕ ਸੀ ਉਸ ਵਕਤ ਅਮਰੀਕਾ ਵਿਚ ਇਨ੍ਹਾਂ ਪ੍ਰਵਾਸੀਆਂ ਵਿਚ ਵੱਡੇ ਪੈਮਾਨੇ 'ਤੇ ਬੇਰੋਜ਼ਗਾਰੀ ਜਿਸ ਨੇ ਕਾਜ ਲਈ ਬਹੁਤ ਸਾਰੇ ਹਮਦਰਦ ਮੁਹੱਈਆ ਕਰਵਾ ਦਿੱਤੇ। ਜੁਲਾਈ 1914 'ਚ ਸਮੁੱਚੇ ਮੁਸਾਫ਼ਰਾਂ ਸਮੇਤ, ਜਿਨ੍ਹਾਂ ਨੂੰ ਵੈਨਕੂਵਰ ਵਿਚ ਦਾਖ਼ਲ ਹੋਣ ਦੀ ਇਜਾਜ਼ਤ ਨਹੀਂ ਸੀ ਦਿੱਤੀ ਗਈ, ਕਾਮਾਗਾਟਾ ਮਾਰੂ ਨੂੰ ਵਾਪਸ ਭੇਜੇ ਜਾਣ ਨਾਲ ਜ਼ਿਆਦਾਤਰ ਹਿੰਦੁਸਤਾਨੀਆਂ ਵਿਚ ਬਰਤਾਨਵੀ ਹਕੂਮਤ ਦੇ ਖ਼ਿਲਾਫ਼ ਨਫ਼ਰਤ ਤੇ ਗੁੱਸਾ ਪੈਦਾ ਹੋ ਗਿਆ ਸੀ। ਇਹ ਅਗਲਾ ਕਾਰਕ ਸੀ ਜਿਸਨੇ ਅਗੇਤਾ ਫ਼ੈਸਲਾ ਲੈਣ ਵਿਚ ਹਿੱਸਾ ਪਾਇਆ ਕਿ ਸਾਰੇ ਹਿੰਦੁਸਤਾਨੀ ਪ੍ਰਵਾਸੀਆਂ ਨੂੰ ਵਾਪਸ ਹਿੰਦੁਸਤਾਨ ਚਲੇ ਜਾਣਾ ਚਾਹੀਦਾ ਹੈ ਅਤੇ ਹਥਿਆਰਬੰਦ ਸੰਘਰਸ਼ ਸ਼ੁਰੂ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਖ਼ੁਦ ਹੀ ਵਿਸ਼ਵਾਸ ਕਰ ਲਿਆ ਸੀ ਕਿ ਜ਼ਿਆਦਾਤਰ ਹਿੰਦੁਸਤਾਨੀ ਲੋਕ, ਖ਼ਾਸ ਕਰਕੇ ਪੰਜਾਬੀ ਲਾਜ਼ਮੀ ਹੀ ਉਨ੍ਹਾਂ ਜਿੰਨੇ ਗੁੱਸੇ 'ਚ ਅਤੇ ਐਸੀ ਬਰਤਾਨੀਆ ਵਿਰੋਧੀ ਬਗ਼ਾਵਤ ਲਈ ਤਿਆਰ ਹੋਣਗੇ। ਜਿਵੇਂ ਪ੍ਰਿਥਵੀ ਸਿੰਘ ਆਜ਼ਾਦ ਲਾਲੜੂ ਨੇ ਬਾਅਦ ਵਿਚ ਸਪਸ਼ਟ ਮੰਨਿਆ ਕਿ ਇਹ ਨਿਸ਼ਚੇ ਹੀ ਭਰਮ ਸੀ।

1915 'ਚ ਬਰਤਾਨਵੀ ਫ਼ੌਜ ਦੇ ਸਰਕਾਰ ਦੇ ਖ਼ਿਲਾਫ਼ ਹੋਏ ਸਿਪਾਹੀਆਂ ਦੀ ਮਦਦ ਨਾਲ ਹਥਿਆਰਬੰਦ ਬਗ਼ਾਵਤ ਦੀਆਂ ਯੋਜਨਾਵਾਂ ਅਸਫ਼ਲ ਰਹੀਆਂ। ਇਕ ਤਰ੍ਹਾਂ ਨਾਲ ਇਹ ਅਸਫ਼ਲ ਹੋਣੀਆਂ ਹੀ ਸਨ। ਉਨ੍ਹਾਂ ਦੀ ਜਥੇਬੰਦੀ ਅਤੇ ਗੋਲੀ-ਸਿੱਕੇ ਦਾ ਪੰਜਾਬ ਅੰਦਰ ਬਰਤਾਨਵੀਆਂ ਦੀ ਫ਼ੌਜੀ ਤਾਕਤ ਅਤੇ ਪ੍ਰਸ਼ਾਸਨਿਕ ਕੰਟਰੋਲ ਨਾਲ ਕੋਈ ਮੁਕਾਬਲਾ ਨਹੀਂ ਸੀ।

ਦਰਅਸਲ, ਉਨ੍ਹਾਂ ਕੋਲ ਸ਼ਾਇਦ ਹੀ ਕੋਈ ਹਥਿਆਰ ਸਨ। ਜੰਗ ਛਿੜਨ ਤੋਂ ਮਹਿਜ਼ ਅੱਠ ਮਹੀਨੇ ਪਹਿਲਾਂ ਹੀ ਅਮਰੀਕਾ ਵਿਚ ਲਹਿਰ ਸ਼ੁਰੂ ਕੀਤੀ ਗਈ ਸੀ। ਉਨ੍ਹਾਂ ਦੇ ਮੁੱਖ ਆਗੂ ਜੰਗ ਤੋਂ ਚਾਰ ਮਹੀਨੇ ਪਹਿਲਾਂ ਹੀ ਗ੍ਰਿਫ਼ਤਾਰ ਕਰ ਲਏ ਗਏ ਸਨ ਅਤੇ ਦ੍ਰਿਸ਼ ਤੋਂ ਲਾਂਭੇ ਕਰ ਦਿੱਤੇ ਗਏ ਸਨ। ਇਸ ਤੋਂ ਅੱਗੇ, ਉਹ ਹਕੀਕਤ ਵਿਚ ਸਿੱਧੇ-ਸਾਦੇ ਲੋਕ ਸਨ। ਉਹ ਇਹ ਨਹੀਂ ਸੀ ਜਾਣਦੇ ਕਿ ਬਰਤਾਨਵੀ ਸਰਕਾਰ ਗ਼ਦਰੀ ਜਥੇਬੰਦੀ ਅੰਦਰ ਕਈ ਸੂਹੀਏ ਵਾੜਨ ਵਿਚ ਕਾਮਯਾਬ ਹੋ ਗਈ ਸੀ। ਲਿਹਾਜ਼ਾ, ਉਨ੍ਹਾਂ ਦੀਆਂ ਯੋਜਨਾਵਾਂ ਨੂੰ ਨਾਕਾਮ ਬਣਾਉਣ ਲਈ ਸਰਕਾਰੀ ਅਧਿਕਾਰੀਆਂ ਵਲੋਂ ਬਹੁਤ ਹੀ ਕਾਰਗਰ ਕਦਮ ਚੁੱਕੇ ਗਏ ਸਨ। ਅਸਲੀਅਤ ਇਹ ਸੀ ਕਿ ਉਨ੍ਹਾਂ ਕੋਲ ਅਜੇ ਕੋਈ ਸਪਸ਼ਟ ਯੋਜਨਾ ਹੈ ਹੀ ਨਹੀਂ ਸੀ। ਜ਼ਿਆਦਾਤਰ ਅਹਿਮ ਆਗੂ ਹਿੰਦੁਸਤਾਨ ਵਿਚ ਆਉਂਦੇ ਸਾਰ ਗ੍ਰਿਫ਼ਤਾਰ ਕਰ ਲਏ ਗਏ ਸਨ। ਪੰਜਾਬ ਆਕੇ ਉਨ੍ਹਾਂ ਨੇ ਇਹ ਵੀ ਦੇਖਿਆ ਕਿ ਪੰਜਾਬ ਵਿਚ ਉਨ੍ਹਾਂ ਨੂੰ ਬਹੁਤ ਹੀ ਘੱਟ ਹਮਾਇਤ ਮਿਲ ਸਕਦੀ ਸੀ। ਪਰ ਉਹ ਤਾਂ ਇਕ ਜਜ਼ਬੇ ਨਾਲ ਲਟ-ਲਟ ਬਲ ਰਹੇ ਸਨ। ਉਨ੍ਹਾਂ ਕੋਲ ਇਕ ਮੁਤਬਾਦਲ ਸਿਆਸਤ ਸੀ; ਮੁਲਕ ਦੀ ਮੌਜੂਦ ਸਿਆਸਤ ਦੇ ਨਮੂਨੇ ਦਾ ਬਦਲ। ਜਿਵੇਂ ਉਹ ਉਤਸ਼ਾਹ ਨਾਲ ਗਾਉਂਦੇ ਸਨ: *ਨਵਾਂ ਰੂਪ ਰਚਾਂ ਹਿੰਦ ਦੇ ਸਮਾਜ ਦਾ; ਤੁਖ਼ਮ ਉਡੌਣਾ ਜ਼ਾਲਮਾਂ ਦੇ ਰਾਜ ਦਾ*, ਉਨ੍ਹਾਂ ਦਾ ਸੰਘਰਸ਼ ਇਕ ਨਵੀਂ ਤਰ੍ਹਾਂ ਦੇ ਸਮਾਜੀ ਤੇ ਸਿਆਸੀ ਪ੍ਰਬੰਧ ਦੀ ਦ੍ਰਿਸ਼ਟੀ ਵਾਲਾ ਸੀ।

ਉਨ੍ਹਾਂ ਦੀ ਕਲਪਨਾ ਦੀ ਹਰਮਨਪਿਆਰੀ ਹਥਿਆਰਬੰਦ ਬਗ਼ਾਵਤ ਸ਼ੁਰੂ ਨਾ ਹੋ ਸਕੀ। ਕਈ ਸਾਜ਼ਿਸ਼ ਮੁਕੱਦਮੇ ਚਲਾਕੇ, ਉਨ੍ਹਾਂ ਵਿੱਚੋਂ 42 ਨੂੰ "ਸ਼ਹਿਨਸ਼ਾਹ ਦੇ ਖ਼ਿਲਾਫ਼ ਜੰਗ ਛੇੜਨ" ਲਈ ਫਾਂਸੀ ਦੇ ਦਿੱਤੀ ਗਈ। 114 ਨੂੰ ਉਮਰਕੈਦ ਦੀ ਸਜ਼ਾ ਦੇ ਕੇ ਅੰਡੇਮਾਨ ਦੀ ਸੈਲੂਲਰ ਜੇਲ੍ਹ ਵਿਚ ਭੇਜ ਦਿੱਤਾ ਗਿਆ ਅਤੇ 93 ਨੂੰ ਵੱਖੋ-ਵੱਖਰੀ ਕੈਦ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ। ਉਨ੍ਹਾਂ ਦੀਆਂ ਜਾਇਦਾਦਾਂ ਜ਼ਬਤ ਕਰ ਲਈਆਂ ਗਈਆਂ ਅਤੇ ਉਨ੍ਹਾਂ ਪਿੰਡਾਂ ਨੂੰ ਸਖ਼ਤ ਜੁਰਮਾਨੇ ਕੀਤੇ ਗਏ ਜਿਨ੍ਹਾਂ ਨਾਲ ਗ਼ਦਰੀ ਸਬੰਧਤ ਸਨ। ਸੈਂਕੜੇ ਗ਼ਦਰੀਆਂ ਨੂੰ ਲੰਮੇ ਵਕਤ ਲਈ ਉਨ੍ਹਾਂ ਦੇ ਪਿੰਡਾਂ ਅੰਦਰ ਡੱਕ ਦਿੱਤਾ ਗਿਆ। ਉਨ੍ਹਾਂ ਵਿੱਚੋਂ 90ਫ਼ੀਸਦੀ ਸਿੱਖ ਸਨ ਪਰ ਉਨ੍ਹਾਂ ਦਾ ਅਕੀਦਾ, ਕਦਰਾਂ-ਕੀਮਤਾਂ ਅਤੇ ਰਵੱਈਏ ਪੰਜਾਬ ਦੇ ਸਿੱਖ ਭਾਈਚਾਰੇ ਦੀ ਮੁੱਖਧਾਰਾ ਲੀਡਰਸ਼ਿਪ ਦੇ ਮੁੱਖ ਤੌਰ 'ਤੇ ਸੰਕੀਰਣ ਤੇ ਸੌੜੇ ਸਰੋਕਾਰਾਂ ਤੋਂ ਵਿਲੱਖਣ ਰੂਪ 'ਚ ਵੱਖਰੇ ਸਨ। ਉਹ ਆਪਣੀ ਤੰਦਰੁਸਤੀ ਅਤੇ ਸਾਫ਼-ਸਫ਼ਾਈ ਰੱਖਣ ਤੇ ਸਾਰਿਆਂ ਨੂੰ ਤਾਲੀਮ ਦੇਣ ਦੀ ਜ਼ਰੂਰਤ ਨਾਲ ਬਹੁਤ ਹੀ ਡੂੰਘਾ ਸਰੋਕਾਰ ਰੱਖਦੇ ਸਨ। ਉਹ ਢੌਂਗ ਨੂੰ ਨਫ਼ਰਤ ਕਰਦੇ ਸਨ। ਇਹ ਹੈਰਾਨੀ ਦੀ ਗੱਲ ਨਹੀਂ ਜੇ ਉਨ੍ਹਾਂ ਵਿੱਚੋਂ ਜ਼ਿਆਦਾਤਰ ਕਮਿਊਨਿਸਟ ਲਹਿਰ ਵੱਲ ਖਿੱਚੇ ਗਏ।

ਉਨ੍ਹਾਂ ਦੇ ਸੰਘਰਸ਼ ਅਤੇ ਕੁਰਬਾਨੀਆਂ ਦਾ ਇਕ ਸਿੱਟਾ ਇਹ ਸੀ ਕਿ ਬਾਅਦ ਵਿਚ ਬਰਤਾਨੀਆ ਕਦੇ ਵੀ ਇਹ ਮੰਨਕੇ ਨਹੀਂ ਚਲ ਸਕਿਆ ਕਿ ਸਿੱਖ ਤਾਂ ਉਸਦੇ ਵਫ਼ਾਦਾਰ ਹੀ ਹਨ। ਰੌਲਟ ਐਕਟ ਦੇ ਖ਼ਿਲਾਫ਼ ਗਾਂਧੀ ਦੇ ਰੋਸ-ਵਿਖਾਵੇ ਨੂੰ ਪੰਜਾਬ ਤੋਂ ਜੋ ਜ਼ਬਰਦਸਤ ਹਮਾਇਤ ਹਾਸਲ ਹੋਈ ਉਹ ਮੁੱਖ ਤੌਰ 'ਤੇ ਇਨ੍ਹਾਂ ਬਾਹਰੋਂ ਆਏ ਗ਼ਦਰੀਆਂ ਦੇ ਖ਼ਿਆਲਾਂ ਅਤੇ ਕੁਰਬਾਨੀਆਂ ਨਾਲ ਪੈਦਾ ਹੋਏ ਖ਼ਾਮੋਸ਼ ਗੁੱਸੇ ਦਾ ਸਿੱਟਾ ਸੀ। ਅਕਾਲੀ ਲਹਿਰ ਉੱਪਰ ਛਾਈਆਂ ਬਰਤਾਨੀਆ

ਵਿਰੋਧੀ ਭਾਵਨਾਵਾਂ ਨੇ ਗ਼ਦਰ ਨਾਇਕਾਂ ਦੇ ਜਜ਼ਬੇ ਨੂੰ ਅੱਗੇ ਤੋਰਿਆ।

1905-14 ਦੇ ਅਰਸੇ ਦੌਰਾਨ ਉੱਤਰੀ ਅਮਰੀਕਾ ਗਏ ਇਨ੍ਹਾਂ ਮੋਹਰੀ ਪ੍ਰਵਾਸੀਆਂ ਦੇ ਤਜ਼ਰਬੇ ਤੇ ਕਾਇਆਪਲਟੀ ਅਤੇ ਮੁਲਕ ਦੀ ਆਜ਼ਾਦੀ ਅਤੇ ਹਿੰਦੁਸਤਾਨ ਦੇ ਸਮਾਜੀ ਤੇ ਸਿਆਸੀ ਪ੍ਰਬੰਧ ਵਿਚ ਰੈਡੀਕਲ ਬਦਲਾਓ ਲਿਆਉਣ ਲਈ ਉਨ੍ਹਾਂ ਦੀ ਅਡੋਲ ਵਚਨਬੱਧਤਾ ਵਿਚ ਕੁਝ ਖ਼ਾਸ ਸੀ। ਜੋ 1917-1947 ਦੌਰਾਨ ਅਮਰੀਕਾ-ਕੈਨੇਡਾ ਵਿਚ ਰਹੇ ਅਤੇ ਉੱਥੇ ਕੰਮ ਕਰਦੇ ਰਹੇ ਜਾਂ ਫਿਰ ਜਿਨ੍ਹਾਂ ਨੇ ਇਸ ਪਿੱਛੋਂ ਹੋਰ ਥਾਈਂ ਪ੍ਰਵਾਸ ਕੀਤਾ ਉਨ੍ਹਾਂ ਕਿਸੇ ਵਿਚ ਵੀ ਐਸੀ ਕਾਇਆਪਲਟੀ ਜਾਂ ਵਚਨਬੱਧਤਾ ਨਹੀਂ ਮਿਲਦੀ।

NOTES AND REFERENCES

1. Barrier, N. G 1966. The Punjab Alienation of Land Bill 1900. Duke University Monograph No.2
2. Burjor, Dady. 1914. Indian Immigration to the United States of America. Confidential Report, Government of India, J and P File, No. 39, Serial No. 16.
3. Darling, Sir Malcolm, 1947, The Punjab Peasant in Prosperity and Debt, London-.OUP
4. Government of India, Sedition Committee Report 1918, rpt. Calcutta: New Age Publishers, 1973.
5. Jenson, Joan M. 1988, Passage from India: Asian Indian Immigration in North America, New Haven; Yale Universityt Press.
6. Jones, Kenneth, 1976, AryaDharm: Hindu Consciousness in the 19th Century Punjab, New Delhi; Manohar Publishers.
7. Johnston, Hugh, 1988, 'Patterns of Sikh migration to Canada, 1900-1960', in J.T.O. Connell, Milton Israel, Willard G Oxtoby (eds.), Sikh History and Religion in the Twentieth Century (South Asian Studies Papers 3), Toronto, Uni versity of Toronto.
8. MacKinnon, Janice R. and Stephen R. MacKinnon, 1988, Agnes Smedley: The Life and Times of an American Radical, Berkley University of California Press.
9. Nayar, Baldev Raj, 1966, Minority Politics in the Punjab, Princeton, Princeton University Press, NJ.

10. O' Donell, C.J. 1908, The Causes of Present Discontent in India, London.
11. Petrie, D. 1911, Developments in Sikh Politics 1901-1911: A Report. Reprinted by Chief Khalsa Diwan, Amritsar.
12. Puri Harish K. 1993, Ghadar Movement: Ideology, Organisation and Strategy, Amritsar, Guru Nanak Dev University.
13. 2000, 'The Ghadr Movement and Change in Political Culture' in Harish K. Puri and Paramjit S. Judge (edts.), Social and Political Movements: Reading on Punjab, Jaipur: Rawat Publications
14. Rathore, NaeemGul, 1965, 'Indian Nationalist Agitation in the United States: A Study of LalaLajpatRai and the India Home Rule League of America 1914-1920', Ph.D. Dissertation, USA, Columbia University.
15. Sharma, Inderjit, 1980, 'Punjab Famines and the British Policy in the 19th Century', Punjab History Conference, Patiala; Punjabi University.

ਗ਼ਦਰ ਦੇ ਲੱਛਣ - ਨਸਲੀ-ਸੱਭਿਆਚਾਰਕ ਰੋਹ ਤੇ ਕੌਮੀ ਸਵੈਮਾਣ

–ਮਾਰਕ ਜਿਉਰਜਨਸਮੇਅਰ

ਇਸ ਸਦੀ ਦੇ ਪਹਿਲੇ ਦਹਾਕਿਆਂ ਵਿਚ, ਕੈਲੀਫੋਰਨੀਆ ਨੇ ਇਕ ਐਸੇ ਬਹੁਤ ਹੀ ਵਚਿੱਤਰ ਅਤੇ ਯਾਦਗਾਰੀ ਹੰਭਲੇ ਦਾ ਦ੍ਰਿਸ਼ ਮੁਹੱਈਆ ਕੀਤਾ ਜੋ ਅਮਰੀਕਾ ਅੰਦਰ ਕਿਸੇ ਨਸਲੀ-ਸੱਭਿਆਚਾਰਕ ਭਾਈਚਾਰੇ ਵਲੋਂ ਸ਼ੁਰੂ ਕੀਤਾ ਗਿਆ ਸੀ; ਹਿੰਦੁਸਤਾਨ ਦੇ ਪ੍ਰਵਾਸੀ ਨਾਗਰਿਕਾਂ ਦੇ ਇਕ ਗਰੁੱਪ ਵਲੋਂ ਇਕ ਇਨਕਲਾਬੀ ਫ਼ੌਜ ਬਣਾਉਣ, ਸਮੁੰਦਰ ਤੋਂ ਹੁੰਦੇ ਹੋਏ ਹਿੰਦੁਸਤਾਨ ਉੱਪਰ ਧਾਵਾ ਬੋਲਣ ਅਤੇ ਇਸ ਨੂੰ ਬਰਤਾਨਵੀ ਰਾਜ ਦੀ ਜਕੜ ਵਿੱਚੋਂ ਆਜ਼ਾਦ ਕਰਾਉਣ ਦਾ ਯਤਨ। ਇਹ ਜਿਵੇਂ ਵਾਪਰਿਆ, ਇਕ ਖ਼ਿਆਲੀ ਉਮੀਦ ਅਤੇ ਇਕ ਤ੍ਰਾਸਦਿਕ ਮਿਸ਼ਨ ਸੀ।

ਇਸ ਨੂੰ ਜਥੇਬੰਦ ਕਰਨ ਵਾਲੇ ਪੰਜਾਬੀਆਂ ਨੇ ਇਸ ਨੂੰ ਗ਼ਦਰ ਕਿਹਾ। ਇਸ ਦਾ ਭਾਵ ਸੀ "ਫ਼ੌਜੀ ਵਿਦਰੋਹ" ਜਾਂ "ਬਗ਼ਾਵਤ" ਅਤੇ ਉਨ੍ਹਾਂ ਦੇ ਵਧ ਰਹੇ ਪ੍ਰਚਾਰ ਦੇ ਸਿੱਟੇ ਵਜੋਂ 1915 'ਚ ਇਸ ਦਾ ਯਤਨ ਕੀਤਾ ਗਿਆ। ਹਥਿਆਰਾਂ ਅਤੇ ਪ੍ਰਚਾਰ ਸਮੱਗਰੀ ਨਾਲ ਲੱਦੀਆਂ ਪੰਜ ਕਿਸ਼ਤੀਆਂ ਕੈਲੀਫੋਰਨੀਆ ਦੀਆਂ ਪੰਜ ਵੱਖੋ-ਵੱਖਰੀਆਂ ਬੰਦਰਗਾਹਾਂ ਤੋਂ ਪਾਣੀ ਵਿਚ ਠਿੱਲ ਪਈਆਂ, ਜਿਨ੍ਹਾਂ ਦੀ ਅਦਾਇਗੀ ਜਰਮਨ ਜੰਗੀ ਮਿਸ਼ਨ ਨੇ ਕੀਤੀ ਸੀ। ਆਹ, ਇਨ੍ਹਾਂ 'ਚੋਂ ਜ਼ਿਆਦਾਤਰ ਬਰਤਾਨਵੀਆਂ ਨੇ ਸਫ਼ਰ ਦੌਰਾਨ ਹੀ ਫੜ ਲਈਆਂ। ਜੋ ਕੰਢੇ 'ਤੇ ਜਾ ਪਹੁੰਚੀਆਂ ਉਨ੍ਹਾਂ ਦਾ ਵਾਹ ਬਰਤਾਨਵੀ ਅਧਿਕਾਰੀਆਂ ਨਾਲ ਪਿਆ, ਅਤੇ ਕਈ ਆਗੂਆਂ ਨੂੰ ਫਾਹੇ ਲਾ ਦਿੱਤਾ ਗਿਆ। ਬਾਕੀਆਂ ਉੱਪਰ ਅਮਰੀਕਨ ਸਰਕਾਰ ਨੇ ਮੁਕੱਦਮਾ ਚਲਾਇਆ ਅਤੇ ਉਨ੍ਹਾਂ 'ਚੋਂ ਕਈਆਂ ਨੂੰ ਡੀਪੋਰਟ ਕਰ ਦਿੱਤਾ ਗਿਆ।

ਜਿਗਿਆਸਾ ਇਹ ਹੈ ਕਿ ਲਹਿਰ ਦੇ ਮੈਂਬਰ ਉਸ ਵਕਤ ਪਿੱਛੇ ਹਿੰਦੁਸਤਾਨ ਵਿਚ ਆਪਣੇ ਰਾਸ਼ਟਰਵਾਦੀ ਹਮਦੇਸ਼ਭਗਤਾਂ ਤੋਂ ਜ਼ਿਆਦਾ ਖਾੜਕੂ ਸਨ। ਉਨ੍ਹਾਂ ਦੀ ਆਜ਼ਾਦ ਲਹਿਰ ਕਰੀਬ-ਕਰੀਬ ਇਕੱਲੇ ਅਮਰੀਕਾ ਵਿਚ ਸੀ, ਅਤੇ ਇਸਦੇ ਹਿੰਦੁਸਤਾਨ ਨਾਲ ਸਬੰਧ ਉੱਘੜਵੇਂ ਰੂਪ 'ਚ ਕਮਜ਼ੋਰ ਸਨ। ਉਨ੍ਹਾਂ ਦੇ ਹੰਭਲੇ ਦੀ ਮਾਰਮਿਕਤਾ ਉਨ੍ਹਾਂ ਦੇ ਨਿਖੇੜੇ ਤੋਂ ਸਮਝ ਪੈਂਦੀ ਹੈ: ਬਾਗ਼ੀਆਂ ਦੀ ਇਕ ਨਿਹਚਾਵਾਨ ਟੋਲੀ ਜਿਨ੍ਹਾਂ ਨੇ ਅੱਧੀ ਦੁਨੀਆ ਦੇ ਫ਼ਾਸਲੇ 'ਤੇ ਬਰਤਾਨਵੀ ਹਿੰਦੁਸਤਾਨ ਵਿਰੁੱਧ ਇਕੱਲਿਆਂ ਹੀ ਗ਼ਦਰ ਜਾਰੀ ਰੱਖਿਆ।

ਫਿਰ ਉਨ੍ਹਾਂ ਨੇ ਇਹ ਕਿਉਂ ਕੀਤਾ? ਇਸ ਸਵਾਲ ਦੇ ਜਵਾਬ ਦੇ ਪਾਸਾਰ ਗ਼ਦਰ ਦੀ ਘਟਨਾ ਤੋਂ ਪਾਰ ਹਨ, ਕਿਉਂਕਿ ਗ਼ਦਰ ਜਿੰਨਾ ਵੀ ਅਜੀਬ ਲੱਗ ਸਕਦਾ ਹੈ, ਇਹ ਪ੍ਰਵਾਸੀ

ਭਾਈਚਾਰੇ ਦੇ ਅੰਦਰ ਖਾੜਕੂ ਰਾਸ਼ਟਰਵਾਦ ਦੇ ਨਮੂਨੇ ਦੇ ਵਿੱਟ ਬੈਠਦਾ ਹੈ ਜਿਸ ਵਿਚ ਆਇਰਿਸ਼ ਰਾਸ਼ਟਰਵਾਦੀ, ਚੀਨੀ ਅਤੇ ਕੋਰੀਆਈ ਇਨਕਲਾਬੀ, ਅਤੇ ਸਾਡੇ ਸਮਿਆਂ ਵਿਚ ਇਰਾਨੀ ਖਾੜਕੂ ਸ਼ਾਮਲ ਹਨ। ਫਿਰ, ਗ਼ਦਰ ਦੇ ਮਾਮਲੇ ਵਿਚ ਨਸਲੀ-ਸੱਭਿਆਚਾਰਕ ਰੋਹ ਅਤੇ ਰਾਸ਼ਟਰਵਾਦੀ ਗੌਰਵ ਦੇ ਲੱਛਣ ਹਨ, ਅਤੇ ਉਨ੍ਹਾਂ ਦਰਮਿਆਨ ਸਬੰਧ ਮੰਗ ਕਰਦਾ ਹੈ ਕਿ ਇਸ ਨੂੰ ਸਮਝਿਆ ਜਾਵੇ।

ਸਾਡੀ ਛਾਣਬੀਣ ਪੈਸੀਫਿਕ ਤੋਂ ਦੋਵੇਂ ਦਿਸ਼ਾਵਾਂ ਵੱਲ ਨੂੰ ਲੈ ਤੁਰਦੀ ਹੈ: ਅਮਰੀਕੀ ਪ੍ਰਸੰਗ ਅਤੇ ਹਿੰਦੁਸਤਾਨੀ। ਪੰਜਾਬ ਪ੍ਰਸੰਗ ਸਾਨੂੰ ਇਹ ਸਮਝਣ ਵਿਚ ਮਦਦ ਕਰਦਾ ਹੈ ਕਿ ਪਹਿਲੀ ਗੱਲ ਤਾਂ ਇਹ ਕਿ ਇਹ ਆਵਾਸੀ ਅਮਰੀਕਾ ਕਿਉਂ ਆਏ: ਇਸ ਸਦੀ ਦੇ ਸ਼ੁਰੂ ਦੀ ਆਰਥਕ, ਸਮਾਜੀ ਅਤੇ ਸਿਆਸੀ ਹਲਚਲ ਕਿਉਂ ਸੀ। ਅਮਰੀਕੀ ਪ੍ਰਸੰਗ ਇਹ ਵਿਆਖਿਆ ਕਰਨ ਲਈ ਅੰਦਾਜ਼ਾ ਮੁਹੱਈਆ ਕਰਦਾ ਹੈ ਕਿ ਨਵੇਂ ਆਵਾਸੀ ਭਾਈਚਾਰੇ ਦੀਆਂ ਮਾਯੂਸੀਆਂ ਦਾ ਦੋਹਰੇ ਸੰਕਟ ਵਜੋਂ ਅਨੁਭਵ ਕਿਵੇਂ ਹੋਇਆ ਸੀ ਅਤੇ ਇਹ ਗ਼ਦਰ ਖਾੜਕੂਪਣ ਵਿਚ ਕਿਵੇਂ ਬਦਲੀਆਂ ਸਨ। ਉੱਤਰੀ ਅਮਰੀਕਨ ਗੋਰਿਆਂ ਦੇ ਤੁਅੱਸਬ ਪ੍ਰਤੀ ਵਿਰੋਧ-ਭਾਵਨਾ ਹਿੰਦੁਸਤਾਨ ਵਿਚ ਬਸਤੀਵਾਦੀ ਦਾਬੇ ਵਿਰੁੱਧ ਰਾਸ਼ਟਰਵਾਦੀ ਸੰਘਰਸ਼ ਨਾਲ ਜਾ ਜੁੜੀ ਸੀ। ਅਮਰੀਕਾ ਵਿਚ, ਨਵਾਂ ਆਵਾਸੀ ਭਾਈਚਾਰਾ ਆਪਣੀ ਜਾਗਰੂਕਤਾ ਨੂੰ ਬਰਕਰਾਰ ਰੱਖਣ ਦਾ ਯਤਨ ਕਰ ਰਿਹਾ ਸੀ, ਅਤੇ ਇਕ ਨਸਲੀ-ਸੱਭਿਆਚਾਰਕ ਕਿਰਤੀ ਜਮਾਤ ਵਜੋਂ ਆਪਣੀ ਨਵੀਂ ਪਛਾਣ ਨੂੰ ਵਿਕਸਤ ਕਰ ਰਿਹਾ ਸੀ, ਇਹ ਸਭ ਭੈਅ ਅਤੇ ਸੰਦੇਹ ਦੇ ਮਾਹੌਲ ਵਿਚ ਹੋ ਰਿਹਾ ਸੀ। ਅਮਰੀਕਾ ਅਤੇ ਹਿੰਦੁਸਤਾਨ ਅੰਦਰ ਦਾਬੇ ਵਿਰੁੱਧ ਸੰਘਰਸ਼ ਇਕ ਸੰਘਰਸ਼ ਵਿਚ ਜੁੜ ਗਿਆ: ਯਾਨੀ ਗ਼ਦਰ।

ਤਾਂ ਫਿਰ, ਗ਼ਦਰ ਪਛਾਣ ਜੋ ਰਾਸ਼ਟਰਵਾਦ ਅਤੇ ਫਿਰਕਾਵਾਦ ਉਹ ਹਿੰਦੁਸਤਾਨ ਤੋਂ ਨਾਲ ਲਿਆਏ, ਅਤੇ ਜਮਾਤੀ ਚੇਤਨਾ ਤੇ ਨਸਲੀ-ਸੱਭਿਆਚਾਰਕ ਪਛਾਣ ਜੋ ਉਨ੍ਹਾਂ ਨੂੰ ਅਮਰੀਕਾ ਵਿਚ ਮਾਲੂਮ ਹੋਈ ਦੋਵਾਂ ਦਾ ਮਿਸ਼ਰਣ ਸੀ। ਪਹਿਲਾ ਨਹੱਕੀਆਂ ਬਰਤਾਨਵੀ ਨੀਤੀਆਂ ਅਤੇ ਪੰਜਾਬ ਅੰਦਰ ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਅੰਦਰ ਮੌਜੂਦ ਤਣਾਵਾਂ ਨੂੰ ਹੁੰਗਾਰਾ ਸੀ ਅਤੇ ਮਗਰਲਾ ਅਮਰੀਕਾ ਅੰਦਰ ਆਰਥਕ ਤੇ ਨਸਲੀ ਦਾਬੇ ਨੂੰ ਹੁੰਗਾਰਾ ਸੀ। ਇਹ ਤੱਤ ਗ਼ਦਰ ਲਹਿਰ ਦੇ ਮਿਸ਼ਰਤ ਮਨੋਰਥ ਬਣਦੇ ਸਨ; ਜੋ ਜਥੇਬੰਦੀ ਅੰਦਰਲੇ ਤਣਾਵਾਂ ਵਿਚ ਜ਼ਾਹਰ ਹੁੰਦੇ ਸਨ, ਅਤੇ ਇਨ੍ਹਾਂ ਦਾ ਝਲਕਾਰਾ ਇਸ ਦੀ ਮੈਂਬਰਸ਼ਿਪ ਦੀ ਬਣਤਰ ਵਿਚ ਵੀ ਪੈਂਦਾ ਸੀ।

ਲਹਿਰ ਦੇ ਰਲੇ-ਮਿਲੇ ਹਮਾਇਤੀ

ਸਦੀ ਦੇ ਅਖ਼ੀਰ 'ਚ ਕੈਨੇਡਾ ਅਤੇ ਅਮਰੀਕਾ ਦੇ ਪੱਛਮੀ ਸਮੁੰਦਰੀ ਕੰਢੇ ਉੱਪਰ ਆਏ ਹਿੰਦੁਸਤਾਨੀ ਮੁੱਖ ਤੌਰ 'ਤੇ ਪੰਜਾਬੀ, ਅਨਪੜ੍ਹ ਕਿਸਾਨ ਤੇ ਮਜ਼ਦੂਰ, ਵਿਦਿਆਰਥੀ, ਅਤੇ ਧਰਮ-ਪ੍ਰਚਾਰਕ ਸਨ। ਗ਼ਦਰ ਲਹਿਰ ਇਨ੍ਹਾਂ ਦਾ ਮਿਸ਼ਰਣ ਸੀ; ਅਤੇ ਉਨ੍ਹਾਂ ਦੇ ਸਮਾਜੀ ਸਰੋਕਾਰ ਉਨ੍ਹਾਂ ਦੇ ਕਿੱਤਿਆਂ ਦੀ ਤਰ੍ਹਾਂ ਵੱਖੋ-ਵੱਖਰੇ ਸਨ।

ਲਹਿਰ ਵਿਚ ਸਿਆਸੀ ਪਨਾਹ ਲੈਣ ਵਾਲੇ ਸ਼ਾਮਲ ਸਨ ਜਿਨ੍ਹਾਂ ਦੇ ਦੇਖਿਆ ਕਿ ਉੱਤਰੀ ਅਮਰੀਕਾ ਬਸਤੀਵਾਦੀ ਰਾਜ ਵਿਰੁੱਧ ਬੋਲਣ ਲਈ ਸੁਖਾਵੀਂ ਜਗ੍ਹਾ ਸੀ। ਗ਼ਦਰ ਦਾ ਸਭ ਤੋਂ ਉੱਭਰਵਾਂ ਅਤੇ ਧੜੱਲੇਦਾਰ ਆਗੂ, ਹਰਦਿਆਲ, ਮਹਿਮਾਨ ਵਿਦਵਾਨ ਵਜੋਂ ਅਮਰੀਕਾ ਆਇਆ ਸੀ; ਪਰ ਉਹ ਉਸ ਵਡੇਰੀ ਆਜ਼ਾਦੀ ਕਾਰਨ ਵੀ ਆਇਆ ਸੀ ਜੋ ਉਸ ਦੀ ਸੋਚ ਅਨੁਸਾਰ ਅਮਰੀਕਾ ਦਿੰਦਾ ਸੀ। ਗ਼ਦਰ ਅਖ਼ਬਾਰ ਦਾ ਸੰਪਾਦਕ, ਰਾਮ ਚੰਦਰ, ਅਤੇ ਇਕ ਅਹਿਮ ਯੁੱਧਨੀਤੀਵਾਨ ਅਤੇ ਹਰ ਪਾਸੇ ਸੰਪਰਕ ਰੱਖਣ ਵਾਲੀ ਕੜੀ, ਬਰਕਤਉੱਲਾ ਵੀ ਅਮਰੀਕਾ ਆਉਣ ਤੋਂ ਪਹਿਲਾਂ ਰਾਸ਼ਟਰਵਾਦੀ ਲਹਿਰ ਵਿਚ ਸ਼ਾਮਲ ਰਹੇ ਸਨ। ਆਪਣੀ ਬੌਧਿਕ ਅਤੇ ਸਿਆਸੀ ਲੀਡਰਸ਼ਿਪ ਤੋਂ ਬਗ਼ੈਰ ਗ਼ਦਰ ਲਹਿਰ ਹੋਂਦ ਵਿਚ ਨਹੀਂ ਆ ਸਕਦੀ ਸੀ, ਪਰ ਉਨ੍ਹਾਂ ਦੀ ਭੂਮਿਕਾ ਨੂੰ ਵਧਾ-ਚੜ੍ਹਾਕੇ ਨਹੀਂ ਦੇਖਣਾ ਚਾਹੀਦਾ। ਆਪਣੀ ਕੁਲ ਵਿਦਵਤਾ ਅਤੇ ਕਰਾਮਾਤੀ ਅਥਾਰਟੀ ਦੇ ਬਾਵਜੂਦ, ਹਰਦਿਆਲ ਇਕ ਡਾਵਾਂਡੋਲ ਆਗੂ ਸੀ ਜੋ ਲਹਿਰ ਦੇ ਇਤਿਹਾਸ ਦੇ ਸਭ ਤੋਂ ਅਹਿਮ ਵਰ੍ਹਿਆਂ ਤੋਂ ਪਹਿਲਾਂ ਹੀ 1914 'ਚ ਲਹਿਰ ਅਤੇ ਅਮਰੀਕਾ ਦੋਵਾਂ ਨੂੰ ਛੱਡ ਕੇ ਉੱਥੋਂ ਤੁਰ ਗਿਆ ਸੀ।

ਆਵਾਸੀ ਕਿਰਤੀ, ਕਿਸਾਨ, ਅਤੇ ਵਿਦਿਆਰਥੀ ਲਹਿਰ ਦਾ ਵੱਡਾ ਹਮਾਇਤੀ ਹਿੱਸਾ ਸਨ। ਬਾਬਾ ਸੋਹਣ ਸਿੰਘ ਭਕਨਾ, ਜਿਸ ਨੂੰ ਕਈਆਂ ਵਲੋਂ ਗ਼ਦਰ ਲਹਿਰ ਦਾ ਬਾਨੀ ਮੰਨਿਆ ਜਾਂਦਾ ਹੈ, ਓਰੇਗਾਨ ਦੀ ਇਕ ਲੱਕੜ ਮਿੱਲ ਵਿਚ ਮਜ਼ਦੂਰ ਰਿਹਾ ਸੀ। ਸਟਾਕਟਨ, ਕੈਲੀਫੋਰਨੀਆ ਲਾਗੇ ਦਾ ਆਲੂ ਉਤਪਾਦਕ ਜਵਾਲਾ ਸਿੰਘ ਲਹਿਰ ਦੀ ਮਾਲੀ ਮਦਦ ਕਰਦਾ ਸੀ; ਅਤੇ ਭਗਵਾਨ ਸਿੰਘ, ਜਿਸਨੇ 1917 'ਚ ਪਾਰਟੀ ਦੇ ਵੰਡੇ ਜਾਣ 'ਤੇ ਗ਼ਦਰ ਪਾਰਟੀ ਦੀ ਕਮਾਨ ਸੰਭਾਲੀ, ਦੇ ਗਿਆਨੀ (ਗ੍ਰੰਥੀ) ਵਜੋਂ ਆਵਾਸੀ ਮਜ਼ਦੂਰ ਭਾਈਚਾਰੇ ਨਾਲ ਗੂੜ੍ਹੇ ਸਬੰਧ ਸਨ। ਕਾਡਰਾਂ ਦਾ ਸ਼ਹਾਦਤ ਦਾ ਜਾਮ ਪੀਣ ਵਾਲਾ ਨੌਜਵਾਨ ਆਗੂ ਕਰਤਾਰ ਸਿੰਘ ਸਰਾਭਾ, ਜੋ 1914-1915 'ਚ ਪੰਜਾਬ ਅੰਦਰ ਬਗ਼ਾਵਤ ਖੜ੍ਹੀ ਕਰਨ ਲਈ ਵਾਪਸ ਪਰਤ ਗਿਆ ਸੀ, ਉਹ ਕੈਲੀਫੋਰਨੀਆ ਯੂਨੀਵਰਸਿਟੀ, ਬਰਕਲੇ ਵਿਖੇ ਵਿਦਿਆਰਥੀ ਵਜੋਂ ਅਮਰੀਕਾ ਆਇਆ ਸੀ।

ਬੰਦਾ ਸੋਚੇਗਾ ਕਿ ਆਵਾਸੀ ਕਿਰਤੀ ਅਤੇ ਵਿਦਿਆਰਥੀ ਤਾਂ ਹਿੰਦੁਸਤਾਨ ਪਿੱਛੇ ਛੱਡ ਆਏ ਸਨ। ਭਾਵੇਂ ਇਹ ਹੋ ਹੀ ਸਕਦਾ ਹੈ ਉਨ੍ਹਾਂ ਦੇ ਆਪਣੇ ਵਤਨ ਨਾਲ ਸਬੰਧ ਪੀਡੇ ਹੋਣਗੇ ਪਰ ਉਮੀਦ ਇਹੀ ਕੀਤੀ ਜਾਵੇਗੀ ਕਿ ਉਹ ਬਸਤੀਵਾਦੀ ਦਾਬੇ ਤੋਂ ਭਾਵੁਕ ਤੌਰ 'ਤੇ ਟੁੱਟੇ ਹੋਏ ਹੋਣਗੇ, ਅਤੇ ਉਨ੍ਹਾਂ ਦੀ ਰੁਚੀ ਸਿਰਫ਼ ਆਪਣੀਆਂ ਹੀ ਨਿੱਜੀ ਆਰਥਕ ਅਤੇ ਪੜ੍ਹਾਈ ਦੀਆਂ ਪ੍ਰਾਪਤੀਆਂ ਵਿਚ ਹੋਵੇਗੀ। ਇੰਞ, ਲਹਿਰ ਅੰਦਰ ਵਿਦਿਆਰਥੀਆਂ ਤੇ ਕਿਰਤੀਆਂ ਦੀ ਬਹੁਤ ਜ਼ਿਆਦਾ ਸ਼ਮੂਲੀਅਤ – ਰਾਸ਼ਟਰਵਾਦੀ ਕਾਜ ਲਈ ਆਖ਼ਰੀ ਸਾਹਾਂ ਤਕ ਉਨ੍ਹਾਂ ਦੀ ਵਚਨਬੱਧਤਾ – ਦੀ ਵਿਆਖਿਆ ਹੋਰ, ਵਧੇਰੇ ਨਿੱਜੀ, ਸਰੋਕਾਰਾਂ ਨੂੰ ਮਿਲਾਕੇ ਹੀ ਕੀਤੀ ਜਾ ਸਕਦੀ ਹੈ।

ਇਨ੍ਹਾਂ ਵਿੱਚੋਂ ਬਹੁਤ ਸਾਰੇ ਨਿੱਜੀ ਸਰੋਕਾਰ ਆਵਾਸੀ ਭਾਈਚਾਰਿਆਂ ਦੇ ਲੋਕਾਂ ਦੀ ਸਰਵਵਿਆਪਕ ਸਮੱਸਿਆ ਨਾਲ ਜੁੜੇ ਹੋਏ ਸਨ। ਇਸ ਸਦੀ ਦੇ ਸ਼ੁਰੂ ਦੇ ਆਵਾਸੀ ਪੰਜਾਬੀਆਂ

ਦੇ ਮਾਮਲੇ ਵਿਚ, ਬੇਗਾਨੇਪਣ ਦੀ ਉਹ ਭਾਵਨਾ ਆਰਥਕ ਮੁਸ਼ਕਲ ਅਤੇ ਨਸਲੀ ਦਾਬੇ ਦੇ ਅਨੁਭਵ ਨਾਲ ਇਕਮਿੱਕ ਹੋ ਗਈ ਸੀ। ਇਹ ਗ਼ਦਰ ਦੀ ਸ਼ਿੱਦਤ ਦੀ ਇਕ ਹੱਦ ਤਕ ਵਿਆਖਿਆ ਕਰ ਸਕਦੀ ਹੈ - ਪਾਸਾ ਪਲਟਣ ਅਤੇ "ਬਦੇਸ਼ੀਆਂ ਨੂੰ ਹਿੰਦੁਸਤਾਨ 'ਚੋਂ ਕੱਢ ਦੇਣ ਦੀ" ਖਾਹਸ਼ - ਹਾਲਾਂਕਿ ਉੱਤਰੀ ਅਮਰੀਕਾ ਅੰਦਰ ਉਹ ਤਾਂ ਖ਼ੁਦ ਗੋਰਿਆਂ ਵਲੋਂ ਆਪਣੇ ਮੁਲਕ ਤੋਂ ਬਾਹਰ ਕੱਢ ਦਿੱਤੇ ਗਏ ਬਦੇਸ਼ੀ ਸਨ।

ਗ਼ਦਰ ਪਾਰਟੀ ਬਣਾਏ ਜਾਣ ਦੇ ਪੜਾਅ

ਗ਼ਦਰ ਪਾਰਟੀ ਦੇ ਵਿਕਾਸ ਦਾ ਲੇਖਾਜੋਖਾ ਕਰਦਿਆਂ, ਆਵਾਸੀ ਪੰਜਾਬੀਆਂ ਦੇ ਖ਼ਿਲਾਫ਼ ਨਸਲੀ ਵੈਰ-ਭਾਵਨਾ ਦੀਆਂ ਕਾਰਵਾਈਆਂ ਅਤੇ ਲਹਿਰ ਅੰਦਰਲੇ ਨਵੇਂ ਵਿਕਾਸਾਂ ਦਰਮਿਆਨ ਇਕ ਤਰ੍ਹਾਂ ਦਾ ਮੋੜਵਾਂ ਅਸਰ ਦੇਖਣ 'ਚ ਆਉਂਦਾ ਹੈ। ਇਥੇ ਪੰਜਾਬ ਅੰਦਰਲੀਆਂ ਘਟਨਾਵਾਂ ਅਤੇ ਆਵਾਸੀ ਪੰਜਾਬੀਆਂ ਦੀਆਂ ਸਰਗਰਮੀਆਂ ਦਰਮਿਆਨ ਆਦਾਨ-ਪ੍ਰਦਾਨ ਵੀ ਹੈ। ਰਿਸ਼ਤਿਆਂ ਦੀਆਂ ਦੋ ਸ਼੍ਰੇਣੀਆਂ ਉਕਸਾਊ ਦੁਵੱਲੇ ਪ੍ਰਤੀਕਰਮ ਪੇਸ਼ ਕਰਦੀਆਂ ਹਨ।

ਘਟਨਾਵਾਂ ਦੀ ਤਰਤੀਬ ਇਸ ਤਰ੍ਹਾਂ ਸੀ: ਜਾਬਰ ਬਰਤਾਨਵੀ ਨੀਤੀਆਂ ਅਤੇ ਪੰਜਾਬ ਅੰਦਰ ਫਿਰਕੂ ਤਣਾਵਾਂ ਨੇ ਕੈਨੇਡਾ ਅਤੇ ਅਮਰੀਕਾ ਵੱਲ ਪ੍ਰਵਾਸ ਨੂੰ ਉਤਸ਼ਾਹਤ ਕੀਤਾ, ਜਿਥੇ ਨਵੇਂ ਨਸਲੀ ਤਣਾਵਾਂ ਅਤੇ ਕੈਨੇਡਾ ਤੇ ਅਮਰੀਕਾ ਦੀਆਂ ਸਰਕਾਰਾਂ ਜਾਬਰ ਨੀਤੀਆਂ ਨੇ ਉਹੀ ਮੁੱਦੇ ਹੋਰ ਉਤੇਜਤ ਕਰ ਦਿੱਤੇ। ਇੰਞ, ਇਤਿਹਾਸ ਦਾ ਇਕ ਵਿਅੰਗ ਉੱਭਰਦਾ ਹੈ: ਬਸਤੀਵਾਦ ਅਤੇ ਫਿਰਕਾਦਾਰੀ ਤੋਂ ਪਲਾਇਨਵਾਦ ਉਨ੍ਹਾਂ ਨੂੰ ਦਾਬੇ ਦੀਆਂ ਨਵੀਂਆਂ ਸ਼ਕਲਾਂ ਅਤੇ ਨਸਲੀ-ਸੱਭਿਆਚਾਰਕ ਪਛਾਣ ਤੇ ਕੌਮੀ ਗੌਰਵ ਦੀ ਹੋਰ ਵੀ ਤਿੱਖੀ ਭਾਵਨਾ ਵੱਲ ਲੈ ਜਾਂਦਾ ਹੈ।

ਘਟਨਾਵਾਂ ਚਾਰ ਪ੍ਰਸੰਗਾਂ ਵਿਚ ਵਾਪਰਦੀਆਂ ਹਨ: ਪੰਜਾਬ, ਪ੍ਰਵਾਸੀ ਭਾਈਚਾਰਾ, ਪ੍ਰਵਾਸੀਆਂ ਦੇ ਵਿਰੋਧੀ ਉੱਤਰੀ ਅਮਰੀਕਨ, ਅਤੇ ਗ਼ਦਰ ਲਹਿਰ। ਇਨ੍ਹਾਂ ਚਾਰ ਪ੍ਰਸੰਗਾਂ ਦੇ ਆਰਪਾਰ ਕੁਝ ਨਮੂਨੇ ਉੱਭਰਦੇ ਹਨ ਜੋ ਇਸ਼ਾਰਾ ਕਰਦੇ ਹਨ ਕਿ ਕੜੀਆਂ ਉਨ੍ਹਾਂ ਦੇ ਥੱਲੇ ਛੁਪੀਆਂ ਹੋ ਸਕਦੀਆਂ ਹਨ।

ਘਟਨਾਵਾਂ ਦੀ ਐਸੀ ਇਕ ਤਰਤੀਬ 1907 ਤੋਂ ਲੈ ਕੇ 1913 ਤਕ ਲੱਭੀ ਜਾ ਸਕਦੀ ਹੈ। ਪੰਜਾਬ ਦੇ ਪ੍ਰਸੰਗ ਅੰਦਰ, 1907 'ਚ ਬਰਤਾਨਵੀ ਜ਼ਮੀਨ ਅਧਿਕਾਰ ਕਾਨੂੰਨ ਨੂੰ ਲੈ ਕੇ ਹਲਚਲ ਦਾ ਇਕ ਸਿਲਸਿਲਾ ਸਾਹਮਣੇ ਆਇਆ। ਸਮੱਸਿਆ 1900 ਤੋਂ ਹੀ ਵਿਕਸਤ ਹੋ ਰਹੀ ਸੀ, ਜਦੋਂ ਜ਼ਮੀਨ ਅਲਹਿਦਗੀ ਐਕਟ (Land Alienation Act) ਨੇ ਹਿੰਦੁਸਤਾਨ ਵਿਚ ਕੁਝ ਗ਼ੈਰਕਾਸ਼ਤਕਾਰ ਜਾਤਾਂ ਨੂੰ ਖੇਤੀਬਾੜੀ ਵਾਲੀ ਜ਼ਮੀਨ ਦੇ ਮਾਲਕ ਬਣਨ ਦੀ ਮਨਾਹੀ ਕਰ ਦਿੱਤੀ। ਇਸ ਐਕਟ ਦੁਆਰਾ ਸ਼ਾਹੂਕਾਰਾਂ ਨੂੰ ਇਸ ਜ਼ਮੀਨ ਉਪਰ ਕਾਬਜ਼ ਹੋਣ ਦੀ ਮਨਾਹੀ ਕਰ ਦਿੱਤੇ ਜਾਣ ਦਾ ਸ਼ਲਾਘਾਯੋਗ ਅਸਰ ਹੋਇਆ ਸੀ, ਪਰ ਬਹੁਤ ਸਾਰੇ ਦਰਮਿਆਨੀ ਆਮਦਨੀ ਵਾਲੇ ਗ਼ੈਰਕਾਸ਼ਤਕਾਰ ਪੰਜਾਬੀ ਇਸ ਤੋਂ ਚਿੜ ਗਏ ਜੋ ਜ਼ਮੀਨ ਹਾਸਲ ਕਰਨ ਦੀ ਖ਼ਾਹਸ਼ ਰੱਖਦੇ ਸਨ। ਜਦੋਂ ਪੰਜਾਬ ਅੰਦਰ ਨਵੇਂ ਨਹਿਰੀ ਇਲਾਕੇ ਸ਼ੁਰੂ ਕੀਤੇ ਗਏ, ਇਹ ਸਰਕਾਰੀ ਕਾਨੂੰਨ

ਇਨ੍ਹਾਂ ਨਵੇਂ ਸੇਂਜੂ ਇਲਾਕਿਆਂ ਦੇ ਆਬਾਦਕਾਰਾਂ ਨੂੰ ਮੁਕੰਮਲ ਮਾਲਕੀ ਤੋਂ ਰੋਕਦਾ ਸੀ। ਇਨ੍ਹਾਂ ਮੁੱਦਿਆਂ ਨਾਲ ਕੁਦਰਤ ਦੀਆਂ ਸਮੱਸਿਆਵਾਂ ਆ ਜੁੜੀਆਂ ਸਨ – ਸਖ਼ਤ ਕਾਲ, ਅਤੇ ਗਿਲਟੀ ਪਲੇਗ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਇਹ ਦਹਿ–ਲੱਖਾਂ ਜਾਨਾਂ ਦਾ ਖ਼ੌਅ ਬਣੀ। ਇਨ੍ਹਾਂ ਮੁਸੀਬਤਾਂ ਅਤੇ ਸਰਕਾਰੀ ਜਬਰ ਦੇ ਮਾਹੌਲ ਦੇ ਸਿੱਟੇ ਵਜੋਂ 1907 ਦੇ ਹੁਨਾਲ ਵਿਚ ਪੰਜਾਬ ਦੇ ਜ਼ਿਲ੍ਹਾ ਸ਼ਹਿਰਾਂ ਅੰਦਰ ਗੜਬੜ ਹੋਈ।

ਆਵਾਸੀ ਪ੍ਰਸੰਗ ਵੱਲ ਮੁੜਦੇ ਹੋਏ, ਅਸੀਂ ਦੇਖਦੇ ਹਾਂ ਕਿ ਸਾਲ 1907 ਅਤੇ 1908 ਕੈਨੇਡਾ ਅਤੇ ਅਮਰੀਕਾ ਵਿਚ ਸਭ ਤੋਂ ਵੱਧ ਤਾਦਾਦ 'ਚ ਆਵਾਸੀਆਂ ਦੀ ਆਮਦ ਦੇ ਸਾਲ ਸਨ। ਸਾਰੇ ਆਵਾਸੀ ਗੜਬੜ ਵਾਲੇ ਇਲਾਕਿਆਂ ਵਿੱਚੋਂ ਹੀ ਨਹੀਂ ਸੀ ਆਏ, ਅਤੇ ਮੇਰੇ ਕੋਲ ਪੰਜਾਬ ਅੰਦਰਲੀਆਂ ਘਟਨਾਵਾਂ ਅਤੇ ਇਮੀਗਰੇਸ਼ਨ ਦੇ ਨਮੂਨਿਆਂ ਦਰਮਿਆਨ ਸਿੱਧਾ ਸਬੰਧ ਦਿਖਾਉਣ ਲਈ ਕੋਈ ਠੋਸ ਸਬੂਤ ਨਹੀਂ ਹੈ। ਫਿਰ ਵੀ, ਪੰਜਾਬ ਵਿਚ ਬੇਚੈਨੀ ਦੇ ਤੱਥ ਹੋਣ ਦਾ ਭਾਵ ਇਹ ਹੈ ਕਿ ਬਾਕੀਆਂ ਦੀ ਤਰ੍ਹਾਂ ਆਵਾਸੀ ਵੀ ਇਨ੍ਹਾਂ ਸਮਿਆਂ ਨੂੰ ਸਿਆਸੀ ਅਤੇ ਸਮਾਜੀ ਬਦਲਾਓ ਦੀ ਅਨਿਸ਼ਚਿਤ ਹਾਲਤ ਸਮਝਦੇ ਸਨ, ਜੋ ਵਿਅਕਤੀਆਂ ਲਈ ਨਵੇਂ ਮੌਕੇ ਅਤੇ ਵਡੇਰੀ ਸੁਰੱਖਿਆ ਲੱਭਣ ਦਾ ਇਕ ਸੰਕੇਤ ਸੀ।

ਲਗਭਗ ਸਾਰੇ ਆਵਾਸੀ ਕੇਂਦਰੀ ਪੰਜਾਬ ਦੇ ਹੁਸ਼ਿਆਰਪੁਰ, ਜਲੰਧਰ ਅਤੇ ਲੁਧਿਆਣਾ ਜ਼ਿਲ੍ਹਿਆਂ ਤੋਂ ਸਨ – ਇਹ ਉਹ ਇਲਾਕਾ ਸੀ ਜਿਥੇ ਮਾਲਕ ਕਿਸਾਨ ਭਾਰੂ ਸਨ। 1900ਵਿਆਂ ਦਾ ਮੁੱਢ ਉਨ੍ਹਾਂ ਲਈ ਤਰ੍ਹਾਂ–ਤਰ੍ਹਾਂ ਦੀ ਗਤੀਸ਼ੀਲਤਾ ਦਾ ਵਕਤ ਸੀ: ਬਹੁਤ ਸਾਰੇ ਪੰਜਾਬ ਦੇ ਅੰਦਰ ਪ੍ਰਵਾਸ ਕਰਕੇ ਦੱਖਣ–ਪੱਛਮੀ ਪੰਜਾਬ ਅੰਦਰਲੀਆਂ ਨਵੀਂ ਨਹਿਰੀ ਸਿੰਜਾਈ ਵਾਲੀਆਂ ਬਸਤੀਆਂ ਵਿਚ ਚਲੇ ਗਏ ਸਨ। ਆਖ਼ਿਰਕਾਰ, ਅਮਰੀਕਾ ਵਿਚ ਵੀ ਪੰਜਾਬੀ ਆਵਾਸੀ ਕੈਲੀਫੋਰਨੀਆ ਦੀ ਸਾਨ ਜੋਅਕਿਨ ਵੈਲੀ ਵਿਚ ਸਿੰਜਾਈ ਹੇਠ ਲਿਆਂਦੇ ਨਵੇਂ ਇਲਾਕਿਆਂ ਵਿਚ ਕੰਮ ਕਰ ਰਹੇ ਹੋਣਗੇ, ਜੋ ਭੂਗੋਲਿਕ ਤੌਰ 'ਤੇ ਪੰਜਾਬ ਦੇ ਇਲਾਕੇ ਵਰਗਾ ਹੀ ਸੀ। ਪਰ ਮੁੱਢ ਵਿਚ, 1907 ਅਤੇ 1908 'ਚ, ਆਵਾਸੀਆਂ ਦੀ ਮੁੱਖ ਮੰਜ਼ਿਲ ਵਾਸ਼ਿੰਗਟਨ ਸੂਬੇ ਵਿਚ ਓਰੇਗਾਨ ਦੇ ਇਮਾਰਤੀ ਲੱਕੜ ਤਿਆਰ ਕਰਨ ਵਾਲੇ ਕੈਂਪ ਅਤੇ ਕੈਨੇਡਾ ਵਿਚ ਬ੍ਰਿਟਿਸ਼ ਕੋਲੰਬੀਆ ਬਣੇ। ਬਹੁਤ ਸਾਰੇ ਆਵਾਸੀ ਬਰਤਾਨਵੀ ਫ਼ੌਜ ਵਿਚ ਨੌਕਰੀ ਕਰਕੇ ਉੱਤਰੀ ਅਮਰੀਕਾ ਆਏ ਸਨ। ਜ਼ਿਆਦਾਤਰ ਸਿੱਖ ਸਨ, ਅਤੇ 1908 ਦੇ ਅੱਧ ਤਕ ਉਨ੍ਹਾਂ ਨੇ ਬ੍ਰਿਟਿਸ਼ ਕੋਲੰਬੀਆ ਵਿਚ ਆਪਣੇ ਪੂਜਾ ਸਥਾਨ, ਗੁਰਦੁਆਰੇ, ਉਸਾਰਨੇ ਸ਼ੁਰੂ ਕਰ ਦਿੱਤੇ ਸਨ ਅਤੇ ਉਹ ਆਪਣੀ ਪੂੰਜੀ–ਨਿਵੇਸ਼ ਕੰਪਨੀ, ਨਾਨਕ ਟਰੱਸਟ ਕੰਪਨੀ, ਦੀ ਸਥਾਪਨਾ ਕਰ ਰਹੇ ਸਨ।

ਪੰਜਾਬ ਤੋਂ ਨਵੇਂ ਆਵਾਸੀਆਂ ਦੀ ਆਮਦ ਨੂੰ ਕੈਨੇਡਾ ਅਤੇ ਅਮਰੀਕਾ ਦੇ ਕੁਝ ਗੋਰੇ ਬਾਸ਼ਿੰਦਿਆਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਜ਼ਿਆਦਾਤਰ ਮਾਮਲਿਆਂ ਵਿਚ, ਦਿੱਕਤ ਨੌਕਰੀਆਂ ਦੀ ਤੋਟ ਕਾਰਨ ਮੁਕਾਬਲੇਬਾਜ਼ੀ ਕਰਕੇ ਆ ਰਹੀ ਸੀ: ਨਵੇਂ ਆਵਾਸੀ ਘੱਟ ਉਜਰਤਾਂ ਉੱਪਰ ਕੰਮ ਕਰਨ ਲਈ ਤਿਆਰ ਰਹਿੰਦੇ ਸਨ। 1907 'ਚ ਬ੍ਰਿਟਿਸ਼ ਕੋਲੰਬੀਆ ਵਿਚ ਏਸ਼ੀਅਨਾਂ ਵਿਰੋਧੀ ਫ਼ਸਾਦ ਹੋਏ, ਜਿਨ੍ਹਾਂ ਵਿਚ ਚੀਨੀਆਂ ਅਤੇ ਜਪਾਨੀਆਂ ਦੇ ਨਾਲ–ਨਾਲ ਪੰਜਾਬੀਆਂ ਨੂੰ

ਨਿਸ਼ਾਨਾ ਬਣਾਇਆ ਗਿਆ ਸੀ। ਉਸੇ ਸਾਲ ਬਲਿੰਗ਼ਮ, ਵਾਸ਼ਿੰਗਟਨ ਵਿਚ ਇਮਾਰਤੀ ਲੱਕੜਾਂ ਤਿਆਰ ਕਰਨ ਵਾਲੇ ਕੈਂਪ ਵਿਚ ਪੰਜਾਬੀਆਂ ਦਾ ਕੰਮ ਕਰਨਾ ਫ਼ਸਾਦਾਂ ਦੀ ਖ਼ਾਸ ਵਜ੍ਹਾ ਬਣਿਆ ਸੀ। 1908 ਅਤੇ ਬਾਅਦ ਵਿਚ ਫ਼ਸਾਦ ਓਰੇਗਾਨ ਸੂਬੇ ਦੇ ਦੱਖਣ ਵੱਲ ਤਬਦੀਲ ਹੋ ਗਏ ਅਤੇ ਕੈਲੀਫੋਰਨੀਆ ਵਿਚ ਹੋਰ ਏਸ਼ੀਅਨਾਂ ਵਿਰੁੱਧ ਐਕਸਕਲੂਜ਼ਨ ਮੂਵਮੈਂਟ ਅੰਦਰ ਪੰਜਾਬੀਆਂ ਦੇ ਖ਼ਿਲਾਫ਼ ਵੈਰ-ਭਾਵਨਾ ਵੀ ਇਸ ਨਾਲ ਜੁੜ ਗਈ। ਅਤੇ 1908 'ਚ, ਬ੍ਰਿਟਿਸ਼ ਕੋਲੰਬੀਆ ਨੇ ਏਸ਼ੀਅਨਾਂ ਦੀ ਹਰ ਤਰ੍ਹਾਂ ਦੀ ਨਵੀਂ ਇਮੀਗ੍ਰੇਸ਼ਨ ਅਸਰਦਾਰ ਰੂਪ 'ਚ ਖ਼ਤਮ ਕਰ ਦਿੱਤੀ।

ਹਿੰਦੁਸਤਾਨ, ਕੈਨੇਡਾ ਅਤੇ ਅਮਰੀਕਾ ਅੰਦਰਲੀਆਂ ਇਹ ਘਟਨਾਵਾਂ 1909 'ਚ ਬ੍ਰਿਟਿਸ਼ ਕੋਲੰਬੀਆ ਵਿਚ ਹਿੰਦੁਸਤਾਨ ਐਸੋਸੀਏਸ਼ਨ ਦੀ ਸਥਾਪਨਾ ਕੀਤੇ ਜਾਣ ਤੋਂ ਐਨ ਪਹਿਲਾਂ ਹੋਈਆਂ ਸਨ, ਜੋ ਗ਼ਦਰ ਲਹਿਰ ਦੀ ਅਗਰਦੂਤ ਸੀ ਜਿਸਨੇ ਹਿੰਦੁਸਤਾਨ ਵਿਚ ਸਵੈਰਾਜ ਦੀ ਵਕਾਲਤ ਕੀਤੀ। ਐਸੋਸੀਏਸ਼ਨ ਨੇ ਨਵੇਂ ਆਵਾਸੀਆਂ ਨੂੰ ਦਰਪੇਸ਼ ਕਿਰਤ ਸਮੱਸਿਆਵਾਂ ਅਤੇ ਨਸਲੀ ਤੁਅੱਸਬ ਨੂੰ ਸਿੱਧੇ ਤੌਰ 'ਤੇ ਹੁੰਗਾਰਾ ਨਹੀਂ ਭਰਿਆ, ਸਗੋਂ ਉਹ ਆਰਥਕ ਅਤੇ ਸਮਾਜੀ ਤਣਾਓ ਸਪਸ਼ਟ ਤੌਰ 'ਤੇ ਪਿਛੋਕੜ ਵਿਚ ਰਹੇ ਸਨ ਅਤੇ ਉਨ੍ਹਾਂ ਨੇ ਇਸਦੇ ਐਲਾਨਾਂ ਵਿਚ ਜੋਸ਼ ਭਰਿਆ। 1907-1909 ਦੇ ਰੁਝੇਵੇਂ ਵਾਲੇ ਸਾਲਾਂ ਦੌਰਾਨ ਹਿੰਦੁਸਤਾਨ ਤੋਂ ਉੱਤਰੀ ਅਮਰੀਕਾ ਨੂੰ ਅਵਾਸੀਆਂ ਦੀ ਬਹੁਤ ਜ਼ਿਆਦਾ ਆਮਦ ਨਾਲ ਪੰਜਾਬ ਵਿਚਲੀਆਂ ਅਤੇ ਬਦੇਸ਼ ਦੀਆਂ ਘਟਨਾਵਾਂ ਆਵਾਸੀ ਕਾਰਕੁਨਾਂ ਦੇ ਮਨਾਂ ਵਿਚ ਵੱਖ-ਵੱਖ ਨਹੀਂ ਸੀ ਰਹਿ ਸਕਦੀਆਂ।

1910 ਤੋਂ 1913 ਤਕ, ਘਟਨਾਵਾਂ ਦੇ ਦੋ ਹੋਰ ਸਿਲਸਿਲੇ ਸਾਹਮਣੇ ਆਏ। ਮਨਾਹੀ ਕਾਨੂੰਨ ਅਤੇ ਨਸਲੀ ਫ਼ਸਾਦਾਂ ਨਾਲ ਪੰਜਾਬੀ ਆਵਾਸ ਦਾ ਫੋਕਸ ਕੈਨੇਡਾ ਤੋਂ ਹਟਕੇ ਅਮਰੀਕਾ ਉੱਪਰ ਹੋ ਗਿਆ ਸੀ: 1910 ਐਸਾ ਸਾਲ ਸੀ ਜਿਸ ਵਿਚ ਅਮਰੀਕਾ ਵਿਚ ਸਭ ਤੋਂ ਵੱਧ ਪ੍ਰਵਾਸ ਹੋਇਆ (ਓਦੋਂ ਦੇ ਸਮਿਆਂ ਤਕ)। ਇਹ ਓਰੇਗਾਨ ਅਤੇ ਕੈਲੀਫੋਰਨੀਆ ਦੋਵਾਂ ਵਿਚ ਨਸਲੀ ਗੜਬੜਾਂ ਦਾ ਸਾਲ ਵੀ ਸੀ। ਇਸੇ ਸਾਲ ਤਾਰਕ ਨਾਥ ਦਾਸ ਸਿਆਟਲ, ਵਾਸ਼ਿੰਗਟਨ ਵਿਚ ਹਿੰਦੁਸਤਾਨੀ ਰਾਸ਼ਟਰਵਾਦ ਲਈ ਅੰਦੋਲਨ ਕਰਦੇ ਹਨ, ਅਤੇ ਫਰਵਰੀ 1911 'ਚ ਹਰਦਿਆਲ ਉੱਥੇ ਆਕੇ ਕੈਲੀਫੋਰਨੀਆ ਵਿਚ ਇਹੀ ਕੰਮ ਕਰਦੇ ਹਨ। ਇਕ ਹੋਰ ਗਰੁੱਪ ਦੀ, ਜੋ ਖ਼ੁਦ ਨੂੰ ਹਿੰਦੁਸਤਾਨ ਐਸੋਸੀਏਸ਼ਨ ਕਹਿ ਰਿਹਾ ਸੀ, ਤੇ ਇਹ ਵੀ ਇਕ ਰਾਸ਼ਟਰਵਾਦੀ ਜਥੇਬੰਦੀ ਸੀ, ਸਥਾਪਨਾ 1912 'ਚ ਓਰੇਗਾਨ ਵਿਚ ਕੀਤੀ ਗਈ ਸੀ।

1912 ਤਕ, ਕੈਲੀਫੋਰਨੀਆ ਵਿਚ ਆਵਾਸੀ ਸਿੱਖ ਭਾਈਚਾਰਾ ਇਨਾ ਕੁ ਪੱਕੇ ਪੈਰੀਂ ਹੋ ਚੁੱਕਾ ਸੀ ਕਿ ਇਸਨੇ ਸਟਾਕਟਨ ਵਿਚ ਗੁਰਦੁਆਰਾ ਉਸਾਰਨਾ ਸ਼ੁਰੂ ਕਰ ਦਿੱਤਾ ਸੀ। ਪੰਜਾਬੀਆਂ (ਅਤੇ ਹੋਰ ਏਸ਼ੀਆਈ ਲੋਕਾਂ) ਨੇ ਭਰਪੂਰ ਵਿਕਸਤ ਹੋ ਰਹੀ ਸਾਨ ਜੋਅਕਿਨ ਵੈਲੀ ਦੇ ਖੇਤੀਬਾੜੀ ਖੇਤਰ ਦੇ ਭੋਂਇ-ਮਾਲਕਾਂ ਵਜੋਂ ਵੀ ਐਨੇ ਪੈਰ ਜਮਾ ਲਏ ਸਨ ਕਿ ਉਹ ਉੱਥੋਂ ਦੇ ਬਾਸ਼ਿੰਦੇ ਅਮਰੀਕਨ ਭੋਂਇ ਮਾਲਕਾਂ ਲਈ ਖ਼ਤਰਾ ਬਣ ਗਏ ਸਨ। 1913 ਵਿਚ, ਬੇਗਾਨੇ ਲੋਕਾਂ ਲਈ ਜ਼ਮੀਨ ਕਾਨੂੰਨ ਪਾਸ ਕੀਤਾ ਗਿਆ, ਜੋ ਜ਼ਿਆਦਾਤਰ ਏਸ਼ੀਆਈ ਲੋਕਾਂ ਲਈ ਜ਼ਮੀਨ ਦੀ

ਮਾਲਕੀ ਤਿੰਨ ਸਾਲ ਤਕ ਸੀਮਤ ਕਰਦਾ ਸੀ। 1913 ਦਾ ਸਾਲ ਗ਼ਦਰ ਲਹਿਰ ਲਈ ਵੀ ਅਹਿਮ ਸਾਲ ਸੀ: ਓਰੇਗਾਨ ਵਿਚ ਹਰਦਿਆਲ, ਬਾਬਾ ਸੋਹਣ ਸਿੰਘ ਭਕਨਾ ਅਤੇ ਹੋਰਾਂ ਵਲੋਂ ਹਿੰਦੀ ਐਸੋਸੀਏਸ਼ਨ ਬਣਾਈ ਗਈ ਸੀ। ਅਕਤੂਬਰ ਵਿਚ, ਹਰਦਿਆਲ ਨੇ ਸਾਨ ਫਰਾਂਸਿਸਕੋ ਵਿਚ ਲਹਿਰ ਦਾ ਸਿਆਸੀ ਸਦਰ-ਮੁਕਾਮ ਬਣਾ ਲਿਆ ਸੀ; ਅਤੇ ਨਵੰਬਰ 1913 'ਚ ਗ਼ਦਰ ਅਖ਼ਬਾਰ ਛਪਣਾ ਸ਼ੁਰੂ ਹੋ ਗਿਆ ਸੀ।

ਨਵੇਂ ਪੰਜਾਬੀ ਆਵਾਸੀਆਂ ਦੇ ਖ਼ਿਲਾਫ਼ ਇਕ ਸਭ ਤੋਂ ਵੱਧ ਹਿੰਸਕ ਕਾਰਵਾਈ 1914 'ਚ ਵ੍ਹੀਟ ਲੈਂਡ, ਕੈਲੀਫੋਰਨੀਆ ਵਿਚ ਹੋਈ, ਜਿਥੇ ਹਾਪ ਵੇਲ ਦੇ ਖੇਤਾਂ ਵਿਚ ਯੂਰਪੀ ਅਤੇ ਆਵਾਸੀ ਏਸ਼ੀਆਈ ਕਾਮੇ ਹੜਤਾਲ 'ਤੇ ਸਨ। ਏਸ਼ੀਅਨ, ਖ਼ਾਸ ਕਰਕੇ ਪੰਜਾਬੀ ਹੜਤਾਲ-ਤੋੜੂਆਂ ਅਤੇ ਕਾਮਿਆਂ ਵਿਰੋਧੀ ਗਰੋਹਾਂ ਦੇ ਹਮਲਿਆਂ ਦਾ ਸ਼ਿਕਾਰ ਹੋਏ। ਪ੍ਰੋਫੈਸਰ ਬਰੂਸ ਲਾ ਬਰਾਕ ਅਨੁਸਾਰ, ਪੰਜਾਬੀ ਆਵਾਸੀ ਭਾਈਚਾਰੇ ਨੂੰ ਉਹ ਘਟਨਾ ਅੱਜ ਵੀ ਚੇਤੇ ਹੈ ਅਤੇ ਉਹ ਦਾਅਵਾ ਕਰਦਾ ਹੈ ਕਿ ਇਸ ਦਾ ਉਨ੍ਹਾਂ ਦੀ ਚੇਤਨਾ ਨੂੰ ਵਧਾਉਣ ਵਿਚ ਤਕੜਾ ਹੱਥ ਸੀ। ਗੁੱਸੇ ਦੀਆਂ ਇਹ ਭਾਵਨਾਵਾਂ ਬਰਤਾਨਵੀਆਂ ਦੇ ਖ਼ਿਲਾਫ਼ ਨਫ਼ਰਤ ਵਿਚ ਬਦਲ ਗਈਆਂ, ਕਿਉਂਕਿ ਉਹ ਮਹਿਸੂਸ ਕਰਦੇ ਸਨ ਕਿ ਜੇ ਉਨ੍ਹਾਂ ਦਾ ਮੁਲਕ ਉਨ੍ਹਾਂ ਦੇ ਆਪਣੇ ਕੰਟਰੋਲ ਹੇਠ ਹੁੰਦਾ, ਉਨ੍ਹਾਂ ਨਾਲ ਇਸ ਤਰ੍ਹਾਂ ਦਾ ਮਾੜਾ ਵਰਤਾਓ ਨਹੀਂ ਸੀ ਹੋਣਾ। ਝਗੜੇ ਦੀ ਤਰੀਕ ਅਹਿਮ ਹੈ: ਇਸੇ ਸਾਲ, 1914 ਵਿਚ, ਗ਼ਦਰ ਪਾਰਟੀ ਦਾ ਸਭ ਤੋਂ ਵੱਧ ਫੈਲਾਅ ਹੋਇਆ, ਅਤੇ ਇਸ ਨੂੰ ਆਵਾਸੀ ਭਾਈਚਾਰੇ ਤੋਂ ਵਿਆਪਕ ਮਾਲੀ ਤੇ ਜਥੇਬੰਦਕ ਹਮਾਇਤ ਹਾਸਲ ਹੋਈ।

ਨਿਸ਼ਚੇ ਹੀ, ਘਟਨਾਵਾਂ ਦੀ ਤੁਲਨਾ ਇਹ ਸਾਬਤ ਨਹੀਂ ਕਰਦੀ ਕਿ ਇਨ੍ਹਾਂ ਦਾ ਸਬੰਧ ਕਾਰਨਵਾਚਕ ਹੈ। ਪੰਜਾਬ ਅੰਦਰਲੀਆਂ ਸਿਆਸੀ ਅਤੇ ਜਨ-ਸੰਖਿਆ ਨਾਲ ਸਬੰਧਤ ਘਟਨਾਵਾਂ ਪ੍ਰਵਾਸ ਦਾ ਕਾਰਨ ਬਣੀਆਂ ਹੋ ਸਕਦੀਆਂ ਹਨ ਜਾਂ ਨਹੀਂ ਵੀ ਬਣੀਆਂ ਹੋ ਸਕਦੀਆਂ; ਇਸ ਕਥਨ ਨੂੰ ਸਿੱਧ ਕਰਨ ਲਈ ਬਹੁਤ ਸਾਰੇ ਆਵਾਸੀਆਂ ਦੇ ਜੀਵਨ ਇਤਿਹਾਸ ਦੀ ਜਾਂਚ ਕਰਨੀ ਹੋਵੇਗੀ। ਇਸ ਤੋਂ ਬਿਨਾ, ਕੋਈ ਇਹ ਸਿੱਧ ਨਹੀਂ ਕਰ ਸਕਦਾ ਕਿ ਆਵਾਸ ਬਾਰੇ ਕਾਨੂੰਨ ਅਤੇ ਨਸਲੀ ਫ਼ਸਾਦਾਂ ਦਾ ਗ਼ਦਰ ਪਾਰਟੀ ਦੇ ਵਿਕਾਸ ਉੱਪਰ ਸਿੱਧਾ ਅਸਰ ਪਿਆ ਸੀ, ਭਾਵੇਂਕਿ ਇਸ ਆਪਸੀ ਸਬੰਧ ਦੇ ਕੁਝ ਸਬੂਤ ਹਨ। ਗ਼ਦਰ ਲਹਿਰ ਦੇ ਇਕ ਮੁੱਢਲੇ ਮੈਂਬਰ ਜੀ.ਬੀ.ਲਾਲ (ਗੋਬਿੰਦ ਬਿਹਾਰੀ ਲਾਲ) ਅਨੁਸਾਰ, ਜਿਸ ਨਾਲ ਐਮਿਲੀ ਬਰਾਊਨ ਨੇ ਇੰਟਰਵਿਊ ਕੀਤੀ, ਇਹ ਸਬੰਧ ਜੋੜਨ, ਅਤੇ ਆਵਾਸੀ ਭਾਈਚਾਰੇ ਦੇ ਹਿੱਤਾਂ ਨੂੰ ਨਵੇਂ ਪਾਸੇ ਮੋੜਨ ਦਾ ਇਹ ਕੰਮ ਕਰਤਾਰ ਸਿੰਘ ਸਰਾਭਾ ਅਤੇ ਹਰਦਿਆਲ ਵਰਗੇ ਰੈਡੀਕਲ ਬੁੱਧੀਜੀਵੀਆਂ ਨੇ ਕੀਤਾ ਸੀ:

"ਅਸੀਂ ਉਨ੍ਹਾਂ (ਆਵਾਸੀ ਕਿਸਾਨਾਂ) ਨੂੰ ਦੱਸਦੇ ਕਿ ਏਸ਼ੀਐਟਿਕ ਐਕਸਕਲੂਜ਼ਨ ਐਕਟ, ਆਵਾਸ ਅਤੇ ਨਾਗਰਿਕਤਾ ਬਾਰੇ ਗੱਲ ਕਰਨ ਦਾ ਕੋਈ ਫ਼ਾਇਦਾ ਨਹੀਂ। ਉਨ੍ਹਾਂ ਨੂੰ ਬਰਤਾਨਵੀਆਂ ਉੱਪਰ ਸੱਟ ਮਾਰਨੀ ਪੈਣੀ ਹੈ ਕਿਉਂਕਿ ਅਮਰੀਕਾ ਵਿਚ ਹਿੰਦੁਸਤਾਨੀਆਂ ਨਾਲ ਜੋ ਵਰਤਾਓ ਹੋ ਰਿਹਾ ਸੀ ਉਸਦੇ ਜ਼ਿੰਮੇਵਾਰ ਉਹ ਸਨ। ਇਸ ਨੂੰ ਕੁਝ ਹੁੰਗਾਰਾ ਮਿਲਿਆ ਸੀ। ਉਨ੍ਹਾਂ ਨੇ ਫੰਡ ਦਿੱਤੇ। ਉਹ ਜਾਨਣਾ ਚਾਹੁੰਦੇ ਸਨ ਕਿ ਉਹ ਕੀ ਕਰ ਸਕਦੇ ਸਨ। ਲਿਹਾਜ਼ਾ ਅਸੀਂ ਸੁਝਾਅ

ਦਿੱਤਾ ਕਿ ਉਹ ਇਕ ਅਖ਼ਬਾਰ ਸ਼ੁਰੂ ਕਰਨ ਅਤੇ ਇਸ ਦਾ ਨਾਂ ਗ਼ਦਰ ਹੋਵੇ।"

ਘਟਨਾਵਾਂ ਦਾ ਸਿਲਸਿਲਾ ਫ਼ੈਸਲਾਕੁਨ ਨਾ ਹੋਕੇ ਵੀ ਜਿਗਿਆਸਾ ਪੈਦਾ ਕਰਨ ਵਾਲਾ ਹੈ। ਉਪਰੋਕਤ ਆਪਸੀ ਸਬੰਧ ਤੋਂ ਇਲਾਵਾ, ਬਾਅਦ ਵਿਚ ਗ਼ਦਰ ਦੇ ਵਿਕਾਸ ਅੰਦਰ ਆਪਸੀ ਸਬੰਧ ਵਾਲੀਆਂ ਹੋਰ ਵੀ ਘਟਨਾਵਾਂ ਹਨ: ਮਨਾਹੀ ਕਰਦੇ ਇਮੀਗਰੇਸ਼ਨ ਕਾਨੂੰਨ ਅਤੇ ਪਹਿਲੀ ਆਲਮੀ ਜੰਗ ਦੌਰਾਨ ਜਰਮਨਾਂ ਨਾਲ ਸੰਪਰਕ ਦਾ ਕਾਮਾਗਾਟਾ ਮਾਰੂ ਮਾਮਲੇ ਅਤੇ 1915 ਦਾ ਅਸਫ਼ਲ ਗ਼ਦਰ ਵਰਗੀਆਂ ਘਟਨਾਵਾਂ ਨਾਲ ਸਬੰਧ ਇਤਫ਼ਾਕੀਆ ਹੈ। 1920ਵਿਆਂ ਵਿਚ, 1923 ਦਾ ਤੀਜਾ ਮਾਮਲਾ (ਜਿਸ ਵਿਚ ਇਕ ਹਿੰਦੁਸਤਾਨੀ ਆਵਾਸੀ ਨੇ ਇਹ ਦਲੀਲ ਦੇ ਕੇ ਮਨਾਹੀ ਕਾਨੂੰਨਾਂ ਤੋਂ ਬਚਣ ਦਾ ਯਤਨ ਕੀਤਾ ਕਿ ਹਿੰਦੁਸਤਾਨੀ ਕਾਕੇਸ਼ੀਅਨ ਹਨ) ਅਤੇ ਬਦਨਾਮ "ਏਸ਼ੀਐਟਿਕ ਐਕਸਕਲੂਜ਼ਨ ਐਕਟ 1924" ਗ਼ਦਰ ਪਾਰਟੀ ਦੀ ਦੁਬਾਰਾ ਸ਼ੁਰੂਆਤ ਅਤੇ ਕੌਮਾਂਤਰੀ ਤਾਣੇਬਾਣੇ ਵਿਚ ਇਸ ਦੇ ਵਿਸਤਾਰ ਦੇ ਵਕਤ ਹੀ ਵਾਪਰਦੇ ਹਨ।

ਹਾਲਾਂਕਿ ਇਨ੍ਹਾਂ ਘਟਨਾਵਾਂ ਦਾ ਸਿਲਸਿਲੇਵਾਰ ਨਮੂਨਾ - ਪੰਜਾਬ ਵਿਚ, ਆਵਾਸੀ ਭਾਈਚਾਰੇ ਵਿਚ, ਅਮਰੀਕਨ ਹੁੰਗਾਰੇ ਵਿਚ, ਅਤੇ ਗ਼ਦਰ ਸਰਗਰਮੀ ਵਿਚ - ਮਹਿਜ਼ ਸੂਚਕ ਹੀ ਹੈ, ਫਿਰ ਵੀ ਇਹ ਇਸ਼ਾਰਾ ਕਰਦਾ ਹੈ ਕਿ ਅਮਰੀਕਾ ਅੰਦਰ ਆਵਾਸੀ ਭਾਈਚਾਰੇ ਦੇ ਅਨੁਭਵ ਗ਼ਦਰ ਘਟਨਾਵਾਂ ਨਾਲ ਜੁੜੇ ਹੋਏ ਸਨ। ਬਿਨਾਸ਼ੱਕ ਗ਼ਦਰ ਲਹਿਰ ਦਾ ਆਜ਼ਾਦ ਹਿੰਦੁਸਤਾਨ ਦੇ ਹੱਕ ਵਿਚ ਰਾਸ਼ਟਰਵਾਦੀ ਹਮਾਇਤ ਦਾ ਇਜ਼ਹਾਰ ਸੱਚਾ ਸੀ; ਪਰ ਨਾਲ ਹੀ ਇਹ ਕੁਝ ਹੋਰ ਵੀ ਸੀ: ਗੁੱਸੇ ਨਾਲ ਭਰੇ ਅਤੇ ਘਚੋਲੇ ਦਾ ਸ਼ਿਕਾਰ ਆਵਾਸੀ ਭਾਈਚਾਰੇ ਲਈ ਪਛਾਣ ਦਾ ਇਕ ਟਿਕਾਣਾ।

ਗ਼ਦਰ ਪਛਾਣ

ਗ਼ਦਰ ਨੇ ਜੋ ਪਛਾਣ ਮੁਹੱਈਆ ਕੀਤੀ ਉਹ ਕਈ ਤੱਤਾਂ ਦਾ ਮਿਸ਼ਰਣ ਸੀ, ਜਿਨ੍ਹਾਂ ਵਿੱਚੋਂ ਇਕ ਸਭ ਤੋਂ ਬੁਨਿਆਦੀ ਸੀ ਆਰਥਕ। ਲਹਿਰ ਦੇ ਹੋਂਦ 'ਚ ਆਉਣ ਦੇ ਮੁੱਢਲੇ ਸਾਲਾਂ ਅੰਦਰ, 1907 ਤੋਂ 1912 ਤਕ, ਜਦੋਂ ਬ੍ਰਿਟਿਸ਼ ਕੋਲੰਬੀਆ, ਵਾਸ਼ਿੰਗਟਨ ਸੂਬੇ ਅਤੇ ਓਰੇਗਾਨ ਵਿਚ ਲਹਿਰ ਦੀਆਂ ਭਰੂਣ-ਰੂਪ ਜਥੇਬੰਦਕ ਮੀਟਿੰਗਾਂ ਕੀਤੀਆਂ ਗਈਆਂ, ਓਦੋਂ ਜ਼ਿਆਦਾਤਰ ਆਵਾਸੀ ਇਮਾਰਤੀ ਲੱਕੜ ਤਿਆਰ ਕਰਨ ਵਾਲੇ ਕੈਂਪਾਂ ਵਿਚ ਮਜ਼ਦੂਰ ਸਨ। ਉੱਥੇ ਆਰਥਕ ਲੁੱਟਖਸੁੱਟ ਅਤੇ ਜਮਾਤੀ ਵਖਰੇਵੇਂ ਦੇ ਮੁੱਦੇ ਭਾਰੂ ਸਨ। ਸੋਹਣ ਸਿੰਘ ਭਕਨਾ, ਜੋ ਅਸਟੋਰੀਆ (ਓਰੇਗਾਨ) ਵਿਚ ਗ਼ਦਰ ਪਾਰਟੀ ਬਣਾਏ ਜਾਣ ਤੋਂ ਪਹਿਲਾਂ ਦੀਆਂ ਮੁੱਢਲੀਆਂ ਮੀਟਿੰਗਾਂ ਵਿਚ ਸ਼ਾਮਲ ਅਹਿਮ ਸ਼ਖਸੀਅਤ ਸਨ ਜੋ ਬਾਅਦ ਵਿਚ ਪੰਜਾਬ ਵਾਪਸ ਪਰਤ ਗਏ ਅਤੇ ਉੱਥੇ ਨਵੀਂ ਕਮਿਊਨਿਸਟ ਪਾਰਟੀ ਦੇ ਆਗੂ ਬਣੇ, ਦੱਸਦੇ ਹਨ ਕਿ ਉਨ੍ਹਾਂ ਦੇ ਸੋਸ਼ਲਿਸਟ ਸਰੋਕਾਰਾਂ ਦਾ ਜਨਮ ਓਰੇਗਾਨ ਵਿਚ ਇਮਾਰਤੀ ਲੱਕੜ ਤਿਆਰ ਕਰਨ ਵਾਲੇ ਆਵਾਸੀ ਪੰਜਾਬੀ ਕਾਮਿਆਂ ਦੀਆਂ ਮਜ਼ਦੂਰ ਵਜੋਂ ਮੁੱਢਲੀਆਂ ਸਮੱਸਿਆਵਾਂ ਵਿੱਚੋਂ ਹੋਇਆ ਸੀ। ਇਹ ਸਪਸ਼ਟ ਹੈ ਕਿ 1912 ਅਤੇ 1913 ਦੀਆਂ ਓਰੇਗਾਨ ਮੀਟਿੰਗਾਂ ਦਾ ਸਰੋਕਾਰ ਕਾਮਿਆਂ ਦੇ ਮੁੱਦਿਆਂ ਅਤੇ

ਰਾਸ਼ਟਰਵਾਦ ਦੋਵਾਂ ਨਾਲ ਸੀ।

ਹਾਲਾਂਕਿ ਜਦੋਂ ਗ਼ਦਰ ਸਰਗਰਮੀ ਦਾ ਕੇਂਦਰ ਕੈਲੀਫੋਰਨੀਆ ਨੂੰ ਬਣਾ ਲਿਆ ਗਿਆ, ਮਾਮਲਾ ਹੋਰ ਪੇਚੀਦਾ ਹੋ ਗਿਆ। 1913 'ਚ ਸਾਨ ਫਰਾਂਸਿਸਕੋ ਵਿਚ ਲਹਿਰ ਨੇ ਜੋ ਨਿਸ਼ਚਿਤ ਰੂਪ ਅਖ਼ਤਿਆਰ ਕੀਤਾ, ਉਹ ਬੁੱਧੀਜੀਵੀਆਂ, ਸਿਆਸੀ ਸ਼ਰਣਾਰਥੀਆਂ ਅਤੇ ਕਿਸਾਨਾਂ ਦਾ ਮਿਸ਼ਰਣ ਸੀ। ਕਿਸਾਨ ਕਈ ਆਰਥਕ ਜਮਾਤਾਂ ਦੇ ਸਨ: ਕੁਝ ਜ਼ਮੀਨ ਦੇ ਮਾਲਕ ਸਨ (1913 'ਚ ਅਮਰੀਕਨ ਸਰਕਾਰ ਵਲੋਂ ਕਾਨੂੰਨ ਬਣਾ ਦਿੱਤੇ ਜਾਣ ਤੋਂ ਬਾਅਦ ਤਕਨੀਕੀ ਤੌਰ 'ਤੇ ਇਹ ਮੰਨ ਲਿਆ ਗਿਆ ਕਿ ਜ਼ਮੀਨ ਦੀ ਮਾਲਕੀ ਹੁਣ ਉਨ੍ਹਾਂ ਕੋਲ ਨਹੀਂ ਹੈ।), ਦੂਜੇ ਲੀਜ਼ 'ਤੇ ਜ਼ਮੀਨ ਵਾਹੁਣ ਵਾਲੇ ਸਨ, ਅਤੇ ਕੁਝ ਹੋਰ ਬੇਜ਼ਮੀਨੇ ਮਜ਼ਦੂਰ ਸਨ। ਇਸ ਦਾ ਕੋਈ ਸੰਕੇਤ ਨਹੀਂ ਮਿਲਦਾ ਕਿ ਲਹਿਰ ਵਿਚ ਹਿੱਸਾ ਲੈਣ ਵਾਲੇ ਇਨ੍ਹਾਂ ਵੱਖ-ਵੱਖ ਤਰ੍ਹਾਂ ਦੇ ਕਿਸਾਨਾਂ ਦਰਮਿਆਨ ਕੋਈ ਤਣਾਓ ਸੀ; ਅਤੇ ਕੈਲੀਫੋਰਨੀਆ ਵਿਚ ਜਮਾਤੀ ਪਛਾਣਾਂ ਅਤੇ ਕਿਰਤੀਆਂ ਦੇ ਸਰੋਕਾਰ ਹੋਣ ਦਾ ਕੋਈ ਠੋਸ ਸੰਕੇਤ ਵੀ ਨਹੀਂ ਮਿਲਦਾ ਸੀ ਜੋ ਓਰੇਗਾਨ ਆਵਾਸੀ ਭਾਈਚਾਰੇ ਦੀ ਵਿਸ਼ੇਸ਼ਤਾ ਹੋਣ।

ਫਿਰ ਵੀ, ਕੈਲੀਫੋਰਨੀਆ ਵਿਚ ਜਮਾਤੀ ਚੇਤਨਾ ਦੇ ਅੰਸ਼ ਮੌਜੂਦ ਸਨ; ਅਤੇ ਕੁਝ ਗ਼ਦਰੀਆਂ ਲਈ, ਪਿੱਛੋਂ ਜਿਨ੍ਹਾਂ ਦੇ ਸੋਸ਼ਲਿਸਟ ਵਿਚਾਰ ਵਿਕਸਤ ਹੋਏ, 1918 ਤੋਂ ਪਹਿਲਾਂ ਗ਼ਦਰ ਦੀ ਵਿਚਾਰਧਾਰਾ ਲਗਭਗ ਪੂਰੀ ਤਰ੍ਹਾਂ ਰਾਸ਼ਟਰਵਾਦੀ ਸੀ। ਲਹਿਰ ਨੂੰ ਕਾਲਪਨਿਕ ਸਮਾਜਵਾਦ ਦੀ ਪੁੱਠ ਹਰਦਿਆਲ ਦੇ ਸੁਪਨਸਾਜ਼ ਖ਼ਿਆਲਾਂ ਨੇ ਚਾੜ੍ਹੀ ਸੀ। ਹਾਲਾਂਕਿ, ਉਸਦੀ ਸਨਕੀ ਦ੍ਰਿਸ਼ਟੀ ਦਾ ਲਹਿਰ ਦੇ ਬਾਕੀ ਪੈਰੋਕਾਰਾਂ ਨੇ ਬਹੁਤ ਘੱਟ ਪ੍ਰਭਾਵ ਕਬੂਲਿਆ। ਰੂਸੀ ਇਨਕਲਾਬ ਤੋਂ ਬਾਅਦ, ਜਿਸ ਦਾ ਉਨ੍ਹਾਂ ਕੁਝ ਗ਼ਦਰੀਆਂ ਦਾ ਸਿੱਧਾ ਅਨੁਭਵ ਸੀ ਜੋ 1916 ਅਤੇ 1919 ਦਰਮਿਆਨ ਹਿੰਦੁਸਤਾਨ ਨੂੰ ਗਏ, ਗ਼ਦਰ ਦੀ ਵਿਚਾਰਧਾਰਾ ਨੇ ਖੱਬੀ ਵਿਚਾਰਧਾਰਾ ਵੱਲ ਫ਼ੈਸਲਾਕੁਨ ਮੋੜਾ ਕੱਟਿਆ। 1920ਵਿਆਂ ਵਿਚ, ਪੁਰਾਣੀ ਗ਼ਦਰ ਪਾਰਟੀ ਦਾ ਇਕ ਹਿੱਸਾ ਕੌਮਾਂਤਰੀ ਕਮਿਊਨਿਜ਼ਮ ਵਿਚ ਸਰਗਰਮੀ ਨਾਲ ਸ਼ਾਮਲ ਸੀ ਅਤੇ ਉਸਨੇ ਪੰਜਾਬ ਵਿਚ ਕਮਿਊਨਿਸਟ ਪਾਰਟੀ ਬਣਾਉਣ ਵਿਚ ਮਦਦ ਕੀਤੀ।

ਬਾਅਦ ਦੇ ਕੁਝ ਗ਼ਦਰੀਆਂ ਦਾ ਮਾਰਕਸਵਾਦ ਲਹਿਰ ਦੀ ਪ੍ਰਤੱਖ ਧਰਮਨਿਰਪੱਖਤਾ ਦਾ ਚਿੰਨ੍ਹ ਹੈ। ਹਾਲਾਂਕਿ ਜੇ ਗ਼ਦਰ ਦੀ ਹਮਾਇਤ ਕਰਨ ਵਾਲੇ ਆਵਾਸੀ ਭਾਈਚਾਰੇ ਦੇ ਖ਼ਾਸੇ ਨੂੰ ਗ਼ੌਰ ਨਾਲ ਵਾਚਿਆ ਜਾਵੇ, ਇਸ ਵਿਚ ਉੱਘੜਵੀਂ ਧਾਰਮਿਕ ਤੰਦ ਮਿਲ ਜਾਂਦੀ ਹੈ। ਲਹਿਰ ਦੀਆਂ ਪ੍ਰਕਾਸ਼ਨਾਵਾਂ ਦੇ ਮਾਸਟਹੈੱਡ ਉੱਪਰ "ਰਾਮ, ਅੱਲਾ ਅਤੇ ਨਾਨਕ" ਦੇ ਨਾਂ ਮਿਲਦੇ ਹਨ, ਜੋ ਇਨ੍ਹਾਂ ਤਿੰਨਾਂ ਹੀ ਦੈਵੀ ਨਾਵਾਂ ਦਾ ਸਤਿਕਾਰ ਕਰਨ ਵਾਲਿਆਂ ਨੂੰ ਮੈਂਬਰ ਬਣਨ ਦਾ ਸੱਦਾ ਹਨ। ਦਰਅਸਲ, ਲਹਿਰ ਵਿਚ ਵੱਖੋ-ਵੱਖਰੇ ਅਕੀਦਿਆਂ ਵਾਲੇ ਮੈਂਬਰ ਸ਼ਾਮਲ ਸਨ: ਹਰਦਿਆਲ ਅਤੇ ਰਾਮ ਚੰਦਰ ਦੋਵੇਂ ਹਿੰਦੂ ਸਨ; ਭਗਵਾਨ ਸਿੰਘ ਅਤੇ ਕਰਤਾਰ ਸਿੰਘ ਸਰਾਭਾ ਸਿੱਖ ਸਨ, ਅਤੇ ਬਰਕਤਉੱਲਾ ਮੁਸਲਮਾਨ ਸਨ।

ਪਰ, ਗ਼ਦਰ ਦੇ ਹਮਾਇਤੀਆਂ ਦੀ ਭਾਰੂ ਤਾਦਾਦ ਸਿੱਖਾਂ ਦੀ ਸੀ ਅਤੇ ਉਨ੍ਹਾਂ ਦਾ

ਖਾੜਕੂ ਧਾਰਮਿਕ ਇਤਿਹਾਸ ਵੀ ਗ਼ਦਰ ਪਛਾਣ ਦਾ ਹਿੱਸਾ ਬਣਿਆ। ਧਨ ਅਤੇ ਕੰਮ ਪੱਖੋਂ ਯੋਗਦਾਨ ਵਾਲੇ ਆਵਾਸੀ ਕਿਸਾਨ ਭਾਰੂ ਤਾਦਾਦ 'ਚ ਸਿੱਖ ਸਨ ਅਤੇ ਉਹ ਲਹਿਰ ਦਾ ਜਨਤਕ ਅਧਾਰ ਬਣੇ। 1915 'ਚ ਲਾਲਾ ਹਰਦਿਆਲ ਦੇ ਅਮਰੀਕਾ ਤੋਂ ਯੂਰਪ ਚਲੇ ਜਾਣ, ਅਤੇ 1918 ਦੇ ਸਾਨ ਫਰਾਂਸਿਸਕੋ ਮੁਕੱਦਮੇ ਦੌਰਾਨ ਰਾਮ ਚੰਦਰ ਨੂੰ ਗੋਲੀ ਮਾਰ ਦਿੱਤੇ ਜਾਣ ਤੋਂ ਬਾਅਦ ਭਗਵਾਨ ਸਿੰਘ ਦੀ ਅਗਵਾਈ ਹੇਠ ਲਗਭਗ ਸਿੱਖ ਹੀ ਇਹ ਲਹਿਰ ਸਨ।

ਸਿੱਖ ਸੰਸਥਾਵਾਂ ਅਤੇ ਜਥੇਬੰਦੀਆਂ ਨੇ ਵੀ ਲਹਿਰ ਵਿਚ ਅਹਿਮ ਭੂਮਿਕਾ ਨਿਭਾਈ। ਬ੍ਰਿਟਿਸ਼ ਕੋਲੰਬੀਆ ਵਿਚ ਪਹਿਲੀ ਹਿੰਦੁਸਤਾਨੀ ਰਾਸ਼ਟਰਵਾਦੀ ਜਥੇਬੰਦੀ ਉੱਥੋਂ ਦੇ ਸਿੱਖ ਗੁਰਦੁਆਰੇ ਦੀ ਖ਼ਾਲਸਾ ਦੀਵਾਨ ਸੁਸਾਇਟੀ ਨਾਲ ਨੇੜਿਓਂ ਜੁੜੀ ਹੋਈ ਸੀ, ਅਤੇ ਬਾਅਦ ਵਿਚ ਗ਼ਦਰ ਲਹਿਰ ਦਾ ਖ਼ਾਲਸਾ ਦੀਵਾਨ ਸੁਸਾਇਟੀ ਅਤੇ ਸਟਾਕਟਨ ਦੇ ਸਿੱਖ ਗੁਰਦੁਆਰੇ ਨਾਲ ਸਹਿਜੀਵੀ ਰਿਸ਼ਤਾ ਸੀ – ਕਦੇ ਆਪਸੀ ਹਮਾਇਤ ਦਾ, ਕਦੇ ਮੁਕਾਬਲੇਬਾਜ਼ੀ ਦਾ। 1920 ਤੋਂ ਬਾਅਦ, ਕੈਲੀਫੋਰਨੀਆ ਦੀ ਸਾਨ ਜੋਅਕਿਨ ਵੈਲੀ ਅੰਦਰਲੀ ਲਹਿਰ ਦੀ ਸ਼ਾਖਾ ਹਰ ਵਿਹਾਰਕ ਲਿਹਾਜ਼ ਨਾਲ ਇਕ ਸਿੱਖ ਜਥੇਬੰਦੀ ਸੀ। ਉੱਥੇ ਕੁਝ ਉਹ ਸਿੱਖ ਵੀ ਸਨ ਜੋ ਗ਼ਦਰ ਲਹਿਰ ਦੇ ਮੈਂਬਰਾਂ ਨੂੰ ਸੰਤ-ਸਿਪਾਹੀ ਸਮਝਦੇ ਸਨ।

ਹਾਲਾਂਕਿ, ਗ਼ਦਰ ਲਹਿਰ ਦੀ ਸਿੱਖਾਂ ਨਾਲ ਇਸ ਸਮਾਨਤਾ ਦਾ ਭਾਵ ਇਹ ਨਹੀਂ ਕਿ ਲਹਿਰ ਕਦੇ ਖੁੱਲ੍ਹੇਆਮ ਧਾਰਮਿਕ ਸੀ; ਲਹਿਰ ਦੀ ਵਿਚਾਰਧਾਰਾ ਅਕੀਦੇ ਦੀ ਜ਼ੁਬਾਨ ਤੋਂ ਅਣਭਿੱਜ, ਹਮੇਸ਼ਾ ਸਿਆਸੀ ਸੀ। ਫਿਰ ਵੀ, ਹਿੰਦੁਸਤਾਨ ਦੇ ਹੋਰ ਬਹੁਤ ਕੁਝ ਵਾਂਗ, ਧਾਰਮਿਕ ਅਤੇ ਸਮਾਜੀ ਪਹਿਲੂ ਅਕਸਰ ਹੀ ਆਪਸ ਵਿਚ ਗੁੰਦੇ ਹੋਏ ਸਨ, ਅਤੇ ਕੋਈ ਵੀ ਅੰਸ਼ ਦੂਜੇ ਦੇ ਕੁਝ ਨਾ ਕੁਝ ਅਸਰ ਤੋਂ ਬਗ਼ੈਰ ਨਹੀਂ ਮਿਲਦਾ। ਫਿਰ, ਸ਼ਾਇਦ, ਬਹੁਤ ਸਾਰੇ ਸਿੱਖਾਂ ਲਈ ਗ਼ਦਰ ਦੇ ਧਾਰਮਿਕ ਖ਼ਾਸੇ ਨੂੰ ਫਿਰਕੂ ਪਛਾਣ ਵਜੋਂ ਬਿਆਨ ਕਰਨਾ ਬਿਹਤਰ ਹੋਵੇਗਾ ਜਿਨ੍ਹਾਂ ਨੇ ਲਹਿਰ ਦੀ ਹਮਾਇਤ ਕੀਤੀ ਅਤੇ ਉਨ੍ਹਾਂ ਨੂੰ ਇਸ ਵਿਚ ਆਪਣੀਆਂ ਕੁਝ ਸੱਭਿਆਚਾਰਕ ਅਤੇ ਸਮਾਜੀ ਜ਼ਰੂਰਤਾਂ ਦੀ ਪੂਰਤੀ ਹਾਸਲ ਹੋਈ। ਪਰ ਦੂਜੇ ਪਾਸੇ, ਹਿੰਦੁਸਤਾਨ ਅੰਦਰ ਦਬਾਓ ਦੀ ਹਾਲਤ ਅਮਰੀਕਨ ਝਲਕਾਰੇ ਵਾਲੀ ਸੀ: ਪੰਜਾਬ ਵਿਚ, ਇਸ ਸਦੀ ਦੇ ਪਹਿਲੇ ਦਹਾਕਿਆਂ ਅੰਦਰ, ਸਿੱਖ ਭਾਈਚਾਰਾ ਸ਼ਹਿਰੀ ਹਿੰਦੂਆਂ ਅਤੇ ਮੁਸਲਮਾਨਾਂ ਦੀ ਫਿਰਕਾਪ੍ਰਸਤੀ ਦੇ ਪ੍ਰਤੀਕਰਮ ਵਜੋਂ ਸਵੈ-ਪ੍ਰੀਭਾਸ਼ਤ ਹੋਣ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਸੀ। ਅਮਰੀਕਾ ਵਿਚ ਗ਼ਦਰ ਲਹਿਰ ਅੰਦਰਲੀ, ਪਛਾਣ ਦੀ ਇਹ ਜਾਗਰੂਕਤਾ ਆਵਾਸੀ ਭਾਈਚਾਰੇ ਦੇ ਖ਼ੁਦ ਨੂੰ ਪਰਾਈ ਸਰਜ਼ਮੀਨ ਉੱਪਰ ਪ੍ਰੀਭਾਸ਼ਤ ਕਰਨ ਅਤੇ ਸਮਝਣ ਦੇ ਆਪਣੇ ਯਤਨ ਨਾਲ ਇਕਮਿਕ ਸੀ।

ਨਸਲੀ-ਸੱਭਿਆਚਾਰਕ ਪਛਾਣ ਵਜੋਂ ਗ਼ਦਰ

ਗ਼ਦਰ ਇਕ ਆਵਾਸੀ ਭਾਈਚਾਰੇ ਦਾ ਇਜ਼ਹਾਰ ਸੀ, ਅਤੇ ਇਸਦੇ ਪ੍ਰਚੰਡ ਰਾਸ਼ਟਰਵਾਦ ਦੀ ਤਹਿ ਹੇਠਾਂ ਲੋਕਾਂ ਦੇ ਉਸ ਸਮੂਹ ਦਾ ਅਜੀਬ ਸਵੈ-ਅਕਸ ਹੈ ਜੋ ਹੁਣ ਹਿੰਦੁਸਤਾਨ ਵਿਚ ਨਹੀਂ ਸਨ ਪਰ ਅਜੇ ਪੂਰੀ ਤਰ੍ਹਾਂ ਉੱਤਰੀ ਅਮਰੀਕਾ ਦਾ ਅੰਦਰਲਾ ਹਿੱਸਾ ਵੀ ਨਹੀਂ ਬਣੇ ਸਨ।

ਲੱਛਣ ਉੱਭਰਨੇ ਸ਼ੁਰੂ ਹੋ ਗਏ ਸਨ: ਇਕ ਸਹਿਜ ਰਾਸ਼ਟਰਵਾਦ ਜੋ ਉਹ ਓਦੋਂ ਮਹਿਸੂਸ ਕਰ ਰਹੇ ਸਨ ਜਦੋਂ ਉਹ ਹੋਰ ਮੁਲਕਾਂ ਦੀਆਂ ਹੱਦਾਂ ਦੇ ਅੰਦਰ ਰਹਿ ਰਹੇ ਸਨ, ਅੰਸ਼ਕ ਤੌਰ 'ਤੇ ਆਪਣੇ ਆਲੇ-ਦੁਆਲੇ ਦੇ ਨਵੇਂ ਮਾਹੌਲ ਕਾਰਨ ਜੋ ਉਨ੍ਹਾਂ ਲਈ ਅਜੀਬ ਸੀ, ਅਤੇ ਅੰਸ਼ਕ ਤੌਰ 'ਤੇ ਨਵੇਂ ਮੁਲਕ ਵਲੋਂ ਉਨ੍ਹਾਂ ਨੂੰ ਸਵੀਕਾਰ ਕਰਨ ਤੋਂ ਅਸਮਰੱਥ ਹੋਣ ਕਾਰਨ। ਇਹ ਕੁਝ ਗਤੀ-ਵਿਗਿਆਨ (dynamics) ਥੋੜ੍ਹੇ ਸਾਲ ਪਹਿਲਾਂ ਦੱਖਣੀ ਅਫ਼ਰੀਕਾ ਵਿਚ ਗਾਂਧੀ ਦੇ ਰਾਸ਼ਟਰਵਾਦ ਅੰਦਰ ਵੀ ਸਨ, ਅਤੇ ਉਹ ਉਨ੍ਹਾਂ ਦੀ ਪ੍ਰੇਰਣਾ ਦਾ ਹਿੱਸਾ ਬਣੇ ਜਿਨ੍ਹਾਂ ਨੇ ਗ਼ਦਰ ਦੀ ਸਥਾਪਨਾ ਕੀਤੀ।

ਗ਼ਦਰ ਰਾਸ਼ਟਰਵਾਦ ਨੂੰ ਕੋਈ ਪਲਾਇਨ ਦੀ ਇਕ ਸ਼ਕਲ ਵਜੋਂ, ਜਾਂ ਇਕ ਪਲਾਇਨ ਵਜੋਂ, ਜਾਂ ਸਹੂਲਤ ਦੇ ਯਤਨ ਵਜੋਂ ਵੀ ਵੇਖ ਸਕਦਾ ਹੈ। ਉੱਤਰੀ ਅਮਰੀਕਨ ਤੁਅੱਸਬ ਦੇ ਦੋਖੀ ਮਾਹੌਲ ਅੰਦਰ, ਹਿੰਦੁਸਤਾਨੀ ਰਾਸ਼ਟਰਵਾਦ ਨੇ ਆਵਾਸੀ ਭਾਈਚਾਰੇ ਵਿਚ ਇਹ ਭਰਮ ਪੈਦਾ ਕੀਤਾ ਕਿ ਉਹ ਹਿੰਦੁਸਤਾਨ ਦਾ ਹਿੱਸਾ ਸਨ, ਅਤੇ ਲਿਹਾਜ਼ਾ ਉੱਤਰੀ ਅਮਰੀਕਾ ਦੀਆਂ ਨਸਲੀ ਸਮੱਸਿਆਵਾਂ ਤੋਂ ਮੁਕਤ ਸਨ। ਨਾਲ ਹੀ, ਗ਼ਦਰ ਦੇ ਰਾਸ਼ਟਰਵਾਦ ਨੇ ਆਵਾਸੀ ਭਾਈਚਾਰੇ ਨੂੰ ਇਕ ਨਸਲੀ-ਸੱਭਿਆਚਾਰਕ ਪਛਾਣ ਦਿੱਤੀ, ਇਕ ਗੌਰਵ ਦਾ ਅਹਿਸਾਸ, ਜਿਸਨੇ ਉਨ੍ਹਾਂ ਨੂੰ ਆਪਣੇ ਦੋਖੀ ਉੱਤਰੀ ਅਮਰੀਕਨ ਆਲੇ-ਦੁਆਲੇ ਦਾ ਸਾਹਮਣਾ ਕਰਨ ਦੇ ਕਾਬਲ ਬਣਾਇਆ।

ਦੋਵੇਂ ਵਿਚਾਰ ਸਹੀ ਹਨ, ਪਰ ਸ਼ੁਰੂ 'ਚ ਇਹ ਪਹਿਲੀ ਵਿਆਖਿਆ ਸੀ – ਰਾਸ਼ਟਰਵਾਦ ਪ੍ਰਵਾਸੀ ਭਾਈਚਾਰੇ ਅਤੇ ਉਨ੍ਹਾਂ ਦੇ ਵਤਨ ਦਰਮਿਆਨ ਇਕ ਕੜੀ ਦੇ ਰੂਪ 'ਚ – ਜੋ ਇਸ ਦੀ ਮੂਲ ਭਾਵਨਾ ਦੀ ਖ਼ਾਸਾ ਬਿਆਨੀ ਕਰਦੀ ਸੀ। ਰਾਸ਼ਟਰਵਾਦੀ ਦੇ ਰੂਪ 'ਚ ਹਿੰਦੁਸਤਾਨੀ ਰਹਿੰਦੇ ਹੋਏ, ਗ਼ਦਰ ਲਹਿਰ ਜ਼ਰੀਏ ਇਸ ਦੇ ਬਾਨੀਆਂ ਨੇ ਇਕ ਬਦੇਸ਼ੀ ਸਮਾਜ ਅੰਦਰਲੇ ਇਕ ਘੱਟਗਿਣਤੀ ਭਾਈਚਾਰੇ ਦਾ ਹਿੱਸਾ ਹੋਣ ਦੇ ਅਪਮਾਨਜਨਕ ਅਕਸ ਤੋਂ ਵਿੱਥ ਬਣਾ ਲਈ। ਆਪਣੀਆਂ ਹਿੰਦੁਸਤਾਨੀ ਪਛਾਣਾਂ ਨੂੰ ਬਰਕਰਾਰ ਰੱਖਦੇ ਹੋਏ, ਉਨ੍ਹਾਂ ਨੇ ਇਹ ਸੰਭਾਵਨਾ ਵੀ ਜ਼ਿੰਦਾ ਰੱਖੀ ਕਿ ਉਹ ਹਿੰਦੁਸਤਾਨ ਨੂੰ ਵਾਪਸ ਜਾ ਸਕਦੇ ਹਨ। ਪਰ ਜਦੋਂ ਆਵਾਸੀ ਭਾਈਚਾਰੇ ਨੇ ਉੱਥੇ ਪੈਰ ਜਮਾ ਲਏ, ਅਤੇ ਗ਼ਦਰ ਲਹਿਰ ਭਾਈਚਾਰੇ ਦੀ ਜ਼ਿੰਦਗੀ ਨਾਲ ਵਧੇਰੇ ਇਕਮਿੱਕ ਹੋ ਗਈ, ਫਿਰ ਗ਼ਦਰ ਰਾਸ਼ਟਰਵਾਦ ਉਨ੍ਹਾਂ ਦੀ ਨਸਲੀ-ਸੱਭਿਆਚਾਰਕ ਹਿੰਦੁਸਤਾਨੀ-ਅਮਰੀਕਨਾਂ ਵਜੋਂ ਪਛਾਣ ਨਾਲ ਜੁੜ ਗਿਆ। ਖ਼ਾਸ ਕਰਕੇ 1920 ਤੋਂ ਪਿੱਛੋਂ ਇੰਝ ਹੀ ਜਾਪਦਾ ਹੈ। 1920ਵਿਆਂ ਦੇ ਸ਼ੁਰੂ ਵਿਚ, ਜਦੋਂ ਲਹਿਰ ਵੰਡੀ ਗਈ, ਗ਼ਦਰ ਲਹਿਰ ਦਾ ਇਕ ਹਿੱਸਾ ਮੁਕਾਮੀ ਸਿਆਸਤ ਅਤੇ ਪ੍ਰਵਾਸੀ ਭਾਈਚਾਰੇ ਦੀ ਜਥੇਬੰਦੀ ਦਾ ਮੰਚ ਬਣ ਗਿਆ।

ਇਸ ਭੂਮਿਕਾ ਦੀਆਂ ਸੈਨਤਾਂ ਪਹਿਲਾਂ ਵੀ ਸਨ। ਲਹਿਰ ਨੇ ਆਗੂਆਂ ਦੀ ਸ਼ਨਾਖ਼ਤ ਕਰਨ ਤੇ ਉਨ੍ਹਾਂ ਨੂੰ ਸਿਖਲਾਈ ਦੇਣ 'ਚ ਸਹਾਇਤਾ ਕੀਤੀ ਸੀ ਅਤੇ ਉਨ੍ਹਾਂ ਨੂੰ ਹਮਾਇਤੀ ਅਧਾਰ ਮੁਹੱਈਆ ਕੀਤਾ ਸੀ। ਕੁਝ ਧਨ ਅਤੇ ਰਸੂਖ਼ ਹੱਥ ਆਉਣ ਨਾਲ, ਗ਼ਦਰ ਪ੍ਰਵਾਸੀ ਭਾਈਚਾਰੇ ਅੰਦਰ ਤਾਕਤ ਦਾ ਅਖਾੜਾ ਬਣ ਗਿਆ। 1915 ਤੋਂ 1917 ਤਕ, ਜਦੋਂ ਇਹ ਦੋ ਵਿਰੋਧੀ ਗੁੱਟਾਂ ਵਿਚ ਪਾਟੀ ਹੋਈ ਸੀ, ਗ਼ਲਬੇ ਲਈ ਸੰਘਰਸ਼ ਵੀ ਓਨਾ ਹੀ ਮੁੱਦਾ ਸੀ ਜਿੰਨਾ ਵਿਚਾਰਧਾਰਾ ਦਾ ਮੱਤਭੇਦ। 1918 'ਚ ਰਾਮ ਚੰਦਰ ਦੀ ਦੁਖਦਾਈ ਮੌਤ, ਅਤੇ ਗਿਆਨੀ

ਭਗਵਾਨ ਸਿੰਘ ਦਾ ਗ਼ਦਰ ਦੀ ਅਗਵਾਈ ਦੀ ਵਾਗਡੋਰ ਸੰਭਾਲਣਾ, ਪਾਰਟੀ ਦੇ ਅੰਦਰੂਨੀ ਸੰਘਰਸ਼ ਨਾਲ ਜੁੜੀ ਅਹਿਮੀਅਤ ਵੱਲ ਨਾਟਕੀ ਇਸ਼ਾਰਾ ਸੀ।

1930 ਦੌਰਾਨ ਲਹਿਰ ਨਸਲੀ-ਸੱਭਿਆਚਾਰਕ ਪਛਾਣ ਅਤੇ ਰਾਸ਼ਟਰਵਾਦੀ ਗੌਰਵ ਦੇ ਸਰੋਤ ਵਜੋਂ ਜਾਰੀ ਰਹੀ ਅਤੇ ਸਿਰਫ਼ ਹਿੰਦੁਸਤਾਨ ਦੀ ਆਜ਼ਾਦੀ ਦੇ ਵਕਤ ਹੀ ਇਸਦਾ ਰਸਮੀ ਤੌਰ 'ਤੇ ਭੋਗ ਪਿਆ।

ਮਗਰਲੇ ਸਾਲਾਂ ਵਿਚ ਇਹ ਵਧੇਰੇ ਤੋਂ ਵਧੇਰੇ ਆਵਾਸੀ ਭਾਈਚਾਰੇ ਦੀ ਪਛਾਣ ਦਾ ਇਕ ਅੰਸ਼ ਸੀ। ਜਦੋਂ 1950ਵਿਆਂ 'ਚ ਇਕ ਪੰਜਾਬੀ ਵੰਸ਼ ਦੇ ਅਮਰੀਕਨ ਨਾਗਰਿਕ ਨੇ ਅਮਰੀਕਨ ਪ੍ਰਤੀਨਿਧੀ ਸਦਨ ਦੀ ਚੋਣ ਲੜੀ, ਉਸਦਾ ਗ਼ਦਰ ਪਾਰਟੀ ਨਾਲ ਗੂੜ੍ਹਾ ਸਬੰਧ ਮੁਹਿਮ ਦਾ ਗੰਭੀਰ ਮੁੱਦਾ ਬਣਿਆ ਕਿਉਂਕਿ ਗ਼ਦਰ ਕੌਮਾਂਤਰੀ ਕਮਿਊਨਿਜ਼ਮ ਨਾਲ ਜਾ ਜੁੜਿਆ ਸੀ। 1950ਵਿਆਂ ਦੇ ਮੈਕਾਰਥੀ ਦੌਰ ਵਿਚ, ਕੈਲੀਫੋਰਨੀਆ ਵਿਚ ਸਮੁੱਚਾ ਪੰਜਾਬੀ ਪ੍ਰਵਾਸੀ ਭਾਈਚਾਰਾ ਵਹਿਮੀ ਅਮਰੀਕਾ ਵਲੋਂ ਉਨ੍ਹਾਂ ਦੇ ਖ਼ਿਲਾਫ਼ ਬਦਲਾਲਊ ਕਾਰਵਾਈ ਕੀਤੇ ਜਾਣ ਤੋਂ ਭੈਭੀਤ ਹੋ ਗਿਆ ਸੀ। ਸਿਰਫ਼ ਪਿੱਛੇ ਜਹੇ ਤੋਂ ਹੀ, ਹੁਣ ਜਦੋਂ ਦਾ 1950ਵਿਆਂ ਦਾ ਲਾਲ ਹਊਆ ਘੱਟ ਹੋਇਆ ਹੈ ਫਿਰ ਹੀ ਪ੍ਰਵਾਸੀ ਭਾਈਚਾਰੇ ਅਤੇ ਗ਼ਦਰ ਬਾਰੇ ਅਕਾਦਮਿਕ ਖੋਜ ਦੁਬਾਰਾ ਸੰਭਵ ਹੋਈ ਹੈ। ਇਕ ਵਾਰ ਫਿਰ, ਲਹਿਰ ਬਾਰੇ ਭਾਈਚਾਰੇ ਵਲੋਂ ਹੀ ਚਰਚਾ ਕੀਤੀ ਜਾ ਸਕਦੀ ਹੈ, ਅਤੇ ਇਹ ਮੁੜ ਇਸਦੇ ਰਾਸ਼ਟਰਵਾਦੀ ਗੌਰਵ ਦਾ ਚਿੰਨ੍ਹ ਬਣ ਗਈ ਹੈ।

ਉਸ ਚਿੰਨ੍ਹ ਨੂੰ ਪਿੱਛੇ ਜਹੇ ਇਮਾਰਤ ਦੀ ਸ਼ਕਲ ਦੇ ਦਿੱਤੀ ਗਈ ਹੈ। 1975 ਵਿਚ, ਹਿੰਦੁਸਤਾਨ ਸਰਕਾਰ ਨੇ ਸਾਨ ਫਰਾਂਸਿਸਕੋ ਵਿਖੇ ਗ਼ਦਰ ਪਾਰਟੀ ਦੇ ਅਸਲ ਸਦਰ-ਮੁਕਾਮ ਵਾਲੀ ਜਗ੍ਹਾ *5 ਵੁੱਡ ਸਟਰੀਟ* ਉੱਪਰ ਇਕ ਖ਼ੂਬਸੂਰਤ ਰੈੱਡਵੁੱਡ ਲਾਇਬ੍ਰੇਰੀ ਅਤੇ ਮੀਟਿੰਗ ਹਾਲ ਦੀ ਉਸਾਰੀ ਕਰਵਾਈ। ਗ਼ਦਰ ਯਾਦਗਾਰੀ ਲਾਇਬ੍ਰੇਰੀ ਦੀ ਉਸਾਰੀ ਲਈ ਜ਼ਿਆਦਾਤਰ ਫੰਡ ਕੈਲੀਫੋਰਨੀਆ ਵਿਚ ਰਹਿ ਰਹੇ ਪੰਜਾਬੀਆਂ ਵਲੋਂ ਦਿੱਤੇ ਗਏ। ਅਜਾਇਬ ਘਰ ਅਤੇ ਲਾਇਬ੍ਰੇਰੀ ਦਾ ਕੰਮ ਦੇਣ ਤੋਂ ਇਲਾਵਾ, ਇਮਾਰਤ ਦਾ ਇਸਤੇਮਾਲ ਮੁਕਾਮੀ ਭਾਈਚਾਰੇ ਦੇ ਮੀਟਿੰਗ ਹਾਲ ਵਜੋਂ ਕੀਤਾ ਜਾਂਦਾ ਹੈ। ਇੰਞ, ਗ਼ਦਰ ਦਾ ਨਾਂ ਮੂਲ ਗ਼ਦਰੀ ਬਾਗ਼ੀਆਂ ਦੇ ਬੱਚਿਆਂ ਅਤੇ ਉਨ੍ਹਾਂ ਦੀ ਅਗਲੀ ਪੀੜ੍ਹੀ ਦੇ ਨਸਲੀ-ਸੱਭਿਆਚਾਰਕ ਗੌਰਵ ਦਾ ਅੱਜ ਵੀ ਅੰਗ ਬਣਿਆ ਹੋਇਆ ਹੈ।

ਗ਼ਦਰ ਦੇ ਲੱਛਣ

ਤਾਂ ਫਿਰ, ਸੰਖੇਪ ਵਿਚ "ਗ਼ਦਰ ਦੇ ਲੱਛਣਾਂ" ਨੂੰ ਹੇਠ ਦਿੱਤੇ ਅਨੁਸਾਰ ਬਿਆਨ ਕੀਤਾ ਜਾ ਸਕਦਾ ਹੈ:

ਮੁਲਕ-ਬਦਰ ਲੋਕਾਂ ਵਲੋਂ ਇਕ ਖਾੜਕੂ ਰਾਸ਼ਟਰਵਾਦੀ ਲਹਿਰ ਖੜ੍ਹੀ ਕੀਤੀ ਜਾਂਦੀ ਹੈ, ਜਿਨ੍ਹਾਂ ਲਈ ਲਹਿਰ ਆਪਣੀ ਆਰਥਕ ਤੇ ਸਮਾਜੀ ਮਾਯੂਸੀ ਨੂੰ ਬਾਹਰ ਲਿਆਉਣ ਦਾ ਇਕ ਮੂੰਹਾਂ (outlet), ਅਤੇ ਉਨ੍ਹਾਂ ਦੀਆਂ ਨਸਲੀ-ਸੱਭਿਆਚਾਰਕ ਪਛਾਣਾਂ ਦਾ ਸਾਧਨ ਵੀ ਹੈ। ਇਹ ਨਸਲੀ-ਸੱਭਿਆਚਾਰਕ ਰੋਹ ਅਤੇ ਰਾਸ਼ਟਰਵਾਦੀ ਗੌਰਵ ਦਾ ਮਿਲਾਪ ਅਤੇ ਦੁਵੱਲਾ ਆਦਾਨ-ਪ੍ਰਦਾਨ ਵੀ ਹੈ।

ਇਕ ਆਮ ਕਿਸਮ, ਲੱਛਣ, ਵਜੋਂ ਦੇਖਿਆ ਜਾਵੇ ਤਾਂ ਗ਼ਦਰ ਬੇਜੋੜ ਨਹੀਂ ਹੈ। ਅਮਰੀਕਾ ਅੰਦਰ ਹੋਰ ਵੀ ਐਸੇ ਨਸਲੀ-ਸੱਭਿਆਚਾਰਕ ਭਾਈਚਾਰੇ ਸਨ ਜਿਨ੍ਹਾਂ ਲਈ ਨਸਲੀ-ਸੱਭਿਆਚਾਰਕ ਸਾਂਝ ਅਤੇ ਕੌਮੀ ਗੌਰਵ ਨੇ ਮਿਲਕੇ ਇਕ ਇਨਕਲਾਬੀ ਲਹਿਰ ਦੀ ਸ਼ਕਲ ਅਖ਼ਤਿਆਰ ਕੀਤੀ। ਮਿਸਾਲ ਵਜੋਂ, ਗ਼ਦਰ ਲਹਿਰ ਦੇ ਵਕਤ ਆਵਾਸੀ ਆਇਰਿਸ਼ ਕਾਮੇ ਬਰਤਾਨਵੀਆਂ ਦੇ ਖ਼ਿਲਾਫ਼ ਆਪਣਾ ਸੰਘਰਸ਼ ਲੜ ਰਹੇ ਸਨ, ਅਤੇ ਕੈਲੀਫੋਰਨੀਆ ਵਿਚ ਆਇਰਿਸ਼ ਭਾਈਚਾਰੇ ਦੇ ਮੈਂਬਰ ਗ਼ਦਰ ਦੇ ਗੂੜ੍ਹੇ ਸੰਗੀ ਸਨ। ਮੋੜਵੇਂ ਰੂਪ 'ਚ, ਗ਼ਦਰ ਵਲੋਂ ਆਇਰਸ਼ ਆਜ਼ਾਦੀ ਦੇ ਹੱਕ ਵਿਚ ਕਿਤਾਬਚੇ ਛਾਪੇ ਗਏ। ਰਾਮ ਚੰਦਰ ਦੀ ਮੌਤ ਤੋਂ ਬਾਦ, ਆਇਰਿਸ਼ ਆਜ਼ਾਦੀ ਦੀ ਲਹਿਰ ਉਸ ਦੇ ਪਰਿਵਾਰ ਲਈ ਸਹਾਰਾ ਬਣੀ ਅਤੇ ਇਸ ਵਲੋਂ ਲਹਿਰ ਦੇ ਹੋਰ ਮੈਂਬਰਾਂ ਦੀ ਵੀ ਮਦਦ ਕੀਤੀ ਗਈ।

ਹੋਰ ਏਸ਼ੀਆਈ ਭਾਈਚਾਰਿਆਂ ਦੇ ਅੰਦਰ ਵੀ ਗ਼ਦਰ ਦੇ ਲੱਛਣਾਂ ਦੀਆਂ ਹੋਰ ਮਿਸਾਲਾਂ ਮਿਲ ਜਾਂਦੀਆਂ ਹਨ। ਸੁਨ ਯਤ-ਸੇਨ ਦੀ ਅਗਵਾਈ ਵਿਚ 1911 ਦਾ ਇਨਕਲਾਬ ਉਸ ਵਕਤ ਹੋਇਆ ਜਦੋਂ ਅਮਰੀਕਾ ਅੰਦਰ ਚੀਨੀ ਆਵਾਸੀ ਉਸੇ ਤਰ੍ਹਾਂ ਦੇ ਸਮਾਜੀ ਤੁਅੱਸਬ ਅਤੇ ਮਨਾਹੀ ਦੇ ਕਾਨੂੰਨ ਦਾ ਸ਼ਿਕਾਰ ਸਨ ਜਿਸ ਤਰ੍ਹਾਂ ਦਾ ਪੰਜਾਬੀ ਆਵਾਸੀਆਂ ਨੂੰ ਹੰਢਾਉਣਾ ਪਿਆ, ਅਤੇ ਆਵਾਸੀ ਚੀਨੀਆਂ ਵਲੋਂ ਸੁਨ ਯਤ-ਸੇਨ ਦੇ ਇਨਕਲਾਬ ਦੀ ਸਰਗਰਮ ਮਦਦ ਗ਼ਦਰੀਆਂ ਦੀਆਂ ਇਨਕਲਾਬੀ ਸਰਗਰਮੀਆਂ ਤੋਂ ਉੱਕਾ ਹੀ ਵੱਖਰੀ ਨਹੀਂ ਸੀ। 1910 'ਚ, ਸੁਨ ਯਤ-ਸੇਨ ਆਪਣੀ ਲਹਿਰ ਦੀਆਂ ਸ਼ਾਖਾਵਾਂ, Tongmenghui, ਜਥੇਬੰਦ ਕਰਨ ਲਈ ਅਮਰੀਕਾ ਆਏ, ਜੋ ਮੁਕਾਮੀ ਜਥੇਬੰਦੀਆਂ ਨਾਲ ਮਿਲਕੇ "ਅਮਰੀਕਾ ਅਤੇ ਕੈਨੇਡਾ ਅੰਦਰ ਚੀਨੀ ਭਾਈਚਾਰਿਆਂ ਵਿਚ ਅਹਿਮ ਸਿਆਸੀ ਤਾਕਤ ਵਜੋਂ ਉੱਭਰੀਆਂ।" ਅਮਰੀਕਾ ਅੰਦਰ ਕੋਰੀਆਈ ਰਾਸ਼ਟਰਵਾਦੀ ਸਰਗਰਮੀਆਂ ਵੀ ਗ਼ਦਰ ਦੇ ਲੱਛਣਾਂ ਦੇ ਸਮਾਂਤਰ ਚੱਲਦੀਆਂ ਰਹੀਆਂ।

ਇੰਞ, ਭਾਵੇਂ ਹਿੰਦੁਸਤਾਨ ਦੇ ਆਜ਼ਾਦੀ ਦੇ ਸੰਘਰਸ਼ ਵਿਚ ਗ਼ਦਰ ਲਹਿਰ ਵਿਲੱਖਣ ਸਥਾਨ ਰੱਖਦੀ ਹੋ ਸਕਦੀ ਹੈ, ਇਹ ਅਮਰੀਕਾ ਅੰਦਰ ਨਸਲੀ-ਸੱਭਿਆਚਾਰਕ ਭਾਈਚਾਰਿਆਂ ਦੇ ਨਮੂਨੇ ਅੰਦਰ ਇਕ ਅਲਹਿਦਾ ਘਟਨਾ ਨਹੀਂ ਹੈ।

ਹਿੰਦੁਸਤਾਨ ਦੇ ਭਵਿੱਖ-ਨਕਸ਼ੇ ਤੋਂ ਦੇਖਿਆਂ, ਆਜ਼ਾਦੀ ਦੇ ਕਾਜ ਲਈ ਗ਼ਦਰੀ ਇਨਕਲਾਬੀਆਂ ਦੀ ਜੋਸ਼ੀਲੀ ਪਰ ਨਾਕਾਮਯਾਬ ਦੇਣ ਕੁਝ ਹੱਦ ਤਕ ਇਕ ਬੁਝਾਰਤ ਹੈ। ਪਰ ਉੱਤਰੀ ਅਮਰੀਕਾ ਦੇ ਭਵਿੱਖ-ਨਕਸ਼ੇ ਤੋਂ ਦੇਖਿਆਂ, ਗ਼ਦਰੀ ਬਾਗ਼ੀਆਂ ਦੀਆਂ ਸਰਗਰਮੀਆਂ ਬਿਲਕੁਲ ਵੱਖਰੀਆਂ ਜਾਪਦੀਆਂ ਹਨ। ਅਮਰੀਕਨ ਪ੍ਰਸੰਗ ਵਿਚ ਲਹਿਰ, ਕੁਝ-ਕੁਝ ਦੱਬੇ-ਕੁਚਲੇ ਘੱਟਗਿਣਤੀ ਭਾਈਚਾਰੇ ਦਾ ਇਜ਼ਹਾਰ ਹੈ। ਗੁੱਸਾ ਅਤੇ ਜ਼ਲਾਲਤ ਪਿਛਲ-ਮੋੜਾ ਕੱਟਕੇ ਗੌਰਵ - ਇਕ ਰਾਸ਼ਟਰਵਾਦੀ ਗੌਰਵ - ਵਿਚ ਵਟ ਗਏ ਜਿਸ ਨੇ ਪ੍ਰਚੰਡ ਹੋ ਕੇ ਗ਼ਦਰ ਦੀ ਖਾੜਕੂ ਤਾਕਤ, ਅਤੇ ਇਸ ਦੇ ਨਾਕਾਮ ਇਨਕਲਾਬ ਦੀ ਸ਼ਕਲ ਅਖ਼ਤਿਆਰ ਕੀਤੀ।

ਕਾਮਾਗਾਟਾ ਮਾਰੂ ਅਤੇ ਗ਼ਦਰ ਪਾਰਟੀ

ਹਿੰਦੁਸਤਾਨ ਤੋਂ ਆਏ ਆਵਾਸੀਆਂ ਨੂੰ ਕੈਨੇਡਾ ਵਿਚ ਦਾਖ਼ਲ ਨਾ ਹੋਣ ਦੇਣ ਦੀ ਇਤਿਹਾਸਕ ਚੁਣੌਤੀ ਦਾ ਅਤੀਤ ਅਤੇ ਮੌਜੂਦਾ ਪਹਿਲੂ

–ਹਿਊ ਜੇ.ਐੱਮ. ਜੌਹਨਸਟਨ

ਬ੍ਰਿਟਿਸ਼ ਕੋਲੰਬੀਆ ਅਤੇ ਕੈਨੇਡਾ ਵਿਚ ਦੱਖਣੀ ਏਸ਼ੀਅਨਾਂ ਦਾ ਮੁੱਢਲਾ ਇਤਿਹਾਸ ਸਥਾਈ ਅਰਥ ਵਾਲੀਆਂ ਦੋ ਨਾਟਕੀ ਕਹਾਣੀਆਂ ਨੂੰ ਪੇਸ਼ ਕਰਦਾ ਹੈ, ਹਾਲਾਂਕਿ ਇਹ ਉਸ ਉੱਪਰ ਕੇਂਦਰਤ ਹਨ ਜੋ ਨਿਹਾਇਤ ਨਿੱਕਾ ਜਿਹਾ ਅਤੇ ਹਾਸ਼ੀਏ ਉੱਪਰਲਾ ਆਵਾਸੀ ਭਾਈਚਾਰਾ ਸੀ। ਪਹਿਲੀ ਆਵਾਸੀ ਸਮੁੰਦਰੀ ਜਹਾਜ਼, *ਕਾਮਾਗਾਟਾ ਮਾਰੂ*, ਦੇ ਪੰਜਾਬੀ ਮੁਸਾਫ਼ਰਾਂ ਨਾਲ ਸਬੰਧ ਰੱਖਦੀ ਹੈ ਜਿਨ੍ਹਾਂ ਨੇ 1914 ਦੇ ਹੁਨਾਲ ਵਿਚ ਕੈਨੇਡਾ ਵਿਚ ਬਹਾਦਰੀ ਨਾਲ ਪਰ ਕਾਨੂੰਨੀ ਤੌਰ 'ਤੇ ਦਾਖ਼ਲ ਹੋਣ ਦਾ ਵਿਅਰਥ ਯਤਨ ਕੀਤਾ।[1] ਦੂਜੀ ਇਨਕਲਾਬੀ ਗ਼ਦਰ (ਬਗ਼ਾਵਤ) ਪਾਰਟੀ ਨਾਲ ਸਬੰਧਤ ਹੈ ਜੋ ਦੱਖਣੀ ਏਸ਼ੀਆਈ ਆਵਾਸੀਆਂ ਨੇ 1913 'ਚ ਸਾਨ ਫਰਾਂਸਿਸਕੋ ਵਿਚ ਬਣਾਈ ਸੀ, ਜਿਸ ਨੇ ਪਹਿਲੀ ਆਲਮੀ ਜੰਗ ਦੌਰਾਨ ਬਰਤਾਨਵੀ ਰਾਜ ਦੇ ਖ਼ਿਲਾਫ਼ ਹਿੰਦੁਸਤਾਨੀ ਫ਼ੌਜ ਦੀ ਅਗਵਾਈ ਵਾਲੀ ਇਕ ਬਗ਼ਾਵਤ ਕਰਨ ਦਾ ਯਤਨ ਕੀਤਾ ਅਤੇ ਇਸ ਵਿਚ ਬੁਰੀ ਤਰ੍ਹਾਂ ਅਸਫ਼ਲ ਰਹੀ।[2] ਇਹ ਐਸੀ ਪਾਰਟੀ ਸੀ ਜਿਸ ਨੂੰ ਕੈਲੀਫੋਰਨੀਆ, ਓਰੇਗਾਨ, ਵਾਸ਼ਿੰਗਟਨ ਅਤੇ ਬ੍ਰਿਟਿਸ਼ ਕੋਲੰਬੀਆ ਵਿਚ ਰਹਿ ਰਹੇ, ਕੰਮ ਅਤੇ ਪੜ੍ਹਾਈ ਕਰ ਰਹੇ ਪੰਜਾਬੀ ਸਿੱਖਾਂ ਅਤੇ ਹੋਰ ਦੱਖਣੀ ਏਸ਼ੀਆਈ ਲੋਕਾਂ ਦੀ ਮੋਹਰੀ ਆਬਾਦੀ ਦੀ ਸਰਗਰਮ ਹਮਾਇਤ ਹਾਸਲ ਸੀ। ਕਾਮਾਗਾਟਾ ਮਾਰੂ ਅਤੇ ਗ਼ਦਰ ਪਾਰਟੀ ਆਪਸ ਵਿਚ ਜੁੜੀਆਂ ਹੋਈਆਂ ਹਨ ਅਤੇ ਇਹ ਹਿੰਦੁਸਤਾਨ ਤੇ ਕੈਨੇਡਾ ਨੂੰ ਜੋੜਨ ਵਾਲੇ ਵੀਹਵੀਂ ਸਦੀ ਦੇ ਮੁੱਢਲੇ ਇਤਿਹਾਸ ਦੇ ਮੁੱਖ ਪਹਿਲੂਆਂ ਦੀ ਵਿਆਖਿਆ ਕਰਦੀਆਂ ਹਨ। ਪਹਿਲੂ ਹਨ: ਹਿੰਦੁਸਤਾਨ ਦੀ ਆਜ਼ਾਦੀ ਲਈ ਸੰਘਰਸ਼, ਜਿਸ ਵਿਚ ਉੱਤਰੀ ਅਮਰੀਕਾ ਅਧਾਰਤ ਗ਼ਦਰ ਪਾਰਟੀ ਵਲੋਂ ਇਕ ਜਾਂਬਾਜ਼ ਪਰ ਵਿਉਂਤਹੀਣ ਤੇ ਬੇਮੌਕਾ ਭੂਮਿਕਾ ਨਿਭਾਈ ਗਈ, ਅਤੇ ਮੁਕੰਮਲ ਨਾਗਰਿਕਤਾ ਲੈਣ ਤੇ ਹਿੰਦੁਸਤਾਨ ਤੋਂ ਆਉਣ ਵਾਲੇ ਆਵਾਸੀਆਂ ਨੂੰ ਰੋਕਣ ਵਾਲੇ ਕੈਨੇਡੀਅਨ ਕਾਨੂੰਨਾਂ ਦਾ ਖ਼ਾਤਮਾ ਕਰਾਉਣ ਲਈ ਕੈਨੇਡਾ ਵਿਚਲੇ ਸਿੱਖਾਂ ਅੰਦਰ ਮੁਹਿੰਮ। ਇਹ ਕਾਨੂੰਨ 1908 ਤੋਂ ਲਾਗੂ ਸਨ ਅਤੇ ਇਹ ਕੈਨੇਡਾ ਦੇ "ਗੋਰੇ ਆਦਮੀ ਦਾ ਮੁਲਕ"[3] ਹੋਣ ਦੇ ਖ਼ਿਆਲ ਦੇ ਹਾਮੀ ਸਨ। ਇਨ੍ਹਾਂ ਕਹਾਣੀਆਂ ਵਿਚ, ਸਾਨੂੰ ਵੀਹਵੀਂ ਸਦੀ ਦੇ ਮੁੱਢ 'ਚ ਬਰਤਾਨਵੀ ਸਲਤਨਤ ਦੇ ਰਾਜ ਦਾ ਬਿੰਬ ਮਿਲ ਜਾਂਦਾ ਹੈ, ਜਦੋਂ ਇਹ ਆਪਣੀਆਂ ਸਭ ਤੋਂ ਸਿਖ਼ਰਾਂ ਛੋਹ ਰਿਹਾ ਜਾਪਦਾ ਸੀ

ਅਤੇ ਜਦੋਂ ਦਰਅਸਲ ਇਸ ਦੇ ਦਿਨ ਪੁੱਗ ਚੁੱਕੇ ਸਨ।[4] ਸਲਤਨਤ ਲਈ ਪਹਿਲੀ ਸਮੱਸਿਆ ਇਸ ਦੀ ਵੀਹਵੀਂ ਸਦੀ ਦੇ ਸ਼ੁਰੂ ਵਾਲੀ ਬਣਤਰ ਅੰਦਰਲੀ ਵੱਡੀ ਵਿਰੋਧਤਾਈ ਸੀ – ਇਸ ਦੀ ਆਪਣੀ ਕਈ ਨਸਲਾਂ ਅਤੇ ਕੌਮੀਅਤਾਂ ਨੂੰ ਲੈ ਕੇ ਬਣੀ ਗ਼ੁਲਾਮ ਪਰਜਾ ਤੋਂ ਵਫ਼ਾਦਾਰੀ ਦੀ ਉਮੀਦ ਅਤੇ ਇਸ ਦੀ ਉਨ੍ਹਾਂ ਨਾਲ ਬਰਾਬਰੀ ਵਾਲੀ ਵਰਤਾਓ ਕਰਨ ਪੱਖੋਂ ਦਾਰਸ਼ਨਿਕ ਅਤੇ ਢਾਂਚਾਗਤ ਨਾਲਾਇਕੀ। ਦੂਜਾ ਸੀ ਸਲਤਨਤ ਦਾ ਕੰਮ-ਚਲਾਊ ਸੁਭਾਅ; ਸੁਰੱਖਿਆ ਹੇਠਲੇ ਰਾਜਾਂ (protectorates), ਪਰਨਿਰਭਰਤਾਵਾਂ, ਅਤੇ ਸਵੈਰਾਜ ਵਾਲੀਆਂ ਬਸਤੀਆਂ ਦੇ ਸਮੂਹ ਵਜੋਂ ਇਸ ਦਾ ਇਤਿਹਾਸਕ ਵਿਕਾਸ ਜਿਨ੍ਹਾਂ ਵਿਚ ਬੇਤਹਾਸ਼ਾ ਰੂਪ 'ਚ ਵੱਖੋ-ਵੱਖਰੇ ਕਾਨੂੰਨੀ ਨਿਜ਼ਾਮ ਸਨ ਅਤੇ ਉਨ੍ਹਾਂ ਦਾ ਕੋਈ ਸੰਵਿਧਾਨ ਜਾਂ ਸਲਤਨਤ ਪੱਧਰ 'ਤੇ ਆਮ ਨਾਗਰਿਕ ਹੱਕਾਂ ਦੀ ਕੋਈ ਜ਼ਾਮਨੀ ਅਤੇ ਕੋਈ ਇੱਕੋਇਕ ਕਾਨੂੰਨ ਵਿਵਸਥਾ ਨਹੀਂ ਸੀ।[5] ਇਕ ਹੋਰ ਸਮੱਸਿਆ ਸੀ ਬਰਤਾਨੀਆ ਅੰਦਰ ਸਾਮਰਾਜਵਾਦੀਆਂ ਅਤੇ ਸਾਮਰਾਜਵਾਦ ਦੇ ਵਿਰੋਧੀਆਂ ਦਰਮਿਆਨ ਵਾਦ-ਵਿਵਾਦ ਦਾ ਜਾਰੀ ਰਹਿਣਾ, ਜਿਉਂ ਹੀ ਪਾਰਲੀਮੈਂਟ ਅੰਦਰ ਯੂਨੀਅਨ ਲਹਿਰ ਅਤੇ ਲੇਬਰ ਪਾਰਟੀ ਦੀ ਆਵਾਜ਼ ਵਧੇਰੇ ਤਕੜੀ ਹੋਈ 1900 ਤੋਂ ਬਾਅਦ ਇਹ ਵਾਦ-ਵਿਵਾਦ ਅੱਗੇ ਵਧਕੇ ਮਗਰਲਿਆਂ ਦੇ ਹੱਕ ਹੋ ਜਾਵੇਗਾ। ਇਹ ਬਰਤਾਨਵੀ ਦਲੀਲਬਾਜ਼ੀ ਸੀ ਜਿਸ ਨੂੰ ਪੜ੍ਹੇਲਿਖੇ ਹਿੰਦੁਸਤਾਨੀ ਦੇਖ ਸਕਦੇ ਸਨ ਅਤੇ ਇਸ ਵਿਚ ਸ਼ਾਮਲ ਵੀ ਹੋ ਸਕਦੇ ਸਨ, ਅਤੇ ਇਸ ਦਾ ਸਲਤਨਤ ਵਿਰੋਧੀ ਪਾਸਾ ਦੱਖਣੀ ਏਸ਼ੀਅਨਾਂ ਬਾਰੇ ਚੋਖੀ ਜਾਣਕਾਰੀ ਰੱਖਦਾ ਸੀ ਜੋ ਬਦੇਸ਼ ਵਿਚ ਬ੍ਰਿਟਿਸ਼ ਕੋਲੰਬੀਆ ਅਤੇ ਹੋਰ ਥਾਈਂ ਵਸ ਗਏ ਸਨ। ਇਸ ਤੋਂ ਬਿਨਾ, ਇਹ ਆਵਾਸੀ ਭਾਈਚਾਰੇ ਸਿਆਸੀ ਸਰਗਰਮੀ ਦੇ ਅੱਡੇ ਸਨ ਜਿਨ੍ਹਾਂ ਅੰਦਰ ਕੌਮੀ ਸਿਆਸੀ ਰੀਝਾਂ ਹਿੰਦੁਸਤਾਨ ਦੇ ਅਵਾਮ ਦੀਆਂ ਰੀਝਾਂ ਤੋਂ ਬਹੁਤ ਅੱਗੇ ਨਿਕਲ ਗਈਆਂ ਸਨ।[6]

ਬ੍ਰਿਟਿਸ਼ ਕੋਲੰਬੀਆ ਵਿਚਲੇ ਦੱਖਣੀ ਏਸ਼ੀਆਈ ਭਾਈਚਾਰੇ ਦੇ ਆਗੂਆਂ ਨੇ ਕਾਮਾਗਾਟਾ ਮਾਰੂ ਅਤੇ ਇਸਦੇ ਮੁਸਾਫ਼ਰਾਂ ਨੂੰ ਕੈਨੇਡਾ ਦੇ ਆਵਾਸੀ ਕਾਇਦਾ-ਏ-ਕਾਨੂੰਨ ਨੂੰ ਅਜ਼ਮਾਉਣ ਲਈ ਹੱਲਾਸ਼ੇਰੀ ਦਿੱਤੀ, ਅਤੇ ਉਨ੍ਹਾਂ ਨੇ ਆਪਣੇ ਹੀ ਮੁਲਕ ਵਿਚ ਹਿੰਦੁਸਤਾਨੀਆਂ ਦੀ ਅਧੀਨਗੀ, ਜਾਂ ਦੂਜੇ ਦਰਜੇ ਦੀ ਨਾਗਰਿਕਤਾ ਦੇ ਖ਼ਿਲਾਫ਼ ਆਵਾਜ਼ ਉਠਾਈ, ਪਟੀਸ਼ਨਾਂ ਪਾਈਆਂ ਅਤੇ ਜਥੇਬੰਦ ਹੋਏ। ਆਖ਼ਿਰਕਾਰ ਇਨ੍ਹਾਂ ਆਗੂਆਂ ਦੀਆਂ ਸਾਰੀਆਂ ਗੱਲਾਂ ਸਹੀ ਸਾਬਤ ਹੋਈਆਂ ਜੋ ਉਹ ਹਾਸਲ ਕਰਨਾ ਚਾਹੁੰਦੇ ਸਨ – ਐਪਰ ਇਹ 1947 'ਚ ਹਿੰਦੁਸਤਾਨ ਨੂੰ ਆਜ਼ਾਦੀ ਮਿਲਣ ਤੋਂ ਪਹਿਲਾਂ ਨਹੀਂ ਹੋਇਆ। ਉਹ ਜੋ ਆਜ਼ਾਦੀਆਂ ਅਤੇ ਬਰਾਬਰੀ ਚਾਹੁੰਦੇ ਸਨ ਆਖ਼ਿਰਕਾਰ ਹਾਸਲ ਹੋ ਗਈਆਂ। ਜਦੋਂਕਿ ਉਦੋਂ ਉਨ੍ਹਾਂ ਦੀ ਬਰਤਾਨਵੀ ਮੁਲਕ (ਕੈਨੇਡਾ) ਵਿਚ ਪੂਰੇ ਨਾਗਰਿਕਾਂ ਵਜੋਂ ਰਹਿਣ ਦਾ ਹੱਕ ਦਿੱਤੇ ਜਾਣ ਦੀ ਮੰਗ ਮੰਨੀ ਨਹੀਂ ਗਈ ਅਤੇ ਨਾ ਹੀ ਉਨ੍ਹਾਂ ਦੀ ਇਹ ਮੰਗ ਬਹੁਗਿਣਤੀ ਕੈਨੇਡੀਅਨਾਂ ਵਲੋਂ ਮੰਨੀ, ਸਮਝੀ ਜਾਂ ਵਿਚਾਰੀ ਗਈ ਕਿ ਹਿੰਦੁਸਤਾਨ ਉੱਪਰੋਂ ਬਰਤਾਨਵੀ ਗ਼ਲਬਾ ਖ਼ਤਮ ਕੀਤਾ ਜਾਣਾ ਚਾਹੀਦਾ ਹੈ।

ਕੈਨੇਡੀਅਨ ਅਧਿਕਾਰੀਆਂ ਦੀਆਂ ਇਨ੍ਹਾਂ ਰਿਪੋਰਟਾਂ ਕਿ ਬਰਤਾਨੀਆ ਵਿਰੋਧੀ, ਇਨਕਲਾਬੀ ਗ਼ਦਰ ਪਾਰਟੀ ਕਾਮਾਗਾਟਾ ਮਾਰੂ ਮਾਮਲੇ ਵਿਚ ਸ਼ਾਮਲ ਸੀ ਦਾ ਕੈਨੇਡੀਅਨ

ਲੋਕ ਰਾਇ ਉੱਪਰ ਜ਼ਬਰਦਸਤ ਨਾਂਹ ਪੱਖੀ ਅਸਰ ਪਿਆ ਸੀ, ਜਿਸ ਦੀ ਪਹਿਲਾਂ ਹੀ ਮੁਸਾਫ਼ਰਾਂ ਪ੍ਰਤੀ ਹਮਦਰਦੀ ਨਹੀਂ ਸੀ। ਦਰਅਸਲ, ਗ਼ਦਰ ਦੀ ਸ਼ਮੂਲੀਅਤ ਦੀ ਕਹਾਣੀ ਦਾ ਇਕ ਅਧਾਰ ਸੀ ਅਤੇ ਇਸ ਨਾਲ ਕੈਨੇਡਾ ਵਿਚਲੇ ਦੱਖਣੀ ਏਸ਼ੀਅਨਾਂ ਦੇ ਪਹਿਲੇ ਅਨੁਭਵ ਦੀ ਬਿਆਨਕਾਰੀ ਪੇਚੀਦਾ ਬਣੀ ਹੋਈ ਹੈ। ਇਹ ਸੱਚ ਸੀ ਕਿ ਗ਼ਦਰ ਪਾਰਟੀ ਦੀ ਲੀਡਰਸ਼ਿਪ ਅਤੇ ਕਾਮਾਗਾਟਾ ਮਾਰੂ ਦੀ ਮੁਹਿੰਮ ਨੂੰ ਜਥੇਬੰਦ ਕਰਨ ਵਾਲਿਆਂ ਦਰਮਿਆਨ ਨਿੱਜੀ ਰਾਬਤਾ ਸੀ; ਗ਼ਦਰ ਸਾਹਿਤ ਇਸ ਜਹਾਜ਼ ਉੱਪਰ ਪਹੁੰਚਾਇਆ ਗਿਆ; ਅਤੇ ਜਹਾਜ਼ 'ਤੇ ਸਵਾਰ ਕੁਝ ਬੰਦੇ ਬਾਅਦ ਵਿਚ ਗ਼ਦਰੀ ਕਾਰਕੁਨ ਬਣੇ। ਪਰ ਕਾਮਾਗਾਟਾ ਮਾਰੂ ਦਾ ਮੂਲ ਮਨੋਰਥ ਦੱਖਣੀ ਏਸ਼ੀਆਈ ਆਵਾਸੀਆਂ ਨੂੰ ਕੈਨੇਡਾ ਵਿਚ ਦਾਖ਼ਲ ਹੋਣ ਦੀ ਖੁੱਲ੍ਹ ਦਿਵਾਉਣਾ ਸੀ।

ਸਾਨੂੰ ਇਸ ਨੂੰ ਇਕ ਵਿਕਾਸਸ਼ੀਲ ਇਤਿਹਾਸ ਵਜੋਂ ਸਮਝਣਾ ਚਾਹੀਦਾ ਹੈ ਜਿਸ ਨੂੰ ਇਕ ਗਤੀਸ਼ੀਲ ਹਾਲਾਤ ਨੇ ਸਾਜਿਆ ਅਤੇ ਜੋ ਬਹੁਤ ਸਾਰੇ ਵਿਅਕਤੀਆਂ ਵਾਲਾ ਅਤੇ ਇਸ ਵਿਚ ਸ਼ਾਮਲ ਲੋਕਾਂ ਲਈ ਪੇਚੀਦਾ ਰਾਹਾਂ ਵਾਲਾ ਸੀ। ਕੁਝ ਮੁਸਾਫ਼ਰਾਂ ਦੀਆਂ ਜ਼ਿੰਦਗੀਆਂ ਬਾਖ਼ੂਬੀ ਕਲਮਬੰਦ ਕੀਤੀਆਂ ਗਈਆਂ ਹਨ ਅਤੇ ਜਿਨ੍ਹਾਂ ਤੋਂ ਸਾਨੂੰ ਉਨ੍ਹਾਂ ਦੇ ਸਾਂਝੇ ਤਜ਼ਰਬੇ ਅੰਦਰਲੇ ਫ਼ਰਕਾਂ ਨੂੰ ਸਮਝਣ ਦੀ ਸੂਝ ਮਿਲਦੀ ਹੈ। ਮਿਸਾਲ ਵਜੋਂ, ਗੁਰਮੁਖ ਸਿੰਘ ਲਲਤੋਂ ਕਾਮਾਗਾਟਾ ਮਾਰੂ 'ਤੇ ਸਵਾਰ ਇਕ ਨੌਜਵਾਨ ਮੁਸਾਫ਼ਰ ਸੀ ਜੋ ਹਿੰਦੁਸਤਾਨ ਨੂੰ ਮੰਦਭਾਗੀ ਵਾਪਸੀ ਉਪਰੰਤ ਗ਼ਦਰ ਪਾਰਟੀ ਦਾ ਸਰਗਰਮ ਮੈਂਬਰ ਬਣਿਆ ਅਤੇ ਜਿਸ ਨੂੰ ਚੋਰੀ-ਛਿਪੇ ਸੋਵੀਅਤ ਯੂਨੀਅਨ ਚਲੇ ਜਾਣ ਤੋਂ ਪਹਿਲਾਂ ਬਰਤਾਨਵੀ ਹਕੂਮਤ ਵਲੋਂ ਹਿੰਦੁਸਤਾਨ ਵਿਚ ਸੱਤ ਸਾਲ ਜੇਲ੍ਹ ਵਿਚ ਕੈਦ ਰੱਖਿਆ ਗਿਆ। ਮਾਸਕੋ ਕੇਂਦਰ ਤੋਂ ਉਸ ਦਾ ਗ਼ਦਰ ਪਾਰਟੀ ਦੇ ਕੰਮਾਂ ਸਬੰਧੀ ਅਫ਼ਗਾਨਿਸਤਾਨ ਅਤੇ ਅਮਰੀਕਾ ਵਿਚ 1934 ਤਕ ਓਦੋਂ ਤਕ ਆਉਣ ਜਾਣ ਬਣਿਆ ਰਿਹਾ, ਜਦੋਂ ਚੋਰੀ-ਛੁਪੇ ਪੰਜਾਬ ਫੇਰੀ ਦੌਰਾਨ ਉਸ ਨੂੰ ਹਿੰਦੁਸਤਾਨ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ। ਸਿੱਟੇ ਵਜੋਂ ਉਸ ਨੂੰ ਜੇਲ੍ਹ ਭੇਜਿਆ ਗਿਆ ਜਿਥੇ ਉਹ 1947 ਵਿਚ ਹਿੰਦੁਸਤਾਨ ਨੂੰ ਆਜ਼ਾਦੀ ਮਿਲਣ ਤਕ ਕੈਦ ਰਿਹਾ। ਉਸ ਨੇ ਪੰਜਾਬ ਦੇ ਲੁਧਿਆਣਾ ਸ਼ਹਿਰ ਦੇ ਅੰਗਰੇਜ਼ੀ ਮਾਧਿਅਮ ਹਾਈ ਸਕੂਲ ਤੋਂ ਗਰੈਜੂਏਸ਼ਨ ਦੀ ਪੜ੍ਹਾਈ ਕੀਤੀ ਹੋਈ ਸੀ ਅਤੇ ਕੈਨੇਡਾ ਆਉਣ ਦਾ ਯਤਨ ਕਰਨ ਤੋਂ ਪਹਿਲਾਂ ਉਸਦਾ ਸਿਆਸੀ ਸਰਗਰਮੀ ਦਾ ਕੋਈ ਰਿਕਾਰਡ ਨਹੀਂ ਸੀ। ਆਪਣੇ ਹਾਣੀ ਬਹੁਤ ਸਾਰੇ ਹੋਰ ਪੰਜਾਬੀ ਸਿੱਖਾਂ ਵਾਂਗ ਉਸਨੇ ਅੰਗਰੇਜ਼ ਹਿੰਦੁਸਤਾਨੀ ਫ਼ੌਜ ਵਿਚ ਭਰਤੀ ਹੋਣ ਦਾ ਯਤਨ ਕੀਤਾ; ਪਰ ਮੈਡੀਕਲ ਕਾਰਨਾਂ ਕਰਕੇ ਉਸ ਨੂੰ ਕਾਮਯਾਬੀ ਨਹੀਂ ਮਿਲੀ। ਬਦੇਸ਼ ਜਾਣ ਦੇ ਉਦੇਸ਼ ਨਾਲ 1913 'ਚ ਉਹ ਕਾਮਾਗਾਟਾ ਮਾਰੂ ਦੇ ਸਫ਼ਰ ਦੀ ਵਿਉਂਤ ਬਣਾਏ ਜਾਣ ਤੋਂ ਥੋੜ੍ਹਾ ਵਕਤ ਪਹਿਲਾਂ ਹੀ ਹਾਂਗ ਕਾਂਗ ਆਇਆ ਸੀ। ਉਸ ਜਹਾਜ਼ ਉੱਪਰ ਛੇ ਮਹੀਨੇ ਗੁਜ਼ਾਰਨ ਤੋਂ ਬਾਅਦ ਉਹ ਪੱਕਾ ਇਨਕਲਾਬੀ ਬਣ ਚੁੱਕਾ ਸੀ: ਵੈਨਕੂਵਰ ਦੀ ਬੰਦਰਗਾਹ ਉੱਪਰ ਜੋ ਵਾਪਰਿਆ ਉਸਨੇ ਉਸ ਨੂੰ ਐਸਾ ਬਣਾ ਦਿੱਤਾ ਸੀ।[7]

ਗੁਰਮੁਖ ਸਿੰਘ ਲਲਤੋਂ ਦੀ ਮਿਸਾਲ ਨੇ ਕਾਮਾਗਾਟਾ ਮਾਰੂ ਦੇ ਵਾਪਸ ਪਰਤੇ ਗ਼ਦਰੀਆਂ ਦੀ ਪ੍ਰਸਿੱਧੀ ਵਿਚ ਯੋਗਦਾਨ ਪਾਇਆ। ਪਰ ਉਹ ਵਿਲੱਖਣ ਨਹੀਂ ਸੀ: ਦਰ ਅਸਲ, ਉਸਨੇ

ਲੁਧਿਆਣਾ ਤੋਂ ਆਪਣੇ ਹਮ-ਸਕੂਲੀ ਪੂਰਨ ਸਿੰਘ ਜਨੇਤਪੁਰਾ ਸਮੇਤ ਬਹੁਤ ਸਾਰੇ ਹੋਰਾਂ ਨਾਲੋਂ ਵਧੇਰੇ ਬਿਖੜਾ ਰਾਹ ਅਖ਼ਤਿਆਰ ਕੀਤਾ। ਪੂਰਨ ਸਿੰਘ ਕਾਮਾਗਾਟਾ ਮਾਰੂ ਉੱਪਰ ਇਕ ਆਗੂ ਸੀ, ਜੋ ਪੂਰੇ ਸਫ਼ਰ ਦੌਰਾਨ ਸਟੋਰ-ਕੀਪਰ ਦੀ ਜ਼ਿੰਮੇਵਾਰੀ ਨਿਭਾਉਂਦਾ ਰਿਹਾ ਸੀ। ਕੈਨੇਡਾ ਜਾਣ ਦੇ ਯਤਨ ਦੇ ਤਲਖ਼ ਤਜ਼ਰਬੇ ਨੇ ਉਸ ਉੱਪਰ ਡੂੰਘਾ ਪ੍ਰਭਾਵ ਪਾਇਆ, ਪਰ ਉਹ ਕਦੇ ਵੀ ਗ਼ਦਰ ਪਾਰਟੀ ਜਾਂ ਸਮਾਜੀ ਬਦਲਾਓ ਦੀ ਖਾੜਕੂ ਪਹੁੰਚ ਨਾਲ ਨਹੀਂ ਜੁੜਿਆ।[8] ਉਹ ਆਪਣੇ ਬਹੁਤ ਸਾਰੇ ਮੁਸਾਫ਼ਰ ਸਾਥੀਆਂ ਦੀ ਨੁਮਾਇੰਦਗੀ ਕਰਦਾ ਸੀ। ਭਾਵੇਂਕਿ ਕਲਕੱਤਾ ਨੇੜੇ, ਬਜ ਬਜ ਘਾਟ ਉੱਪਰ ਆਪਣੇ ਸਫ਼ਰ ਦੇ ਅਨਰਥਕਾਰੀ ਅੰਤ ਤਕ ਉਨ੍ਹਾਂ ਨੇ ਪੂਰੀ ਇਕਜੁੱਟਤਾ ਦਿਖਾਈ, ਜਿਥੇ ਉਨ੍ਹਾਂ ਵਿੱਚੋਂ ਜ਼ਿਆਦਾਤਰ ਨੇ ਪੰਜਾਬ ਨੂੰ ਭੇਜੀ ਜਾਣ ਵਾਲੀ ਰੇਲ-ਗੱਡੀ ਵਿਚ ਚੜ੍ਹਨ ਦੇ ਪੁਲਿਸ ਦੇ ਹੁਕਮ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਪੁਲਿਸ ਤੇ ਫ਼ੌਜੀ ਦਸਤਿਆਂ ਨਾਲ ਗੋਲੀਆਂ ਦੇ ਵਟਾਂਦਰੇ ਵਿਚ ਵੀਹ ਮੁਸਾਫ਼ਰ ਮਾਰੇ ਗਏ। ਇਸ ਤੋਂ ਬਾਅਦ, ਮੁਸਾਫ਼ਰਾਂ ਨੇ ਆਪਣੀਆਂ ਨਿੱਜੀ ਪਸੰਦਾਂ ਦੇ ਰਾਹ ਚੁਣੇ ਅਤੇ ਆਪਣੀਆਂ ਆਜ਼ਾਦਾਨਾ ਭਵਿੱਖੀ ਮੰਜ਼ਲਾਂ ਬਣਾ ਲਈਆਂ। ਇਸ ਦਾ ਭਾਵ ਹੋ ਸਕਦਾ ਸੀ ਗੁਰਮੁੱਖ ਸਿੰਘ ਵਾਂਗ ਇਕ ਸਰਗਰਮ ਇਨਕਲਾਬੀ ਬਣਨਾ, ਪੁਰਅਮਨ ਢੰਗਾਂ ਨਾਲ ਹਿੰਦੁਸਤਾਨ ਦੀ ਆਜ਼ਾਦੀ ਚਾਹੁਣਾ, ਜਾਂ ਇਕ ਗ਼ੈਰਸਰਗਰਮ, ਕਿਸੇ ਪਾਸੇ ਸ਼ਾਮਲ ਨਾ ਹੋਣ ਦੀ ਭੂਮਿਕਾ ਅਖ਼ਤਿਆਰ ਕਰਨਾ। ਕੈਨੇਡਾ ਤੋਂ ਵਾਪਸ ਪਰਤਕੇ ਇਨ੍ਹਾਂ ਲੋਕਾਂ ਨੇ ਅਗਲੀ ਕੋਈ ਵੀ ਸਰਗਰਮੀ ਕੀਤੀ, ਬੰਦਾ ਇਹੀ ਸੋਚੇਗਾ ਕਿ ਫਿਰ ਵੀ ਉਨ੍ਹਾਂ ਦੀ ਡੂੰਘੇਰੀ ਹਮਦਰਦੀ ਇਨਕਲਾਬੀ ਕਾਜ ਨਾਲ ਰਹੀ ਹੋਵੇਗੀ।

ਕਰਤਾਰ ਸਿੰਘ ਮੇਹਲੀ ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਦੀਆਂ ਸਫ਼ਾਂ ਵਿੱਚੋਂ ਸੀ ਜਿਸ ਨੂੰ ਕਦੇ ਵੀ ਜੇਲ੍ਹ ਨਹੀਂ ਹੋਈ, ਜਦੋਂਕਿ ਪੰਜਾਬ ਆਉਣ 'ਤੇ ਆਪਣੇ ਬਹੁਤ ਸਾਰੇ ਸੰਗੀ ਮੁਸਾਫ਼ਰਾਂ ਵਾਂਗ ਉਹ ਵੀ ਆਪਣੇ ਪਿੰਡ ਤਕ ਸੀਮਤ ਹੋ ਗਿਆ ਸੀ। ਮੈਂ ਛੱਤੀ ਸਾਲ ਪਹਿਲਾਂ ਉਸ ਨਾਲ ਵੈਨਕੂਵਰ ਵਿਚ ਦੋ ਵਾਰ ਮੁਲਾਕਾਤ ਕੀਤੀ ਜਦੋਂ ਉਸਦੀ ਉਮਰ ਬੱਨਵੇਂ ਸਾਲ ਦੀ ਸੀ। ਉਸ ਵਕਤ ਉਹ ਆਪਣੇ ਸਨੇਹੀ ਕੈਨੇਡੀਅਨ ਸਿੱਖ ਰਿਸ਼ਤੇਦਾਰਾਂ ਦੇ ਘਰ ਰਹਿ ਰਿਹਾ ਸੀ। ਮੁਲਾਕਾਤਾਂ ਦੌਰਾਨ ਉਸ ਨੇ ਪੰਜਾਬੀ ਵਿਚ ਗੱਲਬਾਤ ਕੀਤੀ ਅਤੇ ਉਸਦੇ ਇਕ ਪਰਿਵਾਰ ਮੈਂਬਰ ਨੇ ਤਰਜਮਾ ਕੀਤਾ। ਉਸ ਨੂੰ 1914 ਦੀਆਂ ਘਟਨਾਵਾਂ ਪੂਰੀ ਸਪਸ਼ਟਤਾ ਨਾਲ ਚੇਤੇ ਸਨ। ਉਹ ਓਦੋਂ ਤੀਹ ਸਾਲਾਂ ਦਾ ਸੀ ਅਤੇ ਫ਼ੌਜ ਤੋਂ ਸੇਵਾ-ਮੁਕਤ ਹੋਇਆ ਸੀ ਜਦੋਂ ਨਵੰਬਰ 1913 'ਚ ਉਸਨੇ ਆਪਣਾ ਪਿੰਡ ਛੱਡਿਆ। ਜਿਨ੍ਹਾਂ ਹੋਰ ਪੰਜਾਬੀ ਪੇਂਡੂਆਂ ਨਾਲ ਉਸਨੇ ਸਫ਼ਰ ਕਰਨਾ ਸੀ ਕਲਕੱਤਾ ਵਿਖੇ ਉਨ੍ਹਾਂ ਦੀ ਇੰਤਜ਼ਾਰ ਕਰਨ ਤੋਂ ਬਾਅਦ ਉਹ ਜਨਵਰੀ 1914 'ਚ ਬਰਾਸਤਾ ਹਾਂਗਕਾਂਗ ਉੱਤਰੀ ਅਮਰੀਕਾ ਨੂੰ ਜਾ ਰਿਹਾ ਸੀ, ਓਦੋਂ ਉਸ ਨੂੰ ਕਾਮਾਗਾਟਾ ਮਾਰੂ ਬਾਰੇ ਕੋਈ ਜਾਣਕਾਰੀ ਨਹੀਂ ਸੀ। ਟਕੋਮਾ, ਵਾਸ਼ਿੰਗਟਨ ਵਿਖੇ ਉਤਰਕੇ ਉੱਤਰੀ ਅਮਰੀਕਾ ਵਿਚ ਦਾਖ਼ਲ ਹੋਣ ਦਾ ਉਸਦਾ ਪਹਿਲਾ ਯਤਨ ਅਸਫ਼ਲ ਰਿਹਾ ਜਦੋਂ ਉਸਦੇ ਡਾਕਟਰੀ ਮੁਆਇਨੇ ਵਿਚ ਨਾਂਹਪੱਖੀ ਰਿਪੋਰਟ ਆ ਗਈ। ਅਪ੍ਰੈਲ 1914 'ਚ ਉਹ ਹਾਂਗਕਾਂਗ ਵਾਪਸ ਆ ਗਿਆ, ਉੱਥੇ ਉਸ ਨੂੰ ਕਾਮਾਗਾਟਾ ਮਾਰੂ ਬਾਰੇ ਪਤਾ ਲੱਗਿਆ ਜੋ ਪਹਿਲਾਂ ਹੀ ਹਾਂਗਕਾਂਗ ਦੇ ਪੱਤਣ ਤੋਂ ਰਵਾਨਾ ਹੋ

ਚੁੱਕਾ ਸੀ। ਉਸ ਸਮੇਤ ਚੌਦਾਂ ਬੰਦਿਆਂ ਦੀ ਟੋਲੀ ਨੇ ਯੋਕੋਹਾਮਾ ਵਿਚ ਇਹੀ ਜਹਾਜ਼ ਜਾ ਫੜਿਆ ਅਤੇ ਫਿਰ ਉਹ ਬਜ ਬਜ ਵਿਖੇ ਆਪਣੇ ਅਭਾਗੇ ਸਫ਼ਰ ਦੇ ਅੰਤ ਤਕ ਉਸ ਜਹਾਜ਼ ਉੱਪਰ ਹੀ ਰਿਹਾ। ਉਹ ਆਮ ਮੁਸਾਫ਼ਰਾਂ ਵਿੱਚੋਂ ਇਕ ਸੀ: ਉਸ ਦੀ ਕਦੇ ਵੀ ਆਗੂਆਂ ਨਾਲ ਨੇੜਤਾ ਨਹੀਂ ਰਹੀ, ਉਹ ਕਦੇ ਵੀ ਉਨ੍ਹਾਂ ਦੀਆਂ ਨਜ਼ਰਾਂ ਵਿਚ ਨਹੀਂ ਆਇਆ, ਸਗੋਂ ਚੁੱਪਗੜੁੱਪ ਹੀ ਰਹਿੰਦਾ ਸੀ। ਜਦੋਂ ਉਹ ਪੰਜਾਬ ਵਿਚ ਸੀ, ਉਸਨੇ ਸਥਾਨਕ ਅਖ਼ਬਾਰਾਂ ਵਿਚ ਅਮਰੀਕਾ ਵਿਚ ਕਣਕ ਦੇ ਵੱਧ ਝਾੜ ਦੀ ਖ਼ਬਰ ਪੜ੍ਹੀ, ਅਤੇ ਇਸ ਨੇ ਉਸਦੇ ਮਨ ਅੰਦਰ ਉੱਤਰੀ ਅਮਰੀਕਾ ਵਿਚ ਜਾਕੇ ਖੇਤੀ ਕਰਨ ਦੀ ਖਾਹਸ਼ ਜਗਾ ਦਿੱਤੀ।[9] ਇਸ ਖ਼ਾਹਸ਼ ਤਹਿਤ ਉਸਨੇ ਕੈਨੇਡਾ ਜਾਂ ਅਮਰੀਕਾ ਜਾਣ ਦਾ ਨਿਸ਼ਚਾ ਕਰ ਲਿਆ। ਅਤੇ ਇਸ ਤਰ੍ਹਾਂ ਲੱਗਦਾ ਹੈ ਕਿ ਜਹਾਜ਼ ਉੱਪਰ ਸਵਾਰ ਜ਼ਿਆਦਾਤਰ ਬੰਦਿਆਂ ਦੀ ਮੂਲ ਖ਼ਾਹਸ਼ ਓੜਕ ਜ਼ਮੀਨ ਹਾਸਲ ਕਰਨ ਦੀ ਸੀ, ਜਦੋਂਕਿ ਇਹ ਲਗਭਗ ਨਿਸ਼ਚਿਤ ਸੀ ਕਿ ਇਸ ਦਾ ਭਾਵ ਕਿਰਤੀਆਂ ਦੇ ਰੂਪ 'ਚ ਸ਼ੁਰੂਆਤ ਸੀ।

ਇਨ੍ਹਾਂ ਜ਼ਿਆਦਾਤਰ ਬੰਦਿਆਂ ਲਈ, ਇਹ ਇਤਫ਼ਾਕੀਆ ਅਤੇ ਅਣਚਿਤਵਿਆ ਸੀ ਕਿ ਜਹਾਜ਼ ਧਰਮ ਅਤੇ ਸਿਆਸਤ ਦਾ ਸਬਕ ਬਣ ਗਿਆ। ਪਰ ਇਹੀ ਤਾਂ ਵਾਪਰਿਆ ਸੀ। ਗੁਰਦਿੱਤ ਸਿੰਘ ਸਰਹਾਲੀ, ਜੋ ਕਾਮਾਗਾਟਾ ਮਾਰੂ ਸਫ਼ਰ ਦਾ ਮੋਢੀ ਸੀ ਅਤੇ ਜਹਾਜ਼ ਉੱਪਰ ਨਿਰਵਿਵਾਦ ਆਗੂ ਸੀ, ਇਕ ਸਰਗਰਮ ਧਰਮੀ ਬੰਦਾ ਸੀ ਜਿਸ ਨੇ ਜਹਾਜ਼ ਦੇ ਮਸਤੂਲ ਉੱਪਰ ਗੁਰਦੁਆਰਾ ਬਣਾਇਆ ਹੋਇਆ ਸੀ। ਇਸ ਮੰਦਰ ਵਿਚ ਇਕ ਸੁੰਦਰ ਚਬੂਤਰਾ ਬਣਾਇਆ ਗਿਆ ਸੀ ਅਤੇ ਸਿੱਖ ਪਾਵਨ ਗ੍ਰੰਥ ਦੇ ਉੱਪਰ ਚੰਦੋਅ ਤਾਣਿਆ ਹੋਇਆ ਸੀ। ਇਸ ਦੀ ਸਜਾਵਟ ਦੀ ਗੁਣਵੱਤਾ ਸਿੱਖ ਭਾਈਚਾਰੇ ਦੇ ਕਿਸੇ ਵਧੀਆ ਸਾਂਭ-ਸੰਭਾਲ ਵਾਲੇ ਗੁਰਦੁਆਰੇ ਵਾਲੀ ਸੀ। ਗੁਰਦਿੱਤ ਸਿੰਘ ਅਨੁਸਾਰ ਜਹਾਜ਼ ਉੱਪਰ ਪਾਠ-ਪੂਜਾ ਦੀ ਅਗਵਾਈ ਕਰਨ ਲਈ ਗੁਰਦੁਆਰੇ ਵਾਲਾ ਗ੍ਰੰਥੀ ਅਤੇ ਇਸੇ ਤਰ੍ਹਾਂ ਇਕ ਡਾਕਟਰ ਰੱਖਣਾ ਜ਼ਰੂਰੀ ਸੀ, ਅਤੇ ਉਸਨੇ ਨਾਭਾ ਤੋਂ ਸੰਤ ਨਾਭ ਕੰਵਲ ਸਿੰਘ ਨੂੰ ਰੱਖ ਲਿਆ। ਸਫ਼ਰ ਦੌਰਾਨ, ਸਿੱਖ ਪਵਿੱਤਰ ਗ੍ਰੰਥ 'ਚੋਂ ਕੀਰਤਨ ਕਰਨਾ ਮੁਸਾਫ਼ਰਾਂ ਦਾ ਨਿੱਤਨੇਮ ਸੀ। ਇਹ ਐਸੀ ਚੀਜ਼ ਸੀ ਜਿਸ ਦਾ ਉਨ੍ਹਾਂ ਦੀ ਮਾਨਸਿਕ ਤੇ ਭਾਵੁਕ ਦ੍ਰਿੜਤਾ ਅਤੇ ਨਾਲ ਹੀ ਲੰਮੀ ਅਗਨੀ-ਪ੍ਰੀਖਿਆ ਦੌਰਾਨ ਉਨ੍ਹਾਂ ਨੂੰ ਜੋੜਕੇ ਰੱਖਣ 'ਚ ਯੋਗਦਾਨ ਰਿਹਾ। ਗੁਰਦੁਆਰਾ ਸਿਆਸੀ ਮੀਟਿੰਗਾਂ ਅਤੇ ਤਕਰੀਰਾਂ ਦਾ ਮੰਚ ਵੀ ਸੀ। ਕਾਮਾਗਾਟਾ ਮਾਰੂ ਉੱਪਰਲਾ ਗੁਰਦੁਆਰਾ ਗ਼ਦਰ ਪਾਰਟੀ ਦੇ ਬਹੁਤ ਹੀ ਵੱਖੋ-ਵੱਖਰੇ ਪਿਛੋਕੜ ਵਾਲੇ ਤਿੰਨ ਹਮਦਰਦਾਂ ਲਈ ਆਪਣੇ ਵਿਚਾਰ ਪੇਸ਼ ਕਰਨ ਦਾ ਸਥਾਨ ਵੀ ਰਿਹਾ : ਬਲਵੰਤ ਸਿੰਘ ਖ਼ੁਰਦਪੁਰ, ਵੈਨਕੂਵਰ ਤੋਂ ਸਿੱਖ ਗ੍ਰੰਥੀ; ਪ੍ਰੋਫੈਸਰ ਮੌਲਾਨਾ ਬਰਕਤਉੱਲਾ, ਇਕ ਇਸਲਾਮਿਕ ਅਤੇ ਸਰਵ-ਹਿੰਦੁਸਤਾਨੀ ਰਾਸ਼ਟਰਵਾਦੀ; ਅਤੇ ਭਗਵਾਨ ਸਿੰਘ ਜਾਖ, ਇਕ ਤੇਜਸਵੀ ਸਿੱਖ ਅਤੇ ਸਰਵ-ਹਿੰਦੁਸਤਾਨੀ ਰਾਸ਼ਟਰਵਾਦੀ। ਮਿਲਕੇ ਉਹ ਗ਼ਦਰ ਲਹਿਰ ਦੇ ਸਰਵ-ਹਿੰਦੁਸਤਾਨੀ (ਨਿਵੇਕਲੇ ਤੌਰ 'ਤੇ ਸਿੱਖ ਹੋਣ ਦੀ ਥਾਂ) ਸੁਭਾਅ ਦੀ ਨੁਮਾਇੰਦਗੀ ਕਰਦੇ ਸਨ। ਇਹ ਤਿੰਨੋਂ ਮੁਸਾਫ਼ਰਾਂ ਨੂੰ ਸੰਬੋਧਨ ਕਰਨ ਲਈ ਉਦੋਂ ਜਹਾਜ਼ 'ਤੇ ਸਵਾਰ ਹੋਏ ਜਦੋਂ ਇਹ ਜਪਾਨ ਦੀ ਬੰਦਰਗਾਹ ਉੱਪਰ ਵਾਪਸੀ ਸਫ਼ਰ ਲਈ ਰਵਾਨਾ ਹੋ ਰਿਹਾ ਸੀ। ਬਲਵੰਤ ਸਿੰਘ

ਖ਼ੁਰਦ – ਜਿਸ ਉੱਪਰ ਬਾਅਦ ਵਿਚ ਬਰਤਾਨਵੀਆਂ ਵਲੋਂ ਹਿੰਦੁਸਤਾਨ ਵਿਚ ਰਾਜਧ੍ਰੋਹ ਦਾ ਮੁਕੱਦਮਾ ਚਲਾਇਆ ਗਿਆ ਤੇ ਉਸ ਨੂੰ ਫਾਂਸੀ ਦੇ ਦਿੱਤੀ ਗਈ ਅਤੇ ਓਦੋਂ ਤੋਂ ਹੀ ਕੈਨੇਡਾ ਤੇ ਪੰਜਾਬ ਵਿਚ ਸਿੱਖਾਂ ਵਲੋਂ ਉਸ ਨੂੰ ਦੇਸ਼ਪ੍ਰੇਮ ਦੇ ਜਜ਼ਬੇ ਨਾਲ ਯਾਦ ਕੀਤਾ ਜਾਂਦਾ ਹੈ – ਕਾਮਾਗਾਟਾ ਮਾਰੂ ਦੇ ਵਕਤ ਹੀ ਮੋਜੀ ਆਇਆ ਸੀ ਅਤੇ ਇੱਥੋਂ ਉਹ ਜਹਾਜ਼ 'ਤੇ ਸਵਾਰ ਹੋਇਆ। ਉਹ ਵਾਪਸ ਜਾ ਰਿਹਾ ਆਵਾਸੀ ਸੀ ਅਤੇ ਕੈਨੇਡਾ ਵਿਚ ਉਸ ਦੀ ਖ਼ਾਸ ਹੈਸੀਅਤ ਸੀ। ਉਹ ਇਕ ਸਾਲ ਗ਼ੈਰਹਾਜ਼ਰ ਰਹਿਣ ਪਿੱਛੋਂ ਹਿੰਦੁਸਤਾਨ ਤੋਂ ਕੈਨੇਡਾ ਵਾਪਸ ਜਾ ਰਿਹਾ ਸੀ ਜਿਸ ਦੌਰਾਨ ਉਹ ਕੈਨੇਡੀਅਨ ਸਿੱਖਾਂ ਦੇ ਨੁਮਾਇੰਦੇ ਵਜੋਂ ਕੰਮ ਕਰਦਾ ਰਿਹਾ ਸੀ। ਮੋਜੀ ਤੋਂ ਰਵਾਨਗੀ ਦੇ ਵਕਤ ਬਰਤਾਨੀਆ ਅਤੇ ਹਿੰਦੁਸਤਾਨ ਵਿਚ ਸਰਕਾਰ ਦੇ ਆਹਲਾ ਮਿਆਰੀ ਹਲਕਿਆਂ ਵਿਚ ਉਹ ਵਾਹਵਾ (ਨਾਂਹਪੱਖੀ) ਜਾਣਿਆ ਜਾਂਦਾ ਸੀ। ਉਹ ਕੈਨੇਡਾ ਦੇ ਆਵਾਸੀ ਕਾਨੂੰਨਾਂ ਦੇ ਖ਼ਿਲਾਫ਼ ਰੋਸ ਪ੍ਰਗਟਾਉਣ ਲਈ ਲੰਦਨ ਵਿਚ ਕਾਲੋਨੀਅਲ ਦਫ਼ਤਰ ਦੇ ਅੰਡਰ-ਸੈਕਟਰੀ, ਪੰਜਾਬ ਦੇ ਗਵਰਨਰ ਅਤੇ ਵਾਇਸਰਾਏ ਹਿੰਦ ਨੂੰ ਮਿਲਿਆ ਸੀ। ਇਨ੍ਹਾਂ ਤਾਕਤਵਰ ਅਧਿਕਾਰੀਆਂ ਨੂੰ ਉਸਦਾ ਤੌਰ-ਤਰੀਕਾ ਜਾਂ ਗੱਲਬਾਤ ਪਸੰਦ ਨਹੀਂ ਸੀ।

ਦੂਜੇ ਦੋ ਕਾਰਕੁਨ, ਬਰਕਤਉੱਲਾ ਅਤੇ ਭਗਵਾਨ ਸਿੰਘ ਜਾਖ, ਜਹਾਜ਼ ਦੇ ਯੋਕੋਹਾਮਾ ਪਹੁੰਚਣ ਤੋਂ ਬਾਅਦ ਜਹਾਜ਼ ਉੱਪਰ ਸਵਾਰ ਹੋਏ ਸਨ। ਬਰਕਤਉੱਲਾ – ਜੋ ਛੇਤੀ ਹੀ ਸਾਨ ਫਰਾਂਸਿਸਕੋ ਵਿਚ ਆਗੂ ਗ਼ਦਰੀ ਕਾਰਕੁਨ ਬਣਕੇ ਉੱਭਰ ਆਉਂਦਾ ਹੈ – ਭੋਪਾਲ ਤੋਂ ਮੁਸਲਮਾਨ ਸੀ, ਜਿਸ ਨੂੰ ਓਦੋਂ ਜਹੇ ਹੀ ਟੋਕੀਓ ਯੂਨੀਵਰਸਿਟੀ ਤੋਂ ਬਰਖ਼ਾਸਤ ਕੀਤਾ ਗਿਆ ਸੀ। ਉਹ *ਇਸਲਾਮਿਕ ਫਰੇਟਰਨਟੀ* ਵਜੋਂ ਜਾਣੇ ਜਾਂਦੇ ਬਰਤਾਨੀਆ ਵਿਰੋਧੀ ਅਖ਼ਬਾਰ ਦਾ ਸੰਪਾਦਕ ਰਹਿ ਚੁੱਕਾ ਸੀ, ਜਿਸ ਨੂੰ ਜਪਾਨੀ ਸਰਕਾਰ ਨੇ ਬੰਦ ਕਰਵਾ ਦਿੱਤਾ ਸੀ। ਭਗਵਾਨ ਸਿੰਘ ਜਾਖ ਬਰਕਤਉੱਲਾ ਦਾ ਲੰਮੇ ਸਮੇਂ ਤੋਂ ਮਹਿਮਾਨ ਸੀ। ਬਰਤਾਨੀਆ ਵਿਰੋਧੀ ਸਿਆਸੀ ਸਰਗਰਮੀਆਂ ਕਾਰਨ ਕੈਨੇਡਾ ਵਿੱਚੋਂ ਕੱਢੇ ਜਾਣ 'ਤੇ ਜਦੋਂ ਦਾ ਉਹ ਜਪਾਨ ਆਇਆ ਸੀ ਉਸੇ ਕੋਲ ਠਹਿਰਿਆ ਹੋਇਆ ਸੀ। ਉਹ ਪਹਿਲਾਂ ਹੀ ਕੈਲੀਫੋਰਨੀਆ ਵਿਚ ਗ਼ਦਰ ਆਗੂਆਂ ਨਾਲ ਖ਼ਤੋ-ਕਿਤਾਬਤ ਕਰ ਰਹੇ ਸਨ, ਅਤੇ ਜਦੋਂ ਕਾਮਾਗਾਟਾ ਮਾਰੂ ਯੋਕੋਹਾਮਾ ਪੁੱਜਾ, ਉਹ ਗ਼ਦਰ ਪਾਰਟੀ ਦੀਆਂ 16 ਪ੍ਰਕਾਸ਼ਨਾਵਾਂ ਦੀਆਂ ਕਾਪੀਆਂ ਮੁਸਾਫ਼ਰਾਂ ਵਿਚ ਵੰਡਣ ਲਈ ਨਾਲ ਲੈ ਕੇ ਆਏ ਸਨ।[10] ਕਾਮਾਗਾਟਾ ਮਾਰੂ ਉੱਪਰ ਉਨ੍ਹਾਂ ਦੀ ਥੋੜ੍ਹਚਿਰੀ ਹਾਜ਼ਰੀ ਦੀ ਇਸ ਤੋਂ ਵੱਧ ਵਿਆਖਿਆ ਦੀ ਲੋੜ ਨਹੀਂ ਕਿ ਜਹਾਜ਼ ਯੋਕੋਹਾਮਾ ਵਿਚ ਸੀ ਅਤੇ ਉਹ ਸਬੱਬ ਨਾਲ ਉੱਥੇ ਰਹਿ ਰਹੇ ਸਨ। ਪੱਤਣ ਉੱਪਰ ਮੁਸਾਫ਼ਰਾਂ ਨੂੰ ਮਿਲਣ ਲਈ ਜਾਣਾ ਸੁਭਾਵਿਕ ਜਹੀ ਗੱਲ ਸੀ, ਅਤੇ ਜੇ ਉਹ ਗਏ ਨਾ ਹੁੰਦੇ ਤਾਂ ਇਹ ਸੱਚੀਓਂ ਹੀ ਹੈਰਾਨੀਜਨਕ ਹੋਣਾ ਸੀ।

ਬਲਵੰਤ ਸਿੰਘ, ਬਰਕਤਉੱਲਾ ਅਤੇ ਭਗਵਾਨ ਸਿੰਘ ਦੇ ਦੌਰਿਆਂ ਸਮੇਤ ਜਹਾਜ਼ ਦੀ ਵਾਪਸੀ ਦੇ ਸਫ਼ਰ ਵਕਤ ਜੋ ਵਾਪਰਿਆ ਸੀ ਉਸ ਦੀ ਤਸਵੀਰ ਜਦੋਂ ਹਿੰਦੁਸਤਾਨ ਵਿਚ ਬਰਤਾਨਵੀ ਅਧਿਕਾਰੀਆਂ ਨੇ ਮੁੜ ਜੋੜਕੇ ਦੇਖੀ ਤਾਂ ਉਨ੍ਹਾਂ ਨੂੰ ਕੋਈ ਸ਼ੱਕ ਨਾ ਰਿਹਾ ਕਿ ਗ਼ਦਰ ਪਾਰਟੀ ਕਾਮਾਗਾਟਾ ਮਾਰੂ ਵਿਚ ਸ਼ਾਮਲ ਸੀ ਅਤੇ ਕਿ ਇਸ ਦਾ ਮੁੱਖ ਮਨੋਰਥ ਕੈਨੇਡਾ ਵਿਚ

ਟਕਰਾਅ ਖੜ੍ਹਾ ਕਰਨਾ ਸੀ ਜਿਸ ਨਾਲ ਹਿੰਦੁਸਤਾਨ ਵਿਚ ਲੋਕ ਭੜਕ ਉੱਠਣ।[11]

ਉਹ ਸਫ਼ਰ ਦੇ ਮਨੋਰਥ ਨੂੰ ਨਿਰਾ ਸਿਆਸੀ ਸਮਝਦੇ ਸਨ। ਜਦੋਂ ਬਾਅਦ ਵਿਚ ਪੁਲਿਸ ਨੇ ਮੁਸਾਫ਼ਰਾਂ ਤੋਂ ਪੁੱਛਗਿੱਛ ਕੀਤੀ, ਉਹ ਇਹ ਜਾਨਣਾ ਚਾਹੁੰਦੇ ਸਨ ਕਿ ਜਹਾਜ਼ ਉੱਪਰ ਹੋਈਆਂ ਮੀਟਿੰਗਾਂ ਦੌਰਾਨ ਕੀ ਕੁਝ ਹੋਇਆ ਸੀ, ਅਤੇ ਖ਼ਾਸ ਕਰਕੇ, ਬਲਵੰਤ ਸਿੰਘ ਖ਼ੁਰਦਪੁਰ ਅਤੇ ਮੁਸਾਫ਼ਰਾਂ ਵਿਚਲੇ ਆਗੂ ਕੀ ਕਹਿੰਦੇ ਰਹੇ। ਪੁਲਿਸ ਵਿਸਤਾਰ ਸਹਿਤ ਮੁਕੱਦਮਾ ਤਿਆਰ ਕਰ ਰਹੀ ਸੀ, ਪਰ ਉਨ੍ਹਾਂ ਕੋਲ ਕਾਮਾਗਾਟਾ ਮਾਰੂ ਵਿਚ ਬੱਝਵੀਂ ਗ਼ਦਰੀ ਯੋਜਨਾ ਦੀ ਸ਼ਮੂਲੀਅਤ ਦਾ ਕੋਈ ਸਬੂਤ ਨਹੀਂ ਸੀ। ਇਸ ਦੀ ਥਾਂ ਉਨ੍ਹਾਂ ਕੋਲ ਜਹਾਜ਼ ਉੱਪਰ ਇਕ ਉਤੇਜਤ ਸਿਆਸੀ ਮਾਹੌਲ ਅਤੇ ਮੁਸਾਫ਼ਰ ਆਪਣੀ ਹਾਲਤ ਨੂੰ ਕਿਵੇਂ ਦੇਖਦੇ ਸਨ ਦੇ ਵਿਗਸਣ ਦੀ ਤਸਵੀਰ ਸੀ – ਵਾਧਾ ਜਿਸ ਦੇ ਸਿੱਟੇ ਵਜੋਂ ਕੁਝ (ਪਰ ਜ਼ਿਆਦਾਤਰ ਨਹੀਂ) ਮੁਸਾਫ਼ਰ ਜੁਝਾਰੂ ਬਣੇ।

ਕਾਮਾਗਾਟਾ ਮਾਰੂ ਉੱਪਰ ਗੁਰਦਿੱਤ ਸਿੰਘ ਦੇ ਦੋ ਸਕੱਤਰ ਸਨ, ਦਲਜੀਤ ਸਿੰਘ ਅਤੇ ਬੀਰ ਸਿੰਘ। ਵੀਹਵਿਆਂ ਦੇ ਸ਼ੁਰੂ ਦੀ ਉਮਰ ਦੇ ਇਹ ਦੋਵੇਂ ਗੱਭਰੂ ਪੰਜਾਬ ਦੇ ਇੱਕੋ ਹਿੱਸੇ (ਮੁਕਤਸਰ ਨੇੜੇ ਦੇ ਪਿੰਡਾਂ) ਤੋਂ ਸਨ। ਉਹ ਵਿਦਿਆਰਥੀ ਸਨ ਜੋ ਅਮਰੀਕਾ ਵਿਚ ਪੜ੍ਹਾਈ ਕਰਨ ਲਈ ਜਾ ਰਹੇ ਸਨ ਜਦੋਂ ਉਨ੍ਹਾਂ ਨੂੰ ਹਾਂਗਕਾਂਗ ਵਿਚ ਰੋਕ ਲਿਆ ਗਿਆ ਅਤੇ ਉਹ ਕਾਮਾਗਾਟਾ ਮਾਰੂ ਨਾਲ ਜੁੜ ਗਏ। ਉਸ ਵਕਤ ਹਾਂਗਕਾਂਗ ਵਿਚ ਉਨ੍ਹਾਂ ਦੀ ਮੌਜੂਦਗੀ ਇਤਫ਼ਾਕੀਆ ਸੀ; ਪਰ, ਜਦੋਂ ਇਕ ਵਾਰ ਉਹ ਸਿਆਸੀ ਤੌਰ 'ਤੇ ਜੁੜ ਗਏ ਫਿਰ ਉਨ੍ਹਾਂ ਨੇ ਆਗੂ ਭੂਮਿਕਾ ਨਿਭਾਈ, ਅਤੇ ਖ਼ਾਸ ਕਰਕੇ ਬੀਰ ਸਿੰਘ ਜਹਾਜ਼ ਉੱਪਰ ਇਕ ਸਿਰਕੱਢ ਬੁਲਾਰਾ ਅਤੇ ਕਾਰਕੁਨ ਸੀ। ਜਦੋਂ ਉਹ ਕਾਮਾਗਾਟਾ ਮਾਰੂ ਉੱਪਰ ਸਨ ਉਥੇ ਉਹ ਪੱਕੇ ਗ਼ਦਰੀ ਬਣ ਗਏ, ਅਤੇ ਜਦੋਂ ਉਹ ਏਸ਼ੀਆ ਵਾਪਸ ਪਰਤੇ, ਬੀਰ ਸਿੰਘ ਜਪਾਨ ਵਿਚ ਉੱਤਰ ਗਿਆ ਅਤੇ ਇਸ ਇਰਾਦੇ ਨਾਲ ਸ਼ੰਘਾਈ ਲਈ ਇਕ ਹੋਰ ਜਹਾਜ਼ ਲੈ ਲਿਆ ਕਿ ਦੱਖਣ-ਪੂਰਬੀ ਏਸ਼ੀਆ ਵਿੱਚੋਂ ਸਿੱਖਾਂ ਨੂੰ ਇਕੱਠੇ ਕਰਕੇ ਅਤੇ ਉਨ੍ਹਾਂ ਨੂੰ ਨਾਲ ਲੈ ਕੇ ਹਿੰਦੁਸਤਾਨ ਵਿਚ ਗ਼ਦਰ ਕਰਨਾ ਹੈ। ਦਲਜੀਤ ਸਿੰਘ ਹਿੰਦੁਸਤਾਨ ਨੂੰ ਵਾਪਸੀ 'ਤੇ ਕਾਮਾਗਾਟਾ ਮਾਰੂ ਉੱਪਰ ਹੀ ਰਿਹਾ ਅਤੇ ਜਦੋਂ ਕਲਕੱਤਾ ਨੇੜੇ ਬਜ ਬਜ ਉੱਪਰ ਮੁਸਾਫ਼ਰ ਉੱਤਰੇ ਤਾਂ ਉਹ ਪੁਲਿਸ ਅਤੇ ਫ਼ੌਜੀ ਦਸਤਿਆਂ ਨਾਲ ਤਕਰਾਰ ਦੌਰਾਨ ਗ੍ਰਿਫ਼ਤਾਰੀ ਤੋਂ ਬਚਕੇ ਨਿਕਲ ਗਿਆ। ਉਸ ਤ੍ਰਾਸਦਿਕ ਘਟਨਾ ਤੋਂ ਬਾਅਦ, ਦਲਜੀਤ ਸਿੰਘ ਪੰਜਾਬ ਆ ਗਿਆ ਅਤੇ ਪੁਲਿਸ ਨੂੰ ਚਕਮਾ ਦੇ ਕੇ ਗ਼ਦਰ ਪਾਰਟੀ ਲਈ ਕੰਮ ਕਰਦਾ ਰਿਹਾ।

ਕਾਮਾਗਾਟਾ ਮਾਰੂ ਕਾਂਡ ਦੀ ਜਾਂਚ ਵਿਚ, ਬਰਤਾਨਵੀ ਸਾਮਰਾਜੀ ਅਧਿਕਾਰੀਆਂ ਨੇ ਇਹ ਪੱਖ ਚੁਕੰਨੇ ਹੋਕੇ ਨੋਟ ਕੀਤੇ – ਜਹਾਜ਼ ਉੱਪਰ ਗ਼ਦਰੀ ਪ੍ਰਕਾਸ਼ਨਾਵਾਂ ਵੰਡੇ ਜਾਣਾ; ਜਹਾਜ਼ ਉੱਪਰ (ਜਪਾਨ ਵਿਚ) ਬਲਵੰਤ ਸਿੰਘ ਖ਼ੁਰਦਪੁਰ, ਭਗਵਾਨ ਸਿੰਘ ਜਾਖ ਅਤੇ ਬਰਕਤਉੱਲਾ ਦਾ ਆਉਣਾ; ਅਤੇ ਵੈਨਕੂਵਰ ਨੂੰ ਜਾਂਦੇ ਵਕਤ ਕੁਝ ਮੁਸਾਫ਼ਰਾਂ ਵਲੋਂ ਬਰਤਾਨੀਆ ਵਿਰੋਧੀ ਤਕਰੀਰਾਂ ਕੀਤੇ ਜਾਣ ਦੀਆਂ ਰਿਪੋਰਟਾਂ। ਸਾਮਰਾਜੀ ਅਧਿਕਾਰੀਆਂ ਲਈ, ਇਨ੍ਹਾਂ ਸਾਰੀਆਂ ਵਿਚ ਹਕੂਮਤ ਵਿਰੋਧੀ ਸਾਜ਼ਿਸ਼ ਦੇ ਲੱਛਣ ਸਨ। ਪਰ ਉਨ੍ਹਾਂ ਕੋਲ ਜੋ ਗਵਾਹੀ ਸੀ ਉਹ ਸਬੂਤ ਦੇ ਕਾਬਲ ਨਹੀਂ ਸੀ, ਇੱਥੋਂ ਤਕ ਕਿ ਬਰਤਾਨਵੀ ਹਿੰਦੁਸਤਾਨੀ ਅਦਾਲਤ ਵਿਚ ਵੀ ਨਹੀਂ। ਅਤੇ

ਜਿਸ ਲਾਹੌਰ ਟ੍ਰਿਬਿਊਨਲ ਨੇ 1917 ਵਿਚ ਬਲਵੰਤ ਸਿੰਘ ਖ਼ੁਰਦਪੁਰ ਅਤੇ ਹੋਰ ਗ਼ਦਰੀਆਂ ਨੂੰ ਸਜ਼ਾ ਸੁਣਾਈ ਉਸ ਦੀ ਸੂਈ ਇਹ ਕਹਿਣ 'ਤੇ ਆਕੇ ਅਟਕ ਗਈ ਕਿ ਉਨ੍ਹਾਂ ਦੇ ਖ਼ਿਲਾਫ਼ ਗਵਾਹੀ ਸਬੂਤ ਬਣਦੀ ਸੀ। ਬਲਵੰਤ ਸਿੰਘ ਦੇ ਮਾਮਲੇ ਵਿਚ, ਅਦਾਲਤ ਨੇ ਮੰਨਿਆ ਕਿ ਜਦੋਂ ਉਸਨੇ ਪੰਜਾਬ ਵਿਚ ਅਤੇ ਇਸੇ ਤਰ੍ਹਾਂ ਕਾਮਾਗਾਟਾ ਮਾਰੂ ਉੱਪਰ ਕੈਨੇਡੀਅਨ ਸਿੱਖਾਂ ਦੀਆਂ ਸ਼ਿਕਾਇਤਾਂ ਬਾਰੇ ਗੱਲਬਾਤ ਕੀਤੀ ਜਾਂ ਕੈਨੇਡੀਅਨ ਇਮੀਗ੍ਰੇਸ਼ਨ ਰੋਕਾਂ ਹਟਾਉਣ ਲਈ ਅੰਦੋਲਨ ਕੀਤਾ ਉਹ ਆਪਣੇ ਹੱਕਾਂ ਦੀ ਹਦੂਦ ਦੇ ਅੰਦਰ ਰਹਿਕੇ ਇਹ ਕੰਮ ਕਰ ਰਿਹਾ ਸੀ। ਟ੍ਰਿਬਿਊਨਲ ਦੇ ਮੈਂਬਰਾਂ ਨੇ ਫਰਜ਼ ਕਰ ਲਿਆ ਕਿ ਉਸ ਦੀ ਭਾਸ਼ਾ ਭੜਕਾਊ ਸੀ ਅਤੇ ਕਿ ਇਹ ਉਨ੍ਹਾਂ ਹੱਕਾਂ ਦੀਆਂ ਉਨ੍ਹਾਂ ਹੱਦਾਂ ਦੀ ਉਲੰਘਣਾ ਸੀ ਜਿਨ੍ਹਾਂ ਨੂੰ ਉਹ ਪ੍ਰਵਾਨਤ ਰੋਸ–ਵਿਖਾਵਾ ਮੰਨਦੇ ਸਨ, ਪਰ ਉਹ ਯਕੀਨ ਨਾਲ ਇਹ ਕਰਾਰ ਨਹੀਂ ਦੇ ਸਕੇ ਕਿ ਕਾਮਾਗਾਟਾਮਾਰੂ ਉੱਪਰ ਜਾਣ ਤਕ ਉਸਨੇ ਜੋ ਕੀਤਾ ਸੀ ਉਹ ਰਾਜਧ੍ਰੋਹੀ ਸੀ। ਇਸ ਦੀ ਥਾਂ, ਉਨ੍ਹਾਂ ਨੇ ਉਸ ਬਾਰੇ ਨਿਰਣਾ ਉਸ ਅਧਾਰ 'ਤੇ ਲਿਆ ਜੋ ਉਸ ਨੇ ਬਾਅਦ ਵਿਚ ਕੀਤਾ। ਇਸ ਭਵਿੱਖਨਕਸ਼ੇ ਤੋਂ, ਉਹ ਉਸ ਨੂੰ ਜਾਇਜ਼ ਰੋਸ ਤੋਂ ਮੂੰਹਜ਼ੋਰ ਭਾਸ਼ਾ ਤੇ ਫਿਰ ਰਾਜਧ੍ਰੋਹੀ ਕਾਰਵਾਈ ਵੱਲ ਜਾਂਦਾ ਦੇਖਦੇ ਸਨ। ਇਹ ਸਭ 1913 ਅਤੇ 1914 ਦੌਰਾਨ ਹੋਇਆ – ਜੋ ਕਾਮਾਗਾਟਾਮਾਰੂ ਕਾਂਡ ਦਾ ਸਮਾਂ ਚੌਖਟਾ ਸੀ।

ਇਸ ਸਮਾਂ ਚੌਖਟੇ ਵਿਚ ਜੁਲਾਈ 1914 ਦੇ ਅਖ਼ੀਰ 'ਚ ਯੂਰਪ ਅੰਦਰ ਪਹਿਲੀ ਆਲਮੀ ਜੰਗ ਦਾ ਛਿੜਨਾ ਸ਼ਾਮਲ ਸੀ। ਦੁਨੀਆ ਨੂੰ ਹਿਲਾ ਦੇਣ ਵਾਲੀ ਉਸ ਘਟਨਾ ਨੇ ਗ਼ਦਰ ਪਾਰਟੀ ਦੀ ਲੀਡਰਸ਼ਿਪ ਨੂੰ ਆਪਣੀ ਅਨਿਸ਼ਚਿਤ ਭਵਿੱਖ ਦੀ ਸਮਾਂ–ਸਾਰਣੀ ਨੂੰ ਨਾਟਕੀ ਅਤੇ ਤਬਾਹਕੁਨ ਤੌਰ 'ਤੇ ਬਦਲਕੇ ਫੌਰੀ ਵਰਤਮਾਨ ਦੀ ਬਣਾ ਲੈਣ ਵੱਲ ਧੱਕ ਦਿੱਤਾ। ਮੁਸਾਫ਼ਰਾਂ ਅਤੇ ਉਨ੍ਹਾਂ ਦੇ ਹਿਤੈਸ਼ੀਆਂ ਤੇ ਹਮਾਇਤੀਆਂ ਨੇ ਕੀ ਵਿਉਂਤ ਬਣਾਈ ਅਤੇ ਉਨ੍ਹਾਂ ਦੀ ਮਨਸ਼ਾ ਕੀ ਸੀ ਉਸ ਨੂੰ ਸਮਝਣ ਲਈ ਸਾਨੂੰ ਘਟਨਾਵਾਂ ਨੂੰ ਉਸੇ ਤਰ੍ਹਾਂ ਲੈਣਾ ਹੋਵੇਗਾ ਜਿਵੇਂ ਉਹ ਸਾਹਮਣੇ ਆਈਆਂ। ਗ਼ਦਰ ਪਾਰਟੀ ਦੀ ਸਥਾਪਨਾ ਅਤੇ ਕਾਮਾਗਾਟਾ ਮਾਰੂ ਦੇ ਸਫ਼ਰ ਦੀ ਯੋਜਨਾਬੰਦੀ ਲਗਭਗ ਇੱਕੋ ਵਕਤ ਅਣਕਿਆਸੇ ਅਤੇ ਬਦਲ ਰਹੇ ਹਾਲਾਤ ਦੇ ਪਿਛੋਕੜ ਵਿਚ ਹੋਈ। ਜਦੋਂ 1913 ਦੇ ਹੁਨਾਲ ਅਤੇ ਪੱਤਝੜ ਵਿਚ ਗ਼ਦਰ ਪਾਰਟੀ ਦੇ ਬਾਨੀ ਆਗੂਆਂ ਨੇ ਓਰੇਗਾਨ ਅਤੇ ਕੈਲੀਫੋਰਨੀਆ ਵਿਚ ਜਥੇਬੰਦ ਹੋਣਾ ਸ਼ੁਰੂ ਕੀਤਾ, ਉਹ ਹਿੰਦੁਸਤਾਨ ਦੀ ਆਜ਼ਾਦੀ ਲਈ ਹਥਿਆਰਬੰਦ ਸੰਘਰਸ਼ ਲਈ ਤਿਆਰ ਹੋ ਰਹੇ ਸਨ – ਇਕ ਸੰਘਰਸ਼ ਜਿਸ ਬਾਰੇ ਉਨ੍ਹਾਂ ਦਾ ਵਿਸ਼ਵਾਸ ਸੀ ਅਜੇ ਇਹ ਥੋੜ੍ਹਾ ਦੂਰ ਦੀ ਗੱਲ ਸੀ। ਮੁੱਢ ਵਿਚ, ਉਨ੍ਹਾਂ ਦਾ ਮੁੱਖ ਪ੍ਰਚਾਰਕ ਪੰਜਾਬੀ ਹਿੰਦੂ ਵਿਦਵਾਨ ਅਤੇ ਕਾਰਕੁਨ ਹਰਦਿਆਲ ਸੀ, ਜੋ 1911 'ਚ ਅਮਰੀਕਾ ਵਿਚ ਆਇਆ ਸੀ, ਉਸ ਨੇ ਗ਼ਦਰ ਅਖ਼ਬਾਰ ਕੱਢਣਾ ਸ਼ੁਰੂ ਕੀਤਾ ਸੀ (ਉਹ ਇਸਦਾ ਸੰਪਾਦਕ ਸੀ) ਅਤੇ ਗ਼ਦਰ ਪਾਰਟੀ ਦੇ ਪ੍ਰਚਾਰ ਨੂੰ ਬੌਧਿਕ ਬੁਨਿਆਦ ਮੁਹੱਈਆ ਕੀਤੀ ਸੀ। ਕਦੇ–ਕਦੇ ਉਹ ਕਹਿੰਦਾ ਸੀ ਕਿ ਹਥਿਆਰਬੰਦ ਸੰਘਰਸ਼ ਸ਼ੁਰੂ ਹੋਣ ਨੂੰ ਦਹਾਕਾ ਲੱਗ ਜਾਵੇਗਾ। ਹਾਲਾਂਕਿ ਉਸ ਨੇ ਇਹ ਵੀ ਕਿਹਾ ਕਿ ਇਸ ਲਈ ਸਭ ਤੋਂ ਸੁਨਹਿਰਾ ਮੌਕਾ ਓਦੋਂ ਹੋਵੇਗਾ ਜਦੋਂ ਬਰਤਾਨੀਆ ਅਤੇ ਜਰਮਨੀ ਇਕ ਦੂਜੇ ਦੇ ਖ਼ਿਲਾਫ਼ ਜੰਗ ਦਾ ਐਲਾਨ ਕਰ ਦੇਣਗੇ। ਹਰਦਿਆਲ ਦਾ ਮੰਨਣਾ

ਸੀ ਕਿ ਐਸੀ ਜੰਗ ਲੱਗਣ ਤੋਂ ਪਹਿਲਾਂ, ਉਹ ਜਦੋਂ ਵੀ ਛਿੜਦੀ ਹੈ, ਤਿਆਰੀ ਲਈ ਬਹੁਤ ਸਾਰਾ ਸਿੱਖਿਆ ਤੇ ਪ੍ਰਚਾਰ ਦਾ ਕੰਮ ਕੀਤਾ ਜਾ ਸਕਦਾ ਸੀ।

ਮਾਰਚ 1914 ਦੇ ਅਖ਼ੀਰ 'ਚ, ਅਮਰੀਕਨ ਇਮੀਗ੍ਰੇਸ਼ਨ ਅਧਿਕਾਰੀਆਂ ਵਲੋਂ ਹਰਦਿਆਲ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਉਸ ਤੋਂ ਪੁੱਛਗਿੱਛ ਕੀਤੀ ਗਈ, ਉਸ ਉੱਪਰ ਡੀਪੋਰਟ ਕੀਤੇ ਜਾਣ ਦਾ ਖ਼ਤਰਾ ਮੰਡਰਾ ਰਿਹਾ ਸੀ। ਪੁੱਛਗਿੱਛ ਦੇ ਜਵਾਬ 'ਚ ਉਸਨੇ ਖ਼ੁਦ ਨੂੰ ਲਹਿਰ ਦਾ ਇਕ ਆਰਗੇਨਾਈਜ਼ਰ, ਇਕ ਚਿੰਤਕ, ਇਕ ਦਾਰਸ਼ਨਿਕ ਅਤੇ ਇਕ ਪ੍ਰਚਾਰਕ ਦੱਸਿਆ ਜੋ ਬਹੁਤ ਚੰਗੀ ਤਰ੍ਹਾਂ ਸਮਝਦਾ ਸੀ ਕਿ ਦਹਿਸ਼ਤ ਦੀ ਕੋਈ ਫੌਰੀ ਜਾਂ ਅਸਿੱਧੀ ਕਾਰਵਾਈ ਭਵਿੱਖੀ ਇਨਕਲਾਬ ਦੀ ਤਿਆਰੀ ਦੇ ਉਸਦੇ ਕੰਮ ਦਾ ਨੁਕਸਾਨ ਕਰ ਸਕਦੀ ਸੀ, ਚਾਹੇ ਇਹ ਅਮਰੀਕਾ ਵਿਚ ਹੋਵੇ ਜਾਂ ਹਿੰਦੁਸਤਾਨ ਵਿਚ। ਉਸ ਦੇ ਖ਼ਿਲਾਫ਼ ਇਲਜ਼ਾਮ ਇਹ ਸੀ ਕਿ ਉਹ ਇਕ ਅਰਾਜਕਾਵਾਦੀ ਸੀ ਅਤੇ ਜਦੋਂ ਉਹ ਅਮਰੀਕਾ ਆਇਆ ਓਦੋਂ ਇਹ ਤੱਥ ਉਸਨੇ ਛੁਪਾ ਲਿਆ ਸੀ। ਅਮਰੀਕਨ ਇਮੀਗ੍ਰੇਸ਼ਨ ਅਧਿਕਾਰੀਆਂ ਕੋਲ ਉਸਨੇ ਖੁੱਲ੍ਹੇਆਮ ਮੰਨਿਆ ਕਿ ਉਹ ਇਕ ਅਰਾਜਕਤਾਵਾਦੀ ਸੀ, ਪਰ ਉਸਨੇ ਇਨਕਾਰ ਕੀਤਾ ਕਿ ਇਸ ਨਾਲ ਉਹ ਖ਼ਤਰਨਾਕ ਬਣ ਜਾਂਦਾ ਹੈ। ਉਸਨੇ ਕਿਹਾ ਕਿ ਆਪਣੇ ਸਾਥੀਆਂ ਨੂੰ ਹਿੰਸਾ ਲਈ ਉਕਸਾਉਣ ਦੀ ਥਾਂ ਉਸ ਦਾ ਉਨ੍ਹਾਂ ਉੱਪਰ ਕੰਟਰੋਲ ਸੀ। ਉਸ ਦੀ ਡੀਪੋਰਟੇਸ਼ਨ ਦੀ ਸੁਣਵਾਈ ਏਂਜਲ ਆਈਲੈਂਡ, ਕੈਲੀਫੋਰਨੀਆ ਵਿਚ ਮਾਰਚ 1914 ਦੇ ਅਖ਼ੀਰ 'ਚ ਹੋਈ – ਇਤਫ਼ਾਕ ਨਾਲ ਉਸ ਵਕਤ ਜਦੋਂ ਗੁਰਦਿੱਤ ਸਿੰਘ ਨੇ ਹਾਂਗਕਾਂਗ ਵਿਚ ਕਾਮਾਗਾਟਾ ਮਾਰੂ ਦੀ ਯੋਜਨਾ ਬਣਾਈ। ਹਰਦਿਆਲ ਦੇ ਖ਼ਿਲਾਫ਼ ਮੁਕੱਦਮੇ ਦੀ ਕਾਰਵਾਈ ਰੋਕ ਦਿੱਤੀ ਗਈ ਜਦੋਂ ਇਮੀਗ੍ਰੇਸ਼ਨ ਮਹਿਕਮੇ ਨੂੰ ਪਤਾ ਚੱਲਿਆ ਕਿ ਉਹ ਤਾਂ ਪਹਿਲਾਂ ਹੀ ਤਿੰਨ ਸਾਲ ਤੋਂ ਮੁਲਕ ਵਿਚ ਸੀ ਅਤੇ ਉਸ ਕੋਲ ਉਥੇ ਰਹਿਣ ਦਾ ਕਾਨੂੰਨੀ ਹੱਕ ਸੀ। ਜਦੋਂਕਿ, ਉਸਨੇ ਕੋਈ ਜੋਖ਼ਮ ਨਾ ਲਿਆ ਤੇ ਮਈ ਵਿਚ ਸਵਿਟਜ਼ਰਲੈਂਡ ਚਲਾ ਗਿਆ ਅਤੇ ਇਸ ਨਾਲ ਉਹ ਗ਼ਦਰ ਦੇ ਘੇਰੇ ਤੋਂ ਬਾਹਰ ਹੋ ਗਿਆ। ਭਾਵੇਂਕਿ ਆਪਣੀ ਏਂਜਲ ਆਈਲੈਂਡ ਸੁਣਵਾਈ ਦੌਰਾਨ ਉਹ ਡੀਪੋਰਟ ਕੀਤੇ ਜਾਣ ਤੋਂ ਆਪਣਾ ਬਚਾ ਕਰਨ ਦਾ ਯਤਨ ਕਰ ਰਿਹਾ ਸੀ, ਉਸ ਦੇ ਜਵਾਬਾਂ ਵਿਚ ਸਚਾਈ ਸੀ। ਓਦੋਂ ਤਕ, ਉਸਦੇ ਅਤੇ ਗ਼ਦਰ ਪਾਰਟੀ ਵਿਚਲੇ ਉਸਦੇ ਨੇੜਲੇ ਸਾਥੀਆਂ ਦਾ ਕੰਮ ਸਿੱਖਿਆ ਅਤੇ ਪ੍ਰਚਾਰ ਉੱਪਰ ਕੇਂਦਰਤ ਸੀ, ਨਾ ਕਿ ਕਾਰਵਾਈ ਉੱਪਰ। ਅਤੇ, ਨਵੰਬਰ 1913 ਦੇ ਸ਼ੁਰੂ ਵਿਚ ਇਸ ਨੂੰ ਕੱਢਣਾ ਸ਼ੁਰੂ ਕੀਤੇ ਜਾਣ ਦੇ ਵਕਤ ਤੋਂ ਹੀ *ਗ਼ਦਰ* ਉਨ੍ਹਾਂ ਦੇ ਯਤਨਾਂ ਦਾ ਕੇਂਦਰ ਸੀ। ਹਰਦਿਆਲ ਦੇ ਕੈਲੀਫੋਰਨੀਆ ਛੱਡ ਜਾਣ ਤਕ, ਗ਼ਦਰ ਪਾਰਟੀ ਦਾ ਕਾਮਾਗਾਟਾ ਮਾਰੂ ਨਾਲ ਕੋਈ ਸਿੱਧਾ ਸਬੰਧ ਨਹੀਂ ਸੀ।[13]

ਜਿਵੇਂ ਇਹ ਵਾਪਰਦਾ ਹੈ, ਕਾਮਾਗਾਟਾ ਮਾਰੂ ਦਾ ਮੁੱਢ ਕੈਨੇਡਾ ਅੰਦਰ ਕਾਨੂੰਨੀ ਮੁਹਿੰਮ ਵਿਚ ਮੌਜੂਦ ਸੀ ਜੋ ਗ਼ਦਰ ਪਾਰਟੀ ਨੂੰ ਜਥੇਬੰਦ ਕੀਤੇ ਜਾਣ ਤੋਂ ਪੰਜ ਸਾਲ ਤੋਂ ਵਧੇਰੇ ਵਕਤ ਪਹਿਲਾਂ ਤੋਂ ਚਲਾਈ ਜਾ ਰਹੀ ਸੀ। ਇਸ ਭਵਿੱਖਨਕਸ਼ੇ ਤੋਂ ਅਸੀਂ ਕਾਮਾਗਾਟਾਮਾਰੂ ਦੀ ਕੈਨੇਡਾ ਦੇ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਚੁਣੌਤੀ ਦਿੱਤੇ ਜਾਣ ਨੂੰ ਉਸ ਸੰਘਰਸ਼ ਵਿਚ ਸਭ ਤੋਂ ਦਲੇਰ ਮੁਹਿੰਮ

ਵਜੋਂ ਦੇਖ ਸਕਦੇ ਹਾਂ ਜੋ 1908 'ਚ ਸ਼ੁਰੂ ਹੋਈ ਸੀ, ਜਦੋਂ ਕੈਨੇਡਾ ਨੇ ਪਹਿਲੀ ਵਾਰ ਹਿੰਦੁਸਤਾਨ ਤੋਂ ਇਮੀਗ੍ਰੇਸ਼ਨ 'ਤੇ ਰੋਕ ਲਾਈ। ਕੈਨੇਡਾ ਦਾ ਦੱਖਣੀ ਏਸ਼ੀਆਈ ਆਵਾਸੀ ਭਾਈਚਾਰਾ ਸ਼ੁਰੂ ਤੋਂ ਹੀ ਇਸ ਨੀਤੀ ਦਾ ਵਿਰੋਧ ਕਰ ਰਿਹਾ ਸੀ: ਅਦਾਲਤਾਂ ਵਿਚ; ਔਟਵਾ, ਲੰਦਨ, ਅਤੇ ਦਿੱਲੀ ਨੂੰ ਵਫ਼ਦ ਭੇਜਕੇ; ਅਤੇ ਕੈਨੇਡਾ ਤੇ ਬਦੇਸ਼ ਵਿਚ ਪ੍ਰਚਾਰ ਦੇ ਯਤਨਾਂ ਜ਼ਰੀਏ। ਅਸੀਂ ਇਕ ਆਵਾਸੀ, ਬਿਹਾਰੀ ਲਾਲ ਵਰਮਾ, ਦੀ ਕਹਾਣੀ ਨਾਲ ਸਾਬਤ ਕਰ ਸਕਦੇ ਹਾਂ ਜੋ 1908 ਦੇ ਸ਼ੁਰੂ 'ਚ ਵੈਨਕੂਵਰ ਆਇਆ ਸੀ ਪਰ ਦਸੰਬਰ 1913 'ਚ ਹਾਂਗਕਾਂਗ ਵਾਪਸ ਪਰਤ ਗਿਆ, ਜਿਥੇ ਉਸਨੇ ਪੰਜਾਬੀ ਆਵਾਸੀਆਂ ਨੂੰ ਕੈਨੇਡਾ ਲਿਆਉਣ ਲਈ ਇਕ ਜਹਾਜ਼ ਕਿਰਾਏ 'ਤੇ ਲੈਣ ਦਾ ਯਤਨ ਕੀਤਾ। ਉਸ ਐਸਾ ਕਾਰਕਨ ਸੀ ਜਿਸਦੇ ਯਤਨਾਂ ਦਾ ਸਿੱਟਾ ਸਿੱਧੇ ਤੌਰ 'ਤੇ ਕਾਮਾਗਾਟਾ ਮਾਰੂ ਨੂੰ ਕਿਰਾਏ 'ਤੇ ਲੈਣ ਦਾ ਫ਼ੈਸਲਾ ਲਏ ਜਾਣ ਵਿਚ ਨਿਕਲਿਆ।

ਬਿਹਾਰੀ ਲਾਲ ਵਰਮਾ ਇਕ ਪੰਜਾਬੀ ਹਿੰਦੂ ਸੀ ਜਿਸਨੇ ਹੁਸ਼ਿਆਰਪੁਰ ਦੇ ਸੁਧਾਰਕ ਹਿੰਦੂ (ਆਰੀਆ ਸਮਾਜੀ) ਐਂਗਲੋ-ਵਰਨੈਕੂਲਰ ਹਾਈ ਸਕੂਲ ਤੋਂ ਪੜ੍ਹਾਈ ਕੀਤੀ ਸੀ। ਉਸਨੇ ਪੰਜ ਸਾਲ ਸੁਵਾ, ਫਿਜ਼ੀ ਵਿਚ ਪੁਲਿਸ ਵਿਚ ਨੌਕਰੀ ਕੀਤੀ ਸੀ, ਅਤੇ ਅਜੇ ਉਹ ਵੀਹਵਿਆਂ ਦੇ ਅੱਧ ਵਿਚ ਸੀ ਜਦੋਂ ਉਹ ਅਤੇ 182 ਹੋਰ ਪੰਜਾਬੀ ਆਵਾਸੀ ਐੱਸ.ਐੱਸ. ਮਾਊਂਟਈਗਲ ਰਾਹੀਂ ਹਾਂਗਕਾਂਗ ਤੋਂ ਕੈਨੇਡਾ ਆਏ। ਇਹ ਹਿੰਦੁਸਤਾਨ ਤੋਂ ਪਹਿਲੇ ਆਵਾਸੀ ਸਨ ਜਿਨ੍ਹਾਂ ਨੂੰ ਕੈਨੇਡਾ ਨੇ ਆਪਣੇ ਨਵੇਂ ਸਿੱਧੇ ਸਫ਼ਰ ਦੇ ਕਾਨੂੰਨ ਤਹਿਤ ਰੱਦ ਕਰਨ ਦਾ ਯਤਨ ਕੀਤਾ - ਕਾਨੂੰਨ ਜਿਸ ਦਾ ਨਿਸ਼ਾਨਾ ਮੌਲਿਕ ਤੌਰ 'ਤੇ ਬਰਾਸਤਾ ਹਵਾਈ ਆਉਣ ਵਾਲੇ ਜਪਾਨੀ ਸਨ ਅਤੇ ਫਿਰ ਇਹ ਹਾਂਗਕਾਂਗ ਹੋ ਕੇ ਆਉਣ ਵਾਲੇ ਪੰਜਾਬੀਆਂ ਵਿਰੁੱਧ ਇਸਤੇਮਾਲ ਕੀਤਾ ਗਿਆ। ਉਨ੍ਹਾਂ ਦਾ ਮਾਮਲਾ ਅਦਾਲਤ ਵਿਚ ਗਿਆ - ਬਿਹਾਰੀ ਲਾਲ ਵਰਮਾ ਅਪੀਲਕਰਤਾਵਾਂ ਦੀ ਨੁਮਾਇੰਦਗੀ ਕਰ ਰਿਹਾ ਸੀ। ਉਹ ਜਿੱਤ ਗਏ, ਅਤੇ ਉਸ ਨੂੰ ਤੇ ਹੋਰਾਂ ਨੂੰ ਉੱਥੇ ਰਹਿਣ ਦੀ ਇਜਾਜ਼ਤ ਮਿਲ ਗਈ। ਇਸ ਨਾਲ ਹੋਰ ਦੱਖਣੀ ਏਸ਼ੀਆਈ ਆਵਾਸੀਆਂ ਦਾ ਰਸਤਾ ਨਹੀਂ ਖੁੱਲ੍ਹਿਆ ਕਿਉਂਕਿ ਕੈਨੇਡਾ ਸਰਕਾਰ ਨੇ ਉਨ੍ਹਾਂ ਚੋਰ-ਮੋਰੀਆਂ ਨੂੰ ਬੰਦ ਕਰਨ ਲਈ ਨਵਾਂ ਕਾਨੂੰਨ ਪਾਸ ਕਰ ਲਿਆ ਜਿਨ੍ਹਾਂ ਦੀ ਨਿਸ਼ਾਨਦੇਹੀ ਅਦਾਲਤ ਨੇ ਕੀਤੀ ਸੀ। ਪਰ ਇਸ ਨਾਲ ਬਿਹਾਰੀ ਲਾਲ ਉੱਤਰੀ ਅਮਰੀਕਾ ਦੇ ਪੱਛਮੀ ਕੋਸਟ ਉੱਪਰ ਸਥਾਪਤ ਹੋ ਗਿਆ। ਵੈਨਕੂਵਰ ਵਿਚ ਇਕ ਰੀਅਲ ਇਸਟੇਟ ਦਲਾਲ ਅਤੇ ਅਦਾਲਤ ਦੇ ਦੁਭਾਸ਼ੀਏ ਵਜੋਂ ਮੁਕੱਰਰ ਹੋਣ ਤੋਂ ਪਹਿਲਾਂ ਅਗਲੇ ਕੁਝ ਸਾਲਾਂ ਵਿਚ ਉਹ ਪੜ੍ਹਾਈ ਲਈ ਕਈ ਵਾਰ ਸਿਆਟਲ, ਓਕਲੈਂਡ, ਅਤੇ ਵੈਨਕੂਵਰ ਗਿਆ ਅਤੇ ਥੋੜ੍ਹੇ ਚਿਰ ਲਈ ਉਸਨੇ ਪੋਰਟਲੈਂਡ ਦੀ ਲੱਕੜ ਮਿੱਲ ਵਿਚ ਕੰਮ ਵੀ ਕੀਤਾ। ਇਸ ਦੌਰਾਨ ਉਸ ਦੀ ਕੈਲੀਫੋਰਨੀਆ ਅਤੇ ਬ੍ਰਿਟਿਸ਼ ਕੋਲੰਬੀਆ ਦੇ ਦੱਖਣੀ ਏਸ਼ੀਆਈ ਭਾਈਚਾਰੇ ਦੇ ਆਗੂ ਕਾਰਕੁਨਾਂ ਨਾਲ ਗੂੜ੍ਹੀ ਜਾਣ-ਪਛਾਣ ਹੋ ਗਈ।[14]

ਬਿਹਾਰੀ ਲਾਲ 1913 'ਚ ਵੈਨਕੂਵਰ ਵਿਚ ਰਹਿ ਰਿਹਾ ਸੀ ਅਤੇ ਸਥਾਨਕ ਦੱਖਣੀ ਏਸ਼ੀਆਈ ਭਾਈਚਾਰੇ ਵਿਚ ਸਿਰਕੱਢ ਸੀ ਜਦੋਂ ਐੱਸ.ਐੱਸ. ਪਨਾਮਾ ਮਾਰੂ ਜਹਾਜ਼ ਪੈਂਹਠ ਦੱਖਣੀ ਏਸ਼ੀਆਈ ਮੁਸਾਫ਼ਰਾਂ ਨੂੰ ਲੈ ਕੇ ਵਿਕਟੋਰੀਆ, ਬ੍ਰਿਟਿਸ਼ ਕੋਲੰਬੀਆ ਆਇਆ।

ਇਮੀਗ੍ਰੇਸ਼ਨ ਮਹਿਕਮੇ ਵਲੋਂ ਸਤਾਰਾਂ ਨੂੰ ਛੱਡਕੇ ਬਾਕੀਆਂ ਦਾ ਕੇਸ ਰੱਦ ਦਿੱਤੇ ਜਾਣ ਅਤੇ ਸਥਾਨਕ ਏਸ਼ੀਆਈ ਭਾਈਚਾਰੇ ਵਲੋਂ ਉਨ੍ਹਾਂ ਲਈ ਇਕ ਵਕੀਲ ਕਰਕੇ ਉਨ੍ਹਾਂ ਦੀ ਮਦਦ ਲਈ ਅੱਗੇ ਆਉਣ 'ਤੇ ਇਹ ਇਕ ਹੋਰ ਅਦਾਲਤੀ ਮੁਕੱਦਮਾ ਬਣ ਗਿਆ। ਵਕੀਲ ਐਡਵਰਡ ਬਰਡ ਇਕ ਪੁਰਜੋਸ਼ ਹਮਦਰਦ ਅਤੇ ਸਿਆਸੀ ਤੌਰ 'ਤੇ ਵਚਨਬੱਧ ਸੋਸ਼ਲਿਸਟ ਸੀ। ਉਹ ਮੁਕੱਦਮਾ ਜਿੱਤ ਗਏ। ਜਦੋਂ ਜੱਜ ਨੇ ਦੇਖਿਆ ਕਿ ਕੈਨੇਡਾ ਜੋ ਕਾਨੂੰਨ ਇਸਤੇਮਾਲ ਕਰ ਰਿਹਾ ਸੀ ਉਹ ਅਯੋਗ ਸਨ ਤਾਂ ਇਸ ਤੋਂ ਲੱਗਦਾ ਸੀ ਕਿ ਇਮੀਗ੍ਰੇਸ਼ਨ ਦੁਬਾਰਾ ਸ਼ੁਰੂ ਹੋਣ ਲਈ ਕੈਨੇਡਾ ਦਾ ਰਾਹ ਖੁੱਲ੍ਹ ਗਿਆ ਹੈ। ਉਸਦੇ ਫ਼ੈਸਲੇ ਨੇ ਸਿੱਧੇ ਸਫ਼ਰ ਕਾਨੂੰਨ ਦੇ ਨਾਲ-ਨਾਲ ਉਨ੍ਹਾਂ ਕੋਲ ਖ਼ਾਸ ਮਾਤਰਾ 'ਚ ਨਗਦਨਾਮਾ ਹੋਣ ਦੀ ਸ਼ਰਤ ਦੇ ਤਾਜ਼ਾ ਰੂਪਾਂਤਰ ਨੂੰ ਅਯੋਗ ਕਰਾਰ ਦੇ ਦਿੱਤਾ। ਹਿੰਦੁਸਤਾਨ ਦੇ ਆਵਾਸੀਆਂ ਨੂੰ ਕੈਨੇਡਾ ਤੋਂ ਪਰ੍ਹਾਂ ਰੱਖਣ ਲਈ ਇਸ ਨੂੰ ਇਸਤੇਮਾਲ ਕੀਤਾ ਜਾਂਦਾ ਸੀ। ਜੱਜ ਨੇ ਆਪਣਾ ਫ਼ੈਸਲਾ ਬਹੁਤ ਹੀ ਤਕਨੀਕੀ ਅਧਾਰ 'ਤੇ ਦਿੱਤਾ। ਇਸ ਦਾ ਭਾਵ ਸੀ ਕਿ ਦੱਖਣੀ ਏਸ਼ੀਆਈ ਭਾਈਚਾਰੇ ਦੀ ਜਿੱਤ ਥੋੜ੍ਹ--ਚਿਰੀ ਸੀ ਕਿਉਂਕਿ ਕੈਨੇਡੀਅਨ ਸਰਕਾਰ ਨੇ ਕਾਨੂੰਨਾਂ ਵਿਚ ਸੋਧਾਂ ਕਰ ਲਈਆਂ ਤਾਂ ਜੋ ਉਨ੍ਹਾਂ ਨੂੰ ਦੁਬਾਰਾ ਜਾਰੀ ਕੀਤਾ ਜਾ ਸਕੇ ਜਿਨ੍ਹਾਂ ਵਿਚ ਜੱਜ ਦੇ ਇਤਰਾਜ਼ਾਂ ਨੂੰ ਦੂਰ ਕਰ ਦਿੱਤਾ ਗਿਆ ਸੀ। ਫਿਰ ਵੀ ਭਾਈਚਾਰਾ ਉਸ ਨੂੰ ਲੈ ਕੇ ਉਤਸ਼ਾਹ ਵਿਚ ਸੀ, ਉਨ੍ਹਾਂ ਨੂੰ ਇਹ ਇਕ ਮੌਕਾ ਜਾਪਦਾ ਸੀ। ਇਹ ਫ਼ੈਸਲਾ ਆਉਣ ਤੋਂ ਛੇਤੀ ਬਾਅਦ ਬਿਹਾਰੀ ਲਾਲ ਆਪਣੇ ਵਤਨ ਵਾਸੀਆਂ ਦੀ ਤਰਫ਼ੋਂ ਹੋਰ ਆਵਾਸੀਆਂ ਨੂੰ ਕੈਨੇਡਾ ਲਿਆਉਣ ਦੇ ਮਨੋਰਥ ਨਾਲ ਇਕ ਜਹਾਜ਼ ਕਿਰਾਏ 'ਤੇ ਲੈਣ ਲਈ ਵੈਨਕੂਵਰ ਤੋਂ ਚਲਾ ਗਿਆ। ਦਸੰਬਰ 1914 'ਚ ਹਾਂਗਕਾਂਗ ਵਿਚ ਉਸ ਦੀ ਆਮਦ ਨੇ ਉੱਥੋਂ ਦੇ ਪੰਜਾਬੀਆਂ ਵਿਚ ਉਤਸ਼ਾਹ ਜਗਾ ਦਿੱਤਾ, ਅਤੇ ਇੰਞ ਕਾਮਾਗਾਟਾ ਮਾਰੂ ਚੁਣੌਤੀ ਦਾ ਆਗਾਜ਼ ਹੋਇਆ।[15]

ਹਾਂਗਕਾਂਗ ਤੋਂ ਬਿਹਾਰੀ ਲਾਲ ਵੈਨਕੂਵਰ ਵਿਚ ਭਾਈਚਾਰੇ ਦੇ ਆਗੂਆਂ ਨੂੰ ਲਗਾਤਾਰ ਇਤਲਾਹ ਭੇਜਦਾ ਰਿਹਾ, ਪਰ ਉਹ ਜਹਾਜ਼ ਹਾਸਲ ਨਹੀਂ ਕਰ ਸਕਿਆ। ਛੇਤੀ ਹੀ ਪਹਿਲਕਦਮੀਂ ਗੁਰਦਿੱਤ ਸਿੰਘ ਦੇ ਹੱਥਾਂ ਵਿਚ ਚਲੀ ਗਈ – ਇਕ ਐਸੇ ਬੰਦੇ ਦੇ ਹੱਥਾਂ ਵਿਚ ਜੋ ਕਦੇ ਕੈਨੇਡਾ ਨਹੀਂ ਗਿਆ ਸੀ ਪਰ ਜਿਸ ਕੋਲ ਇਸ ਔਖੇ ਕੰਮ ਨੂੰ ਕਰਨ ਦਾ ਤਜ਼ਰਬਾ ਅਤੇ ਸ਼ਖਸੀਅਤ ਸੀ। ਗੁਰਦਿੱਤ ਸਿੰਘ ਇਕ ਕਾਮਯਾਬ ਕਾਰੋਬਾਰੀ ਸੀ ਜੋ ਆਪਣੀ ਪ੍ਰੱਪਕਤਾ, ਗਿਆਨ, ਵਤੀਰੇ ਅਤੇ ਤੌਰ-ਤਰੀਕਿਆਂ ਲਈ ਸਤਿਕਾਰਿਆ ਜਾਂਦਾ ਸੀ। ਉਸ ਨੇ ਮਲੇਸ਼ੀਆ ਅਤੇ ਸਿੰਗਾਪੁਰ ਵਿਚ ਕਈ ਸਾਲ ਗੁਜ਼ਾਰੇ ਸਨ, ਅਤੇ ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਵਿਚ ਆਪਣੇ ਪਿੰਡ ਉਸਦਾ ਬਾਕਾਇਦਗੀ ਨਾਲ ਆਉਣ-ਜਾਣ ਰਿਹਾ ਸੀ। ਪਿਛਲੇ ਕਈ ਸਾਲ ਤੋਂ ਉਹ ਆਪਣੇ ਪਿੰਡ ਸਰਹਾਲੀ ਵਿਚ ਰਹਿ ਰਿਹਾ ਸੀ। ਪਰ ਜਦੋਂ ਜਨਵਰੀ 1914 'ਚ ਕਾਰੋਬਾਰ ਦੇ ਸਿਲਸਿਲੇ 'ਚ ਉਹ ਹਾਂਗਕਾਂਗ ਆਇਆ ਤਾਂ ਉਸਨੂੰ ਉੱਥੋਂ ਦੇ ਪੰਜਾਬੀਆਂ ਦੀ ਮਾਯੂਸੀ, ਜੋ ਕੈਨੇਡਾ ਜਾਣ ਵਿਚ ਨਾਕਾਮ ਰਹੇ ਸਨ, ਅਤੇ ਜਹਾਜ਼ ਨਾ ਮਿਲਣ ਦਾ ਮਸਲਾ ਉਸਦੇ ਧਿਆਨ ਵਿਚ ਆਏ।[16]

ਬਿਹਾਰੀ ਲਾਲ ਵਰਮਾ ਵਾਂਗ ਗੁਰਦਿੱਤ ਸਿੰਘ ਨੇ ਵੀ ਛੇਤੀ ਹੀ ਜਾਣ ਲਿਆ ਕਿ ਆਵਾਸ ਦੇ ਮਨੋਰਥ ਲਈ ਜਹਾਜ਼ ਭਾੜੇ 'ਤੇ ਲੈਣਾ ਮੁਸ਼ਕਲ ਸੀ: ਹਾਂਗਕਾਂਗ ਤੇ ਹੋਰ ਥਾਵਾਂ ਦੇ

ਬਰਤਾਨਵੀ ਸ਼ਿਪਿੰਗ ਏਜੰਟ ਐਸੇ ਕਿਸੇ ਉੱਦਮ ਵਿਚ ਰੁਚੀ ਨਹੀਂ ਲੈ ਰਹੇ ਸਨ ਜਿਸ ਵਿਚ ਕੈਨੇਡੀਅਨ ਅਤੇ ਹਿੰਦੁਸਤਾਨੀ ਸਰਕਾਰਾਂ ਦੇ ਵਿਰੋਧ ਕਾਰਨ ਜ਼ਾਹਰਾ ਤੌਰ 'ਤੇ ਸਿਆਸੀ ਮੁਸ਼ਕਲਾਂ ਦੀ ਭਰਮਾਰ ਸੀ। ਗੁਰਦਿੱਤ ਸਿੰਘ ਨੂੰ ਜਹਾਜ਼ ਹਾਸਲ ਕਰਨ ਲਈ ਦੋ ਮਹੀਨੇ ਤੋਂ ਵੱਧ ਵਕਤ ਲੱਗ ਗਿਆ। ਉਸ ਨੂੰ ਕਾਮਯਾਬ ਓਦੋਂ ਮਿਲੀ ਜਦੋਂ ਉਹ ਹਾਂਗਕਾਂਗ ਦੇ ਇਕ ਜਰਮਨ ਸ਼ਿਪਿੰਗ ਏਜੰਟ ਕੋਲ ਗਿਆ ਜਿਸ ਨੇ ਉਸ ਨੂੰ ਇਕ ਜਪਾਨੀ ਕੰਪਨੀ ਦਾ ਜਹਾਜ਼ ਮੁਹੱਈਆ ਕਰਵਾ ਦਿੱਤਾ। ਐਪਰ, ਜਦੋਂ ਜਪਾਨੀ ਮਾਲਕਾਂ ਨੂੰ ਆਪਣੇ ਏਜੰਟ ਦੇ ਸੌਦੇ ਦਾ ਪੂਰਾ ਇਲਮ ਹੋਇਆ ਤਾਂ ਉਹ ਬਹੁਤ ਨਾਖੁਸ਼ ਸਨ। ਐਪਰ, ਇਸਦੇ ਨਾਲ ਹੀ ਕਾਮਾਗਾਟਾ ਮਾਰੂ ਉੱਦਮ ਸ਼ੁਰੂ ਹੋ ਗਿਆ। ਵੈਨਕੂਵਰ ਤੋਂ ਹਾਸਲ ਸੂਚਨਾ ਅਤੇ ਹੱਲਾਸ਼ੇਰੀ ਨਾਲ ਇਸ ਦੀ ਯੋਜਨਾਬੰਦੀ ਹਾਂਗਕਾਂਗ ਵਿਚ ਕੀਤੀ ਗਈ। ਵੈਨਕੂਵਰ ਦੇ ਸਿੱਖ ਕਾਮਾਗਾਟਾ ਮਾਰੂ ਦੀ ਆਓਭਗਤ ਲਈ ਤਿਆਰ ਸਨ ਅਤੇ ਇਸ ਦੇ ਆਉਣ ਤੋਂ ਕਈ ਦਿਨ ਪਹਿਲਾਂ ਉਨ੍ਹਾਂ ਦੀ ਸਹਾਇਤਾ ਲਈ ਇਕ ਘਾਟ ਕਮੇਟੀ (Shore Committee) ਬਣਾ ਲਈ ਗਈ ਸੀ।[17] ਗੁਰਦਿੱਤ ਸਿੰਘ, ਜਿਸਨੇ ਵਾਰ-ਵਾਰ ਦੁਹਰਾਇਆ ਕਿ ਕਾਮਾਗਾਟਾ ਮਾਰੂ ਪ੍ਰੋਗਰਾਮ ਇਕ ਕਾਰੋਬਾਰੀ ਉੱਦਮ ਵਜੋਂ ਸ਼ੁਰੂ ਕੀਤਾ ਗਿਆ ਸੀ, ਦੇ ਕਹਿਣ ਉੱਪਰ ਯਕੀਨ ਕੀਤਾ ਜਾ ਸਕਦਾ ਹੈ। ਉਸਦਾ ਗ਼ਦਰ ਪਾਰਟੀ ਨਾਲ ਪਹਿਲਾਂ ਕੋਈ ਆਦਾਨ-ਪ੍ਰਦਾਨ ਨਹੀਂ ਸੀ ਅਤੇ ਸੈਂਟਰਲ ਇੰਟੈਲੀਜੈਂਸ ਡਿਪਾਰਟਮੈਂਟ (ਸੀ.ਆਈ.ਡੀ.) ਕੋਲ ਉਸਦਾ ਬਤੌਰ ਇਨਕਲਾਬੀ ਕੋਈ ਰਿਕਾਰਡ ਨਹੀਂ ਸੀ ਜਦੋਂਕਿ ਇਸ ਨੇ ਸਾਰੇ ਮਸ਼ਹੂਰ ਕਾਰਕੁਨਾਂ ਦੀਆਂ ਫਾਈਲਾਂ ਬਣਾਈਆਂ ਹੋਈਆਂ ਸਨ। ਗੁਰਦਿੱਤ ਸਿੰਘ ਇਕ ਕੌਮਪ੍ਰਸਤ ਸੀ ਅਤੇ ਭਗਵਾਨ ਸਿੰਘ ਜਾਖ ਵਰਗੇ ਇਨਕਲਾਬੀਆਂ ਨਾਲ ਉਸਦੀ ਮਿਲਣੀ ਬਾਰੇ ਕੋਈ ਸ਼ੱਕ ਨਹੀਂ ਸੀ। ਪਰ ਜਦੋਂ ਉਨ੍ਹਾਂ ਦੋਹਾਂ ਨੇ ਯੋਕੋਹਾਮਾ ਵਿਚ ਕਾਮਾਗਾਟਾ ਮਾਰੂ ਉੱਪਰ ਗੱਲਬਾਤ ਕੀਤੀ, ਉਨ੍ਹਾਂ ਦੀ ਗੱਲਬਾਤ ਕਾਰੋਬਾਰ ਦੀ ਸਿਆਸੀ ਅਹਿਮੀਅਤ ਦੀ ਬਜਾਏ ਇਸ ਦੀ ਵਿਹਾਰਕਤਾ ਬਾਬਤ ਸੀ। ਭਗਵਾਨ ਸਿੰਘ, ਜੋ ਜਾਣਦਾ ਸੀ ਕਿ ਉਹ ਕੀ ਗੱਲ ਕਰ ਰਿਹਾ ਸੀ, ਨੇ ਕਿਹਾ ਕਿ ਕੈਨੇਡਾ ਸਰਕਾਰ ਮੁਸਾਫ਼ਰ ਨੂੰ ਉੱਤਰਨ ਦੀ ਇਜਾਜ਼ਤ ਨਹੀਂ ਦੇਵੇਗੀ, ਪਰ ਗੁਰਦਿੱਤ ਸਿੰਘ, ਜੋ ਸੋਚਦਾ ਸੀ ਕਿ ਕਾਨੂੰਨ ਉਸਦੇ ਹੱਕ ਵਿਚ ਸੀ, ਨੇ ਉਸਦੀ ਗੱਲ ਉੱਪਰ ਵਿਸ਼ਵਾਸ ਨਹੀਂ ਕੀਤਾ।[18]

ਜਿਨ੍ਹਾਂ ਮਹੀਨਿਆਂ ਦੌਰਾਨ ਕਾਮਾਗਾਟਾ ਮਾਰੂ ਦੇ ਮੁਸਾਫ਼ਰ ਆਪਣੇ ਮਾਮਲੇ ਦੇ ਕਾਨੂੰਨੀ ਹੱਲ ਦੀ ਇੰਤਜ਼ਾਰ ਕਰਦਿਆਂ ਵੈਨਕੂਵਰ ਦੇ ਪੱਤਣ ਵਿਚ ਡੱਕੇ ਰਹੇ, ਕੈਨੇਡੀਅਨ ਅਧਿਕਾਰੀਆਂ ਨੂੰ ਜਚ ਗਿਆ ਕਿ ਉਨ੍ਹਾਂ ਦੀ ਗੁੱਲੀ ਖ਼ਤਰਨਾਕ ਇਨਕਲਾਬੀ ਸੀ। ਉਨ੍ਹਾਂ ਨੇ ਇਹ ਰਾਇ ਬਰਤਾਨਵੀਆਂ ਨੂੰ, ਤੇ ਆਖ਼ਿਰਕਾਰ ਹਿੰਦੁਸਤਾਨ ਸਰਕਾਰ ਨੂੰ ਭੇਜੀ। ਉਨ੍ਹਾਂ ਦੀ ਜਾਣਕਾਰੀ ਦਾ ਮੁੱਖ ਵਸੀਲਾ ਜਹਾਜ਼ ਦਾ ਡਾਕਟਰ ਡਾ. ਰਘੂਨਾਥ ਸਿੰਘ ਸੀ, ਜੋ ਕਾਮਾਗਾਟਾ ਮਾਰੂ ਗਾਥਾ ਦੇ ਸ਼ੁਰੂ 'ਚ ਹੀ ਗੁਰਦਿੱਤ ਸਿੰਘ ਅਤੇ ਜ਼ਿਆਦਾਤਰ ਮੁਸਾਫ਼ਰਾਂ ਤੋਂ ਦੂਰ ਹੋ ਗਿਆ ਸੀ। ਸਿੰਘ ਹਾਂਗਕਾਂਗ ਵਿਚ ਤਾਇਨਾਤ 8ਵੀਂ ਰਾਜਪੂਤਾਨਾ ਰੈਜੀਮੈਂਟ ਨਾਲ ਲਗਾਇਆ ਜੂਨੀਅਰ ਮੈਡੀਕਲ ਅਫ਼ਸਰ ਸੀ। ਆਪਣੀ ਰੈਜੀਮੈਂਟ ਤੋਂ ਦੋ ਮਹੀਨੇ ਦੀ ਛੁੱਟੀ ਲੈਕੇ ਉਸਨੇ ਕਾਮਾਗਾਟਾ ਮਾਰੂ ਉੱਪਰ

ਇਹ ਅਹੁਦਾ ਹਾਸਲ ਕੀਤਾ ਸੀ ਅਤੇ ਉਹ ਆਪਣੀ ਪਤਨੀ ਤੇ ਨਿੱਕੇ ਬੇਟੇ ਨੂੰ ਆਪਣੇ ਨਾਲ ਲਿਆਇਆ ਸੀ। ਜਦੋਂ ਜਹਾਜ਼ ਅਤੇ ਇਸਦੇ ਮੁਸਾਫ਼ਰਾਂ ਨੂੰ ਵੈਨਕੂਵਰ ਦੇ ਸਮੁੰਦਰੀ ਕੰਢੇ 'ਤੇ ਬੰਦੀ ਬਣਾ ਲਿਆ ਗਿਆ, ਉਸਨੇ ਸੋਚਿਆ ਕਿ ਉਸ ਨੂੰ ਅਤੇ ਉਸਦੇ ਪਰਿਵਾਰ ਨੂੰ ਕਾਮਾਗਾਟਾ ਮਾਰੂ ਤੋਂ ਉਤਰਨ ਦੀ ਖ਼ਾਸ ਇਜਾਜ਼ਤ ਮਿਲਣੀ ਚਾਹੀਦੀ ਹੈ ਤਾਂ ਜੋ ਉਹ ਆਪਣੇ ਤੌਰ 'ਤੇ ਏਸ਼ੀਆ ਵਾਪਸ ਜਾ ਸਕਣ। ਜਹਾਜ਼ ਦੇ ਡਾਕਟਰ ਵਜੋਂ, ਇਮੀਗ੍ਰੇਸ਼ਨ ਮਹਿਕਮੇ ਵਲੋਂ ਉਸ ਨੂੰ ਵੈਨਕੂਵਰ ਵਿਚ ਜਾ ਕੇ ਦਵਾਈਆਂ ਖ਼ਰੀਦਣ ਦੀ ਇਜਾਜ਼ਤ ਦਿੱਤੀ ਗਈ ਸੀ (ਜਦੋਂਕਿ ਬਾਕੀ ਮੁਸਾਫ਼ਰਾਂ ਨੂੰ ਜਹਾਜ਼ ਉੱਪਰ ਹੀ ਰੋਕਿਆ ਹੋਇਆ ਸੀ) ਅਤੇ ਉਸ ਦੀ ਇਮੀਗ੍ਰੇਸ਼ਨ ਅਧਿਕਾਰੀਆਂ ਅਤੇ ਵੈਨਕੂਵਰ ਐੱਮ.ਪੀ. ਐੱਚ.ਐੱਚ. ਸਟੀਵਨਜ਼ ਨਾਲ ਕਈ ਵਾਰ ਗੱਲਬਾਤ ਹੋਈ ਸੀ। ਇਨ੍ਹਾਂ ਮੌਕਿਆਂ ਉੱਪਰ ਉਸਨੇ ਜਹਾਜ਼ ਉੱਪਰ ਬਾਗ਼ੀ ਤਕਰੀਰਾਂ ਅਤੇ ਮੁਸਾਫ਼ਰਾਂ ਅੰਦਰ ਸਿਆਸੀ ਵੰਡੀਆਂ ਦੀ ਜਾਣਕਾਰੀ ਉਨ੍ਹਾਂ ਨੂੰ ਦੇ ਕੇ ਇਮੀਗ੍ਰੇਸ਼ਨ ਮਹਿਕਮੇ ਦੀ ਮਿਹਰ ਹਾਸਲ ਕਰ ਲਈ। ਆਖ਼ਿਰਕਾਰ, ਉਸ ਨੂੰ ਅਤੇ ਉਸਦੇ ਪਰਿਵਾਰ ਨੂੰ ਵੈਨਕੂਵਰ ਵਿਚ ਜਾਣ ਦੀ ਇਜਾਜ਼ਤ ਦੇ ਦਿੱਤੀ ਗਈ ਅਤੇ ਕੁਝ ਸਮੇਂ ਬਾਅਦ ਉਹ ਇਕ ਰੈਗੂਲਰ ਸਟੀਮਰ ਜ਼ਰੀਏ ਹਾਂਗਕਾਂਗ ਵਾਪਸ ਆਕੇ ਆਪਣੀ ਰੈਜੀਮੈਂਟ ਵਿਚ ਦੁਬਾਰਾ ਸ਼ਾਮਲ ਹੋ ਗਿਆ। ਕੈਨੇਡੀਅਨ ਅਤੇ ਹਿੰਦੁਸਤਾਨੀ ਅਧਿਕਾਰੀਆਂ ਵਲੋਂ ਜਹਾਜ਼ ਉੱਪਰ ਅਤੇ ਬਾਅਦ ਵਿਚ ਉਸ ਦੀ ਗਵਾਹੀ ਨੂੰ ਬਹੁਤ ਗੰਭੀਰਤਾ ਨਾਲ ਲਿਆ ਗਿਆ ਜਿਨ੍ਹਾਂ ਨੂੰ ਪਹਿਲਾਂ ਹੀ ਕਾਮਾਗਾਟਾ ਮਾਰੂ ਦੇ ਆਉਣ ਪਿੱਛੇ ਕਿਸੇ ਬਾਗ਼ੀ ਮਨੋਰਥ ਹੋਣ ਦਾ ਸ਼ੱਕ ਸੀ।[19]

ਦੋਵੇਂ ਧਿਰਾਂ ਵਿਚ ਬਹੁਤ ਜ਼ਿਆਦਾ ਸ਼ੱਕ ਬਣਿਆ ਹੋਇਆ ਸੀ ਕਿਉਂਕਿ ਵੈਨਕੂਵਰ ਵਿਚ ਹੋਣ ਦੌਰਾਨ ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਵਿਚ ਕੈਨੇਡੀਅਨ ਇਮੀਗ੍ਰੇਸ਼ਨ ਅਧਿਕਾਰੀਆਂ ਬਾਰੇ ਬਹੁਤ ਜ਼ਿਆਦਾ ਬੇਇਤਬਾਰੀ ਬਣ ਚੁੱਕੀ ਸੀ, ਖ਼ਾਸ ਕਰਕੇ ਵਾਪਸੀ ਸਫ਼ਰ ਲਈ ਉਨ੍ਹਾਂ ਵਲੋਂ ਰਸਦ ਦੇਣ ਦੇ ਵਾਅਦਿਆਂ ਨੂੰ ਲੈ ਕੇ। ਜਿੱਥੋਂ ਤਕ ਇਮੀਗ੍ਰੇਸ਼ਨ ਅਧਿਕਾਰੀਆਂ ਦਾ ਸਵਾਲ ਸੀ, ਉਨ੍ਹਾਂ ਦੀ ਡੂੰਘੀ ਬੇਇਤਬਾਰੀ ਉਨ੍ਹਾਂ ਦੀ ਇਸ ਧਾਰਨਾ ਤੋਂ ਸ਼ੁਰੂ ਹੋਈ ਕਿ ਮੁਸਾਫ਼ਰਾਂ ਵਿਚ ਕੈਨੇਡੀਅਨ ਕਾਨੂੰਨ ਲਈ ਕੋਈ ਸਤਿਕਾਰ ਨਹੀਂ ਸੀ ਅਤੇ ਉਹ ਮੁਲਕ ਵਿਚ ਦਾਖ਼ਲ ਹੋਣ ਲਈ, ਕਾਨੂੰਨੀ ਜਾਂ ਗ਼ੈਰਕਾਨੂੰਨੀ ਤੌਰ 'ਤੇ ਜੋ ਕੁਝ ਵੀ ਕਰ ਸਕਦੇ ਸਨ ਉਹ ਕਰਨਗੇ। ਇਹ ਸ਼ੁਰੂਆਤ ਸੀ, ਅਤੇ ਜਹਾਜ਼ ਉੱਪਰਲੀ ਲੀਡਰਸ਼ਿਪ ਦੀ ਤਰਫ਼ੋਂ ਖਾੜਕੂ ਰੂਪ 'ਚ ਸਲਤਨਤ ਵਿਰੋਧੀ ਅਤੇ ਬਰਤਾਨੀਆ ਵਿਰੋਧੀ ਹੋਣ ਦੇ ਹਰ ਇਸ਼ਾਰੇ ਨੇ ਵੈਨਕੂਵਰ ਦੇ ਇਮੀਗ੍ਰੇਸ਼ਨ ਆਫ਼ਿਸ ਦੀ ਦੁਸ਼ਮਣੀ ਅਤੇ ਵਹਿਮ ਨੂੰ ਹੋਰ ਪੱਠੇ ਪਾਏ। ਜਹਾਜ਼ ਦੇ ਵੈਨਕੂਵਰ ਪਹੁੰਚਣ 'ਤੇ ਗੁਰਦਿੱਤ ਸਿੰਘ ਦੇ ਜਨਤਕ ਬਿਆਨ ਨੇ ਵਹਿਮ ਨੂੰ ਇਸ ਕਦਰ ਵਧਾ ਦਿੱਤਾ ਜੋ ਸੰਭਵ ਤੌਰ 'ਤੇ ਉਸਦੀ ਮਨਸ਼ਾ ਨਹੀਂ ਸੀ। ਜਦੋਂ ਉਸਨੇ ਕਿਹਾ ਕਿ ਕਾਮਾਗਾਟਾ ਮਾਰੂ ਉੱਪਰ ਮੁਸਾਫ਼ਰਾਂ ਨਾਲ ਜੋ ਹੋਇਆ ਹੈ ਉਸ ਤੋਂ ਤੈਅ ਹੋਵੇਗਾ ਕਿ ਸਲਤਨਤ ਵਿਚ ਸ਼ਾਂਤੀ ਹੋਵੇਗੀ ਜਾਂ ਨਹੀਂ, ਤਾਂ ਕੈਨੇਡੀਅਨ ਅਧਿਕਾਰੀਆਂ ਨੇ ਇਸ ਨੂੰ ਚੇਤਾਵਨੀ ਦੇ ਮਨੋਰਥ ਨਾਲ ਦਿੱਤੀ ਧਮਕੀ ਸਮਝਿਆ। ਉਸਦੇ ਲਫ਼ਜ਼ਾਂ ਨੇ ਉਨ੍ਹਾਂ ਨੂੰ ਇਹ ਸੋਚਣ ਲਈ ਉਤਸ਼ਾਹਤ ਕੀਤਾ ਕਿ ਕਾਮਾਗਾਟਾ ਮਾਰੂ ਇਕ ਜਾਣ-

ਬੁੱਝਕੇ ਪੈਦਾ ਕੀਤੀ ਭੜਕਾਹਟ ਸੀ, ਜਿਸ ਦਾ ਮੁੱਖ ਮਨੋਰਥ ਗੜਬੜ ਪੈਦਾ ਕਰਨਾ ਸੀ, ਜਦੋਂਕਿ ਅਸਲੀਅਤ ਵਿਚ ਉਹ ਇਹ ਜ਼ੋਰ ਦੇਣਾ ਚਾਹੁੰਦਾ ਸੀ ਕਿ ਬਰਤਾਨਵੀ ਸਲਤਨਤ ਲਈ ਹਿੰਦੁਸਤਾਨ ਵਿਚ ਲੋਕ ਰਾਇ ਨਾਲ ਰਾਜ਼ੀਨਾਮਾ ਕਰਨਾ ਕਿੰਨਾ ਅਹਿਮ ਸੀ।

ਇਸ ਪਿਛੋਕੜ ਵਿਚ ਨਵੀਂ ਬਣੀ ਗ਼ਦਰ ਪਾਰਟੀ ਆਪਣੇ ਸਾਨ ਫਰਾਂਸਿਸਕੋ ਵਾਲੇ ਸਦਰ-ਮੁਕਾਮ ਤੋਂ ਕੰਮ ਕਰ ਰਹੀ ਸੀ ਅਤੇ ਆਪਣਾ ਭਾਵੁਕ ਇਬਾਰਤ ਵਾਲਾ, ਦੇਸ਼ਭਗਤ ਅਤੇ ਇਨਕਲਾਬੀ ਅਖ਼ਬਾਰ ਛਾਪ ਰਹੀ ਸੀ। ਕੈਨੇਡੀਅਨ ਅਤੇ ਬਰਤਾਨਵੀ ਅਧਿਕਾਰੀ ਗ਼ਦਰ ਬਾਰੇ ਚੁਕੰਨੇ ਹੋ ਰਹੇ ਸਨ ਅਤੇ ਨਿਸ਼ਚੇ ਹੀ ਇਸ ਦੀ ਸੁਰ ਤੇ ਇਸ ਦੇ ਸੰਭਾਵੀ ਅਸਰ ਤੋਂ ਪ੍ਰੇਸ਼ਾਨ ਸਨ। ਉਨ੍ਹਾਂ ਦਾ ਵਿਸ਼ਵਾਸ ਸੀ – ਅਤੇ ਉਹ ਸੋਚਦੇ ਸਨ ਕਿ ਉਨ੍ਹਾਂ ਕੋਲ ਇਸਦੇ ਸਬੂਤ ਹਨ – ਕਿ ਕਾਮਾਗਾਟਾ ਮਾਰੂ ਅਤੇ ਘਾਟ ਕਮੇਟੀ ਦੋਵਾਂ ਵਿਚ ਗ਼ਦਰੀ ਹਮਦਰਦ ਮੋਹਰੀ ਸਨ, ਜੋ ਵੈਨਕੂਵਰ ਵਿਚ ਸਥਾਨਕ ਗੁਰਦੁਆਰਾ ਸੁਸਾਇਟੀ ਵਲੋਂ ਮੁਸਾਫ਼ਰਾਂ ਦੀ ਸਹਾਇਤਾ ਕਰਨ ਲਈ ਜਥੇਬੰਦ ਕੀਤੀ ਗਈ ਸੀ। ਇਮੀਗ੍ਰੇਸ਼ਨ ਅਧਿਕਾਰੀਆਂ ਅਤੇ ਬਾਰਸੂਖ਼ ਏਸ਼ੀਅਨ ਵਿਰੋਧੀ ਐੱਮ.ਪੀ. ਐੱਚ.ਐੱਚ. ਸਟੀਵਨਜ਼ ਨੇ ਤੁਰੰਤ ਇਸ ਬਾਰੇ ਘੋਰ ਭੈੜੀ ਧਾਰਨਾ ਬਣਾ ਲਈ , ਅਤੇ ਇਸ ਨੇ ਉਨ੍ਹਾਂ ਨੂੰ ਇਹ ਦੇਖਣ ਹੀ ਨਹੀਂ ਦਿੱਤਾ ਕਿ ਘਾਟ ਕਮੇਟੀ ਕਾਹਦੇ ਲਈ ਸੀ: ਜੋ ਨਰਮ-ਖ਼ਿਆਲੀਆਂ ਅਤੇ ਖਾੜਕੂਆਂ; ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ; ਪੰਜਾਬੀਆਂ ਅਤੇ ਗ਼ੈਰਪੰਜਾਬੀਆਂ; ਅਤੇ ਮਜ਼ਬੂਤ ਨਿਆਰੀਆਂ ਖੇਤਰੀ ਪਛਾਣਾਂ ਵਿਚ ਵੰਡੇ ਪੰਜਾਬੀਆਂ ਨੂੰ ਇਕੱਠੇ ਕਰਨ ਵਾਲਾ ਦੱਖਣ ਏਸ਼ੀਆਈ ਭਾਈਚਾਰੇ ਦਾ ਇਕ ਵਿਸ਼ਾਲ ਅਧਾਰ ਵਾਲਾ ਯਤਨ ਸੀ।[20] ਅਧਿਕਾਰੀ ਭਾਈਚਾਰੇ ਦੇ ਸਾਂਝੇ ਕਾਜ ਦੀ ਪਛਾਣ ਕਰਨ ਦੀ ਥਾਂ ਇਸ ਦੇ ਅੰਦਰ ਸਾਜ਼ਿਸ਼ਾਂ ਅਤੇ ਸਿਆਸੀ ਵੰਡੀਆਂ ਲੱਭਣ ਵਿਚ ਵਧੇਰੇ ਰੁਚਿਤ ਸਨ, ਜੋ ਕਿ ਦਰ ਅਸਲ ਮੁਸਾਫ਼ਰਾਂ ਦੇ ਕੈਨੇਡਾ ਵਿਚ ਉਤਰਨ ਅਤੇ ਇਥੇ ਕੰਮ ਲੱਭਣ ਦੇ ਯਤਨਾਂ ਦੀ ਸਹਾਇਤਾ ਕਰਨ ਲਈ ਸੀ।

ਗ਼ਦਰ ਪਾਰਟੀ ਅਤੇ ਕਾਮਾਗਾਟਾ ਮਾਰੂ ਨੂੰ ਜੋੜਨ ਵਾਲੀ ਇਕ ਚਰਚਿਤ ਕਹਾਣੀ ਘਾਟ ਕਮੇਟੀ ਦੇ ਮੈਂਬਰਾਂ ਵਲੋਂ ਪਿਸਤੌਲਾਂ ਖ਼ਰੀਦਣ ਨਾਲ ਸਬੰਧਤ ਸੀ ਜਦੋਂ ਉਹ ਥੋੜ੍ਹੇ ਚਿਰ ਲਈ ਅਮਰੀਕਾ ਗਏ ਸਨ। ਕੈਨੇਡੀਅਨ ਅਧਿਕਾਰੀਆਂ ਨੂੰ ਯਕੀਨ ਸੀ ਕਿ ਇਨ੍ਹਾਂ ਬੰਦਿਆਂ ਦੀ ਮਨਸ਼ਾ ਇਹ ਹਥਿਆਰ ਕਾਮਾਗਾਟਾ ਮਾਰੂ ਉੱਪਰ ਪਹੁੰਚਾਉਣ ਦੀ ਸੀ। ਹੋ ਸਕਦਾ ਹੈ ਉਨ੍ਹਾਂ ਦੀ ਇਹ ਮਨਸ਼ਾ ਹੋਵੇ, ਪਰ ਇਸ ਘਟਨਾ ਨੇ ਲੋੜ ਤੋਂ ਵੱਧ ਖ਼ਤਰੇ ਦੀ ਘੰਟੀ ਵਜਾ ਦਿੱਤੀ। ਇਹ ਕੈਨੇਡੀਅਨ ਕਰੂਜ਼ਰ ਰੇਨਬੋ ਵਲੋਂ ਕਾਮਾਗਾਟਾ ਮਾਰੂ ਨੂੰ ਆਪਣੇ ਘੇਰੇ ਵਿਚ ਵੈਨਕੂਵਰ ਪੱਤਣ ਤੋਂ ਬਾਹਰ ਲਿਜਾਕੇ ਵਾਪਸ ਏਸ਼ੀਆ ਭੇਜਣ ਦਾ ਯਤਨ ਕਰਨ ਤੋਂ ਥੋੜ੍ਹੇ ਦਿਨ ਪਹਿਲਾਂ ਦੀ ਗੱਲ ਸੀ। ਮੁਸਾਫ਼ਰ ਅਦਾਲਤ ਵਿਚ ਮੁਕੱਦਮਾ ਹਾਰ ਗਏ ਸਨ ਅਤੇ ਕੈਨੇਡਾ ਛੱਡਣ ਲਈ ਰਜ਼ਾਮੰਦ ਹੋ ਗਏ ਸਨ, ਪਰ ਉਹ ਜਪਾਨੀ ਅਮਲੇ ਨੂੰ ਓਦੋਂ ਤਕ ਜਹਾਜ਼ ਤੋਰਨ ਦੀ ਇਜਾਜ਼ਤ ਦੇਣ ਤੋਂ ਇਨਕਾਰੀ ਸਨ ਜਦੋਂ ਤਕ ਕੈਨੇਡੀਅਨ ਸਰਕਾਰ ਪੈਸੀਫਿਕ ਤੋਂ ਵਾਪਸ ਜਾਣ ਦੇ ਸਫ਼ਰ ਲਈ ਲੋੜੀਂਦੀ ਰਸਦ ਜਹਾਜ਼ ਉੱਪਰ ਨਹੀਂ ਪਹੁੰਚਾਉਂਦੀ। ਜਹਾਜ਼ ਅਜੇ ਪੱਤਣ ਦੇ ਪਾਣੀਆਂ ਦੇ ਅੰਦਰ ਹੀ ਖੜ੍ਹਾ ਸੀ ਜਦੋਂ ਕੈਨੇਡਾ ਅਤੇ ਅਮਰੀਕਾ ਦੇ ਦੱਖਣੀ ਏਸ਼ੀਆਈ ਭਾਈਚਾਰੇ ਦੇ ਨੌਂ ਜਾਂ

ਦਸ ਜਣੇ ਅਮਰੀਕੀ ਸਰਹੱਦੀ ਕਸਬੇ ਸੁਮਾਸ ਵਿਚ ਜੁੜੇ। ਉਨ੍ਹਾਂ ਵਿਚ ਕੈਲੀਫੋਰਨੀਆ ਤੋਂ ਭਗਵਾਨ ਸਿੰਘ ਜਾਖ ਅਤੇ ਤਾਰਕਨਾਥ ਦਾਸ, ਅਤੇ ਕੈਨੇਡਾ ਤੋਂ ਭਾਗ ਸਿੰਘ ਭਿਖੀਵਿੰਡ, ਬਲਵੰਤ ਸਿੰਘ ਖ਼ੁਰਦਪੁਰ ਅਤੇ ਹਰਨਾਮ ਸਿੰਘ ਸਾਹਰੀ (ਸਾਰੇ ਘਾਟ ਕਮੇਟੀ ਦੇ ਮੈਂਬਰ) ਵਰਗੇ ਉੱਘੇ ਕਾਰਕੁਨ ਸਨ। ਜਦੋਂ ਉਹ ਸੁਮਾਸ ਵਿਚ ਸਨ ਉਨ੍ਹਾਂ ਵਿੱਚੋਂ ਤਿੰਨ ਜਣੇ ਇਕ ਹਾਰਡਵੇਅਰ ਸਟੋਰ ਉੱਪਰ ਗਏ ਅਤੇ ਦੋ ਨੀਮ-ਆਟੋਮੈਟਿਕ ਜੇਬੀ ਪਿਸਤੌਲਾਂ ਅਤੇ ਦੋ ਸਸਤੇ ਰਿਵਾਲਵਰ ਤੇ ਗੋਲੀ-ਸਿੱਕਾ ਖ਼ਰੀਦ ਲਿਆਏ। ਇਸ ਤੋਂ ਛੇਤੀ ਬਾਅਦ, ਉਨ੍ਹਾਂ ਵਿੱਚੋਂ ਇਕ, ਮੇਵਾ ਸਿੰਘ ਨੇ ਬਾਕਾਇਦਾ ਨਾਕੇ ਦੀ ਤਲਾਸ਼ੀ ਤੋਂ ਬਚਦੇ ਹੋਏ ਜੰਗਲ ਵਿੱਚੋਂ ਦੀ ਹੋ ਕੇ ਦੂਜਿਆਂ ਤੋਂ ਪਹਿਲਾਂ ਸਰਹੱਦ ਪਾਰ ਕੀਤੀ ਜਿਥੇ ਸਬੱਬ ਨਾਲ ਉਸ ਦਾ ਸਾਹਮਣਾ ਸੂਬਾਈ ਪੁਲਿਸ ਦੇ ਇਕ ਸਿਪਾਹੀ ਨਾਲ ਹੋ ਗਿਆ ਜਿਸ ਨੂੰ ਮੇਵਾ ਸਿੰਘ ਦੇ ਡੱਬ ਵਿੱਚੋਂ ਇਕ ਪਿਸਤੌਲ ਅਤੇ ਉਸ ਦੀਆਂ ਜੇਬਾਂ ਵਿੱਚੋਂ ਗੋਲੀ-ਸਿੱਕਾ ਮਿਲ ਗਏ। ਇੰਞ ਪਿਸਤੌਲ ਹਾਸਲ ਕਰਨ ਦੇ ਇਸ ਯਤਨ ਦਾ ਭੇਤ ਖੁੱਲ੍ਹ ਗਿਆ।[21]

ਅਮਰੀਕਾ ਦੇ ਇਕ ਹਾਰਡਵੇਅਰ ਸਟੋਰ ਤੋਂ ਪਿਸਤੌਲਾਂ ਅਤੇ ਗੋਲੀ-ਸਿੱਕਾ ਖ਼ਰੀਦਣਾ ਜੁਰਮ ਨਹੀਂ ਸੀ, ਅਤੇ ਇਸ ਦੇ ਸਿੱਟੇ ਵਜੋਂ ਕੋਈ ਅਮਰੀਕਨ ਇਲਜ਼ਾਮ ਨਹੀਂ ਸੀ ਲੱਗਦਾ। ਇੱਕੋਇਕ ਬੰਦਾ ਜਿਸ ਨੂੰ ਜੁਰਮ ਦਾ ਦੋਸ਼ੀ ਕਰਾਰ ਦਿੱਤਾ ਗਿਆ ਅਤੇ ਸਜ਼ਾ ਦਿੱਤੀ ਗਈ ਉਹ ਮੇਵਾ ਸਿੰਘ ਸੀ, ਜੋ ਇਕ ਪਿਸਤੌਲ ਅਤੇ ਗੋਲੀ-ਸਿੱਕਾ ਚੋਰੀਛੁਪੇ ਸਰਹੱਦ ਤੋਂ ਪਾਰ ਲਿਆਇਆ ਸੀ। ਮੇਵਾ ਸਿੰਘ ਨੂੰ ਬਾਦ ਵਿਚ ਸਿੱਖ ਭਾਈਚਾਰੇ ਵਲੋਂ ਸ਼ਹੀਦ ਵਜੋਂ ਚੇਤੇ ਕੀਤਾ ਗਿਆ ਜਿਸ ਨੂੰ ਇਮੀਗ੍ਰੇਸ਼ਨ ਅਧਿਕਾਰੀ ਡਬਲਯੂ.ਸੀ.ਹਾਪਕਿਨਸਨ ਨੂੰ ਗੋਲੀਆਂ ਮਾਰਕੇ ਮਾਰਨ ਲਈ ਫਾਂਸੀ ਦੇ ਦਿੱਤੀ ਗਈ।[22] ਪਰ ਉਸ ਨੂੰ ਪਿਸਤੌਲ ਸਰਹੱਦ ਤੋਂ ਪਾਰ ਲਿਜਾਣ ਲਈ ਸਖ਼ਤ ਸਜ਼ਾ ਨਹੀਂ ਦਿੱਤੀ ਗਈ, ਕਿਉਂਕਿ ਕੈਨੇਡੀਅਨ ਇਮੀਗ੍ਰੇਸ਼ਨ ਅਧਿਕਾਰੀ ਉਸ ਨੂੰ ਵੱਡਾ ਖਿਡਾਰੀ ਨਹੀਂ ਸਮਝਦੇ ਸਨ। ਫਿਰ ਵੀ, ਉਨ੍ਹਾਂ ਨੇ ਹਥਿਆਰ ਖ਼ਰੀਦੇ ਜਾਣ ਦੀ ਇਸ ਮੁਹਿੰਮ ਦੀ ਜਾਣਕਾਰੀ ਬਰਤਾਨਵੀ ਅਤੇ ਹਿੰਦੁਸਤਾਨੀ ਖ਼ੁਫ਼ੀਆ ਸੇਵਾਵਾਂ ਤਕ ਪਹੁੰਚਾ ਦਿੱਤੀ, ਜਿਸ ਨੂੰ ਲੈ ਕੇ ਕਾਮਾਗਾਟਾ ਮਾਰੂ ਵਿਚ ਗ਼ਦਰ ਪਾਰਟੀ ਦੀ ਸ਼ਮੂਲੀਅਤ ਦਾ ਮਾਮਲਾ ਘੜ ਲਿਆ ਗਿਆ। 1917 'ਚ, ਜਿਸ ਲਾਹੌਰ ਟ੍ਰਿਬਿਊਨਲ ਨੇ ਬਲਵੰਤ ਸਿੰਘ ਖ਼ੁਰਦਪੁਰ ਉੱਪਰ ਰਾਜਧ੍ਰੋਹ ਦਾ ਮੁਕੱਦਮਾ ਚਲਾਇਆ ਉਸਨੇ ਸੁਮਾਸ ਦੀ ਘਟਨਾ ਨੂੰ ਉਸਦੇ ਖ਼ਿਲਾਫ਼ ਇਕ ਜੁਰਮ ਮੰਨਿਆ। ਆਪਣੀ ਸਫ਼ਾਈ ਵਿਚ ਬਲਵੰਤ ਸਿੰਘ ਨੇ ਕਿਹਾ ਕਿ ਉਹ ਸਿਆਟਲ ਵਿਚ ਇਕ ਗੁਰਦੁਆਰਾ ਬਣਾਉਣ ਲਈ ਜ਼ਮੀਨ ਦਾ ਇਕ ਟੁਕੜਾ ਲੱਭਣ ਲਈ ਸਰਹੱਦ ਪਾਰ ਗਿਆ ਸੀ। ਅਤੇ ਅਸਲੀਅਤ ਵਿਚ, ਇਹ ਵਧੇਰੇ ਵਿਸ਼ਵਾਸਯੋਗ ਜਾਪਦਾ ਹੈ ਕਿ ਇਕ ਵੱਡਾ ਗਰੁੱਪ – ਬੰਗਾਲੀ ਕਾਰਕੁਨ ਤਾਰਕਨਾਥ ਦਾਸ ਸਮੇਤ – ਪਿਸਤੌਲ ਖ਼ਰੀਦਣ ਦੀ ਬਜਾਏ ਜਾਇਦਾਦ ਦੇ ਤਬਾਦਲੇ ਦਾ ਇੰਤਜ਼ਾਮ ਕਰਨ ਲਈ ਜੁੜਿਆ ਹੋਵੇਗਾ ਕਿਉਂਕਿ ਪਿਸਤੌਲ ਤਾਂ ਇਕ ਜਾਂ ਦੋ ਜਣੇ ਵਧੇਰੇ ਸੁਖਾਲਿਆਂ ਅਤੇ ਗੁਪਤ ਤਰੀਕੇ ਨਾਲ ਹੀ ਖ਼ਰੀਦ ਸਕਦੇ ਸਨ। ਇਸ ਤੋਂ ਬਿਨਾ, ਕਾਮਾਗਾਟਾ ਮਾਰੂ ਅਜੇ ਵੈਨਕੂਵਰ ਵਿਚ ਹੋਣ ਕਰਕੇ, ਉਨ੍ਹਾਂ ਕੋਲ ਚਰਚਾ ਕਰਨ ਲਈ ਹੋਰ ਬਹੁਤ ਕੁਝ ਸੀ,

ਅਤੇ ਪਿਸਤੌਲਾਂ ਖ਼ਰੀਦਣ ਦੀ ਗੱਲ ਮਨ ਦੇ ਵੇਗ ਦੀ ਉਪਜ ਜਾਪਦੀ ਹੈ। ਤਿੰਨੋਂ ਜਣੇ ਸੁਮਾਸ ਵਿਚ ਆਪਣੇ ਪੜਾਅ ਦੇ ਦੂਜੇ ਦਿਨ ਨਾਸ਼ਤਾ ਕਰਨ ਤੋਂ ਪਿੱਛੋਂ ਅਤੇ ਖਿੜਕੀ ਵਿਚ ਨੁਮਾਇਸ਼ ਲਾਈਆਂ ਪਿਸਤੌਲਾਂ ਨੂੰ ਦੇਖਣ ਤੋਂ ਬਾਅਦ ਹਾਰਡਵੇਅਰ ਸਟੋਰ ਦੇ ਅੰਦਰ ਗਏ ਸਨ।

ਵੈਨਕੂਵਰ ਵਿਚ ਕਾਮਾਗਾਟਾ ਮਾਰੂ ਦੇ ਆਉਣ ਦੇ ਦਿਨ ਤੋਂ ਹੀ, ਦੱਖਣੀ ਏਸ਼ੀਆਈ ਭਾਈਚਾਰੇ ਦੇ ਕੁਝ ਮੈਂਬਰਾਂ ਨੇ ਸਥਾਨਕ ਹਾਰਡਵੇਅਰ ਸਟੋਰਾਂ ਤੋਂ ਹੈਂਡ-ਗੰਨਾਂ ਖ਼ਰੀਦਣ ਦਾ ਵਾਰ-ਵਾਰ ਯਤਨ ਕੀਤਾ ਸੀ। ਉਨ੍ਹਾਂ ਨੂੰ ਸਿਰਫ਼ ਇਸ ਕਰਕੇ ਜਵਾਬ ਦੇ ਦਿੱਤਾ ਗਿਆ ਸੀ ਕਿ ਉਨ੍ਹਾਂ ਕੋਲ ਸਿਟੀ ਪੁਲਿਸ ਮੈਜਿਸਟ੍ਰੇਟ ਦੀ ਲੋੜੀਂਦੀ ਮਨਜ਼ੂਰੀ ਨਹੀਂ ਸੀ। ਉਨ੍ਹਾਂ ਦੀ ਹਥਿਆਰ ਹਾਸਲ ਕਰਨ ਦੀ ਖਾਹਸ਼ ਗ਼ਦਰ ਲੀਡਰਸ਼ਿਪ ਦੀ ਪ੍ਰੇਰਣਾ ਦੇ ਅਸਰ ਹੇਠ ਸੀ, ਜੋ ਆ ਰਹੇ ਇਨਕਲਾਬੀ ਸੰਘਰਸ਼ ਲਈ ਯੋਧਿਆਂ ਨੂੰ ਹਥਿਆਰਾਂ ਨਾਲ ਲੈਸ ਕਰਨ ਅਤੇ ਸਿਖਲਾਈ ਦੇਣ ਲਈ "ਪੰਜਾਬ ਉੱਪਰ ਬੰਦੂਕਾਂ ਦੀ ਮਿੱਠੀ ਬੁਛਾੜ ਕਰਨ ਲਈ" ਰਫ਼ਲਾਂ ਤੇ ਰਿਵਾਲਵਰ ਇਕੱਠੇ ਕਰਨ ਦੀ ਵਕਾਲਤ ਕਰਦੇ ਸਨ। ਪਰ ਇਹ ਭਵਿੱਖ ਦੀ ਗੱਲ ਸੀ। ਇੱਥੋਂ ਤਕ ਕਿ ਜੁਲਾਈ 1914 ਦੇ ਅਖ਼ੀਰ ਵਿਚ ਵੀ ਕੋਈ ਇਹ ਪੇਸ਼ੀਨਗੋਈ ਨਹੀਂ ਸੀ ਕਰ ਸਕਦਾ, ਕਿ ਕਾਰਵਾਈ ਦਾ ਵਕਤ ਛੇਤੀ ਆ ਰਿਹਾ ਸੀ। ਜਿਵੇਂ ਜ਼ਿਕਰ ਕੀਤਾ ਗਿਆ ਸੀ, ਇਕ ਗੱਲ ਪੱਕੀ ਹੈ ਹਰਦਿਆਲ ਅਜੇ ਵੀ ਇਸ ਨੂੰ ਪੰਜ ਤੋਂ ਲੈ ਕੇ ਦਸ ਸਾਲ ਤਕ ਦਾ ਵਕਤ ਲੱਗਣ ਦੀ ਕਲਪਨਾ ਕਰਦਾ ਸੀ। ਅਤੇ ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਨੂੰ ਹਥਿਆਰਬੰਦ ਕਰਨਾ ਕਿਸੇ ਦਾ ਵੀ ਉਦੇਸ਼ ਨਹੀਂ ਸੀ। ਦਰਅਸਲ, ਜੁਲਾਈ ਦੇ ਪਹਿਲੇ ਹਫ਼ਤੇ ਤਕ, ਭਾਈਚਾਰੇ ਨੂੰ ਉਮੀਦ ਸੀ ਅਤੇ ਉਸ ਨੇ ਇਹੀ ਆਸ ਰੱਖੀ ਹੋਈ ਸੀ ਕਿ ਮੁਸਾਫ਼ਰ ਮੁਕੱਦਮਾ ਜਿੱਤ ਜਾਣਗੇ ਤੇ ਜਹਾਜ਼ ਦਾ ਭੁਗਤਾਨ ਕਰਕੇ ਕੈਨੇਡਾ ਵਿਚ ਆ ਜਾਣਗੇ ਅਤੇ ਜਹਾਜ਼ ਸਮਾਨ ਲੱਦਕੇ ਤੇ ਸਥਾਨਕ ਦੱਖਣੀ ਏਸ਼ੀਆਈ ਭਾਈਚਾਰੇ ਦੇ ਵਤਨ ਵਾਪਸ ਜਾਣ ਵਾਲੇ ਤੇ ਕਿਰਾਇਆ ਦੇਣ ਵਾਲੇ ਪੰਜਾਬੀ ਮੁਸਾਫ਼ਰਾਂ ਨੂੰ ਲੈ ਕੇ ਵਾਪਸ ਚਲਾ ਜਾਵੇਗਾ।

ਜਦੋਂ ਕਾਮਾਗਾਟਾ ਮਾਰੂ ਨੂੰ ਏਸ਼ੀਆ ਨੂੰ ਵਾਪਸ ਮੋੜ ਦਿੱਤਾ ਗਿਆ, ਗ਼ਦਰੀ ਭਵਿੱਖਨਕਸ਼ੇ ਤੋਂ ਇਸ ਨੂੰ ਫੌਰੀ ਮੌਕਾ ਸਮਝਿਆ ਗਿਆ ਕਿ ਇਸ ਵਿਚ ਹਿੰਦੁਸਤਾਨ ਨੂੰ ਹਥਿਆਰ ਭੇਜੇ ਜਾ ਸਕਦੇ ਸਨ। ਇਸ ਉਦੇਸ਼ ਨਾਲ, ਸਾਨ ਫਰਾਂਸਿਸਕੋ ਤੋਂ ਗ਼ਦਰੀਆਂ ਨੇ ਆਪਣੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਨੂੰ ਇਕ ਜਾਂ ਦੋ ਸੌ ਅਮਰੀਕਨ ਰਿਵਾਲਵਰ ਦੇ ਕੇ ਜਪਾਨ ਭੇਜਿਆ; ਆਪਣੇ ਵਾਪਸੀ ਸਫ਼ਰ ਸਮੇਂ ਕਾਮਾਗਾਟਾ ਮਾਰੂ ਦੇ ਯੋਕੋਹਾਮਾ ਪੁੱਜਣ ਤੋਂ ਛੇਤੀ ਬਾਅਦ ਇਹ ਹਥਿਆਰ ਰਾਤ ਨੂੰ ਜਹਾਜ਼ ਉੱਪਰ ਪਹੁੰਚਾਏ ਗਏ। ਸੋਹਣ ਸਿੰਘ ਦੇ ਸਾਨ ਫਰਾਂਸਿਸਕੋ ਤੋਂ ਰਵਾਨਾ ਹੋਣ ਅਤੇ ਜਪਾਨ ਪਹੁੰਚਣ ਦਰਮਿਆਨ ਯੂਰਪ ਵਿਚ ਜੰਗ ਛਿੜ ਗਈ। ਜਿਹੜੇ ਰਿਵਾਲਵਰ ਉਹ ਜਪਾਨ ਲੈਕੇ ਗਿਆ ਸੀ ਉਹ ਗ਼ਦਰ ਪਾਰਟੀ ਦੇ ਹਥਿਆਰਬੰਦ ਹੋਣ ਦੇ ਸੱਦੇ ਤੋਂ ਕੁਝ ਦਿਨ ਬਾਅਦ ਹੀ ਖੁਫ਼ੀਆ ਢੰਗ ਨਾਲ ਕਾਮਾਗਾਟਾ ਮਾਰੂ ਉੱਪਰ ਪਹੁੰਚਾ ਦਿੱਤੇ ਗਏ। ਇਸ ਦਾ ਵਕਤ ਸਾਨੂੰ ਦੱਸਦਾ ਹੈ ਕਿ ਇਨ੍ਹਾਂ ਰਿਵਾਲਵਰਾਂ ਨੂੰ ਇਕ ਦੁਰੇਡੇ ਵਕਤ 'ਤੇ ਇਸਤੇਮਾਲ ਕਰਨ ਦੀ ਮਨਸ਼ਾ ਸੀ ਅਤੇ ਇਹ ਤਾਂ ਇਤਫ਼ਾਕ ਸੀ ਕਿ ਇਹ ਉਸ ਨਾਟਕੀ ਪਲ 'ਚ ਜਹਾਜ਼

ਉੱਪਰ ਪਹੁੰਚਾਏ ਗਏ ਜਦੋਂ ਕੁਲ ਗਿਣਤੀਆਂ-ਮਿਣਤੀਆਂ ਅਤੇ ਸੋਚ-ਵਿਚਾਰਾਂ ਬਦਲ ਗਈਆਂ।[23] ਨੁਕਤਾ ਇਹ ਹੈ ਕਿ ਭਾਵੇਂ ਗ਼ਦਰੀ ਕਾਮਾਗਾਟਾ ਮਾਰੂ ਨੂੰ ਇਸਤੇਮਾਲ ਕਰਨਾ ਚਾਹੁੰਦੇ ਸਨ, ਜਹਾਜ਼ ਪਿੱਛੇ ਉਨ੍ਹਾਂ ਦਾ ਹੱਥ ਨਹੀਂ ਸੀ: ਉਹ ਇਸ ਨੂੰ ਦਿਸ਼ਾ-ਨਿਰਦੇਸ਼ ਦੇਣ ਵਾਲੇ ਨਹੀਂ ਸਨ।

ਜ਼ਾਹਿਰ ਹੈ ਸਾਰੇ ਮੁਸਾਫ਼ਰ ਰਿਵਾਲਵਰਾਂ ਬਾਰੇ ਜਾਣਦੇ ਸਨ, ਅਤੇ ਇਹ ਸੰਭਵ ਹੈ ਕਿ ਉਨ੍ਹਾਂ ਦੇ ਜਹਾਜ਼ ਉੱਪਰ ਹੋਣ ਵਿਚ ਬਹੁਤ ਥੋੜ੍ਹਿਆਂ ਨੂੰ ਕੁਝ ਗ਼ਲਤ ਨਜ਼ਰ ਆਇਆ ਹੋਵੇਗਾ (ਹਿੰਦੁਸਤਾਨ ਵਿਚ ਪੁਲਿਸ ਨਾਲ ਸੰਭਾਵੀ ਬਖੇੜੇ ਨੂੰ ਛੱਡਕੇ)। ਪਰ ਮੁੱਠੀ ਭਰ ਹੀ ਜਾਣਦੇ ਸਨ ਕਿ ਇਹ ਕਿਥੇ ਛੁਪਾਏ ਹੋਏ ਸਨ ਜਾਂ ਜਿਨ੍ਹਾਂ ਦਾ ਇਸ ਨਾਲ ਕੋਈ ਸਿੱਧਾ ਲਾਗਾਦੇਗਾ ਸੀ। ਜੋ ਮੁਸਾਫ਼ਰਾਂ ਨੂੰ ਪਤਾ ਸੀ, ਹਿੰਦੁਸਤਾਨ ਵਿਚ ਪੁਲਿਸ – ਖ਼ਾਸ ਕਰਕੇ ਸੀ.ਆਈ.ਡੀ. ਦੇ ਸਦਰ-ਮੁਕਾਮ ਵਿਖੇ – ਨੂੰ ਵੀ ਉਸ ਬਾਰੇ ਸ਼ੱਕ ਸੀ। ਅਤੇ ਹੁਣ ਜਦੋਂ ਜੰਗ ਸ਼ੁਰੂ ਹੋ ਗਈ ਸੀ, ਅਤੇ ਜਦੋਂ ਗ਼ਦਰ ਪਾਰਟੀ ਨੇ ਹਥਿਆਰਬੰਦ ਹੋਣ ਦਾ ਸੱਦਾ ਦੇ ਦਿੱਤਾ ਸੀ, ਹਿੰਦੁਸਤਾਨ ਵਿਚ ਪੁਲਿਸ ਪਹਿਲਾਂ ਨਾਲੋਂ ਜ਼ਿਆਦਾ ਚੌਕਸ ਹੋ ਗਈ ਸੀ ਅਤੇ ਨਾਗਰਿਕਾਂ ਸਬੰਧੀ ਵਧੇਰੇ ਆਪਾਸ਼ਾਹ ਤਾਕਤਾਂ ਨਾਲ ਲੈਸ ਸੀ। ਸਕਾਟਲੈਂਡ ਦਾ ਜੰਮਿਆ ਸੀ.ਆਈ. ਡੀ. ਅਧਿਕਾਰੀ ਡੇਵਿਡ ਪੈਟਰੀ ਜੋ ਕਾਮਾਗਾਟਾ ਮਾਰੂ ਨੂੰ ਅੱਗੋਂ ਮਿਲਣ ਲਈ ਹਿੰਦੁਸਤਾਨ ਦੀ ਹੁਨਾਲੀ ਰਾਜਧਾਨੀ ਸ਼ਿਮਲਾ ਤੋਂ ਕਲਕੱਤਾ ਆਇਆ ਸੀ, ਉਸ ਪੁਲਿਸ ਟੋਲੀ ਵਿਚ ਸ਼ਾਮਲ ਸੀ ਜੋ ਮੁਸਾਫ਼ਰਾਂ ਦੇ ਉਤਰਨ ਤੋਂ ਪਹਿਲਾਂ ਜਹਾਜ਼ ਉੱਪਰ ਤਲਾਸ਼ੀ ਲੈਣ ਗਈ ਸੀ। ਮੁਸਾਫ਼ਰਾਂ ਨਾਲ ਭਰੇ ਜਹਾਜ਼ ਨੂੰ ਉਨ੍ਹਾਂ ਦੀਆਂ ਗੱਠੜੀਆਂ ਤੋਂ ਵੱਖ ਕਰਕੇ ਤਲਾਸ਼ੀ ਲੈਣਾ ਸੁਖਾਲਾ ਨਾ ਹੋਣ ਕਾਰਨ ਅਤੇ ਪੱਗਾਂ ਤੇ ਕਛਹਿਰੇ ਲਾਹੁਣ ਵਰਗਾ ਬਹੁਤ ਹੀ ਅਪਮਾਨਜਨਕ ਢੰਗ ਅਖ਼ਤਿਆਰ ਕਰਨ ਦੀ ਝਿਜਕ ਕਾਰਨ ਪੁਲਿਸ ਦੇ ਹੱਥ ਕੁਝ ਨਹੀਂ ਲੱਗਿਆ; ਕੋਈ ਹਥਿਆਰ ਨਹੀਂ ਮਿਲਿਆ ਅਤੇ ਗ਼ਦਰ ਅਖ਼ਬਾਰ ਦੀ ਇੱਕੋ ਕਾਪੀ ਮਿਲੀ ਜੋ ਇਕ ਲਾਪ੍ਰਵਾਹ ਮੁਸਾਫ਼ਰ ਦੀ ਗੱਠੜੀ ਵਿਚ ਰਹਿ ਗਈ ਸੀ। (ਜ਼ਿਆਦਾਤਰ ਹੈਂਡਗੰਨਾਂ ਅਤੇ ਸਾਹਿਤ ਜਾਂ ਤਾਂ ਸਿਆਣਪ ਨਾਲ ਲੁਕੋ ਦਿੱਤਾ ਗਿਆ ਸੀ ਜਾਂ ਪਹਿਲਾਂ ਹੀ ਟਿਕਾਣੇ ਲਾ ਦਿੱਤਾ ਗਿਆ ਸੀ।)[24]

ਅਹਿਮ ਗੱਲ ਇਹ ਸੀ – ਅਤੇ ਸ਼ਿਮਲਾ ਵਿਚ ਸੀਨੀਅਰ ਪੁਲਸੀਏ ਸਾਥੀਆਂ ਨੇ ਉਸ ਨੂੰ ਪਹਿਲਾਂ ਹੀ ਜਾਣਕਾਰੀ ਦੇ ਦਿੱਤੀ ਸੀ – ਕਿ ਪੈਟਰੀ ਨੂੰ ਇਹ ਆਸ ਨਹੀਂ ਸੀ ਕਿ ਬਹੁਗਿਣਤੀ ਮੁਸਾਫ਼ਰ ਵਿਰੋਧੀ ਹੋਣਗੇ; ਅਤੇ, ਤਲਾਸ਼ੀਆਂ ਦੇ ਅਖ਼ੀਰ ਵਿਚ ਉਸ ਨੇ ਸੋਚਿਆ ਕਿ ਉਨ੍ਹਾਂ ਦਾ ਵਤੀਰਾ ਵਾਜਬ ਤੌਰ 'ਤੇ ਦੋਸਤਾਨਾ ਰਿਹਾ ਸੀ। ਐਪਰ, ਉਹ ਕਈ ਮਹੀਨੇ ਲੰਮੀਂ ਮਾਯੂਸੀ, ਮੁਕੱਦਮੇ ਅਤੇ ਬੰਦੀ ਬਣੇ ਰਹਿਣ ਤੋਂ ਬਾਅਦ ਵੀ ਉਨ੍ਹਾਂ ਦੀ ਏਕਤਾ ਅਤੇ ਗੁਰਦਿੱਤ ਸਿੰਘ ਪ੍ਰਤੀ ਉਨ੍ਹਾਂ ਦੇ ਲੋਹੜੇ ਦੇ ਲਗਾਓ ਨੂੰ ਦੇਖਕੇ ਹੈਰਾਨ ਸੀ। ਪੈਟਰੀ ਨੂੰ ਉਮੀਦ ਸੀ ਕਿ ਜਹਾਜ਼ ਉੱਪਰ ਬਹੁਗਿਣਤੀ ਅਤੇ ਨਿੱਕੇ ਜਹੇ ਰੈਡੀਕਲ ਧੜੇ (ਜਾਂ "ਪੁਆੜੇ-ਹੱਥੇ", ਜਿਵੇਂ ਉਸਨੇ ਉਨ੍ਹਾਂ ਬਾਰੇ ਕਿਹਾ) ਦਰਮਿਆਨ ਤਿੱਖੀ ਵੰਡ ਹੋਵੇਗੀ। ਉਸ ਨੇ ਸੋਚਿਆ ਕਿ ਪੁਲਿਸ ਬਹੁਗਿਣਤੀ ਨੂੰ ਇਨ੍ਹਾਂ ਅੱਠ ਬੰਦਿਆਂ ਦੀ ਨਿੱਕੀ ਜਹੀ ਟੋਲੀ (ਜਿਵੇਂ ਉਸਨੇ ਉਨ੍ਹਾਂ ਦੀ ਗਿਣਤੀ ਕੀਤੀ) ਤੋਂ ਅਲਹਿਦਾ

ਕਰ ਸਕਦੀ ਸੀ, ਪਰ ਉਹ ਗ਼ਲਤ ਸੀ। ਅਤੇ ਇਹ ਗ਼ਲਤ ਗਿਣਤੀ-ਮਿਣਤੀ ਬਜ ਬਜ ਵਿਖੇ ਤ੍ਰਾਸਦੀ ਵਿਚ ਵੱਡਾ ਕਾਰਕ ਬਣੀ ਸੀ।

ਇੱਥੋਂ ਤਕ ਕਿ ਬਜ ਬਜ ਮਾਮਲੇ ਦੀ ਪੜਤਾਲ ਕਰਨ ਵਾਲੀ ਸਰਕਾਰੀ ਕਮੇਟੀ ਉਸ ਨਾਲ ਸਹਿਮਤ ਸੀ ਜੋ ਪੈਟਰੀ ਨੇ ਮੁਸਾਫ਼ਰਾਂ ਬਾਰੇ ਕਿਹਾ। ਕਮੇਟੀ ਕੋਲ ਰਾਇ ਬਣਾਉਣ ਦਾ ਵਧੀਆ ਮੌਕਾ ਸੀ ਕਿਉਂਕਿ ਇਸਨੇ ਜ਼ਿਆਦਾਤਰ ਮੁਸਾਫ਼ਰਾਂ ਤੋਂ ਪੁੱਛਗਿੱਛ ਕੀਤੀ ਜਿਨ੍ਹਾਂ ਨੂੰ ਕਲਕੱਤਾ ਵਿਚ ਕੈਦ ਰੱਖਿਆ ਗਿਆ ਸੀ ਅਤੇ ਨਾਲ ਹੀ ਜਿਨ੍ਹਾਂ ਨੂੰ ਪੁਲਿਸ ਦੀ ਨਿਗਰਾਨੀ ਹੇਠ ਵਾਪਸ ਪੰਜਾਬ ਲਿਜਾਇਆ ਗਿਆ ਸੀ। ਭਵਿੱਖਬਾਣੀ ਦੇ ਤੌਰ 'ਤੇ ਬਜ ਬਜ ਕਾਂਡ ਦਾ ਇਲਜ਼ਾਮ ਸਿਰਫ਼ ਤੇ ਸਿਰਫ਼ ਮੁਸਾਫ਼ਰਾਂ ਉੱਪਰ ਲਾਉਂਦੇ ਹੋਏ ਪੜਤਾਲੀਆ ਕਮੇਟੀ ਨੇ ਬਹੁਗਿਣਤੀ ਨੂੰ "ਨੁਕਸਾਨਰਹਿਤ" ਦੱਸਿਆ ਅਤੇ ਸਿਰਫ਼ ਤੇਰਾਂ ਆਗੂਆਂ ਉੱਪਰ ਕੇਂਦਰਤ ਕੀਤਾ ਜੋ ਗੁਰਦਿੱਤ ਸਿੰਘ ਦੇ ਕਰੀਬੀ ਸਨ, ਅਤੇ ਜਿਨ੍ਹਾਂ ਨੂੰ ਇਸਨੇ "ਹਿੰਸਕ ਅਤੇ ਖ਼ਤਰਨਾਕ ਕਿਰਦਾਰ"[25] ਵਾਲੇ ਕਰਾਰ ਦਿੱਤਾ। ਭਾਵੇਂ ਕਮੇਟੀ ਨੂੰ ਬਹੁਗਿਣਤੀ ਤੋਂ ਕੋਈ ਖ਼ਤਰਾ ਨਜ਼ਰ ਨਹੀਂ ਆਇਆ, ਫਿਰ ਵੀ ਉਨ੍ਹਾਂ ਨਾਲ ਕਠੋਰ ਵਿਹਾਰ ਕੀਤਾ ਗਿਆ - ਪਹਿਲਾਂ ਉਨ੍ਹਾਂ ਦੇ ਖ਼ਿਲਾਫ਼ ਬਜ ਬਜ ਉੱਪਰ, ਫਿਰ ਕਲਕੱਤਾ ਦੀ ਕਾਲੀਘਾਟ ਕੇਂਦਰੀ ਜੇਲ੍ਹ ਵਿਚ ਤਾਕਤ ਇਸਤੇਮਾਲ ਕੀਤੀ ਗਈ। ਆਖ਼ਿਰਕਾਰ ਉਨ੍ਹਾਂ ਨੂੰ ਪੰਜਾਬ ਵਾਪਸ ਲਿਆਂਦਾ ਗਿਆ, ਜਿਥੇ ਅਗਲੇ ਕਈ ਸਾਲਾਂ ਲਈ ਉਨ੍ਹਾਂ ਨੂੰ ਉਨ੍ਹਾਂ ਦੇ ਪਿੰਡਾਂ ਵਿਚ ਜੂਹਬੰਦ ਰੱਖਿਆ ਗਿਆ।

ਮੁਸਾਫ਼ਰਾਂ ਨਾਲ ਇਹ ਸਲੂਕ ਮੁੱਖ ਤੌਰ 'ਤੇ ਇਸ ਕਾਰਨ ਕੀਤਾ ਗਿਆ ਕਿਉਂਕਿ ਬਰਤਾਨਵੀ ਹਿੰਦੁਸਤਾਨੀ ਅਧਿਕਾਰੀ ਇਸ ਗੱਲੋਂ ਡਰਦੇ ਸਨ ਕਿ ਜੇ ਉਨ੍ਹਾਂ ਨੂੰ ਅਜਿਹਾ ਕਰਨ ਲਈ ਖੁੱਲ੍ਹੇ ਛੱਡ ਦਿੱਤਾ ਗਿਆ, ਉਹ ਪੰਜਾਬ ਵਿਚ ਗੜਬੜ ਕਰਨਗੇ।[26] ਜਿਸ ਪਲ ਕਾਮਾਗਾਟਾ ਮਾਰੂ ਹਿੰਦੁਸਤਾਨ ਦੇ ਸਮੁੰਦਰੀ ਪਾਣੀਆਂ ਵਿਚ ਪੁੱਜਿਆ ਇਸ ਤੋਂ ਲੈ ਕੇ ਇਸਦੇ ਕਲਕੱਤਾ ਆਉਣ ਤਕ ਸਰਕਾਰ ਦੀਆਂ ਕਾਰਵਾਈਆਂ ਪਿੱਛੇ ਇਹੀ ਡਰ ਕੰਮ ਕਰਦਾ ਸੀ। ਅਤੇ ਬਜ ਬਜ ਬਾਰੇ ਖ਼ਬਰਾਂ ਉੱਪਰ ਸੁੱਤੇਸਿੱਧ ਕੰਟਰੋਲ - ਉਸ ਮੁਲਕ ਵਿਚ ਜੋ ਲੰਮੇ ਸਮੇਂ ਤੋਂ ਪ੍ਰੈੱਸ ਸੈਂਸਰਸ਼ਿਪ ਹੇਠ ਸੀ - ਪਿੱਛੇ ਵੀ ਇਹੀ ਡਰ ਕੰਮ ਕਰਦਾ ਸੀ। ਕਾਮਾਗਾਟਾ ਮਾਰੂ ਬਾਰੇ ਸਖ਼ਤ ਬਿਆਨ ਛਾਪਣ ਤੋਂ ਬਾਅਦ ਸਰਕਾਰ ਨੇ ਪੰਜਾਬ ਵਿਚ ਦੋ ਸਥਾਨਕ ਭਾਸ਼ਾਈ (ਉਰਦੂ) ਰਸਾਲੇ ਬੰਦ ਕਰਾ ਦਿੱਤੇ। ਮੁਸਾਫ਼ਰਾਂ ਨਾਲ ਹੋਰ ਵੀ ਮਾੜੀ ਇਹ ਹੋਈ ਕਿ ਹਿੰਦੁਸਤਾਨ ਦੇ ਨਰਮ-ਖ਼ਿਆਲ ਸਿਆਸਤਦਾਨ ਇਸ ਯਕੀਨ ਨਾਲ ਅੰਗਰੇਜ਼ਾਂ ਦੀ ਜਰਮਨ ਦੁਸ਼ਮਣਾਂ ਵਿਰੁੱਧ ਮਦਦ ਕਰ ਰਹੇ ਸਨ ਕਿ ਜੰਗ ਮੁੱਕਣ 'ਤੇ ਹਿੰਦੁਸਤਾਨ ਨੂੰ ਆਜ਼ਾਦੀ ਦੇ ਦਿੱਤੀ ਜਾਵੇਗੀ। ਹਿੰਦੁਸਤਾਨੀ ਮਾਲਕੀ ਵਾਲੇ ਅੰਗਰੇਜ਼ੀ ਵਿਚ ਛਪਦੇ ਅਖ਼ਬਾਰਾਂ ਨੇ ਸਰਕਾਰ ਦੀ ਨਰਮ ਆਲੋਚਨਾ ਅਤੇ ਮੁਸਾਫ਼ਰਾਂ ਦੀ ਉਨ੍ਹਾਂ ਦੀ "ਬੇਵਕੂਫ਼ੀ" (ਜਿਵੇਂ ਇਕ ਅਖ਼ਬਾਰ ਨੇ ਇਸ ਬਾਬਤ ਕਿਹਾ) ਲਈ ਨਿਖੇਧੀ ਕਰਨ ਦਰਮਿਆਨ ਚੁਕੰਨੇ ਰਹਿਕੇ ਤਵਾਜ਼ਨ ਬਣਾਇਆ। ਇੰਡੀਅਨ ਨੈਸ਼ਨਲ ਕਾਂਗਰਸ, ਅਤੇ ਇੱਥੋਂ ਤਕ ਕਿ ਪੰਜਾਬ ਤੇ ਕਲਕੱਤਾ ਦੇ ਸਰਕਾਰ-ਪੱਖੀ ਸਿੱਖ ਤੇ ਪੰਜਾਬੀ ਆਗੂਆਂ ਨੇ ਵੀ ਮੁਸਾਫ਼ਰਾਂ ਦੀ ਨੁਕਤਾਚੀਨੀ ਕੀਤੀ। ਮੁੱਢ ਵਿਚ, ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਦੇ ਹੱਕ ਵਿਚ ਹਿੰਦੁਸਤਾਨ

ਅੰਦਰ ਸ਼ਰੇਆਮ ਹਮਾਇਤ ਬਹੁਤ ਥੋੜ੍ਹੀ ਸੀ, ਅਤੇ ਪਹਿਲੀ ਆਲਮੀ ਜੰਗ ਤੋਂ ਬਾਅਦ ਬਰਤਾਨਵੀਆਂ ਪ੍ਰਤੀ ਹਿੰਦੁਸਤਾਨੀ ਅਵਾਮ ਦਾ ਰਵੱਈਆ ਚਿੜਚਿੜਾ ਹੋਣ ਤਕ ਇਸ ਵਿਚ ਕੋਈ ਬਦਲਾਓ ਨਹੀਂ ਆਇਆ। ਸੱਤ ਸਾਲ ਗ੍ਰਿਫ਼ਤਾਰੀ ਤੋਂ ਬਚੇ ਰਹਿਣ ਪਿੱਛੋਂ ਗੁਰਦਿੱਤ ਸਿੰਘ ਸਿਰਫ਼ ਓਦੋਂ ਹੀ ਰੂਪੋਸ਼ੀ ਤੋਂ ਬਾਹਰ ਆਏ ਅਤੇ ਕਾਮਾਗਾਟਾ ਮਾਰੂ ਦੀ ਆਪਣੀ ਕਹਾਣੀ ਬਿਆਨ ਕਰਨੀ ਸ਼ੁਰੂ ਕੀਤੀ।[27]

ਓਦੋਂ ਤਕ, ਸਿਰਫ਼ ਗ਼ਦਰ ਪਾਰਟੀ ਹੀ ਉਨ੍ਹਾਂ ਨੂੰ ਸ਼ਾਬਾਸ਼ ਦਿੰਦੇ ਹੋਏ, ਉਨ੍ਹਾਂ ਦਾ ਦਰਦ ਵੰਡਾਉਂਦੇ ਹੋਏ ਅਤੇ ਉਨ੍ਹਾਂ ਦੀ ਤਾਰੀਫ਼ ਕਰਦੇ ਹੋਏ ਸ਼ਰੇਆਮ ਮੁਸਾਫ਼ਰਾਂ ਦੇ ਹੱਕ ਵਿਚ ਖੜ੍ਹੀ ਸੀ। ਇਸ ਨੇ ਆਪਣੀਆਂ ਪ੍ਰਕਾਸ਼ਨਾਵਾਂ ਵਿਚ ਇਹੋ ਕੀਤਾ ਜਿਨ੍ਹਾਂ ਉੱਪਰ ਹਿੰਦੁਸਤਾਨ ਵਿਚ ਪਾਬੰਦੀ ਸੀ ਪਰ ਜੋ ਪ੍ਰਵਾਸੀ ਪੰਜਾਬੀ ਬਸਤੀਆਂ ਵਿਚ ਵੰਡਿਆ ਗਿਆ ਅਤੇ ਆਉਣ ਵਾਲੇ ਸਾਲਾਂ ਵਿਚ ਆਵਾਸੀ ਪੰਜਾਬੀਆਂ ਦੇ ਘਰਾਂ ਵਿਚ ਸਾਂਭਕੇ ਰੱਖਿਆ ਗਿਆ ਤੇ ਪੜ੍ਹਿਆ ਜਾਂਦਾ ਰਿਹਾ। ਭਗਵਾਨ ਸਿੰਘ ਜਾਖ, ਜੋ ਕਾਮਾਗਾਟਾ ਮਾਰੂ ਉੱਪਰ ਯੋਕੋਹਾਮਾ ਤੋਂ ਸਵਾਰ ਹੋਇਆ ਸੀ, ਅਤੇ ਜੋ ਸਮੁੰਦਰੀ-ਤੱਟ ਕਮੇਟੀ ਨੂੰ ਸੁਮਾਸ ਵਿਚ ਮਿਲਿਆ, ਕਾਮਾਗਾਟਾ ਮਾਰੂ ਬਾਰੇ ਉਸ ਗ਼ਦਰ ਕਿਤਾਬਚੇ ਦਾ ਲੇਖਕ ਸੀ ਜੋ 1915 'ਚ ਪੰਜਾਬੀ ਵਿਚ ਵੰਡਿਆ ਗਿਆ ਸੀ। ਉਸਨੇ ਦੇਸ਼ਭਗਤ ਕਾਰਵਾਈ ਦੀ ਉਮੀਦ ਨਾਲ ਮੁਸਾਫ਼ਰਾਂ ਦੇ ਕਾਜ ਨੂੰ ਆਵਾਜ਼ ਦਿੰਦਿਆਂ ਜਜ਼ਬਾਤੀ ਅਤੇ ਧੜੱਲੇਦਾਰ ਆਵਾਜ਼ 'ਚ ਲਿਖਿਆ: "ਜਲਦੀ ਮਿਲੇਗੀ ਗ਼ਦਰ ਦੀ ਫੌਜ ਏਥੇ, ਅਸੀਂ ਗ਼ਦਰ ਦਾ ਬਿਗਲ ਵਜਾ ਗਏ ਹਾਂ। ਮਰਨਾ ਅੰਤ ਸੀ ਅਜ ਨਾ ਕਲ ਮਰਦੇ, ਮੌਤ ਸ਼ਾਨ ਵਾਲੀ ਅਸੀਂ ਪਾ ਗਏ ਹਾਂ। ਉੱਠੋ ਗ਼ਦਰ ਦੇ ਪਰੇਮੀਓ ਬਹੁਤ ਜਲਦੀ, ਪਿਛੋਂ ਕਿਹੋ ਨਾ ਵਕਤ ਗੁਵਾ ਗਏ ਹਾਂ।" 1914 ਦੌਰਾਨ, ਉਹ ਕਾਮਾਗਾਟਾ ਮਾਰੂ ਅਤੇ ਗ਼ਦਰ ਪਾਰਟੀ ਦਰਮਿਆਨ ਪ੍ਰਮੁੱਖ ਸੰਪਰਕ ਸੂਤਰ ਸੀ। ਉਹ ਗੁਰਦਿੱਤ ਸਿੰਘ ਨੂੰ ਮਿਲਿਆ ਸੀ ਅਤੇ ਉਸ ਨਾਲ ਗੱਲਬਾਤ ਕੀਤੀ ਸੀ, ਘਾਟ ਕਮੇਟੀ ਦੇ ਆਗੂਆਂ ਨਾਲ ਉਸਦੀ ਜਾਣ-ਪਛਾਣ ਸੀ ਅਤੇ ਉਹ ਕਾਮਾਗਾਟਾ ਮਾਰੂ ਦੀ ਕਹਾਣੀ ਬਿਆਨ ਕਰਨ ਵਾਲਾ ਪਹਿਲਾ ਕਥਾਕਾਰ ਸੀ। ਇਹ ਸਮਝ ਆਉਂਦਾ ਹੈ, ਆਪਣੇ ਇਨਕਲਾਬੀ ਨਿਸ਼ਾਨਿਆਂ ਤਹਿਤ ਉਸਨੇ ਇਕ ਜ਼ਬਰਦਸਤ ਤਸਵੀਰ ਖਿੱਚਣ ਲਈ ਆਪਣੇ ਤੇ ਮੁਸਾਫ਼ਰਾਂ ਦੇ ਤਜ਼ਰਬੇ ਅਤੇ ਭਵਿੱਖਨਕਸ਼ੇ ਦਾ ਸੁਮੇਲ ਕੀਤਾ ਜੋ ਇਸ ਦੇ ਕਾਰੋਬਾਰੀ ਮਨੋਰਥ ਦੀ ਥਾਂ ਇਸ ਉੱਪਰ ਸਿਆਸੀ ਮਨੋਰਥ ਵਜੋਂ ਜ਼ੋਰ ਦਿੰਦਾ ਸੀ।[28]

ਕਾਮਾਗਾਟਾ ਮਾਰੂ ਅਤੇ ਗ਼ਦਰ ਪਾਰਟੀ ਦੀਆਂ ਹੱਡਬੀਤੀਆਂ ਕੁਝ ਬਜ਼ੁਰਗ ਸ਼ਖ਼ਸੀਅਤਾਂ - ਉੱਤਰੀ ਅਮਰੀਕਾ ਵਿਚ ਗ਼ਦਰ ਦੇ ਮੋਢੀਆਂ ਜਾਂ ਜਹਾਜ਼ ਦੇ ਮੁਸਾਫ਼ਰਾਂ - ਦੇ ਰੂਪ 'ਚ 1970ਵਿਆਂ ਤਕ ਜ਼ਿੰਦਾ ਰਹੀਆਂ। ਉਨ੍ਹਾਂ ਨੇ ਅਗਲੀ ਪੀੜ੍ਹੀ ਨੂੰ ਜੋ ਦੱਸਿਆ ਉਸ ਨੇ ਉਸ ਪੀੜ੍ਹੀ ਉੱਪਰ ਡੂੰਘਾ ਪ੍ਰਭਾਵ ਛੱਡਿਆ ਹੈ ਜੋ ਹੁਣ ਤੱਕ ਜਿਊਂਦੀ ਹੈ। ਪਰ ਉਨ੍ਹਾਂ ਦੀ ਕਹਾਣੀ ਬਾਰੇ ਉਨ੍ਹਾਂ ਦੇ ਭਾਈਚਾਰੇ ਤੋਂ ਬਾਹਰ ਕੋਈ ਨਹੀਂ ਸੀ ਜਾਣਦਾ। ਹਕੀਕਤ ਇਹ ਸੀ ਕਿ 1970ਵਿਆਂ ਤਕ ਕੈਨੇਡਾ ਵਿਚ ਉਨਾਂ ਦਾ ਭਾਈਚਾਰਾ ਬ੍ਰਿਟਿਸ਼ ਕੋਲੰਬੀਆ ਤੋਂ ਬਾਹਰ ਹੋਰ ਥਾਈਂ ਅਸਲ ਵਿਚ ਨਜ਼ਰ ਨਹੀਂ ਸੀ ਆਉਂਦਾ। ਇਹ 1908 ਵਿਚ ਲਗਾਈ ਇਮੀਗ੍ਰੇਸ਼ਨ

ਪਾਬੰਦੀ ਦਾ ਪ੍ਰਤੱਖ ਸਿੱਟਾ ਸੀ, ਅਤੇ ਕਾਮਾਗਾਟਾ ਦੁਆਰਾ ਉਸ ਨੂੰ ਦਿੱਤੀ ਚੁਣੌਤੀ ਦੇ ਨਾਕਾਮ ਰਹਿਣ ਕਾਰਨ ਸੀ ਕਿ ਪਹਿਲੇ ਆਉਣ ਵਾਲਿਆਂ ਦੀ ਆਮਦ ਤੋਂ ਪੰਜਾਹ ਸਾਲ ਬਾਅਦ ਵੀ ਉਨ੍ਹਾਂ ਦੀ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਤਾਦਾਦ ਢਾਈ ਹਜ਼ਾਰ ਤੋਂ ਘੱਟ ਸੀ। ਜ਼ਾਹਰਾ ਤੌਰ 'ਤੇ ਉਹ ਐਨੇ ਥੋੜ੍ਹੇ ਸਨ ਕਿ ਧਿਆਨ ਨਹੀਂ ਸੀ ਖਿੱਚਦੇ, ਭਾਵੇਂ ਕਿ ਜਿਨ੍ਹਾਂ ਸਕੇ-ਸਬੰਧੀਆਂ ਨੂੰ ਉਹ ਬੁਲਾਉਣਾ ਚਾਹੁੰਦੇ ਸਨ ਉਨ੍ਹਾਂ ਸਮੇਤ ਏਸ਼ੀਆਈ ਆਵਾਸੀਆਂ ਨੂੰ ਆਉਣ ਤੋਂ ਰੋਕੇ ਜਾਣ ਨੂੰ ਹੁਣ ਕੈਨੇਡੀਅਨ ਇਤਿਹਾਸ ਦੇ ਵੱਡੇ ਨਾਂਹਪੱਖੀ ਤੱਥਾਂ ਵਿੱਚੋਂ ਇਕ ਗਿਣਿਆ ਜਾ ਸਕਦਾ ਹੈ। ਇਹ ਅਤੀਤ ਦੀ ਗੱਲ ਸੀ। ਅਤੇ ਹੁਣ ਅਸੀਂ ਦੱਖਣੀ ਏਸ਼ੀਆਈ ਆਵਾਸੀਆਂ ਉੱਪਰ ਰੋਕਾਂ ਘਟਾਏ ਜਾਣ ਅਤੇ ਮੌਕਿਆਂ ਦੀ ਬਰਾਬਰੀ ਦੇ ਵਿਲੱਖਣ ਸਿੱਟੇ ਦੇਖ ਸਕਦੇ ਹਾਂ। 2010 ਤਕ, ਕੈਨੇਡਾ ਅੰਦਰ ਦੱਖਣੀ ਏਸ਼ੀਆਈ ਆਬਾਦੀ ਲਗਭਗ 13 ਲੱਖ ਹੋ ਚੁੱਕੀ ਸੀ, ਅਤੇ ਪੰਜਾਬੀ ਸਿੱਖ ਹਿੱਸਾ, ਜੋ ਇਸ ਗਿਣਤੀ ਦਾ 60ਫ਼ੀਸਦੀ ਬਣਦਾ ਹੈ, ਹੁਣ ਇਕ ਮਾਣਮੱਤੀ ਸਿਆਸੀ ਤਾਕਤ ਹੈ।

ਕੈਨੇਡਾ ਦੀ ਦੱਖਣੀ ਏਸ਼ੀਆਈ ਆਬਾਦੀ ਦੇ ਵਾਧੇ ਨੇ ਕਾਮਾਗਾਟਾ ਮਾਰੂ ਵੱਲ ਸੱਜਰਾ ਧਿਆਨ ਖਿੱਚਿਆ ਹੈ; ਅਤੇ ਲਗਾਤਾਰ ਆਪਣੇ ਹੱਕ ਵਿਚ ਲੋਕ-ਰਾਇ ਤਿਆਰ ਬਣਾਉਂਦੇ ਹੋਏ ਕੈਨੇਡਾ ਦੇ ਸਿੱਖਾਂ ਨੇ ਮੁਸਾਫ਼ਰਾਂ ਦੀ ਸਰਕਾਰੀ ਮਾਨਤਾ ਇਕ ਹੱਦ ਤਕ, ਸੂਬਾਈ ਅਤੇ ਕੇਂਦਰੀ ਦੋਵੇਂ ਪੱਧਰਾਂ 'ਤੇ, ਹਾਸਲ ਕਰ ਲਈ ਹੈ। ਔਟਵਾ ਵਿਚ ਸਰਕਾਰ ਨਾਲ ਸਬੰਧਤ ਉਨ੍ਹਾਂ ਦੀ ਕਾਮਯਾਬੀ ਨਾਲ ਭਾਈਚਾਰੇ ਨੂੰ ਉਮੀਦ ਤੋਂ ਘੱਟ ਹਰਜਾਨਾ ਮਿਲਿਆ ਹੈ, ਪਰ ਇਸ ਨੇ ਪ੍ਰਧਾਨ ਮੰਤਰੀ ਸਟੀਫ਼ਨ ਹਾਰਪਰ ਵਲੋਂ ਨਿੱਜੀ ਤੌਰ 'ਤੇ ਮਾਫ਼ੀ ਅਤੇ ਨਾਲ ਹੀ ਉਚੇਚੇ ਕਾਮਾਗਾਟਾ ਮਾਰੂ ਪ੍ਰੋਜੈਕਟਾਂ ਲਈ ਕੇਂਦਰੀ ਫੰਡ ਇਸ ਵਿਚ ਸ਼ਾਮਲ ਕਰਵਾ ਲਏ ਹਨ, ਜਿਨ੍ਹਾਂ ਵਿਚ ਪ੍ਰਕਾਸ਼ਨਾਵਾਂ, ਇਕ ਮਿਊਜ਼ੀਅਮ, ਇਕ ਵੈੱਬਸਾਈਟ, ਅਤੇ ਇਕ ਯਾਦਗਾਰ ਸ਼ਾਮਲ ਹਨ। ਯਾਦਗਾਰ – ਵੈਨਕੂਵਰ ਪਾਰਕਸ ਬੋਰਡ ਅਤੇ ਵੈਨਕੂਵਰ ਸਿੱਖ ਗੁਰਦੁਆਰਾ ਦਾ ਸਾਂਝਾ ਪ੍ਰੋਜੈਕਟ – ਹੁਣ ਪੱਤਣ ਦੇ ਕੋਲ ਮੌਜੂਦ ਹੈ ਜਿਥੇ ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਦਾ ਜਹਾਜ਼ 1914 ਦੇ ਲੰਮੇ ਹੁਨਾਲ ਦੌਰਾਨ ਖੜ੍ਹਾ ਰਿਹਾ ਸੀ। 23 ਜੁਲਾਈ 2012 ਨੂੰ ਯਾਦਗਾਰ ਦੇ ਲੋਕ-ਅਰਪਣ ਮੌਕੇ – ਮੁਸਾਫ਼ਰਾਂ ਵਲੋਂ ਏਸ਼ੀਆ ਨੂੰ ਵਾਪਸੀ ਦੇ ਦੁਖਦਾਈ ਸਫ਼ਰ 'ਤੇ ਰਵਾਨਾ ਹੋਣ ਤੋਂ ਅਠੰਨਵੇਂ ਸਾਲ ਬਾਦ – ਮਿਉਂਸਪਲ, ਸੂਬਾਈ ਅਤੇ ਕੇਂਦਰੀ ਸਿਆਸਤਦਾਨਾਂ ਦੀ ਲੰਮੀ ਕਤਾਰ ਵਾਰੋ-ਵਾਰੀ ਮਾਈਕ 'ਤੇ ਆਈ। ਉਨ੍ਹਾਂ ਵਿਚ ਬਹੁਤ ਸਾਰੇ ਜਾਣੇ-ਪਛਾਣੇ ਅਤੇ ਬਾਰਸੂਖ਼ ਇੰਡੋ-ਕੈਨੇਡੀਅਨ ਸਨ। ਮੈਂ ਇਸ ਪਰਚੇ ਦਾ ਮੁੱਢਲਾ ਖਰੜਾ ਲਿਖ ਰਿਹਾ ਸੀ ਅਤੇ ਮੈਨੂੰ ਇਹ ਬਹੁਤ ਅਜੀਬ ਲੱਗਿਆ, ਪਰ ਹੈਰਾਨੀਜਨਕ ਨਹੀਂ, ਕਿ ਇਕ ਵੀ ਬੁਲਾਰੇ ਨੇ ਗ਼ਦਰ ਪਾਰਟੀ ਦਾ ਜ਼ਿਕਰ ਨਹੀਂ ਕੀਤਾ। ਇਸ ਤੋਂ ਇਲਾਵਾ, ਇਹ ਸਪਸ਼ਟ ਸੀ ਕਿ ਜੋ ਇਸ ਮਜ਼ਮੂਨ ਬਾਰੇ ਜਾਣਦੇ ਸਨ ਉਨ੍ਹਾਂ ਵਲੋਂ ਇਸ ਨੂੰ ਛੱਡ ਦੇਣਾ ਇਕ ਸੁਚੇਤ ਚੋਣ ਸੀ।

ਮੰਚ ਉੱਪਰ ਆਉਣ ਵਾਲੇ ਉਨ੍ਹਾਂ ਜ਼ਿਆਦਤੀਆਂ ਵਿਰੁੱਧ ਜ਼ੋਰ ਦੇ ਕੇ ਬੋਲੇ, ਜਿਵੇਂ ਉਮੀਦ ਕੀਤੀ ਜਾਵੇਗੀ, ਜੋ ਕੈਨੇਡੀਅਨ ਸਰਕਾਰ ਨੇ 1914 ਵਿਚ ਕੀਤੀਆਂ ਸਨ; ਪਰ ਉਨ੍ਹਾਂ

ਨੇ ਇਨਕਲਾਬੀ ਗ਼ਦਰ ਪਾਰਟੀ ਦਾ ਮਜਮੂਨ ਛੋਹਣ ਤੋਂ ਗੁਰੇਜ਼ ਕੀਤਾ ਕਿਉਂਕਿ ਉਨ੍ਹਾਂ ਨੂੰ ਇਸ ਵਿਚ ਵਿਵਾਦ ਮਹਿਸੂਸ ਹੁੰਦਾ ਸੀ – ਇਹ ਕਾਮਾਗਾਟਾ ਮਾਰੂ ਦੇ ਵਾਜਬ ਮਨੋਰਥ ਦੇ ਸਬੰਧ ਵਿਚ ਦਿੱਤੀ ਜਾਂਦੀ ਇਕ ਦਲੀਲ ਹੈ। ਵੱਢੀ-ਟੁੱਕੀ ਕਹਾਣੀ ਬਿਆਨ ਕਰਨਾ ਅਤੇ ਡੂੰਘਾਈ ਵਿਚ ਨਾ ਜਾਣਾ ਅਕਸਰ ਸੁਖਾਲਾ ਹੁੰਦਾ ਹੈ। ਇਹ 2008 'ਚ ਸਪਸ਼ਟ ਸੀ, ਜਦੋਂ ਸਟੀਫ਼ਨ ਹਾਰਪਰ ਨੇ ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਨਾਲ ਕੀਤੇ ਵਰਤਾਓ ਨੂੰ "ਸਾਡੇ [ਕੈਨੇਡਾ ਦੇ] ਇਤਿਹਾਸ ਵਿਚ ਇਕ ਅਫ਼ਸੋਸਨਾਕ ਕਾਂਡ" ਬਿਆਨ ਕਰਦਿਆਂ ਮਾਫ਼ੀ ਮੰਗੀ ਸੀ। ਉਸਦਾ ਬਿਆਨ ਸੰਖੇਪ ਸੀ, ਸਿਰਫ਼ ਮੁਸਾਫ਼ਰਾਂ ਦੀ "ਨਜ਼ਰਬੰਦੀ" ਅਤੇ ਉਨ੍ਹਾਂ ਨੂੰ "ਵਾਪਸ ਮੋੜ ਦੇਣ", ਉਨ੍ਹਾਂ ਨੂੰ ਆਈ "ਮੁਸ਼ਕਲ", ਅਤੇ ਇਹ ਤੱਥ ਕਿ ਕੁਝ ਲਈ ਸਫ਼ਰ "ਭਿਆਨਕ ਤ੍ਰਾਸਦੀ" ਨਾਲ ਖ਼ਤਮ ਹੋਇਆ ਇੰਨਾ ਕੁ ਜ਼ਿਕਰ ਹੀ ਕਰਦਾ ਸੀ। ਵਿਅੰਗ ਇਹ ਸੀ ਕਿ ਉਸਨੇ ਗ਼ਦਰ ਪਾਰਟੀ ਦੀ ਸ਼ਮੂਲੀਅਤ ਦਾ ਕੋਈ ਹਵਾਲਾ ਨਹੀਂ ਦਿੱਤਾ, ਹਾਲਾਂਕਿ ਜਿਸ ਮਾਹੌਲ ਨੂੰ ਉਸਨੇ ਆਪਣੀ ਗੱਲ ਕਹਿਣ ਲਈ ਚੁਣਿਆ ਉਸਦੇ ਸਰੋਤਿਆਂ 'ਚੋਂ ਕਈਆਂ ਨੂੰ ਇਸਦਾ ਪਤਾ ਹੋਵੇਗਾ।[30]

ਹਾਰਪਰ ਨੇ ਮਾਫ਼ੀ ਸਰੀ, ਬ੍ਰਿਟਿਸ਼ ਕੋਲੰਬੀਆ ਵਿਚ ਇਕ ਸਿੱਖ ਸਮਾਗਮ ਵਿਚ ਮੰਗੀ ਜੋ ਕੈਨੇਡਾ ਸਮੇਤ ਗ਼ਦਰੀ ਦੇਸ਼ਭਗਤਾਂ ਅਤੇ ਸ਼ਹੀਦਾਂ ਦੇ ਸਨਮਾਨ ਵਿਚ ਕੀਤਾ ਗਿਆ ਸੀ ਜੋ ਕਾਮਾਗਾਟਾ ਮਾਰੂ ਨਾਲ ਨੇੜਿਓਂ ਜੁੜੇ ਰਹੇ ਸਨ।[31] ਇਹ ਸਾਲਾਨਾ ਗ਼ਦਰੀ ਬਾਬਿਆਂ ਦਾ ਮੇਲਾ ਸੀ, ਜੋ ਤੇਰ੍ਹਵੀਂ ਵਾਰ ਮਨਾਇਆ ਜਾ ਰਿਹਾ ਸੀ। ਇਹ ਅਹਿਮ ਗੱਲ ਸੀ ਕਿ ਹਾਰਪਰ ਮੇਲੇ 'ਤੇ ਆਇਆ ਤੇ ਤਕਰੀਰ ਕੀਤੀ ਅਤੇ ਗ਼ਦਰ ਪਾਰਟੀ ਜਾਂ ਗ਼ਦਰੀਆਂ ਦਾ ਜ਼ਿਕਰ ਨਹੀਂ ਕੀਤਾ, ਇਹ ਸਮਝ ਵੀ ਆਉਂਦਾ ਸੀ – ਜਿਵੇਂ ਬਾਅਦ ਵਿਚ ਵੈਨਕੂਵਰ ਪਾਰਕਸ ਬੋਰਡ ਦੀ ਯਾਦਗਾਰ ਨੂੰ ਲੋਕ-ਅਰਪਣ ਕੀਤੇ ਜਾਣ 'ਤੇ ਹੋਇਆ ਸੀ। ਗ਼ਦਰ ਕਹਾਣੀ ਨਾਲ ਮੇਲੇ ਵਿਚ ਸ਼ਰੀਕ ਹੋਣ ਅਤੇ ਖ਼ੁਸ਼ੀ ਦਾ ਪੈਗ਼ਾਮ ਪੇਚੀਦਾ ਬਣ ਜਾਣਾ ਸੀ ਜੋ ਹਾਰਪਰ ਦੀ ਸੰਖੇਪ ਮਾਫ਼ੀ ਦਾ ਚੌਖਟਾ ਸੀ, ਜੋ ਸਾਰੇ ਕੈਨੇਡੀਅਨਾਂ ਲਈ ਤਿਆਰ ਕੀਤਾ ਗਿਆ ਸੀ। ਲਿਹਾਜ਼ਾ ਉਸਨੇ ਆਪਣਾ ਵੇਰਵਾ ਸਾਦਾ ਜਿਹਾ ਰੱਖਿਆ ਅਤੇ ਬਾਕੀ ਦੀ ਕਹਾਣੀ ਉੱਕਾ ਹੀ ਛੱਡ ਦਿੱਤੀ ਗਈ। ਨਾਲ ਹੀ ਉਹ ਔਟਵਾ ਵਿਚ ਹਾਊਸ ਆਫ ਕਾਮਨਜ਼ ਦੇ ਮੰਚ ਤੋਂ ਰਸਮੀ ਮਾਫ਼ੀ ਮੰਗੇ ਜਾਣ ਦੇ ਵਿਆਪਕ ਧਿਆਨ ਖਿੱਚਣ ਵਾਲੇ ਮੰਜ਼ਰ ਤੋਂ ਟਾਲਾ ਵੱਟਦੇ ਹੋਏ ਭੀੜੇ ਰਾਹ ਉੱਪਰ ਤੁਰ ਰਿਹਾ ਸੀ ਜਿਸਦੀ ਮੰਗ ਕੁਝ ਸਿੱਖ ਕਰੀ ਜਾ ਰਹੇ ਹਨ। ਉਹ ਮਹਿਜ਼ ਬੀ.ਸੀ. ਹਲਕੇ ਅੰਦਰਲੇ ਚੁਣਵੇਂ ਸਿੱਖ ਸਰੋਤਿਆਂ ਤੋਂ ਮਾਫ਼ੀ ਮੰਗਣ ਦਾ ਯਤਨ ਕਰ ਰਿਹਾ ਸੀ ਜਿਸ ਦੀ ਹਮਾਇਤ ਦਾ ਦਾਰੋਮਦਾਰ ਸਿੱਖ ਵੋਟਾਂ ਉੱਪਰ ਸੀ। ਹਾਰਪਰ ਅਤੇ ਉਸਦੇ ਸਲਾਹਕਾਰਾਂ ਦਾ ਨਿਸ਼ਾਨਾ ਵੱਧ ਤੋਂ ਵੱਧ ਸਿਆਸੀ ਲਾਹਾ ਲੈਣਾ ਅਤੇ ਘੱਟ ਤੋਂ ਘੱਟ ਸਿਆਸੀ ਨੁਕਸਾਨ ਉਠਾਉਣਾ ਸੀ (ਜੋ ਹਾਸਲ ਕਰਨਾ ਮੁਸ਼ਕਲ ਸਾਬਤ ਹੋਇਆ), ਅਤੇ ਆਪਣੀ ਗ਼ਲਤ ਗਿਣਤੀ-ਮਿਣਤੀ 'ਚੋਂ ਉਨ੍ਹਾਂ ਨੇ ਕਾਮਾਗਾਟਾ ਮਾਰੂ ਫਾਊਂਡੇਸ਼ਨ ਅਤੇ ਕਾਮਾਗਾਟਾ ਮਾਰੂ ਸੁਸਾਇਟੀ ਦੇ ਜਾਨਸ਼ੀਨਾਂ ਸਮੇਤ ਆਪਣੇ ਵਧੇਰੇ ਸਿੱਖ ਸਰੋਤਿਆਂ ਦਾ ਬੇਥਾਹ ਅਤੇ ਫੌਰੀ ਰੋਹ ਭੜਕਾ ਦਿੱਤਾ। ਸਿੱਟੇ ਵਜੋਂ, ਮਾਫ਼ੀ ਦਾ ਮੁੱਦਾ ਦਫ਼ਨ ਨਹੀਂ ਹੋਇਆ ਹੈ। ਸਿੱਖਾਂ ਵਲੋਂ ਸੰਸਦ ਵਿਚ ਬਿਆਨ ਦੇਣ ਦੀ ਮੰਗ ਨੂੰ ਲੈ ਕੇ ਮੁਹਿਮ ਚਲਾਈ ਜਾ

ਰਹੀ ਹੈ, ਅਤੇ ਨਿਊ ਡੈਮੋਕਰੇਟਿਕ ਪਾਰਟੀ ਤੇ ਲਿਬਰਲ ਪਾਰਟੀ ਹੁਣ ਉਨ੍ਹਾਂ ਨੂੰ ਹਮਾਇਤ ਦੇ ਰਹੀਆਂ ਹਨ। ਜਦੋਂਕਿ, ਗ਼ਦਰ ਸਬੰਧ ਨੂੰ ਇਸ ਜਨਤਕ ਚਰਚਾ ਵਿੱਚੋਂ ਬਾਹਰ ਰੱਖਿਆ ਗਿਆ ਹੈ। ਕਿਸੇ ਵੀ ਕੌਮੀ ਸਿਆਸੀ ਹੈਸੀਅਤ ਵਾਲੇ ਨੇ ਇਸ ਮੁੱਦੇ ਬਾਰੇ ਹਾਰਪਰ ਨੂੰ ਦਰੁਸਤ ਨਹੀਂ ਕੀਤਾ ਜਾਂ ਉਸ ਦੀ ਗੱਲ ਵਿਚ ਇਹ ਪੱਖ ਨਹੀਂ ਜੋੜਿਆ।

ਹਿੰਦੁਸਤਾਨ ਵਿਚ ਮਾਮਲੇ ਉੱਪਰ ਵੱਖਰਾ ਜ਼ੋਰ ਦਿੱਤਾ ਗਿਆ ਹੈ, ਜਿਥੇ ਕਾਮਾਗਾਟਾ ਮਾਰੂ ਨੂੰ ਆਜ਼ਾਦੀ ਦੀ ਲਹਿਰ ਦੇ ਇਕ ਹਿੱਸੇ ਵਜੋਂ ਚੇਤੇ ਕੀਤਾ ਜਾਂਦਾ ਹੈ ਜਿਸ ਦੇ ਸਿੱਟੇ ਵਜੋਂ ਹਿੰਦੁਸਤਾਨ ਨੂੰ ਬਰਤਾਨਵੀ ਰਾਜ ਤੋਂ ਆਜ਼ਾਦੀ ਮਿਲੀ। ਲੰਮੇ ਚਿਰ ਤੋਂ ਇਸ ਨੂੰ ਮਾਮੂਲੀ ਸਤਿਕਾਰ ਹੀ ਮਿਲਿਆ ਹੈ ਕਿਉਂਕਿ ਆਜ਼ਾਦੀ ਦੀ ਲਹਿਰ ਦੇ ਪ੍ਰਮੁੱਖ ਬਿਰਤਾਂਤ ਵਿਚ ਮਹਾਤਮਾ ਗਾਂਧੀ, ਆਲ ਇੰਡੀਆ ਕਾਂਗਰਸ ਅਤੇ ਅਹਿੰਸਾ ਨੂੰ ਪ੍ਰਮੁੱਖ ਜਗ੍ਹਾ ਦਿੱਤੀ ਗਈ ਹੈ, ਜਿਸ ਵਿਚ ਗ਼ਦਰੀਆਂ ਵਰਗੇ ਖਾੜਕੂ ਰਾਸ਼ਟਰਵਾਦੀਆਂ ਦਾ ਬਹੁਤ ਘੱਟ ਜ਼ਿਕਰ ਕੀਤਾ ਗਿਆ ਹੈ। ਇਸ ਨੂੰ ਬਦਲਣ ਲਈ ਵਕਤ ਦਰਕਾਰ ਹੈ। ਆਜ਼ਾਦੀ ਤੋਂ ਇਕ-ਚੌਥਾਈ ਸਦੀ ਬਾਅਦ ਜਾਕੇ ਹਿੰਦੁਸਤਾਨ ਸਰਕਾਰ ਗ਼ਦਰੀਆਂ ਸਮੇਤ ਆਜ਼ਾਦੀ ਘੁਲਾਟੀਆਂ ਦੇ ਪਰਿਵਾਰਾਂ ਨੂੰ ਪੈਨਸ਼ਨਾਂ ਦੇਣ ਦਾ ਕਾਨੂੰਨ ਬਣਾਉਣ ਲਈ ਸਹਿਮਤ ਹੋਈ। ਇਸ ਪੈਨਸ਼ਨ ਦੇ ਸਥਾਪਤ ਹੋ ਜਾਣ ਤੋਂ ਕੁਝ ਚਿਰ ਬਾਅਦ, ਚੰਡੀਗੜ੍ਹ (ਪੰਜਾਬ ਦੀ ਰਾਜਧਾਨੀ) ਤੋਂ ਇਕ ਸਿੱਖ ਵਿਦਵਾਨ, ਪ੍ਰੋਫੈਸਰ ਮਲਵਿੰਦਰਜੀਤ ਸਿੰਘ ਵੜੈਚ ਨੇ ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਨੂੰ ਸਰਕਾਰੀ ਤੌਰ 'ਤੇ ਆਜ਼ਾਦੀ ਘੁਲਾਟੀਆਂ ਵਜੋਂ ਮਾਨਤਾ ਦਿਵਾਉਣ ਲਈ ਪਟੀਸ਼ਨਾਂ ਪਾਉਣੀਆਂ ਸ਼ੁਰੂ ਕੀਤੀਆਂ – ਇਹ ਐਸੀ ਚੀਜ਼ ਸੀ ਜੋ ਉਨ੍ਹਾਂ ਦੇ ਪਰਿਵਾਰਾਂ ਨੂੰ ਸਰਕਾਰੀ ਪੈਨਸ਼ਨਾਂ ਹਾਸਲ ਕਰਨ ਦੇ ਕਾਬਲ ਬਣਾ ਦੇਵੇਗੀ। ਪਹਿਲਾਂ ਹਿੰਦੁਸਤਾਨ ਦੀ ਸਰਕਾਰ ਨੇ ਦਾਅਵਾ ਕੀਤਾ ਕਿ ਇਹ ਉਸਦੇ ਇਖ਼ਤਿਆਰ ਤੋਂ ਬਾਹਰ ਹੈ, ਪਰ ਵੜੈਚ ਡੱਟਿਆ ਹੋਇਆ ਹੈ ਅਤੇ ਪੜਾਵ-ਦਰ-ਪੜਾਅ ਉਹ ਆਪਣੇ ਨਿਸ਼ਾਨੇ ਦੇ ਕਰੀਬ ਪਹੁੰਚ ਗਿਆ ਹੈ। ਹਿੰਦੁਸਤਾਨ ਸਰਕਾਰ ਦੇ ਗ੍ਰਹਿ ਮੰਤਰਾਲੇ ਦੀ ਆਜ਼ਾਦੀ ਘੁਲਾਟੀਆ ਸ਼ਾਖਾ ਹੁਣ ਆਜ਼ਾਦੀ ਦੀ ਲਹਿਰ ਵਿਚ ਕਾਮਾਗਾਟਾ ਮਾਰੂ ਦਾ ਸਥਾਨ ਮੰਨ ਰਹੀ ਹੈ ਅਤੇ ਵੜੈਚ ਦਾ ਇਹ ਨਿਸ਼ਾਨਾ ਅਜੇ ਬਾਕੀ ਹੈ ਕਿ ਇਹ ਪਰਿਵਾਰ ਪੈਨਸ਼ਨ ਸੂਚੀ ਵਿਚ ਦਰਜ ਹੋ ਜਾਣ। ਜਦੋਂ ਉਸਨੇ ਮੁਹਿੰਮ ਸ਼ੁਰੂ ਕੀਤੀ, ਗ੍ਰਹਿ ਮੰਤਰਾਲੇ ਨੇ ਉਸ ਨੂੰ ਸਾਫ਼ ਕਿਹਾ ਕਿ ਮੁਸਾਫ਼ਰ ਆਰਥਕ ਆਵਾਸੀ ਸਨ, ਉਹ ਆਜ਼ਾਦੀ ਘੁਲਾਟੀਏ ਨਹੀਂ ਸਨ। ਪਰ ਉਹ ਕਾਮਯਾਬੀ ਨਾਲ ਜ਼ੋਰ ਦਿੰਦਾ ਆ ਰਿਹਾ ਹੈ ਕਿ ਉਨ੍ਹਾਂ ਨਾਲ ਕੈਨੇਡਾ ਵਲੋਂ ਕੀਤੇ ਵਰਤਾਓ ਨੇ ਉਨ੍ਹਾਂ ਨੂੰ ਇਨਕਲਾਬੀ ਬਣਾ ਦਿੱਤਾ ਸੀ ਅਤੇ ਉਨ੍ਹਾਂ ਦੇ ਅਨੁਭਵ ਦੀਆਂ ਗੂੰਜਾਂ ਨੇ ਪੰਜਾਬ ਅੰਦਰ ਆਜ਼ਾਦੀ ਦੇ ਸੰਘਰਸ਼ ਦਾ ਮੁਹਾਂਦਰਾ ਘੜਿਆ।[32]

ਇਸ ਵਕਤ, ਕੈਨੇਡਾ ਵਿਚ ਕਾਮਾਗਾਟਾ ਮਾਰੂ ਦਾ ਯਾਦਗਾਰੀ ਸਮਾਗਮ ਮਨਾਏ ਜਾਣ ਵਿਚ ਗ਼ਦਰ ਸਬੰਧ ਦਾ ਕੋਈ ਜ਼ਿਕਰ ਨਹੀਂ ਹੈ; ਜਦੋਂਕਿ ਹਿੰਦੁਸਤਾਨ ਵਿਚ ਇਸ ਨੂੰ ਸਰਕਾਰੀ ਤੌਰ 'ਤੇ ਸਵੀਕਾਰਿਆ ਜਾ ਚੁੱਕਾ ਹੈ। ਇਤਿਹਾਸ ਨੂੰ ਇੰਵ ਘੜਿਆ ਜਾਂਦਾ ਹੈ: ਵਕਤ ਦੀਆਂ ਜ਼ਰੂਰਤਾਂ ਨੂੰ ਹੁੰਗਾਰਾ ਦਿਓ ਅਤੇ ਵਕਤ ਗੁਜ਼ਰਨ 'ਤੇ ਇਸ ਵਿਚ ਸੋਧ ਕਰ ਲਓ ਤੇ ਭਵਿੱਖਨਕਸ਼ਾ ਹੀ ਬਦਲ ਦਿਓ।

NOTES AND REFERENCES

1. Since the mid-1970s, the Komagata Maru has been the subject of several authored and edited books, each with merits and limitations: I.M. Muthanna, *People of India in North America* (Part First) (Bangalore: Lutus Printers, 1975); Sohan Singh Josh, *Tragedy of Komagata Maru* (New Delhi: People's Publishing House, 1975); Ted Ferguson, *Whiteman's Country: An Exercise in Canadian Prejudice* (Toronto: Doubleday, 1975); Hugh Johnston, *The Voyage of the Komagata Maru: The Sikh Challenge to Canada 's Colour Bar* (Delhi: Oxford University Press, 1979); Kesar Singh, *Canadian Sikhs and the Komagata Maru Massacre* (Surrey: Self-published, 1989); Malvinderjit Singh Wariach and Gurdev Singh Sidhu, *Komagata Maru: A Struggle against Colonialism — Key Documents* (Chandigarh: Unistar Publishers, 2005); Ali Kazimi, *Undesirables: White Canada and the Komagata Maru: An Illustrated History* (Vancouver: Douglas and McIntryre, 2011).
2. Ghadr scholarship substantially begins with Chapter 12 of Khushwant Singh, *A History of the Sikhs*, vol. 2, 1839-1964 (Princeton: Princeton University Press, 1966), and this remains a valuable and succinct reference. Among the titles that have followed, Harish K. Puri, *Ghadar Movement: Ideology, Organization, Strategy*, 2nd ed. (Amritsar: Guru Nanak Dev University, 1993) is notably well researched, balanced, and thoughtful. Puri's focus is on the essential Ghadr story that of South Asians in North America in the pre-war and First World War era. A more recent study expands the story by identifying linkages forward, backward, and laterally that place the Ghadr Party within a historic revolutionary context. See Maia Ramnath, *Haj to Utopia: How the Ghadar Movement Charted Global*

Radicalism and Attempted to Overthrow the British Empire (Berkeley: University of California Press, 2011).10

3. The claim that the Pacific Coast was "white man's country" was then common in the press and in political dialogue on both sides of the CanadianAmerican border. For example, see Joan Jenson, *Passage from India: Asian Indian Immigrants in North America* (New Haven: Yale University Press, 1988), 3-56. For consideration of the relationship between racial and economic issues in British Columbia, see the preface to Patricia E. Roy, *A White Man 's Province: Politicians and Chinese and Japanese Immigrants, 1858- 1914* (Vancouver: ubc Press, 1989). Roy offers a modification of the emphasis on race as a determinant of white settler behaviour, as found in Robert A. Huttenback, Racism and Empire: White Settlers and Colored Immigrants in British Self-Governing Colonies, 1830-1910 (Ithaca, NY: Cornell University Press, 1976). But the discussion has not ended. A recent study of white settler, Chinese, and First Nations relations in colonial British Columbia puts race at the centre. See Marissa Mawani, *Colonial Proximities: Crossroads Encounters and Judicial Truths in British Columbia* (Vancouver: ubc Press, 2009).

4. The legislative independence of Canada and the other white dominions as well as the rising nationalism of the peoples of India, Ireland, and Egypt were powerful signs of the coming end of the British Empire, as described in the following works of the last twenty years: Lawrence James, *The Rise and Fall of the British Empire* (London: Little, Brown and Company, 1994); Denis Judd, *Empire: The British Imperial Experience from 1765 to the Present* (London: Fontana Press, 1997); Piers Brendon, *The Decline and Fall of the British Empire, 1781-1997* (London: Jonathan Cape, 2007); Peter Clarke, *The Last Thousand Days of the British Empire* (London: Penguin, 2007); John Darwin, *The*

Empire Project: The Rise and Fall of the British World System, 1830-1970 (Cambridge: Cambridge University Press, 2009).

5. For a description of the immense variety of the systems of civil and criminal law in force within the British Empire, see T. Olawale Elias, *British Colonial Law: A Comparative Study of the Interaction of English and Locals Laws in British Dependencies* (London: Stevens and Sons, 1962). James (Jan) Morris puts it succinctly on page 177 of *Pax Britannica: The Climax of Empire* (London: Faber and Faber, 1968): "Legally there was no such thing as the British Empire. It had no constitutional meaning."
6. Hugh Johnston, "Faith and Politics among Sikh Pioneers in Canada," *International Journal of Punjab Studies* 9, 1 (2002): 91-112.12
7. Harban Singh ed., The Encyclopedia of Sikhism, 4th ed. (Patiala: Panjabi University, 2002); The Ghadr Directory, 1934, comp. director, Intelligence Bureau, Home Department, Government of India (Patiala: Punjabi University, 1997); *Struggle for Free Hindustan: Ghadr Directory*, Punjab section, 1915 (New Delhi: Gobind Sadan Institute for Advanced Studies in Comparative Religion, 1996).13
8. My interviews with Puran Singh's grandsons, Raj Singh and Jas Singh Toor, November 2011 ; Government of India. *Report of the Komagata Maru Committee of Inquiry* (Calcutta: Government of India, 1914); Singh, *Canadian Sikhs*.

   Figure 2. A view of the Komagata Maru memorial, unveiled in 2012 at Vancouver's Coal Harbour. From left to right in the display photograph are Gurdit Singh, the charterer, Balwant Singh his son, Daljit Singh, the secretary, Puran Singh, the stores keeper, and half out of the frame, Gurmukh Singh Lalton. Photograph by H.J.M. Johnston. 14
9. My interviews with Kartar Singh in Vancouver, 25 September

1976 and 22 June 1977.15

10. Jaswant Singh, Baba *Gurdit Singh: Komagatamaru* (Jalandhar: New Book Co., 1965), 61; National Archives of India, Lahore Conspiracy Case 3 (Second Supplementary Case, judgment dated 4 January 1917).

11. In her summary of the matter, Maia Ramnath suggests that it was the Komagata Maru that inspired the Ghadr Party. See Ramanth, *Haj to Utopia*, 47-49.17 12. *Struggle for Free Hindustan; Singh, Baba Gurdit Singh, 58. 18*

13. Transcript of US Immigration Hearing in Har Dyal Case, 26 March 1914, copy, Library and Archives Canada (hereafter lac), RG 7, (321, vol. 205, file 332, vol.II(b).*19*

14. *Struggle for Free Hindustan*; Hopkinson to Cory, 27 May 1914, lac, Governor General's Files, RG 7, (321, vol. 200, file 332, vol. 2(b); L.w. Crippen to *the Times* of London, 30 March 1908; Singh, Baba Gurdit Singh, 40.20

15. The key features of the judicial ruling in the Panama Maru case have generally not been understood, but the complete text can be found in *Vancouver Province*, 1 December 1913.

16. Singh, *Baba Gurdit Singh*, 40-51; Harban Singh ed., *The Encyclopedia of Sikhism*, 4th ed. (Patiala: Panjabi University, 2002), 142-43; Ramsharan Vidyarthi, *Komagata Maru ki Sumudri Yatra* (Mirajpur: Krantikara Publications, 1970), 9-15; Gurdit Singh, *Voyage of Komagata Maru or India's Slavery Abroad* (Calcutta: published by the author, n.d.), 16-44; Darshan S. Tatla with Mandeep K. Tatla, *Gurdit Singh Komagata Maru: A Short Biography* (Chandigarh: Unistar and Punjab Centre for Migration Studies, 2007); Government of India, *Report of the Komagata Maru Committee of Inquiry*.21

17. Gurmukhi script source: Dr. Puran Singh, sanpadak/editor, *Bhai Arjan Singh 'Chand' di Itihasak Diary* (1908-47), (Vancouver:

Amarjit Singh Brar, prakashak/publisher, 2008), 66.

18. Singh, *Baba Gurdit Singh*, 61.22
19. Stenographic notes from conversation between H.H. Stevens and Dr. Raghunath Singh, 4 July 1914, Vancouver City Archives, Stevens Papers; National Archives of India, Lahore Conspiracy Case 3 (second supplementary case, judgment dated 4 January 1917), accused no. 3; Indian Army Quarterly List for I January 1912 (Calcutta, 1912), online database, http://search. ancestry.ca/ search/db.aspx? dbid=5758.23
20. For a discussion of identities and loyalties in the pioneering Canadian Sikh community, see: Hugh Johnston, "Group Identity in an Emigrant Worker Community: The Example of Sikhs in Early Twentieth-Century British Columbia," *BC Studies* 148 (2005-06): 3-24.
21. Hopkinson to Cory, 16 July 1914, Public Record Office, London, Colonial Office 42/290; Reid to Scott, 25 July 1914, Vancouver City Archives, Stevens Papers.24
22. On the relationship between Hopkinson and Mewa Singh, see Hugh Johnston, "The Surveillance of Indian Nationalists in North America, 1908-1918," *BC Studies* (1988): 18-19. 25
23. Pur, GhadarMovement, 91-96, 167, 175, 189; *Ghadr Directory*, 1934; Sohan Singh Josh, *Tregedy of Komagata Maru*, 65; Singh, *Baba Gurdit Singh*, 68.69; Government of India, *Report of the Komagata Maru Committee of Inquiry*, 23.
24. D. Petrie, "Note on Budge Budge Riot," exhibit 116, file 5028, Public and Judicial Department Records, Indian Office Library, London. 26
25. Government of India, *Report of the Komagata Maru Committee of Inquiry*, 26.
26. Petrie, "Note on Budge Budge Riot.
27. *The Bengalee*, 4, 6, 7, and 14 October 1914.27

28. Translation of *Ghadr di Goonj* No. 2, 1915, 10-19, attached to Reid to Stevens,

20 March 1915, Vancouver City Archives, Stevens Papers.28

29, On the provincial side, see *Debates of the Provincial Assembly of BC (Hansard)* 34, 4, Legislative Session, 23 May 2008, morning sitting.

30. *Globe and Mail*, 14 May 2008; cbc News, 3 August 2008 (http:/ /www.cbc.ca/ news); Harsha Walia, "Komagata Maru and the Politics of Apology," *Dominion*, 11 September 2008; Rattan 29

31. For opinions in British Columbia regarding such an apology, see: Daphne Bramham, "Let's Not Go Overboard on Apologies and Redress" *Vancouver Sun*, 9 June 2007; Balwant Sanghera, "Ottawa Must Atone for this Injustice," *Vancouver Sun*, 12 June 2007; Sachi Kurl, "Apologize Now, and Likely Apologize Later," Vancouver Sun, 29 May 2008; Martin Collacot, "Are Apologies in Order?" *Vancouver Sun*, 7 March 2013; Jerry Lee, "Apologizing for Historical Wrongs 'Tears Societies Apart' : Dosanjh," *Vancouver Sun*, 9 March 2013; Douglas Todd, "When Political Apologies Divide Us." *Vancouver Sun*, 12 April 1913.

32. "Reinventing History: *Komagata Maru*'s Role Denied," *People's Democracy*, 14 March 2004; Vikas Kahol, "Preserving the Past: A Labour of Love for Him." *India Today*, 16 July 2011; "Centre Told to List of 267 Eminent Freedom Fighters." *Times of India*, 16 December 2011 ; "H.C. Seeks Centre's Reply on Freedom Fighters Pension," *Daily Post Chandigarh*, 22 February 2012.

ਕਾਮਾਗਾਟਾ ਮਾਰੂ ਦੀ ਤ੍ਰਾਸਦਿਕ ਗਾਥਾ

[ਕਾਮਾਗਾਟਾ ਮਾਰੂ ਦਾ ਸੌ-ਸਾਲਾ (1914-2014) ਮਨਾਉਂਦਿਆਂ]

-ਪ੍ਰਿਥਵੀ ਰਾਜ ਕਾਲੀਆ

ਕੈਨੇਡਾ ਅੰਦਰ ਨਸਲੀ ਵਿਤਕਰੇ ਵਿਰੁੱਧ ਸੰਘਰਸ਼ ਨੇ 1914 ਦੀ ਕਾਮਾਗਾਟਾ ਮਾਰੂ ਘਟਨਾ ਨਾਲ ਸਿਖ਼ਰਾਂ ਛੂਹ ਲਈਆਂ। ਇਸਦੀ ਤ੍ਰਾਸਦਿਕ ਗਾਥਾ ਹਿੰਦੁਸਤਾਨ ਵਿਚ ਆਜ਼ਾਦੀ ਦੇ ਅੰਦੋਲਨਾਂ ਅਤੇ ਕੈਨੇਡਾ ਵਿਚ ਦੱਖਣੀ ਏਸ਼ੀਆਈ ਲੋਕਾਂ ਲਈ ਵੋਟ ਦੇ ਹੱਕ ਦੋਵਾਂ ਨੂੰ ਸੁਮੇਲਦੀ ਹੋਈ 1914 ਦੇ ਆਰ-ਪਾਰ ਗੂੰਜਦੀ ਹੈ। ਉਨ੍ਹਾਂ ਦੀਆਂ ਕੁਰਬਾਨੀਆਂ ਸਾਨੂੰ ਚੇਤੇ ਕਰਾਉਂਦੀਆਂ ਹਨ ਕਿ ਅਨਿਆਂ ਨੂੰ ਕਿਸੇ ਵੀ ਕੀਮਤ 'ਤੇ ਹਰਗਿਜ਼ ਬਰਦਾਸ਼ਤ ਨਹੀਂ ਕਰਨਾ ਚਾਹੀਦਾ।

ਇਹ ਤ੍ਰਾਸਦਿਕ ਘਟਨਾ ਅੱਜ ਵੀ ਨਵ-ਸਾਮਰਾਜਵਾਦੀ ਕਾਰਪੋਰੇਟਵਾਦੀ ਸਿਲਸਿਲੇ ਵਿਰੁੱਧ ਉਸ ਲੋਕ ਸੰਘਰਸ਼ ਦਾ ਜ਼ਬਰਦਸਤ ਚਿੰਨ੍ਹ ਬਣੀ ਹੋਈ ਹੈ ਜੋ ਇਸ ਵਕਤ ਦੁਨੀਆ ਨੂੰ ਤਬਾਹ ਕਰ ਰਿਹਾ ਹੈ ਅਤੇ ਮਨੁੱਖਤਾ ਦੀ ਹੋਣੀ ਨੂੰ ਕੰਟਰੋਲ ਕਰਨਾ ਚਾਹ ਰਿਹਾ ਹੈ।

ਇਸ ਵਰ੍ਹੇ ਕਾਮਾਗਾਟਾ ਮਾਰੂ ਦਾ ਸੌ-ਸਾਲਾ ਮਨਾਉਂਦਿਆਂ, ਆਓ ਆਪਣੇ ਉਨ੍ਹਾਂ ਪੁਰਖਿਆਂ ਨੂੰ ਚੇਤੇ ਕਰੀਏ ਅਤੇ ਸਲਾਮ ਕਹੀਏ ਜਿਨ੍ਹਾਂ ਨੂੰ ਕੈਨੇਡਾ ਦੀ ਉਸ ਜ਼ਮਾਨੇ ਦੀ ਕਾਨਜ਼ਰਵੇਟਿਵ ਸਰਕਾਰ ਵਲੋਂ ਨਫ਼ਰਤ ਅਤੇ ਨਸਲਵਾਦੀ ਇਮੀਗ੍ਰੇਸ਼ਨ ਨੀਤੀਆਂ ਦਾ ਸ਼ਿਕਾਰ ਬਣਾਇਆ ਗਿਆ ਸੀ।

ਅਪ੍ਰੈਲ 1914 'ਚ, ਇਕ ਉੱਦਮੀ ਅਤੇ ਸਰਦੇ-ਪੁੱਜਦੇ ਪੰਜਾਬੀ ਬਾਬਾ ਗੁਰਦਿੱਤ ਸਿੰਘ, ਜੋ ਸਿੰਗਾਪੁਰ ਅਤੇ ਮਲਾਇਆ ਵਿਚ ਕਾਰੋਬਾਰ ਕਰਦਾ ਸੀ, ਨੇ ਕਾਮਾਗਾਟਾ ਮਾਰੂ ਜਪਾਨੀ ਸਮੁੰਦਰੀ ਜਹਾਜ਼ ਕਿਰਾਏ 'ਤੇ ਲਿਆ ਅਤੇ 376 ਹਿੰਦੁਸਤਾਨੀਆਂ ਨੂੰ ਲੈਕੇ ਵੈਨਕੂਵਰ, ਬ੍ਰਿਟਿਸ਼ ਕੋਲੰਬੀਆ, ਦੇ ਸਫ਼ਰ 'ਤੇ ਨਿਕਲ ਪਿਆ। ਅੰਗਰੇਜ਼ ਸਲਤਨਤ ਦੀ ਪਰਜਾ ਦੇ ਤੌਰ 'ਤੇ ਉਹ ਕੈਨੇਡਾ ਜਾਣ ਦੇ ਕਾਨੂੰਨੀ ਦਾਅਵੇਦਾਰ ਸਨ। ਹਾਂਗਕਾਂਗ, ਜੋ ਓਦੋਂ ਬਰਤਾਨਵੀ ਬਸਤੀ ਸੀ, ਤੋਂ ਚੱਲਕੇ ਉਹ ਸ਼ੰਘਾਈ (ਚੀਨ), ਯੋਕੋਹਾਮਾ (ਜਪਾਨ) ਹੁੰਦੇ ਹੋਏ ਉਹ ਵੈਨਕੂਵਰ ਪਹੁੰਚੇ।

ਪਰ ਕੈਨੇਡਾ ਅਤੇ ਬ੍ਰਿਟਿਸ਼ ਕੋਲੰਬੀਆ ਦੀਆਂ ਸਰਕਾਰਾਂ ਦੀਆਂ ਘੋਰ ਨਸਲਵਾਦ ਅਤੇ ਆਵਾਸੀਆਂ ਨੂੰ ਆਪਣੇ ਵਿਚ ਜਜ਼ਬ ਨਾ ਕਰਨ ਦੀਆਂ ਨੀਤੀਆਂ ਦੇ ਪੈਦਾ ਕੀਤੇ ਹਮਲਾਵਰ ਅਤੇ ਸਨਸਨੀਖੇਜ਼ ਹਾਲਾਤ ਦੇ ਸਿੱਟੇ ਵਜੋਂ ਆਖ਼ਿਰਕਾਰ 23 ਜੁਲਾਈ 1914 ਨੂੰ ਲਗਭਗ ਸਾਰੇ ਮੁਸਾਫ਼ਰਾਂ ਨੂੰ ਉਨ੍ਹਾਂ ਦੇ ਉਥੇ ਆਉਣ ਦੇ ਠੀਕ ਦੋ ਮਹੀਨੇ ਪਿੱਛੋਂ ਹਿੰਦੁਸਤਾਨ ਵਾਪਸ ਮੋੜ

ਦਿੱਤਾ ਗਿਆ। ਉਨ੍ਹਾਂ ਵਿੱਚੋਂ ਸਿਰਫ਼ 24 ਨੂੰ ਕੈਨੇਡਾ ਵਿਚ ਦਾਖ਼ਲ ਹੋਣ ਦੀ ਇਜਾਜ਼ਤ ਦਿੱਤੀ ਗਈ, ਪਰ ਬਾਕੀ 352 ਮੁਸਾਫ਼ਰਾਂ ਨੂੰ ਇਜਾਜ਼ਤ ਨਹੀਂ ਦਿੱਤੀ ਗਈ। ਮੁਸਾਫ਼ਰ ਮਹਿਸੂਸ ਕਰਦੇ ਸਨ ਕਿ ਕੈਨੇਡੀਅਨ ਅਧਿਕਾਰੀਆਂ ਨੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਚਾਲਾਂ ਦਾ ਸ਼ਿਕਾਰ ਬਣਾਇਆ ਅਤੇ ਜ਼ਲੀਲ ਕੀਤਾ ਹੈ। ਵਾਪਸ ਭੇਜ ਦਿੱਤੇ ਜਾਣ ਕਾਰਨ, ਉਨ੍ਹਾਂ ਦੀਆਂ ਨਵੀਂ ਦੁਨੀਆ ਵਿਚ ਨਵੇਂ ਸਿਰਿਓਂ ਜ਼ਿੰਦਗੀ ਸ਼ੁਰੂ ਕਰਨ ਦੀਆਂ ਪੁਰਜ਼ੋਰ ਉਮੀਦਾਂ ਮਿੱਟੀ ਵਿਚ ਮਿਲ ਗਈਆਂ ਸਨ।

ਇਹ 20ਵੀਂ ਸਦੀ ਦੇ ਸ਼ੁਰੂ ਦੇ ਇਤਿਹਾਸ ਦੀਆਂ ਉਨ੍ਹਾਂ ਕਈ ਘਟਨਾਵਾਂ ਵਿੱਚੋਂ ਇਕ ਸੀ ਜਿਨ੍ਹਾਂ ਪਿੱਛੇ ਉਹ ਨੀਤੀਆਂ ਕੰਮ ਕਰ ਰਹੀਆਂ ਸਨ ਜੋ ਗ਼ੈਰ-ਗੋਰੇ ਲੋਕਾਂ ਨੂੰ ਕੈਨੇਡਾ ਤੋਂ ਦੂਰ ਰੱਖਣ ਲਈ ਈਜਾਦ ਕੀਤੀਆਂ ਗਈਆਂ ਸਨ।

ਪਿਛਲੀ ਸਦੀ ਦੇ ਵੱਖੋ-ਵੱਖਰੇ ਸਮਿਆਂ ਦੌਰਾਨ, ਕੈਨੇਡਾ ਦੀ ਵਿਤਕਰੇਪੂਰਨ ਇਮੀਗ੍ਰੇਸ਼ਨ ਨੀਤੀ ਦੇ ਬਦਨਾਮ ਸਿਲਸਿਲੇ ਵਿਚ ਸ਼ਾਮਲ ਸਨ: ਬਦਨਾਮ ਚੀਨੀ ਹੈੱਡ ਟੈਕਸ; 1910 ਵਿਚ ਓਕਲਾਹੋਮਾ ਦੇ ਸਿਆਹਫ਼ਾਮ ਕਿਸਾਨਾਂ ਨੂੰ ਕੈਨੇਡਾ ਵਿਚ ਦਾਖ਼ਲ ਨਾ ਹੋਣ ਦੇਣਾ; ਵੈਨਕੂਵਰ ਦੇ ਪੱਤਣਾਂ ਉੱਪਰ ਲੱਗਣ 'ਤੇ ਕਾਮਾਗਾਟਾ ਮਾਰੂ 'ਤੇ ਸਵਾਰ 376 ਹਿੰਦੁਸਤਾਨੀਆਂ ਵਿੱਚੋਂ ਜ਼ਿਆਦਾਤਰ ਨੂੰ ਮਈ 1914 ਵਿਚ ਦਾਖ਼ਲ ਨਾ ਹੋਣ ਦੇਣਾ; ਅਤੇ ਯਹੂਦੀ ਆਵਾਸੀਆਂ ਨੂੰ 1920ਵਿਆਂ ਤੋਂ ਲੈ ਕੇ ਦੂਜੀ ਆਲਮੀ ਜੰਗ ਤੋਂ ਬਾਅਦ ਤੱਕ ਵੀ ਕੈਨੇਡਾ ਨਾ ਆਉਣ ਦੇਣਾ।

ਇਹ ਅਤੇ ਵਿਤਕਰੇ ਦੀਆਂ ਹੋਰ ਮਿਸਾਲਾਂ ਸਾਡੇ ਮੁਲਕ ਕੈਨੇਡਾ ਦੀ ਤਸਵੀਰ ਪੇਸ਼ ਕਰਦੀਆਂ ਹਨ ਜੋ ਗੋਰੇ ਵਹਿਮ ਦਾ ਸ਼ਿਕਾਰ ਸੀ ਅਤੇ ਖ਼ੁਦ ਨੂੰ ***"ਬਰਤਾਨਵੀ ਤਹਿਜ਼ੀਬ ਦੀ ਐਂਗਲੋ-ਬਰਤਾਨਵੀ ਚੌਕੀ"*** ਸਮਝਦਾ ਸੀ, ਇਹ ਟੋਰਾਂਟੋ ਯੂਨੀਵਰਸਿਟੀ ਵਿਖੇ ਆਵਾਸੀ ਇਤਿਹਾਸਕਾਰ ਹੈਰਲਡ ਟਰੌਪਰ ਕਹਿੰਦਾ ਹੈ।[1]

ਇਹ ਤੱਥ ਕਾਮਾਗਾਟਾ ਮਾਰੂ ਕਮਿਸ਼ਨ ਰਿਪੋਰਟ ਨੇ ਵੀ ਮੰਨੇ ਹਨ:

"ਵੈਨਕੂਵਰ ਪਹੁੰਚਣ 'ਤੇ ਉਨ੍ਹਾਂ ਨੂੰ ਜਹਾਜ਼ ਤੋਂ ਉਤਰਨ ਨਹੀਂ ਦਿੱਤਾ ਗਿਆ ਅਤੇ ਉਥੇ ਉਨ੍ਹਾਂ ਨੂੰ ਉਤਰਨ ਦੀ ਇਜਾਜ਼ਤ ਹਾਸਲ ਕਰਨ ਦੇ ਵਿਅਰਥ ਯਤਨ ਕਰਦਿਆਂ ਪੂਰੇ ਦੋ ਮਹੀਨੇ ਇੰਤਜ਼ਾਰ ਕਰਨੀ ਪਈ। ਉਸ ਅਰਸੇ ਵਿਚ ਉਨ੍ਹਾਂ ਨੂੰ ਭਾਰੀ ਮੁਸ਼ਕਲਾਂ ਝੱਲਣੀਆਂ ਪਈਆਂ ਅਤੇ ਇਕ ਵਕਤ ਤਾਂ ਉਨ੍ਹਾਂ ਕੋਲ ਖਾਣ ਲਈ ਵੀ ਕੁਝ ਨਹੀਂ ਸੀ। ਆਖ਼ਿਰਕਾਰ ਸਫ਼ਰ ਉਪਰ ਲਗਭਗ ਡੇਢ ਲੱਖ ਖ਼ਰਚ ਕਰ ਦੇਣ ਤੋਂ ਬਾਅਦ ਉਨ੍ਹਾਂ ਨੂੰ ਵਾਪਸ ਚਲੇ ਜਾਣ ਦਾ ਹੁਕਮ ਸੁਣਾ ਦਿੱਤਾ ਗਿਆ।"[2]

ਭਾਵੇਂ ਸ਼ੁਰੂ 'ਚ, ਕਾਮਾਗਾਟਾ ਮਾਰੂ ਮੁਹਿੰਮ ਦਾ ਗ਼ਦਰ ਲਹਿਰ ਨਾਲ ਕੋਈ ਸਿੱਧਾ ਸਬੰਧ ਨਹੀਂ ਸੀ, ਪਰ *"ਇਸਨੇ ਉਨ੍ਹਾਂ (ਮੁਸਾਫ਼ਰਾਂ) ਵਿਚ ਅਤੇ ਹੋਰ ਜਲਾਵਤਨ ਹਿੰਦੁਸਤਾਨੀਆਂ ਵਿਚ ਜੋ ਮਾਯੂਸੀ ਅਤੇ ਹਿੰਦ ਦੀ ਅੰਗਰੇਜ਼ ਸਰਕਾਰ ਦੇ ਵਿਰੁੱਧ ਬਦਲੇ ਦੀ ਜੋ ਭਾਵਨਾ ਪੈਦਾ ਕਰ ਦਿੱਤੀ ਉਸ ਨੇ ਇਕ ਤਿੱਖੀ ਜਾਗ-ਲਾਊ ਤਾਕਤ ਦਾ ਕੰਮ ਕੀਤਾ। ਇਸ ਅਨੁਭਵ ਸਦਕਾ ਹਿੰਦੁਸਤਾਨੀ ਆਵਾਸੀ ਗ਼ਦਰ ਪਾਰਟੀ ਵਲੋਂ ਆਪਣੇ ਵਤਨ ਜਾ ਕੇ ਅੰਗਰੇਜ਼ਾਂ ਨੂੰ ਹਿੰਦੁਸਤਾਨ ਵਿੱਚੋਂ ਕੱਢਣ ਲਈ ਦਿੱਤੇ ਸੱਦੇ ਨੂੰ ਹੁੰਗਾਰਾ ਦੇਣ ਲਈ ਵਹੀਰਾਂ ਘੱਤ ਕੇ ਅੱਗੇ ਆਏ।"*[3]

ਖ਼ਾਸ ਕਰਕੇ, ਇਸ ਖ਼ਬਰ ਤੋਂ ਭੜਕੇ ਪਰਦੇਸਾਂ ਵਿਚਲੇ ਪੰਜਾਬੀਆਂ ਨੇ ਹਿੰਦੁਸਤਾਨ ਨੂੰ ਵਹੀਰਾਂ ਘੱਤ ਲਈਆਂ ਅਤੇ ਅੰਗਰੇਜ਼ੀ ਰਾਜ ਵਿਰੁੱਧ ਜ਼ੋਰਦਾਰ ਹਥਿਆਰਬੰਦ ਮੁਹਿੰਮ ਵਿੱਢਣ ਲਈ ਕਾਮਾਗਾਟਾ ਮਾਰੂ ਕਾਂਡ ਦੇ ਪੀੜਤਾਂ ਨਾਲ ਜਾ ਮਿਲੇ।[4]

ਕਾਮਾਗਾਟਾ ਮਾਰੂ ਕਾਂਡ ਨਾਲ ਗ਼ਦਰ ਪਾਰਟੀ ਨੂੰ ਤਾਕਤ ਮਿਲੀ ਜੋ ਜੂਨ 1913 ਵਿਚ ਅਸਟੋਰੀਆ, ਓਰੇਗਾਨ ਵਿਚ ਉਨ੍ਹਾਂ ਹਿੰਦੁਸਤਾਨੀ ਆਵਾਸੀਆਂ ਵਲੋਂ ਬਣਾਈ ਜੁਝਾਰੂ ਜਥੇਬੰਦੀ ਸੀ ਜਿਨ੍ਹਾਂ ਨੂੰ ਅਮਰੀਕਾ ਤੇ ਕੈਨੇਡਾ ਵਿਚ ਆਇਆਂ ਨੂੰ ਥੋੜ੍ਹਾ ਚਿਰ ਹੀ ਹੋਇਆ ਸੀ। ਇਸ ਦਾ ਜ਼ਾਹਰਾ ਨਿਸ਼ਾਨਾ ਹਿੰਦੁਸਤਾਨ ਨੂੰ ਅੰਗਰੇਜ਼ ਰਾਜ ਤੋਂ ਮੁਕਤ ਕਰਾਉਣਾ ਸੀ। ਇਹ *ਹਿੰਦੀ ਐਸੋਸੀਏਸ਼ਨ ਆਫ ਦ ਪੈਸੀਫਿਕ ਕੋਸਟ* ਵਜੋਂ ਵੀ ਜਾਣੀ ਜਾਂਦੀ ਸੀ।

ਵੀਹਵੀਂ ਸਦੀ ਦੌਰਾਨ ਕੈਨੇਡਾ ਵਿਚ ਇਮੀਗ੍ਰੇਸ਼ਨ ਕੰਟਰੋਲ

ਜਪਾਨੀਆਂ ਤੋਂ ਬਾਅਦ ਚੀਨੀ 19ਵੀਂ ਸਦੀ ਦੌਰਾਨ ਵੱਡੀ ਤਾਦਾਦ 'ਚ ਕੈਨੇਡਾ ਆਉਣ ਵਾਲੇ ਪਹਿਲੇ ਆਵਾਸੀ ਸਨ। ਇਸ ਤੋਂ ਬਾਅਦ, ਸਦੀ ਦੇ ਆਖ਼ਰੀ ਸਾਲਾਂ ਵਿਚ ਪੰਜਾਬ ਤੋਂ ਜ਼ਿਆਦਾਤਰ ਸਾਬਕਾ ਫ਼ੌਜੀਆਂ ਨੇ ਥੋੜ੍ਹਾ-ਥੋੜ੍ਹਾ ਕਰਕੇ ਕੈਨੇਡਾ ਆਉਣਾ ਸ਼ੁਰੂ ਕਰ ਦਿੱਤਾ। 20ਵੀਂ ਸਦੀ ਵਿਚ ਇਸ ਨੇ ਇਕਦਮ ਜ਼ੋਰ ਫੜ ਲਿਆ। 1906 ਦੇ ਅਖ਼ੀਰ 'ਚ ਹਿੰਦੋਸਤਾਨ ਤੋਂ ਲੋਕ ਵੱਡੀ ਤਾਦਾਦ 'ਚ ਕੈਨੇਡਾ ਆਉਣੇ ਸ਼ੁਰੂ ਹੋ ਗਏ ਸਨ, ਜਿਨ੍ਹਾਂ ਨੂੰ ਹਿੰਦੂ ਨਾਂ ਨਾਲ ਸੰਬੋਧਨ ਕੀਤਾ ਜਾਂਦਾ ਸੀ।[5]

ਜ਼ਿਆਦਾਤਰ ਹਿੰਦੁਸਤਾਨੀ ਪੰਜਾਬੀ ਸਿੱਖ ਸਨ ਜਿਨ੍ਹਾਂ ਨੇ ਵਧੀਆ ਤਨਖ਼ਾਹ ਦੀ ਉਮੀਦ ਨਾਲ ਵੈਨਕੂਵਰ ਦੇ ਕਿਰਾਏ (65 ਡਾਲਰ) ਦਾ ਇੰਤਜ਼ਾਮ ਕਰਨ ਲਈ ਆਪਣੀਆਂ ਜ਼ਮੀਨਾਂ ਗਹਿਣੇ ਧਰ ਦਿੱਤੀਆਂ ਸਨ। ਇਹ ਤਨਖ਼ਾਹਾਂ ਹਿੰਦੁਸਤਾਨ ਵਿਚ ਮਿਲਦੀ ਤਨਖ਼ਾਹ ਨਾਲੋਂ ਦਸ ਤੋਂ ਪੰਦਰਾਂ ਗੁਣਾਂ ਜ਼ਿਆਦਾ ਸਨ। ਆਪਣਾ ਵਤਨ ਤਿਆਗਕੇ ਕੈਨੇਡਾ ਵਿਚ ਕੰਮ ਦੀ ਤਲਾਸ਼ ਪਿੱਛੇ ਇਹੀ ਮੁੱਖ ਖਿੱਚ ਕੰਮ ਕਰਦੀ ਸੀ।

ਇਹ ਆਵਾਸੀ ਜ਼ਿਆਦਾਤਰ ਫਾਰਮਾਂ ਉੱਪਰ ਅਤੇ ਲੱਕੜ ਮਿੱਲਾਂ ਵਿਚ ਜਿਸਮਾਨੀ/ਗ਼ੈਰਹੁਨਰੀ ਮਜ਼ਦੂਰਾਂ ਵਜੋਂ ਕੰਮ ਕਰਦੇ ਸਨ। ਉਨ੍ਹਾਂ ਦਿਨਾਂ ਵਿਚ ਕੈਨੇਡਾ ਏਸ਼ੀਅਨਾਂ ਵਿਰੋਧੀ ਜ਼ਹਿਰੀਲੇ ਰਵੱਈਏ ਨਾਲ ਲਬਰੇਜ਼ ਇਕ ਗੋਰਾ ਬਰਤਾਨਵੀ ਸਮਾਜ ਸੀ। ਹਿੰਦੂਆਂ ਦੀ ਆਮਦ ਨੂੰ ਰੋਕਣ ਲਈ ਸਥਾਨਕ ਗੋਰਿਆਂ ਵਲੋਂ ਵੈਨਕੂਵਰ ਵਿਚ **'ਏਸ਼ੀਐਟਿਕ ਐਕਸਕਲੂਜ਼ਨ ਲੀਗ'** ਨਾਂ ਦੀ ਜਥੇਬੰਦੀ ਬਣਾਈ ਗਈ ਜਿਸ ਵਿਚ ਕੁਝ ਟਰੇਡ ਯੂਨੀਅਨਿਸਟ, ਸਿਆਸਤਦਾਨ, ਨੌਕਰਸ਼ਾਹ ਅਤੇ ਕੁਝ ਮਿਸ਼ਨਰੀ ਸ਼ਾਮਲ ਸਨ। ਇਹ 12 ਅਗਸਤ 1907 ਨੂੰ ਹੋਂਦ 'ਚ ਆਈ। ਇਹ ਕਿਰਤ ਦੀ ਮੰਡੀ ਵਿਚ ਏਸ਼ੀਆਈ ਮਜ਼ਦੂਰਾਂ ਅਤੇ ਚੀਨੀ, ਦੱਖਣੀ ਏਸ਼ੀਆਈ ਤੇ ਜਪਾਨੀ ਆਵਾਸੀਆਂ ਦੀ ਆਮਦ ਨੂੰ ਖ਼ਤਰਾ ਸਮਝਣ ਵਾਲਿਆਂ ਦਾ ਜ਼ਾਹਰਾ ਤੌਰ 'ਤੇ ਹਮਲਾਵਰ ਅਤੇ ਵੈਰਭਾਵੀ ਹੁੰਗਾਰਾ ਸੀ। ਇਨ੍ਹਾਂ ਆਵਾਸੀਆਂ ਬਾਰੇ ਸਮਝਿਆ ਜਾਂਦਾ ਸੀ ਕਿ ਉਹ ਧੜਾਧੜ ਕੈਨੇਡਾ ਵਿਚ ਆ ਰਹੇ ਹਨ।

ਇਨ੍ਹਾਂ ਅਨਸਰਾਂ ਦੇ ਦਬਾਅ ਹੇਠ ਕੈਨੇਡਾ ਸਰਕਾਰ ਨੇ 8 ਜਨਵਰੀ 1908 ਨੂੰ ਇਕ

ਆਰਡੀਨੈਂਸ ਪਾਸ ਕਰਕੇ ***"ਆਪਣੇ ਜਨਮ ਜਾਂ ਕੌਮੀਅਤ ਜਾਂ ਨਾਗਰਿਕਤਾ ਵਾਲੇ ਮੁਲਕ ਤੋਂ ਸਿੱਧੇ ਸਫ਼ਰ ਅਤੇ ਧੁਰੋਂ ਟਿਕਟਾਂ ਲੈ ਕੇ ਆਉਣ"*** ਦੀ ਸ਼ਰਤ ਥੋਪ ਦਿੱਤੀ। ਇਸ ਨਿਯਮ ਦਾ ਖ਼ਾਸ ਕਰਕੇ ਹਿੰਦੁਸਤਾਨ ਤੋਂ ਆਉਣ ਵਾਲੇ ਲੋਕਾਂ ਉੱਪਰ ਅਸਰ ਪੈਂਦਾ ਸੀ, ਕਿਉਂਕਿ ਉਨ੍ਹਾਂ ਨੂੰ ਐਸੀ ਕੋਈ ਸਹੂਲਤ ਹਾਸਲ ਨਹੀਂ ਸੀ। ਉਨ੍ਹਾਂ ਦੇ ਰਾਹ ਵਿਚ ਇਕ ਹੋਰ ਰੁਕਾਵਟ 9 ਅਕਤੂਬਰ 1910 ਦੇ ਆਰਡੀਨੈਂਸ ਜ਼ਰੀਏ ਪਾਈ ਗਈ ਜਿਸ ਦੁਆਰਾ ਉਥੇ ਜਾਣ ਦੇ ਚਾਹਵਾਨਾਂ ਕੋਲ ਜਹਾਜ਼ ਤੋਂ ਉਤਰਨ ਸਮੇਂ 200 ਕੈਨੇਡੀਅਨ ਡਾਲਰ ਹੋਣੇ ਲਾਜ਼ਮੀ ਕਰ ਦਿੱਤੇ ਗਏ। ਇਸਦਾ ਭਾਵ ਸੀ ਕਿ ਬ੍ਰਿਟਿਸ਼ ਕੋਲੰਬੀਆ ਦਾਖ਼ਲ ਹੋਣ ਸਮੇਂ ਬੰਦੇ ਕੋਲ ਘੱਟੋਘੱਟ 200 ਡਾਲਰ ਲਾਜ਼ਮੀ ਹੋਣ, ਅਤੇ ਉਨ੍ਹਾਂ ਨੂੰ ਹਿੰਦੁਸਤਾਨ ਤੋਂ ਸਿੱਧਾ ਸਫ਼ਰ ਕਰਕੇ ਆਉਣਾ ਹੋਵੇਗਾ। ਨਵੇਂ ਨਿਯਮ ਅਗਲੇਰੀ ਕਿਸੇ ਵੀ ਕਾਨੂੰਨੀ ਚੁਣੌਤੀ ਤੋਂ ਮੁਕਤ ਮੰਨੇ ਗਏ।

ਇਸ ਤੋਂ ਪਹਿਲਾਂ, 1907 'ਚ, ਔਟਵਾ ਨੇ ਇਕ ਬਿੱਲ ਪਾਸ ਕੀਤਾ ਸੀ ਜੋ ਹਿੰਦੁਸਤਾਨੀਆਂ ਨੂੰ ਵੋਟ ਦਾ ਹੱਕ ਨਹੀਂ ਦਿੰਦਾ ਸੀ। ਉਨ੍ਹਾਂ ਨੂੰ ਕੋਈ ਜਨਤਕ ਦਫ਼ਤਰ ਚਲਾਉਣ ਜਾਂ ਜਿਊਰੀ ਵਜੋਂ ਨੌਕਰੀ ਕਰਨ ਦੀ ਮਨਾਹੀ ਕਰ ਦਿੱਤੀ ਗਈ, ਅਤੇ ਉਨ੍ਹਾਂ ਨੂੰ ਲੇਖਾਕਾਰ, ਵਕੀਲ ਜਾਂ ਫਰਮਾਸਿਸਟ ਬਣਨ ਦੀ ਇਜਾਜ਼ਤ ਨਹੀਂ ਸੀ। ਇਸ ਤੋਂ ਪਹਿਲਾਂ ਚੀਨੀਆਂ ਅਤੇ ਜਪਾਨੀਆਂ ਵਾਂਗ, ਪੰਜਾਬੀਆਂ ਨੂੰ ਫਾਰਮ, ਫੈਕਟਰੀ ਜਾਂ ਮਿੱਲ ਮਾਲਕ ਕੰਮ ਉੱਪਰ ਤਾਂ ਰੱਖ ਲੈਂਦੇ ਸਨ ਪਰ ਕਾਨੂੰਨ ਦੁਆਰਾ ਉਨ੍ਹਾਂ ਨੂੰ ਨਾਗਰਿਕਤਾ ਦੇਣ ਉੱਪਰ ਰੋਕ ਲਾ ਦਿੱਤੀ ਗਈ ਸੀ।[6] ਉਸ ਵਕਤ ਕੈਨੇਡਾ ਦੀ ਗੋਰਿਆਂ ਦਾ ਮੁਲਕ ਹੋਣ ਦੀ ਸਵੈ-ਧਾਰਨਾ ਨੂੰ ਦੇਖਦਿਆਂ, ਇਹ ਹੈਰਾਨੀਜਨਕ ਨਹੀਂ ਸੀ ਕਿ ਇਹ ਨਿਯਮ ਉਦੋਂ ਲਿਆਂਦੇ ਗਏ ਜਦੋਂ ਕੈਨੇਡਾ ਆਵਾਸੀਆਂ ਨੂੰ ਵਿਆਪਕ ਤਾਦਾਦ ਵਿਚ ਲੈ ਰਿਹਾ ਸੀ (ਸਿਰਫ਼ 1913 'ਚ ਹੀ ਚਾਰ ਲੱਖ ਲੱਖ ਤੋਂ ਵੱਧ ਆਵਾਸੀ ਉਥੇ ਆਏ – ਅੱਜ ਤਕ ਵੀ ਇਹ ਅੰਕੜਾ ਬੇਮਿਸਾਲ ਬਣਿਆ ਹੋਇਆ ਹੈ) ਜਿਨ੍ਹਾਂ ਵਿੱਚੋਂ ਲਗਭਗ ਸਾਰੇ ਯੂਰਪ ਤੋਂ ਆਏ ਸਨ।

ਸਾਈਮਨ ਫਰੇਜ਼ਰ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ ਦਾ ਸਾਬਕਾ ਪ੍ਰੋਫੈਸਰ ਡਾ. ਹਿਊ ਜੌਹਨਸਟਨ ਤਸਦੀਕ ਕਰਦਾ ਹੈ ਕਿ ਲੰਘੀ ਸਦੀ ਦੇ ਵੱਖੋ-ਵੱਖਰੇ ਅਰਸਿਆਂ ਦੌਰਾਨ ਇਮੀਗ੍ਰੇਸ਼ਨ ਨੀਤੀ ਨੂੰ ਲੈ ਕੇ ਕੈਨੇਡਾ ਦਾ ਰਿਕਾਰਡ ਇਤਿਹਾਸਕ ਤੌਰ 'ਤੇ ਹਿੰਦੁਸਤਾਨੀਆਂ, ਚੀਨੀਆਂ, ਯਹੂਦੀਆਂ ਅਤੇ ਕਾਲਿਆਂ ਦੇ ਆਵਾਸ ਦੀਆਂ ਦਰਖ਼ਾਸਤਾਂ ਨੂੰ ਰੱਦ ਕਰਨ ਜਾਂ ਉਨ੍ਹਾਂ ਨੂੰ ਬਾਹਰ ਰੱਖਣ ਦਾ ਹੀ ਰਿਹਾ ਹੈ: "ਇਸ ਸਦੀ ਦੇ ਜ਼ਿਆਦਾਤਰ ਹਿੱਸੇ ਵਿਚ ਕੈਨੇਡਾ ਦੀ ਨੀਤੀ ਨਸਲ ਅਤੇ ਕੌਮੀਅਤ ਦੇ ਅਧਾਰ 'ਤੇ ਆਵਾਸੀਆਂ ਨੂੰ ਬਾਹਰ ਰੱਖਣ ਦੀ ਰਹੀ ਹੈ। ਇਸ ਨੀਤੀ ਨੇ 1880 ਵਿਚ ਜਨਮ ਲਿਆ ਸੀ ਜਦੋਂ ਕੈਨੇਡੀਅਨ ਸਰਕਾਰ ਨੇ ਚੀਨੀ ਆਵਾਸੀਆਂ ਉੱਪਰ ਪਹਿਲਾ ਹੈੱਡ ਟੈਕਸ ਥੋਪਿਆ ਸੀ। ਅਗਲੇ ਚਾਲੀ ਸਾਲਾਂ ਤਕ, ਸਰਕਾਰ ਨੇ ਕੈਨੇਡਾ ਨੂੰ ਗੋਰੇ ਦਾ ਮੁਲਕ ਬਣਾਈ ਰੱਖਣ ਲਈ ਕਈ ਤਰ੍ਹਾਂ ਦੀਆਂ ਰੋਕਾਂ ਲਾਈਆਂ, ਅਤੇ 1920ਵਿਆਂ ਤਕ ਇਸਨੇ ਇਕ ਐਸੀ ਨੀਤੀ ਘੜ ਲਈ ਸੀ ਜੋ ਦੂਜੀ ਆਲਮੀ ਜੰਗ ਤੋਂ ਪਿੱਛੋਂ ਤਕ ਵੀ ਬਰਕਰਾਰ ਰਹੀ। 1920ਵਿਆਂ ਤੋਂ ਲੈ ਕੇ 1950ਵਿਆਂ ਤਕ ਕੈਨੇਡਾ ਨੇ ਬਰਤਾਨੀਆ, ਫਰਾਂਸ,

ਆਇਰਲੈਂਡ, ਬਰਤਾਨਵੀ ਰਾਸ਼ਟਰਮੰਡਲ ਦੇ ਗੋਰੇ ਡੁਮੀਨੀਅਨ ਰਾਜਾਂ ਅਤੇ ਅਮਰੀਕਾ ਦੇ ਆਵਾਸੀਆਂ ਨੂੰ ਤਰਜ਼ੀਹ ਦਿੱਤੀ ਗਈ, ਮਹਾਂਦੀਪੀ ਯੂਰਪ (ਕੈਨੇਡੀਅਨ ਬਾਸ਼ਿੰਦਿਆਂ ਦੀਆਂ ਪਤਨੀਆਂ ਤੇ ਬੱਚਿਆਂ ਨੂੰ) ਨੂੰ ਛੱਡਕੇ ਬਾਕੀ ਸਾਰਿਆਂ ਉੱਪਰ ਰੋਕ ਲਾਈ ਗਈ।"[7]

ਇਸ ਵਿਚ ਕੋਈ ਸ਼ੱਕ ਨਹੀਂ ਕਿ ਕੈਨੇਡਾ ਸਰਕਾਰ ਦੀਆਂ ਨੀਤੀਆਂ ਅਤੇ ਨਿਹਾਇਤ ਨਸਲੀ ਸ਼ੁੱਧਤਾ ਵਾਲੀਆਂ ਲਹਿਰਾਂ ਚਾਹੁੰਦੀਆਂ ਸਨ ਕਿ ਕੈਨੇਡਾ ਸਿਰਫ਼ ਤੇ ਸਿਰਫ਼ ਗੋਰਾ ਅਤੇ ਈਸਾਈ ਮੁਲਕ ਬਣਿਆ ਰਹੇ। ਪੂਰਬੀਆਂ ਪ੍ਰਤੀ ਇਹ ਰਵੱਈਆ ਉਨ੍ਹਾਂ ਦਿਨਾਂ ਦੇ ਇਕ ਹਰਮਨਪਿਆਰੇ ਗੀਤ ਵਿਚ ਵੀ ਮਿਲਦਾ ਹੈ:

ਗੋਰੇ ਦੇ ਵਤਨ ਦੀ ਖ਼ਾਤਰ ਅਸੀਂ,
ਪੂਰਬੀਆਂ ਦੇ ਕਬਜ਼ੇ ਤੇ ਲਾਲਸਾ ਨਾਲ ਲੜ ਰਹੇ।
ਅਸੀਂ ਹਰਗਿਜ਼ ਗੋਡੇ ਨਹੀਂ ਟੇਕਾਂਗੇ।
ਸਾਡਾ ਨਾਅਰਾ ਹੈ "ਪ੍ਰਮਾਤਮਾ ਸ਼ਹਿਨਸ਼ਾਹ ਦੀ ਰੱਖਿਆ ਕਰੇ,"
ਗੋਰਾ ਕੈਨੇਡਾ ਸਦਾ ਸਲਾਮਤ ਰਹੇ[8]

ਜਿਨ੍ਹਾਂ ਪਾਬੰਦੀਆਂ ਵਾਲੀਆਂ ਨੀਤੀਆਂ ਨੂੰ ਮੁਸਾਫ਼ਰਾਂ ਨੇ ਚੁਣੌਤੀ ਦਿੱਤੀ ਉਹ 33 ਸਾਲ ਬਾਅਦ ਵੀ ਵਾਪਸ ਨਹੀਂ ਲਈਆਂ ਗਈਆਂ ਸਨ। ਕੈਨੇਡਾ ਦੀ ਜੰਗ ਤੋਂ ਪਿੱਛੋਂ ਦੀ ਇਮੀਗ੍ਰੇਸ਼ਨ ਨੀਤੀ ਬਾਰੇ ਬਹਿਸਾਂ ਦਾ ਜਵਾਬ ਦਿੰਦਿਆਂ ਪ੍ਰਧਾਨ ਮੰਤਰੀ ਮੈਕਨਜ਼ੀ ਕਿੰਗ ਨੇ 1 ਮਈ 1947 ਨੂੰ ਹਾਊਸ ਆਫ ਕਾਮਨਜ਼ ਵਿਚ ਜੋ ਕਿਹਾ ਉਹ ਗ਼ੌਰਤਲਬ ਹੈ:

"ਮੈਨੂੰ ਯਕੀਨ ਹੈ, ਇਸ ਵਿਚਾਰ ਨੂੰ ਲੈ ਕੇ ਆਮ ਸਹਿਮਤੀ ਹੋਵੇਗੀ ਕਿ ਥੋਕ ਇਮੀਗ੍ਰੇਸ਼ਨ ਦੇ ਸਿੱਟੇ ਵਜੋਂ, ਕੈਨੇਡਾ ਦੇ ਅਵਾਮ ਸਾਡੀ ਆਬਾਦੀ ਦੇ ਖ਼ਾਸੇ ਵਿਚ ਮੂਲ ਬਦਲਾਅ ਨਹੀਂ ਚਾਹੁੰਦੇ। ਪੂਰਬ ਤੋਂ ਵੱਡੇ ਪੈਮਾਨੇ 'ਤੇ ਹੋ ਰਿਹਾ ਆਵਾਸ ਕੈਨੇਡੀਅਨ ਮੂਲ ਵਸੋਂ-ਬਣਤਰ ਨੂੰ ਬਦਲ ਦੇਵੇਗਾ। ਲਿਹਾਜ਼ਾ, ਹਕੂਮਤ ਦੀ ਆਵਾਸ ਨਿਯਮਾਂ ਵਿਚ ਬਦਲਾਅ ਲਿਆਉਣ ਦੀ ਕੋਈ ਸੋਚ ਨਹੀਂ ਹੈ ਜਿਸ ਦੇ ਨਤੀਜੇ ਇਸ ਤਰ੍ਹਾਂ ਦੇ ਹੋਣ।"[9]

ਅੱਜ ਵੀ ਆਵਾਸ ਕਾਨੂੰਨ ਹਰ ਕਿਸੇ ਨੂੰ ਜੀ ਆਇਆਂ ਨੂੰ ਨਹੀਂ ਕਹਿੰਦੇ। ਇਥੇ ਪ੍ਰਸ਼ਾਸਨਿਕ ਨੀਤੀਆਂ ਐਸੀਆਂ ਹਨ ਸੰਭਵ ਹੈ ਜਿਨ੍ਹਾਂ ਦਾ ਪ੍ਰਭਾਵ ਵੱਡੀ ਤਾਦਾਦ ਨੂੰ ਆਵਾਸ ਦੀ ਇਜਾਜ਼ਤ ਨਾ ਦੇਣ ਵਾਲਾ ਹੁੰਦਾ ਹੈ, ਜਦੋਂਕਿ ਨੀਤੀ ਦੀ ਮਨਸ਼ਾ ਵਿਚ ਆਵਾਸੀਆਂ ਦੀ ਆਮਦ ਨੂੰ ਰੋਕਣ ਦਾ ਪ੍ਰਗਟਾਵਾ ਖੁੱਲ੍ਹਕੇ ਨਹੀਂ ਕੀਤਾ ਹੁੰਦਾ। ਦੋ ਸਾਲ ਪਹਿਲਾਂ ਹੀ, 2012 'ਚ ਕੈਨੇਡਾ ਸਰਕਾਰ ਨੇ ਕੋਈ ਪੇਸ਼ਗੀ ਨੋਟਿਸ ਦਿੱਤੇ ਬਿਨਾ ਹੀ ਇਕ ਲੱਖ ਦੇ ਕਰੀਬ ਦਰਖ਼ਾਸਤਾਂ ਦੇ ਬੈਕਲਾਗ ਨੂੰ ਆਪਹੁਦਰੇ ਤੌਰ 'ਤੇ ਰੱਦ ਕਰ ਦਿੱਤਾ ਜੋ 280,000 ਲੋਕਾਂ ਦੀ ਨੁਮਾਇੰਦਗੀ ਕਰਦੀਆਂ ਸਨ ਜਿਨ੍ਹਾਂ 'ਚੋਂ ਜ਼ਿਆਦਾਤਰ ਸਾਲਾਂ ਤੋਂ ਕੈਨੇਡਾ ਆਉਣ ਦੀ ਇੰਤਜ਼ਾਰ ਵਿਚ ਬੈਠੇ ਸਨ। ਇਮੀਗ੍ਰੇਸ਼ਨ ਮੰਤਰੀ ਦੀ ਦਲੀਲ ਸੀ: "ਕੈਨੇਡਾ ਵਿਚ ਦਾਖ਼ਲਾ ਇਕ ਸਹੂਲਤ ਹੈ ਅਤੇ ਇਹ ਹੱਕ ਨਹੀਂ ਹੈ।"

ਅੱਜ ਵੀ ਇਸ ਮੁਲਕ ਵਿਚ ਕੁਝ ਕੁ ਦਾ ਤਾਂ ਸਵਾਗਤ ਹੈ, ਪਰ ਬਾਕੀਆਂ ਦਾ ਨਹੀਂ।

ਵੈਨਕੂਵਰ ਦਾ ਸਫ਼ਰ

ਪੰਜਾਬ ਦੇ ਸਰਹਾਲੀ ਪਿੰਡ ਦੇ ਬਾਬਾ ਗੁਰਦਿੱਤ ਸਿੰਘ, ਜਿਸਨੇ ਇਹ ਸੋਚਿਆ ਅਤੇ ਇਹ ਉੱਦਮ ਜਥੇਬੰਦ ਕੀਤਾ, ਉਨ੍ਹਾਂ ਸਮੱਸਿਆਵਾਂ ਤੋਂ ਜਾਣੂ ਸੀ ਜਿਨ੍ਹਾਂ ਦਾ ਸਾਹਮਣਾ ਖ਼ਾਸ ਮਨਾਹੀ ਕਾਨੂੰਨਾਂ ਕਾਰਨ ਕੈਨੇਡਾ ਆਉਣ ਵਾਲੇ ਹਿੰਦੁਸਤਾਨੀਆਂ ਨੂੰ ਕਰਨਾ ਪੈਂਦਾ ਸੀ। ਗੁਰਦਿੱਤ ਸਿੰਘ ਨੂੰ ਉਮੀਦ ਸੀ ਕਿ ਕਲਕੱਤਾ ਤੋਂ ਵੈਨਕੂਵਰ ਜਾਣ ਲਈ ਜਹਾਜ਼ ਕਿਰਾਏ 'ਤੇ ਲੈਕੇ ਕੈਨੇਡਾ ਦੇ ਸਿੱਧੇ ਸਫ਼ਰ ਦੇ ਕਾਨੂੰਨ ਨੂੰ ਚੁਣੌਤੀ ਦਿੱਤੀ ਜਾ ਸਕੇਗੀ; ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਉਹ ਆਪਣੇ ਹਮਵਤਨੀਆਂ ਦੀ ਭਲਾਈ 'ਚ ਹਿੱਸਾ ਪਾਉਣਾ ਚਾਹੁੰਦਾ ਸੀ। ਗੁਰਦਿੱਤ ਸਿੰਘ ਦੇ ਆਪਣੇ ਲਫ਼ਜ਼ਾਂ 'ਚ:

"ਜਦੋਂ ਜਨਵਰੀ 1914 'ਚ ਮੈਂ ਕਿਸੇ ਜ਼ਾਤੀ ਕਾਰੋਬਾਰ ਦੇ ਸਿਲਸਿਲੇ 'ਚ ਹਾਂਗਕਾਂਗ ਆਇਆ, ਮੇਰੇ ਤੋਂ ਵੈਨਕੂਵਰ ਜਾਣ ਵਾਲਿਆਂ ਦਾ ਦੁੱਖ ਅਤੇ ਮੁਸੀਬਤਾਂ ਬਰਦਾਸ਼ਤ ਨਹੀਂ ਹੋਏ ਜੋ ਹਾਂਗਕਾਂਗ ਦੇ ਗੁਰਦੁਆਰੇ ਵਿਚ ਬੈਠੇ ਉਡੀਕ ਰਹੇ ਸਨ। ਮੈਂ ਸੋਚਿਆ ਇਹ ਤਾਂ ਅਨਿਆਂ ਅਤੇ ਹਨੇਰਗਰਦੀ ਹੈ ਕਿਉਂਕਿ ਸਾਡੇ ਭਰਾ ਵੈਨਕੂਵਰ ਜਾਣ ਦੀ ਉਮੀਦ ਨਾਲ ਇਥੇ ਬੁਰੇ ਹਾਲ ਦਿਨ ਕਟੀ ਕਰ ਰਹੇ ਸਨ। ਉਹ ਉਥੇ ਇਕ ਸਾਲ ਤੋਂ ਠਹਿਰੇ ਹੋਏ ਸਨ ਅਤੇ ਖਾਣਪੀਣ ਦਾ ਖ਼ਰਚਾ ਆਪਣੇ ਪੱਲਿਓਂ ਕਰ ਰਹੇ ਸਨ.....ਮੇਰੇ ਤੋਂ ਵੈਨਕੂਵਰ ਜਾਣ ਵਾਲਿਆਂ ਦਾ ਦੁੱਖ ਅਤੇ ਮੁਸੀਬਤਾਂ ਬਰਦਾਸ਼ਤ ਨਹੀਂ ਹੋਏ ਜੋ ਗੁਰਦੁਆਰੇ ਵਿਚ ਬੈਠੇ ਇੰਤਜ਼ਾਰ ਕਰ ਰਹੇ ਸਨ।"

ਲਿਹਾਜ਼ਾ, ਉਸਦਾ ਮਨੋਰਥ ਆਪਣੇ ਹਮਵਤਨੀਆਂ ਦੀ ਮਦਦ ਕਰਨਾ ਸੀ ਜਿਨ੍ਹਾਂ ਦੇ ਕੈਨੇਡਾ ਜਾਣ ਦੇ ਪਹਿਲੇ ਯਤਨਾਂ ਵਿਚ ਅੜਿੱਕਾ ਪਾ ਦਿੱਤਾ ਗਿਆ ਸੀ।

ਨਾਲ ਹੀ, ਜਦੋਂ ਜਨਵਰੀ 1914 ਵਿਚ ਗੁਰਦਿੱਤ ਸਿੰਘ ਨੇ ਇਕ ਜਪਾਨੀ ਜਹਾਜ਼ ਕੰਪਨੀ ਤੋਂ ਕਾਮਾਗਾਟਾ ਮਾਰੂ ਜਹਾਜ਼ ਕਿਰਾਏ 'ਤੇ ਲੈਣ ਲਈ 'ਸ਼੍ਰੀ ਗੁਰੂ ਨਾਨਕ ਸਟੀਮਸ਼ਿੱਪ ਕੰਪਨੀ" ਬਣਾਈ, ਉਹ ਜਾਣਦਾ ਸੀ ਕਿ 1913 'ਚ 38 ਸਿੱਖਾਂ ਨੇ ਸਿੱਧੇ ਸਫ਼ਰ ਦੇ ਨਿਯਮ ਦੇ ਖ਼ਿਲਾਫ਼ ਕਾਨੂੰਨੀ ਲੜਾਈ ਲੜੀ ਸੀ। ਜਿਸ ਨੂੰ ਅਦਾਲਤਾਂ ਵਲੋਂ ਰੱਦ ਕਰ ਦਿੱਤਾ ਗਿਆ ਸੀ ਅਤੇ ਉਸ ਦੇ ਅਨੁਸਾਰ ਉਨ੍ਹਾਂ ਸਾਰਿਆਂ ਨੂੰ ਕੈਨੇਡਾ ਦੀ ਜ਼ਮੀਨ 'ਤੇ ਉਤਰਨ ਦੀ ਇਜਾਜ਼ਤ ਦੇ ਦਿੱਤੀ ਗਈ ਗਈ ਸੀ। ਦੂਜੀ ਗੱਲ, ਗੁਰਦਿੱਤ ਸਿੰਘ ਨੂੰ ਵੈਨਕੂਵਰ ਦੀ ਖ਼ਾਲਸਾ ਦੀਵਾਨ ਸੁਸਾਇਟੀ ਵਲੋਂ ਮਦਦ ਦਾ ਯਕੀਨ ਦਿਵਾਇਆ ਗਿਆ ਸੀ ਜਿਸਨੇ ਉਸ ਨੂੰ ਅੱਗੇ ਵਧਣ ਅਤੇ ਮੁਸਾਫ਼ਰਾਂ ਨੂੰ ਕੈਨੇਡਾ ਲਿਆਉਣ ਲਈ ਹੱਲਾਸ਼ੇਰੀ ਦਿੱਤੀ ਸੀ। ਨਾਲ ਹੀ, ਗੁਰਦਿੱਤ ਸਿੰਘ ਨੂੰ ਯਕੀਨ ਸੀ ਕਿ ਹਿੰਦੁਸਤਾਨ ਦੀ ਤਰ੍ਹਾਂ ਹਾਂਗਕਾਂਗ ਇਕ ਅੰਗਰੇਜ਼ ਬਸਤੀ ਹੋਣ ਕਾਰਨ ਇੱਥੋਂ ਸਫ਼ਰ ਸ਼ੁਰੂ ਕਰਨ ਨਾਲ ਸਿੱਧੇ ਸਫ਼ਰ ਦੀ ਕਾਨੂੰਨੀ ਸ਼ਰਤ ਵੀ ਪੂਰੀ ਕੀਤੀ ਜਾ ਸਕਦੀ ਸੀ।

ਇਨ੍ਹਾਂ ਕਾਰਕਾਂ ਨੇ ਉਸ ਨੂੰ ਅਤੇ ਹੋਰਨਾਂ ਨੂੰ ਕਾਮਾਗਾਟਾ ਮਾਰੂ ਦੇ ਸਫ਼ਰ ਦੀ ਵਿਉਂਤ ਉਲੀਕਣ ਲਈ ਉਤਸ਼ਾਹਤ ਕੀਤਾ।

ਇਸ ਤਰ੍ਹਾਂ ਉਹ ਸਿੱਧੇ ਸਫ਼ਰ ਦੇ ਕਾਨੂੰਨ ਨੂੰ ਚੁਣੌਤੀ ਦੇਣ ਅਤੇ ਇਸ ਜ਼ਰੀਏ ਹਿੰਦੁਸਤਾਨ ਤੋਂ ਕੈਨੇਡਾ ਜਾਣ ਦਾ ਰਾਹ ਖੋਲ੍ਹਣ ਦੇ ਮਨੋਰਥ ਵਾਲੇ ਨਿਸ਼ਾਨੇ 'ਚ ਜੁੱਟ ਗਿਆ। ਇਕ ਸਿਆਣਾ

ਉੱਦਮੀ ਹੋਣ ਦੇ ਨਾਤੇ "ਉਸਨੇ ਪਹਿਲੇ ਸਫ਼ਰ ਦੀਆਂ ਟਿਕਟਾਂ ਛਪਵਾ ਲਈਆਂ ਸਨ, ਅਹਿਮ ਥਾਵਾਂ ਉੱਪਰ ਇਸ਼ਤਿਹਾਰ ਲਗਵਾ ਦਿੱਤੇ ਗਏ ਸਨ, ਅਤੇ 500 ਮੁਸਾਫ਼ਰਾਂ ਦੀ ਸਮਰੱਥਾ ਪੂਰੀ ਹੋ ਜਾਣ ਦੀ ਉਮੀਦ ਨਾਲ ਗੁਰਦੁਆਰੇ ਵਿਚ ਵਿਕਰੀ ਕਾਊਂਟਰ ਖੋਲ੍ਹ ਦਿੱਤਾ ਸੀ। ਟਿਕਟ 100 ਡਾਲਰ ਦੀ ਵੇਚੀ ਗਈ ਸੀ। ਇਹ ਭਾਅ ਭਾਵੇਂ ਇਕ ਕੈਨੇਡੀਅਨ ਪੈਸੀਫਿਕ ਲਾਈਨਰ ਜਹਾਜ਼ ਦੀ ਤੀਜੇ ਦਰਜੇ ਦੀ ਸੀਟ ਤੋਂ ਦੁੱਗਣਾ ਸੀ, ਪਰ ਮੁਸਾਫ਼ਰ ਜ਼ਿਆਦਾ ਭਾੜਾ ਵੀ ਖ਼ੁਸ਼ੀ ਨਾਲ ਦੇ ਰਹੇ ਸਨ ਕਿਉਂਕਿ ਕੈਨੇਡੀਅਨ ਪੈਸੀਫਿਕ ਜਹਾਜ਼ ਇਕ ਈਸਟ ਇੰਡੀਅਨ ਨੂੰ ਓਦੋਂ ਤਕ ਜਗ੍ਹਾ ਨਹੀਂ ਦਿੰਦੇ ਸਨ ਜਦੋਂ ਤਕ ਉਹ ਕੈਨੇਡਾ ਦਾ ਬਾਸ਼ਿੰਦਾ ਨਾ ਹੋਵੇ।....ਕੂਚ ਕਰਨ ਤੋਂ ਪਹਿਲਾਂ ਪੁਲਿਸ ਦੇ ਛਾਪੇ ਤੋਂ ਇਲਾਵਾ ਇਕ ਹੋਰ ਨਾਟਕ ਵੀ ਹੋਇਆ। ਕਈ ਸੈਂਕੜੇ ਪੰਜਾਬੀ ਉਸ ਦਿਨ ਪੱਤਣ 'ਤੇ ਆ ਜੁੜੇ। ਕਾਮਾਗਾਟਾ ਮਾਰੂ ਦੇ ਕੂਚ ਕਰਨ ਤੋਂ ਤਿੰਨ ਦਿਨ ਪਹਿਲਾਂ 'ਅਖੰਡ ਪਾਠ' ਆਰੰਭਿਆ ਗਿਆ, ਇਸ ਦੇ ਆਖ਼ਰੀ ਦਿਨ ਅਰਦਾਸ ਕੀਤੀ ਗਈ; ਜਹਾਜ਼ ਦਾ ਨਾਂ ਰਸਮੀ ਤੌਰ 'ਤੇ 'ਗੁਰੂ ਨਾਨਕ ਜਹਾਜ਼' ਰੱਖਿਆ ਗਿਆ।"[10]

ਜਹਾਜ਼ ਨੇ ਹਾਂਗਕਾਂਗ ਤੋਂ ਮਾਰਚ ਵਿਚ ਰਵਾਨਾ ਹੋਣਾ ਸੀ, ਪਰ ਗੁਰਦਿੱਤ ਸਿੰਘ ਨੂੰ ਗ਼ੈਰਕਾਨੂੰਨੀ ਸਫ਼ਰ ਦੀਆਂ ਟਿਕਟਾਂ ਵੇਚਣ ਦੇ ਇਲਜ਼ਾਮ ਤਹਿਤ ਗ੍ਰਿਫ਼ਤਾਰ ਕਰ ਲਿਆ ਗਿਆ। ਜ਼ਮਾਨਤ ਉੱਪਰ ਰਿਹਾਅ ਹੋਣ 'ਤੇ, ਉਸਨੇ 'ਗ਼ੈਰਕਾਨੂੰਨੀ ਸਫ਼ਰ' ਦੇ ਇਲਜ਼ਾਮ ਨੂੰ ਕਾਮਯਾਬੀ ਨਾਲ ਚੁਣੌਤੀ ਦਿੱਤੀ। ਅਤੇ ਹਾਂਗਕਾਂਗ ਦੇ ਗਵਰਨਰ ਨੇ ਜਹਾਜ਼ ਦੇ ਕੂਚ ਕਰਨ ਦੀ ਇਜਾਜ਼ਤ ਦੇ ਦਿੱਤੀ ਸੀ। 4 ਅਪ੍ਰੈਲ ਨੂੰ 165 ਮੁਸਾਫ਼ਰਾਂ ਨੂੰ ਲੈ ਕੇ ਜਹਾਜ਼ ਰਵਾਨਾ ਹੋਇਆ। 8 ਅਪ੍ਰੈਲ ਨੂੰ ਸ਼ੰਘਾਈ ਵਿਖੇ ਹੋਰ ਮੁਸਾਫ਼ਰ ਚੜ੍ਹ ਗਏ, ਅਤੇ 14 ਅਪ੍ਰੈਲ ਨੂੰ ਜਹਾਜ਼ ਯੋਕੋਹਾਮਾ ਪਹੁੰਚ ਗਿਆ। ਇਥੇ ਯੋਕੋਹਾਮਾ ਵਿਚ, ਹਿੰਦੀ ਕੌਮਪ੍ਰਸਤ ਇਨਕਲਾਬੀ ਮੌਲਾਨਾ ਬਰਕਤਉੱਲਾ (ਇਕ ਬਰਤਾਨੀਆ ਵਿਰੋਧੀ ਅਖ਼ਬਾਰ *ਇਸਲਾਮਿਕ ਫਰੇਟਰਨਟੀ* ਦੇ ਸੰਪਾਦਕ) ਅਤੇ ਬਲਵੰਤ ਸਿੰਘ (ਜੋ ਵੈਨਕੂਵਰ ਗੁਰਦੁਆਰੇ ਦਾ ਗ੍ਰੰਥੀ ਸੀ ਅਤੇ ਉਸ ਤਿੰਨ ਮੈਂਬਰੀ ਵਫ਼ਦ ਦਾ ਮੈਂਬਰ ਰਹਿ ਚੁੱਕਾ ਸੀ ਜੋ ਕੈਨੇਡਾ ਵਿਚਲੇ ਹਿੰਦੀਆਂ ਦੇ ਮਾਮਲੇ ਦੀ ਨੁਮਾਇੰਦਗੀ ਕਰਨ ਲਈ ਲੰਦਨ ਅਤੇ ਹਿੰਦੁਸਤਾਨ ਭੇਜਿਆ ਗਿਆ ਸੀ) ਹਫ਼ਤਾਵਾਰ ਗ਼ਦਰ ਦਾ ਤਾਜ਼ਾ ਅੰਕ ਲੈ ਕੇ ਕਾਮਾਗਾਟਾ ਮਾਰੂ ਉੱਪਰ ਆਏ। ਇਹ ਜੋੜੀ ਹਰਦਿਆਲ ਦੀ ਗ੍ਰਿਫ਼ਤਾਰੀ ਅਤੇ ਉੱਥੋਂ ਚਲੇ ਜਾਣ ਤੋਂ ਬਾਅਦ ਗ਼ਦਰ ਮੁਹਿਮ ਦੀ ਅਗਵਾਈ ਕਰਨ ਲਈ ਸਾਨ ਫਰਾਂਸਿਸਕੋ ਜਾ ਰਹੀ ਸੀ।

ਕਾਮਾਗਾਟਾ ਮਾਰੂ ਆਪਣੇ 376 ਮੁਸਾਫ਼ਰਾਂ ਦੇ ਪੂਰ ਨੂੰ ਲੈ ਕੇ 3 ਮਈ ਨੂੰ ਯੋਕੋਹਾਮਾ ਤੋਂ ਚਲਿਆ। ਸਾਰੇ ਮੁਸਾਫ਼ਰ ਬਰਤਾਨਵੀ ਪਰਜਾ ਸਨ ਜਿਨ੍ਹਾਂ ਵਿਚ 340 ਸਿੱਖ, 24 ਮੁਸਲਾਮਾਨ ਅਤੇ 12 ਹਿੰਦੂ ਸਨ। ਵੈਨਕੂਵਰ ਨੂੰ ਜਾਂਦਿਆਂ, ਜਹਾਜ਼ ਉੱਪਰ ਗ਼ਦਰੀ ਸਾਹਿਤ ਵੰਡਿਆ ਗਿਆ ਅਤੇ ਸਿਆਸੀ ਮੀਟਿੰਗਾਂ ਵੀ ਕੀਤੀਆਂ ਗਈਆਂ।

ਵੈਨਕੂਵਰ ਪਹੁੰਚਣਾ

23 ਮਈ ਨੂੰ, ਜਦੋਂ ਕਾਮਾਗਾਟਾ ਮਾਰੂ ਵੈਨਕੂਵਰ ਦੇ ਬੁਰਾਰਡ ਪ੍ਰਵੇਸ਼-ਦੁਆਰ 'ਚ

ਦਾਖ਼ਲ ਹੋਇਆ ਤਾਂ ਉਨ੍ਹਾਂ ਨੂੰ ਇਹ ਦੇਖਕੇ ਅਚੰਭਾ ਹੋਇਆ ਕਿ ਜਹਾਜ਼ ਨੂੰ ਪੁਲਿਸ ਨੇ ਘੇਰਾ ਘੱਤ ਲਿਆ ਸੀ। ਕਾਮਾਗਾਟਾ ਮਾਰੂ ਦੀ ਆਮਦ ਨੂੰ ਗੜਬੜ ਕਰਨ ਵਾਲੀ ਅਤੇ ਹਿੰਸਕ ਕਾਰਵਾਈ ਕਰਾਰ ਦੇ ਕੇ ਬ੍ਰਿਟਿਸ਼ ਕੋਲੰਬੀਆ ਦੇ ਕਾਨਜ਼ਰਵੇਟਿਵ ਪ੍ਰੀਮੀਅਰ ਰਿਚਰਡ ਮੈਕਬ੍ਰਾਈਡ ਨੇ ਸਾਫ਼ ਬਿਆਨ ਦਿੱਤਾ ਕਿ ਮੁਸਾਫ਼ਰਾਂ ਨੂੰ ਉਤਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਨਾਲ ਹੀ, ਇਸ ਵਾਰ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਅਕਤੂਬਰ 1913 ਵਾਲੀ ਪਨਾਮਾ ਮਾਰੂ ਘਟਨਾ ਨਾ ਦੁਹਰਾਉਣ ਦੀ ਠਾਣ ਰੱਖੀ ਸੀ। ਓਦੋਂ, 56 ਸਿੱਖ ਇਹ ਦਾਅਵਾ ਕਰਦੇ ਹੋਏ ਵੈਨਕੂਵਰ ਆਏ ਸਨ ਕਿ ਉਹ ਪਹਿਲਾਂ ਹੀ ਕੈਨੇਡਾ ਰਹਿ ਰਹੇ ਹਨ ਅਤੇ ਵਾਪਸ ਜਾ ਰਹੇ ਸਨ। ਇਮੀਗ੍ਰੇਸ਼ਨ ਅਧਿਕਾਰੀਆਂ ਨੇ ਉਨ੍ਹਾਂ ਨੂੰ ਉਤਰਨ ਦੀ ਇਜਾਜ਼ਤ ਦੇ ਦਿੱਤੀ, ਪਰ 56 ਵਿੱਚੋਂ 39 ਨੂੰ ਨਜ਼ਰਬੰਦ ਕਰ ਲਿਆ।

ਉਸ ਇਲਾਕੇ ਵਿਚ ਗ਼ੈਰਗੋਰੇ ਬਾਸ਼ਿੰਦਿਆਂ ਵਿਰੁੱਧ ਪਹਿਲਾਂ ਹੀ ਡੂੰਘੇ ਤੁਅੱਸਬ ਬਣੇ ਹੋਏ ਸਨ। 1907 'ਚ ਪੂਰਬੀਆਂ ਵਿਰੋਧੀ ਫ਼ਸਾਦ ਹੋ ਚੁੱਕੇ ਸਨ। ਇਹ ਉਹ ਸਾਲ ਵੀ ਸੀ ਜਦੋਂ 901 ਸਿੱਖ ਕੈਨੇਡੀਅਨ ਪੈਸੀਫਿਕ ਜਹਾਜ਼ ਮੌਂਟਈਗਲ 'ਤੇ ਸਵਾਰ ਹੋ ਕੇ ਵੈਨਕੂਵਰ ਪਹੁੰਚੇ ਸਨ। ਇਸ ਪਿਛੋਕੜ 'ਚ, ਬਹੁਤ ਸਾਰੇ ਗੋਰੇ ਬਾਸ਼ਿੰਦਿਆਂ – ਖ਼ਾਸ ਕਰਕੇ ਉਨ੍ਹਾਂ ਜੋ ਆਪਣੀਆਂ ਨੌਕਰੀਆਂ ਨੂੰ ਖ਼ਤਰਾ ਮਹਿਸੂਸ ਕਰਦੇ ਸਨ – ਨੂੰ ਕਾਫ਼ੀ ਹਮਦਰਦੀ ਹਾਸਲ ਸੀ। ਫੈੱਡਰਲ ਸਰਕਾਰ ਪਹਿਲਾਂ ਹੀ ਸਟੀਮਸ਼ਿੱਪ ਕੰਪਨੀਆਂ ਨੂੰ ਹਿੰਦੁਸਤਾਨੀਆਂ ਨੂੰ ਟਿਕਟਾਂ ਨਾ ਵੇਚਣ ਲਈ ਦਬਾਅ ਪਾ ਰਹੀ ਸੀ।

ਫਿਰ, ਇਮੀਗ੍ਰੇਸ਼ਨ ਅਧਿਕਾਰੀਆਂ ਨੇ ਮੁਸਾਫ਼ਰਾਂ ਨੂੰ ਜਹਾਜ਼ ਤੋਂ ਉਤਰਨ ਦੀ ਇਜਾਜ਼ਤ ਦੇਣ ਤੋਂ ਇਹ ਕਹਿਕੇ ਨਾਂਹ ਕਰ ਦਿੱਤੀ ਕਿ ਇਹ ਸਿੱਧਾ ਹਿੰਦੁਸਤਾਨ ਤੋਂ ਨਹੀਂ ਆਇਆ ਸੀ ਅਤੇ ਕਿ ਜ਼ਿਆਦਾਤਰ ਮੁਸਾਫ਼ਰਾਂ ਕੋਲ ਬ੍ਰਿਟਿਸ਼ ਕੋਲੰਬੀਆ ਵਿਚ ਦਾਖ਼ਲ ਹੋਣ ਲਈ ਲੋੜੀਂਦੇ 200 ਡਾਲਰ ਨਹੀਂ। ਬੀ.ਸੀ. ਦਾ ਮੀਡੀਆ ਵੀ ਉਨ੍ਹਾਂ ਦੀ ਪਿੱਠ 'ਤੇ ਸੀ ਜੋ ਵੈਰਭਾਵੀ ਕੈਨੇਡੀਅਨ ਪ੍ਰਤੀਕਰਮ ਦੀ ਸੁਰ ਦੁਹਰਾ ਰਿਹਾ ਸੀ। ਵੈਨਕੂਵਰ ਵਿਚ ਜਹਾਜ਼ ਨੂੰ ਮਿਲਣ ਵਾਲਾ ਪਹਿਲਾ ਇਮੀਗ੍ਰੇਸ਼ਨ ਅਧਿਕਾਰੀ ਫਰੈੱਡ "ਸਾਈਕਲੋਨ" ਟੇਲਰ ਸੀ।

ਵੈਨਕੂਵਰ ਦੇ ਮੇਅਰ ਟਰੂਮੈਨ ਬੈਕਸਟਰ ਵਲੋਂ ਜਥੇਬੰਦ ਕੀਤੀ ਏਸ਼ੀਅਨਾਂ ਵਿਰੋਧੀ ਰੈਲੀ ਵਿਖੇ ਇਕ ਕਾਨਜ਼ਰਵੇਟਿਵ ਐੱਮ.ਪੀ., ਐੱਚ.ਐੱਚ. ਸਟੀਵਨਜ਼ ਨੇ ਕਿਹਾ:

"ਜ਼ਾਤੀ ਤੌਰ 'ਤੇ ਮੇਰੀ ਏਸ਼ੀਆ ਤੋਂ ਆਉਣ ਵਾਲੇ ਲੋਕਾਂ ਪ੍ਰਤੀ ਕੋਈ ਮੰਦ-ਭਾਵਨਾ ਨਹੀਂ ਹੈ, ਪਰ ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਕੈਨੇਡਾ ਦੀ ਕੌਮੀ ਜ਼ਿੰਦਗੀ ਏਸ਼ੀਆ ਤੋਂ ਹੋ ਰਹੇ ਵੱਡੀ ਮਾਤਰਾ 'ਚ ਆਵਾਸ ਦੀ ਇਜਾਜ਼ਤ ਨਹੀਂ ਦੇਵੇਗੀ।....ਮੈਂ ਸਾਰੇ ਮੌਕਿਆਂ 'ਤੇ ਇਸ ਮਹਾਨ ਅਸੂਲ – ਇਕ ਗੋਰੇ ਮੁਲਕ ਅਤੇ ਇਕ ਗੋਰਾ ਬ੍ਰਿਟਿਸ਼ ਕੋਲੰਬੀਆ ਦੇ ਅਸੂਲ – ਉੱਪਰ ਦ੍ਰਿੜਤਾ ਨਾਲ ਡੱਟੇ ਰਹਿਣ ਦਾ ਇਰਾਦਾ ਰੱਖਦਾ ਹਾਂ।"[11]

ਸਟੀਵਨਜ਼ ਦੀ ਤਕਰੀਰ ਦਾ ਹਜੂਮ ਨੇ ਖੜ੍ਹੇ ਹੋ ਕੇ ਸਵਾਗਤ ਕੀਤਾ। ਰੈਲੀ ਜਹਾਜ਼ ਦੇ ਮੁਸਾਫ਼ਰਾਂ ਨੂੰ ਉਤਰਨ ਦੀ ਇਜਾਜ਼ਤ ਦੇਣ ਦੇ ਖ਼ਿਲਾਫ਼ ਅਤੇ ਸਰਕਾਰ ਉੱਪਰ ਜਹਾਜ਼ ਨੂੰ ਕੈਨੇਡਾ

ਦੇ ਸਮੁੰਦਰ ਵਿਚ ਖੜ੍ਹੇ ਰਹਿਣ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰਨ ਦੀ ਅਪੀਲ ਕਰਨ ਵਾਸਤੇ ਜਥੇਬੰਦ ਕੀਤੀ ਗਈ ਸੀ। ਇਮੀਗ੍ਰਸ਼ਨ ਅਧਿਕਾਰੀ ਮੈਲਕਮ ਆਰ.ਜੇ. ਰੀਡ ਨਾਲ ਮਿਲਕੇ ਮੁਸਾਫ਼ਰਾਂ ਨੂੰ ਸਮੁੰਦਰ ਵਿਚ ਡੱਕੀ ਰੱਖਣ ਅਤੇ ਜਹਾਜ਼ ਉੱਪਰ ਉਨ੍ਹਾਂ ਨਾਲ ਬਦਸਲੂਕੀ ਕਰਨ ਨੂੰ ਅੰਜਾਮ ਦੇਣ ਵਾਲਾ ਸਟੀਵਨਜ਼ ਸੀ। ਸਟੀਵਨਜ਼ ਦੀ ਮਦਦ ਨਾਲ ਇਹ ਰੀਡ ਦੀ ਮੁਸਾਫ਼ਰਾਂ ਬਾਬਤ ਕਾਨੂੰਨੀ ਕਾਰਵਾਈ ਨੂੰ ਲਮਕਾਉਣ ਦੀ ਜ਼ਿੱਦ ਹੀ ਸੀ ਜਿਸ ਦਾ ਸਿੱਟਾ ਇਸ ਬਦਸਲੂਕੀ 'ਚ ਨਿਕਲਿਆ ਸੀ। ਭਾਵੇਂ ਗਰੇਟ ਬ੍ਰਿਟੇਨ ਨੇ ਐਲਾਨ ਕੀਤਾ ਸੀ ਕਿ ਹਿੰਦੁਸਤਾਨ ਦੇ ਸਾਰੇ ਲੋਕ ਅਧਿਕਾਰਤ ਤੌਰ 'ਤੇ ਬਰਤਾਨਵੀ ਪਰਜਾ ਹਨ ਅਤੇ ਉਹ ਬਰਤਾਨਵੀ ਰਾਸ਼ਟਰਮੰਡਲ ਵਿਚ ਕਿਤੇ ਵੀ ਰਹਿ ਸਕਦੇ ਹਨ; ਇਸ ਤੱਥ ਦੀ ਕੋਈ ਪ੍ਰਵਾਹ ਨਾ ਕਰਦੇ ਹੋਏ ਕੈਨੇਡਾ ਦੀ ਸਰਕਾਰ ਨੇ ਉਨ੍ਹਾਂ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ।

ਕੁਲ 24 ਮੁਸਾਫ਼ਰਾਂ, ਉਨ੍ਹਾਂ ਵਿੱਚੋਂ ਉਨ੍ਹਾਂ ਦੀਆਂ ਦੋ ਪਤਨੀਆਂ ਅਤੇ ਤਿੰਨ ਬੱਚੇ ਸਨ, ਅਤੇ ਡਾ. ਰਘੁਨਾਥ ਸਿੰਘ[12], ਉਸਦੀ ਪਤਨੀ ਤੇ ਬੱਚੇ ਨੂੰ ਸਵੀਕਾਰ ਕਰ ਲਿਆ ਗਿਆ। ਬਾਕੀਆਂ ਨੂੰ ਗ਼ੈਰਕਾਨੂੰਨੀ ਘੁਸਪੈਠੀਏ ਮੰਨਿਆ ਗਿਆ ਜੋ ਵਿਚਾਰੇ ਜਾਣ ਦੇ ਲਾਇਕ ਨਹੀਂ ਸਮਝੇ ਗਏ। ਇੱਥੋਂ ਤਕ ਕਿ ਮੁਸਾਫ਼ਰਾਂ ਦੀ ਪਾਣੀ ਤੇ ਰਾਸ਼ਨ ਦੀ ਮੰਗ ਦੀ ਗੁਜ਼ਾਰਿਸ਼ ਦੀ ਕੋਈ ਪ੍ਰਵਾਹ ਨਹੀਂ ਕੀਤੀ ਗਈ।

ਇਸ ਦੌਰਾਨ, ਇਸਮਾਇਲੀ ਮੁਸਲਿਮ ਭਾਈਚਾਰੇ ਦੇ ਆਗੂ ਹੁਸੈਨ ਰਹੀਮ, ਬਲਵੰਤ ਸਿੰਘ ਅਤੇ ਸੋਹਣ ਲਾਲ ਪਾਠਕ ਨੂੰ ਲੈਕੇ ਇਕ "ਘਾਟ ਕਮੇਟੀ" ਬਣਾ ਲਈ ਗਈ ਸੀ। ਬਾਅਦ ਵਿਚ, ਕਾਂਸ਼ੀਰਾਮ ਦੇ ਨਿਰਦੇਸ਼ ਤਹਿਤ, ਪਾਂਡੂਰੰਗ ਖ਼ਾਨਖੋਜੇ ਵੀ ਧਨ ਅਤੇ ਹਦਾਇਤਾਂ ਲੈ ਕੇ ਵੈਨਕੂਵਰ ਵਿਖੇ ਘਾਟ ਕਮੇਟੀ ਵਿਚ ਸ਼ਾਮਲ ਹੋ ਗਏ।[13] ਕੈਨੇਡਾ ਅਤੇ ਅਮਰੀਕਾ ਵਿਚ ਰੋਸ ਮੀਟਿੰਗਾਂ ਕੀਤੀਆਂ ਗਈਆਂ। *"ਜੁਲਾਈ ਵਿਚ ਵੈਨਕੂਵਰ (ਡੁਮੀਨੀਅਨ ਹਾਲ) ਵਿਚ ਇਸ ਦੀ ਹਮਾਇਤ ਵਿਚ ਹੋਏ ਇਕ ਇਕੱਠ ਵਿਚ 400 ਹਿੰਦੀ ਅਤੇ 150 ਗੋਰੇ ਸ਼ਾਮਲ ਹੋਏ ਸਨ। ਮਗਰਲੇ ਮੁੱਖ ਤੌਰ 'ਤੇ ਸੋਸ਼ਲਿਸਟ ਸਨ। ਇਸਦਾ ਸਿਹਰਾ ਇਸ ਤੱਥ ਨੂੰ ਜਾਂਦਾ ਸੀ ਕਿ ਹੁਸੈਨ ਰਹੀਮ, ਜੋ ਓਦੋਂ ਹਿੰਦੁਸਤਾਨੀ ਅਖ਼ਬਾਰ ਦਾ ਸੰਪਾਦਕ ਸੀ, ਉਹ ਮੁਕਾਮੀ ਸੋਸ਼ਲਿਸਟ ਜਥੇਬੰਦੀ ਦਾ ਸਕੱਤਰ ਵੀ ਸੀ, ਜਿਸਦੇ ਇਕ ਵਧੇਰੇ "ਸਿਰ-ਫਿਰੇ" ਮੈਂਬਰ ਨੇ ਫਿਰ ਹਿੰਦੁਸਤਾਨੀਆਂ ਨੂੰ ਹਿੰਦੁਸਤਾਨ ਵਾਪਸ ਚਲੇ ਜਾਣ, ਉਥੇ ਜਾ ਕੇ ਇਨਕਲਾਬ ਦਾ ਪਰਚਮ ਬੁਲੰਦ ਕਰਨ ਅਤੇ ਆਪਣੇ ਮੁਲਕ ਦੀ ਹੋਣੀ ਦੇ ਮਾਲਕ ਖ਼ੁਦ ਬਣਨ ਦੀ ਸਲਾਹ ਦਿੱਤੀ।"*[14]

ਇਕੱਠ ਵਿਚ ਇਹ ਮਤਾ ਵੀ ਪਾਸ ਕੀਤਾ ਗਿਆ ਕਿ ਇਹ ਜਹਾਜ਼ ਸਮੁੱਚੇ ਹਿੰਦ ਦਾ ਹੈ, ਕਿ ਇਹ ਹਿੰਦ ਦੇ ਗੌਰਵ ਦਾ ਚਿੰਨ੍ਹ ਹੈ। ਇਹ ਦਾਅਵੇ ਨਾਲ ਕਿਹਾ ਗਿਆ ਕਿ ਜੇ ਇਸ ਨੂੰ ਨਜ਼ਰਬੰਦ ਕੀਤਾ ਜਾਂਦਾ ਹੈ ਤਾਂ ਬਰਤਾਨਵੀ ਹਿੰਦੀ ਫ਼ੌਜ ਵਿਚ ਬਗ਼ਾਵਤ ਹੋ ਜਾਵੇਗੀ।

ਬਰਤਾਨਵੀ ਸਰਕਾਰ ਦਾ ਇਕ ਏਜੰਟ, ਜੋ ਇਕੱਠ ਵਿਚ ਘੁਸ ਗਿਆ ਸੀ, ਉਸਨੇ ਲੰਦਨ ਅਤੇ ਔਟਵਾ ਨੂੰ ਤਾਰਾਂ ਭੇਜਕੇ ਇਤਲਾਹ ਦਿੱਤੀ ਕਿ ਜਹਾਜ਼ ਉੱਪਰ ਗ਼ਦਰ ਪਾਰਟੀ ਦੇ ਹਮਾਇਤੀ ਸਨ।

ਘਾਟ ਕਮੇਟੀ ਨੇ ਜਹਾਜ਼ ਦੀ ਕਿਸ਼ਤ ਤਾਰਨ ਲਈ 22000 ਡਾਲਰ ਇਕੱਠੇ ਕੀਤੇ। ਉਨ੍ਹਾਂ ਨੇ ਇਕ ਅਜ਼ਮਾਇਸ਼ੀ ਕੇਸ ਵੀ ਲੜਿਆ – ਭਾਵ ਇਕ ਮੁਸਾਫ਼ਰ ਮੁਣਸ਼ੀ ਸਿੰਘ ਦੇ ਨਾਂ 'ਤੇ ਜੇ. ਐਡਵਾਰਡ ਬਰਡ ਨੂੰ ਕਾਨੂੰਨੀ ਸਲਾਹਕਾਰ ਲੈਕੇ ਕਾਨੂੰਨੀ ਲੜਾਈ ਗਈ। 7 ਜੁਲਾਈ ਨੂੰ ਬੀ.ਸੀ. ਦੀ ਅਪੀਲ ਅਦਾਲਤ ਨੇ ਸਰਵਸੰਮਤੀ ਨਾਲ ਫ਼ੈਸਲਾ ਕੀਤਾ ਕਿ ਕੌਂਸਲ ਦੇ ਨਵੇਂ ਹੁਕਮਾਂ ਤਹਿਤ ਇਸ ਕੋਲ ਇਮੀਗ੍ਰੇਸ਼ਨ ਅਤੇ ਬਸਤੀਕਰਨ ਵਿਭਾਗ ਦੇ ਫ਼ੈਸਲਿਆਂ ਵਿਚ ਦਖ਼ਲ ਦੇਣ ਦਾ ਕੋਈ ਅਧਿਕਾਰ ਨਹੀਂ ਹੈ।

ਅਦਾਲਤ ਦੇ ਫ਼ੈਸਲੇ ਨੇ ਮੁਸਾਫ਼ਰਾਂ ਅਤੇ ਵੈਨਕੂਵਰ ਦੇ ਇੰਡੋ-ਕੈਨੇਡੀਅਨ ਭਾਈਚਾਰੇ ਦੀਆਂ ਕੁਲ ਉਮੀਦਾਂ ਉੱਪਰ ਪਾਣੀ ਫੇਰ ਦਿੱਤਾ। ਮੁਸਾਫ਼ਰ ਸਰਕਾਰੀ ਅਥਾਰਟੀ, ਖ਼ਾਸ ਕਰਕੇ ਬਰਤਾਨਵੀ ਅਥਾਰਟੀ ਤੋਂ ਪੂਰੀ ਤਰ੍ਹਾਂ ਅੱਕੇ ਹੋਏ ਸਨ। ਮਾਯੂਸ ਭਾਈਚਾਰੇ ਦੇ ਕੁਝ ਕਾਰਕੁਨ ਤਾਂ ਐਨ ਗੁੱਸੇ ਵਿਚ ਸਨ ਕਿ ਉਨ੍ਹਾਂ ਨੇ ਬਦਲਾ ਲੈਣ ਦੀ ਸਹੁੰ ਖਾਧੀ।

> *"ਇਮੀਗ੍ਰੇਸ਼ਨ ਅਫ਼ਸਰ ਰੀਡ, ਅਤੇ ਹਾਪਕਿਨਸਨ ਤੇ ਉਸਦੇ ਬੇਲਾ ਸਿੰਘ ਤੇ ਬਾਬੂ ਸਿੰਘ ਵਰਗੇ ਦੱਲਿਆਂ ਦੇ ਕਤਲ ਦੀ ਮੰਗ ਨੂੰ ਲੈਕੇ ਉੱਚੀ-ਉੱਚੀ ਗੱਲਾਂ ਹੋਣ ਲੱਗੀਆਂ। ਰੀਡ ਅਤੇ ਹਾਪਕਿਨਸਨ ਦਾ ਵਿਸ਼ਵਾਸ ਸੀ ਕਿ ਅਮਰੀਕਾ ਤੋਂ ਗ਼ਦਰ ਪਾਰਟੀ ਦੇ ਆਗੂ ਆਪਣੇ ਕੈਨੇਡੀਅਨ ਸਾਥੀਆਂ ਨੂੰ ਗੜਬੜ ਕਰਨ ਲਈ ਸਿੱਧੇ ਤੌਰ 'ਤੇ ਉਕਸਾ ਰਹੇ ਸਨ।"*[15] ਵੈਸਟ ਕੋਸਟ ਹਿੰਦੂਆਂ ਦੀ ਜਾਸੂਸੀ ਲਈ ਲਾਇਆ ਪੱਕਾ ਜਸੂਸ ਹਾਪਕਿਨਸਨ ਅਥਾਰਟੀ ਨੂੰ ਚੇਤਾਵਨੀਆਂ ਦੇ ਰਿਹਾ ਸੀ ਕਿ ਕਾਮਾਗਾਟਾ ਮਾਰੂ ਮੁਸਾਫ਼ਰਾਂ ਦੇ ਸਖ਼ਤ ਵਿਰੋਧ ਨੂੰ ਅਮਰੀਕਾ ਵਿਚ ਰਹਿ ਰਹੇ ਪੜ੍ਹੇ-ਲਿਖੇ ਹਿੰਦੁਸਤਾਨੀਆਂ ਵਲੋਂ ਇਕ ਸਾਜ਼ਿਸ਼ ਦੁਆਰਾ ਉਕਸਾਇਆ ਜਾ ਰਿਹਾ ਸੀ। ਇਹ ਗ਼ਲਤ ਨਹੀਂ ਸੀ ਕਿ ਗ਼ਦਰੀਆਂ ਨੇ ਆਪਣੀ ਮੂਲ ਵਸੋਂ ਅੰਦਰ ਪ੍ਰਚਾਰ ਕਰਨ ਦਾ ਭਰਪੂਰ ਮੌਕਾ ਦੇਖਕੇ ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਤਕ ਪਹੁੰਚ ਕੀਤੀ ਸੀ।

ਜ਼ਲਾਲਤ, ਰੋਹ ਅਤੇ ਵੈਨਕੂਵਰ ਤੋਂ ਵਾਪਸੀ

ਹਾਲਤ ਭੜਕੀ ਦੇਖਕੇ ਸਰਕਾਰੀ ਅਧਿਕਾਰੀ ਇਸ ਸ਼ਰਤ 'ਤੇ ਮੁਸਾਫ਼ਰਾਂ ਦੇ ਵਾਪਸੀ ਸਫ਼ਰ ਲਈ 4000 ਡਾਲਰ ਦਾ ਖਾਣਾ ਤੇ ਹੋਰ ਰਸਦ ਦੇਣਾ ਮੰਨ ਗਏ ਕਿ ਜਹਾਜ਼ ਤੁਰੰਤ ਹਾਂਗਕਾਂਗ ਲਈ ਤੋਰ ਲਿਆ ਜਾਵੇਗਾ। ਮੁਸਾਫ਼ਰਾਂ ਨੇ ਕਰੜੀ ਸ਼ਰਤ ਮੰਨਣੋਂ ਨਾਂਹ ਕਰ ਦਿੱਤੀ ਕਿਉਂਕਿ ਉਨ੍ਹਾਂ ਨੂੰ ਮੈਲਕਮ ਰੀਡ ਤੇ ਉਸਦੇ ਲਸ਼ਕਰਾਂ ਉੱਪਰ ਯਕੀਨ ਨਹੀਂ ਸੀ। ਆਖ਼ਰੀ ਚਾਰਾਜੋਈ ਵਜੋਂ, ਰੀਡ ਤੇ ਹੋਰ ਅਧਿਕਾਰੀ ਅੱਧੀ ਰਾਤ ਨੂੰ ਜਹਾਜ਼ ਉੱਪਰ ਗਏ ਅਤੇ ਕਾਮਾਗਾਟਾ ਮਾਰੂ ਦੇ ਕਪਤਾਨ ਯਾਮਾਮੋਤੋ ਨੂੰ ਜਹਾਜ਼ ਨੂੰ ਵੈਨਕੂਵਰ ਪੱਤਣ ਤੋਂ ਬਾਹਰ ਲੈ ਜਾਣ ਦੀਆਂ ਤਿਆਰੀਆਂ ਕਰਨ ਲਈ ਕਿਹਾ। ਪਰ, ਜਹਾਜ਼ ਦੇਣ ਵਾਲਿਆਂ ਦੀ ਰਜ਼ਾਮੰਦੀ ਤੋਂ ਬਗ਼ੈਰ, ਕਪਤਾਨ ਜਹਾਜ਼ ਨੂੰ ਵੈਨਕੂਵਰ ਪੱਤਣ ਤੋਂ ਲੈ ਜਾਣ ਦੇ ਸਮਰੱਥ ਨਹੀਂ ਸੀ। ਮੁਸਾਫ਼ਰਾਂ ਦੀ

ਮਾਯੂਸੀ ਨੂੰ ਭਾਂਪਕੇ, ਸਰਕਾਰ ਨੇ ਆਖ਼ਿਰਕਾਰ ਕਾਮਾਗਾਟਾ ਮਾਰੂ ਤੋਂ ਤੁਰੰਤ ਖਹਿੜਾ ਛੁਡਾਉਣ ਦਾ ਫ਼ੈਸਲਾ ਕੀਤਾ, ਤਾਕਤ ਇਸਤੇਮਾਲ ਕਰਕੇ ਵੀ।

ਫਿਰ, 19 ਜੁਲਾਈ ਨੂੰ ਕੈਨੇਡਾ ਸਰਕਾਰ ਨੇ ਪੱਤਣ ਦੇ ਅਗਨਬੋਟ *ਸੀ ਲਾਇਅਨ* ਨੂੰ ਜਹਾਜ਼ ਨੂੰ ਧੂਹਕੇ ਸਮੁੰਦਰੋਂ ਬਾਹਰ ਲੈ ਜਾਣ ਦਾ ਹੁਕਮ ਦਿੱਤਾ। ਇਸ ਉੱਪਰ ਪੁਲਿਸ ਮੁਖੀ ਸਮੇਤ 125 ਪੁਲਿਸ ਅਧਿਕਾਰੀਆਂ ਤੇ ਚਾਰ ਇੰਸਪੈਕਟਰਾਂ ਦੇ ਨਾਲ ਪੈਂਤੀ ਵਿਸ਼ੇਸ਼ ਇਮੀਗ੍ਰੇਸ਼ਨ ਅਫ਼ਸਰ ਸਵਾਰ ਸਨ। ਉਨ੍ਹਾਂ ਵਿਚ ਘ੍ਰਿਣਤ ਵਿਲੀਅਮ ਸੀ. ਹਾਪਕਿਨਸਨ ਵੀ ਸੀ, ਜੋ ਜਹਾਜ਼ ਦੀ ਰਾਖੀ ਕਰਨ ਵਾਲਿਆਂ ਦੇ ਰੋਹ ਦਾ ਖ਼ਾਸ ਨਿਸ਼ਾਨਾ ਸੀ। ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਨੇ ਕੋਲੇ ਦੇ ਡਲੇ, ਇੱਟਾਂ, ਧਾਤ ਦੇ ਕਬਾੜ ਅਤੇ ਕੰਕਰੀਟ ਦੀ ਬੌਛਾੜ ਕਰਕੇ ਜਹਾਜ਼ ਨੂੰ ਬੋਟ ਨਾਲ ਬੰਨ੍ਹਣ ਅਤੇ ਪਾਣੀ ਦਾ ਪਾਈਪ ਸੁੱਟਣ ਦੇ ਯਤਨ ਨਾਕਾਮ ਬਣਾਕੇ ਨੇੜੇ ਆ ਰਹੇ ਅਗਨਬੋਟ ਨੂੰ ਦਬੱਲ ਦਿੱਤਾ। ਉਹ ਕੋਲਾ ਪਾਉਣ ਵਾਲੇ ਸੰਦਾਂ, ਕੁਹਾੜੀਆਂ, ਤਲਵਾਰਾਂ, ਲਾਠੀਆਂ, ਸੋਟਿਆਂ ਅਤੇ ਜਹਾਜ਼ਾਂ ਉੱਪਰ ਬਣਾਏ ਬਰਛਿਆਂ ਨਾਲ ਲੈਸ ਹੋ ਗਏ ਸਨ।[16] ਅਗਨਬੋਟ ਅਤੇ ਤਿੰਨ ਪਿਕਟ ਬੋਟ ਓਦੋਂ ਤਕ ਪੱਤਣ ਵਿਚ ਹੀ ਰਹੇ ਜਦੋਂ ਤਕ ਕੈਨੇਡੀਅਨ ਸਮੁੰਦਰੀ ਫ਼ੌਜ ਦਾ ਕਰੂਜ਼ਰ ਉਨ੍ਹਾਂ ਦੀ ਮਦਦ 'ਤੇ ਨਹੀਂ ਆ ਗਿਆ। ਵੈਨਕੂਵਰ ਮੈਰੀਟਾਈਮ ਮਿਊਜ਼ੀਅਮ ਨੇ ਕਹਾਣੀ ਛਾਪੀ:

> *"19 ਜੁਲਾਈ 1914 ਨੂੰ ਸਵੇਰੇ ਸਾਝਰੇ, ਖ਼ਾਸ ਤੌਰ 'ਤੇ ਭੇਜੇ 35 ਇਮੀਗ੍ਰੇਸ਼ਨ ਅਫ਼ਸਰਾਂ ਨੂੰ ਲੈਕੇ ਸੀਫੋਰਥ ਹਾਈਲੈਂਡਰਾਂ ਤੋਂ ਉਧਾਰ ਲਈਆਂ ਰਾਈਫ਼ਲਾਂ ਨਾਲ ਲੈਸ ਹੋ ਕੇ ਅਤੇ ਵੈਨਕੂਵਰ ਪੁਲਿਸ ਦੇ 125 ਅਧਿਕਾਰੀਆਂ ਨੂੰ ਲੈ ਕੇ ਸੀ ਲਾਇਅਨ ਜਹਾਜ਼ ਨੂੰ ਵੈਨਕੂਵਰ ਦੇ ਪੱਤਣਾਂ ਤੋਂ ਜ਼ਬਰੀ ਬਾਹਰ ਕੱਢਣ ਲਈ ਕਾਮਾਗਾਟਾ ਮਾਰੂ ਦੇ ਕੋਲ ਆ ਗਿਆ। ਰੋਹ ਭਰੇ ਮੁਸਾਫ਼ਰਾਂ ਨੇ ਆਪਣੇ ਜਹਾਜ਼ ਉੱਪਰ ਚੜ੍ਹਨ ਦੇ ਹਰ ਯਤਨ ਦਾ ਮੁਕਾਬਲਾ ਕੀਤਾ। ਇਕ ਹਥਿਆਰਾਂ ਨਾਲ ਲੈਸ ਟੋਲੀ ਜੰਗਲੇ ਫੜਕੇ ਖੜ੍ਹੀ ਚੀਕ ਰਹੀ ਸੀ ਅਤੇ ਧਮਕੀਆਂ ਦੇ ਰਹੀ ਸੀ ਕਿ ਜੇ ਜਹਾਜ਼ ਦੇ ਨੇੜੇ ਆਉਣ ਦਾ ਯਤਨ ਕੀਤਾ ਗਿਆ ਤਾਂ ਉਹ ਅਗਨਬੋਟ ਉੱਪਰ ਹੱਲਾ ਬੋਲ ਦੇਣਗੇ। ਸੀ ਲਾਇਅਨ ਦਾ ਕਪਤਾਨ ਉਸਨੂੰ ਨੇੜੇ ਲੈ ਗਿਆ, ਇਕ ਕੁੰਡਾ ਪਾਕੇ ਕਾਮਾਗਾਟਾ ਮਾਰੂ ਨੂੰ ਰੱਸਾ ਬੰਨ੍ਹ ਲਿਆ ਗਿਆ। ਜਦੋਂ ਇਕ ਜਣਾ ਕੁਹਾੜੀ ਨਾਲ ਸੀ ਲਾਇਅਨ ਦਾ ਰੱਸਾ ਵੱਢਣ ਲੱਗਾ ਤਾਂ ਮੁਸਾਫ਼ਰਾਂ ਅਤੇ ਪੁਲਿਸ ਦੀ ਝੜਪ ਹੋ ਗਈ। ਆਖ਼ਿਰਕਾਰ ਜਹਾਜ਼ 'ਤੇ ਸਵਾਰ ਇਕ ਬੰਦੂਕਧਾਰੀ ਨੇ ਅਗਨਬੋਟ ਉੱਪਰ ਗੋਲੀ ਚਲਾ ਦਿੱਤੀ; ਰੱਸਾ ਵੱਢ ਦਿੱਤਾ ਗਿਆ ਅਤੇ ਅਗਨਬੋਟ ਇਵ ਪਿੱਛੇ ਨੂੰ ਭੱਜਿਆ ਜਿਵੇਂ ਕੋਲੇ ਵਾਲੀ ਭੱਠੀ ਵਿਚ ਕੋਲਾ ਡਿਗਦਾ ਹੈ।"*[17]

ਓੜਕ, ਫੈੱਡਰਲ ਖੇਤੀਬਾੜੀ ਮੰਤਰੀ ਨੇ ਹਿੰਦੁਸਤਾਨੀਆਂ ਨੂੰ ਭਰੋਸਾ ਦਿਵਾਇਆ ਕਿ ਜੇ ਉਹ ਵੈਨਕੂਵਰ ਪੱਤਣ ਤੋਂ ਜਾਣ ਲਈ ਤਿਆਰ ਹਨ ਤਾਂ ਉਹ ਲੋੜੀਂਦੀ ਰਸਦ ਲੈ ਕੇ

ਪੈਸੀਫਿਕ ਤੋਂ ਪੁਰਅਮਨ ਜਾ ਸਕਦੇ ਹਨ।

ਆਖ਼ਿਰਕਾਰ, 21 ਜੁਲਾਈ ਨੂੰ ਕਮਾਂਡਰ ਹੌਜ ਦੀ ਕਮਾਨ ਹੇਠ ਨਿਊ ਰਾਇਲ ਕੈਨੇਡੀਅਨ ਵੀ ਸੱਦ ਲਈ ਗਈ। ਇਸਦਾ ਜੰਗੀ ਜਹਾਜ਼ ਐੱਚ.ਐੱਮ.ਸੀ.ਐੱਸ., ਜੋ ਪੁਰਾਣਾ ਸਿਖਲਾਈਯਾਫ਼ਤਾ ਜਹਾਜ਼ ਸੀ, 12 ਹੈਵੀ-ਕੈਲੀਬਰ ਬੰਦੂਕਾਂ ਅਤੇ ਮਸ਼ੀਨਗੰਨਾਂ ਲੈਕੇ ਬੁਰਾਰਡ ਮੁੱਖ ਸਮੁੰਦਰੀ ਦੁਆਰ 'ਚ ਆ ਗਿਆ (ਇਹ ਵੈਨਕੂਵਰ ਵਿਚ ਰਾਇਲ ਕੈਨੇਡੀਅਨ ਨੇਵੀ ਦੇ ਜੰਗੀ ਜਹਾਜ਼ ਦੀ ਪਹਿਲੀ ਝਲਕ ਸੀ।)। ਵੈਨਕੂਵਰ ਦੇ ਹਜ਼ਾਰਾਂ ਬਾਸ਼ਿੰਦਿਆਂ ਦੀ ਹਾਜ਼ਰੀ 'ਚ, ਜੋ ਨਾਟਕ ਦਾ ਸਿਖ਼ਰਲਾ ਨਜ਼ਾਰਾ ਦੇਖਣ ਲਈ ਸਮੁੰਦਰੀ ਕੰਢੇ ਉੱਪਰ ਆ ਜੁੜੇ ਸਨ, 23 ਜੁਲਾਈ 1914 ਨੂੰ ਤਿੰਨ ਵਜੇ – ਇਸ ਦੇ ਆਉਣ ਤੋਂ ਠੀਕ ਦੋ ਮਹੀਨੇ ਬਾਅਦ – ਕਾਮਾਗਾਟਾ ਮਾਰੂ ਨੂੰ ਜ਼ਬਰਦਸਤੀ ਸ਼ਹਿਰ ਤੋਂ ਜਾਣ ਲਈ ਮਜਬੂਰ ਕਰ ਦਿੱਤਾ ਗਿਆ। ਮੁਸਾਫ਼ਰ ਅਥਾਰਟੀ, ਖ਼ਾਸ ਕਰਕੇ ਬਰਤਾਨਵੀ ਅਥਾਰਟੀ ਤੋਂ ਪੂਰੀ ਤਰ੍ਹਾਂ ਅੱਕੇ ਹੋਏ ਸਨ। 'ਗ਼ਦਰ' ਨੇ ਆਪਣੇ ਵਿਸ਼ੇਸ਼ ਅੰਕ ਵਿਚ ਅਥਾਰਟੀ ਵਲੋਂ ਦਿੱਤੀਆਂ ਇਨ੍ਹਾਂ ਤੰਗੀਆਂ ਦਾ ਬਾਖ਼ੂਬੀ ਪਾਜ ਉਘੇੜਿਆ।

ਇਹ ਨੋਟ ਕਰਨਾ ਦਿਲਚਸਪ ਹੈ ਕਿ ਕਾਮਾਗਾਟਾ ਮਾਰੂ ਨੂੰ ਜ਼ਬਰਦਸਤੀ ਸਮੁੰਦਰ ਵਿਚ ਠੇਲ ਦਿੱਤੇ ਜਾਣ ਤੋਂ ਬਾਅਦ, *ਔਟਵਾ ਸਿਟੀਜ਼ਨ* ਦਾ ਸੰਪਾਦਕੀ ਸਥਾਪਤੀ ਦੇ ਰਵੱਈਏ ਉੱਪਰ ਝਾਤ ਪਵਾਉਂਦਾ ਹੈ:

> *"ਸਾਡਾ ਸਾਰਿਆਂ ਦਾ ਮੱਤ ਹੈ ਕਿ ਇਹ ਸੂਬਾ ਲਾਜ਼ਮੀ ਹੀ ਗੋਰੇ ਦਾ ਮੁਲਕ ਬਣਿਆ ਰਹਿਣਾ ਚਾਹੀਦਾ ਹੈ। ਅਸੀਂ ਇਸ ਵਿਸ਼ਵਾਸ ਨਾਲ ਇਸਨੂੰ ਕਬਜ਼ੇ ਵਿਚ ਰੱਖਿਆ ਹੋਇਆ ਹੈ ਕਿ ਇਹ ਸਾਡੀ ਨਸਲ ਦਾ ਹੈ। ਅਸੀਂ ਐਸਾ ਦਿਨ ਨਹੀਂ ਦੇਖਣਾ ਚਾਹੁੰਦੇ ਕਿ ਸਾਡੀ ਔਲਾਦ ਉੱਪਰ ਜਪਾਨੀ ਜਾਂ ਚੀਨੀ ਜਾਂ ਹੋਰ ਕਿਸੇ ਰੰਗ ਦੇ ਲੋਕ ਭਾਰੂ ਹੋ ਜਾਣ। ਇਹ ਠੀਕ ਹੀ ਕਿਹਾ ਗਿਆ ਹੈ ਕਿ ਅਸੀਂ ਸਲਤਨਤ ਦੀ ਬਾਹਰਲੀ ਚੌਕੀ ਹਾਂ ਅਤੇ ਇਸ ਚੌਕੀ ਉੱਪਰ ਸਾਨੂੰ ਆਵਾਸੀਆਂ ਦੀ ਆਮਦ ਨੂੰ ਰੋਕਣ ਲਈ ਕਬਜ਼ਾ ਬਣਾਈ ਰੱਖਣਾ ਹੋਵੇਗਾ।"*[18]

ਅਖ਼ਬਾਰ ਦੀ ਭਾਸ਼ਾ ਉਸ ਵਕਤ ਦੀ ਆਮ ਮਨੋ-ਬਣਤਰ ਦਾ ਖ਼ੁਲਾਸਾ ਹੈ।

16 ਅਗਸਤ ਨੂੰ ਕਾਮਾਗਾਟਾ ਮਾਰੂ ਦੇ ਯੋਕੋਹਾਮਾ ਬੰਦਰਗਾਹ 'ਤੇ ਪਹੁੰਚਣ ਤੋਂ ਪਹਿਲਾਂ ਚਾਰ ਅਗਸਤ ਨੂੰ ਹੀ ਜਰਮਨੀ ਅਤੇ ਇੰਗਲੈਂਡ ਦਰਮਿਆਨ ਪਹਿਲੀ ਆਲਮੀ ਜੰਗ ਲੱਗ ਗਈ। ਗ਼ਦਰ ਪਾਰਟੀ ਨੇ ਫ਼ੈਸਲਾ ਕੀਤਾ ਕਿ ਇਹ ਹਿੰਦੁਸਤਾਨੀਆਂ ਲਈ ਵਤਨ ਵਾਪਸ ਜਾਕੇ ਗ਼ਦਰ ਸ਼ੁਰੂ ਕਰਨ ਦਾ ਸਹੀ ਵਕਤ ਸੀ। ਇਸਦੇ ਪ੍ਰਧਾਨ ਸੋਹਣ ਸਿੰਘ ਭਕਨਾ, ਜੋ 21 ਜੁਲਾਈ 1914 ਨੂੰ ਸਾਨ ਫਰਾਂਸਿਸਕੋ ਤੋਂ ਚੱਲ ਪਏ ਸਨ, ਇਕ ਹੋਰ ਜਥੇ ਨਾਲ ਸ਼ੰਘਾਈ ਤੋਂ ਹਿੰਦੁਸਤਾਨ ਲਈ ਚੱਲਣ ਤੋਂ ਪਹਿਲਾਂ 200 ਸਵੈਚਾਲਤ ਪਿਸਤੌਲਾਂ ਅਤੇ 2000 ਰਾਊਂਡ ਗੋਲੀ-ਸਿੱਕਾ ਲੈ ਕੇ ਯੋਕੋਹਾਮਾ ਵਿਖੇ ਜਹਾਜ਼ ਨੂੰ ਆ ਮਿਲੇ। ਉਨ੍ਹਾਂ ਨੇ ਮੁਸਾਫ਼ਰਾਂ ਨੂੰ ਹਿੰਦੁਸਤਾਨ ਵਿਚ ਗ਼ਦਰ ਕਰਨ ਦੀ ਗ਼ਦਰ ਪਾਰਟੀ ਦੀ ਵਿਉਂਤ ਬਾਰੇ ਦੱਸਿਆ। ਇਸ ਤੋਂ ਛੇਤੀ ਬਾਅਦ ਪਹਿਲਾ ਗ਼ਦਰੀ ਜਥਾ ਸ਼ੰਘਾਈ ਤੋਂ ਕਲਕੱਤਾ ਪਹੁੰਚ ਗਿਆ।[19]

ਭਗਵਾਨ ਸਿੰਘ ਅਤੇ ਬਰਕਤਉਲਾ ਦੀਆਂ ਤਕਰੀਰਾਂ ਤੋਂ ਸਿਆਸੀ ਪ੍ਰੇਰਣਾ ਲੈਣ ਦੇ ਨਾਲ-ਨਾਲ ਇਹ ਰੀਡ, ਹਾਪਕਿਨਸਨ, ਸਟੀਵਨਜ਼ ਅਤੇ ਹੋਰ ਅਧਿਕਾਰੀਆਂ ਵਲੋਂ ਮੁਸਾਫ਼ਰਾਂ ਉੱਪਰ ਲੱਦਿਆ ਅਪਮਾਨ, ਬੇਇੱਜ਼ਤੀ ਅਤੇ ਜ਼ਲਾਲਤ ਸੀ ਜਿਸਨੇ ਉਨ੍ਹਾਂ ਨੂੰ ਆਜ਼ਾਦੀ ਦੀ ਕਦਰ ਦਾ ਅਹਿਸਾਸ ਕਰਾਇਆ। "ਜਾਂ ਅਸੀਂ ਆਜ਼ਾਦੀ ਹਾਸਲ ਕਰਾਂਗੇ ਤੇ ਜਾਂ ਫਿਰ ਇਸ ਖ਼ਾਤਰ ਜੂਝਦੇ ਹੋਏ ਜਾਨਾਂ ਲਾ ਦਿਆਂਗੇ।"[20]

ਜਦੋਂ 16 ਸਤੰਬਰ ਨੂੰ ਜਹਾਜ਼ ਸਿੰਗਾਪੁਰ ਪਹੁੰਚਿਆ, ਓਦੋਂ ਤਕ ਹਿੰਦ ਸਰਕਾਰ ਨੂੰ ਉਨ੍ਹਾਂ ਬਾਗ਼ੀਆਂ ਬਾਰੇ ਹਾਪਕਿਨਸਨ ਨੇ ਚੋਖੀ ਜਾਣਕਾਰੀ ਭੇਜ ਦਿੱਤੀ ਸੀ ਜੋ ਵੱਖ-ਵੱਖਰੀਆਂ ਬੰਦਰਗਾਹਾਂ ਤੋਂ ਹਿੰਦੁਸਤਾਨ ਲਈ ਚਲੇ ਹੋਏ ਸਨ।

ਬਜ ਬਜ ਘਾਟ ਉੱਪਰ ਟੱਕਰ

ਜੋ ਸਫ਼ਰ 4 ਅਪ੍ਰੈਲ ਨੂੰ ਸ਼ੁਰੂ ਹੋਇਆ ਉਹ 29 ਸਤੰਬਰ ਨੂੰ ਜਾ ਕੇ ਖ਼ਤਮ ਹੋਇਆ ਜਦੋਂ ਕਾਮਾਗਾਟਾ ਮਾਰੂ ਕਲਕੱਤਾ ਤੋਂ 20 ਮੀਲ ਦੂਰ ਬਜ ਬਜ ਘਾਟ 'ਤੇ ਜਾ ਲੱਗਿਆ। ਕਾਮਾਗਾਟਾ ਮਾਰੂ ਉੱਥੇ 27 ਸਤੰਬਰ ਨੂੰ ਪਹੁੰਚਿਆ। ਘਾਟ ਵਿਚ ਜਾਣ 'ਤੇ ਇਕ ਬਰਤਾਨਵੀ ਜੰਗੀ ਕਿਸ਼ਤੀ ਨੇ ਜਹਾਜ਼ ਨੂੰ ਰੋਕ ਲਿਆ ਅਤੇ ਮੁਸਾਫ਼ਰਾਂ ਉੱਪਰ ਪਹਿਰਾ ਲਾ ਦਿੱਤਾ। ਬਰਤਾਨਵੀ ਰਾਜ ਦੀ ਸਰਕਾਰ ਕਾਮਾਗਾਟਾ ਮਾਰੂ 'ਤੇ ਸਵਾਰ ਬੰਦਿਆਂ ਨੂੰ ਨਿਰੇ ਬੜਬੋਲੇ ਕਾਨੂੰਨ-ਤੋੜੂ ਹੀ ਨਹੀਂ ਸਗੋਂ ਖ਼ਤਰਨਾਕ ਸਿਆਸੀ ਅੰਦੋਲਨਕਾਰੀ ਸਮਝਦੀ ਸੀ। ਉਨ੍ਹਾਂ ਨਾਲ ਇਸ ਤਰ੍ਹਾਂ ਸਲੂਕ ਕੀਤਾ ਗਿਆ ਜਿਵੇਂ ਉਹ ਪਰਦੇਸੋਂ ਵਾਪਸ ਆਏ ਗ਼ਦਰੀ ਹੋਣ।

ਜਦੋਂ ਜਹਾਜ਼ ਬਜ ਬਜ ਘਾਟ 'ਤੇ ਲੱਗਿਆ, ਪੁਲਿਸ ਬਾਬਾ ਗੁਰਦਿੱਤ ਸਿੰਘ ਅਤੇ ਉਨ੍ਹਾਂ 20 ਜਣਿਆਂ ਨੂੰ ਗ੍ਰਿਫ਼ਤਾਰ ਕਰਨ ਲਈ ਆ ਪਹੁੰਚੀ ਜਿਨ੍ਹਾਂ ਨੂੰ ਉਹ ਆਗੂ ਸਮਝਦੀ ਸੀ। ਉਸਨੇ ਗ੍ਰਿਫ਼ਤਾਰੀ ਦਾ ਵਿਰੋਧ ਕੀਤਾ, ਉਸਦੇ ਇਕ ਸਾਥੀ ਨੇ ਇਕ ਪੁਲਸੀਏ ਉੱਪਰ ਹਮਲਾ ਕਰ ਦਿੱਤਾ ਅਤੇ ਆਮ ਲੜਾਈ ਸ਼ੁਰੂ ਹੋ ਗਈ। ਗੋਲੀਆਂ ਚੱਲੀਆਂ ਅਤੇ 19 ਮੁਸਾਫ਼ਰ ਮਾਰੇ ਗਏ। ਕੁਝ ਬਚਕੇ ਨਿਕਲ ਗਏ, ਪਰ ਬਾਕੀ ਗ੍ਰਿਫ਼ਤਾਰ ਕਰ ਲਏ ਗਏ ਅਤੇ ਜੇਲ੍ਹਾਂ ਵਿਚ ਡੱਕ ਦਿੱਤੇ ਗਏ ਜਾਂ ਉਨ੍ਹਾਂ ਦੇ ਪਿੰਡਾਂ ਵਿਚ ਭੇਜਕੇ ਪਹਿਲੀ ਆਲਮੀ ਜੰਗ ਦੇ ਅਰਸੇ ਲਈ ਜੂਹਬੰਦ ਕਰ ਦਿੱਤੇ ਗਏ। ਇਹ ਘਟਨਾ ਬਜ ਬਜ ਸਾਕੇ ਵਜੋਂ ਜਾਣੀ ਗਈ। ਇਕ ਆਜ਼ਾਦੀ ਘੁਲਾਟੀਏ ਗੁਲਾਬ ਸਿੰਘ ਅਨੁਸਾਰ:

"ਉਨ੍ਹਾਂ 'ਚੋਂ ਜਿਨ੍ਹਾਂ ਅਠਾਰਾਂ ਬੰਦਿਆਂ ਨੇ ਹਥਿਆਰਾਂ ਨਾਲ ਅੰਗਰੇਜ਼ ਸਿਪਾਹੀਆਂ ਦਾ ਟਾਕਰਾ ਕੀਤਾ ਉਹ ਲੜਦੇ ਹੋਏ ਮਾਰੇ ਗਏ। ਬਾਕੀ ਦੇ ਗ੍ਰਿਫ਼ਤਾਰ ਕਰ ਲਏ ਗਏ ਅਤੇ ਉਨ੍ਹਾਂ 'ਚੋਂ 29 ਜਣੇ ਬਾਬਾ ਗੁਰਦਿੱਤ ਸਿੰਘ ਤੇ ਪ੍ਰਿਥਵੀ ਸਿੰਘ ਆਜ਼ਾਦ ਸਮੇਤ ਬਚਕੇ ਨਿਕਲ ਗਏ। ਇਸ ਕਾਂਡ ਨੇ ਅੰਗਰੇਜ਼ ਵਿਰੁੱਧ ਸਿੱਖਾਂ ਦੀਆਂ ਭਾਵਨਾਵਾਂ ਭੜਕਾ ਦਿੱਤੀਆਂ ਅਤੇ ਜੋ ਪ੍ਰਦੇਸਾਂ ਵਿਚ ਸਨ ਉਨ੍ਹਾਂ ਨੇ ਗ਼ਦਰ ਪਾਰਟੀ ਦੇ ਇਨਕਲਾਬੀ ਪ੍ਰਚਾਰ ਦਾ ਹੋਰ ਵਧੇਰੇ ਅਸਰ ਕਬੂਲਿਆ।"[21]

ਇਸ ਦੇ ਮੋਹਰੀ ਬਾਬਾ ਗੁਰਦਿੱਤ ਸਿੰਘ (25 ਅਗਸਤ 1860-24 ਜੁਲਾਈ 1954)

ਚਕਮਾ ਦੇਕੇ ਨਿਕਲ ਗਏ ਅਤੇ ਉਹ 1922 ਤਕ ਰੂਪੋਸ਼ ਰਹੇ। ਮਹਾਤਮਾ ਗਾਂਧੀ ਨੇ ਉਨ੍ਹਾਂ ਨੂੰ 'ਸੱਚੇ ਦੇਸ਼ਭਗਤ' ਵਜੋਂ ਸਰਕਾਰ ਅੱਗੇ ਪੇਸ਼ ਹੋ ਜਾਣ ਲਈ ਕਿਹਾ; ਉਨ੍ਹਾਂ ਨੇ ਇੰਞ ਹੀ ਕੀਤਾ ਅਤੇ ਉਸਨੂੰ ਪੰਜ ਸਾਲ ਲਈ ਜੇਲ੍ਹ ਭੇਜ ਦਿੱਤਾ ਗਿਆ।

1937 'ਚ, ਪੰਜਾਬ ਦਾ ਭਵਿੱਖੀ ਮੁੱਖ ਮੰਤਰੀ ਅਤੇ ਓਦੋਂ ਅਕਾਲੀ ਦਲ ਵਲੋਂ ਨਾਮਜ਼ਦ ਉਮੀਦਵਾਰ ਪ੍ਰਤਾਪ ਸਿੰਘ ਕੈਰੋਂ ਹੋਰ ਕਿਸੇ ਨੂੰ ਨਹੀਂ ਸਗੋਂ ਕਾਂਗਰਸ ਦੇ ਉਮੀਦਵਾਰ ਬਾਬਾ ਗੁਰਦਿੱਤ ਸਿੰਘ ਸਰਹਾਲੀ ਨੂੰ ਹਰਾਕੇ ਪੰਜਾਬ ਵਿਧਾਨ-ਸਭਾ ਵਿਚ ਪਹੁੰਚਿਆ। ਬਾਬਾ ਗੁਰਦਿੱਤ ਸਿੰਘ ਬਾਅਦ ਵਿਚ ਕਲਕੱਤੇ ਜਾ ਵਸੇ। 24 ਜੁਲਾਈ 1954 ਨੂੰ ਅੰਮ੍ਰਿਤਸਰ ਵਿਚ ਉਨ੍ਹਾਂ ਦਾ ਦੇਹਾਂਤ ਹੋ ਗਿਆ ਅਤੇ ਉਨ੍ਹਾਂ ਦਾ ਦਾਹ-ਸੰਸਕਾਰ ਉਨ੍ਹਾਂ ਦੇ ਜੱਦੀ ਪਿੰਡ ਸਰਹਾਲੀ ਕਲਾਂ, ਅੰਮ੍ਰਿਤਸਰ ਵਿਖੇ ਕਰ ਦਿੱਤਾ ਗਿਆ।

ਗੁਰਦਿੱਤ ਸਿੰਘ ਨੇ ਇਸ ਸਫ਼ਰ ਬਾਰੇ ਪੰਜਾਬੀ ਅਤੇ ਅੰਗਰੇਜ਼ੀ ਵਿਚ ਇਕ ਕਿਤਾਬ (ਕਾਮਾਗਾਟਾ ਮਾਰੂ ਦਾ ਸਫ਼ਰ ਅਤੇ ਪਰਦੇਸਾਂ ਵਿਚ ਹਿੰਦੁਸਤਾਨ ਦੀ ਗ਼ੁਲਾਮੀ) ਛਪਵਾਈ। ਦੋਹਾਂ ਉੱਪਰ ਪਾਬੰਦੀ ਲਾ ਦਿੱਤੀ ਗਈ। ਉਨ੍ਹਾਂ ਦੀ ਕਾਮਾਗਾਟਾ ਮਾਰੂ ਦੀ ਯਾਦਗਾਰ ਬਣਾਉਣ ਦੀ ਆਖ਼ਰੀ ਖਾਹਸ਼ ਆਜ਼ਾਦ ਹਿੰਦੁਸਤਾਨ ਵਿਚ ਓਦੋਂ ਪੂਰੀ ਹੋਈ ਜਦੋਂ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਪਹਿਲੀ ਜਨਵਰੀ 1952 ਨੂੰ ਹਵਾਈ ਉਡਾਣ ਰਾਹੀਂ ਕਲਕੱਤਾ ਜਾਕੇ ਬਜ ਬਜ ਘਾਟ ਵਿਖੇ ਯਾਦਗਾਰੀ ਸ਼ਿਲਾਲੇਖ ਲਗਾਇਆ।

ਉਧਰ ਵੈਨਕੂਵਰ ਵਿਚ ਭਾਈਚਾਰੇ ਅੰਦਰ ਹਾਪਕਿਨਸਨ, ਰੀਡ ਜਾਂ ਬੇਲਾ ਸਿੰਘ ਦਾ ਕਤਲ ਕਰਨ ਦੇ ਮਨਸੂਬੇ ਦੀਆਂ ਅਫ਼ਵਾਹਾਂ ਦੀ ਭਰਮਾਰ ਸੀ। ਕਾਮਾਗਾਟਾ ਮਾਰੂ ਦੇ ਵਾਪਸ ਚਲੇ ਜਾਣ ਤੋਂ ਬਾਅਦ, ਈਸਟ ਇੰਡੀਅਨ ਮੁਖ਼ਬਰਾਂ ਅਤੇ ਹੋਰ ਈਸਟ ਇੰਡੀਅਨਾਂ ਦਰਮਿਆਨ ਘਾਤਕ ਲੜਾਈ ਸ਼ੁਰੂ ਹੋ ਗਈ ਜਿਸਦੇ ਸਿਖ਼ਰ 'ਤੇ ਵੈਨਕੂਵਰ ਗੁਰਦੁਆਰੇ ਵਿਖੇ ਵੱਡਾ ਗੋਲੀ ਕਾਂਡ ਹੋਇਆ ਜਿਸ ਵਿਚ ਸੱਤ ਬੰਦੇ ਜ਼ਖ਼ਮੀ ਹੋਏ ਅਤੇ ਦੋ ਮਾਰੇ ਗਏ।

ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਪ੍ਰਤੀ ਘੋਰ ਬੇਰਹਿਮ ਹੋਣ ਕਾਰਨ, ਯਾਰਕਸ਼ਾਇਰ ਦਾ ਜੰਮਪਲ ਇਕ ਮੁਕਾਮੀ ਇਮੀਗ੍ਰੇਸ਼ਨ ਇੰਸਪੈਕਟਰ ਵਿਲੀਅਮ ਚਾਰਲਸ ਹਾਪਕਿਨਸਨ ਬ੍ਰਿਟਿਸ਼ ਕੋਲੰਬੀਆ ਦੇ ਰਹਿਣ ਵਾਲੇ ਬਹੁਤੇ ਹਿੰਦੁਸਤਾਨੀਆਂ ਦੀ ਘੋਰ ਨਫ਼ਰਤ ਅਤੇ ਦੁਸ਼ਮਣੀ ਦਾ ਨਿਸ਼ਾਨਾ ਬਣ ਗਿਆ। ਪਹਿਲਾਂ ਉਹ ਕਲਕੱਤਾ ਪੁਲਿਸ ਵਿਚ ਨੌਕਰੀ ਕਰ ਚੁੱਕਾ ਸੀ। 1909 ਤੋਂ ਲੈ ਕੇ ਫੈੱਡਰਲ ਸਰਕਾਰ ਲਈ ਕੰਮ ਕਰਦਿਆਂ ਉਸਦੀ ਜਾਸੂਸੀ ਦਾ ਨਿਸ਼ਾਨਾ ਹਿੰਦੁਸਤਾਨੀ ਸਿਆਸੀ ਕਾਰਕੁਨ ਸਨ। ਉਹ ਜ਼ਿਆਦਾਤਰ ਬ੍ਰਿਟਿਸ਼ ਕੋਲੰਬੀਆ ਵਿਚ ਰਿਹਾ ਅਤੇ ਅਮਰੀਕਾ ਵਿਚ ਵੀ ਕੰਮ ਕਰਦਾ ਰਿਹਾ। ਜਦੋਂ ਕਾਮਾਗਾਟਾ ਮਾਰੂ ਦੋ ਮਹੀਨੇ ਬੁਰਾਰਡ ਸਮੁੰਦਰੀ ਦੁਆਰ ਵਿਚ ਘਿਰਿਆ ਹੋਇਆ ਸੀ, ਉਹ ਪੂਰੀ ਤਰ੍ਹਾਂ ਇਸ ਮਾਮਲੇ 'ਚ ਮਸਰੂਫ਼ ਸੀ। 14 ਅਕਤੂਬਰ 1914 ਨੂੰ ਮੇਵਾ ਸਿੰਘ ਨੇ ਵੈਨਕੂਵਰ ਦੀ ਸੂਬਾਈ ਅਦਾਲਤ ਵਿਚ ਹਾਪਕਿਨਸਨ ਨੂੰ ਗੋਲੀਆਂ ਮਾਰਕੇ ਪਾਰ ਬੁਲਾ ਦਿੱਤਾ। ਬਹੁਤ ਲੋਕਾਂ ਦੀਆਂ ਨਜ਼ਰਾਂ ਵਿਚ ਉਹ ਦੇਸ਼ਭਗਤ ਸੀ। ਕਿਉਂਕਿ ਮੇਵਾ ਸਿੰਘ ਨੇ ਉਸਨੂੰ ਅੱਖੀਂ ਦੇਖਣ ਵਾਲਿਆਂ ਦੇ ਸਾਹਮਣੇ ਮਾਰਿਆ ਸੀ ਅਤੇ ਆਪਣੇ ਕੀਤੇ

ਦਾ ਇਕਬਾਲ ਕੀਤਾ ਸੀ, ਇਸ ਲਈ ਉਸਨੂੰ ਦੋਸ਼ੀ ਠਹਿਰਾਕੇ ਫਾਹੇ ਲਾ ਦਿੱਤਾ ਗਿਆ। ਰੌਸ ਸਟਰੀਟ ਸਿੱਖ ਗੁਰਦੁਆਰੇ ਵਿਚ ਉਸਨੂੰ ਸਮਰਪਿਤ ਇਕ ਹਾਲ ਬਣਾਇਆ ਗਿਆ ਹੈ।

ਇਸ ਵਰ੍ਹੇ ਕਾਮਾਗਾਟਾ ਮਾਰੂ ਦਾ ਸੌ ਸਾਲਾ ਮਨਾਉਂਦਿਆਂ ਇੰਡੋ-ਕੈਨੇਡੀਅਨਾਂ ਵਲੋਂ ਮੰਗ ਕੀਤੀ ਗਈ ਹੈ ਕਿ ਮੇਵਾ ਸਿੰਘ ਨੂੰ ਕੈਨੇਡੀਅਨ ਨਾਇਕ ਵਜੋਂ ਮਾਨਤਾ ਦਿੱਤੀ ਜਾਵੇ ਜਿਸਨੇ ਨਾਗਰਿਕ ਹੱਕਾਂ, ਬਰਾਬਰੀ ਅਤੇ ਨਸਲੀ ਵੰਨ-ਸੁਵੰਨਤਾ ਦੀ ਖ਼ਾਤਰ ਆਪਣੀ ਜਾਨ ਕੁਰਬਾਨ ਕੀਤੀ। ਮੇਵਾ ਸਿੰਘ ਦੀ ਇਤਿਹਾਸਕ ਸ਼ਹਾਦਤ ਦੀ ਸੌਵੀਂ ਵਰ੍ਹੇ-ਗੰਢ ਇਸ ਸਾਲ 15 ਜਨਵਰੀ 1915 ਨੂੰ ਹੈ।

ਯਾਦਗਾਰ

ਭਾਵੇਂ ਕਾਮਾਗਾਟਾ ਮਾਰੂ ਦੀ ਤ੍ਰਾਸਦਿਕ ਗਾਥਾ ਹਿੰਦੁਸਤਾਨ ਦੀਆਂ ਆਜ਼ਾਦੀ ਦੀਆਂ ਲਹਿਰਾਂ ਅਤੇ ਕੈਨੇਡਾ ਦੇ ਦੱਖਣੀ ਏਸ਼ੀਅਨਾਂ ਦੇ ਵੋਟ ਦੇ ਹੱਕ ਨੂੰ ਜੋੜਦੀ ਹੋਈ 1914 ਦੇ ਆਰ-ਪਾਰ ਫੈਲੀ ਹੋਈ ਹੈ; ਅਜੇ ਵੀ ਇਹ ਗ਼ਦਰ ਪਾਰਟੀ ਵਾਂਗ ਜਾਣੀ-ਪਛਾਣੀ ਨਹੀਂ। ਇਸਦੀ ਮੁਕਾਬਲਤਨ ਅਣਦੇਖੀ ਸ਼ਾਇਦ ਇਸ ਤੱਥ ਕਾਰਨ ਹੈ ਕਿ ਗ਼ਦਰ ਦੇ ਉਲਟ, ਜਿਸ ਵਿਚ ਲੋਕਾਂ ਦੇ ਚੇਤਿਆਂ ਵਿਚ ਕਰਤਾਰ ਸਿੰਘ ਸਰਾਭਾ ਦੇ ਰੂਪ 'ਚ ਨੌਜਵਾਨ ਨਾਇਕ ਵਸ ਚੁੱਕਾ ਹੈ, ਕਾਮਾਗਾਟਾ ਮਾਰੂ ਨੇ ਕੋਈ ਇਸ ਦੇ ਮੁਕਾਬਲੇ ਦੀ ਹਸਤੀ ਪੈਦਾ ਨਹੀਂ ਕੀਤੀ। ਸਿੱਟੇ ਵਜੋਂ, ਕਾਮਾਗਾਟਾ ਮਾਰੂ ਦੇ ਸਾਕੇ ਨੂੰ ਉਜਾਗਰ ਕਰਨ ਦੇ ਮਨੋਰਥ ਨਾਲ ਬਹੁਤ ਘੱਟ ਅਧਿਐਨ ਹੋਏ ਹਨ।[22,23,24]

1952 'ਚ, ਹਿੰਦ ਸਰਕਾਰ ਵਲੋਂ ਕਤਲੇਆਮ ਦੀ ਯਾਦ ਤਾਜ਼ਾ ਕਰਨ ਲਈ ਬਜ ਬਜ ਵਿਖੇ ਪਹਿਲੀ ਯਾਦਗਾਰ ਉਸਾਰੀ ਗਈ। ਫਿਰ ਕਾਮਾਗਾਟਾ ਮਾਰੂ ਦੀ ਵਾਪਸੀ ਦੀ 75ਵੀਂ ਵਰ੍ਹੇਗੰਢ ਦੀ ਯਾਦ 'ਚ 23 ਜੁਲਾਈ 1989 ਨੂੰ ਵੈਨਕੂਵਰ ਦੇ ਗੁਰਦੁਆਰੇ ਵਿਚ ਸ਼ਿਲਾਲੇਖ ਲਗਾਇਆ ਗਿਆ। ਇਸ ਪਿੱਛੋਂ, 1994 'ਚ ਵੈਨਕੂਵਰ ਵਿਚ ਕਾਮਾਗਾਟਾ ਮਾਰੂ ਦੀ ਆਮਦ ਦੀ 80ਵੀਂ ਵਰ੍ਹੇਗੰਢ ਨੂੰ ਸਮਰਪਿਤ ਇਕ ਹੋਰ ਯਾਦਗਾਰ ਬਣਾਈ ਗਈ।

23 ਜੁਲਾਈ 2012 ਨੂੰ ਕਾਮਾਗਾਟਾ ਮਾਰੂ ਘਟਨਾ ਦੀ ਯਾਦ ਵਿਚ ਇਕ ਯਾਦਗਾਰ ਲੋਕ-ਅਰਪਣ ਕੀਤੀ ਗਈ। ਇਹ ਸਮੁੰਦਰੀ ਦੀਵਾਰ ਦੀਆਂ ਪੌੜੀਆਂ ਨੇੜੇ ਸਥਿਤ ਹੈ ਜੋ ਕੋਲ ਹਾਰਬਰ ਵਿਚ ਵੈਨਕੂਵਰ ਕਨਵੈਨਸ਼ਨ ਸੈਂਟਰ ਵੈਸਟ ਬਿਲਡਿੰਗ ਵਲ ਨੂੰ ਜਾਂਦੀ ਹੈ। ਜੂਨ 2012 'ਚ ਕਾਮਾਗਾਟਾ ਮਾਰੂ ਅਜਾਇਬਘਰ ਦਾ ਪਹਿਲਾ ਪੜਾਅ ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਰੌਸ ਸਟਰੀਟ ਗੁਰਦੁਆਰਾ ਵਿਖੇ ਸ਼ੁਰੂ ਕੀਤਾ ਗਿਆ।

ਸਮਾਂ ਪੈਣ 'ਤੇ, ਕੈਨੇਡਾ ਸਰਕਾਰ ਨੇ ਆਪਣੀ ਸਹੂਲਤ ਅਨੁਸਾਰ ਸਹਿਜੇ-ਸਹਿਜੇ ਆਪਣੀ ਇਮੀਗ੍ਰੇਸ਼ਨ ਨੀਤੀ ਬਦਲ ਲਈ। ਹੁਣ ਇੰਡੋ-ਕੈਨੇਡੀਅਨ ਭਾਈਚਾਰਾ ਪੂਰੇ ਕੈਨੇਡਾ ਵਿਚ ਫੈਲ ਚੁੱਕਾ ਹੈ, ਖ਼ਾਸ ਕਰਕੇ ਬ੍ਰਿਟਿਸ਼ ਕੋਲੰਬੀਆ ਅਤੇ ਉਨਟਾਰੀਓ ਵਿਚ। ਭਾਈਚਾਰੇ ਦੇ

ਬਹੁਤ ਸਾਰੇ ਲੋਕ ਆਪਣੇ ਵਿਰਸੇ ਦੀ ਯਾਦ ਮਨਾਉਂਦੇ ਹਨ, ਇਸ ਨਾਲ ਕੈਨੇਡੀਅਨ ਸਭਿਆਚਾਰ ਹੋਰ ਭਰਪੂਰ ਹੁੰਦਾ ਹੈ।

ਪਰ, ਅੱਜ ਵੀ ਕਾਮਾਗਾਟਾ ਮਾਰੂ ਨਾਲ ਜੁੜੀਆਂ ਘਟਨਾਵਾਂ ਵਰਗੀਆਂ ਮਿਸਾਲਾਂ ਦਾ ਭੂਤ ਕੈਨੇਡਾ ਦੇ ਇਮੀਗ੍ਰੇਸ਼ਨ ਅਤੇ ਸ਼ਰਨਾਰਥੀ ਨੀਤੀ-ਚੌਖਟੇ ਸਿਰ ਮੰਡਰਾ ਰਿਹਾ ਹੈ। 'ਕਤਾਰਤੋੜੂ', 'ਜਾਅਲੀ ਦਾਅਵੇਦਾਰ' ਅਤੇ 'ਆਰਥਕ ਪ੍ਰਵਾਸ ਕਰਤਾ' ਵਰਗੀਆਂ ਮੌਜੂਦ ਕੱਟੜ ਧਾਰਨਾਵਾਂ ਵਿਚ ਦਹਿਸ਼ਤਵਾਦ ਨਾਲ ਸਬੰਧਤ ਅਤੇ ਕੌਮੀ ਸੁਰੱਖਿਆ ਬਾਰੇ ਸਰੋਕਾਰ ਜੋੜ ਲਏ ਗਏ ਹਨ। ਦੋ ਸਾਲ ਪਹਿਲਾਂ, ਅਸੀਂ ਕੈਨੇਡਾ ਵਲੋਂ ਸ਼ਰਣ ਲੈਣ ਲਈ ਯਤਨਸ਼ੀਲ 492 ਤਾਮਿਲਾਂ ਨੂੰ ਨਜ਼ਰਬੰਦ ਕੀਤੇ ਜਾਂਦੇ ਦੇਖਿਆ ਜੋ ਸ੍ਰੀ ਲੰਕਾ ਦੀ ਖ਼ਾਨਾਜੰਗੀ ਤੋਂ ਜਾਨ ਬਚਾਕੇ ਇਥੇ ਪਨਾਹ ਲੈਣ ਆਏ ਸਨ। ਪਿਛਲੇ ਸਾਲ ਪਾਰਲੀਮੈਂਟ ਵਲੋਂ ਜੋ ਐਕਟ *ਸੀ-4* (ਮਨੁੱਖੀ ਤਸਕਰਾਂ ਨੂੰ ਕੈਨੇਡਾ ਦੀ ਇਮੀਗ੍ਰੇਸ਼ਨ ਪ੍ਰਣਾਲੀ ਦੀ ਉਲੰਘਣਾ ਕਰਨ ਤੋਂ ਰੋਕਣਾ) ਲਿਆਂਦਾ ਗਿਆ ਉਸਦੇ ਨਾਲ-ਨਾਲ ਆਵਾਸੀਆਂ ਪ੍ਰਤੀ ਇਸ ਤਰ੍ਹਾਂ ਦਾ ਵੈਰਭਾਵੀ ਪ੍ਰਤੀਕਰਮ ਤਸਦੀਕ ਕਰਦਾ ਹੈ ਕਿ "ਕਾਮਾਗਾਟਾ ਮਾਰੂ ਨਾਲ ਜੋ ਸਾਹਮਣੇ ਆਇਆ ਸੀ ਉਹ ਸਭ ਕੁਝ ਅਸੀਂ ਅੱਜ ਵੀ ਹੁੰਦਾ ਦੇਖਦੇ ਹਾਂ। ਕੀ ਇਹ ਸੰਭਵ ਹੈ ਕਿ ਹੁਣ ਤੋਂ ਇਕ ਸਦੀ ਬਾਅਦ ਕੈਨੇਡਾ ਅੱਜ ਦੀਆਂ ਘਟਨਾਵਾਂ ਦੀ ਮੁਆਫ਼ੀ ਮੰਗ ਰਿਹਾ ਹੋਵੇਗਾ?"[25]

ਕੈਨੇਡੀਅਨ ਸਰਕਾਰ ਨੇ ਇਕ ਸਨਮਾਨਜਨਕ ਮੁਆਫ਼ੀ ਅਜੇ ਮੰਗਣੀ ਹੈ

2006 'ਚ ਕਾਨਜ਼ਰਵੇਟਿਵ ਫੈੱਡਰਲ ਸਰਕਾਰ ਨੇ ਜੰਗ ਦੇ ਦੌਰ ਦੇ ਕਦਮਾਂ, ਇਮੀਗ੍ਰੇਸ਼ਨ ਰੋਕਾਂ ਨਾਲ ਸੰਬੰਧਤ ਕਮਿਊਨਿਟੀ ਪ੍ਰੋਜੈਕਟਾਂ ਲਈ ਫੰਡ ਮੁਹੱਈਆ ਕਰਨ ਵਾਸਤੇ ਭਾਈਚਾਰਿਆਂ ਨੂੰ ਇਤਿਹਾਸਕ ਮਾਨਤਾ ਪ੍ਰੋਗਰਾਮ, ਖ਼ਾਸ ਕਰਕੇ ਫੈੱਡਰਲ ਪਹਿਲਕਦਮੀਆਂ ਹੋਂਦ 'ਚ ਲਿਆਂਦੀਆਂ। ਇਹ ਵੱਖੋ-ਵੱਖਰੇ ਸਮੂਹਾਂ ਦੀ ਹਿੱਸੇਦਾਰੀ ਨਾਲ ਵਿਕਸਤ ਕੀਤੇ ਗਏ। ਐਲਾਨ 23 ਜੂਨ 2006 ਨੂੰ ਕੀਤਾ ਗਿਆ; ਇਸ ਮੌਕੇ ਸਟੀਫਨ ਹਾਰਪਰ ਨੇ ਚੀਨੀ ਆਵਾਸੀਆਂ ਉੱਪਰ ਲਾਏ ਹੈੱਡ ਟੈਕਸ ਲਈ ਹਾਊਸ ਆਫ ਕਾਮਨਜ਼ ਵਿਚ ਮੁਆਫ਼ੀ ਮੰਗੀ।

6 ਅਗਸਤ 2006 ਨੂੰ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਸਰੀ, ਬੀ.ਸੀ. ਵਿਚ **ਮੇਲਾ ਗ਼ਦਰੀ ਬਾਬਿਆਂ ਦਾ** ਵਿਚ ਇਕ ਤਕਰੀਰ ਕੀਤੀ, ਜਿਥੇ ਉਸ ਨੇ ਕਿਹਾ ਕਿ ਕੈਨੇਡਾ ਸਰਕਾਰ ਕਾਮਾਗਾਟਾ ਮਾਰੂ ਦੀ ਅਸਲੀਅਤ ਨੂੰ ਸਵੀਕਾਰ ਕਰਦੀ ਹੈ ਅਤੇ ਉਸਨੇ "ਇੰਡੋ-ਕੈਨੇਡੀਅਨ ਭਾਈਚਾਰੇ ਨਾਲ ਇਸ ਬਾਬਤ ਮਸ਼ਵਰਾ ਕਰਨ" ਦੀ ਸਰਕਾਰ ਦੀ ਵਚਨਬੱਧਤਾ ਦਾ ਐਲਾਨ ਕੀਤਾ ਕਿ "ਕੈਨੇਡਾ ਦੇ ਇਤਿਹਾਸ ਵਿਚ ਉਸ ਦੁਖਦਾਈ ਮੌਕੇ ਨੂੰ ਬਿਹਤਰੀਨ ਤੌਰ 'ਤੇ ਮਾਨਤਾ ਕਿਵੇਂ ਦਿੱਤੀ ਜਾ ਸਕਦੀ ਹੈ।"

23 ਮਈ 2008 ਨੂੰ, ਬ੍ਰਿਟਿਸ਼ ਕੋਲੰਬੀਆ ਦੀ ਵਿਧਾਨ-ਸਭਾ ਨੇ ਸਰਵ-ਸੰਮਤੀ ਨਾਲ ਮਤਾ ਪਾਸ ਕੀਤਾ "ਕਿ ਇਹ ਵਿਧਾਨ-ਸਭਾ 23 ਮਈ 1914 ਦੀਆਂ ਘਟਨਾਵਾਂ ਲਈ ਮੁਆਫ਼ੀ ਮੰਗਦੀ ਹੈ, ਜਦੋਂ ਵੈਨਕੂਵਰ ਪੱਤਣ 'ਤੇ ਆਏ ਕਾਮਾਗਾਟਾ ਮਾਰੂ ਦੇ 376 ਮੁਸਾਫ਼ਰਾਂ ਨੂੰ

ਕੈਨੇਡਾ ਵਲੋਂ ਉਤਰਨ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ।..."

3 ਅਗਸਤ 2008 ਨੂੰ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਕਾਮਾਗਾਟਾ ਮਾਰੂ ਘਟਨਾ ਬਾਰੇ ਮੁਆਫ਼ੀ ਮੰਗਣ ਲਈ ਸਰੀ, ਬੀ.ਸੀ. ਵਿਚ 13ਵੇਂ ਸਾਲਾਨਾ ਗ਼ਦਰੀ ਬਾਬਿਆਂ ਦਾ ਮੇਲਾ ਵਿਖੇ ਪਧਾਰੇ।

ਪਰ ਕਿਉਂਕਿ, ਭਾਈਚਾਰੇ ਦੇ ਮੈਂਬਰ ਪ੍ਰਧਾਨ ਮੰਤਰੀ ਵਲੋਂ ਮੁਆਫ਼ੀ ਦੀ ਪੇਸ਼ਕਸ਼ ਤੋਂ ਸੰਤੁਸ਼ਟ ਨਹੀਂ ਹਨ, ਨਿਊ ਡੈਮੋਕਰੇਟਿਕ ਪਾਰਟੀ (ਐੱਨ.ਡੀ.ਪੀ.) ਨੇ ਘਟਨਾ ਬਾਰੇ ਪਾਰਲੀਮੈਂਟ ਵਿਚ ਮੁਆਫ਼ੀ ਦੀ ਆਪਣੀ ਮੰਗ ਮੁੜ-ਉਠਾਈ ਹੈ। "ਕਾਮਾਗਾਟਾ ਮਾਰੂ ਦੀ ਤ੍ਰਾਸਦੀ ਕੈਨੇਡੀਅਨ ਇਤਿਹਾਸ ਦਾ ਇਕ ਕਾਲਾ ਕਾਂਡ ਹੈ। ਇਸਨੇ ਦੱਖਣੀ ਏਸ਼ੀਆਈ ਭਾਈਚਾਰੇ ਨੂੰ ਜੋ ਸਦਮਾ ਦਿੱਤਾ ਹੈ ਕਾਨਜ਼ਰਵੇਟਿਵਾਂ ਨੂੰ ਉਸ ਬਾਰੇ ਬਹਿਸ ਦਾ ਜ਼ਰੂਰ ਹੀ ਨਿਬੇੜਾ ਕਰ ਦੇਣਾ ਚਾਹੀਦਾ ਹੈ। ਸਿਰਫ਼ ਇਸ ਤਰੀਕੇ ਨਾਲ ਹੀ ਜ਼ਖ਼ਮਾਂ ਦੇ ਭਰਨ ਅਤੇ ਸੁਲਾਹ-ਸਫ਼ਾਈ ਦਾ ਅਮਲ ਸ਼ੁਰੂ ਹੋ ਸਕਦਾ ਹੈ। ਕਾਮਾਗਾਟਾ ਮਾਰੂ ਤ੍ਰਾਸਦੀ ਲਈ ਇਕ ਸਨਮਾਨਜਨਕ, ਸਰਕਾਰੀ ਮੁਆਫ਼ੀ ਬਹੁਤ ਚਿਰ ਤੋਂ ਲਟਕੀ ਹੋਈ ਹੈ,"[26] ਸਰੀ ਉੱਤਰੀ ਤੋਂ ਨਿਊ ਡੈਮੋਕਰੇਟਿਕ ਐੱਮ.ਪੀ. ਜਸਬੀਰ ਸੰਧੂ ਨੇ ਇਕ ਬਿਆਨ ਵਿਚ ਇਹ ਠੀਕ ਹੀ ਕਿਹਾ ਹੈ।

ਹੁਣ, ਮੰਗਲਵਾਰ 6 ਮਈ ਨੂੰ ਕੈਨੇਡਾ ਪੋਸਟ ਨੇ ਕਾਮਾਗਾਟਾ ਮਾਰੂ ਦੀ ਸੌਵੀਂ ਵਰ੍ਹੇ-ਗੰਢ ਨੂੰ ਦਰਸਾਉਂਦੇ ਹੋਏ ਨਵੀਂ ਟਿਕਟ ਜਾਰੀ ਕੀਤੀ ਹੈ। "ਇਹ ਟਿਕਟ ਸਾਡੇ ਇਤਿਹਾਸ ਵਿਚ ਇਕ ਅਹਿਮ ਪਰ ਤ੍ਰਾਸਦਿਕ ਮੌਕੇ ਦੀ ਯਾਦ ਤਾਜ਼ਾ ਕਰਾਉਂਦੀ ਹੈ। ਇਸ ਤ੍ਰਾਸਦੀ ਨੂੰ ਚੇਤੇ ਕਰਨ ਨਾਲ ਉਜਾਗਰ ਹੁੰਦਾ ਹੈ ਕਿ ਕਿਵੇਂ ਕੈਨੇਡਾ ਦੀ ਇਕ ਵੰਨ-ਸੁਵੰਨਤਾ ਵਾਲੇ ਅਤੇ ਆਵਾਸੀਆਂ ਦਾ ਸਵਾਗਤ ਕਰਨ ਵਾਲੇ ਮੁਲਕ ਵਿਚ ਕਾਇਆਪਲਟੀ ਹੋ ਚੁੱਕੀ ਹੈ,"[27] ਇਹ ਟਰਾਂਸਪੋਰਟ ਮੰਤਰੀ ਲਿਜ਼ਾ ਰਾਇਟ ਨੇ ਕਿਹਾ ਜਿਨ੍ਹਾਂ ਕੋਲ ਕੈਨੇਡਾ ਪੋਸਟ ਦਾ ਜ਼ਿੰਮਾ ਹੈ।

ਘੱਟੋਘੱਟ ਕੈਨੇਡਾ ਸਰਕਾਰ ਦੇ ਮੰਤਰੀ ਦੀਆਂ ਟਿੱਪਣੀਆਂ ਇਹ ਸਥਾਪਤ ਕਰਦੀਆਂ ਹਨ ਕਿ ਕਾਮਾਗਾਟਾ ਮਾਰੂ ਦਾ ਸਦਮਾ ਦੇਣ ਵਾਲਾ ਕਾਂਡ ਹੁਣ ਇਕ ਦੱਖਣੀ ਏਸ਼ੀਆਈ ਕਹਾਣੀ ਨਹੀਂ ਹੈ। ਕੈਨੇਡਾ ਵਿਚ ਮਨੁੱਖੀ ਹੱਕਾਂ ਲਈ ਸੰਘਰਸ਼ ਦਾ ਬਹੁਤ ਦੇਰ ਤਕ ਹਿੱਸਾ ਰਿਹਾ ਹੋਣ ਕਰਕੇ, ਕੁਲ ਕੈਨੇਡੀਅਨ ਲੋਕਾਈ ਨੂੰ ਇਸਨੂੰ ਆਪਣੀ ਕਹਾਣੀ ਵਜੋਂ ਚੇਤੇ ਕਰਨਾ ਅਤੇ ਸਵੀਕਾਰਨਾ ਚਾਹੀਦਾ ਹੈ। ਇਤਿਹਾਸ ਨੂੰ ਦੂਰ-ਦ੍ਰਿਸ਼ਟੀ ਨਾਲ ਦੇਖਣ ਦੀ ਲੋੜ ਹੈ।

ਅਜੇ ਵੀ, ਨਸਲਵਾਦ ਨਾਲ ਟੱਕਰ ਲੈਣਾ ਸਾਡਾ ਕੇਂਦਰੀ ਫੋਕਸ ਹੋਣਾ ਚਾਹੀਦਾ ਹੈ।

ਅਹਿਮੀਅਤ

ਕੈਨੇਡਾ ਵਿਚ ਨਸਲੀ ਵਿਤਕਰੇ ਵਿਰੁੱਧ ਸੰਘਰਸ਼ 1914 'ਚ ਕਾਮਾਗਾਟਾ ਮਾਰੂ ਘਟਨਾ ਨਾਲ ਉੱਭਰਕੇ ਸਾਹਮਣੇ ਆਇਆ। ਓਦੋਂ ਉੱਤਰੀ ਅਮਰੀਕਾ ਵਿਚਲੇ ਹਿੰਦੁਸਤਾਨੀ ਸਮੂਹਾਂ ਵਲੋਂ ਕਾਮਾਗਾਟਾ ਮਾਰੂ ਘਟਨਾ ਦਾ ਕੈਨੇਡੀਅਨ ਇਮੀਗ੍ਰੇਸ਼ਨ ਕਾਨੂੰਨਾਂ ਵਿਚਲੀਆਂ ਘੋਰ ਅਸੰਗਤੀਆਂ (discrepancies) ਵੱਲ ਧਿਆਨ ਖਿੱਚਣ ਲਈ ਵਿਆਪਕ ਤੌਰ 'ਤੇ ਹਵਾਲਾ

ਦਿੱਤਾ ਗਿਆ। ਦਰਅਸਲ, ਇਸਨੇ ਸਮਾਜੀ ਨਿਆਂ ਲਈ ਸੰਘਰਸ਼ ਨੂੰ ਮੁਕਾਮੀ, ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਜੱਗ ਜ਼ਾਹਰ ਕੀਤਾ।

ਇਸ ਤੋਂ ਅੱਗੇ, ਇਸ ਘਟਨਾ ਤੋਂ ਬਾਅਦ ਭੜਕੇ ਜੋਸ਼ ਨੂੰ ਹਿੰਦੁਸਤਾਨੀ ਇਨਕਲਾਬੀ ਜਥੇਬੰਦੀ, ਗ਼ਦਰੀ ਪਾਰਟੀ ਵਲੋਂ ਵਿਆਪਕ ਪੱਧਰ 'ਤੇ ਪ੍ਰਫੁੱਲਤ ਕੀਤਾ ਗਿਆ। 1914 'ਚ ਬਹੁਤ ਸਾਰੇ ਇਕੱਠਾਂ ਵਿਚ ਬਰਕਤਉੱਲਾ, ਤਾਰਕਨਾਥ ਦਾਸ ਅਤੇ ਸੋਹਣ ਸਿੰਘ ਭਕਨਾ ਸਮੇਤ ਉੱਘੇ ਗ਼ਦਰੀਆਂ ਨੇ ਕਾਮਾਗਾਟਾ ਮਾਰੂ ਘਟਨਾ ਨੂੰ ਗ਼ਦਰ ਪਾਰਟੀ ਲਈ ਮੈਂਬਰ ਭਰਤੀ ਕਰਨ, ਖ਼ਾਸ ਤੌਰ 'ਤੇ ਹਿੰਦੁਸਤਾਨ ਵਿਚ ਵਿਆਪਕ ਗ਼ਦਰ ਦਾ ਤਾਲਮੇਲ ਕਰਨ ਲਈ ਯੋਜਨਾਵਾਂ ਐਲਾਨਣ ਦੇ ਹੱਕ ਵਿਚ ਮਿਲਣ-ਬਿੰਦੂ ਵਜੋਂ ਇਸਤੇਮਾਲ ਕੀਤਾ।

ਨਾਲ ਹੀ, ਕਾਮਾਗਾਟਾ ਮਾਰੂ ਦੇ ਸਫ਼ਰ ਨੇ ਆਪਣੇ ਆਪ 'ਚ ਹੀ ਬਰਤਾਨਵੀ ਰਾਜ ਵਿਰੁੱਧ ਜ਼ਰੂਰੀ ਨੈਤਿਕ ਗੁੱਸਾ ਮੁਹੱਈਆ ਕੀਤਾ।

"ਉਨ੍ਹਾਂ ਬੰਦਰਗਾਹਾਂ ਵਾਲੇ ਸ਼ਹਿਰਾਂ ਵਿਚ ਰਹਿਣ ਵਾਲੇ ਹਿੰਦੁਸਤਾਨੀ ਭਾਈਚਾਰੇ ਦੇ ਲੋਕ ਗੁੱਸੇ ਨਾਲ ਭੜਕ ਉੱਠੇ। ਸ਼ੰਘਾਈ ਅਤੇ ਹਾਂਗਕਾਂਗ ਦੇ ਗੁਰਦੁਆਰਿਆਂ ਵਿਚ ਸਜੇ ਦੀਵਾਨਾਂ ਵਿਚ ਐੱਸ.ਐੱਸ. ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਦੀ ਤਕਦੀਰ ਨਾਰਾਜ਼ਗੀ ਦਾ ਕੇਂਦਰੀ ਮੁੱਦਾ ਬਣ ਗਈ। ਹਿੰਦੁਸਤਾਨੀਆਂ ਨੂੰ ਹਿੰਦ ਜਾਕੇ ਅਪਮਾਨ ਦਾ ਬਦਲਾ ਲੈਣ ਦਾ ਸੱਦਾ ਦਿੱਤਾ ਗਿਆ। ਇਹ ਸੰਜੋਗ ਨਹੀਂ ਸੀ ਕਿ ਗ਼ਦਰੀਆਂ ਦਾ ਪਹਿਲਾ ਜਥਾ ਸ਼ੰਘਾਈ ਤੋਂ ਆਇਆ ਅਤੇ ਤਕਰੀਬਨ ਕਾਮਾਗਾਟਾ ਮਾਰੂ ਦੇ ਮਗਰ ਹੀ ਕਲਕੱਤਾ ਪੁੱਜ ਗਿਆ ਸੀ।"[28]

ਲਾਹੌਰ ਸਾਜ਼ਿਸ਼ ਮਾਮਲੇ (ਦੂਜਾ ਸਪਲੀਮੈਂਟਰੀ) ਦੇ ਜਿਸ ਵਿਸ਼ੇਸ਼ ਟ੍ਰਿਬਿਊਨਲ ਨੇ ਗ਼ਦਰੀਆਂ 'ਤੇ ਮੁਕੱਦਮਾ ਚਲਾਇਆ ਉਸਦੇ ਸਬੰਧਤ ਨਿਰਣੇ ਇਸ ਵਿਚਾਰ ਦੀ ਪ੍ਰੋੜਤਾ ਕਰਦੇ ਹਨ ਕਿ ਕਾਮਾਗਾਟਾ ਮਾਰੂ ਦੀ ਤ੍ਰਾਸਦੀ ਨੇ ਗ਼ਦਰ ਲਹਿਰ ਨੂੰ ਉਤੇਜਤ ਕੀਤਾ।

"ਇਥੇ ਅਸੀਂ ਪ੍ਰਸੰਗਿਕ ਤੌਰ 'ਤੇ ਨੋਟ ਕਰ ਸਕਦੇ ਹਾਂ ਕਿ ਕਾਮਾਗਾਟਾ ਮਾਰੂ ਜੁਲਾਈ 1914 ਵਿਚ ਵੈਨਕੂਵਰ ਤੋਂ ਚਲਿਆ ਸੀ ਅਤੇ ਇਸ ਵਿਚ ਕੋਈ ਸ਼ੱਕ ਨਹੀਂ ਕਿ ਗ਼ਦਰ ਅਖ਼ਬਾਰ ਨੇ ਪਹਿਲਾਂ ਹੀ ਭੜਕੀਆਂ ਭਾਵਨਾਵਾਂ ਨੂੰ ਹੋਰ ਭੜਕਾਉਣ ਲਈ ਇਸ ਘਟਨਾ ਦਾ ਮੌਕਾ ਨਹੀਂ ਖੁੰਝਾਇਆ।.....ਜਦੋਂ ਕਾਮਾਗਾਟਾ ਮਾਰੂ ਵਾਪਸ ਪਰਤਿਆ ਉਨ੍ਹਾਂ ਨੇ ਇਨਕਲਾਬ ਕਰਨ ਲਈ ਹਿੰਦੁਸਤਾਨ ਜਾਣ ਦਾ ਇਰਾਦਾ ਧਾਰ ਲਿਆ: ਇਹ ਅਮਲੀ ਕੰਮਾਂ ਦਾ ਵੇਲਾ ਸੀ ਅਤੇ ਗੱਲਾਂ ਦੇ ਦਿਨ ਬੀਤ ਚੁੱਕੇ ਸਨ।"[29]

"ਇਥੇ ਇਹ ਸਿੱਟਾ ਕੱਢਣਾ ਸਹੀ ਰਹੇਗਾ ਕਿ ਇਹ ਕਾਮਾਗਾਟਾ ਮਾਰੂ ਦਾ ਸਫ਼ਰ ਸੀ, ਜਿਸਨੇ ਗ਼ਦਰੀ ਲਫ਼ਾਜ਼ੀ ਤੋਂ ਅੱਗੇ ਵਧਕੇ ਸਿੱਖਾਂ ਦੀ ਸਿਆਸੀ ਮਾਰਗ-ਸੇਧ ਵਿਚ ਬਦਲਾਓ ਲਿਆਉਣ ਲਈ ਰਾਹ ਪੱਧਰਾ ਕੀਤਾ ਅਤੇ ਹਿੰਦੁਸਤਾਨ ਵਿਚ ਅੰਗਰੇਜ਼ ਬਸਤੀਵਾਦੀ ਰਾਜ ਨਾਲ ਭਾਈਚਾਰੇ ਦੇ ਰਿਸ਼ਤਿਆਂ ਦੀ ਮੁੜ-ਪਾਲਾਬੰਦੀ ਯਕੀਨੀ ਹੋ ਗਈ।"[30]

ਹਿੰਦੁਸਤਾਨ ਵਿਚ, ਕਾਮਾਗਾਟਾ ਮਾਰੂ ਹਿੰਦੁਸਤਾਨੀ ਲੋਕਾਂ ਦੇ ਅੰਗਰੇਜ਼ ਸਲਤਨਤ ਤੋਂ ਆਜ਼ਾਦੀ ਲਈ ਸੰਘਰਸ਼ ਦੀ ਨੁਮਾਇੰਦਗੀ ਕਰਦਾ ਹੈ, ਜਦੋਂਕਿ ਕੈਨੇਡਾ ਵਿਚ ਇਹ ਆਵਾਸ

'ਤੇ ਰੋਕ ਦੀ ਨੀਤੀ ਦੀ ਯਾਦ ਦਿਵਾਉਂਦਾ ਹੈ। ਅੱਜ, ਕੈਨੇਡਾ ਵਿਚ ਹਿੰਦੁਸਤਾਨੀ ਭਾਈਚਾਰਾ ਆਪਣੀ ਹੋਂਦ ਬਣਾਈ ਰੱਖਕੇ ਖੁਸ਼ਹਾਲ ਭਾਈਚਾਰਾ ਬਣ ਚੁੱਕਾ ਹੈ। ਇਕ ਵਧੇਰੇ ਸਹਿਣਸ਼ੀਲ ਕੈਨੇਡਾ ਵਿਚ, ਕਾਮਾਗਾਟਾ ਮਾਰੂ ਇਕ ਜ਼ਬਰਦਸਤ ਚਿੰਨ੍ਹ ਅਤੇ ਸਾਡੇ ਇਤਿਹਾਸ ਦਾ ਹਿੱਸਾ ਬਣਿਆ ਹੋਇਆ ਹੈ।

ਇਥੇ ਮੈਂ ਇਹ ਗੱਲ ਜੋੜਨੀ ਚਾਹਾਂਗਾ ਕਿ ਕੈਨੇਡਾ ਦੇ ਅਤੇ ਹੋਰ ਕਈ ਸਮੂਹਾਂ (ਜਿਵੇਂ ਇਟਲੀ ਦੀ ਨਾਰਦਰਨ ਲੀਗ, ਫਰਾਂਸ ਵਿਚ ਨੈਸ਼ਨਲ ਫਰੰਟ, ਯੂ.ਕੇ. ਵਿਚ ਬ੍ਰਿਟਿਸ਼ ਨੈਸ਼ਨਲ ਪਾਰਟੀ, ਸਪੇਨ ਵਿਚ ਮੂਵਮੈਂਟੋ ਸੋਸ਼ਲ ਐਪਲਾਨੋਲ; ਪੁਰਤਗਾਲ ਵਿਚ ਨੈਸ਼ਨਲ ਗੀਨਿਊਅਲ ਪਾਰਟੀ ਅਤੇ ਬੈਲਜੀਅਮ ਵਿਚ ਫਲੈਮਿਸ਼ ਬਲਾਕ)[31] ਦੇ ਆਵਾਸੀਆਂ ਉੱਪਰ ਹਮਲਿਆਂ ਦੇ ਪ੍ਰਸੰਗ ਵਿਚ ਨਸਲਵਾਦ ਦੀ ਨਿਖੇਧੀ ਕਰਦੇ ਹੋਏ, ਅਸੀਂ ਪ੍ਰਧਾਨ ਮੰਤਰੀ ਅਹੁਦੇ ਲਈ ਭਾਜਪਾ ਦੇ ਉਮੀਦਵਾਰ ਨਰਿੰਦਰ ਮੋਦੀ ਦੀਆਂ ਫਾਸ਼ੀਵਾਦੀ ਟਿੱਪਣੀਆਂ ਤੋਂ ਬਹੁਤ ਹੀ ਪ੍ਰੇਸ਼ਾਨੀ ਮਹਿਸੂਸ ਕਰ ਰਹੇ ਹਾਂ। ਜਦੋਂ ਉਸਨੇ ਪੱਛਮੀ ਬੰਗਾਲ ਦੇ ਸੇਰਮਪੁਰ ਵਿਚ ਚੋਣ ਰੈਲੀ ਵਿਚ ਕੀਤੀ ਤਕਰੀਰ ਵਿਚ ਕਿਹਾ (ਹਿੰਦੁਸਤਾਨ ਦੇ ਮੀਡੀਆ ਵਿਚ 28 ਅਪ੍ਰੈਲ 2014 ਨੂੰ ਇਹ ਰਿਪੋਰਟ ਛਪੀ) ਕਿ ਬੰਗਲਾ ਦੇਸ਼ ਤੋਂ ਇਕ ਖ਼ਾਸ ਭਾਈਚਾਰੇ ਨਾਲ ਸਬੰਧਤ 'ਘੁਸਪੈਠੀਏ' ਲਾਜ਼ਮੀ ਹੀ ਵਾਪਸ ਭੇਜੇ ਜਾਣੇ ਚਾਹੀਦੇ ਹਨ। 'ਘੁਸਪੈਠੀਆਂ' ਨੂੰ ਵਾਪਸ ਭੇਜੇ ਜਾਣ ਪਿੱਛੇ ਮੋਦੀ ਵਲੋਂ ਦੱਸਿਆ ਗਿਆ ਕਾਰਨ ਇਹ ਸੀ ਕਿ 'ਉਹ ਸਥਾਨਕ ਨੌਜਵਾਨਾਂ ਤੋਂ ਨੌਕਰੀਆਂ ਖੋਹਕੇ ਉਨ੍ਹਾਂ ਵਿਚ ਬੇਰੋਜ਼ਗਾਰੀ ਪੈਦਾ ਕਰਦੇ ਹਨ।' ਜਦੋਂ 23 ਮਈ 1914 ਨੂੰ ਕਾਮਾਗਾਟਾ ਮਾਰੂ ਵੈਨਕੂਵਰ ਪਹੁੰਚਿਆ ਸੀ, ਓਦੋਂ ਨਸਲਵਾਦੀ, ਫਾਸ਼ੀਵਾਦੀ ਪ੍ਰਵਾਸੀਆਂ ਪ੍ਰਤੀ ਨਫ਼ਰਤ ਭੜਕਾਉਣ ਵਾਲੇ ਗੁੱਟਾਂ ਨੇ ਐਨ ਇਹੀ ਕਾਰਨ ਪੇਸ਼ ਕੀਤਾ ਸੀ। ਸਾਨੂੰ ਹਿੰਦੁਸਤਾਨ ਆਉਣ ਵਾਲੇ ਆਵਾਸੀਆਂ ਦੇ ਸਬੰਧ 'ਚ ਉਸੇ ਦਲੀਲ ਅਤੇ ਰਵੱਈਏ ਦੀ ਨਕਲ ਨਹੀਂ ਕਰਨੀ ਚਾਹੀਦੀ ਜਿਸ ਨੂੰ ਅਸੀਂ ਓਦੋਂ ਨਿੰਦਦੇ ਹਾਂ ਜਦੋਂ ਬਦੇਸ਼ ਵਿਚ ਹਿੰਦੁਸਤਾਨੀ ਆਵਾਸੀਆਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। ਸਾਨੂੰ ਐਸੇ ਘੋਰ ਸੱਜੇਪੱਖੀ ਸਿਧਾਂਤਕਾਰਾਂ ਅਤੇ ਉਨ੍ਹਾਂ ਦੇ ਦੁਨੀਆ ਵਿਚ ਕਿਤੇ ਵੀ ਇਕ ਖ਼ਾਸ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਵਾਲੇ ਬਿਆਨਾਂ ਨੂੰ ਲਾਜ਼ਮੀ ਰੱਦ ਕਰਨਾ ਚਾਹੀਦਾ ਹੈ।

ਜਦੋਂਕਿ, ਆਪਣੀ 100ਵੀਂ ਵਰ੍ਹੇਗੰਢ ਉੱਪਰ ਕਾਮਾਗਾਟਾ ਮਾਰੂ ਦਾ ਸਦਮਾ ਹੋਰ ਵੀ ਕਈ ਕਾਰਨਾਂ ਕਰਕੇ ਪ੍ਰਸੰਗਿਕ ਬਣਿਆ ਹੋਇਆ ਹੈ: ਇਹ ਕੈਨੇਡਾ ਦੀ ਬੰਦਸ਼ਾਂ ਵਾਲੀ ਇਮੀਗ੍ਰੇਸ਼ਨ ਨੀਤੀ ਦਾ ਪ੍ਰਤੀਕ ਹੈ ਜੋ 1960ਵਿਆਂ ਤਕ ਚਲਦੀ ਰਹੀ; ਕਾਨੂੰਨੀ ਕਿੱਤੇ, ਨਿਆਂਪਾਲਿਕਾ, ਅਤੇ ਸਿਆਸੀ ਅਥਾਰਟੀ ਦੇ ਸੀਨੀਅਰ ਪੱਧਰਾਂ ਉੱਪਰ ਦੱਖਣੀ ਏਸ਼ੀਅਨਾਂ ਦੀ ਘੱਟ ਨੁਮਾਇੰਦਗੀ ਪੂਰੀ ਬਰਾਬਰੀ ਲਈ ਅੱਜ ਵੀ ਹੋਰ ਵਧੇਰੇ ਕੰਮ ਕਰਨ ਦੀ ਲੋੜ 'ਤੇ ਜ਼ੋਰ ਦਿੰਦੀ ਹੈ। ਕਾਮਾਗਾਟਾ ਮਾਰੂ ਉਸ ਸੰਘਰਸ਼ ਦਾ ਹਿੱਸਾ ਹੈ ਜੋ ਘੱਟਗਿਣਤੀ ਭਾਈਚਾਰਿਆਂ ਵਲੋਂ ਮੁੱਖਧਾਰਾ ਦੇ ਨਾਲ ਹੱਕਾਂ ਤੇ ਆਜ਼ਾਦੀਆਂ ਦਾ ਕੈਨੇਡੀਅਨ ਚਾਰਟਰ ਹਾਸਲ ਕਰਨ ਲਈ ਲੜਿਆ ਗਿਆ ਹੈ।

ਆਓ ਅੱਜ ਦੇ ਨਸਲੀ ਵਿਤਕਰੇ ਅਤੇ ਅਣਮਨੁੱਖੀ ਕਾਨੂੰਨਾਂ ਵਿਰੁੱਧ ਕਾਮਾਗਾਟਾ ਮਾਰੂ ਦੇ ਬਹਾਦਰ ਸੰਘਰਸ਼ ਨੂੰ ਮਨਾਂ ਵਿਚ ਵਸਾਈਏ। ਉਨ੍ਹਾਂ ਦੀਆਂ ਕੁਰਬਾਨੀਆਂ ਸਾਨੂੰ ਚੇਤੇ

ਕਰਾਉਂਦੀਆਂ ਹਨ ਕਿ ਬੇਇਨਸਾਫ਼ੀਆਂ ਕਿਸੇ ਵੀ ਕੀਮਤ ਉੱਪਰ ਬਰਦਾਸ਼ਤ ਨਹੀਂ ਕੀਤੀਆਂ ਜਾਣੀਆਂ ਚਾਹੀਦੀਆਂ। ਕਾਮਾਗਾਟਾ ਮਾਰੂ ਸਾਨੂੰ ਚੀਜ਼ਾਂ ਨੂੰ ਵੱਖਰੇ ਤਰੀਕੇ ਨਾਲ ਕਰਨਾ ਸਿਖਾਉਂਦਾ ਹੈ, ਅਤੇ ਇਹ ਸਾਡੇ ਮੁਸ਼ਕਲ ਵਰਤਮਾਨ ਲਈ ਇਕ ਅਹਿਮ ਇਤਿਹਾਸਕ ਭਵਿੱਖ-ਨਕਸ਼ਾ ਅਤੇ ਜੇਰਾ ਮੁਹੱਈਆ ਕਰਦਾ ਹੈ।

ਇਹ ਤ੍ਰਾਸਦਿਕ ਘਟਨਾ ਅੱਜ ਵੀ ਨਵ-ਸਾਮਰਾਜਵਾਦੀ ਕਾਰਪੋਰੇਟਵਾਦੀ ਸਿਲਸਿਲੇ ਵਿਰੁੱਧ ਉਸ ਲੋਕ ਸੰਘਰਸ਼ ਦਾ ਜ਼ਬਰਦਸਤ ਚਿੰਨ੍ਹ ਬਣੀ ਹੋਈ ਹੈ ਜੋ ਇਸ ਵਕਤ ਦੁਨੀਆ ਨੂੰ ਤਬਾਹ ਕਰ ਰਿਹਾ ਹੈ ਅਤੇ ਮਨੁੱਖਤਾ ਦੀ ਹੋਣੀ ਨੂੰ ਕੰਟਰੋਲ ਕਰਨਾ ਚਾਹ ਰਿਹਾ ਹੈ।

(ਨੋਟ : ਹੁਣ ਹਾਊਸ ਆਫ ਕਾਮਨਜ਼ ਵਿਚ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਾਮਾਗਾਟਾਮਾਰੂ ਸਬੰਧੀ ਮੁਆਫ਼ੀ ਮੰਗ ਲਈ ਹੈ)

NOTES AND REFERENCES

1. Harold Troper, *Canada's immigration history one of discrimination and exclusion*; Richard Lautans/Toronto Star, February 15, 2013.
2. Malwinderjit Singh Waraich, Gurdev Singh Sidhu, Komagata Maru; page 46, NBT, New Delhi, 2013.
3. Harish K.Puri, Ghadr Movement; NBT, New Delhi, page 90, 2011.
4. Bipan Chandra, Amales Tripathi, Barun De; Freedom Struggle, p 111, NBT New Delhi, 13th reprint 2011.
5. 'Hindoo' or 'Hindu' was the term widely used on the Pacific Coast, in both Canada and the United States, to describe immigrants from India.
6. Ali Kazimi, Continuous Journey (peripheral Visions Film and Video Inc.2004), Even being allowed to enter as a labourer was not consistently available.
7. Hugh Johnston, "The Komagata Maru Incident"; '*Beyond the Komagata Maru Race Relations Today' Conference Proceedings*, edited by Alan Dutton. The Progressive Indo-Canadian Community Services Society, 1989, pp 3-8.
8. Jensen, Passage from India; page 62.

9. William Lyon Mackenzie King, Leader of the Liberal Party 1919-1948, Prime Minister of Canada 1921-30 and 1935-48; House of Commons Debates on 'Canada's Post War Immigration Policy', May 1, 1947, pp. 2644-6.
10. Darshan Tatla, The Komagata Maru Voyage; from the book Ghadr Movement, edited by J. S. Grewal, Harish K. Puri and Indu Banga, Punjabi University, Patiala, 2013, pp 202-203.
11. Chuck Davis, 'Komagata Maru' from his book 'History of Metropolitan Vancouver', Harbour Publishing, 2011.
12. A doctor, Dr. Raghunath Singh, travelled along the passengers to look after their health and diet during the voyage. He was an ex-Indian Medical Service Officer who was planted by the government and he played a nefarious role throughout the voyage and finally appeared as a key witness against Ghadrites in the second (supplementary) Lahore Conspiracy Case. [Malwinderjit Singh Waraich, Gurdev Singh Sidhu; Komagata Maru, page 27, NBT, New Delhi, 2013.]
13. Savitri Sawhney, I Shall Never Ask For Pardon, pp 124-125, Penguin Books India, New Delhi, 2008. [Khankhoje was in St. Paul, Minnesota, when he received telegram from Kashiram, informing him of the expected arrival of the Komagata Maru. He was directed to proceed to Victoria to help the migrants disembark. With money and instructions from Kashiram, Khankhoje went to Victoria, only to be told that the ship had left for Vancouver. In Vancouver he joined the shore reception committee set up by the Indians and was recognized by Ghadr members like Taraknath Das, an old acquaintance.]
14. Maia Ramnath, Haj to Utopia, pp 46, University of California Press, 2011.
15. Harish K. Puri, Ghadr Movement; NBT, New Delhi, page 96-97, 2011.

16. Brown 195, quoting from Balshastri Hardas, *Armed Struggle for Freedom,* (Poona; Kal Parkashan, 1958).
17. Chuck Davis, Komagata Maru, A History of the Metropolitan Vancouver, 2011.
18. Ottawa Citizen, Editorial.
19. Maia Ramnath, Haj to Utopia, pp 47, University of California Press, 2011.
20. Sohan Singh Josh, Hindustan Gadar Party, p 162; Desh BhagatYadgar Committee, Jalandhar, 2007.
21. Gulab Singh, Under the Shadows of Gallows, page 12, Tej Press, Delhi, 1963.
22. The first play in Canada based on the incident was *The Komagata Maru Incident*, written by Sharon Pollock and presented in January 1976; Ajmer Rode wrote the play *Komagata Maru* based on the incident in 1984; In 2004, Ali Kazimi's feature documentary *Continuous Journey* was released; The CBC radio play *Entry Denied*, by the Indo-Canadian scriptwriter Sugith Varughese; In 1985, Harcharan Singh's Komagata Maru: Kaumi Dukhanta was published; In 1989, ਸਮੁੰਦਰੀ ਸ਼ੇਰ ਨਾਲ ਲੜਾਈ (A Battle with the Sea Lion) was written by Sadhu Binning and Sukhwant Hundal; In 2012, filmmaker Ali Kazimi's book *Undesirables: White Canada and the Komagata Maru* was published by Douglas & McIntyre.
23. In 2007, Jarnail Singh's 16x18 foot mural was put on the front wall of a Senior Citizen Housing Unit in Surrey, British Columbia. The mural is painted from photo taken at the time of the incident. Then in 2011, the art exhibit "KomagataMaru Stories" by Jarnail Singh and Ajmer Rode travelled to a few locations in British Columbia, using art work and text to discuss the Komagata Maru incident.
24. Simon Fraser University Library launched a website *Komagata Maru: Continuing the Journey* in 2012 funded by the Department

of Citizenship and Immigration Canada under the auspices of the Community Historical Recognition Program (CHRP). This website contains information and documents related to the *Komagata Maru* incident and a timeline that unfolds the details and supports teaching, research and knowledge about the *Komagata Maru* for school-aged, post-secondary and general audiences.

25. Ali Kazmi, The Undesirables, 2012.
26. Ottawa Today, May 18, 2012.
27. Digital Journal, Ottawa, May 6, 2014.
28. Harish K. Puri, Ghadr Movement; NBT, New Delhi, pp 90-99, 2011.
29. Lahore Conspiracy Case (Second Supplementary), Part iii: A (2) Preparing for Migration.
30. DarshanTatla, The Komagata Maru Voyage; from the book Ghadr Movement, edited by J. S. Grewal, Harish Puri and Indu Banga, Punjabi University, Patiala, 2013, p 215.

GhadarJari Hai (The Revolt Continues), Editor S. Raghavan, 24 March, 2010, a quarterly magazine produced from *New Delhi*, India, Lok Awaz Publishers and Distributors.

ਇਸ ਸਬੰਧ ਵਿਚ ਪੜ੍ਹਨਯੋਗ ਲਿਖਤਾਂ

1. Johnston; The Voyage of the Komagata Maru: The Sikh Challenge to Canada's Colour Bar (2nd ed. Vancouver:U.BC Press, 1989; 1st ed. Delhi, Oxford University Press, 1979), pp. 162.
2. Ali Kazimi; Undesirables: White Canada and the Komagata Maru — An Illustrated History (May 8, 2012).
3. Phil Strong, Komagata Maru
4. Pamela Hickman; Righting Canada's Wrongs: The Komagata Maru and Canada's Anti-Indian Immigration Policies in the Twentieth Century (Mar 1, 2014).

5. Robert Jarvis; The "Komagata Maru" Incident - A Canadian Immigration Battle Revisited (1992).
6. Malwinderjit Singh Waraich. Gurdev Singh Sidhu (Editors); Komagata Maru a challenge to colonialism key documents (2005).
7. Tariq Malik; Chanting Denied Shores: The Komagata Maru Narratives (May 1, 2010)
8. B.S. Bolaria and P.S. Li, *Racial Oppression* (1988)
9. A. Fleras and J.L. Elliott, *Unequal Relations* (2002)
10. E. Kallen, *Ethnicity and Human Rights in Canada* (2003)

ਸੰਖੇਪ ਟਾਈਮ ਲਾਈਨ:

1910: ਨਵਾਂ ਇਮੀਗ੍ਰੇਸ਼ਨ ਕਾਨੂੰਨ। ਸੈਕਸ਼ਨ 38(ਏ), (ਬੀ) ਅਤੇ (ਸੀ) ਸਿੱਧੇ ਤੌਰ 'ਤੇ ਦੱਖਣੀ ਏਸ਼ੀਅਨਾਂ ਉੱਪਰ ਲਗਾਈਆਂ ਰੋਕਾਂ ਨਾਲ ਸਬੰਧਤ ਹਨ। ਸੈਕਸ਼ਨ 38(ਬੀ) ਸਿੱਧੇ ਸਫ਼ਰ ਅਤੇ ਜਹਾਜ਼ ਤੋਂ ਉਤਰਨ ਮੌਕੇ ਪੈਸੇ ਦੀਆਂ ਸ਼ਰਤਾਂ ਉੱਪਰ ਕੇਂਦਰਤ ਕਰਦਾ ਹੈ ਜਦੋਂਕਿ ਸੈਕਸ਼ਨ 38(ਸੀ) ਵਜ਼ਾਰਤ ਨੂੰ ਉਨ੍ਹਾਂ ਸਮੂਹਾਂ ਨੂੰ ਉਨ੍ਹਾਂ ਦੇ ਨਸਲ ਦੇ ਅਧਾਰ 'ਤੇ ਉਥੇ ਆ ਕੇ ਵਸਣ ਤੋਂ ਰੋਕਣ ਦਾ ਅਧਿਕਾਰ ਦਿੰਦਾ ਹੈ ਜਿਨ੍ਹਾਂ ਨੂੰ "ਕੈਨੇਡਾ ਦੇ ਪੌਣਪਾਣੀ ਜਾਂ ਜ਼ਰੂਰਤਾਂ ਲਈ ਨਾਮੁਆਫ਼ਕ ਮੰਨਿਆ ਜਾਂਦਾ ਸੀ।"

ਦਸੰਬਰ 1910: ਜੀ.ਡੀ. ਕੁਮਾਰ (ਵੈਨਕੂਵਰ ਦੀ ਸਥਾਨਕ ਹਿੰਦੁਸਤਾਨੀ ਐਸੋਸੀਏਸ਼ਨ ਦਾ ਸਕੱਤਰ) ਵੋਟ ਦੇ ਹੱਕ ਦੀ ਮੰਗ ਕਰਦਾ ਹੈ ਅਤੇ ਸਿਟੀ ਕੌਂਸਲ ਨੂੰ ਲਿਖਦਾ ਹੈ।

ਅਕਤੂਬਰ 1913: ਹਿੰਦੁਸਤਾਨ ਦੇ 39 ਆਵਾਸੀ ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ ਵਿਚ ਸਿੱਧੇ ਸਫ਼ਰ ਦੇ ਰੈਗੂਲੇਸ਼ਨ ਨੂੰ ਕਾਮਯਾਬੀ ਨਾਲ ਚੁਣੌਤੀ ਦਿੰਦੇ ਹਨ।

8 ਦਸੰਬਰ 1913: ਪ੍ਰਿਵੀ ਕੌਂਸਲ (ਪੀ.ਸੀ.) ਇਸ ਅਧਾਰ 'ਤੇ ਦਸਤਕਾਰਾਂ ਜਾਂ ਕਾਮਿਆਂ ਨੂੰ ਬ੍ਰਿਟਿਸ਼ ਕੋਲੰਬੀਆ ਦੀ ਕਿਸੇ ਵੀ ਬੰਦਰਗਾਹ ਉੱਪਰ ਉਤਰਨ ਦੀ ਮਨਾਹੀ ਕਰਦੀ ਹੈ ਕਿ ਬ੍ਰਿਟਿਸ਼ ਕੋਲੰਬੀਆ ਦੀ ਕਿਰਤ ਦੀ ਮੰਡੀ ਵਿਚ ਪਹਿਲਾਂ ਹੀ "ਬਹੁਤ ਭੀੜ" ਹੋ ਚੁੱਕੀ ਹੈ। ਇਹ ਮਨਾਹੀ 1914 ਤਕ ਜਾਰੀ ਰਹਿੰਦੀ ਹੈ।

4 ਅਪ੍ਰੈਲ 1914: ਕਾਮਾਗਾਟਾ ਮਾਰੂ 150 ਮੁਸਾਫ਼ਰਾਂ ਨੂੰ ਲੈਕੇ ਹਾਂਗਕਾਂਗ ਤੋਂ ਚਲਦਾ ਹੈ, 8 ਅਪ੍ਰੈਲ ਨੂੰ ਸ਼ੰਘਾਈ, 14 ਅਪ੍ਰੈਲ ਨੂੰ ਮੋਜੀ ਅਤੇ ਫਿਰ ਯੋਕੋਹਾਮਾ ਵਿਚ ਪੜਾਅ ਕਰਕੇ ਹੋਰ ਮੁਸਾਫ਼ਰਾਂ ਨੂੰ ਚੜ੍ਹਾਉਂਦਾ ਹੈ।

23 ਮਈ 1914: ਕਾਮਾਗਾਟਾ ਮਾਰੂ ਬ੍ਰਿਟਿਸ਼ ਕੋਲੰਬੀਆ ਪਹੁੰਚਦਾ ਹੈ। ਮੁਸਾਫ਼ਰਾਂ ਨੂੰ ਜਹਾਜ਼ ਤੋਂ

ਉਤਰਨ ਦੀ ਇਜਾਜ਼ਤ ਦੇਣ ਤੋਂ ਨਾਂਹ ਕਰ ਦਿੱਤੀ ਜਾਂਦੀ ਹੈ।

30 ਮਈ 1914: ਖ਼ਾਲਸਾ ਦੀਵਾਨ ਸੁਸਾਇਟੀ ਵਲੋਂ ਜਥੇਬੰਦ ਕੀਤੀ ਮੀਟਿੰਗ ਵਿਚ ਸੈਂਕੜੇ ਦੱਖਣੀ ਏਸ਼ੀਆਈ ਸ਼ਾਮਲ ਹੁੰਦੇ ਹਨ। ਕਈ ਹਜ਼ਾਰ ਡਾਲਰ ਫੰਡ ਇਕੱਠੇ ਕੀਤੇ ਜਾਂਦੇ ਹਨ। ਇਹ ਘਾਟ ਕਮੇਟੀ ਦੇ ਕੰਮ ਦਾ ਆਗਾਜ਼ ਹੈ।

1 ਜੂਨ 1914: ਯੂਨਾਈਟਿਡ ਇੰਡੀਆ ਲੀਗ ਦੇ ਅਧਿਕਾਰਤ ਤਰਜ਼ਮਾਨ, *ਹਿੰਦੁਸਤਾਨੀ*, (ਜਿਲਦ 1, ਅੰਕ 5) ਵਿਚ ਐੱਚ. ਰਹੀਮ ਦਾ "ਕਾਮਾਗਾਟਾ ਮਾਰੂ ਨੂੰ ਜੀ ਆਇਆਂ ਨੂੰ" ਸਿਰਲੇਖ ਵਾਲਾ ਸੰਪਾਦਕੀ ਛਪਦਾ ਹੈ।

11 ਜੂਨ 1914: ਘਾਟ ਕਮੇਟੀ ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਲਈ ਵੱਡੀ ਮਾਤਰਾ ਵਿਚ ਲੰਗਰ ਦੀ ਰਸਦ ਭੇਜਦੀ ਹੈ।

21 ਜੂਨ 1914: ਕਾਮਾਗਾਟਾ ਮਾਰੂ ਦੇ ਮੁਸਾਫਰਾਂ ਦੀ ਹਮਾਇਤ ਵਿਚ ਰੱਖੀ ਗਈ ਇਕ ਹੋਰ ਮੀਟਿੰਗ ਵਿਚ 400 ਦੱਖਣੀ ਏਸ਼ੀਆਈ ਅਤੇ 125 ਗੋਰੇ ਇਤਹਾਦੀ ਸ਼ਾਮਲ ਹੋਏ।

23 ਜੂਨ 1914: ਵੈਨਕੂਵਰ ਦਾ ਮੇਅਰ ਟਰੂਮੈਨ ਬਾਕਸਟਰ ਏਸ਼ੀਆ ਵਿਰੋਧੀ ਜਨਤਕ ਰੈਲੀ ਜਥੇਬੰਦ ਕਰਦਾ ਹੈ। ਜਿਥੇ ਵੈਨਕੂਵਰ ਸਿਟੀ ਲਈ ਕਾਨਜ਼ਰਵੇਟਿਵ ਮੈਂਬਰ ਹੈਨਰੀ ਰਾਬਰਟ ਸਟੀਵਨਜ਼ ਤਕਰੀਰ ਕਰਦਾ ਹੈ। ਸਟੀਵਨਜ਼ ਨੂੰ ਗੋਰੇ ਕੈਨੇਡਾ ਬਾਰੇ ਉਸਦੇ ਬਿਆਨਾਂ ਬਦਲੇ ਬਹੁਤ ਸ਼ਾਬਾਸ਼ ਹਾਸਲ ਹੁੰਦੀ ਹੈ।

29 ਜੂਨ 1914: ਬ੍ਰਿਟਿਸ਼ ਕੋਲੰਬੀਆ ਦੀ ਅਪੀਲ ਅਦਾਲਤ ਵਿਚ ਅਜ਼ਮਾਇਸ਼ੀ ਕੇਸ (ਮੁਣਸ਼ੀ ਸਿੰਘ) ਲੜਿਆ ਜਾਂਦਾ ਹੈ – ਇਹ ਮੁਕੱਦਮਾ ਜਿਸ ਵਿਚ ਵਕੀਲ ਜੇ ਐਡਵਰਡ ਬਰਡ ਜਿਰ੍ਹਾ ਕਰਦਾ ਹੈ, ਪੰਜ ਜੱਜਾਂ ਦੇ ਬੈਂਚ ਵਲੋਂ ਹਰਾ ਦਿੱਤਾ ਜਾਂਦਾ ਹੈ।

8 ਜੁਲਾਈ 1914: ਗੁਰਦਿੱਤ ਸਿੰਘ ਗਵਰਨਰ ਜਨਰਲ ਨੂੰ ਇਹ ਤਾਰ ਭੇਜਦਾ ਹੈ: "ਰੀਡ ਮੇਰੇ ਜਹਾਜ਼ ਦੇ ਮੁਸਾਫਰਾਂ ਨੂੰ ਉਤਰਨ ਦੀ ਇਜਾਜ਼ਤ ਨਹੀਂ ਦੇ ਰਿਹਾ; 150,000 ਡਾਲਰ ਦੇ ਨੁਕਸਾਨ ਲਈ ਦਾਅਵਾ ਕਰਨ ਤੋਂ ਅਸਮਰੱਥ ਹਾਂ।"

17 ਜੁਲਾਈ 1914: ਕਾਮਾਗਾਟਾ ਮਾਰੂ ਦੇ ਮੁਸਾਫਰਾਂ ਨੂੰ ਡੀਪੋਰਟ ਕਰ ਦੇਣ ਦੇ ਹੁਕਮ ਦਾ ਸਮਾਂ। ਮੁਸਾਫਰਾਂ ਵਲੋਂ ਕਪਤਾਨ ਨੂੰ ਜਹਾਜ਼ ਦਾ ਲੰਗਰ ਖੋਹਲਣ ਤੋਂ ਰੋਕਣ ਲਈ ਜਹਾਜ਼ ਨੂੰ ਕਬਜ਼ੇ ਵਿਚ ਲੈ ਲੈਣ 'ਤੇ ਜਹਾਜ਼ ਉੱਪਰ ਝੜਪ ਹੋ ਜਾਂਦੀ ਹੈ।

19 ਜੁਲਾਈ 1914: ਸੀ ਲਾਇਅਨ (ਟੱਗ ਬੋਟ) ਹਥਿਆਰਬੰਦ ਪੁਲਿਸ ਅਤੇ ਇਮੀਗ੍ਰੇਸ਼ਨ ਅਫ਼ਸਰਾਂ ਨੂੰ ਲੈ ਕੇ ਜਹਾਜ਼ ਨੂੰ ਵੈਨਕੂਵਰ ਪੱਤਣ ਤੋਂ ਬਾਹਰ ਕੱਢਣ ਲਈ ਕਾਮਾਗਾਟਾ ਮਾਰੂ ਕੋਲ ਆ ਜਾਂਦਾ ਹੈ। ਸੀ ਲਾਇਅਨ ਦਾ ਰੱਸਾ ਕਾਮਾਗਾਟਾ ਮਾਰੂ ਨਾਲ ਬੰਨ੍ਹ ਦਿੱਤਾ ਜਾਂਦਾ ਹੈ। ਇਸ ਦੌਰਾਨ ਮੁਸਾਫਰਾਂ ਅਤੇ ਅਫ਼ਸਰਾਂ ਦੀ ਝੜਪ ਹੁੰਦੀ ਹੈ। ਆਖ਼ਿਰ ਰੱਸਾ ਵੱਢ ਦਿੱਤਾ ਜਾਂਦਾ ਹੈ ਅਤੇ ਟੱਗ ਬੋਟ ਪਿੱਛੇ ਹਟ ਜਾਂਦਾ ਹੈ।

21 ਜੁਲਾਈ 1914: ਕਾਮਾਗਾਟਾ ਮਾਰੂ ਦੀ ਵਾਪਸੀ ਦੀ ਦੂਜੀ ਤਾਰੀਕ; ਮੁਸਾਫਰ ਅਜੇ ਵੀ ਜਹਾਜ਼ ਦਾ ਕਬਜ਼ਾ ਛੱਡਣ ਲਈ ਤਿਆਰ ਨਹੀਂ ਸਨ।

23 ਜੁਲਾਈ 1914: ਕਾਮਾਗਾਟਾ ਮਾਰੂ ਐੱਚ.ਐੱਮ.ਸੀ.ਐੱਸ. ਰੇਨਬੋ ਅਤੇ ਸੀ ਲਾਇਅਨ ਦੇ ਘੇਰੇ ਵਿਚ ਉੱਥੋਂ ਵਾਪਸ ਚੱਲ ਪੈਂਦਾ ਹੈ।

4 ਅਗਸਤ 1914: ਬਰਤਾਨੀਆ ਜਰਮਨੀ ਵਿਰੁੱਧ ਜੰਗ ਦਾ ਐਲਾਨ ਕਰ ਦਿੰਦਾ ਹੈ।

27 ਸਤੰਬਰ 1914: ਕਾਮਾਗਾਟਾ ਮਾਰੂ ਕਲਕੱਤਾ ਨੇੜੇ ਹੁਗਲੀ ਵਿਖੇ ਪਹੁੰਚ ਜਾਂਦਾ ਹੈ ਅਤੇ ਬਜਬਜ ਘਟਨਾ ਵਾਪਰਦੀ ਹੈ; 20 ਮੁਸਾਫਰ ਮਾਰੇ ਜਾਂਦੇ ਹਨ; 9 ਜ਼ਖ਼ਮੀ ਹੋ ਜਾਂਦੇ ਹਨ; 202 ਨੂੰ ਗ੍ਰਿਫ਼ਤਾਰ ਕਰ ਲਿਆ ਜਾਂਦਾ ਹੈ; 62 ਰੇਲ ਗੱਡੀ ਵਿਚ ਚੜ੍ਹਾਕੇ ਪੰਜਾਬ ਭੇਜ ਦਿੱਤੇ ਜਾਂਦੇ ਹਨ; 26 ਦਾ ਕੋਈ ਥਹੁ-ਪਤਾ ਨਹੀਂ ਲੱਗਦਾ।

21 ਅਕਤੂਬਰ 1914: ਵੈਨਕੂਵਰ ਕੋਰਟ ਹਾਊਸ ਵਿਖੇ ਹਾਪਕਿਨਸਨ ਮਾਰਿਆ ਗਿਆ।

1919: ਹਿੰਦੂਆਂ ਨੂੰ ਹੁਣ ਆਪਣੀਆਂ ਪਤਨੀਆਂ ਤੇ ਬੱਚਿਆਂ ਨੂੰ ਕੈਨੇਡਾ ਮੰਗਵਾਉਣ ਦੀ ਖੁੱਲ੍ਹ ਦੇ ਦਿੱਤੀ ਗਈ।

1921: ਮਰਦਮਸ਼ੁਮਾਰੀ ਤੋਂ ਪਤਾ ਚਲਿਆ ਕਿ ਇਸ ਵਕਤ ਕੈਨੇਡਾ ਵਿਚ 1016 ਦੱਖਣੀ ਏਸ਼ੀਆਈ ਸਨ।

1947: ਹਿੰਦੁਸਤਾਨੀਆਂ ਨੂੰ ਕੈਨੇਡਾ ਵਿਚ ਵੋਟ ਦਾ ਹੱਕ ਮਿਲ ਗਿਆ।

1951: ਕੈਨੇਡਾ ਵਿਚ ਸਾਲਾਨਾ ਕਿੰਨੇ ਹਿੰਦੁਸਤਾਨੀ ਜਾ ਸਕਦੇ ਸਨ ਇਸ ਨੂੰ ਨਿਯਮਤ ਕਰਨ ਲਈ 150 ਦਾ ਕੋਟਾ ਤੈਅ ਕਰ ਦਿੱਤਾ ਗਿਆ।

1951: ਗੁਰਦਿੱਤ ਸਿੰਘ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰ ਨੂੰ ਚਿੱਠੀ ਲਿਖਕੇ ਮੰਗ ਕਰਦਾ ਹੈ ਕਿ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਦੀ ਯਾਦਗਾਰ ਬਣਾਈ ਜਾਵੇ।

1 ਜਨਵਰੀ 1952: ਕਲਕੱਤਾ ਵਿਚ ਕਾਮਾਗਾਟਾ ਮਾਰੂ ਦੀ ਯਾਦਗਾਰ ਲੋਕ-ਅਰਪਣ ਕੀਤੀ ਗਈ।

1957: ਹਿੰਦੁਸਤਾਨੀਆਂ ਦੇ ਕੈਨੇਡਾ ਜਾਣ ਦਾ ਸਾਲਾਨਾ ਕੋਟਾ ਵਧਾਕੇ 150 ਤੋਂ 300 ਕਰ ਦਿੱਤਾ ਗਿਆ।

23 ਜੁਲਾਈ 1989: ਕਾਮਾਗਾਟਾ ਮਾਰੂ ਦੇ ਬੁਰਾਰਡ ਸਮੁੰਦਰੀ ਦੁਆਰ ਤੋਂ ਵਾਪਸ ਜਾਣ ਦੇ 75 ਸਾਲ ਪੂਰੇ ਹੋਣ 'ਤੇ ਯਾਦਗਾਰੀ ਪਲੈਕ ਵੈਨਕੂਵਰ ਗੁਰਦੁਆਰੇ ਵਿਚ ਲਗਾਈ ਗਈ।

1994: ਕਾਮਾਗਾਟਾ ਮਾਰੂ ਦੀ ਘਟਨਾ ਦੇ ਅੱਸੀ ਸਾਲ ਪੂਰੇ ਹੋਣ 'ਤੇ ਵੈਨਕੂਵਰ ਪੱਤਣ ਉੱਪਰ ਪਲੈਕ ਲਗਾਈ ਗਈ।

ਅਗਸਤ 2008: ਪ੍ਰਧਾਨ ਮੰਤਰੀ ਸਟੀਫਨ ਹਾਰਪਰ ਬੀਅਰ ਕਰੀਕ ਪਾਰਕ, ਸਰੀ (ਬ੍ਰਿਟਿਸ਼ ਕੋਲੰਬੀਆ) ਵਿਚ ਕਮਿਊਨਿਟੀ ਸਮਾਗਮ, ਗ਼ਦਰੀ ਬਾਬਿਆਂ ਦਾ ਮੇਲਾ, ਵਿਖੇ ਕਾਮਾਗਾਟਾ ਮਾਰੂ ਘਟਨਾ ਦੀ ਮੁਆਫ਼ੀ ਮੰਗਦਾ ਹੈ।

2 **ਨਵੰਬਰ** 2011: ਸੈਨੇਟਰ ਮੋਬੀਨਾ ਐੱਸ.ਬੀ. ਜਾਫਰ (ਬ੍ਰਿਟਿਸ਼ ਕੋਲੰਬੀਆ) ਨੇ ਇਹ ਜ਼ੋਰ ਦਿੰਦੇ ਹੋਏ ਮਤਾ ਪੇਸ਼ ਕੀਤਾ ਕਿ ਸਰਕਾਰ ਦੱਖਣੀ ਏਸ਼ੀਆਈ ਭਾਈਚਾਰੇ ਅਤੇ ਕਾਮਾਗਾਟਾ ਮਾਰੂ ਘਟਨਾ ਦਾ ਸ਼ਿਕਾਰ ਹੋਏ ਵਿਅਕਤੀਆਂ ਤੋਂ ਰਸਮੀ ਤੌਰ 'ਤੇ ਮੁਆਫ਼ੀ ਮੰਗੇ।

4 **ਅਪ੍ਰੈਲ** 2012: ਪਾਰਲੀਮੈਂਟ ਮੈਂਬਰ ਜਸਬੀਰ ਸੰਧੂ (ਸਰੀ ਉੱਤਰੀ, ਬ੍ਰਿਟਿਸ਼ ਕੋਲੰਬੀਆ) ਮਤਾ ਪੇਸ਼ ਕਰਦਾ ਹੈ ਕਿ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਹਾਊਸ ਆਫ ਕਾਮਨਜ਼ ਵਿਚ ਕਾਮਾਗਾਟਾ ਮਾਰੂ ਘਟਨਾ ਲਈ ਰਸਮੀ ਤੌਰ 'ਤੇ ਮੁਆਫ਼ੀ ਮੰਗੇ।

23 **ਮਈ** 2014: ਇੰਡੋ-ਕੈਨੇਡੀਅਨ ਕਾਮਾਗਾਟਾ ਮਾਰੂ ਤ੍ਰਾਸਦੀ ਦਾ ਸੌ ਸਾਲਾ ਮਨਾਉਂਦੇ ਹਨ।

[ਸਾਈਮਨ ਫਰੇਜ਼ਰ ਯੂਨੀਵਰਸਿਟੀ ਦੀ ਲਾਇਬ੍ਰੇਰੀ 'ਤੇ ਅਧਾਰਤ]

ਹਿੰਦੁਸਤਾਨ ਦੀ ਬਸਤੀਵਾਦ ਵਿਰੋਧੀ ਅਤੇ ਕੌਮੀ ਮੁਕਤੀ ਲਹਿਰ ਵਿਚ ਮੁਸਲਮਾਨਾਂ ਦੀ ਗਿਣਨਯੋਗ ਭੂਮਿਕਾ

–ਪ੍ਰਿਥਵੀ ਰਾਜ ਕਾਲੀਆ

[ਮੈਂ ਇਸ ਲੇਖ ਦਾ ਨਾਂ 'ਹਿੰਦੁਸਤਾਨ ਦੀ ਕੌਮੀ ਮੁਕਤੀ ਲਹਿਰ ਵਿਚ ਮੁਸਲਮਾਨਾਂ ਦੀ ਗਿਣਨਯੋਗ ਭੂਮਿਕਾ' ਰੱਖਿਆ ਹੈ। ਮੈਂ ਜਾਣਦਾ ਹਾਂ ਕਿ ਇਨਕਲਾਬੀਆਂ ਉੱਪਰ ਮੁਸਲਿਮ, ਹਿੰਦੂ ਜਾਂ ਸਿੱਖ ਦਾ ਠੱਪਾ ਲਾਉਣ ਦਾ ਕੋਈ ਤਾਰਕਿਕ ਅਧਾਰ ਨਹੀਂ ਹੈ, ਪਰ ਫਿਰਕੂ ਅਨਸਰਾਂ ਦੇ ਦੋਖੀ ਪ੍ਰਚਾਰ ਦੁਆਰਾ ਜਿਸ ਤਰਕਹੀਣਤਾ ਨਾਲ ਮੁਸਲਮਾਨਾਂ ਨੂੰ 'ਗ਼ਦਾਰ' ਜਾਂ 'ਬਾਹਰਲੇ' ਵਜੋਂ ਅਪਮਾਨਿਤ ਕੀਤਾ ਜਾ ਰਿਹਾ ਹੈ ਉਸ ਦਾ ਪਰਦਾਫਾਸ਼ ਕੀਤੇ ਜਾਣ ਦੀ ਲੋੜ ਹੈ। ਸੱਜੇਪੱਖੀ ਸਿਧਾਂਤਕਾਰ ਆਪਣੇ ਸੌੜੇ ਸਮਾਜੀ–ਸਿਆਸੀ ਹਿੱਤਾਂ ਦੀ ਸੇਵਾ ਲਈ ਇਤਿਹਾਸ ਦੀ ਗ਼ਲਤ ਵਿਆਖਿਆ ਕਰਨ ਅਤੇ ਇਸ ਨੂੰ ਤੋੜ–ਮਰੋੜਕੇ ਪੇਸ਼ ਕਰਨ ਜ਼ਰੀਏ ਸਾਡੇ ਲੋਕਾਂ ਦੇ ਸਾਂਝੇ ਸੱਭਿਆਚਾਰ ਵਿਚ ਖੋਟ ਰਲਾਉਣ 'ਤੇ ਤੁਲੇ ਹੋਏ ਹਨ। ਇਤਿਹਾਸਕ ਰਿਕਾਰਡ ਨੂੰ ਸਹੀ ਤਰਤੀਬ 'ਚ ਰੱਖਦੇ ਹੋਏ ਅਜਿਹੇ ਇਤਿਹਾਪਸੰਦ ਅਨਸਰਾਂ ਵਿਰੁੱਧ ਪੂਰੀ ਨਿਹਚਾ ਨਾਲ ਲੜਾਈ ਦਿੱਤੇ ਜਾਣ ਦੀ ਲੋੜ ਹੈ]

ਕੁਝ ਫੁੱਟਪਾਊ ਜਥੇਬੰਦੀਆਂ, ਫਿਰਕੂ ਸਿਆਸਤਦਾਨ ਅਤੇ ਹਿੰਦੂ ਸੱਜੇਪੱਖੀ ਮੁਸਲਮਾਨਾਂ ਉੱਪਰ 'ਗ਼ਦਾਰ' ਅਤੇ 'ਬਦੇਸ਼ੀ' ਹੋਣ ਦਾ ਠੱਪਾ ਲਾ ਕੇ ਉਨ੍ਹਾਂ ਨੂੰ ਬਦਨਾਮ ਕਰਨ ਅਤੇ ਅਲੱਗ–ਥਲੱਗ ਕਰਨ ਵਿਚ ਸਰਗਰਮੀ ਨਾਲ ਜੁੱਟੇ ਹੋਏ ਹਨ, ਪਰ ਹਿੰਦੁਸਤਾਨ ਦੇ ਸਾਮਰਾਜਵਾਦ ਵਿਰੋਧੀ ਸੰਘਰਸ਼ ਦੀ ਸ਼ਾਨਾਮੱਤੀ ਗਾਥਾ ਭਰਪੂਰਤਾ ਨਾਲ ਸਾਬਤ ਕਰਦੀ ਹੈ ਕਿ ਹਿੰਦੁਸਤਾਨ ਵਿੱਚੋਂ ਬਰਤਾਨਵੀ ਰਾਜ ਦਾ ਖ਼ਾਤਮਾ ਕਰਨ ਲਈ ਹਿੰਦੂ ਤੇ ਮੁਸਲਮਾਨ ਦੋਵੇਂ ਕਿਵੇਂ ਬਹਾਦਰੀ ਨਾਲ ਲੜੇ।

ਹਿੰਦੂ–ਮੁਸਲਿਮ ਠੱਪਿਆਂ ਵਾਲੀ ਫਿਰਕੂ ਸਿਆਸਤ ਦੇ ਝੰਡਾ–ਬਰਦਾਰਾਂ, ਜਿਨ੍ਹਾਂ ਨੇ ਅਜੋਕੇ ਬਾਬਰੀ ਮਸਜਿਦ–ਰਾਮ ਜਨਮਭੂਮੀ ਵਿਵਾਦ ਨਾਲ ਦੋਵਾਂ ਧਾਰਮਿਕ ਫਿਰਕਿਆਂ ਦਰਮਿਆਨ ਹਿੰਸਾ ਅਤੇ ਬੇਇਤਬਾਰੀ ਦਾ ਮਾਹੌਲ ਬਣਾ ਦਿੱਤਾ ਹੈ, ਨੂੰ ਚੇਤੇ ਕਰਾਉਣ ਦੀ ਲੋੜ ਹੈ ਕਿ 1857 ਦੀ ਪਹਿਲੀ ਜੰਗੇ–ਆਜ਼ਾਦੀ ਦੌਰਾਨ, "ਇਹੀ ਅਯੁੱਧਿਆ ਸੀ ਜਿਥੇ ਮੌਲਵੀਆਂ ਤੇ ਮਹੰਤਾਂ ਅਤੇ ਆਮ ਹਿੰਦੂਆਂ–ਮੁਸਲਮਾਨਾਂ ਨੇ ਬਰਤਾਨਵੀ ਰਾਜ ਵਿਰੁੱਧ ਜੋਟੀਆਂ ਪਾਕੇ

ਬਗ਼ਾਵਤ ਕੀਤੀ ਅਤੇ ਮਿਲਕੇ ਫਾਂਸੀ ਦੇ ਰੱਸੇ ਚੁੰਮੇ ਸਨ। ਮੌਲਾਨਾ ਅਮੀਰ ਅਲੀ ਅਯੁੱਧਿਆ ਦਾ ਮਸ਼ਹੂਰ ਮੌਲਵੀ ਸੀ ਅਤੇ ਜਦੋਂ ਅਯੁੱਧਿਆ ਦੀ ਪ੍ਰਸਿੱਧ ਹਨੂੰਮਾਨ ਗੜ੍ਹੀ (ਹਨੂਮਾਨ ਮੰਦਰ) ਦੇ ਪੁਜਾਰੀ ਬਾਬਾ ਰਾਮਚਰਨ ਦਾਸ ਨੇ ਬਰਤਾਨਵੀ ਰਾਜ ਦਾ ਹਥਿਆਰਬੰਦ ਟਾਕਰਾ ਜਥੇਬੰਦ ਕਰਨ 'ਚ ਅਗਵਾਈ ਕੀਤੀ, ਮੌਲਾਨਾ ਇਨਕਲਾਬੀ ਫ਼ੌਜ ਵਿਚ ਸ਼ਾਮਲ ਹੋਏ। ਅੰਗਰੇਜ਼ਾਂ ਅਤੇ ਉਨ੍ਹਾਂ ਦੇ ਹੱਥਠੋਕਿਆਂ ਨਾਲ ਇਕ ਲੜਾਈ ਵਿਚ, ਉਨ੍ਹਾਂ ਦੋਵਾਂ ਨੂੰ ਫੜ ਲਿਆ ਗਿਆ ਅਤੇ ਅਯੁੱਧਿਆ ਦੇ ਕੁਬੇਰ ਟਿੱਲਾ ਨੇੜੇ ਇਮਲੀ ਦੇ ਰੁੱਖ ਨਾਲ ਲਟਕਾਕੇ ਫਾਂਸੀ ਦੇ ਦਿੱਤੀ ਗਈ।"[1]

ਇਸੇ ਖੇਤਰ ਤੋਂ ਫ਼ੈਜ਼ਾਬਾਦ ਜ਼ਿਲ੍ਹੇ ਵਿਚ ਰਾਜਾ ਦੇਵੀਬਖ਼ਸ਼ ਦੀ ਫ਼ੌਜ ਦੀ ਅਗਵਾਈ ਕਰਦਿਆਂ ਅੱਛਾਨ ਖ਼ਾਨ ਅਤੇ ਸ਼ੰਭੂ ਪ੍ਰਸਾਦ ਸ਼ੁਕਲਾ ਨੇ ਕਈ ਲੜਾਈਆਂ ਵਿਚ ਬਰਤਾਨਵੀ ਫ਼ੌਜ ਨੂੰ ਹਰਾਇਆ। ਪਰ ਜਦੋਂ ਉਹ ਫੜ ਲਏ ਗਏ, ਹਿੰਦੂਆਂ ਅਤੇ ਮੁਸਲਮਾਨਾਂ ਦਰਮਿਆਨ ਐਸੀ ਸਾਂਝ ਦੇ ਹੌਸਲੇ ਪਸਤ ਕਰਨ ਲਈ ਇਨ੍ਹਾਂ ਦੋਵਾਂ ਦੋਸਤਾਂ ਨੂੰ ਲੰਮਾ ਸਮਾਂ ਸ਼ਰੇਆਮ ਤਸੀਹੇ ਦਿੱਤੇ ਗਏ ਅਤੇ ਫਿਰ ਬੇਰਹਿਮੀ ਨਾਲ ਉਨ੍ਹਾਂ ਦੇ ਸਿਰ ਵੱਢ ਦਿੱਤੇ ਗਏ। ਇਥੇ ਇਹ ਚੇਤੇ ਕਰਨਾ ਠੀਕ ਰਹੇਗਾ ਕਿ ਜਿਸ ਇਨਕਲਾਬੀ ਫ਼ੌਜ ਨੇ 11 ਮਈ 1857 ਦੇ ਦਿਨ ਆਖ਼ਰੀ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਜ਼ਫ਼ਰ ਨੂੰ ਹਿੰਦੁਸਤਾਨ ਦਾ ਹੁਕਮਰਾਨ ਐਲਾਨਿਆ ਸੀ, ਉਸ ਵਿਚ ਸੱਤਰ ਫ਼ੀਸਦੀ ਸਿਪਾਹੀ ਹਿੰਦੂ ਸਨ। ਮੁਕਤੀ ਦੀ ਇਹ 'ਕੌਮੀ ਜੰਗ' ਨਾਨਾ ਸਾਹਿਬ, ਬਹਾਦਰ ਸ਼ਾਹ ਜ਼ਫ਼ਰ, ਮੌਲਵੀ ਅਹਿਮਦ ਸ਼ਾਹ, ਤਾਤਿਆ ਟੋਪੇ, ਖ਼ਾਨ ਬਹਾਦਰ ਖ਼ਾਨ, ਰਾਣੀ ਲਕਸ਼ਮੀ ਬਾਈ, ਹਜ਼ਰਤ ਮਹੱਲ, ਅਜ਼ੀਮਉੱਲਾ ਖ਼ਾਨ ਅਤੇ ਫ਼ਿਰੋਜ਼ਸ਼ਾਹ ਵਰਗੇ ਆਗੂਆਂ ਦੀ ਸਾਂਝੀ ਅਗਵਾਈ ਹੇਠ ਲੜੀ ਗਈ ਸੀ, ਇਨਕਲਾਬੀਆਂ ਦਾ ਇਹ ਸ਼ਾਨਦਾਰ ਸਮੂਹ ਵੱਖੋ-ਵੱਖਰੇ ਧਰਮਾਂ ਨਾਲ ਸਬੰਧ ਰੱਖਦਾ ਸੀ।

ਇਸੇ ਤਰ੍ਹਾਂ, 22 ਸਤੰਬਰ 1857 ਨੂੰ, ਮੇਜਰ ਹਡਸਨ ਵਲੋਂ ਬਹਾਦਰ ਸ਼ਾਹ "ਜ਼ਫ਼ਰ" ਦੇ ਪੁੱਤਰਾਂ ਅਤੇ ਪੋਤੇ ਮਿਰਜ਼ਾ ਮੁਗ਼ਲ, ਮਿਰਜ਼ਾ ਖ਼ਿਜ਼ਰ ਅਤੇ ਮਿਰਜ਼ਾ ਅਬੂ ਬਕਰ ਨੂੰ ਇਤਿਹਾਸਕ ਖ਼ੂਨੀ ਦਰਵਾਜ਼ੇ ਦੇ ਦੁਆਰ ਉੱਪਰ ਕਤਲ ਕਰ ਦਿੱਤਾ ਗਿਆ ਸੀ। ਸ਼ਹਿਜ਼ਾਦਿਆਂ ਨੇ ਬਾਗ਼ੀਆਂ ਨਾਲ ਮਿਲਕੇ ਘਮਸਾਣ ਦੀ ਲੜਾਈ ਲੜੀ ਪਰ ਹਾਰ ਗਏ ਸਨ। ਖ਼ੂਨੀ ਦਰਵਾਜ਼ਾ 1857 ਦੀ ਬਗ਼ਾਵਤ ਦੌਰਾਨ ਇਕ ਮਹਿਰਾਬਦਾਰ ਰਸਤਾ ਸੀ ਅਤੇ ਇਹ ਰਵਾਇਤੀ ਮਾਇਨਿਆਂ 'ਚ ਦਰਵਾਜ਼ਾ ਨਹੀਂ ਸੀ। ਪੁਰਾਤੱਤਵ ਰਿਕਾਰਡ *ਕੈਸਰ-ਉਲ-ਤਵਾਰੀਖ਼* ਦੇ ਪੰਨਿਆਂ ਵਿਚ ਇਹ ਦਰਜ ਹੈ ਕਿ ਹਿੰਦੁਸਤਾਨ ਦੀ ਪਹਿਲੀ ਜੰਗੇ-ਆਜ਼ਾਦੀ (1857-58) ਦੌਰਾਨ ਦਿੱਲੀ ਵਿਚ ਹੀ ਮੌਤ ਦੇ ਘਾਟ ਉਤਾਰੇ ਗਏ ਮੁਸਲਮਾਨਾਂ ਦੀ ਤਾਦਾਦ 27,000 ਸੀ, ਇਨ੍ਹਾਂ ਵਿਚ ਉਹ ਮੁਸਲਮਾਨ ਸ਼ਾਮਲ ਨਹੀਂ ਜੋ ਆਮ ਕਤਲੋਗ਼ਾਰਤ ਵਿਚ ਮਾਰੇ ਗਏ ਸਨ।[2] ਮਸ਼ਹੂਰ ਉਰਦੂ ਸ਼ਾਇਰ ਮਿਰਜ਼ਾ ਗ਼ਾਲਿਬ (1797-1869) ਨੇ ਆਪਣੇ ਖ਼ਤਾਂ ਵਿਚ ਐਸੀ ਕਤਲੋਗ਼ਾਰਤ ਦੀ ਜਿਊਂਦੀ-ਜਾਗਦੀ ਤਸਵੀਰ ਪੇਸ਼ ਕੀਤੀ ਹੈ।[3]

ਇਸੇ ਤਰ੍ਹਾਂ, ਬੰਗਾਲ ਅੰਦਰ ਹਿੰਦੂ-ਮੁਸਲਿਮ ਏਕਤਾ 'ਤੇ ਚੱਲਦਿਆਂ ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ ਬੰਗਾਲ ਦੇ ਆਖ਼ਰੀ ਆਜ਼ਾਦ ਨਵਾਬ ਦੇ ਸਨਮਾਨ ਵਿਚ 3 ਜੁਲਾਈ 1940 ਨੂੰ

ਸਿਰਾਜ–ਉਦ–ਦੌਲਾ ਦਿਹਾੜਾ ਮਨਾਉਣ ਦਾ ਸੱਦਾ ਦਿੱਤਾ ਸੀ – ਜੋ ਹਿੰਦੁਸਤਾਨ ਦੀ ਸਰਜ਼ਮੀਨ ਉੱਪਰ ਬਸਤੀਵਾਦੀ ਬਰਤਾਨਵੀ ਏਜੰਟਾਂ ਨੂੰ ਚੁਣੌਤੀ ਦੇਣ ਵਾਲਾ ਪਹਿਲਾ ਬੰਦਾ ਸੀ।[4] ਪਰ, ਆਪਣੇ ਵੋਟ ਬੈਂਕ ਨੂੰ ਵਧਾਉਣ ਲਈ, ਖ਼ਾਸ ਕਰਕੇ ਹਿੰਦੂ ਸੱਜੇਪੱਖੀ ਹਿੰਦੂ–ਮੁਸਲਿਮ ਏਕਤਾ ਅਤੇ ਧਾਰਮਿਕ ਘੱਟਗਿਣਤੀਆਂ ਦੇ ਹੱਕਾਂ ਪ੍ਰਤੀ ਨੇਤਾਜੀ ਦੀ ਡੂੰਘੀ ਵਚਨਬੱਧਤਾ ਨੂੰ ਨਜ਼ਰਅੰਦਾਜ਼ ਕਰਦੇ ਹੋਏ ਸਿਰਫ਼ ਉਸ ਦੀ ਫ਼ੌਜੀ ਸੂਰਮਗਤੀ ਦੀ ਤਾਰੀਫ਼ ਕਰਦੇ ਹਨ। ਸ਼ਹੀਦਾਂ ਦਾ ਇੰਞ ਗ਼ਲਤ ਇਸਤੇਮਾਲ ਪੂਰੀ ਤਰ੍ਹਾਂ ਘਿਣਾਉਣਾ ਵੀ ਹੈ ਅਤੇ ਖ਼ਤਰਨਾਕ ਵੀ। ਕਰਤਾਰ ਸਿੰਘ ਸਰਾਭਾ, ਅਸ਼ਫ਼ਾਕਉੱਲਾ ਅਤੇ ਸੁਭਾਸ਼ ਚੰਦਰ ਬੋਸ ਨੂੰ ਧਰਮ ਦੇ ਅਧਾਰ ’ਤੇ ਵੰਡਿਆ ਨਹੀਂ ਜਾ ਸਕਦਾ। ਇਨ੍ਹਾਂ ਸ਼ਹੀਦਾਂ ਨੂੰ ਰਵਾਇਤੀ ਅਕਸ ਤੋਂ ਮੁਕਤ ਕਰਾਉਣਾ, ਉਨ੍ਹਾਂ ਦੀ ਦ੍ਰਿਸ਼ਟੀ ਅਤੇ ਸੋਚ ਨੂੰ ਠੋਸ ਰੂਪ ਦੇਣਾ ਜ਼ਰੂਰੀ ਹੈ।

ਹਾਸਲ ਰਿਕਾਰਡ ਸਾਬਤ ਕਰਦਾ ਹੈ ਕਿ ਮੁਸਲਮਾਨਾਂ ਵਲੋਂ ਬਰਤਾਨਵੀ ਰਾਜ ਦੇ ਟਾਕਰੇ ਦੀ ਪੈੜ ਟੀਪੂ ਸੁਲਤਾਨ ਦੇ ਬਰਤਾਨਵੀ ਸਾਮਰਾਜਵਾਦੀਆਂ ਵਿਰੁੱਧ ਸੰਗਰਾਮ (ਨਵੰਬਰ 1750, ਦੇਵਨਹਾਲੀ – 4 ਮਈ 1799, ਸੀਰਿੰਗਾਪਟਮ) ਤਕ ਲੱਭੀ ਜਾ ਸਕਦੀ ਹੈ। ਇਹ ਟੀਪੂ ਸੁਲਤਾਨ ਹੀ ਸੀ ਜਿਸਨੇ ਹਿੰਦੁਸਤਾਨੀ ਹੁਕਮਰਾਨਾਂ ਨੂੰ ਜਗਾਇਆ ਅਤੇ ਬਰਤਾਨਵੀਆਂ ਦੇ ਵਿਰੁੱਧ ਸਾਂਝਾ ਮੁਹਾਜ਼ ਬਣਾਉਣ ਦਾ ਗਰਜਵਾਂ ਹੋਕਾ ਦਿੱਤਾ। ਇਸ ਤੋਂ ਪਿੱਛੋਂ 19ਵੀਂ ਸਦੀ ਦੇ ਪਹਿਲੇ ਅੱਧ ਦੌਰਾਨ ਅਸ਼ਰਫ਼ ਅਹਿਮਦ ਬਰੇਲਵੀ ਮਕਬੂਲ ਹੋਏ ਜਦੋਂ ਵਹਾਬੀ ਲਹਿਰ ਮੁਲਕ ਦੀਆਂ ਚਾਰੇ ਕੂੰਟਾਂ ਵਿਚ ਫੈਲ ਗਈ। ਇਹ ਉਸਦੀ ਬਦੇਸ਼ੀ ਹੁਕਮਰਾਨਾਂ ਦਾ ਤਖ਼ਤ ਉਲਟਾਉਣ ਲਈ ਇਕਜੁੱਟ ਹੋਣ ਦੀ ਅਪੀਲ ਸੀ ਜਿਸਨੇ ਵੱਡੀ ਤਾਦਾਦ ’ਚ ਗਰੈਜੂਏਟਾਂ ਨੂੰ ਬਰਤਾਨਵੀ ਮਾਲਕਾਂ ਦੀ ਖ਼ਿਦਮਤ ਕਰਨ ਤੋਂ ਇਨਕਾਰੀ ਹੋਣ ਦੇ ਰੁਝਾਨ ਨੂੰ ਵੱਡਾ ਹੁਲਾਰਾ ਦਿੱਤਾ। ਉਹ ਅਤੇ ਉਸਦਾ ਚੇਲਾ ਮੌਲਾਨਾ ਸ਼ਾਹ ਇਸਮਾਇਲ 1831 ’ਚ ਬਾਲਾਕੋਟ ਵਿਚ ਮਾਰੇ ਗਏ।[5]

ਬਹੁਤ ਸਾਰੇ ਹੋਰ ਮੁਸਲਿਮ ਨਾਇਕ ਹਨ ਜਿਨ੍ਹਾਂ ਨੇ ਆਪਣੇ ਗ਼ੈਰਮੁਸਲਿਮ ਸਾਥੀਆਂ ਨਾਲ ਮਿਲਕੇ ਗੋਲੀਆਂ ਦੀ ਬੌਛਾੜ, ਮੌਤ ਦੀਆਂ ਸਜ਼ਾਵਾਂ ਆਦਿ ਦਾ ਸਾਹਮਣਾ ਕਰਦਿਆਂ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਜਾਂ ਅੰਡੇਮਾਨ ਜੇਲ੍ਹ ਵਿਚ ਉਮਰ ਕੈਦ ਭੁਗਤਦਿਆਂ ਸੜਦੇ ਰਹੇ। ਹਿੰਦੁਸਤਾਨ ਦੀ ਆਜ਼ਾਦੀ ਲਈ ਹਿੰਦੁਸਤਾਨੀ ਮੁਸਲਮਾਨਾਂ ਦੀਆਂ ਐਸੀਆਂ ਸ਼ਾਨਦਾਰ ਕੁਰਬਾਨੀਆਂ ਦੇ ਇਤਿਹਾਸ ਦੀਆਂ ਪੈੜਾਂ ‘ਸਨਿਆਸੀਆਂ ਅਤੇ ਫ਼ਕੀਰਾਂ ਦੀ ਬਗ਼ਾਵਤ (1763–1800) ਅਤੇ ਬਸਤੀਵਾਦ ਵਿਰੋਧ ਨਿਆਰੀ ਵਹਾਬੀ ਲਹਿਰ (1820–1870) ਨਾਲ ਜਾ ਜੁੜਦੀਆਂ ਹਨ। ਫਿਰ, ਖਾੜਕੂ ਰਾਸ਼ਟਰਵਾਦ ਦੇ ਆਗਮਨ ਨਾਲ, ਹਿੰਦੂਆਂ ਅਤੇ ਮੁਸਲਮਾਨਾਂ ਨੇ ਮਿਲਕੇ ਵੱਖੋ–ਵੱਖਰੀਆਂ ਇਨਕਲਾਬੀ ਸਭਾਵਾਂ ਜਥੇਬੰਦ ਕੀਤੀਆਂ ਅਤੇ ਉਨ੍ਹਾਂ ਵਿਚ ਹਿੱਸਾ ਲਿਆ ਜਿਵੇਂ ਤਾਮਿਲਨਾਡੂ ਵਿਚ ਮਿਤਰਾਮੇਲਾ, ਮਹਾਰਾਸ਼ਟਰ ਵਿਚ ਅਭਿਨਵ ਭਾਰਤ, ਬੰਗਾਲ ਵਿਚ ਆਤਮੌਨਤੀ ਅਨੁਸ਼ੀਲਨ, ਸੁਹਿਰਿਦ, ਸਾਧਨਾ, ਬਰਾਤੀ, ਸਦੇਸ਼ ਬਾਂਧਬ ਸੰਮਤੀਆਂ, ਅਤੇ ਪੰਜਾਬ ਵਿਚ ਭਾਰਤਮਾਤਾ ਸਮਿਤੀ।[6] ਇਸੇ ਤਰ੍ਹਾਂ, ਉਲੇਮਾ (ਇਸਲਾਮ ਅਤੇ ਇਸਲਾਮਿਕ ਕਾਨੂੰਨ ਦੇ ਮਾਹਰ ਮੁਸਲਿਮ ਵਿਦਵਾਨ) ਵਲੋਂ ਆਪਣੇ ‘ਫ਼ਤਵਿਆਂ’ ਜ਼ਰੀਏ

ਆਜ਼ਾਦੀ ਦੀ ਲਹਿਰ ਦੇ ਬਹੁਤ ਸਾਰੇ ਅਹਿਮ ਪ੍ਰੋਗਰਾਮਾਂ ਦੀ ਹਮਾਇਤ ਕੀਤੀ ਗਈ; ਇਹ ਹਿੰਦੁਸਤਾਨ ਦੀ ਆਜ਼ਾਦੀ ਦੀ ਲਹਿਰ ਦੌਰਾਨ ਮੁਸਲਮਾਨਾਂ ਦੀ ਬਹੁ-ਪਾਸਾਰੀ ਭੂਮਿਕਾ ਦਾ ਅਹਿਮ ਹਿੱਸਾ ਸੀ। ਇਸ ਤੋਂ ਉਨ੍ਹਾਂ ਦੀਆਂ ਮਹਾਨ ਕੁਰਬਾਨੀਆਂ ਦਾ ਪਤਾ ਚਲਦਾ ਹੈ ਜੋ ਉਨ੍ਹਾਂ ਨੇ ਆਪਣੀ ਮਾਂ-ਧਰਤੀ ਦੀ ਬਰਤਾਨਵੀ ਰਾਜ ਤੋਂ ਬੰਦ-ਖ਼ਲਾਸੀ ਕਰਾਉਣ ਲਈ ਕੀਤੀਆਂ।

ਇਹ ਜ਼ਾਹਿਰ ਹੈ ਕਿ ਸਮੁੱਚੇ ਹਿੰਦੁਸਤਾਨ ਵਿਚ ਮੁਸਲਮਾਨਾਂ ਨੇ ਦ੍ਰਿੜ ਵਚਨਬੱਧਤਾ ਵਾਲੇ ਆਜ਼ਾਦੀ ਘੁਲਾਟੀਆਂ ਵਜੋਂ ਬਾਕੀ ਹਿੰਦੁਸਤਾਨੀਆਂ ਨਾਲ ਮਿਲਕੇ ਕੰਮ ਕੀਤਾ। ਆਜ਼ਾਦੀ ਦੀ ਲਹਿਰ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਦੇ ਸਾਂਝੇ ਯਤਨਾਂ ਦੀ ਤਾਰੀਫ਼ ਕਰਦਿਆਂ ਹਿੰਦੁਸਤਾਨ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰਲਾਲ ਨਹਿਰੂ ਨੇ ਐਨ ਸਹੀ ਟਿੱਪਣੀ ਕੀਤੀ ਕਿ, "ਯੂਰਪ ਦੇ ਹਮਲੇ ਵਿਰੁੱਧ ਏਸ਼ੀਅਨਾਂ ਦੇ ਤੌਰ 'ਤੇ ਸਾਡੇ ਵਿਚ ਏਕਤਾ ਦੀ ਸਾਂਝ ਹੈ ਜੋ ਮਹਿਸੂਸ ਕੀਤੀ ਜਾ ਸਕਦੀ ਹੈ।"[7]

ਇਸ ਸਭ ਕਾਸੇ ਦੇ ਬਾਵਜੂਦ, ਮੁਸਲਿਮ ਘੁਲਾਟੀਆਂ ਦੀ ਭੂਮਿਕਾ ਨੂੰ ਉਨਾ ਉਭਾਰਕੇ ਪੇਸ਼ ਨਹੀਂ ਕੀਤਾ ਗਿਆ ਜਿੰਨਾ ਕਿ ਕੀਤਾ ਜਾਣਾ ਚਾਹੀਦਾ ਸੀ। ਇਹ ਬਿਲਕੁਲ ਹੀ ਹੈਰਾਨੀਜਨਕ ਹੈ। ਓਦੋਂ ਵਾਲੀ ਪੀੜ੍ਹੀ ਦੀ ਜ਼ਿਹਨੀਅਤ, ਖ਼ਾਸ ਕਰਕੇ ਹਿੰਦੂ ਗਰਮ-ਖ਼ਿਆਲੀਆਂ ਦੀ, ਅਫ਼ਸੋਸਨਾਕ ਰੂਪ 'ਚ ਬਹੁਤ ਹੀ ਤੁਅੱਸਬੀ ਹੈ, ਕਿਉਂਕਿ ਉਹ ਸੋਚਦੇ ਸਨ ਕਿ ਮਹਿਜ਼ ਹਿੰਦੂਆਂ ਨੇ ਹੀ ਮਹਾਤਮਾ ਗਾਂਧੀ ਦੀ ਅਗਵਾਈ ਵਿਚ ਆਜ਼ਾਦੀ ਦੀ ਲੜਾਈ ਲੜੀ, ਜਿਸ ਵਿਚ ਅਲੀ ਭਰਾਵਾਂ, ਖ਼ਾਨ ਬਹਾਦਰ ਗ਼ਫ਼ਾਰ ਖ਼ਾਨ, ਸ਼ੇਖ਼ ਅਬਦੁੱਲਾ, ਮੌਲਾਨਾ ਅਬੁਲ ਕਲਾਮ ਆਜ਼ਾਦ, ਅਤੇ ਡਾ. ਜ਼ਾਕਿਰ ਹੁਸੈਨ ਵਰਗੇ ਮੁੱਠੀ ਭਰ ਮੁਸਲਮਾਨਾਂ ਨੇ ਹੀ ਹਿੱਸਾ ਲਿਆ।

ਸਾਮਰਾਜਵਾਦ ਵਿਰੋਧੀ ਸੰਘਰਸ਼ ਨੂੰ, ਖ਼ਾਸ ਕਰਕੇ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਲਈ ਮੁਸਲਮਾਨਾਂ ਦੀ ਗਿਣਨਯੋਗ ਦੇਣ ਦੇ ਪ੍ਰਸੰਗ ਵਿਚ, ਇਤਿਹਾਸ ਨੂੰ ਡੂੰਘਾਈ ਵਿਚ ਹੋਰ ਫਰੋਲਣ ਦੀ ਲੋੜ ਹੈ। ਇਹ ਲੇਖ ਕੁਝ ਤਫ਼ਸੀਲ ਨਾਲ ਇਹ ਛਾਣਬੀਣ ਕਰਦਾ ਹੈ ਕਿ ਇਸ ਮੁਲਕ ਨੂੰ ਬਸਤੀਵਾਦੀਆਂ ਦੇ ਜਕੜ-ਪੰਜੇ 'ਚੋਂ ਮੁਕਤ ਕਰਾਉਣ ਲਈ ਕਿਵੇਂ ਹਿੰਦੂਆਂ ਅਤੇ ਮੁਸਲਮਾਨਾਂ ਦੋਵਾਂ ਨੇ ਖ਼ੂਨ-ਪਸੀਨਾ ਇਕ ਕੀਤਾ। ਸਾਡੀ ਚਰਚਾ ਦੋ ਸਦੀਆਂ - 1757 ਤੋਂ 1947 ਤਕ - ਫੈਲੀ ਹੋਈ ਹੈ।

ਹਿੰਦੁਸਤਾਨ ਦੀ ਆਜ਼ਾਦੀ ਦੇ ਮੁੱਢਲੇ ਘੁਲਾਟੀਏ: 1757-1857

ਸਿਰਾਜ-ਉਦ-ਦੌਲਾ: ਬਸਤੀਵਾਦ ਨੂੰ ਲਲਕਾਰਨ ਵਾਲਾ ਪਹਿਲਾ ਹਾਕਮ

ਬੰਗਾਲ ਦਾ ਨਵਾਬ ਸਿਰਾਜ-ਉਦ-ਦੌਲਾ, ਜਿਸਨੇ 1757 ਵਿਚ ਬਰਤਾਨਵੀਆਂ ਨੂੰ ਵੰਗਾਰਿਆ, ਪਹਿਲਾਂ ਦੇਸੀ ਹਾਕਮ ਸੀ ਜਿਸ ਨੇ ਬਰਤਾਨਵੀ ਰਾਜ ਦੇ ਫੈਲਾਅ ਵਿਚ ਲੁਕੇ ਖ਼ਤਰੇ ਨੂੰ ਮਹਿਸੂਸ ਕੀਤਾ ਅਤੇ ਸ਼ੁਰੂ ਵਿਚ ਹੀ ਇਸ ਨੂੰ ਰੋਕਣ ਦਾ ਯਤਨ ਕੀਤਾ। ਬਰਤਾਨਵੀਆਂ ਵਲੋਂ ਕਲਕੱਤਾ ਦੀ ਹੱਦੋਂ ਜ਼ਿਆਦਾ ਕਿਲ੍ਹੇਬੰਦੀ ਨੇ 'ਨਵਾਬ ਦੇ ਗੁੱਸੇ ਨੂੰ ਭੜਕਾਇਆ'। ਉਸਨੇ ਕਲਕੱਤਾ ਵੱਲ ਕੂਚ ਕੀਤਾ ਅਤੇ 20 ਜੂਨ 1756 ਨੂੰ ਫੋਰਟ ਵਿਲੀਅਮ ਉੱਪਰ ਕਬਜ਼ਾ ਕਰ

ਲਿਆ।[8] ਉਸਦੇ ਇਕ ਬੇਵਫ਼ਾ ਜਰਨੈਲ ਮੀਰ ਜਾਫ਼ਰ ਅਤੇ ਬੈਂਕਰ ਜਗਤ ਸੇਠ ਦੀ ਅਗਵਾਈ ਵਿਚ ਅਮੀਰ ਕਾਰੋਬਾਰੀਆਂ ਦੀ ਇਕ ਟੋਲੀ ਦੀ ਗ਼ਦਾਰੀ ਕਾਰਨ ਪਲਾਸੀ ਦੀ ਲੜਾਈ ਵਿਚ ਉਸਦੀ ਹਾਰ ਹੋਈ। ਫਿਰ ਵੀ, ਸਿਰਾਜ-ਉਦ-ਦੌਲਾ ਇਤਿਹਾਸ ਦੇ ਪੰਨਿਆਂ ਵਿਚ ਐਸੇ ਪਹਿਲੇ ਹਾਕਮ ਵਜੋਂ ਸਿਰਕੱਢ ਹੈ ਜਿਸਨੇ ਬਰਤਾਨਵੀਆਂ ਦੇ ਪਸਾਰਵਾਦੀ ਮਨਸੂਬਿਆਂ ਨੂੰ ਲਲਕਾਰਿਆ।[9]

ਪਲਾਸੀ ਦੀ ਲੜਾਈ ਤੋਂ ਬਾਅਦ, ਨਵਾਬ ਮੀਰ ਕਾਸਮ ਬਰਤਾਨਵੀ ਦੇ ਵਿਰੁੱਧ ਬਹਾਦਰੀ ਨਾਲ ਲੜਿਆ ਅਤੇ 1764 ਵਿਚ ਬਕਸਰ ਵਿਖੇ ਹਾਰ ਗਿਆ। ਇਨ੍ਹਾਂ ਲੜਾਈਆਂ ਵਿਚ ਜਿੱਤਾਂ ਦੇ ਸਿੱਟੇ ਵਜੋਂ ਬਰਤਾਨਵੀ ਈਸਟ ਇੰਡੀਆ ਕੰਪਨੀ ਨੇ ਬੰਗਾਲ, ਬਿਹਾਰ ਅਤੇ ਉੜੀਸਾ ਦੀਆਂ ਰਿਆਸਤਾਂ ਉੱਪਰ ਕਬਜ਼ਾ ਕਰ ਲਿਆ।

ਟੀਪੂ ਸੁਲਤਾਨ: ਇਕ ਆਦਰਸ਼ ਬਸਤੀਵਾਦ ਵਿਰੋਧੀ

ਅਠਾਰਵੀਂ ਸਦੀ ਦਾ ਜ਼ਿਆਦਾਤਰ ਵਕਤ ਬਰਤਾਨੀਆ ਮੈਸੂਰ ਦੇ ਵਿਸ਼ਾਲ ਅੰਦਰਲੇ ਖੇਤਰ ਦੇ ਮੁਸਲਿਮ ਹਾਕਮ ਹੈਦਰ ਅਲੀ ਅਤੇ ਉਸਦੇ ਪੁੱਤਰ ਟੀਪੂ ਸੁਲਤਾਨ ਨਾਲ ਜੰਗ ਵਿਚ ਉਲਝਿਆ ਰਿਹਾ। ਟੀਪੂ ਸੁਲਤਾਨ (ਨਵੰਬਰ 1750 -4 ਮਈ 1799) ਨੇ ਦੇਸੀ ਰਾਜਿਆਂ ਨੂੰ ਬਰਤਾਨੀਆ ਦੇ ਸਾਮਰਾਜਵਾਦੀ ਮਨਸੂਬਿਆਂ ਬਾਰੇ ਅਸਰਦਾਰ ਢੰਗ ਨਾਲ ਚੁਕੰਨੇ ਕੀਤੇ। ਉਹ ਚਾਹੁੰਦਾ ਸੀ ਬਾਕੀ ਦੇਸੀ ਰਾਜੇ ਆਪਸੀ ਵਿਨਾਸ਼ਕਾਰੀ ਲੜਾਈ ਨੂੰ ਤਿਲਾਂਜਲੀ ਦੇਣ ਅਤੇ ਇਸ ਦੀ ਬਜਾਏ ਇਕਜੁੱਟ ਹੋ ਕੇ ਬਰਤਾਨਵੀ ਬਸਤੀਵਾਦ ਦੇ ਹਮਲੇ ਤੋਂ ਆਪਣੇ ਮੁਲਕ ਦੀ ਰਾਖੀ ਕਰਨ। ਉਸ ਨੇ ਬਦੇਸ਼ੀ ਹਾਕਮਾਂ ਦੇ ਵਿਰੁੱਧ ਆਪਣੇ ਬਾਪ ਹੈਦਰ ਅਲੀ ਵਲੋਂ ਵਿੱਢੇ ਸੰਘਰਸ਼ ਨੂੰ ਜਾਰੀ ਰੱਖਿਆ।

ਉਸਨੇ ਦੇਸੀ ਰਾਜਿਆਂ ਨੂੰ ਲਿਖੇ ਖ਼ਤਾਂ ਵਿਚ ਬਸਤੀਵਾਦੀ ਹੁਕਮਰਾਨਾਂ ਦੇ ਅਸਲ ਚਿਹਰੇ ਅਤੇ ਮੁਲਕ ਨੂੰ ਹੜੱਪਣ ਦੀਆਂ ਉਨ੍ਹਾਂ ਦੀਆਂ ਡੂੰਘੀਆਂ ਯੋਜਨਾਵਾਂ ਬਾਰੇ ਚਾਨਣਾ ਪਾਇਆ। ਦੋ ਮੁਹਾਜ਼ਾਂ, ਇਕ ਬਰਤਾਨੀਆ ਦੇ ਦੇਸੀ ਜੋਟੀਦਾਰਾਂ ਦੇ ਖ਼ਿਲਾਫ਼ ਅਤੇ ਦੂਜਾ ਬਸਤੀਵਾਦੀ ਤਾਕਤ ਦੇ ਖ਼ਿਲਾਫ਼, ਉੱਪਰ ਲੜਦਿਆਂ ਆਪਣੇ ਵਤਨ ਦੇ ਵਫ਼ਾਦਾਰ ਆਸ਼ਕ ਟੀਪੂ ਸੁਲਤਾਨ ਦੀ ਜੀਵਨ-ਕਹਾਣੀ ਦਾ ਅੰਤ ਹੋਇਆ, ਜੋ ਕੌਮੀ ਆਜ਼ਾਦੀ ਦੇ ਕਾਜ ਲਈ ਸ਼ਹੀਦ ਹੋਇਆ। ਇਹ ਛੇਕੜਲੀ ਵਾਰ ਸੀ ਜਦੋਂ ਤਾਕਤਵਰ ਬਰਤਾਨੀਆ ਦੇ ਵਕਤ ਦੀ ਵਾਗਡੋਰ ਇਕ ਹਿੰਦੁਸਤਾਨੀ ਰਾਜਾ ਦੇ ਹੱਥ ਵਿਚ ਸੀ। ਮੈਸੂਰ ਦੇ ਲੋਕਾਂ ਨੇਂ ਉਸ ਨੂੰ *ਮੈਸੂਰ ਦਾ ਸ਼ੇਰ* ਦਾ ਰੁਤਬਾ ਦੇ ਕੇ ਜੈ-ਜੈਕਾਰ ਕੀਤੀ। ਚੌਥੀ ਮੈਸੂਰ ਜੰਗ ਵਿਚ ਟੀਪੂ ਦੀ ਸ਼ਹਾਦਤ ਤੋਂ ਬਾਦ ਇਕ ਬਰਤਾਨਵੀ ਜਰਨੈਲ ਆਰਥਰ ਵੈਲਸਲੇ ਦਾ ਬਿਆਨ ਸੀ: "ਜੇ ਦੇਸੀ ਰਾਜਿਆਂ ਨੇ ਟੀਪੂ ਸੁਲਤਾਨ ਨੂੰ ਪੂਰੀ ਹਮਾਇਤ ਦਿੱਤੀ ਹੁੰਦੀ, ਅਸੀਂ ਇਥੇ ਹੁਕਮਰਾਨ ਨਾ ਬਣੇ ਹੁੰਦੇ"। (Holmes, Professor Richard (2002) *Wellington: The Iron Duke*. London: Harper Collins Publishers)

ਬਰਤਾਨਵੀ ਸੰਸਦ ਨੇ ਹਿੰਦੁਸਤਾਨ ਅੰਦਰ ਬਰਤਾਨਵੀ ਸਾਮਰਾਜਵਾਦ ਦੀ ਪੱਕੀ ਬੁਨਿਆਦ ਰੱਖਣ ਲਈ ਵੈਲਸਲੇ ਦੀ ਸ਼ਲਾਘਾ ਕੀਤੀ।

ਇਹ ਟੀਪੂ ਦੇ ਟਾਕਰੇ ਅਤੇ ਦੂਰਅੰਦੇਸ਼ੀ ਦੀ ਅਹਿਮੀਅਤ ਨੂੰ ਦਿਖਾਉਂਦਾ ਹੈ। ਟੀਪੂ ਦੀ ਮੌਤ ਤੋਂ ਬਾਅਦ ਹੀ ਬਰਤਾਨਵੀ ਫ਼ੌਜੀ ਅਫ਼ਸਰ ਇਹ ਐਲਾਨ ਕਰ ਸਕਿਆ ਕਿ ਅੱਜ ਤੋਂ ਹਿੰਦੁਸਤਾਨ ਸਾਡਾ ਹੈ। ਅੱਧੀ ਸਦੀ ਤਕ ਇਥੇ ਕੋਈ ਹੋਰ ਨਾਇਕ ਨਹੀਂ ਹੋਇਆ, ਜਿਸ ਨੇ ਟੀਪੂ ਸੁਲਤਾਨ ਦੀ ਮੌਤ ਤੋਂ ਬਾਅਦ ਅੰਗਰੇਜ਼ਾਂ ਨੂੰ ਦ੍ਰਿੜਤਾ ਨਾਲ ਲਲਕਾਰਿਆ ਹੋਵੇ।[10]

ਟੀਪੂ ਹਿੰਦੁਸਤਾਨ ਦਾ ਇਕ ਸਭ ਤੋਂ ਨਰਮ-ਚਿੱਤ ਅਤੇ ਸੂਝਵਾਨ ਸੁਲਤਾਨ ਸੀ। ਉਸਦੀ ਇੱਕੋਇਕ ਜ਼ੋਰਦਾਰ ਖ਼ਾਹਸ਼ ਅੰਗਰੇਜ਼ ਧਾੜਵੀਆਂ ਨੂੰ ਆਪਣੇ ਵਤਨ ਵਿੱਚੋਂ ਕੁੱਟਕੇ ਦਬੱਲ ਦੇਣ ਦੀ ਸੀ। ਟੀਪੂ ਸੁਲਤਾਨ ਦੀ ਸ਼ਖ਼ਸੀਅਤ ਦੋ ਸਦੀਆਂ ਤੋਂ ਹਿੰਦੁਸਤਾਨ ਅਤੇ ਬਰਤਾਨਵੀ ਮਨਾਂ ਉੱਪਰ ਛਾਈ ਹੋਈ ਹੈ, ਜਿਵੇਂ ਉਸਦੀ ਤੂਫ਼ਾਨੀ ਜ਼ਿੰਦਗੀ ਅਤੇ ਤ੍ਰਾਸਦਿਕ ਅੰਤ ਬਾਰੇ ਵਿਦਵਾਨਾਂ ਦੇ ਅਧਿਐਨਾਂ, ਗੀਤਾਂ, ਨਾਟਕਾਂ ਅਤੇ ਨਾਵਲਾਂ ਦਾ ਅਨੰਤ ਵਹਿਣ ਗਵਾਹੀ ਦਿੰਦਾ ਹੈ:

[ਭਾਵੇਂ] "ਟੀਪੂ ਸਾਮਰਾਜੀ ਚੇਤਿਆਂ ਵਿਚ ਮਸ਼ਹੂਰ ਖ਼ਲਨਾਇਕ ਵਜੋਂ ਜ਼ਿੰਦਾ ਹੈ....ਪਰ ਉਸਦੇ ਵਕਤ ਦੇ ਮਿਆਰਾਂ ਅਨੁਸਾਰ ਆਪਣੀ ਕਾਰਜਕੁਸ਼ਲਤਾ ਅਤੇ ਤਰੱਕੀ ਦੀ ਤਲਾਸ਼ ਵਿਚ ਉਹ ਆਪਣੇ ਜ਼ਮਾਨੇ ਦਾ ਨੈਪੋਲੀਅਨ ਸੀ। ਉਹ ਆਪਣੀ ਹਿੰਦੂ ਅਤੇ ਮੁਸਲਿਮ ਦੋਵਾਂ ਤਰ੍ਹਾਂ ਦੀ ਪਰਜਾ ਵਿਚ ਹਰਮਨਪਿਆਰਾ ਸੀ ਅਤੇ ਰਾਸ਼ਟਰਵਾਦੀਆਂ ਦੀਆਂ ਅਗਲੀਆਂ ਪੀੜ੍ਹੀਆਂ ਲਈ ਉਹ ਇਕ ਨਾਇਕ ਸੀ।"[11]

ਉੱਨੀਵੀਂ ਸਦੀ ਅੰਦਰ, ਜਿਸ ਵਿਚ ਸਲਤਨਤ ਨੇ ਈਸਾਈ ਧਰਮ-ਪ੍ਰਚਾਰ ਦੀ ਮਦਦ ਕਰਨੀ ਸ਼ੁਰੂ ਕਰ ਦਿੱਤੀ ਸੀ, ਹਿੰਦੁਸਤਾਨ ਵਿਚ ਇਸਲਾਮਿਕ ਵਿਰੋਧ ਬਰਤਾਨੀਆ ਖ਼ਿਲਾਫ਼ ਦੁਸ਼ਮਣੀ ਦੀਆਂ ਵੱਡੀਆਂ ਲਹਿਰਾਂ ਦੀ ਸ਼ਕਲ ਅਖਤਿਆਰ ਕਰਕੇ ਉੱਭਰਕੇ ਸਾਹਮਣੇ ਆਇਆ। ਸ਼ਾਇਦ ਹੀ ਕੋਈ ਸਾਲ ਐਸਾ ਗੁਜ਼ਰਿਆ ਹੋਵੇਗਾ ਜਦੋਂ ਕਿਸੇ ਮੁੱਲਾ ਜਾਂ ਇਸਲਾਮਿਕ ਕਬਾਇਲੀ ਨੇ ਅੰਗਰੇਜ਼ ਦੇ ਵਿਰੁੱਧ ਲੜਨ ਲਈ ਤਾਕਤ ਨਾ ਖੜ੍ਹੀ ਕੀਤੀ ਹੋਵੇ।

ਵੈਲੂਰ ਦੀ ਬਗ਼ਾਵਤ

ਜੁਲਾਈ 1806 ਵਿਚ, ਵੈਲੂਰ ਦਾ ਬਰਤਾਨਵੀ ਕਿਲ੍ਹਾ ਮੁਸਲਿਮ ਸਿਪਾਹੀਆਂ ਦੀ ਵੱਡੀ ਬਗ਼ਾਵਤ ਦਾ ਮੰਜ਼ਰ ਬਣਿਆ। ਕਾਨੂੰਨਾਂ ਦੇ ਨਵੇਂ ਸਿਲਸਿਲੇ ਤਹਿਤ ਸਿਪਾਹੀਆਂ ਨੂੰ "ਬਣ-ਫੱਬਕੇ ਰਹਿਣ", ਕੰਨਾਂ ਵਿਚ ਮੁੰਦਰਾਂ ਨਾ ਪਾਉਣ, ਦਾਹੜੀਆਂ ਮੁੰਨਣ, ਅਤੇ "ਹੈਟ ਨਾਲ ਮਿਲਦੀ-ਜੁਲਦੀ" ਨਵੀਂ ਨਮੂਨੇ ਦੀ ਪੱਗੜੀ ਬੰਨ੍ਹਣ ਦਾ ਹੁਕਮ ਸੁਣਾ ਦਿੱਤਾ ਗਿਆ ਸੀ। ਸਿਪਾਹੀਆਂ ਨੂੰ ਡਰ ਸੀ ਕਿ ਜੇ ਉਨ੍ਹਾਂ ਨੇ ਬਰਤਾਨਵੀ ਪਹਿਰਾਵਾ ਅਪਣਾ ਲਿਆ, ਉਨ੍ਹਾਂ ਦੀ ਇਸਲਾਮ ਤੋਂ ਈਸਾਈ ਧਰਮ ਵਿਚ ਜਬਰੀ ਧਰਮ-ਬਦਲੀ ਹੁੰਦਿਆਂ ਦੇਰ ਨਹੀਂ ਲੱਗੇਗੀ। "ਫਿਰ ਅਸੀਂ ਚੰਡਾਲ ਅਤੇ ਕਾਫ਼ਰ ਅੰਗਰੇਜ਼ਾਂ ਨਾਲ ਬੈਠਕੇ ਖਾਣਪੀਣ, ਉਨ੍ਹਾਂ ਨੂੰ ਧੀਆਂ ਦੇਣ,

ਇਕ ਜਾਤੀ ਬਣਨ ਅਤੇ ਇਕ ਧਰਮ ਨੂੰ ਮੰਨਣ ਲਈ ਸਰਾਪੇ ਜਾਵਾਂਗੇ।"[12]

ਜਦੋਂ ਮਈ 1806 ਵਿਚ, ਮਦਰਾਸ ਰਿਸਾਲੇ ਦੀ ਇਕ ਕੰਪਨੀ ਨੇ ਨਵੀਂ ਪੱਗੜੀ ਬੰਨ੍ਹਣ ਤੋਂ ਨਾਂਹ ਕਰ ਦਿੱਤੀ, ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਮੁਕੱਦਮੇ ਚਲਾਉਣ ਲਈ ਮਦਰਾਸ ਭੇਜ ਦਿੱਤਾ ਗਿਆ। ਉਨ੍ਹਾਂ ਦੇ ਦੋ ਆਗੂ ਬਦਅਮਨੀ ਫੈਲਾਉਣ ਦੇ ਮੁਜਰਿਮ ਕਰਾਰ ਦਿੱਤੇ ਗਏ ਅਤੇ ਨੌਂ ਸੌ ਕੋੜੇ ਮਾਰਨ ਦੀ ਸਜ਼ਾ ਦਿੱਤੀ ਗਈ। ਬਾਕੀ ਸਿਪਾਹੀਆਂ ਦੇ ਮਨਾਂ ਵਿਚ ਗੁੱਸਾ ਬਣਿਆ ਰਿਹਾ ਅਤੇ ਉਨ੍ਹਾਂ ਨੇ ਜ਼ਲਾਲਤ ਦਾ ਬਦਲਾ ਲੈਣ ਦੀ ਵਿਉਂਤ ਬਣਾਈ। ਦੋ ਮਹੀਨੇ ਬਾਅਦ, 10 ਜੁਲਾਈ ਨੂੰ ਤੜਕੇ ਤਿੰਨ ਵਜੇ, ਉੱਥੇ ਤਾਇਨਾਤ ਸਮੁੱਚੀ ਫ਼ੌਜ ਨੇ ਬਗ਼ਾਵਤ ਕਰਕੇ ਇਕ ਸੌ ਯੂਰਪੀ ਸਿਪਾਹੀ ਅਤੇ ਇਕ ਦਰਜਨ ਬਰਤਾਨਵੀ ਅਫ਼ਸਰ ਮਾਰ ਮੁਕਾਏ। ਬਾਗ਼ੀਆਂ ਨੇ ਟੀਪੂ ਦੇ ਇਕ ਫ਼ਰਜ਼ੰਦ ਨੂੰ ਨਵਾਂ ਸੁਲਤਾਨ ਥਾਪ ਦਿੱਤਾ, ਅਤੇ ਕਿਲ੍ਹੇ ਦੀ ਫ਼ਸੀਲ ਉੱਪਰ ਥੋੜ੍ਹੇ ਵਕਤ ਲਈ ਮੈਸੂਰ ਦਾ ਪਰਚਮ ਲਹਿਰਾ ਦਿੱਤਾ। ਬਰਤਾਨਵੀਆਂ ਨੇ ਬਗ਼ਾਵਤ ਨੂੰ ਕੁਚਲਣ ਲਈ ਝਟਪਟ ਕੁਮਕ ਸੱਦ ਲਈ।

ਇਸੇ ਤਰ੍ਹਾਂ ਦੀ ਇਕ ਝੜਪ ਦੋ ਦਹਾਕੇ ਬਾਅਦ 1828 'ਚ ਹੋਈ। ਇਕ ਫ਼ੌਜੀ ਇਕਾਈ, ਜੋ "ਨਿਜ਼ਾਮ ਦੇ ਘੋੜ-ਸਵਾਰ" ਵਜੋਂ ਮਸ਼ਹੂਰ ਸੀ, ਦੇ ਇੰਚਾਰਜ ਇਕ ਜੋਸ਼ੀਲੇ ਅੰਗਰੇਜ਼ ਲੈਫਟੀਨੈਂਟ ਨੇ ਆਪਣੇ ਮੁਸਲਿਮ ਸਿਪਾਹੀਆਂ ਨੂੰ ਦਾੜ੍ਹੀਆਂ ਦੀ ਸ਼ੇਵ ਕਰਨ ਦਾ ਹੁਕਮ ਦੇਕੇ ਵੈਲੂਰ ਵਾਲੀ ਗ਼ਲਤੀ ਦੁਹਰਾ ਦਿੱਤੀ। ਉਨ੍ਹਾਂ ਦਾ ਸਿਰਫ਼ ਆਪਣੀਆਂ ਦਾੜ੍ਹੀਆਂ ਨੂੰ ਕੱਟਕੇ ਰੱਖਣ ਦਾ ਸਮਝੌਤਾ ਉਸ ਲੈਫਟੀਨੈਂਟ ਨੂੰ ਨਾਕਾਫ਼ੀ ਲੱਗਦਾ ਸੀ, ਉਸਨੇ ਦੋ ਆਦਮੀਆਂ ਨੂੰ ਜਬਰੀ ਫੜ੍ਹਕੇ ਰੱਖਣ ਅਤੇ ਉਨ੍ਹਾਂ ਦੀਆਂ ਦਾੜ੍ਹੀਆਂ ਸਾਫ਼ ਕਰ ਦੇਣ ਦੀ ਨੁਮਾਇਸ਼ ਲਾਉਣ ਦੇ ਹੁਕਮ ਦੇ ਦਿੱਤੇ। ਸਿਪਾਹੀਆਂ ਨੇ ਬਗ਼ਾਵਤ ਕਰ ਦਿੱਤੀ, ਇਕ ਸੀਨੀਅਰ ਬਰਤਾਨਵੀ ਅਧਿਕਾਰੀ ਨੂੰ ਮਾਰ ਦਿੱਤਾ ਅਤੇ ਇਕ ਮਸਜਿਦ ਵਿਚ ਪਨਾਹ ਲੈ ਲਈ। ਲੈਫਟੀਨੈਂਟ ਨੇ ਉਨ੍ਹਾਂ ਦੇ ਧਾਰਮਿਕ ਅਸਥਾਨ ਉੱਪਰ ਹਮਲਾ ਕਰਕੇ ਉਸ ਅੰਦਰ ਛੁਪੇ ਸਾਰੇ ਲੋਕਾਂ ਨੂੰ ਮਾਰ ਦਿੱਤਾ।[13]

ਵੈਲੂਰ ਅਤੇ "ਨਿਜ਼ਾਮ ਦੇ ਘੋੜ-ਸਵਾਰ" ਵਿਖੇ ਬਗ਼ਾਵਤਾਂ ਅੱਧੀ ਸਦੀ ਬਾਅਦ 1857 ਵਿਚ ਹਿੰਦੁਸਤਾਨੀ ਫ਼ੌਜੀ ਬਗ਼ਾਵਤ ਦੀ ਰਿਹਰਸਲ ਸਨ। 10 ਮਈ 1857 ਨੂੰ ਬਾਕੀ ਸਾਰੇ ਫਿਰਕਿਆਂ ਨਾਲ ਮਿਲਕੇ ਮੁਸਲਮਾਨਾਂ ਨੇ ਵੀ ਪੂਰੇ ਮਹਾਂਦੀਪ ਵਿਚ ਬਗ਼ਾਵਤ ਕਰ ਦਿੱਤੀ। ਲਿਹਾਜ਼ਾ, ਜੋ ਆਗਾਜ਼ ਬੰਗਾਲ ਦੀ ਫ਼ੌਜ ਵਜੋਂ ਹੋਇਆ ਸੀ ਉਹ ਛੇਤੀ ਹੀ ਅੰਗਰੇਜ਼ਾਂ ਨੂੰ ਕੱਢਣ ਲਈ ਕੁਲ ਹਿੰਦੁਸਤਾਨ ਵਿਚ ਇਕ ਅਵਾਮੀ ਬਗ਼ਾਵਤ ਵਿਚ ਵਿਕਸਤ ਹੋ ਗਿਆ।

ਖ਼ੁਫ਼ੀਆ ਸਭਾਵਾਂ
ਮੁਸਲਿਮ ਫ਼ਕੀਰਾਂ ਅਤੇ ਸੰਨਿਆਸੀਆਂ ਨੇ ਬਗ਼ਾਵਤ ਦਾ ਪਹਿਲਾ ਪਰਚਮ ਲਹਿਰਾਇਆ

ਪਹਿਲੀ ਜੰਗੇ-ਆਜ਼ਾਦੀ ਤੋਂ ਲਗਭਗ 100 ਸਾਲ ਪਹਿਲਾਂ 1764 ਵਿਚ ਬਕਸਰ ਦੀ ਜੰਗ ਬਰਤਾਨਵੀ ਈਸਟ ਇੰਡੀਆ ਕੰਪਨੀ ਲਈ ਫ਼ੈਸਲਾਕੁਨ ਫ਼ਤਹਿ ਸੀ। ਤਿੰਨ ਮਾਯੂਸ ਇਤਹਾਦੀਆਂ - ਮੁਗ਼ਲ ਸੁਲਤਾਨ ਸ਼ਾਹ ਆਲਮ ਦੂਜਾ, ਅਵਧ ਦੇ ਨਵਾਬ ਸ਼ੁਜਾ-ਉਦ ਦੌਲਾ

ਅਤੇ ਮੀਰ ਕਾਸਿਮ – ਵਿਚਾਲੇ ਬੁਨਿਆਦੀ ਤਾਲਮੇਲ ਦੀ ਘਾਟ ਉਨ੍ਹਾਂ ਦੀ ਫ਼ੈਸਲਾਕੁਨ ਹਾਰ ਲਈ ਜ਼ਿੰਮੇਵਾਰ ਸੀ। ਹੁਣ ਦੇਸੀ ਰਾਜਿਆਂ ਦੇ ਕਾਰਵਿਹਾਰ ਉੱਪਰ ਕੁਝ ਜਕੜ ਬਣਾ ਲੈਣ ਤੋਂ ਬਾਅਦ ਬਰਤਾਨਵੀ ਦੇਸੀ ਰਿਆਸਤਾਂ ਦੀ ਦੌਲਤ ਦੀ ਲੁੱਟਮਾਰ ਕਰਨ ਅਤੇ ਦੇਸੀ ਰਾਜਿਆਂ ਦੀ ਸਰਗਰਮ ਮਦਦ ਨਾਲ ਬੰਗਾਲ, ਬਿਹਾਰ ਅਤੇ ਉੜੀਸਾ ਨੂੰ ਕਬਜ਼ੇ ਵਿਚ ਲੈਣ ਦੀਆਂ ਸਾਜ਼ਿਸ਼ਾਂ ਵਿਚ ਲੱਗੇ ਹੋਏ ਸਨ।

ਇਸ ਸਿਆਸੀ ਮੰਜ਼ਰ ਵਿਚ, 1763 ਦੇ ਕਰੀਬ ਪਹਿਲੀ ਦਫ਼ਾ ਬੰਗਾਲ ਦੇ ਫ਼ਕੀਰਾਂ ਨੇ ਮਜਨੂੰਸ਼ਾਹ ਦੀ ਕਾਬਲ ਅਗਵਾਈ ਹੇਠ ਈਸਟ ਇੰਡੀਆ ਕੰਪਨੀ ਦੇ ਧਾੜਵੀਆਂ ਵਿਰੁੱਧ ਬਗ਼ਾਵਤ ਕਰ ਦਿੱਤੀ ਜੋ ਮਦਾਰੀਆ ਪੰਥ ਦਾ ਇਕ ਮੁਸਲਿਮ ਸੂਫ਼ੀ ਸੰਤ ਸੀ। ਇਕ ਭੋਜਪੁਰੀ ਬ੍ਰਾਹਮਣ ਭਵਾਨੀ ਪਾਠਕ ਨੇ ਮਜਨੂੰਸ਼ਾਹ ਨਾਲ ਸਾਂਝਾ ਇਤਹਾਦ ਬਣਾ ਲਿਆ ਅਤੇ ਉਸਨੇ ਸੰਨਿਆਸੀ ਬਾਗੀਆਂ ਦੀ ਅਗਵਾਈ ਕੀਤੀ।[14] ਉਨ੍ਹਾਂ ਨੇ ਜ਼ਮੀਂਦਾਰਾਂ ਨੂੰ ਨਿਸ਼ਾਨਾ ਬਣਾਇਆ ਜੋ ਬਰਤਾਨਵੀਆਂ ਦੇ ਵਫ਼ਾਦਾਰ ਸਨ, ਅਤੇ ਅਕਸਰ ਹੀ ਕੰਪਨੀ ਦੇ ਅਧਿਕਾਰੀਆਂ ਉੱਪਰ ਅਚਾਨਕ ਧਾਵੇ ਬੋਲਦੇ ਹੋਏ ਛਾਪਾਮਾਰ ਤਰਜ਼ ਦੀ ਯੁੱਧਕਲਾ ਅਖ਼ਤਿਆਰ ਕੀਤੀ। ਪਿੰਡਾਂ ਦੇ ਲੋਕ ਬਾਗ਼ੀਆਂ ਨੂੰ ਸਾਰੀ ਸੂਹ ਦਿੰਦੇ ਸਨ ਜੋ ਅਕਸਰ ਹੀ ਉਨ੍ਹਾਂ ਨੂੰ ਕੰਪਨੀ ਦੇ ਫ਼ੌਜੀ ਦਸਤਿਆਂ ਦੀ ਨਕਲੋ-ਹਰਕਤ ਦੀ ਜਾਣਕਾਰੀ ਪਹੁੰਚਾਉਂਦੇ ਰਹਿੰਦੇ ਸਨ।

1769–70 ਦਾ ਕਾਲ ਬੰਗਾਲ ਵਿਚ ਈਸਟ ਇੰਡੀਆ ਕੰਪਨੀ ਦੇ ਰਾਜ ਦਾ ਮਹਿਜ਼ ਇਕ ਸਿੱਟਾ ਸੀ। ਇਕ ਹੋਰ ਸਿੱਟਾ ਸੀ ਧਾਰਮਿਕ ਲੋਕਾਂ, ਜਿਵੇਂ ਮੁਸਲਿਮ *ਫ਼ਕੀਰ* ਅਤੇ ਹਿੰਦੂ *ਸੰਨਿਆਸੀ*, ਦੀ ਜ਼ਿੰਦਗੀ ਵਿਚ ਖ਼ਲਲ। ਇਹ ਦੋਵੇਂ ਸਮੂਹ ਆਪਣੇ ਪੈਰੋਕਾਰਾਂ ਦੀ ਖ਼ੈਰਾਤ ਨਾਲ ਗੁਜ਼ਾਰਾ ਕਰਦੇ ਸਨ। ਈਸਟ ਇੰਡੀਆ ਕੰਪਨੀ ਦੇ ਪ੍ਰਸ਼ਾਸਕਾਂ, ਜਿਨ੍ਹਾਂ ਨੂੰ ਬੰਗਾਲ ਦੇ ਧਾਰਮਿਕ ਅਮਲਾਂ ਦੀ ਭੋਰਾ ਸਮਝ ਨਹੀਂ ਸੀ, ਨੂੰ ਲੱਗਿਆ ਕਿ ਖ਼ੈਰਾਤ ਪਿੰਡ ਦੇ ਲੋਕਾਂ ਉੱਪਰ ਗ਼ੈਰਕਾਨੂੰਨੀ ਥੋਪਿਆ ਕਰ ਹੈ। ਇਸ ਦੇ ਪ੍ਰਤੀਕਰਮ ਵਜੋਂ, ਇਕ ਟਾਕਰਾ ਲਹਿਰ ਵਿਕਸਤ ਹੋ ਗਈ। ਫ਼ਕੀਰਾਂ ਅਤੇ ਸੰਨਿਆਸੀਆਂ ਦੇ ਇਕ ਸਮੂਹ ਨੂੰ ਕਿਸਾਨਾਂ ਦੀ ਝਟਪਟ ਹਮਾਇਤ ਹਾਸਲ ਹੋ ਗਈ ਜੋ ਪਹਿਲਾਂ ਹੀ ਨਵੀਂ ਮਾਲੀਆ ਨੀਤੀ ਅਤੇ ਕਾਲ ਦੀ ਆਫ਼ਤ ਵਿਚ ਪੀਸੇ ਜਾ ਰਹੇ ਸਨ। ਭਾਵੇਂ ਉਹ ਸੁਚੱਜੇ ਢੰਗ ਨਾਲ ਜਥੇਬੰਦ ਨਹੀਂ ਸਨ, ਫਿਰ ਵੀ "ਉਹ ਮਜਨੂੰਸ਼ਾਹ ਅਤੇ ਉਸਦੇ ਲਫਟੈਣਾਂ ਮੂਸਾ ਸ਼ਾਹ ਤੇ ਚਰਾਗ਼ ਅਲੀ, ਅਤੇ ਭਵਾਨੀ ਪਾਠਕ, ਦੇਬੀ ਚੌਧਰਾਣੀ, ਕ੍ਰਿਪਾਨਾਥ, ਨੂਰ ਉੱਲ ਮੁਹੰਮਦ, ਪਿਤਾਂਬਰ ਆਦਿ ਦੀ ਸਾਂਝੀ ਅਗਵਾਈ ਹੇਠ ਪੂਰੇ ਬੰਗਾਲ ਅਤੇ ਬਿਹਾਰ ਵਿਚ ਆਪਣੀ ਆਜ਼ਾਦੀ, ਸਭਿਆਚਾਰ ਅਤੇ ਧਰਮ ਦੀ ਖ਼ਾਤਰ ਇਕ ਆਦਰਸ਼ ਲੜਾਈ ਨਾਲ ਦੱਬੀ-ਕੁਚਲੀ ਕਿਸਾਨੀ ਨੂੰ ਕਾਮਯਾਬੀ ਨਾਲ ਪ੍ਰੇਰ ਸਕਦੇ ਸਨ।"[15]

1770ਵਿਆਂ ਵਿਚ ਫ਼ਕੀਰਾਂ ਅਤੇ ਸੰਨਿਆਸੀਆਂ ਦੀ ਤਾਦਾਦ ਪੰਦਰਾਂ ਹਜ਼ਾਰ ਦੇ ਕਰੀਬ ਜਾਂ ਵਧੇਰੇ ਹੋ ਗਈ, ਅਤੇ ਉਨ੍ਹਾਂ ਮੌਕਿਆਂ 'ਤੇ ਜਦੋਂ ਉਨ੍ਹਾਂ ਨੇ ਈਸਟ ਇੰਡੀਆ ਕੰਪਨੀ ਵਿਰੁੱਧ ਖੁੱਲ੍ਹੀ ਜੰਗ ਵਿਚ ਹਿੱਸਾ ਲਿਆ ਓਦੋਂ ਉਹ ਮੈਦਾਨੇ-ਜੰਗ ਵਿਚ 60,000 ਫ਼ੌਜੀ ਤਾਕਤ ਲੜਾਈ ਵਿਚ ਲਾਮਬੰਦ ਕਰ ਸਕਦੇ ਸਨ।

ਬਾਗ਼ੀ ਬਰਤਾਨਵੀ ਫ਼ੌਜ ਦੇ ਮੁਕਾਬਲੇ ਬਹੁਤ ਹੀ ਗਤੀਸ਼ੀਲ ਹੋਣ, ਅਤੇ ਖ਼ਤਰੇ ਦੀ ਹਾਲਤ ਵਿਚ ਗ਼ੈਰਸਾਜ਼ਗਰ ਆਲੇ-ਦੁਆਲੇ ਵਿਚ ਵੀ ਲੁਕਣ ਦੇ ਸਮਰੱਥ ਹੋਣ ਕਾਰਨ ਈਸਟ ਇੰਡੀਆ ਕੰਪਨੀ ਲਈ ਛਾਪਾਮਾਰ ਹਮਲਿਆਂ ਨੂੰ ਠੱਲ ਪਾਉਣਾ ਅਤੇ ਉਨ੍ਹਾਂ ਨੂੰ ਹਰਾਉਣਾ ਮੁਸ਼ਕਲ ਸੀ। ਮਜਨੂੰਸ਼ਾਹ ਦੀ ਕਾਬਲ ਅਗਵਾਈ ਹੇਠ, 1767 ਤੋਂ ਲੈਕੇ 1786 ਤਕ, ਬਾਗ਼ੀਆਂ ਨੇ ਰੰਗਪੁਰ, ਰਾਜਸ਼ਾਹੀ, ਕੁਸ਼ ਬਿਹਾਰ, ਜਲਪਾਈਗੁੜੀ, ਕੋਮਿਲਾ ਅਤੇ ਢਾਕਾ ਵਰਗੀਆਂ ਥਾਂਵਾਂ ਉੱਪਰ ਈਸਟ ਇੰਡੀਆ ਕੰਪਨੀ ਦੇ ਫ਼ੌਜੀ ਅੱਡਿਆਂ ਉੱਪਰ ਬਹੁਤ ਸਾਰੇ ਹਮਲੇ ਕੀਤੇ। ਮੈਕਿੰਜ਼ੀ (1766) ਦੀ ਅਗਵਾਈ ਵਾਲੀਆਂ ਬਰਤਾਨਵੀ ਫ਼ੌਜਾਂ ਨੂੰ ਬਹੁਤ ਸਾਰੀਆਂ ਹਾਰਾਂ ਦਾ ਸਾਹਮਣਾ ਕਰਨਾ ਪਿਆ। 1769 ਵਿਚ ਲੜਾਈ ਦਾ ਕਮਾਂਡਰ ਕੇਥ ਹਾਰ ਗਿਆ ਅਤੇ ਮਾਰਿਆ ਗਿਆ।[16] 14 ਨਵੰਬਰ 1776 ਨੂੰ ਇਕ ਹੋਰ ਲੜਾਈ ਵਿਚ, ਮਜਨੂੰ ਨੇ ਸੈਂਕੜੇ ਅੰਗਰੇਜ਼ਾਂ ਨੂੰ ਮਾਰਕੇ ਬਰਤਾਨਵੀ ਫ਼ੌਜ ਨੂੰ ਕੁਚਲ ਦਿੱਤਾ।[17]

ਛਾਪੇ ਲਗਾਤਾਰ ਅਣਮਿੱਥੇ ਵਕਤ ਲਈ ਜਾਰੀ ਰੱਖੇ ਜਾਣੇ ਸਨ, ਪਰ ਬਦਕਿਸਮਤੀ ਨਾਲ 8 ਦਸੰਬਰ 1786 ਨੂੰ ਫ਼ਕੀਰ-ਸੰਨਿਆਸੀ ਬਰਤਾਨਵੀ ਫ਼ੌਜ ਨਾਲ ਆਹਮੋ-ਸਾਹਮਣੀ ਲੜਾਈ ਵਿਚ ਉਲਝ ਗਏ। ਬੇਥਾਹ ਜਾਨੀ ਨੁਕਸਾਨ ਹੋਇਆ ਅਤੇ ਬਾਗ਼ੀਆਂ ਦੇ ਤਕਰੀਬਨ ਸਾਰੇ ਸਿਪਾਹੀ ਮਾਰੇ ਗਏ। ਓੜਕ ਬਗ਼ਾਵਤ ਦਾ ਜੋਸ਼ ਦਮ ਤੋੜ ਗਿਆ। ਮਜਨੂੰਸ਼ਾਹ ਦੀ ਮੌਤ ਨਾਲ ਸਹਿਜੇ-ਸਹਿਜੇ ਲਹਿਰ ਦਿਸ਼ਾਹੀਣ ਹੋ ਗਈ।

ਫਿਰ ਵੀ, ਉਸਦੇ ਕਾਬਲ ਸਹਾਇਕਾਂ ਜਿਵੇਂ ਮੂਸਾ ਸ਼ਾਹ, ਚਰਾਗ਼ ਅਲੀ ਸ਼ਾਹ, ਨੂਰ ਉੱਲ ਮੁਹੰਮਦ, ਰਾਮਜਾਨੀ ਸ਼ਾਹ, ਜ਼ਹੂਰੀ ਸ਼ਾਹ, ਪਾਰਾਗਲ ਸ਼ਾਹ, ਸੋਭਾਨ ਸ਼ਾਹ, ਮਦਾਰ ਬਖ਼ਸ਼, ਜਾਰੀ ਸ਼ਾਹ, ਇਮਾਮ ਸ਼ਾਹ, ਕਰੀਮ ਸ਼ਾਹ, ਨੇਗੂ ਸ਼ਾਹ, ਬੁੱਧੂ ਸ਼ਾਹ, ਕ੍ਰਿਪਾਨਾਥ, ਰੌਸ਼ਨ ਸ਼ਾਹ, ਅਨੂਪ ਨਾਰਾਇਣ ਅਤੇ ਸ੍ਰੀ ਨਿਭਾਸ਼ ਆਦਿ ਨੇ ਸੰਨ 1800 ਦੇ ਅਖ਼ੀਰ ਤਕ ਬਗ਼ਾਵਤ ਜਾਰੀ ਰੱਖੀ। 1790ਵਿਆਂ ਦੇ ਅਖ਼ੀਰ ਵਿਚ, ਬਾਗ਼ੀ ਹਾਰ ਗਏ ਅਤੇ ਬੰਗਾਲ ਦੇ ਸਾਰੇ ਹਿੱਸੇ ਸੱਚੀਓਂ ਹੀ ਮਜ਼ਬੂਤ ਬਰਤਾਨਵੀ ਕੰਟਰੋਲ ਹੇਠ ਆ ਗਏ। "ਇਸ ਦੀ ਅਸਫ਼ਲਤਾ ਦੇ ਬਾਵਜੂਦ ਫ਼ਕੀਰਾਂ ਅਤੇ ਸੰਨਿਆਸੀਆਂ ਦੀ ਬਗ਼ਾਵਤ ਨੇ ਉੱਨੀਵੀਂ ਅਤੇ ਵੀਹਵੀਂ ਸਦੀ ਦੌਰਾਨ ਆਜ਼ਾਦੀ ਦੇ ਭਵਿੱਖੀ ਸੰਘਰਸ਼ ਉੱਪਰ ਅਮਿੱਟ ਛਾਪ ਛੱਡੀ, ਖ਼ਾਸ ਕਰਕੇ ਵਹਾਬੀਆਂ ਅਤੇ ਅਗਨੀਯੁਗ ਦੇ ਇਨਕਲਾਬੀਆਂ ਉੱਪਰ – ਜੋ ਦਹਿਸ਼ਤਪਸੰਦਾਂ ਵਜੋਂ ਜਾਣੇ ਗਏ।"[18]

ਵਹਾਬੀ ਲਹਿਰ : ਬਰਤਾਨਵੀਆਂ ਦੇ ਖ਼ਿਲਾਫ਼ ਇਕ ਖਾੜਕੂ ਬਗ਼ਾਵਤ

19ਵੀਂ ਸਦੀ ਦੌਰਾਨ, ਬਰਤਾਨਵੀ ਬਸਤੀਵਾਦੀ ਸੱਤਾ ਦੇ ਲਗਾਤਾਰ ਹੋ ਰਹੇ ਪਸਾਰੇ ਨਾਲ, ਚਾਰਲਸ ਕਾਰਨਵਾਲਿਸ ਦੇ ਅਧੀਨ ਜ਼ਮੀਨੀਂ ਬੰਦੋਬਸਤ ਦਾ ਬੇਕਿਰਕ ਪ੍ਰਬੰਧ ਸ਼ੁਰੂ ਕੀਤਾ ਗਿਆ। ਇਸ ਨਾਲ ਇਕ ਨਵਾਂ ਕੁਲੀਨ ਵਰਗ ਪੈਦਾ ਹੋ ਗਿਆ ਜਿਸਨੇ ਬੇਚੈਨੀ ਨੂੰ ਠੋਸ ਰੂਪ ਦਿੱਤਾ। ਇਸ ਹਾਲਤ ਵਿਚ, ਹਿੰਦੁਸਤਾਨੀ ਵਹਾਬੀ ਆਜ਼ਾਦੀ ਦੇ ਸੰਘਰਸ਼ ਵਿਚ ਇਕ ਨਵੇਂ ਕਾਂਡ ਦਾ ਆਗਾਜ਼ ਕਰਦਿਆਂ ਦ੍ਰਿਸ਼ ਉੱਪਰ ਉੱਭਰੇ। ਇਹ ਉੱਨੀਵੀਂ ਸਦੀ ਦੀ ਇਕ ਬਹੁਤ ਹੀ

ਮੁੱਢਲੀ, ਪੂਰੀ ਤਰ੍ਹਾਂ ਇਕਸਾਰ ਅਤੇ ਲੰਮੀ ਤੇ ਬਹੁਤ ਹੀ ਵਿਲੱਖਣ ਬਰਤਾਨੀਆ ਵਿਰੋਧੀ ਲਹਿਰ ਸੀ।[19] ਇਹ ਹਿੰਦੁਸਤਾਨ ਦੀ ਜੰਗੇ-ਆਜ਼ਾਦੀ ਦਾ ਹਿੱਸਾ ਸੀ ਕਿਉਂਕਿ ਇਹ ਹਿੰਦੁਸਤਾਨ ਵਿਚ ਬਰਤਾਨਵੀ ਸਰਬਉੱਚ ਹੈਸੀਅਤ ਲਈ ਗੰਭੀਰ ਖ਼ਤਰਾ ਸੀ। ਪੂਰੇ ਮੁਲਕ ਨੂੰ ਆਪਣੀ ਲਪੇਟ ਵਿਚ ਲੈਣ ਵਾਲੀ ਵਹਾਬੀ ਲਹਿਰ 1870 ਤਕ ਜਾਰੀ ਰਹੀ। *[ਵਹਾਬੀ ਸਾਊਦੀ ਅਰਬ ਦੇ ਇਕ ਕਠੋਰ ਰੂੜ੍ਹੀਵਾਦੀ ਸੁੰਨੀ ਮੁਸਲਿਮ ਮੱਤ ਦਾ ਮੈਂਬਰ ਹੈ; ਜੋ ਖ਼ਾਲਸ ਇਸਲਾਮਿਕ ਅਕੀਦਿਆਂ ਉੱਪਰ ਜ਼ੋਰ ਦਿੰਦਾ ਹੈ ਅਤੇ ਇਨ੍ਹਾਂ ਨੂੰ ਕਿਸੇ ਵੀ ਲਿਹਾਜ਼ ਨਾਲ ਨਵਾਂ ਰੂਪ ਦੇਣ ਨੂੰ ਰੱਦ ਕਰਦਾ ਹੈ।]*

ਹਿੰਦੁਸਤਾਨੀ ਵਹਾਬੀ ਮੁਹੰਮਦੀਆ ਤਾਰਿਕਾ ਵਜੋਂ ਜਾਣੇ ਜਾਂਦੇ ਸਨ, ਅਤੇ ਉਨ੍ਹਾਂ ਦਾ ਮੋਢੀ ਰਾਏ ਬਰੇਲੀ ਤੋਂ ਇਕ ਫ਼ਕੀਰ ਸਈਦ ਅਹਿਮਦ ਬਰੇਲਵੀ ਸੀ।[20] ਉਸਦਾ ਜਨਮ 6 ਮਈ 1786 ਨੂੰ ਲਖਨਊ ਨੇੜੇ ਇਕ ਨਿੱਕੇ ਕਸਬੇ ਰਾਏ ਬਰੇਲੀ ਵਿਚ ਹੋਇਆ ਸੀ। ਸਈਦ ਬਰੇਲਵੀ ਅਰਬ ਦੇ ਅਬਦੁੱਲ ਵਹਾਬ ਦੀਆਂ ਸਿੱਖਿਆਵਾਂ ਅਤੇ ਦਿੱਲੀ ਤੋਂ ਸੰਤ ਸ਼ਾਹ ਵਲੀ ਉੱਲਾ ਦੇ ਪ੍ਰਚਾਰ ਤੋਂ ਬਹੁਤ ਪ੍ਰਭਾਵਿਤ ਸੀ। ਉਸਦੀ ਸਾਰੇ ਮੁਸਲਮਾਨਾਂ ਅਤੇ ਹਿੰਦੂਆਂ ਨੂੰ ਬਦੇਸ਼ੀ ਹੁਕਮਰਾਨਾਂ ਦਾ ਤਖ਼ਤ ਉਲਟਾਉਣ ਦੀ ਅਪੀਲ ਵੱਡੀ ਤਾਦਾਦ 'ਚ ਕਾਲਜ/ਯੂਨੀਵਰਸਿਟੀ ਦੇ ਗਰੈਜੂਏਟਾਂ ਲਈ ਪ੍ਰੇਰਣਾ ਬਣੀ ਜਿਨ੍ਹਾਂ ਨੇ ਬਰਤਾਨਵੀ ਮਾਲਕਾਂ ਦੀ ਖ਼ਿਦਮਤ ਕਰਨ ਤੋਂ ਨਾਂਹ ਕਰ ਦਿੱਤੀ। ਇਹ ਇਕ ਮੁੜ-ਸੁਰਜੀਤੀਵਾਦੀ ਲਹਿਰ ਸੀ ਜੋ ਸਮਝਦੀ ਸੀ ਕਿ ਇਸਲਾਮ ਦੀ ਸੱਚੀ ਭਾਵਨਾ ਵੱਲ ਵਾਪਸ ਪਰਤਣਾ ਹੀ ਸਮਾਜੀ-ਸਿਆਸੀ ਦਾਬੇ ਤੋਂ ਛੁਟਕਾਰਾ ਪਾਉਣ ਦਾ ਇੱਕੋਇਕ ਰਾਹ ਸੀ।

ਜਦੋਂ ਸਈਦ ਬਰੇਲਵੀ ਲੋਕਾਂ ਨੂੰ ਬਦੇਸ਼ੀ ਗ਼ਲਬੇ ਦੇ ਖ਼ਿਲਾਫ਼ ਸੰਘਰਸ਼ ਲਈ ਤਿਆਰ ਕਰਨ ਦੇ ਮਨੋਰਥ ਨਾਲ ਮੁਲਕ ਦਾ ਦੌਰਾ ਕਰ ਰਿਹਾ ਸੀ, ਓਦੋਂ ਹੀ ਫ਼ਰੀਦਪੁਰ ਦੇ ਪੀਰ ਸ਼ਰੀਅਤਉੱਲਾ ਅਤੇ ਮੀਰ ਨਿਸਾਰ ਅਲੀ ਦੀ ਅਗਵਾਈ ਹੇਠ *ਫ਼ਰਜ਼ੀਆ* ਤਹਿਰੀਕ ਨੇ ਵੀ ਦੱਬੇਕੁਚਲੇ ਆਵਾਮ ਨੂੰ ਆਪਣੇ ਪਰਚਮ ਹੇਠ ਜੋੜ ਲਿਆ। ਤਿੰਨੋਂ ਹੀ ਆਗੂ ਇਕ ਹੀ ਸਿਆਸੀ ਸਿੱਟੇ 'ਤੇ ਪਹੁੰਚੇ ਸਨ ਕਿ ਕੁਰਆਨ 'ਤੇ ਅਧਾਰਤ ਰਾਜ ਕਾਇਮ ਕਰਨ ਲਈ, ਜੋ ਸਮਾਜੀ ਜਾਂ ਸਿਆਸੀ ਗ਼ੁਲਾਮੀ ਨਾਲ ਬੇਮੇਲ ਹੈ, ਫਿਰੰਗੀਆਂ ਦੇ ਰਾਜ ਨੂੰ ਲਾਜ਼ਮੀ ਖ਼ਤਮ ਕਰਨਾ ਹੋਵੇਗਾ।[21]

"ਢੇਰੀ ਢਾਹ ਚੁੱਕੇ ਅਤੇ ਮਾਯੂਸੀ ਦਾ ਸ਼ਿਕਾਰ ਮੁਸਲਮਾਨਾਂ ਵਿਚ ਨਵੀਂ ਰੂਹ ਫੂਕਣ ਲਈ ਮੁੜ ਸਿਆਸੀ ਆਜ਼ਾਦੀ ਹਾਸਲ ਕਰਨਾ ਅਤੇ ਉਨ੍ਹਾਂ ਨੂੰ ਨਵੇਂ ਹਾਕਮਾਂ ਤੇ ਉਨ੍ਹਾਂ ਦੇ ਜੋਟੀਦਾਰਾਂ ਦੀ ਆਰਥਕ ਲੁੱਟਖਸੁੱਟ ਤੋਂ ਬਚਾਉਣਾ ਉਨ੍ਹਾਂ ਦਾ ਨਿਸ਼ਾਨਾ ਸੀ। ਮਨੁੱਖੀ ਇਤਿਹਾਸ ਦੀਆਂ – ਜਗੀਰੂ ਅਤੇ ਉੱਤਰ-ਜਗੀਰੂ ਸਮਾਜ ਅੰਦਰਲੀਆਂ – ਬਹੁਤ ਸਾਰੀਆਂ ਹੋਰ ਪਹਿਲੀਆਂ ਬਗ਼ਾਵਤਾਂ ਦੀ ਤਰ੍ਹਾਂ ਮਨੁੱਖ ਦੇ ਮਾਨਸਿਕ ਅਮਲ ਅੰਦਰ ਧਰਮ ਦਾ ਸਥਾਨ, ਖ਼ਾਸ ਕਰਕੇ ਹਿੰਦੁਸਤਾਨ ਅੰਦਰ, ਕੁਝ ਚਿਰ ਲਈ ਅਨਿਆਂ ਅਤੇ ਦਾਬੇ ਵਿਰੁੱਧ ਮਹਾਨ ਇਤਿਹਾਸਕ ਅਹਿਮੀਅਤ ਵਾਲਾ ਇਕ ਕਾਰਕ ਰਿਹਾ ਸੀ।"[22]

ਮਈ 1831 ਵਿਚ ਬਾਲਾਕੋਟਾ ਦੀ ਲੜਾਈ ਦੌਰਾਨ ਇਕ ਕਾਰਵਾਈ ਵਿਚ ਸਈਦ

ਬਰੇਲਵੀ ਮਾਰਿਆ ਗਿਆ। ਪਰ ਨਾਲ ਹੀ, ਮੀਰ ਨਿਸਾਰਅਲੀ ਦੀ ਅਗਵਾਈ ਹੇਠ, ਟੀਟੂ ਮੀਰ ਨੇ ਅੰਗਰੇਜ਼ ਅਥਾਰਟੀ ਵਿਰੁੱਧ ਕਿਸਾਨੀ ਦੇ ਦੱਬੇਕੁਚਲੇ ਹਿੱਸਿਆਂ ਦੀ ਅਗਵਾਈ ਕੀਤੀ। ਇਹ ਬਗ਼ਾਵਤ, ਜੋ 17 ਨਵੰਬਰ 1831 ਨੂੰ ਸ਼ੁਰੂ ਹੋਈ, ਇਤਿਹਾਸ ਵਿਚ ਬਰਾਸਤ ਬਗਾਵਤ ਵਜੋਂ ਜਾਣੀ ਜਾਂਦੀ ਹੈ।[23] ਨਾਰਕੇਲਬੇਰੀਆ ਲੜਾਈ ਵਿਚ, 3 ਦਸੰਬਰ 1832 ਨੂੰ ਟੀਟੂ ਸੂਰਮਗਤੀ ਨਾਲ ਲੜਦਿਆਂ ਮਾਰਿਆ ਗਿਆ। ਉਸਦੇ ਤਿੰਨ ਸੌ ਪੈਰੋਕਾਰਾਂ ਨੂੰ ਉਮਰ ਕੈਦ ਦੀ ਸਜ਼ਾ ਦੇ ਕੇ ਵੱਖੋ-ਵੱਖਰੀਆਂ ਜੇਲ੍ਹਾਂ ਵਿਚ ਭੇਜ ਦਿੱਤਾ ਗਿਆ, ਜਦੋਂਕਿ ਉਸਦੇ ਕਮਾਂਡਰ ਗੁਲਾਮ ਮਾਸੂਮ ਨੇ ਫਾਂਸੀ ਦੇ ਤਖ਼ਤੇ 'ਤੇ ਪ੍ਰਾਣ ਤਿਆਗੇ।[24] ਬੰਗਾਲ਼ੀ ਵਾਰਾਂ ਅਤੇ ਲੋਕ ਗੀਤਾਂ ਵਿਚ ਟੀਟੂ ਨੂੰ ਅੱਜ ਵੀ ਸਾਮਰਾਜ ਵਿਰੋਧੀ ਆਜ਼ਾਦੀ ਘੁਲਾਟੀਏ, ਹਿੰਦੁਸਤਾਨੀ ਆਜ਼ਾਦੀ ਦੇ ਅਮਰ ਸ਼ਹੀਦ ਵਜੋਂ ਚੇਤੇ ਕੀਤਾ ਜਾਂਦਾ ਹੈ।

ਦੂਜੇ ਪਾਸੇ, ਹਾਜੀ ਸ਼ਰੀਅਤਉੱਲਾ, ਜੋ ਕਿਸਾਨੀ ਵਿਚ ਨਵੀਂ ਜਾਗ੍ਰਿਤੀ ਦਾ ਪ੍ਰਤੀਕ ਬਣ ਗਿਆ ਸੀ, ਵੀ ਚਲਾਣਾ ਕਰ ਗਏ। ਹਾਜੀ ਦੀ ਮੌਤ ਤੋਂ ਬਾਅਦ, ਉਸਦੇ ਬੇਟੇ ਮੁਹੰਮਦ ਮਹਾਸ਼ਿਨ ਦੀ ਅਗਵਾਈ ਹੇਠ ਲਹਿਰ ਨੇ ਹੋਰ ਵੀ ਖਾੜਕੂ ਰੂਪ ਅਖ਼ਤਿਆਰ ਕਰ ਲਿਆ। ਜਿਸਦਾ ਜਨਮ 1819 ਨੂੰ ਹੋਇਆ ਸੀ ਅਤੇ ਜੋ ਦਾਦੂ ਮੀਆਂ ਵਜੋਂ ਜਾਣੇ ਜਾਂਦੇ ਸਨ। ਉਸਨੇ ਕਰਾਂ ਅਤੇ ਵਿਆਜ ਦੀ ਅਦਾਇਗੀ ਦਾ ਬਾਈਕਾਟ ਕਰਦੇ ਹੋਏ ਭੋਂਇ-ਸਰਦਾਰਾਂ ਅਤੇ ਸ਼ਾਹੂਕਾਰਾਂ ਵਿਰੁੱਧ ਟਾਕਰਾ ਜਥੇਬੰਦ ਕੀਤਾ। ਉਸਨੇ ਜ਼ਮੀਂਦਾਰਾਂ ਅਤੇ ਉਨ੍ਹਾਂ ਦੇ ਪਿੱਠੂਆਂ ਵਿਰੁੱਧ ਹਥਿਆਰਬੰਦ ਤਾਕਤ ਬਣਾਈ ਅਤੇ ਫਿਰ ਇਕ ਕਦਮ ਹੋਰ ਅੱਗੇ ਵਧਕੇ ਪੂਰਬੀ ਬੰਗਾਲ ਵਿਚ ਸਮਾਂਤਰ ਹਕੂਮਤ ਬਣਾਉਣ ਦੇ ਯਤਨ ਕੀਤੇ। ਹਰੇਕ ਪਿੰਡ ਲਈ ਜ਼ਿਲ੍ਹਾ ਕਮਿਸ਼ਨਰ ਨਿਯੁਕਤ ਕੀਤੇ ਗਏ, ਜਿਨ੍ਹਾਂ ਨੂੰ ਖ਼ਲੀਫ਼ੇ ਕਿਹਾ ਜਾਂਦਾ ਸੀ, ਜਿਨ੍ਹਾਂ ਦਾ ਕੰਮ ਫੰਡ ਉਗਰਾਹੁਣਾ, ਪ੍ਰਚਾਰ ਕਰਨਾ ਅਤੇ ਪਿੰਡਾਂ ਦੇ ਲੋਕਾਂ ਦੇ ਝਗੜੇ ਨਿਬੇੜਨਾ ਸੀ। ਉਨ੍ਹਾਂ ਨੂੰ ਬਿਨਾ ਇਜਾਜ਼ਤ ਬਰਤਾਨਵੀ ਅਦਾਲਤਾਂ ਵਿਚ ਆਪਣੇ ਮਾਮਲੇ ਲਿਜਾਣ ਦੀ ਸਪਸ਼ਟ ਤੌਰ 'ਤੇ ਮਨਾਹੀ ਸੀ। ਬਰਾਸਤ, ਜੈਸੋਰ, ਪਬਨਾ, ਮਾਲਦਾ ਅਤੇ ਢਾਕਾ ਜ਼ਿਲ੍ਹਿਆਂ ਵਿਚ ਉਸਦੇ ਹਮਾਇਤੀਆਂ ਦੀ ਤਾਦਾਦ 80,000 ਨੂੰ ਪਹੁੰਚ ਗਈ ਸੀ। 1847 ਵਿਚ, ਉਸਨੇ ਨੀਲ ਕਾਸ਼ਤਕਾਰਾਂ ਅਤੇ ਜ਼ਮੀਂਦਾਰਾਂ ਦੇ ਗੱਠਜੋੜ ਵਿਰੁੱਧ ਹਥਿਆਰਬੰਦ ਲੜਾਈ ਦੀ ਅਗਵਾਈ ਕੀਤੀ ਜੋ ਸਫ਼ਲ ਨਾ ਹੋਈ। ਕਈ ਸਾਲ ਜੇਲ੍ਹ ਵਿਚ ਕੈਦ ਰਹਿਣ ਨਾਲ ਉਸ ਦੀ ਸਿਹਤ ਵਿਗੜ ਗਈ ਅਤੇ 1860 ਵਿਚ ਉਸ ਨੇ ਪ੍ਰਾਣ ਤਿਆਗ ਦਿੱਤੇ। ਗ਼ਰੀਬਾਂ ਦੇ ਹਮਾਇਤੀ ਵਜੋਂ ਉਹ ਭਵਿੱਖ ਵਿਚ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਲਈ ਜੂਝਣ ਵਾਲਿਆਂ ਲਈ ਇਨਕਲਾਬੀ ਵਿਰਾਸਤ ਛੱਡ ਗਿਆ।

ਇਸ ਦੌਰਾਨ, ਬੰਗਾਲ ਤੋਂ ਬਾਅਦ ਬਿਹਾਰ ਵਿਚ ਪਟਨਾ ਇਨਕਲਾਬੀ ਸਰਗਰਮੀਆਂ ਦਾ ਕੇਂਦਰ ਬਣਿਆ ਜਿਸ ਦੇ ਪੂਰੇ ਹਿੰਦੁਸਤਾਨ ਵਿਚ ਸੰਪਰਕ ਸਨ। ਬਰੇਲੀ ਦੇ ਪੀਰ ਜ਼ੀਆ ਮੀਆਂ ਦੀ ਅਗਵਾਈ ਹੇਠ ਚਾਰਾਂ ਦੀ ਚੌਕੜੀ – ਪਟਨਾ ਤੋਂ ਅਲੀ ਭਰਾ : ਇਨਾਇਤ ਅਲੀ ਅਤੇ ਵਿਲਾਇਤ ਅਲੀ, ਜੌਨਪੁਰ ਤੋਂ ਕਰਾਮਤ ਅਲੀ ਅਤੇ ਹੈਦਰਾਬਾਦ ਤੋਂ ਜ਼ੈਨੂਦੀਨ – ਵਜੋਂ ਵਹਾਬੀ ਲਹਿਰ ਨੂੰ ਐਸੇ ਸਮਰਪਿਤ ਸ਼ਰਧਾਲੂ ਹਾਸਲ ਹੋ ਗਏ ਜੋ ਅੰਗਰੇਜ਼ ਕਾਫ਼ਿਰਾਂ ਦਾ ਤਖ਼ਤ

ਉਲਟਾਉਣ ਦੇ ਕਾਜ ਨੂੰ ਪ੍ਰਣਾਏ ਹੋਏ ਸਨ। ਵਹਾਬੀ ਲਹਿਰ ਨੇ ਬੰਬਈ, ਮੱਧ ਪ੍ਰਦੇਸ ਅਤੇ ਹੈਦਰਾਬਾਦ ਵਿਚ ਹੋਰ ਪੈਰੋਕਾਰਾਂ ਨੂੰ ਆਕਰਸ਼ਿਤ ਕੀਤਾ। ਸਭ ਤੋਂ ਵੱਧ ਸਰਗਰਮ ਧਰਮ-ਬਦਲੂ ਮੁਬਰਜ-ਉਦ-ਦੌਲਾ ਸੀ ਜੋ ਨਵਾਬ ਹੈਦਰਾਬਾਦ ਦਾ ਭਰਾ ਸੀ। ਉਸ ਨੂੰ 1839 'ਚ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਗੋਲਕੁੰਡ ਕਿਲ੍ਹੇ ਵਿਚ ਉਹ ਸ਼ਹੀਦ ਦੀ ਮੌਤ ਮਰਿਆ। ਉਸਦੇ ਦਸ ਸਾਥੀਆਂ ਨੂੰ ਦਸ-ਦਸ ਸਾਲ ਕੈਦ ਦੀ ਸਜ਼ਾ ਦਿੱਤੀ ਗਈ। ਨਮਕ ਕਰ ਵਧਾਏ ਜਾਣ ਵਿਰੁੱਧ 1844 ਦੇ ਅਵਾਮੀ ਅੰਦੋਲਨ ਦੇ ਮੁਜ਼ਾਹਰਿਆਂ ਵਿਚ ਸਾਰੀਆਂ ਜਮਾਤਾਂ ਦੇ ਲੋਕ ਸ਼ਾਮਲ ਹੋਏ ਜਿਨ੍ਹਾਂ ਵਿਚ ਮੁਸਲਮਾਨਾਂ ਨੇ ਵੀ ਵੱਡੀ ਤਾਦਾਦ 'ਚ ਹਿੱਸਾ ਲਿਆ।

1847 ਤੋਂ ਬਾਅਦ ਜਦੋਂ ਸਮੁੱਚਾ ਪੰਜਾਬ ਬਰਤਾਨਵੀ ਰਾਜ ਦੇ ਸਿੱਧੇ ਕਬਜ਼ੇ ਅਧੀਨ ਆ ਗਿਆ ਤਾਂ ਵਹਾਬੀ ਲਹਿਰ ਦਾ ਸੱਚਾ ਬਰਤਾਨਵੀ ਸਾਮਰਾਜਵਾਦ ਵਿਰੋਧੀ ਰੰਗ ਉੱਘੜ ਆਇਆ। ਵਹਾਬੀਆਂ ਨੇ ਆਪਣੇ ਕੇਂਦਰ ਸਿਤਾਨਾ ਤੋਂ ਹਿੰਦੁਸਤਾਨ ਵਿਚ ਬਰਤਾਨਵੀ ਰਾਜ ਵਿਰੁੱਧ ਮੁਕੰਮਲ ਜੰਗ ਦੀਆਂ ਪੂਰੀਆਂ ਤਿਆਰੀਆਂ ਵਿੱਢ ਦਿੱਤੀਆਂ।[25] ਇਹ ਉਹ ਵਕਤ ਸੀ ਜਦੋਂ ਅਲੀ ਭਰਾ ਵਹਾਬੀ ਲਹਿਰ ਦੇ ਨਿਰਵਿਵਾਦ ਆਗੂ ਬਣ ਚੁੱਕੇ ਸਨ। ਕਰਾਮਤ ਅਲੀ ਨਾਲ ਮਿਲਕੇ ਉਨ੍ਹਾਂ ਨੇ ਉੱਤਰ-ਪੱਛਮੀ ਸਰਹੱਦ ਵਿਚਲੇ ਬਰਤਾਨਵੀ ਖੇਤਰ ਉੱਪਰ ਹਮਲਾ ਕਰਨ ਦੇ ਯਤਨ ਕੀਤੇ। ਇਹ 1857 ਦੀ ਮਹਾਨ ਬਗ਼ਾਵਤ ਦਾ ਦੌਰ ਸੀ।[26] ਵਹਾਬੀਆਂ ਨੇ 1857 ਦੀ ਬਗ਼ਾਵਤ ਦੇ ਆਗੂਆਂ ਨੂੰ ਨਿੱਗਰ ਜਥੇਬੰਦਕ ਅਧਾਰ ਮੁਹੱਈਆ ਕੀਤਾ। ਲਖਨਊ ਦੇ ਪੀਰ ਅਲੀ ਅਤੇ ਮਸੀਹਹੁੱਜ਼ਮਾਂ ਦਾ ਨਿਸ਼ਾਨਾ ਸਰਕਾਰ ਵਿਰੋਧੀ ਵੱਖੋ-ਵੱਖਰੇ ਗਰੁੱਪਾਂ ਦੀਆਂ ਸਰਗਰਮੀਆਂ ਨੂੰ ਇਕ ਸੂਤਰ ਵਿਚ ਪਰੋਣਾ ਸੀ।[27/28]

ਬਰਤਾਨਵੀਆਂ ਨੇ ਵਹਿਸ਼ੀ ਢੰਗ ਅਖ਼ਤਿਆਰ ਕੀਤੇ ਅਤੇ 1863-1865 ਦੇ ਅਰਸੇ ਵਿਚ ਮੁਕੱਦਮਿਆਂ ਦਾ ਸਿਲਸਿਲਾ ਚੱਲਿਆ ਜਿਨ੍ਹਾਂ ਨਾਲ ਵਹਾਬੀ ਲਹਿਰ ਦੇ ਸਾਰੇ ਪ੍ਰਮੁੱਖ ਆਗੂ ਗ੍ਰਿਫ਼ਤਾਰ ਕਰ ਲਏ ਗਏ। 1864 ਦਾ ਅੰਬਾਲਾ ਮੁਕੱਦਮਾ ਅਤੇ 1865 ਦਾ ਪਟਨਾ ਮੁਕੱਦਮਾ ਡੂੰਘੇ ਰੂਪ 'ਚ ਜੁੜੇ ਹੋਏ ਸਨ। 1857 ਵਿਚ ਇਕ ਉੱਘੀ ਜਨਤਕ ਸ਼ਖਸੀਅਤ ਅਹਿਮਦਉੱਲਾ, ਜਿਨ੍ਹਾਂ ਦਾ ਜਨਮ 1808 'ਚ ਪਟਨਾ ਵਿਚ ਹੋਇਆ ਸੀ, ਨੂੰ ਵਹਾਬੀ ਲਹਿਰ ਦਾ ਕਾਰਕੁਨ ਹੋਣ ਕਾਰਨ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਨੇ ਡਿਪਟੀ ਕੁਲੈਕਟਰ ਵਜੋਂ ਨੌਕਰੀ ਕੀਤੀ ਸੀ ਅਤੇ ਕੁਝ ਵਕਤ ਆਮਦਨ ਕਰ ਬੋਰਡ ਵਿਚ ਕਰ-ਨਿਰਧਾਰਕ ਅਧਿਕਾਰੀ ਵੀ ਰਹਿ ਚੁੱਕਾ ਸੀ। ਉਸ ਨੂੰ ਤਿੰਨ ਮਹੀਨੇ ਪਿੱਛੋਂ ਰਿਹਾਅ ਕੀਤਾ ਗਿਆ, ਨਵੰਬਰ 1864 'ਚ ਉਸਨੂੰ ਦੁਬਾਰਾ ਗ੍ਰਿਫ਼ਤਾਰ ਕਰ ਲਿਆ ਗਿਆ। 27 ਫਰਵਰੀ 1865 ਨੂੰ ਉਸਨੂੰ ਸਜ਼ਾ-ਏ-ਮੌਤ ਦਿੱਤੀ ਗਈ। ਉਸਦੀ ਮੌਤ ਦੀ ਸਜ਼ਾ ਘਟਾਕੇ ਜਲਾਵਤਨੀ ਵਿਚ ਉਮਰ ਕੈਦ ਅਤੇ ਉਸਦੀ ਪੂਰੀ ਜਾਇਦਾਦ ਜ਼ਬਤੀ ਦੀ ਕਰ ਦਿੱਤੀ ਗਈ। ਬਾਅਦ ਵਿਚ, ਜੂਨ 1865 'ਚ ਉਸਨੂੰ ਅੰਡੇਮਾਨ ਟਾਪੂਆਂ ਵਿਚ ਜਲਾਵਤਨ ਕਰ ਦਿੱਤਾ ਗਿਆ ਜਿਥੇ 21 ਨਵੰਬਰ 1881 ਨੂੰ ਜੇਲ੍ਹ ਅੰਦਰ ਉਸਦੀ ਮੌਤ ਹੋ ਗਈ।

19ਵੀਂ ਸਦੀ ਦੇ ਇਕ ਸਿਰਕੱਢ ਸਾਮਰਾਜਵਾਦ ਵਿਰੋਧੀ ਇਨਕਲਾਬੀ ਵਜੋਂ,

ਅਹਿਮਦਉੱਲਾ ਦੇ ਭਾਈ ਯਾਹੀਆ ਅਲੀ ਨੂੰ ਵੀ ਘੋਰ ਦੇਸ਼ਧ੍ਰੋਹ ਦਾ ਕਸੂਰਵਾਰ ਠਹਿਰਾਇਆ ਗਿਆ। ਅੰਬਾਲਾ ਫ਼ੈਸਲੇ ਅਨੁਸਾਰ, ਯਾਹੀਆ ਅਲੀ "ਘੋਰ ਦੇਸ਼ਧ੍ਰੋਹ ਦਾ ਮੁੱਖ ਸਰੋਤ ਰਿਹਾ ਹੈ ਜੋ ਇਸ ਮੁਕੱਦਮੇ ਨਾਲ ਸਾਹਮਣੇ ਆਇਆ ਹੈ। ਉਸਨੇ ਆਪਣੇ ਸੈਂਕੜੇ ਅਤੇ ਹਜ਼ਾਰਾਂ ਵਤਨ ਵਾਸੀਆਂ ਨੂੰ ਦੇਸ਼ਧ੍ਰੋਹ ਅਤੇ ਬਗ਼ਾਵਤ ਲਈ ਵਰਗਲਾਇਆ।"[29] ਅਣਮਨੁੱਖੀ ਤਸੀਹੇ ਦਿੱਤੇ ਜਾਣ ਨਾਲ, ਯਾਹੀਆ ਅਲੀ ਹਿਰਾਸਤ ਵਿਚ ਸ਼ਹੀਦ ਹੋ ਗਏ।

ਅੰਬਾਲਾ ਮੁਕੱਦਮੇ ਵਿਚ ਮੁਹੰਮਦ ਜਫ਼ਰ ਅਤੇ ਮੁਹੰਮਦ ਸ਼ਫ਼ੀ ਨੂੰ ਸਜ਼ਾ-ਏ-ਮੌਤ ਦਿੱਤੀ ਗਈ ਅਤੇ ਬਾਕੀਆਂ ਨੂੰ ਪੂਰੀ ਉਮਰ ਲਈ ਜਲਾਵਤਨ ਕਰ ਦਿੱਤਾ ਗਿਆ। ਸਭ ਤੋਂ ਵੱਧ ਸਲਾਹੇ ਜਾਂਦੇ ਮੈਂਬਰ ਇਬਰਾਹੀਮ ਮੰਡਲ, ਜੋ ਇਸਲਾਮਪੁਰ ਤੋਂ ਸੀ, ਨੂੰ ਰਾਜਮਹਿਲ ਮੁਕੱਦਮੇ (1870) ਵਿਚ ਕਸੂਰਵਾਰ ਠਹਿਰਾਇਆ ਗਿਆ ਅਤੇ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਪਰ ਲਾਰਡ ਲਿਟਨ ਵਲੋਂ 1878 'ਚ ਉਸ ਨੂੰ ਰਿਹਾਅ ਕਰ ਦਿੱਤਾ ਗਿਆ।[30]

ਕਲਕੱਤਾ ਦੇ ਦੋ ਚਮੜਾ ਵਪਾਰੀਆਂ ਅਮੀਰ ਖ਼ਾਨ ਅਤੇ ਹਸ਼ਮਤ ਖ਼ਾਨ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਅਤੇ 1869 'ਚ ਅੰਡੇਮਾਨ ਭੇਜ ਦਿੱਤੇ ਗਏ। ਮੁਹੰਮਦ ਅਬਦੁੱਲਾ ਜਿਸਨੇ ਕਲਕੱਤਾ ਵਿਚ ਚੀਫ਼ ਜਸਟਿਸ ਦਾ ਕਤਲ ਕੀਤਾ ਸੀ ਨੂੰ ਕਲਕੱਤਾ ਟਾਊਨ ਹਾਲ ਦੇ ਸਾਹਮਣੇ ਫਾਹੇ ਲਾ ਦਿੱਤਾ ਗਿਆ।[31]

ਇਸੇ ਤਰ੍ਹਾਂ, ਜਿਸ ਇਨਕਲਾਬੀ ਸ਼ੇਰ ਅਲੀ ਖ਼ਾਨ ਨੂੰ ਬਰਤਾਨਵੀਆਂ ਵਲੋਂ ਉੱਤਰ-ਪੱਛਮੀ ਸੂਬੇ ਤੋਂ ਅੰਡੇਮਾਨ ਜਲਾਵਤਨ ਕੀਤਾ ਗਿਆ ਸੀ, ਨੇ 8 ਫਰਵਰੀ 1872 ਨੂੰ ਹਿੰਦੁਸਤਾਨ ਦੇ ਵਾਇਸਰਾਏ ਲਾਰਡ ਮਿਓ ਨੂੰ ਕਤਲ ਕਰ ਦਿੱਤਾ। ਲਾਰਡ ਮਿਓ ਦੇ ਕਤਲ ਨੇ ਸਮੁੱਚੀ ਬਰਤਾਨਵੀ ਸਲਤਨਤ ਨੂੰ ਕੰਬਣੀ ਛੇੜ ਦਿੱਤੀ। ਜਦੋਂ 11 ਮਾਰਚ 1873 ਨੂੰ ਉਸਨੂੰ ਫ਼ਾਂਸੀ ਦੇ ਤਖ਼ਤੇ 'ਤੇ ਲਿਆਂਦਾ ਗਿਆ, ਉਸਦੀਆਂ ਅੱਖਾਂ ਵਿਚ ਤਸੱਲੀ ਸੀ। ਉਸਨੇ ਉਹ ਰੱਸਾ ਚੁੰਮਿਆ ਜਿਸ ਨਾਲ ਉਸ ਨੂੰ ਫਾਂਸੀ ਦਿੱਤੀ ਜਾਣੀ ਸੀ ਅਤੇ ਐਲਾਨ ਕੀਤਾ, "ਜਦੋਂ ਮੈਂ ਇਹ (ਵਾਇਸਰਾਏ ਨੂੰ ਮਾਰਨ) ਇਰਾਦਾ ਧਾਰਿਆ, ਮੈਂ ਪਹਿਲਾਂ ਹੀ ਕਲਪਨਾ ਕਰ ਲਈ ਸੀ ਕਿ ਮੈਨੂੰ ਇਥੇ ਲਿਆਂਦਾ ਜਾਵੇਗਾ"। ਉਹ ਹਜੂਮ ਨੂੰ ਮੁਖ਼ਾਤਬ ਹੋਇਆ ਜੋ ਸਜ਼ਾ ਦਿੱਤੇ ਜਾਣ ਦਾ ਨਜ਼ਾਰਾ ਦੇਖਣ ਲਈ ਉੱਥੇ ਆ ਜੁੜਿਆ ਸੀ, "ਭਾਈਜਾਨ, ਮੈਂ ਤੁਹਾਡੇ ਵੈਰੀ ਨੂੰ ਮਾਰ ਮੁਕਾਇਆ ਹੈ।" ਇਸ ਦੇਸ਼ਭਗਤ ਨੂੰ ਇਤਿਹਾਸ ਵਿਚ ਆਪਣੀ ਜਗ੍ਹਾ ਹਾਸਲ ਕਰਨ ਲਈ ਲੰਮੀ ਇੰਤਜ਼ਾਰ ਕਰਨੀ ਪਈ।[32]

ਕੁਝ ਹੋਰ ਉੱਘੇ ਵਹਾਬੀ ਮੁਜਾਹਦਾਂ, ਜਿਨ੍ਹਾਂ ਨੇ ਲੋਕਾਂ ਨੂੰ ਬਰਤਾਨਵੀ ਹਕੂਮਤ ਵਿਰੁੱਧ ਬਾਗ਼ੀ ਹੋਣ ਲਈ ਕਾਮਯਾਬੀ ਨਾਲ ਪ੍ਰੇਰਿਆ, ਵਿਚ ਸ਼ਾਮਲ ਸਨ: ਪਟਨਾ ਤੋਂ ਮੁਹੰਮਦ ਹਸਨ, ਵਾਲਦ ਵਿਲਾਇਤ ਅਲੀ; ਫ਼ਲਾਂ ਦਾ ਵਪਾਰੀ ਅਬਦੁੱਲਾ; ਸੂਰਜਗੜ੍ਹ ਤੋਂ ਨਾਜ਼ਿਰ ਹੁਸੈਨ; ਭੋਪਾਲ ਤੋਂ ਮੁਣਸ਼ੀ ਜਲਾਲੁਦੀਨ; ਸਦੀਕ ਹੁਸੈਨ; ਅਬਦੁੱਲ ਜਫ਼ਰ; ਅਬਦੁੱਲ ਰਹਿਮਾਨ; ਢਾਕਾ ਤੋਂ ਅਲੀਕਰੀਮ ਬਦਰ ਆਸਮਾਨ; ਅਬਦੁੱਲ ਹਕੀਮ ਅਤੇ ਭੋਪਾਲ ਦੀ ਬੇਗ਼ਮ।

ਸਾਰੇ ਹੀ ਮੁਕੱਦਮਿਆਂ ਵਿਚ (ਪਟਨਾ ਮੁਕੱਦਮਾ 1865, ਮਾਲਦਾ ਮੁਕੱਦਮਾ ਸਤੰਬਰ 1870, ਰਾਜਮਹਿਲ ਮੁਕੱਦਮਾ ਅਕਤੂਬਰ 1870, ਵਹਾਬੀ ਮੁਕੱਦਮਾ 1870-71) ਮੁੱਖ

ਇਲਜ਼ਾਮ ਇਹ ਸੀ ਕਿ ਉਨ੍ਹਾਂ ਨੇ ਬਰਤਾਨਵੀ ਰਾਜ ਵਿਰੁੱਧ ਸਾਜ਼ਿਸ਼ ਰਚੀ। ਇਕ ਲੇਖਕ ਅਤੇ ਫਿਰਕੂ ਸਦਭਾਵਨਾ ਦੇ ਅਣਥੱਕ ਮੁਜਾਹਦ ਸਾਂਤੀਮੌਏ ਰੇਅ ਨੇ ਸਹੀ ਕਿਹਾ ਹੈ:

"ਹਿੰਦੁਸਤਾਨੀ ਫ਼ੌਜ ਦੀਆਂ ਸ਼ਾਖਾਵਾਂ ਨੂੰ ਗੁਪਤ ਸੱਦੇ ਅਤੇ ਵੱਖੋ-ਵੱਖਰੀਆਂ ਰਜਵਾੜਾ ਰਿਆਸਤਾਂ, ਜਿਵੇਂ ਟੋਨਾ, ਹੈਦਰਾਬਾਦ ਵਗੈਰਾ, ਨਾਲ ਸੰਪਰਕ ਰੱਖ ਰਹੇ ਵਹਾਬੀਆਂ ਨੇ ਸਮੁੱਚੇ ਉੱਤਰੀ ਹਿੰਦੁਸਤਾਨ ਨੂੰ ਆਪਣੇ ਕਲਾਵੇ ਵਿਚ ਲੈਣ ਵਾਲੀ ਗੁੰਦਵੀਂ ਜਥੇਬੰਦੀ, ਇਕ ਨਿੱਗਰ ਜਥੇਬੰਦਕ ਅਧਾਰ ਮੁਹੱਈਆ ਕਰ ਦਿੱਤਾ ਸੀ ਜੋ 1857-58 ਦੀ ਮਹਾਨ ਬਗ਼ਾਵਤ ਦੇ ਕੁਝ ਗ਼ੈਰ-ਵਹਾਬੀ ਆਗੂਆਂ ਦੇ ਸਿੱਧੇ ਤੌਰ 'ਤੇ ਕੰਮ ਆਇਆ।"[33]

ਸਮੁੱਚੇ ਹਿੰਦੁਸਤਾਨ ਵਿਚ ਆਪਣੇ ਤਾਣੇਬਾਣੇ ਨਾਲ ਵਹਾਬੀਆਂ ਨੇ ਬਰਤਾਨਵੀਆਂ ਨੂੰ ਨਿਰਵਿਘਨ ਰਾਜ ਕਰਨ ਤੋਂ ਰੋਕਿਆ ਅਤੇ ਉਨ੍ਹਾਂ ਦੇ ਵਿਰੁੱਧ ਸੂਰਮਗਤੀ ਨਾਲ ਲੜੇ। ਇਨ੍ਹਾਂ ਮਾਅਨਿਆਂ ਵਿਚ ਕਿਹਾ ਜਾਂਦਾ ਹੈ ਕਿ ਉਹ ਹਿੰਦੁਸਤਾਨ ਦੀ ਆਜ਼ਾਦੀ ਦੇ ਮੁੱਢਲੇ ਘੁਲਾਟੀਏ ਸਨ। ਇਸ ਲਹਿਰ ਨੇ ਹਿੰਦੁਸਤਾਨ ਵਿਚ ਆਪਣੇ ਰਾਜ ਦਾ ਵਿਸਤਾਰ ਕਰਨ ਦੀ ਬਰਤਾਨਵੀ ਯੋਜਨਾ ਦੀ ਰਵਾਨਗੀ ਵਿਚ ਖ਼ਲਲ ਪਾ ਦਿੱਤਾ ਸੀ। ਉਨ੍ਹਾਂ ਨੇ ਨਵੇਂ ਮਾਲਕਾਂ ਦਾ ਡੱਟਕੇ ਮੁਕਾਬਲਾ ਕੀਤਾ, ਉਨ੍ਹਾਂ ਨੂੰ ਠੋਕਵਾਂ ਜਵਾਬ ਦਿੱਤਾ ਅਤੇ ਉਨ੍ਹਾਂ ਨੂੰ ਜਚਾ ਦਿੱਤਾ ਕਿ ਹਿੰਦੁਸਤਾਨ ਵਿਚ ਉਨ੍ਹਾਂ ਦਾ ਡੇਰਾ ਆਰਜੀ ਸੀ।

ਇਸ ਸੰਘਰਸ਼ ਦੇ ਦਲੇਰ ਅਤੇ ਜੋਸ਼ੀਲੇ ਕਿਰਦਾਰ ਆਪਣੇ ਪਿੱਛੇ ਬਰਤਾਨੀਆ ਦੇ ਵਿਰੁੱਧ ਇਕ ਸੂਰਮਗਤੀ ਵਾਲੇ ਅਤੇ ਦ੍ਰਿੜ ਸੰਘਰਸ਼ ਦੀ ਪ੍ਰੇਰਣਾਦਾਇਕ ਵਿਰਾਸਤ ਛੱਡ ਗਏ। ਨਾਲ ਹੀ ਉਹ ਕੁਲ ਹਿੰਦ ਪੱਧਰ ਦੀ ਗੁੰਦਵੀਂ ਸਿਆਸੀ ਜਥੇਬੰਦੀ ਬਣਾਏ ਜਾਣ ਲਈ ਨਮੂਨਾ ਵੀ ਬਣੇ। ਨਿਸ਼ਚਤ ਤੌਰ 'ਤੇ, "ਵਹਾਬੀ ਲਹਿਰ ਦਾ ਲੋਕ ਅਧਾਰ ਇਸ ਦੀ ਗੁੰਦਵੀਂ ਅਤੇ ਬੱਝਵੀਂ ਜਥੇਬੰਦੀ ਤੋਂ ਸਾਬਤ ਹੁੰਦਾ ਹੈ ਜਿਸ ਵਿਚ ਥੋਕ ਭਰਤੀ ਹੁੰਦੀ ਸੀ... ਜੋ ਢਾਕਾ ਤੋਂ ਲੈ ਕੇ ਪਿਸ਼ਾਵਰ ਤਕ ਫੈਲੀ ਹੋਈ ਸੀ। ਇਹ ਵੀ ਸਵੀਕਾਰ ਕਰਨਾ ਹੋਵੇਗਾ ਕਿ ਹਿੰਦੁਸਤਾਨ ਵਿਚ ਬਰਤਾਨਵੀ ਰਾਜ ਦੌਰਾਨ ਜੋ ਕੁਲ ਲਹਿਰਾਂ ਹੋਂਦ ਵਿਚ ਆਈਆਂ ਉਨ੍ਹਾਂ ਵਿੱਚੋਂ ਵਹਾਬੀ ਲਹਿਰ ਸਭ ਤੋਂ ਵੱਧ ਬੇਕਿਰਕ ਬਰਤਾਨਵੀ ਵਿਰੋਧੀ ਸੀ ਅਤੇ ਇਹ ਬੇਕਿਰਕੀ ਉਨ੍ਹਾਂ ਦੀਆਂ ਕੁਲ ਸਰਗਰਮੀਆਂ ਵਿਚ ਬਰਕਰਾਰ ਰੱਖੀ ਗਈ।"[34]

ਸਾਮਰਾਜਵਾਦ ਵਿਰੁੱਧ ਕੌਮੀ ਸੰਘਰਸ਼: 1857 ਅਤੇ ਪਹਿਲੀ ਜੰਗੇ-ਆਜ਼ਾਦੀ ਤੋਂ ਬਾਅਦ

1857 ਦੀ ਕੌਮੀ ਬਗ਼ਾਵਤ[35], ਜਿਸ ਵਿਚ ਦਹਿ-ਲੱਖਾਂ ਕਿਸਾਨਾਂ, ਸਿਪਾਹੀਆਂ, ਦਸਤਕਾਰਾਂ ਅਤੇ ਜ਼ਮੀਂਦਾਰਾਂ ਨੇ ਹਿੱਸਾ ਲਿਆ ਨੇ ਸੱਚਮੁੱਚ ਹੀ 100 ਸਾਲ ਦੇ ਬਰਤਾਨਵੀ ਰਾਜ ਦੀਆਂ ਨੀਂਹਾਂ ਹਿਲਾ ਦਿੱਤੀਆਂ। ਬਗ਼ਾਵਤ ਤੋਂ ਪਹਿਲਾਂ ਰਿਆਸਤਾਂ ਨੂੰ ਹਥਿਆਉਣ ਦੀ ਨੀਤੀ ਨੇ ਕਈ ਰਿਆਸਤਾਂ ਦੇ ਰਾਜਿਆਂ ਨੂੰ ਭੈਭੀਤ ਕਰ ਦਿੱਤਾ ਸੀ। ਖ਼ਾਸ ਕਰਕੇ, ਇਹ ਨਾਨਾ ਸਾਹਿਬ, ਝਾਂਸੀ ਦੀ ਰਾਣੀ, ਅਤੇ ਬਹਾਦਰ ਸ਼ਾਹ ਜ਼ਫ਼ਰ ਨੂੰ ਬਰਤਾਨਵੀ ਦੇ ਦੁਸ਼ਮਣ ਬਣਾਉਣ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਸੀ। ਮੁਲਕ ਵਿਚ ਬਦੇਸ਼ੀ ਹੁਕਮਰਾਨਾਂ ਵਿਰੁੱਧ ਇਕ ਡੂੰਘੀ ਅਤੇ

ਵਿਆਪਕ ਬੇਚੈਨੀ ਦਾ ਲੋਕ ਉਭਾਰ ਸਾਹਮਣੇ ਆਇਆ।

ਜਨਤਕ ਉੱਥਲ-ਪੁੱਥਲ ਦੇ ਉਨ੍ਹਾਂ ਹਾਲਾਤ ਵਿਚ, ਚਰਬੀ ਵਾਲੇ ਕਾਰਤੂਸਾਂ ਦੀ ਘਟਨਾ ਨੇ ਚਿੰਗਾੜੀ ਦਾ ਕੰਮ ਕੀਤਾ। ਅਤੇ ਸਿਪਾਹੀਆਂ ਦੀ ਬਗ਼ਾਵਤ ਨੇ ਹਿੰਦੁਸਤਾਨੀ ਸਮਾਜ ਦੇ ਹੋਰ ਹਿੱਸਿਆਂ ਨੂੰ ਬਗ਼ਾਵਤ ਲਈ ਉਕਸਾਇਆ। ਬਗ਼ਾਵਤ 10 ਮਈ 1857 ਨੂੰ ਮੇਰਠ ਤੋਂ ਸ਼ੁਰੂ ਹੋਈ ਅਤੇ ਲਗਭਗ ਪੂਰੇ ਮੁਲਕ ਵਿਚ ਫੈਲ ਗਈ। ਇਹ ਇਕ ਸਦੀ ਲੰਮੇ ਬਦੇਸ਼ੀ ਗ਼ਲਬੇ ਤੋਂ ਬਾਦ ਮੁਲਕ ਦੀ ਆਜ਼ਾਦੀ ਦੇ ਸੰਗਰਾਮ ਦੇ ਆਗਾਜ਼ ਦੀ ਪ੍ਰਤੀਕ ਸੀ। ਕੁਝ ਵਕਤ ਲਈ ਇਂਵ ਜਾਪਦਾ ਸੀ ਜਿਵੇਂ ਬਰਤਾਨਵੀ ਕੰਟਰੋਲ ਅਲੋਪ ਹੋ ਗਿਆ ਹੋਵੇ।

"1857 ਦੀ ਬਗ਼ਾਵਤ ਦੀ ਤਾਕਤ ਵਿਚ ਇਕ ਅਹਿਮ ਤੱਤ ਹਿੰਦੂ-ਮੁਸਲਿਮ ਏਕਤਾ ਵਿਚ ਮੌਜੂਦ ਹੈ.... ਸਾਰੇ ਬਾਗ਼ੀਆਂ ਨੇ ਇਕ ਮੁਸਲਮਾਨ ਬਹਾਦਰ ਸ਼ਾਹ ਨੂੰ ਆਪਣਾ ਸੁਲਤਾਨ ਕਬੂਲ ਕੀਤਾ। .... ਇਕ ਸੀਨੀਅਰ ਬਰਤਾਨਵੀ ਅਧਿਕਾਰੀ ਨੂੰ ਬਾਦ ਵਿਚ ਸ਼ਿਕਾਇਤ ਸੀ: 'ਇਸ ਦ੍ਰਿਸ਼ਟਾਂਤ ਵਿਚ ਅਸੀਂ ਮੁਸਲਮਾਨਾਂ ਨੂੰ ਹਿੰਦੂਆਂ ਨਾਲ ਨਹੀਂ ਲੜਾ ਸਕਦੇ ਸੀ।' ਦਰਅਸਲ, 1857 ਦੀਆਂ ਘਟਨਾਵਾਂ ਸਪਸ਼ਟ ਤੌਰ 'ਤੇ ਸਾਹਮਣੇ ਲਿਆਉਂਦੀਆਂ ਹਨ ਕਿ ਹਿੰਦੁਸਤਾਨ ਦੇ ਲੋਕ ਅਤੇ ਸਿਆਸਤ ਮੱਧਯੁਗ ਵਿਚ ਅਤੇ 1858 ਤੋਂ ਪਹਿਲਾਂ ਬੁਨਿਆਦੀ ਤੌਰ 'ਤੇ ਫਿਰਕੂ ਨਹੀਂ ਸੀ।"[36]

ਪਰ, ਹਿੰਦੁਸਤਾਨੀ ਸ਼ਹਿਜ਼ਾਦਿਆਂ ਅਤੇ ਰਾਜ ਪ੍ਰਮੁੱਖਾਂ ਦੀ ਮਦਦ ਨਾਲ, ਬਰਤਾਨਵੀ ਸਾਮਰਾਜਵਾਦ ਬਾਗ਼ੀਆਂ ਦੇ ਮੁਕਾਬਲੇ ਬਹੁਤ ਮਜ਼ਬੂਤ ਸੀ ਜਿਨ੍ਹਾਂ ਕੋਲ ਹਥਿਆਰਾਂ, ਜਥੇਬੰਦੀ ਅਤੇ ਅਗਵਾਈ ਦੀ ਘਾਟ ਸੀ। 20 ਸਤੰਬਰ 1857 ਨੂੰ ਦਿੱਲੀ ਉੱਪਰ ਕਬਜ਼ਾ ਹੋ ਜਾਣ, ਅਤੇ ਬਹਾਦਰ ਸ਼ਾਹ ਦੇ ਫੜ੍ਹੇ ਜਾਣ ਤੋਂ ਬਾਅਦ, ਬਾਕੀ ਆਗੂ ਇਕ ਇਕ ਕਰਕੇ ਹਰਾ ਦਿੱਤੇ ਗਏ। 1859 ਦੇ ਅਖ਼ੀਰ ਤਕ, ਬਰਤਾਨਵੀ ਸਾਮਰਾਜਵਾਦ ਨੇ ਹਿੰਦੁਸਤਾਨ ਉੱਪਰ ਮੁਕੰਮਲ ਕੰਟਰੋਲ ਕਰ ਲਿਆ ਸੀ। ਪਰ ਬਗ਼ਾਵਤ ਅਜਾਈਂ ਨਹੀਂ ਗਈ। ਇਹ ਬਰਤਾਨਵੀ ਸਾਮਰਾਜਵਾਦ ਤੋਂ ਹਿੰਦੁਸਤਾਨੀ ਲੋਕਾਂ ਦੀ ਪਹਿਲੀ ਜੰਗੇ-ਆਜ਼ਾਦੀ ਸਾਬਤ ਹੋਈ।

ਇਸ ਕੌਮੀ ਬਗ਼ਾਵਤ ਵਿਚ, ਨਾਨਾ ਸਾਹਿਬ, ਤਾਤਿਆ ਟੋਪੇ, ਝਾਂਸੀ ਦੀ ਰਾਣੀ ਲਕਸ਼ਮੀ ਬਾਈ, ਅਤੇ ਮੰਗਲ ਪਾਂਡੇ ਵਰਗੇ ਸੂਰਬੀਰ ਨਾਇਕਾਂ ਤੋਂ ਬਿਨਾ, ਅਸੀਂ ਮੌਲਵੀ ਅਹਿਮਦਉੱਲਾ, ਅਜ਼ੀਮਉੱਲਾ ਖ਼ਾਨ ਅਤੇ ਹਜ਼ਰਤ ਮਹੱਲ ਬੇਗਮ ਨੂੰ ਮਾਣ ਨਾਲ ਚੇਤੇ ਕਰਦੇ ਹਾਂ ਜਿਨ੍ਹਾਂ ਨੇ ਬਰਤਾਨਵੀ ਰਾਜ ਦੇ ਵਿਰੁੱਧ ਬਗ਼ਾਵਤ ਨੂੰ ਜਥੇਬੰਦ ਕਰਨ ਵਿਚ ਉੱਘੀ ਭੂਮਿਕਾ ਨਿਭਾਈ।

ਕੁਝ ਨਾਇਕਾਂ ਦੀ ਮਿਸਾਲੀ ਭੂਮਿਕਾ ਜਿਨ੍ਹਾਂ ਦਾ ਕਿਸੇ ਗੀਤ ਨਾ ਗਾਇਆ: ਫ਼ੈਜ਼ਾਬਾਦ ਸ਼ਹਿਰ ਦਾ ਮੁਖੀ, ਮੌਲਵੀ ਅਹਿਮਦਉੱਲਾ ਪਹਿਲੀ ਜੰਗੇ-ਆਜ਼ਾਦੀ ਦੇ ਸਭ ਤੋਂ ਮਹਾਨ ਨਾਇਕਾਂ ਵਿੱਚੋਂ ਇਕ ਸੀ। ਉਹ ਮਹਾਨ ਕਾਬਲੀਅਤ, ਅਡੋਲ ਹੌਸਲੇ, ਦ੍ਰਿੜ ਇਰਾਦੇ ਵਾਲਾ ਇਨਸਾਨ ਸੀ ਅਤੇ ਹੋਰ ਵੀ ਵਧਕੇ ਉਹ ਬਾਗ਼ੀਆਂ ਵਿੱਚੋਂ ਬਿਹਤਰੀਨ ਸਿਪਾਹੀ ਸੀ। ਮੌਲਵੀ ਕਲਮ ਅਤੇ ਤਲਵਾਰ ਦੋਵਾਂ ਦਾ ਧਨੀ ਸੀ ਅਤੇ ਇਨ੍ਹਾਂ ਦੋਵਾਂ ਦੁਰਲੱਭ ਖ਼ੂਬੀਆਂ ਦਾ ਸੁਮੇਲ ਸੀ। ਉਸ ਨੇ ਲੋਕਾਂ ਨੂੰ ਬਦੇਸ਼ੀ ਗ਼ੁਲਾਮੀ ਵਿਰੁੱਧ ਜਾਗਰੂਕ ਅਤੇ ਲਾਮਬੰਦ ਕਰਨ ਲਈ ਜਿਥੇ ਬਹਾਦਰੀ ਨਾਲ

ਤਲਵਾਰ ਵਾਹੀ ਉੱਥੇ ਉਨੀ ਸਹਿਜਤਾ ਨਾਲ ਕਲਮ ਵੀ ਚਲਾਈ। ਅੰਗਰੇਜ਼ ਉਸ ਨੂੰ ਇਕ ਲਾਇਕ ਦੁਸ਼ਮਣ ਅਤੇ ਮਹਾਨ ਯੋਧਾ ਮੰਨਦੇ ਸਨ।

ਮੌਲਵੀ ਨੇ ਆਪਣੀ ਮਾਂ-ਧਰਤੀ ਨੂੰ ਬਦੇਸ਼ੀ ਗ਼ਲਬੇ ਤੋਂ ਮੁਕਤ ਕਰਾਉਣ ਦਾ ਹਲਫ਼ ਲਿਆ ਅਤੇ ਇਸ ਨੂੰ ਆਪਣੀ ਹਯਾਤੀ ਦਾ ਮਿਸ਼ਨ ਬਣਾ ਲਿਆ। ਉਹ ਉੱਤਰੀ ਹਿੰਦੁਸਤਾਨ ਦੇ ਵੱਡੇ ਹਿੱਸਿਆਂ ਵਿਚ ਗਿਆ ਅਤੇ ਇਕ ਬੇਅਥਾਹ ਬਗ਼ਾਵਤ ਦੀ ਜ਼ਮੀਨ ਤਿਆਰ ਕਰਨ ਲਈ ਆਗਰਾ, ਦਿੱਲੀ, ਮੇਰਠ, ਪਟਨਾ ਅਤੇ ਕਲਕੱਤਾ ਦਾ ਦੌਰਾ ਕੀਤਾ।

ਉਸ ਉੱਪਰ ਰਾਜਧ੍ਰੋਹ ਦਾ ਮੁਕੱਦਮਾ ਚਲਾਇਆ ਗਿਆ ਅਤੇ ਫਾਂਸੀ ਦੀ ਸਜ਼ਾ ਸੁਣਾਈ ਗਈ। ਪਰ ਇਸ ਹੁਕਮ ਦੀ ਤਾਮੀਲ ਕੀਤੇ ਜਾਣ ਤੋਂ ਪਹਿਲਾਂ ਬਗ਼ਾਵਤ ਸ਼ੁਰੂ ਹੋ ਗਈ। ਮੌਲਵੀ ਫ਼ੈਜ਼ਾਬਾਦ ਜੇਲ੍ਹ ਵਿੱਚੋਂ ਫ਼ਰਾਰ ਹੋ ਗਿਆ ਜਿਥੇ ਉਸਨੂੰ ਕੈਦ ਕੀਤਾ ਹੋਇਆ ਸੀ। ਉਹ ਅਵਧ ਦੇ ਕੈਦੀ ਨਵਾਬ ਵਜੀਦ ਅਲੀ ਸ਼ਾਹ ਦੀ ਪਤਨੀ ਬੇਗਮ ਹਜ਼ਰਤ ਮਹੱਲ ਨਾਲ ਬਸਤੀਵਾਦੀਆਂ ਵਿਰੁੱਧ ਲੜਾਈ ਵਿਚ ਜਾ ਸ਼ਾਮਲ ਹੋਇਆ। ਬੇਗਮ ਅਤੇ ਮੌਲਵੀ ਦੋਵਾਂ ਨੇ ਮੈਦਾਨੇ-ਜੰਗ ਅੰਦਰ ਅੰਗਰੇਜ਼ਾਂ ਵਿਰੁੱਧ ਟੱਕਰ ਵਿਚ ਬਾਗ਼ੀਆਂ ਦੀ ਅਗਵਾਈ ਕੀਤੀ।

ਸਾਮਰਾਜਵਾਦੀਆਂ ਨੇ ਉਸ ਨੂੰ ਜਿਊਂਦਾ ਫੜ੍ਹਨ ਲਈ ਉਸਦੇ ਸਿਰ ਦਾ ਮੁੱਲ 50,000 ਰੁਪਏ ਰੱਖ ਦਿੱਤਾ। 5 ਜੂਨ 1858 ਨੂੰ ਪੋਵਾਈਂ ਦੇ ਰਾਜਾ ਵਲੋਂ ਵੱਡੀ ਰਕਮ ਦੇ ਲਾਲਚ ਵਿਚ ਉਸ ਨਾਲ ਗ਼ਦਾਰੀ ਕੀਤੇ ਜਾਣ ਤਕ ਉਹ ਅੰਗਰੇਜ਼ਾਂ ਦੇ ਹੱਥ ਨਹੀਂ ਆਇਆ। ਰਾਜਾ ਨੇ ਉਸਨੂੰ ਗੋਲੀ ਮਾਰਕੇ ਮਾਰ ਦਿੱਤਾ। ਇੰਞ, ਇਕ ਮਹਾਨ ਦੇਸ਼ਭਗਤ ਦੀ ਕਹਾਣੀ ਦਾ ਅਚਾਨਕ ਇਕ ਬੁਜ਼ਦਿਲ ਕਾਲੀ ਭੇਡ ਦੇ ਹੱਥੋਂ ਅੰਤ ਹੋ ਗਿਆ। ਬਗ਼ਾਵਤ ਤੋਂ ਪਹਿਲਾਂ ਅਤੇ ਇਸ ਦੌਰਾਨ ਉਸਦੇ ਕਾਰਨਾਮਿਆਂ ਤੇ ਕੰਮਾਂ ਦੀ ਤਾਰੀਫ਼ ਹਿੰਦੂ ਮੁੜ-ਸੁਰਜੀਤੀਵਾਦੀ ਵਿਨਾਇਕ ਦਮੋਦਰ ਸਾਵਰਕਰ ਨੇ ਵੀ ਕੀਤੀ, ਉਸਨੇ ਲਿਖਿਆ:

"ਇਸ ਬਹਾਦਰ ਮੁਸਲਮਾਨ ਦੀ ਜ਼ਿੰਦਗੀ ਦਿਖਾਉਂਦੀ ਹੈ ਕਿ ਇਸਲਾਮ ਦੀਆਂ ਸਿਖਿਆਵਾਂ ਵਿਚ ਵਿਚਾਰਸ਼ੀਲ ਸ਼ਰਧਾ ਕਿਸੇ ਵੀ ਤਰ੍ਹਾਂ ਹਿੰਦੁਸਤਾਨੀ ਮਿੱਟੀ ਨਾਲ ਡੂੰਘੇ ਅਤੇ ਸਰਵ ਪ੍ਰੇਮ ਨਾਲ ਬੇਮੇਲ ਨਹੀਂ ਜਾਂ ਇਸ ਦੇ ਖ਼ਿਲਾਫ਼ ਨਹੀਂ।"[37]

ਪਰ, ਬਦਕਿਸਮਤੀ ਨਾਲ, ਸਾਡੀਆਂ ਇਤਿਹਾਸ ਦੀਆਂ ਪਾਠ-ਪੁਸਤਕਾਂ ਵਿਚ, ਸਾਡੀ ਪਹਿਲੀ ਜੰਗੇ-ਆਜ਼ਾਦੀ ਦੇ ਇਸ ਮਹਾਨ ਨਾਇਕ ਦਾ ਨਾਂ ਕਿਤੇ ਨਹੀਂ ਲੱਭਦਾ, ਜਿਸਦਾ ਕਿਸੇ ਨੇ ਗੀਤ ਨਹੀਂ ਗਾਇਆ।

ਸੂਝਵਾਨ ਅਤੇ ਹੱਠੀ ਸਿਆਸਤਦਾਨ ਅਜ਼ੀਮਉੱਲਾ ਖ਼ਾਨ (1830-1859), ਜਿਸ ਨੂੰ ਇਨਕਲਾਬ ਦਾ ਸਫ਼ੀਰ ਮੰਨਿਆ ਜਾਂਦਾ ਸੀ, ਕਾਨਪੁਰ ਵਿਖੇ ਨਾਨਾ ਸਾਹਿਬ ਦਾ ਸਲਾਹਕਾਰ ਸੀ। ਬਗ਼ਾਵਤ ਸ਼ੁਰੂ ਹੋਣ ਤੋਂ ਪਹਿਲਾਂ ਉਹ ਨਾਨਾ ਸਾਹਿਬ ਲਈ ਪੈਨਸ਼ਨ ਹਾਸਲ ਕਰਨ ਦੇ ਯਤਨ 'ਚ ਲੰਦਨ ਗਿਆ। ਉਸਨੇ ਦੋਸਤ ਬਣਾਏ, ਪਰ ਹਮੇਸ਼ਾ ਉਨ੍ਹਾਂ ਢੰਗਾਂ ਦੀ ਤਾਕ ਵਿਚ ਰਹਿੰਦਾ ਸੀ ਜਿਨ੍ਹਾਂ ਜ਼ਰੀਏ ਬਰਤਾਨਵੀਆਂ ਨੂੰ ਤਬਾਹ ਕੀਤਾ ਜਾ ਸਕੇ। ਹਿੰਦੁਸਤਾਨ ਨੂੰ ਵਾਪਸ ਆਉਂਦੇ ਵਕਤ, ਉਸ ਨੇ ਕ੍ਰੀਮੀਆ ਦੀ ਜੰਗ (ਅਕਤੂਬਰ 1853-ਫਰਵਰੀ 1856) ਨੂੰ ਸਮਝਣ

ਲਈ ਉਥੇ ਪੜਾਅ ਕੀਤਾ, ਅਤੇ ਉਹ ਬਰਤਾਨਵੀਆਂ ਦੀ ਉਨ੍ਹਾਂ ਦੇ ਰੂਸੀ ਦੁਸ਼ਮਣਾਂ ਵਲੋਂ ਬਣਾਈ ਦੁਰਗਤ ਦੇਖਕੇ ਬਾਗ਼ੋਬਾਗ਼ ਹੋ ਗਿਆ। ਬਰਤਾਨਵੀ ਫ਼ਾਕਾਕਸ਼ੀ ਦਾ ਸ਼ਿਕਾਰ, ਫੱਟੜ ਅਤੇ ਲਗਭਗ ਤਬਾਹ ਹੋ ਚੁੱਕੇ ਸਨ। ਇਹ ਉਸ ਲਈ ਸਬਕ ਸੀ। ਉਹ ਨਾਨਾ ਸਾਹਿਬ ਨੂੰ ਆਪਣਾ ਆਗੂ ਮੰਨਕੇ ਉਸਦੇ ਦੁਸ਼ਮਣਾਂ ਨੂੰ ਤਬਾਹ ਕਰਨ ਦਾ ਹਲਫ਼ ਲੈ ਕੇ ਹਿੰਦੁਸਤਾਨ ਵਾਪਸ ਮੁੜ ਆਇਆ। ਉਸਨੇ ਬਗ਼ਾਵਤ ਵਿਚ ਸਰਗਰਮੀ ਨਾਲ ਹਿੱਸਾ ਲਿਆ। ਫਿਰ ਬਗ਼ਾਵਤ ਦੇ ਖ਼ਤਮ ਹੋਣ ਤੋਂ ਬਾਅਦ, ਉਹ ਨਾਨਾ ਸਾਹਿਬ ਸਮੇਤ ਬਚਕੇ ਨੇਪਾਲ ਚਲਾ ਗਿਆ ਅਤੇ 1859 'ਚ ਭਟਵਾਲ ਵਿਖੇ ਆਪਣੇ ਪ੍ਰਾਣ ਤਿਆਗੇ।[38]

ਲਖਨਊ, ਉੱਤਰ ਪ੍ਰਦੇਸ ਦੇ ਨਵਾਬ ਵਜੀਦ ਅਲੀ ਸ਼ਾਹ ਦੀ ਪਤਨੀ ਹਜ਼ਰਤ ਮਹੱਲ ਅਵਧ ਦੀ ਬੇਗਮ ਵਜੋਂ ਵੀ ਜਾਣੀ ਜਾਂਦੀ ਸੀ। ਦਿਲਕਸ਼ ਜਿਸਮਾਨੀ ਸੁਹੱਪਣ ਦੀ ਕੁਦਰਤੀ ਦਾਤ ਦੇ ਨਾਲ-ਨਾਲ, ਉਸ ਅੰਦਰ ਜਥੇਬੰਦੀ ਅਤੇ ਅਗਵਾਈ ਦੀ ਜਮਾਂਦਰੂ ਪ੍ਰਤਿਭਾ ਸੀ। ਆਪਣੇ ਪਤੀ ਨੂੰ ਕਲਕੱਤਾ ਜਲਾਵਤਨ ਕੀਤੇ ਜਾਣ ਤੋਂ ਬਾਅਦ, ਉਸਨੇ ਜੋਸ਼ੀਲੀ ਹਮਾਇਤੀ ਟੋਲੀ - ਸਰਫ਼ਦ-ਦੌਲਾ, ਮਹਾਰਾਜ ਬਾਲ ਕ੍ਰਿਸ਼ਨ, ਜੈ ਲਾਲ ਅਤੇ ਸਭ ਤੋਂ ਵੱਧ ਮੈਮਨ ਖ਼ਾਨ - ਦੇ ਸਹਿਯੋਗ ਨਾਲ ਅਵਧ ਦੀ ਤਕਦੀਰ ਨੂੰ ਮੁੜ ਜਗਾਉਣ ਲਈ ਲਗਾਤਾਰ ਕੰਮ ਕੀਤਾ। ਉਸਨੇ ਇਨਕਲਾਬੀ ਤਾਕਤਾਂ ਨਾਲ ਮਿਲਕੇ ਲਖਨਊ ਉੱਪਰ ਕਬਜ਼ਾ ਕਰ ਲਿਆ ਅਤੇ ਆਪਣੇ ਪੁੱਤਰ ਸ਼ਹਿਜ਼ਾਦਾ ਬ੍ਰਿਜੇਸ਼ ਕਾਦਰ ਨੂੰ ਅਵਧ ਦਾ ਰਾਜਾ ਬਣਾ ਦਿੱਤਾ। ਹਜ਼ਰਤ ਮਹੱਲ ਨੇ ਨਾਨਾ ਸਾਹਿਬ ਨਾਲ ਮਿਲਕੇ ਕੰਮ ਕੀਤਾ ਪਰ ਬਾਦ ਵਿਚ ਲਖਨਊ ਤੋਂ ਬਚਕੇ ਨਿਕਲ ਗਈ ਅਤੇ ਸ਼ਾਹਜਹਾਨਪੁਰ ਉੱਪਰ ਹਮਲੇ ਵਿਚ ਫ਼ੈਜ਼ਾਬਾਦ ਦੇ ਮੌਲਵੀ ਨਾਲ ਜਾ ਸ਼ਾਮਲ ਹੋਈ।

ਉਹ ਥਾਂ-ਥਾਂ ਭਟਕਦੀ ਰਹੀ, ਪਰ ਜਦੋਂ ਉਹ ਵਾਪਸ ਮੁੜੀ ਤਾਂ ਪੂਰੇ ਹੌਸਲੇ ਵਿਚ ਸੀ। ਉਸਨੇ ਬਰਤਾਨਵੀਆਂ ਵਲੋਂ ਗੁਜ਼ਾਰਾ-ਭੱਤੇ ਅਤੇ ਰੁਤਬੇ ਦੇ ਵਾਅਦਿਆਂ ਦੀ ਪੇਸ਼ਕਸ਼ ਹਕਾਰਤ ਨਾਲ ਠੁਕਰਾ ਦਿੱਤੀ ਜਿਨ੍ਹਾਂ ਨੂੰ ਉਹ ਅਮੋੜ ਨਫ਼ਰਤ ਕਰਦੀ ਸੀ। ਆਖ਼ਿਰਕਾਰ ਟਾਕਰੇ ਦੇ ਪੂਰੇ ਦੌਰ ਦੇ ਦੁੱਖ-ਮੁਸੀਬਤਾਂ ਦਾ ਸਾਹਮਣਾ ਕਰਦਿਆਂ ਉਸਨੇ ਨੇਪਾਲ ਵਿਚ ਸਿਆਸੀ ਪਨਾਹ ਲੈ ਲਈ ਜਿਥੇ 1879 ਵਿਚ ਉਸਨੇ ਪ੍ਰਾਣ ਤਿਆਗ ਦਿੱਤੇ। ਇਸੇ ਤਰ੍ਹਾਂ, ਰਾਣੀ ਲਕਸ਼ਮੀਬਾਈ ਦੀ ਤਰ੍ਹਾਂ ਉਸਦੀ ਯਾਦ ਲੋਕ ਗੀਤਾਂ ਅਤੇ ਲੋਕ-ਗਾਥਾਵਾਂ ਵਿਚ ਅੱਜ ਵੀ ਜਿਊਂਦੀ ਹੈ।

ਸਾਂਤੀਮੋਏ ਰੇਅ ਨੇ ਆਪਣੀ ਕਿਤਾਬ 'ਫਰੀਡਮ ਮੂਵਮੈਂਟ ਐਂਡ ਇੰਡੀਅਨ ਮੁਸਲਿਮਜ਼' ਵਿਚ 224 ਮੁਸਲਿਮ ਸ਼ਹੀਦਾਂ ਦੀ ਸੂਚੀ ਦਿੱਤੀ ਹੈ ਜਿਨ੍ਹਾਂ ਨੇ 1857 ਦੀ ਪਹਿਲੀ ਜੰਗੇ-ਆਜ਼ਾਦੀ ਵਿਚ ਲੜਦਿਆਂ ਆਪਣੀਆਂ ਜਾਨਾਂ ਵਾਰੀਆਂ ਸਨ।[39] ਲਗਭਗ ਚਾਲੀ ਮੁਸਲਮਾਨਾਂ ਨੂੰ ਉਮਰ ਕੈਦ ਦੀ ਸਜ਼ਾ ਹੋਈ ਅਤੇ ਜਲਾਵਤਨ ਕਰਕੇ ਅੰਡੇਮਾਨ ਦੀ ਸੈਲੂਲਰ ਜੇਲ੍ਹ ਵਿਚ ਬੰਦ ਰੱਖੇ ਗਏ, ਜੋ ਕਾਲਾ ਪਾਣੀ ਵਜੋਂ ਮਸ਼ਹੂਰ ਹੈ।[40]

ਬਗ਼ਾਵਤ ਤੋਂ ਬਾਦ, ਹਾਲਾਂਕਿ ਹਿੰਦੁਸਤਾਨੀਆਂ ਪ੍ਰਤੀ ਬਰਤਾਨਵੀਆਂ ਦੇ ਰਵੱਈਏ ਵਿਚ ਤਿੱਖਾ ਬਦਲਾਓ ਆਇਆ, ਫਿਰ ਵੀ ਸਭ ਤੋਂ ਕਠੋਰ ਅਤੇ ਵਿਆਪਕ ਦੁਸ਼ਮਣੀ ਮੁਸਲਿਮ ਭਾਈਚਾਰੇ ਲਈ ਰਾਖਵੀਂ ਸੀ। ਬਰਤਾਨਵੀਆਂ ਵਲੋਂ ਬਗ਼ਾਵਤ ਲਈ ਜ਼ਿਆਦਾਤਰ ਉਨ੍ਹਾਂ ਨੂੰ

ਜ਼ਿੰਮੇਵਾਰ ਕਰਾਰ ਦਿੱਤਾ ਗਿਆ, ਜਿਸ ਨੂੰ ਅੰਗਰੇਜ਼ ਮੁਗ਼ਲ ਸੁਲਤਾਨ ਦੀ ਅਥਾਰਟੀ ਨੂੰ ਮੁੜ-ਬਹਾਲ ਕੀਤੇ ਜਾਣ ਦਾ ਯਤਨ ਸਮਝਦੇ ਸਨ।

ਕੌਮੀ ਮੁਕਤੀ ਲਹਿਰ ਨੂੰ ਸੱਟ ਮਾਰਨ ਲਈ ਬਰਤਾਨਵੀਆਂ ਦਾ ਪਾਟਕਪਾਊ ਕਿਰਦਾਰ

ਪਹਿਲੀ ਜੰਗੇ-ਆਜ਼ਾਦੀ ਤੋਂ ਫੌਰਨ ਬਾਅਦ, ਹਿੰਦੁਸਤਾਨੀ ਮਾਮਲਿਆਂ ਦੇ ਤੱਤਕਾਲੀ ਮੰਤਰੀ ਲਾਰਡ ਵੁੱਡ ਨੇ ਲੰਦਨ ਤੋਂ ਹਿੰਦੁਸਤਾਨ ਵਿਚ ਬਰਤਾਨਵੀ ਰਾਜ ਦੇ ਮੁਖੀ ਲਾਰਡ ਐਲਗਿਨ ਨੂੰ ਲਿਖੇ ਖ਼ਤ ਵਿਚ ਮੰਨਿਆ:

"ਅਸੀਂ ਇਕ ਹਿੱਸੇ ਨੂੰ ਦੂਜੇ ਨਾਲ ਲੜਾਕੇ ਹਿੰਦੁਸਤਾਨ ਵਿਚ ਆਪਣੀ ਸੱਤਾ ਬਰਕਰਾਰ ਰੱਖੀ ਹੈ ਅਤੇ ਸਾਨੂੰ ਲਾਜ਼ਮੀ ਹੀ ਇਸ ਨੂੰ ਜਾਰੀ ਰੱਖਣਾ ਚਾਹੀਦਾ ਹੈ। ਲਿਹਾਜ਼ਾ, ਉਨ੍ਹਾਂ ਵਿਚ ਸਾਂਝ ਦੀ ਭਾਵਨਾ ਨੂੰ ਰੋਕਣ ਲਈ ਅਸੀਂ ਜੋ ਵੀ ਕਰ ਸਕਦੇ ਹਾਂ, ਕਰੀਏ।"[41]

ਇਸ ਯੁੱਧਨੀਤੀ ਨੂੰ ਅਸਰਦਾਰ ਤੌਰ 'ਤੇ ਲਾਗੂ ਕਰਨ ਲਈ, ਬਸਤੀਵਾਦੀ ਹੁਕਮਰਾਨਾਂ ਅਤੇ ਉਨ੍ਹਾਂ ਦੇ ਹਿੰਦੁਸਤਾਨੀ ਦੱਲਿਆਂ ਨੇ ਦੋ-ਕੌਮਾਂ ਦਾ ਸਿਧਾਂਤ ਪੇਸ਼ ਕੀਤਾ ਭਾਵ ਹਿੰਦੂ ਅਤੇ ਮੁਸਲਮਾਨ ਦੋ ਵੱਖੋ-ਵੱਖਰੀਆਂ ਕੌਮਾਂ ਹਨ ਕਿਉਂਕਿ ਉਹ ਵੱਖੋ-ਵੱਖਰੇ ਧਰਮਾਂ ਨਾਲ ਸਬੰਧ ਰੱਖਦੇ ਹਨ।

ਆਪਣੇ 'ਪਾੜੋ ਤੇ ਰਾਜ ਕਰੋ' ਦੇ ਏਜੰਡੇ 'ਤੇ ਚਲਦਿਆਂ, ਉਨ੍ਹਾਂ ਨੇ ਵੱਖੋ-ਵੱਖਰੇ ਧਰਮਾਂ ਦੇ ਲੋਕਾਂ ਨੂੰ ਇਕ ਦੂਜੇ ਨਾਲ ਲੜਾਉਂਦੇ ਰਹਿਣ ਲਈ ਫਿਰਕਾਪ੍ਰਸਤ ਅਤੇ ਵੱਖਵਾਦੀ ਰੁਚੀਆਂ ਨੂੰ ਉਤਸ਼ਾਹਤ ਕੀਤਾ। ਉਨ੍ਹਾਂ ਨੇ ਖੇਤਰੀਵਾਦ ਨੂੰ ਸ਼ਹਿ ਦਿੱਤੀ, ਜਾਤਪਾਤੀ ਢਾਂਚੇ ਦਾ ਲਾਹਾ ਲਿਆ, ਅਤੇ ਉਰਦੂ ਨਾਲੋਂ ਹਿੰਦੀ ਦੀ ਪ੍ਰਮੁੱਖਤਾ ਦੇ ਮੁੱਦੇ ਨੂੰ ਵੀ ਤੂਲ ਦਿੱਤੀ।[42] ਇਸ ਨਾਲ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਸਮਾਜੀ ਤੇ ਫਿਰਕੂ ਕੁੜੱਤਣ ਅਤੇ ਵਿਰੋਧ-ਭਾਵਨਾ ਸ਼ੁਰੂ ਹੋ ਗਈ।

ਉਨ੍ਹਾਂ ਨੇ ਉਨ੍ਹਾਂ ਇਤਿਹਾਸਕਾਰਾਂ ਨੂੰ ਤਰਜ਼ੀਹ ਦਿੱਤੀ ਜੋ ਹਿੰਦੁਸਤਾਨ ਦੇ ਇਤਿਹਾਸ ਨੂੰ ਇਸ ਢੰਗ ਨਾਲ ਪੇਸ਼ ਕਰਨ ਜਿਸ ਨਾਲ ਫਿਰਕੂ ਭਾਵਨਾਵਾਂ ਨੂੰ ਸ਼ਹਿ ਮਿਲੇ। ਇਲੀਅਟ, ਡਾਅਸਨ, ਮੈਲਕੌਮ, ਬਰਿਗਸ, ਅਤੇ ਐਲੀਫ਼ਿਲਸਟੋਨ ਵਰਗੇ ਬਰਤਾਨਵੀ ਇਤਿਹਾਸਕਾਰਾਂ ਅਤੇ ਸਿਵਲ ਅਧਿਕਾਰੀਆਂ ਨੂੰ ਇਤਿਹਾਸ ਦੀਆਂ ਐਸੀਆਂ ਕਿਤਾਬਾਂ ਲਿਖਣ ਦਾ ਜ਼ਿੰਮਾ ਅਤੇ ਨਿਰਦੇਸ਼ ਗਿਆ ਜੋ ਅਵਾਮ ਦੇ ਦਿਮਾਗਾਂ ਨੂੰ ਬਰਤਾਨੀਆ ਪੱਖੀ ਅਤੇ ਇਸ ਸੋਚ ਵਾਲੇ ਬਣਾ ਸਕਣ ਕਿ ਉਨ੍ਹਾਂ ਦਾ ਰਾਜ 'ਜ਼ਾਲਮ ਮੁਸਲਮਾਨਾਂ ਦੇ ਰਾਜ'[43] ਤੋਂ ਕਿਤੇ ਬਿਹਤਰ ਸੀ। ਇਸ ਦੀ ਮਿਸਾਲ ਸੀ ਇਤਿਹਾਸਕਾਰ ਜੇਮਜ਼ ਮਿੱਲ ਦੀ "ਹਿਸਟਰੀ ਆਫ ਬ੍ਰਿਟਿਸ਼ ਇੰਡੀਆ" ਜੋ ਤਿੰਨ ਹਿੱਸਿਆਂ - ਯਾਨੀ ਹਿੰਦੂ ਸਭਿਅਤਾ, ਮੁਸਲਿਮ ਸੱਭਿਅਤਾ ਅਤੇ ਬਰਤਾਨਵੀ ਦੌਰ - ਵਿਚ ਵੰਡ ਕੇ ਲਿਖੀ ਗਈ ਸੀ, ਇਸ ਨੂੰ ਸਰਕਾਰੀ ਥਾਪੜਾ ਹਾਸਲ ਸੀ। ਮਿੱਲ ਨੇ ਦਲੀਲ ਦਿੱਤੀ ਕਿ ਹਿੰਦੂ ਸੱਭਿਅਤਾ ਖੜੋਤ 'ਚ ਅਤੇ ਪਿਛੜੀ ਹੋਈ ਸੀ, ਅਤੇ ਮੁਸਲਿਮ ਸੱਭਿਅਤਾ ਬਹੁਤ ਥੋੜ੍ਹੇ ਫ਼ਰਕ ਨਾਲ ਹੀ ਬਿਹਤਰ ਸੀ ਅਤੇ ਬਰਤਾਨਵੀ ਬਸਤੀਵਾਦੀ ਤਾਕਤ ਤਰੱਕੀ ਦਾ ਸਾਧਨ ਸੀ

ਕਿਉਂਕਿ ਇਹ ਹਿੰਦੁਸਤਾਨ ਵਿਚ ਸੁਧਾਰਾਂ ਦੀ ਵਿਵਸਥਾ ਕਰ ਸਕਦੀ ਸੀ।[44]

ਨਾਲ ਹੀ ਵਿਲੀਅਮ ਹੰਟਰ ਵਰਗੇ ਅਧਿਕਾਰੀਆਂ ਨੇ "ਇੰਡੀਅਨ ਮੁਸਲਿਮਜ਼" ਨਾਂ ਦੀ ਕਿਤਾਬ ਲਿਖੀ, ਜਿਸ ਵਿਚ ਮੁਸਲਮਾਨਾਂ ਨੂੰ ਵੱਖਰੀ ਕੌਮੀਅਤ ਵਜੋਂ ਵਰਗ-ਵੰਡ ਕੀਤਾ ਗਿਆ ਸੀ ਅਤੇ ਉਨ੍ਹਾਂ ਦੇ ਵਿਕਾਸ ਲਈ ਚੁੱਕੇ ਜਾਣ ਵਾਲੇ ਕਦਮਾਂ ਦੀ ਵਿਸਤਾਰ 'ਚ ਵਿਆਖਿਆ ਕੀਤੀ ਗਈ ਸੀ। ਇਨ੍ਹਾਂ ਕਿਤਾਬਾਂ ਨੇ ਮੁਸਲਮਾਨਾਂ ਅਤੇ ਮੁਸਲਿਮ ਹੁਕਮਰਾਨਾਂ ਬਾਰੇ ਗ਼ਲਤਫ਼ਹਿਮੀਆਂ ਪੈਦਾ ਕਰਨ ਅਤੇ ਉਨ੍ਹਾਂ ਬਾਰੇ ਗ਼ਲਤ ਖ਼ਿਆਲ ਫੈਲਾਉਣ ਵਿਚ ਫ਼ੈਸਲਾਕੁਨ ਭੂਮਿਕਾ ਨਿਭਾਈ।

ਇਸੇ ਤਰ੍ਹਾਂ, ਉਹ ਹਿੰਦੁਸਤਾਨੀ ਇਤਿਹਾਸਕਾਰੀ ਉੱਪਰ ਇਸ ਕਦਰ ਪ੍ਰਭਾਵ ਪਾਉਣ ਵਿਚ ਕਾਮਯਾਬ ਹੋ ਗਏ ਕਿ ਡਾ. ਜਾਦੂਨਾਥ ਸਰਕਾਰ ਨੂੰ ਸਰ ਦਾ ਖ਼ਿਤਾਬ ਦਿੱਤਾ ਗਿਆ ਜਿਸ ਦਾ ਚਾਰ ਜਿਲਦਾਂ ਵਿਚ ਅਧਿਐਨ "ਦ ਫਾਲ ਆਫ ਮੁਗ਼ਲ ਐਮਪਾਇਰ" ਬਰਤਾਨਵੀ ਸਾਮਰਾਜਵਾਦ ਦੇ ਕਾਜ ਲਈ ਬਹੁਤ ਸਹਾਈ ਹੋਇਆ ਸੀ। ਇਤਿਹਾਸ ਦੀ ਰੂੜ੍ਹੀਵਾਦੀ ਧਾਰਾ ਦੀ ਇਸ ਖ਼ਾਸ ਮਨੋਰਥ ਵਾਲੀ ਪਹੁੰਚ ਬਾਰੇ ਚਾਨਣਾ ਪਾਉਂਦਿਆਂ ਆਰ.ਸੀ.ਮਜੂਮਦਾਰ ਲਿਖਦੇ ਹਨ:

"ਇਨ੍ਹਾਂ ਇਤਿਹਾਸਕਾਰਾਂ ਨੂੰ ਇਹ ਅਹਿਸਾਸ ਨਹੀਂ ਸੀ ਕਿ ਪੁਰਾਤਨ ਅਤੇ ਮੱਧਯੁਗੀ ਦੌਰਾਂ ਦੌਰਾਨ ਹਿੰਦੁਸਤਾਨ ਅੰਦਰ ਸਿਆਸਤ ਉਸੇ ਤਰ੍ਹਾਂ ਦੀ ਸੀ ਜਿਵੇਂ ਬਾਕੀ ਥਾਵਾਂ ਦੀ, ਅਤੇ ਇਹ ਹੁਕਮਰਾਨਾਂ ਦੇ ਆਰਥਕ ਅਤੇ ਸਿਆਸੀ ਹਿੱਤਾਂ ਦੇ ਹੁਕਮਾਂ ਅਨੁਸਾਰ ਕੰਮ ਕਰਦੀ ਸੀ....। ਵੱਖਰੇ ਤੇ ਨਿਆਰੇ ਹਿੰਦੂ ਅਤੇ ਮੁਸਲਿਮ ਸੱਭਿਆਚਾਰਾਂ ਦੀ ਝੂਠੀ ਧਾਰਨਾ ਪੇਸ਼ ਕਰਦੇ ਹੋਏ ਇਤਿਹਾਸ ਪ੍ਰਤੀ ਫਿਰਕੂ ਪਹੁੰਚ ਨੇ ਫੁੱਟਪਾਊ ਰੁਚੀਆਂ ਨੂੰ ਜਨਮ ਦਿੱਤਾ। ਧਾਰਮਿਕ ਸੁਧਾਰ ਮੁਹਿੰਮ ਦਾ ਵੀ ਇਸੇ ਤਰ੍ਹਾਂ ਦਾ ਅਸਰ ਪਿਆ।.... ਕੁਝ ਆਗੂਆਂ ਨੇ ਹਿੰਦੂ ਰਾਸ਼ਟਰਵਾਦ, ਮੁਸਲਮਾਨਾਂ ਦੇ "ਬਦੇਸ਼ੀ ਹੋਣ", ਹਿੰਦੂ ਹਿੱਤਾਂ ਦੀ ਰਾਖੀ ਕਰਨ ਦੀ ਰੱਟ ਲਾਉਣੀ ਸ਼ੁਰੂ ਕਰ ਦਿੱਤੀ।.... ਇੰਞ, ਮੁਸਲਿਮ ਅਤੇ ਹਿੰਦੂ ਫਿਰਕਾਪ੍ਰਸਤੀ ਨੇ ਇਕ ਦੂਜੇ ਉੱਪਰ ਪ੍ਰਭਾਵ ਪਾਇਆ ਅਤੇ ਇਕ ਦੂਜੇ ਦੀ ਪਰਵਰਿਸ਼ ਕੀਤੀ।"[45]

ਇਸ ਫਿਰਕੂ ਸਿਧਾਂਤ ਨੇ ਵਧੇਰੇ ਠੋਸ ਸ਼ਕਲ ਓਦੋਂ ਅਖ਼ਤਿਆਰ ਕੀਤੀ ਜਦੋਂ 1906 'ਚ ਇੰਡੀਅਨ ਮੁਸਲਿਮ ਲੀਗ ਬਣਾਈ ਗਈ। ਦੂਜੇ ਪਾਸੇ, ਬਰਤਾਨਵੀਆਂ ਨੇ ਹਿੰਦੂ ਮਹਾਂਸਭਾ ਵਰਗੀਆਂ ਅੱਤਵਾਦੀ ਸੰਸਥਾਵਾਂ ਦੀ ਮਦਦ ਕੀਤੀ ਜੋ ਅਜੋਕੀ ਭਾਰਤੀ ਜਨਤਾ ਪਾਰਟੀ (ਬੀ.ਜੇ.ਪੀ.), ਆਰ.ਐੱਸ.ਐੱਸ., ਬਜਰੰਗ ਦਲ ਆਦਿ ਦੀ ਅਗਰਦੂਤ ਸੀ। ਇਸ ਸਭ ਕਾਸੇ ਨੇ, ਦੋ-ਵੱਖਰੀਆਂ ਕੌਮਾਂ ਦੇ ਖ਼ਿਆਲ ਨੂੰ ਜਨਮ ਦਿੱਤਾ। ਫਿਰ, ਸੰਕੀਰਣਤਾ ਦੇ ਪੱਕੇ ਪੈਰੀਂ ਹੋਣ ਨੂੰ ਬਹੁਤੀ ਦੇਰ ਨਹੀਂ ਲੱਗੀ। ਇੰਞ ਬਰਤਾਨਵੀਆਂ ਨੇ ਹਿੰਦੁਸਤਾਨੀਆਂ ਨੂੰ ਦੋ ਹਿੱਸਿਆਂ - ਹਿੰਦੂਆਂ ਅਤੇ ਮੁਸਲਮਾਨਾਂ - ਵਿਚ ਵੰਡ ਦਿੱਤਾ। ਵੀ.ਡੀ. ਮਹਾਜਨ ਲਿਖਦੇ ਹਨ:

"ਹਿੰਦੁਸਤਾਨ ਵਿਚ ਬਰਤਾਨਵੀ ਰਾਜ ਦੌਰਾਨ ਹੀ ਹਿੰਦੂ-ਮੁਸਲਿਮ ਫ਼ਸਾਦ ਹੋਣੇ ਸ਼ੁਰੂ ਹੋਏ ਅਤੇ ਇਹ ਵੀ ਉਨ੍ਹਾਂ ਇਲਾਕਿਆਂ ਵਿਚ ਜਿਥੇ ਰਾਸ਼ਟਰਵਾਦੀ ਲਹਿਰ ਮਜ਼ਬੂਤ ਸੀ। 1889

ਅਤੇ 1894 ਦਰਮਿਆਨ 90 ਦੇ ਕਰੀਬ ਹਿੰਦੂ-ਮੁਸਲਿਮ ਫ਼ਸਾਦ ਹੋਏ। ਉਨ੍ਹਾਂ ਵਿੱਚੋਂ ਅਜਿਹੇ 44 ਫ਼ਸਾਦ ਇਕੱਲੇ ਬੰਗਾਲ ਵਿਚ, 9 ਉੱਤਰ-ਪੱਛਮੀ ਸੂਬਿਆਂ ਤੇ ਅਵਧ ਵਿਚ, 17 ਮਦਰਾਸ ਵਿਚ ਅਤੇ ਇਕ ਪੰਜਾਬ ਵਿਚ ਹੋਏ। ਜਿਥੇ ਕਿਤੇ ਵੀ ਵੱਡੀ ਸਿਆਸੀ ਸਰਗਰਮੀ ਹੋ ਰਹੀ ਸੀ ਉਥੇ ਬਰਤਾਨਵੀ ਸਰਕਾਰ ਨੇ ਇਨ੍ਹਾਂ ਫ਼ਸਾਦਾਂ ਨੂੰ ਸ਼ਹਿ ਦਿੱਤੀ ਤਾਂ ਜੋ ਹਿੰਦੂ ਤੇ ਸਿੱਖ ਆਪਸ ਵਿਚ ਲੜਨਾ ਸ਼ੁਰੂ ਕਰ ਦੇਣ ਅਤੇ ਰਾਸ਼ਟਰਵਾਦੀ ਲਹਿਰ ਨੁਕਸਾਨੀ ਜਾਵੇ।"[46]

ਇਸ ਨਿਰਾਸ਼ਤਾ ਵਾਲੀ ਹਾਲਤ ਦੇ ਬਾਵਜੂਦ, ਇਹ ਗ਼ੌਰ ਕਰਨਾ ਜ਼ਰੂਰੀ ਹੈ ਕਿ ਓਦੋਂ ਬੰਗਾਲ ਸੂਬੇ ਦੇ ਗਿਣਨਯੋਗ ਹਿੱਸੇ ਨੇ ਬੰਗਾਲ ਦੀ ਤਕਸੀਮ ਦਾ ਵਿਰੋਧ ਕੀਤਾ ਸੀ – ਜਿਸ ਨੂੰ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਹੋਰ ਜ਼ਿਆਦਾ ਵੰਡਣ ਦੀ ਬਰਤਾਨਵੀ ਬਸਤੀਵਾਦੀਆਂ ਦੀ ਇਕ ਹੋਰ ਚਲਾਕੀ ਮੰਨਿਆ ਗਿਆ ਸੀ। "ਬੰਗਾਲ ਦੀ ਤਕਸੀਮ ਵਿਰੁੱਧ ਲਹਿਰ ਨਾਲ ਸਬੰਧਤ ਸਰਕਾਰੀ ਪੁਰਾਤੱਤਵ ਵਿਭਾਗ ਦੇ ਦਸਤਾਵੇਜ਼ ਸਾਬਤ ਕਰਦੇ ਹਨ ਕਿ ਪੂਰੇ ਪੂਰਬੀ ਬੰਗਾਲ ਦੇ ਵੱਖੋ-ਵੱਖਰੇ ਜ਼ਿਲ੍ਹਿਆਂ ਵਿਚ ਵਾਹਵਾ ਤਾਦਾਦ 'ਚ ਜਨਤਕ ਇਕੱਠ ਕੀਤੇ ਗਏ ਸਨ।" 7 ਅਗਸਤ 1905 ਨੂੰ ਕਲਕੱਤਾ ਵਿਚ ਹੋਏ ਵਿਆਪਕ ਇਕੱਠ ਨੇ ਜੋ ਮਤਾ ਪਾਸ ਕੀਤਾ ਉਸ ਦੀ ਤਈਦ ਮੌਲਵੀ ਹਾਸਿਬ ਉ ਦੀਨ ਨੇ ਕੀਤੀ ਸੀ।[47]

ਸਿੱਟੇ ਵਜੋਂ, ਭਾਵੇਂ ਉਲਟੇ ਤੱਥ ਮੌਜੂਦ ਹਨ ਇਸ ਦੇ ਬਾਵਜੂਦ ਖ਼ਾਸ ਮਨੋਰਥ ਵਾਲੀ ਬਰਤਾਨਵੀ ਇਤਿਹਾਸਕਾਰੀ ਵਿਚ ਕੌਮੀ ਲਹਿਰ ਵਿਚ ਹਿੰਦੁਸਤਾਨੀ ਮੁਸਲਮਾਨਾਂ ਦੀ ਸ਼ਾਨਦਾਰ ਭੂਮਿਕਾ ਨੂੰ ਆਮ ਤੌਰ 'ਤੇ ਦਰਕਿਨਾਰ ਕਰ ਦਿੱਤਾ ਗਿਆ ਹੈ।

ਖਾੜਕੂ ਰਾਸ਼ਟਰਵਾਦੀ ਲਹਿਰਾਂ

20ਵੀਂ ਸਦੀ ਦੇ ਮੁੱਢਲੇ ਸਾਲ ਚੀਨ, ਤੁਰਕੀ, ਆਇਰਲੈਂਡ, ਰੂਸ ਅਤੇ ਮਿਸਰ ਵਿਚ ਇਨਕਲਾਬਾਂ ਦੇ ਸ਼ੁਰੂ ਹੋਣ ਦੇ ਗਵਾਹ ਬਣੇ। ਪੜ੍ਹੇਲਿਖੇ ਹਿੰਦੁਸਤਾਨੀਆਂ ਲਈ ਇਹ ਇਨਕਲਾਬ ਪ੍ਰੇਰਣਾ ਬਣੇ ਅਤੇ ਇਨ੍ਹਾਂ ਨੇ ਉਨ੍ਹਾਂ ਅੰਦਰ ਮੁਲਕ ਨੂੰ ਆਜ਼ਾਦ ਕਰਾਉਣ ਦੀ ਇਕ ਨਵੀਂ ਤਾਂਘ ਜਗਾ ਦਿੱਤੀ ਸੀ। ਉਹ ਜਮਹੂਰੀਅਤ, ਰਾਸ਼ਟਰਵਾਦ ਅਤੇ ਰੈਡੀਕਲਵਾਦ ਦੇ ਪੱਛਮੀ ਖ਼ਿਆਲਾਂ ਤੋਂ ਵੀ ਪ੍ਰਭਾਵਤ ਸਨ। ਦੂਜੀ ਗੱਲ, ਬਰਤਾਨਵੀ ਸਰਕਾਰ ਵਲੋਂ ਰਾਸ਼ਟਰਵਾਦੀਆਂ ਦੀ ਕਿਸੇ ਵੀ ਅਹਿਮ ਮੰਗ ਨੂੰ ਮੰਨੇ ਜਾਣ ਤੋਂ ਇਨਕਾਰੀ ਹੋਣ ਨੇ ਉਨ੍ਹਾਂ ਦੇ ਭਰਮ ਦੂਰ ਕਰ ਦਿੱਤੇ ਸਨ। ਸਿੱਟੇ ਵਜੋਂ, ਜਨਤਕ ਇਕੱਠਾਂ, ਦਰਖ਼ਾਸਤਾਂ, ਯਾਦਪੱਤਰਾਂ ਅਤੇ ਵਿਧਾਨ-ਸਭਾਵਾਂ ਵਿਚ ਤਕਰੀਰਾਂ ਤੋਂ ਬਗ਼ੈਰ ਵਧੇਰੇ ਤਾਕਤਵਰ ਸਿਆਸੀ ਕਾਰਵਾਈ ਅਤੇ ਢੰਗ-ਤਰੀਕਿਆਂ ਦੀ ਜ਼ੋਰਦਾਰ ਮੰਗ ਉੱਠ ਖੜ੍ਹੀ ਸੀ। ਬੰਗਾਲ ਦੀ ਵੰਡ (1905) ਤੋਂ ਬਾਅਦ ਦੀਆਂ ਘਟਨਾਵਾਂ ਨਾਲ ਇਨਕਲਾਬੀਆਂ ਨੂੰ ਜਚ ਗਿਆ ਸੀ ਕਿ ਬੰਬ ਅਤੇ ਪਿਸਤੌਲ ਜ਼ਰੂਰੀ ਹਨ। ਉਹ ਮਹਿਸੂਸ ਕਰਦੇ ਸਨ ਕਿ ਬਰਤਾਨਵੀਆਂ ਦਾ ਰਾਜ ਤਾਕਤ ਨਾਲ ਉਲਟਾਉਣਾ ਜ਼ਰੂਰੀ ਹੈ। ਉਨ੍ਹਾਂ ਨੇ ਆਇਰਿਸ਼ ਦਹਿਸ਼ਤਪਸੰਦਾਂ ਅਤੇ ਰੂਸੀ ਸਰਵਖੰਡਨਵਾਦੀਆਂ ਦੇ ਨਕਸ਼ੇ-ਕਦਮਾਂ 'ਤੇ ਚੱਲਣ ਦਾ ਰਾਹ ਚੁਣਿਆ। ਕੁਝ ਇਨਕਲਾਬੀਆਂ ਨੇ ਯੂਰਪ ਅਤੇ ਅਮਰੀਕਾ ਵਿਚ ਕੇਂਦਰ ਸਥਾਪਤ ਕਰ ਲਏ।[48]

ਇਹ ਵਧ ਰਹੀ ਕੌਮੀ ਚੇਤਨਾ ਸੀ ਜਿਸਨੇ ਪੜ੍ਹੇਲਿਖੇ ਮੱਧ ਵਰਗ ਨੂੰ ਇਹ ਅਹਿਸਾਸ ਕਰਾਇਆ ਕਿ ਉਨ੍ਹਾਂ ਦੇ ਆਰਥਕ ਅਤੇ ਸਿਆਸੀ ਹਿੱਤ ਸਾਂਝੇ ਹਨ। ਅਤੇ ਇੱਥੋਂ ਤਕ ਕਿ ਸਮਾਜੀ ਅਤੇ ਸੱਭਿਆਚਾਰਕ ਤੌਰ 'ਤੇ ਵੀ ਉਨ੍ਹਾਂ ਦੀ ਤਰਜ਼ੇ-ਜ਼ਿੰਦਗੀ ਸਾਂਝੀ ਸੀ।

ਗ਼ਦਰ ਲਹਿਰ

ਬਰਤਾਨਵੀ ਰਾਜ ਤੋਂ ਮੁਕੰਮਲ ਆਜ਼ਾਦੀ ਦਾ ਸੱਦਾ ਦੇਣ ਵਾਲੀ ਇਹ ਪਹਿਲੀ ਹਿੰਦੁਸਤਾਨੀ ਸਿਆਸੀ ਜਥੇਬੰਦੀ 1913 'ਚ ਹਿੰਦੁਸਤਾਨੀ ਆਵਾਸੀਆਂ ਵਲੋਂ ਕੈਲੀਫੋਰਨੀਆ ਵਿਚ ਜਥੇਬੰਦ ਕੀਤੀ ਗਈ ਸੀ। ਇਹ ਗ਼ਦਰ ਪਾਰਟੀ ਦੇ ਨਾਂ ਨਾਲ ਮਸ਼ਹੂਰ ਹੋਈ। ਗ਼ਦਰ ਲਹਿਰ ਕਈ ਕਾਰਨਾਂ ਕਰਕੇ ਵਿਲੱਖਣ ਸੀ। ਗ਼ਦਰੀਆਂ ਦਾ ਵਿਸ਼ਵਾਸ ਸੀ ਕਿ ਹਿੰਦੁਸਤਾਨੀਆਂ ਨੂੰ ਜ਼ਰੂਰ ਹੀ ਆਪਣੀ ਮੁਕਤੀ ਦੀ ਯੋਜਨਾ ਬਣਾਉਣੀ ਚਾਹੀਦੀ ਹੈ ਅਤੇ ਆਪਣੀ ਜ਼ਲਾਲਤ ਵਾਲੀ ਹਾਲਤ ਵਿੱਚੋਂ ਨਿਕਲਣ ਲਈ ਲਾਜ਼ਮੀ ਹੰਭਲਾ ਮਾਰਨਾ ਚਾਹੀਦਾ ਹੈ। ਉਨ੍ਹਾਂ ਨੇ ਐਲਾਨ ਕੀਤਾ ਕਿ ਇਸ ਕਾਜ ਲਈ ਵੱਡੀਆਂ ਕੁਰਬਾਨੀਆਂ ਦਰਕਾਰ ਹਨ। ਉਨ੍ਹਾਂ ਦੀਆਂ ਤਕਰੀਰਾਂ, ਲਿਖਤਾਂ ਅਤੇ ਸਿਆਸੀ ਸਰਗਰਮੀ ਬਹਾਦਰੀ ਤੇ ਸਵੈ-ਵਿਸ਼ਵਾਸ ਨਾਲ ਲਬਰੇਜ਼ ਸਨ ਅਤੇ ਉਨ੍ਹਾਂ ਦੀਆਂ ਨਜ਼ਰਾਂ ਵਿਚ ਆਪਣੇ ਮੁਲਕ ਦੀ ਬਿਹਤਰੀ ਲਈ ਨਿੱਜੀ ਕੁਰਬਾਨੀ ਕਰਨਾ ਬਹੁਤੀ ਵੱਡੀ ਗੱਲ ਨਹੀਂ ਸੀ। ਉਹ ਬਦੇਸ਼ੀ ਰਾਜ ਨੂੰ ਘੋਰ ਨਫ਼ਰਤ ਕਰਦੇ ਸਨ, ਅਤੇ ਉਨ੍ਹਾਂ ਨੇ ਸਾਫ਼-ਸਾਫ਼ ਐਲਾਨ ਕੀਤਾ ਕਿ ਕੌਮੀ ਲਹਿਰ ਦਾ ਟੀਚਾ ਹਿੰਦ ਦੀ ਸਿਆਸੀ ਆਜ਼ਾਦੀ ਹੈ।

ਇਕ ਤਰ੍ਹਾਂ ਨਾਲ, ਗ਼ਦਰ ਪਾਰਟੀ 1857 ਵਿਚ ਲੜੀ ਗਈ ਪਹਿਲੀ ਜੰਗੇ-ਆਜ਼ਾਦੀ ਦਾ ਹੀ ਵਿਸਤਾਰ ਸੀ। ਇੱਥੋਂ ਤਕ ਕਿ ਇਸਨੇ ਨਾਂ ਵੀ ਉਹੀ ਰੱਖਿਆ, ਹਥਿਆਰਬੰਦ ਇਨਕਲਾਬੀ ਦੇ ਬਗ਼ਾਵਤ ਦੇ ਤੌਰ-ਤਰੀਕੇ ਵੀ ਉਸੇ ਵਾਲੇ ਅਖ਼ਤਿਆਰ ਕੀਤੇ। ਇਸ ਦਾ ਮੰਚ ਦ੍ਰਿੜਤਾ ਨਾਲ ਧਰਮਨਿਰਪੱਖ ਸੀ ਅਤੇ ਇਹ ਕਿਸੇ ਵੀ ਤਰ੍ਹਾਂ ਦੇ ਜਾਤਪਾਤੀ ਵਿਤਕਰੇ ਨੂੰ ਪੂਰੀ ਤਰ੍ਹਾਂ ਰੱਦ ਕਰਨ ਦਾ ਹੋਕਾ ਦਿੰਦਾ ਸੀ। ਗ਼ਦਰ ਲਹਿਰ ਨੇ ਅਵਾਮ ਨੂੰ ਉਨ੍ਹਾਂ ਦੇ ਸਾਂਝੇ ਹਿੱਤਾਂ ਯਾਨੀ ਸਮਾਜੀ, ਆਰਥਕ ਅਤੇ ਸਿਆਸੀ ਅਧਾਰ 'ਤੇ ਇਕ ਕੌਮ ਦੇ ਰੂਪ 'ਚ ਜੋੜਿਆ।

1914 'ਚ ਬਰਤਾਨੀਆ ਵਲੋਂ ਜਰਮਨੀ ਵਿਰੁੱਧ ਜੰਗ ਦਾ ਐਲਾਨ ਕੀਤੇ ਜਾਣ 'ਤੇ, ਜਰਮਨੀ ਦੀ ਮਦਦ ਨਾਲ ਗ਼ਦਰੀਆਂ ਨੇ ਹਥਿਆਰਬੰਦ ਗ਼ਦਰ ਸ਼ੁਰੂ ਕਰਨ ਦਾ ਫ਼ੈਸਲਾ ਲਿਆ ਸੀ। ਜਰਮਨ ਬਦੇਸ਼ ਦਫ਼ਤਰ ਦੇ ਸਹਿਯੋਗ ਨਾਲ ਬਰਲਿਨ ਵਿਚ ਰਹਿ ਰਹੇ ਹਿੰਦੁਸਤਾਨੀਆਂ ਨੂੰ ਲੈ ਕੇ ਉੱਥੇ ਇਕ 'ਹਿੰਦੁਸਤਾਨੀ ਆਜ਼ਾਦੀ ਕਮੇਟੀ' ਨਾਂ ਦੀ ਕਮੇਟੀ ਬਣਾਈ ਗਈ। ਇਸਨੇ ਹਿੰਦੁਸਤਾਨੀ ਫ਼ੌਜ ਅਤੇ ਹਿੰਦੁਸਤਾਨੀ ਜੰਗੀ ਕੈਦੀਆਂ ਵਿਚ ਕੰਮ ਕਰਨ ਲਈ ਬਗ਼ਦਾਦ, ਇਸਤਾਂਬੁਲ, ਈਰਾਨ ਅਤੇ ਕਾਬੁਲ ਵਿਚ ਆਪਣੇ ਮਿਸ਼ਨ ਭੇਜੇ। ਮੌਲਾਨਾ ਬਰਕਤਉੱਲਾ ਅਤੇ ਮੌਲਾਨਾ ਉਬੈਦਉੱਲਾ ਸਿੰਧੀ ਦੇ ਨਾਲ ਰਾਜਾ ਮਹਿੰਦਰ ਪ੍ਰਤਾਪ ਨੂੰ ਕਾਬਲ ਭੇਜਿਆ ਗਿਆ ਸੀ, ਜਿਥੇ ਉਨ੍ਹਾਂ ਨੇ ਆਰਜ਼ੀ ਹਕੂਮਤ-ਏ-ਹਿੰਦ ਬਣਾਈ।

ਡਾ. ਬਰਕਤਉੱਲਾ, ਜੋ ਗ਼ਦਰ ਪਾਰਟੀ ਦੇ ਮੋਢੀਆਂ ਵਿੱਚੋਂ ਇਕ ਸਨ, ਬਰਤਾਨੀਆ

ਵਿਰੋਧੀ ਜਥੇਬੰਦੀ ਦਾ ਵਿਆਪਕ ਤਾਣਾਬਾਣਾ ਉਸਾਰਨ ਵਿਚ ਜੁੱਟੇ ਰਹੇ ਅਤੇ 1927 'ਚ ਅਮਰੀਕਾ ਵਿਚ ਉਨ੍ਹਾਂ ਨੇ ਜਦੋਂ ਪ੍ਰਾਣ ਤਿਆਗੇ ਉਨ੍ਹਾਂ ਦੇ ਪੱਲੇ ਧੇਲਾ ਵੀ ਨਹੀਂ ਸੀ। ਹਸਨ ਰਹੀਮ, ਜੋ 14 ਜਨਵਰੀ 1910 ਨੂੰ ਕੈਨੇਡਾ ਆਏ ਸਨ, ਨੇ 1910 'ਚ ਵੈਨਕੂਵਰ ਗੁਰਦੁਆਰਾ ਵਿਚ 'ਯੂਨਾਈਟਿਡ ਇੰਡੀਆ ਲੀਗ' ਦੀ ਸਥਾਪਨਾ ਕੀਤੀ। ਉਨ੍ਹਾਂ ਨੇ ਇਕ ਅਖ਼ਬਾਰ 'ਹਿੰਦੁਸਤਾਨੀ' ਕੱਢਿਆ ਅਤੇ ਕੈਨੇਡਾ ਵਿਚ ਹਿੰਦੁਸਤਾਨ ਦੇ ਕਾਜ ਲਈ ਬਹੁਤ ਸਾਰੇ ਤਰੀਕਿਆਂ ਨਾਲ ਕੰਮ ਕੀਤਾ।

ਗ਼ਦਰੀਆਂ ਅਤੇ ਖ਼ਿਲਾਫ਼ਤ ਲਹਿਰ ਦੇ ਮੁਸਲਮਾਨਾਂ ਤੋਂ ਪ੍ਰੇਰਣਾ ਲੈ ਕੇ ਕੀਤਾ ਗਿਆ ਸਿੰਗਾਪੁਰ ਗ਼ਦਰ ਇਕ ਉੱਘੜਵੀਂ ਮਿਸਾਲ ਸੀ ਕਿ ਹਿੰਦੁਸਤਾਨ ਦੇ ਮੁਸਲਮਾਨਾਂ ਨੇ ਬਸਤੀਵਾਦ ਤੋਂ ਹਿੰਦੁਸਤਾਨ ਦੀ ਬੰਦ-ਖ਼ਲਾਸੀ ਲਈ ਆਪਣਾ ਖ਼ੂਨ ਕਿਵੇਂ ਡੋਲ੍ਹਿਆ। 15 ਫਰਵਰੀ 1915 ਨੂੰ ਸਿੰਗਾਪੁਰ ਵਿਚ ਤਾਇਨਾਤ 5ਵੇਂ ਨੇਟਿਵ ਲਾਈਟ ਰਿਸਾਲੇ ਨੇ ਬਰਤਾਨਵੀਆਂ ਵਿਰੁੱਧ ਬਗ਼ਾਵਤ ਕਰ ਦਿੱਤੀ। ਇਹ ਮੁੱਖ ਤੌਰ 'ਤੇ ਪੰਜਾਬ ਤੋਂ ਮੁਸਲਮਾਨਾਂ ਨੂੰ ਲੈ ਕੇ ਬਣਾਇਆ ਗਿਆ ਸੀ। 200 ਤੋਂ ਵੱਧ ਸਿਪਾਹੀਆਂ ਉੱਪਰ ਕੋਰਟ-ਮਾਰਸ਼ਲ ਤਹਿਤ ਮੁਕੱਦਮੇ ਚਲਾਏ ਗਏ ਅਤੇ ਕਾਸਿਮ ਇਸਮੈਲ ਖ਼ਾਨ ਮਨਜ਼ੂਰ ਸਮੇਤ 47 ਨੂੰ ਸਜ਼ਾ-ਏ-ਮੌਤ ਦਿੱਤੀ ਗਈ। ਚੌਹਟ ਬਾਗ਼ੀਆਂ ਨੂੰ ਜਲਾਵਤਨੀ ਵਿਚ ਉਮਰ-ਕੈਦ ਦੀ ਸਜ਼ਾ ਦਿੱਤੀ ਗਈ, ਅਤੇ ਤਿਹੱਤਰ ਨੂੰ 7 ਤੋਂ ਲੈ ਕੇ 20 ਸਾਲ ਕੈਦ ਦੀ ਸਜ਼ਾ ਦਿੱਤੀ ਗਈ। ਸਿੰਗਾਪੁਰ ਵਿਖੇ ਕੁਰਬਾਨੀਆਂ ਲਈ ਮਸ਼ਹੂਰ ਕੁਝ ਉੱਘੇ ਗ਼ਦਰੀਆਂ ਵਿਚ ਸ਼ਾਮਲ ਸਨ ਅਬਦੁਰ ਰੇਜ਼ਾ ਖ਼ਾਨ, ਹਵਾਲਦਾਰ ਸੁਲੇਮਾਨ, ਇਮਤਿਆਜ਼ ਅਲੀ, ਨਾਇਕ ਮੂਸੇ ਖ਼ਾਨ, ਰਸੂਲ ਖ਼ਾਨ, ਰੁਕਨੂਦੀਨ ਖ਼ਾਨ, ਅਤੇ ਜ਼ਫ਼ਰ ਅਲੀ ਖ਼ਾਨ।[49]

ਇਸੇ ਤਰ੍ਹਾਂ, ਫਰਾਂਸ ਵਿਚ ਰੂਪੋਸ਼ ਰਹਿਕੇ ਇਨਕਲਾਬੀ ਕੰਮ ਕਰਨ ਵਾਲੇ ਸਈਦ ਰਹਿਮਤ ਸ਼ਾਹ ਨੂੰ 1915 ਦੇ ਅਸਫ਼ਲ ਗ਼ਦਰ ਵਿਚ ਭੂਮਿਕਾ ਨਿਭਾਉਣ ਬਦਲੇ ਫਾਹੇ ਲਾ ਦਿੱਤਾ ਗਿਆ; ਫ਼ੈਜ਼ਾਬਾਦ (ਯੂ.ਪੀ.) ਤੋਂ ਅਲੀ ਅਹਿਮਦ ਸਿਦੀਕੀ, ਜਿਸਨੇ ਜੌਨਪੁਰ ਤੋਂ ਸਈਦ ਮੁਜਤਬਾ ਹੁਸੈਨ ਨਾਲ ਮਿਲਕੇ ਮਲਾਇਆ ਅਤੇ ਬਰਮਾ ਵਿਚ ਹਿੰਦੁਸਤਾਨੀ ਫ਼ੌਜੀ ਗ਼ਦਰ ਦੀ ਯੋਜਨਾ ਬਣਾਈ ਸੀ, ਨੂੰ 1917 ਵਿਚ ਫਾਂਸੀ ਦੇ ਦਿੱਤੀ ਗਈ।

ਹਾਫ਼ਿਜ਼ ਅਬਦੁੱਲਾ (ਸ਼ੇਰਪੁਰ, ਲੁਧਿਆਣਾ), ਜੋ ਫ਼ਿਲਪਾਈਨ ਵਿਚ ਗ਼ਦਰ ਪਾਰਟੀ ਦੇ ਉੱਘੇ ਆਗੂ ਸਨ, ਨੂੰ 29 ਮਾਰਚ 1917 ਨੂੰ ਲਾਹੌਰ ਜੇਲ੍ਹ ਵਿਚ ਫਾਂਸੀ ਦਿੱਤੀ ਗਈ; ਰਹਿਮਤ ਅਲੀ ਨੂੰ 27 ਮਾਰਚ 1915 ਨੂੰ ਮਿੰਟਗੁਮਰੀ ਜੇਲ੍ਹ ਵਿਚ ਫ਼ਾਂਸੀ ਦਿੱਤੀ ਗਈ, ਉਹ ਵੀ ਫ਼ਿਲਪਾਈਨ ਤੋਂ ਸੀ। ਉਸ ਨੂੰ ਫ਼ਿਰੋਜ਼ਸ਼ਾਹ ਵਿਚ ਪੁਲਿਸ ਦੇ ਇਕ ਸਬ-ਇੰਸਪੈਕਟਰ ਦੀ ਹੱਤਿਆ ਦਾ ਦੋਸ਼ੀ ਕਰਾਰ ਦਿੱਤਾ ਗਿਆ ਸੀ।

ਦਾਦਾ ਅਮੀਰ ਹੈਦਰ ਖ਼ਾਨ, ਜੋ ਇਕ ਕੌਮਪ੍ਰਸਤ ਅਤੇ ਗ਼ਦਰ ਪਾਰਟੀ ਦੇ ਮੈਂਬਰ ਸਨ, ਹਿੰਦੁਸਤਾਨ ਅਤੇ ਪਾਕਿਸਤਾਨ ਵਿਚ ਕਮਿਊਨਿਸਟ ਕਾਰਕੁਨ ਅਤੇ ਹਿੰਦੁਸਤਾਨ ਦੀ ਆਜ਼ਾਦੀ ਦੀ ਲਹਿਰ ਦੇ ਸਰਗਰਮ ਇਨਕਲਾਬੀ ਸਨ। ਉਹ ਦੱਖਣੀ ਏਸ਼ੀਆ ਵਿਚ ਕਮਿਊਨਿਸਟ ਲਹਿਰ ਦੇ ਮੋਢੀਆਂ ਵਿੱਚੋਂ ਸਨ।

ਇਸੇ ਤਰ੍ਹਾਂ, ਹੋਰ ਬਹੁਤ ਸਾਰਿਆਂ ਦੀ ਭੂਮਿਕਾ ਸੀ, ਜਿਵੇਂ ਮੁਹੰਮਦ ਬਸ਼ੀਰ, ਖ਼ੁਦਾ ਬਖ਼ਸ਼, ਏ. ਜ਼ਕਰੀਆ, ਜ਼ਫ਼ਰ ਹਸਨ, ਅੱਲ੍ਹਾ ਨਵਾਜ਼, ਅਬਦੁੱਲ ਅਜ਼ੀਜ਼। ਮੁਸਲਿਮ ਇਨਕਲਾਬੀ ਪਿਛੋਕੜ ਵਾਲੇ ਬਹੁਤ ਸਾਰੇ ਹੋਰ ਇਨਕਲਾਬੀ, ਜਿਨ੍ਹਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ, ਗ਼ਦਰ ਲਹਿਰ ਵਿਚ ਇਵੇਂ ਹੀ ਸਰਗਰਮ ਸਨ।

ਦਿਓਬੰਦ ਦੇ ਮੌਲਾਨਾ ਮਹਿਮੂਦ ਉਲ ਹਸਨ ਨੇ ਹਿੰਦੁਸਤਾਨੀ ਸਿਪਾਹੀਆਂ ਨੂੰ ਖ਼ਤ ਲਿਖਕੇ ਉਨ੍ਹਾਂ ਨੂੰ ਬਰਤਾਨੀਆ ਦੇ ਵਿਰੁੱਧ ਬਗ਼ਾਵਤ ਕਰਨ ਦੀ ਗੁਜ਼ਾਰਿਸ਼ ਕੀਤੀ। ਇਹ ਖ਼ਤ ਕੋਡ ਭਾਸ਼ਾ ਇਸਤੇਮਾਲ ਕਰਕੇ ਰੇਸ਼ਮੀ ਕੱਪੜੇ ਉੱਪਰ ਲਿਖਿਆ ਗਿਆ ਸੀ। ਇਸੇ ਕਰਕੇ ਇਹ ਰੇਸ਼ਮੀ ਖ਼ਤਾਂ ਦੀ ਸਾਜ਼ਿਸ਼ ਵਜੋਂ ਜਾਣਿਆ ਗਿਆ। ਹੈਦਰਾਬਾਦ ਤੋਂ ਸ਼ੇਖ ਅਬਦੁਰ ਰਹਿਮਾਨ ਨੇ ਇਨਕਲਾਬੀਆਂ ਨਾਲ ਜੋਟੀ ਪਾਈ। ਰਸੂਲਉੱਲਾ ਖ਼ਾਨ, ਇਮਤਿਆਜ਼ ਅਲੀ, ਰੁਕਊਦੀਨ ਨੂੰ ਫਰਵਰੀ 1915 ਦੇ ਸਿੰਗਾਪੁਰ ਗ਼ਦਰ ਵਿਚ ਹਿੱਸਾ ਲੈਣ ਬਦਲੇ ਸਜ਼ਾ-ਏ-ਮੌਤ ਦਿੱਤੀ ਗਈ। ਉਨ੍ਹਾਂ ਨੇ ਪਛਤਾਵੇ ਦੀ ਤਜਵੀਜ਼ ਠੁਕਰਾ ਦਿੱਤੀ ਅਤੇ ਫਾਂਸੀ ਨੂੰ ਤਰਜ਼ੀਹ ਦਿੱਤੀ।

ਮਾਂਡਲੇ ਸਾਜ਼ਿਸ਼ ਮਾਮਲੇ ਦੇ ਹਿੰਦੁਸਤਾਨੀ ਸਿਪਾਹੀ, ਮੁਸਤਫ਼ਾ ਹੁਸੈਨ ਅਤੇ ਅਲੀ ਅਹਿਮਦ ਨੂੰ ਫਾਂਸੀ ਦਿੱਤੀ ਗਈ। ਆਤਿਸ਼ ਵਰਗੇ ਜੋਸ਼ ਦੇ ਇਸ ਦੌਰ ਵਿਚ ਬਹੁਤ ਸਾਰੇ ਦੇਸ਼ਭਗਤ ਸ਼ਹੀਦ ਹੋਏ। ਮਹਿਜ਼ ਨੌਜਵਾਨ ਹੀ ਨਹੀਂ, ਸਗੋਂ ਰਜ਼ੀਆ ਖ਼ਤੂਨ ਵਰਗੀਆਂ ਮੁਟਿਆਰਾਂ ਵੀ ਜੰਗੇ-ਆਜ਼ਾਦੀ ਵਿਚ ਕੁੱਦੀਆਂ ਅਤੇ ਜੁਗਾਂਤਰ, ਅਨੁਸ਼ੀਲਨ ਸੰਮਤੀ, ਗ਼ਦਰ ਪਾਰਟੀ, ਹਿੰਦੁਸਤਾਨੀ ਰਿਪਬਲਿਕਨ ਐਸੋਸੀਏਸ਼ਨ, ਅਥਮੋਨਾਤੀ ਦਲਮ ਆਦਿ ਅਨੇਕ ਜਥੇਬੰਦੀਆਂ ਵਿਚ ਕੰਮ ਕਰਦੀਆਂ ਰਹੀਆਂ।

[ਗ਼ਦਰ ਲਹਿਰ ਦੇ ਕ੍ਰਿਮੀਨਲ ਮੁਕੱਦਮਿਆਂ ਅਨੁਸਾਰ, ਬਦੇਸ਼ ਤੋਂ ਆਏ 279 ਗ਼ਦਰੀਆਂ ਉੱਪਰ ਮੁਕੱਦਮੇ ਚਲਾਏ ਗਏ, ਉਨ੍ਹਾਂ ਵਿੱਚੋਂ 46 ਨੂੰ ਫਾਂਸੀ ਦਿੱਤੀ ਗਈ, 64 ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਅਤੇ 125 ਨੂੰ ਇਸ ਤੋਂ ਥੋੜ੍ਹੀ ਸਜ਼ਾ ਦਿੱਤੀ ਗਈ।][50]

ਗ਼ਦਰ ਤੋਂ ਬਾਅਦ

ਹਿੰਦੁਸਤਾਨ ਅਤੇ ਬਦੇਸ਼ਾਂ ਵਿਚ ਗ਼ਦਰ ਲਹਿਰ ਨੇ ਆਜ਼ਾਦੀ ਦੇ ਸੰਘਰਸ਼ ਵਿਚ ਇਕ ਨਵਾਂ ਪਾਸਾਰ ਜੋੜਿਆ। ਉਨ੍ਹਾਂ ਨੂੰ ਅਗਾਂਹਵਧੂ ਅਤੇ ਸਮਾਜਵਾਦੀ ਲਹਿਰਾਂ ਦੀ ਹਮਾਇਤ ਹਾਸਲ ਹੋਈ। ਪਹਿਲੀ ਆਲਮੀ ਜੰਗ ਦੇ ਮੁੱਕਣ ਤੋਂ ਬਾਅਦ, ਸਰਕਾਰ ਨੇ ਕੁਝ ਸੁਧਾਰਾਂ ਜ਼ਰੀਏ ਸਾਮਰਾਜਵਾਦ ਵਿਰੋਧੀ ਸੰਘਰਸ਼ ਦੇ ਨਰਮਖ਼ਿਆਲੀਆਂ ਅਤੇ ਗਰਮਖ਼ਿਆਲੀਆਂ ਵਿਚ ਫੁੱਟ ਪਾਉਣ ਦੇ ਯਤਨ ਕੀਤੇ। ਸੁਧਾਰਾਂ ਦੇ ਵਾਅਦੇ ਜ਼ਰੀਏ ਇਸਨੇ ਰਾਸ਼ਟਰਵਾਦੀ ਮੰਗਾਂ ਨੂੰ ਝੂਠੀ ਤਸੱਲੀ ਨਾਲ ਵਰਚਾਉਣ, ਰਾਸ਼ਟਰਵਾਦੀ ਲਹਿਰ ਨੂੰ ਕੁਰਾਹੇ ਪਾਉਣ ਦੇ ਯਤਨ ਕੀਤੇ ਅਤੇ ਨਾਲ ਹੀ ਜਬਰ ਦਾ ਇਸਤੇਮਾਲ ਕੀਤਾ, ਇੰਞ ਪਰਜਾ ਉੱਪਰ ਜਕੜ ਬਣਾਈ ਰੱਖੀ। "ਤਰ੍ਹਾਂ ਤਰ੍ਹਾਂ ਦੇ ਕਦਮ ਚੁੱਕਕੇ ਹਰ ਹਾਲਤ ਵਿਚ ਸਾਮਰਾਜਵਾਦ ਨੂੰ ਬਰਕਰਾਰ ਰੱਖਿਆ ਗਿਆ ਸੀ।"[51]

ਦੂਜੇ ਪਾਸੇ, ਰੂਸ ਵਿਚ ਪਹਿਲਾ ਸਮਾਜਵਾਦੀ ਰਾਜ ਸਥਾਪਤ ਹੋਣ, ਆਇਰਿਸ਼ ਗਣਰਾਜ

ਦੇ ਐਲਾਨ, ਅਤੇ ਮਿਸਰ ਵਿਚ ਆਜ਼ਾਦੀ ਦੇ ਸੰਘਰਸ਼ ਨੇ ਹਰ ਥਾਂ ਬਸਤੀਵਾਦੀ ਲੋਕਾਂ ਵਿਚ ਨਵੀਂ ਰੂਹ ਫੂਕ ਦਿੱਤੀ। ਇਹ ਨਵਾਂ ਮੰਜ਼ਰ ਆਉਣ ਵਾਲੇ ਕਈ ਸਾਲਾਂ ਤਕ ਹਿੰਦੁਸਤਾਨ ਅੰਦਰ ਬਹੁਤ ਸਾਰੇ ਖਾੜਕੂ ਅਤੇ ਜਨਤਕ ਅਧਾਰ ਵਾਲੇ ਸੰਘਰਸ਼ਾਂ ਤੇ ਲਹਿਰਾਂ ਨੂੰ ਉਤਸ਼ਾਹਤ ਕਰਦਾ ਰਿਹਾ, ਜਿਵੇਂ ਰੌਲਟ ਵਿਰੋਧੀ ਲਹਿਰ ਅਤੇ ਜੱਲਿਆਂ ਵਾਲਾ ਬਾਗ਼ ਕਾਂਡ, 1921 ਦੀਆਂ ਨਾਮਿਲਵਰਤਣ ਅਤੇ ਖ਼ਿਲਾਫ਼ਤ ਲਹਿਰਾਂ, ਹਿੰਦੁਸਤਾਨ ਰਿਪਬਲਿਕਨ ਆਰਮੀ, 1930-32 ਸਿਵਲ ਨਾਫ਼ੁਰਮਾਨੀ ਲਹਿਰ, ਸੋਸ਼ਲਿਸਟ ਤਜ਼ਰਬਾ, 1942 ਦੀ ਹਿੰਦੁਸਤਾਨ ਛੱਡੋ ਲਹਿਰ, ਆਜ਼ਾਦ ਹਿੰਦ ਫ਼ੌਜ, 1946 ਦੀ ਰਾਇਲ ਇੰਡੀਅਨ ਨੇਵੀ ਦੀ ਬਗ਼ਾਵਤ, ਮਜ਼ਦੂਰ ਜਮਾਤ ਦੇ ਅਤੇ ਕਿਸਾਨ ਸੰਘਰਸ਼। ਇਨ੍ਹਾਂ ਸਾਰੀਆਂ ਲਹਿਰਾਂ ਵਿਚ, ਹਿੰਦੂ ਅਤੇ ਮੁਸਲਮਾਨ ਦੋਵੇਂ ਵੱਡੇ ਫਿਰਕਿਆਂ, ਜੋ ਹਿੰਦੁਸਤਾਨ ਦੀ ਆਬਾਦੀ ਦਾ 97 ਫ਼ੀਸਦੀ ਬਣਦੇ ਸਨ, ਨੇ ਬਰਤਾਨਵੀਆਂ ਵਿਰੁੱਧ ਮਿਲਕੇ ਜੱਦੋਜਹਿਦ ਕੀਤੀ। ਇਸ ਵਿਕਾਸ ਉੱਪਰ ਟਿੱਪਣੀ ਕਰਦਿਆਂ ਉੱਘੇ ਇਤਿਹਾਸਕਾਰ ਬਿਪਨ ਚੰਦਰ ਲਿਖਦੇ ਹਨ:

"ਪਹਿਲੀ ਆਲਮੀ ਜੰਗ ਤੋਂ ਬਾਅਦ ਰੌਲਟ ਐਕਟ ਦੇ ਖ਼ਿਲਾਫ ਅੰਦੋਲਨ, ਖ਼ਿਲਾਫ਼ਤ ਅਤੇ ਨਾਮਿਲਵਰਤਣ ਲਹਿਰਾਂ ਦੌਰਾਨ ਰਾਸ਼ਟਰਵਾਦੀ ਲਹਿਰ ਅਤੇ ਹਿੰਦੂ-ਮੁਸਲਿਮ ਏਕਤਾ ਨੇ ਵੱਡੀਆਂ ਪੇਸ਼ਕਦਮੀਆਂ ਕੀਤੀਆਂ, ਦੁਨੀਆ ਅੱਗੇ ਇਹ ਸਿਆਸੀ ਮੁਹਿੰਮ ਵਿਚ ਹਿੰਦੂ-ਮੁਸਲਿਮ ਏਕਤਾ ਦਾ ਐਲਾਨ ਸੀ। ਇਕ ਪੱਕੇ ਆਰੀਆ ਸਮਾਜੀ ਸਵਾਮੀ ਸ਼ਰਧਾਨੰਦ ਨੂੰ ਦਿੱਲੀ ਵਿਖੇ ਜਾਮਾ ਮਸਜਿਦ ਦੇ ਥੜ੍ਹੇ ਤੋਂ ਆਪਣੇ ਵਿਚਾਰ ਪੇਸ਼ ਕਰਨ ਲਈ ਕਿਹਾ ਗਿਆ, ਅੰਮ੍ਰਿਤਸਰ ਵਿਖੇ ਸਿੱਖਾਂ ਦੇ ਪਾਵਨ ਅਸਥਾਨ, ਹਰਿਮੰਦਰ ਸਾਹਿਬ, ਦੀਆਂ ਕੁੰਜੀਆਂ ਇਕ ਮੁਸਲਮਾਨ ਦੇ ਸਪੁਰਦ ਕੀਤੀਆਂ ਗਈਆਂ। ਪੂਰਾ ਮੁਲਕ 'ਹਿੰਦੂ-ਮੁਸਲਿਮ ਕੀ ਜੈ' ਦੇ ਜੈਕਾਰਿਆਂ ਨਾਲ ਗੂੰਜ ਉੱਠਿਆ।"[52]

ਲਿਹਾਜ਼ਾ, ਪਹਿਲੀ ਆਲਮੀ ਜੰਗ ਤੋਂ ਪਿੱਛੋਂ ਦੀਆਂ ਘਟਨਾਵਾਂ ਅਤੇ ਲਹਿਰਾਂ ਦਾ ਸੰਖੇਪ ਅਧਿਐਨ ਮੁਸਲਮਾਨਾਂ ਵਿਰੁੱਧ ਉਨ੍ਹਾਂ ਤੁਅੱਸਬਾਂ ਅਤੇ ਬਹੁਤ ਸਾਰੀਆਂ ਗ਼ਲਤ ਧਾਰਨਾਵਾਂ ਨੂੰ ਦੂਰ ਕਰਨ ਵਿਚ ਸਹਾਇਤਾ ਕਰੇਗਾ ਜੋ ਨਿਰਪੱਖ ਇਤਿਹਾਸਕਾਰੀ ਦੀ ਅਣਹੋਂਦ ਵਿਚ ਵਿਕਸਤ ਹੋ ਗਏ:

ਰੌਲਟ ਵਿਰੋਧੀ ਲਹਿਰ ਅਤੇ ਜੱਲਿਆਂਵਾਲਾ ਬਾਗ਼ ਦਾ ਸਾਕਾ

ਪਹਿਲੀ ਆਲਮੀ ਜੰਗ ਤੋਂ ਬਾਅਦ, ਅਵਾਮੀ ਬੇਚੈਨੀ ਉੱਪਰ ਕਾਬੂ ਪਾਉਣ ਅਤੇ ਸਾਜ਼ਿਸ਼ ਦਾ ਸਫ਼ਾਇਆ ਕਰਨ ਲਈ 10 ਮਾਰਚ 1919 ਨੂੰ ਲੰਦਨ ਵਿਚ ਇੰਪੀਰੀਅਲ ਲੈਜਿਸਲੇਟਿਵ ਕੌਂਸਲ ਵਲੋਂ ਰੌਲਟ ਐਕਟ ਪਾਸ ਕਰਕੇ (ਡਿਫੈਂਸ ਆਫ ਇੰਡੀਆ ਰੈਗੂਲੇਸ਼ਨਜ਼ ਐਕਟ ਦੇ) "ਸੰਕਟਕਾਲੀ ਕਦਮ" ਅਣਮਿੱਥੇ ਰੂਪ 'ਚ ਵਧਾ ਦਿੱਤੇ ਗਏ। ਇਹ ਐਕਟ ਸਰਕਾਰ ਨੂੰ ਦਹਿਸ਼ਤਵਾਦ ਨਾਲ ਸਬੰਧਤ ਹੋਣ ਦੇ ਸ਼ੱਕ ਵਿਚ ਕਿਸੇ ਵੀ ਬੰਦੇ ਨੂੰ, ਬਿਨਾ ਕੋਈ ਮੁਕੱਦਮਾ ਚਲਾਏ, ਦੋ ਸਾਲ ਲਈ ਕੈਦ ਕਰਨ ਦੀਆਂ ਤਾਕਤਾਂ ਅਤੇ ਸਾਮਰਾਜੀ ਸੱਤਾਤੰਤਰ ਨੂੰ ਇਨਕਲਾਬੀ

ਸਰਗਰਮੀਆਂ ਨਾਲ ਨਜਿੱਠਣ ਦੀਆਂ ਤਾਕਤਾਂ ਦਿੰਦਾ ਸੀ।[53]

ਅਵਾਮ ਨੇ ਵਿਆਪਕ ਪੈਮਾਨੇ 'ਤੇ ਇਸ ਐਕਟ ਦਾ ਵਿਰੋਧ ਕਰਨ ਦਾ ਹਲਫ਼ ਲਿਆ। ਇਸ ਹਲਫ਼ ਉੱਪਰ ਸਹੀ ਪਾਉਣ ਵਾਲੀਆਂ ਪਹਿਲੀਆਂ ਸ਼ਖਸੀਅਤਾਂ ਅਬਾਸ ਤਾਇਬਜੀ, ਹਕੀਮ ਅਜ਼ਮਲ ਖ਼ਾਨ, ਉਮਰ ਸੋਬਹਾਨੀ, ਡਾ. ਐੱਮ.ਏ. ਅੰਸਾਰੀ, ਮੌਲਾਨਾ ਅਬਦੁੱਲ ਬਾਰੀ, ਮੌਲਾਨਾ ਹਸਰਤ ਮੋਹਾਨੀ, ਯਾਕੂਬ ਖ਼ਾਨ ਆਦਿ ਸਨ। ਇਨ੍ਹਾਂ ਸਾਰਿਆਂ ਨੇ ਹਿੰਦੁਸਤਾਨ ਦੀ ਕੌਮੀ ਲਹਿਰ ਵਿਚ ਅਹਿਮ ਯੋਗਦਾਨ ਪਾਇਆ। ਡਾ. ਅੰਸਾਰੀ ਅਤੇ ਡਾ. ਅਬਦੁੱਲ ਰਹਿਮਾਨ ਰੌਲਟ ਐਕਟ ਵਿਰੁੱਧ ਸੱਤਿਆਗ੍ਰਹਿ ਕਮੇਟੀ ਦੇ ਪ੍ਰਧਾਨ ਅਤੇ ਸਕੱਤਰ ਬਣੇ। ਇਸ ਮੌਕੇ ਅਜ਼ੀਮ ਹਿੰਦੂ-ਮੁਸਲਿਮ ਏਕਤਾ ਉੱਭਰੀ। ਦਿੱਲੀ ਵਿਚ ਜਾਮਾ ਮਸਜਿਦ ਵਿਖੇ ਆਰੀਆ ਸਮਾਜੀ ਆਗੂ ਸਵਾਮੀ ਸ਼ਰਧਾਨੰਦ, ਅਤੇ 30 ਮਾਰਚ 1919 ਨੂੰ ਮੁੰਬਈ ਮਸਜਿਦ ਵਿਚ ਜਥੇਬੰਦ ਕੀਤੇ ਗਏ ਇਕੱਠਾਂ ਵਿਚ ਮਹਾਤਮਾ ਗਾਂਧੀ ਅਤੇ ਸਰੋਜਨੀ ਨਾਇਡੂ ਨੇ ਸੰਬੋਧਨ ਕੀਤਾ।[54]

ਰੌਲਟ ਐਕਟ ਨਾਲ ਬਹੁਤ ਸਾਰੇ ਹਿੰਦੁਸਤਾਨੀ ਆਗੂ ਅਤੇ ਲੋਕ ਰੋਹ ਵਿਚ ਆ ਗਏ, ਲਿਹਾਜ਼ਾ 6 ਅਪ੍ਰੈਲ 1919 ਨੂੰ ਇਕ "ਹੜਤਾਲ" ਜਥੇਬੰਦ ਕੀਤੀ ਗਈ। ਪੰਜਾਬ ਅੰਦਰ ਰੋਸ ਲਹਿਰ ਬਹੁਤ ਜ਼ਬਰਦਸਤ ਸੀ, ਅਤੇ 10 ਅਪ੍ਰੈਲ ਨੂੰ ਕਾਂਗਰਸ ਦੇ ਦੋ ਆਗੂਆਂ, ਡਾ. ਸੱਤਿਆਪਾਲ ਅਤੇ ਡਾ. ਸੈਫ਼ੁਦੀਨ ਕਿਚਲੂ ਗ੍ਰਿਫ਼ਤਾਰ ਕਰ ਲਏ ਗਏ। ਅੰਮ੍ਰਿਤਸਰ ਵਿਚ ਇਕ ਰੋਸ-ਮੁਜ਼ਾਹਰਾ ਕੀਤਾ ਗਿਆ ਜਿਸ ਦੇ ਸਿੱਟੇ ਵਜੋਂ 1919 ਦਾ ਬਦਨਾਮ ਜੱਲਿਆਂਵਾਲਾ ਬਾਗ਼ ਕਾਂਡ ਵਾਪਰਿਆ। ਅੰਗਰੇਜ਼ ਅਧਿਕਾਰੀਆਂ ਦੀਆਂ ਅਣਮਨੁੱਖੀ ਕਾਰਵਾਈਆਂ ਵਿਰੁੱਧ ਰੋਸ ਜ਼ਾਹਿਰ ਕਰਨ ਲਈ ਜੱਲਿਆਂਵਾਲਾ ਬਾਗ਼ ਵਿਚ ਇਕ ਇਕੱਠ ਕੀਤਾ ਗਿਆ। ਜਨਰਲ ਡਾਇਰ ਨੇ ਅੰਨੇਵਾਹ ਗੋਲੀਆਂ ਚਲਾਈਆਂ ਅਤੇ 378 ਬੰਦੇ ਬੇਰਹਿਮੀ ਨਾਲ ਕਤਲ ਕਰ ਦਿੱਤੇ। ਮ੍ਰਿਤਕਾਂ ਵਿਚ 55 ਮੁਸਲਮਾਨ ਸ਼ਾਮਲ ਸਨ।[55]

ਇਹ ਗ਼ੌਰਤਲਬ ਹੈ ਕਿ ਅੰਮ੍ਰਿਤਸਰ ਦੀ ਰਹਿਣ ਵਾਲੀ 55 ਸਾਲ ਦੀ ਉਮਰ ਬੀਬੀ ਉਨ੍ਹਾਂ ਵਿੱਚੋਂ ਇਕ ਸੀ। ਅਹਿਮਦ ਉੱਲਾ, ਜੋ 1884 'ਚ ਅੰਮ੍ਰਿਤਸਰ, ਪੰਜਾਬ, ਵਿਚ ਪੈਦਾ ਹੋਇਆ ਸੀ ਨੇ ਬਰਤਾਨਵੀ ਰਾਜ ਵਿਰੁੱਧ ਰਾਸ਼ਟਰਵਾਦੀ ਸਰਗਰਮੀਆਂ ਵਿਚ ਵੱਧ-ਚੜ੍ਹਕੇ ਹਿੱਸਾ ਲਿਆ। ਉਹ 13 ਅਪ੍ਰੈਲ 1919 ਦੇ ਦਿਨ ਜੱਲਿਆਂਵਾਲਾ ਬਾਗ਼ ਦੇ ਇਕੱਠ ਉੱਪਰ ਬਰਤਾਨਵੀ ਫ਼ੌਜੀ ਦਸਤਿਆਂ ਵਲੋਂ ਕੀਤੀ ਗੋਲੀਆਂ ਦੀ ਬੁਛਾੜ ਵਿਚ ਬੁਰੀ ਤਰ੍ਹਾਂ ਫੱਟੜ ਹੋ ਗਿਆ ਸੀ, 25 ਮਈ 1919 ਨੂੰ ਉਸਨੇ ਪ੍ਰਾਣ ਤਿਆਗ ਦਿੱਤੇ।

ਮੋਪਲਾ ਬਗ਼ਾਵਤ ਅਤੇ ਖ਼ਿਲਾਫ਼ਤ ਲਹਿਰ

ਮੋਪਲਾ ਬਗ਼ਾਵਤ 1921 'ਚ ਕੇਰਲਾ ਵਿਚ ਖ਼ਿਲਾਫ਼ਤ ਲਹਿਰ ਦਾ ਹੀ ਇਕ ਅਗਲਾ ਰੂਪ ਸੀ। ਖ਼ਿਲਾਫ਼ਤ ਲਹਿਰ (1919-1924) ਅਲੀ ਭਰਾਵਾਂ, ਮੁਹੰਮਦ ਅਲੀ ਅਤੇ ਸ਼ੌਕਤ ਅਲੀ, ਨੇ ਜਥੇਬੰਦ ਕੀਤੀ ਸੀ। ਇਹ ਬਰਤਾਨਵੀ ਹਿੰਦੁਸਤਾਨ ਵਿਚ ਮੁਸਲਮਾਨਾਂ ਵਲੋਂ ਬਰਤਾਨਵੀ ਹਕੂਮਤ ਉੱਪਰ ਦਬਾਅ ਪਾਉਣ ਅਤੇ ਪਹਿਲੀ ਆਲਮੀ ਜੰਗ ਤੋਂ ਬਾਅਦ ਦੇ

ਸਾਲਾਂ ਵਿਚ ਔਟੋਮਨ ਸਲਤਨਤ ਦੀ ਰਾਖੀ ਕਰਨ ਲਈ ਜਥੇਬੰਦ ਕੀਤੀ ਗਈ ਇਕ ਸਰਬ-ਇਸਲਾਮਿਕ ਸਿਆਸੀ ਮੁਹਿਮ ਸੀ। ਹਿੰਦੁਸਤਾਨੀ ਮੁਸਲਮਾਨਾਂ ਲਈ ਤੁਰਕੀ ਅਹਿਮ ਸੀ ਕਿਉਂਕਿ ਤੁਰਕੀ ਦਾ ਸੁਲਤਾਨ 'ਖ਼ਲੀਫ਼ਾ' ਵੀ ਸੀ ਅਤੇ ਕੁਲ ਆਲਮ ਵਿਚ ਮੁਸਲਮਾਨਾਂ ਦਾ ਮੁਖੀ ਵੀ। ਖ਼ਿਲਾਫ਼ਤ ਲਹਿਰ ਜ਼ਰੀਏ ਮੁਸਲਮਾਨ ਵੱਡੀ ਤਾਦਾਦ 'ਚ ਕੌਮੀ ਲਹਿਰ ਵਿਚ ਖਿੱਚੇ ਗਏ ਸਨ। ਨਾਮਿਲਵਰਤਣ ਲਹਿਰ (1921) ਵਿਚ ਹਿੱਸਾ ਲੈਣ ਅਤੇ ਸ਼ਰਾਬ ਦੀਆਂ ਦੁਕਾਨਾਂ ਦਾ ਘਿਰਾਓ ਕਰਨ ਵਿਚ ਸ਼ਾਮਲ ਹੋਣ ਕਰਕੇ ਬਹੁਤ ਸਾਰੇ ਮੁਸਲਮਾਨ ਪੁਲਿਸ ਦੀ ਦਖ਼ਲਅੰਦਾਜ਼ੀ ਅਤੇ ਫਾਇਰਿੰਗ ਵਿਚ ਮਾਰੇ ਗਏ ਸਨ ਜਿਵੇਂ ਅਬਦੁੱਲਾ ਖ਼ਲੀਫ਼ਾ, ਅਬਦੁੱਲ ਕਰੀਮ, ਅਬਦੁੱਲ ਗ਼ਫ਼ੂਰ, ਇਸਰਾਇਲ ਅੱਲਾਰੱਖਾ, ਮੁਹੰਮਦ ਹੁਸੈਨ, ਮੁਹੰਮਦ ਸ਼ਾਬਾਨ ਅਤੇ ਸੁਲੇਮਾਨ ਸ਼ਾਹ।[56]

ਮਾਲਾਬਾਰ ਦੇ ਮੋਪਲਿਆਂ, ਜਿਨ੍ਹਾਂ ਦਾ ਜ਼ਮੀਂਦਾਰਾਂ ਵਿਰੁੱਧ ਲੜਨ ਦਾ ਬਹੁਤ ਹੀ ਲੰਮਾ ਇਤਿਹਾਸ ਸੀ, ਨੇ ਮੌਲਵੀ ਅਲੀ ਮੁਸਲਿਯਾਰ ਦੀ ਅਗਵਾਈ ਹੇਠ ਖ਼ਿਲਾਫ਼ਤ ਅਤੇ ਨਾਮਿਲਵਰਤਣ ਲਹਿਰਾਂ ਵਿਚ ਖ਼ਾਸ ਭੂਮਿਕਾ ਨਿਭਾਈ।[57]

ਸੰਨ 1800 ਤੋਂ ਮਾਲਾਬਾਰ ਦੇ ਜ਼ਮੀਂਦਾਰ ਬਰਤਾਨਵੀਆਂ ਦੇ ਦੱਲਿਆਂ ਵਜੋਂ ਕੰਮ ਕਰ ਰਹੇ ਸਨ। ਮੋਪਲਿਆਂ ਨੇ ਉਨ੍ਹਾਂ ਦੇ ਨਾਲ-ਨਾਲ ਬਰਤਾਨਵੀਆਂ ਵਿਰੁੱਧ ਵੀ ਬਗ਼ਾਵਤ ਕਰ ਦਿੱਤੀ ਅਤੇ ਹਥਿਆਰ ਚੁੱਕ ਲਏ। ਬਸਤੀਵਾਦੀ ਪ੍ਰਸ਼ਾਸਨ ਨੇ ਘੋਰ ਜ਼ੁਲਮ ਕੀਤੇ; ਬਰਤਾਨਵੀ ਫ਼ੌਜ ਨੇ 252 ਮੋਪਲੇ ਗੋਲੀਆਂ ਮਾਰਕੇ ਮਾਰ ਦਿੱਤੇ ਅਤੇ 500 ਹੋਰ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ। ਮੌਲਵੀ ਕੁਨਯੀ ਕਾਦਰ, ਮੌਲਵੀ ਅਲੀ ਮੁਸਲਿਯਾਰ ਸਮੇਤ ਬਹੁਤ ਸਾਰੇ ਆਗੂਆਂ ਨੂੰ ਸਜ਼ਾ-ਏ-ਮੌਤ ਦਿੱਤੀ ਗਈ। ਕੁਮਾਰਨਪਥੋਰ ਤੋਂ ਵਰਿਯਾਂਕੁਨਨਾਥ ਕੁੰਜ ਅਹਿਮਦ ਹਾਜੀ, ਸੀਤੀ ਕੋਇਆ ਥਾਂਗਲ, ਅਤੇ ਮੁਹੰਮਦ ਅਬਦੁੱਲ ਰਹਿਮਾਨ ਸਾਹਿਬ ਅਤੇ ਮੌਲਵੀ ਕਾਦਰ ਮੋਹੀਦੀਨ ਨੇ ਇਸ ਲਹਿਰ ਵਿਚ ਸਿਰਕੱਢ ਭੂਮਿਕਾ ਨਿਭਾਈ। ਬਗ਼ਾਵਤ ਤੋਂ ਪ੍ਰਭਾਵਿਤ ਖਿੱਤਾ ਦੋ ਮਹੀਨੇ ਬਾਗ਼ੀਆਂ ਦੇ ਕਬਜ਼ੇ ਵਿਚ ਰਿਹਾ।

ਹਿੰਦੁਸਤਾਨ ਰਿਪਬਲਿਕਨ ਆਰਮੀ

ਗਾਂਧੀ ਜੀ ਵਲੋਂ 1921 ਦੀ ਨਾਮਿਲਵਰਤਨ ਲਹਿਰ ਨੂੰ ਮੁਅੱਤਲ ਕਰ ਦਿੱਤੇ ਜਾਣ ਨਾਲ ਸਿਆਸੀ ਖੇਤਰ ਵਿਚ ਖ਼ਲਾਅ ਪੈਦਾ ਹੋ ਗਿਆ ਸੀ। ਅਸ਼ਫ਼ਾਕਉੱਲਾ ਵਰਗੇ ਨੌਜਵਾਨ, ਜਿਨ੍ਹਾਂ ਦਾ ਵਿਸ਼ਵਾਸ ਸੀ ਕਿ ਆਜ਼ਾਦੀ ਹਾਸਲ ਕਰਨ ਲਈ ਹਥਿਆਰਬੰਦ ਸੰਘਰਸ਼ ਕਰਨ ਤੋਂ ਬਿਨਾ ਹੋਰ ਕੋਈ ਚਾਰਾ ਨਹੀਂ, ਹਿੰਦੁਸਤਾਨ ਰਿਪਬਲਿਕਨ ਆਰਮੀ ਦੇ ਮੈਂਬਰ ਬਣ ਗਏ। ਐੱਚ.ਆਰ.ਏ. ਵਲੋਂ ਵਿਉਂਤੀ ਗਈ ਕਾਕੋਰੀ ਟਰੇਨ ਡਕੈਤੀ ਵਿਚ ਉਨ੍ਹਾਂ ਨੇ ਅਹਿਮ ਭੂਮਿਕਾ ਨਿਭਾਈ। ਇਸ ਦਲੇਰਾਨਾ ਕਾਰਵਾਈ ਤੋਂ ਇਕ ਸਾਲ ਬਾਅਦ, ਬਰਤਾਨਵੀ ਪੁਲਿਸ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ। ਬਾਅਦ ਵਿਚ 19 ਦਸੰਬਰ 1927 ਨੂੰ ਉਨ੍ਹਾਂ ਨੂੰ ਫਾਂਸੀ ਦੇ ਦਿੱਤੀ ਗਈ। ਫਾਂਸੀ ਦਿੱਤੇ ਜਾਣ ਤੋਂ ਇਕ ਦਿਨ ਪਹਿਲਾਂ ਆਪਣੇ ਰੋ-ਕੁਰਲਾ ਰਹੇ ਸਕੇ-ਸਬੰਧੀਆਂ ਨੂੰ ਉਨ੍ਹਾਂ ਨੇ ਕਿਹਾ:

"ਜੇ ਮੈਨੂੰ ਸਰਬੋਤਮ ਅਗਨੀ ਪ੍ਰੀਖਿਆ ਦੀ ਆਖ਼ਰੀ ਰਸਮ ਸ਼ਾਨ ਅਤੇ ਅਡੋਲ ਰਹਿਕੇ ਨਿਭਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ, ਤਾਂ ਇਸ ਮੌਕੇ ਦੀ ਪਵਿੱਤਰਤਾ ਨੂੰ ਵੱਟਾ ਲੱਗ ਜਾਵੇਗਾ। ਚੇਤੇ ਰੱਖਣਾ ਕਿ ਹਿੰਦੂ ਸਮਾਜ ਨੇ ਖ਼ੁਦੀਰਾਮ ਅਤੇ ਕਾਂਤੀਲਾਲ ਵਰਗੀਆਂ ਮਹਾਨ ਰੂਹਾਂ ਭੇਂਟ ਕੀਤੀਆਂ ਹਨ। ਮੈਂ ਵੱਡਭਾਗਾ ਹਾਂ ਕਿ ਮੁਸਲਿਮ ਸਮਾਜ ਦਾ ਹੋ ਕੇ ਮੈਨੂੰ ਉਨ੍ਹਾਂ ਮਹਾਨ ਸ਼ਹੀਦਾਂ ਦੇ ਨਕਸ਼ੇ-ਕਦਮਾਂ ਉੱਪਰ ਚੱਲਣ ਦਾ ਮੌਕਾ ਮਿਲ ਰਿਹਾ ਹੈ।"[58]

ਫਾਂਸੀ ਦਿੱਤੇ ਜਾਣ ਵਕਤ ਉਸਦੀ ਉਮਰ ਸਿਰਫ਼ 27 ਸਾਲ ਦੀ ਸੀ। ਉਸਨੇ ਆਪਣੇ ਮੁਲਕ ਵਾਸੀਆਂ ਨੂੰ ਮੁਖ਼ਾਤਿਬ ਹੁੰਦਿਆਂ ਬਹੁਤ ਹੀ ਭਾਵਪੂਰਤ ਖ਼ਤ ਲਿਖਿਆ:

"ਧਰਮ ਅਤੇ ਰਵਾਇਤ ਵੱਖ-ਵੱਖ ਹੋਣ ਤੋਂ ਉੱਪਰ ਉੱਠਕੇ ਮੁਲਕ ਦੀ ਸੇਵਾ ਲਈ ਇਕ ਦੂਜੇ ਦਾ ਸਾਥ ਦਿਓ। ਆਪਸ ਵਿਚ ਨਾ ਲੜੋ। ਭਾਵੇਂ ਰਸਤੇ ਵੱਖੋ-ਵੱਖਰੇ ਹਨ ਪਰ ਸਾਡਾ ਨਿਸ਼ਾਨਾ ਇਕ ਹੈ। ਜੇ ਇਹ ਗੱਲ ਹੈ ਤਾਂ ਅਸੀਂ ਝਗੜਿਆਂ ਵਿਚ ਆਪਣੀ ਤਾਕਤ ਕਿਉਂ ਜ਼ਾਇਆ ਕਰੀਏ? ਅੰਗਰੇਜ਼ ਵਿਰੁੱਧ ਇਕ ਹੋ ਕੇ ਉੱਠੋ ਅਤੇ ਮੁਲਕ ਨੂੰ ਆਜ਼ਾਦ ਕਰਾਓ।"[59]

ਉਸ ਨੂੰ ਆਪਣੀ ਜਨਮ-ਧਰਤੀ ਨਾਲ ਬਹੁਤ ਮੋਹ ਸੀ, ਉਸਨੇ ਆਪਣੇ ਲੋਕਾਂ ਨੂੰ ਆਪਣੇ ਕਫ਼ਨ ਉੱਪਰ ਇਕ ਲਪ ਆਪਣੇ ਪਿੰਡ ਦੀ ਮਿੱਟੀ ਰੱਖ ਦੇਣ ਦੀ ਤਾਕੀਦ ਕੀਤੀ ਸੀ। ਇਸ ਬਾਬਤ ਉਸ ਦੇ ਬੋਲ ਸਨ:

ਕੁਛ ਆਰਜ਼ੂ ਨਹੀਂ ਹੈ, ਆਰਜ਼ੂ ਤੋ ਯਹ ਹੈ
ਰਖ ਦੋ ਕੋਈ ਜਰਾ ਸੀ ਖ਼ਾਕੇ ਵਤਨ ਕਫ਼ਨ ਮੇਂ।

ਖਾੜਕੂਵਾਦ ਦੇ ਦੂਜੇ ਪੜਾਅ ਵਿਚ ਜੁਗਾਂਤਰ ਪਾਰਟੀ ਦੇ ਮੌਲਵੀ ਗਯਾਜ਼ੂਦੀਨ, ਨਸੀਰੂਦੀਨ ਅਹਿਮਦ, ਅਬਦੁੱਲ ਕਾਦਰ, ਅਨੁਸ਼ੀਲਨ ਪਾਰਟੀ ਦੇ ਅਲਤਾਫ਼ ਅਲੀ, ਮੁਹੰਮਦ ਇਸਮਾਇਲ, ਜਹੀਰੂਦੀਨ ਆਦਿ ਅਤੇ ਬਹੁਤ ਸਾਰੇ ਇਨਕਲਾਬੀ ਬਰਤਾਨਵੀਆਂ ਵਿਰੁੱਧ ਬਹਾਦਰੀ ਨਾਲ ਲੜੇ।

ਰਾਸ਼ਟਰਵਾਦੀ ਸੰਘਰਸ਼ ਵਿਚ ਸਮਾਜਵਾਦ ਦਾ ਪੁਰਕਸ਼ਿਸ਼ ਨਿਸ਼ਾਨਾ

1917 ਦੇ ਬਾਲਸ਼ਵਿਕ ਇਨਕਲਾਬ ਤੋਂ ਪ੍ਰੇਰਤ ਹੋਕੇ, ਬਹੁਤ ਸਾਰੇ ਨੌਜਵਾਨ ਸੋਵੀਅਤ ਤਜ਼ਰਬਾ ਗ੍ਰਹਿਣ ਕਰਨ ਲਈ ਰੂਸ ਗਏ। ਉਨ੍ਹਾਂ ਵਿੱਚੋਂ ਕੁਝ ਨੇ ਰੂਸੀ ਸਮਾਜਵਾਦ ਦੇ ਅਸੂਲਾਂ ਬਾਰੇ ਅਵਾਮ ਨੂੰ ਸਿੱਖਿਅਤ ਕਰਨ ਦਾ ਕੰਮ ਹੱਥ ਲਿਆ। ਉਨ੍ਹਾਂ ਦਾ ਪ੍ਰਮੁੱਖ ਨਿਸ਼ਾਨਾ ਅੰਗਰੇਜ਼ਾਂ ਨੂੰ ਹਿੰਦੁਸਤਾਨ ਵਿੱਚੋਂ ਬਾਹਰ ਕੱਢਣਾ ਸੀ ਅਤੇ ਉਹ ਸਮਾਜਵਾਦ ਨੂੰ ਅਜਿਹਾ ਕਰਨ ਲਈ ਲੋਕਾਂ ਨੂੰ ਲਾਮਬੰਦ ਕਰਨ ਵਿਚ ਸਹਾਈ ਹੋਣ ਵਾਲਾ ਸਭ ਤੋਂ ਕਾਰਗਰ ਸਾਧਨ ਸਮਝਦੇ ਸਨ।[60]

ਇਸ ਪ੍ਰਸੰਗ ਵਿਚ ਅਮੀਰ ਹੈਦਰ ਖ਼ਾਨ ਦਾ ਨਾਂ ਸਾਡੇ ਚੇਤਿਆਂ ਵਿਚ ਉੱਭਰਦਾ ਹੈ ਜੋ ਹਿੰਦੁਸਤਾਨ ਵਿਚ ਕਮਿਊਨਿਜ਼ਮ ਦੇ ਖ਼ਿਆਲਾਂ ਦਾ ਆਗਾਜ਼ ਕਰਨ ਵਾਲੇ ਪਹਿਲੇ ਬੰਦਿਆਂ ਵਿੱਚੋਂ ਸੀ ਅਤੇ ਉਸਨੇ ਦੱਖਣੀ ਏਸ਼ੀਆ ਵਿਚ ਕਮਿਊਨਿਸਟ ਪਾਰਟੀ ਜ਼ਥੇਬੰਦ ਕੀਤੀ। ਬਹੁਤ ਸਾਰੇ ਹੋਰ ਜਿਵੇਂ ਸ਼ੌਕਤ ਉਸਮਾਨੀ, ਡਾ. ਜੈਨ ਉਲਾਬ ਉਦੀਨ ਅਤੇ ਉਸਦੀ ਪਤਨੀ, ਹਾਜਰਾ

ਬੇਗਮ, ਮੁਜੱਫ਼ਰ ਅਹਿਮਦ, ਜੋ ਕਾਕਾ ਬਾਬੂ ਵਜੋਂ ਜਾਣੇ ਜਾਂਦੇ ਸਨ, ਡਾ. ਮੁਹੰਮਦ ਜਫ਼ਰ, ਸ਼ਮਸ਼ੁਲ ਹੁਡਾ, ਡਾ. ਅਸ਼ਰਫ਼, ਅਤੇ ਮਸ਼ਹੂਰ ਕਵੀ ਸਰਦਾਰ ਅਲੀ ਜਾਫ਼ਰੀ, ਸਜਾਦ ਜਹੀਰ, ਨਜ਼ਰੁਲ ਇਸਲਾਮ, ਅਤੇ ਹੈਦਰਾਬਾਦ ਤੋਂ ਮਕਦੂਮ ਮੋਹੀਊਦੀਨ ਅਤੇ ਮੌਲਾਨਾ ਹਸਰਤ ਮੋਹਾਨੀ ਬਾਲਸ਼ਵਿਕ ਇਨਕਲਾਬ ਤੋਂ ਪ੍ਰੇਰਤ ਸਨ।

ਬਰਤਾਨਵੀ ਹਕੂਮਤ ਵਲੋਂ ਅਮੀਰ ਹੈਦਰ ਖ਼ਾਨ, ਮੁਜੱਫ਼ਰ ਅਹਿਮਦ ਅਤੇ ਸ਼ੌਕਤ ਉਸਮਾਨੀ ਅਤੇ ਕਈ ਹੋਰਾਂ ਉੱਪਰ ਪਿਸ਼ਾਵਰ ਸਾਜ਼ਿਸ਼ ਮੁਕੱਦਮੇ ਤੇ ਮੇਰਠ ਸਾਜ਼ਿਸ਼ ਮੁਕੱਦਮੇ ਵਰਗੇ ਬਹੁਤ ਸਾਰੇ ਸਾਜ਼ਿਸ਼ ਮੁਕੱਦਮੇ ਚਲਾਏ ਗਏ। ਇਹ ਸਾਰੇ ਕਈ ਕਈ ਸਾਲ ਜੇਲ੍ਹਾਂ ਵਿਚ ਕੈਦ ਰਹੇ।

ਆਜ਼ਾਦ ਹਿੰਦ ਫ਼ੌਜ (ਆਈ.ਐੱਨ.ਏ.) ਵਿਚ ਨਿਭਾਈ ਭੂਮਿਕਾ

ਇਕ ਨਿਹਾਇਤ ਦਲੇਰ ਇਨਸਾਨ, ਨੇਤਾਜੀ ਸੁਭਾਸ਼ ਚੰਦਰ ਬੋਸ, ਜਿਨ੍ਹਾਂ ਨੇ ਸਾਮਰਾਜਵਾਦ ਵਿਰੁੱਧ ਸਮਝੌਤਾਰਹਿਤ ਲੜਾਈ ਲੜੀ, ਨੇ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਇਕਜੁੱਟ ਕਰਨ ਲਈ ਸੰਘਰਸ਼ ਕੀਤਾ। ਉਨ੍ਹਾਂ ਨੇ ਕਈ ਧਾਰਮਿਕ ਅਤੇ ਭਾਸ਼ਾਈ ਪਿਛੋਕੜਾਂ ਵਾਲੇ ਪ੍ਰਤਿਭਾਵਾਨ ਨੌਜਵਾਨ ਹਿੰਦੁਸਤਾਨੀ ਸੰਘਰਸ਼ ਵਿਚ ਲਿਆਂਦੇ ਜਿਵੇਂ: ਆਬਿਦ ਹਸਨ, ਏ.ਸੀ.ਆਰ. ਨਾਂਬਿਆਰ, ਜਨਰਲ ਸ਼ਾਹ ਨਵਾਜ਼ ਖ਼ਾਨ, ਕਰਨਲ ਅਜ਼ੀਜ਼ ਅਹਿਮਦ, ਏ.ਐੱਮ. ਸੁਲਤਾਨ, ਐੱਨ.ਜੀ. ਗੋਸਵਾਮੀ, ਅਸ਼ਰਫ਼ਉਦੀਨ ਅਹਿਮਦ ਚੌਧਰੀ, ਕਰਨਲ ਹਬੀਬਉਰ ਰਹਿਮਾਨ ਅਤੇ ਗਿਰੀਜਾ ਮੁਖਰਜੀ ਆਦਿ। ਇਨ੍ਹਾਂ ਨੇ ਆਜ਼ਾਦ ਹਿੰਦ ਫ਼ੌਜ (ਆਈ.ਐੱਨ.ਏ.) ਵਿਚ ਅਹਿਮ ਭੂਮਿਕਾ ਨਿਭਾਈ।[61]

ਜਦੋਂ ਨੇਤਾਜੀ ਹਿੰਦੁਸਤਾਨ ਵਿੱਚੋਂ ਫਰਾਰ ਹੋਏ ਓਦੋਂ ਅਕਬਰ ਖ਼ਾਨ ਉਨ੍ਹਾਂ ਦੇ ਨਾਲ ਸੀ। ਪਣਡੁੱਬੀ ਜ਼ਰੀਏ ਬਰਲਿਨ ਤੋਂ ਦੂਰ-ਪੂਰਬ ਦੇ ਮੁਲਕਾਂ ਦੇ ਸਫ਼ਰ ਵਿਚ ਆਬਿਦ ਹਸਨ ਸਫ਼ਰਨੀ ਉਨ੍ਹਾਂ ਦੇ ਨਿੱਜੀ ਸਕੱਤਰ ਵਜੋਂ ਉਨ੍ਹਾਂ ਦੇ ਨਾਲ ਗਏ। ਟੋਕੀਓ ਤੋਂ ਹਵਾਈ ਜਹਾਜ਼ ਰਾਹੀਂ ਆਪਣੇ ਆਖ਼ਰੀ ਸਫ਼ਰ ਵਿਚ ਕਰਨਲ ਹਬੀਬ ਉਰ ਰਹਿਮਾਨ, ਆਇਰ, ਅਤੇ ਕਰਨਲ ਪ੍ਰੀਤਮ ਸਿੰਘ ਉਨ੍ਹਾਂ ਦੇ ਨਾਲ ਸਨ। ਆਖ਼ਰੀ ਸਫ਼ਰ ਲਈ ਰਵਾਨਾ ਹੋਣ ਤੋਂ ਪਹਿਲਾਂ, ਨੇਤਾਜੀ ਨੇ ਇਸ ਹੁਕਮ 'ਤੇ ਦਸਤਖ਼ਤ ਕਰਕੇ ਇਸ ਨੂੰ ਜਾਰੀ ਕੀਤਾ: "ਸਿਓਨਨ (ਸਿੰਗਾਪੁਰ) ਤੋਂ ਮੇਰੀ ਗ਼ੈਰਮੌਜੂਦਗੀ ਵਿਚ ਮੇਜਰ ਜਨਰਲ ਐੱਮ.ਜ਼ੈੱਡ. ਕਿਆਨੀ ਆਜ਼ਾਦ ਹਿੰਦ ਦੀ ਆਰਜ਼ੀ ਹਕੂਮਤ ਦੀ ਨੁਮਾਇੰਦਗੀ ਕਰੇਗਾ।"[62]

'ਜੈ ਹਿੰਦ' ਅਤੇ 'ਨੇਤਾ ਜੀ' ਲਫ਼ਜ਼ਾਂ ਦਾ ਘਾੜਾ ਆਬਿਦ ਹਸਨ ਹੈਦਰਾਬਾਦ ਤੋਂ ਸੀ ਜੋ ਆਜ਼ਾਦੀ ਸੰਗਰਾਮ ਦੇ ਇਤਿਹਾਸ ਵਿਚ ਮਸ਼ਹੂਰ ਨਾਅਰੇ ਬਣੇ।[63] ਇਸ ਸਭ ਕਾਸੇ ਨੂੰ ਪੜ੍ਹਨ ਤੋਂ ਬਾਅਦ ਕੋਈ ਵੀ ਕੁਝ ਇਕ ਇਤਿਹਾਸਕਾਰਾਂ ਦੇ ਤੁਅੱਸਬੀ ਖ਼ਿਆਲਾਂ ਅਤੇ ਜਨੂੰਨੀਆਂ ਦੇ ਇਸ ਕੂੜ ਪ੍ਰਚਾਰ ਨਾਲ ਗੁੰਮਰਾਹ ਨਹੀਂ ਹੋਵੇਗਾ ਕਿ ਹਿੰਦੁਸਤਾਨ ਦੀ ਆਜ਼ਾਦੀ ਲਈ ਸਿਰਫ਼ ਹਿੰਦੂ ਲੜੇ ਸਨ।

21 ਅਕਤੂਬਰ 1943 ਨੂੰ ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ ਸਿੰਗਾਪੁਰ ਵਿਖੇ, ਆਜ਼ਾਦ ਹਿੰਦ ਦੀ ਆਰਜੀ ਸਰਕਾਰ ਬਣਾਈ ਜਿਸ ਵਿਚ ਕਰਨਲ ਅਜ਼ੀਜ਼ ਅਹਿਮਦ, ਲੈਫਟੀਨੈਂਟ ਕਰਨਲ ਐੱਮ.ਜ਼ੈੱਡ.ਕਿਆਮ, ਲੈਫਟੀਨੈਂਟ ਕਰਨਲ ਅਹਿਸਾਨ ਕਾਦਿਰ, ਲੈਫਟੀਨੈਂਟ ਕਰਨਲ ਸ਼ਾਹ ਨਵਾਜ਼ ਖ਼ਾਨ, ਕਰੀਮ ਗ਼ਨੀ ਅਤੇ ਡੀ.ਐੱਮ.ਖ਼ਾਨ ਵਰਗੇ ਕੁਝ ਵਿਸ਼ਵਾਸਪਾਤਰ ਲੈਫਟੀਨੈਂਟ ਸ਼ਾਮਲ ਕੀਤੇ ਗਏ। ਬਸਤੀਵਾਦੀ ਹਕੂਮਤ ਨੇ ਉਨ੍ਹਾਂ ਉੱਪਰ ਰਾਜਧ੍ਰੋਹ ਦੇ ਮੁਕੱਦਮੇ ਚਲਾਏ ਅਤੇ ਆਜ਼ਾਦ ਹਿੰਦ ਫ਼ੌਜ ਦੇ ਮੈਂਬਰਾਂ ਨਾਲ ਗ਼ਦਾਰਾਂ ਵਜੋਂ ਸਲੂਕ ਕੀਤਾ।

ਅਸ਼ਰਫ਼ ਮੰਡਲ, ਅਮੀਰ ਹਿਯਾਤ, ਅਬਦੁੱਲ ਰਜਕ ਅਲੀ, ਅਖ਼ਤਰ ਅਲੀ, ਮੁਹੰਮਦ ਅਲੀ ਸ਼ਾਹ, ਅਤਾ ਮੁਹੰਮਦ, ਅਹਿਮਦ ਖ਼ਾਨ, ਏ.ਕੇ.ਮਿਰਜ਼ਾ, ਅਬੂ ਖ਼ਾਨ, ਐੱਸ. ਅਖ਼ਤਰ ਅਲੀ, ਅਹਿਮਦਉੱਲਾ ਵਰਗੇ ਬਹੁਤ ਸਾਰੇ ਹੋਰ ਸ਼ਹੀਦ ਹੋਏ। ਅਬਦੁੱਲਾ ਰਹਿਮਾਨ ਖ਼ਾਨ ਅਤੇ ਖਮਰੁੱਲ ਇਸਲਾਮ, ਹੈਦਰਾਬਾਦ ਤੋਂ ਤਾਜਉਦੀਨ ਵੱਖੋ-ਵੱਖਰੇ ਅਹੁਦਿਆਂ ਉੱਪਰ ਕੰਮ ਕਰਦੇ ਰਹੇ।

ਆਈ.ਐੱਨ.ਏ. ਦੇ ਕੈਦੀਆਂ ਉੱਪਰ ਮੁਕੱਦਮੇ ਦੌਰਾਨ – ਕੈਪਟਨ ਸ਼ਾਹ ਨਵਾਜ਼ ਖ਼ਾਨ, ਕੈਪਟਨ ਪੀ.ਕੇ. ਸਹਿਗਲ ਅਤੇ ਲੈਫਟੀਨੈਂਟ ਜੀ.ਐੱਸ. ਢਿੱਲੋਂ ਉੱਪਰ ਲਾਲ ਕਿਲ੍ਹਾ ਵਿਖੇ ਮੁਕੱਦਮਾ ਚਲਾਇਆ ਗਿਆ – ਬਰਤਾਨਵੀਆਂ ਨੂੰ ਛੇਤੀ ਹੀ ਅਹਿਸਾਸ ਹੋ ਗਿਆ ਕਿ ਉਹ ਬਾਜ਼ੀ ਹਾਰ ਚੁੱਕੇ ਹਨ। ਅਫ਼ਸਰਾਂ ਨੂੰ ਰਿਹਾਅ ਕਰਨਾ ਪੈ ਗਿਆ ਅਤੇ ਵਤਨ ਵਾਸੀ ਮਰਦਾਂ ਤੇ ਔਰਤਾਂ ਵਲੋਂ ਉਨ੍ਹਾਂ ਦੀ ਨਾਇਕਾਂ ਵਜੋਂ ਜੈ-ਜੈਕਾਰ ਕੀਤੀ ਗਈ। ਜਦੋਂ ਮੁਸਲਿਮ ਲੀਗ, ਕਾਂਗਰਸ, ਕਮਿਊਨਿਸਟ ਪਾਰਟੀ ਅਤੇ ਫਾਰਵਰਡ ਬਲਾਕ ਸਮੇਤ ਸਿਆਸੀ ਪਾਰਟੀਆਂ ਵਲੋਂ ਰਸ਼ੀਦ ਅਲੀ ਦਿਵਸ ਮਨਾਇਆ ਗਿਆ ਤਾਂ ਅਣਵੰਡੇ ਹਿੰਦੁਸਤਾਨ ਦੇ ਵੱਡੇ ਸ਼ਹਿਰਾਂ ਵਿਚ ਮੁਜ਼ਾਹਰੇ ਹੋਏ। ਕਲਕੱਤਾ ਵਿਚ 2 ਲੱਖ ਦੇ ਕਰੀਬ ਤਾਦਾਦ 'ਚ ਜ਼ਬਰਦਸਤ ਮੁਜ਼ਾਹਰਾ ਹੋਇਆ, ਅਤੇ ਕਸ਼ਮੀਰ ਤੋਂ ਲੈ ਕੇ ਕੋਮੋਰਿਨ (ਤਾਮਿਲਨਾਡੂ) ਤਕ ਪੂਰੇ ਮੁਲਕ ਵਿਚ ਉਤਸ਼ਾਹ ਦੀ ਲਹਿਰ ਦੌੜ ਗਈ। ਇਹ ਫਿਰਕੂ ਏਕਤਾ ਦੀ ਅਸਧਾਰਨ ਮਿਸਾਲ ਸੀ।

ਅੱਜ ਹਿੰਦੂਤਵ ਬ੍ਰਿਗੇਡ ਨੇਤਾ ਜੀ ਸੁਭਾਸ਼ ਚੰਦਰ ਬੋਸ ਦੀ ਖ਼ੂਬ ਤਾਰੀਫ਼ ਕਰਨ ਦਾ ਢੌਂਗ ਰਚ ਰਿਹਾ ਹੈ। ਪਰ ਵੀਰ ਸਾਵਰਕਰ ਦੀ ਅਗਵਾਈ ਹੇਠ ਹਿੰਦੂ ਮਹਾਂਸਭਾ ਵਲੋਂ ਉਨ੍ਹਾਂ ਦੇ ਕਾਜ ਨਾਲ ਕੀਤੇ ਘੋਰ ਵਿਸਾਹਘਾਤ ਬਾਰੇ ਬਹੁਤ ਥੋੜ੍ਹੇ ਲੋਕ ਜਾਣਦੇ ਹਨ।

ਇੰਡੀਅਨ ਨੈਸ਼ਨਲ ਕਾਂਗਰਸ (ਆਈ.ਐੱਨ.ਸੀ.) ਵਿਚ ਮੁਸਲਮਾਨਾਂ ਵਲੋਂ ਨਿਭਾਈ ਸਿਰਕੱਢ ਭੂਮਿਕਾ

1857 ਵਿਚ ਪਹਿਲੀ ਜੰਗੇ-ਆਜ਼ਾਦੀ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਨੇ ਕੌਮੀ ਲਹਿਰ ਦੀ ਅਗਵਾਈ ਕੀਤੀ ਜਿਸ ਦੀ ਸਥਾਪਨਾ 1885 ਵਿਚ ਕੀਤੀ ਗਈ ਸੀ। ਇਸ ਇਤਿਹਾਸਕ ਲਹਿਰ ਵਿਚ, ਸ਼ੁਰੂ ਤੋਂ ਲੈ ਕੇ ਅਖ਼ੀਰ ਤਕ, ਮੁਸਲਮਾਨਾਂ ਨੇ ਹਰ ਅੰਦੋਲਨ ਵਿਚ ਬਣਦੀ ਭੂਮਿਕਾ ਨਿਭਾਈ। 1921 ਦੀ ਨਾਮਿਲਵਰਤਨ ਲਹਿਰ ਦੌਰਾਨ, ਮਹਾਤਮਾ ਗਾਂਧੀ ਨੇ

ਆਪਣੀ ਜਗ੍ਹਾ ਅਬਾਸ ਤਾਇਬ ਜੀ ਨੂੰ ਡਾਂਡੀ ਮਾਰਚ ਦਾ ਆਗੂ ਥਾਪਿਆ। ਤਾਇਬ ਜੀ ਗੁਜਰਾਤ ਤੋਂ ਹਿੰਦੁਸਤਾਨੀ ਆਜ਼ਾਦੀ ਘੁਲਾਟੀਆ ਸੀ ਜੋ ਕਦੇ ਗੁਜਰਾਤ ਹਾਈ ਕੋਰਟ (ਬੜੌਦਾ) ਦਾ ਚੀਫ਼ ਜਸਟਿਸ ਰਿਹਾ ਸੀ।

ਬਦਰੁਦੀਨ ਤਾਇਬ ਜੀ ਅਤੇ ਰਹਿਮਤਉੱਲਾ ਸਾਯਾਨੀ ਨੇ ਇੰਡੀਅਨ ਨੈਸ਼ਨਲ ਕਾਂਗਰਸ ਦੇ ਪ੍ਰਧਾਨ ਵਜੋਂ ਸੇਵਾ ਨਿਭਾਈ। ਸਰ ਸਈਦ ਅਹਿਮਦ ਖ਼ਾਨ ਵਲੋਂ ਕੀਤੀ ਜਾਂਦੀ ਨੁਕਤਾਚੀਨੀ ਦੇ ਬਾਵਜੂਦ ਮੌਲਾਨਾ ਸ਼ਿਬਲੀ ਨੋਮਾਨੀ ਕਾਂਗਰਸ ਨਾਲ ਡੱਟ ਕੇ ਖੜ੍ਹੇ ਰਹੇ। ਮੀਰ ਹੁਮਾਂਯੂੰ ਕਬੀਰ ਵਰਗੇ ਖੁਸ਼ਹਾਲ ਮੁਸਲਮਾਨਾਂ ਨੇ ਕਾਂਗਰਸ ਨੂੰ ਮਜ਼ਬੂਤ ਕਰਨ ਲਈ ਦਰਿਆਦਿਲੀ ਨਾਲ ਦਾਨ ਦਿੱਤੇ ਅਤੇ ਅਲੀ ਭੀਮਜੀ ਵਰਗੇ ਆਗੂਆਂ ਨੇ ਇਸ ਖ਼ਾਤਰ ਮੁਲਕ ਦਾ ਦੌਰਾ ਕੀਤਾ।

ਬਾਅਦ ਵਿਚ, ਡਾ. ਅੰਸਾਰੀ ਅਤੇ ਮੌਲਾਨਾ ਅਬੁਲ ਕਲਾਮ ਆਜ਼ਾਦ ਵਰਗੇ ਮਸ਼ਹੂਰ ਆਗੂ ਇੰਡੀਅਨ ਨੈਸ਼ਨਲ ਕਾਂਗਰਸ ਦੇ ਪ੍ਰਧਾਨ ਵੀ ਬਣੇ ਅਤੇ ਮੌਲਾਨਾ ਮਹਿਮੂਦ ਅਲੀ, ਸਈਦ ਮੁਹੰਮਦ, ਜਸਟਿਸ ਬਦਰੁਦੀਨ ਤਾਇਬ ਜੀ, ਹਕੀਮ ਅਜ਼ਮਲ ਖ਼ਾਨ, ਅਤੇ ਸਈਦ ਹਸਨ ਇਮਾਮ ਵਰਗੀਆਂ ਸ਼ਖਸੀਅਤਾਂ ਵੱਖੋ-ਵੱਖਰੀਆਂ ਥਾਵਾਂ ਉੱਪਰ ਹੋਏ ਇੰਡੀਅਨ ਨੈਸ਼ਨਲ ਕਾਂਗਰਸ ਦੇ ਸੈਸ਼ਨਾਂ ਦੀ ਪ੍ਰਧਾਨਗੀ ਵੀ ਕਰਦੀਆਂ ਰਹੀਆਂ। ਮੌਲਾਨਾ ਅਬੁਲ ਕਲਾਮ ਆਜ਼ਾਦ ਦੋ ਵਾਰ ਆਈ.ਐੱਨ.ਸੀ. ਦੇ ਪ੍ਰਧਾਨ ਬਣੇ, ਪਹਿਲੀ ਵਾਰ 1923 ਵਿਚ ਜਦੋਂ ਉਹ 35 ਸਾਲ ਦੇ ਸਨ ਅਤੇ ਦੁਬਾਰਾ 1940 ਵਿਚ।

ਸਿਵਲ ਨਾਫ਼ਰਮਾਨੀ ਲਹਿਰ (1930-32) ਦੌਰਾਨ, ਮੌਲਾਨਾ ਅਲਤਾਫ਼ ਹੁਸੈਨ, ਅਬਦੁੱਲ ਹਯਾਤ, ਤਾਇਬਜੀ ਅਲੀ, ਪਠਾਣ ਗਯਾਜ਼ੂਦੀਨ, ਜਲਾਲੂਦੀਨ ਹਾਸ਼ਮੀ, ਪ੍ਰੋਫੈਸਰ ਹਮਾਯੂੰ ਕਬੀਰ, ਅਬੂ ਹਸਨ ਸਿਰਕਾਰ, ਰਿਆਜ਼ਉਲ ਕਰੀਮ, ਫ਼ਕਰੂਦੀਨ ਅਲੀ ਅਹਿਮਦ ਵਗੈਰਾ ਨੇ ਲੰਮੀ ਕੈਦ ਕੱਟੀ। ਉਨ੍ਹਾਂ ਤੋਂ ਇਲਾਵਾ 42 ਮੁਸਲਮਾਨ, ਜ਼ਿਆਦਾਤਰ ਪਿਸ਼ਾਵਰ ਖੇਤਰ ਤੋਂ, ਨੇ ਪੁਲਿਸ ਫਾਇਰਿੰਗ ਜਾਂ ਫਾਂਸੀ ਦੇ ਤਖ਼ਤਿਆਂ ਉੱਪਰ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ।[64]

1935 ਦੇ ਮੁਕਾਮੀ ਸਵੈ-ਰਾਜ ਐਕਟ ਅਨੁਸਾਰ, 1936-37 ਦੇ ਸਿਆਲ ਵਿਚ ਗੌਰਮਿੰਟ ਆਫ਼ ਇੰਡੀਆ ਐਕਟ 1935 ਤਹਿਤ ਸੂਬਾਈ ਚੋਣਾਂ ਕਰਵਾਈਆਂ ਗਈਆਂ। ਤਿੰਨ ਸੂਬਿਆਂ - ਬੰਗਾਲ, ਪੰਜਾਬ ਅਤੇ ਸਿੰਧ - ਨੂੰ ਛੱਡਕੇ ਬਾਕੀ ਸਾਰੇ ਸੂਬਿਆਂ ਵਿਚ ਕਾਂਗਰਸ ਸੱਤਾਧਾਰੀ ਹੋਈ। ਖ਼ਾਨ ਬਹਾਦਰ ਗ਼ਫ਼ਾਰ ਖ਼ਾਨ, ਅਲ੍ਹਾ ਬਖ਼ਸ਼ ਸੁਮਰੂ, ਅਬਦੁੱਲ ਸਮਦ ਖ਼ਾਨ, ਡਾ. ਖ਼ਾਨ ਸਾਹਿਬ ਵਗੈਰਾ ਦੀ ਭਰਪੂਰ ਮਦਦ ਨਾਲ ਕਾਂਗਰਸ ਨੂੰ ਬਹੁੱਮਤ ਹਾਸਲ ਹੋਇਆ। ਇਨ੍ਹਾਂ ਸਾਰੇ ਆਗੂਆਂ ਨੇ ਮੁਸਲਿਮ ਲੀਗ ਦੇ ਫਿਰਕੂ ਸਿਆਸਤਦਾਨਾਂ ਵਿਰੁੱਧ ਲੜਾਈ ਦਿੱਤੀ ਅਤੇ ਉਹ ਮੁਲਕ ਦੀ ਤਕਸੀਮ ਦੀ ਤਜਵੀਜ਼ ਦੇ ਖ਼ਿਲਾਫ਼ ਸਨ। ਅਬਦੁੱਲ ਗ਼ਫ਼ਾਰ ਖ਼ਾਨ, ਜੋ ਸਰਹੱਦੀ ਗਾਂਧੀ ਵਜੋਂ ਜਾਣੇ ਜਾਂਦੇ ਸਨ, 1947 ਤੋਂ ਪਹਿਲਾਂ ਅਤੇ ਬਾਅਦ ਵਿਚ ਤਿੰਨ ਦਹਾਕੇ ਜੇਲ੍ਹ ਵਿਚ ਰਹੇ ਅਤੇ ਕੁਝ ਹੋਰ ਵਰ੍ਹੇ ਜਲਾਵਤਨ ਰਹੇ।

ਅਲਾਉਦੀਨ ਸ਼ੇਖ਼, ਜੋ 1912 'ਚ ਪੱਛਮੀ ਬੰਗਾਲ ਵਿਚ ਪੈਦਾ ਹੋਏ, ਨੇ ਹਿੰਦੁਸਤਾਨ ਛੱਡੋ ਲਹਿਰ (1942) ਵਿਚ ਹਿੱਸਾ ਲਿਆ। 30 ਸਤੰਬਰ 1942 ਨੂੰ ਨੰਦੀਗ੍ਰਾਮ ਥਾਣੇ ਵੱਲ

ਜਲੂਸ ਦੀ ਅਗਵਾਈ ਕਰਦਿਆਂ ਉਹ ਪੁਲਿਸ ਵਲੋਂ ਚਲਾਈਆਂ ਗੋਲੀਆਂ ਵਿਚ ਫੱਟੜ ਹੋ ਗਏ ਅਤੇ ਉਸੇ ਦਿਨ ਪ੍ਰਾਣ ਤਿਆਗ ਦਿੱਤੇ। ਇਸੇ ਤਰ੍ਹਾਂ, ਕੇਰਲਾ ਤੋਂ ਵਿਕਰਮ ਅਬਦੁੱਲ ਖ਼ਾਦਿਰ ਨੇ 1942 ਦੀ ਹਿੰਦੁਸਤਾਨ ਛੱਡੋ ਲਹਿਰ ਵਿਚ ਹਿੱਸਾ ਲਿਆ ਅਤੇ ਉਸ ਨੂੰ ਫਾਂਸੀ ਦੇ ਦਿੱਤੀ ਗਈ।

ਇਸੇ ਤਰ੍ਹਾਂ, "ਹਾਕਿਮ ਅਜਮਲ ਖ਼ਾਨ ਦਾ ਹਿੰਦੂ-ਮੁਸਲਿਮ ਏਕਤਾ ਵਿਚ ਭਰੋਸਾ ਨੀਤੀ ਦਾ ਸਵਾਲ ਨਹੀਂ ਸੀ, ਇਹ ਉਸਦੀ ਵਿਰਾਸਤ ਦਾ ਹਿੱਸਾ ਸੀ; ਇਹ ਉਸਦੇ ਲਹੂ ਅਤੇ ਉਸਦੀ ਰੋਜ਼ਮਰਾ ਜ਼ਿੰਦਗੀ ਦੇ ਤੱਤ ਵਿਚ ਸਮੋਇਆ ਹੋਇਆ ਸੀ।" ਹਾਕਮ ਅਜਮਲ ਖ਼ਾਨ ਆਪਣੀਆਂ ਤਕਰੀਰਾਂ ਜ਼ਰੀਏ ਫਿਰਕੂ ਭਾਈਚਾਰੇ ਦਾ ਪ੍ਰਚਾਰ ਕਰਦੇ ਰਹੇ।[65]

ਮੌਲਾਨਾ ਅਬੁਲ ਕਲਾਮ ਆਜ਼ਾਦ, ਜੋ ਆਪਣੀ ਸਿਆਸੀ ਜ਼ਿੰਦਗੀ ਦੇ ਮੁੱਢਲੇ ਪੜਾਅ ਵਿਚ ਇਨਕਲਾਬੀ ਲਹਿਰ ਵੱਲ ਖਿੱਚੇ ਗਏ ਸਨ, ਨੇ 'ਦਾਰੁਲ ਇਰਸ਼ਾਦ' ਨਾਂ ਦੀ ਇਨਕਲਾਬੀ ਜਥੇਬੰਦੀ ਦੀ ਨੀਂਹ ਰੱਖੀ। ਉਸਨੇ ਇਨਕਲਾਬੀ ਵਿਚਾਰਧਾਰਾ ਦਾ ਪਸਾਰਾ ਕਰਨ ਦੇ ਮਨੋਰਥ ਨਾਲ ਇਕ ਹਫ਼ਤਾਵਾਰ ਉਰਦੂ ਅਖ਼ਬਾਰ, *ਅਲ-ਹਿਲਾਲ*, ਕੱਢਣਾ ਸ਼ੁਰੂ ਕੀਤਾ। ਮੌਲਾਨਾ ਆਜ਼ਾਦ ਅਤੇ ਜਲਾਲੂਦੀਨ ਅਹਿਮਦ ਨੇ ਬੰਗਾਲ ਅੰਦਰ ਕਾਮਯਾਬੀ ਨਾਲ ਇਨਕਲਾਬੀ ਸਰਗਰਮੀਆਂ ਜਥੇਬੰਦ ਕੀਤੀਆਂ। ਉਨ੍ਹਾਂ ਦਿਨਾਂ ਵਿਚ, ਹੋਰ ਕਈ ਉਰਦੂ ਰਸਾਲੇ ਕੱਢੇ ਜਾਂਦੇ ਸਨ ਜੋ ਕੌਮੀ ਤਹਿਰੀਕ ਦੀ ਹਮਾਇਤ ਕਰ ਰਹੇ ਸਨ। ਕੁਝ ਕੁ ਨਾਂ ਪੇਸ਼ ਹਨ, ਮੁਹੰਮਦ ਅਲੀ 'ਕਾਮਰੇਡ' ਅਤੇ 'ਹਮਦਰਦ' ਰਸਾਲੇ ਕੱਢਦੇ ਸਨ; ਜ਼ਫ਼ਰ ਅਲੀ ਖ਼ਾਨ 'ਜ਼ਮੀਂਦਾਰ'; ਵਾਹੀਦੀਨ ਸਲੀਮ 'ਦ ਮੁਸਲਿਮ ਗਜ਼ਟ' ਵਗੈਰਾ ਰਸਾਲੇ ਕੱਢਦੇ ਰਹੇ। ਇਨ੍ਹਾਂ ਰਸਾਲਿਆਂ ਦੇ ਸੰਪਾਦਕਾਂ ਅਤੇ ਪ੍ਰਕਾਸ਼ਕਾਂ ਨੂੰ ਬਰਤਾਨਵੀ ਹਕੂਮਤ ਵਲੋਂ ਅਕਸਰ ਤੰਗ-ਪ੍ਰੇਸ਼ਾਨ ਕੀਤਾ ਜਾਂਦਾ ਰਿਹਾ; ਅਤੇ ਜੇਲ੍ਹਾਂ ਵਿਚ ਸੁੱਟਿਆ ਜਾਂਦਾ ਰਿਹਾ।

ਰਾਇਲ ਇੰਡੀਅਨ ਨੇਵੀ ਵਿਚ ਬਗ਼ਾਵਤ

ਬਰਤਾਨਵੀ ਰਾਜ ਦੇ ਵਿਰੁੱਧ ਪ੍ਰਚੰਡ ਬਗ਼ਾਵਤ ਦੀਆਂ ਸਭ ਤੋਂ ਨਿਆਰੀਆਂ ਘਟਨਾਵਾਂ ਵਿੱਚੋਂ ਇਕ 1946 ਵਿਚ ਬਰਤਾਨਵੀ ਹਿੰਦੁਸਤਾਨੀ ਸਮੁੰਦਰੀ ਫ਼ੌਜ ਦੇ ਜਹਾਜ਼ੀਆਂ ਦੀ ਬਗ਼ਾਵਤ ਸੀ। 18 ਫਰਵਰੀ ਨੂੰ ਬਰਤਾਨਵੀ ਹਿੰਦੁਸਤਾਨੀ ਸਮੁੰਦਰੀ ਫ਼ੌਜ ਦੇ ਜੰਗੀ ਬੇੜੇ ਐੱਚ.ਐੱਮ.ਐੱਸ. "ਤਲਵਾਰ" ਦੇ ਜਹਾਜ਼ੀਆਂ ਅਤੇ ਮਲਾਹਾਂ ਨੇ, ਜੋ ਓਦੋਂ ਬੰਬਈ ਪੱਤਣ ਉੱਪਰ ਤਾਇਨਾਤ ਸਨ, ਹੜਤਾਲ ਕਰ ਦਿੱਤੀ। ਉਹ ਨਿਕੰਮੇ ਖਾਣੇ ਅਤੇ ਭੈੜੇ ਹਾਲਾਤ ਵਿਰੁੱਧ ਰੋਸ ਪ੍ਰਗਟਾਅ ਰਹੇ ਸਨ। ਫ਼ੌਜੀ ਤਾਕਤਾਂ ਵਿਚ ਬੇਚੈਨੀ ਦੀ ਇਕ ਵਜ੍ਹਾ ਉਨ੍ਹਾਂ ਨਾਲ ਕੀਤਾ ਜਾ ਰਿਹਾ ਨਸਲੀ ਵਿਤਕਰਾ ਸੀ। ਇਕ ਵਾਰ ਫਿਰ 1857 ਵਾਲੀ ਹਿੰਦੂ-ਮੁਸਲਿਮ ਏਕਤਾ ਸਾਹਮਣੇ ਆਈ। ਬਰਤਾਨਵੀਆਂ ਨੇ ਜਵਾਨਾਂ ਅਤੇ ਆਮ ਲੋਕਾਂ ਉੱਪਰ ਅੰਨ੍ਹੇਵਾਹ ਗੋਲੀਆਂ ਚਲਾਈਆਂ। ਸਾਂਤੀਮੌਏ ਰੇਅ ਅਨੁਸਾਰ, ਮਾਰੇ ਜਾਣ ਵਾਲਿਆਂ ਵਿਚ ਤਿੰਨ ਦਰਜਨ ਤੋਂ ਉੱਪਰ ਜਵਾਨ ਮੁਸਲਮਾਨ ਸਨ।

ਕਮਿਊਨਿਸਟ ਪਾਰਟੀ ਨੇ ਇਸ ਬਗ਼ਾਵਤ ਦੀ ਹਮਾਇਤ ਕੀਤੀ, ਜਦੋਂਕਿ ਕਾਂਗਰਸ ਅਤੇ ਮੁਸਲਿਮ ਲੀਗ ਨੇ ਇਸ ਦੀ ਨਿਖੇਧੀ ਕੀਤੀ।[66]

ਹੋਰ ਲਹਿਰਾਂ

ਬਰਤਾਨਵੀਆਂ ਨੂੰ ਹਿੰਦੁਸਤਾਨ ਵਿੱਚੋਂ ਕੱਢਣ ਲਈ ਨੌਜਵਾਨ ਪੀੜ੍ਹੀ ਅੰਦਰ ਜਾਗਰੂਕਤਾ ਪੈਦਾ ਕਰਨੀ ਜ਼ਰੂਰੀ ਸੀ। ਇਸ ਮਨੋਰਥ ਨਾਲ ਮੁਸਲਮਾਨਾਂ ਅਤੇ ਹਿੰਦੂਆਂ ਦੀਆਂ ਵੱਖੋ-ਵੱਖਰੀਆਂ ਜਥੇਬੰਦੀਆਂ ਨੇ ਰਾਸ਼ਟਰ ਦੀ ਆਜ਼ਾਦੀ ਲਈ ਮਿਲਕੇ ਲੜਾਈ ਲੜੀ।

1905 ਵਿਚ ਲਾਰਡ ਕਰਜ਼ਨ ਨੇ ਹਿੰਦੂ-ਮੁਸਲਿਮ ਭਾਈਚਾਰੇ ਨੂੰ ਤੋੜਨ ਦੀ ਸਾਜ਼ਿਸ਼ ਰਚੀ ਅਤੇ ਬੰਗਾਲ ਨੂੰ ਤਕਸੀਮ ਕਰਕੇ ਮੁਸਲਮਾਨਾਂ ਨੂੰ ਆਪਣੇ ਪੱਖ ਵਿਚ ਕਰਨ ਦਾ ਯਤਨ ਕੀਤਾ। ਪਰ ਅਵਾਮ ਨੇ ਬੰਗਾਲ ਦੀ ਤਕਸੀਮ ਦਾ ਸਖ਼ਤ ਵਿਰੋਧ ਕੀਤਾ। ਬੈਰਿਸਟਰ ਅਬਦੁੱਲ ਰਸ਼ੀਦ, ਲਿਆਕਤ ਹੁਸੈਨ, ਅਬਦੁੱਲ ਹਕੀਮ ਗਜ਼ਨਵੀ, ਯੂਸਫ਼ ਖ਼ਾਨ, ਬਹਾਦਰ ਮੁਹੰਮਦ ਵਗੈਰਾ ਵਰਗੇ ਮੁਸਲਿਮ ਆਗੂ ਲਹਿਰ ਦੀਆਂ ਮੋਹਰਲੀਆਂ ਕਤਾਰਾਂ ਵਿਚ ਸਨ ਅਤੇ ਉਨ੍ਹਾਂ ਨੇ ਬਹੁਤ ਮੁਸੀਬਤਾਂ ਝੱਲੀਆਂ। ਉਨ੍ਹਾਂ ਨੇ ਬੰਗਾਲ ਦੇ ਮੁਸਲਮਾਨਾਂ ਅੰਦਰ ਸਵਦੇਸ਼ੀ ਨੂੰ ਹਰਮਨਪਿਆਰਾ ਬਣਾਇਆ ਅਤੇ ਵਿਦਿਆਰਥੀਆਂ ਨੂੰ ਕੌਮੀ ਤਾਲੀਮ ਦੇਣ ਲਈ ਵਿਦਿਅਕ ਸੰਸਥਾਵਾਂ ਸਥਾਪਤ ਕੀਤੀਆਂ। ਉਸ ਵਕਤ ਪ੍ਰਚਲਤ ਹੋਇਆ 'ਵੰਦੇਮਾਤਰਮ' ਦਾ ਨਾਅਰਾ ਸਾਰਿਆਂ ਲਈ ਪ੍ਰੇਰਣਾ ਸੀ। ਆਖ਼ਿਰਕਾਰ, 1911 'ਚ ਸਖ਼ਤ ਅਵਾਮੀ ਵਿਰੋਧ ਦੇ ਮੱਦੇਨਜ਼ਰ ਹਕੂਮਤ ਨੇ ਬੰਗਾਲ ਦੀ ਤਕਸੀਮ ਦੀ ਤਜਵੀਜ਼ ਵਾਪਸ ਲੈ ਲਈ।

ਵਿਅਕਤੀਆਂ ਦੇ ਨਾਲ-ਨਾਲ, ਖ਼ੁਦਾ-ਏ-ਖ਼ਿਦਮਤਗਰ, ਜਮਾਇਤ ਉਲੇਮਾ-ਈ-ਹਿੰਦ, ਮਜ਼ਲਿਸ-ਏ-ਅਰਹਾਰ, ਨੈਸ਼ਨਲਿਸਟ ਮੁਸਲਿਮ ਪਾਰਟੀ, ਮੋਮਿਨ ਪਾਰਟੀ, ਸ਼ੀਆ ਕਾਨਫਰੰਸ, ਅੰਜੁਮਨ-ਏ- ਵਤਨ, ਕ੍ਰਿਸ਼ਕ ਪਰਜਾ ਪਾਰਟੀ ਵਰਗੀਆਂ ਸੰਸਥਾਵਾਂ ਨੇ ਵੀ ਬੰਗਾਲ ਦੀ ਤਕਸੀਮ ਵਿਰੋਧੀ ਅੰਦੋਲਨਾਂ ਵਿਚ ਅਹਿਮ ਭੂਮਿਕਾ ਨਿਭਾਈ।

ਜਿਨ੍ਹਾਂ ਮੋਹਰੀ ਮੁਸਲਿਮ ਜਥੇਬੰਦੀਆਂ ਨੇ ਏਕਤਾ ਅਤੇ ਇਕਮੁੱਠਤਾ ਦੀ ਭਾਵਨਾ ਸਿਰਜਣ ਵਿਚ ਵਿਲੱਖਣ ਕਾਮਯਾਬੀ ਹਾਸਲ ਕੀਤੀ ਉਨ੍ਹਾਂ ਵਿਚ ਸ਼ਾਮਲ ਸਨ:

ਦਿਓਬੰਦ ਲਹਿਰ

1857 ਦੇ ਹਿੰਦੁਸਤਾਨੀ ਗ਼ਦਰ ਦੇ ਸਿੱਟੇ ਵਜੋਂ ਅਲੀਗੜ੍ਹ ਲਹਿਰ ਅਤੇ ਦਿਓਬੰਦ ਲਹਿਰ ਉੱਭਰੀਆਂ ਜਿਨ੍ਹਾਂ ਨੇ ਕ੍ਰਮਵਾਰ ਇਕ ਪਾਸੇ ਆਧੁਨਿਕ ਅਤੇ ਇਸਲਾਮਿਕ ਤਾਲੀਮ ਦਾ ਵਧਾਰਾ-ਪਸਾਰਾ ਕਰਨ ਅਤੇ ਦੂਜੇ ਪਾਸੇ ਆਜ਼ਾਦੀ ਦੇ ਸੰਗਰਾਮ ਵਿਚ ਅਹਿਮ ਭੂਮਿਕਾ ਨਿਭਾਈ। ਮੁਲਕ ਦੀ ਸਭ ਤੋਂ ਵੱਡੀ ਘੱਟਗਿਣਤੀ (ਮੁਸਲਮਾਨ) ਅਤੇ ਉਲੇਮਾ ਮੁਲਕ ਦੇ ਸਮਾਜੀ-ਸੱਭਿਆਚਾਰਕ, ਸਿਆਸੀ, ਇਤਿਹਾਸਕ ਅਤੇ ਦਾਰਸ਼ਨਿਕ ਖੇਤਰਾਂ ਵਿਚ ਆਪਣੇ ਗਿਣਨਯੋਗ ਯੋਗਦਾਨ ਲਈ ਜਾਣੇ ਜਾਂਦੇ ਹਨ। ਐਪਰ ਖ਼ਾਸ ਕਰਕੇ, ਉਲੇਮਾ ਵਲੋਂ ਪਾਏ ਯੋਗਦਾਨ ਨੂੰ

ਇਤਿਹਾਸ ਦੇ ਪੰਨਿਆਂ ਉੱਪਰ ਹਾਸ਼ੀਏ ਉੱਪਰ ਧੱਕਿਆ ਗਿਆ ਹੈ ਜਾਂ ਉਂਞ ਹੀ ਨਜ਼ਰਅੰਦਾਜ਼ ਕਰ ਦਿੱਤਾ ਗਿਆ ਹੈ। ਬਹੁਤ ਘੱਟ ਲੋਕ ਇਹ ਤੱਥ ਜਾਣਦੇ ਹਨ ਕਿ:

"1926 'ਚ ਕੋਲਕਾਤਾ ਵਿਚ ਜਮਾਇਤ ਉਲੇਮਾ-ਏ-ਹਿੰਦ ਦੀ ਮੀਟਿੰਗ ਵਿਚ ਦਾਰੁਲ ਉਲੂਮ, ਦਿਓਬੰਦ ਦੇ ਗਰੈਜੂਏਟ ਸ਼ਾਮਲ ਸਨ, ਅਤੇ ਉਨ੍ਹਾਂ ਨੇ ਇਸ ਸੰਸਥਾ ਦੀ ਹਮਾਇਤ ਕੀਤੀ ਜਿਸ ਨੇ ਬਰਤਾਨਵੀ ਰਾਜ ਤੋਂ ਹਿੰਦੁਸਤਾਨ ਦੀ ਮੁਕੰਮਲ ਆਜ਼ਾਦੀ ਦਾ ਸੱਦਾ ਦਿੱਤਾ। ਇੰਡੀਅਨ ਨੈਸ਼ਨਲ ਕਾਂਗਰਸ ਆਪਣੇ ਲਾਹੌਰ ਸੈਸ਼ਨ ਵਿਚ ਇਸ ਤੋਂ ਤਿੰਨ ਸਾਲ ਬਾਦ ਮੁਕੰਮਲ ਆਜ਼ਾਦੀ ਦਾ ਐਲਾਨ ਕਰੇਗੀ।"[67]

1860-1905 ਦੇ ਅਰਸੇ ਦੌਰਾਨ, ਪੜ੍ਹਿਆ-ਲਿਖਿਆ ਮੁਸਲਿਮ ਬੁੱਧੀਜੀਵੀ ਤਬਕਾ ਉੱਭਰਿਆ ਜੋ ਉੱਭਰ ਰਹੇ ਰਾਸ਼ਟਰਵਾਦ ਦੇ ਵਿਰੁੱਧ ਬਰਤਾਨਵੀ ਹਕੂਮਤ ਦਾ ਸੰਗੀ ਬਣਿਆ। ਪਰ, ਮੁਸਲਿਮ ਭਾਈਚਾਰੇ ਦਾ ਇਕ ਹਿੱਸਾ, ਜੋ 'ਉਲੇਮਾ' ਵਜੋਂ ਜਾਣਿਆ ਜਾਂਦਾ ਸੀ, ਫੌਰੀ ਫਿਰਕੂ ਲਾਹਿਆਂ ਤੋਂ ਪਾਰ ਦੇਖਦਾ ਸੀ ਅਤੇ ਉਸਨੇ ਹਿੰਦੁਸਤਾਨ ਦੇ ਕੌਮੀ ਸੰਘਰਸ਼ ਵਿਚ ਹਿੱਸਾ ਲਿਆ।

ਦਾਰੁਲ ਦਿਓਬੰਦ ਦੇ ਮੋਢੀਆਂ ਨੇ ਅਵਾਮ ਨੂੰ ਲਾਮਬੰਦ ਕੀਤਾ ਅਤੇ ਉਹ ਬਾਗ਼ੀਆਨਾ ਭਾਵਨਾ ਦੀ ਨੁਮਾਇੰਦਗੀ ਕਰਦੇ ਸਨ। ਉਨ੍ਹਾਂ ਦੀ ਸਰਗਰਮੀ ਦਾ ਕੇਂਦਰ ਦਿੱਲੀ ਲਾਗੇ ਸ਼ਾਮਲੀ ਕਸਬਾ ਸੀ। ਹਾਜੀ ਇਮੈਦਉੱਲਾ (1817-1899) ਸ਼ਾਮਲੀ ਵਿਚ ਜਿਹਾਦ ਦਾ ਇਮਾਮ ਸੀ, ਅਤੇ ਮੌਲਾਨਾ ਮੁਹੰਮਦ ਕਾਸਿਮ (1832-1880) ਤੇ ਰਸ਼ੀਦ ਅਹਿਮਦ ਗੰਗੋਬੀ (1828-1905) ਨੇ ਇਨ੍ਹਾਂ ਤਾਕਤਾਂ ਦੇ ਕਮਾਂਡਰ ਵਜੋਂ ਕੰਮ ਕੀਤਾ। ਹਿੰਦੁਸਤਾਨ ਦੀ ਆਜ਼ਾਦੀ ਦੀ ਲਹਿਰ ਦੀ ਇਕ ਆਗੂ ਹਸਤੀ ਮੌਲਾਨਾ ਹੁਸੈਨ ਅਹਿਮਦ (1879-1957) ਸੀ। ਜਦੋਂ ਮੁਸਲਿਮ ਲੀਗ ਵਲੋਂ ਜਿਨਾਹ ਦੀ ਅਗਵਾਈ ਹੇਠ ਅਖਾਉਤੀ 'ਦੋ-ਕੌਮਾਂ' ਦੇ ਸਿਧਾਂਤ ਦੇ ਅਧਾਰ 'ਤੇ ਪਾਕਿਸਤਾਨ ਦੇ ਰੂਪ 'ਚ ਅਲਹਿਦਾ ਮੁਸਲਿਮ ਰਾਜ ਦੀ ਮੰਗ ਉਠਾਈ ਗਈ, ਮੌਲਾਨਾ ਮਾਦਨੀ ਇਕ ਆਜ਼ਾਦ ਅਤੇ ਇਕਮੁੱਠ ਹਿੰਦੁਸਤਾਨ ਦੇ ਪੁਰਜ਼ੋਰ ਹਮਾਇਤੀ ਵਜੋਂ ਅੱਗੇ ਆਏ। ਮਾਦਨੀ ਨੇ ਆਪਣੇ 'ਇਕਮੁੱਠ ਰਾਸ਼ਟਰਵਾਦ' ਦੇ ਸਿਧਾਂਤ ਬਾਰੇ ਇਕ ਕਿਤਾਬ ਵਿਚ ਚਾਨਣਾ ਪਾਇਆ ਜੋ ਉਸ ਨੇ ਸਰ ਮੁਹੰਮਦ ਇਕਬਾਲ ਦੀ ਆਪਣੀ ਹੀ ਸਿਆਸੀ ਪੁਜੀਸ਼ਨ ਦੀ ਆਲੋਚਨਾ ਦੇ ਜਵਾਬ ਵਜੋਂ 1940ਵਿਆਂ ਦੇ ਮੁੱਢ 'ਚ ਲਿਖੀ ਸੀ।[68]

ਇਹ ਵੀ ਗ਼ੌਰਤਲਬ ਹੈ ਕਿ ਆਪਣੀ ਕਿਤਾਬ *ਨਕਸ਼ੀ ਹਿਯਾਤ* (ਜਿਲਦ ਦੋ) ਵਿਚ ਮੌਲਾਨਾ ਮਾਦਨੀ ਬਗ਼ਾਵਤ ਦੇ ਦਿਨਾਂ ਦੌਰਾਨ ਬਾਗ਼ੀਆਂ ਦੇ ਬਹਾਦਰੀ ਭਰੇ ਕਾਰਨਾਮਿਆਂ ਦੀ ਪ੍ਰਮਾਣਿਕ ਰਿਪੋਰਟ ਦਿੰਦਾ ਹੈ।[69]

18ਵੀਂ ਸਦੀ ਦੇ ਅਖ਼ੀਰ 'ਚ, ਦਿੱਲੀ ਦੇ ਸ਼ਾਹ ਅਬਦੁੱਲ ਅਜ਼ੀਜ਼ ਨੇ ਇਕ ਫ਼ਤਵਾ ਜਾਰੀ ਕਰਕੇ ਬਰਤਾਨਵੀ ਰਾਜ ਅਧੀਨ ਹਿੰਦੁਸਤਾਨ ਨੂੰ 'ਜੰਗ ਦਾ ਘਰ' ਐਲਾਨਿਆ। ਉਸਦੇ ਕੁਝ ਚੇਲਿਆਂ ਨੇ ਬਰਤਾਨਵੀਆਂ ਵਿਰੁੱਧ ਜਿਹਾਦ ਦੀ ਅਗਵਾਈ ਕੀਤੀ ਅਤੇ 1857 ਵਿਚ ਬਗ਼ਾਵਤ ਦਾ ਪਰਚਮ ਬੁਲੰਦ ਕੀਤਾ। ਇਸ ਤੋਂ ਪਿੱਛੋਂ ਉਲੇਮਾ ਦੇ ਹਿੱਸਿਆਂ ਨੇ ਦਿਓਬੰਦ

ਮਦਰੱਸਿਆਂ ਜ਼ਰੀਏ ਬਰਤਾਨਵੀਆਂ ਵਿਰੁੱਧ ਆਪਣਾ ਸੰਘਰਸ਼ ਜਾਰੀ ਰੱਖਿਆ। ਮਦਰੱਸਾ ਦੇ ਮੁਖੀ ਸ਼ੇਖ਼ ਉਲ-ਹਿੰਦ ਮਹਿਮੂਦ ਉਲ-ਹਸਨ ਨੇ ਇਸ ਮਨੋਰਥ ਨੂੰ ਸਮਰਪਿਤ ਇਕ ਜਥੇਬੰਦੀ ਸ਼ੁਰੂ ਕੀਤੀ, ਅਤੇ ਉਸਨੇ ਤੇ ਉਸਦੇ ਇਕ ਚੇਲੇ ਉਬੈਦਉੱਲਾ ਸਿੰਧੀ, ਜੋ ਇਕ ਸਿੱਖ ਤੋਂ ਇਸਲਾਮ ਧਰਮ ਵਿਚ ਸ਼ਾਮਲ ਹੋਇਆ ਸੀ, ਨੇ ਹਿੰਦੂ ਅਤੇ ਮੁਸਲਿਮ ਪਿਛੋਕੜ ਵਾਲੇ ਖੱਬੇਪੱਖੀਆਂ ਅਤੇ ਰਾਸ਼ਟਰਵਾਦੀ ਇਨਕਲਾਬੀਆਂ ਨਾਲ ਜੋਟੀ ਪਾਈ ਅਤੇ ਕਾਬੁਲ ਵਿਚ ਹਿੰਦੁਸਤਾਨ ਦੀ ਪਹਿਲੀ ਜਲਾਵਤਨ ਸਰਕਾਰ ਬਣਾਈ।

ਦਿਓਬੰਦੀ ਉਲੇਮਾ ਬਰਤਾਨਵੀ ਵਿਰੋਧੀ ਖ਼ਿਲਾਫ਼ਤ ਲਹਿਰ ਵਿਚ ਵੀ ਸ਼ਾਮਲ ਸਨ, ਉਨ੍ਹਾਂ ਨੇ ਗਾਂਧੀ ਜੀ ਦੇ ਨਾਲ ਨਾਮਿਲਵਰਤਨ ਲਹਿਰ ਵਿਚ ਵੀ ਹਿੱਸਾ ਲਿਆ, ਮੁਸਲਿਮ ਲੀਗ ਦੇ 'ਦੋ-ਕੌਮਾਂ' ਦੇ ਸਿਧਾਂਤ ਦਾ ਵਿਰੋਧ ਕੀਤਾ; ਅਤੇ ਹਿੰਦੁਸਤਾਨ ਦੀ ਤਕਸੀਮ ਦੀ ਮੰਗ ਦੀ ਨਿਖੇਧੀ ਕੀਤੀ।[70]

ਬਰਤਾਨਵੀਆਂ ਵਿਰੁੱਧ ਜੰਗ ਛੇੜਨ ਲਈ ਫ਼ਤਵੇ ਜਾਰੀ ਕਰਨੇ[71]

ਬਰਤਾਨਵੀਆਂ ਵਲੋਂ ਅਖ਼ਤਿਆਰ ਕੀਤੀ *ਪਾੜੋ ਤੇ ਰਾਜ ਕਰੋ* ਦੀ ਨੀਤੀ ਦੇ ਬਾਵਜੂਦ, ਮੁਸਲਮਾਨਾਂ ਦੇ ਧਾਰਮਿਕ ਆਗੂਆਂ, ਭਾਵ ਉਲੇਮਾ, ਨੇ ਕੌਮੀ ਲਹਿਰ ਨੂੰ ਮੁਕੰਮਲ ਹਮਾਇਤ ਦੇਣ ਦਾ ਐਲਾਨ ਕੀਤਾ। ਮੌਲਾਨਾ ਸਈਦ ਮੁਹੰਮਦ ਵਰਗੇ ਉਲੇਮਾ ਨੇ ਸ਼ਰੇਆਮ ਐਲਾਨ ਕੀਤਾ ਕਿ ਹਿੰਦੁਸਤਾਨ ਦੀ ਆਜ਼ਾਦੀ ਲਈ ਲੜਨਾ ਉਸੇ ਤਰ੍ਹਾਂ ਅਹਿਮ ਅਤੇ ਪਵਿੱਤਰ ਹੈ ਜਿਵੇਂ ਨਿੱਤ ਨਵਾਜ ਪੜ੍ਹਨਾ। ਉਲੇਮਾ ਨਾਲ ਸਬੰਧਤ ਵੱਖੋ-ਵੱਖਰੀਆਂ ਜਥੇਬੰਦੀਆਂ ਅਤੇ ਸੰਸਥਾਵਾਂ ਨੇ ਕੌਮੀ ਲਹਿਰ ਦੀ ਪੂਰੀ ਹਮਾਇਤ ਕੀਤੀ ਤੇ ਇਸ ਵਿਚ ਹਿੱਸਾ ਲਿਆ ਅਤੇ ਅਵਾਮ ਨੂੰ ਬਰਤਾਨਵੀਆਂ ਦੇ ਖ਼ਿਲਾਫ਼ ਤੁਰਨ ਲਈ ਰਾਹਨੁਮਾਈ ਕੀਤੀ।[72]

1808 ਤੋਂ 1915 ਦੌਰਾਨ ਉਲੇਮਾ (ਇਸਲਾਮਿਕ ਵਿਦਵਾਨਾਂ ਨੇ) ਮੁਲਕ ਦੀ ਆਜ਼ਾਦੀ ਲਈ ਡਾਹਢੇ ਬਰਤਾਨਵੀਆਂ ਵਿਰੁੱਧ ਲੜਾਈਆਂ ਜਥੇਬੰਦ ਕੀਤੀਆਂ। ਸ਼ਾਹ ਅਬਦੁੱਲ ਅਜ਼ੀਜ਼ ਦਿੱਲਵੀ ਦੇ ਇਸ ਫ਼ਤਵੇ ਕਿ "ਸਾਡਾ ਮੁਲਕ ਗ਼ੁਲਾਮ ਹੈ। ਆਜ਼ਾਦੀ ਲਈ ਸੰਘਰਸ਼ ਕਰਨਾ ਅਤੇ ਗ਼ੁਲਾਮੀ ਦਾ ਖ਼ਾਤਮਾ ਕਰਨਾ ਸਾਡਾ ਫ਼ਰਜ਼ ਹੈ" ਨੇ ਸਾਮਰਾਜਵਾਦੀ ਤਾਕਤਾਂ ਦੇ ਵਿਰੁੱਧ ਹਥਿਆਰ ਚੁੱਕਣ ਲਈ ਉਤਸ਼ਾਹਤ ਕੀਤਾ। ਪੰਜਾਬ ਦੇ ਉਲੇਮਾ ਨੇ 1888 ਵਿਚ ਇਕ ਫ਼ਤਵਾ ਜਾਰੀ ਕੀਤਾ ਜਿਸ ਨੇ ਮੁਸਲਮਾਨਾਂ ਲਈ ਕਾਂਗਰਸ ਵਿਚ ਸ਼ਾਮਲ ਹੋਣਾ ਜ਼ਰੂਰੀ ਬਣਾ ਦਿੱਤਾ ਅਤੇ ਸਰ ਸਈਦ ਅਹਿਮਦ ਖ਼ਾਨ ਤੇ ਹੋਰਾਂ ਨਾਲ ਜੁੜਨ ਨੂੰ ਹਰਾਮ ਕਰਾਰ ਦੇ ਦਿੱਤਾ ਜੋ ਮੁਸਲਮਾਨਾਂ ਨੂੰ ਇੰਡੀਅਨ ਨੈਸ਼ਨਲ ਕਾਂਗਰਸ ਵਿਚ ਸ਼ਾਮਲ ਹੋਣ ਤੋਂ ਨਿਰਉਤਸ਼ਾਹਤ ਕਰ ਰਹੇ ਸਨ। ਉਲੇਮਾ ਬਰਤਾਨਵੀਆਂ ਦੇ ਜ਼ੁਲਮ ਦਾ ਖ਼ਾਸ ਨਿਸ਼ਾਨਾ ਬਣਦੇ ਸਨ। ਉਨ੍ਹਾਂ ਦੀਆਂ ਨਜ਼ਰਾਂ ਵਿਚ ਮੌਲਵੀ ਅਤੇ ਬਾਗ਼ੀ ਇੱਕੋ ਚੀਜ਼ ਹਨ। ਐਡਵਰਡ ਟਿਮਸ ਨੇ ਖ਼ੁਦ ਮੰਨਿਆ ਕਿ ਇਕੱਲੀ ਦਿੱਲੀ ਵਿਚ 500 ਉਲੇਮਾ ਨੂੰ ਫਾਂਸੀ ਦਿੱਤੀ ਗਈ ਸੀ। 1864 ਅਤੇ 1871 ਦਰਮਿਆਨ ਉਲੇਮਾ ਦੇ ਖ਼ਿਲਾਫ਼ "ਅੰਬਾਲਾ ਸਾਜ਼ਿਸ਼ ਮੁਕੱਦਮਾ" ਸਮੇਤ ਰਾਜਧ੍ਰੋਹ ਦੇ ਪੰਜ ਵੱਡੇ ਮੁਕੱਦਮੇ ਚੱਲੇ ਜੋ "ਵਹਾਬੀ

ਮੁਕੱਦਮੇ" ਵਜੋਂ ਜਾਣੇ ਜਾਂਦੇ ਸਨ। ਇਨ੍ਹਾਂ ਸਾਰੇ ਮੁਕੱਦਮਿਆਂ ਵਿਚ ਮੁਲਜ਼ਿਮਾਂ ਨੂੰ ਸਜ਼ਾ-ਏ-ਮੌਤ ਜਾਂ ਉਮਰ ਕੈਦ ਦੀ ਸਜ਼ਾ ਦਿੱਤੀ ਗਈ।

ਉਲੇਮਾ, ਬਰਤਾਨਵੀਆਂ ਵਿਰੁੱਧ ਪਹਿਲੀ ਜੰਗੇ-ਆਜ਼ਾਦੀ ਵਿਚ ਜਿਨ੍ਹਾਂ ਦੇ ਹੱਥਾਂ ਵਿਚ ਤਲਵਾਰਾਂ ਅਤੇ ਭਾਲੇ ਸਨ, ਨੇ ਹੁਣ ਉਨ੍ਹਾਂ ਦੀ ਥਾਂ ਕਲਮ ਅਤੇ ਜ਼ਬਾਨ ਨੂੰ ਦੇ ਦਿੱਤੀ। ਖ਼ਾਸ ਕਰਕੇ 1916 ਵਿਚ ਰੇਸ਼ਮੀ ਖ਼ਤ ਸਾਜ਼ਿਸ਼ ਦੇ ਨਾਕਾਮਯਾਬ ਰਹਿਣ ਅਤੇ 222 ਉਲੇਮਾ ਦੀ ਗ੍ਰਿਫ਼ਤਾਰੀ ਕਾਰਨ ਉਹ ਆਪਣੀ ਟਾਕਰੇ ਦੀ ਯੁੱਧਨੀਤੀ ਨੂੰ ਮੁੜ-ਉਲੀਕਣ ਲਈ ਮਜਬੂਰ ਹੋ ਗਏ। ਉਨ੍ਹਾਂ ਨੇ ਆਪਣੇ ਹਮਵਤਨਾਂ ਦੀ ਮਦਦ ਅਤੇ ਸਹਿਯੋਗ ਨਾਲ ਆਜ਼ਾਦੀ ਲਈ ਅਹਿੰਸਕ ਸੰਘਰਸ਼ ਦਾ ਰਾਹ ਚੁਣ ਲਿਆ।

ਨਵੰਬਰ 1919 'ਚ, ਸ਼ੇਖ਼ਉਲ ਹਿੰਦ ਮੌਲਾਨਾ ਮਹਿਮੂਦ ਹਸਨ ਦੀ ਅਗਵਾਈ ਹੇਠ ਉਲੇਮਾ ਨੇ ਦਿੱਲੀ ਵਿਚ ਹੋਏ ਖ਼ਿਲਾਫ਼ਤ ਸੰਮੇਲਨ ਦੇ ਮੌਕੇ 'ਤੇ ਇਕ ਨਵੀਂ ਜਥੇਬੰਦੀ, 'ਜਮਾਇਤ ਉਲੇਮਾ-ਏ-ਹਿੰਦ' ਦੀ ਸਥਾਪਨਾ ਕੀਤੀ ਗਈ। ਮੁਫ਼ਤੀ-ਏ-ਆਜ਼ਮ ਮੌਲਾਨਾ ਕਿਫ਼ਾਹਿਤਉੱਲਾ ਨੂੰ ਇਸ ਦੇ ਪਹਿਲੇ ਪ੍ਰਧਾਨ ਚੁਣਿਆ ਗਿਆ। ਜਥੇਬੰਦੀ ਦੀ ਸਥਾਪਨਾ ਉਨ੍ਹਾਂ ਦੀ ਇਨਕਲਾਬੀ ਲਹਿਰ ਵਿਚ ਇਕ ਫ਼ੈਸਲਾਕੁਨ ਮੋੜ ਸੀ।

ਬਰਤਾਨਵੀ ਸਾਮਰਾਜਵਾਦੀਆਂ ਨਾਲ ਲੜਾਈ ਵਿਚ ਅਵਾਮੀ ਹਮਾਇਤ ਹਾਸਲ ਕਰਨ ਲਈ ਸਮੇਂ-ਸਮੇਂ 'ਤੇ ਫ਼ਤਵੇ ਜਾਰੀ ਕੀਤੇ ਗਏ। 19 ਜੁਲਾਈ 1920 ਨੂੰ ਸ਼ੇਖ਼ਉਲ ਹਿੰਦ ਨੇ ਨਾਮਿਲਵਰਤਨ ਲਹਿਰ ਦੇ ਹੱਕ ਵਿਚ ਫ਼ਤਵਾ ਜਾਰੀ ਕੀਤਾ ਜਿਸ ਦੀ ਮੁੜ ਤਸਦੀਕ 500 ਉਲੇਮਾ ਵਲੋਂ ਕੀਤੀ ਗਈ। ਖ਼ਿਲਾਫ਼ਤ ਕਮੇਟੀ ਅਤੇ ਕਾਂਗਰਸ ਦੇ ਆਗੂ ਇਸ ਫ਼ਤਵੇ ਨਾਲ ਲੈਸ ਹੋਕੇ ਸਾਮਰਾਜਵਾਦ ਦੇ ਖ਼ਿਲਾਫ਼ ਸੰਘਰਸ਼ ਵਿਚ ਕੁੱਦੇ। ਕੁਝ ਹੋਰ ਜਾਰੀ ਕੀਤੇ ਗਏ ਉੱਘੇ ਫ਼ਤਵੇ ਸਨ: ਮਾਲਾਬਾਰ ਦੇ ਮੋਪਲਿਆਂ ਨੂੰ ਰਾਹਤ ਦੇ ਹੱਕ ਵਿਚ, ਵਿਧਾਨ-ਸਭਾਵਾਂ ਦਾ ਬਾਈਕਾਟ (ਦਸੰਬਰ 1922), ਮੌਲਾਨਾ ਹੁਸੈਨ ਅਹਿਮਦ ਮਦਾਈ ਦਾ ਮੁਕੰਮਲ ਆਜ਼ਾਦੀ ਦਾ ਸੱਦਾ (ਜਨਵਰੀ 1924), ਸਾਈਮਨ ਕਮਿਸ਼ਨ ਦਾ ਬਾਈਕਾਟ (ਦਸੰਬਰ 1927), ਲਖਨਊ ਵਿਖੇ ਸਰਬ-ਪਾਰਟੀ ਕਾਨਫਰੰਸ ਵਿਚ ਸ਼ਮੂਲੀਅਤ ਅਤੇ ਮੋਤੀਲਾਲ ਨਹਿਰੂ ਰਿਪੋਰਟ (1928) ਨੂੰ ਰੱਦ ਕਰਨਾ, ਕਾਂਗਰਸ ਨਾਲ ਸਹਿਯੋਗ, ਸਿਵਲ ਨਾਫ਼ਰਮਾਨੀ ਲਹਿਰ ਜਿਸ ਲਈ ਜਮਾਇਤ ਦੇ ਸਿਰਕੱਢ ਆਗੂਆਂ ਨੂੰ ਕੈਦ ਕੀਤਾ ਗਿਆ (1930)।

["ਨਹਿਰੂ ਰਿਪੋਰਟ" (ਅਗਸਤ 1928) ਇਕ ਯਾਦਪੱਤਰ ਸੀ ਜੋ ਹਿੰਦੁਸਤਾਨ ਲਈ ਨਵੇਂ ਡੁਮੀਨੀਅਨ ਸੰਵਿਧਾਨ ਦੀ ਤਜਵੀਜ਼ ਦਾ ਖ਼ਾਕਾ ਸੀ। ਇਸ ਦੀ ਇਕ ਸਿਫ਼ਾਰਸ਼ ਇਹ ਸੀ ਕਿ ਕਿਸੇ ਵੀ ਭਾਈਚਾਰੇ ਲਈ ਅਲਹਿਦਾ ਚੋਣ-ਹਲਕੇ ਨਹੀਂ ਹੋਣੇ ਚਾਹੀਦੇ। ਇੰਞ, ਇਹ ਮੁਸਲਿਮ ਲੀਗ ਨੂੰ ਰਾਸ ਨਹੀਂ ਸੀ ਆਉਂਦਾ। ਇਹ ਮੋਤੀਲਾਲ ਨਹਿਰੂ ਦੀ ਪ੍ਰਧਾਨਗੀ ਹੇਠ ਸਰਬ-ਪਾਰਟੀ ਕਾਨਫਰੰਸ ਦੀ ਇਕ ਕਮੇਟੀ ਵਲੋਂ ਤਿਆਰ ਕੀਤੀ ਗਈ ਸੀ।]

ਦਿਓਬੰਦ, ਸ਼ਾਮਲੀ ਅਤੇ ਫ਼ਿਰੰਗੀ ਮਹੱਲ ਸੰਸਥਾਵਾਂ ਦੇ ਦਾਰੁਲ ਉਲੂਮ ਉਲੇਮਾ ਨੇ ਫ਼ਤਵਾ ਜਾਰੀ ਕਰਦੇ ਹੋਏ ਕਿਹਾ ਕਿ ਕੌਮੀ ਲਹਿਰ ਵਿਚ ਸ਼ਾਮਲ ਹੋਣਾ ਸਾਰੇ ਮੁਸਲਮਾਨਾਂ ਦਾ

ਫ਼ਰਜ਼ ਹੈ। ਇਸ ਸਬੰਧ 'ਚ ਸੈਂਕੜੇ ਫ਼ਤਵਿਆਂ ਦਾ ਇਕ ਸੰਗ੍ਰਹਿ, 'ਨਸਰਤਉਲ' ਅਨੁਵਾਨ ਵਾਲੀ ਇਕ ਕਿਤਾਬ ਜਾਰੀ ਕੀਤੀ ਗਈ ਸੀ। ਮੌਲਾਨਾ ਮਹੱਮਦ ਹਸਨ ਮਦਾਨੀ, ਮੌਲਾਨਾ ਉਬੈਦਉੱਲਾ ਸਿੰਧੀ, ਮੌਲਾਨਾ ਸੈਫ਼ਉੱਲਾ, ਮੌਲਾਨਾ ਮੁਹੰਮਦ ਸ਼ਿਰੋਜੀ ਅਤੇ ਕਈ ਹੋਰ ਇਸਲਾਮ ਦੇ ਮਹਾਨ ਵਿਦਵਾਨਾਂ ਨੇ ਲੜਾਈ ਵਿੱਢੀ ਅਤੇ ਕਈ ਕਈ ਸਾਲ ਜਲਾਵਤਨੀ ਵਿਚ ਗੁਜ਼ਾਰੇ।

ਬਹੁਤ ਸਾਰੇ ਹੋਰ ਮੁਸਲਿਮ ਧਾਰਮਿਕ ਆਗੂ ਵੀ ਜਮਾਇਤ-ਉਲ-ਉਲੇਮਾ ਹਿੰਦ ਦੇ ਪਰਚਮ ਹੇਠ ਆਜ਼ਾਦੀ ਲਈ ਲੜੇ: ਜਿਵੇਂ ਮੌਲਾਨਾ ਰਸ਼ੀਦ ਅਹਿਮਦ ਗੰਗੋਬੀ, ਮੁਫ਼ਤੀ ਕਿਫ਼ਾਇਤਉੱਲਾ, ਮੌਲਾਨਾ ਲੁਫ਼ਤਉੱਲਾ, ਮੌਲਵੀ ਵਹੀਦ ਅਹਿਮਦ, ਮੌਲਾਨਾ ਉਜ਼ੈਰ ਗੁਲ, ਮੌਲਾਨਾ ਹੁਸੈਨ ਅਹਿਮਦ ਮਾਦਨੀ, ਮੌਲਾਨਾ ਸਜਾਦ ਬਿਹਾਰੀ, ਮੌਲਾਨਾ ਅਬਦੁੱਲ ਬਾਰੀ, ਮੌਲਾਨਾ ਜ਼ਫ਼ਰ ਅਲੀ ਖ਼ਾਨ, ਅਤੇ ਮੌਲਾਨਾ ਹਿਫ਼ਜ਼ੁਰ ਰਹਿਮਾਨ।

ਇੰਞ, ਆਧੁਨਿਕ ਮੀਡੀਆ ਦੇ ਇਕ ਹਿੱਸੇ ਵਿਚ ਉਨ੍ਹਾਂ ਬਾਰੇ ਜੋ ਘ੍ਰਿਣਾ ਭਰੀ ਮੁਹਿੰਮ ਚਲਾਈ ਜਾ ਰਹੀ ਹੈ ਉਸ ਨਾਲ ਉਲੇਮਾ ਵਲੋਂ ਕੀਤੇ ਨੇਕ ਕੰਮ ਨੂੰ ਮਿਟਾਇਆ ਨਹੀਂ ਜਾ ਸਕਦਾ।

ਫ਼ਰਜ਼ੀਆ ਲਹਿਰ (1804-1860)

ਇਕ ਵੱਖਰੀ ਤਰ੍ਹਾਂ ਦੀ ਟਾਕਰਾ ਲਹਿਰ ਸੀ ਫ਼ਰਜ਼ੀਆ ਲਹਿਰ। ਇਸ ਦੀ ਸਥਾਪਨਾ ਵੀ ਜ਼ਮੀਂਦਾਰਾਂ ਅਤੇ ਯੂਰਪੀ ਨੀਲ ਉਤਪਾਦਕਾਂ ਦੀ ਲੁੱਟਖਸੁੱਟ ਤੋਂ ਕਿਸਾਨਾਂ ਨੂੰ ਬਚਾਉਣ ਲਈ ਕੀਤੀ ਗਈ ਸੀ। ਵਹਾਬੀ ਲਹਿਰ ਦੀ ਸਮਕਾਲੀ ਇਹ ਲਹਿਰ ਹਾਜੀ ਸ਼ਰੀਅਤਉੱਲਾ ਵਲੋਂ ਚਲਾਈ ਗਈ ਸੀ। ਉਸ ਦੇ ਧੜੇ ਦੀ ਵਿਲੱਖਣਤਾ ਇਹ ਸੀ ਕਿ ਇਸਨੇ ਬਰਤਾਨਵੀ ਰਾਜ ਦੇ ਹੋਰ ਵਿਰੋਧੀਆਂ ਵਲੋਂ ਇਸਤੇਮਾਲ ਕੀਤੇ ਗਏ ਹਿੰਸਕ ਢੰਗਾਂ ਦਾ ਸਹਾਰਾ ਨਹੀਂ ਲਿਆ ਜਿਵੇਂ ਟੀਟੂ ਮੀਰ ਨੇ ਕੀਤਾ ਸੀ।

ਫ਼ਰਜ਼ੀਆ ਲਹਿਰ ਬੰਗਾਲ ਦੇ ਕੁਝ ਜ਼ਿਲ੍ਹਿਆਂ, ਜਿਵੇਂ ਢਾਕਾ, ਫ਼ਰੀਦਪੁਰ, ਬਕਰਗੰਜ, ਮੈਮਨਸਿੰਘ, ਟਿਪੇਰਾ (ਕੋਮਿਲਾ), ਚਿਟਗਾਂਗ ਅਤੇ ਨਾਓਖਲੀ ਅਤੇ ਇਸੇ ਤਰ੍ਹਾਂ ਅਸਾਮ ਸੂਬੇ ਵਿਚ ਤੇਜ਼ੀ ਨਾਲ ਫ਼ੈਲ ਗਈ। ਸ਼ਰੀਅਤਉੱਲਾ ਨੇ ਕਿਸਾਨਾਂ ਦੀ ਲੁੱਟਖਸੁੱਟ ਦਾ ਵਿਰੋਧ ਕੀਤਾ ਅਤੇ ਆਪਣੇ ਪੈਰੋਕਾਰਾਂ ਨੂੰ ਉਹ ਗ਼ੈਰਕਾਨੂੰਨੀ ਕਰ ਨਾ ਦੇਣ ਦਾ ਹੁਕਮ ਦਿੱਤਾ ਜੋ ਭੋਂਇਪਤੀਆਂ ਵਲੋਂ ਵਸੂਲੇ ਜਾਂਦੇ ਸਨ। ਇਸ ਤੋਂ ਪ੍ਰੇਸ਼ਾਨ ਭੋਂਇਪਤੀਆਂ ਨੇ ਬਰਤਾਨਵੀ ਅਧਿਕਾਰੀਆਂ ਨਾਲ ਮਿਲਕੇ ਪ੍ਰਚਾਰ ਮੁਹਿੰਮ ਵਿੱਢ ਦਿੱਤੀ। ਫ਼ਰੀਦਪੁਰ ਵਿਚ ਜ਼ਰੱਈ ਗੜਬੜ ਕਰਾਉਣ ਦੇ ਇਲਜ਼ਾਮਾਂ ਤਹਿਤ ਸ਼ਰੀਅਤਉੱਲਾ ਨੂੰ ਕਈ ਵਾਰ ਹਿਰਾਸਤ ਵਿਚ ਲਿਆ ਗਿਆ। ਸ਼ਰੀਅਤਉੱਲਾ 1840 ਵਿਚ ਪ੍ਰਾਣ ਤਿਆਗ ਗਏ, ਪਰ ਉਨ੍ਹਾਂ ਦਾ ਕੰਮ ਉਨ੍ਹਾਂ ਦੇ ਫ਼ਰਜ਼ੰਦ ਦੂਦੂ ਮੀਆਂ ਨੇ ਜਾਰੀ ਰੱਖਿਆ।

ਯੂਰਪੀ ਨੀਲ ਉਤਪਾਦਕਾਂ ਦੇ ਲਗਾਤਾਰ ਵਿਰੋਧ ਜ਼ਰੀਏ, ਲਹਿਰ ਸਹਿਜੇ-ਸਹਿਜੇ ਇਕ ਸਮਾਜੀ-ਆਰਥਕ ਪ੍ਰੋਗਰਾਮ ਵਿਚ ਵਿਕਸਤ ਹੋ ਗਈ। ਦੂਦੂ ਨੇ ਦੱਬੀਕੁਚਲੀ ਕਿਸਾਨੀ ਨੂੰ

ਜਾਬਰ ਭੋਂਇਪਤੀਆਂ ਦੇ ਵਿਰੁੱਧ ਜਥੇਬੰਦ ਕੀਤਾ ਅਤੇ ਅੰਗਰੇਜ਼ ਹਕੂਮਤ ਦੇ ਵਿਰੁੱਧ ਜਿਹਾਦ ਦਾ ਐਲਾਨ ਕਰ ਦਿੱਤਾ। 1860 'ਚ ਉਸ ਦੀ ਮੌਤ ਤੋਂ ਬਾਅਦ, ਫ਼ਰਜ਼ੀਆ ਲਹਿਰ ਦੂਦੂ ਮੀਆਂ ਦੇ ਫ਼ਰਜ਼ੰਦ ਨੋਆ ਮੀਆਂ ਦੀ ਅਗਵਾਈ ਹੇਠ ਜਾਰੀ ਰਹੀ, ਪਰ ਲਹਿਰ ਵਿਚ ਪਹਿਲੇ ਸਾਲਾਂ ਵਾਲਾ ਜਜ਼ਬਾ ਨਹੀਂ ਸੀ। ਫ਼ਰਜ਼ੀਆ ਲਹਿਰ ਕਈ ਕਾਰਨਾਂ ਕਰਕੇ ਅਹਿਮ ਸੀ: ਇਸ ਨੇ ਮੁਸਲਿਮ ਕਿਸਾਨਾਂ ਨੂੰ ਉਸ ਵਕਤ ਹੌਸਲਾ ਅਤੇ ਤਾਕਤ ਦਿੱਤੀ ਜਦੋਂ ਉਹ ਬਰਤਾਨਵੀਆਂ ਦੇ ਦਾਬੇ ਹੇਠ ਮਾਯੂਸੀ ਵਿਚ ਘਿਰੇ ਹੋਏ ਸਨ। ਉਹ ਆਪਣੇ ਹੱਕਾਂ ਬਾਰੇ ਵੀ ਵਧੇਰੇ ਜਾਗਰੂਕ ਹੋਏ ਅਤੇ ਉਨ੍ਹਾਂ ਵਿਚ ਸਿਆਸੀ ਏਕਤਾ ਵਿਕਸਤ ਹੋਣੀ ਸ਼ੁਰੂ ਹੋ ਗਈ।

ਮੌਲਵੀ ਲਿਆਕਤ ਅਲੀ ਅਲਾਹਾਬਾਦੀ (1817–1892), ਜਿਸ ਨੂੰ ਹਕੂਮਤ ਵਿਰੋਧੀ ਸਰਗਰਮੀਆਂ ਦੇ ਇਲਜ਼ਾਮ 'ਚ ਫ਼ੌਜ ਵਿੱਚੋਂ ਬਰਖ਼ਾਸਤ ਕਰ ਦਿੱਤਾ ਗਿਆ ਸੀ, ਨੂੰ ਪੋਰਟ ਬਲੇਅਰ ਦੀ ਬਦਨਾਮ ਸੈਲੂਲਰ ਜੇਲ੍ਹ ਵਿਚ ਕੈਦ ਕੀਤਾ ਗਿਆ ਜਿਥੇ ਉਸਨੇ ਆਪਣੇ ਆਖ਼ਰੀ ਸਵਾਸ ਲਏ। ਮੌਲਾਨਾ ਮਹਿਮੂਦ ਉਲ ਹਸਨ ਜਿਸਨੇ 1878 ਵਿਚ 'ਜਮਾਇਤ-ਅਲ-ਅੰਸਾਰ' ਦੀ ਨੀਂਹ ਰੱਖੀ ਸੀ, ਦੀ ਭੂਮਿਕਾ ਨੂੰ ਵੀ ਭੁਲਾਇਆ ਨਹੀਂ ਜਾ ਸਕਦਾ।

ਰੇਸ਼ਮੀ ਰੁਮਾਲ ਲਹਿਰ

ਹਿੰਦੁਸਤਾਨ ਨੂੰ ਬਰਤਾਨਵੀ ਰਾਜ ਤੋਂ ਆਜ਼ਾਦ ਕਰਾਉਣ ਦੇ ਨਿਸ਼ਾਨੇ ਵਾਲੀ ਰੇਸ਼ਮੀ ਰੁਮਾਲ ਲਹਿਰ ਇਕ ਹਿੰਦੁਸਤਾਨੀ ਹਥਿਆਰਬੰਦ ਲਹਿਰ ਸੀ ਜਿਸਨੇ 20ਵੀਂ ਸਦੀ ਦੇ ਮੁੱਢ ਵਿਚ ਬਰਤਾਨਵੀ ਸਲਤਨਤ ਵਿਰੁੱਧ ਜੰਗ ਛੇੜਨ ਦੀ ਯੋਜਨਾ ਬਣਾਈ। ਹਥਿਆਰਬੰਦ ਲਹਿਰ ਹੋਣ ਕਾਰਨ ਇਸ ਨੂੰ ਹਥਿਆਰਾਂ ਅਤੇ ਗੋਲੀਸਿੱਕੇ ਦੀ ਲੋੜ ਸੀ। ਵੱਡੀ ਤਾਦਾਦ 'ਚ ਨੌਜਵਾਨ ਅਤੇ ਵਿਦਿਆਰਥੀ ਇਸ ਲਹਿਰ ਵਿਚ ਸ਼ਾਮਲ ਹੋਏ।

ਤਹਿਰੀਕ-ਏ-ਰੇਸ਼ਮੀ ਰੁਮਾਲ (ਰੇਸ਼ਮੀ ਖ਼ਤ ਲਹਿਰ) 1913 ਤੋਂ 1920 ਦਰਮਿਆਨ ਜਥੇਬੰਦ ਕੀਤੀ ਗਈ ਸੀ। ਇਕ ਦਿਓਬੰਦੀ ਆਗੂ ਮੌਲਾਨਾ ਉਬੈਦਉੱਲਾ ਸਿੰਧੀ, ਜੋ ਓਦੋਂ ਅਫ਼ਗਾਨਿਸਤਾਨ ਵਿਚ ਸੀ, ਕੋਲੋਂ ਪੁਲਿਸ ਨੂੰ ਮਿਲੇ ਖ਼ਤਾਂ ਤੋਂ ਇਹ ਸਾਜ਼ਿਸ਼ ਸਾਹਮਣੇ ਆਈ ਜੋ ਇਕ ਹੋਰ ਆਗੂ ਮੌਲਾਨਾ ਮਹਿਮੂਦ ਅਲ ਹਸਨ ਨੂੰ ਲਿਖੇ ਗਏ ਸਨ ਜੋ ਓਦੋਂ ਈਰਾਨ ਵਿਚ ਸੀ। ਖ਼ਤ ਰੇਸ਼ਮੀ ਕੱਪੜੇ ਉੱਪਰ ਲਿਖੇ ਹੋਏ ਸਨ, ਇਸ ਲਈ ਲਹਿਰ ਇਸ ਨਾਂ ਨਾਲ ਮਸ਼ਹੂਰ ਹੋਈ।[73]

ਪਹਿਲੀ ਆਲਮੀ ਜੰਗ ਸ਼ੁਰੂ ਹੋਣ 'ਤੇ, ਹਿੰਦੁਸਤਾਨ ਦੀ ਕਬਾਇਲੀ ਪੱਟੀ ਵਿਚ ਮੁਸਲਿਮ ਬਗ਼ਾਵਤ ਸ਼ੁਰੂ ਕਰਨ ਦੀਆਂ ਯੋਜਨਾਵਾਂ ਤਹਿਤ ਉਬੈਦਉੱਲਾ ਅਤੇ ਹਸਨ ਨੇ ਅਕਤੂਬਰ 1915 'ਚ ਕਾਬੁਲ ਨੂੰ ਚਾਲੇ ਪਾਏ ਸਨ। ਇਸ ਮਨੋਰਥ ਲਈ, ਉਬੈਦਉੱਲਾ ਅਫ਼ਗਾਨਿਸਤਾਨ ਦੇ ਅਮੀਰ ਕੋਲ ਬਰਤਾਨੀਆ ਵਿਰੁੱਧ ਜੰਗ ਦਾ ਐਲਾਨ ਕਰਨ ਦੀ ਤਜਵੀਜ਼ ਲੈ ਕੇ ਗਿਆ ਸੀ ਜਦੋਂਕਿ ਮਹਿਮੂਦ ਅਲ ਹਸਨ ਨੇ ਜਰਮਨ ਅਤੇ ਤੁਰਕੀ ਦੀ ਮਦਦ ਲੈਣ ਦੇ ਯਤਨ ਕੀਤੇ।[74] ਮਿਸ਼ਨ ਦਾ ਫ਼ੌਰੀ ਨਿਸ਼ਾਨਾ ਅਮੀਰ ਨੂੰ ਬਰਤਾਨਵੀ ਹਿੰਦੁਸਤਾਨ ਦੇ ਖ਼ਿਲਾਫ਼ ਖੜ੍ਹਾ ਕਰਨਾ, ਅਤੇ ਅਫ਼ਗਾਨਿਸਤਾਨ ਸਰਕਾਰ ਤੋਂ ਬੇਰੋਕ-ਟੋਕ ਲਾਂਘੇ ਦੀ ਇਜਾਜ਼ਤ ਹਾਸਲ ਕਰਨਾ ਸੀ।[75] ਪਰ

ਯੋਜਨਾ ਦਾ ਭੇਤ ਖੁੱਲ੍ਹ ਜਾਣ 'ਤੇ, ਚੋਟੀ ਦੇ ਦਿਓਬੰਦੀ ਆਗੂ ਗ੍ਰਿਫ਼ਤਾਰ ਕਰ ਲਏ ਗਏ – ਹਜ਼ਰਤ ਮਹਿਮੂਦ ਉਲ-ਹਸਨ ਨੂੰ ਮੱਕਾ ਤੋਂ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਸ ਨੂੰ ਤੇ ਹਜ਼ਰਤ ਹੁਸੈਨ ਅਹਿਮਦ ਮਾਦਨੀ ਨੂੰ ਮਾਲਟਾ ਜਲਾਵਤਨ ਕਰ ਦਿੱਤਾ ਗਿਆ, ਜਿੱਥੋਂ ਤਪਦਿਕ ਦੀ ਬੀਮਾਰੀ ਕਾਰਨ ਉਸ ਨੂੰ ਰਿਹਾਅ ਕਰ ਦਿੱਤਾ ਗਿਆ।

ਉਸ ਲਹਿਰ ਦੇ ਅਹਿਮ ਆਗੂ ਸਨ ਮੌਲਾਨਾ ਹੁਸੈਨ ਅਹਿਮਦ ਮਾਦਨੀ, ਮੌਲਾਨਾ ਸ਼ਾਹ ਰਹੀਮ ਰਾਏਪੁਰੀ, ਮੌਲਾਨਾ ਉਬੈਦਉੱਲਾ ਸਿੰਧੀ, ਖਾੜਾ ਤੋਂ ਮੌਲਾਨਾ ਮਹਿਮੂਦ ਸਾਦਿਕ ਅਤੇ ਮੌਲਾਨਾ ਮੁਹੰਮਦ ਮੀਆਂ ਮਨਸੂਰ ਅੰਸਾਰੀ।

ਜਨਵਰੀ 2013 'ਚ ਹਿੰਦੁਸਤਾਨ ਦੇ ਰਾਸ਼ਟਰਪਤੀ ਪ੍ਰਣਾਬ ਮੁਖਰਜੀ ਵਲੋਂ ਹਿੰਦੁਸਤਾਨ ਦੀ ਆਜ਼ਾਦੀ ਦੀ ਲਹਿਰ ਲਈ ਇਨ੍ਹਾਂ ਗਰੁੱਪਾਂ ਦੀਆਂ ਕੁਰਬਾਨੀਆਂ ਨੂੰ ਮਾਨਤਾ ਦਿੰਦਿਆਂ ਅਤੇ ਇਨ੍ਹਾਂ ਦੀ ਕਦਰ ਕਰਦਿਆਂ ਰੇਸ਼ਮੀ ਖ਼ਤ ਲਹਿਰ ਦੀ ਯਾਦ ਵਿਚ ਡਾਕ ਟਿਕਟ ਜਾਰੀ ਕੀਤੀ ਗਈ।[76]

ਖ਼ੁਦਾ-ਏ-ਖ਼ਿਦਮਤਗਾਰ ਲਹਿਰ

1929 'ਚ ਹਿੰਦੁਸਤਾਨ ਦੇ ਉੱਤਰ-ਪੱਛਮੀ ਸਰਹੱਦੀ ਸੂਬੇ ਵਿਚ ਬਰਤਾਨਵੀਆਂ ਦਾ ਵਿਰੋਧ ਕਰਨ ਲਈ ਖ਼ਾਨ ਅਬਦੁੱਲ ਗ਼ਫ਼ਾਰ ਖ਼ਾਨ ਦੀ ਅਗਵਾਈ ਹੇਠ ਅਹਿੰਸਕ ਰੂਪ 'ਚ ਖ਼ੁਦਾ-ਏ-ਖ਼ਿਦਮਤਗਰ ਲਹਿਰ ਲਾਮਬੰਦ ਕੀਤੀ ਗਈ। ਗ਼ਫ਼ਾਰ ਖ਼ਾਨ ਅਤੇ ਖ਼ੁਦਾ-ਏ-ਖ਼ਿਦਮਤਗਰ ਲਹਿਰ ਨੇ ਹਜ਼ਾਰਾਂ ਪਸ਼ਤੂਨਾਂ (ਜਿਨ੍ਹਾਂ ਨੂੰ ਪਠਾਣ ਵੀ ਕਿਹਾ ਜਾਂਦਾ ਹੈ), ਜੋ ਜ਼ਬਰਦਸਤ ਯੋਧੇ ਸਨ, ਨੂੰ ਅਤੇ ਹੋਰਾਂ ਨੂੰ ਹਥਿਆਰ ਸੁੱਟਣ ਅਤੇ ਬਰਤਾਨਵੀ ਰਾਜ ਨੂੰ ਲਲਕਾਰਨ ਲਈ ਅਵਾਮੀ ਵਿਰੋਧ ਇਸਤੇਮਾਲ ਕਰਨ ਲਈ ਪ੍ਰੇਰਿਆ।

ਗ਼ਫ਼ਾਰ ਖ਼ਾਨ (1890– 20 ਜਨਵਰੀ 1988), ਜੋ ਬਾਦਸ਼ਾਹ ਖ਼ਾਨ ਅਤੇ "ਸਰਹੱਦੀ ਗਾਂਧੀ" ਵਜੋਂ ਵੀ ਜਾਣੇ ਜਾਂਦੇ ਹਨ, ਨੇ ਦੁਨੀਆ ਦੀ ਪਹਿਲੀ ਅਹਿੰਸਕ ਫ਼ੌਜ ਤਿਆਰ ਕੀਤੀ, ਜੋ ਸ਼ਾਇਦ ਇਕ ਲੱਖ ਪਠਾਣਾਂ ਨੂੰ ਲੈ ਕੇ ਬਣੀ ਤਾਕਤ ਸੀ।[77] ਲਹਿਰ ਦੇ ਮੈਂਬਰ ਆਪਣੀ ਲਾਲ ਵਰਦੀ ਕਾਰਨ "ਲਾਲ ਕੁੜਤੀ" ਵਜੋਂ ਮਸ਼ਹੂਰ ਸਨ। ਲਾਲ ਕੁੜਤੀਆਂ ਦਾ ਜਲੌਅ 1930 'ਚ ਸਿਵਲ ਨਾਫ਼ੁਰਮਾਨੀ ਲਹਿਰ ਦੌਰਾਨ ਉੱਭਰਿਆ।

ਉਨ੍ਹਾਂ ਦੀ ਲਾਮਬੰਦੀ ਪ੍ਰਤੀ ਬਰਤਾਨਵੀ ਪ੍ਰਤੀਕਰਮ ਇਹ ਸੀ ਕਿ ਅਗਸਤ 1930 ਤੋਂ ਲੈ ਕੇ ਅਗਲੇ ਸਾਲ ਜਨਵਰੀ ਤਕ ਪੂਰੇ ਉੱਤਰ-ਪੱਛਮੀ ਸਰਹੱਦ ਸੂਬੇ ਉੱਪਰ ਮਾਰਸ਼ਲ ਲਾਅ ਲਾਗੂ ਰੱਖਿਆ ਗਿਆ। ਬਰਤਾਨਵੀ ਪੁਲਿਸ ਵਲੋਂ ਕੀਤੀ ਗੋਲੀਬਾਰੀ ਵਿਚ ਪਿਸ਼ਾਵਰ ਦੇ ਖੀਸਾ ਖ਼ਾਨੀ ਬਜ਼ਾਰ ਵਿਚ ਸੈਂਕੜੇ ਪਠਾਣ ਸ਼ਹੀਦ ਹੋਏ। ਉਸੇ ਸਾਲ ਦਸੰਬਰ ਵਿਚ ਗ਼ਫ਼ਾਰ ਖ਼ਾਨ ਨੂੰ ਰਾਜਧ੍ਰੋਹ ਅਤੇ ਭੜਕਾਊ ਤਕਰੀਰ ਕਰਨ ਦੇ ਇਲਜ਼ਾਮ 'ਚ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਦੋ ਸਾਲ ਕੈਦ ਦੀ ਸਜ਼ਾ ਸੁਣਾਈ ਗਈ। ਲਹਿਰ ਆਪਣੇ ਬਹੁਤ ਸਾਰੇ ਸਿਆਸੀ ਟੀਚੇ ਹਾਸਲ ਕਰਨ ਵਿਚ ਕਾਮਯਾਬ ਰਹੀ ਜਿਵੇਂ ਪਸ਼ਤੂਨ ਖ਼ੁਦਮੁਖਤਿਆਰੀ ਵਿਚ ਵਾਧਾ ਅਤੇ ਪਸ਼ਤੂਨ ਪਛਾਣ ਲਈ ਰਿਆਇਤਾਂ।[78]

ਖ਼ਾਕਸਾਰ ਤਹਿਰੀਕ

ਲਾਹੌਰ ਅਧਾਰਤ ਖ਼ਾਕਸਾਰ ਤਹਿਰੀਕ ਹਿੰਦੁਸਤਾਨ ਨੂੰ ਬਰਤਾਨਵੀ ਸਲਤਨਤ ਦੀ ਜਕੜ 'ਚੋਂ ਆਜ਼ਾਦ ਕਰਾਉਣ ਅਤੇ ਹਿੰਦੁਸਤਾਨ ਦੇ ਗ਼ਰੀਬ ਆਵਾਮ ਦੀ ਹਾਲਤ ਵਿਚ ਸੁਧਾਰ ਲਿਆਉਣ ਦੇ ਮਨੋਰਥ ਨਾਲ 1930 'ਚ ਅਲਾਮਾ ਮਸ਼ਰਿਕੀ ਵਲੋਂ ਸਥਾਪਤ ਕੀਤੀ ਗਈ ਸੀ।[79] ਤਹਿਰੀਕ ਹਿੰਦੁਸਤਾਨ ਨੂੰ ਬਦੇਸ਼ੀ ਰਾਜ ਤੋਂ ਆਜ਼ਾਦ ਕਰਾਉਣ ਅਤੇ ਅਵਾਮ ਦੀ ਤਰੱਕੀ ਲਈ ਬਣਾਈ ਗਈ ਸੀ। ਜਾਤ, ਰੰਗ, ਮੱਤ ਜਾਂ ਧਰਮ ਤੋਂ ਉੱਪਰ ਹੋਣ ਕਾਰਨ ਇਸ ਦੇ ਦਰਵਾਜ਼ੇ ਹਰ ਕਿਸੇ ਲਈ ਖੁੱਲ੍ਹੇ ਸਨ। ਸਾਰੇ ਖ਼ਾਕਸਾਰਾਂ ਨੂੰ ਆਪਣੇ ਖ਼ਰਚੇ ਆਪ ਕਰਨੇ ਪੈਂਦੇ ਸਨ ਅਤੇ ਕਾਜ ਲਈ ਵਕਤ ਦੇਣਾ ਪੈਂਦਾ ਸੀ। ਇਸ ਨਾਲ ਸਵੈ-ਨਿਰਭਰਤਾ ਦੀ ਭਾਵਨਾ ਵਿਕਸਤ ਹੋਈ।

ਸਾਰੇ ਖ਼ਾਕਸਾਰ ਇਕੋ ਹੀ ਖ਼ਾਕੀ ਵਰਦੀ ਪਾਉਂਦੇ ਸਨ ਜਿਨ੍ਹਾਂ ਦੀਆਂ ਕਮੀਜ਼ਾਂ ਦੀਆਂ ਬਾਹਵਾਂ ਉੱਪਰ "ਅਖ਼ੂਵਤ" (ਭਰੱਪਣ) ਲਫ਼ਜ਼ ਲਿਖਿਆ ਹੁੰਦਾ ਸੀ। ਉਨ੍ਹਾਂ ਦੇ ਹੱਥਾਂ ਵਿਚ ਬੇਲਚਾ ਹੁੰਦਾ ਸੀ। ਉਨ੍ਹਾਂ ਦੀਆਂ ਵਰਦੀਆਂ ਦਾ ਖ਼ਾਕੀ ਰੰਗ ਇਸ ਕਰਕੇ ਚੁਣਿਆ ਗਿਆ ਸੀ ਕਿਉਂਕਿ ਇਹ ਮਿੱਟੀ ਦੇ ਰੰਗ ਨਾਲ ਮਿਲਦਾ ਸੀ। ਖ਼ਾਕਸਾਰ ਦਾ ਮਾਇਨਾ "ਹਲੀਮੀ ਵਾਲਾ ਇਨਸਾਨ" ਵੀ ਹੈ। ਜਿਵੇਂ ਬੇਲਚਾ ਜ਼ਮੀਨ ਨੂੰ ਪੱਧਰੀ ਕਰਨ ਲਈ ਇਸਤੇਮਾਲ ਕੀਤਾ ਜਾਂਦਾ ਹੈ, ਖ਼ਾਕਸਾਰ ਇਸ ਚਿੰਨ੍ਹ ਦਾ ਇਸਤੇਮਾਲ ਸਮਾਜ ਵਿਚ "ਸਾਵਾਂਪਣ" ਲਿਆਉਣ ਲਈ ਕਰਦੇ ਸਨ। ਸਭ ਤੋਂ ਅਹਿਮ ਗੱਲ ਇਹ ਸੀ ਕਿ ਖ਼ਾਕੀ ਵਰਦੀ ਅਤੇ ਬੇਲਚੇ ਨੇ ਅਮੀਰ ਅਤੇ ਗ਼ਰੀਬ ਦਰਮਿਆਨ ਪਾੜੇ ਨੂੰ ਦੂਰ ਕਰਨ ਵਿਚ ਮਦਦ ਕੀਤੀ। ਵਰਦੀ ਦਾ ਇਹ ਜ਼ਾਬਤਾ ਅਵਾਮ ਦੇ ਆਰਥਕ ਜਾਂ ਸਮਾਜੀ ਪਿਛੋਕੜ ਨੂੰ ਦਰਕਿਨਾਰ ਕਰਦੇ ਹੋਏ ਉਨ੍ਹਾਂ ਵਿਚ ਬਰਾਬਰੀ ਲਿਆਉਣ ਲਈ ਬਣਾਇਆ ਗਿਆ ਸੀ।[80]

1934 ਵਿਚ, ਮਸ਼ਰਿਕੀ ਨੇ ਖ਼ਾਕਸਾਰ ਲਹਿਰ ਲਈ ਹਫ਼ਤਾਵਾਰ ਅਖ਼ਬਾਰ *ਅਲ-ਇਸਲਾਹ* ਦੀ ਸਥਾਪਨਾ ਕੀਤੀ ਸੀ। ਦੂਜੀ ਆਲਮੀ ਜੰਗ ਛਿੜਨ ਤੋਂ ਬਾਦ 4 ਅਕਤੂਬਰ 1939 ਨੂੰ ਮਸ਼ਰਿਕੀ ਨੇ, ਜੋ ਓਦੋਂ ਲਖਨਊ ਜੇਲ੍ਹ ਵਿਚ ਬੰਦ ਸੀ, ਜੰਗ ਦੀ ਮਦਦ ਲਈ ਆਪਣੀ ਜਥੇਬੰਦੀ ਦਾ ਵਧਾਰਾ-ਪਸਾਰਾ ਕਰਨ ਦੀ ਪੇਸ਼ਕਸ਼ ਕੀਤੀ। ਉਸਨੇ ਹਿੰਦੁਸਤਾਨ ਦੀ ਅੰਦਰੂਨੀ ਸੁਰੱਖਿਆ ਲਈ ਬਾਜ਼ਾਬਤਾ 30,000 ਸਿਪਾਹੀ, ਪੁਲਿਸ ਲਈ 10,000 ਅਤੇ ਤੁਰਕੀ ਲਈ ਜਾਂ ਯੂਰਪੀ ਜ਼ਮੀਨ ਉੱਪਰ ਲੜਨ ਲਈ 10,000 ਸਿਪਾਹੀ ਦੇਣ ਦੀ ਪੇਸ਼ਕਸ਼ ਕੀਤੀ। ਉਸ ਦੀ ਪੇਸ਼ਕਸ਼ ਮੰਨੀ ਨਹੀਂ ਗਈ।[81]

ਜਿਨ੍ਹਾਂ ਸੰਪਾਦਕਾਂ ਨੇ ਆਪਣੀਆਂ ਜਾਨਾਂ ਵਾਰੀਆਂ

ਬਹੁਤ ਸਾਰੇ ਅਖ਼ਬਾਰਾਂ ਅਤੇ ਉਨ੍ਹਾਂ ਦੇ ਸੰਪਾਦਕਾਂ ਨੇ ਆਜ਼ਾਦੀ ਦੇ ਸੰਘਰਸ਼ਾਂ ਵਿਚ ਬਰਾਬਰ ਯੋਗਦਾਨ ਪਾਇਆ। ਦਿੱਲੀ ਦਾ ਬਾਸ਼ਿੰਦਾ ਅਤੇ 'ਦਿੱਲੀ ਅਖ਼ਬਾਰ' ਦਾ ਸੰਪਾਦਕ

ਮੁਹੰਮਦ ਬਖ਼ਰ ਬਹੁਤ ਸਾਰੇ ਸੰਪਾਦਕਾਂ ਵਿੱਚੋਂ ਇਕ ਸੀ ਜੋ ਆਪਣੀ ਬੇਕਿਰਕੀ ਲਈ ਬਦਨਾਮ ਸੀ। ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ, ਇਕ ਹਫ਼ਤਾ ਹਿਰਾਸਤ ਵਿਚ ਰੱਖਿਆ ਗਿਆ ਅਤੇ ਫਿਰ ਬਰਤਾਨਵੀਆਂ ਵਿਰੁੱਧ ਲੇਖ ਲਿਖਣ ਤੇ ਇਨ੍ਹਾਂ ਜ਼ਰੀਏ 1857 ਵਿਚ ਹਿੰਦੁਸਤਾਨੀਆਂ ਨੂੰ ਬਦੇਸ਼ੀ ਰਾਜ ਵਿਰੁੱਧ ਬਗ਼ਾਵਤ ਲਈ ਪ੍ਰੇਰਤ ਕਰਨ ਬਦਲੇ ਗੋਲੀ ਮਾਰਕੇ ਮਾਰ ਦਿੱਤਾ ਗਿਆ। ਉਹ ਸ਼ਹੀਦ ਹੋਣ ਵਾਲਾ ਪਹਿਲਾ ਹਿੰਦੁਸਤਾਨੀ ਪੱਤਰਕਾਰ ਸੀ।[82]

ਉਸ ਤੋਂ ਬਾਅਦ, ਸ਼ੋਇਬਉੱਲਾ ਖ਼ਾਨ, ਜੋ ਹੈਦਰਾਬਾਦ ਤੋਂ ਪ੍ਰਕਾਸ਼ਤ ਹੁੰਦੇ ਉਰਦੂ ਰਸਾਲੇ 'ਇਮਰੋਜ' ਦਾ ਸੰਪਾਦਕ ਸੀ, ਨੂੰ ਰਜਾਕਾਰਾਂ ਵਲੋਂ ਮਾਰ ਦਿੱਤਾ ਗਿਆ। ਹਿੰਦੂ-ਮੁਸਲਿਮ ਏਕਤਾ ਦਾ ਦੂਤ ਸ਼ੋਇਬ ਨਿਜ਼ਾਮ ਦੀ ਨੀਤੀ ਅਤੇ ਰਜਾਕਾਰਾਂ ਦੇ ਜ਼ੁਲਮਾਂ ਦੀ ਤਿੱਖੀ ਨੁਕਤਾਚੀਨੀ ਕਰਦਾ ਸੀ। ਸ਼ੋਇਬਉੱਲਾ ਵਲੋਂ ਚਲਾਏ ਜਾਂਦੇ ਬੌਧਿਕ ਧਰਮਯੁੱਧ ਤੋਂ ਖ਼ਫ਼ਾ ਹੋਏ ਰਜਾਕਾਰਾਂ ਨੇ 1948 ਵਿਚ ਉਸ ਨੂੰ ਓਦੋਂ ਬੇਰਹਿਮੀ ਨਾਲ ਕਤਲ ਕਰ ਦਿੱਤਾ ਜਦੋਂ ਉਹ ਆਪਣੇ ਦਫ਼ਤਰ ਤੋਂ ਘਰ ਵਾਪਸ ਜਾ ਰਿਹਾ ਸੀ। ਇਨ੍ਹਾਂ ਸੰਪਾਦਕਾਂ ਨੇ ਆਪਣੀ ਕੌਮੀ ਵਚਨਬੱਧਤਾ ਅਤੇ ਮੁਲਕ ਦੇ ਕਾਜ ਲਈ ਆਪਣੀਆਂ ਜਾਨਾਂ ਵਾਰੀਆਂ।

ਸਰ ਸਈਦ ਅਹਿਮਦ ਵਰਗੇ ਸਾਹਿਤਕਾਰਾਂ ਅਤੇ ਹਸਰਤ ਮੋਹਾਨੀ ਵਰਗੇ ਕਵੀਆਂ ਨੇ ਆਪਣੀਆਂ ਉਸਾਰੂ ਰਚਨਾਵਾਂ ਨਾਲ ਬਸਤੀਵਾਦ ਵਿਰੋਧੀ ਲਹਿਰ ਦਾ ਪੈਗ਼ਾਮ ਦੂਰ-ਦੂਰ ਤਕ ਫੈਲਾਇਆ। ਸਰ ਸਈਦ ਅਹਿਮਦ ਖ਼ਾਨ ਨੇ 'ਅਸਬਾਬ ਬਗ਼ਾਵਤ-ਏ-ਹਿੰਦ'[83] ਸਿਰਲੇਖ ਹੇਠ ਇਕ ਕਿਤਾਬ ਛਪਵਾਈ ਜਿਸ ਵਿਚ ਉਸਨੇ 1857 ਦੇ ਗ਼ਦਰ ਦਾ ਸਿੱਧਾ ਇਲਜ਼ਾਮ ਬਰਤਾਨਵੀ ਹੁਕਮਰਾਨਾਂ ਉੱਪਰ ਲਗਾਇਆ। ਮੌਲਾਨਾ ਹਸਰਤ ਮੋਹਾਨੀ ਨੇ ਆਪਣੀਆਂ ਕਵਿਤਾਵਾਂ ਅਤੇ ਲੇਖਾਂ ਨਾਲ ਨੌਜਵਾਨ ਦਿਲਾਂ ਵਿਚ ਆਜ਼ਾਦੀ ਦਾ ਜੋਸ਼ ਭਰਿਆ। ਉਸਦਾ ਉਰਦੂ ਰਸਾਲਾ "ਉਰਦੂ-ਏ-ਮੋਅੱਲਾ" ਭਾਵੇਂ ਇਕ ਸਾਹਿਤਕ ਅਰਸਾਵਾਰ ਰਸਾਲਾ ਸੀ, ਪਰ ਇਸ ਦੀ ਸੰਪਾਦਕੀ ਅਤੇ ਬਰਤਾਨਵੀ ਨੀਤੀਆਂ ਦਾ ਤਿੱਖਾ ਵਿਸ਼ਲੇਸ਼ਣ ਬਸਤੀਵਾਦੀ ਸਥਾਪਤੀ ਨੂੰ ਕ੍ਰੋਧਤ ਕਰਨ ਵਾਲਾ ਸੀ ਜੋ ਮੌਲਾਨਾ ਹਸਰਤ ਮੋਹਾਨੀ ਨੂੰ "ਇਕ ਖ਼ਤਰਨਾਕ ਦੁਸ਼ਮਣ"[84] ਸਮਝਦੀ ਸੀ। ਉਹ 'ਰੇਸ਼ਮੀ ਖ਼ਤ ਸਾਜ਼ਿਸ਼' ਅਤੇ 'ਕਾਕੋਰੀ ਮਾਮਲਾ' ਸਮੇਤ ਹਕੂਮਤ ਵਿਰੋਧੀ ਸਰਗਰਮੀਆਂ ਵਿਚ ਉਸ ਦੀ ਸ਼ਮੂਲੀਅਤ ਤੋਂ ਭੈਭੀਤ ਸਨ।

ਮੁਸਲਿਮ ਇਨਕਲਾਬੀਆਂ, ਸ਼ਾਇਰਾਂ ਅਤੇ ਵਾਰਤਕ ਲੇਖਕਾਂ ਦੇ ਯੋਗਦਾਨ ਦੀ ਅੱਜ ਕੋਈ ਜਾਣਕਾਰੀ ਨਹੀਂ ਮਿਲਦੀ। ਇਸ ਦਾ ਓੜਕ ਸਿੱਟਾ ਇਕ ਡੂੰਘੇ ਖੱਪੇ, ਹਿੰਦੁਸਤਾਨ ਦੇ ਮੁਸਲਮਾਨਾਂ ਅਤੇ ਹਿੰਦੂਆਂ ਦਰਮਿਆਨ ਖੱਪੇ ਦਾ ਹੋਰ ਵਧਦੇ ਜਾਣਾ ਹੈ। ਲੋਕ ਧਾਰਨਾਵਾਂ ਵੀ ਸੰਕੀਰਣ ਸੋਚ ਨਾਲ ਘੜੀਆਂ ਜਾਂਦੀਆਂ ਹਨ। ਇਹ ਸਭ ਮੁਸਲਮਾਨਾਂ ਨੂੰ ਦੋਸ਼ ਦਿੰਦੀਆਂ ਹਨ ਅਤੇ ਬਦਕਿਸਮਤੀ ਨਾਲ ਮੁਸਲਮਾਨ ਅਟੱਲ ਤੌਰ 'ਤੇ 'ਕਥਿਤ ਦੁਸ਼ਮਣ' ਬਣ ਜਾਂਦੇ ਹਨ। ਇਸਦਾ ਸਿੱਟਾ ਮੁਸਲਮਾਨਾਂ ਦੀਆਂ ਕੁਰਬਾਨੀਆਂ ਨੂੰ ਸੁਚੇਤ ਤੌਰ 'ਤੇ ਹਾਸ਼ੀਏ 'ਤੇ ਧੱਕੇ ਜਾਣ ਵਿਚ ਨਿਕਲਿਆ ਹੈ।

ਮੁਸਲਿਮ ਔਰਤਾਂ ਦੀ ਭੂਮਿਕਾ

ਮੁਸਲਿਮ ਔਰਤਾਂ ਨੇ ਘਰ ਰਹਿੰਦੇ ਹੋਏ ਆਪਣੇ ਖ਼ਾਵੰਦ, ਬਾਪ ਅਤੇ ਪੁੱਤਰਾਂ ਨੂੰ ਆਜ਼ਾਦੀ ਦੇ ਕਾਜ ਲਈ ਪ੍ਰੇਰਿਆ ਅਤੇ ਪਰਿਵਾਰ ਦੇ ਮਰਦਾਂ ਦੀ ਗ਼ੈਰਹਾਜ਼ਰੀ ਵਿਚ ਪਰਿਵਾਰ ਦੀਆਂ ਜ਼ਿੰਮੇਵਾਰੀਆਂ ਆਪਣੇ ਮੋਢਿਆਂ ਉੱਪਰ ਲੈ ਲਈਆਂ। ਉਹ ਘਰ ਦੀ ਚਾਰਦੀਵਾਰੀ ਵਿੱਚੋਂ ਬਾਹਰ ਆਈਆਂ ਅਤੇ ਥਾਂ-ਥਾਂ ਘੁੰਮਕੇ ਲੋਕਾਂ ਨੂੰ ਆਜ਼ਾਦੀ ਲਈ ਹੰਭਲਾ ਮਾਰਨ ਲਈ ਪ੍ਰੇਰਦੀਆਂ ਰਹੀਆਂ। ਉਹ ਬਦੇਸ਼ੀ ਰਾਜ ਵਿਰੁੱਧ ਅਹਿੰਸਕ ਅਤੇ ਹਿੰਸਕ ਲਹਿਰਾਂ ਵਿਚ ਹਿੱਸਾ ਲੈਂਦੀਆਂ ਰਹੀਆਂ। ਇਹ ਔਰਤਾਂ ਸਿਰਫ਼ ਪੜ੍ਹੇਲਿਖੇ ਅਤੇ ਜਾਗਰੂਕ ਪਰਿਵਾਰਾਂ ਦੀਆਂ ਹੀ ਨਹੀਂ ਸਗੋਂ ਅਣਪੜ੍ਹ ਅਤੇ ਪੇਂਡੂ ਖੇਤਰਾਂ ਤੋਂ ਵੀ ਸਨ। ਜਿਹਾਦ ਦੀ ਸਿੱਖਿਆ ਨੇ 1857 ਵਿਚ ਠੋਸ ਸ਼ਕਲ ਅਖ਼ਤਿਆਰ ਕੀਤੀ ਅਤੇ 1947 ਤਕ ਹਿੰਦੁਸਤਾਨ ਨੂੰ ਆਜ਼ਾਦੀ ਹਾਸਲ ਹੋਣ ਤਕ ਇਹ ਜਾਰੀ ਰਹੀ। ਮਰਦਾਂ ਦੇ ਨਾਲ-ਨਾਲ ਮੁਸਲਿਮ ਔਰਤਾਂ ਵੀ ਬਰਤਾਨਵੀਆਂ ਦੇ ਖ਼ਿਲਾਫ਼ ਡੱਟ ਕੇ ਖੜ੍ਹੀਆਂ। ਮੁਸਲਿਮ ਔਰਤਾਂ ਨੇ ਹਿੰਦੁਸਤਾਨ ਦੀ ਪਹਿਲੀ ਜੰਗੇ-ਆਜ਼ਾਦੀ ਦੀ ਰਵਾਇਤ ਜਾਰੀ ਰੱਖੀ। ਉਨ੍ਹਾਂ ਨੇ ਵੱਡੀ ਤਾਦਾਦ 'ਚ ਜਲੂਸਾਂ ਤੇ ਘਿਰਾਓ ਵਿਚ ਹਿੱਸਾ ਲਿਆ ਅਤੇ ਪਹਿਲੀ ਦਫ਼ਾ ਪਰਦੇ 'ਚੋਂ ਬਾਹਰ ਆਈਆਂ। ਅਫ਼ਸੋਸ ਇਸ ਗੱਲ ਦਾ ਹੈ ਕਿ ਕੌਮੀ ਇਤਿਹਾਸ ਵਿਚ ਉਨ੍ਹਾਂ ਵਲੋਂ ਆਜ਼ਾਦੀ ਦੇ ਸੰਘਰਸ਼ ਵਿਚ ਨਿਭਾਈ ਭੂਮਿਕਾ ਨੂੰ ਢੁਕਵੇਂ ਰੂਪ 'ਚ ਪੇਸ਼ ਨਹੀਂ ਕੀਤਾ ਗਿਆ। ਹੋਰ ਵੀ ਹੈਰਾਨੀਜਨਕ ਇਹ ਤੱਥ ਹੈ ਕਿ ਆਜ਼ਾਦੀ ਦੀ ਲੜਾਈ ਅਤੇ ਅਗਲੀਆਂ ਲਹਿਰਾਂ ਵਿਚ ਮੁਸਲਿਮ ਔਰਤਾਂ ਦੀ ਭੂਮਿਕਾ ਅਤੇ ਦੇਣ ਨੂੰ ਇਤਿਹਾਸਕਾਰਾਂ ਵਲੋਂ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰ ਦਿੱਤਾ ਗਿਆ ਹੈ।

ਮੁਸਲਿਮ ਔਰਤਾਂ ਵਿੱਚੋਂ, ਬੇਗਮ ਹਜ਼ਰਤ ਮਹੱਲ, ਅਸਗ਼ਰੀ ਬੇਗਮ, ਬੀ ਅੰਮਾ ਨੇ ਬਰਤਾਨਵੀਆਂ ਵਿਰੁੱਧ ਆਜ਼ਾਦੀ ਦੇ ਸੰਘਰਸ਼ ਵਿਚ ਬੇਅਥਾਹ ਯੋਗਦਾਨ ਪਾਇਆ। ਨਵਾਬ ਵਜੀਦ ਅਲੀ ਸ਼ਾਹ ਦੀ ਪਤਨੀ ਬੇਗਮ ਹਜ਼ਰਤ ਮਹੱਲ ਨੇ ਆਪਣੇ ਪਤੀ ਨੂੰ ਕਲਕੱਤਾ ਜਲਾਵਤਨ ਕੀਤੇ ਜਾਣ ਤੋਂ ਬਾਅਦ ਰਿਆਸਤ ਦੀ ਵਾਗਡੋਰ ਆਪਣੇ ਹੱਥ ਲੈ ਲਈ। ਉਹ ਹਿੰਦੁਸਤਾਨ ਦੀ ਪਹਿਲੀ ਜੰਗੇ-ਆਜ਼ਾਦੀ ਦੇ ਹੋਰ ਆਗੂਆਂ ਨਾਲ ਮਿਲਕੇ ਕੰਮ ਕਰਦੀ ਰਹੀ। ਉਸਨੇ ਸਰ ਹੈਨਰੀ ਲਾਰੈਂਸ ਅਤੇ ਰੈਜ਼ੀਡੈਂਸੀ ਦੇ ਹੋਰ ਅਧਿਕਾਰੀਆਂ ਨੂੰ ਬੰਦੀ ਬਣਾ ਲਿਆ ਅਤੇ ਲਾਰੈਂਸ ਨੂੰ ਗੋਲੀ ਮਾਰਕੇ ਮਾਰ ਦਿੱਤਾ। ਲਖਨਊ ਉੱਪਰ ਦੁਬਾਰਾ ਕਬਜ਼ਾ ਹੋਣ 'ਤੇ ਉਹ ਪਿੱਛੇ ਹਟਣ ਲਈ ਮਜਬੂਰ ਹੋਈ। ਉਸਨੇ ਆਮ ਮਾਫ਼ੀ ਦੀ ਹਰ ਪੇਸ਼ਕਸ਼ ਠੁਕਰਾ ਦਿੱਤੀ ਅਤੇ ਬਰਤਾਨਵੀ ਫ਼ੌਜਾਂ ਦੇ ਹੱਥ ਆਉਣ ਦੀ ਬਜਾਏ ਉੱਥੋਂ ਬਚ ਨਿਕਲਣ ਨੂੰ ਤਰਜੀਹ ਦਿੱਤੀ।

1857 ਦੀ ਬਗ਼ਾਵਤ ਵਿਚ ਅਸਗ਼ਰੀ ਬੇਗਮ (ਥਾਨਾ ਭਵਨ, ਮੁਜ਼ੱਫ਼ਰਨਗਰ ਦੇ ਇਨਕਲਾਬੀ ਕਾਜ਼ੀ ਅਬਦੁਰ ਰਹੀਮ ਦੀ ਮਾਤਾ) ਨੇ ਬਰਤਾਨਵੀਆਂ ਵਿਰੁੱਧ ਲੜਾਈ ਲੜੀ ਅਤੇ ਜਦੋਂ ਹਾਰ ਗਈ ਤਾਂ ਆਤਮਦਾਹ ਕਰ ਲਿਆ। ਇਸੇ ਤਰ੍ਹਾਂ ਹਬੀਬਾ ਅਤੇ ਰਾਮਿਨੀ, ਜਿਨ੍ਹਾਂ ਨੇ ਅੰਗਰੇਜ਼ ਤਾਕਤਾਂ ਨੂੰ ਅੱਗੇ ਵਧਣ ਤੋਂ ਰੋਕਿਆ, ਫੜ੍ਹਕੇ ਫਾਹੇ ਲਾ ਦਿੱਤੀਆਂ ਗਈਆਂ।[85] ਸ਼ੌਕਤ ਅਲੀ ਅਤੇ ਮੁਹੰਮਦ ਅਲੀ ਦੀ ਮਾਤਾ ਬੀ ਅੰਮਾ (ਅਬਦੀ ਬੇਗਮ) ਨੇ ਵੀ ਆਜ਼ਾਦੀ

ਸੰਗਰਾਮ ਵਿਚ ਅਹਿਮ ਭੂਮਿਕਾ ਨਿਭਾਈ। ਉਹ ਮੁਲਕ ਨੂੰ ਬਦੇਸ਼ੀ ਜੂਲੇ ਤੋਂ ਆਜ਼ਾਦ ਦੇਖਣ ਲਈ ਤੱਤਪਰ ਸੀ। ਬੀ ਅੰਮਾ ਨੇ ਹਿੰਦੂ-ਮੁਸਲਿਮ ਏਕਤਾ ਲਈ ਬਹੁਤ ਯਤਨ ਕੀਤੇ ਅਤੇ ਉਸ ਲਈ ਇਹ ਈਮਾਨ ਦਾ ਹਿੱਸਾ ਸੀ। ਮੌਲਾਨਾ ਸ਼ਫ਼ੀ ਦਾਊਦੀ ਦੀ ਪਤਨੀ ਜ਼ੁਬੈਦਾ ਦਾਊਦੀ ਬਰਤਾਨਵੀਆਂ ਦੇ ਖ਼ਿਲਾਫ਼ ਬਹਾਦਰੀ ਨਾਲ ਲੜੀ ਅਤੇ ਨਾਮਿਲਵਰਤਣ ਲਹਿਰ ਵਿਚ ਸ਼ਾਮਲ ਹੋਈ। ਉਹ ਆਜ਼ਾਦੀ ਦੇ ਸੰਘਰਸ਼ ਵਿਚ ਸ਼ਾਮਲ ਹੋਣ ਲਈ ਔਰਤਾਂ ਨੂੰ ਪ੍ਰੇਰਨ ਵਾਸਤੇ ਮੀਟਿੰਗਾਂ ਜਥੇਬੰਦ ਕਰਦੀ ਰਹੀ। ਇਸੇ ਤਰ੍ਹਾਂ, ਇਕ ਹੋਰ ਆਜ਼ਾਦੀ ਸੰਗਰਾਮਣ ਅਜ਼ੀਜ਼ਨ 1832 ਵਿਚ ਲਖਨਊ ਵਿਚ ਪੈਦਾ ਹੋਈ ਸੀ। ਜਦੋਂ 4 ਜੂਨ 1857 ਨੂੰ ਨਾਨਾ ਸਾਹਿਬ ਨੇ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਆਜ਼ਾਦੀ ਦੇ ਕਾਜ ਲਈ ਇਕਮੁੱਠ ਹੋਣ ਅਤੇ ਉਸ ਦਾ ਸਾਥ ਦੇਣ ਦਾ ਸੱਦਾ ਦਿੱਤਾ, ਉਸਨੇ ਘਰ ਤਿਆਗ ਦਿੱਤਾ ਅਤੇ ਆਜ਼ਾਦੀ ਦੀ ਲਹਿਰ ਵਿਚ ਕੁੱਦ ਪਈ। ਉਸਨੇ ਔਰਤਾਂ ਦੀ ਬਟਾਲੀਅਨ ਜਥੇਬੰਦ ਕੀਤੀ ਅਤੇ ਯੁੱਧ-ਕਲਾ ਵਿਚ ਪ੍ਰਬੀਨ ਹੋਣ ਕਾਰਨ ਹੋਰ ਔਰਤਾਂ ਨੂੰ ਹਥਿਆਰ ਚਲਾਉਣ ਦੀ ਸਿਖਲਾਈ ਦਿੱਤੀ। ਉਹ ਫੜੀ ਗਈ ਅਤੇ ਉਸ ਨੂੰ ਜਨਰਲ ਹੈਵਲਾਕ ਅੱਗੇ ਪੇਸ਼ ਕੀਤਾ ਗਿਆ। ਜਰਨਲ ਨੇ ਉਸ ਨੂੰ ਪੇਸ਼ਕਸ਼ ਕੀਤੀ ਕਿ ਜੇ ਉਹ ਆਪਣੇ ਕੁਲ ਗ਼ੁਨਾਹ ਕਬੂਲ ਲਵੇ ਤਾਂ ਉਸ ਨੂੰ ਮਾਫ਼ੀ ਦੇ ਦਿੱਤੀ ਜਾਵੇਗੀ ਪਰ ਉਸਨੇ ਇਹ ਤਜਵੀਜ਼ ਠੁਕਰਾ ਦਿੱਤੀ ਅਤੇ ਸ਼ਹੀਦ ਹੋਣ ਨੂੰ ਤਰਜ਼ੀਹ ਦਿੱਤੀ।

ਸਾਦਤ ਬਾਨੋ ਕਿਚਲੂ ਡਾ. ਸੈਫ਼ੂਦੀਨ ਕਿਚਲੂ ਦੀ ਪਤਨੀ ਸੀ, ਉਹ ਉਰਦੂ ਅਤੇ ਫ਼ਾਰਸੀ ਦੀ ਗਿਆਤਾ ਸੀ। ਉਸਨੇ ਅਵਾਮ ਨੂੰ ਉਤਸ਼ਾਹਤ ਕਰਨ ਲਈ ਬਹੁਤ ਸਾਰੀਆਂ ਦੇਸ਼ਭਗਤ ਨਜ਼ਮਾਂ ਅਤੇ ਲੇਖ ਸੰਗ੍ਰਹਿ ਕੀਤੇ। ਇਹ ਉਹ ਵਕਤ ਸੀ ਜਦੋਂ ਮੁਸਲਿਮ ਔਰਤ ਲਈ ਆਪਣੇ ਖ਼ਿਆਲਾਂ ਦਾ ਇਜ਼ਹਾਰ ਕਰਨਾ ਅਤੇ ਆਪਣੀ ਸੋਚ ਨੂੰ ਲਿਖਤੀ ਰੂਪ ਦੇਣਾ ਬਹੁਤ ਹੀ ਮੁਸ਼ਕਲ ਸੀ। ਜਦੋਂ 1920 'ਚ ਡਾ. ਕਿਚਲੂ ਗ੍ਰਿਫ਼ਤਾਰ ਕਰ ਲਏ ਗਏ, ਉਸਨੇ ਕਿਹਾ, "ਮੈਂ ਮਾਣ ਮਹਿਸੂਸ ਕਰਦੀ ਹਾਂ ਕਿ ਉਹ ਰਾਸ਼ਟਰ ਸੇਵਾ ਲਈ ਜੇਲ੍ਹ ਗਏ।" ਅਮਜਦੀ ਬੇਗਮ (ਮੌਲਾਨਾ ਮੁਹੰਮਦ ਅਲੀ ਜੌਹਰ ਦੀ ਪਤਨੀ) ਰਾਮਪੁਰ ਦੇ ਇਕ ਉੱਘੇ ਖ਼ਾਨਦਾਨ ਨਾਲ ਸਬੰਧਤ ਸੀ। ਉਸਨੇ ਸੱਤਿਆਗ੍ਰਹਿ ਅਤੇ ਖ਼ਿਲਾਫ਼ਤ ਲਈ ਫੰਡ ਉਗਰਾਹੇ। ਜ਼ੁਲੈਖਾ ਬੇਗਮ (ਮੌਲਾਨਾ ਅਬੁਲ ਕਲਾਮ ਆਜ਼ਾਦ ਦੀ ਪਤਨੀ) ਬਹੁਤ ਹੀ ਹੌਸਲੇ ਵਾਲੀ ਔਰਤ ਸੀ। ਜਦੋਂ 1942 ਵਿਚ, ਮੌਲਾਨਾ ਨੂੰ ਇਕ ਸਾਲ ਦੀ ਕੈਦ ਹੋ ਗਈ, ਉਸਨੇ ਬੰਗਾਲ ਦੀ ਖ਼ਿਲਾਫ਼ਤ ਕਮੇਟੀ ਦਾ ਸਮੁੱਚਾ ਕੰਮਕਾਰ ਆਪਣੇ ਹੱਥ ਲੈ ਲਿਆ। ਨਿਸ਼ਾਤ ਉਨ ਨਿਸ਼ਾ ਬੇਗਮ (ਬੇਗਮ ਹਸਰਤ ਮੋਹਾਨੀ) ਵੀ ਇਸ ਲਹਿਰ ਵਿਚ ਸਰਗਰਮੀ ਨਾਲ ਹਿੱਸਾ ਲੈਂਦੀ ਸੀ। ਉਹ 13 ਅਪ੍ਰੈਲ 1916 ਤੋਂ ਬਾਦ ਓਦੋਂ ਸਿਆਸੀ ਅਤੇ ਜਨਤਕ ਖੇਤਰ ਵਿਚ ਕੁੱਦੀ ਜਦੋਂ ਹਸਰਤ ਮੋਹਾਨੀ ਨੂੰ ਦੂਜੀ ਵਾਰ ਹਿਰਾਸਤ ਵਿਚ ਲਿਆ ਗਿਆ। ਉਹ ਘਰ-ਪਰਿਵਾਰ ਦੇ ਅਤੇ ਸਫ਼ਰ ਦੇ ਕੁਲ ਖ਼ਰਚੇ ਕਿਤਾਬਾਂ ਅਤੇ ਰਸਾਲਿਆਂ ਦੀ ਵਿਕਰੀ ਤੋਂ ਹੁੰਦੀ ਆਮਦਨੀ ਨਾਲ ਚਲਾਉਂਦੀ ਰਹੀ।

ਰਜ਼ੀਆ ਖ਼ਤੂਨ (ਨਸੀਰੂਦੀਨ ਦੀ ਬੇਟੀ) ਬਰਤਾਨਵੀ ਰਾਜ ਵਿਰੁੱਧ ਡੱਟਣ ਵਾਲੀ ਬੰਗਾਲ ਦੀ ਪਹਿਲੀ ਮੁਸਲਿਮ ਔਰਤ ਸੀ। ਉਸ ਨੂੰ ਗ੍ਰਿਫ਼ਤਾਰ ਕਰਕੇ ਕਾਲੇਪਾਣੀ ਜੇਲ੍ਹ ਭੇਜ

ਦਿੱਤਾ ਗਿਆ ਜਿਥੇ ਉਸਨੇ ਆਖ਼ਰੀ ਸਵਾਸ ਲਏ। ਅਕਬਰੀ ਬੇਗਮ ਬੈਰਿਸਟਰ ਆਸਿਫ਼ ਅਲੀ ਦੀ ਮਾਤਾ ਸੀ। ਉਸਨੇ ਆਪਣੀਆਂ ਤਕਰੀਰਾਂ ਨਾਲ ਮੁਸਲਿਮ ਔਰਤਾਂ ਨੂੰ ਨਾਮਿਲਵਰਤਨ ਲਹਿਰ ਵਿਚ ਹਿੱਸਾ ਲੈਣ ਲਈ ਪ੍ਰੇਰਿਆ।

ਅਮੀਨਾ ਕੁਰੈਸੀ, ਫ਼ਾਤਿਮਾ ਕੁਰੈਸ਼ੀ, ਫ਼ਾਤਿਮਾ ਤਾਇਬ ਅਲੀ, ਬੀਬੀ ਅਮਾਤੁਲ ਇਸਲਾਮ, ਫ਼ਾਤਿਮਾ ਇਸਮਾਇਲ, ਸੁਲਤਾਨਾ ਹਯਾਤ ਅੰਸਾਰੀ, ਹਾਜ਼ਰਾ ਬੇਗਮ, ਜ਼ੂਹਰਾ ਅੰਸਾਰੀ ਨੇ ਵੀ ਆਜ਼ਾਦੀ ਸੰਗਰਾਮ ਵਿਚ ਹਿੱਸਾ ਲਿਆ ਅਤੇ ਵੱਖੋ-ਵੱਖਰੇ ਤਰੀਕਿਆਂ ਨਾਲ ਭਰਪੂਰ ਯੋਗਦਾਨ ਪਾਇਆ। ਉਨ੍ਹਾਂ ਵਿੱਚੋਂ ਕੁਝ ਜੇਲ੍ਹ ਵਿਚ ਕੈਦ ਰਹੀਆਂ, ਜੁਰਮਾਨੇ ਭਰੇ ਅਤੇ ਆਜ਼ਾਦੀ ਦੀ ਲਹਿਰ ਲਈ ਮੁਸੀਬਤਾਂ ਝੱਲੀਆਂ।

ਅੰਦਾਜ਼ਾ ਹੈ ਕਿ 225 ਮੁਸਲਿਮ ਔਰਤਾਂ ਨੇ ਬਗ਼ਾਵਤ ਲਈ ਆਪਣੀਆਂ ਜਾਨਾਂ ਲੇਖੇ ਲਾਈਆਂ ਪਰ ਆਜ਼ਾਦੀ ਦੀ ਲਹਿਰ ਵਿਚ ਉਨ੍ਹਾਂ ਦੀ ਭੂਮਿਕਾ ਨੂੰ ਇਤਿਹਾਸਕਾਰਾਂ ਵਲੋਂ ਵਾਜਬ ਥਾਂ ਨਹੀਂ ਦਿੱਤੀ ਗਈ। ਇਨ੍ਹਾਂ ਔਰਤਾਂ ਦੀ ਮਹਾਨ ਦੇਣ ਅਜੋਕੀ ਪੀੜ੍ਹੀ ਦੇ ਧਿਆਨ ਵਿਚ ਲਿਆਂਦੀ ਜਾਣੀ ਚਾਹੀਦੀ ਹੈ, ਕਿਉਂਕਿ ਇਹੀ ਉਨ੍ਹਾਂ ਨੂੰ ਬਿਹਤਰੀਨ ਸ਼ਰਧਾਂਜਲੀ ਹੋਵੇਗੀ।

ਜਦੋਂ ਪੁਲਿਸ ਮਸ਼ਹੂਰ ਇਨਕਲਾਬੀ ਖ਼ੁਦੀਰਾਮ ਬੋਸ, ਜਿਸ ਨੇ ਬਰਤਾਨਵੀ ਅਧਿਕਾਰੀ ਦੀ ਪਤਨੀ ਨੂੰ ਮਾਰ ਦਿੱਤਾ ਸੀ, ਦੀ ਭਾਲ ਕਰ ਰਹੀ ਸੀ ਤਾਂ ਮੌਲਵੀ ਅਬਦੁੱਲ ਵਾਹਿਦ ਦੀ ਭੈਣ ਨੇ ਉਸ ਨੂੰ ਪਨਾਹ ਦਿੱਤੀ ਅਤੇ ਬਾਅਦ ਵਿਚ ਆਜ਼ਾਦੀ ਦੀ ਲਹਿਰ ਦੇ ਇਤਿਹਾਸ ਵਿਚ *ਖ਼ੁਦੀਰਾਮ ਕੀ ਦੀਦੀ* ਵਜੋਂ ਨਾਮਣਾ ਖੱਟਿਆ। ਇਸੇ ਤਰ੍ਹਾਂ ਜ਼ਿਲ੍ਹਾ ਮੁਜ਼ੱਫ਼ਰਨਗਰ (ਉੱਤਰ ਪ੍ਰਦੇਸ) ਦੇ ਇਕ ਨਿੱਕੇ ਜਹੇ ਕਸਬੇ ਥਾਨਾ ਭਵਨ ਵਿਚ ਵੱਖੋ-ਵੱਖਰੇ ਧਰਮਾਂ ਅਤੇ ਜਾਤਾਂ ਨਾਲ ਸਬੰਧਤ ਗਿਆਰਾਂ ਬਹਾਦਰ ਔਰਤਾਂ ਜਾਬਰ ਬਰਤਾਨਵੀ ਰਾਜ ਵਿਰੁੱਧ ਹਥਿਆਰ ਚੁੱਕਣ ਕਰਕੇ ਇਕੱਠੀਆਂ ਫਾਹੇ ਲਾ ਦਿੱਤੀਆਂ ਗਈਆਂ ਜਾਂ ਜ਼ਿੰਦਾ ਸਾੜ ਦਿੱਤੀਆਂ ਗਈਆਂ।

ਇਸ ਤੋਂ ਇਲਾਵਾ, ਕੌਮੀ ਲਹਿਰ ਦਾ ਇਤਿਹਾਸ ਇਨ੍ਹਾਂ ਔਰਤਾਂ ਦੀਆਂ ਸੇਵਾਵਾਂ ਦੇ ਜ਼ਿਕਰ ਤੋਂ ਬਗ਼ੈਰ ਅਧੂਰਾ ਹੋਵੇਗਾ: ਬੇਗਮ ਖ਼ੁਰਸ਼ੀਦ ਖ਼ਵਾਜਾ (ਐੱਮ.ਏ. ਖਵਾਜਾ ਦੀ ਪਤਨੀ), ਜ਼ੁਲੈਖਾ ਬੇਗਮ (ਮੌਲਾਨਾ ਆਜ਼ਾਦ ਦੀ ਪਤਨੀ), ਸਰਹੱਦੀ ਖੇਤਰ ਤੋਂ ਖ਼ਾਦਿਜਾ ਬੇਗਮ ਅਤੇ ਖ਼ੁਰਸ਼ੀਦ ਸਾਹਿਬਾ, ਮੇਹਰ ਤਾਜ (ਖ਼ਾਨ ਅਬਦੁੱਲ ਗ਼ਫ਼ਾਰ ਖ਼ਾਨ ਦੀ ਬੇਟੀ), ਜ਼ੁਬੈਦਾ ਬੇਗਮ ਦਾਊਦੀ (ਬਿਹਾਰ ਦੇ ਮਸ਼ਹੂਰ ਰਾਸ਼ਟਰਵਾਦੀ ਸ਼ਫ਼ੀ ਦਾਊਦੀ ਦੀ ਪਤਨੀ), ਕਨੀਜ਼ ਸਾਜਿਦਾ ਬੇਗਮ (ਬਿਹਾਰ), ਮੁਨੀਰਾ ਬੇਗਮ (ਮੌਲਾਨਾ ਮਜ਼ਹਰ-ਉਲ-ਹੱਕ ਦੀ ਪਤਨੀ), ਅਸਮਤ ਆਰਾ, ਬੇਗਮ ਸੁਗ਼ਰਾ ਖ਼ਤੂਨ (ਲਖਨਊ), ਬੇਗਮ ਸਕੀਨਾ ਲੁਕਮਾਨੀ (ਡਾ. ਲੁਕਮਾਨੀ ਦੀ ਪਤਨੀ ਅਤੇ ਬਦਰੁਦੀਨ ਤਾਇਬ ਜੀ ਦੀ ਧੀ), ਰੇਹਾਨਾ ਤਾਇਬ ਜੀ (ਅਬਾਸ ਤਾਇਬਜੀ ਦੀ ਧੀ), ਅਮੀਨਾ ਤਾਇਬ ਜੀ (ਅਬਾਸ ਤਾਇਬ ਜੀ ਦੀ ਪਤਨੀ), ਹਦੀਮਾ ਤਾਇਬ ਜੀ (ਸ਼ਮਸੁਦੀਨ ਤਾਇਬ ਜੀ ਦੀ ਪੋਤਰੀ), ਸਾਫ਼ੀਆ ਸਾਦ ਖ਼ਾਨ, ਸਫ਼ਾਤ-ਉਨ-ਨਿਸਾ ਬੀਬੀ (ਮੌਲਾਨਾ ਹਬੀਬ-ਉਰ-ਰਹਿਮਾਨ, ਲੁਧਿਆਣਾ ਦੀ ਪਤਨੀ), ਅਤੇ ਕੁਲਸੂਮ ਸਿਯਾਨੀ (ਰਹਿਮਤੂ ਦੇ ਪੋਤਰੇ ਡਾ. ਜਾਨ ਮੁਹੰਮਦ ਸਿਯਾਨੀ ਦੀ ਪਤਨੀ), ਥਾਨਾ ਭਵਨ, ਮੁਜ਼ੱਫ਼ਰਨਗਰ ਤੋਂ ਅਸਗ਼ਰੀ ਬੇਗਮ (ਕਾਜ਼ੀ ਅਬਦੁਰ-

ਰਹੀਮ ਦੀ ਮਾਤਾ) ਜੋ ਬਰਤਾਨਵੀਆਂ ਨਾਲ ਬਹਾਦਰੀ ਨਾਲ ਲੜੀ ਅਤੇ ਜਦੋਂ ਹਾਰ ਗਈ ਤਾਂ ਜਿਊਂਦੀ ਸਾੜ ਦਿੱਤੀ ਗਈ। ਜ਼ਹੀਦਾ ਖ਼ਤੂਨ ਸ਼ੇਰਵਾਨੀ (ਮੁਜ਼ਮਿਲ ਖ਼ਾਨ ਸ਼ੇਰਵਾਨੀ ਦੀ ਧੀ) ਨੇ ਆਜ਼ਾਦੀ ਘੁਲਾਟੀਆਂ ਨੂੰ ਉਤਸ਼ਾਹਤ ਕਰਨ ਲਈ ਦੇਸ਼ਪ੍ਰੇਮੀ ਨਜ਼ਮਾਂ ਲਿਖੀਆਂ।[86]

ਇਨ੍ਹਾਂ ਸਾਰੀਆਂ ਹੀ ਬਹਾਦਰ ਔਰਤਾਂ ਨੇ ਬੰਗਾਲ ਦੀ ਤਕਸੀਮ ਤੋਂ ਲੈ ਕੇ ਹਿੰਦੁਸਤਾਨ ਦੀ ਤਕਸੀਮ ਤਕ ਸਿਆਸੀ ਲਹਿਰਾਂ ਵਿਚ ਆਪਣੇ ਹੱਥਾਂ ਵਿਚ ਕੌਮੀ ਝੰਡੇ ਚੁੱਕਕੇ ਹਿੱਸਾ ਲਿਆ। ਉਨ੍ਹਾਂ ਨੂੰ ਜੇਲ੍ਹਾਂ ਵਿਚ ਕੈਦ ਰੱਖਿਆ ਗਿਆ, ਜੁਰਮਾਨੇ ਕੀਤੇ ਗਏ, ਉਨ੍ਹਾਂ ਉੱਪਰ ਤਸ਼ੱਦਦ ਵੀ ਕੀਤਾ ਗਿਆ ਅਤੇ ਇੰਞ ਉਨ੍ਹਾਂ ਨੇ ਆਜ਼ਾਦੀ ਦੇ ਕਾਜ ਲਈ ਮੁਸੀਬਤਾਂ ਝੱਲੀਆਂ। ਉਨ੍ਹਾਂ ਦੀ ਜੀਵਨ-ਗਾਥਾ ਕੌਮੀ ਆਜ਼ਾਦੀ ਦਾ ਹਿੱਸਾ ਹੈ, ਜਿਸ ਤੋਂ ਨਾ ਇਨਕਾਰ ਕੀਤਾ ਜਾ ਸਕਦਾ ਹੈ ਅਤੇ ਨਾ ਇਸ ਨੂੰ ਮਿਟਾਇਆ ਜਾ ਸਕਦਾ ਹੈ। ਬਹੁਤ ਸਾਰੇ ਰਿਕਾਰਡ ਅਤੇ ਕਿਤਾਬਾਂ ਤੋਂ ਇਲਾਵਾ, ਮਹਾਤਮਾ ਗਾਂਧੀ ਦੀਆਂ ਸਮੁੱਚੀਆਂ ਲਿਖਤਾਂ ਹਿੰਦੁਸਤਾਨ ਦੇ ਆਜ਼ਾਦੀ ਦੇ ਸੰਗਰਾਮ ਨੂੰ ਉਨ੍ਹਾਂ ਦੀ ਸ਼ਾਨਾਮੱਤੀ ਦੇਣ ਦੀ ਗਵਾਹੀ ਦਿੰਦੀਆਂ ਹਨ।

ਨਿਚੋੜ

ਅਸੀਂ ਦੇਖਿਆ ਹੈ ਕਿ ਜਿਸ ਆਜ਼ਾਦੀ ਦੀ ਲਹਿਰ ਨੇ ਅਵਾਮ ਨੂੰ ਬਰਤਾਨਵੀ ਰਾਜ ਦੇ ਵਿਰੁੱਧ ਬਗ਼ਾਵਤ ਲਈ ਹਲੂਣਿਆਂ ਉਹ ਕਿਸੇ ਖ਼ਾਸ ਫਿਰਕੇ ਜਾਂ ਇਕ ਸਿਆਸੀ ਪਾਰਟੀ ਦੀ ਜਾਗੀਰ ਨਹੀਂ ਸੀ। ਇਹ ਬਸਤੀਵਾਦ ਦੇ ਵਿਰੁੱਧ ਹਿੰਦੁਸਤਾਨ ਦੇ ਆਜ਼ਾਦੀ ਦੇ ਸੰਘਰਸ਼ ਦੀ ਨਿਆਰੀ ਖ਼ੂਬੀ ਸੀ ਕਿ ਵੱਖੋ-ਵੱਖਰੇ ਧਰਮਾਂ ਨਾਲ ਸਬੰਧਤ ਲੋਕ ਨਾ ਸਿਰਫ਼ ਬਰਤਾਨਵੀ ਸਾਮਰਾਜਵਾਦ ਦੇ ਜੂਲੇ ਤੋਂ ਆਪਣੀ ਬੰਦ-ਖ਼ਲਾਸੀ ਲਈ ਸਗੋਂ ਬਰਾਬਰੀ, ਭਾਈਚਾਰਾ ਅਤੇ ਦੇਸ਼ਭਗਤੀ ਦੀਆਂ ਸ਼੍ਰੇਸਟ ਭਾਵਨਾਵਾਂ ਲਈ ਵੀ ਮਿਲਕੇ ਲੜੇ।

ਭਾਵੇਂ ਹਿੰਦੂਆਂ, ਮੁਸਲਮਾਨਾਂ, ਸਿੱਖਾਂ ਅਤੇ ਹੋਰਾਂ ਨੇ ਬਰਤਾਨਵੀ ਰਾਜ ਦੀ ਗ਼ੁਲਾਮੀ ਤੋਂ ਆਜ਼ਾਦੀ ਦਾ ਬਿਗਲ 1857 ਵਿਚ ਹੀ ਵਜਾ ਦਿੱਤਾ ਸੀ, ਪਰ ਸਭ ਤੋਂ ਵੱਧ ਹੈਰਾਨੀਜਨਕ ਗੱਲ ਤਾਂ ਇਹ ਹੈ ਕਿ ਆਜ਼ਾਦੀ ਦੇ 66 ਸਾਲ ਬਾਅਦ ਵੀ ਆਮ ਪ੍ਰੈੱਸ ਵਿਚ ਜਾਂ ਖੋਜ ਦੀਆਂ ਕਿਤਾਬਾਂ ਵਿਚ ਮੁਸਲਮਾਨਾਂ ਦੀ ਭੂਮਿਕਾ ਨੂੰ ਬਣਦੀ ਥਾਂ ਨਹੀਂ ਦਿੱਤੀ ਗਈ। ਅਫ਼ਸੋਸ ਤਾਂ ਇਹ ਹੈ ਕਿ ਜ਼ਿਆਦਾਤਰ ਇਤਿਹਾਸਕ ਸੰਵਾਦ ਦਾ ਸਗੋਂ ਫਿਰਕੂਕਰਨ ਕਰ ਦਿੱਤਾ ਗਿਆ ਹੈ। ਨੌਜਵਾਨਾਂ ਅਤੇ ਬਜ਼ੁਰਗਾਂ ਦੇ ਮਨਾਂ ਵਿਚ ਘਰ ਕੀਤਾ ਇਹ ਆਮ ਖ਼ਿਆਲ ਕਿ ਹਿੰਦੁਸਤਾਨ ਸਿਰਫ਼ ਹਿੰਦੂਆਂ ਦਾ ਹੈ ਉੱਕਾ ਹੀ ਗ਼ਲਤ ਸਮਝ ਹੈ। ਖ਼ਾਸ ਤੁਅੱਸਬਾਂ ਅਤੇ ਅਣਉੱਚਿਤ ਭਵਿੱਖਨਕਸ਼ੇ ਤੋਂ ਲਿਖੇ ਇਤਿਹਾਸ ਨੇ ਫਿਰਕੂ ਤੁਅੱਸਬਾਂ ਦੇ ਵਿਕਸਤ ਹੋਣ ਵਿਚ ਯੋਗਦਾਨ ਪਾਇਆ ਹੈ। ਇਨ੍ਹਾਂ ਇਤਿਹਾਸਕਾਰਾਂ, ਵੋਟ-ਬੈਂਕ ਦੇ ਭੁੱਖੜ ਸਿਆਸਤਦਾਨਾਂ, ਅਤੇ ਕੁਝ ਫਿਰਕੂ ਜਥੇਬੰਦੀਆਂ ਵਲੋਂ ਫੈਲਾਏ ਗਏ ਨੁਕਸਾਨਦੇਹ ਫ਼ਲਸਫ਼ੇ ਅਤੇ ਨਫ਼ਰਤ ਪੂਜਾ ਨੇ ਹਜ਼ਾਰਾਂ 'ਗੌਡਸੇ' ਪੈਦਾ ਕਰ ਦਿੱਤੇ ਹਨ; ਇਸ ਦਾ ਸਿੱਟਾ ਅਜੋਕੇ ਹਿੰਦੁਸਤਾਨ ਵਿਚ ਬਹੁਤ ਸਾਰੇ ਥਾਈਂ ਫਿਰਕੂ ਫ਼ਸਾਦਾਂ ਵਿਚ ਨਿਕਲਿਆ ਹੈ।

ਫਿਰਕੂ ਇਤਿਹਾਸਕਾਰੀ ਧਰਮਨਿਰਪੱਖ ਵਿਰਸੇ ਤੋਂ ਮੁਨਕਰ ਹੈ ਅਤੇ ਸਭਿਆਚਾਰਕ ਵੰਨ-ਸੁਵੰਨਤਾ ਦੀ ਸਾਂਝ ਨੂੰ ਨਜ਼ਰਅੰਦਾਜ਼ ਕਰਦੀ ਹੈ। ਫਿਰਕੂ ਪੇਸ਼ਕਾਰੀ ਧਰਮਨਿਰਪੱਖ ਰਵਾਇਤਾਂ ਦੇ ਜੜ੍ਹੀਂ ਤੇਲ ਦਿੰਦੀ ਹੈ। ਮਾਰਕਸਵਾਦੀ ਇਤਿਹਾਸਕਾਰ ਵਿਚ ਵੀ ਸਭਿਆਚਾਰ ਦੇ ਅਧਿਐਨ ਪ੍ਰਤੀ ਦਿੱਤੇ ਮੁਕਾਬਲਤਨ ਨਾਕਾਫ਼ੀ ਧਿਆਨ ਨੇ ਫਿਰਕਾਪ੍ਰਸਤਾਂ ਅਤੇ ਸਾਮਰਾਜੀਆਂ ਵਲੋਂ ਸਭਿਆਚਾਰ ਦੇ ਅਧਿਐਨ ਨੂੰ ਹਥਿਆਉਣ ਦਾ ਕੰਮ ਸੌਖਾ ਕਰ ਦਿੱਤਾ ਹੈ। ਆਜ਼ਾਦੀ ਦੀ ਲੜਾਈ ਵਿਚ ਘੱਟਗਿਣਤੀਆਂ ਦੀ ਭੂਮਿਕਾ ਦੀ ਅਹਿਮੀਅਤ ਨੂੰ ਘਟਾਕੇ ਅੰਗਣ ਦੇ ਯਤਨਾਂ ਨੇ ਸਾਡੇ ਮੁਲਕ ਦੇ ਸਮਾਜੀ ਤਾਣੇਬਾਣੇ ਨੂੰ ਤਹਿਸ਼-ਨਹਿਸ਼ ਕਰ ਦਿੱਤਾ ਹੈ। ਇਸ ਨੇ ਮੌਲਾਨਾ ਅਬੁਲ ਕਲਾਮ ਆਜ਼ਾਦ ਅਤੇ ਨੇਤਾਜੀ ਸੁਭਾਸ਼ ਚੰਦਰ ਬੋਸ ਦੇ ਸੁਪਨਿਆਂ ਦੇ ਮੁਲਕ ਨੂੰ ਟੁਕੜੇ-ਟੁਕੜੇ ਕਰ ਦਿੱਤਾ। ਮੁਸਲਿਮ ਅਤੇ ਹੋਰ ਘੱਟਗਿਣਤੀਆਂ ਨੇ ਕਦੇ ਵੀ ਹਿੰਦੁਸਤਾਨ ਨੂੰ ਗ਼ੈਰ ਸਰਜ਼ਮੀਨ ਨਹੀਂ ਸਮਝਿਆ ਜਿਸ ਨੂੰ ਉਨ੍ਹਾਂ ਨੂੰ ਅਪਣਾਉਣਾ ਪਿਆ ਹੋਵੇ। ਉਨ੍ਹਾਂ ਦੇ ਇਸ ਮੁਲਕ ਨਾਲ ਡੂੰਘੇ ਲਗਾਓ ਨੇ ਯੁਗਾਂ ਤੋਂ ਹਿੰਦੁਸਤਾਨ ਦੀ ਆਰਥਕ, ਸੱਭਿਆਚਾਰਕ, ਬੌਧਿਕ ਅਤੇ ਰੂਹਾਨੀ ਤਰੱਕੀ ਵਿਚ ਯੋਗਦਾਨ ਪਾਇਆ ਹੈ। ਉਹ ਖ਼ੁਦ ਨੂੰ ਇਸ ਸਰਜ਼ਮੀਨ ਦਾ ਅਨਿੱਖੜ ਅੰਗ ਸਮਝਦੇ ਹਨ। ਜ਼ਰਾ ਮੌਲਾਨਾ ਆਜ਼ਾਦ ਦੇ ਬਿਆਨ ਦੀ ਭਾਵੁਕ ਸ਼ਿੱਦਤ ਦੀ ਕਲਪਨਾ ਕਰੋ ਕਿ ਉਸ ਨੂੰ ਹਿੰਦੁਸਤਾਨੀ ਹੋਣ ਦਾ ਕਿੰਨਾ ਫ਼ਖ਼ਰ ਸੀ:

"ਮੈਂ ਇਸ ਸ਼੍ਰੇਸਟ ਭਵਨ ਦਾ ਲਾਜ਼ਮੀ ਹਿੱਸਾ ਹਾਂ। ਮੇਰੇ ਤੋਂ ਬਗ਼ੈਰ ਹਿੰਦੁਸਤਾਨ ਦਾ ਇਹ ਸ਼ਾਨਦਾਰ ਢਾਂਚਾ ਅਧੂਰਾ ਹੈ। ਮੈਂ ਐਸਾ ਲਾਜ਼ਮੀ ਤੱਤ ਹਾਂ ਜਿਸ ਨਾਲ ਹਿੰਦੁਸਤਾਨ ਉਸਾਰਿਆ ਗਿਆ ਹੈ। ਮੈਂ ਇਸ ਦਾਅਵੇ ਨੂੰ ਕਦੇ ਵੀ ਨਹੀਂ ਤਿਲਾਂਜਲੀ ਨਹੀਂ ਦੇ ਸਕਦਾ।...ਮੈਨੂੰ ਹਿੰਦੁਸਤਾਨੀ ਹੋਣ ਦਾ ਫ਼ਖ਼ਰ ਹੈ। ਮੈਂ ਅਟੁੱਟ ਏਕਤਾ ਭਾਵ ਹਿੰਦੁਸਤਾਨੀ ਕੌਮੀਅਤ ਦਾ ਅੰਗ ਹਾਂ।"[87]

ਦੇਸ਼ਭਗਤੀ ਦੀ ਕਿੰਨੀ ਉਮਦਾ ਮਿਸਾਲ ਹੈ ਇਹ! ਮੌਲਾਨਾ ਦਾ ਹਿੰਦੁਸਤਾਨੀ ਹੋਣ ਉੱਪਰ ਫ਼ਖ਼ਰ ਹੋਣ ਦਾ ਦਾਅਵਾ ਭਰਪੂਰਤਾ ਨਾਲ ਸਾਬਤ ਕਰਦਾ ਹੈ ਕਿ 'ਰਾਸ਼ਟਰਵਾਦ' ਦਾ ਮਾਇਨਾ ਕੀ ਹੋਣਾ ਚਾਹੀਦਾ ਹੈ ਅਤੇ ਇਸ ਦਾ ਭਾਵ ਕੀ ਹੈ – ਇਹ ਕਿਸੇ ਵੀ ਧਰਮ ਜਾਂ ਧਾਰਮਿਕ ਮੱਤ ਦੇ ਜਨੂੰਨੀਆਂ ਲਈ ਇਕ ਸਬਕ ਵੀ ਹੈ ਅਤੇ ਮਸ਼ਵਰਾ ਵੀ।

ਇਸੇ ਤਰ੍ਹਾਂ, ਬਸਤੀਵਾਦੀ ਦੌਰ ਦੇ ਅਖ਼ੀਰ ਵਿਚ, ਜਦੋਂ ਧਾਰਮਿਕ ਲੀਹਾਂ ਉੱਪਰ ਵੰਡੀਆਂ ਦਾ ਖ਼ਤਰਾ ਮੰਡਰਾ ਰਿਹਾ ਸੀ, ਨੇਤਾ ਜੀ ਨੇ ਦਿੱਲੀ ਦੇ ਲਾਲ ਕਿਲ੍ਹੇ ਵੱਲ ਕੂਚ ਕਰਨ ਦੇ ਆਈ.ਐੱਨ.ਏ. ਦੇ ਦ੍ਰਿੜ ਇਰਾਦੇ ਦਾ ਸੰਕੇਤ ਦਿੰਦਿਆਂ ਸਭ ਤੋਂ ਪਹਿਲਾਂ ਆਖ਼ਰੀ ਮੁਗ਼ਲ ਬਾਦਸ਼ਾਹ ਨੂੰ ਸਤਿਕਾਰ ਭੇਟ ਕੀਤਾ – ਜੋ ਨਿਸ਼ਚੇ ਹੀ ਫਿਰਕੂ ਸਦਭਾਵਨਾ ਦਾ ਮਾਣਮੱਤਾ ਪ੍ਰਤੀਕ ਸੀ: "ਅਸੀਂ ਹਿੰਦੁਸਤਾਨੀ, ਧਾਰਮਿਕ ਅਕੀਦਿਆਂ ਤੋਂ ਉੱਪਰ ਉੱਠਕੇ ਬਹਾਦਰ ਸ਼ਾਹ ਦੀ ਯਾਦ ਨੂੰ ਧਿਆਉਂਦੇ ਹਾਂ, ਇਸ ਕਰਕੇ ਨਹੀਂ ਕਿ ਉਸਨੇ ਆਪਣੇ ਮੁਲਕ ਵਾਸੀਆਂ ਨੂੰ ਬਾਹਰਲੇ ਦੁਸ਼ਮਣਾਂ ਨਾਲ ਲੜਨ ਦਾ ਗਰਜ਼ਵਾਂ ਹੋਕਾ ਦਿੱਤਾ ਸਗੋਂ ਇਸ ਕਰਕੇ ਕਿ ਉਹ ਬੰਦਾ ਸੀ ਜਿਸ ਦੇ ਪਰਚਮ ਹੇਠ ਸਾਰੇ ਸੂਬਿਆਂ ਦੇ, ਵੱਖੋ-ਵੱਖਰੇ ਧਾਰਮਿਕ ਅਕੀਦਿਆਂ ਵਾਲੇ ਹਿੰਦੁਸਤਾਨੀ ਲੜੇ, ਜਿਸ ਦੇ ਪਵਿੱਤਰ ਪਰਚਮ ਹੇਠ ਆਜ਼ਾਦੀ ਪ੍ਰੇਮੀ ਹਿੰਦੂ, ਮੁਸਲਮਾਨ ਅਤੇ

ਸਿੱਖ ਉਸ ਜੰਗ ਵਿਚ ਮੋਢੇ ਨਾਲ ਮੋਢਾ ਜੋੜਕੇ ਲੜੇ ਜਿਸ ਨੂੰ ਅੰਗਰੇਜ਼ ਇਤਿਹਾਸਕਾਰਾਂ ਨੇ ਸਿਪਾਹੀਆਂ ਦੀ ਬਗ਼ਾਵਤ ਦਾ ਨਾਂ ਦਿੱਤਾ ਹੈ, ਪਰ ਜਿਸ ਨੂੰ ਅਸੀਂ ਹਿੰਦੁਸਤਾਨੀ ਪਹਿਲੀ ਜੰਗੇ-ਆਜ਼ਾਦੀ ਕਹਿੰਦੇ ਹਾਂ।" (26 ਸਤੰਬਰ 1943)[88]

ਇਹ ਜ਼ਾਹਿਰ ਹੈ ਕਿ 1757 ਤੋਂ 1947 ਤਕ, ਬਰਤਾਨਵੀ ਬਸਤੀਵਾਦੀਆਂ ਦੇ ਵਿਰੁੱਧ ਲੜਿਆ ਗਿਆ ਹਰ ਸੰਘਰਸ਼ ਹਿੰਦੁਸਤਾਨ ਦੇ ਅਵਾਮ ਵਲੋਂ ਆਪਣੇ ਅਕੀਦਿਆਂ ਤੋਂ ਉੱਪਰ ਉੱਠਕੇ ਸਾਂਝੇ ਤੌਰ 'ਤੇ ਲੜਿਆ ਜਾਂਦਾ ਰਿਹਾ ਹੈ। ਸਿਰਾਜ-ਉਦ-ਦੌਲਾ (1733- 2 ਜੁਲਾਈ 1757) ਤੋਂ ਸ਼ੁਰੂ ਹੋ ਕੇ, ਜੋ ਬਸਤੀਵਾਦ ਨੂੰ ਲਲਕਾਰਨ ਵਾਲਾ ਪਹਿਲਾ ਹੁਕਮਰਾਨ ਸੀ, 1947 ਵਿਚ ਆਜ਼ਾਦੀ ਹਾਸਲ ਹੋਣ ਤਕ ਸਾਡੇ ਅੱਗੇ ਮੁਸਲਿਮ ਸ਼ਹੀਦਾਂ ਦਾ ਇਕ ਵਿਸ਼ਾਲ ਸਮੂਹ ਉੱਭਰਦਾ ਹੈ ਜਿਨ੍ਹਾਂ ਨੇ ਆਪਣੀ ਮਾਂ-ਧਰਤੀ ਨੂੰ ਬਸਤੀਵਾਦੀਆਂ ਦੀ ਜਕੜ ਵਿੱਚੋਂ ਆਜ਼ਾਦ ਕਰਾਉਣ ਲਈ ਸਭ ਕੁਝ ਕੁਰਬਾਨ ਕਰ ਦਿੱਤਾ। ਅਸੀਂ ਸਿਰਾਜ-ਉਦ-ਦੌਲਾ, ਹੈਦਰ ਅਲੀ, ਟੀਪੂ ਸੁਲਤਾਨ, ਮੁਸਲਿਮ ਫ਼ਕੀਰਾਂ, ਵਹਾਬੀਆਂ, ਉਲੇਮਾ ਵਲੋਂ ਆਪਣੀਆਂ ਕੁਰਬਾਨੀਆਂ ਅਤੇ ਫ਼ਤਵਿਆਂ ਜ਼ਰੀਏ, ਮੁਸਲਿਮ ਬੁੱਧੀਜੀਵੀਆਂ, ਗ਼ਦਰ ਲਹਿਰ, ਖ਼ਿਲਾਫ਼ਤ ਲਹਿਰ, ਹਿੰਦੁਸਤਾਨ ਰਿਪਬਲਿਕਨ ਆਰਮੀ, ਆਈ.ਐੱਨ.ਏ. ਦੇ ਜੁਝਾਰੂਆਂ ਅਤੇ ਬਹੁਤ ਸਾਰੀਆਂ ਹੋਰ ਲਹਿਰਾਂ ਦੀਆਂ ਇਨ੍ਹਾਂ ਕੁਰਬਾਨੀ ਤੇ ਤਿਆਗ ਦੀਆਂ ਮੂਰਤੀਆਂ ਵਲੋਂ ਬਰਤਾਨਵੀ ਸਾਮਰਾਜਵਾਦ ਦੇ ਵਿਰੁੱਧ ਲੜੇ ਸੰਘਰਸ਼ ਨੂੰ ਮਨੋਂ ਕਿਵੇਂ ਵਿਸਾਰ ਸਕਦੇ ਹਾਂ। ਜੋ ਪੋਰਟ ਬਲੇਅਰ ਦੀ ਸੈਲੂਲਰ ਜੇਲ੍ਹ ਦੇਖਣ ਲਈ ਜਾਂਦੇ ਹਨ ਅਤੇ ਸਥਾਨਕ ਬਾਸ਼ਿੰਦਿਆਂ ਨਾਲ ਵਕਤ ਗੁਜ਼ਾਰਦੇ ਹਨ ਉਨ੍ਹਾਂ ਨੂੰ ਪੀਰ ਅਲੀ, ਅਲੀ ਕਰੀਮ, ਮਾਹਦੀ ਅਲੀ, ਸ਼ੇਰ ਅਲੀ ਵਗੈਰਾ ਦੇ ਨਾਂ ਸੁਣਨ ਨੂੰ ਮਿਲਣਗੇ ਜੋ ਆਜ਼ਾਦੀ ਦੀ ਲਹਿਰ ਵਿਚ ਦੰਦ-ਕਥਾਵਾਂ ਬਣ ਚੁੱਕੇ ਹਨ।

ਇਹ ਹਰਗਿਜ਼ ਨਾ ਭੁੱਲੋ ਕਿ ਫਿਰਕਾਪ੍ਰਸਤੀ ਬਰਤਾਨਵੀਆਂ ਦੀ ਚਾਲ ਸੀ ਜਿਨ੍ਹਾਂ ਨੂੰ ਡਰ ਸੀ ਕਿ ਜੇ ਹਿੰਦੂ ਅਤੇ ਮੁਸਲਮਾਨ ਮਿਲਕੇ ਲੜਦੇ ਰਹੇ ਹਿੰਦੁਸਤਾਨ ਵਿਚ ਉਨ੍ਹਾਂ ਦੀ ਸਲਤਨਤ ਦਾ ਖ਼ਾਤਮਾ ਅਟੱਲ ਸੀ। ਸਾਨੂੰ ਇਹ ਪੈਗ਼ਾਮ ਮੁਲਕ ਦੇ ਹਰ ਬੰਦੇ ਤਕ ਪਹੁੰਚਾਉਣਾ ਚਾਹੀਦਾ ਹੈ: ਕਿ ਆਜ਼ਾਦੀ ਹਾਸਲ ਕਰਨ ਲਈ ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਦੇ ਸਮੂਹਕ ਯਤਨ "ਕੌਮੀ ਜਾਇਦਾਦ" ਹਨ। ਇਹ ਆਮ ਰੂਪ 'ਚ ਮੁਲਕ ਵਿਚ ਅਤੇ ਖ਼ਾਸ ਕਰਕੇ ਨਵੀਂ ਪੀੜ੍ਹੀ ਅੰਦਰ ਸੁਹਿਰਦ ਅਤੇ ਸਦਭਾਵਨਾ ਦਾ ਮਾਹੌਲ ਉਸਾਰਨ ਵਿਚ ਮਦਦ ਕਰੇਗਾ ਜੋ ਇਤਿਹਾਸ ਦੇ ਅਸਲ ਤੱਥਾਂ ਤੋਂ ਕੋਰੀ ਹੈ।

ਇਹ ਸੱਚੀਓਂ ਹੀ ਬਸਤੀਵਾਦ ਵਿਰੋਧੀ ਸੰਘਰਸ਼ ਦੇ ਮੋਢੀਆਂ, ਗ਼ਦਰ ਲਹਿਰ ਦੇ ਦੇਸ਼ਭਗਤਾਂ ਅਤੇ ਨਾਇਕਾਂ ਦੀ ਸੋਚ ਨੂੰ ਬਿਹਤਰੀਨ ਸ਼ਰਧਾਂਜਲੀ ਹੋਵੇਗੀ। ਗ਼ਦਰੀ ਹਿੰਦੁਸਤਾਨ ਤੋਂ ਬਹੁਤ ਦੂਰ ਹੁੰਦੇ ਹੋਏ ਵੀ ਆਜ਼ਾਦੀ ਸੰਗਰਾਮ ਵਿਚ ਫਿਰਕੂ ਸਦਭਾਵਨਾ ਦੀ ਲੀਹ ਪਾਉਣ ਵਾਲੇ ਸੱਚੇ ਰਾਹ-ਦਰਸਾਵੇ ਸਨ। ਗ਼ਦਰ ਲਹਿਰ ਦੀ ਸ਼ਤਾਬਦੀ ਮਨਾਉਂਦੇ ਹੋਏ ਸਾਨੂੰ ਧੜੱਲੇ ਨਾਲ ਅੱਗੇ ਆ ਕੇ ਇਹ ਹਲਫ਼ ਲਾਜ਼ਮੀ ਲੈਣਾ ਚਾਹੀਦਾ ਹੈ ਕਿ ਸਾਂਝੇ ਵਿਰਸੇ ਅਤੇ ਸਾਂਝੀਆਂ ਸ਼ਹਾਦਤਾਂ ਨਾਲ ਕਦੇ ਵੀ ਬੇਵਫ਼ਾਈ ਨਹੀਂ ਹੋਣ ਦਿਆਂਗੇ।

ਅੱਜਕੱਲ੍ਹ, ਸਿਰਫ਼ ਚੋਣਾਂ ਜਿੱਤਣ ਨੂੰ ਅਹਿਮੀਅਤ ਦਿੱਤੀ ਜਾਂਦੀ ਹੈ। ਸਿਆਸੀ ਸੱਤਾ ਹਥਿਆਉਣ ਲਈ ਸਾਡੇ ਆਗੂ ਮਜ਼ਬੀ ਸਫ਼ਬੰਦੀ ਕਰਨ ਵਿਚ ਜੁੱਟੇ ਹੋਏ ਹਨ। ਸਿੱਟੇ ਵਜੋਂ, ਇਨ੍ਹਾਂ ਸਾਲਾਂ ਦੌਰਾਨ ਫਿਰਕੂ ਕਸ਼ੀਦਗੀ ਅਤੇ ਧਰਮ-ਅਧਾਰਤ ਸਿਆਸਤ ਦਾ ਬਹੁਤ ਬੋਲਬਾਲਾ ਹੋ ਗਿਆ ਹੈ। ਆਓ ਇਕ ਸ਼ਾਇਰ ਦੇ ਸੱਦੇ ਵੱਲ ਗ਼ੌਰ ਫ਼ਰਮਾਈਏ, ਜੋ ਇਕ ਤਰ੍ਹਾਂ ਨਾਲ ਸਾਨੂੰ "ਮਾਨਸ ਕੀ ਜਾਤ ਸਭੈ ਏਕ ਹੀ ਪਹਿਚਾਨ ਬੋ" ਦੀ ਸਿਆਣਪ ਦੀ ਯਾਦ ਦਿਵਾਉਂਦਾ ਹੈ:

ਜੇ ਤੁਸੀਂ ਆਪਣੇ ਵਤਨ ਦਾ ਭਲਾ ਲੋੜਦੇ
ਤਾਂ ਆਪਣੇ ਕਿਸੇ ਵੀ ਵਤਨਪ੍ਰਸਤ ਨੂੰ ਸਮਝੋ ਨਾ ਬੇਗਾਨਾ,
ਚਾਹੇ ਉਹ ਮੁਸਲਿਮ ਹੈ ਜਾਂ ਹਿੰਦੂ,
ਬੋਧੀ ਹੈ ਜਾਂ ਬ੍ਰਹਮੋ।"

–ਅਲਤਾਫ਼ ਹੁਸੈਨ ਹਾਲੀ, ਉਰਦੂ ਸ਼ਾਇਰ

NOTES AND REFERENCES

1. Shamsul Islam, Indian First War of Independence 1857.
2. Ashraf A. Shah - Special to YaHind.Com
3. 'Ghalib, his life and letters', compiled and translated by Rulph Russel and Khurshidul Islam (1994), published by Oxford University press.
4. Sugata Bose, His Majesty's Opponent's, 2011, The Belknap Press of Harvard University Press, Cambridge, Massachusetts, London, England, p. 177.
5. Mujeeb Asharf, research paper *"The role and significance of Uprisings and Muslim revolutionaries in the Freedom Struggle of India"*
6. Sedition Committee Report; Car Campbell, *Political Troubles in India*, 1907-17; Jadu Gopal Mukhopadhay, *Biplabi Jibaner Smriti.*
7. Jawahar Lal Nehru, Autobiography, P.471..
8. Sedition Committee Report; Car Campbell, *Political Troubles in India, 1907-17*; Jadu Gopal Mukhopadhay, *Biplabi Jibaner Smriti.*

9. Imperial Gazetteer of India vol. IV 1907, p. 46.
10. Richard Cavendish, History Today, Volume 49, Issue 5, 1999.
11. Richard Gott, Britains Empire, 2011, Verso, London, U.K., p. 76.
12 Eric Wakeham, *The Bravest Soldier: Sir Rollo Gillespie*, 1766-1814 (London, 1937).
13. Global Dialogue: Volume 5, Number 1-2, Wmter/Spring 2003-American Empire?
14. Gleig, Memory of Warren Hastings.
15. Gleig, op.cit.
16. Rennel's Journal, February 1766.
17. Letter from Lt Robertson to the collector of Bogra, 14 November, 1776.
18. Santimoy Ray, Freedom Movement and Indian Muslims, p 3.
19. William Hunter, 'Indian Mussalman.'
20. Dr. Q. Ahmad, 'The Wahabi Movement in India', p 25.
21. W. C. Smith, 'Modern Islam in India', p 189.
22. Santimoy Ray, 'Freedom Movement and Indian Muslim'; p 5.
23. Letters of Kinlay to GG quoted from 'The Wahabi Movement in India' by Dr. Q. Ahmed.
24. L.S. S. Omally; History of Bengal, Bihar and Orissa.
25. Santimoy Ray, Freedom Movement And Indian Muslims, p13
26. Amalendu Dey, Bengali Budhijibi-o-Bicchinnatabad, p 116.
27. Dr. Q. Ahmed, The Wahabi Movement in India, p 220.
28. Governor's Report, p 10, Bombay Records.
29. Muinuddin Ahmed, Wahabi Trials 1863-1870, Pakistan Asiatic Society Publication, No 8, p 99.
30. Amalendu Dey, BengaliBudhijibi-o-Bicchinnatabad, p 113.
31. Muinuddin Ahmed, Wahabi Trials 1863-1870, Pakistan Asiatic Society Publication, No 8, p 99.
32. Ram Kapse: Hundred years of the Andamans Cellular Jail; The

Hindu, Dec 21, 2005.

33. Santimoy Ray, 'Freedom Movement and Indian Muslim' ; pp. 13-14.
34. Dr. S.B. Chaoudhury, Civil Disturbance in India, p 50.
35. It is imperative to know that Karl Marx was the first Western scholar to call the 1857 revolt a "national revolt". This was not just a sepoy mutiny. Contemporary official documents reveal that from Jammu in the North to Hyderabad in the South and from West in Afghanistan to East in Tripura, everywhere the British rule was opposed and protested. In this struggle, army men, Zamindars, Rajas, Nawabs, peasants and people from every walk of life, females, intellectuals and laureates fought together. John William Kay writing the 'history of mutiny' underlined the most prominent reality that during Revolt "all the blacks were united and agitated against all the whites." *Marxism, Modernity, and Postcolonial Studies BY Pranav Janipp. 91-98*; Prakash Karat. 1857: In The Hearts And Minds Of People.
36. Bipan Chandra, Amales Tripathi, Barun De: Freedom Struggle; NBT, India, 1994, p 43.
37. Mohd. Asim Khan: Maulvi Ahmedullah: The Unsung Hero of the Revolt, RADIANCE views weekly, 14 June, 2013.
38. Santimoy Ray, Freedom Movement and Indian Muslims, p 20.
39. Ibid. pp.116-138
40. S N Aggarwal: The Heroes of Cellular Jail; Appendix D, p. 176..
41. Shamsul Islam, Indian First War of Independence, 1857.
42. Bipan Chandra, Amales Tripathi, Barun De: Freedom Struggle; NBT, India, 1994, pp 97-98.
43. Cantwal Smith, Modern Islam in India, p. 192.
44. Ibid.
45. Dr. R. C. Mazumdar, Introduction, "History of the Freedom Movement in India"

46. V. D. Mahajan, Advanced History of India, P.312, S. Chand & Co, 1990.
47. Santimoy Ray, Freedom Movement and Indian Muslims, p 30.
48. Bipan Chandra, Amales Tripathi, Barun De: Freedom Struggle; NBT, India, 1994, p 91.
49. A. H. Dickenson, 'Dickenson's Account', Royal Commonwealth Society, London. [Dickenson was an Officer-Cadet of the Straits Settlement Police at the time of the mutiny and submitted his account to the Royal Commonwealth Society.]
50. S.N. Aggarwal: The Heroes of Cellular Jail; Appendix D, p. 176.
51. Bipan Chandra, Amales Tripathi, Barun De: Freedom Struggle; NBT, India, 1994, p.115.
52. Bipin Chandra, Advanced History of India, p. 421.
53. Vohra, Ranbir (2001), *The Making of India: A Historical Survey*, 2nd Ed. Armonk, New York: M.E. Sharpe. p. 126.
54. Bipin Chandra, Advanced History of India, p. 421.
55. "Let's not forget Jallianwala Bagh". *Daily Times*. April 13, 2003.
56. Shantimoy Ray, Freedom Movement and Indiam Muslims, pp. 100-101
57. Roland Miller, The Encyclopaedia of Islam, Vol VI , Brill 1988, p. 461.
58. K. K. Ghosh, *Roll of Honour*; Manmanth Nath Gupta, *They Lived Dangerously*.
59. Ibid.
60. K. H. Ansari, Pan-Islam and the Making of the Early Indian Muslim Socialists, Modern Asian Studies, 20, 3, (1986), printed in Great Britain, p.537.
61. Sugata Bose, His Majesty's Opponent, Harvard University Press, p. 206.
62. Ibid. p. 301.
63. Hasan, A Soldier Remembers, pp.42-44.

64. Shantimoy Ray, Freedom Movement and Indiam Muslims, pp. 101-105,

65. Bipin Chandra, Advanced History of India, Page 8..

66. Ronald Spector, "The Royal Indian Navy Strike of 1946", *Armed Forces and Society* (Winter 1981) pp. 271-284.

67. Wikipedia, Darul Uloom Deoband.

68. Farhat Tabassum, Deoband Ulema's: Muslims as we all know, Constitute, Jamiat Ulama-i-Hind / Manak Publications.

69. Dr. Faruqui, Deoband and the demand for Pakistan, p. 50.

70. Y. V. Gankovsky, L. R. Gordon-Polonskaya, A History of Pakistan (1947-1958).

71. The Milli Gazette, 1-15 November 2006.

72. Ahmad, Syed N. *Origins of Muslim consciousness in India: a world-system perspective*. New York u.a: Greenwood Press, 1991. p. 175.

73. M. Naeem Qureshi, Pan-Islam in British Indian Politics: A Study of the Khilafat Movement, 1918-1924.(Social, Economic and Political Studies of the Middle East and Asia), p79,80,81,82.

74. Ansari, K. H. (1986), *Pan-Islam and the Making of the Early Indian Muslim Socialist. Modern Asian Studies*, Vol. 20, No. 3. (1986), pp. 509-537, Cambridge University Press.

75. Sims-Williams, Ursula (1980), *The Afghan Newspaper Siraj al-Akhbar. Bulletin* (British Society for Middle Eastern Studies), Vol. 7, No. 2. (1980), pp. 118-122, London, Taylor & Francis Ltd.

76. M. Naeem Qureshi, The 'Ulamâ' of British India and the Hijrat of 1920, *Modern Asian Studies*, Vol. 13, No. 1. (1979), pp. 41-59.

77. Ahmad, Aijaz, "Frontier Gandhi: Reflections on Muslim Nationalism in India." Social Scientist 33 (Jan.-Feb., 2005): 22-39.

78. Attar Chand, India, Pakistan, and Afghanistan: a study of freedom struggle and Abdul Ghaffar Khan. New Delhi, India: Commonwealth Publishers, 1989.

79. Syed Shabbir Hussain, *Al-Mashriqi: The Disowned Genius*, 1991, page 180, Publisher: Jang Publisher, Lahore, Pakistan

80. De, Amalendu. History of the Khaksar Movement in India, 1931-1947. Kolkata: Parul Prakashani, 2009. Pp. 126, 127, 128, 131, 154, 167, 165.

81. Nasim Yousaf, Alama Mashriqi and the Khaksar Tehrik.

82. Meher Fatima Hussain, *Maulvi Mohammad Baqar in the Vanguard of 1857*, Delhi.

83. Sir Syed Ahmad, *Asbab-e-baghawat-e-Hind* (Causes of the Indian Revolt), Bombay: Nachiketa Publications Limited, 1972.

84. C. M. Naim, Hasrat Mohani, Outlook, Jan 12, 2012.

85. Tahera Aftab, Inscribing South Asian Muslim Women: An Annotated Bibliography & Research Guide

86. Samiuddin, Abidah; Hindustan Ki Jang-i-Azadi mein Muslim Khwatin Ka Hissah [Role of Muslim Women in the Freedom Struggle], Patna; Hindi translation of the book is published under the title '*ਭਾਰਤ ਕੇ ਸਵਤੰਤਰਤਾ ਸੰਗਰਾਮ ਮੇਂ ਮੁਸਲਿਮ ਮਹਿਲਾਓਂ ਕਾ ਯੋਗਦਾਨ*', New Delhi, Institute of Objective Studies, 1997. Biographical sketches of 37 Muslim women, who participated in the freedom movement, during 1857 to 1947.

87. Azad, Abul Kalam (1958 (reprint: 1989)). *India Wins Freedom*. Stosius Inc/ Advent Books Division.

88. Sugata Bose, His Majesty's Opponent, pp. 250-251.

ਹਿੱਸਾ : ਦੂਜਾ

ਗ਼ਦਰ ਲਹਿਰ ਦੇ ਥੰਮ

ਗ਼ਦਰ ਲਹਿਰ ਦੇ ਮੋਢੀ ਆਗੂ

-ਮਾਇਆ ਰਾਮਨਾਥ

1907 'ਚ ਹੀ, ਪੰਜਾਬ ਵਿਚ ਅਧਿਕਾਰੀਆਂ ਦੇ ਧਿਆਨ 'ਚ ਆਇਆ ਸੀ ਕਿ ਫ਼ੌਜ ਦੀਆਂ ਸਥਾਨਕ ਛਾਉਣੀਆਂ ਵਿਚ "ਰਾਜਧ੍ਰੋਹੀ ਪੈਂਫਲੈਂਟ" ਵੰਡੇ ਗਏ ਹਨ ਜਿਨ੍ਹਾਂ ਵਿਚ ਫ਼ੌਜੀਆਂ ਨੂੰ ਮੁਖ਼ਾਤਬ ਹੋ ਕੇ ਕਿਹਾ ਗਿਆ ਸੀ "ਕਿ ਅੰਗਰੇਜ਼ ਰਾਜ ਦਾ ਤਖ਼ਤਾ ਉਲਟਾਉਣਾ ਕਿੰਨਾ ਸੁਖ਼ਾਲਾ ਹੈ।.... ਇਹ ਪਰਚਾ ਹਿੰਦੁਸਤਾਨ ਦੇ ਕੁਝ ਬਾਸ਼ਿੰਦਿਆਂ ਵਲੋਂ ਤਿਆਰ ਕਰਕੇ ਭੇਜਿਆ ਗਿਆ ਸੀ ਜੋ ਐਸ ਵਕਤ ਅਮਰੀਕਾ 'ਚ ਹਨ।"[1] ਜਦੋਂ ਉੱਤਰੀ ਅਮਰੀਕਾ ਇਕ ਜਥੇਬੰਦ ਕੇਂਦਰ ਵਜੋਂ ਉੱਭਰਿਆ, ਤਾਂ ਯੂਰਪ ਵਿਚ ਰਹਿ ਰਹੇ ਹਿੰਦੁਸਤਾਨੀ ਇਨਕਲਾਬੀਆਂ, ਜਿਵੇਂ ਹਰਦਿਆਲ, ਅਜੀਤ ਸਿੰਘ ਅਤੇ ਭਾਈ ਪਰਮਾਨੰਦ, ਨੇ ਆਪਣੇ ਕੰਮ ਦੇ ਵਿਕਾਸ ਦੀ ਉਮੀਦ ਨਾਲ ਪੱਛਮ ਨੂੰ ਜ਼ਿਆਦਾ ਤਵੱਜੋ ਦੇਣੀ ਸ਼ੁਰੂ ਕਰ ਦਿੱਤੀ। ਇਕ ਵਾਰ ਉੱਥੇ ਜਾ ਕੇ, ਅੰਗਰੇਜ਼ ਵਿਰੋਧੀ "ਰਾਜਧ੍ਰੋਹ" ਜਥੇਬੰਦ ਕਰਨ ਅਤੇ ਆਪਣੇ ਭਾਈਚਾਰੇ ਦੀ ਉੱਤਰੀ ਅਮਰੀਕੀ ਨਸਲਵਾਦ ਤੋਂ ਰਾਖੀ ਕਰਨ ਦੇ ਕੰਮ ਜ਼ਰੂਰ ਹੀ ਨੇਪਰੇ ਚਾੜ੍ਹਨੇ ਹੋਣਗੇ। ਇਹ ਦੋਵੇਂ ਲਾਜ਼ਮੀ ਕੰਮ ਇਕ ਦੂਜੇ ਦੇ ਪੂਰਕ ਸਨ: ਆਰਗੇਨਾਈਜ਼ਰਾਂ ਦੀਆਂ ਗਿਣਤੀਆਂ-ਮਿਣਤੀਆਂ 'ਚ, ਮਗਰਲਾ ਠੀਕ ਉਹ ਚੀਜ਼ ਸੀ ਜੋ ਪਹਿਲੇ ਬਾਰੇ ਭਾਈਚਾਰੇ ਦੀ ਚੇਤਨਾ ਨੂੰ ਵਿਕਸਤ ਕਰਨ ਲਈ ਸੰਭਾਵੀ ਅਵਾਮੀ ਲਹਿਰ ਦੇ ਹਾਲਾਤ ਤਿਆਰ ਕਰ ਸਕਦਾ ਸੀ। ਦੂਜੇ ਸ਼ਬਦਾਂ 'ਚ, ਵਿਤਕਰੇ ਨਾਲ ਭੜਕੇ ਗੁੱਸੇ ਨੂੰ ਬਸਤੀਵਾਦ ਵਿਰੋਧੀ ਸੰਘਰਸ਼ ਵੱਲ ਸੇਧਤ ਕੀਤਾ ਜਾ ਸਕਦਾ ਸੀ। ਹੁਣ, ਹਿੰਦੁਸਤਾਨੀ ਆਜ਼ਾਦੀ ਅਤੇ ਅਮਰੀਕੀ ਸ਼ਹਿਰੀ ਹੱਕਾਂ ਦਾ ਇਹ ਮੇਲ ਤਰਜੀਹਾਂ ਦੇ ਟਕਰਾਅ ਵੱਲ ਵੀ ਲਿਜਾ ਸਕਦਾ ਸੀ। ਅਮਰੀਕੀ ਸ਼ਹਿਰੀਆਂ ਵਾਲੇ ਰੁਤਬੇ ਬਨਾਮ ਆਜ਼ਾਦ ਹਿੰਦੁਸਤਾਨੀ ਸ਼ਹਿਰੀਆਂ ਵਾਲੇ ਰੁਤਬੇ ਦੀਆਂ *ਬੁਨਿਆਦੀ* ਰੀਝਾਂ ਦਾ ਵਖਰੇਵਾਂ ਓੜਕ ਪੱਕੇ ਵਸਣ ਦੇ ਖ਼ਾਹਸ਼ਮੰਦ ਨਰਮ-ਖ਼ਿਆਲੀਆਂ ਅਤੇ ਇਥੇ ਆਰਜ਼ੀ ਰਹਿਣ ਵਾਲੇ ਰੈਡੀਕਲਾਂ ਦਰਮਿਆਨ ਹਿੱਤਾਂ ਦੇ ਵਖਰੇਵੇਂ 'ਚ ਸਾਹਮਣੇ ਆ ਗਿਆ, ਭਾਵੇਂ ਕਿ ਆਖ਼ਿਰ ਇਹ ਇਕ ਮੁਕੰਮਲ ਦਲੀਲ ਹੋ ਸਕਦੀ ਹੈ, ਇਸ ਨੂੰ ਦੇਖਦਿਆਂ ਕਿ ਇਹ ਗਰਮ-ਖ਼ਿਆਲੀਏ ਹੀ ਸਨ ਜਿਨ੍ਹਾਂ ਨੇ ਗ਼ਦਰ ਵਿਚ ਲੜਨ ਲਈ ਕੂਚ ਕੀਤਾ, ਤੇ ਨਰਮ-ਖ਼ਿਆਲੀਏ ਉੱਥੇ ਹੀ ਦੜ ਵੱਟਕੇ ਬੈਠੇ ਰਹੇ। ਪਰ 1912 ਅਤੇ 1918 ਦਰਮਿਆਨ ਹੀ ਇਹ ਹੋਇਆ ਕਿ ਹਿੰਦੁਸਤਾਨੀ ਚੌਖਟਾ ਐਨੀ ਸ਼ਿੱਦਤ ਨਾਲ ਅਮਰੀਕੀ ਚੌਖਟੇ ਉੱਪਰ ਭਾਰੂ ਹੋਇਆ ਅਤੇ ਕਿ ਕੌਮੀ ਮੁਕਤੀ ਦੀ ਵਿਥਿਆ ਦੀ ਚਾਪ ਆਵਾਸੀਆਂ ਦੀ ਆਮਦ ਅਤੇ ਇਸ ਕਾਮਯਾਬੀ 'ਤੇ ਆ ਕੇ ਖ਼ਤਮ ਹੋ ਗਈ। ਵੱਖ-ਵੱਖ ਹਿੱਸਿਆਂ ਦਾ ਗ਼ਦਰ

ਲਹਿਰ ਦੇ ਰੂਪ 'ਚ ਸੁਮੇਲ ਹੋਣ ਤੋਂ ਪਹਿਲਾਂ, ਭਾਵੇਂ ਇਸ ਦੇ ਆਰਗੇਨਾਈਜ਼ਰ ਆਮ ਹੀ ਅੰਗਰੇਜ਼ ਰਾਜ ਦੇ ਵਿਰੁੱਧ ਬੋਲਦੇ ਰਹਿੰਦੇ ਸਨ, ਫ਼ੌਰੀ ਅਰਥਾਂ 'ਚ ਉਨ੍ਹਾਂ ਨੇ ਕਾਮਿਆਂ ਨੂੰ ਪੜ੍ਹਾਉਣ-ਲਿਖਾਉਣ ਅਤੇ ਆਵਾਸੀ ਭਾਈਚਾਰੇ ਦੀ ਭਲਾਈ ਦੇ ਕੰਮਾਂ ਨੂੰ ਤਰਜੀਹੀ ਕਾਰਜ ਬਣਾਇਆ। ਕੁਝ ਆਰਗੇਨਾਈਜ਼ਰਾਂ ਦੀਆਂ ਮਿਸਾਲਾਂ ਹੇਠਾਂ ਦਿੱਤੀਆਂ ਜਾਂਦੀਆਂ ਹਨ।

ਰਾਮ ਨਾਥ ਪੁਰੀ

ਰਾਮ ਨਾਥ ਪੁਰੀ ਲਾਹੌਰ ਦੀ ਬੈਂਕ ਵਿਚ ਕਲਰਕ ਸੀ ਜਦੋਂ ਉਹ ਪਹਿਲੀ ਦਫ਼ਾ ਕੁਝ "ਇਤਰਾਜ਼ਯੋਗ ਪੈਂਫਲੈੱਟਾਂ" ਅਤੇ ਉਸ "ਰਾਜਧ੍ਰੋਹੀ ਕਾਰਟੂਨ" ਕਾਰਨ ਅੰਗਰੇਜ਼ ਰਾਜ ਦੇ ਅਧਿਕਾਰੀਆਂ ਦੀ ਨਜ਼ਰ 'ਚ ਆਇਆ ਜੋ ਉਸ ਨੇ 1905 'ਚ ਛਾਪਿਆ ਸੀ।[2] 1906 'ਚ ਉਹ ਅਮਰੀਕਾ ਚਲਾ ਗਿਆ। ਉਥੇ ਪਹਿਲਾਂ ਤਾਂ ਉਹ ਇਕ ਹਸਪਤਾਲ ਦੇ ਚੌਕੀਦਾਰ ਵਜੋਂ ਕੰਮ ਕਰਦਾ ਰਿਹਾ ਅਤੇ ਫਿਰ ਉਨ੍ਹਾਂ ਸਿੱਖ ਕਾਮਿਆਂ ਦਾ ਦੁਭਾਸ਼ੀਆ ਬਣ ਗਿਆ ਜੋ ਓਦੋਂ ਵੱਡੀ ਤਾਦਾਦ 'ਚ ਆਉਣੇ ਸ਼ੁਰੂ ਹੋ ਗਏ ਸਨ। ਰਿਪੋਰਟ 'ਚ ਇਹ ਵੀ ਦੱਸਿਆ ਗਿਆ ਕਿ ਉਹ "ਹਰ ਸਮੇਂ ਆਪਣੀ ਕਾਬਲੀਅਤ ਵਰਤਕੇ ਉਨ੍ਹਾਂ ਨਾਲ ਚਲਾਕੀ ਕਰਨ ਦੀ ਤਾਕ 'ਚ ਰਹਿੰਦਾ ਸੀ" ਕਿ "ਹਿੰਦੁਸਤਾਨੀ ਉਸ ਨੂੰ ਨੌਂਸਰਬਾਜ਼ ਅਤੇ ਅਮਰੀਕਨ ਉਸ ਨੂੰ ਲਫੰਗਾ ਸਮਝਦੇ ਸਨ। ਉਸ ਨੇ ਸੁਰੰਗਾਂ ਵਿਛਾਉਣ ਦੀ ਤਕਨੀਕ ਬਾਰੇ ਇਕ ਕਾਲਜ 'ਚ ਦਾਖ਼ਲਾ ਲਿਆ ਅਤੇ ਫਿਰ ਉਹ ਖੇਤਾਂ ਵਿਚ ਫ਼ਲ ਤੋੜਨ, "ਇਕ ਅਮਰੀਕੀ ਔਰਤ ਦੇ ਘਰ ਵਿਚ ਬਹਿਰੇ ਵਜੋਂ" ਅਤੇ ਇਕ ਅਸਫ਼ਲ ਕਾਰੋਬਾਰੀ ਵਜੋਂ ਕੰਮ ਕਰਦਾ ਰਿਹਾ। ਉਸ ਦੇ ਈਸਟਰਨ ਇੰਪਲਾਇਮੈਂਟ ਏਜੰਸੀ ਅਤੇ ਇੰਡੋ-ਅਮੈਰੀਕਨ ਜਨਰਲ ਟਰੇਡਿੰਗ ਕੰਪਨੀ ਦੋਵੇਂ ਕਾਰੋਬਾਰ ਫੇਲ੍ਹ ਹੋ ਗਏ।

ਫਿਰ ਪੁਰੀ ਨੇ ਹਿੰਦੁਸਤਾਨ ਐਸੋਸੀਏਸ਼ਨ ਅਤੇ ਮੈਗਨੋਲੀਆ ਸਟਰੀਟ ਯੂਨੀਅਨ ਨਾਂ ਦੀ ਇਕ ਰਿਹਾਇਸ਼ੀ ਇਮਾਰਤ ਵੀ ਸ਼ੁਰੂ ਕੀਤੀ ਜੋ ਪੰਜਾਬੀ ਕਾਮਿਆਂ ਨੂੰ 10 ਸੈਂਟ ਪ੍ਰਤੀ ਰਾਤ ਦੇ ਹਿਸਾਬ ਕਮਰਾ ਅਤੇ ਖਾਣਾ ਮੁਹੱਈਆ ਕਰਦੀ ਸੀ।[3] ਉਸ ਨੇ ਥੋੜ੍ਹਾ ਚਿਰ *ਸਰਕੂਲਰ-ਏ-ਆਜ਼ਾਦੀ* ਨਾਂ ਦਾ ਰਸਾਲਾ ਵੀ ਕੱਢਿਆ ਜੋ ਜੂਨ, ਜੁਲਾਈ ਅਤੇ ਅਗਸਤ 1907 'ਚ ਸਾਨ ਫਰਾਂਸਿਸਕੋ ਅਤੇ ਓਕਲੈਂਡ ਵਿਚ ਛਪਿਆ। ਇਹ ਰਸਾਲਾ ਪੱਛਮੀ ਸਮੁੰਦਰੀ ਕੰਢੇ ਉੱਪਰ ਵੰਡੇ ਗਏ ਬਸਤੀਵਾਦ ਵਿਰੋਧੀ ਪਹਿਲੇ ਅਹਿਮ ਪ੍ਰਚਾਰ ਸਾਹਿਤ ਵਿੱਚੋਂ ਇਕ ਸੀ, ਜਿਸ ਨੂੰ ਇਸ ਦੇ "ਰਾਜਧ੍ਰੋਹੀ" ਤੱਤ ਕਾਰਨ ਢੋਆ-ਢੁਆਈ ਤੋਂ ਜਵਾਬ ਦੇ ਦਿੱਤਾ ਗਿਆ। ਕ੍ਰਿਮੀਨਲ ਇੰਟੈਲੀਜੈਂਸ ਦੇ ਨਿਰਦੇਸ਼ਕ ਦੀ ਜਨਵਰੀ 1908 ਦੀ ਰਿਪੋਰਟ ਅਨੁਸਾਰ, ਇਸ ਦਾ "ਉਦੇਸ਼..... ਅਮਰੀਕਾ ਵਿਚ ਰੋਜ਼ਗਾਰ ਦੀ ਖ਼ਾਤਰ ਜਾਣ ਵਾਲੇ ਹਿੰਦੁਸਤਾਨੀਆਂ ਵਿਚ ਹਿੰਦੁਸਤਾਨੀ ਕੌਮੀ ਪਾਰਟੀ ਜਥੇਬੰਦ ਕਰਨਾ ਹੈ।.... ਲੱਗਦਾ ਹੈ ਕਿ ਵੈਨਕੂਵਰ ਵਿਖੇ ਅਤੇ ਕੈਲੀਫੋਰਨੀਆ, ਤੇ ਵਾਸ਼ਿੰਗਟਨ ਸੂਬੇ ਵਿਚ ਕੁਝ ਥਾਈਂ ਅਤੇ ਪੱਛਮੀ ਅਮਰੀਕਾ ਦੇ ਹੋਰ ਥਾਈਂ ਗੋਰੇ ਤੇ ਸਿਆਹ ਕਾਮਿਆਂ ਦਰਮਿਆਨ ਜੋ ਝੜਪਾਂ ਹੋਈਆਂ ਉਹ ਇਸੇ ਦੇ ਕਾਰਨ ਹੋਈਆਂ ਸਨ।"[4]

ਕਥਿਤ ਤੌਰ 'ਤੇ ਪੁਰੀ ਦਾ ਰਸਾਲਾ ਸਾਨ ਫਰਾਂਸਿਸਕੋ ਅਧਾਰਤ ਇਕ "ਇੰਡੀਅਨ

ਐਸੋਸੀਏਸ਼ਨ" ਅਤੇ ਅਸਟੋਰੀਆ ਤੇ ਵੈਨਕੂਵਰ ਦੀਆਂ ਸ਼ਾਖਾਵਾਂ ਨਾਲ ਜੁੜਿਆ ਹੋਇਆ ਸੀ, ਜਿਨ੍ਹਾਂ ਦਾ ਮਕਸਦ "ਹਿੰਦੁਸਤਾਨੀਆਂ ਨੂੰ ਕੌਮੀ ਲੀਹਾਂ 'ਤੇ ਹਦਾਇਤਾਂ ਦੇਣਾ, ਗੋਲੀ ਚਲਾਉਣ ਅਤੇ ਜਪਾਨੀ ਲੜਾਈ ਲੜਨ ਦੀ ਸਿਖਲਾਈ ਦੇਣਾ ਅਤੇ ਆਪਣੀ ਰਾਖੀ ਲਈ ਨੇਜੇ, ਤਲਵਾਰ ਤੇ ਹੋਰ ਹਥਿਆਰ ਚਲਾਉਣੇ ਸਿਖਾਉਣਾ ਅਤੇ ਹਿੰਦੁਸਤਾਨ ਪ੍ਰਤੀ ਅਮਰੀਕੀ ਹਮਦਰਦੀ ਪੈਦਾ ਕਰਨਾ ਸੀ।"[5] ਭਾਵੇਂ ਇਸ ਦੀਆਂ ਅਸਲ ਕਾਪੀਆਂ ਲੱਭਣੀਆਂ ਹੁਣ ਸੰਭਵ ਨਹੀਂ, ਕ੍ਰਿਮੀਨਲ ਇੰਟੈਲੀਜੈਂਸ ਦੇ ਨਿਰਦੇਸ਼ਕ (DCI) ਦੀ ਰਿਪੋਰਟ ਸਾਨੂੰ ਜਾਣਕਾਰੀ ਦਿੰਦੀ ਹੈ ਕਿ ਅਗਸਤ ਅੰਕ ਵਿਚ ਸਰਕਾਰੀ ਨੌਕਰੀ ਦਾ ਬਾਈਕਾਟ ਕਰਨ ਦੀ ਵਕਾਲਤ ਕਰਦਾ ਇਕ ਲੇਖ ਸ਼ਾਮਲ ਸੀ; ਅਤੇ ਜੁਲਾਈ ਤੇ ਅਗਸਤ ਦੋਵਾਂ ਅੰਕਾਂ ਵਿਚ ਅੰਗਰੇਜ਼ ਵਿਰੋਧੀ *ਗੈਲਿਕ ਅਮੈਰੀਕਨ* (ਅਖ਼ੀਰਲੇ ਅੰਕ ਬਾਰੇ ਸਾਡੇ ਕਦੇ ਸੁਣਨ ਵਿਚ ਨਹੀਂ ਆਇਆ) ਅਤੇ ਹੋਰ ਹਿੰਦੁਸਤਾਨੀ ਅਖ਼ਬਾਰਾਂ ਵਿੱਚੋਂ ਅੰਸ਼ ਲੈ ਕੇ ਛਾਪੇ ਗਏ ਸਨ – ਸੰਭਵ ਹੈ *ਬੰਦੇ ਮਾਤਰਮ* ਅਤੇ *ਇੰਡੀਅਨ ਸੋਸ਼ੀਆਲੋਜਿਸਟ* ਵਿੱਚੋਂ, ਕਿਉਂਕਿ ਇਹ *ਗੈਲਿਕ ਅਮੈਰੀਕਨ* ਨਾਲ ਲਿਖਤਾਂ ਸਾਂਝੀਆਂ ਕਰ ਲੈਂਦਾ ਸੀ।

1910 ਦੇ ਕਰੀਬ ਪੁਰੀ ਨੂੰ ਓਕਲੈਂਡ ਵਿਚ ਕੁਝ ਜ਼ਮੀਨ ਮਿਲ ਗਈ ਅਤੇ ਉਸ ਨੇ ਅਮਰੀਕਾ ਵਿਚ ਹੀ ਰਹਿਣ ਦਾ ਮਨ ਬਣਾ ਲਿਆ, ਕਿਉਂਕਿ ਉਹ ਅਜੇ ਵੀ ਹਿੰਦੁਸਤਾਨ ਆਉਣੋਂ ਡਰਦਾ ਸੀ। ਪਰ ਜ਼ਾਹਿਰ ਹੈ ਫਿਰ ਉਸ ਨੇ ਆਪਣਾ ਮਨ ਬਦਲ ਲਿਆ ਤੇ ਉਹ ਐਨ ਉਸ ਵਕਤ ਟੋਕੀਓ ਜਾ ਪਹੁੰਚਿਆ ਜਿੱਥੇ 1910 ਦੇ ਹੁਨਾਲ 'ਚ ਉਸ ਨੇ ਮੁਹੰਮਦ ਬਰਕਤਉੱਲਾ ਵਲੋਂ ਅਧਿਆਪਕ ਦੀ ਨੌਕਰੀ ਛੱਡਣ ਸਮੇਂ ਵਿਦਾਇਗੀ ਦਾਅਵਤ ਮੌਕੇ ਇਕ "ਬਹੁਤ ਹੀ ਇਤਰਾਜ਼ਯੋਗ" (ਸੰਭਵ ਤੌਰ 'ਤੇ ਇਸ ਦਾ ਮਤਲਬ ਸੀ ਖਾੜਕੂ ਰਾਜਧ੍ਰੋਹੀ) ਤਕਰੀਰ ਕੀਤੀ। ਫਿਰ ਪੁਰੀ 1911 'ਚ ਆਪਣੇ ਜੱਦੀ ਕਸਬੇ ਬਿਜਨੌਰ ਵਿਚ "ਆ ਪ੍ਰਗਟਿਆ, ਜੋ ਅਣਕਿਆਸਿਆ ਸੀ" ਅਤੇ ਆਰੀਆ ਸਮਾਜ *ਗੁਰੂਕੁਲ* ਵਿਖੇ ਨੌਜਵਾਨਾਂ ਨੂੰ ਇਹ ਮਸ਼ਵਰਾ ਦੇਣ ਲੱਗਿਆ ਕਿ ਉਨ੍ਹਾਂ ਨੂੰ "ਅਮਰੀਕਾ ਚਲੇ ਜਾਣਾ ਚਾਹੀਦਾ ਹੈ ਜਿਥੇ ਉਹ ਸਿੱਖ ਸਕਣਗੇ ਕਿ ਬੰਦਾ ਮੁਕਤੀ ਕਿਵੇਂ ਹਾਸਲ ਕਰਦਾ ਹੈ।" ਰਿਪੋਰਟ ਇਸ ਬਾਰੇ ਖ਼ਾਮੋਸ਼ ਹੈ ਕਿ ਬਾਅਦ ਵਿਚ ਉਸ ਦਾ ਕੀ ਬਣਿਆ, ਕੀ ਉਹ ਬਿਜਨੌਰ ਵਿਚ ਹੀ ਰਿਹਾ, ਅਤੇ ਜਦੋਂ 1914-15 ਵਿਚ ਗ਼ਦਰੀ ਵਤਨ ਮੁੜੇ ਕੀ ਉਸ ਨੇ ਉਨ੍ਹਾਂ ਨਾਲ ਦੁਬਾਰਾ ਰਾਬਤਾ ਬਣਾਇਆ?

ਗੁਰੂ ਦੱਤ ਕੁਮਾਰ

ਗੁਰੂ ਦੱਤ ਕੁਮਾਰ 1907 ਦੇ ਕਰੀਬ ਬ੍ਰਿਟਿਸ਼ ਕੋਲੰਬੀਆ ਆਇਆ ਅਤੇ ਵਿਕਟੋਰੀਆ ਵਿਚ ਇਕ ਕਰਿਆਨੇ ਦੀ ਦੁਕਾਨ ਖੋਲ੍ਹ ਲਈ।[6] ਉੱਤਰ-ਪੱਛਮੀ ਸਰਹੱਦੀ ਸੂਬੇ (North-West frontier province) ਦਾ ਇਹ ਜੰਮਪਲ ਕਲਕੱਤੇ ਦੀ ਇਨਕਲਾਬੀ ਲਹਿਰ ਦੇ ਪ੍ਰਭਾਵ ਹੇਠ ਸੀ, ਜਿਥੇ ਉਸ ਨੇ ਨੈਸ਼ਨਲ ਕਾਲਜ ਵਿਚ ਤਾਲੀਮ ਲਈ ਸੀ। ਥੋੜ੍ਹੇ ਵਕਤ ਲਈ ਉਹ ਉਰਦੂ ਤੇ ਹਿੰਦੀ ਪੜ੍ਹਾਉਂਦਾ ਰਿਹਾ ਅਤੇ ਫਿਰ ਇਕ ਤਸਵੀਰਾਂ ਖਿੱਚਣ ਵਾਲੇ ਦੀ ਦੁਕਾਨ

'ਤੇ ਰਹਿ ਕੇ ਇਹ ਕੰਮ ਸਿਖਿਆ। ਕਲਕੱਤਾ ਵਿਚ ਉਹ ਤਾਰਕ ਨਾਥ ਦਾਸ ਨੂੰ ਮਿਲਿਆ, ਜਿਸ ਨੇ ਚੌਥੇ ਰਿਸਾਲੇ ਦੇ ਪੁਰਾਣੇ ਸਿਪਾਹੀ ਹਰਨਾਮ ਸਿੰਘ ਸਾਹਰੀ ਨਾਲ ਮਿਲਕੇ ਉਸ ਦੀ ਅਮਰੀਕਾ ਆਉਣ 'ਚ ਮਦਦ ਕੀਤੀ।[7]

1909 'ਚ ਕੁਮਾਰ ਵੈਨਕੂਵਰ ਵਿਚ ਨਵੀਂ ਹਿੰਦੁਸਤਾਨ ਐਸੋਸੀਏਸ਼ਨ ਦਾ ਸਕੱਤਰ ਬਣਿਆ – ਉਹੀ ਐਸੋਸੀਏਸ਼ਨ ਜੋ ਪੁਰੀ ਦੇ *ਸਰਕੂਲਰ-ਏ-ਆਜ਼ਾਦੀ* ਨਾਲ ਜੁੜੀ ਹੋਈ ਸੀ। ਇਸ ਦਾ ਅੰਤਮ ਨਿਸ਼ਾਨਾ "ਹਿੰਦੁਸਤਾਨੀ ਕੌਮ" ਲਈ "ਮੁਕੰਮਲ ਸਵਰਾਜ" ਲਿਆਉਣਾ ਸੀ, ਉਸ ਮੁਤਾਬਿਕ ਇਸ ਦੇ ਲਈ ਬਦੇਸ਼ੀ ਲੁੱਟਖਸੁੱਟ ਦਾ ਖ਼ਾਤਮਾ ਹੀ ਨਹੀਂ ਸਗੋਂ ਦੇਸੀ ਸਿਖਿਆ, ਸਨਅਤ, ਵਪਾਰ ਅਤੇ ਖੇਤੀਬਾੜੀ ਦੀ ਤਰੱਕੀ ਵੀ ਜ਼ਰੂਰੀ ਹੋਵੇਗੀ।[8] ਇਸ ਜਥੇਬੰਦੀ ਦਾ ਦਾਅਵਾ ਸੀ ਕਿ ਇਸ ਦੇ 250 ਮੈਂਬਰ ਸਨ ਅਤੇ ਜ਼ਿਆਦਾਤਰ "ਵਿਦਿਆਰਥੀ ਅਤੇ ਪੜ੍ਹੇਲਿਖੇ ਬੰਦੇ" ਇਸ ਦੀ ਖ਼ਿਦਮਤ ਲਈ ਹਾਜ਼ਰ ਰਹਿੰਦੇ ਸਨ। ਐੱਫ ਸੀ ਆਈਸਮੌਂਗਰ ਅਤੇ ਜੇਮਜ਼ ਸਲੈਟਰੀ ਦੀ ਸਰਕਾਰੀ ਰਿਪੋਰਟ ਦਾਅਵਾ ਕਰਦੀ ਸੀ ਕਿ ਇਹ ਮੁੱਖ ਤੌਰ 'ਤੇ ਹਿੰਦੁਸਤਾਨੀ ਪਾੜ੍ਹਿਆਂ ਨੂੰ ਅਮਰੀਕਾ ਜਾਣ ਲਈ ਭਰਮਾਉਣ ਦਾ ਕੰਮ ਕਰਦੀ ਸੀ, ਜਿਥੇ ਉਨ੍ਹਾਂ ਨੂੰ "ਕੌਮਪ੍ਰਸਤ, ਇਨਕਲਾਬੀ ਅਤੇ ਇੱਥੋਂ ਤਕ ਕਿ ਅਰਾਜਕਤਾਵਾਦੀ ਮੱਤ ਸਿਖਾਇਆ" ਜਾ ਸਕਦਾ ਸੀ।[9] ਸ਼ੁਰੂ ਵਿਚ ਖ਼ਾਲਸਾ ਦੀਵਾਨ ਸੋਸਾਇਟੀ ਨਾਲ ਨੇੜਿਓਂ ਜੁੜਕੇ ਕੰਮ ਕਰਦਿਆਂ ਹੋਇਆਂ, ਕੁਮਾਰ ਸਮਾਜੀ ਸੁਧਾਰ, ਇਖ਼ਲਾਕ ਉੱਚਾ ਚੁੱਕਣ, ਨਸ਼ੇ ਛੱਡਣ ਅਤੇ ਜਾਤਪਾਤੀ ਤੇ ਮਜ਼ਹਬੀ ਸਦਭਾਵਨਾ 'ਤੇ ਜ਼ੋਰ ਦਿੰਦਾ ਸੀ। ਨਵੇਂ ਆਵਾਸੀਆਂ, ਸਮੇਤ ਉਨ੍ਹਾਂ ਟੱਬਰਾਂ ਦੇ ਜੋ ਪਹਿਲਾਂ ਹੀ ਉੱਥੇ ਰਹਿ ਰਹੇ ਆਪਣੇ ਪਿਆਰਿਆਂ ਕੋਲ ਜਾਣ ਦਾ ਯਤਨ ਕਰ ਰਹੇ ਸਨ, ਦੇ ਆਉਣ ਉੱਪਰ ਪਾਬੰਦੀਆਂ ਵਿਰੁੱਧ ਅੰਦੋਲਨ ਕਰਦਿਆਂ ਇਕ ਬਸਤੀਵਾਦ ਵਿਰੋਧੀ ਲਹਿਜ਼ਾ ਵੀ ਉੱਘੜਦਾ ਜਾ ਰਿਹਾ ਸੀ।[10]

ਕੁਮਾਰ ਤੇ ਉਸ ਦੇ ਸੰਗੀ-ਸਾਥੀਆਂ ਨੇ ਲੰਦਨ ਦੇ ਕ੍ਰਿਸ਼ਨ ਵਰਮਾ ਵਾਲੇ ਇੰਡੀਆ ਹਾਊਸ ਦੀ ਤਰਜ਼ 'ਤੇ *ਸਵਦੇਸ਼ ਸੇਵਕ ਹੋਮ* ਵੀ ਖੋਲ੍ਹ ਲਿਆ। ਇਹ ਆਵਾਸੀਆਂ ਦੇ ਬੱਚਿਆਂ ਲਈ ਸਕੂਲ (ਹਾਲਾਂਕਿ ਟੱਬਰਾਂ ਦੇ ਆਉਣ 'ਤੇ ਰੋਕ ਹੋਣ ਕਾਰਨ ਯਕੀਨਨ ਹੀ ਉੱਥੇ ਜ਼ਿਆਦਾ ਬੱਚੇ ਨਹੀਂ ਹੋਣਗੇ) ਅਤੇ ਖ਼ੁਦ ਆਵਾਸੀਆਂ ਲਈ ਤ੍ਰਿਕਾਲਾਂ ਸਮੇਂ ਅੰਗਰੇਜ਼ੀ ਦੀਆਂ ਜਮਾਤਾਂ ਚਲਾਉਂਦਾ ਸੀ। ਇਸ ਦਾ ਤਰਜ਼ਮਾਨ *ਸਵਦੇਸ਼ ਸੇਵਕ* ਸੀ, ਜੋ ਤਾਰਕਨਾਥ ਦਾਸ ਦੇ *ਫਰੀ ਹਿੰਦੁਸਤਾਨ* ਦੇ ਗੁਰਮੁਖੀ ਸੰਗੀ ਵਜੋਂ 1910 'ਚ ਸ਼ੁਰੂ ਕੀਤਾ ਗਿਆ। ਇਹ ਦੋਵੇਂ ਰਸਾਲੇ *ਬੰਦੇ ਮਾਤਰਮ* ਅਤੇ *ਇੰਡੀਅਨ ਸੋਸ਼ੀਆਲੋਜਿਸਟ* ਵਿੱਚੋਂ ਲੈ ਕੇ ਲਿਖਤਾਂ ਦੁਬਾਰਾ ਛਾਪਦੇ ਸਨ, ਜੋ ਉਨ੍ਹਾਂ ਦੇ ਰੈਡੀਕਲ ਲਹਿਰ ਦੇ ਸੰਗੀਆਂ ਵਲੋਂ ਕੱਢੇ ਜਾਂਦੇ ਸਨ ਅਤੇ ਜੋ ਅੰਗਰੇਜ਼ ਦੀ ਹਿੰਦੁਸਤਾਨੀ ਫ਼ੌਜ ਵਿਚਲੇ ਸਿੱਖ ਫ਼ੌਜੀਆਂ ਨੂੰ ਬਗ਼ਾਵਤ ਕਰਨ ਦਾ ਹੋਕਾ ਦਿੰਦੇ ਸਨ। ਮਾਰਚ 1911 ਨੂੰ ਰਸਾਲਾ ਉਸ "ਇਤਰਾਜ਼ਯੋਗ" ਸਾਹਿਤ ਦੀ ਸੂਚੀ ਵਿਚ ਸ਼ਾਮਲ ਕਰ ਲਿਆ ਗਿਆ ਸੀ ਜਿਸ ਦੇ ਸਮੁੰਦਰੀ ਕਸਟਮਜ਼ ਐਕਟ ਤਹਿਤ ਹਿੰਦੁਸਤਾਨ ਵਿਚ ਭੇਜੇ ਜਾਣ ਦੀ ਮਨਾਹੀ ਸੀ।[11]

ਇਸੇ ਦੌਰਾਨ, ਕੁਮਾਰ, ਸਾਹਰੀ ਅਤੇ ਹੋਰਾਂ ਨੇ ਹਿੰਦੁਸਤਾਨੀ ਕਾਮਿਆਂ ਦੀਆਂ ਟੋਲੀਆਂ

ਕੋਲ ਉਨ੍ਹਾਂ ਦੀਆਂ ਕੰਮ ਦੀਆਂ ਥਾਵਾਂ 'ਤੇ ਜਾਕੇ ਉਨ੍ਹਾਂ ਨਾਲ "ਸਮਾਜੀ ਅਤੇ ਸਿਆਸੀ ਮਸਲਿਆਂ" ਬਾਰੇ ਗੱਲਬਾਤ ਕਰਨ ਦਾ ਕੰਮ ਸ਼ੁਰੂ ਕੀਤਾ।[12] ਰਸਾਲਾ ਵੰਡਣ ਤੋਂ ਇਲਾਵਾ, ਉਹ ਮੀਟਿੰਗਾਂ ਕਰਦੇ ਅਤੇ ਵਤਨ ਵਾਸੀਆਂ ਦੇ ਇਥੇ ਆਉਣ 'ਤੇ ਪਾਬੰਦੀ ਜਾਂ ਜਿਨ੍ਹਾਂ ਸਾਜ਼ਿਸ਼ੀਆਂ ਨੂੰ ਵਾਪਸ ਭੇਜ ਦੇਣ ਦੀ ਧਮਕੀ ਦਿੱਤੀ ਗਈ ਸੀ ਉਨ੍ਹਾਂ ਦੀਆਂ ਗ੍ਰਿਫ਼ਤਾਰੀਆਂ ਦੇ ਵਿਰੁੱਧ ਲੜਾਈ ਦੇਣ ਲਈ ਫੰਡ ਉਗਰਾਹੁੰਦੇ।[13] ਅਕਤੂਬਰ 1910 'ਚ ਕੁਮਾਰ ਨੂੰ ਗ੍ਰਿਫ਼ਤਾਰ ਕੀਤੇ ਜਾਣ ਸਮੇਂ ਪਤਾ ਚੱਲਿਆ ਕਿ ਉਹ ਦਾਸ ਦੇ ਵਾਹ 'ਚ ਸੀ ਅਤੇ "ਉਸ ਕੋਲੋਂ ਅਮਰੀਕਾ, ਅਫ਼ਰੀਕਾ, ਸਵਿਟਜ਼ਰਲੈਂਡ, ਮਿਸਰ ਅਤੇ ਫਰਾਂਸ ਦੇ ਬਹੁਤ ਸਾਰੇ ਹਿੰਦੂ (ਭਾਵ ਹਿੰਦੁਸਤਾਨੀ) ਅੰਦੋਲਨਕਾਰੀਆਂ ਦੇ ਸਿਰਨਾਵੇਂ ਅਤੇ ਨਾਈਟਰੋ-ਗਲਿਸਰੀਨ ਬਣਾਉਣ ਦੇ ਕੁਝ ਨੁਸਖ਼ੇ ਵੀ ਹੱਥ ਲੱਗੇ ਸਨ।" ਉਸ ਨੂੰ ਵਾਪਸ ਭੇਜ ਦੇਣ ਦੇ ਮਾਮਲੇ ਦਾ ਫ਼ੈਸਲਾ ਉਸ ਦੇ ਹੱਕ 'ਚ ਹੋਇਆ ਅਤੇ ਉਹ ਉੱਥੇ ਟਿਕਿਆ ਰਿਹਾ, "ਆਵਾਸੀ ਕਾਨੂੰਨਾਂ ਦੇ ਖ਼ਿਲਾਫ਼ ਅੰਦੋਲਨ ਦਾ ਇਕ ਆਗੂ" ਬਣਨ ਲਈ।[14]

ਕੁਮਾਰ ਅਤੇ ਸਾਹਰੀ ਨੇ ਹਥਿਆਰ ਤੇ ਵਿਸਫੋਟਕ ਸਮੱਗਰੀ ਲੈ ਕੇ ਦੇਣ ਅਤੇ ਇਸ ਨੂੰ ਚਲਾਉਣ ਦੀ ਸਿਖਲਾਈ ਦੀ ਪੇਸ਼ਕਸ਼ ਕਰਦਿਆਂ, ਨਵੇਂ ਆਵਾਸੀਆਂ ਨੂੰ ਅੰਗਰੇਜ਼ ਵਿਰੋਧੀ ਹੋਣਹਾਰ ਇਨਕਲਾਬੀਆਂ ਵਜੋਂ (ਖੁਫ਼ੀਆ ਤੌਰ 'ਤੇ) ਭਰਤੀ ਕਰਨ 'ਤੇ ਵੀ ਧਿਆਨ ਕੇਂਦਰਤ ਕੀਤਾ। 1911 'ਚ ਇਕ ਐਸੀ ਸਭਾ ਬਣਾਈ ਗਈ ਜਿਸ ਦਾ ਮੈਂਬਰ ਬਣਨ ਲਈ ਭੇਤ ਗੁਪਤ ਰੱਖਣ ਦਾ ਹਲਫ਼ ਲੈਣਾ ਜ਼ਰੂਰੀ ਸੀ, ਜਿਸ ਦਾ ਨਿਸ਼ਾਨਾ "ਦੁਨੀਆ ਦੀਆਂ ਬਾਕੀ ਕੌਮਾਂ ਨਾਲ ਹਿੰਦੁਸਤਾਨੀ ਕੌਮ ਦਾ ਰਿਸ਼ਤਾ ਆਜ਼ਾਦੀ, ਬਰਾਬਰੀ ਅਤੇ ਭਰੱਪਣ ਵਾਲਾ ਕਾਇਮ ਕਰਨਾ" ਸੀ।[15]

ਇਥੇ ਗ਼ੈਰਕਾਨੂੰਨੀ ਦਾਖ਼ਲ ਹੋਣ ਦੇ ਬਹਾਨੇ ਗ੍ਰਿਫ਼ਤਾਰੀਆਂ ਉਸ ਸ਼ੱਕ ਅਤੇ ਜਾਸੂਸੀ ਦੇ ਸੰਕੇਤ ਸਨ ਜਿਨ੍ਹਾਂ ਤੋਂ ਜ਼ਾਹਿਰ ਸੀ ਕਿ ਅੰਗਰੇਜ਼ ਅਤੇ ਕੈਨੇਡਾ ਦੇ ਰਾਜ ਅਧਿਕਾਰੀ ਹਿੰਦੁਸਤਾਨ ਐਸੋਸੀਏਸ਼ਨ 'ਤੇ ਨਜ਼ਰ ਰੱਖ ਰਹੇ ਸਨ। ਮਈ 1911 'ਚ *ਵੈਨਕੂਵਰ ਡੇਲੀ ਪ੍ਰਾਵਿੰਸ* ਨੇ ਇਕ ਖ਼ਬਰ ਛਾਪੀ ਜਿਸ ਵਿਚ ਦਾਅਵਾ ਕੀਤਾ ਗਿਆ ਕਿ "ਵੈਨਕੂਵਰ ਦੇ ਹਿੰਦੂਆਂ ਨੇ ਹਿੰਦੁਸਤਾਨ ਵਿਚ ਸਾਜ਼ਿਸ਼ੀਆਂ" ਨੂੰ ਰਾਈਫ਼ਲਾਂ ਖ਼ਰੀਦਣ ਲਈ ਹਜ਼ਾਰਾਂ ਡਾਲਰ ਭੇਜੇ ਸਨ। ਇਸ ਅਖ਼ਬਾਰੀ ਸੁਰਖ਼ੀ ਨੂੰ ਚਿੱਕੜ-ਉਛਾਲੀ ਕਹਿਕੇ ਰੱਦ ਕਰਦਿਆਂ ਕੁਮਾਰ ਨੇ ਸੰਪਾਦਕ ਨੂੰ ਸਖ਼ਤ ਚਿੱਠੀ ਲਿਖੀ ਪਰ ਇਸ ਤੋਂ ਛੇਤੀ ਬਾਅਦ ਰਸਾਲੇ ਦੇ ਨਾਲ ਨਾਲ ਐਸੋਸੀਏਸ਼ਨ ਦਾ ਭੋਗ ਪਾਕੇ ਉਹ ਸਿਆਟਲ ਵਿਚ ਤਾਰਕਨਾਥ ਦਾਸ ਕੋਲ ਚਲਾ ਗਿਆ।[16]

ਤਾਰਕਨਾਥ ਦਾਸ

ਤਾਰਕਨਾਥ ਦਾਸ 1903 'ਚ ਪਹਿਲੀ ਬੰਗਾਲੀ ਅਨੁਸ਼ੀਲਨ ਸੰਮਤੀ 'ਚ ਭਰਤੀ ਹੋਇਆ ਸੀ ਅਤੇ 1905 'ਚ ਇਸ ਦੀ ਢਾਕਾ ਸ਼ਾਖਾ ਬਣਾਉਣ 'ਚ ਮਦਦ ਕੀਤੀ ਸੀ।[17] ਅਗਲੇ ਸਾਲ ਤੇਈ ਸਾਲ ਦੀ ਉਮਰ 'ਚ ਉਹ ਜਾਣੇ-ਪਛਾਣੇ ਸਮੁੰਦਰੀ ਮਾਰਗ ਜਪਾਨ ਵਿੱਚੋਂ

ਦੀ ਹੁੰਦਾ ਹੋਇਆ ਨਿਊ ਯਾਰਕ ਚਲਾ ਗਿਆ। ਸਿਆਟਲ ਵਿਚ ਕਾਲਜ ਦੀ ਡਿਗਰੀ ਲੈਣ ਪਿੱਛੋਂ ਉਸ ਨੇ ਵੈਨਕੂਵਰ ਵਿਚ ਇਮੀਗ੍ਰੇਸ਼ਨ ਦਫ਼ਤਰ ਵਿਚ ਦੁਭਾਸ਼ੀਏ ਵਜੋਂ ਨੌਕਰੀ ਕੀਤੀ। ਪਰ ਅੰਗਰੇਜ਼ਾਂ ਖ਼ਿਲਾਫ਼ ਸਖ਼ਤ ਟਿੱਪਣੀਆਂ ਕਰਨ ਦੀ ਵਾਣ ਕਾਰਨ 1908 'ਚ ਉਸ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ।

ਦਾਸ ਦੀ ਬਰਖ਼ਾਸਤਗੀ ਤੋਂ ਐਨ ਪਹਿਲਾਂ ਅਪ੍ਰੈਲ ਵਿਚ, ਉਸ ਦੇ ਅੱਠ ਸਫ਼ੇ ਦੇ ਅੰਗਰੇਜ਼ੀ ਪਰਚੇ ਦਾ ਪਹਿਲਾ ਅੰਕ ਆ ਗਿਆ ਸੀ। ਦੋ ਮਹੀਨੇ ਬਾਅਦ ਉਹ ਛਪਾਈ ਦਾ ਕੰਮ ਸਿਆਟਲ ਲੈ ਗਿਆ, ਜਿਥੇ ਸਮਾਜਵਾਦੀ ਪਰਚੇ *ਵੈਸਟਰਨ ਕਲੈਰੀਅਨ* ਨੇ ਉਸ ਨੂੰ ਆਪਣੀ ਪ੍ਰੈੱਸ ਵਰਤਣ ਲਈ ਦੇ ਦਿੱਤੀ।[18] ਫਿਰ ਪ੍ਰੈੱਸ ਅਤੇ ਆਇਰਿਸ਼-ਅਮਰੀਕੀ ਫੀਨੀਅਨ ਬ੍ਰਦਰਹੁੱਡ ਦੇ ਬੁਲਾਰੇ *ਗੈਲਿਕ ਅਮੈਰੀਕਨ* ਦੇ ਸੰਪਾਦਕ ਜਾਰਜ ਫਰੀਮੈਨ ਦੀ ਦੋਸਤਾਨਾ ਮਦਦ ਨਾਲ ਉਹ ਛਪਾਈ ਦਾ ਕੰਮ ਸਿਆਟਲ ਲੈ ਗਿਆ। ਦਰ ਅਸਲ, ਨਿਰਦੇਸ਼ਕ ਇੰਟੈਲੀਜੈਂਸ ਨੇ ਜੁਲਾਈ 1908 ਵਿਚ ਨੋਟ ਕੀਤਾ ਕਿ *ਫਰੀ ਹਿੰਦੁਸਤਾਨ* ਦੇ ਪਹਿਲੇ ਦੋ ਅੰਕ ਮਗਰਲੇ ਪਰਚੇ ਦੀ ਕਾਪੀ ਵਿਚ ਬੰਦ ਕਰਕੇ ਹੀ ਭੇਜੇ ਗਏ ਸਨ, ਅਗਸਤ ਵਿਚ ਉਨ੍ਹਾਂ ਦੀ ਸਾਂਝ ਦੀ ਸ਼ੁਰੂਆਤ ਹੋਣ ਤੋਂ ਵੀ ਪਹਿਲਾਂ। ਨਵਾਂ ਪਰਚਾ "ਅਕਾਰ ਅਤੇ ਅੱਖਰਾਂ ਦੀ ਬਣਤਰ ਪੱਖੋਂ ਇੰਡੀਅਨ ਸੋਸ਼ਾਲੋਜਿਸਟ ਨਾਲ ਮਿਲਦਾ-ਜੁਲਦਾ" ਸੀ, ਅਤੇ ਇਸ ਦਾ ਸੰਪਾਦਕ ਦਾਸ ਵੀ ਵੈਨਕੂਵਰ ਇੰਡੀਅਨ ਐਸੋਸੀਏਸ਼ਨ ਦਾ ਖਜ਼ਾਨਚੀ ਰਿਹਾ ਸੀ। ਕ੍ਰਿਮੀਨਲ ਇੰਟੈਲੀਜੈਂਸ ਦੇ ਨਿਰਦੇਸ਼ਕ ਸਰ ਚਾਰਲਸ ਕਲੈਵਲੈਂਡ ਨੇ ਨੋਟ ਕੀਤਾ: "ਇਨ੍ਹਾਂ ਦੋ ਅੰਕਾਂ ਵਿਚ ਜਿਸ ਮਜ਼ਮੂਨ ਵੱਲ ਜ਼ਿਆਦਾ ਧਿਆਨ ਦਿੱਤਾ ਗਿਆ ਹੈ, ਸੁਭਾਵਿਕ ਤੌਰ 'ਤੇ ਉਹ ਹੈ ਇਮੀਗ੍ਰੇਸ਼ਨ ਦਾ ਸਵਾਲ ਅਤੇ ਨਾਲ ਹੀ ਇੰਗਲੈਂਡ ਵਲੋਂ ਹਿੰਦੁਸਤਾਨ ਨੂੰ ਕੰਗਾਲ ਕੀਤੇ ਜਾਣ ਦਾ ਸਵਾਲ, ਕੁਝ ਹੋਰ ਸ਼ਿਕਾਇਤਾਂ ਦੀ ਵੀ ਵਾਹਵਾ ਕੌੜ ਨਾਲ ਚਰਚਾ ਕੀਤੀ ਗਈ ਹੈ।"[19]

ਇੰਡੀਅਨ ਸੋਸ਼ਾਲੋਜਿਸਟ ਵਾਲੀ ਹੀ ਸੁਰ *ਫਰੀ ਹਿੰਦੁਸਤਾਨ* ਨੇ ਅਲਾਪੀ, ਉਸੇ ਵਾਂਗ ਹੀ ਇਸ ਨੇ ਆਪਣਾ ਮੁੱਖ ਸਫ਼ੇ ਦਾ ਮਾਟੋ ਹਰਬਰਟ ਸਪੈਂਸਰ ਦੇ ਬੋਲਾਂ ਨੂੰ ਬਣਾਇਆ: "ਜ਼ੁਲਮਾਂ ਨਾਲ ਟੱਕਰ ਲੈਣਾ ਰੱਬ ਦੀ ਰਜ਼ਾ ਹੈ।" ਪਰਚੇ ਵਲੋਂ ਐਲਾਨਿਆ ਗਿਆ ਮਕਸਦ "ਇਨਕਲਾਬ ਲਈ ਅਵਾਮ ਨੂੰ ਸਿਆਸੀ ਸਿਖਿਆ ਦੇਣਾ ਸੀ।" 1910 ਦੇ ਇਕ ਅੰਕ ਨੇ " 'ਬਗ਼ਾਵਤ ਜਥੇਬੰਦ ਕਰਨ' ਲਈ ਸਿੱਖ ਫ਼ੌਜੀਆਂ ਅੰਦਰ ਸਿਆਸੀ ਕੰਮ ਕਰਨ ਦੀ ਸਲਾਹ ਦਿੱਤੀ";[20] ਇਸ ਨੇ ਨੋਟ ਕੀਤਾ ਕਿ [ਸਿੱਖਾਂ ਦੀ] ਵਾਹਵਾ ਗਿਣਤੀ ਕੈਨੇਡਾ ਅਤੇ ਪੱਛਮੀ ਰਿਆਸਤਾਂ ਵਿਚ ਆ ਕੇ ਵਸੀ ਹੋਈ ਸੀ, ਅਤੇ.....ਕੈਨੇਡਾ ਵਲੋਂ ਲਾਈਆਂ ਇਮੀਗ੍ਰੇਸ਼ਨ ਰੋਕਾਂ ਤੋਂ ਪਹਿਲਾਂ ਹੀ ਅੱਕੀ-ਸਤੀ ਹੋਈ ਸੀ।"[21] ਪਲੇਠੇ ਅੰਕ ਵਿਚ ਅਜਿਹੇ ਕਦਮਾਂ ਤੋਂ ਖ਼ਫ਼ਾ ਹੋਏ ਹਿੰਦੁਸਤਾਨੀਆਂ ਵਲੋਂ ਵੈਨਕੂਵਰ ਵਿਚ ਜਨਤਕ ਇਕੱਠ ਕੀਤੇ ਜਾਣ ਅਤੇ ਆਵਾਸੀਆਂ ਨੂੰ ਵਾਪਸ ਭੇਜਣ ਦੇ ਖ਼ਤਰੇ ਵਿਰੁੱਧ ਰੋਸ ਜ਼ਾਹਰ ਕਰਨ ਦਾ ਵੇਰਵਾ ਦਿੱਤਾ ਗਿਆ ਸੀ। ਇਕੱਠ ਨੇ ਇਹੀ ਰੋਸ ਪ੍ਰਗਟਾਉਂਦੀ ਤਾਰ ਹਿੰਦੁਸਤਾਨ ਲਈ ਬਦੇਸ਼ ਸਕੱਤਰ ਲਾਰਡ ਮੌਰਲੇ ਨੂੰ ਭੇਜੀ ਸੀ। ਪਰਚੇ ਵਿਚ ਹਿੰਦੁਸਤਾਨ ਅੰਦਰ ਪਰਲੋ ਮਚਾਉਣ ਵਾਲੇ ਕਾਲ ਲਈ "ਕਾਤਲਾਨਾ ਨੀਤੀ" ਨੂੰ ਕਸੂਰਵਾਰ ਠਹਿਰਾਉਂਦਾ

ਲੇਖ ਵੀ ਛਪਿਆ ਗਿਆ ਸੀ ਅਤੇ ਇਸ ਦੇ "ਜਾਬਰ ਉਪਾਵਾਂ" ਦੀ ਤੁਲਨਾ ਜ਼ਾਰਸ਼ਾਹੀ ਰੂਸ ਨਾਲ ਕੀਤੀ ਗਈ ਸੀ – ਉਹੀ ਤੁਲਨਾ ਜੋ ਸਵਦੇਸ਼ੀ ਰੈਡੀਕਲ ਕਰਦੇ ਸਨ।

1908 ਵਿਚ, ਦਾਸ ਨੌਰਵਿਚ ਵਰਮੌਂਟ ਦੇ ਵੱਕਾਰੀ ਫ਼ੌਜੀ ਸਕੂਲ 'ਚ ਜਾ ਦਾਖ਼ਲ ਹੋਇਆ, ਪਰ ਉਸ ਨੂੰ ਇਸ ਦੀ ਅਗਲੇਰੀ ਪੜ੍ਹਾਈ ਜਾਂ ਵਰਮੌਂਟ ਨੈਸ਼ਨਲ ਗਾਰਡ 'ਚ ਦਾਖ਼ਲਾ ਦੇਣ ਤੋਂ ਨਾਂਹ ਕਰ ਦਿੱਤੀ ਗਈ ਜਿਵੇਂ ਕਿ ਜ਼ਿਆਦਾਤਰ ਵਿਦਿਆਰਥੀ ਕਰਦੇ ਸਨ। ਉਸ ਦੀ ਬਦੇਸ਼ੀ ਕੌਮੀਅਤ ਦੇ ਨਾਲ ਨਾਲ, ਉਸ ਦਾ ਸਿਆਸੀ ਇਤਿਹਾਸ ਵੀ ਉਸ ਦੇ ਖ਼ਿਲਾਫ਼ ਭੁਗਤਿਆ। ਪਾੜ੍ਹਿਆਂ 'ਚ ਹਰਮਨਪਿਆਰਾ ਹੋਣ ਅਤੇ "ਫ਼ੌਜੀ ਮਾਮਲਿਆਂ ਦੀ ਹਰ ਚੀਜ਼ 'ਚ ਡੂੰਘੀ ਰੁਚੀ" ਦੇ ਬਾਵਜੂਦ ਉਸ ਨੇ ਬਰਤਾਨੀਆ ਨਾਲ ਵੈਰ ਦੀ ਸੁਰ ਨੀਵੀਂ ਕਰਨ ਤੋਂ ਇਕ ਵਾਰ ਫੇਰ ਨਾਂਹ ਕਰ ਦਿੱਤੀ ਜਿਸ ਦਾ ਇਜ਼ਹਾਰ "ਹਰ ਮੌਕੇ, ਚਾਹੇ ਢੁੱਕਵਾਂ ਹੋਵੇ ਜਾਂ ਨਹੀਂ"[22] ਕਰਨ ਤੋਂ ਉਸ ਨੂੰ ਵਰਜਿਆ ਗਿਆ ਸੀ। ਇਸ ਦੀ ਬਜਾਏ ਫਿਰ ਉਹ ਵਾਸ਼ਿੰਗਟਨ ਅਤੇ ਕੈਲੀਫੋਰਨੀਆ ਦੀਆਂ ਯੂਨੀਵਰਸਿਟੀਆਂ ਵਿਚ ਸਿਆਸੀ ਵਿਗਿਆਨ ਦੀਆਂ ਉਚੇਰੀਆਂ ਡਿਗਰੀਆਂ ਲੈਣ ਲਈ ਚਲਾ ਗਿਆ, ਜਿਸ ਦੌਰਾਨ ਬਦੇਸ਼ ਵਿਚ ਰਹਿ ਰਹੇ ਹਿੰਦੁਸਤਾਨੀ ਇਨਕਲਾਬੀਆਂ ਬਾਰੇ ਬਰਤਾਨਵੀ ਬਦੇਸ਼ ਦਫ਼ਤਰ ਦੀ ਇਕ ਰਿਪੋਰਟ ਵਿਚ ਉਸ ਦੀ ਸ਼ਨਾਖ਼ਤ ਪੱਛਮੀ ਸਮੁੰਦਰੀ ਕੰਢੇ ਦੇ ਇਕ "ਮੋਹਰੀ ਆਗੂ" ਵਜੋਂ ਕੀਤੀ ਗਈ।[23] (ਅਮਰੀਕਾ ਦੇ ਮੁੱਖਧਾਰਾ ਸਮਾਜ ਨਾਲ ਗੱਲਬਾਤ ਕਰਨ ਦੀ ਉਸ ਦੀ ਮੁਹਾਰਤ ਨੂੰ ਦੇਖਦਿਆਂ, ਉਹ ਇਕ ਤਰ੍ਹਾਂ ਨਾਲ ਹਿੰਦੁਸਤਾਨੀ ਭਾਈਚਾਰੇ ਦਾ ਵਕੀਲ ਅਤੇ ਨੁਮਾਇੰਦਾ ਬਣ ਗਿਆ ਸੀ।)

1910 'ਚ ਉਸ ਨੇ ਸਿਆਟਲ ਵਿਚ ਯੂਨਾਈਟਿਡ ਇੰਡੀਆ ਹਾਊਸ ਬਣਾਉਣ 'ਚ ਹੱਥ ਵਟਾਇਆ, ਜਿਥੇ ਉਹ ਅਤੇ ਹੋਰ ਬੰਗਾਲੀ ਪਾੜ੍ਹੇ ਹਰ ਸ਼ਨੀਵਾਰ ਨੂੰ ਪੰਝੀ ਦੇ ਕਰੀਬ ਕਾਮਿਆਂ ਦੇ ਇਕੱਠ ਵਿਚ ਤਕਰੀਰਾਂ ਕਰਿਆ ਕਰਦੇ ਸਨ।[24] ਦਾਸ ਪੈਸੀਫਿਕ ਕੋਸਟ ਉੱਪਰ "ਪਾੜ੍ਹਿਆਂ ਅਤੇ ਉੱਥੇ ਆ ਕੇ ਵਸਣ ਵਾਲਿਆਂ" ਵਿਚ ਅਕਸਰ ਹੀ ਹਿੰਦੁਸਤਾਨ ਦੀ ਆਰਥਕ ਲੁੱਟਖਸੁੱਟ ਬਾਰੇ ਤਕਰੀਰਾਂ ਕਰਦਾ ਸੀ। ਜਨਤਕ ਸਿਖਿਆ ਦੇ ਅਜਿਹੇ ਯਤਨਾਂ ਤੋਂ ਇਲਾਵਾ, ਦਾਸ ਨੇ ਉਨ੍ਹਾਂ ਬੰਗਾਲੀ ਧੜਿਆਂ ਦੀ ਤਰਜ਼ 'ਤੇ ਆਪਣੀ ਜਥੇਬੰਦੀ ਨੂੰ ਖ਼ੁਫ਼ੀਆ ਢੰਗ ਨਾਲ ਚਲਾਉਣ ਦੇ ਤੌਰ-ਤਰੀਕੇ ਵੀ ਤਿਆਰ ਕੀਤੇ, ਜਿਨ੍ਹਾਂ ਦੇ ਉਹ ਸੰਪਰਕ 'ਚ ਰਿਹਾ ਸੀ। ਉਨ੍ਹਾਂ ਨੇ ਆਪਣੇ ਬੰਬ ਬਣਾਉਣ ਦੇ ਗੁਰ ਉਸ ਨੂੰ ਦੱਸਣ 'ਚ ਕਾਫ਼ੀ ਖੁੱਲ੍ਹਦਿਲੀ ਦਿਖਾਈ ਸੀ। ਬਾਅਦ 'ਚ ਜਦੋਂ 1914 'ਚ ਉਸ ਨੂੰ ਇਕ ਮੀਟਿੰਗ ਨੂੰ ਸੰਬੋਧਨ ਕਰਨ ਲਈ ਬੁਲਾਇਆ ਗਿਆ ਤਾਂ ਦਾਸ ਨੇ ਇਹ ਜਾਣਕਾਰੀ ਆਪਣੇ ਸਾਨ ਫਰਾਂਸਿਸਕੋ ਵਾਲੇ ਸਾਥੀਆਂ ਨਾਲ ਸਾਂਝੀ ਕੀਤੀ।[25]

ਇਹ ਸਰਗਰਮੀ ਲਾਜ਼ਮੀ ਹੀ ਇਮੀਗ੍ਰੇਸ਼ਨ ਅਤੇ ਨਾਗਰਿਕਤਾ ਦੇਣ ਵਾਲੇ ਅਧਿਕਾਰੀਆਂ ਦੇ ਧਿਆਨ 'ਚ ਨਹੀਂ ਆਈ ਹੋਵੇਗੀ, ਜਿਨ੍ਹਾਂ ਨੇ 1914 'ਚ ਉਸ ਨੂੰ ਅਮਰੀਕੀ ਨਾਗਰਿਕਤਾ ਹਾਸਲ ਕਰਨ ਦੀ ਇਜਾਜ਼ਤ ਦੇ ਦਿੱਤੀ। 1920ਵਿਆਂ 'ਚ ਉਸ ਨੇ ਮੈਰੀ ਕੀਟਿੰਗ ਮੋਰਸ ਨਾਂ ਦੀ ਇਕ ਗੋਰੀ ਨਾਲ ਵਿਆਹ ਕਰਾ ਲਿਆ, ਜੋ ਔਰਤਾਂ ਦੇ ਵੋਟ-ਹੱਕ ਦੀ ਉੱਘੀ ਹਮਾਇਤੀ ਅਤੇ ਐੱਨ ਏ ਏ ਸੀ ਪੀ ਦੀ ਬਾਨੀ ਮੈਂਬਰ ਸੀ। ਉਹ ਕੋਲੰਬੀਆ ਯੂਨੀਵਰਸਿਟੀ ਵਿਖੇ ਸਿਆਸੀ

ਵਿਗਿਆਨ ਦਾ ਪ੍ਰੋਫੈਸਰ ਲੱਗ ਗਿਆ ਅਤੇ 1958 'ਚ ਆਪਣੀ ਮੌਤ ਤਕ ਉੱਤਰੀ ਅਮਰੀਕਾ ਵਿਚ ਹਿੰਦੁਸਤਾਨੀ ਸਿਆਸਤ ਦੀ ਉੱਘੀ ਹਸਤੀ ਰਿਹਾ। ਹਾਲਾਂਕਿ ਜਦੋਂ ਉਹ ਵਧੇਰੇ ਰੂੜ੍ਹੀਵਾਦੀ ਕਿਸਮ ਦੇ ਰਾਸ਼ਟਰਵਾਦ ਨਾਲ ਜਾ ਖੜ੍ਹਿਆ ਅਤੇ 1920ਵਿਆਂ 'ਚ ਦੁਬਾਰਾ ਬਣਾਈ ਗਈ ਗ਼ਦਰ ਪਾਰਟੀ ਦੇ ਆਗੂਆਂ ਨਾਲ ਉਸ ਦੀ ਅਣਬਣ ਹੋ ਗਈ ਤਾਂ ਉਸ ਦਾ ਰਾਹ ਗ਼ਦਰੀ ਲੀਹ ਤੋਂ ਵੱਖਰਾ ਹੋ ਗਿਆ।

ਪਾਂਡੂਰੰਗ ਖਾਨਖੋਜੇ

ਕੁਮਾਰ ਅਤੇ ਦਾਸ ਤਾਂ ਜ਼ਿਆਦਾਤਰ ਵੈਨਕੂਵਰ ਅਤੇ ਸਿਆਟਲ ਨਾਲ ਜੁੜੇ ਹੋਏ ਸਨ, ਪੋਰਟਲੈਂਡ ਅਤੇ ਅਸਟੋਰੀਆ ਵਿਚ ਹਿੰਦੁਸਤਾਨੀ ਇੰਡੀਪੈਂਡੈਂਟ ਲੀਗ ਦਾ ਮੁੱਢ ਬੰਨ੍ਹਣ ਦਾ ਸਿਹਰਾ ਪਾਂਡੂਰੰਗ ਖਾਨਖੋਜੇ ਨੂੰ ਜਾਂਦਾ ਸੀ ਜਿਸ ਨੇ ਗ਼ਦਰ ਪਾਰਟੀ ਦੇ ਬੀਜ ਤਿਆਰ ਕੀਤੇ।[26] ਖਾਨਖੋਜੇ ਦੀ ਪ੍ਰੇਰਣਾ ਤਿਲਕ ਸੀ, ਜਿਸ ਨੇ ਪਹਿਲਾਂ ਪਹਿਲ ਇਸ ਨੌਜਵਾਨ ਨੂੰ ਹਿੰਦੁਸਤਾਨ ਤੋਂ ਬਾਹਰ ਫ਼ੌਜੀ ਸਿਖਲਾਈ ਲੈਣ ਲਈ ਹੱਲਾਸ਼ੇਰੀ ਦਿੱਤੀ ਸੀ। ਕਈ ਹੋਰਾਂ ਵਾਂਗ ਉਸ ਨੇ ਵੀ ਪਹਿਲਾਂ ਜਪਾਨ ਜਾਣ ਦਾ ਯਤਨ ਕੀਤਾ, ਪਰ ਦੇਖਿਆ ਕਿ ਅੰਗਰੇਜ਼-ਜਪਾਨੀ ਗੱਠਜੋੜ ਉੱਥੇ ਜਾ ਕੇ "ਯੁੱਧ ਦੇ ਆਧੁਨਿਕ ਢੰਗਾਂ" ਦੀ ਪੜ੍ਹਾਈ ਕਰਨ ਦੀ ਮਨਾਹੀ ਕਰਦਾ ਸੀ। 1905 'ਚ ਉਹ ਕੈਲੀਫੋਰਨੀਆ ਚਲਾ ਗਿਆ ਅਤੇ ਪਹਿਲਾਂ ਕੈਲੀਫੋਰਨੀਆ ਯੂਨੀਵਰਸਿਟੀ ਵਿਚ ਖੇਤੀਬਾੜੀ ਵਿਗਿਆਨ 'ਚ ਦਾਖ਼ਲਾ ਲਿਆ ਅਤੇ ਫਿਰ 1908 'ਚ ਟਮਾਲਪੇਸ ਫ਼ੌਜੀ ਅਕਾਦਮੀ ਵਿਚ। ਉਸ ਨੂੰ ਵੈਸਟ ਪੁਆਇੰਟ ਵਿਖੇ ਆਪਣੀ ਸਿਖਲਾਈ ਜਾਰੀ ਰਹਿਣ ਦੀ ਉਮੀਦ ਸੀ ਪਰ ਗ਼ੈਰ-ਅਮਰੀਕੀ ਹੋਣ ਕਰਕੇ ਉਸ ਨੂੰ ਕੋਰਾ ਜਵਾਬ ਦੇ ਦਿੱਤਾ ਗਿਆ। ਫਿਰ ਵੀ, ਉਸ ਨੇ ਹਿੰਦੁਸਤਾਨੀ ਫ਼ੌਜੀ ਟਾਕਰੇ ਬਾਰੇ ਆਪਣੀ ਸੋਚ ਨੂੰ ਤਿੱਖੇ ਰੂਪ 'ਚ ਢਾਲਣ ਲਈ ਪਹਿਲਾਂ ਹੀ ਬਹੁਤ ਕੁਝ ਸਿੱਖ ਲਿਆ ਸੀ, ਕਿਉਂਕਿ ਉਸ ਨੇ ਮਹਿਸੂਸ ਕਰ ਲਿਆ ਸੀ ਕਿ ਆਧੁਨਿਕ ਤਕਨਾਲੋਜੀ ਅਧਾਰਤ ਨਵੇਂ ਹਥਿਆਰ ਅਤੇ ਰਸਾਇਣ ਜ਼ਿਆਦਾਤਰ ਹਿੰਦੁਸਤਾਨੀਆਂ ਦੀ ਸੁਖਾਲੀ ਪਹੁੰਚ ਵਿਚ ਨਹੀਂ ਸਨ। ਹਾਲਾਂਕਿ ਐਮਿਲੀ ਬਰਾਊਨ ਕਹਿੰਦਾ ਹੈ, "ਉਹ ਇਸ ਨਿਰਣੇ 'ਤੇ ਜ਼ਰੂਰ ਪਹੁੰਚ ਗਿਆ ਸੀ ਕਿ ਅਨੁਸ਼ਾਸਨ, ਫ਼ੁਰਤੀ ਨਾਲ ਕਾਰਵਾਈ ਅਤੇ ਖ਼ੁਫ਼ੀਆ ਕੰਮ ਬਾਰੇ ਕਿਤਾਬਾਂ ਦੀ ਆਪਣੀ ਹੀ ਇਕ ਅਹਿਮੀਅਤ ਹੈ।"[27]

ਸ਼ੁਰੂ 'ਚ, ਉਸ ਨੇ ਸਕੂਲੀ ਛੁੱਟੀਆਂ ਦਾ ਇਸਤੇਮਾਲ ਸਿਰਫ਼ ਮੁਸ਼ੱਕਤ ਕਰਨ – ਸੜਕਾਂ ਬਣਾਉਣ, ਜੰਗਲ ਕੱਟਣ, ਹਾਪ ਫ਼ਲ, ਅੰਗੂਰ, ਰਸਭਰੀ ਤੋੜਨ – ਲਈ ਕਰਨ ਖ਼ਾਤਰ ਹੀ ਨਹੀਂ ਕੀਤਾ ਸਗੋਂ ਆਪਣੇ ਨਾਲ ਦੇ ਕਾਮਿਆਂ ਨਾਲ ਅੰਗਰੇਜ਼ ਰਾਜ ਦੀਆਂ ਬੁਰਾਈਆਂ ਬਾਰੇ ਗੱਲਬਾਤ ਕਰਨ ਅਤੇ ਉਨ੍ਹਾਂ ਨੂੰ ਇੰਡੀਅਨ ਇੰਡੀਪੈਂਡੈਂਸ ਲੀਗ ਦੇ ਮੈਂਬਰ ਬਣਨ ਲਈ ਉਤਸ਼ਾਹਤ ਕਰਨ ਦੀ ਵਾਹ ਲਾਈ। ਓਦੋਂ ਇਹ ਯਤਨ ਸਮੇਂ ਤੋਂ ਪਹਿਲਾਂ ਜ਼ਰੂਰ ਸਾਬਤ ਹੋਏ, ਪਰ ਲੰਮਾ ਸਮਾਂ ਇੰਞ ਨਾ ਰਿਹਾ। ਗਰੈਜੂਏਸ਼ਨ ਕਰਨ ਤੋਂ ਪਿੱਛੋਂ ਇਕ ਸਮਾਂ ਉਹ ਕੰਮ ਦੀ ਭਾਲ ਦੇ ਵਹਿਣ 'ਚ ਵਹਿ ਗਿਆ। ਪੋਰਟਲੈਂਡ ਵਿਚ ਉਸ ਨੇ "ਪੁਰਾਣੇ ਇਨਕਲਾਬੀ ਅਤੇ ਸੂਫੀ ਅੰਬਾ ਪ੍ਰਸਾਦ ਦੇ

ਚੇਲੇ" ਪੰਡਤ ਕਾਂਸ਼ੀਰਾਮ ਨਾਲ ਚੰਗੀ ਜਾਣ-ਪਛਾਣ ਬਣਾ ਲਈ। ਕਾਂਸ਼ੀਰਾਮ ਹੁਣ ਆਰਾ ਮਿੱਲ ਦਾ ਇਕ ਖੁਸ਼ਹਾਲ ਮਾਲਕ ਸੀ ਜੋ ਅਕਸਰ ਹੀ ਪਾੜ੍ਹਿਆਂ ਅਤੇ ਕਾਮਿਆਂ ਦੋਵਾਂ ਦੀ ਮਾਲੀ ਇਮਦਾਦ ਕਰਦਾ ਰਹਿੰਦਾ ਸੀ। ਖਾਨਖੋਜੇ ਨੇ ਸੁਝਾਅ ਦਿੱਤਾ ਕਿ ਉਨ੍ਹਾਂ ਨੂੰ ਪੋਰਟਲੈਂਡ ਵਿਚ ਉਸੇ ਤਰ੍ਹਾਂ ਦੀ ਨਵੀਂ ਇੰਡੀਅਨ ਇੰਡੀਪੈਂਡੈਂਸ ਲੀਗ ਬਣਾ ਲੈਣੀ ਚਾਹੀਦੀ ਹੈ, "ਜਿਸ ਤਰ੍ਹਾਂ ਦੀ ਅਸੀਂ ਜਪਾਨ ਅਤੇ ਸਾਨ ਫਰਾਂਸਿਸਕੋ ਵਿਚ ਬਣਾਈ ਹੋਈ ਸੀ।" ਉਸ ਨੇ ਆਪਣੀਆਂ ਯਾਦਾਂ ਵਿਚ ਲਿਖਿਆ: "ਇੱਕੋ ਜਗ੍ਹਾ ਐਨੇ ਹਿੰਦੁਸਤਾਨੀਆਂ ਨੂੰ ਦੇਖਕੇ ਮੈਂ ਉਤਸ਼ਾਹਤ ਹੋਇਆ ਸੀ। ਮੇਰੇ ਲਈ ਅਮਰੀਕਾ ਵਿਚਲੇ ਹਿੰਦੁਸਤਾਨੀ ਕਾਮਿਆਂ ਨੂੰ ਨਾਲ ਲੈ ਕੇ ਇਕ ਲਹਿਰ ਜਥੇਬੰਦ ਕਰਨ ਅਤੇ ਇਸ ਦਾ ਪ੍ਰਚਾਰ ਹਿੰਦੁਸਤਾਨ ਤਕ ਪਹੁੰਚਾਉਣ ਦੀ ਤਰਕੀਬ ਲੱਭਣੀ ਜ਼ਰੂਰੀ ਸੀ।"[28]

ਪਰ ਕਾਂਸ਼ੀਰਾਮ ਪੜ੍ਹੇਲਿਖੇ ਨੌਜਵਾਨਾਂ ਬਾਰੇ ਕਾਮਿਆਂ ਦੀ ਲਗਾਤਾਰ ਬੇਇਤਬਾਰੀ ਨੂੰ ਮੁੱਖ ਰੱਖਦਿਆਂ ਅਜੇ ਇਸ ਤੋਂ ਝਿਜਕਦਾ ਸੀ। ਕਾਮੇ ਸਮਝਦੇ ਸਨ ਕਿ ਪੜ੍ਹੇਲਿਖੇ ਉਨ੍ਹਾਂ ਨਾਲ ਧੋਖਾ ਕਰ ਸਕਦੇ ਹਨ, ਬੇਵਕੂਫ਼ ਬਣਾ ਸਕਦੇ ਹਨ ਜਾਂ ਉਨ੍ਹਾਂ ਨੂੰ ਨੀਵਾਂ ਦਿਖਾ ਸਕਦੇ ਹਨ। ਪਰ ਖਾਨਖੋਜੇ ਨੇ ਕਾਂਸ਼ੀਰਾਮ ਦੀ ਮਦਦ ਨਾਲ ਉਨ੍ਹਾਂ ਦੇ ਭਰਮ ਦੂਰ ਕਰਨ ਲਈ ਸਿਰਤੋੜ ਮਿਹਨਤ ਕਰਕੇ ਆਹਿਸਤਾ ਆਹਿਸਤਾ ਆਪਣੀ ਈਮਾਨਦਾਰੀ ਅਤੇ ਸੁਹਿਰਦਤਾ ਦੀ ਧਾਂਕ ਜਮਾ ਕੇ ਉਨ੍ਹਾਂ ਦਾ ਭਰੋਸਾ ਜਿੱਤ ਲਿਆ ਕਿਉਂਕਿ ਗੱਲਬਾਤ 'ਚ ਦੁਭਾਸ਼ੀਏ, ਦਵਾਈਆਂ ਖ਼ਰੀਦਣ ਜਾਂ ਚਿੱਠੀਆਂ ਲਿਖਣ ਦੀ ਲੋੜ ਆਮ ਹੀ ਪੈਂਦੀ ਰਹਿਣ ਕਾਰਨ ਉਹ ਉਨ੍ਹਾਂ ਦੀ "ਲਾਜ਼ਮੀ" ਲੋੜ ਬਣ ਗਿਆ ਸੀ। ਆਖ਼ਿਰ ਸੰਸਥਾ ਬਣਾਉਣ 'ਚ ਕਾਮਯਾਬੀ ਮਿਲ ਗਈ; ਹਾਲਾਂਕਿ ਸੋਹਣ ਸਿੰਘ ਭਕਨਾ ਨੂੰ ਮਨਾਉਣਾ ਸਭ ਤੋਂ ਔਖਾ ਕੰਮ ਸੀ, ਜੋ ਇਕ *ਬਾਬੂ* ਉੱਪਰ ਯਕੀਨ ਕਰਨ 'ਚ ਝਿਜਕ ਦਿਖਾਉਣ ਵਾਲੇ ਸਭ ਤੋਂ ਖ਼ਰੀ ਗੱਲ ਕਹਿਣ ਵਾਲਿਆਂ ਵਿੱਚੋਂ ਸੀ। ਭਕਨਾ ਅਸਟੋਰੀਆ ਦੀ ਇਕ ਇਮਾਰਤੀ ਲੱਕੜ ਦੀ ਮਿੱਲ 'ਚ ਕੰਮ ਕਰਦਾ ਸੀ ਅਤੇ ਸਥਾਨਕ ਗ੍ਰੰਥੀ ਦੀ ਸੇਵਾ ਵੀ ਨਿਭਾ ਰਿਹਾ ਸੀ ਅਤੇ ਉਹ ਸਰਹੱਦ ਦੇ ਦੋਵੇਂ ਪਾਸੇ ਹਿੰਦੁਸਤਾਨੀ ਕਾਮਿਆਂ ਦੇ ਹੱਕਾਂ ਦੀ ਨੁਮਾਇੰਦਗੀ ਕਰਨ ਦੀ ਵਾਹ ਵੀ ਲਾਉਂਦਾ ਸੀ। ਸੁਹਿਰਦਤਾ ਦੇ ਸੰਕੇਤ ਵਜੋਂ ਉਸ ਨੇ ਭਕਨਾ ਨੂੰ ਸੰਸਥਾ ਦਾ ਮੋਢੀ ਪ੍ਰਧਾਨ, ਅਤੇ ਕਾਂਸ਼ੀਰਾਮ ਨੂੰ ਖਜ਼ਾਨਚੀ ਬਣਾਉਣ ਦੀ ਤਜਵੀਜ਼ ਪੇਸ਼ ਕੀਤੀ ਜਿਸ ਨੂੰ ਕਾਮੇ *ਆਜ਼ਾਦ-ਏ-ਹਿੰਦ* ਪਾਰਟੀ ਨਾਂ ਦੇਣਗੇ।

ਜਦੋਂ ਕਾਂਸ਼ੀਰਾਮ ਨੇ ਡੈਲੀਗੇਟ ਦੀ ਲੋੜ ਮਹਿਸੂਸ ਕੀਤੀ, ਉਸ ਨੇ ਅਸਟੋਰੀਆ ਸ਼ਾਖਾ ਦੀ ਸਥਾਨਕ ਅਗਵਾਈ ਖਾਨਖੋਜੇ ਨੂੰ ਸੌਂਪ ਦਿੱਤੀ। ਕਾਂਸ਼ੀਰਾਮ ਅਤੇ ਭਕਨਾ ਵਲੋਂ ਉਸ ਨੂੰ ਰੱਖਣ ਦੀਆਂ ਸਿਫ਼ਾਰਸ਼ੀ ਚਿੱਠੀਆਂ ਦੀ ਬਦੌਲਤ ਉੱਥੋਂ ਦੀ ਇਕ ਪੰਜਾਬੀ ਮਾਲਕੀ ਵਾਲੀ ਲੱਕੜ ਮਿੱਲ ਨੇ ਫਰਾਖ਼ਦਿਲ ਹੋ ਕੇ ਉਸ ਦਾ ਸਵਾਗਤ ਕੀਤਾ, ਜੋ ਹੁਣ ਇਕ ਭਰੋਸੇਯੋਗ ਸਾਥੀ ਬਣ ਗਿਆ ਸੀ। ਫਿਰ ਅਸਟੋਰੀਆ ਉੱਤਰੀ ਅਮਰੀਕੀ ਲਹਿਰ ਅਤੇ ਉਸ ਦਾ ਧੁਰਾ ਹੋ ਨਿੱਬੜਿਆ ਜੋ ਪਿੱਛੋਂ ਗ਼ਦਰ ਪਾਰਟੀ ਬਣਕੇ ਉੱਭਰੀ। ਹੁਣ ਸੈਕਰਾਮੈਂਟੋ, ਸਾਨ ਫਰਾਂਸਿਸਕੋ ਅਤੇ ਪੋਰਟਲੈਂਡ ਵਿਚ ਵੀ ਲਹਿਰ ਦੀਆਂ ਸ਼ਾਖਾਵਾਂ ਬਣ ਗਈਆਂ ਸਨ।[29]

ਜਦੋਂ ਇਕ ਵਾਰ ਸਰਗਰਮੀਆਂ ਨੇ ਰਵਾਨੀ ਫੜ ਲਈ ਤਾਂ ਖਾਨਖੋਜੇ ਵਾਪਸ ਆ ਕੇ ਕੌਰਵਾਲਿਸ ਦੇ ਖੇਤੀਬਾੜੀ ਕਾਲਜ ਅਤੇ ਬਾਅਦ 'ਚ ਵਾਸ਼ਿੰਗਟਨ ਸਟੇਟ ਕਾਲਜ ਵਿਚ ਆਪਣੀ ਪੜ੍ਹਾਈ 'ਚ ਜੁਟ ਗਿਆ। ਉਹ ਅਜੇ ਵੀ "ਕਿਸਾਨ ਇਨਕਲਾਬੀਆਂ ਦੀ ਫ਼ੌਜ ਨੂੰ ਸਿਖਲਾਈ ਦੇਣ" ਦੇ ਖ਼ਵਾਬ ਪਾਲਦਾ ਸੀ ਅਤੇ ਆਪਣੀ ਜ਼ਿਆਦਾਤਰ ਜ਼ਿੰਦਗੀ 'ਚ ਉਹ ਸੱਚੀਓਂ ਹੀ ਤਲਵਾਰ ਅਤੇ ਫਾਲੇ ਦਰਮਿਆਨ ਵੰਡਿਆ ਰਹੇਗਾ।[30] ਇਹ ਟਕਰਾਅ ਉਸ ਦੀ ਸਵੈ-ਜੀਵਨੀ ਵਿਚ ਵਾਰ ਵਾਰ ਉੱਭਰਦਾ ਹੈ। ਜਿਵੇਂ ਉਸ ਦੀ ਧੀ ਇਸ ਨੂੰ ਪੇਸ਼ ਕਰਦੀ ਹੈ, "ਹੁਣ ਉਹ ਨਾਲੋ-ਨਾਲ ਦੋ ਖੇਤਰਾਂ ਦੇ ਕੰਮ 'ਚ ਰੁੱਝਿਆ ਹੋਇਆ ਸੀ: ਖੇਤੀਬਾੜੀ ਅਤੇ ਇਨਕਲਾਬ। ਖੇਤੀਬਾੜੀ ਖੇਤਰ ਵਿਚ ਉਸ ਦੀ ਜ਼ਿੰਦਗੀ ਦੀ ਘਾਲਣਾ ਨਾਮਣਾ ਖੱਟੇਗੀ। ਡੀਗੋ ਰਿਵੇਰਾ ਨੇ ਉਸ ਦੇ ਯੋਗਦਾਨ ਨੂੰ ਅਹਿਮ ਜਗ੍ਹਾ ਦੇ ਕੇ ਹਮੇਸ਼ਾ ਲਈ ਅਮਰ ਬਣਾ ਦਿੱਤਾ ਜੋ ਯੋਗਦਾਨ ਖਾਨਖੋਜੇ ਨੇ ਮੱਕੀ ਦੀ ਖ਼ਾਸ ਕਿਸਮ ਵਿਕਸਤ ਕਰਕੇ ਮੈਕਸੀਕਣ ਲੋਕਾਂ ਨੂੰ ਨਰੋਈ ਖ਼ੁਰਾਕ ਮੁਹੱਈਆ ਕਰਾਉਣ 'ਚ ਦਿੱਤਾ ਸੀ। ਅਤੇ ਮੁਕਤ ਗ੍ਰਾਮ ਪ੍ਰੋਜੈਕਟ ਜੋ ਕਈ ਦਹਾਕੇ ਬਾਅਦ ਉਸ ਨੇ ਅਨਾਜ ਦੀ ਪੈਦਾਵਾਰ ਅਤੇ ਘਰੇਲੂ ਉਦਯੋਗ 'ਚ ਪਿੰਡ ਦੀ ਸਵੈ-ਨਿਰਭਰਤਾ ਦੇ ਨਮੂਨੇ ਵਜੋਂ ਆਜ਼ਾਦ ਹਿੰਦੁਸਤਾਨ ਵਿਚ ਸਥਾਪਤ ਕੀਤਾ, ਉਸ ਦੀ ਪ੍ਰੇਰਣਾ 1912 ਦੇ ਕਰੀਬ ਬੁੱਕਰ ਟੀ. ਵਾਸ਼ਿੰਗਟਨ ਟਸਕੀਜੀ ਇੰਸਟੀਚਿਊਟ ਦੀ ਉਸ ਦੀ ਫੇਰੀ ਹੀ ਸੀ। ਫ਼ਿਲਹਾਲ ਉਹ ਮਿੱਟੀ ਅਤੇ ਫ਼ਸਲਾਂ ਦੀ ਜੈਨੇਟਿਕ ਖੋਜ ਦੇ ਕੰਮ ਉਪਰੰਤ ਫ਼ੁਰਸਤ ਦੇ ਪਲਾਂ ਦਾ ਇਸਤੇਮਾਲ ਫ਼ੌਜੀ ਸਿਖਲਾਈ ਦੇਣ ਅਤੇ ਉਸ ਖੇਤਰ ਦਾ ਚੱਕਰ ਲਗਾਉਣ ਲਈ ਕਰਦਾ। ਆਪਣੇ ਹਮ-ਰਿਹਾਇਸ਼ੀ ਅਤੇ ਲੰਮੇ ਸਮੇਂ ਦੇ ਸਾਥੀ ਬਿਸ਼ਨ ਦਾਸ ਕੋਚਰ ਨੂੰ ਨਾਲ ਲੈ ਕੇ ਉਹ, ਭਾਸ਼ਣਾਂ, ਮੈਜਿਕ ਲਾਲਟੈਣ ਵਾਲੀਆਂ ਸਲਾਈਡਾਂ ਅਤੇ ਫਿਲਮ ਦਿਖਾਉਣ ਵਾਲੀ ਆਧੁਨਿਕ ਮਸ਼ੀਨ ਚੁੱਕਕੇ ਫੰਡ ਇਕੱਠਾ ਕਰਨ ਅਤੇ ਜਾਗਰੂਕਤਾ ਫੈਲਾਉਣ ਦੇ ਕੰਮ 'ਚ ਜੁੱਟਿਆ ਰਹਿੰਦਾ।[31]

ਵਿਸ਼ਣੂ ਗਣੇਸ਼ ਪਿੰਗਲੇ

ਇਸ ਘੇਰੇ ਵਿਚ ਇਕ ਹੋਰ ਅਹਿਮ ਹਸਤੀ ਵਿਸ਼ਣੂ ਗਣੇਸ਼ ਪਿੰਗਲੇ ਸੀ, ਜੋ ਉਸ ਵਕਤ ਓਰੇਗਨ ਯੂਨੀਵਰਸਿਟੀ ਵਿਚ ਇੰਜੀਨੀਅਰਿੰਗ ਦਾ ਵਿਦਿਆਰਥੀ ਸੀ। ਸ਼ੁਰੂ 'ਚ ਦਾਖ਼ਲਾ ਦੇਣ ਤੋਂ ਨਾਂਹ ਕੀਤੇ ਜਾਣ ਦੇ ਬਾਵਜੂਦ ਇਕ ਸਮੇਂ ਉਹ ਬਰਕਲੇ ਵਿਚ ਵੀ ਪੜ੍ਹਦਾ ਰਿਹਾ; ਆਮ ਦੀ ਤਰ੍ਹਾਂ ਇਸ ਨੇ ਵੀ ਇਮੀਗ੍ਰੇਸ਼ਨ ਕਾਨੂੰਨਾਂ ਵਿਰੁੱਧ ਅੰਦੋਲਨਾਂ ਨੂੰ ਹੋਰ ਉਗਾਸਾ ਹੀ ਦਿੱਤਾ ਸੀ। ਮਹਾਂਰਾਸ਼ਟਰ ਦੇ ਹਮ-ਖ਼ਿਆਲ ਸੱਜਣ ਖਾਨਖੋਜੇ ਨੂੰ ਮਿਲਣ ਪਿੱਛੋਂ ਪਿੰਗਲੇ ਆਪਣੀ ਪੜ੍ਹਾਈ ਪ੍ਰਤੀ ਲਾਪਰਵਾਹ ਹੋ ਗਿਆ ਅਤੇ ਇਕ ਇਨਕਲਾਬੀ ਫ਼ੌਜ ਉਸਾਰਨ ਦੀ ਸੰਭਾਵਨਾ ਫਰੋਲਣ 'ਚ ਜੁੱਟ ਗਿਆ। ਆਖ਼ਿਰ ਉਸ ਨੇ ਪੋਰਟਲੈਂਡ ਅਤੇ ਅਸਟੋਰੀਆ ਦੀਆਂ ਜਥੇਬੰਦੀਆਂ 'ਚ ਆਗੂ ਭੂਮਿਕਾ ਸੰਭਾਲ ਲਈ, ਪਰ ਉਸ ਦੀ ਮੁੱਖ ਰੁਚੀ ਅਮਰੀਕੀ ਇਮੀਗ੍ਰੇਸ਼ਨ ਦੇ ਦੁੱਖ-ਤਕਲੀਫ਼ਾਂ ਦੀ ਬਜਾਏ ਹਿੰਦੁਸਤਾਨ ਦੀ ਕੌਮੀ ਮੁਕਤੀ ਵਿਚ ਸੀ, ਹਾਲਾਂ ਕਿ ਦੋਵੇਂ ਮਾਮਲੇ ਹਮੇਸ਼ਾ ਜੁੜੇ ਹੁੰਦੇ ਸਨ। ਇੰਞ, ਜਦੋਂ ਪੋਰਟਲੈਂਡ ਵਾਲਾ ਗਰੁੱਪ ਕੈਨੇਡਾ ਅਤੇ ਅਮਰੀਕਾ ਦੋਵਾਂ ਮੁਲਕਾਂ

ਵਿਚ ਦਾਖ਼ਲ ਹੋਣ ਵਾਲਿਆਂ ਦੀ ਤਰਫ਼ੋਂ ਇਮੀਗ੍ਰੇਸ਼ਨ ਦੇ ਕਾਨੂੰਨੀ ਮੁੱਦਿਆਂ ਵਿਚ ਹੋਰ ਉਲਝ ਗਿਆ, ਪਿੰਗਲੇ ਮੁੜ ਸਾਨ ਫਰਾਂਸਿਸਕੋ ਦੇ ਖਾੜੀ ਖੇਤਰ ਵਿਚਲੇ ਗ਼ਦਰੀ ਗੜ੍ਹ ਵੱਲ ਖਿੱਚਿਆ ਗਿਆ, ਜਿਥੇ ਕੌਮੀ ਮੁਕਤੀ ਲਈ ਸਰੋਕਾਰ ਪ੍ਰਧਾਨ ਸਨ।

ਪੈਸੀਫਿਕ ਕੋਸਟ ਹਿੰਦੀ ਐਸੋਸੀਏਸ਼ਨ (ਪੀ ਸੀ ਐੱਚ ਏ)

ਇਨ੍ਹਾਂ ਮੁੱਢਲੀਆਂ ਸਰਗਰਮੀਆਂ ਦੀ ਬਦੌਲਤ, 1913 ਤਕ ਲਹਿਰ ਦੀਆਂ ਨੀਂਹਾਂ ਦੇ ਇਹ ਪੱਥਰ ਸਹੀ ਟਿਕਾਣੇ 'ਤੇ ਲੱਗ ਚੁੱਕੇ ਸਨ। ਉਸ ਵਕਤ ਆਗੂ ਆਰਗੇਨਾਈਜ਼ਰਾਂ, ਜਿਨ੍ਹਾਂ ਨੂੰ ਉਨ੍ਹਾਂ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਹਮਾਇਤ ਸੀ ਜਿਨ੍ਹਾਂ 'ਚ ਤਿੱਖੀ ਬੇਚੈਨੀ ਸੀ, ਨੇ ਕਿਸੇ ਐਸੇ ਬੰਦੇ ਨੂੰ ਭਾਲਣਾ ਸ਼ੁਰੂ ਕਰ ਦਿੱਤਾ ਜੋ ਸਰਗਰਮੀਆਂ ਦੇ ਮੌਜੂਦ ਲੜਾਂ (nodes) ਨੂੰ ਮਜ਼ਬੂਤੀ ਨਾਲ ਗੰਢ ਸਕੇ, ਪਾੜ੍ਹਿਆਂ ਅਤੇ ਕਾਮਿਆਂ ਨੂੰ ਇਕਜੁੱਟ ਕਰ ਸਕੇ, ਵਿਆਪਕ ਤੇ ਵਧ ਰਹੀ ਬੇਚੈਨੀ ਨੂੰ ਦਿਸ਼ਾ ਦੇ ਸਕੇ ਅਤੇ ਸਭਿਆਚਾਰਕ ਤੇ ਸਮਾਜੀ ਸੁਧਾਰ ਦੇ ਪ੍ਰੋਜੈਕਟਾਂ ਦੇ ਸਿਆਸੀ ਤੱਤ ਨੂੰ ਮਜ਼ਬੂਤੀ ਦੇ ਸਕੇ। ਇਹ ਵਿਅਕਤੀ ਹਰਦਿਆਲ ਬਣਿਆ।

ਵਿਆਖਿਆ ਵੱਖੋ-ਵੱਖਰੀ ਹੈ ਕਿ ਅਸਲ ਵਿਚ ਇਹ ਸੁਝਾਅ ਕਿਸ ਦਾ ਸੀ ਕਿ ਹਰਦਿਆਲ ਵੈਸਟ ਕੋਸਟ ਦੇ ਹਿੰਦੁਸਤਾਨੀ ਭਾਈਚਾਰੇ ਦੀ ਸਾਂਝੀ ਜ਼ਿੰਮੇਵਾਰੀ ਓਟੇ।[32] ਸ਼ਾਇਦ ਇਹ ਸੁਝਾਅ ਠਾਕੁਰ ਦਾਸ ਦਾ ਹੋਵੇ, ਜੋ ਗ਼ੁਲਾਮ ਹੁਸੈਨ ਦੇ ਨਾਂ ਹੇਠ ਈਰਾਨ ਵਿਚ ਅਜੀਤ ਸਿੰਘ ਨਾਲ ਮਿਲਕੇ ਕੁਝ ਸਾਲ ਸਰਗਰਮੀ ਨਾਲ ਕੰਮ ਕਰਦਾ ਰਿਹਾ ਸੀ– ਜਿਸ ਦਾ ਖ਼ੁਦ ਦਾ ਨਾਂ ਕੈਲੀਫੋਰਨੀਆ ਲੀਡਰਸ਼ਿਪ ਲਈ ਸੁਝਾਇਆ ਗਿਆ ਸੀ – ਅਤੇ ਹੋ ਸਕਦਾ ਹੈ ਇਹ ਸੂਫ਼ੀ ਅੰਬਾ ਪ੍ਰਸਾਦ ਦਾ ਹੋਵੇ। ਹੁਸੈਨ/ਦਾਸ ਫਿਰ ਓਦੋਂ ਤਕ ਮੈਡਮ ਕਾਮਾ ਅਤੇ ਰਾਣਾ ਦੇ ਪੈਰਿਸ ਵਾਲੇ ਗਰੁੱਪ ਵਿਚ ਕੰਮ ਕਰਦਾ ਰਿਹਾ ਸੀ ਜਦੋਂ ਤਕ ਉਨ੍ਹਾਂ ਨੇ 1912 'ਚ "ਇਕ ਮਾਹਰ ਅੰਦੋਲਨਕਾਰੀ ਵਜੋਂ ..... ਸਿੱਖਾਂ ਵਿਚ ਬੇਚੈਨੀ ਪੈਦਾ ਕਰਨ ਦਾ ਖ਼ਾਸ ਮਿਸ਼ਨ ਸੌਂਪ ਕੇ" ਉਸ ਨੂੰ ਪੋਰਟਲੈਂਡ ਨਹੀਂ ਭੇਜ ਦਿੱਤਾ।[33] ਸ਼ੁਰੂ 'ਚ ਹਰਦਿਆਲ ਨੇ ਪੁੱਛਿਆ ਸੀ ਕਿ ਕੀ ਇਸ ਮਿਸ਼ਨ ਨੂੰ ਅੱਗੇ ਪਾਇਆ ਜਾ ਸਕਦਾ ਹੈ; ਉਸ ਦੇ ਕੰਮਾਂ ਦੀ ਸੂਚੀ ਵਿਚ ਸਾਨ ਫਰਾਂਸਿਸਕੋ ਦੇ ਅਗਾਂਹਵਧੂ ਘੇਰੇ ਵਿਚਲੀਆਂ ਸਰਗਰਮੀਆਂ ਪਹਿਲਾਂ ਹੀ ਉਲੀਕੀਆਂ ਜਾ ਚੁੱਕੀਆਂ ਸਨ, ਸਮੇਤ ਉਸ ਦੇ ਆਪਣੇ ਰੈਡੀਕਲ ਕਲੱਬ, ਲਾਲ ਝੰਡੇ ਵਾਲੇ ਆਦਰਸ਼ਕ ਸਮਾਜ ਦੇ ਭਾਈਚਾਰੇ, ਅਤੇ ਆਈ ਡਬਲਯੂ ਡਬਲਯੂ ਬਰਾਂਚ ਦੀ ਸਕੱਤਰੀ ਦੇ।[34] ਐਪਰ, ਛੇਤੀ ਹੀ ਇਸ ਸਾਰੇ ਕੁਝ ਨੇ ਬਦਲ ਜਾਣਾ ਸੀ।

ਜਿਸ ਵਕਤ ਹਰਦਿਆਲ ਜੂਨ ਦੇ ਸ਼ੁਰੂ ਵਿਚ ਅਸਟੋਰੀਆ ਦੇ ਹੋਣੀ ਭਰਪੂਰ ਇਕੱਠ ਵਿਚ ਆਇਆ 1913 ਦੀ ਬਸੰਤ ਰੁੱਤੇ ਪੈਸੀਫਿਕ ਉੱਤਰ-ਪੱਛਮ ਵਿਚ ਮੀਟਿੰਗਾਂ ਦਾ ਸਿਲਸਿਲਾ ਪਹਿਲਾਂ ਹੀ ਚੱਲ ਚੁੱਕਾ ਸੀ (ਸਭ ਤੋਂ ਵੱਡੀ ਮੀਟਿੰਗ ਵਿਚ 120 ਬੰਦੇ ਸ਼ਾਮਲ ਹੋਏ ਸਨ)।[35] ਹੁਸੈਨ/ਦਾਸ, ਸੋਹਣ ਸਿੰਘ ਭਕਨਾ, ਰਾਮ ਚੰਦਰ, ਕਾਂਸ਼ੀਰਾਮ ਅਤੇ ਨਵਾਬ ਖਾਨ ਵੀ ਹਾਜ਼ਰ ਸਨ। ਆਈਸਮੌਂਗਰ ਅਤੇ ਸਲੈਟਰੀ ਨੇ ਰਿਪੋਰਟ ਦਿੱਤੀ ਸੀ, "ਕਿਹਾ ਜਾਂਦਾ ਹੈ ਕਿ ਇਸ ਮੌਕੇ ਲਈ ਦੋ ਬਿਜਲੀ ਨਾਲ ਚੱਲਣ ਵਾਲੀਆਂ ਟਰਾਮ ਕਾਰਾਂ ਤੇ ਦੋ ਮੋਟਰ ਕਾਰਾਂ ਭਾੜੇ 'ਤੇ ਕੀਤੀਆਂ

ਗਈਆਂ ਸਨ ਅਤੇ ਇਹ ਕਾਰਾਂ 'ਭਾਰਤ' ਤੇ 'ਆਜ਼ਾਦੀ' ਦੀਆਂ ਤਖ਼ਤੀਆਂ ਨਾਲ ਸਜਾਈਆਂ ਗਈਆਂ ਸਨ। 'ਬੰਦੇ ਮਾਤਰਮ' ਦੇ ਬੋਲਾਂ ਨਾਲ ਹਰਦਿਆਲ ਦੀ ਜੈ-ਜੈਕਾਰ ਕੀਤੀ ਗਈ, ਪਰ ਉਸ ਨੇ ਹਾਰ ਪਵਾਉਣ ਤੋਂ ਨਾਂਹ ਕਰ ਦਿੱਤੀ।"[36]

ਖਾਨਖੋਜੇ ਗਰੁੱਪ ਵਾਲੀ ਲੀਡਰਸ਼ਿਪ ਦੀ ਮੁੜ ਪੁਸ਼ਟੀ ਕਰਦਿਆਂ ਸੋਹਣ ਸਿੰਘ ਭਕਨਾ ਨੂੰ ਪ੍ਰਧਾਨ ਅਤੇ ਕਾਂਸ਼ੀਰਾਮ ਨੂੰ ਖਜ਼ਾਨਚੀ ਚੁਣਿਆ ਗਿਆ।[37] ਹਰਦਿਆਲ ਦਾ ਨਾਂ ਸਕੱਤਰ ਦੇ ਅਹੁਦੇ ਲਈ ਪੇਸ਼ ਕੀਤਾ ਗਿਆ। ਹੁਣ ਜਥੇਬੰਦਕ ਢਾਂਚੇ ਦੇ ਸਾਰੇ ਹੀ ਮੁੱਖ ਕਲ-ਪੁਰਜ਼ੇ ਪੈਸੀਫਿਕ ਕੋਸਟ ਹਿੰਦੀ ਐਸੋਸੀਏਸ਼ਨ (ਪੀ ਸੀ ਐੱਚ ਏ) ਦੇ ਨਵੇਂ ਨਾਂ ਹੇਠ ਥਾਂ ਸਿਰ ਜੜ ਦਿੱਤੇ ਗਏ ਸਨ। ਫੰਡ ਉਗਰਾਹੁਣ ਲਈ ਇਕ ਕਮੇਟੀ ਬਣਾਈ ਗਈ। ਨਾਲ ਹੀ ਸਥਾਨਕ ਬਰਾਂਚਾਂ ਦੇ ਸਾਲਾਨਾ ਤੌਰ 'ਤੇ ਚੁਣੇ ਹੋਏ ਨੁਮਾਇੰਦਿਆਂ ਦੀ ਪੰਦਰਾਂ ਮੈਂਬਰੀ ਕਮੇਟੀ ਤੋਂ ਇਲਾਵਾ (ਛੇਤੀ ਹੀ ਇਹ ਵਧਕੇ ਚੌਵੀ ਹੋ ਜਾਣਗੇ), ਪਾੜ੍ਹਿਆਂ ਤੇ ਕਾਮਿਆਂ ਦੋਵਾਂ ਨੂੰ ਲੈ ਕੇ ਕੋਸਟ ਦੇ ਸਾਰੇ ਥਾਵਾਂ ਤੋਂ ਸਾਰੇ ਹੀ ਸਥਾਨਕ ਭਾਈਚਾਰਿਆਂ ਦੇ ਨੁਮਾਇੰਦੇ ਲੈ ਕੇ ਇਸ ਦੀ ਆਮ ਸਭਾ ਬਣਾਈ ਗਈ। ਗਰੁੱਪ ਨੇ ਫਿਰ ਸਾਨ ਫਰਾਂਸਿਸਕੋ ਨੂੰ ਪ੍ਰਕਾਸ਼ਨ ਅਤੇ ਪ੍ਰਚਾਰ ਦੇ ਧੁਰੇ ਵਜੋਂ ਚੁਣਿਆ ਕਿਉਂਕਿ ਇਥੇ ਹਰਦਿਆਲ ਦਾ ਰਸੂਖ਼ ਸਭ ਤੋਂ ਤਕੜਾ ਸੀ।[38]

ਨਵਾਬ ਖਾਨ ਵਲੋਂ ਹਰਦਿਆਲ ਦੀ ਇਥੇ ਕੀਤੀ ਤਕਰੀਰ ਦਾ ਲੰਮਾ ਲਿਖਤੀ ਉਤਾਰਾ ਮੁਹੱਈਆ ਕਰਾਇਆ ਗਿਆ:

> "ਤੁਸੀਂ ਅਮਰੀਕਾ ਆਏ ਹੋ ਅਤੇ ਇਸ ਮੁਲਕ ਦੀ ਖੁਸ਼ਹਾਲੀ ਨੂੰ ਆਪਣੀਆਂ ਅੱਖਾਂ ਨਾਲ ਦੇਖ ਲਿਆ ਹੈ। ਇਸ ਖੁਸ਼ਹਾਲੀ ਦੀ ਵਜ੍ਹਾ ਕੀ ਹੈ? ਇਹ ਕਿਉਂ ਹੈ ਕਿ ਅਮਰੀਕਾ ਉੱਪਰ ਇਸ ਦੇ ਆਪਣੇ ਲੋਕ ਰਾਜ ਕਰਦੇ ਹਨ? ਦੂਜੇ ਪਾਸੇ, ਹਿੰਦੁਸਤਾਨ ਵਿਚ ਮੁਲਕ ਦੇ ਰਾਜ-ਭਾਗ ਵਿਚ ਲੋਕਾਂ ਦੀ ਪੁੱਗਤ ਕਿਉਂ ਨਹੀਂ ਹੈ।"

ਉਸ ਹਾਲਤ ਦੀ ਭੰਡੀ ਕਰਦਿਆਂ ਜਿਸ ਵਿਚ ਇਕ ਜ਼ਰਖੇਜ਼ ਖੇਤੀਬਾੜੀ ਵਾਲੀ ਜ਼ਮੀਨ ਦਾ ਕਾਲ ਨੇ ਨਾਸ ਮਾਰ ਦਿੱਤਾ ਕਿਉਂਕਿ ਇਸ ਦੀਆਂ ਫ਼ਸਲਾਂ ਨਿਰਯਾਤ ਕਰ ਦਿੱਤੀਆਂ ਗਈਆਂ ਸਨ, ਉਸ ਨੇ ਆਪਣੇ ਸਰੋਤਿਆਂ ਨੂੰ ਸੱਦਾ ਦਿੱਤਾ:

> "ਆਪਣੇ ਨੀਮ ਮਜ਼੍ਹਬੀ ਵੈਰ-ਵਿਰੋਧਾਂ ਤੋਂ ਬਾਜ਼ ਆ ਜਾਓ ਅਤੇ ਆਪਣੀ ਸੋਚ ਆਪਣੇ ਮੁਲਕ ਦੀ ਬੰਦ-ਖ਼ਲਾਸੀ ਵੱਲ ਮੋੜ ਦਿਓ। ਜੋ ਵੀ ਕੰਮ ਕਰਦੇ ਹੋ, ਆਪਣੇ ਮੁਲਕ ਲਈ ਕਰੋ....। ਇਸ ਮਕਸਦ ਲਈ ਧਨ ਇਕੱਠਾ ਕਰੋ ਅਤੇ ਅਮਰੀਕਾ ਵਿਚ ਨੌਜਵਾਨਾਂ ਨੂੰ ਪੜ੍ਹਾਓ-ਲਿਖਾਓ ਤਾਂ ਜੋ ਉਹ ਸੇਵਾ ਕਰਨ ਦੇ ਕਾਬਲ ਬਣ ਜਾਣ।.... ਹੁਣ ਕੁਰਬਾਨੀ ਦੇਣ ਲਈ ਖ਼ੁਦ ਨੂੰ ਤਿਆਰ ਕਰ ਲਓ।"[39]

ਫਿਰ ਉਸ ਨੇ ਉਨ੍ਹਾਂ ਦੇ ਇਮੀਗਰੇਸ਼ਨ ਦਰਜੇ ਨੂੰ ਅਲੰਕਾਰਕ ਤੌਰ 'ਤੇ ਹਿੰਦੁਸਤਾਨ ਦੀ ਮੁਕਤੀ ਦੇ ਇਕ ਜ਼ਾਹਰਾ ਕਾਜ ਵਜੋਂ ਨਵੇਂ ਰੂਪ 'ਚ ਪੇਸ਼ ਕੀਤਾ। ਉਸ ਨੇ ਕਿਹਾ, ਇਕ

ਆਜ਼ਾਦ ਹਕੂਮਤ ਦੀ ਹਮਾਇਤ ਤੋਂ ਬਗ਼ੈਰ ਅਮਰੀਕੀ ਸ਼ਹਿਰੀ ਹੱਕਾਂ ਲਈ ਸੰਘਰਸ਼ ਕਰਦੇ ਰਹਿਣਾ ਵਿਅਰਥ ਹੈ। ਉਸ ਨੇ ਦਲੀਲ ਦਿੱਤੀ ਕਿ

> 'ਜਦੋਂ ਤਕ ਹਿੰਦੁਸਤਾਨੀ ਅੰਗਰੇਜ਼ਾਂ ਦੇ ਗ਼ੁਲਾਮ ਹਨ ਓਦੋਂ ਤਕ ਅਮਰੀਕਾ ਜਾਂ ਕਿਸੇ ਹੋਰ ਕੌਮ ਵਲੋਂ ਉਨ੍ਹਾਂ ਨਾਲ ਬਰਾਬਰੀ ਵਾਲਾ ਸਲੂਕ ਨਹੀਂ ਕੀਤਾ ਜਾਵੇਗਾ।"[40]

ਗ਼ਦਰ ਬਹੁਤ ਹੀ ਖ਼ਾਸ ਸੰਸਲੇਸ਼ਣ ਦਾ ਫ਼ਲ ਸੀ: ਆਬਾਦੀਆਂ, ਮੁੱਦਿਆਂ, ਪ੍ਰਸੰਗ ਚੌਖਟਿਆਂ ਅਤੇ ਵਿਚਾਰਧਾਰਕ ਤੱਤਾਂ ਦੇ ਸੰਸਲੇਸ਼ਣ ਦਾ। ਇਸ ਸੁਮੇਲ ਦੀ ਭਰਪੂਰਤਾ ਹੀ ਹੈ ਜਿਸ ਨੇ ਇਸ ਨੂੰ ਹਿੰਦੁਸਤਾਨੀ ਰੈਡੀਕਲਵਾਦ ਦੀਆਂ ਕੜੀਆਂ ਜੋੜਨ ਅਤੇ ਲਹਿਰ ਦੇ ਨਾਲੋ-ਨਾਲੋ ਮੌਜੂਦ ਪ੍ਰਵਚਨਾਂ ਦਰਮਿਆਨ ਆਦਾਨ-ਪ੍ਰਦਾਨ ਦੇ ਮਾਧਿਅਮ ਦੀ ਭੂਮਿਕਾ ਨਿਭਾਉਣ ਦੇ ਯੋਗ ਬਣਾਇਆ।[41] ਫਿਰ ਵੀ, ਬਦੇਸ਼ ਦੀ ਇਨਕਲਾਬੀ ਲਹਿਰ ਦੇ ਅੰਦਰ ਗ਼ਦਰ ਇਕ ਬੇਮਿਸਾਲ ਹੱਦ ਤਕ ਭਾਰੂ ਤੌਰ 'ਤੇ ਇਕ ਮਜ਼ਦੂਰ ਲਹਿਰ ਸੀ, ਜਿਸ ਵਿਚ, ਇਸ ਤੋਂ ਅੱਗੇ ਸਗੋਂ ਕਾਮਿਆਂ ਅਤੇ ਬੁੱਧੀਜੀਵੀਆਂ ਦਰਮਿਆਨ ਦੀ ਲਕੀਰ ਮਿਟ ਗਈ ਸੀ। ਉੱਤਰੀ ਅਮਰੀਕਾ ਵਿਚ ਦੱਖਣੀ ਏਸ਼ੀਅਨਾਂ ਦੇ ਰੈਡੀਕਲ ਬਣਨ ਦਾ ਜੋ ਅਮਲ ਚੱਲਿਆ ਉਸ ਦੇ ਜਾਗ-ਲਾਊ ਤੱਤ ਵਜੋਂ ਨਸਲੀ ਵਿਤਕਰੇ ਦੇ ਪ੍ਰਭਾਵ ਅਤੇ ਜਮਾਤ ਉੱਪਰ ਇਸ ਦੇ ਅਹਿਮ ਅਸਰ ਨੂੰ ਘਟਾਕੇ ਨਹੀਂ ਦੇਖਿਆ ਜਾ ਸਕਦਾ। ਫੇਰ ਵੀ ਹਿੰਦੁਸਤਾਨ ਦੇ ਬਸਤੀਆਨਾ ਦਰਜੇ ਦੀ ਭੂਗੋਲਿਕ-ਸਿਆਸੀ ਹਕੀਕਤ ਉੱਪਰ ਇਹ ਚੌਖਟਾ ਭਾਰੂ ਹੋ ਜਾਣ ਤੋਂ ਬਾਅਦ ਹੀ ਅਮਰੀਕਾ ਵਿਚਲੀ ਬੇਚੈਨੀ ਦੀ ਹਿੰਦੁਸਤਾਨੀ ਗ਼ਦਰ 'ਚ ਕਾਇਆਪਲਟੀ ਹੋਵੇਗੀ।

NOTES AND REFERENCES

1. ਪੁਰੀ, ਜਵਾਲਾ ਸਿੰਘ ਦੀ ਟੂਕ, 39-41।
2. ਇਹ ਜਾਣਕਾਰੀ ਇਨ੍ਹਾਂ ਸੋਮਿਆਂ ਤੋਂ ਜੁਟਾਈ ਗਈ ਹੈ: Chopra, 142-43; DCI 10.4.1909, B, June 1909#108-114; Secret, Foreign Directorate of 27.8.1915, D, October 1915# 43.
3. ਮੈਂ ਨਹੀਂ ਜਾਣਦੀ ਕਿ ਕੀ ਇਸ ਨੂੰ ਮੁਨਾਸਬ ਦਰ ਮੰਨਿਆ ਗਿਆ ਜਾਂ ਨਹੀਂ। ਜੇ ਨਹੀਂ, ਸ਼ਾਇਦ ਇਹ ਉਸ ਦੇ ਇਕ ਠੱਗ ਵਜੋਂ ਵੱਕਾਰ ਦਾ ਮੁੱਢ ਬੱਝਣਾ ਸੀ।
4. (Secret) Prog.#19, DCI 30.11.1907, B, January 1908 #19-26.
5. ਉਪਰੋਕਤ।
6. ਇਹ ਜਾਣਕਾਰੀ ਇਨ੍ਹਾਂ ਸੋਮਿਆਂ ਤੋਂ ਜੁਟਾਈ ਗਈ ਹੈ: "Subject: Position of Indians in Canada: History Sheet of G.D.Kumar," B, April 1912, #82; Chopra, 92.

7. G. Ker, 217.
8. ਪੁਰੀ, 50। ਪੁਰੀ ਸੋਹਣ ਸਿੰਘ ਭਕਨਾ ਦੀ ਟਿੱਪਣੀ ਦੀ ਟੂਕ ਦਿੰਦਾ ਹੈ ਕਿ ਕੁਮਾਰ ਦੀਆਂ ਤਕਰੀਰਾਂ "ਸੁਭਾਅ ਪੱਖੋਂ" ਮੁੱਖ ਤੌਰ 'ਤੇ "ਸੁਧਾਰਵਾਦੀ" ਸਨ, ਮਿਸਾਲ ਵਜੋਂ ਇਹ ਭਾਈਚਾਰੇ ਦੀ ਭਲਾਈ ਅਤੇ ਸ਼ਰਾਬ ਤੇ ਜਾਤਪਾਤ ਨੂੰ ਤਿਆਗਣ 'ਤੇ ਜ਼ੋਰ ਦਿੰਦੀਆਂ ਸਨ।
9. Tenth Bengal Lancers ਦੇ ਇਕ ਪੁਰਾਣੇ ਯੋਧੇ (ਅਤੇ ਖ਼ਾਲਸਾ ਦੀਵਾਨ ਦੇ ਸਕੱਤਰ) ਭਾਈ ਭਾਗ ਸਿੰਘ ਨੇ ਅਕਤੂਬਰ 1909 ਦਾ ਇਕ ਮਤਾ ਪਾਸ ਕੀਤੇ ਜਾਣ ਪਿੱਛੋਂ ਆਪਣੇ ਸਨਮਾਨ ਵਾਲੇ ਡਿਸਚਾਰਜ ਸਰਟੀਫੀਕੇਟ ਸ਼ਰੇਆਮ ਸਾੜ ਦਿੱਤੇ। ਮਤੇ ਵਿਚ ਇਹ ਹਲਫ਼ ਲਿਆ ਗਿਆ ਸੀ ਕਿ ਵੈਨਕੂਵਰ ਦੇ ਸਿੱਖ ਗੁਰਦੁਆਰੇ ਦੀ ਕਾਰਜਕਾਰਨੀ ਦਾ ਕੋਈ ਵੀ ਮੈਂਬਰ ਵਰਦੀ, ਚਿੰਨ੍ਹ ਜਾਂ ਤਮਗਾ ਨਹੀਂ ਪਹਿਨੇਗਾ; ਇਹ ਸਨਮਾਨ ਦਾ ਬਿਲਾ ਨਹੀਂ ਸਗੋਂ ਉਸ ਉਪਰ "ਅੰਗਰੇਜ਼ ਸਰਬਉਚਤਾ ਦੀ ਗ਼ੁਲਾਮੀ" ਦਾ ਠੱਪਾ ਸੀ। Isemonger and Slattery, 9.
10. *Free Hindustan*, Home Department, Political, B, *Proceedings*, DCI weekly reports ending 15 June 1910.
11. Ker, 210-11.
12. Puri, 50.
13. Isemonger and Slattery (11) ਨੇ ਕਿਹਾ ਕਿ ਡੀਪੋਰਟੇਸ਼ਨ ਦਾ ਸਬੰਧ ਜਾਇਦਾਦਾਂ ਵੇਚਣ ਨਾਲ ਸੀ; ਹੋਰ ਥਾਂ ਜੋ ਕਾਰਨ ਦੱਸੇ ਗਏ ਉਹ ਸਨ ਸਿੱਧੇ ਸਫ਼ਰ ਦੇ ਕਾਨੂੰਨ ਦੀ ਉਲੰਘਣਾ, ਜਾਂ ਝੂਠੇ ਬਹਾਨੇ ਬਣਾਕੇ ਇਥੇ ਦਾਖ਼ਲ ਹੋਣਾ।
14. Isemonger and Slattery, 11.
15. Mathur, 20.
16. "Subject: Position of Indians in Canada: History Sheet of G.D.Kumar," B, April 1912, #82; Mathur,20.
17. ਸੂਚਨਾ ਇਨ੍ਹਾਂ ਸੋਮਿਆਂ ਤੋਂ ਜੁਟਾਈ ਗਈ: Tapan Mukherjee, *Taraknath Das: Life and Letters of a Revolutionary in Exile* (Calcutta: National Council of Education, 1997); Chopra, History Sheet of Taraknath Das; Gould, 182-99.
18. Jensen, 167.
19. Prog.#78, DCI. 20.6.1908, B, July 1908 #72-81.
20. Puri, 49. ਜਾਪਦਾ ਸੀ ਕਿ ਇਸ ਦੀ ਬੋਲੀ ਦਾ ਨਿਸ਼ਾਨਾ ਪੰਜਾਬੀ ਕਿਰਤੀਆਂ ਦੀ ਬਜਾਏ, ਜਿਨ੍ਹਾਂ ਦੀ ਬਹੁਗਿਣਤੀ ਨੂੰ ਅੰਗਰੇਜ਼ੀ ਪੜ੍ਹਨੀ ਨਹੀਂ ਸੀ ਆਉਂਦੀ, ਹਿੰਦੁਸਤਾਨੀ

ਇਨਕਲਾਬੀ ਬੁੱਧੀਜੀਵੀ, ਜਿਵੇਂ ਪੈਰਿਸ/ਲੰਦਨ ਵਾਲਾ ਗਰੁੱਪ ਸੀ, ਜਾਂ ਇਹ ਗੋਰੇ ਸਰੋਤਿਆਂ ਦੇ ਲਾਭ ਲਈ ਸੀ, ਜਿਵੇਂ ਕੈਨੇਡੀਅਨ ਹਕੂਮਤ ਦੇ ਏਜੰਟ ਵਿਲੀਅਮ ਮੈਕਿਨਜ਼ ਨੇ ਆਪਣੀ 1908 ਦੀ ਰਿਪੋਰਟ ਵਿਚ ਕਿਹਾ ਸੀ (Puri, 136; Gould, 187-88 ਵਿਚ ਦਿੱਤਾ ਹਵਾਲਾ)। ਇਕ ਸੰਭਵ ਅਰਥ-ਸੰਭਾਵਨਾ ਇਹ ਹੈ ਕਿ ਦੋਵਾਂ ਆਬਾਦੀਆਂ ਦੇ ਸਿਆਸੀ ਤੌਰ 'ਤੇ ਸਰਗਰਮ ਹਿੱਸਿਆਂ ਦਰਮਿਆਨ ਪਹਿਲਾਂ ਹੀ ਚੋਖੇ ਰਿਸ਼ਤੇ ਬਣੇ ਹੋਏ ਸਨ, ਜਾਂ ਕਿ ਗੁਰਮੁਖੀ ਦੇ *ਸਵਦੇਸ਼ ਸੇਵਕ* ਅਤੇ ਅੰਗਰੇਜ਼ੀ ਦੇ *Free Hindustan* ਦੇ ਅੰਕਾਂ ਦਰਮਿਆਨ ਪੀਡਾ ਤਾਲਮੇਲ ਬਣਿਆ ਹੋਇਆ ਸੀ।

21. "Memorandum on Indian Revolutionaries Abroad," Home Department, Political, A, August 1915 #216 (Sareen, 57).
22. Chopra, 49-50.
23. Secret, Foreign Directorate of 27.8.1915. D, October 1915 #43.
24. DCI weekly reports ending 15 June 1910, Home Department, Political, *Proceedings*, August 1910.
25. Mathur, 19, 27.
26. ਦੇਖੋ ਖ਼ਾਨਖੋਜੇ ਦੀ ਧੀ ਸਵਿਤਰੀ ਸਾਹਨੀ ਵਲੋਂ ਲਿਖੀ ਜੀਵਨੀ: *I shall Never Ask for Pardon* (New Delhi: Penguin Books, 2008), ਜੋ ਮਰਾਠੀ ਵਿਚ ਉਸ ਦੀਆਂ ਯਾਦਾਂ 'ਤੇ ਅਧਾਰਤ ਹੈ ਜੋ ਨਹਿਰੂ ਮੈਮੋਰੀਅਲ ਮਿਊਜ਼ੀਅਮ ਅਤੇ ਲਾਇਬ੍ਰੇਰੀ ਵਿਖੇ ਸਾਂਭੇ ਨਿੱਜੀ ਕਾਗਜ਼ਾਤ ਦੇ ਸੰਗ੍ਰਹਿ ਵਿਚ ਮੌਜੂਦ ਹਨ।
27. Brown, 136.
28. Sawhney, 77.
29. ਇਹ ਸਾਹਨੀ ਦੀ ਦਿੱਤੀ ਤਫ਼ਸੀਲ ਹੈ, ਸਫ਼ਾ 85। ਖ਼ਾਨਖੋਜੇ ਨੇ ਬਾਅਦ ਵਿਚ ਇਕ ਵਾਰਤਾਲਾਪ 'ਚ ਪੁਰੀ ਨੂੰ ਦੱਸਿਆ ਕਿ ਇਸ ਦੀ ਪੰਜ ਸੌ ਦੀ ਤਾਦਾਦ 'ਚ ਮਜ਼ਬੂਤ ਮੈਂਬਰਸ਼ਿਪ ਸੀ ਅਤੇ ਭਵਿੱਖੀ ਗ਼ਦਰ ਪਾਰਟੀ ਦੇ ਅਹੁਦੇਦਾਰ ਸੋਹਣ ਸਿੰਘ ਭਕਨਾ ਅਤੇ ਕਾਂਸ਼ੀ ਰਾਮ, ਜੋ ਇਮਾਰਤੀ ਲੱਕੜ ਦੀ ਸਨਅਤ ਲਈ ਲੇਬਰ ਠੇਕੇਦਾਰੀ ਕਰਦਾ ਸੀ, ਇਸ ਦੀਆਂ ਆਗੂ ਸ਼ਖਸੀਅਤਾਂ ਸਨ, ਹਾਲਾਂਕਿ ਬਾਅਦ ਵਿਚ ਸੋਹਣ ਸਿੰਘ ਨੇ ਕਿਹਾ ਕਿ ਉਸ ਨੂੰ ਇਸ ਖ਼ਾਸ ਜਥੇਬੰਦੀ ਦਾ ਚੇਤਾ ਨਹੀਂ ਹੈ। Puri, 59: interview with Sohan Singh Bhakna, 26 November 1968. ਸ਼ਾਇਦ ਇਹ ਫ਼ਰਕ ਯਾਦਾਂ ਦੀ ਪੇਸ਼ਕਾਰੀ ਵਿਚਲੇ ਵਖਰੇਵੇਂ ਤੋਂ ਪੈਦਾ ਹੁੰਦਾ ਹੈ, ਜਿਸ ਨੂੰ ਮੋੜਵੇਂ ਰੂਪ 'ਚ ਭਕਨਾ ਦੇ ਖ਼ਾਨਖੋਜੇ ਦੀ ਅਗਵਾਈ ਦੇ ਸ਼ੁਰੂਆਤੀ ਵਿਰੋਧ ਨਾਲ ਜੋੜਕੇ ਦੇਖਿਆ ਜਾ ਸਕਦਾ ਹੈ।
30. Sawhney, 80-81, 62, 92.
31. ਉਪਰੋਕਤ, 105।

32. ਉਪਰੋਕਤ, 95–96, 105।
33. ਹਾਲਾਂਕਿ ਪਰਮਾਨੰਦ ਨੇ ਇਸੇ ਤਰ੍ਹਾਂ ਦਾ ਸੁਝਾਅ ਹਰਦਿਆਲ ਨੂੰ ਦਿੱਤਾ ਸੀ – ਸ਼ਾਇਦ ਦਾਸ ਦੇ ਕਹਿਣ 'ਤੇ – ਅਤੇ 1913 'ਚ ਉਹ ਉਸ ਦੇ ਨਾਲ ਪੋਰਟਲੈਂਡ ਆ ਗਿਆ। ਗੋਬਿੰਦ ਬਿਹਾਰੀ ਲਾਲ ਦਾ ਕਹਿਣਾ ਸੀ ਕਿ ਹਰਦਿਆਲ ਨੂੰ ਕੈਲੀਫੋਰਨੀਆ ਸੱਦਣ ਵਾਲਾ ਤੇਜਾ ਸਿੰਘ ਸੀ (Brown, 126). ਸੋਹਣ ਸਿੰਘ ਭਕਨਾ ਨੇ ਆਪਣੀ ਸਵੈਜੀਵਨੀ, *ਜੀਵਨ ਸੰਗਰਾਮ* (ਜਲੰਧਰ: ਯੁਵਕ ਸੇਵਕ ਪ੍ਰਕਾਸ਼ਨ, 1967), ਸਫ਼ਾ 39 'ਤੇ ਕਿਹਾ ਕਿ ਪਹਿਲਾਂ ਉਨ੍ਹਾਂ ਦੀ ਸੋਚ ਅਜੀਤ ਸਿੰਘ ਨੂੰ ਬੁਲਾਉਣ ਦੀ ਸੀ। Isemonger and Slattery ਨੇ ਵੀ ਜ਼ਿਕਰ ਕੀਤਾ ਹੈ (15) ਕਿ ਹਰਦਿਆਲ ਨੇ ਖ਼ੁਦ ਉੱਘੇ ਪੁਰਾਣੇ ਘੁਲਾਟੀਏ ਨੂੰ ਸ਼ਾਮਲ ਕਰਨ ਦੇ ਹੱਕ 'ਚ ਤਜਵੀਜ਼ ਰੱਖੀ ਸੀ (ਜੋ ਓਦੋਂ ਅਖਾਉਤੀ ਤੌਰ 'ਤੇ "ਫਰਾਂਸ ਵਿਚ ਵਿਹਲਾ ਬੈਠਾ ਸੀ") ਜੋ ਆ ਕੇ "ਮੁਲਕ ਦਾ ਦੌਰਾ ਕਰੇ ਅਤੇ ਅਮਰੀਕਾ ਵਿਚ ਰਹਿ ਰਹੇ ਹਿੰਦੁਸਤਾਨੀਆਂ ਅੰਦਰ ਇਨਕਲਾਬੀ ਖ਼ਿਆਲ ਭਰੇ।" ਪਰ ਅਜੀਤ ਸਿੰਘ ਨੇ ਛੇਤੀ ਹੀ ਕਿਤੇ ਹੋਰ ਪੂਰੀ ਤਰ੍ਹਾਂ ਰੁੱਝ ਜਾਣਾ ਸੀ।
34. Secret, Foreign Directorate of 27.8.1915, D, October 1915 #43.
35. (Secret) Prog. #19, DCI 30.11.1907, B, January 1908 #19-26.
36. Isemonger and Slattery, 13-15. ਇਥੇ ਵੀ ਸਹੀ ਤਫ਼ਸੀਲ ਦੇ ਫ਼ਰਕ ਵਾਲੇ ਵੇਰਵੇ ਹਨ। Isemonger and Slattery ਦੀ ਰਿਪੋਰਟ ਦੀ ਜਾਣ-ਪਛਾਣ ਵਿਚ ਵਾਟੂਕ ਪਹਿਲੀ ਮੀਟਿੰਗ ਕਰਾਉਣ ਦਾ ਸਿਹਰਾ ਕਰਤਾਰ ਸਿੰਘ ਨੂੰ ਦਿੰਦਾ ਹੈ (vii). ਪੁਰੀ ਦੀਆਂ ਟਿੱਪਣੀਆਂ (68) ਵੱਖੋ-ਵੱਖਰੇ ਟਕਰਾਵੇਂ ਸਬੂਤਾਂ ਦੀ ਤਸਦੀਕ ਕਰਦੀਆਂ ਹਨ।
37. Isemonger and Slattery, 13.
38. Rattan Singh, 9. ਇਹੀ ਤਿੰਨ ਨਾਂ ਮੁੱਢਲੀ ਮੀਟਿੰਗ ਵਿਖੇ ਬਣਾਏ "ਖ਼ੁਫ਼ੀਆ ਕਮਿਸ਼ਨ" ਦੇ ਮੈਂਬਰਾਂ ਵਜੋਂ ਵੀ ਦਿੱਤੇ ਜਾਂਦੇ ਹਨ। ਪੁਰੀ (74–76) ਕਹਿੰਦਾ ਹੈ ਕਿ ਇਹ ਮੁੱਖ ਤੌਰ 'ਤੇ ਫੰਡ ਇਕੱਠੇ ਕਰਨ ਅਤੇ ਅਖ਼ਬਾਰ ਵੰਡਣ 'ਚ ਸ਼ੁਮਾਰ ਸੀ ਅਤੇ ਇਸ ਦੇ ਖ਼ੁਫ਼ੀਆ ਸੁਭਾਅ ਨੂੰ ਬਹੁਤ ਵਧਾ-ਚੜ੍ਹਾਕੇ ਪੇਸ਼ ਕੀਤਾ ਗਿਆ ਸੀ।
39. Isemonger and Slattery, 15.
40. ਉਪਰੋਕਤ, 13–14।
41. Lal, "Note for the UC Study Project," 34.

ਸੋਹਣ ਸਿੰਘ ਭਕਨਾ

ਅਭਾਗਿਆਂ ਤੇ ਗ਼ਰੀਬਾਂ ਲਈ ਨਿਆਂ ਅਤੇ ਮੁਕਤੀ ਦੇ ਲੇਖੇ ਇਕ ਜ਼ਿੰਦਗੀ

-ਗੁਰਪ੍ਰੀਤ ਸਿੰਘ

ਗ਼ਦਰ ਪਾਰਟੀ ਦੇ ਇਕ ਬਾਨੀ ਸੋਹਣ ਸਿੰਘ ਭਕਨਾ ਦੀ ਜੀਵਨ ਗਾਥਾ ਇਸ ਤੱਥ ਦੀ ਯਾਦ ਦਿਵਾਉਂਦੀ ਹੈ ਕਿ ਗ਼ਦਰੀ ਕਾਰਕੁਨਾਂ ਨੇ ਆਪਣੇ ਮਿਸ਼ਨ ਨੂੰ ਮਹਿਜ਼ ਹਿੰਦੁਸਤਾਨ ਨੂੰ ਬਦੇਸ਼ੀ ਕਬਜ਼ੇ ਤੋਂ ਮੁਕਤ ਕਰਾਉਣ ਤਕ ਮਹਿਦੂਦ ਨਹੀਂ ਕੀਤਾ ਸਗੋਂ ਆਜ਼ਾਦੀ ਤੋਂ ਪਿੱਛੋਂ ਦੇ ਹਿੰਦੁਸਤਾਨ ਵਿਚ ਅਭਾਗਿਆਂ ਅਤੇ ਗ਼ਰੀਬਾਂ ਲਈ ਸਮਾਜੀ ਨਿਆਂ ਤੇ ਬਰਾਬਰੀ ਲਈ ਸੰਘਰਸ਼ ਜਾਰੀ ਰੱਖਿਆ।

ਭਕਨਾ, ਜੋ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਸਨ, ਨੇ ਆਪਣੀ ਸਮੁੱਚੀ ਜ਼ਿੰਦਗੀ ਇਸ ਕਾਜ ਦੇ ਲੇਖੇ ਲਾ ਦਿੱਤੀ। ਭਾਵੇਂ ਇਹ ਪਾਰਟੀ ਮੁੱਖ ਤੌਰ 'ਤੇ ਅੰਗਰੇਜ਼ ਹਾਕਮਾਂ ਨੂੰ ਹਿੰਦੁਸਤਾਨ ਦੀ ਸਰਜ਼ਮੀਨ ਤੋਂ ਹਥਿਆਰਬੰਦ ਗ਼ਦਰ ਰਾਹੀਂ ਕੱਢਣ ਲਈ ਬਣਾਈ ਗਈ ਸੀ, ਇਹ ਆਪਣੇ ਵਤਨ ਵਿੱਚੋਂ ਬਸਤੀਵਾਦੀ ਰਾਜ ਦਾ ਤਖ਼ਤ ਉਲਟਾਉਣ ਪਿੱਛੋਂ ਉਥੇ ਇਕ ਧਰਮਨਿਰਪੱਖ ਅਤੇ ਜਮਹੂਰੀ ਗਣਰਾਜ ਵੀ ਉਸਾਰਨਾ ਚਾਹੁੰਦੀ ਸੀ।

ਭਕਨਾ ਨੇ ਦੱਬੇ-ਕੁਚਲਿਆਂ ਦੇ ਹੱਕ 'ਚ ਡਟਣ ਦਾ ਜਜ਼ਬਾ ਸਿਰਫ਼ ਗ਼ਦਰ ਲਹਿਰ ਤੋਂ ਹੀ ਨਹੀਂ ਸੀ ਲਿਆ ਸਗੋਂ ਅੰਸ਼ਕ ਤੌਰ 'ਤੇ ਇਹ ਉਸਨੂੰ ਆਪਣੇ ਪਰਿਵਾਰ ਤੇ ਸਿੱਖ ਵਿਰਸੇ ਤੋਂ ਵਿਰਾਸਤ ਵਿਚ ਮਿਲਿਆ ਸੀ ਅਤੇ ਇਕ ਹੱਦ ਤਕ ਇਹ ਉਨ੍ਹਾਂ ਅਮਰੀਕਾ ਵਿਚ ਇਕ ਕਿਰਤੀ ਵਜੋਂ ਕੰਮ ਕਰਦਿਆਂ ਹਾਸਲ ਕੀਤਾ ਸੀ। ਉਸ ਵਿਚ ਸਮਾਜ ਦੇ ਆਰਥਕ ਤੌਰ 'ਤੇ ਗ਼ਰੀਬ ਅਤੇ ਹੋਰ ਨਿਤਾਣੇ ਹਿੱਸਿਆਂ, ਜਿਵੇਂ ਔਰਤਾਂ ਅਤੇ ਦਲਿਤਾਂ ਜਾਂ ਉਨ੍ਹਾਂ ਜਿਨ੍ਹਾਂ ਨੂੰ ਹਿੰਦੁਸਤਾਨੀ ਸਮਾਜ ਵਿਚ ਅਛੂਤ ਸਮਝਿਆ ਜਾਂਦਾ ਸੀ, ਲਈ ਜੂਝਣ ਦਾ ਜੋਸ਼ ਡੁੱਲ੍ਹ-ਡੁੱਲ੍ਹ ਪੈਂਦਾ ਸੀ। ਹਰ ਤਰ੍ਹਾਂ ਦੇ ਤੁਅੱਸਬਾਂ ਨੂੰ ਰੱਦ ਕਰਨ ਵਾਲੇ ਗ਼ਦਰ ਪਾਰਟੀ ਦੇ ਆਦੇਸ਼ ਦੀ ਬਦੌਲਤ, ਭਕਨਾ ਦਾ ਮਾਮਲਾ ਵਿਲੱਖਣ ਨਹੀਂ ਸੀ ਕਿਉਂਕਿ ਬਾਕੀ ਗ਼ਦਰੀ ਵੀ ਸਮਾਜੀ ਬਰਾਬਰੀ ਲਿਆਉਣ ਲਈ ਇਸੇ ਤਰ੍ਹਾਂ ਦ੍ਰਿੜ ਸੰਕਲਪ ਸਨ। ਐਪਰ, ਇਹ ਪਰਚਾ ਭਕਨਾ ਦੀ ਜੀਵਨ ਗਾਥਾ ਤਕ ਮਹਿਦੂਦ ਹੈ ਅਤੇ ਇਸ ਨੂੰ ਗ਼ਦਰ ਪਾਰਟੀ ਦੇ ਇਤਿਹਾਸ ਤੇ ਇਸ ਦੀਆਂ ਸਮਾਜੀ ਨਿਆਂ ਲਈ ਦੇਣਾਂ ਦੇ ਚੁੜੇਰੇ ਪ੍ਰਸੰਗ 'ਚ ਰੱਖਕੇ ਪੇਸ਼ ਕਰਨ ਦਾ ਯਤਨ ਕਰਦਾ ਹੈ। ਇਸ ਪਰਚੇ ਲਈ ਇਸਤੇਮਾਲ ਕੀਤੇ ਗਏ ਸਰੋਤਾਂ ਵਿਚ, ਭਕਨਾ ਦੀ ਸਵੈਜੀਵਨੀ "ਮੇਰੀ ਰਾਮ ਕਹਾਣੀ" ਸਮੇਤ ਉਸ ਦੀਆਂ ਆਪਣੀਆਂ ਲਿਖਤਾਂ, ਜੋ ਵੱਖ-ਵੱਖ ਅਖ਼ਬਾਰਾਂ ਵਲੋਂ ਓਦੋਂ ਲੜੀਵਾਰ ਛਾਪੀਆਂ ਗਈਆਂ ਜਦੋਂ

ਉਹ 1930ਵਿਆਂ ਦੇ ਸ਼ੁਰੂ 'ਚ ਲਾਹੌਰ ਜੇਲ੍ਹ ਵਿਚ ਕੈਦ ਕੱਟ ਰਿਹਾ ਸੀ, ਅਤੇ ਉਸ ਵਲੋਂ ਆਪਣੇ ਇਕ ਸਹਿਯੋਗੀ ਚੈਨ ਸਿੰਘ ਚੈਨ ਨੂੰ ਦਿੱਤੇ ਲਿਖਤੀ ਬਿਆਨ ਸ਼ਾਮਲ ਹਨ, ਇਕ ਖੋਜੀ ਜਿਸਨੇ ਗ਼ਦਰੀ ਕਾਰਕੁਨਾਂ ਵਲੋਂ ਬਿਆਨ ਕੀਤੇ ਵੇਰਵਿਆਂ ਨੂੰ ਸੰਗ੍ਰਹਿ ਕੀਤਾ।

ਹੋਰ ਸਰੋਤਾਂ ਵਿਚ ਸ਼ਾਮਲ ਹੈ ਇਕ ਲੰਮੀ ਮੁਲਾਕਾਤ ਜੋ ਉਨ੍ਹਾਂ ਨੇ 1967 'ਚ ਇਕ ਖੋਜੀ ਪ੍ਰੇਮ ਸਿੰਘ ਬਜਾਜ ਨੂੰ ਦਿੱਤੀ ਸੀ, ਅਤੇ ਕੈਨੇਡਾ 'ਚ ਰਹਿ ਰਹੀ ਇਕ ਕਾਰਕੁਨ ਬੀਬੀ ਵੀਰਾਂ ਨਾਲ ਮੁਲਾਕਾਤ, ਜਿਸ ਦਾ ਪਾਲਣ-ਪੋਸ਼ਣ ਭਕਨਾ ਨੇ ਕੀਤਾ ਸੀ ਅਤੇ ਗ਼ਦਰ ਦੇ ਇਤਿਹਾਸ ਤੇ ਹੋਰ ਸਬੰਧਤ ਮਜ਼ਮੂਨਾਂ ਬਾਰੇ ਕੁਝ ਕਿਤਾਬਾਂ ਅਤੇ ਪਰਚੇ।

ਭਕਨਾ ਦੀਆਂ ਲਿਖਤਾਂ ਦੀ ਬਹੁਤ ਹੀ ਟੁੰਬਵੀਂ ਖ਼ੂਬੀ ਹੈ ਉਨ੍ਹਾਂ ਦਾ ਆਪਣੀਆਂ ਕਮਜ਼ੋਰੀਆਂ ਬਾਰੇ ਬਹੁਤ ਹੀ ਬੇਬਾਕ ਅਤੇ ਈਮਾਨਦਾਰ ਹੋਣਾ। ਮਿਸਾਲ ਵਜੋਂ, ਉਸਨੇ ਲੁਕੋ ਨਹੀਂ ਰੱਖਿਆ ਕਿ ਉਹ ਇਕ ਸਮੇਂ ਸ਼ਰਾਬ ਪੀਂਦਾ ਸੀ ਅਤੇ ਉਸ ਨੇ ਇਹ ਵੀ ਮੰਨਿਆ ਕਿ ਉਹ ਵੇਸਵਾ ਦੇ ਕੋਠੇ ਵੀ ਜਾਇਆ ਕਰਦਾ ਸੀ।

ਇਹ ਪਰਚਾ ਭਕਨਾ ਜਾਂ ਗ਼ਦਰ ਇਤਿਹਾਸ ਬਾਰੇ ਲਿਖੀ ਹਰ ਚੀਜ਼ ਦਾ ਵੇਰਵਾ ਨਹੀਂ ਦੇ ਸਕਦਾ, ਫਿਰ ਵੀ ਇਹ ਭਕਨਾ ਦੀ ਸ਼ਖਸੀਅਤ ਅਤੇ ਇਕ ਸਮਾਜੀ ਨਿਆਂ ਕਾਰਕੁਨ ਵਜੋਂ ਉਨ੍ਹਾਂ ਦੀ ਭੂਮਿਕਾ ਬਾਰੇ ਵੱਧ ਤੋਂ ਵੱਧ ਸੰਭਵ ਨੂੰ ਆਪਣੇ 'ਚ ਸਮੋਣ ਦਾ ਯਤਨ ਕਰਦਾ ਹੈ।

ਭਕਨਾ ਦੇ ਜਨਮ ਸਮੇਂ ਦੇ ਸਮਾਜੀ ਅਤੇ ਸਿਆਸੀ ਹਾਲਾਤ

ਉਨ੍ਹਾਂ ਹਾਲਾਤ ਨੂੰ ਸਮਝਣ ਲਈ ਉਸ ਵਕਤ ਦੇ ਸਮਾਜੀ ਅਤੇ ਸਿਆਸੀ ਹਾਲਾਤ ਨੂੰ ਜਾਣਨਾ ਜ਼ਰੂਰੀ ਹੈ ਜਿਨ੍ਹਾਂ ਨੇ ਸਮਾਜ ਦੀ ਸਮੂਹਿਕ ਮਾਨਸਿਕਤਾ ਨੂੰ ਘੜਿਆ-ਤਰਾਸ਼ਿਆ ਜਿਨ੍ਹਾਂ ਵਿਚ ਉਹ ਜੰਮੇ-ਪਲੇ ਤੇ ਜਵਾਨ ਹੋਏ।

ਜਦੋਂ 1870 'ਚ ਭਕਨਾ ਦਾ ਜਨਮ ਹੋਇਆ, ਓਦੋਂ ਹਿੰਦੁਸਤਾਨ ਪਹਿਲਾਂ ਹੀ ਬਰਤਾਨੀਆ ਦੇ ਕਬਜ਼ੇ ਹੇਠ ਸੀ।[1] ਉਸਦੀ ਆਪਣੀ ਜਨਮ-ਧਰਤੀ ਪੰਜਾਬ ਨੂੰ ਵੀ 1849 'ਚ ਰਸਮੀ ਤੌਰ 'ਤੇ ਬਰਤਾਨਵੀ ਸਲਤਨਤ ਵਿਚ ਰਲਾ ਲਿਆ ਗਿਆ ਸੀ।[2] ਵੱਖੋ-ਵੱਖਰੇ ਅਕੀਦਿਆਂ ਦੇ ਲੋਕਾਂ, ਹਿੰਦੂਆਂ ਤੇ ਮੁਸਲਮਾਨਾਂ ਅਤੇ ਵੱਖੋ-ਵੱਖਰੇ ਜਾਤੀ ਸਮੂਹਾਂ ਨੂੰ ਜੋੜਨ ਵਾਲੀ 1857 ਦੀ ਪਹਿਲੀ ਜੰਗੇ-ਆਜ਼ਾਦੀ ਵਾਪਰ ਚੁੱਕੀ ਸੀ ਅਤੇ ਕੁਚਲ ਦਿੱਤੀ ਗਈ ਸੀ।[3] ਇਸ ਉਥਲ-ਪੁੱਥਲ ਤੋਂ ਪਹਿਲਾਂ ਲੋਟੂ ਟੈਕਸਾਂ, ਸਥਾਨਕ ਸਨਅਤ ਉਪਰ ਥੋਪੇ ਤਰ੍ਹਾਂ-ਤਰ੍ਹਾਂ ਦੇ ਕੰਟਰੋਲ ਅਤੇ ਈਸਾਈ ਗਰੁੱਪਾਂ ਦੇ ਵਧ ਰਹੇ ਮਜ਼੍ਹਬੀ ਰਸੂਖ਼ ਨੂੰ ਲੈ ਕੇ ਹਿੰਦੁਸਤਾਨੀਆਂ 'ਚ ਬੇਚੈਨੀ ਫੈਲੀ ਹੋਈ ਸੀ। 1857 'ਚ ਵਿਦਰੋਹ ਦਾ ਪਹਿਲਾ ਫੁਟਾਰਾ ਹਿੰਦੁਸਤਾਨੀ ਫ਼ੌਜੀਆਂ 'ਚ ਹੋਇਆ ਜੋ ਮਿਲਦੀਆਂ ਤਨਖ਼ਾਹਾਂ ਤੋਂ ਨਾਖੁਸ਼ ਸਨ। ਬਗ਼ਾਵਤ ਨੂੰ ਪਲੀਤਾ ਨਵੇਂ ਗੋਲੀਸਿੱਕੇ ਅਤੇ ਇਨ੍ਹਾਂ ਅਫ਼ਵਾਹਾਂ ਨੇ ਲਾਇਆ ਕਿ ਬੰਦੂਕ 'ਚ ਭਰੇ ਜਾਣ ਵਾਲੇ ਕਾਰਤੂਸਾਂ ਨੂੰ ਗਾਂ ਅਤੇ ਸੂਰ ਦੀ ਚਰਬੀ ਲਗਾਕੇ ਇਸ ਤਰ੍ਹਾਂ ਤਿਆਰ ਕੀਤਾ ਗਿਆ ਸੀ ਕਿ ਭਰਨ ਤੋਂ ਪਹਿਲਾਂ ਇਹ ਮੂੰਹ ਨਾਲ ਖੋਲ੍ਹਣੇ ਪੈਂਦੇ ਸਨ। ਹਿੰਦੂਆਂ ਲਈ ਗਊ ਦਾ ਅਤੇ ਮੁਸਲਮਾਨਾਂ ਲਈ ਸੂਰ ਦਾ ਮਾਸ ਖਾਣਾ ਵਰਜਿਤ

ਹੋਣ ਕਾਰਨ, ਫ਼ੌਜੀਆਂ ਨੇ ਬਹੁਤ ਹੀ ਬੁਰਾ ਮਨਾਇਆ ਅਤੇ ਬਾਗ਼ੀ ਹੋ ਗਏ।[4]

ਬਰਤਾਨਵੀ ਹਕੂਮਤ ਨੇ ਇਸ ਬਗ਼ਾਵਤ ਨੂੰ ਗ਼ਦਰ ਦਾ ਨਾਂ ਦਿੱਤਾ, ਬਹੁਤ ਸਾਲ ਬਾਅਦ ਇਸ ਕਥਨ ਨੂੰ ਭਕਨਾ ਅਤੇ ਉਨ੍ਹਾਂ ਦੇ ਸਾਥੀਆਂ ਵਲੋਂ ਆਪਣੇ ਆਜ਼ਾਦੀ ਸੰਗਰਾਮ ਲਈ ਅਪਣਾ ਲਿਆ ਜਾਵੇਗਾ। ਓਦੋਂ ਬਰਤਾਨਵੀ ਸਲਤਨਤ ਵਲੋਂ ਪੰਜਾਬ ਨੂੰ ਆਪਣੇ ਰਖਵਾਲੇ ਖੇਤਰ ਵਜੋਂ ਵਰਤਿਆ ਜਾ ਰਿਹਾ ਸੀ ਜੋ ਅੰਗਰੇਜ਼ ਫ਼ੌਜ ਲਈ ਚੋਖੀ ਤਾਦਾਦ 'ਚ ਰੰਗਰੂਟ ਮੁਹੱਈਆ ਕਰਦਾ ਸੀ। ਹੁਕਮਰਾਨ ਜਮਾਤਾਂ, ਜਿਵੇਂ ਪੰਜਾਬ ਦੇ ਜਗੀਰਦਾਰ, ਮੁੱਖ ਤੌਰ 'ਤੇ ਅੰਗਰੇਜ਼ਾਂ ਦੇ ਪਿੱਠੂ ਸਨ।[5] ਸਿੱਖ ਮੁਖੀਆਂ ਨੇ 1857 ਦੇ ਗ਼ਦਰ ਨੂੰ ਕੁਚਲਣ 'ਚ ਸਲਤਨਤ ਦਾ ਹੱਥ ਵਟਾਇਆ ਸੀ। ਐਪਰ, ਕੁਝ ਇਤਿਹਾਸਕਾਰ ਦਲੀਲ ਦਿੰਦੇ ਹਨ ਕਿ ਓਦੋਂ ਪੰਜਾਬ ਵਿਚ ਵੀ ਬਗ਼ਾਵਤ ਦੇ ਯਤਨ ਹੋਏ, ਜੋ ਸਲਤਨਤ ਨੇ ਸਿੱਖਾਂ ਕੋਲ ਯੋਗ ਲੀਡਰਸ਼ਿਪ ਦੀ ਘਾਟ ਕਾਰਨ ਕਾਮਯਾਬੀ ਨਾਲ ਕੁਚਲ ਦਿੱਤੇ।[6]

ਮਕਬੂਲ ਸਿੱਖ ਲੀਡਰਸ਼ਿਪ ਦੀਆਂ ਸੇਵਾਵਾਂ ਦੇ ਇਵਜ਼ 'ਚ ਬਰਤਾਨਵੀ ਫ਼ੌਜਾਂ ਵਿਚ ਸਿੱਖਾਂ ਦੀ ਭਰਤੀ ਤੇਜ਼ੀ ਨਾਲ ਵਧੀ ਅਤੇ ਛੇਤੀ ਹੀ ਇਹ ਸਲਤਨਤ ਦਾ "ਚਹੇਤਾ ਭਾਈਚਾਰਾ" ਬਣ ਗਿਆ।[7] ਪੰਜਾਬ ਨੂੰ ਇੰਞ ਬਣਾਈ ਰੱਖਣ ਦੀਆਂ ਗਿਣਤੀਆਂ-ਮਿਣਤੀਆਂ 'ਚੋਂ, ਬਰਤਾਨਵੀ ਹਕੂਮਤ ਨੇ ਇਸ ਖੇਤਰ ਦੇ ਲੋਕਾਂ ਨੂੰ ਪੜ੍ਹਾਈ ਦੇ ਲੋੜੀਂਦੇ ਮੌਕਿਆਂ ਤੋਂ ਵਾਂਝੇ ਰੱਖਕੇ ਇਹ ਯਕੀਨੀਂ ਬਣਾਇਆ ਕਿ ਉਹ ਸਮਾਜੀ-ਆਰਥਕ ਤਾਕਤ ਜਾਂ ਸਿਆਸੀ ਚੇਤਨਾ ਹਾਸਲ ਨਾ ਕਰ ਸਕਣ।[8] ਉਸ ਵਕਤ ਸਿੱਖ ਮੋਟੇ ਤੌਰ 'ਤੇ ਦੋ ਸ਼੍ਰੇਣੀਆਂ ਵਿਚ ਵੰਡੇ ਹੋਏ ਸਨ: ਟੋਡੀ ਅਤੇ ਉਹ ਜਿਨ੍ਹਾਂ ਨੂੰ ਸ਼ੱਕੀ ਸਮਝਿਆ ਜਾਂਦਾ ਸੀ। ਟੋਡੀ ਅੰਗਰੇਜ਼ ਪੱਖੀ ਅਨਸਰ ਸਨ ਇਨ੍ਹਾਂ ਵਿਚ ਰੂੜ੍ਹੀਵਾਦੀ ਪੁਜਾਰੀ ਜਮਾਤ ਸ਼ਾਮਲ ਸੀ, ਜਦਕਿ ਸੁਧਾਰ ਪੱਖੀਆਂ ਨੂੰ ਉਨ੍ਹਾਂ ਦੀ ਸਿੱਖਾਂ ਨੂੰ ਪੜ੍ਹਾਉਣ-ਲਿਖਾਉਣ ਲਈ ਪਹਿਲਕਦਮੀਂ ਕਾਰਨ ਸਿਆਸੀ ਖ਼ਤਰਾ ਸਮਝਿਆ ਜਾਂਦਾ ਸੀ। ਬਰਤਾਨੀਆ ਪੱਖੀ ਸਿੱਖ ਪੁਜਾਰੀ ਵਰਗ ਨੇ ਬਰਤਾਨਵੀ ਰਾਜ ਦੀ ਉਮਰ ਲੰਮੀ ਕੀਤੀ ਅਤੇ ਸਿੱਖ ਅਵਾਮ ਦੀ ਸਮਾਜੀ ਜ਼ਿੰਦਗੀ ਉਪਰ ਰਾਜ ਦਾ ਗ਼ਲਬਾ ਯਕੀਨੀ ਬਣਾਇਆ। ਬਰਤਾਨਵੀ ਸਲਤਨਤ ਦੀ ਕਾਮਯਾਬੀ ਲਈ ਸਿੱਖ ਗੁਰਦੁਆਰਿਆਂ ਅਤੇ ਹੋਰ ਧਾਰਮਿਕ ਸਥਾਨਾਂ ਵਿਚ ਅਰਦਾਸਾਂ ਕੀਤੀਆਂ ਜਾਂਦੀਆਂ ਸਨ।[9] ਇਸ ਦੇ ਬਦਲੇ, ਬਰਤਾਨਵੀ ਹੁਕਮਰਾਨ ਪੁਜਾਰੀ ਜਮਾਤ ਦੀ ਪੁਸ਼ਤ-ਪਨਾਹੀ ਕਰਦੇ ਸਨ। ਪ੍ਰਤੱਖ ਕਾਰਨਾਂ ਕਰਕੇ ਉਹ ਨਹੀਂ ਸੀ ਚਾਹੁੰਦੇ ਕਿ ਗੁਰਦੁਆਰੇ ਚੀਫ਼ ਖ਼ਾਲਸਾ ਦੀਵਾਨ ਜਾਂ ਸਿੰਘ ਸਭਾ ਵਰਗੇ ਸੁਧਾਰਵਾਦੀ ਧੜਿਆਂ ਦੇ ਹੱਥਾਂ 'ਚ ਜਾਣ, ਇਸ ਤੱਥ ਦੇ ਬਾਵਜੂਦ ਉਹ ਤਿੱਖੇ ਰੂਪ 'ਚ ਸਲਤਨਤ ਦੇ ਖ਼ਿਲਾਫ਼ ਨਹੀਂ ਸਨ।[10] ਇਨ੍ਹਾਂ ਧੜਿਆਂ ਦੇ ਆਪਣੇ ਤੌਖਲੇ ਸਨ ਅਤੇ ਉਹ ਈਸਾਈਅਤ ਦੇ ਖ਼ਤਰੇ ਨੂੰ ਠੱਲ ਪਾਉਣ ਲਈ ਸਿੱਖਾਂ ਨੂੰ ਪੜ੍ਹਾਉਣਾ-ਲਿਖਾਉਣਾ ਚਾਹੁੰਦੇ ਸਨ ਜੋ ਬਰਤਾਨਵੀ ਰਾਜ ਦੀ ਛਤਰਛਾਇਆ ਹੇਠ ਹਿੰਦੁਸਤਾਨ ਵਿਚ ਮਿਸ਼ਨਰੀਆਂ ਜ਼ਰੀਏ ਜੜ੍ਹਾਂ ਲਾ ਰਹੀ ਸੀ।[11]

ਪੰਜਾਬ ਦੇ ਸਿਆਸੀ ਮਾਹੌਲ ਨੂੰ ਰੈਡੀਕਲ ਰੰਗ 'ਚ ਨਾਮਧਾਰੀ ਸਿੱਖ ਸੰਪਰਦਾਇ ਦੇ ਉਭਾਰ ਨੇ ਰੰਗਿਆ ਜਿਸ ਦੀ ਸਥਾਪਨਾ ਬਾਲਕ ਸਿੰਘ (1797-1862) ਨੇ ਕੀਤੀ ਸੀ। ਇਸ

ਸੰਪਰਦਾਇ ਦੇ ਮੁਖੀ ਰਾਮ ਸਿੰਘ ਮੰਨੇ-ਪ੍ਰਮੰਨੇ ਸੁਧਾਰਵਾਦੀ ਸਨ ਜਿਸ ਨੇ ਸਮਾਜੀ ਬੁਰਾਈਆਂ ਨੂੰ ਭੰਡਿਆ, ਪਰ ਉਸ ਦੇ ਸੁਧਾਰਾਂ ਦੀ ਸਿਆਸੀ ਸੁਰ ਨੂੰ ਸਪਸ਼ਟ ਤੌਰ 'ਤੇ ਸਲਤਨਤ ਲਈ ਸੰਭਾਵੀ ਖ਼ਤਰਾ ਸਮਝਿਆ। ਉਹ ਸ਼ਰੇਆਮ ਬਰਤਾਨਵੀ ਰਾਜ ਤੋਂ ਨਾਬਰ ਸਨ ਅਤੇ ਆਪਣੇ ਸ਼ਰਧਾਲੂਆਂ ਨੂੰ ਉਨ੍ਹਾਂ ਨੇ ਸਾਰੀਆਂ ਹੀ ਸਰਕਾਰੀ ਸੇਵਾਵਾਂ, ਜਿਵੇਂ ਅਦਾਲਤਾਂ ਤੇ ਸਰਕਾਰ ਵਲੋਂ ਚਲਾਏ ਜਾਂਦੇ ਸਕੂਲਾਂ ਅਤੇ ਬਦੇਸ਼ੀ ਮਾਲ, ਦਾ ਬਾਈਕਾਟ ਕਰਨ ਲਈ ਪ੍ਰੇਰਿਆ। ਨਾਮਧਾਰੀਆਂ ਦੀ ਆਪਣੀ ਸਮਾਂਤਰ ਡਾਕ-ਪ੍ਰਣਾਲੀ ਸੀ।[12]

ਰਾਮ ਸਿੰਘ ਦਾ ਸਿਰਫ਼ ਬਰਤਾਨੀਆ ਵਿਰੋਧੀ ਪੈਂਤੜਾ ਹੀ ਮਸ਼ਹੂਰ ਨਹੀਂ ਸੀ, ਸਗੋਂ ਸਿੱਖੀ ਦੀਆਂ ਅਸਲੀ ਕਦਰਾਂ-ਕੀਮਤਾਂ, ਜੋ ਬਰਾਬਰਤਾ ਅਤੇ ਸਰਬਤ ਦੇ ਭਲੇ ਦੀ ਸਿੱਖਿਆ ਦਿੰਦੀਆਂ ਸਨ ਅਤੇ ਅੰਨੀ ਸ਼ਰਧਾ ਦੀ ਮਨਾਹੀ ਕਰਦੀਆਂ ਸਨ ਦੇ ਨਿਘਾਰ ਨੂੰ ਉਸਦਾ ਨਾਪਸੰਦ ਕਰਨਾ ਵੀ ਰੂੜ੍ਹੀਵਾਦੀ ਪੁਜਾਰੀ ਜਮਾਤ ਨੂੰ ਗਵਾਰਾ ਨਹੀਂ ਸੀ। ਇਨ੍ਹਾਂ ਕਾਰਨਾਂ ਕਰਕੇ, ਅੰਗਰੇਜ਼ ਅਤੇ ਸਿੱਖ ਪੁਜਾਰੀ ਦੋਵੇਂ ਉਨ੍ਹਾਂ ਦੀ ਹੋਂਦ ਨੂੰ ਆਪਣੇ ਲਈ ਖ਼ਤਰਾ ਸਮਝਦੇ ਸਨ ਅਤੇ ਉਨ੍ਹਾਂ ਦੇ ਦੁਸ਼ਮਣ ਬਣ ਗਏ।[13]

ਭਾਵੇਂ ਸਿੱਖੀ ਔਰਤਾਂ ਅਤੇ ਜਿਨ੍ਹਾਂ ਨੂੰ ਰੂੜ੍ਹੀਵਾਦੀ ਹਿੰਦੂ ਸਮਾਜ ਅਛੂਤ ਸਮਝਦਾ ਸੀ, ਉਨ੍ਹਾਂ ਉਪਰ ਦਾਬੇ ਦਾ ਖੰਡਨ ਕਰਦੀ ਸੀ, ਫਿਰ ਵੀ ਸਿੱਖ ਭਾਈਚਾਰੇ ਵਿਚ ਵੀ ਔਰਤਾਂ ਅਤੇ ਦਲਿਤ ਇਹ ਦੋਵੇਂ ਹਿੱਸੇ ਦਾਬੇ ਦੀ ਮਾਰ ਸਹਿ ਰਹੇ ਸਨ। ਰਾਮ ਸਿੰਘ ਨੇ ਆਪਣੇ ਸ਼ਰਧਾਲੂਆਂ ਨੂੰ ਇਨ੍ਹਾਂ ਸਮਾਜੀ ਬੁਰਾਈਆਂ ਦੇ ਖ਼ਿਲਾਫ਼ ਲੜਨ ਲਈ ਉਤਸ਼ਾਹਤ ਕੀਤਾ।[14]

ਇਕ ਹੋਰ ਬਗ਼ਾਵਤ ਦੀ ਸੰਭਾਵਨਾ ਤੋਂ ਭੈਭੀਤ ਬਰਤਾਨਵੀ ਹਕੂਮਤ ਨੇ ਨਾਮਧਾਰੀ ਲਹਿਰ ਨੂੰ ਸਖ਼ਤੀ ਨਾਲ ਕੁਚਲਣ ਦਾ ਯਤਨ ਕੀਤਾ। ਇਸ ਦਾ ਨਤੀਜਾ ਇਹ ਹੋਇਆ ਕਿ ਇਕ ਸਥਾਨਕ ਫ਼ਸਾਦ ਤੋਂ ਪਿੱਛੋਂ 1872 'ਚ ਬਿਨਾ ਕੋਈ ਮੁਕੱਦਮਾ ਚਲਾਏ 49 ਨਾਮਧਾਰੀਆਂ ਨੂੰ ਤੋਪਾਂ ਨਾਲ ਉਡਾ ਦਿੱਤਾ ਗਿਆ।[15] ਰਾਮ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਰੰਗੂਨ ਜਲਾਵਤਨ ਕਰ ਦਿੱਤਾ ਗਿਆ ਜਿਥੇ 1885 'ਚ ਨਜ਼ਰਬੰਦੀ ਦੌਰਾਨ ਹੀ ਉਹ ਚਲਾਣਾ ਕਰ ਗਏ।[16] ਇਹ ਹੈਰਾਨੀ ਵਾਲੀ ਗੱਲ ਨਹੀਂ ਕਿ ਸਿੱਖ ਮੁਖੀਆਂ ਦੇ ਨਾਲ-ਨਾਲ ਬਰਤਾਨਵੀ ਪੱਖੀ ਸਿੱਖ ਰਾਹਬਰਾਂ ਅਤੇ ਪੁਜਾਰੀ ਵਰਗ ਨੇ ਉਨ੍ਹਾਂ ਦੀ ਜਲਾਵਤਨੀ ਦਾ ਸਵਾਗਤ ਕੀਤਾ।[17]

ਬਰਤਾਨਵੀ ਰਾਜ ਹੇਠ ਆਰਥਕ ਹਾਲਤ ਵੀ ਇਸੇ ਤਰ੍ਹਾਂ ਦੀ ਭਿਆਨਕ ਸੀ। ਬਰਤਾਨਵੀ ਸਲਤਨਤ ਦੀ ਸਥਾਨਕ ਛੋਟੀ ਸਨਅਤ ਵਿਚ ਕੋਈ ਰੁਚੀ ਨਹੀਂ ਸੀ। ਸਾਮਰਾਜਵਾਦੀ ਨੀਤੀਆਂ ਅਨੁਸਾਰ, ਬਰਤਾਨਵੀ ਸਰਮਾਏਦਾਰ ਹਿੰਦੁਸਤਾਨ ਵਿਚ ਪੈਦਾ ਕੀਤੇ ਬਹੁਤ ਹੀ ਸਸਤੇ ਕੱਚੇ ਮਾਲ ਤੋਂ ਖ਼ੂਬ ਮੁਨਾਫ਼ੇ ਬਟੋਰਦੇ ਸਨ। ਇਸ ਨਾਲ ਸਥਾਨਕ ਸਨਅਤ ਤਬਾਹ ਹੋ ਗਈ ਸੀ ਅਤੇ ਖੇਤੀਬਾੜੀ ਤੇ ਸਨਅਤੀ ਖੇਤਰਾਂ ਦਰਮਿਆਨ ਅਸਾਵਾਂਪਣ ਪੈਦਾ ਹੋ ਗਿਆ ਸੀ।[18]

ਇਸ ਲੁੱਟਮਾਰ ਤੋਂ ਇਲਾਵਾ, ਮਾਲੀਆ ਵਸੂਲੀ ਵੀ ਛੋਟੀ ਤੇ ਦਰਮਿਆਨੀ ਕਿਸਾਨੀ ਉਪਰ ਕਹਿਰ ਢਾਹੁੰਦੀ ਸੀ।[19] ਬਸਤੀਵਾਦ ਤੋਂ ਪਹਿਲੇ ਦੌਰ ਦੇ ਮੁਕਾਬਲੇ ਮਾਲੀਆ ਘੱਟ ਜ਼ਰੂਰ

ਸੀ ਪਰ ਸਿੱਖਿਆ ਅਤੇ ਪੁਲੀਸ ਆਦਿ ਸੇਵਾਵਾਂ ਲਈ ਵੱਖਰਾ ਮਾਲੀਆ ਵਸੂਲਿਆ ਜਾਂਦਾ ਸੀ। ਇਹ ਟੈਕਸ ਨਗਦ ਵਸੂਲਣ ਲਈ ਕਰੜੇ ਢੰਗ ਅਖ਼ਤਿਆਰ ਕੀਤੇ ਜਾਂਦੇ ਸਨ। ਫ਼ਸਲ ਨਾ ਹੋਣ ਦੀ ਸੂਰਤ 'ਚ ਕੋਈ ਰਾਹਤ ਜਾਂ ਛੋਟ ਨਹੀਂ ਸੀ ਦਿੱਤੀ ਜਾਂਦੀ। ਇਸ ਨਾਲ ਜ਼ਮੀਨਾਂ ਗਹਿਣੇ ਧਰਨ ਅਤੇ ਕਰਜੇ ਦੇ ਵਰਤਾਰੇ ਵਿਚ ਤੇਜ਼ੀ ਨਾਲ ਵਾਧਾ ਹੋਇਆ ਜਿਸ ਨਾਲ ਪਿੰਡ ਹੋਰ ਕਰਜ਼ਾਈ ਹੋ ਗਏ।[20] ਛੋਟੀ ਸਨਅਤ ਦੇ ਨਾਲ-ਨਾਲ ਦਰਮਿਆਨੀ ਤੇ ਛੋਟੀ ਕਿਸਾਨੀ ਨੂੰ ਹੋਰ ਹਾਸ਼ੀਏ 'ਤੇ ਧੱਕਣ ਵਾਲੀਆਂ ਇਨ੍ਹਾਂ ਮੁਸੀਬਤਾਂ ਨੇ ਬਦੇਸ਼ੀ ਜੂਲੇ ਅਤੇ ਬਸਤੀਵਾਦ ਵਿਰੁੱਧ ਚਿੰਤਾ ਤੇ ਰੋਹ ਦਾ ਮਾਹੌਲ ਸਿਰਜ ਦਿੱਤਾ ਜਿਸ ਦਾ ਭਕਨਾ ਵਰਗੇ ਬਾਗ਼ੀਆਂ ਦੇ ਸਮਾਜੀ ਆਲੇ-ਦੁਆਲੇ ਉਪਰ ਡੂੰਘਾ ਪ੍ਰਭਾਵ ਪਿਆ।

ਮੁੱਢਲੀ ਜ਼ਿੰਦਗੀ

ਅੰਮ੍ਰਿਤਸਰ ਜ਼ਿਲ੍ਹੇ ਦੇ ਇਕ ਸਿੱਖ ਪਰਿਵਾਰ 'ਚ ਜਨਮੇ ਭਕਨਾ ਨੂੰ ਗ਼ਰੀਬਾਂ ਨਾਲ ਹਮਦਰਦੀ ਆਪਣੇ ਮਾਪਿਆਂ ਤੋਂ ਵਿਰਸੇ 'ਚ ਮਿਲੀ। ਉਸ ਦੇ ਪਿਤਾ ਕਰਮ ਸਿੰਘ ਦਾ ਗੋਤ ਸ਼ੇਰਗਿਲ ਸੀ। ਭਕਨਾ ਕਰਮ ਸਿੰਘ ਦਾ ਜ਼ੱਦੀ ਪਿੰਡ ਸੀ ਅਤੇ ਇੰਵ ਸੋਹਣ ਸਿੰਘ ਦੇ ਨਾਂ ਨਾਲ ਭਕਨਾ ਜੁੜ ਗਿਆ।[21] ਸਰਦਾ-ਪੁਜਦਾ ਭੋਂਇ ਮਾਲਕ ਹੋਣ ਦੇ ਬਾਵਜੂਦ, ਕਰਮ ਸਿੰਘ "ਰੱਬ ਤੋਂ ਖ਼ੌਫ਼ ਖਾਣ ਵਾਲਾ" ਇਨਸਾਨ ਸੀ, ਜੋ ਆਪਣੀ ਦਿਆਲਤਾ ਲਈ ਮਸ਼ਹੂਰ ਸੀ। ਇਕ ਸੱਚਾ ਪਰਉਪਕਾਰੀ ਹੋਣ ਕਰਕੇ, ਉਹ ਆਫ਼ਤਾਂ ਮੌਕੇ ਮੁਥਾਜ਼ਾਂ ਦੀ ਅਕਸਰ ਮਦਦ ਕਰਨਾ। ਸਿੱਖ ਫ਼ਲਸਫ਼ੇ 'ਤੇ ਚੱਲਦਿਆਂ ਉਹ ਗ਼ਰੀਬ ਦੀ ਸੇਵਾ ਨੂੰ ਰੱਬ ਦੀ ਸੇਵਾ ਮੰਨਦਾ ਸੀ।

ਭਕਨਾ ਨੇ ਕਰਮ ਸਿੰਘ ਦੀ ਦੂਜੀ ਪਤਨੀ ਰਾਮ ਕੌਰ ਦੀ ਕੁੱਖੋਂ ਜਨਮ ਲਿਆ। ਉਸਦੀ ਪਹਿਲੀ ਪਤਨੀ ਹਰ ਕੌਰ ਦੇ ਕੋਈ ਔਲਾਦ ਨਾ ਹੋਣ ਕਾਰਨ ਵੰਸ਼ ਚਲਦਾ ਰੱਖਣ ਲਈ ਉਹ ਦੂਜਾ ਵਿਆਹ ਕਰਾਉਣ ਲਈ ਮਜਬੂਰ ਹੋ ਗਿਆ ਸੀ, ਜੋ ਉਨ੍ਹਾਂ ਦੀ ਜ਼ਮੀਨ-ਜਾਇਦਾਦ ਨੂੰ ਸੰਭਾਲ ਸਕੇ। ਹਰ ਕੌਰ ਵੀ ਹਮਦਰਦੀ ਲਈ ਮਸ਼ਹੂਰ ਸੀ। ਉਹ "ਅਛੂਤਾਂ" ਨਾਲ ਕਦੇ ਵਿਤਕਰਾ ਨਹੀਂ ਸੀ ਕਰਦੀ ਅਤੇ ਦਲਿਤ ਤੇ ਮੁਸਲਿਮ ਪਰਿਵਾਰਾਂ ਨਾਲ ਉਸਦੀ ਚੰਗੀ ਸਮਾਜਿਕ ਸਾਂਝ ਸੀ। ਪਰਿਵਾਰ ਦੇ ਹਿੱਤ ਲਈ ਉਸਨੇ ਹੀ ਆਪਣੇ ਪਤੀ ਨੂੰ ਦੂਜਾ ਵਿਆਹ ਕਰਾਉਣ ਲਈ ਉਤਸ਼ਾਹਤ ਕੀਤਾ ਸੀ।[22]

ਇਕ ਸਾਲ ਦੀ ਉਮਰ 'ਚ ਹੀ ਭਕਨਾ ਦੇ ਸਿਰ ਤੋਂ ਪਿਓ ਦਾ ਸਾਇਆ ਉੱਠ ਗਿਆ। ਇੰਵ ਉਸ ਨੂੰ ਦੋ ਵਿਧਵਾ ਔਰਤਾਂ ਨੇ ਪਾਲਿਆ। ਹਰ ਕੌਰ ਨੂੰ ਭਕਨਾ ਹਮੇਸ਼ਾ ਧਰਮ ਮਾਤਾ ਸਮਝਦਾ ਅਤੇ ਇਨਸਾਨੀਅਤ ਲਈ ਉਸਦੇ ਪਿਆਰ, ਕੁਰਬਾਨੀ ਅਤੇ ਨਿਰਸਵਾਰਥ ਤੋਂ ਬਹੁਤ ਪ੍ਰਭਾਵਿਤ ਸੀ। ਉਸ ਨੇ ਖ਼ੁਦ ਮੰਨਿਆ ਕਿ ਉਸਨੂੰ ਇਹ ਚੰਗੇ ਗੁਣ ਆਪਣੀ ਦੇਵੀ ਮਾਂ ਤੋਂ ਵਿਰਸੇ 'ਚ ਮਿਲੇ ਜਿਸਨੇ ਉਸਨੂੰ ਆਪਣੇ ਸਕੇ ਪੁੱਤ ਵਾਂਗ ਪਾਲਿਆ। ਉਸਦੀ ਸਕੀ ਮਾਂ ਰਾਮ ਕੌਰ ਵੀ ਹਰ ਕੌਰ ਪ੍ਰਤੀ ਪੂਰੀ ਵਫ਼ਾਦਾਰ ਰਹੀ।[23] ਇਨ੍ਹਾਂ ਦੋ ਔਰਤਾਂ ਦੀ ਮੁਸੀਬਤਾਂ ਮਾਰੀ ਜ਼ਿੰਦਗੀ ਅਤੇ ਸੰਘਰਸ਼ ਨੇ ਵੀ ਔਰਤ ਪ੍ਰਤੀ ਉਸਦੇ ਸਤਿਕਾਰ 'ਚ ਯੋਗਦਾਨ ਪਾਇਆ ਹੋਵੇਗਾ।

ਉਸਨੇ ਆਪਣੀ ਮੁੱਢਲੀ ਤਾਲੀਮ ਸਾਢੇ ਪੰਦਰਾਂ ਸਾਲ ਦੀ ਉਮਰ 'ਚ ਪਿੰਡ ਦੇ ਸਕੂਲ ਤੋਂ ਹਾਸਲ ਕੀਤੀ। ਭਾਵੇਂ ਉਸਦੇ ਨੰਬਰ ਵਧੀਆ ਸਨ, ਪਰ ਇਲਾਕੇ ਵਿਚ ਕੋਈ ਹਾਈ ਸਕੂਲ ਨਹੀਂ ਸੀ ਜਿੱਥੋਂ ਉਹ ਅਗਲੇਰੀ ਪੜ੍ਹਾਈ ਕਰ ਸਕੇ। ਅਗਲੀ ਪੜ੍ਹਾਈ ਲਈ ਉਸ ਅੱਗੇ ਇਕੋ-ਇਕ ਚੋਣ ਇਹ ਸੀ ਕਿ ਕਿਸੇ ਦੂਰ-ਦਰਾਜ਼ ਸ਼ਹਿਰ ਚਲਿਆ ਜਾਵੇ। ਪਰਿਵਾਰ ਵਿਚ ਇਕੋਇਕ ਮਰਦ ਹੋਣ ਕਾਰਨ ਉਸਦੀ ਮਾਤਾ ਨੇ ਉਸਨੂੰ ਕਿਸੇ ਹੋਰ ਥਾਂ ਜਾ ਕੇ ਪੜ੍ਹਨ ਦੀ ਇਜਾਜ਼ਤ ਨਾ ਦਿੱਤੀ ਸਿੱਟੇ ਵਜੋਂ ਉਹ ਆਪਣੀ ਖੇਤੀਬਾੜੀ ਦੀ ਦੇਖਭਾਲ ਕਰਨ ਲਈ ਮਜਬੂਰ ਹੋ ਗਿਆ।[24]

ਸਾਰੀ ਉਮਰ ਉਸਨੂੰ ਉਚੇਰੀ ਪੜ੍ਹਾਈ ਦੀ ਅਣਹੋਂਦ ਦਾ ਝੋਰਾ ਰਿਹਾ ਅਤੇ ਉਸਦਾ ਵਿਸ਼ਵਾਸ ਸੀ ਕਿ ਪੰਜਾਬ ਓਦੋਂ, ਖ਼ਾਸ ਕਰਕੇ ਪੇਂਡੂ ਇਲਾਕੇ ਪੜ੍ਹਾਈ ਪੱਖੋਂ ਬਹੁਤ ਪਿਛੜੇ ਹੋਏ ਸਨ ਅਤੇ ਇਸ ਦਾ ਉਸਦੀ ਪੀੜ੍ਹੀ ਦੇ ਲੋਕਾਂ ਉਪਰ ਅਸਰ ਪਿਆ ਸੀ। ਉਸਦੀ ਪੜ੍ਹਾਈ ਉਰਦੂ ਤੇ ਪੰਜਾਬੀ ਜ਼ੁਬਾਨਾਂ ਦੇ ਗਿਆਨ ਤਕ ਸੀਮਤ ਸੀ।[25] ਆਪਣੇ ਸਿੱਧੇ ਤਜ਼ਰਬੇ 'ਚੋਂ ਉਸਨੇ ਭਾਂਪ ਲਿਆ ਹੋਵੇਗਾ ਕਿ ਆਪਣੇ ਸਾਮਰਾਜਵਾਦੀ ਹਿੱਤਾਂ ਦੀ ਬਿਹਤਰੀਨ ਸੇਵਾ ਲਈ ਬਰਤਾਨਵੀ ਹਕੂਮਤ ਦਾ ਮਨਸੂਬਾ ਪੰਜਾਬ ਨੂੰ ਪਿਛੜਿਆ ਬਣਾਈ ਰੱਖਣ ਦਾ ਹੈ।

ਉਸ ਜ਼ਮਾਨੇ ਦੇ ਰੂੜ੍ਹੀਵਾਦੀ ਦਸਤੂਰ ਅਨੁਸਾਰ, ਉਸਦੇ ਪਰਿਵਾਰ ਨੇ ਉਸ ਦਾ ਵਿਆਹ ਬਚਪਨ 'ਚ ਹੀ ਕਰ ਦਿੱਤਾ ਜਦੋਂ ਉਹ ਅਜੇ ਦੂਜੀ ਜਮਾਤ 'ਚ ਪੜ੍ਹਦਾ ਸੀ।[26] ਭਕਨਾ ਦਾ ਚੜ੍ਹਦੀ ਜਵਾਨੀ ਦਾ ਤਜ਼ਰਬਾ ਬੜਾ ਚੁਣੌਤੀ ਭਰਿਆ ਸੀ। ਉਹ ਬੁਰੀ ਸੰਗਤ 'ਚ ਪੈ ਗਿਆ ਅਤੇ ਸ਼ਰਾਬੀ-ਕਬਾਬੀ ਬਣ ਗਿਆ।[27] ਜਿਵੇਂ ਇਕ ਕਮਜ਼ੋਰੀ 'ਚੋਂ ਦੂਜੀ ਨਿਕਲ ਆਉਂਦੀ ਹੈ, ਭਕਨਾ ਨੇ ਇਕ ਕੰਜਰੀ ਕੋਲ ਜਾਣਾ ਸ਼ੁਰੂ ਕਰ ਦਿੱਤਾ। ਉਸਨੇ ਮੰਨਿਆ ਕਿ ਇਨ੍ਹਾਂ ਮਾੜੀਆਂ ਆਦਤਾਂ ਨਾਲ ਉਸ ਦੀਆਂ ਮਾਲੀ ਮੁਸ਼ਕਲਾਂ ਵਧ ਗਈਆਂ ਅਤੇ ਇਸ ਦਾ ਇਕ ਹੱਦ ਤਕ ਇਹ ਅਸਰ ਵੀ ਪਿਆ ਕਿ ਉਸ ਦੇ ਕੋਈ ਔਲਾਦ ਨਾ ਹੋਈ। ਇਕ ਬੇਔਲਾਦ ਬਾਪ ਹੋਣ ਦਾ ਸਾਰਾ ਇਲਜ਼ਾਮ ਉਹ ਆਪਣੇ ਸਿਰ ਲੈਂਦੇ ਹਨ।[28]

ਨਾਮਧਾਰੀ ਸੰਪਰਦਾਇ ਦਾ ਅਸਰ

ਜਦੋਂ 1896 'ਚ ਭਕਨਾ ਦਾ ਮੇਲ ਨਾਮਧਾਰੀ ਸੰਪਰਦਾਇ ਦੇ ਇਕ ਉੱਘੇ ਆਗੂ ਕੇਸਰ ਸਿੰਘ ਨਾਲ ਹੋਇਆ ਤਾਂ ਇਹ ਉਸਦੀ ਜ਼ਿੰਦਗੀ ਵਿਚ ਵੱਡਾ ਮੋੜ ਸਾਬਤ ਹੋਇਆ।[29] ਭਕਨਾ ਨੇ ਇਸ ਨੂੰ ਆਪਣੀ "ਨਵੀਂ ਜ਼ਿੰਦਗੀ" ਦਾ ਪੜਾਅ ਬਿਆਨ ਕੀਤਾ ਹੈ।

ਨਾਮਧਾਰੀ ਲਹਿਰ ਦੇ ਮੁਖੀ ਰਾਮ ਸਿੰਘ ਦੀ ਤਰ੍ਹਾਂ, ਕੇਸਰ ਸਿੰਘ ਵੀ ਬਦੇਸ਼ੀ ਗ਼ੁਲਾਮੀ ਦਾ ਦ੍ਰਿੜ ਵਿਰੋਧੀ ਸੀ। ਉਹ ਆਪਣੇ ਧਰਮਨਿਰਪੱਖ ਖ਼ਿਆਲਾਂ ਲਈ ਮਸ਼ਹੂਰ ਸੀ ਜਿਸ ਦੇ ਕਾਰਨ ਹੋਰ ਅਕੀਦਿਆਂ ਦੇ ਧਾਰਨੀ ਲੋਕ ਵੀ ਉਸ ਵਲੋਂ ਲਾਏ ਜਾਂਦੇ ਧਾਰਮਿਕ ਦੀਵਾਨਾਂ ਵਿਚ ਅਕਸਰ ਸ਼ਾਮਲ ਹੁੰਦੇ ਸਨ। ਉਹ ਸਦੀਆਂ ਪੁਰਾਣੀ ਜਾਤ ਪ੍ਰਥਾ ਨੂੰ ਰੱਦ ਕਰਦਾ ਸੀ ਅਤੇ ਛੂਆਛੂਤ ਦੇ ਸਖ਼ਤ ਖ਼ਿਲਾਫ਼ ਸੀ। ਇਕ ਵਾਰ ਉਹ ਬੁਖ਼ਾਰ ਨਾਲ ਪੀੜਤ ਇਕ ਦਲਿਤ ਲੜਕੇ ਦੀ ਮਦਦ ਕਰਦਿਆਂ ਆਪਣੀ ਮਾਤਾ ਤੋਂ ਨਾਬਰ ਹੋ ਗਿਆ ਸੀ।[31]

ਕੇਸਰ ਸਿੰਘ ਦੇ ਪ੍ਰਭਾਵ ਹੇਠ ਭਕਨਾ ਨੇ ਆਹਿਸਤਾ-ਆਹਿਸਤਾ ਸ਼ਰਾਬ ਪੀਣੀ ਛੱਡ ਦਿੱਤੀ ਅਤੇ ਕੰਜਰੀ ਨਾਲੋਂ ਵੀ ਨਾਤਾ ਤੋੜਕੇ ਉਸ ਕੋਲ ਜਾਣਾ ਬੰਦ ਕਰ ਦਿੱਤਾ।[32] ਕੇਸਰ ਸਿੰਘ ਬਹੁਤ ਉਦਾਰ ਖ਼ਿਆਲਾਂ ਵਾਲਾ ਸੀ ਅਤੇ ਜਨੂੰਨੀ ਪ੍ਰਚਾਰਕ ਨਹੀਂ ਸੀ। ਨਾ ਤਾਂ ਉਸਨੇ ਭਕਨਾ ਤੋਂ ਇਕਦਮ ਸ਼ਰਾਬ ਛੱਡ ਦੇਣ ਦੀ ਤਵੱਕੋ ਕੀਤੀ ਅਤੇ ਨਾ ਹੀ ਅਜਿਹਾ ਕਰਨ 'ਤੇ ਮੌਤ ਪਿੱਛੋਂ ਉਸ ਨੂੰ ਸੁਰਗ ਦਾ ਝੂਠਾ ਲਾਰਾ ਲਾਇਆ। ਸਗੋਂ ਉਸਨੇ ਉਸਨੂੰ ਇਹ ਆਦਤ ਆਹਿਸਤਾ-ਆਹਿਸਤਾ ਤਿਆਗਣ ਦਾ ਮਸ਼ਵਰਾ ਦਿੱਤਾ ਅਤੇ ਉਸ ਨੂੰ ਚੇਤਾਵਨੀ ਦਿੱਤੀ ਕਿ ਜੇ ਉਹ ਇਨ੍ਹਾਂ ਚੀਜ਼ਾਂ ਉਪਰ ਪੈਸਾ ਉਜਾੜਨ ਤੋਂ ਬਾਜ ਨਾ ਆਇਆ ਤਾਂ ਉਹ ਦੀਵਾਲੀਆ ਹੋ ਜਾਵੇਗਾ। ਇਸ ਦਲੀਲਬਾਜ਼ੀ ਅਤੇ ਤਰਕਪੂਰਨ ਪਹੁੰਚ ਦਾ ਭਕਨਾ ਉਪਰ ਡੂੰਘਾ ਪ੍ਰਭਾਵ ਪਿਆ।[33]

ਭਕਨਾ ਨੇ ਧਾਰਮਿਕ ਦੀਵਾਨ ਲਗਾਉਣ ਵਿਚ ਸਰਗਰਮੀ ਨਾਲ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਜਿਥੇ ਹੋਰ ਧਾਰਮਿਕ ਅਕੀਦਿਆਂ ਦੇ ਲੋਕਾਂ ਦਾ ਸਵਾਗਤ ਕੀਤਾ ਜਾਂਦਾ। ਭਕਨਾ ਦਾ ਵਿਸ਼ਵਾਸ ਸੀ ਕਿ ਗ਼ਦਰ ਪਾਰਟੀ ਦੀਆਂ ਧਰਮਨਿਰਪੱਖ ਜੜ੍ਹਾਂ ਕੇਸਰ ਸਿੰਘ ਦੀਆਂ ਸਿੱਖਿਆਵਾਂ ਵਿਚ ਲੱਭੀਆਂ ਜਾ ਸਕਦੀਆਂ ਹਨ। ਭਕਨਾ ਰਾਮ ਸਿੰਘ ਦਾ ਸ਼ਰਧਾਲੂ ਬਣ ਗਿਆ ਅਤੇ ਉਸ ਤੇ ਉਸਦੇ ਸ਼ਰਧਾਲੂਆਂ ਵਲੋਂ ਕੀਤੀਆਂ ਕੁਰਬਾਨੀਆਂ ਤੋਂ ਬਹੁਤ ਪ੍ਰਭਾਵਿਤ ਹੋਇਆ ਜਿਨ੍ਹਾਂ ਵਿੱਚੋਂ ਕੁਝ ਨੂੰ ਤੋਪਾਂ ਨਾਲ ਉਡਾ ਦਿੱਤਾ ਗਿਆ ਸੀ। ਉਸਦਾ ਵਿਸ਼ਵਾਸ ਸੀ ਕਿ ਰਾਮ ਸਿੰਘ ਸਿੱਖੀ ਦੇ ਦਸਵੇਂ ਤੇ ਆਖ਼ਰੀ ਗੁਰੂ ਗੋਬਿੰਦ ਸਿੰਘ ਦਾ ਸੱਚਾ ਪੈਰੋਕਾਰ ਸੀ, ਜਿਸਨੇ ਨੀਵੀਂਆਂ ਅਤੇ ਦੱਬੀਆਂ-ਕੁਚਲੀਆਂ ਜਾਤਾਂ ਦੇ ਲੋਕਾਂ ਨੂੰ ਅੰਮ੍ਰਿਤ ਛਕਾ ਕੇ ਉਨ੍ਹਾਂ ਨੂੰ ਸਿੱਖੀ 'ਚ ਸ਼ਾਮਲ ਕਰਕੇ ਜਾਤੀ ਪ੍ਰਥਾ ਨੂੰ ਖ਼ਤਮ ਕਰਨ ਦਾ ਯਤਨ ਕੀਤਾ ਸੀ।[34]

ਉਹ ਗੁਰੂ ਗੋਬਿੰਦ ਸਿੰਘ ਨੂੰ ਸੱਚਾ ਇਨਕਲਾਬੀ ਅਤੇ ਜਮਹੂਰੀਅਤਪਸੰਦ ਮੰਨਦਾ ਸੀ ਜਿਸਨੇ ਸਧਾਰਨ ਲੋਕਾਂ ਨੂੰ ਤਾਕਤ ਬਖ਼ਸ਼ੀ। ਉਸਦੇ ਖ਼ਿਆਲ ਅਨੁਸਾਰ, ਸਿੱਖੀ ਆਪਣੇ ਸ਼ਰਧਾਲੂਆਂ ਨੂੰ ਅਨਿਆਂ ਅਤੇ ਦਾਬੇ ਦੇ ਖ਼ਿਲਾਫ਼ ਲੜਨ ਲਈ ਉਤਸ਼ਾਹਤ ਕਰਦੀ ਸੀ ਅਤੇ ਇਸ ਵਿਚ ਸੰਕੀਰਣਤਾਵਾਦ ਲਈ ਕੋਈ ਥਾਂ ਨਹੀਂ।[35]

ਨਿਸ਼ਚੇ ਹੀ, ਸਿੱਖੀ ਅਤੇ ਨਾਮਧਾਰੀ ਸੰਪਰਦਾਇ ਦੋਵਾਂ ਦਾ ਪ੍ਰਭਾਵ ਉਸ ਵਿਚ ਸਮਾਜੀ ਨਿਆਂ ਅਤੇ ਆਜ਼ਾਦੀ ਦੀ ਲਹਿਰ ਲਈ ਰੁਚੀ ਜਗਾਉਣ ਦੀ ਪ੍ਰੇਰਣਾ ਬਣਿਆ। ਇਨ੍ਹਾਂ ਪ੍ਰਭਾਵਾਂ ਨੇ ਧਰਮਨਿਰਪੱਖਤਾ ਅਤੇ ਗ਼ਰੀਬਾਂ ਲਈ ਹਮਦਰਦੀ ਵਿਚ ਉਸਦਾ ਭਰੋਸਾ ਪੱਕਾ ਕਰਨ 'ਚ ਵੀ ਮਦਦ ਕੀਤੀ।

ਅਮਰੀਕਾ ਨੂੰ ਪ੍ਰਵਾਸ

ਸਮਾਜੀ ਸਰਗਰਮੀਆਂ ਵਿਚ ਉਸਦੀ ਸ਼ਮੂਲੀਅਤ ਅਤੇ ਪਹਿਲੀਆਂ ਆਦਤਾਂ ਦੇ ਕਾਰਨ, ਭਕਨਾ ਸਿਰ ਭਾਰੀ ਕਰਜਾ ਚੜ੍ਹ ਗਿਆ ਜਿਸ ਨੇ ਉਸਨੂੰ ਗੁਜ਼ਾਰਾ ਚਲਾਉਣ ਖ਼ਾਤਰ ਅਮਰੀਕਾ ਜਾਣ ਬਾਰੇ ਸੋਚਣ ਲਈ ਪ੍ਰੇਰਿਆ।[36] ਉਸ ਵਕਤ ਉਸਨੇ 3000 ਰੁਪਏ ਕਰਜਾ ਲਿਆ।[37] ਪਿੰਡਾਂ ਦੇ ਕਰਜ਼ਾਈ ਹੋਣ ਨੇ 19ਵੀਂ ਸਦੀ ਦੇ ਅਖ਼ੀਰ 'ਚ ਬਹੁਤ ਸਾਰੇ ਪੰਜਾਬੀਆਂ ਨੂੰ

ਬਿਹਤਰ ਜੀਵਨ ਗੁਜ਼ਾਰੇ ਦੀ ਤਲਾਸ਼ ਵਿਚ ਬਦੇਸ਼ਾਂ ਨੂੰ ਜਾਣ ਲਈ ਮਜਬੂਰ ਕਰ ਦਿੱਤਾ ਸੀ ਅਤੇ ਭਕਨਾ ਵੀ ਉਨ੍ਹਾਂ ਵਿੱਚੋਂ ਹੀ ਸੀ। ਉਸਦੇ ਆਪਣੇ ਲਫ਼ਜ਼ਾਂ 'ਚ, ਦਰਮਿਆਨੇ ਕਿਸਾਨ ਆਪਣੇ ਪਰਿਵਾਰ ਦਾ ਢਿੱਡ ਭਰਨ ਅਤੇ ਤਨ ਢਕਣ ਲਈ ਬਦੇਸ਼ਾਂ 'ਚ ਜਾਕੇ ਰੋਜ਼ਗਾਰ ਦੀ ਤਲਾਸ਼ ਕਰਨ ਲਈ ਮਜਬੂਰ ਹੋ ਗਏ ਕਿਉਂਕਿ ਬਰਤਾਨਵੀ ਰਾਜ ਨੇ ਮੁਲਕ ਦੀ ਆਰਥਿਕਤਾ ਨੂੰ ਤਬਾਹ ਕਰ ਦਿੱਤਾ ਸੀ। ਉਸਨੇ ਨੋਟ ਕੀਤਾ ਕਿ ਜ਼ਿਆਦਾਤਰ ਦਰਮਿਆਨੇ ਕਿਸਾਨਾਂ ਨੇ ਆਪਣੀਆਂ ਜ਼ਮੀਨਾਂ ਸ਼ਾਹੂਕਾਰਾਂ ਕੋਲ ਗਹਿਣੇ ਧਰ ਦਿੱਤੀਆਂ ਸਨ, ਜਦਕਿ ਆਬਿਆਨਾ ਤਿੱਗਣਾ ਹੋ ਗਿਆ ਸੀ ਅਤੇ ਪੀੜ੍ਹੀ-ਦਰ-ਪੀੜ੍ਹੀ ਜ਼ਮੀਨਾਂ ਵੰਡ ਹੁੰਦੇ ਜਾਣ ਨਾਲ ਪੈਲੀਆਂ ਨਿੱਕੇ-ਨਿੱਕੇ ਖੇਤਾਂ 'ਚ ਬਦਲ ਗਈਆਂ ਸਨ। ਇਸ ਕਾਰਨ ਕਿਸਾਨਾਂ ਕੋਲ ਆਪਣੇ ਪਰਿਵਾਰ ਦਾ ਢਿੱਡ ਭਰਨ ਲਈ ਨਾਮਾਤਰ ਹੀ ਬਚਦਾ ਸੀ। ਪਹਿਲੇ ਆਵਾਸੀ ਮਲਾਇਆ ਤੇ ਚੀਨ ਗਏ ਅਤੇ ਉਥੇ ਉਹ ਖੇਤੀਬਾੜੀ ਦੇ ਕੰਮ ਤੋਂ ਲੈ ਕੇ ਬਰਤਾਨਵੀ ਸਾਮਰਾਜਵਾਦ ਦੀਆਂ ਚੌਕੀਆਂ 'ਤੇ ਪਹਿਰਾ ਦੇਣ ਤਕ ਕੋਈ ਵੀ ਨੌਕਰੀ ਕਰਨ ਲਈ ਤਿਆਰ ਸਨ।[38] ਬਾਅਦ ਵਿਚ ਉਨ੍ਹਾਂ ਨੂੰ ਅਮਰੀਕਾ ਅਤੇ ਕੈਨੇਡਾ ਦਾ ਸਫ਼ਰ ਕਰਨ ਵਾਲਿਆਂ ਤੋਂ ਪਤਾ ਚੱਲਿਆ ਕਿ ਉਨ੍ਹਾਂ ਮੁਲਕਾਂ ਵਿਚ ਮਜ਼ਦੂਰ ਦਿਹਾੜੀ ਦੇ ਦੋ-ਢਾਈ ਡਾਲਰ ਕਮਾ ਲੈਂਦਾ ਸੀ; ਅੱਠ ਹਿੰਦੁਸਤਾਨੀ ਰੁਪਿਆਂ ਦੇ ਬਰਾਬਰ ਇਕ ਦਿਨ ਦੀ ਉਜਰਤ ਹਿੰਦੁਸਤਾਨ ਵਿਚਲੀ ਛੇ ਜਾਂ ਅੱਠ ਆਨੇ ਉਜਰਤ ਦੇ ਮੁਕਾਬਲੇ ਕਿਤੇ ਵੱਡੀ ਰਕਮ ਸੀ। ਇੰਞ, ਇਹ ਹਿੰਦੁਸਤਾਨੀ ਪ੍ਰਵਾਸੀ ਅਮਰੀਕਾ ਅਤੇ ਕੈਨੇਡਾ ਲਈ ਚੱਲ ਪਏ।[39]

ਇਨ੍ਹਾਂ ਵਿੱਚੋਂ ਕੋਈ ਵੀ ਆਵਾਸੀ ਜਗੀਰੂ ਜਮਾਤਾਂ ਵਿੱਚੋਂ ਨਹੀਂ ਸੀ, ਜੋ ਬਰਤਾਨਵੀ ਸਲਤਨਤ ਦੀ ਪੁਸ਼ਤ-ਪਨਾਹੀ ਮਾਣ ਰਹੀਆਂ ਸਨ। ਉਹ ਜ਼ਿਆਦਾਤਰ ਦਰਮਿਆਨੇ ਦਰਜੇ ਦੇ ਕਿਸਾਨ ਸਨ ਜੋ ਸਿਰਫ਼ ਆਪਣੀਆਂ ਜ਼ਮੀਨਾਂ ਗਹਿਣੇ ਧਰਕੇ ਅਤੇ ਸ਼ਾਹੂਕਾਰਾਂ ਤੋਂ ਵਿਆਜ 'ਤੇ ਕਰਜੇ ਲੈ ਕੇ ਉਤਰੀ ਅਮਰੀਕਾ ਜਾਣ ਲਈ ਰੁਪਏ ਜੁਟਾ ਸਕਦੇ ਸਨ।[40]

ਬਦੇਸ਼ਾਂ ਨੂੰ ਥੋਕ ਗਿਣਤੀ 'ਚ ਪ੍ਰਵਾਸ ਤੋਂ ਇਲਾਵਾ, ਆਰਥਕ ਮੁਸ਼ਕਲਾਂ ਵਿੱਚੋਂ 1907 'ਚ ਪੰਜਾਬ ਅੰਦਰ ਕਿਸਾਨ ਅੰਦੋਲਨ ਵੀ ਚੱਲਿਆ। ਅਜੀਤ ਸਿੰਘ ਇਸ ਲਹਿਰ ਦਾ ਉੱਘਾ ਆਗੂ ਸੀ ਜਿਸਨੇ ਖੁੱਲ੍ਹੇਆਮ ਕਿਸਾਨਾਂ ਨੂੰ ਆਪਣੀ ਪੱਗੜੀ ਸੰਭਾਲਣ ਲਈ ਵੰਗਾਰਿਆ ਅਤੇ ਉਨ੍ਹਾਂ ਨੂੰ ਆਬਿਆਨਾ 'ਚ ਵਾਧੇ ਵਿਰੁੱਧ ਰੋਸ-ਮੁਜ਼ਾਹਰੇ ਕਰਨ ਲਈ ਪ੍ਰੇਰਿਆ। ਪੁਲਿਸ ਨੇ ਉਸ ਉਪਰ ਹਕੂਮਤ ਵਿਰੁੱਧ ਸਾਜ਼ਿਸ਼ ਰਚਣ ਦਾ ਇਲਜ਼ਾਮ ਲਾਇਆ। ਬਰਤਾਨਵੀ ਅਧਿਕਾਰੀਆਂ ਨੂੰ ਦੱਸਿਆ ਗਿਆ ਅੰਦੋਲਨ ਦੇ ਹਮਾਇਤੀ ਪੁਲਿਸ ਤੇ ਫ਼ੌਜ ਦੇ ਅਧਿਕਾਰੀਆਂ ਨੂੰ ਬਗ਼ਾਵਤ ਕਰਨ ਅਤੇ ਨੌਕਰੀਆਂ ਤਿਆਗ ਦੇਣ ਲਈ ਉਕਸਾ ਰਹੇ ਸਨ, ਯੁੱਧਨੀਤੀ ਜੋ ਬਾਅਦ ਵਿਚ ਗ਼ਦਰੀ ਕਾਰਕੁਨਾਂ ਵਲੋਂ ਅਖ਼ਤਿਆਰ ਕੀਤੀ ਗਈ।[41]

ਅਜੀਤ ਸਿੰਘ ਅਤੇ ਉਸਦੇ ਨਾਲ ਦੇ ਹੋਰਨਾਂ ਨੂੰ ਗ੍ਰਿਫ਼ਤਾਰ ਕਰਨ ਅਤੇ ਜਲਾਵਤਨ ਕਰਨ ਦੇ ਫ਼ਰਮਾਨ ਹੋ ਗਏ।[42] ਬਹੁਤ ਸਾਰੇ ਹੋਰ ਕਿਸਾਨਾਂ ਦੀ ਤਰ੍ਹਾਂ ਭਕਨਾ ਵੀ ਇਸ ਅੰਦੋਲਨ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਇਸ ਦੀ ਹਮਾਇਤ ਕੀਤੀ।[43]

ਕਿਸਾਨ ਅੰਦੋਲਨ ਦਾ ਵਰ੍ਹਾ 1857 ਦੇ ਪਹਿਲੇ ਗ਼ਦਰ ਦੀ 50ਵੀਂ ਵਰ੍ਹੇਗੰਢ ਹੋਣ

ਕਾਰਨ, ਬਰਤਾਨਵੀ ਹਕੂਮਤ ਹਿੰਦੁਸਤਾਨੀ ਫ਼ੌਜ ਵਿਚ ਬਗ਼ਾਵਤ ਦੇ ਇਕ ਹੋਰ ਯਤਨ ਤੋਂ ਭੈਭੀਤ ਹੋ ਗਈ ਅਤੇ ਅੰਦੋਲਨ ਨਾਲ ਨਜਿੱਠਣ ਲਈ ਇਸਨੇ ਜਾਬਰ ਢੰਗ ਇਸਤੇਮਾਲ ਕਰਨੇ ਸ਼ੁਰੂ ਕਰ ਦਿੱਤੇ।[44] ਉਨ੍ਹਾਂ ਦੇ ਧੁੜਕੂ ਬੇਬੁਨਿਆਦ ਨਹੀਂ ਸਨ। ਦੂਰ ਲੰਡਨ ਵਿਚ, ਹਿੰਦੁਸਤਾਨੀ ਪ੍ਰਵਾਸੀਆਂ ਨੇ 1857 ਦੀ ਬਗ਼ਾਵਤ ਦੀ 50ਵੀਂ ਵਰ੍ਹੇਗੰਢ ਮਨਾਈ। ਇਹ ਪਹਿਲੀ ਮਈ 1907 ਦੇ ਦਿਨ ਨੂੰ ਬਰਤਾਨਵੀ ਸਲਤਨਤ ਵਲੋਂ ਮਨਾਏ ਜਿੱਤ ਦੇ ਜਸ਼ਨਾਂ ਦੇ ਜਵਾਬ 'ਚ ਸੀ।[45]

"ਹਿੰਦੁਸਤਾਨੀ ਆਵਾਸੀ ਉਸ ਨਾਟਕ ਤੋਂ ਰੋਹ 'ਚ ਆ ਗਏ ਜੋ ਇਸ ਮੌਕੇ 'ਤੇ ਕੀਤਾ ਗਿਆ ਜਿਸ ਵਿਚ ਬਗ਼ਾਵਤ ਵਿਚ ਹਿੱਸਾ ਲੈਣ ਵਾਲਿਆਂ ਨੂੰ ਕਾਤਲ ਬਣਾਕੇ ਪੇਸ਼ ਕੀਤਾ ਗਿਆ ਸੀ। ਇਕ ਮੀਟਿੰਗ ਬੁਲਾਈ ਗਈ ਜਿਥੇ ਪਹਿਲੀ ਜੰਗੇ-ਆਜ਼ਾਦੀ ਦੇ ਦੇਸ਼ਭਗਤਾਂ ਨੂੰ ਬਦਨਾਮ ਕਰਨ ਵਾਲੇ ਪ੍ਰਚਾਰ ਦਾ ਮੋੜਵਾਂ ਜਵਾਬ ਦੇਣ ਦਾ ਫ਼ੈਸਲਾ ਹੋਇਆ। ਲੰਦਨ ਦੇ ਇੰਡੀਆ ਹਾਊਸ ਵਿਚ ਬਰਾਬਰ ਸਮਾਗਮ ਕੀਤਾ ਗਿਆ ਜਿਸ ਨੂੰ ਰੌਸ਼ਨੀਆਂ ਨਾਲ ਸਜਾਇਆ ਗਿਆ ਸੀ ਅਤੇ ਉਸ ਬਗ਼ਾਵਤ ਵਿਚ ਹਿੱਸਾ ਲੈਣ ਵਾਲਿਆਂ ਦੀ ਮਹਿਮਾ ਗਾਈ ਗਈ ਜੋ ਅਸਫ਼ਲ ਰਹੀ ਸੀ।[46]

ਇੰਡੀਆ ਹਾਊਸ ਬਦੇਸ਼ ਗਏ ਹਿੰਦੁਸਤਾਨੀ ਵਿਦਿਆਰਥੀਆਂ ਨੂੰ ਸਾਮਰਾਜਵਾਦ ਪੱਖੀ ਤਾਕਤਾਂ ਦੇ ਪ੍ਰਭਾਵ ਹੇਠ ਆਉਣ ਤੋਂ ਰੋਕਣ ਲਈ ਸਥਾਪਤ ਕੀਤਾ ਗਿਆ ਸੀ। ਇਹ ਇਕ ਕਿਰਾਏ ਦੀ ਇਮਾਰਤ 'ਚ ਬਣਾਇਆ ਗਿਆ ਸੀ ਜੋ ਮੀਟਿੰਗਾਂ ਕਰਨ ਲਈ ਥਾਂ ਅਤੇ ਹਿੰਦੁਸਤਾਨੀ ਵਿਦਿਆਰਥੀਆਂ ਨੂੰ ਰਿਹਾਇਸ਼ ਦੀ ਠਾਹਰ ਦੋਵੇਂ ਕੰਮ ਦਿੰਦਾ ਸੀ। ਵਿਨਾਇਕ ਦਮੋਦਰ ਸਾਵਰਕਰ, ਜਿਸਦਾ ਇੰਡੀਆ ਹਾਊਸ ਵਿਖੇ ਸਮਾਗਮ ਜਥੇਬੰਦ ਕਰਨ ਪਿੱਛੇ ਹੱਥ ਸੀ, ਇਕ ਵਜ਼ੀਫਾ ਸਕੀਮ ਤਹਿਤ ਲੰਡਨ ਆਇਆ ਸੀ।[47] ਉਸਨੇ "ਫਰੀ ਇੰਡੀਆ ਸੁਸਾਇਟੀ" ਜਥੇਬੰਦ ਕੀਤੀ ਅਤੇ ਸ਼ਰੇਆਮ ਹਿੰਦੁਸਤਾਨੀ ਵਿਦਿਆਰਥੀਆਂ ਨੂੰ ਇਸ ਦੇ ਮੈਂਬਰ ਬਣਾਇਆ।[48] ਸਾਵਰਕਰ ਨੇ ਇਕ ਕਿਤਾਬ, "1857 ਦੀ ਹਿੰਦੁਸਤਾਨੀ ਜੰਗੇ-ਆਜ਼ਾਦੀ ਦਾ ਇਤਿਹਾਸ" ਵੀ ਲਿਖੀ ਜੋ ਬਗ਼ਾਵਤ ਬਾਰੇ ਭਰਵੀਂ ਜਾਣਕਾਰੀ ਦਿੰਦੀ ਸੀ ਅਤੇ ਇਸ 'ਤੇ ਪਾਬੰਦੀ ਲਗਾ ਦਿੱਤੀ ਗਈ।[49] ਸਾਵਰਕਰ ਵਰਗੇ ਲੋਕ ਆਜ਼ਾਦੀ ਘੁਲਾਟੀਆਂ ਦੇ ਕੁਲੀਨ ਵਰਗ ਦੀ ਨੁਮਾਇੰਦਗੀ ਕਰਦੇ ਸਨ ਜੋ ਹਿੰਦੁਸਤਾਨ ਵਿਚ ਪੁਲਿਸ ਨੂੰ ਚਕਮਾ ਦੇਣ 'ਚ ਕਾਮਯਾਬ ਹੋ ਗਏ ਅਤੇ ਉੱਥੋਂ ਭੱਜਕੇ ਅਮਰੀਕਾ, ਇੰਗਲੈਂਡ ਅਤੇ ਫਰਾਂਸ ਆ ਗਏ। ਉਨ੍ਹਾਂ ਨੇ ਇੰਡੀਆ ਹਾਊਸ ਵਰਗੇ ਕੇਂਦਰਾਂ ਤੋਂ ਅਤੇ ਵੱਖੋ-ਵੱਖਰੀਆਂ ਪ੍ਰਕਾਸ਼ਨਾਵਾਂ ਚਲਾਉਂਦੇ ਹੋਏ ਆਪਣੀ ਜੱਦੋਜਹਿਦ ਜਾਰੀ ਰੱਖੀ।[50]

ਜਿਹੜੇ ਹਿੰਦੁਸਤਾਨੀ ਵਿਦਿਆਰਥੀ ਇੰਡੀਆ ਹਾਊਸ ਵਿਖੇ ਜਥੇਬੰਦ ਕੀਤੇ ਸਮਾਗਮ ਵਿਚ ਸ਼ਾਮਲ ਹੋਏ ਉਨ੍ਹਾਂ ਵਲੋਂ ਲਗਾਏ "1857 ਦੇ ਸ਼ਹੀਦਾਂ ਦੇ ਸਤਿਕਾਰ 'ਚ" ਇਬਾਰਤ ਵਾਲੇ ਬਿਲਿਆਂ ਨਾਲ ਬਜ਼ਾਰਾਂ ਅਤੇ ਕਾਲਜਾਂ ਵਿਚ ਤਣਾਓ ਪੈਦਾ ਹੋ ਗਿਆ।[51] ਇਨ੍ਹਾਂ ਹਾਲਾਤ ਨੇ ਬਰਤਾਨਵੀ ਹਕੂਮਤ ਅਤੇ ਹਿੰਦੁਸਤਾਨ ਦੇ ਬਦੇਸ਼ਾਂ ਵਿਚ ਰਹਿ ਰਹੇ ਰੈਡੀਕਲ ਵਿਦਿਆਰਥੀਆਂ

ਨੂੰ ਸਿੱਧੀ ਟੱਕਰ ਵਿਚ ਲੈ ਆਂਦਾ। ਇਸ ਦਾ ਸਿਖ਼ਰ ਸੀ 1909 'ਚ ਇਕ ਹਿੰਦੁਸਤਾਨੀ ਬਾਗ਼ੀ ਮਦਨ ਲਾਲ ਢੀਂਗਰਾ ਵਲੋਂ ਇਕ ਅੰਗਰੇਜ਼ ਅਫ਼ਸਰ ਸਰ ਕਰਜ਼ਨ ਵਾਇਲੀ ਦਾ ਕਤਲ ਜੋ ਹਿੰਦੁਸਤਾਨੀ ਮਾਮਲਿਆਂ ਦਾ ਮੁਖੀ ਸੀ, ਉਸ ਸਾਲ ਜਦੋਂ ਭਕਨਾ ਅਮਰੀਕਾ ਵਿਚ ਪਹੁੰਚਿਆ।[52] ਉਸੇ ਸਾਲ ਢੀਂਗਰਾ ਨੂੰ ਇਸ ਜੁਰਮ ਬਦਲੇ ਫਾਂਸੀ ਦੇ ਦਿੱਤੀ ਗਈ।

ਇੰਞ ਜਦੋਂ ਅਪ੍ਰੈਲ 1909 'ਚ ਭਕਨਾ ਸਿਆਟਲ ਵਿਚ ਪਹੁੰਚਿਆ ਤਾਂ 1857 ਦੇ ਗ਼ਦਰ ਦੀ ਅਗਲੀ ਝਾਕੀ ਲਈ ਜ਼ਮੀਨ ਤਿਆਰ ਸੀ।[53]

ਪਹਿਲਾਂ ਉਹ ਹਾਂਗ ਕਾਂਗ ਪਹੁੰਚਿਆ, ਜਿੱਥੋਂ ਉਹ ਅਮਰੀਕਾ ਲਈ ਅਗਲੇ ਜਹਾਜ਼ 'ਤੇ ਸਵਾਰ ਹੋ ਗਿਆ। ਹਾਂਗਕਾਂਗ ਵਿਚ ਗੁਰਦੁਆਰੇ ਵਿਚ ਪੜਾਅ ਕਰਨ ਦੌਰਾਨ ਉਸਨੇ ਮਹਿਸੂਸ ਕਰ ਲਿਆ ਕਿ ਆਵਾਸੀਆਂ ਵਲੋਂ ਹਿੰਦੁਸਤਾਨ ਤੋਂ ਬਾਹਰ ਬਣਾਏ ਇਹ ਧਾਰਮਿਕ ਸਥਾਨ ਨਾ ਸਿਰਫ਼ ਯਾਤਰੀਆਂ ਨੂੰ ਮੁਫ਼ਤ ਰਿਹਾਇਸ਼ ਅਤੇ ਖਾਣਾ ਮੁਹੱਈਆ ਕਰਦੇ ਸਨ ਸਗੋਂ ਆਜ਼ਾਦੀ ਲਈ ਸਿਆਸੀ ਸਰਗਰਮੀਆਂ ਦੇ ਕੇਂਦਰਾਂ ਦਾ ਕੰਮ ਵੀ ਕਰਦੇ ਸਨ।[54]

ਅਮਰੀਕਾ ਨੂੰ ਜਾਂਦਿਆਂ ਉਸ ਦਾ ਮੇਲ ਚਾਰ ਰੂਸੀ ਪ੍ਰਵਾਸੀਆਂ ਨਾਲ ਹੋਇਆ ਜੋ ਰੂਸੀ ਜ਼ਾਰ ਦੇ ਨਿਜ਼ਾਮ ਤੋਂ ਬਚਕੇ ਅਮਰੀਕਾ ਵਿਚ ਸਿਆਸੀ ਪਨਾਹ ਲੈਣ ਜਾ ਰਹੇ ਸਨ। ਉਸਨੇ ਸ਼ਬਦਕੋਸ਼ ਦੇ ਸਹਾਰੇ ਟੁੱਟੀ-ਫੁੱਟੀ ਅੰਗਰੇਜ਼ੀ ਵਿਚ ਉਨ੍ਹਾਂ ਨਾਲ ਗੱਲਬਾਤ ਕੀਤੀ। ਜਿਵੇਂ ਕਈ ਸਾਲ ਬਾਅਦ ਉਸਨੇ ਖ਼ੁਲਾਸਾ ਕੀਤਾ ਇਨ੍ਹਾਂ ਵਿਅਕਤੀਆਂ ਨੇ ਉਸ ਉਪਰ ਛਾਪ ਛੱਡੀ।[55]

ਜਨਵਰੀ 1909 'ਚ ਸਿਆਟਲ ਪਹੁੰਚਕੇ ਭਕਨਾ, ਜੋ ਅਗਲੇ ਸਾਲਾਂ 'ਚ ਪਹਿਲੇ ਗ਼ਦਰੀ ਸਿਧਾਂਤਕਾਰਾਂ 'ਚੋਂ ਇਕ ਬਣੇਗਾ, ਹਰਨਾਮ ਸਿੰਘ ਕਾਹਰੀ ਸਾਹਰੀ ਦੇ ਸੰਪਰਕ ਵਿਚ ਆਇਆ। ਉਸਨੇ ਇਮੀਗ੍ਰੇਸ਼ਨ ਅਧਿਕਾਰੀਆਂ ਨਾਲ ਗੱਲਬਾਤ ਦੌਰਾਨ ਦੁਭਾਸ਼ੀਏ ਵਜੋਂ ਉਸਦੀ ਮਦਦ ਕੀਤੀ। ਕਾਹਰੀ ਸਾਹਰੀ ਓਦੋਂ ਸਿਆਟਲ ਯੂਨੀਵਰਸਿਟੀ ਵਿਖੇ ਪੜ੍ਹ ਰਿਹਾ ਸੀ ਅਤੇ ਇਕ ਸਾਂਝੇ ਦੋਸਤ ਜ਼ਰੀਏ ਭਕਨਾ ਦੀ ਮਦਦ ਲਈ ਆਇਆ ਸੀ।[56] ਬਾਅਦ ਵਿਚ, ਭਕਨਾ ਕਾਹਰੀ ਸਾਹਰੀ ਦੇ ਘਰ ਰਾਤ ਰਿਹਾ ਅਤੇ ਦੋਵੇਂ ਪਿੱਛੇ ਹਿੰਦੁਸਤਾਨ ਦੀ ਸਿਆਸੀ ਹਾਲਤ ਬਾਰੇ ਵਿਚਾਰ-ਚਰਚਾ ਕਰਦੇ ਰਹੇ। ਕਾਹਰੀ ਸਾਹਰੀ ਦੀ ਕਿਸਾਨਾਂ ਦੇ ਚਲ ਰਹੇ ਅੰਦੋਲਨ ਅਤੇ ਇਸ ਦੇ ਸ. ਅਜੀਤ ਸਿੰਘ ਵਰਗੇ ਆਗੂਆਂ ਬਾਰੇ ਜਾਨਣ ਦੀ ਜਿਗਿਆਸਾ ਸੀ, ਜਿਨ੍ਹਾਂ ਨੂੰ ਹਿੰਦੁਸਤਾਨ ਛੱਡਣ ਲਈ ਮਜਬੂਰ ਹੋਣਾ ਪਿਆ ਸੀ। ਭਕਨਾ ਨੂੰ ਜੋ ਵੀ ਜਾਣਕਾਰੀ ਸੀ ਉਸਨੇ ਉਸ ਨਾਲ ਸਾਂਝੀ ਕੀਤੀ।[57]

ਇਹ ਸਪਸ਼ਟ ਹੈ, ਭਕਨਾ ਓਦੋਂ ਅਮਰੀਕਾ ਆਇਆ ਜਦੋਂ ਪੰਜਾਬ ਅਤੇ ਦੱਖਣੀ ਏਸ਼ੀਆਈ ਪ੍ਰਵਾਸੀ ਭਾਈਚਾਰੇ ਵਿਚ ਸਿਆਸੀ ਮਾਹੌਲ ਭਖਿਆ ਹੋਇਆ ਸੀ। ਇਹ ਮੰਨਿਆ ਜਾ ਸਕਦਾ ਹੈ ਕਿ ਉਸ ਵਕਤ ਉਹ ਮੁਕਤੀ ਦੀ ਲਹਿਰ ਦਾ ਐਸਾ ਹਮਾਇਤੀ ਬਣ ਚੁੱਕਾ ਸੀ ਜੋ ਦੋਚਿੱਤੀ 'ਚ ਸੀ, ਜੋ ਨਾਮਧਾਰੀ ਲਹਿਰ ਦੇ ਪ੍ਰਭਾਵ ਹੇਠ ਆਜ਼ਾਦੀ ਸੰਗਰਾਮ ਵਿਚ ਰੁਚਿਤ ਹੋ ਗਿਆ ਸੀ ਅਤੇ ਕਿਸਾਨ ਸੰਘਰਸ਼ ਵਿਚ ਸ਼ਾਮਲ ਰਿਹਾ ਸੀ। ਹਾਂਗਕਾਂਗ ਦੇ ਸਿੱਖ ਗੁਰਦੁਆਰੇ ਵਿਖੇ ਰਹਿ ਰਹੇ ਲੋਕਾਂ ਨਾਲ, ਰੂਸੀ ਪ੍ਰਵਾਸੀਆਂ ਨਾਲ ਸਰਸਰੀ ਤੌਰ 'ਤੇ ਗੱਲਬਾਤ ਅਤੇ ਕਾਹਰੀ

ਸਾਹਰੀ ਨਾਲ ਮੇਲ ਜਿਸਦਾ ਜ਼ਿਕਰ ਉਪਰ ਕੀਤਾ ਗਿਆ ਹੈ ਨੇ ਆਜ਼ਾਦੀ ਦੀ ਲਹਿਰ ਬਾਰੇ ਉਸਦੇ ਖ਼ਿਆਲਾਂ ਨੂੰ ਠੋਸ ਰੂਪ ਦੇਣ ਅਤੇ ਸਾਮਰਾਜਵਾਦ ਦੇ ਅਸਰਾਂ ਨੂੰ ਸਮਝਣ ਵਿਚ ਉਸਦੀ ਮਦਦ ਕੀਤੀ ਹੋ ਸਕਦੀ ਹੈ।

ਬੇਗਾਨੀ ਧਰਤੀ ਉਪਰ ਨਸਲਵਾਦ ਅਤੇ ਤੁਅੱਸਬ

ਆਪਣੇ ਗੁਜ਼ਾਰੇ ਲਈ ਭਕਨਾ ਨੇ ਪੋਰਟਲੈਂਡ ਵਿਚ ਇਕ ਲੱਕੜ ਮਿੱਲ ਦੇ ਮਜ਼ਦੂਰ ਵਜੋਂ ਆਪਣੇ ਜੀਵਨ-ਪੰਧ ਦਾ ਆਗਾਜ਼ ਕੀਤਾ। ਸ਼ੁਰੂ 'ਚ ਉਸ ਨੂੰ ਇਹ ਕੰਮ ਬਹੁਤ ਔਖਾ ਲੱਗਿਆ ਕਿਉਂਕਿ ਉਹ ਜਿਸਮਾਨੀ ਜਾਂ ਭਾਰੇ ਕੰਮ ਦਾ ਆਦੀ ਨਹੀਂ ਸੀ, ਪਰ ਆਹਿਸਤਾ-ਆਹਿਸਤਾ ਉਹ ਇਸ ਦਾ ਆਦੀ ਹੋ ਗਿਆ। ਉਹ ਅਕਸਰ ਰੋਜ਼ਾਨਾ 12 ਘੰਟੇ ਕੰਮ ਕਰਦਾ ਅਤੇ 10-15 ਡਾਲਰ ਕਮਾ ਲੈਂਦਾ। ਦੋ ਸਾਲਾਂ 'ਚ ਉਸਨੇ ਐਨੇ ਕੁ ਪੈਸੇ ਕਮਾ ਲਏ ਜਿਨ੍ਹਾਂ ਨਾਲ ਉਹ ਆਪਣੇ ਦੋਸਤਾਂ ਤੋਂ ਲਏ ਉਧਾਰ ਮੋੜ ਸਕਦਾ ਸੀ ਅਤੇ ਆਪਣੇ ਪਰਿਵਾਰ ਲਈ ਵੀ ਕੁਝ ਪੈਸੇ ਬਚਾ ਸਕਦਾ ਸੀ।[58]

ਇਕ ਬੇਗਾਨੇ ਮੁਲਕ ਵਿਚ ਮਜ਼ਦੂਰ ਦੇ ਰੂਪ 'ਚ ਜ਼ਿੰਦਗੀ ਨੇ ਉਸਦਾ ਨਜ਼ਰੀਆ ਪੂਰੀ ਤਰ੍ਹਾਂ ਬਦਲ ਦਿੱਤਾ। ਛੇਤੀ ਹੀ ਉਸਨੇ ਮਜ਼ਦੂਰ ਦਾ ਸਵੈਮਾਣ ਮਹਿਸੂਸ ਕਰ ਲਿਆ।[59] ਉਸਨੇ ਮਹਿਸੂਸ ਕੀਤਾ ਕਿ, ਅਮਰੀਕਾ ਆਉਣ ਪਿੱਛੋਂ ਪੰਜਾਬ ਦੇ ਉਸ ਹਿੰਦੁਸਤਾਨੀ ਕਿਸਾਨ ਦੀ ਕਾਇਆਪਲਟੀ ਹੋ ਗਈ ਸੀ ਜਦਕਿ ਪੰਜਾਬ ਵਿਚ ਉਸਦੀ ਮਨੋ-ਬਣਤਰ ਇਕ ਘੁਮੰਡੀ ਭੋਂਇ-ਮਾਲਕ ਦੀ ਸੀ ਅਤੇ ਉਹ ਖ਼ੁਦ ਨੂੰ ਬੇਜ਼ਮੀਨੇ ਮਜ਼ਦੂਰਾਂ ਤੋਂ ਉਤਮ ਸਮਝਦਾ ਸੀ। ਉਸਨੇ ਦੇਖ ਲਿਆ ਕਿ ਸਰਮਾਏਦਾਰਾ ਮਾਹੌਲ ਵਿਚ ਉਹ ਖ਼ੁਦ ਦਾਬੇ ਦਾ ਸ਼ਿਕਾਰ ਸੀ ਅਤੇ ਸੁਪਰਵਾਈਜਰਾਂ ਦੀਆਂ ਇੱਛਾਵਾਂ ਅਨੁਸਾਰ ਉਸਨੂੰ ਤੇਜ਼ੀ ਨਾਲ ਕੰਮ ਕਰਨ ਲਈ ਮਜਬੂਰ ਕੀਤਾ ਜਾਂਦਾ ਸੀ।[60] ਜ਼ਾਹਰਾ ਤੌਰ 'ਤੇ ਇਸ ਤਜ਼ਰਬੇ ਨੇ ਜਮਾਤੀ ਟਕਰਾਅ ਦੀ ਭੱਦੀ ਹਕੀਕਤ ਬਾਰੇ ਉਸ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਸਨ।

ਜਦੋਂ ਭਕਨਾ ਅਮਰੀਕਾ ਗਿਆ, ਓਦੋਂ ਉਤਰੀ ਅਮਰੀਕਾ ਦੇ ਪੈਸੀਫਿਕ ਕੋਸਟ ਉਪਰਲਾ ਸਮਾਜੀ ਮਾਹੌਲ ਹਿੰਦੁਸਤਾਨੀ ਪ੍ਰਵਾਸੀਆਂ ਪ੍ਰਤੀ ਵੈਰ-ਭਾਵਨਾ ਵਾਲਾ ਸੀ। ਆਰਥਕ ਮੰਦਵਾੜੇ ਅਤੇ ਰੋਜ਼ਗਾਰ ਦੇ ਮੌਕਿਆਂ ਦੀ ਘਾਟ ਦਾ ਗੁੱਸਾ ਗੋਰੇ ਮਜ਼ਦੂਰ ਏਸ਼ੀਆ ਦੇ ਆਵਾਸੀ ਮਜ਼ਦੂਰਾਂ ਉਪਰ ਕੱਢਦੇ। ਆਪਣੀ ਮਾਲੀ ਮੁਸ਼ਕਲਾਂ ਨੂੰ ਮੁੱਖ ਰੱਖਦਿਆਂ ਪ੍ਰਵਾਸੀ ਮਜ਼ਦੂਰ ਬਹੁਤ ਘੱਟ ਉਜਰਤਾਂ ਉਪਰ ਕੰਮ ਕਰਨ ਲਈ ਤੱਤਪਰ ਹੋਣ ਕਾਰਨ, ਗੋਰੇ ਮਜ਼ਦੂਰ ਉਨ੍ਹਾਂ ਨੂੰ ਖ਼ਤਰਾ ਸਮਝਦੇ ਕਿਉਂਕਿ ਇਸ ਨਾਲ ਉਨ੍ਹਾਂ ਦੀ ਸੰਘਰਸ਼ ਵਿਚ ਲੈ-ਦੇ ਦੀ ਤਾਕਤ ਖ਼ੁਰਦੀ ਸੀ।[61]

ਏਸ਼ੀਅਨਾਂ ਨੂੰ ਬਾਹਰ ਕੱਢੋ ਲੀਗ (Asiatic Exclusion League), ਜੋ ਗੋਰੇ ਮਜ਼ਦੂਰਾਂ ਦੀ ਨੁਮਾਇੰਦਗੀ ਕਰਦੀ ਸੀ ਨੇ ਹਿੰਦੁਸਤਾਨ, ਚੀਨ ਅਤੇ ਜਪਾਨ ਤੋਂ ਆਏ ਲੋਕਾਂ ਦੇ ਖ਼ਿਲਾਫ਼ ਭਾਵਨਾਵਾਂ ਭੜਕਾ ਦਿੱਤੀਆਂ ਸਨ। ਇਸ ਦਾ ਸਿੱਟਾ ਨਸਲੀ ਤਣਾਓ ਵਿਚ ਨਿਕਲਿਆ ਜਿਸ ਵਿਚ ਪ੍ਰਵਾਸੀ ਲੋਕਾਂ ਉਪਰ ਹਮਲੇ ਹੋਣ ਲੱਗੇ। ਸਤੰਬਰ 1907 'ਚ, ਗੋਰੇ ਮਜ਼ਦੂਰਾਂ ਦੇ ਇਕ

ਹਜੂਮ ਨੇ ਹਮਲਾ ਕਰਕੇ ਬਲਿੰਗਮ ਦੀ ਇਕ ਲੱਕੜ ਮਿੱਲ ਵਿੱਚੋਂ 250 ਤੋਂ ਵੱਧ ਦੱਖਣੀ ਏਸ਼ੀਆਈ ਮਜ਼ਦੂਰਾਂ ਨੂੰ ਕੁੱਟਕੇ ਦਬੱਲ ਦਿੱਤਾ, ਜੋ ਪੋਰਟਲੈਂਡ ਤੋਂ ਬਹੁਤੀ ਦੂਰ ਨਹੀਂ ਸੀ। ਅੰਦਾਜ਼ਨ, ਸੱਤ ਸੌ ਤੋਂ ਉਪਰ ਦੱਖਣੀ ਏਸ਼ੀਅਨਾਂ ਨੇ ਉੱਥੋਂ ਕੈਨੇਡਾ ਵਿਚ ਆਕੇ ਪਨਾਹ ਲਈ ਜੋ ਇਕ ਬਰਤਾਨਵੀ ਬਸਤੀ ਸੀ। ਪਰ ਏਸ਼ੀਅਨਾਂ ਨੂੰ ਬਾਹਰ ਕੱਢੋ ਲੀਗ ਅਤੇ ਨਸਲੀ ਨਫ਼ਰਤ ਨੇ ਵੈਨਕੂਵਰ ਵਿਚ ਵੀ ਉਨ੍ਹਾਂ ਦਾ ਪਿੱਛਾ ਨਾ ਛੱਡਿਆ। ਗੋਰਿਆਂ ਦੀ ਸ੍ਰੇਸ਼ਟ ਹੈਸੀਅਤ ਅੱਗੇ ਝੁਕਦਿਆਂ ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਨੇ ਉਸ ਸਾਲ ਪਹਿਲਾਂ ਹੀ ਏਸ਼ੀਅਨਾਂ ਤੋਂ ਅਧਿਕਾਰ ਖੋਹ ਲਏ ਸਨ।[62] ਜ਼ਾਹਰਾ ਤੌਰ 'ਤੇ, ਕੈਨੇਡਾ ਵਿਚ ਹਿੰਦੁਸਤਾਨੀ ਆਵਾਸੀਆਂ ਦੀ ਹਾਲਤ ਕਿਸੇ ਪੱਖੋਂ ਵੀ ਚੰਗੀ ਨਹੀਂ ਸੀ। ਇਕ ਤਾਂ ਉਨ੍ਹਾਂ ਨੂੰ ਆਪਣੇ ਟੱਬਰ ਉਥੇ ਮੰਗਵਾਉਣ ਦੀ ਇਜਾਜ਼ਤ ਨਹੀਂ ਸੀ ਅਤੇ ਨਾਲ ਹੀ ਉਹ ਹੋਰ ਸ਼ਕਲਾਂ 'ਚ ਵਿਤਕਰੇ ਦਾ ਵੀ ਸ਼ਿਕਾਰ ਸਨ। ਬਰਤਾਨੀਆ ਦੇ ਹਿੰਦੁਸਤਾਨੀ ਗ਼ੁਲਾਮਾਂ ਦੀਆਂ ਕੈਨੇਡਾ ਵਿਚ ਬਰਾਬਰ ਹੱਕਾਂ ਦੀਆਂ ਵਾਰ-ਵਾਰ ਅਰਜ਼ੋਈਆਂ ਦੀ ਕੋਈ ਸੁਣਵਾਈ ਨਹੀਂ ਹੋਈ। ਸਿੱਟੇ ਵਜੋਂ, ਬ੍ਰਿਟਿਸ਼ ਕੋਲੰਬੀਆ ਵਿਚ ਹਿੰਦੁਸਤਾਨੀ ਪਹਿਲਾਂ ਹੀ ਜਥੇਬੰਦ ਹੋਣੇ ਸ਼ੁਰੂ ਹੋ ਗਏ ਸਨ ਅਤੇ ਵੈਨਕੂਵਰ ਵਿਚ ਉਨ੍ਹਾਂ ਨੇ ਆਪਣਾ ਪਹਿਲਾ ਸਿੱਖ ਗੁਰਦੁਆਰਾ ਸਥਾਪਤ ਕਰ ਲਿਆ ਸੀ।[63]

ਜੇ ਕੋਈ ਚੀਜ਼ ਕੈਨੇਡਾ ਦੇ ਪੈਸੀਫਿਕ ਕੋਸਟ ਦੇ ਅਤੇ ਅਮਰੀਕਾ ਦੇ ਪੈਸੀਫਿਕ ਕੋਸਟ ਦੇ ਹਿੰਦੁਸਤਾਨੀ ਆਵਾਸੀਆਂ ਨੂੰ ਆਪਸ ਵਿਚ ਜੋੜਦੀ ਸੀ ਉਹ ਸੀ ਗਿਣਿਆਮਿੱਥਿਆ ਨਸਲਵਾਦ। 1907 ਆਖ਼ਰੀ ਵਾਰ ਨਹੀਂ ਸੀ ਜਦੋਂ ਦੱਖਣੀ ਏਸ਼ੀਆਈ ਮਜ਼ਦੂਰ ਹਜੂਮ ਦੀ ਹਿੰਸਾ ਦਾ ਸ਼ਿਕਾਰ ਹੋਏ ਸਨ। 1911 'ਚ, ਪੋਰਟਲੈਂਡ ਦੀ ਇਕ ਆਰਾ ਮਿੱਲ ਵਿਖੇ ਦੱਖਣੀ ਏਸ਼ੀਆਈ ਮਜ਼ਦੂਰਾਂ ਨੂੰ ਤੰਗ ਕੀਤਾ ਗਿਆ।[64]

ਆਪਣੀਆਂ ਪੱਗਾਂ ਅਤੇ ਦਾਹੜੀਆਂ ਕਾਰਨ ਸਿੱਖ ਅਜਿਹੀ ਹਿੰਸਾ ਦੀ ਜ਼ਿਆਦਾ ਮਾਰ ਹੇਠ ਆਉਂਦੇ ਸਨ ਕਿਉਂਕਿ ਇਸ ਨਾਲ ਉਹ ਸਹਿਜੇ ਹੀ ਪਛਾਣੇ ਜਾਂਦੇ ਸਨ। ਇਕ ਨਮੂਨੇ ਦਾ ਸਿੱਖ ਆਪਣੇ ਕੇਸ ਨਹੀਂ ਕੱਟਦਾ। ਪਰ ਅਮਰੀਕਾ ਆਉਣ ਪਿੱਛੋਂ ਬਹੁਤ ਸਾਰੇ ਸਿੱਖਾਂ ਨੇ ਕੇਸ ਕਟਾਉਣੇ ਸ਼ੁਰੂ ਕਰ ਦਿੱਤੇ ਸਨ, ਫਿਰ ਵੀ ਇਸ ਨਾਲ ਕਿਸੇ ਵੀ ਤਰ੍ਹਾਂ ਉਨ੍ਹਾਂ ਦਾ ਗੋਰੇ ਨਸਲਵਾਦੀਆਂ ਦੇ ਹਮਲਿਆਂ ਤੋਂ ਬਚਾਅ ਨਹੀਂ ਸੀ ਹੁੰਦਾ। ਇਨ੍ਹਾਂ ਫਸਾਦਾਂ ਦੌਰਾਨ ਹੈਟਾਂ ਵਾਲੇ ਅਤੇ ਵਾਲ-ਕਟੇ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਸੀ।[65] 1910 'ਚ ਖ਼ੁਦ ਭਕਨਾ ਨੇ ਵੀ ਥੋੜ੍ਹੇ ਵਕਤ ਲਈ ਦਾੜ੍ਹੀ-ਕੇਸ ਕਟਾ ਦਿੱਤੇ ਸਨ।[66]

ਅਕਸਰ ਹੀ ਪੀੜਤਾਂ ਦੀ ਕੁੱਟਮਾਰ ਕੀਤੀ ਜਾਂਦੀ ਅਤੇ ਉਨ੍ਹਾਂ ਨੂੰ ਟਰੈਮਕਾਰਾਂ ਵਿੱਚੋਂ ਧੱਕੇ ਨਾਲ ਲਾਹਕੇ ਜੰਗਲਾਂ ਵਿਚ ਰਾਤਾਂ ਨੂੰ ਪਾਲੇ ਵਿਚ ਠਰਨ ਲਈ ਛੱਡ ਦਿੱਤਾ ਜਾਂਦਾ। ਜਿਸਮਾਨੀ ਤਸ਼ੱਦਦ ਤੋਂ ਇਲਾਵਾ, ਇਨ੍ਹਾਂ ਲੋਕਾਂ ਨੂੰ ਅਕਸਰ ਹੀ ਹੋਰ ਕਈ ਤਰ੍ਹਾਂ ਦੀ ਜ਼ਲਾਲਤ ਵੀ ਸਹਿਣੀ ਪੈਂਦੀ, ਜਿਵੇਂ ਕਿ ਨਸਲਵਾਦੀ ਮਿਹਣੇ। ਉਨ੍ਹਾਂ ਨੂੰ ਵਾਰ-ਵਾਰ "ਹਿੰਦੂ ਗ਼ੁਲਾਮ" ਕਿਹਾ ਜਾਂਦਾ।[67] ਉਨ੍ਹਾਂ ਨੂੰ ਥੀਏਟਰ ਜਾਂ ਹੋਟਲਾਂ ਵਰਗੀਆਂ ਜਨਤਕ ਥਾਵਾਂ ਉਪਰ ਵੀ ਨਸਲੀ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ।[68] ਇਕ ਵਾਰ, ਜਦੋਂ ਭਕਨਾ ਅਤੇ ਉਸਦਾ ਦੋਸਤ ਪੋਰਟਲੈਂਡ

ਦੇ ਇਕ ਰੇਸਤਰਾਂ 'ਚ ਖਾਣਾ ਖਾਣ ਲਈ ਗਏ ਤਾਂ ਮੈਨੇਜਰ ਨੇ ਉਨ੍ਹਾਂ ਨੂੰ ਖਾਣਾ ਦੇਣ ਤੋਂ ਨਾਂਹ ਕਰ ਦਿੱਤੀ। ਉਨ੍ਹਾਂ ਨੂੰ ਕਿਹਾ ਗਿਆ ਕਿ ਜੇ ਉਨ੍ਹਾਂ ਨੂੰ ਖਾਣਾ ਦਿੱਤਾ ਜਾਂਦਾ ਹੈ ਤਾਂ ਗੋਰੇ ਉਸਦੇ ਰੇਸਤਰਾਂ ਦਾ ਬਾਈਕਾਟ ਕਰ ਦੇਣਗੇ। ਇਸ ਕਾਰਨ ਭਕਨਾ ਅਤੇ ਉਸਦੇ ਦੋਸਤ ਨੂੰ ਖਾਣਾ ਖਾਣ ਲਈ ਇਕ ਜਪਾਨੀ ਰੇਸਤਰਾਂ 'ਚ ਜਾਣਾ ਪਿਆ ਸੀ।[69]

ਇਨ੍ਹਾਂ ਘਟਨਾਵਾਂ ਨੇ ਬਰਤਾਨਵੀ ਹਕੂਮਤ ਦੀ ਆਪਣੀ ਅਮਰੀਕਾ ਵਿਚਲੀ ਹਿੰਦੁਸਤਾਨੀ ਪਰਜਾ ਪ੍ਰਤੀ ਬੇਰੁਖ਼ੀ ਵੀ ਜ਼ਾਹਰ ਕਰ ਦਿੱਤੀ। ਜਦੋਂ ਵੀ ਉਥੇ ਹਿੰਦੁਸਤਾਨੀਆਂ ਉਪਰ ਕੋਈ ਨਸਲੀ ਹਿੰਸਾ ਹੁੰਦੀ, ਬਰਤਾਨਵੀ ਸਫ਼ੀਰ ਦਖ਼ਲ ਦੇਣ ਤੋਂ ਇਨਕਾਰ ਕਰ ਦਿੰਦੇ। ਇਸ ਦੇ ਉਲਟ, ਇਸ ਤਰ੍ਹਾਂ ਦੀ ਹਾਲਤ ਵਿਚ ਜਪਾਨੀ ਹਕੂਮਤ ਆਪਣੇ ਆਵਾਸੀਆਂ ਪਿੱਛੇ ਚਟਾਨ ਵਾਂਗ ਡੱਟ ਜਾਂਦੀ। ਇਕ ਮਿਸਾਲ ਐਸੀ ਸੀ ਕਿ ਜਦੋਂ ਉਸ ਫੈਕਟਰੀ ਉਪਰ ਹਮਲਾ ਕੀਤਾ ਗਿਆ ਜਿਥੇ ਜਪਾਨੀ ਆਵਾਸੀ ਕੰਮ ਕਰਦੇ ਸਨ ਤਾਂ ਅਮਰੀਕੀ ਹਕੂਮਤ ਨੂੰ ਜਪਾਨੀ ਮਜ਼ਦੂਰਾਂ ਨੂੰ ਹਰਜ਼ਾਨਾ ਦੇਣਾ ਪਿਆ ਸੀ। ਇਸ ਦਾ ਕਾਰਨ ਇਹ ਤੱਥ ਸੀ ਕਿ ਜਪਾਨੀ ਹਕੂਮਤ ਨੇ ਅਮਰੀਕੀ ਹਕੂਮਤ ਨੂੰ ਨੋਟਿਸ ਭੇਜ ਦਿੱਤਾ ਸੀ, ਪਰ ਹਿੰਦੁਸਤਾਨ ਦੀ ਬਰਤਾਨਵੀ ਹਕੂਮਤ ਇੰਞ ਨਹੀਂ ਸੀ ਕਰਦੀ।[70]

ਹਿੰਦੁਸਤਾਨੀ ਪ੍ਰਵਾਸੀਆਂ ਨੇ ਦੇਖਿਆ ਕਿ ਉਨ੍ਹਾਂ ਦੇ ਭਾਈਚਾਰੇ ਵਿਰੁੱਧ ਨਫ਼ਰਤ ਫੈਲਾਉਣ ਪਿੱਛੇ ਬਰਤਾਨਵੀ ਏਜੰਟਾਂ ਦਾ ਵੀ ਹੱਥ ਸੀ ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਹਿੰਦੁਸਤਾਨੀ ਪ੍ਰਵਾਸੀ ਅਮਰੀਕਾ ਦੇ ਆਜ਼ਾਦ ਅਤੇ ਜਮਹੂਰੀ ਮਾਹੌਲ ਦਾ ਅਸਰ ਕਬੂਲ ਸਕਦੇ ਸਨ; ਅਸਰ ਜੋ ਉਨ੍ਹਾਂ ਨੂੰ ਆਪਣੀ ਆਜ਼ਾਦੀ ਬਾਰੇ ਸੋਚਣ ਲਈ ਪ੍ਰੇਰਤ ਕਰ ਸਕਦਾ ਸੀ।[71]

ਦਰਅਸਲ, ਬਹੁਤ ਸਾਰੇ ਅਮਰੀਕਨ ਅਤੇ ਹੋਰ ਕੌਮੀਅਤਾਂ ਦੇ ਪ੍ਰਵਾਸੀ ਹਿੰਦੁਸਤਾਨੀਆਂ ਨਾਲ ਹਮਦਰਦੀ ਰੱਖਦੇ ਸਨ। ਬਰਤਾਨਵੀ ਬਸਤੀਵਾਦ ਨੂੰ ਨਫ਼ਰਤ ਕਰਨ ਵਾਲੇ ਅਮਰੀਕਨ ਅਕਸਰ ਹੀ ਹਿੰਦੁਸਤਾਨੀ ਆਵਾਸੀਆਂ ਨੂੰ ਆਪਣੇ ਮੁਲਕ ਵਾਪਸ ਜਾ ਕੇ ਬਹੁਗਿਣਤੀ ਗ਼ੁਲਾਮ ਲੋਕਾਂ ਨੂੰ ਨਾਲ ਲੈਕੇ ਮੁੱਠੀ ਭਰ ਬਰਤਾਨਵੀ ਹੁਕਮਰਾਨਾਂ ਨੂੰ ਕੁੱਟਕੇ ਦਬੱਲ ਦੇਣ ਲਈ ਉਕਸਾਉਂਦੇ ਸਨ। ਇਕ ਵਾਰ ਭਕਨਾ ਅਤੇ ਉਸਦੇ ਸਾਥੀਆਂ ਨੂੰ ਇਕ ਮਿੱਲ ਮਾਲਕ ਨੇ ਕਿਹਾ ਕਿ ਉਹ ਉਨ੍ਹਾਂ ਨੂੰ ਬੰਦੂਕਾਂ ਦੇਣ ਦਾ ਇੱਛਕ ਹੈ ਤਾਂ ਜੋ ਉਹ ਹਿੰਦੁਸਤਾਨ ਜਾਕੇ ਆਪਣੇ ਮੁਲਕ ਨੂੰ ਬਰਤਾਨਵੀ ਰਾਜ ਤੋਂ ਆਜ਼ਾਦ ਕਰਵਾ ਸਕਣ।[72]

ਅਮਰੀਕਨ ਸਰਮਾਏਦਾਰਾਂ ਦੀ ਵੀ ਹਿੰਦੁਸਤਾਨ ਵਿਚ ਡੂੰਘੀ ਰੁਚੀ ਸੀ ਕਿਉਂਕਿ ਇਸ ਨੂੰ ਉਹ ਇਕ ਭਵਿੱਖੀ ਮੰਡੀ ਵਜੋਂ ਅਤੇ ਬਰਤਾਨਵੀ ਸਾਮਰਾਜਵਾਦ ਨੂੰ ਆਪਣੇ ਰਕੀਬ ਵਜੋਂ ਦੇਖਦੇ ਸਨ। ਹਿੰਦੁਸਤਾਨੀ ਬੁਰਜ਼ੂਆਜ਼ੀ ਨਾਲ ਸਿੱਧਾ ਵਪਾਰਕ ਰਿਸ਼ਤਾ ਜੋੜਨ ਲਈ ਉਨ੍ਹਾਂ ਨੇ ਹਿੰਦ-ਅਮਰੀਕੀ ਰਿਸ਼ਤਿਆਂ ਨੂੰ ਮਜ਼ਬੂਤ ਬਣਾਉਣ ਨੂੰ ਉਤਸ਼ਾਹਤ ਕੀਤਾ ਅਤੇ ਹਿੰਦੁਸਤਾਨੀ ਵਿਦਿਆਰਥੀਆਂ ਨੂੰ ਅਮਰੀਕਾ ਭੇਜਣ 'ਚ ਮਦਦਗਾਰ ਸਾਬਤ ਹੋਏ। ਇਸ ਮੌਕੇ ਨੇ ਵਿਦਿਆਰਥੀਆਂ ਲਈ ਦਰਵਾਜ਼ੇ ਖੋਲ੍ਹੇ, ਜਿਨ੍ਹਾਂ ਨੇ ਅਮਰੀਕਾ ਵਿਚ ਰਹਿੰਦੇ ਹੋਏ ਆਜ਼ਾਦੀ ਦੀ ਲਹਿਰ ਵਿਚ ਅਹਿਮ ਭੂਮਿਕਾ ਨਿਭਾਈ।[73] ਇੰਡੋ-ਅਮੈਰੀਕਨ ਸੁਸਾਇਟੀ ਬਣਾਏ ਜਾਣ ਪਿੱਛੇ

ਇਸ ਖ਼ਾਸ ਹਿੱਤਾਂ ਵਾਲੇ ਗਰੁੱਪ ਦਾ ਹੱਥ ਸੀ, ਜਿਸਨੇ ਹਿੰਦੁਸਤਾਨ ਦੇ ਆਜ਼ਾਦੀ ਘੁਲਾਟੀਆਂ ਅਤੇ ਉਨ੍ਹਾਂ ਨੇ ਅਮਰੀਕਾ ਵਿਚਲੇ ਹਮਦਰਦਾਂ ਦਾ ਇਕ ਦੂਜੇ ਨਾਲ ਤਾਲਮੇਲ ਬਣਾਉਣ ਲਈ ਮੰਚ ਮੁਹੱਈਆ ਕੀਤਾ। ਇਹ ਗਰੁੱਪ ਹਿੰਦੁਸਤਾਨ ਦੀ ਆਜ਼ਾਦੀ ਦੀ ਜੱਦੋਜਹਿਦ ਦੀ ਹਮਾਇਤ ਵਿਚ ਲੋਕ ਰਾਇ ਬਣਾਉਣ ਵਿਚ ਵਿਸ਼ਵਾਸ ਰੱਖਦਾ ਸੀ।[74]

ਇਸ ਸੁਸਾਇਟੀ ਨੇ ਆਇਰਿਸ਼ ਇਨਕਲਾਬੀਆਂ ਦਾ ਮੇਲ ਹਿੰਦੁਸਤਾਨੀ ਪ੍ਰਵਾਸੀਆਂ ਨਾਲ ਕਰਵਾਇਆ ਜੋ ਬਰਤਾਨਵੀ ਸਲਤਨਤ ਤੋਂ ਆਜ਼ਾਦ ਹੋਣ ਲਈ ਬੇਤਾਬ ਸਨ। ਇੰਗਲੈਂਡ ਦੀ ਤਰ੍ਹਾਂ ਹੀ, ਹਿੰਦੁਸਤਾਨੀ ਵਿਦਿਆਰਥੀਆਂ ਦੀ ਮਦਦ ਕਰਨ ਲਈ ਨਿਊ ਯਾਰਕ ਵਿਚ ਵੀ ਇੰਡੀਆ ਹਾਊਸ ਬਣਾਇਆ ਗਿਆ।[75]

ਭਕਨਾ ਆਲਮੀ ਮਾਮਲਿਆਂ ਵਿਚ ਰੁਚੀ ਲੈਣ ਅਤੇ ਜਥੇਬੰਦ ਹੋਣ ਦੀ ਪ੍ਰੇਰਨਾ ਦੇਣ ਦਾ ਸਿਹਰਾ ਵਿਦਿਆਰਥੀਆਂ ਨੂੰ ਦਿੰਦੇ ਹਨ। ਗਰਮੀਆਂ ਦੀਆਂ ਛੁੱਟੀਆਂ 'ਚ ਇਹ ਵਿਦਿਆਰਥੀ ਜੇਬ ਖ਼ਰਚ ਬਣਾਉਣ ਲਈ ਅਕਸਰ ਹੀ ਉਥੇ ਆ ਕੇ ਉਨ੍ਹਾਂ ਨਾਲ ਲੱਕੜ ਦੀਆਂ ਮਿੱਲਾਂ ਵਿਚ ਕੰਮ ਕਰਦੇ ਅਤੇ ਘੱਟ ਪੜ੍ਹੇਲਿਖੇ ਪ੍ਰਵਾਸੀ ਮਜ਼ਦੂਰਾਂ ਦੀ ਉਸ ਵਕਤ ਦੇ ਚਲੰਤ ਮਾਮਲਿਆਂ ਨੂੰ ਸਮਝਣ 'ਚ ਸਹਾਇਤਾ ਕਰਦੇ।[76]

ਇਸ ਤੋਂ ਅੱਗੇ ਬਹੁਤ ਸਾਰੇ ਦੱਖਣੀ ਏਸ਼ੀਆਈ ਕਾਰਕੁੰਨ ਸਨ ਜੋ ਅਮਰੀਕਾ ਅਤੇ ਕੈਨੇਡਾ ਦੋਵਾਂ ਮੁਲਕਾਂ ਦੇ ਸਮਾਜਵਾਦੀਆਂ ਤੋਂ ਪ੍ਰਭਾਵਿਤ ਸਨ ਅਤੇ ਉਹ ਉਨ੍ਹਾਂ ਦੀ ਮਦਦ ਕਰਦੇ ਸਨ।[77] ਅਸਟੋਰੀਆ ਦੇ ਫਿਨਲੈਂਡੀਏ ਸਮਾਜਵਾਦੀਆਂ ਨੇ ਕਈ ਤਰੀਕਿਆਂ ਨਾਲ ਪੰਜਾਬੀ ਪ੍ਰਵਾਸੀਆਂ ਉਪਰ ਪ੍ਰਭਾਵ ਪਾਇਆ। 1913 'ਚ ਗ਼ਦਰ ਪਾਰਟੀ ਦੀਆਂ ਮੋਢੀ ਮੀਟਿੰਗਾਂ ਲਈ ਦੱਖਣੀ ਏਸ਼ੀਆਈ ਕਾਰਕੁੰਨ ਫਿਨਿਸ਼ ਸੋਸ਼ਲਿਸਟ ਹਾਲ ਇਸਤੇਮਾਲ ਕਰਿਆ ਕਰਦੇ ਸਨ।[78] ਬਰਤਾਨੀਆ ਦੀਆਂ ਖ਼ੁਫ਼ੀਆ ਫਾਈਲਾਂ ਦਰਸਾਉਂਦੀਆਂ ਹਨ ਕਿ ਸਮਾਜਵਾਦੀਆਂ ਅਤੇ ਅਰਾਜਕਤਾਵਾਦੀਆਂ ਦੀ ਸੰਗਤ ਕਰਨ ਵਾਲੇ ਲੋਕਾਂ ਉਪਰ ਨਜ਼ਰ ਰੱਖੀ ਜਾਂਦੀ ਸੀ।[79]

ਘੋਰ ਨਸਲਵਾਦ ਅਤੇ ਵਿਦਿਆਰਥੀਆਂ, ਸਮਾਜਵਾਦੀਆਂ, ਹੋਰ ਕੌਮੀਅਤਾਂ ਦੇ ਇਨਕਲਾਬੀਆਂ ਅਤੇ ਹਮਦਰਦਾਂ ਨਾਲ ਮੇਲ-ਮਿਲਾਪ ਨੇ ਹਿੰਦੁਸਤਾਨੀ ਆਵਾਸੀਆਂ ਦੀਆਂ ਇਕ ਗ਼ੁਲਾਮ ਕੌਮ ਹੋਣ ਦੀ ਹਕੀਕਤ ਬਾਰੇ ਅੱਖਾਂ ਖੋਲ੍ਹ ਦਿੱਤੀਆਂ। ਉਨ੍ਹਾਂ ਨੂੰ ਸਮਝ ਆ ਗਿਆ ਕਿ ਬਦੇਸ਼ਾਂ ਵਿਚ ਉਨ੍ਹਾਂ ਦੇ ਦੁੱਖ-ਤਕਲੀਫ਼ਾਂ ਅਤੇ ਹਮਲਿਆਂ ਦੇ ਸ਼ਿਕਾਰ ਹੋਣ ਦੀ ਮੂਲ ਵਜ੍ਹਾ ਉਨ੍ਹਾਂ ਦੇ ਵਤਨ ਦੀ ਗ਼ੁਲਾਮੀ ਹੈ।[80] ਆਹਿਸਤਾ-ਆਹਿਸਤਾ ਅਤੇ ਲਾਜ਼ਮੀ ਤੌਰ 'ਤੇ ਇਨ੍ਹਾਂ ਘਿਣਾਉਣੀਆਂ ਘਟਨਾਵਾਂ ਨੇ ਭਕਨਾ ਸਮੇਤ ਹਿੰਦੁਸਤਾਨੀ ਆਵਾਸੀਆਂ ਨੂੰ ਜਥੇਬੰਦ ਹੋਣ ਅਤੇ ਨਸਲੀ ਹਿੰਸਾ ਨਾਲ ਟੱਕਰ ਲੈਣ ਦੀ ਸੂਝ ਦਿੱਤੀ। ਉਨ੍ਹਾਂ ਨੇ ਜ਼ਲਾਲਤ ਸਹਿਣ ਦੀ ਥਾਂ ਹਥਿਆਰ ਖ਼ਰੀਦਣ ਅਤੇ ਟੱਕਰ ਲੈਣ ਦਾ ਫ਼ੈਸਲਾ ਕਰ ਲਿਆ। ਇਕ ਐਸੇ ਗਰੁੱਪ ਦੀ ਬੁਨਿਆਦ ਤਿਆਰ ਹੋ ਗਈ ਸੀ ਜਿਸ ਨੇ ਕੁਲ ਹਿੰਦੁਸਤਾਨੀ ਪ੍ਰਵਾਸੀਆਂ ਨੂੰ ਉਨ੍ਹਾਂ ਦੇ ਮਜ਼੍ਹਬੀ ਅਕੀਦਿਆਂ ਅਤੇ ਜਾਤਾਂ ਤੋਂ ਉਪਰ ਉੱਠਕੇ ਇਕੱਠੇ ਕਰ ਦਿੱਤਾ।[81]

ਇਨਕਲਾਬ ਦਾ ਰਾਹ

ਸਰਹੱਦੋਂ ਪਾਰ ਕੈਨੇਡਾ ਵਿਚ ਆਪਣੇ ਹਮ-ਵਤਨੀਆਂ ਦੇ ਨਕਸ਼ੇ-ਕਦਮਾਂ 'ਤੇ ਚਲਦਿਆਂ, ਜਿਨ੍ਹਾਂ ਨੇ ਵੈਨਕੂਵਰ ਵਿਚ ਸਿੱਖ ਗੁਰਦੁਆਰਾ ਬਣਾ ਲਿਆ ਸੀ, ਅਮਰੀਕਾ ਦੇ ਹਿੰਦੁਸਤਾਨੀ ਪ੍ਰਵਾਸੀਆਂ ਨੇ ਇਕ ਜਥੇਬੰਦੀ ਬਣਾਉਣ ਦਾ ਤਹੱਈਆ ਕਰ ਲਿਆ ਜੋ ਬਦੇਸ਼ ਵਿਚ ਉਨ੍ਹਾਂ ਦੇ ਸਾਂਝੇ ਹਿੱਤਾਂ ਲਈ ਅਤੇ ਹਿੰਦੁਸਤਾਨ ਵਿਚ ਬਸਤੀਵਾਦੀ ਰਾਜ ਦੇ ਖਿਲਾਫ਼ ਲੜਾਈ ਲੜੇ। ਉਹ ਇਸ ਦੇ ਕਾਇਲ ਸਨ ਕਿ ਜਦੋਂ ਤਕ ਹਿੰਦੁਸਤਾਨ ਆਜ਼ਾਦ ਨਹੀਂ ਹੋ ਜਾਂਦਾ ਉਨ੍ਹਾਂ ਨੂੰ ਬਦੇਸ਼ਾਂ ਵਿਚ ਬਣਦਾ ਮਾਣ-ਸਤਿਕਾਰ ਨਹੀਂ ਮਿਲੇਗਾ।[82]

ਵੈਨਕੂਵਰ ਵਿਚ ਸਿੱਖ ਗੁਰਦੁਆਰਾ ਦੀ ਜ਼ਰੂਰਤ ਇਸ ਹਕੀਕਤ ਵਿੱਚੋਂ ਵੀ ਲਾਜ਼ਮੀ ਹੋ ਗਈ ਸੀ ਕਿ ਸਿੱਖ ਹਿੰਦੁਸਤਾਨੀ ਆਵਾਸੀਆਂ ਦਾ 95ਫ਼ੀਸਦੀ ਬਣਦੇ ਸਨ। ਫਿਰ ਵੀ ਉਹ ਜਾਤਪਾਤ, ਫਿਰਕੇ ਜਾਂ ਧਰਮ ਦੀ ਵਿਚਾਰ ਕੀਤੇ ਬਗ਼ੈਰ ਸਾਰਿਆਂ ਲਈ ਲੰਗਰ ਅਤੇ ਆਸਰਾ ਮੁਹੱਈਆ ਕਰਦੇ ਸਨ।[83] ਆਹਿਸਤਾ-ਆਹਿਸਤਾ ਇਹ ਗੁਰਦੁਆਰੇ ਆਪਣੇ ਨਾਲ ਬਦਸਲੂਕੀ ਅਤੇ ਸਵੈਰਾਜ ਦੀ ਤਾਂਘ ਦੋਹਾਂ ਪੱਖਾਂ ਤੋਂ 'ਸਿਆਸੀ ਰੰਗ 'ਚ ਰੰਗੇ ਰੋਸ-ਪ੍ਰਗਟਾਵੇ ਦੇ ਧੁਰੇ' ਬਣ ਗਏ।[84]

ਖ਼ਾਸ ਤੌਰ 'ਤੇ, 1909 'ਚ ਸਾਬਕਾ ਬਰਤਾਨਵੀ ਹਿੰਦੁਸਤਾਨੀ ਫ਼ੌਜੀਆਂ ਨੇ ਵੈਨਕੂਵਰ ਦੇ ਸਿੱਖ ਗੁਰਦੁਆਰੇ ਵਿਚ ਆਪਣੀਆਂ ਫ਼ੌਜੀ ਵਰਦੀਆਂ ਅਤੇ ਫ਼ੌਜ ਦੇ ਸਰਟੀਫਿਕੇਟ ਅੱਗ ਲਾਕੇ ਫੂਕ ਦਿੱਤੇ ਅਤੇ ਵਿਤਕਰੇ ਵਾਲੀਆਂ ਇਮੀਗ੍ਰੇਸ਼ਨ ਨੀਤੀਆਂ ਦੇ ਖ਼ਿਲਾਫ਼ ਰੋਸ ਵਜੋਂ ਕਰਾਊਨ ਨਾਲੋਂ ਸਾਰੇ ਸਬੰਧ ਤੋੜ ਲਏ।[85] ਇਹ ਉਸ ਵਕਤ ਦਾ ਬਹੁਤ ਹੀ ਰੈਡੀਕਲ ਘਟਨਾ-ਵਿਕਾਸ ਸੀ ਕਿਉਂਕਿ ਹਿੰਦੁਸਤਾਨ ਵਿਚਲਾ ਸਿੱਖ ਪੁਜਾਰੀ ਲਾਣਾ ਬਰਤਾਨਵੀ ਸਲਤਨਤ ਦੇ ਹੱਕ 'ਚ ਡੱਟਿਆ ਹੋਇਆ ਸੀ। ਬਣਨ ਜਾ ਰਹੀ ਗ਼ਦਰ ਪਾਰਟੀ ਦੇ ਮੁਰੀਦ ਵੈਨਕੂਵਰ ਵਿਚ ਵੱਡੀ ਤਾਦਾਦ 'ਚ ਪਹਿਲਾਂ ਹੀ ਮੌਜੂਦ ਸਨ। ਸੰਘਰਸ਼ ਦੌਰਾਨ ਕੈਨੇਡਾ ਦੇ 14 ਤੋਂ ਵੱਧ ਗ਼ਦਰੀ ਕਾਰਕੁਨਾਂ ਨੇ ਆਪਣੀਆਂ ਜਾਨਾਂ ਵਾਰੀਆਂ।[86]

ਬਰਤਾਨਵੀ ਹਕੂਮਤ ਨਾਲ ਸਿੱਧੀ ਟੱਕਰ ਦੀ ਸੁਰ ਪਹਿਲਾਂ ਕੈਨੇਡਾ ਵਿਚ ਤੈਅ ਹੋਈ ਜਿਸ ਤੋਂ ਪਿੱਛੋਂ 21 ਅਪ੍ਰੈਲ 1913 ਨੂੰ ਹਿੰਦੀ ਐਸੋਸੀਏਸ਼ਨ ਆਫ ਪੈਸੀਫਿਕ ਕੋਸਟ ਆਫ ਅਮੈਰਿਕਾ ਬਣਾਈ ਗਈ। ਜਿਸ ਦਾ ਪ੍ਰਧਾਨ ਭਕਨਾ ਨੂੰ ਅਤੇ ਜਨਰਲ ਸਕੱਤਰ ਸਾਨ ਫਰਾਂਸਿਸਕੋ ਤੋਂ ਹਿੰਦੂ ਵਿਦਵਾਨ ਹਰਦਿਆਲ ਨੂੰ ਬਣਾਇਆ ਗਿਆ। ਅਸਟੋਰੀਆ ਵਿਚ ਹੋਈ ਸਥਾਪਨਾ ਮੀਟਿੰਗ ਵਿਚ ਐਸੋਸੀਏਸ਼ਨ ਨੇ ਬਰਤਾਨਵੀ ਸਲਤਨਤ ਦੇ ਖ਼ਿਲਾਫ਼ ਹਥਿਆਰਬੰਦ ਬਗ਼ਾਵਤ ਸ਼ੁਰੂ ਕਰਨ ਅਤੇ ਹਿੰਦੁਸਤਾਨ ਵਿਚ ਇਕ ਜਮਹੂਰੀ ਗਣਰਾਜ ਕਾਇਮ ਕਰਨ ਦਾ ਫ਼ੈਸਲਾ ਲਿਆ। ਐਸੋਸੀਏਸ਼ਨ ਦਾ ਖ਼ਾਸਾ ਜਮਹੂਰੀ ਸੀ ਜਿਵੇਂ ਕਿ ਇਸ ਦੀ ਕੇਂਦਰੀ ਕਮੇਟੀ ਦੀ ਬਣਤਰ ਤੋਂ ਹੀ ਜ਼ਾਹਿਰ ਹੈ ਜਿਸ ਵਿਚ ਖ਼ਜ਼ਾਨਚੀ ਇਕ ਹੋਰ ਹਿੰਦੂ ਕਾਂਸ਼ੀਰਾਮ ਨੂੰ ਅਤੇ ਜਥੇਬੰਦਕ ਸਕੱਤਰ ਇਕ ਮੁਸਲਮਾਨ ਕਰੀਮ ਬਖ਼ਸ਼ ਨੂੰ ਲਿਆ ਗਿਆ ਸੀ। ਪਾਰਟੀ ਪ੍ਰੋਗਰਾਮ ਸਪਸ਼ਟ ਤੌਰ 'ਤੇ ਕਹਿੰਦਾ ਸੀ ਕਿ ਧਰਮ ਇਸਦੇ ਮੈਂਬਰਾਂ ਲਈ ਨਿੱਜੀ ਮਾਮਲਾ ਹੋਵੇਗਾ ਅਤੇ ਅਜਿਹੇ ਮਾਮਲਿਆਂ

ਉਪਰ ਕਿਸੇ ਤਰ੍ਹਾਂ ਦੇ ਬਹਿਸ-ਮੁਬਾਸੇ ਦੀ ਖੁੱਲ੍ਹ ਨਹੀਂ ਦਿੱਤੀ ਜਾਵੇਗੀ।[87]

ਪਾਰਟੀ ਅੰਦਰ ਜਾਤਪਾਤ ਲਈ ਕੋਈ ਥਾਂ ਨਹੀਂ ਸੀ ਅਤੇ ਸਾਰਿਆਂ ਨਾਲ ਬਰਾਬਰੀ ਵਾਲਾ ਸਲੂਕ ਕੀਤਾ ਜਾਂਦਾ ਸੀ। ਲੋਕਾਂ ਨੂੰ ਆਪਣੇ ਰੂਹਾਨੀ ਅਕੀਦੇ ਪਾਸੇ ਰੱਖਕੇ ਪਾਰਟੀ ਨੂੰ ਸਾਰੇ ਹਿੰਦੁਸਤਾਨੀਆਂ ਲਈ ਸਾਂਝੇ ਮੰਚ ਵਜੋਂ ਮਜ਼ਬੂਤ ਬਣਾਉਣ ਲਈ ਪ੍ਰੇਰਿਆ ਜਾਂਦਾ ਸੀ। ਸ਼ਾਕਾਹਾਰੀਆਂ ਜਾਂ ਮਾਸ ਖਾਣ ਵਾਲਿਆਂ, ਸੂਰ ਦਾ ਮਾਸ ਜਾਂ ਗਊ ਦਾ ਮਾਸ ਖਾਣ ਵਾਲਿਆਂ ਨਾਲ ਇਕੋ ਜਿਹਾ ਸਲੂਕ ਕੀਤਾ ਜਾਂਦਾ ਸੀ।[88] ਹਕੀਕਤ ਇਹ ਸੀ ਕਿ ਜਿਨ੍ਹਾਂ ਮਨਾਹੀਆਂ (taboos) ਨਾਲ 1857 ਦੀ ਬਗ਼ਾਵਤ ਭੜਕੀ ਸੀ ਉਨ੍ਹਾਂ ਨਾਲੋਂ ਇਨ੍ਹਾਂ ਸੰਭਾਵੀ ਗ਼ਦਰੀਆਂ ਨੇ ਨਾਤਾ ਤੋੜ ਲਿਆ ਸੀ।

ਪਹਿਲੀ ਨਵੰਬਰ 2013 ਨੂੰ, ਐਸੋਸੀਏਸ਼ਨ ਨੇ ਹਰਦਿਆਲ ਦੇ ਸੁਝਾਅ 'ਤੇ ਗ਼ਦਰ ਨਾਂ ਦਾ ਅਖ਼ਬਾਰ ਕੱਢਿਆ, ਜਿਸਦਾ ਵਿਸ਼ਵਾਸ ਸੀ ਕਿ ਇਸ ਨਾਲ 1857 ਦੇ ਗ਼ਦਰ ਦੀਆਂ ਯਾਦਾਂ ਮੁੜ-ਜਾਗ ਉੱਠਣਗੀਆਂ।[89] ਇਸ ਦਾ ਸੰਪਾਦਕ ਹਰਦਿਆਲ ਬਣਿਆ ਜਿਸ ਨੇ ਨਾ ਸਿਰਫ਼ ਹਥਿਆਰਬੰਦ ਬਗ਼ਾਵਤ ਦਾ ਹੋਕਾ ਦਿੱਤਾ, ਸਗੋਂ ਹਿੰਦੁਸਤਾਨ ਵਿਚ ਬਰਤਾਨਵੀ ਹੁਕਮਰਾਨਾਂ ਦੇ ਜ਼ੁਲਮਾਂ ਨੂੰ ਵੀ ਨੰਗਿਆਂ ਕੀਤਾ।[90]

ਆਪਣੇ ਰੈਡੀਕਲ ਤੱਤ ਕਾਰਨ ਅਖ਼ਬਾਰ ਛੇਤੀ ਹੀ ਹਰਮਨਪਿਆਰਾ ਹੋ ਗਿਆ ਜਿਸ ਦੇ ਸਿੱਟੇ ਵਜੋਂ ਐਸੋਸੀਏਸ਼ਨ ਗ਼ਦਰ ਪਾਰਟੀ ਵਜੋਂ ਮਸ਼ਹੂਰ ਹੋ ਗਈ।[91]

ਪਾਰਟੀ ਨੇ ਆਪਣਾ ਸਦਰ-ਮੁਕਾਮ ਸਾਨ ਫਰਾਂਸਿਸਕੋ ਵਿਚ ਬਣਾਇਆ ਕਿਉਂਕਿ ਇਸ ਨੂੰ ਚੀਨ, ਆਇਰਲੈਂਡ, ਪੋਲੈਂਡ ਅਤੇ ਰੂਸ ਦੇ ਇਨਕਲਾਬੀਆਂ ਦਾ ਅੱਡਾ ਮੰਨਿਆ ਜਾਂਦਾ ਸੀ। ਪਾਰਟੀ ਦਫ਼ਤਰ ਅਤੇ ਗ਼ਦਰ ਅਖ਼ਬਾਰ ਦੋਵਾਂ ਦਾ ਸੰਚਾਲਨ ਇਕ ਕਿਰਾਏ ਦੀ ਇਮਾਰਤ ਤੋਂ ਕੀਤਾ ਜਾਂਦਾ ਸੀ।[92]

ਗ਼ਦਰੀ ਆਗੂ ਹੁਣ ਹਿੰਦੁਸਤਾਨ ਵਿਚ ਹਥਿਆਰਬੰਦ ਬਗ਼ਾਵਤ ਵਿੱਢਣ ਦੇ ਪਲ ਦਾ ਬੇਸਬਰੀ ਨਾਲ ਇਤਜ਼ਾਰ ਕਰਨ ਲੱਗੇ। ਜਿਉਂ-ਜਿਉਂ ਬਰਤਾਨੀਆ ਅਤੇ ਜਰਮਨੀ ਦਰਮਿਆਨ ਸੰਕਟ ਵਧ ਰਿਹਾ ਸੀ ਉਹ ਦੋ ਮਹਾਂ ਤਾਕਤਾਂ ਦਰਮਿਆਨ ਮੁਕੰਮਲ ਜੰਗ ਲੱਗਣ ਦੀ ਸੂਰਤ 'ਚ ਹਮਲਾ ਕਰਨ ਦੇ ਮੌਕੇ ਦੀ ਤਾੜ 'ਚ ਸਨ। ਉਨ੍ਹਾਂ ਦੀਆਂ ਆਪਣੀਆਂ ਗਿਣਤੀਆਂ-ਮਿਣਤੀਆਂ ਇਹ ਸਨ ਕਿ ਇਨ੍ਹਾਂ ਦੋਵਾਂ ਮੁਲਕਾਂ ਵਿਚ ਜੰਗ ਸ਼ੁਰੂ ਹੋਣ ਨੂੰ ਕਈ ਵਰ੍ਹੇ ਲੱਗ ਜਾਣਗੇ ਅਤੇ ਉਹ ਪਹਿਲਾਂ 1925 'ਚ ਹਿੰਦੁਸਤਾਨ ਦੇ ਕਸ਼ਮੀਰ ਇਲਾਕੇ ਨੂੰ ਆਜ਼ਾਦ ਕਰਾਉਣਗੇ।[93] ਅਜਿਹੇ ਇਮਕਾਨ ਨੂੰ ਮੱਦੇਨਜ਼ਰ ਰੱਖਦਿਆਂ ਇਨਕਲਾਬੀਆਂ ਵਿਚਲੇ ਬੁੱਧੀਜੀਵੀਆਂ ਨੇ ਸਿਆਸੀ ਅਤੇ ਫ਼ੌਜੀ ਮਦਦ ਲਈ ਜਰਮਨਾਂ ਨਾਲ ਸਾਂਝ ਬਣਾਉਣੀ ਸ਼ੁਰੂ ਕਰ ਦਿੱਤੀ। ਹਰਦਿਆਲ ਵਰਗੇ ਲੋਕ ਜੰਗ ਨੂੰ ਹਿੰਦੁਸਤਾਨ ਵਿਚ ਰਾਜ ਦਾ ਤਖ਼ਤ ਉਲਟਾਉਣ ਅਤੇ ਹਿੰਦੁਸਤਾਨ ਤੇ ਜਰਮਨੀ ਦੇ ਸਾਂਝੇ ਕਾਜ ਵਜੋਂ ਬਰਤਾਨਵੀ ਰਾਜ ਦਾ ਅੰਤ ਕੀਤੇ ਜਾਣ ਦਾ ਸੁਨਹਿਰੀ ਮੌਕਾ ਸਮਝਦੇ ਸਨ। ਇਹ ਇਤਫ਼ਾਕ ਨਹੀਂ ਸੀ ਕਿ ਬਾਅਦ ਵਿਚ ਜਰਮਨ ਬਦੇਸ਼ ਦਫ਼ਤਰ ਦੀ ਪਹਿਲਕਦਮੀਂ ਨਾਲ ਹਿੰਦੁਸਤਾਨੀ ਆਜ਼ਾਦੀ ਕਮੇਟੀ ਕਾਇਮ ਕੀਤੀ ਗਈ।[94]

ਮਾਰਚ 1914 'ਚ ਅਮਰੀਕਾ ਵਿਚ ਅਰਾਜਕਤਾ ਫੈਲਾਉਣ ਦੇ ਇਲਜ਼ਾਮ 'ਚ ਹਰਦਿਆਲ ਦੇ ਵਾਰੰਟ ਜਾਰੀ ਕਰ ਦਿੱਤੇ ਗਏ। ਗ਼ਦਰ ਪਾਰਟੀ ਦਾ ਵਿਸ਼ਵਾਸ ਸੀ ਕਿ ਇਹ ਬਰਤਾਨਵੀ ਹਕੂਮਤ ਦੇ ਦਬਾਅ ਹੇਠ ਕੀਤਾ ਗਿਆ ਸੀ। ਉਸ ਨੂੰ 1907 ਦੀ ਕਿਸਾਨ ਲਹਿਰ ਦੇ ਜਲਾਵਤਨ ਆਗੂ ਅਜੀਤ ਸਿੰਘ ਕੋਲ ਭੇਜਣ ਦਾ ਫ਼ੈਸਲਾ ਲਿਆ ਗਿਆ ਜੋ ਸਵਿਟਜ਼ਰਲੈਂਡ ਵਿਚ ਰਹਿ ਰਹੇ ਸਨ। ਹਰਦਿਆਲ ਦੇ ਅਮਰੀਕਾ ਤੋਂ ਚਲੇ ਜਾਣ ਲਈ ਮਜਬੂਰ ਹੋਣ ਤੋਂ ਬਾਅਦ ਵੀ ਪਾਰਟੀ ਵਧਦੀ-ਫੁਲਦੀ ਰਹੀ ਇਸ ਨਾਲ ਬਰਤਾਨਵੀ ਹਕੂਮਤ ਦੀਆਂ ਕੁਲ ਗਿਣਤੀਆਂ-ਮਿਣਤੀਆਂ ਪੁੱਠੀਆਂ ਪੈ ਗਈਆਂ।[95]

ਇਸ ਘਟਨਾਕ੍ਰਮ ਤੋਂ ਪਿੱਛੋਂ, ਜਥੇਬੰਦੀ ਦਾ ਕੰਮ ਸੰਭਾਲਣ ਲਈ ਭਕਨਾ ਸਾਨ ਫਰਾਂਸਿਸਕੋ ਚਲੇ ਗਏ ਜਦਕਿ ਰਾਮ ਚੰਦਰ ਨੇ ਸੰਪਾਦਕ ਵਜੋਂ ਹਰਦਿਆਲ ਦੀ ਥਾਂ ਲੈ ਲਈ। ਗ਼ਦਰੀ ਕਾਰਕੁਨਾਂ ਨੇ ਹਥਿਆਰਾਂ ਦੀ ਸਿਖਲਾਈ ਲੈਣੀ ਸ਼ੁਰੂ ਕਰ ਦਿੱਤੀ। ਆਇਰਿਸ਼ ਗਰੁੱਪ ਦੀ ਮਦਦ ਨਾਲ ਉਨ੍ਹਾਂ ਨੇ ਬੰਬ ਬਣਾਉਣ ਦੀ ਤਕਨੀਕ ਸਿੱਖਣੀ ਸ਼ੁਰੂ ਕਰ ਦਿੱਤੀ। ਜਿਸ ਦੌਰਾਨ ਹਰਨਾਮ ਸਿੰਘ ਟੁੰਡੀਲਾਟ ਦੀ ਬਾਂਹ ਉਡ ਗਈ। ਜਦੋਂ ਇਹ ਹਾਦਸਾ ਵਾਪਰਿਆ ਭਕਨਾ ਉਥੇ ਮੌਜੂਦ ਸੀ ਅਤੇ ਉਸਨੇ ਹਰਨਾਮ ਸਿੰਘ ਦੀ ਜ਼ਖ਼ਮੀ ਬਾਂਹ ਦੁਆਲੇ ਆਪਣੀ ਪੱਗ ਲਪੇਟਕੇ ਉਸ ਨੂੰ ਸੰਭਾਲਿਆ ਸੀ। ਇਸ ਕਾਂਡ ਤੋਂ ਪਿੱਛੋਂ ਹੀ ਉਹ ਟੁੰਡੀਲਾਟ (ਕੱਟੀ ਬਾਂਹ ਵਾਲੇ) ਵਜੋਂ ਮਸ਼ਹੂਰ ਹੋਏ।[96]

ਗ਼ਦਰ ਪਾਰਟੀ ਦੀ ਸਾਰੇ ਫਿਰਕਿਆਂ ਨੂੰ ਜੋੜਨ ਦੀ ਕਾਬਲੀਅਤ ਅਤੇ ਇਸ ਦੇ ਇਕ ਧਰਮਨਿਰਪੱਖ, ਨਿਆਂਪੂਰਨ ਅਤੇ ਜਮਹੂਰੀ ਸਮਾਜ ਦੇ ਫ਼ਰਮਾਨ ਨੇ ਲਾਜ਼ਮੀ ਹੀ ਭਕਨਾ ਅਤੇ ਉਸਦੇ ਸਾਥੀਆਂ ਨੂੰ ਸਮਾਜੀ ਬਰਾਬਰੀ ਹਾਸਲ ਕਰਨ ਲਈ ਆਪਣੀਆਂ ਜ਼ਿੰਦਗੀਆਂ ਵਾਰਨ ਲਈ ਪ੍ਰੇਰਤ ਕੀਤਾ ਹੋਵੇਗਾ।

ਹਿੰਦੁਸਤਾਨ ਵੱਲ ਚਾਲੇ

ਗ਼ਦਰ ਪਾਰਟੀ, ਜੋ ਓਦੋਂ ਤਕ ਹਿੰਦੁਸਤਾਨ ਵਿਚ ਰਾਜ-ਪਲਟੇ ਦੀਆਂ ਤਿਆਰੀਆਂ 'ਚ ਮਸਰੂਫ਼ ਸੀ, ਦੀਆਂ ਗਿਣਤੀਆਂ-ਮਿਣਤੀਆਂ ਦੇ ਉਲਟ ਅਗਸਤ 1914 'ਚ ਬਰਤਾਨੀਆ ਅਤੇ ਜਰਮਨੀ ਦਰਮਿਆਨ ਜੰਗ ਛਿੜ ਗਈ। ਫਿਰ ਵੀ ਗ਼ਦਰ ਕਾਰਕੁਨਾਂ ਵਿਚ ਜੋਸ਼ ਠਾਠਾਂ ਮਾਰ ਰਿਹਾ ਸੀ ਜੋ ਹਿੰਦੁਸਤਾਨ ਨੂੰ ਚਾਲੇ ਪਾਉਣ ਅਤੇ ਜਰਮਨੀ ਦੀ ਮਦਦ ਨਾਲ ਫ਼ੌਜਾਂ ਅੰਦਰ ਬਗ਼ਾਵਤ ਕਰਵਾਉਣ ਲਈ ਬੇਤਾਬ ਸਨ। ਗ਼ਦਰ ਅਖ਼ਬਾਰ ਨੇ ਬਗ਼ਾਵਤ ਦਾ ਖੁੱਲ੍ਹਾ ਸੱਦਾ ਦਿੱਤਾ।[97]

ਜੰਗ ਦਾ ਐਲਾਨ 5 ਅਗਸਤ 1914 ਨੂੰ ਹੋਇਆ ਅਤੇ ਗ਼ਦਰੀ ਕਾਰਕੁੰਨਾਂ ਵਲੋਂ ਜਨਤਕ ਇਕੱਠ ਕਰਨ ਦੀ ਮੁਹਿਮ ਵਿੱਢ ਦਿੱਤੀ ਗਈ। ਇਹ ਤੈਅ ਹੋਇਆ ਕਿ ਨਵੰਬਰ 1914 ਦੇ ਪਹਿਲੇ ਹਫ਼ਤੇ ਸਾਰੇ ਹਿੰਦੁਸਤਾਨੀ ਗ਼ਦਰ ਸ਼ੁਰੂ ਕਰਨ ਲਈ ਆਪਣੇ ਵਤਨ ਲਈ ਚੱਲ ਪੈਣਗੇ।[98]

ਓਦੋਂ ਹੀ ਵੈਨਕੂਵਰ ਵਿਚ ਇਕ ਅਹਿਮ ਕਾਂਡ ਹੋਇਆ ਜਿਸ ਨੇ ਗ਼ਦਰ ਲਹਿਰ ਵਿਚ ਹੋਰ ਜੋਸ਼ ਭਰ ਦਿੱਤਾ। ਕਾਮਾਗਾਟਾ ਮਾਰੂ ਨਾਂ ਦੇ ਇਕ ਜਪਾਨੀ ਜਹਾਜ਼, ਜਿਸ ਉਪਰ 300 ਤੋਂ

ਵੱਧ ਹਿੰਦੁਸਤਾਨੀ ਮੁਸਾਫ਼ਰ ਸਵਾਰ ਸਨ, ਨੂੰ ਵਿਤਕਰੇਬਾਜ਼ ਇਮੀਗਰੇਸ਼ਨ ਕਾਨੂੰਨ ਤਹਿਤ ਕੈਨੇਡਾ ਦੀ ਸਰਕਾਰ ਨੇ ਵਾਪਸ ਮੁੜਨ ਲਈ ਮਜਬੂਰ ਕਰ ਦਿੱਤਾ। ਇਹ ਕਾਨੂੰਨ ਦੱਖਣੀ ਏਸ਼ੀਆਈ ਪ੍ਰਵਾਸੀਆਂ ਨੂੰ ਉੱਥੋਂ ਕੱਢਣ ਦੇ ਮਨੋਰਥ ਨਾਲ ਬਣਾਇਆ ਗਿਆ ਸੀ। ਜਦੋਂ ਮਈ 1914 'ਚ ਇਹ ਸਮੁੰਦਰੀ ਜਹਾਜ਼ ਵੈਨਕੂਵਰ ਪਹੁੰਚਿਆ ਤਾਂ ਇਨ੍ਹਾਂ ਮੁਸਾਫ਼ਰਾਂ ਨੂੰ ਉਤਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ। ਦੋ ਮਹੀਨੇ ਇਹ ਜਹਾਜ਼ ਸਮੁੰਦਰ ਵਿਚ ਹੀ ਉਸੇ ਥਾਂ ਖੜ੍ਹਾ ਰਿਹਾ ਅਤੇ 23 ਜੁਲਾਈ 1914 ਨੂੰ ਬੰਦੂਕਾਂ ਦੀ ਛਾਂ ਹੇਠ ਵਾਪਸ ਮੋੜ ਦਿੱਤਾ ਗਿਆ। *ਗ਼ਦਰ* ਅਖ਼ਬਾਰ ਨੇ ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਨਾਲ ਇਕਮੁੱਠਤਾ ਦਾ ਇਜ਼ਹਾਰ ਕਰਦਿਆਂ ਵਿਸ਼ੇਸ਼ ਅੰਕ ਛਾਪਿਆ।[99] ਪਾਰਟੀ ਦਾ ਵੈਨਕੂਵਰ ਦੀ ਹਿੰਦੁਸਤਾਨੀਆਂ ਦੀ ਕਮੇਟੀ ਨਾਲ ਵੀ ਰਾਬਤਾ ਸੀ ਜੋ ਜਹਾਜ਼ ਦੇ ਮੁਸਾਫ਼ਰਾਂ ਦੀ ਸਹਾਇਤਾ ਕਰ ਰਹੀ ਸੀ। ਇਸ ਨੂੰ ਵਾਪਸ ਭੇਜੇ ਜਾਣ ਤੋਂ ਬਾਅਦ, ਭਕਨਾ ਦੀ ਡਿਊਟੀ ਜਪਾਨ ਜਾਕੇ ਇਸ ਦੇ ਮੁਸਾਫ਼ਰਾਂ ਨਾਲ ਸੰਪਰਕ ਕਰਕੇ ਉਨ੍ਹਾਂ ਨੂੰ ਭਵਿੱਖੀ ਬਗ਼ਾਵਤ ਲਈ ਹਥਿਆਰ ਦੇਣ ਦੀ ਲੱਗੀ ਅਤੇ ਨਾਲ ਹੀ ਉਸਨੂੰ ਕਿਹਾ ਗਿਆ ਕਿ ਇਸ ਤੋਂ ਬਾਅਦ ਉਹ ਜਹਾਜ਼ ਫੜਕੇ ਹਿੰਦੁਸਤਾਨ ਜਾ ਕੇ ਗ਼ਦਰ ਲਹਿਰ ਜਥੇਬੰਦ ਕਰੇ।[100]

ਭਕਨਾ ਨਾ ਸਿਰਫ਼ ਜਹਾਜ਼ ਉਪਰ ਹਥਿਆਰ ਪੁੱਜਦੇ ਕਰਨ 'ਚ ਕਾਮਯਾਬ ਹੋਇਆ, ਉਸ ਨੇ ਜਪਾਨ ਵਿਚ ਇਕ ਜਰਮਨ ਕੌਂਸਲਰ ਨੂੰ ਮਿਲਕੇ ਕਾਮਾਗਾਟਾ ਦੀ ਹਿਫਾਜ਼ਤ ਯਕੀਨੀ ਵੀ ਬਣਾਈ ਜਦੋਂ ਇਹ ਹਿੰਦੁਸਤਾਨ ਨੂੰ ਵਾਪਸ ਜਾ ਰਿਹਾ ਸੀ। ਜੰਗ ਲੱਗੀ ਹੋਣ ਕਾਰਨ, ਜਰਮਨ ਪਣਡੁੱਬੀਆਂ ਤੋਂ ਜਹਾਜ਼ ਨੂੰ ਭਾਰੀ ਖ਼ਤਰਾ ਸੀ ਜੋ ਦੁਸ਼ਮਣ ਦੇ ਸਮੁੰਦਰੀ ਜਹਾਜ਼ਾਂ ਨੂੰ ਨਿਸ਼ਾਨਾ ਬਣਾਉਣ ਲਈ ਸਾਗਰ ਵਿਚ ਦਣਦਣਾ ਰਹੀਆਂ ਸਨ।[101]

ਜਦੋਂ ਸਤੰਬਰ 1914 'ਚ ਕਾਮਾਗਾਟਾ ਮਾਰੂ ਹਿੰਦੁਸਤਾਨ ਵਿਚ ਕਲਕੱਤਾ ਨੇੜੇ ਪਹੁੰਚਿਆ, ਉਥੇ ਹੋਈ ਗੋਲੀਬਾਰੀ ਨਾਲ 22 ਲੋਕ ਮਾਰੇ ਗਏ।[102] ਟਕਰਾਅ ਓਦੋਂ ਹੋਇਆ ਜਦੋਂ ਪੁਲਿਸ ਨੇ ਉਨ੍ਹਾਂ ਨੂੰ ਬਾਗ਼ੀ ਹੋਣ ਦੇ ਸ਼ੱਕ 'ਚ ਇਕ ਖ਼ਾਸ ਰੇਲਗੱਡੀ ਰਾਹੀਂ ਧੱਕੇ ਨਾਲ ਪੰਜਾਬ ਭੇਜਣਾ ਚਾਹਿਆ।[103]

ਇਸ ਕਾਂਡ ਨੇ ਬਲਦੀ ਉਪਰ ਤੇਲ ਪਾ ਦਿੱਤਾ ਅਤੇ ਬਹੁਤ ਸਾਰੇ ਕਾਰਕੁਨਾਂ ਨੂੰ ਹਿੰਦੁਸਤਾਨ ਵਾਪਸ ਚਲੇ ਜਾਣ ਲਈ ਉਤਸ਼ਾਹਤ ਕੀਤਾ – ਜੋ ਇਸ ਨੂੰ "ਕਰੋ ਜਾਂ ਮਰੋ" ਵਾਲੀ ਹਾਲਤ ਸਮਝਦੇ ਸਨ।[104]

1916 ਤਕ ਬੇਸ਼ੁਮਾਰ ਹਿੰਦੁਸਤਾਨੀ ਕਾਰਕੁੰਨ ਵਤਨ ਵਾਪਸ ਮੁੜ ਆਏ ਸਨ। ਉਨ੍ਹਾਂ ਵਿੱਚੋਂ ਬਹੁਤ ਸਾਰੇ ਗ੍ਰਿਫ਼ਤਾਰ ਕਰ ਲਏ ਗਏ ਜਦਕਿ ਜਿਹੜੇ ਗ੍ਰਿਫ਼ਤਾਰੀ ਤੋਂ ਬਚ ਗਏ ਉਨ੍ਹਾਂ ਨੇ ਆਪਣੀਆਂ ਸਰਗਰਮੀਆਂ ਪੂਰੀ ਇਹਤਿਹਾਤ ਨਾਲ ਜਾਰੀ ਰੱਖੀਆਂ।[105]

ਗ੍ਰਿਫ਼ਤਾਰੀਆਂ ਅਤੇ ਮੁਕੱਦਮੇ

ਅਕਤੂਬਰ 1914 'ਚ ਹਿੰਦੁਸਤਾਨ ਪਹੁੰਚਣ 'ਤੇ ਭਕਨਾ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਸਨੂੰ ਅਤੇ ਉਸਦੇ ਨਾਲ ਗ੍ਰਿਫ਼ਤਾਰ ਕੀਤੇ ਗ਼ਦਰੀਆਂ ਨੂੰ ਪੰਜਾਬ ਲਿਜਾਇਆ ਗਿਆ

ਅਤੇ ਮੁਲਤਾਨ ਜੇਲ੍ਹ ਵਿਚ ਡੱਕ ਦਿੱਤਾ ਗਿਆ। ਭਾਵੇਂ ਉਹ ਜੇਲ੍ਹ ਬੰਦ ਹੋਣ ਕਾਰਨ ਗ਼ਦਰ ਲਹਿਰ ਨੂੰ ਅਗਵਾਈ ਦੇਣ ਤੋਂ ਅਸਮਰੱਥ ਸੀ ਪਰ ਹੋਰ ਕਾਰਕੁਨ ਆਪਣੇ ਸੰਗਰਾਮ ਨੂੰ ਅੱਗੇ ਵਧਾਉਣ ਲਈ ਹਿੰਦੁਸਤਾਨ ਦੇ ਵੱਖੋ-ਵੱਖਰੇ ਹਿੱਸਿਆਂ ਵਿਚ ਫੈਲ ਗਏ।[106]

ਜਦੋਂ ਗ਼ਦਰੀ ਕਾਰਕੁਨ ਹਿੰਦੁਸਤਾਨ ਵਾਪਸ ਆਏ, ਉਨ੍ਹਾਂ ਦੇ ਵਤਨ ਦੀਆਂ ਜ਼ਮੀਨੀ ਹਕੀਕਤਾਂ ਉਨ੍ਹਾਂ ਦੀ ਕਲਪਨਾ ਤੋਂ ਪੂਰੀ ਤਰ੍ਹਾਂ ਵੱਖਰੀਆਂ ਸਨ। ਲੋਕ ਬਦਲਾਓ ਲਈ ਤਿਆਰ ਨਹੀਂ ਸਨ।[107] ਇਥੇ ਹੀ ਬਸ ਨਹੀਂ, ਅੰਗਰੇਜ਼-ਭਗਤ ਸਿੱਖ ਪੁਰੋਹਤ ਲਾਣੇ ਨੇ ਗ਼ਦਰੀ ਕਾਰਕੁਨਾਂ ਨੂੰ "ਗ਼ਦਾਰ ਸਿੱਖ" ਅਤੇ ਕਾਫ਼ਰ ਕਰਾਰ ਦੇ ਦਿੱਤਾ।[108] ਚੀਫ਼ ਖ਼ਾਲਸਾ ਦੀਵਾਨ ਨੇ ਤਾਂ ਇਸ ਤੋਂ ਵੀ ਅੱਗੇ ਜਾ ਕੇ ਉਨ੍ਹਾਂ ਨੂੰ ਸਿੱਖ ਭਾਈਚਾਰੇ ਵਿੱਚੋਂ ਹੀ ਛੇਕ ਦਿੱਤਾ।[109]

ਇੱਥੋਂ ਤਕ ਕਿ ਪੁਲਿਸ ਨੇ ਭਕਨਾ ਨੂੰ ਉਸਦੇ ਗ਼ਦਰ ਪਾਰਟੀ ਦੇ ਹਿੰਦੂ ਸੰਗੀ-ਸਾਥੀਆਂ ਵਿਰੁੱਧ ਭੜਕਾਕੇ ਵਾਅਦਾ-ਮੁਆਫ਼ ਗਵਾਹ ਬਣਨ ਲਈ ਦਬਾਅ ਪਾਉਣ ਦੀ ਪੂਰੀ ਵਾਹ ਲਾਈ। ਇਕ ਸਿੱਖ ਅਫ਼ਸਰ ਨੇ ਉਸ ਨੂੰ ਕਿਹਾ ਕਿ ਉਸ ਨੂੰ ਗ਼ਦਰ ਪਾਰਟੀ ਵਿਚਲੇ ਸਿੱਖਾਂ ਨਾਲ ਪੂਰੀ ਹਮਦਰਦੀ ਹੈ ਜਿਨ੍ਹਾਂ ਨੂੰ ਹਰਦਿਆਲ ਵਰਗੇ ਹਿੰਦੂ ਨੇ ਕੁਰਾਹੇ ਪਾਇਆ ਹੋਇਆ ਹੈ, ਜਿਸ ਕਾਰਨ ਬਰਤਾਨਵੀ ਹਕੂਮਤ ਦਾ ਸਿੱਖ ਭਾਈਚਾਰੇ ਤੋਂ ਭਰੋਸਾ ਉੱਠ ਗਿਆ ਹੈ। ਸੱਚਾ ਧਰਮਨਿਰਪੱਖ ਭਕਨਾ ਪੁਲਿਸ ਦੇ ਜਾਲ ਵਿਚ ਨਹੀਂ ਫਸਿਆ।[110]

ਅਜਿਹੀਆਂ ਚੁਣੌਤੀਆਂ ਦੇ ਬਾਵਜੂਦ ਭਕਨਾ ਦੇ ਸਾਥੀ, ਜਿਨ੍ਹਾਂ ਵਿਚ ਕਰਤਾਰ ਸਿੰਘ ਸਰਾਭਾ ਵੀ ਸੀ, ਨਿਰਾਸ਼ ਨਹੀਂ ਹੋਏ। ਉਸਨੇ ਲੁਧਿਆਣਾ ਨੂੰ ਗ਼ਦਰੀ ਸਰਗਰਮੀਆਂ ਦਾ ਕੰਟਰੋਲ ਕੇਂਦਰ ਬਣਾ ਲਿਆ ਸੀ ਅਤੇ ਬਾਗ਼ੀਆਂ ਨੂੰ ਮੁੜ ਜਥੇਬੰਦ ਕਰਨ 'ਚ ਕਾਮਯਾਬ ਹੋ ਗਿਆ ਸੀ। ਉਸਨੇ ਵਿਦਿਆਰਥੀਆਂ ਵਿਚ ਅਧਾਰ ਤਿਆਰ ਕੀਤਾ ਅਤੇ ਦੂਰ-ਦਰਾਜ਼ ਸੂਬੇ ਬੰਗਾਲ ਦੇ ਇਨਕਲਾਬੀਆਂ ਨਾਲ ਸੰਪਰਕ ਬਣਾ ਲਏ। ਉਹ ਐਨਾ ਸਿਰਲੱਥ ਸੀ ਕਿ ਬੇਖ਼ੌਫ਼ ਹੋ ਕੇ ਪੁਲਿਸ ਹਿਰਾਸਤ ਵਿਚ ਬੰਦ ਭਕਨਾ ਨੂੰ ਜਾ ਮਿਲਿਆ ਸੀ।[111]

ਉਹ ਫ਼ੌਜ ਦੇ ਜਵਾਨਾਂ ਨੂੰ ਬਗ਼ਾਵਤ ਲਈ ਉਕਸਾਉਣ ਦੇ ਇਰਾਦੇ ਨਾਲ ਸਿੱਧਾ ਉਨ੍ਹਾਂ ਨੂੰ ਜਾ ਕੇ ਮਿਲਦਾ ਸੀ।[112] ਇਨ੍ਹਾਂ ਬੰਦਿਆਂ ਨੇ ਡਾਕੇ ਮਾਰਕੇ ਹਥਿਆਰਾਂ ਲਈ ਧਨ ਇਕੱਠਾ ਕਰਨ ਦੇ ਯਤਨ ਕੀਤੇ। ਸਰਾਭਾ ਨੇ ਇਹ ਯਕੀਨੀ ਬਣਾਇਆ ਕਿ ਕੋਈ ਵੀ ਇਨ੍ਹਾਂ ਕਾਰਵਾਈਆਂ ਵਿਚ ਨਿੱਜੀ ਲਾਭ ਲਈ ਸ਼ਾਮਲ ਨਾ ਹੋਵੇ।[113] ਉਸਨੇ ਆਮ ਲੋਕਾਂ ਨੂੰ ਕਾਇਲ ਕਰਨ ਦੀ ਪੂਰੀ ਵਾਹ ਲਾਈ ਕਿ ਉਹ ਇਹ ਕੰਮ ਬਰਤਾਨੀਆ ਦਾ ਜੂਲਾ ਖ਼ਤਮ ਕਰਕੇ ਆਜ਼ਾਦੀ ਲਿਆਉਣ ਦੀ ਖ਼ਾਤਰ ਕਰ ਰਹੇ ਸਨ।[114]

ਇੰਞ ਲਗਦਾ ਸੀ ਕਿ ਸਭ ਕੁਝ ਨਿਰਵਿਘਨ ਚੱਲ ਰਿਹਾ ਹੈ ਅਤੇ ਗ਼ਦਰੀ ਕਾਰਕੁਨਾਂ ਨੇ 21 ਫਰਵਰੀ 1915 ਨੂੰ ਫ਼ੌਜਾਂ ਵਿਚ ਗ਼ਦਰ ਕਰਨ ਦੀ ਵਿਉਂਤ ਬਣਾ ਲਈ ਸੀ। ਗ਼ਦਰ ਤੋਂ ਪਿੱਛੋਂ ਗ਼ਦਰ ਪਾਰਟੀ ਦਾ ਜੋ ਝੰਡਾ ਲਹਿਰਾਇਆ ਜਾਣਾ ਸੀ ਉਸ ਦੇ ਤਿੰਨ ਰੰਗ ਸਨ, ਸਭ ਤੋਂ ਉਪਰ ਲਾਲ, ਵਿਚਕਾਰ ਕੇਸਰੀ ਅਤੇ ਹੇਠਾਂ ਹਰਾ। ਇਹ ਤਿੰਨ ਰੰਗ ਗ਼ਦਰ ਪਾਰਟੀ ਦੀ

ਧਰਮਨਿਰਪੱਖ ਵਿਚਾਰਧਾਰਾ ਅਨੁਸਾਰ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਦੀ ਨੁਮਾਇੰਦਗੀ ਕਰਦੇ ਸਨ।[115]

ਪਰ ਇਸ ਗਰੁੱਪ ਵਿਚ ਵਾੜੇ ਆਪਣੇ ਸੂਹੀਆਂ ਦੀ ਮਦਦ ਨਾਲ ਹਕੂਮਤ ਨੇ ਇਹ ਸਾਜ਼ਿਸ਼ ਅਸਫ਼ਲ ਬਣਾ ਦਿੱਤੀ। 18 ਫਰਵਰੀ ਨੂੰ ਬਹੁਤ ਸਾਰੇ ਗ਼ਦਰੀ ਕਾਰਕੁਨ ਗ੍ਰਿਫ਼ਤਾਰ ਕਰ ਲਏ ਗਏ ਜਦਕਿ ਜਿਨ੍ਹਾਂ ਫ਼ੌਜੀ ਛਾਉਣੀਆਂ ਵਿਚ ਸੰਭਾਵੀ ਬਗ਼ਾਵਤ ਦਾ ਡਰ ਸੀ ਉਨ੍ਹਾਂ ਨੂੰ ਚੌਕਸ ਕਰ ਦਿੱਤਾ ਗਿਆ।[116] ਸਰਾਭਾ ਨੂੰ ਮਾਰਚ 1915 'ਚ ਗ੍ਰਿਫ਼ਤਾਰ ਕਰ ਲਿਆ ਗਿਆ।[117] ਵਕਤ ਦੀ ਘਾਟ ਕਾਰਨ ਗ਼ੈਰਪ੍ਰਪੱਕ ਵਿਉਂਤਬੰਦੀ ਦੇ ਨਾਲ-ਨਾਲ ਜਨਤਕ ਹਮਾਇਤ ਅਤੇ ਗੁਪਤ ਕੰਮ-ਢੰਗ ਦੀ ਅਣਹੋਂਦ ਦੇ ਸਿੱਟੇ ਵਜੋਂ ਹਕੂਮਤ ਗ਼ਦਰ ਨੂੰ ਕਾਰਗਰ ਢੰਗ ਨਾਲ ਦਬਾਉਣ 'ਚ ਕਾਮਯਾਬ ਹੋ ਗਈ।

ਭਕਨਾ ਨੇ ਖ਼ੁਦ ਮੰਨਿਆ ਕਿ ਜਦੋਂ ਹਕੂਮਤ ਐਨੀ ਚੌਕੰਨੀ ਸੀ ਤਾਂ ਗ਼ਦਰੀ ਕਾਰਕੁਨਾਂ ਨੂੰ ਵੀ ਚੌਕਸੀ ਵਰਤਣੀ ਚਾਹੀਦੀ ਸੀ ਅਤੇ ਉਨ੍ਹਾਂ ਨੂੰ ਹਿੰਦੁਸਤਾਨ ਬਹੁਤ ਹੀ ਇਹਤਿਹਾਤ ਨਾਲ ਵਾਪਸ ਆਉਣਾ ਚਾਹੀਦਾ ਸੀ।[118] ਉਸ ਦਾ ਇਹ ਵੀ ਵਿਸ਼ਵਾਸ ਸੀ ਕਿ ਡਾਕੇ ਮਾਰਨ ਦੀ ਨੀਤੀ ਸਮੱਸਿਆਵਾਂ ਖੜ੍ਹੀਆਂ ਕਰਨ ਦੀ ਜ਼ਿੰਮੇਵਾਰ ਸੀ ਇਸਨੇ ਲਹਿਰ ਨੂੰ ਬਦਨਾਮ ਕੀਤਾ। ਅਵਾਮ ਦੀ ਹਮਾਇਤ ਜਿੱਤਣ ਦੀ ਥਾਂ ਇਸਨੇ ਗ਼ਦਰੀ ਕਾਰਕੁਨਾਂ ਨੂੰ ਲੋਕਾਂ ਵਿੱਚੋਂ ਨਿਖੇੜ ਦਿੱਤਾ।[119]

ਹੁਣ ਭਕਨਾ ਨੂੰ ਲਾਹੌਰ ਸਾਜ਼ਿਸ਼ ਮੁਕੱਦਮੇ ਦਾ ਸਾਹਮਣਾ ਕਰਨਾ ਪਿਆ। ਕੁਲਮਿਲਾਕੇ 82 ਮਸ਼ਕੂਕਾਂ ਨੂੰ ਸਲਤਨਤ ਦੇ ਖ਼ਿਲਾਫ਼ ਜੰਗ ਛੇੜਨ ਅਤੇ ਰਾਜਧ੍ਰੋਹ ਦੀ ਸਾਜ਼ਿਸ਼ ਰਚਣ ਦੇ ਮੁਲਜ਼ਿਮ ਰੱਖਿਆ ਗਿਆ। ਮੁਕੱਦਮਾ ਅਪ੍ਰੈਲ 1915 'ਚ ਸ਼ੁਰੂ ਹੋਇਆ।[120] ਉਨ੍ਹਾਂ ਵਿੱਚੋਂ ਚੌਵੀ ਨੂੰ ਸਜ਼ਾ-ਏ-ਮੌਤ ਦਿੱਤੀ ਗਈ। ਉਨ੍ਹਾਂ ਵਿੱਚੋਂ ਸਤਾਰਾਂ ਨੇ ਹਿੰਦੁਸਤਾਨ ਦੀ ਸਰਜ਼ਮੀਨ ਉਪਰ ਕੋਈ ਜੁਰਮ ਨਹੀਂ ਸੀ ਕੀਤਾ ਅਤੇ ਉਨ੍ਹਾਂ ਨੂੰ ਮੁਲਕ ਵਿਚ ਦਾਖ਼ਲ ਹੁੰਦੇ ਸਾਰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਕੁਝ ਉੱਘੇ ਹਿੰਦੁਸਤਾਨੀ ਵਕੀਲਾਂ, ਜੋ ਰਾਸ਼ਟਰਵਾਦੀ ਲਹਿਰ ਦੇ ਨਰਮ-ਖ਼ਿਆਲ ਧੜੇ ਨਾਲ ਸਬੰਧਤ ਸਨ, ਨੇ ਇਸ ਕਾਨੂੰਨੀ ਕੱਜ ਦੇ ਅਧਾਰ 'ਤੇ ਇਨ੍ਹਾਂ ਬਾਗ਼ੀਆਂ ਦੇ ਵਲੋਂ ਵਾਇਸਰਾਏ ਤਕ ਪਹੁੰਚ ਕਰਕੇ ਰਹਿਮ ਦੀ ਅਪੀਲ ਕੀਤੀ।[121] ਭਕਨਾ ਅਤੇ ਸਰਾਭਾ ਦੋਵੇਂ ਉਨ੍ਹਾਂ ਵਿਚ ਸ਼ੁਮਾਰ ਸਨ ਜਿਨ੍ਹਾਂ ਨੂੰ ਸਜ਼ਾ-ਏ-ਮੌਤ ਦਿੱਤੀ ਗਈ ਸੀ। ਇਨ੍ਹਾਂ ਯਤਨਾਂ ਦੇ ਸਿੱਟੇ ਵਜੋਂ ਭਕਨਾ ਦੀ ਮੌਤ ਦੀ ਸਜ਼ਾ ਘਟਾਕੇ ਉਮਰ ਕੈਦ 'ਚ ਬਦਲ ਦਿੱਤੀ ਗਈ।[122]

ਪਰ ਰਹਿਮ ਦੀ ਅਪੀਲ ਭਕਨਾ ਨੇ ਨਹੀਂ ਸੀ ਕੀਤੀ। ਇਕ ਅੰਗਰੇਜ਼ ਅਫ਼ਸਰ ਨੇ ਨੋਟ ਕੀਤਾ ਕਿ ਉਹ ਫਾਂਸੀ ਤਾਂ ਲੱਗਕੇ ਅਮਰ ਹੋਣ ਦਾ ਖਾਹਸ਼ਮੰਦ ਸੀ।[123]

16 ਨਵੰਬਰ 1915 ਨੂੰ ਸਰਾਭਾ ਅਤੇ ਛੇ ਹੋਰ ਗ਼ਦਰੀਆਂ ਨੂੰ ਲਾਹੌਰ ਜੇਲ੍ਹ ਵਿਚ ਫਾਂਸੀ ਦਿੱਤੀ ਗਈ। ਜਦਕਿ, ਸਜ਼ਾ-ਏ-ਮੌਤ ਤੋਂ ਬਚ ਗਏ ਭਕਨਾ ਨੂੰ ਜਦੋਂ 10 ਦਸੰਬਰ 1915 ਨੂੰ ਅੰਡੇਮਾਨ ਟਾਪੂਆਂ 'ਤੇ ਭੇਜਿਆ ਗਿਆ ਤਾਂ ਉਸ ਅੱਗੇ ਜੇਲ੍ਹ ਜ਼ਿੰਦਗੀ ਦਾ ਬਹੁਤ ਹੀ ਲੰਮਾ ਅਤੇ ਮੁਸ਼ਕਲਾਂ ਭਰਿਆ ਸੰਘਰਸ਼ ਸੀ।[124]

ਜੇਲ੍ਹ ਸਫ਼ਰ

ਜਦੋਂ ਭਕਨਾ ਨੂੰ ਅੰਡੇਮਾਨ ਜੇਲ੍ਹ ਭੇਜਿਆ ਗਿਆ ਤਾਂ ਵੀਰ ਸਾਵਰਕਰ ਆਪਣੇ ਹੋਰ ਬਾਗ਼ੀ ਸਾਥੀਆਂ ਸਮੇਤ ਉਥੇ ਕੈਦ ਕੱਟ ਰਿਹਾ ਸੀ, ਜਿਸਨੇ ਲੰਦਨ ਵਿਚ 1857 ਦੇ ਗ਼ਦਰ ਦੀ ਪੰਜਾਹਵੀਂ ਵਰ੍ਹੇਗੰਢ ਦਾ ਸਮਾਗਮ ਜਥੇਬੰਦ ਕੀਤਾ ਸੀ। ਉਨ੍ਹਾਂ ਨੇ ਨਵੇਂ ਆਉਣ ਵਾਲੇ ਕੈਦੀਆਂ ਨੂੰ ਅੰਡੇਮਾਨ ਜੇਲ੍ਹ ਦੇ ਕੈਦੀਆਂ ਦੇ ਅਣਮਨੁੱਖੀ ਹਾਲਾਤ ਬਾਰੇ ਸੁਚੇਤ ਕੀਤਾ। ਉਨ੍ਹਾਂ ਨੂੰ ਬਹੁਤ ਹੀ ਸਖ਼ਤ ਅਤੇ ਅਪਮਾਨਜਨਕ ਜਿਸਮਾਨੀ ਮੁਸ਼ੱਕਤ ਕਰਨੀ ਪੈਂਦੀ ਸੀ। ਨਾਬਰੀ ਦਾ ਮਤਲਬ ਸੀ ਜਿਸਮਾਨੀ ਸਜ਼ਾਵਾਂ ਨੂੰ ਸੱਦਾ ਦੇਣਾ। ਇਨ੍ਹਾਂ ਹਾਲਾਤ ਤੋਂ ਤੰਗ ਆ ਕੇ ਅਕਸਰ ਹੀ ਕੈਦੀ ਖ਼ੁਦਕੁਸ਼ੀ ਕਰ ਲੈਂਦੇ ਸਨ।[125] ਕੈਦੀਆਂ ਨੂੰ ਸਿਹਤ ਲਈ ਬਹੁਤ ਹੀ ਭੈੜੇ ਹਾਲਾਤ ਵਿਚ ਰੱਖਿਆ ਜਾਂਦਾ ਸੀ ਜਿਸ ਕਾਰਨ ਉਹ ਤਰ੍ਹਾਂ-ਤਰ੍ਹਾਂ ਦੀਆਂ ਬੀਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਸਨ। ਇਸ ਨੂੰ ਕਾਫ਼ੀ ਨਾ ਸਮਝਕੇ, ਉਨ੍ਹਾਂ ਨੂੰ ਘਟੀਆ ਖਾਣਾ ਦਿੱਤਾ ਜਾਂਦਾ।

ਭਕਨਾ ਅਤੇ ਹੋਰ ਸਿਆਸੀ ਕੈਦੀਆਂ ਨੇ ਜੇਲ੍ਹ ਅਥਾਰਟੀ ਦੇ ਨਜਾਇਜ਼ ਦਬਾਅ ਅੱਗੇ ਝੁਕਣ ਤੋਂ ਨਾਂਹ ਕਰ ਦਿੱਤੀ ਅਤੇ ਜੇਲ੍ਹ ਦੇ ਸਾਰੇ ਕੈਦੀਆਂ ਦੇ ਹੱਕਾਂ ਲਈ ਸੰਘਰਸ਼ ਵਿੱਢ ਦਿੱਤਾ, ਜਿਨ੍ਹਾਂ ਵਿਚ ਇਖ਼ਲਾਕੀ ਜੁਰਮਾਂ ਤਹਿਤ ਕੈਦ ਕੱਟ ਰਹੇ ਕੈਦੀਆਂ ਦੇ ਹੱਕ ਵੀ ਸ਼ਾਮਲ ਸਨ।[126]

ਉਨ੍ਹਾਂ ਨੇ ਅਜਿਹੀ ਮੁਸ਼ੱਕਤ ਨਾ ਕਰਨ ਦਾ ਇਰਾਦਾ ਧਾਰ ਲਿਆ ਜੋ ਮਨੁੱਖੀ ਸਵੈਮਾਣ ਅਨੁਸਾਰ ਨਹੀਂ ਸੀ। ਇਸ ਪਿੱਛੋਂ ਇਕ ਸਿਆਸੀ ਕੈਦੀ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ ਜਿਸ ਦੇ ਸਿੱਟੇ ਵਜੋਂ ਭਕਨਾ ਅਤੇ ਹੋਰ ਕੈਦੀਆਂ ਨੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। ਇਸ ਤੋਂ ਬਾਅਦ ਜ਼ੁਲਮਾਂ ਦੇ ਇਸ ਟਾਕਰੇ ਅਤੇ ਕੈਦੀਆਂ ਦੇ ਹਾਲਾਤ ਬਾਰੇ ਪ੍ਰੈੱਸ ਵਿਚ ਜੋ ਰਿਪੋਰਟਾਂ ਆਈਆਂ ਉਨ੍ਹਾਂ ਨਾਲ ਹਿੰਦੁਸਤਾਨ ਵਿਚ ਹਾਹਾਕਾਰ ਮੱਚ ਗਈ ਜਿਸ ਕਾਰਨ ਹਕੂਮਤ ਜਾਂਚ ਕਰਾਉਣ ਲਈ ਮਜਬੂਰ ਹੋ ਗਈ।[127]

ਜਾਂਚ ਕਮਿਸ਼ਨ ਨੇ ਜੇਲ੍ਹ ਪ੍ਰਬੰਧ ਵਿਚ ਸੁਧਾਰ ਕਰਨ ਦਾ ਹੁਕਮ ਦਿੱਤਾ ਜਿਸ ਦਾ ਸਿੱਟਾ ਇਹ ਹੋਇਆ ਕਿ ਭਵਿੱਖ ਵਿਚ ਸਿਆਸੀ ਕੈਦੀਆਂ ਨੂੰ ਕਾਲੇਪਾਣੀ ਨਾ ਭੇਜਣ ਦਾ ਫ਼ੈਸਲਾ ਲੈਣਾ ਪਿਆ। ਇਹ ਭਕਨਾ ਅਤੇ ਉਸਦੇ ਸਾਥੀਆਂ ਦੀ ਪ੍ਰਤੱਖ ਜਿੱਤ ਸੀ। ਇਸ ਸੰਘਰਸ਼ ਦੌਰਾਨ ਸੱਤ ਗ਼ਦਰੀ ਕਾਰਕੁਨਾਂ ਨੂੰ ਜਾਨਾਂ ਦੇਣੀਆਂ ਪਈਆਂ।

1921 'ਚ, ਭਕਨਾ ਅਤੇ ਹੋਰ ਸਿਆਸੀ ਕੈਦੀਆਂ ਨੂੰ ਮਦਰਾਸ ਦੀਆਂ ਵੱਖੋ-ਵੱਖਰੀਆਂ ਜੇਲ੍ਹਾਂ ਵਿਚ ਭੇਜ ਦਿੱਤਾ ਗਿਆ। ਉਸ ਨੂੰ ਕੋਇੰਬਤੂਰ ਦੀ ਜੇਲ੍ਹ ਵਿਚ ਭੇਜਿਆ ਗਿਆ।[128] ਇਥੇ ਵੀ ਉਨ੍ਹਾਂ ਨੇ ਨਿਆਂ ਲਈ ਆਪਣਾ ਸੰਘਰਸ਼ ਜਾਰੀ ਰੱਖਿਆ। ਉਨ੍ਹਾਂ ਨੇ ਮਹਾਤਮਾ ਗਾਂਧੀ ਦੀ ਗ੍ਰਿਫ਼ਤਾਰੀ ਦੇ ਖ਼ਿਲਾਫ਼ ਰੋਸ ਵਜੋਂ ਇੰਡੀਅਨ ਨੈਸ਼ਨਲ ਕਾਂਗਰਸ ਵਲੋਂ ਸ਼ੁਰੂ ਕੀਤੀ ਭੁੱਖ ਹੜਤਾਲ ਵਿਚ ਹਿੱਸਾ ਲਿਆ। ਇਸ ਸਮੇਂ ਦੌਰਾਨ ਉਨ੍ਹਾਂ ਨੇ ਬਰਤਾਨਵੀ ਸਲਤਨਤ ਦੇ ਖ਼ਿਲਾਫ਼ ਸਰਬ ਇਸਲਾਮਕ ਅੰਦੋਲਨ ਦੇ ਮੁਸਲਿਮ ਹਮਾਇਤੀਆਂ ਨਾਲ ਇਕਮੁੱਠਤਾ ਵੀ ਪ੍ਰਗਟਾਈ। ਇਸ ਅੰਦੋਲਨ ਵਿਚ ਹਿੱਸਾ ਲੈਣ ਵਾਲਿਆਂ ਨੂੰ ਨੌਜਵਾਨ ਬੱਚਿਆਂ ਸਮੇਤ ਕੋਇੰਬਤੂਰ ਜੇਲ੍ਹ ਵਿਚ ਸੁੱਟ ਦਿੱਤਾ ਗਿਆ ਸੀ ਅਤੇ ਘਟੀਆ ਕਿਸਮ ਦਾ ਖਾਣਾ ਦਿੱਤਾ ਜਾ ਰਿਹਾ ਸੀ।[129]

ਜਦੋਂ ਭਕਨਾ ਨੂੰ ਪੁਣੇ ਜੇਲ੍ਹ ਲਿਜਾਇਆ ਗਿਆ ਤਾਂ ਉਸ ਨੂੰ ਆਪਣੇ ਧਾਰਮਿਕ ਹੱਕਾਂ ਲਈ ਸੰਘਰਸ਼ ਕਰਨਾ ਪਿਆ ਕਿਉਂਕਿ ਸਿੱਖ ਕੈਦੀਆਂ ਨੂੰ ਟੋਪੀਆਂ ਪਹਿਨਣ ਅਤੇ ਕਛਹਿਰੇ ਲਾਹੁਣ ਲਈ ਮਜਬੂਰ ਕੀਤਾ ਜਾਂਦਾ ਸੀ, ਜੋ ਸਿੱਖਾਂ ਦੇ ਧਾਰਮਿਕ ਅਕੀਦੇ ਨਾਲ ਸਬੰਧਤ ਲਾਜ਼ਮੀ ਕਕਾਰਾਂ ਵਿੱਚੋਂ ਇਕ ਹੈ। ਭਕਨਾ ਅਤੇ ਹੋਰਾਂ ਨੇ ਭੁੱਖ ਹੜਤਾਲ ਕਰ ਦਿੱਤੀ। ਮਾਮਲਾ ਸਿੱਖਾਂ ਦੀ ਸ਼੍ਰੋਮਣੀ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਧਿਆਨ ਵਿਚ ਲਿਆਂਦਾ ਗਿਆ। ਬਾਅਦ ਵਿਚ ਇਸ ਨੂੰ ਹਕੂਮਤ ਦੇ ਸਭ ਤੋਂ ਉਪਰਲੇ ਪੱਧਰ 'ਤੇ ਵੀ ਉਠਾਇਆ ਗਿਆ ਜਿਸ ਤੋਂ ਬਾਅਦ ਜੇਲ੍ਹ ਅਥਾਰਟੀ ਨੂੰ ਆਪਣਾ ਫ਼ੈਸਲਾ ਵਾਪਸ ਲੈਣਾ ਪਿਆ ਸੀ। ਇਹ ਗ਼ੌਰਤਲਬ ਹੈ ਕਿ ਭਕਨਾ ਦੇ ਪਰਮਾਨੰਦ ਝਾਂਸੀ ਅਤੇ ਹਿਰਦੇਰਾਮ ਵਰਗੇ ਹਿੰਦੂ ਸਾਥੀ ਵੀ ਇਸ ਭੁੱਖ ਹੜਤਾਲ ਵਿਚ ਸ਼ਾਮਲ ਹੋਏ ਸਨ।[130]

ਜਦੋਂ 1927 'ਚ ਭਕਨਾ ਨੂੰ ਲਾਹੌਰ ਜੇਲ੍ਹ ਵਿਚ ਭੇਜਿਆ ਗਿਆ ਤਾਂ ਉਥੇ "ਨੀਵੀਂ ਜਾਤ" ਦੇ ਕੈਦੀਆਂ ਨਾਲ ਹੋ ਰਿਹਾ ਜਾਤ ਅਧਾਰਤ ਵਿਤਕਰਾ ਦੇਖਕੇ ਉਸ ਨੂੰ ਬਹੁਤ ਦੁੱਖ ਹੋਇਆ। ਜਦੋਂ ਲੰਗਰ ਵਰਤਾਇਆ ਜਾਂਦਾ ਤਾਂ ਭਕਨਾ ਦੇ ਆਪਣੇ ਭਾਰੂ ਕਿਸਾਨ ਭਾਈਚਾਰੇ ਅਤੇ "ਅਛੂਤਾਂ" ਨੂੰ ਵੱਖੋ-ਵੱਖਰੀਆਂ ਕਤਾਰਾਂ ਵਿਚ ਬੈਠਣ ਲਈ ਮਜਬੂਰ ਕੀਤਾ ਜਾਂਦਾ ਸੀ। ਉਸ ਨੇ ਇਸ ਵਿਤਕਰੇ ਦੇ ਖ਼ਿਲਾਫ਼ ਭੁੱਖ ਹੜਤਾਲ ਕਰ ਦਿੱਤੀ ਅਤੇ ਵਰਤ ਓਦੋਂ ਹੀ ਤੋੜਿਆ ਗਿਆ ਜਦੋਂ ਇਨ੍ਹਾਂ ਕੈਦੀਆਂ ਨੂੰ ਬਰਾਬਰ ਹੱਕ ਮਿਲ ਗਏ।[131] ਉਸਨੇ ਉੱਘੇ ਇਨਕਲਾਬੀ ਭਗਤ ਸਿੰਘ ਅਤੇ ਉਸਦੇ ਸਾਥੀਆਂ ਵਲੋਂ ਕੀਤੀ ਭੁੱਖ ਹੜਤਾਲ ਵਿਚ ਵੀ ਹਿੱਸਾ ਲਿਆ। ਇਸ ਹੜਤਾਲ ਦੌਰਾਨ ਭਗਤ ਸਿੰਘ ਦੇ ਸਾਥੀ ਜਤਿਨ ਦਾਸ ਨੇ ਆਪਣੀ ਜਾਨ ਵਾਰ ਦਿੱਤੀ ਸੀ।[132]

1931 'ਚ ਭਗਤ ਸਿੰਘ ਨੂੰ ਇਕ ਅੰਗਰੇਜ਼ ਪੁਲਿਸ ਅਧਿਕਾਰੀ ਨੂੰ ਮਾਰਨ ਬਦਲੇ ਫਾਂਸੀ ਦੇ ਦਿੱਤੀ ਗਈ। ਉਹ 1907 ਦੀ ਕਿਸਾਨ ਲਹਿਰ ਦੇ ਆਗੂ ਅਜੀਤ ਸਿੰਘ ਦਾ ਭਤੀਜਾ ਸੀ। ਭਗਤ ਸਿੰਘ ਦੇ ਪਿਤਾ ਕਿਸ਼ਨ ਸਿੰਘ ਨੇ ਸਰਾਭਾ ਨੂੰ 1000 ਰੁਪਏ ਦੀ ਸਹਾਇਤਾ ਕੀਤੀ ਸੀ।[133] 1914-15 'ਚ ਗ਼ਦਰੀ ਕਾਰਕੁਨਾਂ ਦਾ ਅਕਸਰ ਹੀ ਭਗਤ ਸਿੰਘ ਦੇ ਘਰ ਆਉਣ-ਜਾਣ ਸੀ ਜਿਸਦੇ ਸਿੱਟੇ ਵਜੋਂ ਉਹ ਗ਼ਦਰ ਪਾਰਟੀ ਦਾ ਹਮਾਇਤੀ ਬਣਿਆ ਅਤੇ ਸਰਾਭਾ ਨੂੰ ਆਪਣਾ ਰੋਲ ਮਾਡਲ ਮੰਨ ਲਿਆ।[134]

ਆਪਣੀ ਰਿਹਾਈ ਲਈ ਵੀ ਭਕਨਾ ਨੂੰ ਭੁੱਖ ਹੜਤਾਲ ਕਰਨੀ ਪਈ ਸੀ। ਉਹ ਪਹਿਲਾਂ ਹੀ 15 ਸਾਲ ਜੇਲ੍ਹ ਕੱਟ ਚੁੱਕਾ ਸੀ। ਕਾਇਦਾ-ਏ-ਕਾਨੂੰਨ ਅਨੁਸਾਰ 14 ਸਾਲ ਜੇਲ੍ਹ ਕੱਟਣ ਤੋਂ ਬਾਅਦ ਉਸ ਨੂੰ ਰਿਹਾਅ ਕੀਤਾ ਜਾਣਾ ਚਾਹੀਦਾ ਸੀ।[135] ਜਨਤਕ ਦਬਾਅ ਅਤੇ ਮੀਡੀਆ ਵਿਚ ਚੱਲੀ ਮੁਹਿਮ ਦੇ ਸਿੱਟੇ ਵਜੋਂ ਜੁਲਾਈ 1930 'ਚ ਉਸਨੂੰ ਰਿਹਾਅ ਕਰ ਦਿੱਤਾ ਗਿਆ।[136]

ਵਤਨ ਵਾਪਸੀ

ਜਦੋਂ ਦੋ ਦਹਾਕੇ ਬਾਅਦ ਭਕਨਾ ਆਪਣੇ ਪਿੰਡ ਗਏ ਤਾਂ ਉਸ ਦੀ ਮਾਤਾ ਅਤੇ ਧਰਮ ਦੀ ਮਾਂ ਦੋਵਾਂ ਦਾ ਦੇਹਾਂਤ ਹੋ ਚੁੱਕਾ ਸੀ।[137] ਹੱਥ 'ਤੇ ਹੱਥ ਧਰਕੇ ਬੈਠਣਾ ਭਕਨਾ ਦੀ ਫ਼ਿਤਰਤ

ਨਹੀਂ ਸੀ। ਜਿਨ੍ਹਾਂ ਦੋਵਾਂ ਔਰਤਾਂ ਨੇ ਉਸ ਨੂੰ ਪਾਲਕੇ ਜਵਾਨ ਕੀਤਾ ਸੀ ਔਖੇ ਵੇਲਿਆਂ 'ਚ ਉਨ੍ਹਾਂ ਵਲੋਂ ਝੱਲੇ ਦੁੱਖ-ਤਕਲੀਫ਼ਾਂ ਦੇ ਮੱਦੇਨਜ਼ਰ ਭਕਨਾ ਨੇ ਆਪਣੇ ਪਿੰਡ ਵਿਚ ਕੁੜੀਆਂ ਲਈ ਸਕੂਲ ਖੋਲ੍ਹਿਆ। ਸ਼ੁਰੂ 'ਚ, ਉਸ ਨੂੰ ਰੂੜ੍ਹੀਵਾਦੀ ਪਿੰਡ ਵਾਸੀਆਂ ਦੇ ਸਖ਼ਤ ਵਿਰੋਧ ਦਾ ਸਾਹਮਣਾ ਕਰਨਾ ਪਿਆ ਜੋ ਓਦੋਂ ਪੰਜਾਬੀ ਭਾਈਚਾਰੇ ਵਿਚ ਪ੍ਰਚਲਤ ਰੂੜ੍ਹੀਵਾਦੀ ਕਦਰਾਂ-ਕੀਮਤਾਂ ਕਾਰਨ ਕੁੜੀਆਂ ਨੂੰ ਸਕੂਲ ਭੇਜਣ ਦੇ ਖ਼ਿਲਾਫ਼ ਸਨ। ਓੜਕ ਉਹ ਉਨ੍ਹਾਂ ਨੂੰ ਸਹਿਮਤ ਕਰਨ 'ਚ ਕਾਮਯਾਬ ਹੋ ਗਿਆ ਅਤੇ ਆਪਣਾ ਪਿੰਡ ਵਾਲਾ ਘਰ ਇਸ ਮਨੋਰਥ ਲਈ ਦੇ ਦਿੱਤਾ।[138]

ਬਜ਼ੁਰਗ ਕਮਿਊਨਿਸਟ ਕਾਰਕੁਨ ਬੀਬੀ ਵੀਰਾਂ, ਜਿਸ ਦੀ ਉਮਰ ਹੁਣ 85 ਸਾਲ ਦੀ ਹੋ ਗਈ ਹੈ ਅਤੇ ਗਰੇਟਰ ਵੈਨਕੂਵਰ ਵਿਚ ਰਹਿ ਰਹੀ ਹੈ, ਦੱਸਦੀ ਹੈ ਕਿ ਕੁੜੀਆਂ ਦੇ ਹੱਕਾਂ ਲਈ ਭਕਨਾ ਵਿਚ ਕਿੰਨਾ ਜੋਸ਼ ਸੀ। [21 ਫਰਵਰੀ 2016 ਨੂੰ ਬੀਬੀ ਵੀਰਾਂ ਦੀ ਮੌਤ ਹੋ ਗਈ-ਸੰਪਾਦਕ] ਭਕਨਾ ਦੇ ਕੋਈ ਔਲਾਦ ਨਾ ਹੋਣ ਕਾਰਨ ਉਸਨੇ ਪਰਸਿੰਨੋ ਨੂੰ ਆਪਣੀ ਧੀ ਬਣਾ ਲਿਆ ਸੀ। ਪਰਸਿੰਨੋ ਵੀਰਾਂ ਦੀ ਮਾਸੀ ਸੀ ਅਤੇ ਇੰਞ ਵੀਰਾਂ ਭਕਨਾ ਦੇ ਸੰਪਰਕ ਵਿਚ ਆਈ। ਜਦੋਂ ਵੀਰਾਂ 17-18 ਸਾਲ ਦੀ ਸੀ ਓਦੋਂ ਉਹ ਭਕਨਾ ਦੇ ਘਰ ਰਹਿੰਦੀ ਸੀ। ਉਹ ਉਸਨੂੰ ਧੀ ਸਮਝਦਾ ਅਤੇ ਜਦੋਂ ਕੁੜੀਆਂ ਜ਼ਿਆਦਾਤਰ ਘਰਾਂ ਦੀ ਚਾਰਦੀਵਾਰੀ ਤਕ ਮਹਿਦੂਦ ਸਨ ਓਦੋਂ ਉਸਨੇ ਵੀਰਾਂ ਨੂੰ ਸਾਈਕਲ ਖ਼ਰੀਦ ਕੇ ਦਿੱਤਾ ਸੀ।[139] ਭਕਨਾ ਨੇ ਹਿੰਦੁਸਤਾਨ ਵਿਚ ਔਰਤਾਂ ਦੀ ਹਾਲਤ ਬਾਰੇ ਇਕ ਕਿਤਾਬ ਵੀ ਲਿਖੀ।[140]

ਉਸਨੇ ਮਜ਼ਦੂਰਾਂ ਤੇ ਕਿਸਾਨਾਂ ਲਈ ਇਕ ਕਿਰਤੀ ਕਿਸਾਨ ਆਸ਼ਰਮ ਵੀ ਖੋਲ੍ਹਿਆ ਜਿਥੇ ਨਜ਼ਰਬੰਦ ਆਜ਼ਾਦੀ ਘੁਲਾਟੀਆਂ ਦੇ ਬੱਚਿਆਂ ਨੂੰ ਸਿੱਖਿਆ ਅਤੇ ਕਿੱਤਾ ਸਿਖਲਾਈ ਦਿੱਤੀ ਜਾਂਦੀ ਸੀ। ਇਥੇ ਬੱਚਿਆਂ ਨੂੰ ਸਬਜ਼ੀਆਂ ਅਤੇ ਫ਼ਲ ਪੈਦਾ ਕਰਕੇ ਸਵੈ-ਨਿਰਭਰ ਹੋਣ ਲਈ ਹੱਲਾਸ਼ੇਰੀ ਦਿੱਤੀ ਜਾਂਦੀ ਸੀ। [141] ਇਹ ਕੇਂਦਰ ਸਿਆਸੀ ਮਫ਼ਰੂਰਾਂ ਲਈ ਮਹਿਫ਼ੂਜ਼ ਅੱਡਾ ਵੀ ਸੀ ਜੋ ਅਕਸਰ ਹੀ ਇਥੇ ਆਉਂਦੇ ਅਤੇ ਉਸ ਨੂੰ ਆ ਕੇ ਮਿਲਦੇ ਸਨ। ਓਦੋਂ ਹੀ ਬਹੁਤ ਸਾਰੇ ਗ਼ਦਰੀ ਕਾਰਕੁਨ ਕਮਿਊਨਿਸਟ ਲਹਿਰ ਤੋਂ ਪ੍ਰਭਾਵਿਤ ਹੋਏ ਅਤੇ ਉਨ੍ਹਾਂ ਨੇ ਸੋਵੀਅਤ ਯੂਨੀਅਨ ਨੂੰ ਹਿੰਦੁਸਤਾਨ ਵਿਚ ਆਜ਼ਾਦੀ ਅਤੇ ਇਨਕਲਾਬ ਲਈ ਆਪਣੇ ਸੰਘਰਸ਼ ਦਾ ਸੰਗੀ ਮੰਨਣਾ ਸ਼ੁਰੂ ਕਰ ਦਿੱਤਾ। ਉਹ ਸਿਆਸੀ ਪੜ੍ਹਾਈ-ਸਿਖਲਾਈ ਲਈ ਰੂਸ ਜਾ ਰਹੇ ਸਨ ਅਤੇ ਪੰਜਾਬ ਦੇ ਕਾਲਜਾਂ 'ਚੋਂ ਹੋਰ ਭਰਤੀ ਦੀ ਤਲਾਸ਼ 'ਚ ਸਨ। ਭਕਨਾ ਨੇ ਇਸ ਮਨੋਰਥ ਨਾਲ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਬਾਹਰਵਾਰ ਦੁੱਧ ਦੀ ਡੇਅਰੀ ਖੋਲ੍ਹਣ ਲਈ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ।[142] ਛੇਤੀ ਹੀ ਸਰਕਾਰੀ ਅਥਾਰਟੀ ਨੂੰ ਇਸ ਦਾ ਭੇਤ ਪਤਾ ਚੱਲ ਗਿਆ ਅਤੇ ਉਨ੍ਹਾਂ ਨੇ ਉਸ ਨੂੰ ਗ੍ਰਿਫ਼ਤਾਰ ਕਰਕੇ ਤਿੰਨ ਮਹੀਨੇ ਲਈ ਜੇਲ੍ਹ ਭੇਜ ਦਿੱਤਾ।[143]

1947 'ਚ ਹਿੰਦੁਸਤਾਨ ਦੇ ਆਜ਼ਾਦੀ ਹਾਸਲ ਕਰਨ ਦੇ ਸਮੇਂ ਤਕ ਭਕਨਾ ਵੱਖੋ-ਵੱਖਰੇ ਸਿਆਸੀ ਅੰਦੋਲਨਾਂ ਵਿਚ ਸ਼ਾਮਲ ਹੋਏ। 1931 'ਚ ਉਹ ਇੰਡੀਅਨ ਨੈਸ਼ਨਲ ਕਾਂਗਰਸ ਦਾ ਮੈਂਬਰ ਬਣ ਗਿਆ ਸੀ ਅਤੇ ਕਾਂਗਰਸ ਦੀ ਅਗਵਾਈ ਵਾਲੇ ਅੰਦੋਲਨਾਂ ਵਿਚ ਹਿੱਸਾ ਲੈਣ ਕਾਰਨ ਛੇ ਮਹੀਨੇ ਜੇਲ੍ਹ ਵਿਚ ਰਿਹਾ ਸੀ। ਪਰ ਛੇਤੀ ਹੀ ਇਸ ਪਾਰਟੀ ਦੀਆਂ ਨਰਮਾਈ

ਵਾਲੀਆਂ ਨੀਤੀਆਂ ਤੋਂ ਉਸ ਦਾ ਮੋਹ ਭੰਗ ਹੋ ਗਿਆ ਅਤੇ ਇਸ ਦਾ ਸਾਥ ਛੱਡਕੇ ਉਹ ਕਿਰਤੀ ਕਿਸਾਨਾਂ ਦੀ ਲਹਿਰ *ਕਿਰਤੀ ਗਰੁੱਪ* ਵਿਚ ਸ਼ਾਮਲ ਹੋ ਗਏ।[144] ਗ਼ਦਰ ਪਾਰਟੀ ਵਾਲੇ ਇਸ ਗਰੁੱਪ ਦੇ ਪੈਰੋਕਾਰ ਸਨ ਅਤੇ ਪੰਜਾਬ ਦੇ ਦੋ ਕਮਿਊਨਿਸਟ ਧੜਿਆਂ ਵਿੱਚੋਂ ਇਕ ਦੀ ਨੁਮਾਇੰਦਗੀ ਕਰਦੇ ਸਨ। ਵੰਡੀਆਂ ਦੇ ਬਾਵਜੂਦ, ਦੋਵੇਂ ਧੜੇ ਰੂਸ ਵਿਚ ਲੈਨਿਨ ਦੀ ਅਗਵਾਈ ਵਾਲੇ ਬਾਲਸ਼ਵਿਕ ਪ੍ਰੋਲੇਤਾਰੀ ਇਨਕਲਾਬ ਵੱਲ ਖਿੱਚੇ ਗਏ ਸਨ।[145]

ਜਦੋਂ 1939 'ਚ ਦੂਜੀ ਆਲਮੀ ਜੰਗ ਲੱਗ ਜਾਣ 'ਤੇ ਪੂਰੇ ਹਿੰਦੁਸਤਾਨ ਦੇ ਕਮਿਊਨਿਸਟ ਆਗੂਆਂ ਨੂੰ ਗ੍ਰਿਫ਼ਤਾਰ ਕਰਕੇ ਦਿਓਲੀ ਕੈਂਪ ਵਿਚ ਰੱਖਿਆ ਗਿਆ ਤਾਂ ਉਨ੍ਹਾਂ ਨੂੰ ਵੀ 1940 'ਚ ਨਜ਼ਰਬੰਦ ਕਰ ਦਿੱਤਾ ਗਿਆ।[146] ਇਥੇ ਕਿਰਤੀ ਗਰੁੱਪ ਅਤੇ ਕਮਿਊਨਿਸਟ ਪਾਰਟੀ ਦੋਵਾਂ ਗਰੁੱਪਾਂ ਨੂੰ ਮਿਲ ਬੈਠਕੇ ਵਿਚਾਰ-ਚਰਚਾ ਕਰਨ ਅਤੇ ਆਪਣੇ ਮੱਤਭੇਦਾਂ ਨੂੰ ਹੱਲ ਕਰਨ ਦਾ ਮੌਕਾ ਮਿਲਿਆ ਜਿਸਦੇ ਸਿੱਟੇ ਵਜੋਂ ਦੋਵੇਂ ਧੜੇ ਬਿਨਾ ਸ਼ਰਤ ਹਿੰਦੁਸਤਾਨੀ ਕਮਿਊਨਿਸਟ ਪਾਰਟੀ ਵਿਚ ਇਕਜੁੱਟ ਹੋ ਗਏ। ਅਪ੍ਰੈਲ 1943 'ਚ ਭਕਨਾ ਅਤੇ ਬਾਕੀ ਸਾਰੇ ਰਿਹਾਅ ਹੋ ਗਏ ਜਿਸ ਤੋਂ ਪਿੱਛੋਂ ਉਸਦੇ ਪਿੰਡ ਵਿਚ ਕੁਲ ਹਿੰਦ ਕਿਸਾਨ ਕਾਨਫਰੰਸ ਕੀਤੀ ਗਈ।[148] 1944 'ਚ, ਜਦੋਂ ਹਕੂਮਤ ਨੇ ਸਿਆਸੀ ਕੈਦੀਆਂ ਨੂੰ ਦੁਬਾਰਾ ਅੰਡੇਮਾਨ ਜੇਲ੍ਹ ਭੇਜਣ ਦਾ ਯਤਨ ਕੀਤਾ ਤਾਂ ਭਕਨਾ ਨੇ ਇਕ ਵਾਰ ਫਿਰ ਭੁੱਖ ਹੜਤਾਲ ਸ਼ੁਰੂ ਕਰਕੇ ਸਰਕਾਰੀ ਅਥਾਰਟੀ ਨੂੰ ਇਹ ਵਿਵਾਦਪੂਰਨ ਫ਼ੈਸਲਾ ਵਾਪਸ ਲੈਣ ਲਈ ਮਜਬੂਰ ਕਰ ਦਿੱਤਾ।[149] ਇਸ ਤੋਂ ਦੇਖਿਆ ਜਾ ਸਕਦਾ ਹੈ ਕਿ ਭਕਨਾ ਲਤਾੜੇ ਹੋਏ ਲੋਕਾਂ ਲਈ ਆਪਣੀ ਨਜ਼ਰਬੰਦੀ ਦੌਰਾਨ ਅਤੇ ਰਿਹਾਈ ਤੋਂ ਪਿੱਛੋਂ ਵੀ ਲਗਾਤਾਰ ਸਰਗਰਮ ਰਹੇ ਅਤੇ 1947 'ਚ ਹਿੰਦੁਸਤਾਨ ਦੇ ਆਜ਼ਾਦ ਹੋ ਜਾਣ ਤੋਂ ਬਾਅਦ ਵੀ ਇਹ ਜਜ਼ਬਾ ਜਿਊਂਦਾ ਰੱਖਣਗੇ।

ਆਜ਼ਾਦੀ ਤੋਂ ਪਿੱਛੋਂ ਦਾ ਹਿੰਦੁਸਤਾਨ

15 ਅਗਸਤ 1947 ਨੂੰ ਬਰਤਾਨਵੀ ਹਕੂਮਤ ਨੇ ਮੁਲਕ ਦਾ ਰਾਜ-ਭਾਗ ਇੰਡੀਅਨ ਨੈਸ਼ਨਲ ਕਾਂਗਰਸ ਦੇ ਹਵਾਲੇ ਕਰ ਦਿੱਤਾ। ਕਾਂਗਰਸ ਅਤੇ ਮੁਸਲਿਮ ਰਿਆਸਤ ਦੀ ਮੰਗ ਕਰਨ ਵਾਲੀ ਮੁਸਲਿਮ ਲੀਗ ਦੇ ਆਗੂਆਂ ਵਲੋਂ ਕੀਤੇ ਸਮਝੌਤੇ ਦੇ ਹਿੱਸੇ ਵਜੋਂ ਧਾਰਮਿਕ ਲੀਹਾਂ ਉਪਰ ਵੰਡ ਕਰਕੇ ਹਿੰਦੁਸਤਾਨ ਅਤੇ ਪਾਕਿਸਤਾਨ ਬਣਾ ਦਿੱਤੇ ਗਏ। ਹਿੰਦੂਆਂ ਅਤੇ ਸਿੱਖਾਂ ਨੂੰ ਜਾਇਦਾਦਾਂ ਛੱਡਕੇ ਹਿੰਦੁਸਤਾਨ ਆਉਣਾ ਪਿਆ ਜਦਕਿ ਮੁਸਲਮਾਨਾਂ ਨੂੰ ਹਿੰਦੁਸਤਾਨ ਛੱਡਕੇ ਜਾਣਾ ਪਿਆ। ਪਰ ਇਹ ਤਕਸੀਮ ਸਹਿਜੇ ਹੀ ਨਹੀਂ ਹੋ ਗਈ ਕਿਉਂਕਿ ਸਰਹੱਦ ਦੇ ਦੋਵੇਂ ਪਾਸੇ ਮਜ਼ਬੀ ਅੱਤਵਾਦੀਆਂ ਨੇ ਗਿਣ-ਮਿੱਥਕੇ ਖ਼ੂਨੀ ਸੰਕੀਰਣ ਹਿੰਸਾ ਵਿੱਢ ਦਿੱਤੀ ਸੀ।[150]

ਖ਼ੂਨਖਰਾਬੇ ਦੌਰਾਨ ਭਕਨਾ ਨੇ ਹਿੰਦੂ ਅਤੇ ਸਿੱਖ ਜਨੂੰਨੀਆਂ ਤੋਂ ਮੁਸਲਮਾਨਾਂ ਨੂੰ ਬਚਾਇਆ। ਉਸ ਨੇ ਅਮਨ ਕਮੇਟੀਆਂ ਬਣਾਉਣ 'ਚ ਭੂਮਿਕਾ ਨਿਭਾਈ। ਇਸ ਦੇ ਬਦਲੇ ਉਸਨੂੰ ਮਾਰਨ ਦੀਆਂ ਧਮਕੀਆਂ ਅਤੇ ਨਫ਼ਰਤ ਭਰੀਆਂ ਚਿੱਠੀਆਂ ਵੀ ਮਿਲੀਆਂ।[151] ਇਸ ਤਕਸੀਮ ਨੂੰ ਭਕਨਾ ਨੇ ਧਰਮਨਿਰਪੱਖ ਹਿੰਦੁਸਤਾਨ ਦੇ ਆਪਣੇ (ਗ਼ਦਰੀਆਂ ਦੇ) ਸੁਪਨਿਆਂ ਦਾ

ਕਤਲ ਕਰਾਰ ਦਿੱਤਾ।[152]

1948 'ਚ, ਕਾਂਗਰਸ ਹਕੂਮਤ ਨੇ ਹਿੰਦੁਸਤਾਨੀ ਕਮਿਊਨਿਸਟ ਪਾਰਟੀ ਉਪਰ ਪਾਬੰਦੀ ਲਗਾ ਦਿੱਤੀ ਅਤੇ ਭਕਨਾ ਸਮੇਤ ਵੱਡੀ ਤਾਦਾਦ 'ਚ ਕਮਿਊਨਿਸਟ ਕਾਰਕੁੰਨ ਗ੍ਰਿਫ਼ਤਾਰ ਕਰ ਲਏ।[153] ਕਮਿਊਨਿਸਟ ਆਜ਼ਾਦੀ ਨੂੰ ਸੱਚੀ ਆਜ਼ਾਦੀ ਨਹੀਂ ਮਹਿਜ਼ ਸੱਤਾ-ਬਦਲੀ ਸਮਝਦੇ ਸਨ ਅਤੇ ਉਨ੍ਹਾਂ ਨੇ ਸੱਚੀ ਪ੍ਰਭੂਸੱਤਾ ਲਈ ਹਥਿਆਰਬੰਦ ਇਨਕਲਾਬ ਵਿੱਢਣ ਦਾ ਹੋਕਾ ਦਿੱਤਾ ਸੀ।[154] ਕਮਿਊਨਿਸਟ ਦਾਅਵਾ ਕਰਦੇ ਹਨ ਕਿ ਇਹ ਹਮਲਾ ਹਿੰਦੁਸਤਾਨੀ ਬੁਰਜੂਆਜ਼ੀ ਦੇ ਦਬਾਅ ਹੇਠ ਕੀਤਾ ਗਿਆ ਸੀ ਜੋ ਪੂਰੇ ਹਿੰਦੁਸਤਾਨ ਵਿਚ ਮਜ਼ਦੂਰਾਂ ਅਤੇ ਕਿਸਾਨਾਂ ਦੇ ਸੰਘਰਸ਼ਾਂ ਤੋਂ ਭੈਭੀਤ ਸੀ।[135]

ਕੈਦੀਆਂ ਨਾਲ ਵਤੀਰੇ ਨੂੰ ਦੇਖਦਿਆਂ 80 ਸਾਲ ਦੀ ਉਮਰ 'ਚ ਭਕਨਾ ਨੂੰ ਨੌਵੀਂ ਵਾਰ ਭੁੱਖ ਹੜਤਾਲ ਕਰਨੀ ਪਈ ਜੋ ਉਨ੍ਹਾਂ ਦੀ ਆਖ਼ਰੀ ਭੁੱਖ ਹੜਤਾਲ ਸੀ। ਉਹ ਮਹਿਸੂਸ ਕਰਦੇ ਸਨ ਕਿ ਉਨ੍ਹਾਂ ਦੀ ਪਿੱਠ ਵਿਚ ਪਿਆ ਕੁੱਬ ਇਸੇ ਦਾ ਸਿੱਟਾ ਸੀ। ਉਸ ਨੂੰ ਓਦੋਂ ਹੀ ਰਿਹਾਅ ਕੀਤਾ ਗਿਆ ਜਦੋਂ ਇਕ ਹੋਰ ਗ਼ਦਰੀ ਆਗੂ ਨੇ ਪ੍ਰਧਾਨ ਮੰਤਰੀ ਜਵਾਹਰਲਾਲ ਨਹਿਰੂ ਕੋਲ ਇਸ ਦੇ ਖ਼ਿਲਾਫ਼ ਰੋਸ ਪ੍ਰਗਟਾਇਆ।[156]

ਭਕਨਾ ਨੇ ਸਪਸ਼ਟ ਕਰ ਦਿੱਤਾ ਸੀ ਕਿ ਉਹ ਕਿਸੇ ਤਰ੍ਹਾਂ ਦੇ ਹਕੂਮਤੀ ਜਬਰ ਅਤੇ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਵਿਰੋਧ ਕਰਨ ਤੋਂ ਨਹੀਂ ਝਿਜਕੇਗਾ ਚਾਹੇ ਇਸ ਲਈ ਉਸ ਨੂੰ ਇਕ ਹੋਰ ਸੰਘਰਸ਼ ਕਿਉਂ ਨਾ ਲੜਨਾ ਪਵੇ। ਇੰਨਾ ਹੀ ਨਹੀਂ ਉਨ੍ਹਾਂ ਨੇ ਸਰਕਾਰੀ ਰਿਹਾਇਸ ਵੀ ਸਵੀਕਾਰ ਨਹੀਂ ਕੀਤੀ ਅਤੇ ਆਜ਼ਾਦੀ ਘੁਲਾਟੀਆਂ ਵਾਲੀ ਪੈਨਸ਼ਨ ਲੈਣ ਤੋਂ ਵੀ ਨਾਂਹ ਕਰ ਦਿੱਤੀ।[157]

ਉਨ੍ਹਾਂ ਨੇ ਪੰਜਾਬ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਵਲੋਂ ਪਹਾੜਾਂ ਉਪਰ ਸਰਕਾਰੀ ਰਿਹਾਇਸ਼ ਦੀ ਸਹੂਲਤ ਦੀ ਪੇਸ਼ਕਸ਼ ਹਲੀਮੀਂ ਨਾਲ ਠੁਕਰਾ ਦਿੱਤੀ ਸੀ।[158]

1961 ਦੇ ਕਰੀਬ ਉਨ੍ਹਾਂ ਦੀ ਪਤਨੀ ਦਾ ਦੇਹਾਂਤ ਹੋ ਗਿਆ। ਜਦੋਂ ਉਹ ਦਮੇ ਦੀ ਮਰੀਜ ਸੀ ਤਾਂ ਭਕਨਾ ਨੇ ਉਸਦੀ ਬਹੁਤ ਦੇਖਭਾਲ ਕੀਤੀ। ਉਹ ਹਮੇਸ਼ਾ ਉਸਦਾ ਸਤਿਕਾਰ ਕਰਦੇ ਅਤੇ ਉਨ੍ਹਾਂ ਸਮਿਆਂ 'ਚ ਉਸ ਵੱਲੋਂ ਝੱਲੀਆਂ ਮੁਸੀਬਤਾਂ ਬਾਰੇ ਡਾਹਢੇ ਮੋਹ ਨਾਲ ਗੱਲ ਕਰਦੇ ਜਦੋਂ ਉਹ ਸਮਾਜੀ ਨਿਆਂ ਅਤੇ ਆਜ਼ਾਦੀ ਲਈ ਸੰਘਰਸ਼ ਵਿਚ ਰੁੱਝੇ ਹੋਏ ਸਨ।[159]

21 ਦਸੰਬਰ 1968 ਨੂੰ ਭਕਨਾ ਦਾ ਦੇਹਾਂਤ ਹੋ ਗਿਆ। ਆਪਣੇ ਪਿੱਛੇ ਉਹ ਸਮਾਜੀ ਨਿਆਂ ਅਤੇ ਸਰਗਰਮੀ ਦੀ ਇਕ ਐਸੀ ਵਿਰਾਸਤ ਛੱਡ ਗਏ ਜੋ ਸਮਕਾਲੀ ਦੁਨੀਆ ਲਈ ਅੱਜ ਵੀ ਪ੍ਰਸੰਗਿਕ ਹੈ ਕਿਉਂਕਿ ਸਾਮਰਾਜਵਾਦੀ ਅਤੇ ਫਾਸ਼ੀਵਾਦੀ ਤਾਕਤਾਂ ਵਲੋਂ ਬਹੁਤ ਸਾਰੀਆਂ ਕੌਮਾਂ ਅਤੇ ਖਿੱਤਿਆਂ ਉਪਰ ਕਬਜ਼ਾ, ਮਹਾਂਸ਼ਕਤੀਆਂ ਦੀ ਮਦਦ ਨਾਲ ਵੱਡੀਆਂ ਕਾਰਪੋਰੇਸ਼ਨਾਂ ਵਲੋਂ ਕੁਦਰਤੀ ਵਸੀਲਿਆਂ ਦੀ ਲੁੱਟਮਾਰ, ਮੂਲਵਾਸੀਆਂ, ਗ਼ਰੀਬਾਂ ਅਤੇ ਬੇਘਰਿਆਂ ਨੂੰ ਹਾਸ਼ੀਏ 'ਤੇ ਧੱਕੇ ਜਾਣ ਦਾ ਵਰਤਾਰਾ, ਨਸਲਵਾਦ ਅਤੇ ਵਿਤਕਰੇ ਵਾਲੀਆਂ ਇਮੀਗਰੇਸ਼ਨ ਨੀਤੀਆਂ, ਮਜ਼੍ਹਬੀ ਟਕਰਾਅ ਅਤੇ ਔਰਤਾਂ ਉਪਰ ਸਿਲਸਿਲੇਵਾਰ ਹਿੰਸਾ ਅੱਜ ਵੀ ਜਾਰੀ ਹੈ।

ਨਿਚੋੜ

ਸਮਾਜੀ ਨਿਆਂ ਤੇ ਆਜ਼ਾਦੀ ਦੀ ਲਹਿਰ ਵਿਚ ਭਕਨਾ ਦੇ ਯੋਗਦਾਨ ਅਤੇ ਜਿਨ੍ਹਾਂ ਹਾਲਾਤ ਨੇ ਉਨ੍ਹਾਂ ਦੀ ਵਿਚਾਰਧਾਰਾ ਨੂੰ ਘੜਿਆ-ਤਰਾਸ਼ਿਆ ਉਸ ਤੋਂ ਪਾਰ ਜਾ ਕੇ ਦੇਖਿਆਂ ਉਹ ਇਕ ਦਿਆਨਤਦਾਰ ਅਤੇ ਸਵੈ-ਆਲੋਚਨਾ ਦੀ ਦਲੇਰੀ ਵਾਲੀ ਸ਼ਖਸੀਅਤ ਸਨ – ਇਹ ਇਕ ਵਿਲੱਖਣ ਖ਼ੂਬੀ ਹੈ ਜੋ ਇਕ ਸਿਆਸੀ ਕਾਰਕੁਨ ਨੂੰ ਆਪਣੀ ਨਿਹਚਾ 'ਤੇ ਦ੍ਰਿੜਤਾ ਨਾਲ ਡੱਟੇ ਰਹਿਣ ਅਤੇ ਬੇਗਰਜ਼ ਹੋ ਕੇ ਦੂਜਿਆਂ ਦੀ ਸੇਵਾ ਕਰਨ ਦੇ ਕਾਬਲ ਬਣਾਉਂਦੀ ਹੈ। ਉਨ੍ਹਾਂ ਦੀਆਂ ਲਿਖਤਾਂ ਵਿਚ ਇਸ ਖ਼ੂਬੀ ਦੇ ਭਰਪੂਰ ਦੀਦਾਰ ਹੁੰਦੇ ਹਨ ਜਿਥੇ ਉਹ ਆਪਣੇ ਬੀਤੇ ਦੀਆਂ ਭੈੜੀਆਂ ਆਦਤਾਂ ਨੂੰ ਈਮਾਨਦਾਰੀ ਨਾਲ ਸਵੀਕਾਰ ਕਰਦੇ ਹਨ ਅਤੇ ਬੇਔਲਾਦ ਰਹਿਣ ਲਈ ਆਪਣੀ ਪਤਨੀ ਨੂੰ ਕਸੂਰਵਾਰ ਠਹਿਰਾਉਣ ਦੀ ਬਜਾਏ ਇਸ ਦਾ ਇਲਜ਼ਾਮ ਆਪਣੇ ਸਿਰ ਲੈਂਦੇ ਹਨ। ਉਨ੍ਹਾਂ ਦੀ ਈਮਾਨਦਾਰੀ ਇਸ ਤੱਥ ਤੋਂ ਵੀ ਝਲਕਦੀ ਹੈ ਕਿ ਉਨ੍ਹਾਂ ਨੇ ਗ਼ਦਰ ਪਾਰਟੀ ਦੀਆਂ ਨਾਕਾਮਯਾਬੀਆਂ ਨੂੰ ਸਾਫ਼ਗੋਈ ਨਾਲ ਸਵੀਕਾਰ ਕੀਤਾ। ਇਹ ਪਰਚਾ ਕਿਉਂਕਿ ਭਕਨਾ ਦੀ ਹਰ ਖ਼ੂਬੀ ਦਾ ਵੇਰਵਾ ਨਹੀਂ ਸੀ ਦੇ ਸਕਦਾ, ਇਸ ਲਈ ਉਨ੍ਹਾਂ ਦੀ ਸ਼ਖਸੀਅਤ ਦੀਆਂ ਹੋਰ ਅਹਿਮ ਖ਼ੂਬੀਆਂ ਦਾ ਵੇਰਵਾ ਛੱਡ ਦਿੱਤਾ ਗਿਆ ਹੈ। ਇਹ ਸਮਝਣ ਲਈ ਉਨ੍ਹਾਂ ਨੂੰ ਜਾਨਣਾ ਜ਼ਰੂਰੀ ਹੈ ਕਿ ਇਨ੍ਹਾਂ ਖ਼ੂਬੀਆਂ ਨੇ ਉਨ੍ਹਾਂ ਨੂੰ ਇਕ ਵਧੀਆ ਅਤੇ ਨੇਕ ਇਨਸਾਨ ਬਣਨ ਦੇ ਕਾਬਲ ਕਿਵੇਂ ਬਣਾਇਆ ਜੋ ਸਮਾਜੀ ਨਿਆਂ ਲਈ ਜੂਝਣ ਵਾਲੇ ਇਕ ਸੱਚੇ ਕਾਰਕੁਨ ਦੇ ਲਾਜ਼ਮੀ ਗੁਣ ਹਨ। ਇਥੇ ਉਨ੍ਹਾਂ ਵਿੱਚੋਂ ਕੁਝ ਦਾ ਸੰਖੇਪ 'ਚ ਜ਼ਿਕਰ ਕਰਨਾ ਜ਼ਰੂਰੀ ਹੈ। ਭਕਨਾ ਖ਼ੁਦਦਾਰ ਇਨਸਾਨ ਸਨ ਜਿਸ ਨੇ ਅਮਰੀਕਾ ਜਾਣ ਵਕਤ ਆਪਣਾ ਕਰਜਾ ਲਾਹੁਣ ਬਦਲੇ ਪੈਸੇ ਦੀ ਖ਼ਾਤਰ ਈਸਾਈ ਬਣਨ ਤੋਂ ਨਾਂਹ ਕਰ ਦਿੱਤੀ ਸੀ। ਉਨ੍ਹਾਂ ਨੇ ਈਮਾਨਦਾਰੀ ਨਾਲ ਇਹ ਮੰਨਿਆ ਕਿ ਜਦੋਂ ਉਹ ਹਿੰਦੁਸਤਾਨ ਵਿਚ ਸੀ ਤਾਂ ਕੰਮ ਤੋਂ ਜੀਅ ਚੁਰਾਉਂਦਾ ਸੀ। ਉਹ ਆਪਣੇ ਪਿੰਡ ਵਿਚ ਧਾਰਮਿਕ ਦੀਵਾਨ ਲਾਉਣ ਲਈ ਵੀ ਬਹੁਤ ਦਰਿਆ-ਦਿਲ ਸਨ। ਉਨ੍ਹਾਂ ਨੇ ਬਹੁਤ ਹੀ ਹਲੀਮੀਂ ਨਾਲ ਇਹ ਮੰਨਿਆ ਸੀ ਕਿ ਅਮਰੀਕਾ ਵਿਚ ਵਿਦਿਆਰਥੀਆਂ ਨੇ ਉਨ੍ਹਾਂ ਦੀ ਪੀੜ੍ਹੀ ਦੇ ਲੋਕਾਂ ਨੂੰ ਪੜ੍ਹਾ-ਲਿਖਾਕੇ ਕਾਰਕੁਨ ਬਣਾਇਆ ਸੀ। ਸਰਾਭਾ ਬਾਰੇ ਉਨ੍ਹਾਂ ਨੇ ਇਕ ਬਹੁਤ ਹੀ ਭਾਵੁਕ ਲੇਖ ਲਿਖਿਆ, ਜਿਸ ਨੂੰ 19 ਸਾਲ ਦੀ ਉਮਰ 'ਚ ਫਾਂਸੀ ਦੇ ਦਿੱਤੀ ਗਈ ਸੀ ਅਤੇ ਉਸ ਨੂੰ "ਜਰਨੈਲ" ਬਿਆਨ ਕੀਤਾ। ਇਹ ਇਸ ਤੱਥ ਦੇ ਬਾਵਜੂਦ ਸੀ ਕਿ ਜਦੋਂ ਸਰਾਭਾ ਨੂੰ ਫਾਂਸੀ ਦਿੱਤੀ ਗਈ ਓਦੋਂ ਭਕਨਾ ਦੀ ਉਮਰ ਪੰਜਾਹ ਸਾਲ ਦੇ ਕਰੀਬ ਸੀ ਅਤੇ ਉਮਰ ਤੇ ਪਾਰਟੀ ਵਿਚ ਦਰਜੇ ਦੋਵਾਂ ਪੱਖਾਂ ਤੋਂ ਉਹ ਉਸ ਤੋਂ ਬਹੁਤ ਸੀਨੀਅਰ ਸਨ। ਨਿਸ਼ਚੇ ਹੀ ਉਹ ਖ਼ੁਦ ਵੀ ਬਹੁਤ ਦਲੇਰ ਸਨ ਅਤੇ ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਨੂੰ ਹਥਿਆਰ ਦੇਣ ਖ਼ੁਦ ਗਏ ਸਨ। ਗ਼ਦਰ ਪਾਰਟੀ ਦੇ ਪ੍ਰਧਾਨ ਹੋਣ ਦੇ ਬਾਵਜੂਦ ਉਹ ਰਵਾਇਤੀ ਆਗੂਆਂ ਦੀ ਤਰ੍ਹਾਂ ਉਥੇ ਟਿਕੇ ਰਹਿਣ ਦੀ ਬਜਾਏ ਹਿੰਦੁਸਤਾਨ ਆਏ। ਹੋਰ ਵੀ ਅਹਿਮ ਗੱਲ, ਉਹ ਤਰਕਸ਼ੀਲ ਸਨ। ਉਹ ਰਾਮ ਸਿੰਘ ਜਾਂ ਇਸ ਪ੍ਰਸੰਗ 'ਚ ਕਿਸੇ ਹੋਰ ਰੂਹਾਨੀ ਫ਼ਲਸਫ਼ੇ ਦੇ ਅੰਨ੍ਹੇ ਪੈਰੋਕਾਰ ਨਹੀਂ ਸਨ। ਰਾਮ ਸਿੰਘ ਦਾ ਸਤਿਕਾਰ ਕਰਨਾ ਇਕ ਚੀਜ਼ ਸੀ, ਪਰ ਹੋਰ ਬਹੁਤ ਸਾਰੇ ਕੱਟੜ ਨਾਮਧਾਰੀਆਂ ਦੇ ਉਲਟ

ਉਹ ਉਸਨੂੰ ਗੁਰੂ ਮੰਨਕੇ ਨਹੀਂ ਸੀ ਪੂਜਦੇ। ਉਹ ਤਾਂ ਸਗੋਂ ਅਜਿਹੇ ਕੰਮਾਂ ਦੇ ਖ਼ਿਲਾਫ਼ ਸਨ। ਉਨ੍ਹਾਂ ਨੇ ਆਪਣੀ ਪਤਨੀ ਨੂੰ ਦੱਸ ਦਿੱਤਾ ਸੀ ਕਿ ਉਸ ਦੀ ਮੌਤ ਹੋਣ 'ਤੇ ਕਿਸ ਤਰ੍ਹਾਂ ਦੀਆਂ ਰਸਮਾਂ ਕੀਤੀਆਂ ਜਾਣ ਜਦਕਿ ਜੇ ਉਹ ਜਿਊਂਦਾ ਰਿਹਾ ਤਾਂ ਉਸਦੀ ਮੌਤ ਹੋਣ 'ਤੇ ਉਹ ਕੀ ਕੁਝ ਨਹੀਂ ਕਰੇਗਾ। ਉਨ੍ਹਾਂ ਲਈ ਧਰਮ ਇਕ ਰੀਤ ਨਹੀਂ ਸੀ ਸਗੋਂ ਇਕ ਤਰਜ਼ੇ-ਜ਼ਿੰਦਗੀ ਸੀ ਅਤੇ ਇਕ ਸੱਚਾ ਧਰਮ ਤਾਂ ਸਮਾਜੀ ਨਿਆਂ ਲਈ ਪੂਰੀ ਤਰ੍ਹਾਂ ਸਮਰਪਿਤ ਹੁੰਦਾ ਹੈ। ਉਹ ਕਮਿਊਨਿਜ਼ਮ ਦੇ ਵੀ ਅੰਨ੍ਹੇ ਪੈਰੋਕਾਰ ਨਹੀਂ ਸਨ, ਹਾਲਾਂਕਿ ਉਨ੍ਹਾਂ ਦਾ ਸਮਾਜਵਾਦ ਵਿਚ ਭਰੋਸਾ ਸੀ ਅਤੇ ਉਹ ਮਿਹਨਤਕਸ਼ ਜਮਾਤਾਂ ਦੇ ਹੱਕਾਂ ਲਈ ਲੜਦੇ ਰਹੇ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਕਮਿਊਨਿਸਟਾਂ ਨੂੰ ਰੂਸੀ ਜਾਂ ਚੀਨੀ ਕਮਿਊਨਿਸਟਾਂ ਦੇ ਹੁਕਮਾਂ ਦੀ ਅੱਖਾਂ ਮੀਟਕੇ ਪਾਲਣਾ ਕਰਨ ਦੀ ਥਾਂ ਆਪਣੇ ਮੁਲਕ ਦੀਆਂ ਜ਼ਮੀਨੀ ਹਕੀਕਤਾਂ ਅਨੁਸਾਰ ਆਪਣੇ ਫ਼ਲਸਫ਼ੇ ਨੂੰ ਇਕਸੁਰ ਕਰਨਾ ਚਾਹੀਦਾ ਹੈ। ਉਹ ਹਮੇਸ਼ਾ ਮਾਂ-ਪ੍ਰਧਾਨ ਤੰਤਰ ਦੀ ਹਮਾਇਤ ਕਰਦੇ ਅਤੇ ਉਨ੍ਹਾਂ ਦਾ ਵਿਸ਼ਵਾਸ ਸੀ ਕਿ ਜੇ ਕਿਸੇ ਕੌਮ ਦੀਆਂ ਔਰਤਾਂ ਤਾਕਤਵਰ ਨਹੀਂ ਤਾਂ ਉਹ ਜਿਊਂਦੀ ਨਹੀਂ ਰਹਿ ਸਕਦੀ। ਇਹ ਉਹ ਖ਼ੂਬੀਆਂ ਹਨ ਜਿਨ੍ਹਾਂ ਨੇ ਭਕਨਾ ਨੂੰ ਗ਼ਦਰ ਪਾਰਟੀ ਦਾ ਗਹਿਣਾ ਬਣਾਇਆ। ਪਾਰਟੀ ਨੇ ਉਨ੍ਹਾਂ ਦੀ ਸ਼ਖਸੀਅਤ ਤੋਂ ਲਾਜ਼ਮੀ ਹੀ ਬਹੁਤ ਕੁਝ ਗ੍ਰਹਿਣ ਕੀਤਾ ਹੋਵੇਗਾ, ਉਸੇ ਤਰ੍ਹਾਂ ਜਿਵੇਂ ਉਹ ਪਾਰਟੀ ਦੀ ਸਮੂਹਿਕ ਵਿਚਾਰਧਾਰਾ ਤੋਂ ਪ੍ਰਭਾਵਿਤ ਸਨ। ਮਿਸਾਲ ਵਜੋਂ ਭਕਨਾ ਨੇ ਆਪਣੇ ਮਾਪਿਆਂ ਅਤੇ ਆਪਣੀ ਵਿਰਾਸਤ 'ਚੋਂ ਜੋ ਧਰਮਨਿਰਪੱਖ ਭਵਿੱਖਨਕਸ਼ਾ ਗ੍ਰਹਿਣ ਕੀਤਾ ਸੀ ਉਸ ਦਾ ਗ਼ਦਰ ਪਾਰਟੀ ਦੀ ਧਰਮਨਿਰਪੱਖ ਦ੍ਰਿਸ਼ਟੀ ਵਿਚ ਲਾਜ਼ਮੀ ਯੋਗਦਾਨ ਰਿਹਾ ਹੋਵੇਗਾ। ਉਹ ਸਿੱਖੀ ਦੀਆਂ ਅਗਾਂਹਵਧੂ ਕਦਰਾਂ-ਕੀਮਤਾਂ ਅਨੁਸਾਰ ਆਪਣੇ ਨਾਂ ਮਗਰ ਆਪਣਾ ਜਾਤਵਾਦੀ ਗੋਤ ਸ਼ੇਰਗਿੱਲ ਲਾਉਣ ਦੀ ਬਜਾਏ ਭਕਨਾ ਲਿਖਦੇ ਸਨ ਇਹ ਬਹੁਤ ਕੁਝ ਬਿਆਨ ਕਰ ਦਿੰਦਾ ਹੈ। ਉਸ ਨੇ ਦਲਿਤਾਂ ਲਈ ਹਮਦਰਦੀ ਲਾਜ਼ਮੀ ਹੀ ਆਪਣੇ ਵਿਰਸੇ ਅਤੇ ਆਪਣੇ ਮਾਪਿਆਂ ਤੋਂ ਗ੍ਰਹਿਣ ਕੀਤੀ ਹੋਵੇਗੀ ਜੋ ਗ਼ਰੀਬਾਂ ਅਤੇ "ਅਛੂਤਾਂ" ਪ੍ਰਤੀ ਇਸੇ ਤਰ੍ਹਾਂ ਹਮਦਰਦੀ ਰੱਖਦੇ ਸਨ। ਕੇਸਰ ਸਿੰਘ ਨਾਲ ਉਨ੍ਹਾਂ ਨੇ ਸੰਪਰਕ ਨੇ ਧਰਮਨਿਰਪੱਖਤਾ ਪ੍ਰਤੀ ਉਨ੍ਹਾਂ ਦੇ ਸਤਿਕਾਰ ਨੂੰ ਹੋਰ ਮਜ਼ਬੂਤੀ ਬਖ਼ਸ਼ੀ। ਅਮਰੀਕਾ ਜਾਣ ਨੇ ਉਨ੍ਹਾਂ ਦੇ ਭਵਿੱਖ-ਨਕਸ਼ੇ ਅਤੇ ਦੁਨੀਆ ਬਾਰੇ ਸਮਝ ਨੂੰ ਲਾਜ਼ਮੀ ਵਿਸ਼ਾਲ ਬਣਾਇਆ ਹੋਵੇਗਾ ਜੋ ਕੌਮੀਅਤਾਂ ਅਤੇ ਜਮਾਤਾਂ ਦੇ ਅਧਾਰ 'ਤੇ ਵੰਡੀ ਹੋਈ ਸੀ। ਇਕ ਆਜ਼ਾਦ ਅਤੇ ਜਮਹੂਰੀ ਸਮਾਜ ਨਾਲ ਵਾਹ ਨੇ ਆਪਣੀ ਭੂਮਿਕਾ ਨਿਭਾਈ। ਬਦੇਸ਼ੀ ਰਾਜ ਤੋਂ ਹਿੰਦੁਸਤਾਨ ਦੇ ਆਜ਼ਾਦ ਹੋ ਜਾਣ ਤੋਂ ਬਾਅਦ ਵੀ ਉਹ ਆਪਣੇ ਸੰਘਰਸ਼ ਵਿਚ ਡੱਟੇ ਰਹੇ। ਰਾਜ ਵਲੋਂ ਸਹੂਲਤਾਂ ਦੀ ਪੇਸ਼ਕਸ਼ ਸਵੀਕਾਰ ਕਰ ਲੈਣ ਦੀ ਥਾਂ ਉਨ੍ਹਾਂ ਵਿਚ ਸਥਾਪਤੀ ਦੇ ਖ਼ਿਲਾਫ਼ ਜੂਝਣ ਦਾ ਹੌਸਲਾ ਸੀ। ਇਹ ਉਨ੍ਹਾਂ ਦੀ ਈਮਾਨਦਾਰੀ ਅਤੇ ਨੇਕਨਾਮੀ ਨੂੰ ਹੀ ਸਾਬਤ ਕਰਦਾ ਹੈ ਜਿਸ ਨੂੰ ਸਥਾਪਤੀ ਖ਼ਰੀਦ ਨਹੀਂ ਸਕੀ। ਅੰਤ 'ਚ, ਉਸ ਜਿਸ 'ਤੇ ਡੱਟੇ ਰਹੇ ਉਹ ਗ਼ਦਰ ਪਾਰਟੀ ਦੀ ਉਹ ਵਿਰਾਸਤ ਸੀ ਜਿਸਨੇ ਹਰ ਜਾਤ ਅਤੇ ਅਕੀਦੇ ਦੇ ਲੋਕਾਂ ਨੂੰ ਇਕਜੁੱਟ ਕੀਤਾ ਸੀ। ਜੇ ਭਕਨਾ ਧਾਰਮਿਕ ਜਨੂੰਨੀ ਹੁੰਦੇ ਤਾਂ ਨਾ ਉਨ੍ਹਾਂ ਨੇ ਆਪਣੇ ਹਿੰਦੂ ਜਾਂ ਮੁਸਲਿਮ ਸਾਥੀਆਂ ਅਤੇ ਦਲਿਤ ਕੈਦੀਆਂ ਦੇ ਹੱਕ 'ਚ ਡੱਟਣਾ ਸੀ, ਨਾ ਹੀ ਉਨ੍ਹਾਂ ਦੇ

ਹਿੰਦੂ ਸਾਥੀਆਂ ਨੇ ਉਨ੍ਹਾਂ ਦੇ ਹੱਕ 'ਚ ਖੜ੍ਹਨਾ ਸੀ ਜਦੋਂ ਉਨ੍ਹਾਂ ਨੇ ਆਪਣੇ ਧਾਰਮਿਕ ਹੱਕਾਂ ਲਈ ਭੁੱਖ ਹੜਤਾਲ ਕੀਤੀ। ਇਹ ਗ਼ਦਰ ਪਾਰਟੀ ਦਾ ਧਰਮਨਿਰਪੱਖ ਅਕੀਦਾ ਸੀ ਜਿਸਨੇ 1947 ਦੀ ਸੰਕੀਰਣ ਹਿੰਸਾ ਦੌਰਾਨ ਉਨ੍ਹਾਂ ਨੂੰ ਹਿੰਦੂ ਅਤੇ ਸਿੱਖ ਮੂਲਵਾਦੀਆਂ ਦੇ ਖ਼ਿਲਾਫ਼ ਡੱਟਣ ਦੀ ਤਾਕਤ ਦਿੱਤੀ ਸੀ।

NOTES AND REFERENCES

1. Bajaj Prem Singh, ਦੋ ਪੈੜਾਂ ਇਤਿਹਾਸ ਦੀਆਂ, Punjabi Sahit Academy, Ludhiana, India, 2004, Page 39
2. Arora A.C. , ਪੰਜਾਬ ਦੀਆਂ ਲੋਕ ਲਹਿਰਾਂ: 1849–1947, Publication Bureau Punjabi University Patiala, India, 1989, Page 14
3. Josh Sohan Singh, ਹਿੰਦੁਸਤਾਨ ਗ਼ਦਰ ਪਾਰਟੀ ਦਾ ਸੰਖੇਪ ਇਤਿਹਾਸ, Chetna Parkashan, Ludhiana, India, 2007, Page 15
4. Kazimi Ali, Undesirables: White Canada and the Komagata Maru, Douglas and McIntyre, Canada, 2011, Page 21
5. Josh Sohan Singh, ਹਿੰਦੁਸਤਾਨ ਗ਼ਦਰ ਪਾਰਟੀ ਦਾ ਸੰਖੇਪ ਇਤਿਹਾਸ, Page 22
6. Arora A.C, ਪੰਜਾਬ ਦੀਆਂ ਲੋਕ ਲਹਿਰਾਂ, Page 21
7. Josh Sohan Singh, ਹਿੰਦੁਸਤਾਨ ਗ਼ਦਰ ਪਾਰਟੀ ਦਾ ਸੰਖੇਪ ਇਤਿਹਾਸ, Page 16.
8. Ibid., Page 23
9. Bhakna Sohan Singh, Notes on the History of the Ghadar Party, Bulletin of the History Sub-Committee of the Desh Bhagat Yadgar Committee Jalandhar, India, 1995, Page 7
10. Josh Sohan Singh, ਹਿੰਦੁਸਤਾਨ ਗ਼ਦਰ ਪਾਰਟੀ ਦਾ ਸੰਖੇਪ ਇਤਿਹਾਸ, Page 24
11 Ibid., Page 23
12. Arora A.C., ਪੰਜਾਬ ਦੀਆਂ ਲੋਕ ਲਹਿਰਾਂ, Page 21,
13. Nayyar Gurbachan Singh, ਪੰਜਾਬ ਦੀਆਂ ਲੋਕ ਲਹਿਰਾਂ, Page 41
14. Ibid., Page 36
15. Singh Ganda, ਕੂਕਿਆਂ ਦੀ ਵਿਥਿਆ, Publication Bureau Punjabi University Patiala, India, 1990, Page 111.

16. Ibid., Page 128.
17. Nayyar Dr. Gurbachan Singh, ਪੰਜਾਬ ਦੀਆਂ ਲੋਕ ਲਹਿਰਾਂ, Page 41
18. Josh Sohan Singh, ਹਿੰਦੁਸਤਾਨ ਗ਼ਦਰ ਪਾਰਟੀ ਦਾ ਸੰਖੇਪ ਇਤਿਹਾਸ, Page 29
19. Puri Harish K., Ghadar Movement: Ideology, Organization and Strategy, Guru Nanak Dev University Amritsar, India, 1993, Page 12 20. Ibid., Page 13.
21. Bajaj Prem Singh, ਦੋ ਪੈੜਾਂ ਇਤਿਹਾਸ ਦੀਆਂ, Page 38
22. ਜਸਵੰਤ ਸਿੰਘ ਜੱਸ, ਬਾਬਾ ਸੋਹਣ ਸਿੰਘ ਭਕਨਾ, ਜਸਵੰਤ ਸਿੰਘ ਜੱਸ, ਬਾਬਾ ਸੋਹਣ ਸਿੰਘ ਭਕਨਾ, New Book Company, Jalandhar, India, 1983, page 10
23. Bajaj Prem Singh, ਦੋ ਪੈੜਾਂ ਇਤਿਹਾਸ ਦੀਆਂ, Page 39
24. ਜਸਵੰਤ ਸਿੰਘ ਜੱਸ, ਬਾਬਾ ਸੋਹਣ ਸਿੰਘ ਭਕਨਾ, page 15
25. Chain Singh Chain, ਗ਼ਦਰ ਲਹਿਰ ਦੀ ਕਹਾਣੀ: ਗ਼ਦਰੀ ਬਾਬਿਆਂ ਦੀ ਜ਼ੁਬਾਨੀ, Desh Bhagat Yadgar Committee, Jalandhar, India, 2002, Page 10
26. Bajaj Prem Singh, ਦੋ ਪੈੜਾਂ ਇਤਿਹਾਸ ਦੀਆਂ, Page 82
27. Rahi Rajwinder Singh, ਗ਼ਦਰ ਲਹਿਰ ਦੀ ਅਸਲੀ ਗਾਥਾ — 1 (ਗ਼ਦਰੀ ਬਾਬਿਆਂ ਦੀਆਂ ਮੌਲਿਕ ਲਿਖਤਾਂ), Sangam Publications, Samana, India, 2012, Page 160
28. Ibid., Page 164
29. Bajaj Prem Singh, ਦੋ ਪੈੜਾਂ ਇਤਿਹਾਸ ਦੀਆਂ, Page 41
30. Rahi Rajwinder Singh, ਗ਼ਦਰ ਲਹਿਰ ਦੀ ਅਸਲੀ ਗਾਥਾ - 1, Page 165
31. ਜਸਵੰਤ ਸਿੰਘ ਜੱਸ, ਬਾਬਾ ਸੋਹਣ ਸਿੰਘ ਭਕਨਾ, page 24
32. Rahi Rajwinder Singh, ਗ਼ਦਰ ਲਹਿਰ ਦੀ ਅਸਲੀ ਗਾਥਾ - 1, Page 172
33. Bajaj Prem Singh, ਦੋ ਪੈੜਾਂ ਇਤਿਹਾਸ ਦੀਆਂ, Page 42
34. Bajaj Prem Singh, ਦੋ ਪੈੜਾਂ ਇਤਿਹਾਸ ਦੀਆਂ, Page 44
35. Ibid., Page 78
36. Rahi Rajwinder Singh, ਗ਼ਦਰ ਲਹਿਰ ਦੀ ਅਸਲੀ ਗਾਥਾ -1, Page 174 37. Bajaj Prem Singh, ਦੋ ਪੈੜਾਂ ਇਤਿਹਾਸ ਦੀਆਂ, Page 45
38. Bhakna Sohan Singh, Bulletin, Page 9.
39. Ibid., Page 12

40. Ibid., Page 11
41. Sainsra Gurcharan Singh, ਗ਼ਦਰ ਪਾਰਟੀ ਦਾ ਇਤਹਾਸ, Desh Bhagat Yadgar Committee Jalandhar, India, 1969, Page 33
42. Josh Sohan Singh, ਹਿਦੁਸਤਾਨ ਗ਼ਦਰ ਪਾਰਟੀ ਦਾ ਸੰਖੇਪ ਇਤਿਹਾਸ, Page 20
43. Bajaj Prem Singh, ਦੋ ਪੈੜਾਂ ਇਤਿਹਾਸ ਦੀਆਂ, Page 56
44. Josh Sohan Singh, ਹਿਦੁਸਤਾਨ ਗ਼ਦਰ ਪਾਰਟੀ ਦਾ ਸੰਖੇਪ ਇਤਿਹਾਸ, Page 21
45. Waraich Malwinder Jit Singh and Puri Kuldip, Tryst With Martyrdom; Trial of Madan Lal Dhingra, Unistar Books, Chandigarh, India, 2003, Page 12
46. Ibid., Page 13
47. Ibid., Page 34
48. Ibid., Pagge 35
49. Ibid, Pasge 25
50. Sainsra Gurcharan Singh, ਗ਼ਦਰ ਪਾਰਟੀ ਦਾ ਇਤਹਾਸ, Page 34
51. Waraich Malwinder Jit Singh and Puri Kuldip, Tryst With Martyrdom, Page 26
52. Ibid., Page 13
53, Bajaj Prem Singh, ਦੋ ਪੈੜਾਂ ਇਤਿਹਾਸ ਦੀਆਂ, Page 49
54. Ibid., Page 48
55. Bajaj Prem Singh, ਦੋ ਪੈੜਾਂ ਇਤਿਹਾਸ ਦੀਆਂ, Page 49
56. ਜਸਵੰਤ ਸਿੰਘ ਜੱਸ, ਬਾਬਾ ਸੋਹਣ ਸਿੰਘ ਭਕਨਾ, Page 42
57. Bajaj Prem Singh, ਦੋ ਪੈੜਾਂ ਇਤਿਹਾਸ ਦੀਆਂ, Page 50
58. Ibid., Page 50
59. Ibid., Page 51
60. Bhakna Sohan Singh, Bulletin, Page 13
61. Bajaj Prem Singh, ਦੋ ਪੈੜਾਂ ਇਤਿਹਾਸ ਦੀਆਂ, Page 51
62. Kazimi Ali, Undesirables: White Canada and the Komagata Maru, Page 56
63. Bajaj Prem Singh, ਦੋ ਪੈੜਾਂ ਇਤਿਹਾਸ ਦੀਆਂ, Page 52

64. Ibid, Page 51
65. Rahi Rajwinder Singh, ਗ਼ਦਰ ਲਹਿਰ ਦੀ ਅਸਲੀ ਗਾਥਾ - 1, Page 181
66. Bajaj Prem Singh, ਦੋ ਪੈੜਾਂ ਇਤਿਹਾਸ ਦੀਆਂ, Page 77
67. Ibid., Page 52
68. Rahi Rajwinder Singh, ਗ਼ਦਰ ਲਹਿਰ ਦੀ ਅਸਲੀ ਗਾਥਾ - 1, Page 181
69. Ibid., Page 184
70. Bhakna Sohan Singh, Bulletin, Page 14
71. Ibid., Page 15
72. Rahi Rajwinder Singh, ਗ਼ਦਰ ਲਹਿਰ ਦੀ ਅਸਲੀ ਗਾਥਾ - 1, Page 183
73. Sainsra Gurcharan Singh, ਗ਼ਦਰ ਪਾਰਟੀ ਦਾ ਇਤਿਹਾਸ, Page 24
74. Sainsra, ਗ਼ਦਰ ਪਾਰਟੀ ਦਾ ਇਤਿਹਾਸ, Page 25
75. Ibid., Page 27
76. Bajaj Prem Singh, ਦੋ ਪੈੜਾਂ ਇਤਿਹਾਸ ਦੀਆਂ, Page 52
77. Kazimi Ali, Undesirables, Page 85
78. Ogden Johanna, Ghadar Historical Silences, and Notions Of Belonging: Early 1900s Punjabis of the Columbia River, Oregon Historical Quarterly Summer 2012, Page 181
79. Ibid., page 182
80. Bajaj Prem Singh, ਦੋ ਪੈੜਾਂ ਇਤਿਹਾਸ ਦੀਆਂ, Page 51
81. Rahi Rajwinder Singh, ਗ਼ਦਰ ਲਹਿਰ ਦੀ ਅਸਲੀ ਗਾਥਾ - 1, Page 186
82. Bajaj Prem Singh, ਦੋ ਪੈੜਾਂ ਇਤਿਹਾਸ ਦੀਆਂ, Page 53
83. Bhakna Sohan Singh, Bulletin, Page 11
84. Ogden Johanna, Oregon Historical Quarterly Summer 2012, Page 184
85. Kazimi Ali, Undesirables, Page 82.
86. Pooni Sohan Singh, ਕੈਨੇਡਾ ਦੇ ਗ਼ਦਰੀ ਯੋਧੇ, Singh Brothers, Amritsar, India, 2009, Page 17
87. Josh Sohan Singh, ਹਿੰਦੁਸਤਾਨ ਗ਼ਦਰ ਪਾਰਟੀ ਦਾ ਸੰਖੇਪ ਇਤਿਹਾਸ, Page 109
88. Rahi Rajwinder Singh, ਗ਼ਦਰ ਲਹਿਰ ਦੀ ਅਸਲੀ ਗਾਥਾ - 1, Page 198
89. Josh Sohan Singh, ਹਿੰਦੁਸਤਾਨ ਗ਼ਦਰ ਪਾਰਟੀ ਦਾ ਸੰਖੇਪ ਇਤਿਹਾਸ, Page

108
90. Ibid., Page 110
91. Bajaj Prem Singh, ਦੋ ਪੈੜਾਂ ਇਤਿਹਾਸ ਦੀਆਂ, Page 54
92. Sainsra Gurcharan Singh, ਗ਼ਦਰ ਪਾਰਟੀ ਦਾ ਇਤਹਾਸ, Page 103
93. Ibid., Page 120
94. Puri Harish K., Ghadar Movement: Ideology, Organization and Strategy, Page 102
95. Bajaj Prem Singh, ਦੋ ਪੈੜਾਂ ਇਤਿਹਾਸ ਦੀਆਂ, Page 57
96. Ibid., Page 58
97. Josh Sohan Singh, ਹਿੰਦੁਸਤਾਨ ਗ਼ਦਰ ਪਾਰਟੀ ਦਾ ਸੰਖੇਪ ਇਤਿਹਾਸ, Page 132
98. Chaman Lal, ਗ਼ਦਰ ਪਾਰਟੀ ਨਾਇਕ ਕਰਤਾਰ ਸਿੰਘ ਸਰਾਭਾ, National Book Trust, Delhi, India, 2008, Page 13
99. Sainsra Gurcharan Singh, ਗ਼ਦਰ ਪਾਰਟੀ ਦਾ ਇਤਹਾਸ, Page 142
100. Bajaj Prem Singh, ਦੋ ਪੈੜਾਂ ਇਤਿਹਾਸ ਦੀਆਂ, Page 59
101. Ibid., Page 60
102. Kazimi Ali, Undesirables, Page 138
103. Ibid., Page 137
104. Josh Sohan Singh, ਹਿੰਦੁਸਤਾਨ ਗ਼ਦਰ ਪਾਰਟੀ ਦਾ ਸੰਖੇਪ ਇਤਿਹਾਸ, Page 133
105. Chaman Lal, ਗ਼ਦਰ ਪਾਰਟੀ ਨਾਇਕ ਕਰਤਾਰ ਸਿੰਘ ਸਰਾਭਾ, Page 14
106. Bajaj Prem Singh, ਦੋ ਪੈੜਾਂ ਇਤਿਹਾਸ ਦੀਆਂ, Page 61
107. Chaman Lal, ਗ਼ਦਰ ਪਾਰਟੀ ਨਾਇਕ ਕਰਤਾਰ ਸਿੰਘ ਸਰਾਭਾ, Page 15
108. Bhakna Sohan Singh, Bulletin, Page 7
109. Josh Sohan Singh, ਹਿੰਦੁਸਤਾਨ ਗ਼ਦਰ ਪਾਰਟੀ ਦਾ ਸੰਖੇਪ ਇਤਿਹਾਸ, Page 137
110. Chain Singh Chain, ਗ਼ਦਰ ਲਹਿਰ ਦੀ ਕਹਾਣੀ: ਗ਼ਦਰੀ ਬਾਬਿਆਂ ਦੀ ਜ਼ੁਬਾਨੀ, Page 21
111. Chaman Lal, ਗ਼ਦਰ ਪਾਰਟੀ ਨਾਇਕ ਕਰਤਾਰ ਸਿੰਘ ਸਰਾਭਾ, Page 15
112. Ibid,. Page 17
113. Ibid., Page 22

114. Ibid., Page 23
115. Sainsra Gurcharan Singh, ਗ਼ਦਰ ਲਹਿਰ ਦਾ ਇਤਹਾਸ, Page 206
116. Chaman Lal, ਗ਼ਦਰ ਪਾਰਟੀ ਨਾਇਕ ਕਰਤਾਰ ਸਿੰਘ ਸਰਾਭਾ, Page 25 117. Ibid., Page 27
118. Chain Singh Chain, ਗ਼ਦਰ ਲਹਿਰ ਦੀ ਕਹਾਣੀ: ਗ਼ਦਰੀ ਬਾਬਿਆਂ ਦੀ ਜ਼ੁਬਾਨੀ, Page 19
119. Rahi Rajwinder Singh, ਗ਼ਦਰ ਲਹਿਰ ਦੀ ਅਸਲੀ ਗਾਥਾ - 1, Page 217
120. Chaman Lal, ਗ਼ਦਰ ਪਾਰਟੀ ਨਾਇਕ ਕਰਤਾਰ ਸਿੰਘ ਸਰਾਭਾ, Page 29 121. Ibid., Page 31
122. The Ghadar Directory, Publication Bureau Punjabi University, Patiala, India, 1997, Page 272
123. Chaman Lal, ਗ਼ਦਰ ਪਾਰਟੀ ਨਾਇਕ ਕਰਤਾਰ ਸਿੰਘ ਸਰਾਭਾ, Page 33
124. Bajaj Prem Singh, ਦੋ ਪੈੜਾਂ ਇਤਿਹਾਸ ਦੀਆਂ, Page 65
125. Chain Singh Chain, ਗ਼ਦਰ ਲਹਿਰ ਦੀ ਕਹਾਣੀ: ਗ਼ਦਰੀ ਬਾਬਿਆਂ ਦੀ ਜ਼ੁਬਾਨੀ, Page 34
126. Chain Singh Chain, ਗ਼ਦਰ ਲਹਿਰ ਦੀ ਕਹਾਣੀ: ਗ਼ਦਰੀ ਬਾਬਿਆਂ ਦੀ ਜ਼ੁਬਾਨੀ, Page 35
127. Bajaj Prem Singh, ਦੋ ਪੈੜਾਂ ਇਤਿਹਾਸ ਦੀਆਂ, Page 67
128. Ibid., Page 68
129. Chain Singh Chain, ਗ਼ਦਰ ਲਹਿਰ ਦੀ ਕਹਾਣੀ: ਗ਼ਦਰੀ ਬਾਬਿਆਂ ਦੀ ਜ਼ੁਬਾਨੀ, Page 44
130. Ibid., Page 46
131. Bajaj Prem Singh, ਦੋ ਪੈੜਾਂ ਇਤਿਹਾਸ ਦੀਆਂ, Page 70
132. Chain Singh Chain, ਗ਼ਦਰ ਲਹਿਰ ਦੀ ਕਹਾਣੀ: ਗ਼ਦਰੀ ਬਾਬਿਆਂ ਦੀ ਜ਼ੁਬਾਨੀ, Page 48
133. Chaman Lal, ਗ਼ਦਰ ਪਾਰਟੀ ਨਾਇਕ ਕਰਤਾਰ ਸਿੰਘ ਸਰਾਭਾ, Page 51
134. Jagmohan Singh, ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀਆਂ ਲਿਖਤਾਂ, Chetna Parkashan, Ludhiana, India, 2011, Page 18
135. Bajaj Prem Singh, ਦੋ ਪੈੜਾਂ ਇਤਿਹਾਸ ਦੀਆਂ, Page 71
136. Chain Singh Chain, ਗ਼ਦਰ ਲਹਿਰ ਦੀ ਕਹਾਣੀ: ਗ਼ਦਰੀ ਬਾਬਿਆਂ ਦੀ ਜ਼ੁਬਾਨੀ, Page 49

137. Ibid., Page 49
138. ਜਸਵੰਤ ਸਿੰਘ ਜੱਸ, ਬਾਬਾ ਸੋਹਣ ਸਿੰਘ ਭਕਨਾ, Page 215
139. Interview with Bibi Veeran
140. ਜਸਵੰਤ ਸਿੰਘ ਜੱਸ, ਬਾਬਾ ਸੋਹਣ ਸਿੰਘ ਭਕਨਾ, Page 239
141. Chain Singh Chain, ਗ਼ਦਰ ਲਹਿਰ ਦੀ ਕਹਾਣੀ: ਗ਼ਦਰੀ ਬਾਬਿਆਂ ਦੀ ਜ਼ੁਬਾਨੀ, Page 50
142. Ibid., Page 52
143. Ibid., Page 53
144. Bajaj Prem Singh, ਦੋ ਪੈੜਾਂ ਇਤਿਹਾਸ ਦੀਆਂ, Page 72
145. Lyallpuri Jagjit Singh, My Life My Times: Journey ofa revolutionary, Unistar Books, Chandigarh, India 2010, Page 59
146. Lyallpuri Jagjit Singh, My Life My Times, Page 61
147. Ibid., Page 62
148. Chain Singh Chain, ਗ਼ਦਰ ਲਹਿਰ ਦੀ ਕਹਾਣੀ: ਗ਼ਦਰੀ ਬਾਬਿਆਂ ਦੀ ਜ਼ੁਬਾਨੀ, Page 55
149. Bajaj Prem Singh, ਦੋ ਪੈੜਾਂ ਇਤਿਹਾਸ ਦੀਆਂ, Page 74
150. Lyallpuri Jagjit Singh, My Life My Times, Page 82
151. ਜਸਵੰਤ ਸਿੰਘ ਜੱਸ, ਬਾਬਾ ਸੋਹਣ ਸਿੰਘ ਭਕਨਾ, Page 226
152. Bajaj Prem Singh, ਦੋ ਪੈੜਾਂ ਇਤਿਹਾਸ ਦੀਆਂ, Page 75
153. Chain Singh Chain, ਗ਼ਦਰ ਲਹਿਰ ਦੀ ਕਹਾਣੀ: ਗ਼ਦਰੀ ਬਾਬਿਆਂ ਦੀ ਜ਼ੁਬਾਨੀ, Page 55
154. Kang Hari Singh, Comrade Harkishan Singh Surjeet: Highlights of an Inspiring Life, Communist Party of India (Marxist), New Delhi, India, 2010, Page 19
155. Lyallpuri Jagjit Singh, My Life My Time, Page 87
156. Bajaj Prem Singh, ਦੋ ਪੈੜਾਂ ਇਤਿਹਾਸ ਦੀਆਂ, Page 76
157. Bajaj Prem Singh, ਦੋ ਪੈੜਾਂ ਇਤਿਹਾਸ ਦੀਆਂ, Page 87
158. ਜਸਵੰਤ ਸਿੰਘ ਜੱਸ, ਬਾਬਾ ਸੋਹਣ ਸਿੰਘ ਭਕਨਾ, Page 230
159. Bajaj Prem Singh, ਦੋ ਪੈੜਾਂ ਇਤਿਹਾਸ ਦੀਆਂ, Page 83

ਲਾਲਾ ਹਰਦਿਆਲ: ਗ਼ਦਰ ਲਹਿਰ ਦਾ ਬੌਧਿਕ ਅਤੇ ਦਾਰਸ਼ਨਿਕ ਆਗੂ

-ਤੇਜਵੰਤ ਸਿੰਘ ਗਿੱਲ

ਕਵਿਤਾਵਾਂ ਜੋ *ਗ਼ਦਰ* ਨਾਂ ਦੇ ਅਖ਼ਬਾਰ ਵਿਚ ਛਪਦੀਆਂ ਰਹੀਆਂ, ਉਨ੍ਹਾਂ ਦੇ ਸੰਗ੍ਰਹਿ ਵਿਚ ਦੋ ਕਵਿਤਾਵਾਂ ਹਰਦਿਆਲ (1884-1939), ਉਸਦੀ ਇਤਹਾ ਕੁਰਬਾਨੀ ਅਤੇ ਵੱਡੇ ਨੈਤਿਕ ਹੌਸਲੇ ਦੀ ਤਾਰੀਫ਼ ਕਰਦੀਆਂ ਹਨ। ਪਹਿਲੀ ਵਿਚ, ਉਸ ਦੀ ਤਾਰੀਫ਼ ਇਕ ਪੁਰਜੋਸ਼ ਵਿਦਵਾਨ ਵਜੋਂ ਕੀਤੀ ਗਈ ਹੈ ਜੋ ਆਪਣੇ ਵਤਨ ਵਾਸੀਆਂ ਨੂੰ ਉਨ੍ਹਾਂ ਦੀ ਦੁਰਦਸ਼ਾ ਬਾਰੇ ਜਾਗਰੂਕ ਕਰਨ ਅਤੇ ਮੁਕਤੀ ਦੇ ਰਾਹ 'ਤੇ ਚੱਲਣ ਦੀ ਅਗਵਾਈ ਕਰਨ ਲਈ ਅਮਰੀਕਾ ਆਇਆ ਸੀ। ਦੂਜੀ ਵਿਚ, ਉਨ੍ਹਾਂ ਤੰਗੀਆਂ-ਪ੍ਰੇਸ਼ਾਨੀਆਂ ਦਾ ਜ਼ਿਕਰ ਹੈ ਜੋ ਉਸਨੂੰ ਉੱਥੋਂ ਦੇ ਪ੍ਰਸ਼ਾਸਨ ਹੱਥੋਂ ਬੇਖ਼ੌਫ਼ ਤਕਰੀਰਾਂ ਬਦਲੇ ਸਹਿਣੀਆਂ ਪਈਆਂ। ਉਸ ਦੀਆਂ ਤਕਰੀਰਾਂ ਦਾ ਸਰੋਤਿਆਂ, ਜ਼ਿਆਦਾਤਰ ਹਿੰਦੁਸਤਾਨੀਆਂ, ਦੇ ਦਿਲੋ-ਦਿਮਾਗਾਂ ਉਪਰ ਜਾਦੂਮਈ ਅਸਰ ਹੁੰਦਾ ਸੀ ਜੋ ਹੁੰਮ-ਹੁਮਾਕੇ ਜਲਸਿਆਂ ਵਿਚ ਆਕੇ ਉਸ ਨੂੰ ਨੀਝ ਨਾਲ ਸੁਣਦੇ ਸਨ। ਉਹ ਉਨ੍ਹਾਂ ਨੂੰ ਬਸਤੀਵਾਦੀ ਜੂਲੇ ਤੋਂ ਕੌਮੀ ਆਜ਼ਾਦੀ ਹਾਸਲ ਕਰਨ ਦੇ ਉਨ੍ਹਾਂ ਦੇ ਜਮਾਂਦਰੂ ਹੱਕ ਬਾਰੇ ਕਾਇਲ ਕਰਨ ਲਈ ਬਾਖ਼ੂਬੀ ਦਲੀਲਾਂ ਦਿੰਦਾ ਜੋ ਬਰਤਾਨਵੀਆਂ ਨੇ ਹਿੰਦੁਸਤਾਨ ਉਪਰ ਥੋਪਿਆ ਹੋਇਆ ਸੀ। ਨਿਸ਼ਚੇ ਹੀ, ਉਸਦਾ ਅਕਸ ਇੰਗਲੈਂਡ ਵਲੋਂ ਥੋਪੇ ਬਸਤੀਵਾਦ ਦੇ ਪੱਕੇ ਵਿਰੋਧੀ ਦਾ ਸੀ।

ਇਸ ਪੜਾਅ 'ਤੇ, ਉਹ ਉਸਦੇ ਪ੍ਰਵਚਨ ਦੀ ਮਹਿਜ਼ ਕਲਪਨਾ ਦੇ ਇਜ਼ਹਾਰ ਵਜੋਂ ਹੀ ਪੂਜਾ ਕਰ ਸਕਦੇ ਸਨ। ਉਨ੍ਹਾਂ ਦਾ ਜ਼ਿਆਦਾ ਸਰੋਕਾਰ ਆਪਣੇ ਨਾਲ ਫੈਕਟਰੀਆਂ ਅਤੇ ਖੇਤਾਂ ਵਿਚ ਹੁੰਦੇ ਵਿਤਕਰੇ ਨਾਲ ਸੀ, ਜਿਥੇ ਉਨ੍ਹਾਂ ਨੂੰ ਦਿਹਾੜੀ ਦੇ ਅਧਾਰ 'ਤੇ ਉਜਰਤੀ ਕਾਮਿਆਂ ਵਜੋਂ ਕੰਮ ਕਰਨਾ ਪੈਂਦਾ ਸੀ। ਉਥੇ ਉਹ ਰੋਟੀ-ਰੋਜ਼ੀ ਕਮਾਉਣ ਲਈ ਜਾਂਦੇ ਸਨ ਅਤੇ ਉਥੇ ਉਹ ਜੋ ਮੁਸ਼ੱਕਤ ਕਰਦੇ ਉਸਦੇ ਬਦਲੇ ਉਨ੍ਹਾਂ ਨੂੰ ਤਾਅਨੇ-ਮਿਹਣੇ ਸੁਣਨੇ ਪੈਂਦੇ ਅਤੇ ਉਨ੍ਹਾਂ ਨੂੰ ਗੋਰਿਆਂ ਤੋਂ ਘਟੀਆ ਮਨੁੱਖ ਅਤੇ ਨੀਵੇਂ ਸਮਝਕੇ ਮਾੜਾ ਸਲੂਕ ਕੀਤਾ ਜਾਂਦਾ। ਉਨ੍ਹਾਂ ਨੂੰ ਉਸ ਤੋਂ ਕਿਤੇ ਘੱਟ ਮਜ਼ਦੂਰੀ ਦਿੱਤੀ ਜਾਂਦੀ ਜੋ ਉਹ ਆਪਣਿਆਂ ਨੂੰ ਦਿੰਦੇ ਸਨ। ਹਰਦਿਆਲ ਦੀ ਅਹਿਮੀਅਤ ਉਨ੍ਹਾਂ ਨੂੰ ਵਿਅਕਤੀਗਤ ਹਿਤ ਤੋਂ ਪਾਰ ਜਾਕੇ ਕੌਮੀ ਹਾਲਤ ਬਾਰੇ ਜਾਗਰੂਕ ਕਰਨ ਵਿਚ ਹੈ ਜੋ ਅਮਰੀਕਾ ਵਿਚ ਉਨ੍ਹਾਂ ਦੀ ਤਕਦੀਰ ਸੀ। ਆਪਣੀ ਜ਼ਿੰਦਗੀ ਦੇ ਫੌਰੀ ਹਿਤ ਤੋਂ ਉਪਰ ਉਠਣ

ਅਤੇ ਆਪਣੇ ਵਤਨ ਦੀ ਹਾਲਤ ਦੇ ਅਹਿਸਾਸ ਲਈ ਪ੍ਰੇਰਨਾ, ਇਹ ਅਸਰ ਸੀ ਜੋ ਉਨ੍ਹਾਂ ਨੇ ਉਸ ਦੀਆਂ ਤਕਰੀਰਾਂ ਤੋਂ ਕਬੂਲਿਆ। ਉਸ ਨੂੰ ਸੁਣਨਾ ਆਪਣੀ ਵਿਅਕਤੀਗਤ ਅਲਹਿਦਗੀ ਵਾਲੀ ਦਲੀਲ ਤੋਂ ਉਪਰ ਉਠਕੇ ਸੰਵਾਦੀ ਆਦਾਨ-ਪ੍ਰਦਾਨ ਦੇ ਪੱਧਰ 'ਤੇ ਪਹੁੰਚਣ ਸਮਾਨ ਸੀ, ਜੋ ਉਨ੍ਹਾਂ ਵਿਚ ਜੋਸ਼ ਭਰ ਦਿੰਦਾ ਸੀ। ਪਹਿਲੀ ਮਿਸਾਲ ਵਿਚ ਉਸਦਾ ਪ੍ਰਵਚਨ ਕਿਉਂਕਿ ਉਤੇਜਕ ਵਜੋਂ ਕੰਮ ਕਰਦਾ ਸੀ, ਇਸ ਲਈ ਉਸਦੇ ਸਰੋਤੇ ਬਹੁਤ ਜੋਸ਼ 'ਚ ਆਉਂਦੇ ਸਨ। ਹਾਲਾਂਕਿ, ਉਨ੍ਹਾਂ ਨੇ ਆਪਣੇ ਜੋਸ਼ ਨੂੰ ਅਜੇ ਡੂੰਘੇ ਅਨੁਭਵ 'ਚ ਢਾਲਣਾ ਸੀ। ਇਹ ਅਜੇ ਕਲਪਨਾ ਹੀ ਸੀ, ਪਰ ਇਸ ਨੂੰ ਵਧਾਉਣ ਅਤੇ ਅਹਿਮ ਬਣਾਉਣ ਵਿਚ ਹਰਦਿਆਲ ਨੇ ਬਹੁਤ ਹੀ ਯਾਦਗਾਰੀ ਭੂਮਿਕਾ ਨਿਭਾਈ।

ਉਸਦੇ ਪਰਿਵਾਰਕ ਪਿਛੋਕੜ, ਪਾਲਣ-ਪੋਸ਼ਣ, ਤਾਲੀਮ ਅਤੇ ਅੱਲੜ੍ਹ ਉਮਰ ਤੇ ਜਵਾਨੀ ਵਿਚ ਮਿਲੀ ਵਡਿਆਈ, ਇਨ੍ਹਾਂ ਬਹੁਤ ਸਾਰੇ ਕਾਰਕਾਂ ਨੇ ਉਸ ਨੂੰ ਇਹ ਕਾਰਜ ਓਟਣ ਦੇ ਸਰਬੋਤਮ ਰੂਪ 'ਚ ਯੋਗ ਬਣਾਇਆ। ਇਹ ਉਸ ਇਤਿਹਾਸਕ ਮੌਕਾਮੇਲ ਉਪਰ ਬਹੁਤ ਹੀ ਖ਼ਤਰਨਾਕ ਸੀ। ਉਸਦਾ ਜਨਮ 1884 'ਚ ਪੰਜਾਬੀ ਪਿਛੋਕੜ ਵਾਲੇ ਇਕ ਹੇਠਲੇ ਦਰਮਿਆਨੇ ਪਰਿਵਾਰ ਵਿਚ ਹੋਇਆ ਸੀ ਜੋ ਦਿੱਲੀ ਜਾ ਵਸਿਆ ਸੀ। ਇਹ ਬਸਤੀਵਾਦੀ ਰਾਜ ਦੀ ਰਾਜਧਾਨੀ ਸੀ, ਜੋ ਰਾਜ ਅੰਗਰੇਜ਼ਾਂ ਨੇ ਇਥੇ ਆ ਕੇ ਉਪਮਹਾਂਦੀਪ ਦੇ ਵੱਡੇ ਹਿੱਸੇ ਉਪਰ ਲਾਗੂ ਕੀਤਾ ਹੋਇਆ ਸੀ। ਉਸਦਾ ਪਿਤਾ ਜ਼ਿਲ੍ਹਾ ਅਦਾਲਤ ਵਿਚ ਰੀਡਰ ਸੀ, ਜੋ ਲੋਕਾਂ ਨੂੰ ਨਿਆਂ ਦੇਣ ਲਈ ਬਣਾਈ ਦੱਸੀ ਜਾਂਦੀ ਸੀ। ਬਚਪਨ ਤੋਂ ਹੀ ਉਸਦੀ ਪ੍ਰਤਿਭਾ ਸਾਹਮਣੇ ਆਉਣੀ ਸ਼ੁਰੂ ਹੋ ਗਈ, ਖ਼ਾਸ ਕਰਕੇ ਪੜ੍ਹਾਈ ਵਿਚ, ਜੋ ਦਰਅਸਲ ਅਜਿਹਾ ਕਰਨ ਦੀ ਮੁੱਖ ਜਗ੍ਹਾ ਸੀ। ਪ੍ਰਤਿਭਾ ਇਸ ਕਰਕੇ ਹੋਰ ਵੀ ਵਧੇਰੇ ਹੈਰਤਅੰਗੇਜ਼ ਜਾਪਦੀ ਸੀ ਕਿ ਜਨਮ ਤੋਂ ਹੀ ਉਸਦੀ ਸਿਹਤ ਕਮਜ਼ੋਰ ਸੀ। ਜੇ ਉਹ ਤਕੜੀ ਸਿਹਤ ਵਾਲਾ ਹੁੰਦਾ ਤਾਂ ਉਸ ਦੀ ਪ੍ਰਤਿਭਾ ਐਨੀ ਹੈਰਤਅੰਗੇਜ਼ ਨਹੀਂ ਸੀ ਲੱਗਣੀ ਅਤੇ ਇਸ ਦੇ ਆਲੇ-ਦੁਆਲੇ ਜੋ ਆਭਾਮੰਡਲ ਬਣ ਗਿਆ ਉਹ ਐਨਾ ਚਮਕੀਲਾ ਨਹੀਂ ਸੀ ਹੋਣਾ। ਇਥੇ, ਕਮਜ਼ੋਰ ਸਿਹਤ ਗੌਣ ਤਰੀਕੇ ਨਾਲ ਗੁੱਝਾ ਵਰਦਾਨ ਸਾਬਤ ਹੋਈ। ਫਿਰ ਵੀ, ਇਸ ਆਭਾਮੰਡਲ ਦਾ ਬਣਿਆ ਰਹਿਣਾ ਉਸਦੇ ਸਰੋਤਿਆਂ ਉਪਰ ਜਾਦੂਮਈ ਪ੍ਰਭਾਵ ਪਾਉਂਦਾ ਰਿਹਾ ਜੋ ਕਾਲਜ ਦੇ ਦਿਨਾਂ ਤੋਂ ਹੀ ਉਸਦੇ ਮੁਰੀਦ ਬਣਨੇ ਸ਼ੁਰੂ ਹੋ ਗਏ ਸਨ। ਉਸ ਬਾਰੇ ਬਹੁਤ ਸਾਰੀਆਂ ਕਹਾਣੀਆਂ ਹਮੇਸ਼ਾ ਉਨ੍ਹਾਂ ਦੇ ਬੁੱਲ੍ਹਾਂ 'ਤੇ ਹੁੰਦੀਆਂ, ਜੋ ਭਾਵੇਂ ਪੂਰੀ ਤਰ੍ਹਾਂ ਤੱਥਪੂਰਨ ਤਾਂ ਨਹੀਂ ਪਰ ਹਕੀਕਤ 'ਚ ਸਹੀ ਹੁੰਦੀਆਂ ਸਨ। ਇਹ ਵਿਸ਼ਵਾਸ ਕੀਤਾ ਜਾਂਦਾ ਸੀ ਕਿ ਉਸ ਲਈ ਕਿਸੇ ਕਿਤਾਬ ਨੂੰ ਇਕ ਵਾਰ ਪੜ੍ਹਨਾ ਹੀ ਉਸ ਨੂੰ ਅੱਖਰ-ਅੱਖਰ ਯਾਦ ਕਰ ਲੈਣ ਲਈ ਕਾਫ਼ੀ ਸੀ। ਇਸੇ ਤਰ੍ਹਾਂ ਇਹ ਮੰਨਿਆ ਜਾਂਦਾ ਸੀ ਕਿ ਉਸਨੇ ਆਪਣੇ ਕਰੀਅਰ ਦੌਰਾਨ ਜਿਹੜੇ ਵੀ ਇਮਤਿਹਾਨ ਦੇ ਕੇ ਅੱਵਲ ਦਰਜਾ ਹਾਸਲ ਕੀਤਾ ਓਦੋਂ ਇਹ ਨਹੀਂ ਸੀ ਲੱਗਦਾ ਕਿ ਕੋਈ ਉਸ ਤੋਂ ਵੱਧ ਨੰਬਰ ਲੈ ਸਕੇਗਾ। ਤੱਥ ਇਹ ਸੀ ਕਿ ਦੋਵਾਂ ਮਜ਼ਮੂਨਾਂ ਵਿਚ ਉਸਨੇ ਬਹੁਤ ਜ਼ਿਆਦਾ ਅੰਕ ਹਾਸਲ ਕੀਤੇ ਸਨ ਅਤੇ ਉਹ ਸਿਖ਼ਰਲੀ ਪੁਜੀਸ਼ਨ ਹਾਸਲ ਕਰਨ ਵਾਲਿਆਂ 'ਚੋਂ ਸੀ।

ਨਾਲ ਹੀ ਦੋ ਹੋਰ ਕਾਰਕਾਂ ਨੇ ਉਸਦੇ ਸ਼ਾਨਦਾਰ ਅਕਸ 'ਚ ਹੋਰ ਵਾਧਾ ਕੀਤਾ ਅਤੇ

ਇਸ ਨੂੰ ਹੋਰ ਭਰਪੂਰ ਕੀਤਾ। ਉਪਰਲੇ ਤਬਕੇ ਦੇ ਇਕ ਜੱਜ, ਜੋ ਆਪ ਵੀ ਕੁਲੀਨ ਸੀ ਅਤੇ ਉਸਦੇ ਆਲੇਦੁਆਲੇ ਵਾਲੇ ਵੀ ਕੁਲੀਨ ਵਰਗ ਦੇ ਲੋਕ ਹੀ ਸਨ, ਨੇ ਉਸਨੂੰ ਆਪਣੀ ਧੀ ਦੇ ਰਿਸ਼ਤੇ ਦੀ ਪੇਸ਼ਕਸ਼ ਕੀਤੀ। ਉਸ ਵਲੋਂ ਇਹ ਪੇਸ਼ਕਸ਼ ਲਾਜ਼ਮੀ ਹੀ ਆਪਣੀ ਪ੍ਰਤਿਭਾ ਦੀ ਮਾਨਤਾ ਵਜੋਂ ਅਤੇ ਉਸ ਦੇ ਪਰਿਵਾਰ ਵਲੋਂ ਦੈਵੀ ਵਰਦਾਨ ਵਜੋਂ ਕਬੂਲ ਕਰ ਲਈ ਜਾਣੀ ਸੀ, ਜਿਸਦਾ ਸ਼੍ਰੇਸ਼ਟ ਹੋਣ ਕਰਕੇ ਇਹ ਲੜਕਾ ਜ਼ਾਹਰਾ ਹੱਕਦਾਰ ਹੈ ਹੀ ਸੀ। ਦੂਜਾ ਕਾਰਕ ਇੰਗਲੈਂਡ ਦੀ ਸਭ ਤੋਂ ਮਸ਼ਹੂਰ ਯੂਨੀਵਰਸਿਟੀ ਆਕਸਫੋਰਡ ਵਿਚ ਉਚੇਰੀ ਪੜ੍ਹਾਈ ਲਈ ਉਸਨੂੰ ਵਜ਼ੀਫ਼ੇ ਦੀ ਪੇਸ਼ਕਸ਼ ਸੀ। 1905 'ਚ ਉਸਨੇ ਐਮ.ਏ. ਅੰਗਰੇਜ਼ੀ ਅਤੇ ਇਤਿਹਾਸ ਦੀਆਂ ਡਿਗਰੀਆਂ ਬਹੁਤ ਹੀ ਉੱਚੇ ਅੰਕ ਲੈ ਕੇ ਮੁਕੰਮਲ ਕਰਕੇ ਇਹ ਪੇਸ਼ਕਸ਼ ਸਵੀਕਾਰ ਕਰ ਲਈ। ਇਹ ਵਿਸ਼ਵਾਸ ਕੀਤਾ ਜਾਂਦਾ ਸੀ ਕਿ ਬੀਤੇ ਵਿਚ ਕਿਸੇ ਨੇ ਇੰਨੇ ਅੰਕ ਨਹੀਂ ਸੀ ਲਏ ਅਤੇ ਭਵਿੱਖ ਵਿਚ ਵੀ ਇਸ ਤੋਂ ਵੱਧ ਅੰਕ ਹਾਸਲ ਕਰਨ ਦੀ ਸੰਭਾਵਨਾ ਬਹੁਤ ਘੱਟ ਸੀ। ਅਕਾਦਮਿਕ ਜਗਤ ਵਿਚ, ਇਸ ਪੇਸ਼ਕਸ਼ ਨੇ ਉਸਦਾ ਅਕਸ ਐਨਾ ਵੱਡਾ ਬਣਾ ਦਿੱਤਾ ਕਿ ਮੁਸਲਿਮ, ਹਿੰਦੂ ਅਤੇ ਸਿੱਖ ਉੱਘੀਆਂ ਸ਼ਖਸੀਅਤਾਂ ਨੇ ਉਸ ਬਾਰੇ ਗੁਣਗਾਣ ਕਰਨ ਦੇ ਅੰਦਾਜ਼ 'ਚ ਚਰਚਾ ਕਰਨੀ ਸ਼ੁਰੂ ਕਰ ਦਿੱਤੀ ਅਤੇ ਉਸ ਨਾਲ ਮੁਲਾਕਾਤਾਂ ਤੇ ਵਿਚਾਰ-ਵਟਾਂਦਰਾ ਕਰਨ ਨੂੰ ਅਹਿਮੀਅਤ ਦਿੱਤੀ ਜਾਣ ਲੱਗੀ। ਸਿਆਸੀ ਸ਼ਖਸੀਅਤਾਂ ਵੀ ਮਹਿਸੂਸ ਕਰਨ ਲੱਗੀਆਂ ਕਿ ਉਸਦੇ ਪ੍ਰਭਾਵ ਅਤੇ ਨਿਰਖਾਂ ਨੇ ਭਾਵੇਂ ਅਜੇ ਠੋਸ ਰੂਪ ਅਖ਼ਤਿਆਰ ਨਹੀਂ ਸੀ ਕੀਤਾ ਪਰ ਉਹ ਅਰਥਪੂਰਨ ਜ਼ਰੂਰ ਸਨ। ਆਮ ਹੀ ਇਹ ਪ੍ਰਭਾਵ ਬਣ ਗਿਆ ਕਿ, ਚੁਫ਼ੇਰੇ ਸਮਾਜੀ ਜਗਤ ਵਿਚ ਨਾ ਸਹੀ, ਘੱਟੋਘੱਟ ਅਕਾਦਮਿਕ ਖੇਤਰ ਵਿਚ ਤਾਂ ਉਹ ਆਪਣੇ ਅਤੇ ਨਾਲ ਹੀ ਆਪਣੇ ਵਤਨ ਦੀ ਸ਼ਾਨ ਵਧਾਉਂਦੇ ਹੋਏ ਥਾਂ ਬਣਾ ਹੀ ਲਵੇਗਾ।

ਸਿੱਟੇ ਵਜੋਂ, ਸੰਘਰਸ਼ ਦੇ ਕਾਜ ਵਿਚ ਥੋੜ੍ਹਚਿਰੇ ਅਤੇ ਚਿਰਕਾਲੀ ਦੋਵਾਂ ਪੱਖਾਂ ਤੋਂ ਉਸਦੀ ਦੇਣ ਕੀ ਹੈ ਇਸ ਬਾਰੇ ਨਿਰਣਾ ਅਤੇ ਮੁਲੰਕਣ ਕਰਨ ਦਾ ਮਨੋਵੇਗ ਉਸਦੇ ਕਦਰਦਾਨਾਂ ਦੇ ਸਿੱਧੇਸਾਦੇ ਪਰ ਹਕੀਕੀ ਮਨਾਂ ਉਪਰ ਜ਼ਾਹਿਰ ਹੋਣਾ ਸ਼ੁਰੂ ਗਿਆ ਸੀ। ਹਮੇਸ਼ਾ ਜੋ ਉਨ੍ਹਾਂ ਦੇ ਬੁੱਲ੍ਹਾਂ 'ਤੇ ਹੁੰਦਾ ਉਹ ਨਿਰੀ ਤਾਰੀਫ਼ ਸੀ। ਨਿਸ਼ਚੇ ਹੀ, ਉਸ ਉਪਰ ਕੁਦਰਤ ਨੇ ਵਿਸ਼ਵਕੋਸ਼ੀ ਯਾਦਦਾਸ਼ਤ ਦੀ ਬਖ਼ਸ਼ਿਸ਼ ਕੀਤੀ ਹੋਈ ਸੀ, ਜੋ ਉਸਦੀਆਂ ਤਕਰੀਰਾਂ ਅਤੇ ਲਿਖਤਾਂ ਨੂੰ ਵੱਖੋ-ਵੱਖਰੇ ਸਰੋਤਾਂ ਤੋਂ ਲਈਆਂ ਟੂਕਾਂ ਨਾਲ ਸਜਾਉਣ ਵਿਚ ਸਹਾਈ ਹੁੰਦੀ ਸੀ। ਪਹਿਲਾਂ ਤਾਂ ਚੜ੍ਹਦੀ ਉਮਰੇ ਈਸਾਈਅਤ ਨੇ ਉਸ ਨੂੰ ਕੀਲ ਲਿਆ। ਫਿਰ ਪੁਰਾਤਨ ਹਿੰਦੂ ਗ੍ਰੰਥ ਉਸਦੀ ਸੋਚ ਦਾ ਕੇਂਦਰੀ ਭਾਵ ਬਣ ਗਏ। ਇਸ ਤੋਂ ਪਿੱਛੋਂ ਅਰਾਜਕਤਾਵਾਦ ਅਤੇ ਨਿਖੇਧਵਾਦ ਨੇ ਉਸ ਨੂੰ ਤਰ੍ਹਾਂ-ਤਰ੍ਹਾਂ ਦੇ ਵਿਰੋਧੀ ਖ਼ਿਆਲ ਜ਼ਾਹਿਰ ਕਰਨ ਲਈ ਪ੍ਰੇਰਿਤ ਕੀਤਾ। ਜ਼ਿੰਦਗੀ ਦੇ ਆਖ਼ਰੀ ਪੜਾਅ 'ਤੇ, ਉਹ ਮਨੁੱਖੀ ਹੱਕਾਂ ਦਾ ਹਮਾਇਤੀ ਬਣ ਗਿਆ। ਐਸਪਿਰੈਂਟੋ ਦੀ ਵਕਾਲਤ ਨੇ ਉਸਨੂੰ ਇਕਸੁਰਤਾ ਖੋਜੇ ਬਗ਼ੈਰ ਸਾਰੇ ਇਜ਼ਹਾਰਾਂ ਅਤੇ ਸੰਚਾਰ ਨੂੰ ਆਪਸ ਵਿਚ ਸਬੰਧਤ ਨਾ ਹੁੰਦਿਆਂ ਵੀ ਜੋੜ ਦੇਣ ਲਈ ਪ੍ਰੇਰਿਆ। ਸਿੱਟਾ ਇਹ ਸੀ ਕਿ ਲਫ਼ਾਜ਼ੀ ਉਸਦੇ ਵਿਚਾਰ-ਪ੍ਰਗਟਾਵੇ ਅਤੇ ਸੰਚਾਰ ਦਾ ਢੰਗ ਬਣ ਚੁੱਕੀ ਸੀ, ਜਿਸਨੇ ਉਸਦੇ ਪਾਠਕਾਂ ਤੇ ਸਰੋਤਿਆਂ ਨੂੰ ਇਤਿਹਾਸ ਅਤੇ ਹਕੀਕਤ ਤੋਂ ਟੁੱਟੀ

ਹੋਈ ਕਲਪਨਾ ਦੇ ਰੰਗ 'ਚ ਰੰਗ ਦਿੱਤਾ।

ਇੰਗਲੈਂਡ ਵਿਚ ਉਸ ਲਈ ਇਕ ਵੱਖਰਾ ਹੀ ਮੁਕੱਦਰ ਮੌਜੂਦ ਸੀ। ਇਥੇ ਉਸਨੇ ਉਨ੍ਹਾਂ ਵਿਦਵਾਨਾਂ ਨਾਲ ਨਿੱਘੇ ਰਿਸ਼ਤੇ ਬਣਾ ਲਏ ਜਿਨ੍ਹਾਂ ਨਾਲ ਉਸਨੇ ਉਚੇਰੀ ਖੋਜ ਦੇ ਖੇਤਰ ਵਿਚ ਕੰਮ ਕਰਨਾ ਸੀ। ਪਰ ਉਸਨੇ ਅਜੇ ਆਪਣਾ ਅਕਾਦਮਿਕ ਕੰਮ ਸ਼ੁਰੂ ਨਹੀਂ ਸੀ ਕੀਤਾ ਕਿ ਹੋਰ ਰਿਸ਼ਤੇ ਤੇਜ਼ੀ ਨਾਲ ਵਿਕਸਤ ਹੋ ਗਏ ਜਿਸ ਨਾਲ ਉਹ ਇਨ੍ਹਾਂ ਵਿਚ ਉਲਝਕੇ ਰਹਿ ਗਿਆ ਅਤੇ ਅਕਾਦਮਿਕ ਸੰਪਰਕਾਂ ਨੂੰ ਢਾਹ ਲੱਗੀ। ਲਿਹਾਜ਼ਾ ਅਕਾਦਮਿਕ ਮਨੋਰਥ, ਜੋ ਉਸਦੇ ਭਵਿੱਖ ਲਈ ਬਹੁਤ ਜ਼ਿਆਦਾ ਸਹਾਇਕ ਸਿੱਧ ਹੋਣਾ ਸੀ, ਉਸਦੇ ਨਜ਼ਰੀਏ 'ਚੋਂ ਅਲੋਪ ਹੋ ਗਿਆ। ਇਸ ਤੋਂ ਪਹਿਲਾਂ ਕਿ ਉਹ ਇਸ ਸਫ਼ਰ-ਪੰਧ 'ਤੇ ਤੁਰਦਾ, ਉਸਦਾ ਦਿਲ ਹਿੰਦੁਸਤਾਨੀ ਆਵਾਸੀਆਂ ਨੇ ਮੋਹ ਲਿਆ ਜੋ ਆਪਣੇ ਵਤਨ ਨੂੰ ਬਸਤੀਵਾਦੀ ਰਾਜ ਤੋਂ ਮੁਕਤ ਕਰਾਉਣਾ ਲੋਚਦੇ ਸਨ। ਵੀਰ ਸਾਵਰਕਰ (1883-1966) ਵਰਗੇ ਗੱਭਰੂ, ਆਪਣੇ ਵਤਨ ਦੀ ਮੁਕਤੀ ਲਈ ਕੋਈ ਹੀਲਾ ਕਰਨ ਲਈ ਤਾਂਘ ਰਹੇ ਸਨ। ਇਸ ਪੜਾਅ 'ਤੇ, ਉਹ ਜਾਂ ਤਾਂ 1857 ਦੇ ਬਾਗ਼ੀਆਂ ਦੀ ਤਰ੍ਹਾਂ ਕੰਮ ਕਰਦੇ ਜਾਂ ਵਿਅਕਤੀਗਤ ਹੱਤਿਆਵਾਂ ਕਰਨ ਵਾਲਿਆਂ ਵਾਂਗ, ਜਿਸ ਦੀਆਂ ਮਿਸਾਲਾਂ ਹੱਤਿਆਵਾਂ ਕਰਨ ਦੇ ਯਤਨਾਂ ਵਜੋਂ ਬਹੁਤ ਹੀ ਧੂਹਪਾਊ ਤੌਰ 'ਤੇ, ਅਤੇ ਕਦੇ-ਕਦਾਈਂ ਅਰਾਜਕਤਾਵਾਦੀਆਂ ਅਤੇ ਨਿਖੇਧਵਾਦੀਆਂ ਵਲੋਂ ਅੰਜਾਮ ਦਿੱਤੀਆਂ ਹੱਤਿਆਵਾਂ ਦੇ ਰੂਪ 'ਚ ਮੌਜੂਦ ਸਨ, ਜੋ ਯੂਰਪੀ ਮੁਲਕਾਂ ਵਿਚ ਸਰਗਰਮ ਸਨ। ਇਸੇ ਤਰ੍ਹਾਂ ਦਾ ਇਕ ਕਤਲ ਨੌਜਵਾਨ ਮਦਨ ਲਾਲ ਢੀਂਗਰਾ (1883-1909) ਨੇ ਇਸ ਮੌਕਾਮੇਲ 'ਤੇ ਕੀਤਾ ਸੀ। ਉਸਨੇ ਸੈਕਟਰੀ ਆਫ ਸਟੇਟ ਦੇ ਸਾਬਕਾ ਸਿਆਸੀ ਸਹਾਇਕ ਸਰ ਵਾਇਲੀ ਨੂੰ ਕਤਲ ਕਰ ਦਿੱਤਾ। ਅੰਮ੍ਰਿਤਸਰ, ਪੰਜਾਬ ਦੇ ਇਕ ਖੁਸ਼ਹਾਲ ਪਰਿਵਾਰ ਦੇ ਇਸ ਜੰਮਪਲ ਨੇ ਸਿਆਸੀ ਕਤਲ ਕੀਤਾ ਅਤੇ ਬਿਨਾ ਕਿਸੇ ਅਫ਼ਸੋਸ ਦੇ ਇਸ ਦਾ ਇਕਬਾਲ ਕੀਤਾ। ਮੁਕੱਦਮੇ ਦੌਰਾਨ ਉਸਦੇ ਪਰਿਵਾਰ ਨੇ ਉਸ ਨੂੰ ਆਪਣਾ ਮੰਨਣ ਤੋਂ ਨਾਂਹ ਕਰ ਦਿੱਤੀ ਪਰ ਇਸ ਦਾ ਉਸ ਉਪਰ ਕੋਈ ਅਸਰ ਨਾ ਹੋਇਆ। ਇਸ ਦੀ ਬਜਾਏ, ਆਪਣੇ ਪਰਿਵਾਰ ਨਾਲੋਂ ਤੋੜਵਿਛੋੜੇ ਨੇ ਉਸ ਦੇ ਸ਼ਹਾਦਤ ਦੇ ਜਜ਼ਬੇ ਨੂੰ ਐਨਾ ਭਰਪੂਰ ਬਣਾ ਦਿੱਤਾ ਕਿ ਫਾਂਸੀ ਦੇ ਤਖ਼ਤੇ ਵੱਲ ਲਿਜਾਏ ਜਾਣ ਤੋਂ ਪਹਿਲਾਂ ਉਸ ਨੂੰ ਜੋ ਵਕਤ ਮਿਲਿਆ ਉਸ ਦੌਰਾਨ ਉਸਨੇ ਆਪਣਾ ਧਿਆਨ ਖ਼ੁਦ ਨੂੰ ਸ਼ਹਾਦਤ ਦੀ ਮੂਰਤ ਬਣਨ 'ਤੇ ਲਾ ਲਿਆ, ਜਿਸ ਦੀ ਬੀਤੇ ਦੇ ਧਰਮ-ਗ੍ਰੰਥਾਂ ਵਿਚ ਰੂਹਾਨੀ ਤੌਰ 'ਤੇ ਖ਼ੂਬ ਉਸਤਤਿ ਕੀਤੀ ਗਈ ਹੈ।

ਇਸ ਘਟਨਾ ਦਾ ਹਰਦਿਆਲ ਦੇ ਮਨ ਉਪਰ ਦੁਖਦਾਈ ਅਤੇ ਨਾਟਕੀ ਦੋਵੇਂ ਤਰ੍ਹਾਂ ਦਾ ਅਸਰ ਹੋਇਆ। ਇਸ ਦਾ ਦੁਖਦਾਈ ਅਸਰ ਇਸ ਤੱਥ ਤੋਂ ਜ਼ਾਹਰ ਸੀ ਕਿ ਅਕਾਦਮਿਕ ਪੜ੍ਹਾਈ ਜਾਰੀ ਰੱਖਣ 'ਚ ਉਸਦੀ ਰੁਚੀ ਨਾ ਰਹੀ, ਜੋ ਉਸ ਲਈ ਜ਼ਰੂਰੀ ਸੀ ਜਿਸ ਦੀ ਖ਼ਾਤਰ ਉਸ ਨੂੰ ਬਸਤੀਵਾਦੀ ਰਾਜ ਵਲੋਂ ਵਜ਼ੀਫ਼ਾ ਦਿੱਤਾ ਗਿਆ ਸੀ। ਲਿਹਾਜ਼ਾ ਉਸ ਨੇ ਅਕਾਦਮਿਕ ਮਿਹਨਤ ਤੋਂ ਮੂੰਹ ਮੋੜ ਲਿਆ ਅਤੇ ਆਪਣੇ ਵਤਨ ਦੀ ਮੁਕਤੀ ਲਈ ਤਾਂਘਦੇ ਹਿੰਦੁਸਤਾਨੀ ਪ੍ਰਵਾਸੀਆਂ ਦੀਆਂ ਸਰਗਰਮੀਆਂ ਵਿਚ ਜ਼ਿਆਦਾ ਤੋਂ ਜ਼ਿਆਦਾ ਖੁੱਭਦਾ ਗਿਆ। ਮਦਾਮ ਕਾਮਾ (1861-1936) ਵਰਗੇ ਜਲਾਵਤਨ ਹਿੰਦੁਸਤਾਨੀ, ਜੋ ਓਦੋਂ ਪੈਰਿਸ ਵਿਚ ਰਹਿ ਰਹੇ ਸਨ, ਉਸਦੀ ਰੁਚੀ

ਦਾ ਕੇਂਦਰ ਬਣ ਗਏ। ਜੋ ਹੁਣ ਤਕ ਦੁਖਦਾਈ ਸੀ ਉਹ ਨਾਟਕੀ ਬਣਕੇ ਉਭਰਨ ਲੱਗਿਆ। ਨਤੀਜਾ ਇਹ ਸੀ ਕਿ ਉਸਨੇ ਉਹ ਪੈਸਾ ਮੋੜਨ ਦਾ ਮਨ ਬਣਾ ਲਿਆ ਜੋ ਉਸਨੂੰ ਆਕਸਫੋਰਡ ਵਿਚ ਉਚੇਰੀ ਖੋਜ ਕਰਨ ਲਈ ਵਜ਼ੀਫ਼ੇ ਵਜੋਂ ਮਿਲਿਆ ਸੀ। ਹੁਣ ਜਦੋਂ ਉਹ ਬਸਤੀਵਾਦੀ ਰਾਜ ਵਲੋਂ ਨਿਯੁਕਤ ਕੀਤਾ ਖੋਜੀ ਨਾ ਰਿਹਾ, ਤਾਂ ਉਹ ਹੁਣ ਇੰਗਲੈਂਡ ਵਿਚ ਵੀ ਨਹੀਂ ਸੀ ਰਹਿ ਸਕਦਾ। ਆਪਣੀ ਨਵੀਂ ਵਿਆਹੀ ਪਤਨੀ ਦੇ ਨਾਲ ਉਸ ਨੂੰ ਹਿੰਦੁਸਤਾਨ ਵਾਪਸ ਜਾਣਾ ਪੈਣਾ ਸੀ। ਉਸਦਾ ਪਰਿਵਾਰ ਨਿਰਾਸ਼ ਸੀ ਪਰ ਉਨ੍ਹਾਂ ਦੇ ਲਾਡਲੇ ਪੁੱਤ ਨੇ ਜੋ ਕੀਤਾ ਸੀ ਉਸ ਨੂੰ ਉਨ੍ਹਾਂ ਨੇ ਪ੍ਰਵਾਨ ਕਰ ਲਿਆ। ਉਸਦਾ ਸਹੁਰਾ ਪਰਿਵਾਰ ਐਨਾ ਗੁੱਸੇ 'ਚ ਸੀ ਕਿ ਉਸਦੀ ਵਿਆਹੁਤਾ ਜ਼ਿੰਦਗੀ ਹੀ ਖ਼ਤਰੇ 'ਚ ਪੈ ਗਈ। ਉਨ੍ਹਾਂ ਨੇ ਆਪਣੀ ਧੀ ਨੂੰ ਉਸ ਬੀਆਂਬਾਨ 'ਚ ਲਿਜਾ ਸੁੱਟਣ ਦੀ ਇਜਾਜ਼ਤ ਦੇਣ ਤੋਂ ਨਾਂਹ ਕਰ ਦਿੱਤੀ ਜਿਸ ਵਿੱਚੋਂ ਨਿਕਲਣ ਦਾ ਉਸ ਕੋਲ ਓਦੋਂ ਕੋਈ ਰਸਤਾ ਨਹੀਂ ਸੀ। ਇਸ ਨੇ ਲਾਜ਼ਮੀ ਹੀ ਉਸ ਨੂੰ ਨਾਰਾਜ਼ ਕੀਤਾ ਹੋਵੇਗਾ ਕਿਉਂਕਿ ਆਪਣੀ ਬਹੁਤ ਹੀ ਸੁੰਦਰ ਪਤਨੀ ਨਾਲੋਂ ਤੋੜਵਿਛੋੜਾ ਉਸਦੇ ਬਾਪ ਨੇ ਅਟੱਲ ਬਣਾ ਦਿੱਤਾ ਸੀ। ਬਹੁਤ ਪਹਿਲਾਂ ਉਸਦੇ ਇਕ ਬੱਚਾ ਹੋਇਆ ਸੀ ਜਿਸਦੀ ਬਾਲ ਉਮਰੇ ਹੀ ਮੌਤ ਹੋ ਗਈ ਸੀ। ਲਿਹਾਜ਼ਾ, ਜਬਰੀ ਵਿਛੋੜੇ ਗਏ ਪਤੀ ਅਤੇ ਪਤਨੀ ਕਦੇ ਇਕੱਠੇ ਨਾ ਹੋ ਸਕੇ। ਉਸਨੇ ਉਸਨੂੰ ਤਲਾਕ ਵੀ ਨਹੀਂ ਦਿੱਤਾ ਅਤੇ ਬਾਅਦ ਵਿਚ ਉਸਦੇ ਜੋ ਧੀ ਜੰਮੀ, ਉਹ ਤਾਅ ਉਮਰ ਉਸ ਨਾਲ ਕੋਈ ਸੰਪਰਕ ਨਾ ਹੋਣ ਕਰਕੇ ਹਮੇਸ਼ਾ ਇਕ ਬਾਪ ਦੀਆਂ ਅਜੀਬ ਭਾਵਨਾਵਾਂ ਸਾਂਭਕੇ ਰੱਖਦੀ ਰਹੀ। ਨਿਸ਼ਚੇ ਹੀ, ਪਿੱਛੋਂ ਭਾਵੇਂ ਉਸਨੇ ਦੋ ਪੱਛਮੀ ਔਰਤਾਂ ਨਾਲ ਰਿਸ਼ਤਾ ਜੋੜਿਆ ਪਰ ਜਬਰੀ ਵਿਆਹ ਨੇ ਉਸ ਨੂੰ ਜੋ ਸਦਮਾ ਦਿੱਤਾ ਉਹ ਤਾਅ ਉਪਰ ਬਣਿਆ ਰਿਹਾ। ਇਹ ਦੁਖਦਾਈ-ਕਮ-ਨਾਟਕੀ ਸੰਭਾਵਨਾ ਸੀ ਜੋ 20ਵੀਂ ਸਦੀ ਦੇ ਦੂਜੇ ਦਹਾਕੇ ਵਿਚ ਉਸਨੂੰ ਅਮਰੀਕਾ ਲੈ ਲਈ।

ਉਹ ਜਿਸ ਹਾਲਤ 'ਚ ਘਿਰਿਆ ਹੋਇਆ ਸੀ ਉਹ ਦੋ ਪਹਿਲੂਆਂ ਦਰਮਿਆਨ ਤਿੱਖੇ ਤਣਾਓ ਵਾਲੀ ਸੀ: ਦੇਸ਼ਭਗਤੀ ਦਾ ਜੋਸ਼ ਜੋ ਉਸ ਨੂੰ ਕੋਈ ਹੈਰਾਨੀਜਨਕ ਚਮਤਕਾਰੀ ਭੂਮਿਕਾ ਨਿਭਾਉਣ ਲਈ ਹੁੱਝਾਂ ਮਾਰਦਾ ਸੀ ਅਤੇ ਵਿਆਹੁਤਾ ਜ਼ਿੰਦਗੀ ਦੀ ਨਿਰਾਸ਼ਤਾ ਜੋ ਉਸ ਨੂੰ ਮਾਯੂਸੀ ਦੇ ਆਲਮ 'ਚ ਡੋਬ ਦਿੰਦੀ ਸੀ। ਇਕ ਉਸਨੂੰ ਆਪਣੇ ਵਤਨ ਦੀ ਆਜ਼ਾਦੀ ਲਈ ਸਭ ਕੁਝ ਦਾਅ 'ਤੇ ਲਾਉਣ ਲਈ ਪ੍ਰੇਰਦੀ ਸੀ ਅਤੇ ਦੂਜੀ ਨਾਲ ਉਸ ਉਪਰ ਸਭ ਕੁਝ ਫਜ਼ੂਲ ਹੋਣ ਦੀ ਭਾਵਨਾ ਛਾ ਜਾਂਦੀ। ਉਸਦੇ ਮਨ ਅੰਦਰ ਆਸ਼ਾਵਾਦ ਅਤੇ ਨਿਰਾਸ਼ਾਵਾਦ ਦਰਮਿਆਨ ਭੇੜ ਜਾਰੀ ਰਹਿੰਦਾ ਅਤੇ ਉਹ ਦੋਵਾਂ ਦੀ ਸੁਲਾਹ ਕਰਾਉਣ ਤੋਂ ਅਸਮਰੱਥ ਸੀ। ਇਸ ਹਾਲਤ 'ਚ ਗ੍ਰਿਫ਼ਤਾਰੀ ਦੇ ਸੰਸੇ ਦੌਰਾਨ ਉਸ ਨੇ ਹਿੰਦੁਸਤਾਨ ਛੱਡ ਦਿੱਤਾ। ਜੋ ਵੱਕਾਰੀ ਸ਼ਖ਼ਸੀਅਤਾਂ ਉਸ ਦੀ ਪ੍ਰਤਿਭਾ ਦੇ ਕੀਲਵੇਂ ਪ੍ਰਭਾਵ ਹੇਠ ਉਸ ਨਾਲ ਜੁੜ ਗਈਆਂ ਸਨ, ਉਹ ਔਖੇ ਵੇਲੇ ਕੰਮ ਆਈਆਂ ਅਤੇ ਹਿੰਦੁਸਤਾਨ ਵਿੱਚੋਂ ਉਸਦੇ ਬਚ ਨਿਕਲਣ 'ਚ ਸਹਾਈ ਹੋਈਆਂ। ਆਪਣੀਆਂ "ਪੂਰਨ ਸਿੰਘ ਬਾਰੇ ਯਾਦਾਂ"[2] ਵਿਚ, ਉਸਦੀ ਪਤਨੀ ਮਾਇਆ ਦੇਵੀ ਬਿਆਨ ਕਰਦੀ ਹੈ ਕਿਵੇਂ ਉਸਦੇ ਪਤੀ ਨੇ, ਜੋ ਉਸ ਜ਼ਮਾਨੇ ਦਾ ਸਭ ਤੋਂ ਸੁਪਨਸਾਜ਼ ਸਿੱਖ ਸੀ, ਆਪਣੇ ਮੁਸਲਮਾਨ ਦੋਸਤ ਡਾ.

ਖ਼ੁਦਾ ਦਾਦ ਨੂੰ ਇਸ ਬਹਾਦਰੀ ਵਾਲੇ ਪਰ ਜ਼ੋਖ਼ਮ ਭਰੇ ਕੰਮ ਵਿਚ ਉਸ ਦੀ ਮਦਦ ਲਈ ਭੇਜਿਆ। ਇਸ ਘਟਨਾ ਤੋਂ ਇਕ ਹੋਰ ਜਿਹੜੀ ਚੀਜ਼ ਪ੍ਰਤੱਖ ਹੁੰਦੀ ਹੈ ਉਹ ਹੈ ਉਸ ਦੀ ਮਦਦ ਕਰਨ ਦਾ ਹੌਸਲਾ ਕਰਨ ਵਾਲਿਆਂ ਦਾ ਬਿਨਾ ਕਿਸੇ ਫਿਰਕੂ ਸੋਚ ਦੇ ਅਜਿਹਾ ਕਰਨਾ। ਉਹ ਉਸਦੀ ਪ੍ਰਤਿਭਾ ਦੇ ਕੀਲੇ ਹੋਏ ਸਨ, ਜੋ ਉਸਦੇ ਬਚਾਓ ਲਈ ਬਹੁੜਨ ਦਾ ਚੋਖਾ ਕਾਰਨ ਸੀ।

ਗ੍ਰਿਫ਼ਤਾਰੀ ਤੋਂ ਬਚਕੇ ਹਰਦਿਆਲ ਇੰਗਲੈਂਡ ਆ ਗਿਆ। ਆਸ਼ਾ ਅਤੇ ਨਿਰਾਸ਼ਾ ਦੇ ਅਣਸੁਲਝੇ ਟਕਰਾਅ ਦਾ ਅਸਰ ਸਪਸ਼ਟ ਸੀ। ਸਿੱਟਾ ਇਹ ਹੋਇਆ ਕਿ ਇਕ ਪਾਸੇ ਉਹ ਘੋਰ ਉਦਾਸੀ-ਰੋਗ ਅਤੇ ਦੂਜੇ ਪਾਸੇ ਤਪਦਿਕ ਦੀ ਲਪੇਟ ਸੀ। ਦੋਵਾਂ ਤੋਂ ਛੁਟਕਾਰਾ ਹਾਸਲ ਕਰਨ ਲਈ ਉਹ ਉਸ ਟਾਪੂ 'ਤੇ ਚਲਾ ਗਿਆ ਜੋ ਓਦੋਂ ਬਹੁਤ ਹੀ ਸ਼ਾਂਤ ਗਿਣਿਆ ਜਾਂਦਾ ਸੀ। ਮਾਰਟਿਨਿਕ ਦਾ ਇਹ ਟਾਪੂ ਯੂਰਪ ਦੇ ਮੁਕਾਬਲੇ ਬਹੁਤ ਸ਼ਾਂਤ ਸੀ ਜੋ ਓਦੋਂ ਸਿਆਸੀ ਉਥਲ-ਪੁੱਥਲ ਨਾਲ ਲੀਰੋ-ਲੀਰ ਸੀ। ਜ਼ਿਹਨੀਂ ਅਤੇ ਜਿਸਮਾਨੀ ਸਿਹਤਯਾਬੀ ਲਈ ਵਰਜਿਸ਼ਾਂ ਵਿਚ ਸਮਾਧੀ ਵੀ ਸ਼ਾਮਲ ਸੀ ਜਿਸ ਦੇ ਅਭਿਆਸ ਦਾ ਝੱਲ ਉਸ ਨੂੰ ਤਾਅ ਉਮਰ ਚਿੰਬੜਿਆ ਰਿਹਾ। ਜਿਸਮਾਨੀ-ਮਨੋਵਿਗਿਆਨਕ ਵਰਜਿਸ਼ ਤੋਂ ਵਧੇਰੇ, ਇਸ ਦਾ ਮਾਇਨਾ ਉਸ ਲਈ ਰੂਹਾਨੀ ਸੀ, ਨਾ ਸਿਰਫ਼ ਵਿਅਕਤੀਗਤ ਸਗੋਂ ਸੱਭਿਆਚਾਰਕ ਪ੍ਰਸੰਗ 'ਚ। ਇਸ ਲਈ ਉਸ ਨੂੰ ਕਿਸੇ ਮੁੱਦੇ ਉਪਰ ਧਿਆਨ ਇਕਾਗਰ ਕਰਨ ਦੀ ਲੋੜ ਸੀ, ਸਥਾਨ ਵਿਚ ਸਰਵਵਿਆਪਕ ਅਤੇ ਸਮੇਂ ਵਿਚ ਸਦੀਵੀ। ਇਸ ਧਿਆਨ ਇਕਾਗਰਤਾ ਨਾਲ ਉਸ ਨੇ ਲਾਜ਼ਮੀ ਹੀ ਭੇਤ ਪਾ ਲਿਆ ਹੋਵੇਗਾ ਕਿ ਹਰ ਤਰ੍ਹਾਂ ਦੀਆਂ ਰੀਤਾਂ ਅਤੇ ਰਿਵਾਜਾਂ, ਰਵਾਇਤਾਂ ਅਤੇ ਰਸਮਾਂ, ਵਿਸ਼ਵਾਸਾਂ ਅਤੇ ਅਕੀਦਿਆਂ ਤੋਂ ਆਜ਼ਾਦੀ ਜ਼ਿੰਦਗੀ ਦਾ ਨਿਚੋੜ ਸੀ। ਹੈਰਾਨੀ ਦੀ ਗੱਲ ਨਹੀਂ, ਕਿ ਉਸ ਪਲ ਤੋਂ ਉਹ ਅਰਾਜਕਤਾਵਾਦ-ਕਮ-ਨਿਖੇਧਵਾਦ ਅਤੇ ਕਾਮੁਕ ਆਜ਼ਾਦੀ ਦਾ ਹਮਾਇਤੀ ਬਣ ਗਿਆ। ਨਾਲ ਹੀ ਉਸਨੇ ਪੁਰਾਤਨ ਹਿੰਦੁਸਤਾਨੀ ਧਾਰਮਿਕ ਗ੍ਰੰਥਾਂ, ਖ਼ਾਸ ਕਰਕੇ ਬੋਧੀ ਗ੍ਰੰਥਾਂ ਅਤੇ ਇਨ੍ਹਾਂ ਨਾਲ ਸਬੰਧਤ ਜ਼ੁਬਾਨਾਂ ਜਿਵੇਂ ਸੰਸਕ੍ਰਿਤ ਅਤੇ ਪ੍ਰਾਕ੍ਰਿਤ ਦੀ ਮੁਹਾਰਤ ਹਾਸਲ ਕੀਤੀ। ਇਹ ਹੈਰਾਨੀ ਦੀ ਗੱਲ ਨਹੀਂ ਕਿ ਸਾਨ ਫਰਾਂਸਿਸਕੋ ਦੀ ਸਟੈਨਫੋਰਡ ਯੂਨੀਵਰਸਿਟੀ ਵਿਚ ਉਸਨੂੰ ਇਹ ਮਜ਼ਮੂਨ ਪੜ੍ਹਾਉਣ ਲਈ ਪ੍ਰੋਫੈਸਰ ਰੱਖਿਆ ਗਿਆ ਸੀ।

ਯੂਨੀਵਰਸਿਟੀ ਵਿਚ ਪੜ੍ਹਾਉਣ ਤੋਂ ਇਲਾਵਾ, ਹਰਦਿਆਲ ਕੋਲ ਅਰਾਜਕਤਾਵਾਦ-ਕਮ-ਨਿਖੇਧਵਾਦ ਅਤੇ ਕਾਮੁਕ ਆਜ਼ਾਦੀ ਨਾਲ ਸਬੰਧਤ ਆਪਣੇ ਮਨਭਾਉਂਦੇ ਮੁੱਦਿਆਂ ਉਪਰ ਲੈਕਚਰ ਦੇਣ ਲਈ ਚੋਖਾ ਵਕਤ ਅਤੇ ਗੁੰਜਾਇਸ਼ ਸੀ। ਉਸਨੇ ਮਾਰਕਸਵਾਦ ਨਾਲ ਵੀ ਕਲੋਲ ਕੀਤੀ। ਸਿੱਟੇ ਵਜੋਂ ਉਸਨੇ ਇਕ ਲੇਖ ਲਿਖਿਆ, ਜਿਸ ਵਿਚ ਉਸਨੇ ਮਾਰਕਸ ਨੂੰ ਆਧੁਨਿਕ ਰਿਸ਼ੀ ਵਜੋਂ ਸਲਾਹਿਆ। ਸ਼ਾਇਦ, ਇਹ ਕਿਸੇ ਹਿੰਦੁਸਤਾਨੀ ਲੇਖਕ ਵਲੋਂ ਕਾਰਲ ਮਾਰਕਸ ਬਾਰੇ ਲਿਖੀ ਸਭ ਤੋਂ ਪਹਿਲੀ ਲਿਖਤ ਸੀ। ਉਥੇ ਸਰੋਤੇ ਉਪਰਲੇ ਜਾਂ ਮੱਧ ਵਰਗ ਦੇ ਮਰਦ ਤੇ ਔਰਤਾਂ ਹੁੰਦੇ ਜੋ ਖ਼ਿਆਲਾਂ ਦੀਆਂ ਵਿਹਾਰਕ ਅਰਥ-ਸੰਭਾਵਨਾਵਾਂ ਦੇ ਜੱਭ 'ਚ ਪਏ ਬਗ਼ੈਰ ਉਨ੍ਹਾਂ ਦੀ ਨਵੀਨਤਾ ਦਾ ਲੁਤਫ਼ ਲੈਂਦੇ ਸਨ। ਇਸ ਨੇ ਹਰਦਿਆਲ ਨੂੰ ਉਪਰਾਮ, ਅਤੇ ਸਰੋਤਿਆਂ ਦਾ ਸਾਹਮਣਾ ਕਰਨ ਲਈ ਤੱਤਪਰ ਬਣਾ ਦਿੱਤਾ ਜੋ ਜੇ ਅਸੰਭਵ ਨਹੀਂ ਤਾਂ ਅਸੰਭਾਵਿਤ ਲਈ

ਤਾਂਘਣ ਦਾ ਜੇਰਾ ਰੱਖਦੇ ਸਨ। ਅਜਿਹੇ ਸਰੋਤੇ ਉਸਨੂੰ ਪੰਜਾਬੀ ਨੌਜਵਾਨਾਂ ਵਿੱਚੋਂ ਵੀ ਮਿਲੇ, ਜਿਨ੍ਹਾਂ ਨੇ ਬਰਕਲੇ ਯੂਨੀਵਰਸਿਟੀ ਵਿਚ ਦਾਖ਼ਲਾ ਲਿਆ ਹੋਇਆ ਸੀ ਪਰ ਪਿੱਛੇ ਵਤਨ ਦਾ ਭੋਂਇ-ਹੇਰਵਾ ਉਨ੍ਹਾਂ ਦੀਆਂ ਗੱਲਾਂ 'ਚ ਸਾਫ਼ ਝਲਕਦਾ ਜੋ ਬਸਤੀਵਾਦ ਦੇ ਵਿਰੋਧ 'ਚ ਬਦਲ ਸਕਦਾ ਸੀ। ਛੁੱਟੀਆਂ 'ਚ ਉਹ ਵਿਦਿਆਰਥੀਆਂ ਜਾਂ ਸਿਖਿਆਰਥੀਆਂ ਵਜੋਂ ਆਪਣਾ ਖ਼ਰਚਾ ਚੁੱਕਣ ਲਈ ਨੇੜਲੇ ਖੇਤਾਂ ਵਿਚ ਕੰਮ ਕਰਦੇ ਸਨ। ਉਹ ਜੋ ਜ਼ਿੰਦਗੀ ਜਿਊਂਦੇ ਉਸ ਵਿਚ ਚੋਖਾ ਆਸ਼ਾਵਾਦ ਸੀ ਪਰ ਇਹ ਉਨ੍ਹਾਂ ਨੂੰ ਭਰਮਾਉਂਦਾ ਜਾਂ ਉਦਾਸੀ 'ਚ ਨਹੀਂ ਸੀ ਸੁੱਟਦਾ। ਇਹ ਜ਼ਿੰਦਗੀ ਜਿਊਣ ਦਾ ਸਲੀਕਾ ਸੀ, ਉਸ ਤੋਂ ਪੂਰੀ ਤਰ੍ਹਾਂ ਉਲਟ ਜੋ ਹਰਦਿਆਲ ਨੇ ਹੁਣ ਤਕ ਜੀਵੀ ਸੀ। ਝੂਠੀ ਉਮੀਦ ਦੇ ਖੰਭਾਂ 'ਤੇ ਸਵਾਰ ਹੋ ਕੇ ਹਵਾ ਵਿਚ ਉਡਣ ਜਾਂ ਘੂਰਦੇ ਜਮੂਦ ਨਾਲ ਉਦਾਸੀ ਵਿਚ ਡੁੱਬ ਜਾਣ ਦੀ ਬਜਾਏ, ਜਿਊਣ ਦਾ ਇਹ ਸਲੀਕਾ ਜ਼ਿੰਦਗੀ ਨੂੰ ਸਿੱਧੇ ਮੱਥੇ ਟੱਕਰਨ ਲਈ ਡਟਿਆ ਸੀ, ਜੇ ਨੇੜ ਅੱਜ 'ਚ ਨਹੀਂ ਤਾਂ ਨਿਸ਼ਚੇ ਹੀ ਭਵਿੱਖ ਵਿਚ ਜੋ ਬਹੁਤੀ ਦੂਰ ਨਹੀਂ। ਲਿਹਾਜ਼ਾ ਹਰਦਿਆਲ ਨੇ ਉਨ੍ਹਾਂ ਨਾਲ ਨੇੜਤਾ ਬਣਾਉਣ ਅਤੇ ਉਨ੍ਹਾਂ ਵਾਂਗ ਜਿਊਣਾ ਸ਼ੁਰੂ ਕਰਨ 'ਚ ਭੋਰਾ ਦੇਰ ਨਾ ਕੀਤੀ, ਜਿਸ ਤਰ੍ਹਾਂ ਦੀ ਜ਼ਿੰਦਗੀ ਉਹ ਹੋਸਟਲ ਵਿਚ ਮਿਲ-ਜੁਲਕੇ ਗੁਜ਼ਾਰਦੇ ਸਨ।

ਜਿਨ੍ਹਾਂ ਥਾਵਾਂ ਉਪਰ ਉਹ ਕੰਮ ਕਰਨ ਗਏ, ਉਥੇ ਉਨ੍ਹਾਂ ਨੂੰ ਆਪਣੇ ਹਮਵਤਨੀ ਮਿਲੇ ਜੋ ਉਥੇ ਮਹਿਜ਼ ਰੋਜ਼ੀ ਕਮਾਉਣ ਆਏ ਹੋਏ ਸਨ। ਆਪਣੇ ਜੱਦੀ ਮੁਲਕ ਵਿਚ ਉਹ ਮਸਾਂ ਗੁਜ਼ਾਰਾ ਕਰਨ ਵਾਲੇ ਕਿਸਾਨ ਸਨ ਜੋ ਇਥੇ ਆ ਕੇ ਉਜਰਤੀ ਕਾਮੇ ਬਣ ਗਏ ਸਨ। ਉਥੇ ਉਨ੍ਹਾਂ ਨੂੰ ਬੇਅੰਤ ਥੁੜ੍ਹਾਂ ਦਾ ਸਾਹਮਣਾ ਸੀ, ਇਥੇ ਉਹ ਐਸੇ ਬੰਦਿਆਂ ਦੀ ਖ਼ਬਤ ਤਕ ਸੀਮਤ ਹੋ ਕੇ ਰਹਿ ਗਏ ਜੋ ਬੇਗਾਨੀ ਧਰਤੀ 'ਚ ਗੁੰਮ ਹੋਏ ਮਹਿਸੂਸ ਕਰਦੇ ਸਨ। ਪਹਿਲਾਂ ਉਨ੍ਹਾਂ ਨਾਲ ਜਾਣ-ਪਛਾਣ ਅਤੇ ਫਿਰ ਸਾਂਝ ਨੇ ਹਰਦਿਆਲ ਦੇ ਸਾਹਮਣੇ ਬਸਤੀਵਾਦੀ ਰਾਜ ਦੀ ਜਕੜ 'ਚੋਂ ਆਪਣੀ ਮਾਂ-ਧਰਤੀ ਨੂੰ ਮੁਕਤ ਕਰਾਉਣ ਦੇ ਮੁਹਾਜ਼ ਦੀ ਸੰਭਾਵਨਾ ਖੋਹਲ ਦਿੱਤੀ। ਉਨ੍ਹਾਂ ਵਿੱਚੋਂ ਸਭ ਤੋਂ ਵੱਧ ਸਰਗਰਮ ਅਤੇ ਬੇਕਰਾਰ ਬੰਦਿਆਂ ਨਾਲ ਸਲਾਹ ਕਰਕੇ ਅਖ਼ਬਾਰ, *ਗ਼ਦਰ*, ਸ਼ੁਰੂ ਕੀਤਾ ਗਿਆ, ਪਹਿਲਾ ਉਰਦੂ ਵਿਚ, ਫਿਰ ਪੰਜਾਬੀ ਅਤੇ ਅਖ਼ੀਰ 'ਚ ਹਿੰਦੀ, ਗੁਜਰਾਤੀ ਅਤੇ ਪਸ਼ਤੋ ਵਿਚ। ਕਿਸਾਨੀ, ਪ੍ਰੈੱਸ, ਮਨੁੱਖੀ ਹੋਣੀ, ਸਵੈ-ਤਿਆਗ ਦੀ ਮੁੜ-ਸੁਰਜੀਤੀ ਅਤੇ ਈਸਾਈਅਤ ਦਾ ਸੰਕਟ ਬਾਰੇ ਹਰਦਿਆਲ ਦੇ ਪੰਜ ਲੇਖ ਇਸ ਅਖ਼ਬਾਰ ਵਿਚ ਪੰਜਾਬੀ ਵਿਚ ਅਨੁਵਾਦ ਹੋ ਕੇ ਛਪੇ। ਸੰਭਵ ਹੈ ਕਰਤਾਰ ਸਿੰਘ ਸਰਾਭਾ ਵਲੋਂ ਅਨੁਵਾਦ ਕੀਤੇ ਇਹ ਲੇਖ ਵਿਹਾਰਕ ਨਾਲੋਂ ਸਿਧਾਂਤਕ ਜ਼ਿਆਦਾ ਸਨ। ਮਿਸਾਲ ਵਜੋਂ, ਕਿਸਾਨੀ ਬਾਰੇ ਲੇਖ ਦਾ ਇਤਿਹਾਸਕ ਨਜ਼ਰੀਏ ਤੋਂ ਹਿੰਦੁਸਤਾਨੀ ਜਾਂ ਪੰਜਾਬੀ ਕਿਸਾਨੀ ਨਾਲ ਕੋਈ ਲਾਗਾਦੇਗਾ ਨਹੀਂ ਸੀ। ਇਹ ਇਕ ਮਿਥਹਾਸਕ ਕਥਾ ਦੀ ਤਰ੍ਹਾਂ ਸੀ ਜਿਸ ਵਿਚ ਕਿਸਾਨੀ ਦੀ ਬੇਹਰਕਤ ਹਜੂਮ ਵਜੋਂ ਇਸ ਤਰ੍ਹਾਂ ਪੇਸ਼ਕਾਰੀ ਕੀਤੀ ਗਈ ਸੀ ਜੋ ਬਿਨਾ ਕਿਸੇ ਵਿਰੋਧ ਦੇ ਸਮਾਜ ਦੇ ਸਾਰੇ ਹਿੱਸਿਆਂ ਵਲੋਂ ਲੁੱਟੀ ਜਾ ਰਹੀ ਸੀ। ਇਸੇ ਤਰ੍ਹਾਂ ਹੋਰ ਲੇਖ ਸਨ, ਜੋ ਇਸ ਤਰ੍ਹਾਂ ਦੇ ਪੇਸ਼ੀਨਗੋ ਨਿਰਣੇ ਦਿੰਦੇ ਸਨ:

"ਜੇ ਹਿੰਦੁਸਤਾਨ ਨੇ ਜ਼ਮੀਰ ਵਾਲੇ ਇਨਸਾਨ ਪੈਦਾ ਕਰਨੇ ਹਨ, ਇਸ ਨੂੰ ਗ਼ੁਲਾਮੀ ਦਾ

ਖ਼ਾਤਮਾ ਕਰਨਾ ਹੋਵੇਗਾ। ਜੇ ਗ਼ੁਲਾਮੀ ਖ਼ਤਮ ਕਰਨੀ ਹੈ ਤਾਂ ਜ਼ਮੀਰ ਵਾਲੇ ਇਨਸਾਨ ਪੈਦਾ ਕਰਨੇ ਜ਼ਰੂਰੀ ਹਨ।"

ਇਸੇ ਤਰ੍ਹਾਂ ਦਾ ਹੇਠ ਲਿਖਿਆ ਨਿਰਣਾ ਸੀ:

"ਜਦੋਂ ਅਮਲ ਆਦਰਸ਼ 'ਤੇ ਪੂਰਾ ਨਹੀਂ ਉਤਰਦਾ ਇਹ ਸੱਚੀਓਂ ਹੀ ਬੁਰਾ ਹੁੰਦਾ ਹੈ। ਪਰ ਜਦੋਂ ਸਿਧਾਂਤ ਖ਼ੁਦ ਹੀ ਵਿਸ਼ਵਾਸ ਗੁਆ ਬਹਿੰਦਾ ਹੈ ਅਤੇ ਸਾਡੀ ਨੀਚ ਫ਼ਿਤਰਤ ਨੂੰ ਹੋਰ ਨੀਚ ਬਣਾਉਂਦਾ ਹੈ ਤਾਂ ਇਹ ਅਨੰਤ ਤੌਰ 'ਤੇ ਭੈੜਾ ਹੁੰਦਾ ਹੈ।"

ਬਸਤੀਵਾਦੀ ਦਾਬੇ, ਸਿਆਸੀ ਵਿਤਕਰੇ, ਲੁੱਟਖਸੁੱਟ, ਰਵਾਇਤੀ ਲੀਡਰਸ਼ਿਪ ਦੀ ਜੀ-ਹਜ਼ੂਰੀ ਆਦਿ ਬਾਰੇ ਬਾਕੀ ਸਾਰੇ ਲੇਖ ਤਾਂ ਬਿਨਾ ਕਿਸੇ ਦਾ ਨਾਂ ਦਿੱਤੇ ਛਾਪੇ ਗਏ, ਸਿਰਫ਼ ਹਰਦਿਆਲ ਦੇ ਲੇਖ ਉਸਦੇ ਨਾਂ ਹੇਠ ਛਾਪੇ ਜਾਂਦੇ ਸਨ। ਜ਼ਾਹਰਾ ਤੌਰ 'ਤੇ, ਇਹ ਨਿਖੇੜਾ ਉਸ ਦੀਆਂ ਲਿਖਤਾਂ ਦਾ ਵਕਾਰ ਬਣਾਉਣ ਲਈ ਸੀ ਇਸ ਤੱਥ ਦੇ ਬਾਵਜੂਦ ਕਿ ਇਹ ਲਿਖਤਾਂ ਮਾਂ-ਧਰਤੀ ਜਾਂ ਆਪਣੇ ਮੁਲਕ ਦੀ ਸਮਾਜੀ ਅਤੇ ਸਿਆਸੀ ਹਕੀਕਤ ਬਾਰੇ ਸੂਝ ਵਧਾਉਣ ਵਾਲੀਆਂ ਨਹੀਂ ਸਨ। ਉਨ੍ਹਾਂ ਦੀ ਅਹਿਮੀਅਤ ਹੌਸਲਾ ਦੇਣ, ਸਮਾਜੀ ਤੇ ਸਿਆਸੀ ਹਕੀਕਤ ਨੂੰ ਬਦਲਣ ਦੀ ਦ੍ਰਿੜਤਾ ਨੂੰ ਮਜ਼ਬੂਤ ਕਰਨ, ਲਿਹਾਜ਼ਾ ਪੀੜਤ ਮਨੁੱਖਤਾ ਦੀ ਜ਼ਿੰਦਗੀ 'ਤੇ ਪ੍ਰਭਾਵ ਪਾਉਣ 'ਚ ਮੌਜੂਦ ਹੈ।

ਇਹੀ ਲਫ਼ਾਜ਼ੀ ਵਾਲੀ ਸੁਰ ਉਸ ਦੀਆਂ ਤਕਰੀਰਾਂ ਦੀ ਹੈ। ਉਸ ਦੀ ਤਕਰੀਰ ਵਿੱਚੋਂ ਹੇਠ ਦਿੱਤਾ ਅੰਸ਼ ਇਸ ਨੁਕਤੇ ਨੂੰ ਸਪਸ਼ਟ ਕਰਨ ਲਈ ਕਾਫ਼ੀ ਹੈ:

"ਆਪਣੇ ਤੁਛ ਧਾਰਮਿਕ ਵਖਰੇਵੇਂ ਤਿਆਗ ਦਿਓ ਅਤੇ ਆਪਣੇ ਖ਼ਿਆਲਾਂ ਨੂੰ ਆਪਣੇ ਵਤਨ ਦੀ ਮੁਕਤੀ ਵੱਲ ਲਾਓ। ਤੁਸੀਂ ਜੋ ਵੀ ਕਰਦੇ ਹੋ, ਆਪਣੇ ਵਤਨ ਦੀ ਮੁਕਤੀ ਲਈ ਕਰੋ...। ਧਨ ਇੱਕਠਾ ਕਰੋ ਅਤੇ ਨੌਜਵਾਨਾਂ ਨੂੰ ਅਮਰੀਕਾ ਵਿਚ ਪੜ੍ਹਾਓ ਤਾਂ ਕਿ ਉਹ ਸੇਵਾ ਕਰਨ ਦੇ ਕਾਬਲ ਹੋ ਜਾਣ.... ਹੁਣ ਕੁਰਬਾਨੀ ਲਈ ਤਿਆਰ ਹੋ ਜਾਓ.... ਜਦੋਂ ਤਕ ਹਿੰਦੁਸਤਾਨੀ ਅੰਗਰੇਜ਼ ਦੇ ਗ਼ੁਲਾਮ ਹਨ, ਅਮਰੀਕਨ ਜਾਂ ਕੋਈ ਹੋਰ ਕੌਮ ਉਨ੍ਹਾਂ ਨਾਲ ਬਰਾਬਰੀ ਵਾਲਾ ਸਲੂਕ ਨਹੀਂ ਕਰੇਗੀ।"

ਪੰਡਤਾਊ ਚਲਾਕੀਆਂ ਨਾਲ ਭਰੀ ਅਤੇ ਜਨਮ-ਭੂਮੀ ਦੀ ਬੰਦ-ਖ਼ਲਾਸੀ ਦੇ ਮੁੱਦੇ ਵੱਲ ਤੀਰ ਵਾਂਗ ਸੇਧਤ ਉਸਦੀ ਲਫ਼ਾਜ਼ੀ ਨੇ ਉਸਨੂੰ ਪੰਜਾਬੀ ਨੌਜਵਾਨਾਂ ਵਿਚ ਹਰਮਨਪਿਆਰਾ ਬਣਾ ਦਿੱਤਾ, ਖ਼ਾਸ ਕਰਕੇ ਜਿਨ੍ਹਾਂ ਨੂੰ ਅਮਰੀਕਨ ਧਰਤੀ ਉਪਰ ਦਰਪੇਸ਼ ਚੁਣੌਤੀਆਂ ਨਾਲ ਵਾਹ ਪੈਣ 'ਤੇ ਬਸਤੀਵਾਦੀ ਰਾਜ ਤੋਂ ਆਪਣੇ ਮੁਲਕ ਦੀ ਆਜ਼ਾਦੀ ਦੀ ਅਤਿ ਜ਼ਰੂਰਤ ਮਹਿਸੂਸ ਹੋਣੀ ਸ਼ੁਰੂ ਹੋ ਗਈ ਸੀ। ਆਪਣੀ ਸਧਾਰਨਤਾ 'ਚੋਂ, ਉਨ੍ਹਾਂ ਦਾ ਵਿਸ਼ਵਾਸ ਸੀ ਕਿ ਇਹ ਟੀਚਾ ਹਾਸਲ ਕਰਨ ਦਾ ਢੰਗ ਪੈਂਤੜੇ ਮੱਲਵੀਂ ਜੰਗ ਦੀ ਥਾਂ ਸਿੱਧੀ ਜੰਗ ਸੀ। ਪੈਂਤੜੇ ਮੱਲਵੀਂ ਜੰਗ ਲਈ ਉਨ੍ਹਾਂ ਨੂੰ ਸਭਿਆਚਾਰਕ, ਸਮਾਜੀ, ਵਿਦਿਅਕ, ਸਿਆਸੀ ਅਤੇ ਦਾਰਸ਼ਨਿਕ ਸਾਰੇ ਪੱਧਰਾਂ 'ਤੇ ਜੱਦੋਜਹਿਦ ਕਰਨੀ ਪੈਣੀ ਸੀ। ਮੈਦਾਨੇ-ਜੰਗ ਵਿਚ ਉਨ੍ਹਾਂ ਨਾਲ ਪੇਚਾ ਪਾਉਣ ਤੋਂ ਪਹਿਲਾਂ, ਪੈਂਤੜੇ ਮੱਲਵੀਂ ਜੰਗ ਨੇ ਬਰਤਾਨਵੀਆਂ ਨੂੰ ਕਾਇਲ ਕਰ ਲੈਣਾ ਸੀ ਕਿ ਹਿੰਦੁਸਤਾਨ ਉਪਰ

ਰਾਜ ਬਰਕਰਾਰ ਰੱਖਣਾ ਅਸਲ ਵਿਚ ਹਾਰੀ ਹੋਈ ਲੜਾਈ ਹੈ। ਪਰ ਇਸ ਇਤਿਹਾਸਕ ਮੌਕਾਮੇਲ ਅਨੁਸਾਰ ਬਸਤੀਵਾਦੀ ਹਕੂਮਤ ਵਿਰੁੱਧ ਸਿੱਧੀ ਜੰਗ ਦੀ ਘੁੰਮਣਘੇਰੀ ਵਿਚ ਕੁੱਦਣ ਦੇ ਹਾਲਾਤ ਨਹੀਂ ਜਾਪਦੇ ਸਨ ਜੋ ਕੁਲ ਦੁਨੀਆ ਵਿਚ ਬਸਤੀਆਂ ਬਣਾਕੇ ਰਾਜ ਕਰ ਰਹੀ ਸੀ। ਪਹਿਲੀ ਆਲਮੀ ਜੰਗ ਲੱਗਣ ਵਾਲੀ ਸੀ ਜਿਸ ਵਿਚ ਜਰਮਨੀ ਮੁੱਖ ਸ਼ਰੀਕ ਸੀ। 19ਵੀਂ ਸਦੀ ਦੇ ਦੂਜੇ ਅੱਧ ਵਿਚ ਇਕਜੁੱਟ ਹੋਣ ਤੋਂ ਬਾਅਦ ਜਰਮਨੀ ਨੇ ਧੁੱਪ ਵਿਚ ਆਪਣੀ ਥਾਂ ਮੰਗਣੀ ਸ਼ੁਰੂ ਕਰ ਦਿੱਤੀ ਸੀ। ਇਸ ਦੀ ਅਰਥ-ਸੰਭਾਵਨਾ ਇਹ ਸੀ ਕਿ ਜਰਮਨੀ ਵੀ ਆਲਮੀ ਪੱਧਰ ਦੀ ਬਸਤੀਵਾਦੀ ਤਾਕਤ ਬਣਨ ਦੇ ਸੁਪਨੇ ਲੈ ਰਿਹਾ ਸੀ ਅਤੇ ਇਹ ਸਿਰਫ਼ ਬਰਤਾਨਵੀ ਸਾਮਰਾਜਵਾਦ ਤੋਂ ਬਸਤੀਆਂ ਖੋਹਕੇ ਹੀ ਸੰਭਵ ਹੋ ਸਕਦਾ ਸੀ। ਲਿਹਾਜ਼ਾ ਬਰਤਾਨਵੀ ਸਾਮਰਾਜਵਾਦ ਨੂੰ ਸੱਟ ਮਾਰਨ ਲਈ, ਇਸ ਦੇ ਦੁਸ਼ਮਣਾਂ ਦੀ ਮਦਦ ਕਰਨ ਦਾ ਦਾਅਪੇਚ ਅਖ਼ਤਿਆਰ ਕੀਤਾ ਗਿਆ, ਗ਼ਦਰੀਆਂ ਨੂੰ ਇਹ ਜ਼ਬਰਦਸਤ ਸੰਭਾਵਨਾ ਵਾਲੀ ਯੁੱਧਨੀਤੀ ਲੱਗਦਾ ਸੀ। ਆਖ਼ਿਰ, 18ਵੀਂ ਸਦੀ ਵਿਚ ਉਨ੍ਹਾਂ ਦੇ ਪੁਰਖਿਆਂ ਨੇ ਬਦੇਸ਼ੀ ਹਮਲਾਵਰਾਂ ਅਤੇ ਉਨ੍ਹਾਂ ਦੇ ਸਥਾਨਕ ਜੋਟੀਦਾਰਾਂ ਦੇ ਦੋਧਾਰੇ ਖ਼ਤਰੇ ਵਿਰੁੱਧ ਵੱਡੀ ਮੁਹਾਰਤ ਨਾਲ ਇਸ ਨੂੰ ਅਮਲ ਵਿਚ ਲਿਆਂਦਾ ਸੀ। ਉਨ੍ਹਾਂ ਦੀ ਆਮ ਸੂਝ ਨੇ ਨਵੇਂ ਇਤਿਹਾਸਕ ਪ੍ਰਸੰਗ ਵਿਚ ਇਸ ਦੀ ਅਸਰਦਾਇਕਤਾ ਅਤੇ ਸਹੀ ਹੋਣ ਉਪਰ ਸ਼ੱਕ ਨਹੀਂ ਕਰਨ ਦਿੱਤਾ। ਹਰਦਿਆਲ ਦੀ ਜਾਦੂਮਈ ਲਫ਼ਾਜ਼ੀ ਨੇ ਉਨ੍ਹਾਂ ਨੂੰ ਇਹ ਮਹਿਸੂਸ ਹੀ ਨਹੀਂ ਹੋਣ ਦਿੱਤਾ ਕਿ 20ਵੀਂ ਸਦੀ ਵਿਚ ਇਕ ਬਸਤੀਵਾਦੀ ਤਾਕਤ ਵਿਰੁੱਧ ਇਹ ਯੁੱਧਨੀਤੀ ਕਾਮਯਾਬ ਨਹੀਂ ਸੀ ਹੋ ਸਕਦੀ ਜੋ ਨਾ ਸਿਰਫ਼ ਦੁਨੀਆ ਦੇ ਵੱਡੇ ਹਿੱਸੇ ਉਪਰ ਰਾਜ ਕਰਦੀ ਸੀ ਸਗੋਂ ਆਪਣੇ ਦੁਸ਼ਮਣਾਂ ਨੂੰ ਹਥਿਆਰ ਪਹੁੰਚਾਉਣ ਦੇ ਕਿਸੇ ਵੀ ਯਤਨ ਨੂੰ ਠੁੱਸ ਕਰਨ ਲਈ ਇਸ ਕੋਲ ਵਿਸ਼ਾਲ ਸਮੁੰਦਰੀ ਫ਼ੌਜ ਵੀ ਸੀ। ਮਾਇਆ ਰਾਮਨਾਥ ਦੇ ਲਫ਼ਜ਼ਾਂ 'ਚ, ਇਹ ਇਕ ਅਹਿਮ ਮੌਕਾਮੇਲ ਸੀ:

"ਕਿਸਾਨ ਅਤੇ ਖੇਤ ਮਜ਼ਦੂਰ, ਜਿਨ੍ਹਾਂ 'ਚ ਭਾਰੀ ਅਸੰਤੋਸ਼ ਫੈਲ ਚੁੱਕਾ ਸੀ, ਕਿਸੇ ਐਸੇ ਬੰਦੇ ਦੀ ਤਲਾਸ਼ ਵਿਚ ਸਨ ਜੋ ਸਰਗਰਮੀ ਦੇ ਮੌਜੂਦ ਢੰਗਾਂ ਨੂੰ ਮਜ਼ਬੂਤ ਕਰ ਸਕੇ, ਵਿਦਿਆਰਥੀਆਂ ਅਤੇ ਮਜ਼ਦੂਰਾਂ ਨੂੰ ਇਕਜੁੱਟ ਕਰ ਸਕੇ, ਵਿਆਪਕ ਤੌਰ 'ਤੇ ਫੈਲੀ ਅਤੇ ਵਧ ਰਹੀ ਬੇਚੈਨੀ ਨੂੰ ਇਕ ਦਿਸ਼ਾ ਦੇ ਸਕੇ ਅਤੇ ਸਭਿਆਚਾਰਕ ਤੇ ਸਮਾਜੀ ਸੁਧਾਰ ਦੇ ਪ੍ਰੋਜੈਕਟਾਂ ਦੇ ਸਿਆਸੀ ਤੱਤ ਨੂੰ ਮਜ਼ਬੂਤ ਕਰ ਸਕੇ। ਇਹ ਬੰਦਾ ਹਰਦਿਆਲ ਸੀ।"[3]

ਮੁੱਖ ਤੌਰ 'ਤੇ ਇਹ ਸੱਚ ਸੀ। ਹਰਦਿਆਲ ਦੀ ਆਮਦ ਵਿਚ ਇਹ ਅਰਥ-ਸੰਭਾਵਨਾਵਾਂ ਸਨ। ਆਖ਼ਿਰਕਾਰ, ਉਸਦੇ ਲੇਖਾਂ ਅਤੇ ਤਕਰੀਰਾਂ, ਬੇਗਰਜ਼ ਸਰਗਰਮੀਆਂ ਅਤੇ ਸਮਰੱਥਾਵਾਂ ਨੇ ਉਸ ਨੂੰ ਸਾਖ਼ਿਆਤ ਪ੍ਰਤੱਖ ਰੂਪ ਦੇ ਦਿੱਤਾ ਜੋ ਕਰਨ ਲਈ ਹਿੰਦੁਸਤਾਨੀ, ਮਜ਼ਦੂਰ ਅਤੇ ਵਿਦਿਆਰਥੀ, ਤਾਂਘ ਰਹੇ ਸਨ। ਉਸ ਦੀ ਭਾਸ਼ਨ-ਕਲਾ, ਸਵੈ-ਤਿਆਗ ਅਤੇ ਅਕਾਦਮਿਕ ਪ੍ਰਤਿਭਾ ਨੂੰ ਮਾਨਤਾ ਦਿੱਤੇ ਜਾਣ 'ਚੋਂ ਹਰਦਿਆਲ ਨੂੰ ਜੋ ਅਥਾਰਟੀ ਦੀ ਬਖ਼ਸ਼ਿਸ਼ ਹੋਈ ਉਹ ਉਨ੍ਹਾਂ ਨੂੰ ਇਕ ਲੜੀ 'ਚ ਪਰੋਣ ਅਤੇ ਉਨ੍ਹਾਂ ਦੇ ਪ੍ਰੋਗਰਾਮ ਤੇ ਭਵਿੱਖ-ਨਕਸ਼ੇ ਨੂੰ ਆਵਾਜ਼ ਮੁਹੱਈਆ ਕਰਨ ਦੀ ਜ਼ਿੰਮੇਵਾਰੀ ਉਸ 'ਤੇ ਪਾਉਂਦੀ ਸੀ। ਉਨ੍ਹਾਂ ਦੇ ਵੱਸ ਤੋਂ ਬਾਹਰੇ ਕਾਰਨਾਂ

ਕਰਕੇ ਇਹ ਵੱਡੀ ਸੰਭਾਵਨਾ ਵਾਲਾ ਦਾਅਪੇਚ ਅਜਿੱਤ ਸਿੱਧ ਕਿਵੇਂ ਹੋ ਸਕਦਾ ਸੀ ਉਨ੍ਹਾਂ ਨੂੰ ਇਹ ਸੋਝੀ ਦੇਣ ਦੀ ਉਮੀਦ ਵੀ ਉਸੇ ਤੋਂ ਕੀਤੀ ਗਈ ਸੀ। ਇਸ ਦੀ ਬਜਾਏ, ਇਸ ਦੀ ਅਸਰਦਾਇਕਤਾ ਅਤੇ ਪ੍ਰਮਾਣਿਕਤਾ ਦੀ ਜੋ ਕਲਪਨਾ ਕੀਤੀ ਗਈ ਸੀ ਉਸ ਨੇ ਅਮਰੀਕਾ ਵਿਚ ਜਰਮਨ ਕੌਂਸਲ ਨਾਲ ਮੰਚ ਸਾਂਝਾ ਕਰਕੇ ਉਸ ਵਿਚ ਵਾਧਾ ਕੀਤਾ। ਇਕ ਇਕੱਠ, ਜਿਸ ਨੂੰ ਉਨ੍ਹਾਂ ਦੋਵਾਂ ਨੇ ਸੰਬੋਧਨ ਕੀਤਾ, ਵਿਚ ਪੈਸੇ ਅਤੇ ਹਥਿਆਰਾਂ ਦੀ ਪੂਰੀ ਮਦਦ ਦੇਣ ਦਾ ਯਕੀਨ ਦਿਵਾਇਆ ਗਿਆ। ਉਸ ਨੂੰ ਇਹ ਅਹਿਸਾਸ ਨਹੀਂ ਸੀ ਕਿ ਇਸ ਤਰ੍ਹਾਂ ਦੇ ਕਿਸੇ ਵੀ ਪ੍ਰਗਟਾਵੇ ਨਾਲ ਸਮੁੱਚੀ ਵਿਉਂਤ ਹੀ ਖ਼ਤਰੇ 'ਚ ਪੈ ਸਕਦੀ ਸੀ। ਅਜਿਹੇ ਜ਼ੋਖ਼ਮ ਵਾਲੇ ਮਾਅਰਕੇ ਦੇ ਮੋਹਰੀ ਸਿਧਾਂਤਕਾਰ ਵਜੋਂ, ਹਰਦਿਆਲ ਨੂੰ ਜਰਮਨ ਦੀ ਸੰਭਾਵਨਾ, ਦਿਵਾਏ ਗਏ ਯਕੀਨ ਅਤੇ ਇਸ ਨੂੰ ਲਾਗੂ ਕੀਤੇ ਜਾਣ ਦੇ ਜ਼ੋਖ਼ਮ ਦੇ ਫ਼ਰਕ ਨੂੰ ਸਮਝਣ ਦੀ ਸੋਝੀ ਨਾਲ ਲੈਸ ਹੋਣਾ ਚਾਹੀਦਾ ਸੀ। ਇਹ ਸਕੀਮ ਨਾਕਾਮਯਾਬ ਹੋਣ ਦੀ ਸੂਰਤ 'ਚ, ਓਦੋਂ ਦੇ ਹਾਲਾਤ ਵਿਚ ਇਕ ਸੂਝਵਾਨ ਬੰਦਾ ਜਿਸ ਨੂੰ ਪਹਿਲਾਂ ਹੀ ਬੁੱਝ ਸਕਦਾ ਸੀ, ਮੁਤਬਾਦਲ ਯੁੱਧਨੀਤੀ ਬਾਰੇ ਵੀ ਉਸ ਨੂੰ ਸੋਚ-ਵਿਚਾਰ ਕਰਨੀ ਚਾਹੀਦੀ ਸੀ। ਓਦੋਂ ਦੀ ਜਰਮਨ ਸਿਆਸਤ ਬਾਰੇ ਉਸਦੀ ਜੋ ਵੀ ਸੋਝੀ ਸੀ ਉਹ ਮਹਿਜ਼ ਉਸ ਭਰੋਸੇ ਤਕ ਮਹਿਦੂਦ ਸੀ ਜੋ ਜਰਮਨ ਕੌਂਸਲ ਵਲੋਂ ਚਿਰਕਾਲੀ ਯੁੱਧਨੀਤੀ ਦੀ ਥਾਂ ਥੋੜ੍ਹਚਿਰੇ ਦਾਅਪੇਚ ਦੇ ਕੂਟਨੀਤਕ ਨਜ਼ਰੀਏ ਤੋਂ ਦਿਵਾਇਆ ਗਿਆ ਸੀ।

ਲਿਹਾਜ਼ਾ ਇਥੇ ਨਜਿੱਠਣ ਵਾਲਾ ਅਹਿਮ ਮੁੱਦਾ ਇਹ ਤੈਅ ਕਰਨਾ ਹੈ ਕਿ ਹਰਦਿਆਲ ਕਿਸ ਹੱਦ ਤਕ ਗ਼ਦਰ ਪਾਰਟੀ ਦਾ ਪ੍ਰਮੁੱਖ ਸਿਧਾਂਤਕਾਰ ਅਤੇ ਜਥੇਬੰਦ ਕਰਤਾ ਸਾਬਤ ਹੋਇਆ। ਜੇ ਇਕ ਸਿਧਾਂਤਕਾਰ ਵਜੋਂ ਹਰਦਿਆਲ ਤੋਂ ਇਹ ਉਮੀਦ ਕੀਤੀ ਗਈ ਸੀ ਕਿ ਉਹ ਪੈਂਤੜਾ ਮੱਲਵੀਂ ਜੰਗ ਦੇ ਰੂਪ 'ਚ ਬਹੁਪਰਤੀ ਸਿਆਸੀ ਯੁੱਧਨੀਤੀ ਘੜਕੇ ਦੇਵੇਗਾ ਤਾਂ ਉਹ ਉਸ ਇਕਰਾਰ ਦੇ ਬਾਵਜੂਦ ਇਸ ਉਪਾਧੀ 'ਤੇ ਖ਼ਰਾ ਉਤਰਨ 'ਚ ਨਾਕਾਮਯਾਬ ਰਿਹਾ ਜੋ ਉਸਨੇ ਮੁੱਢਲੇ ਪੜਾਅ 'ਤੇ ਕੀਤਾ ਸੀ। ਹਾਲਾਂਕਿ ਉਨ੍ਹਾਂ ਕੋਲ ਵਕਤ ਬਹੁਤ ਥੋੜ੍ਹਾ ਸੀ, ਫਿਰ ਵੀ ਕਰਤਾਰ ਸਿੰਘ ਸਰਾਭਾ ਵਰਗੇ ਗ਼ਦਰੀਆਂ ਨੇ ਦਾਅਪੇਚਾਂ ਤੋਂ ਅੱਗੇ ਇਕ ਯੁੱਧਨੀਤੀ ਤਿਆਰ ਕਰਨ ਦੀ ਵਾਹ ਲਾਈ। ਇਹ ਉਸਦੇ ਫ਼ੌਜ ਦੀਆਂ ਹੇਠਲੀਆਂ ਸਫ਼ਾਂ, ਨਿਰੇ ਹੱਠ ਕਾਰਨ ਬਸਤੀਵਾਦੀ ਰਾਜ ਦੇ ਵਿਰੋਧ ਲਈ ਰੁਚਿਤ ਪਿੰਡਾਂ ਦੇ ਡਾਕੂਆਂ, ਅਤੇ ਉਨ੍ਹਾਂ ਆਮ ਲੋਕਾਂ ਨੂੰ ਲੈ ਕੇ ਧੜਾ ਬਣਾਉਣ ਦੇ ਯਤਨਾਂ ਤੋਂ ਪ੍ਰਤੱਖ ਹੈ ਜੋ ਰਿਸ਼ਤੇਦਾਰੀ ਦੇ ਪ੍ਰਭਾਵ ਹੇਠ ਉਨ੍ਹਾਂ ਨਾਲ ਆ ਜੁੜੇ ਸਨ। ਨਿਰਸੰਦੇਹ, ਇਹ ਉਸ ਦੇ ਮੁਕਾਬਲੇ ਦਾ ਮਜ਼ਬੂਤ ਧੜਾ ਨਹੀਂ ਸੀ ਹੋ ਸਕਦਾ ਜੋ ਪ੍ਰਸ਼ਾਸਕਾਂ, ਜਗੀਰੂ ਸਰਦਾਰਾਂ, ਪੁਲਿਸ ਅਤੇ ਪਿੰਡਾਂ ਦੇ ਜ਼ੈਲਦਾਰਾਂ ਤੇ ਲੰਬੜਦਾਰਾਂ ਵਲੋਂ ਬਗ਼ਾਵਤ ਨੂੰ ਉੱਠਦੇ ਸਾਰ ਮਸਲ ਦੇਣ ਲਈ ਬਣਾਇਆ ਗਿਆ ਸੀ। ਵੱਧ ਤੋਂ ਵੱਧ ਹਰਦਿਆਲ ਇਨ੍ਹਾਂ ਮੁੱਦਿਆਂ ਉਪਰ ਬਹਿਸ-ਮੁਬਾਸੇ ਨੂੰ ਦੁਨਿਆਵੀ ਕੰਨਾਂ ਨਾਲ ਸੁਣ ਸਕਦਾ ਸੀ ਪਰ ਉਸਦੀ ਲਫ਼ਾਜ਼ੀ, ਗਿਆਨ, ਅਰਾਜਕਤਾਵਾਦ ਅਤੇ ਨਿਖੇਧਵਾਦ ਅਨੁਸਾਰ ਉਨ੍ਹਾਂ ਦੀ ਬਹਿਸ ਅਤੇ ਵਿਚਾਰ-ਚਰਚਾ ਉਪਰ ਤਾਕਤ ਖ਼ਰਚ ਕਰਨਾ ਉਨ੍ਹਾਂ ਦੀ ਸ਼ਾਨ ਤੋਂ ਨੀਵਾਂ ਕੰਮ ਸੀ। ਇਸ ਤੱਥ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਰਾਭਾ ਨੇ ਸੰਕਟਕਾਲੀ ਹਾਲਤ ਵਿਚ ਅਜਿਹਾ ਕਰਨ

ਦੇ ਸਿਰਤੋੜ ਯਤਨ ਕੀਤੇ। ਇਸ ਦੀ ਜ਼ਰੂਰਤ ਡੂੰਘੀ ਸੋਚ 'ਚੋਂ ਨਹੀਂ ਸੀ ਉਭਰੀ। ਭਾਈ ਸੰਤੋਖ ਸਿੰਘ ਦੇ ਮਾਮਲੇ 'ਚ, ਇਹ ਜ਼ਰੂਰ ਉਸਦੀ ਡੂੰਘੀ ਸੋਚ ਦੀ ਉਪਜ ਸੀ। ਸਿੱਟੇ ਵਜੋਂ, ਉਸਦੀ ਤਰਜੀਹ *ਕਿਰਤੀ* ਸ਼ੁਰੂ ਕਰਨਾ ਅਤੇ ਕਿਰਤੀ ਕਿਸਾਨ ਪਾਰਟੀ ਜਥੇਬੰਦ ਕਰਨਾ ਸੀ। ਉਸ ਦੇ ਨੌਜਵਾਨ ਸਾਥੀਆਂ ਦੇ ਸਿਰਤੋੜ ਯਤਨਾਂ ਦੀ ਰੌਸ਼ਨੀ 'ਚ, ਹਰਦਿਆਲ ਨੂੰ ਸ਼ਬਦ-ਵਿਗਿਆਨ ਦੇ ਮੁਕੰਮਲ ਅਰਥਾਂ 'ਚ ਗ਼ਦਰ ਪਾਰਟੀ ਦਾ ਸਿਧਾਂਤਕਾਰ ਜਾਂ ਜਥੇਬੰਦ ਕਰਤਾ ਕਹਿਣਾ ਉਸਦੀ ਭੂਮਿਕਾ ਨੂੰ ਵਧਾ-ਚੜ੍ਹਾਕੇ ਪੇਸ਼ ਕਰਨਾ ਹੋਵੇਗਾ ਜਦਕਿ ਮੁੱਢਲੇ ਪੜਾਅ 'ਤੇ ਇਸ ਦਾ ਸਿਹਰਾ ਉਸੇ ਨੂੰ ਜਾਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਕ ਪ੍ਰੇਰਣਾ ਸਰੋਤ ਵਜੋਂ, ਉਸ ਦੀ ਵੱਡੀ ਅਹਿਮੀਅਤ ਇਸ ਵਿਚ ਹੈ ਕਿ ਉਸਦੀ ਆਮਦ ਤੋਂ ਪਹਿਲਾਂ ਜੋ ਅਦਿਖ ਸੀ ਉਸਦੀ ਹੋਂਦ ਨਜ਼ਰ ਆਉਣੀ ਸ਼ੁਰੂ ਹੋ ਗਈ ਸੀ। ਉਸ ਦੀ ਗ੍ਰਿਫ਼ਤਾਰੀ ਦੇ ਡਰ ਕਾਰਨ, ਉਸਦੀ ਭਾਸ਼ਣ-ਕਲਾ ਅਤੇ ਵੱਕਾਰ 'ਤੇ ਉਸਰਿਆ ਢਾਂਚਾ ਇਕਦਮ ਢਹਿਢੇਰੀ ਹੋ ਗਿਆ। ਸਾਰਾ ਸਿਹਰਾ ਉਸਦੇ ਸੰਗੀ-ਸਾਥੀਆਂ ਨੂੰ ਜਾਂਦਾ ਹੈ ਜਿਨ੍ਹਾਂ ਨੇ ਹੌਸਲਾ ਨਹੀਂ ਹਾਰਿਆ ਜਾਂ ਢੇਰੀ ਨਹੀਂ ਢਾਹੀ ਅਤੇ ਬਰਤਾਨਵੀਆਂ ਦੇ ਖ਼ਿਲਾਫ਼ ਯੁੱਧ ਛੇੜਨ ਲਈ ਹਿੰਦੁਸਤਾਨ ਨੂੰ ਚਾਲੇ ਪਾਉਣ ਲਈ ਆਵਾਸੀਆਂ ਨੂੰ ਪ੍ਰੇਰਨਾ ਜਾਰੀ ਰੱਖਿਆ। ਭਾਵੇਂ ਰਿਪੋਰਟਾਂ 'ਚ ਫ਼ਰਕ ਹੈ, ਲੱਗਦਾ ਇਹ ਹੈ ਕਿ ਉਸਦੇ ਉੱਥੋਂ ਚਲੇ ਜਾਣ ਨੇ ਉਸ ਦੇ ਸਾਥੀਆਂ ਦੀਆਂ ਸਰਗਰਮੀਆਂ ਵਿਚ ਨਵੀਂ ਰੂਹ ਫੂਕ ਦਿੱਤੀ ਸੀ ਜੋ ਹੁਣ ਤਕ ਆਪਣੇ ਗੁਰੂ ਦੀ ਲਫ਼ਾਜ਼ੀ ਅਤੇ ਪ੍ਰਤਿਭਾ ਦੇ ਜਲੌਅ ਹੇਠ ਦੱਬੇ ਰਹੇ ਸਨ। ਹਰਦਿਆਲ ਉੱਥੋਂ ਭੱਜਕੇ ਜਰਮਨੀ ਚਲਾ ਗਿਆ ਅਤੇ ਸਿਆਸੀ ਪ੍ਰਵਾਸੀਆਂ ਪ੍ਰਤੀ ਨਸਲੀ ਪੱਖਪਾਤ ਨਾਲ ਰੰਗੇ ਤਾਨਾਸ਼ਾਹ ਰਵੱਈਏ ਨੇ ਉਸਨੂੰ ਅਹਿਸਾਸ ਕਰਵਾ ਦਿੱਤਾ ਕਿ ਉਸ ਹਿੱਸੇ ਤੋਂ ਮਦਦ ਭਾਲਣਾ ਕਿਵੇਂ ਵਿਅਰਥ ਹੈ। ਉਸਨੇ ਜਰਮਨੀ ਵਿਚ ਚਲ ਰਹੀ ਉਥਲ-ਪੁੱਥਲ ਨੂੰ ਜਾਣਨ ਦਾ ਕੋਈ ਯਤਨ ਨਹੀਂ ਕੀਤਾ। ਰੋਜ਼ਾ ਲਕਸਮਬਰਗ (1871-1919) ਦੀ ਅਗਵਾਈ ਹੇਠ ਉਹ ਬਦਲਾਓ ਜੋ ਨਾ ਸਿਰਫ਼ ਜਰਮਨ ਲੋਕਾਂ ਨੂੰ ਸਗੋਂ ਕੁਲ ਆਲਮ ਦੀ ਪੀੜਤ ਮਨੁੱਖਤਾ ਨੂੰ ਵੀ ਬੰਦ-ਖ਼ਲਾਸੀ ਦੇਣ ਦਾ ਵਾਅਦਾ ਕਰਦਾ ਸੀ। ਹਰਦਿਆਲ ਦਾ ਪੰਡਤਾਊਪਣ, ਜਿਸਨੇ ਅਕਾਦਮਿਕਵਾਦ ਦੀ ਥਾਂ ਲੈ ਲਈ ਸੀ, ਉਸ ਹੋਂਦ-ਬਚਾਊ ਪ੍ਰਵਿਰਤੀ ਨਾਲ ਮਿਲਕੇ ਨਹੀਂ ਸੀ ਚਲ ਸਕਦਾ, ਜੋ ਬਰਲਿਨ ਧੜੇ ਦੇ ਮੈਂਬਰਾਂ ਦੇ ਮਨਾਂ ਵਿਚ ਜਰਮਨ ਅਥਾਰਟੀਜ਼ ਦੀ ਨਜ਼ਰੇ-ਇਨਾਇਤ ਹਾਸਲ ਕਰਕੇ ਘਰ ਕਰ ਚੁੱਕੀ ਸੀ। ਹਿੰਦੁਸਤਾਨ ਅਤੇ ਪੰਜਾਬ ਦੇ ਜਿਸ ਮੈਦਾਨੇ-ਜੰਗ ਵਿਚ ਜਾਂਬਾਜ਼ ਬਣਕੇ ਉਭਰਨ ਲਈ ਗ਼ਦਰੀ ਵਾਪਸ ਜਾ ਰਹੇ ਸਨ ਉਸਨੇ ਉਸ ਨੂੰ ਪਿੱਠ ਦਿਖਾਕੇ ਆਪਣੇ ਮਨ ਦੇ ਬੀਆਂਬਾਨ ਵਿਚ ਪਨਾਹ ਲੈਣੀ ਚਾਹੀ। ਅਮਰੀਕਾ ਵਿਚ ਉਸਨੂੰ ਜੋ ਭਰਪੂਰ ਕੀਰਤੀ ਹਾਸਲ ਹੋਈ ਸੀ, ਉਸ ਤੋਂ ਵਾਂਝਾ ਹੋ ਕੇ ਉਹ ਬਹੁਤ ਹੀ ਤਨਹਾ, ਬੇਵੱਸ ਅਤੇ ਲਾਚਾਰ ਮਹਿਸੂਸ ਕਰ ਰਿਹਾ ਹੋਵੇਗਾ। ਉਥੇ ਸਮਾਧੀ ਵੀ ਕੰਮ ਨਹੀਂ ਆਈ ਹੋਵੇਗੀ, ਜਿਸ ਦੀ ਓਟ ਉਹ ਪਹਿਲੇ ਬਹੁਤ ਹੀ ਅਸੁਖਾਵੇਂ ਹਾਲਾਤ 'ਚ ਲੈਂਦਾ ਰਿਹਾ ਸੀ।

ਕੁਝ ਵਕਤ ਜਰਮਨੀ ਵਿਚ ਰਹਿਣ ਪਿੱਛੋਂ, ਉਹ ਤੁਰਕੀ ਚਲਾ ਗਿਆ। ਉਥੇ ਵੀ ਉਸ ਨੂੰ ਉਸ ਹਕੀਕਤ ਦਾ ਸਾਹਮਣਾ ਕਰਨਾ ਪਿਆ ਜੋ ਉਸ ਲਈ ਬੁਰੀ ਤਰ੍ਹਾਂ ਬੇਸੁਆਦੀ ਸੀ। ਉੱਥੋਂ

ਤੰਗ ਆਕੇ ਤੇ ਵਾਪਸ ਪਰਤਕੇ ਉਸਨੇ ਜਰਮਨੀ ਅਤੇ ਤੁਰਕੀ ਬਾਰੇ ਆਪਣੇ ਪ੍ਰਭਾਵ ਕਲਮਬੰਦ ਕੀਤੇ। ਉਨ੍ਹਾਂ ਦਾ ਮਨੋਰਥ ਇਹ ਦਰਸਾਉਣਾ ਸੀ ਕਿ ਦੋਵਾਂ ਮੁਲਕਾਂ ਦੇ ਬਾਸ਼ਿੰਦੇ ਕਿੰਨੇ ਅਸੱਭਿਆ ਤੇ ਸੰਵੇਦਨਹੀਣ ਸਨ ਅਤੇ ਹਿੰਦੁਸਤਾਨੀ ਦੀ ਆਜ਼ਾਦੀ ਦੇ ਕਾਜ ਲਈ ਉਸ ਘਿਣਾਉਣੇ ਰੂਪ 'ਚ ਤਾਨਾਸ਼ਾਹ ਹਿੱਸੇ ਤੋਂ ਕਿਸੇ ਮਦਦ ਦੀ ਤਵੱਕੋ ਕਰਨਾ ਕਿਉਂ ਨਾਵਾਜਬ ਸੀ। ਆਪਣੇ ਪੜਾਅ ਬਾਰੇ ਉਸਨੇ ਇਕ ਬਹੁਤ ਹੀ ਵਿਵਾਦਪੂਰਨ ਵੇਰਵਾ ਲਿਖਿਆ ਜਿਸ ਦਾ ਸਿਰਲੇਖ ਸੀ 'ਜਰਮਨੀ ਅਤੇ ਤੁਰਕੀ ਵਿਚ ਚਾਲੀ ਮਹੀਨੇ।'[4] ਇਸ ਵਿਚ ਉਸਨੇ ਵਿਚਾਰ ਪੇਸ਼ ਕੀਤਾ ਕਿ ਉਨ੍ਹਾਂ ਦੋਵਾਂ ਮੁਲਕਾਂ ਦੀ ਸਿਆਸਤ ਜਮਹੂਰੀਅਤ ਅਤੇ ਆਜ਼ਾਦੀ ਦੀ ਕੁਲ ਕਸੌਟੀ ਦੇ ਖ਼ਿਲਾਫ਼ ਸੀ। ਬਰਤਾਨਵੀ ਸਾਮਰਾਜਵਾਦ ਤੋਂ ਉਪਮਹਾਂਦੀਪ ਨੂੰ ਆਜ਼ਾਦ ਕਰਾਉਣ ਲਈ ਉਨ੍ਹਾਂ ਤੋਂ ਕੋਈ ਸੱਚੀ ਮਦਦ ਮਿਲਣੀ ਸੰਭਵ ਨਹੀਂ ਸੀ। ਫਰਜ਼ ਕਰੋ, ਜੇ ਉਪਮਹਾਂਦੀਪ ਜਰਮਨੀ ਅਤੇ ਤੁਰਕੀ ਦੀ ਮਦਦ ਨਾਲ ਬਰਤਾਨਵੀ ਸਾਮਰਾਜਵਾਦ ਤੋਂ ਛੁਟਕਾਰਾ ਪਾ ਵੀ ਲੈਂਦਾ ਹੈ, ਫਿਰ ਇਹ ਹੋਰ ਵੀ ਭੈੜੀ ਤਰ੍ਹਾਂ ਦੀ ਕਸ਼ਮਕਸ਼ ਵਿਚ ਜਾ ਡਿਗੇਗਾ। ਇਹ ਆਜ਼ਾਦੀ ਉੱਕਾ ਹੀ ਨਹੀਂ ਹੋਵੇਗੀ। ਲਿਹਾਜ਼ਾ ਇੰਗਲੈਂਡ ਨਾਲ ਕਾਮਨਵੈਲਥ ਤਰਜ਼ ਦੇ ਕਿਸੇ ਪ੍ਰਬੰਧ ਵਿਚ ਸ਼ਾਮਲ ਹੋਣਾ ਹੀ ਉਪਮਹਾਂਦੀਪ ਦੇ ਬਿਹਤਰੀਨ ਹਿੱਤ 'ਚ ਹੋਵੇਗਾ। ਸਿਰਫ਼ ਅਜਿਹਾ ਪ੍ਰਬੰਧ ਹੀ ਉਪਮਹਾਂਦੀਪ ਦੀ ਪ੍ਰਭੂਸੱਤਾ ਨੂੰ ਯਕੀਨੀ ਬਣਾ ਸਕਦਾ ਸੀ ਜਿਵੇਂ ਬਰਤਾਨਵੀ ਸਰਦਾਰੀ (suzerainty) ਸੁਰੱਖਿਆ ਦਿੰਦੀ ਸੀ। ਤਹਿਜ਼ੀਬੀ ਲਫ਼ਜ਼ਾਂ 'ਚ ਉਸਨੇ ਜੋ ਇਕ ਹੋਰ ਵਿਚਾਰ ਪੇਸ਼ ਕੀਤਾ ਉਹ ਫਿਰਕੂ ਮੁਲੰਮੇ ਤੋਂ ਮੁਕਤ ਨਹੀਂ ਸੀ। ਉਹ ਇਹ ਸੀ ਕਿ ਹਿੰਦੁਸਤਾਨ ਦੇ ਉਤਰ-ਪੱਛਮੀ ਹਿੱਸਿਆਂ ਨੂੰ ਮੁਸਲਿਮ ਆਬਾਦੀ ਤੋਂ ਮੁਕਤ ਕਰਾਉਣ ਦੀ ਲੋੜ ਹੈ। ਉਹ ਮਹਿਸੂਸ ਕਰਦਾ ਸੀ ਕਿ ਜਰਮਨ-ਤੁਰਕਾਂ ਦੇ ਅੱਗੇ ਵਧਕੇ ਹਿੰਦੁਸਤਾਨ ਪਹੁੰਚਣ ਦੀ ਸੂਰਤ 'ਚ ਮੁਸਲਿਮ ਆਬਾਦੀ ਉਨ੍ਹਾਂ ਦੀ ਕੁਦਰਤੀ ਸੰਗੀ ਬਣ ਸਕਦੀ ਸੀ। ਜਦੋਂ ਉਪਮਹਾਂਦੀਪ ਭਾਰਤ ਅਤੇ ਪਾਕਿਸਤਾਨ ਵਿਚ ਵੰਡਿਆ ਗਿਆ ਉਸ ਤੋਂ ਲਗਭਗ ਦੋ ਦਹਾਕੇ ਪਹਿਲਾਂ ਉਹ ਉਸੇ ਤਰ੍ਹਾਂ ਦੇ ਪਰ ਸਿਆਸੀ ਤੌਰ 'ਤੇ ਵਧੇਰੇ ਪਿਛਾਂਹਖਿੱਚੂ ਲਫ਼ਜ਼ਾਂ 'ਚ ਗੱਲ ਕਰ ਰਿਹਾ ਸੀ।

ਲਿਹਾਜ਼ਾ ਜਰਮਨੀ ਵਿਚ ਟਿਕਣਾ ਹਰਦਿਆਲ ਦੇ ਏਜੰਡੇ 'ਤੇ ਨਹੀਂ ਸੀ ਹੋ ਸਕਦਾ। ਸਵਿਟਜ਼ਰਲੈਂਡ ਵਿਚ ਪਨਾਹ ਲੈਣ ਤੋਂ ਸਿਵਾਏ ਉਸ ਕੋਲ ਕੋਈ ਚੋਣ ਨਹੀਂ ਸੀ। ਅਜਿਹੇ ਕਰਦੇ ਹੋਏ, ਉਸਨੇ ਬਰਤਾਨਵੀ ਰਾਜ ਦੀ ਸਲਾਮਤੀ ਨਾਲ ਸਮਝੌਤਾ ਕਰ ਲਿਆ। ਇਹ ਪਿਛਲਮੋੜਾ ਸੀ, ਜੋ ਪਰਖ ਦੀ ਘੜੀ ਵਿਚ, ਇਕ ਬੁੱਧੀਜੀਵੀ ਦੇ ਲੀਹੋਂ ਲਹਿ ਜਾਣ ਬਰਾਬਰ ਸੀ। ਉਹ ਇਕ ਰਵਾਇਤੀ ਬੁੱਧੀਜੀਵੀ ਦੇ ਰੂਪ 'ਚ ਵਿਗਸਣ ਲਈ ਪੈਦਾ ਹੋਇਆ ਸੀ, ਜੋ ਮਨੁੱਖੀ ਤਹਿਜ਼ੀਬ ਵਿਚ ਸਹਿਜੇ-ਸਹਿਜੇ ਬਦਲਾਓ ਦੀ ਵਕਾਲਤ ਕਰਦਾ ਹੈ, ਇਸ ਤੋਂ ਉਸਨੇ ਆਪਣੀ ਜਨਮ-ਭੋਂਇ ਦੀ ਕੌਮੀ ਮੁਕਤੀ ਅਤੇ ਜ਼ਿੰਦਗੀ ਵਿਚ ਇਨਕਲਾਬੀ ਬਦਲਾਓ ਲਿਆਉਣ ਦੀ ਤਾਂਘ ਤਹਿਤ ਸਿਆਸੀ ਆਗੂ ਵਜੋਂ ਉਭਰਨ ਦਾ ਰਾਹ ਚੁਣਿਆ। ਥੋੜ੍ਹੇ ਜਿਹੇ ਸਮੇਂ ਲਈ ਇੰਞ ਉਭਰਕੇ ਫਿਰ ਪਿਛਲਮੋੜਾ ਕੱਟਕੇ ਉਹ ਰਵਾਇਤੀ ਬੁੱਧੀਜੀਵੀ ਬਣਕੇ ਖ਼ਤਮ ਹੋ ਗਿਆ। ਇਹ ਤੱਥ ਕਿ ਹੁਣ ਉਸ ਨੂੰ ਗ੍ਰਿਫ਼ਤਾਰੀ ਦਾ ਕੋਈ ਭੈਅ ਨਹੀਂ ਸੀ ਉਸਦੇ ਧਰਵਾਸ ਲਈ ਕਾਫ਼ੀ ਸੀ। ਹੁਣ ਉਹ

ਅਕਾਦਮਿਕ ਕੰਮ ਨੂੰ ਸਮਰਪਿਤ ਹੋ ਸਕਦਾ ਸੀ ਅਤੇ ਇੰਗਲੈਂਡ ਦੀ ਇਕ ਯੂਨੀਵਰਸਿਟੀ ਤੋਂ *ਬੋਧੀਸਤਵ* ਦੇ ਆਪਣੇ ਅਧਿਐਨ ਦੀ ਪੀਐੱਚ.ਡੀ. ਲੈ ਸਕਦਾ ਸੀ। ਬਾਅਦ ਵਿਚ, ਉਸਨੇ ਇਹ ਕਿਤਾਬੀ ਸ਼ਕਲ 'ਚ *(Bodhisattva Doctrines in Buddhist and Sanskrit Literatures)* ਵਜੋਂ ਛਪਵਾਈ। ਇਥੇ ਉਹ ਵਿਦਵਤਾ ਨਾਲ ਲਬਰੇਜ਼ ਕਿਤਾਬ *Hints for Self-Culture* ਵੀ ਛਪਵਾ ਸਕਦਾ ਸੀ।[5]

Bodhisattva Doctrines in Buddhist and Sanskrit Literatures[6] ਦੇ ਸੱਤ ਕਾਂਡ ਹਨ, ਵਿਦਵਾਨ ਸੋਚ ਅਤੇ ਸਪਸ਼ਟ ਵਿਚਾਰ-ਪ੍ਰਗਟਾਵਾ ਇਸ ਦੀ ਖ਼ਾਸੀਅਤ ਹੈ। ਇਸ ਦੇ ਸੱਤ ਕਾਂਡ ਹਨ ਜਿਨ੍ਹਾਂ ਵਿਚ ਬੋਧੀ ਫ਼ਲਸਫ਼ੇ ਦੀ ਨਾ ਸਿਰਫ਼ ਬੀਤੇ ਦੀ ਅਹਿਮੀਅਤ ਸਗੋਂ ਅਜੋਕੇ ਮਾਇਨੇ ਦੀ ਵੀ ਵਿਆਖਿਆ ਕੀਤੀ ਗਈ ਹੈ। ਯੂਨਾਨੀ, ਈਸਾਈ ਅਤੇ ਫਾਰਸੀ ਵਿਚਾਰਧਾਰਾ ਨਾਲ ਇਸਦੇ ਆਦਾਨ-ਪ੍ਰਦਾਨ ਦੀ ਬਹੁਤ ਘੋਖਵੀਂ ਪੈੜ ਨੱਪੀ ਗਈ ਹੈ। ਇਸਦੇ ਅਸੂਲ ਅਤੇ ਅਭਿਆਸ ਸਮਕਾਲੀ ਜ਼ਿੰਦਗੀ ਵਿਚ ਕਿਵੇਂ ਨਵੀਂ ਜਾਨ ਪਾ ਸਕਦੇ ਹਨ ਉਸ ਨੂੰ ਵੀ ਕਿਸੇ ਜ਼ਾਹਰਾ ਆਦਰਸ਼ਵਾਦ ਦਾ ਸਹਾਰਾ ਲਏ ਬਗ਼ੈਰ ਵਿਹਾਰਕ ਢੰਗ ਨਾਲ ਰੇਖਾਂਕਿਤ ਕੀਤਾ ਗਿਆ ਹੈ। ਆਪਣੇ ਜੀਵਨ-ਪੰਧ ਦੌਰਾਨ ਗੌਤਮ ਬੁੱਧ ਨੇ ਰੂਹਾਨੀ ਅਭਿਆਸ ਜ਼ਰੀਏ ਕਿਵੇਂ *ਨਿਰਵਾਣ* ਹਾਸਲ ਕੀਤਾ, ਇਸ ਨੂੰ ਵੀ ਢੁੱਕਵੇਂ ਰੂਪ 'ਚ ਬਿਆਨ ਕੀਤਾ ਗਿਆ ਹੈ। ਇਹ ਹਰਦਿਆਲ ਦੀ ਦਿਲੀ ਖਵਾਇਸ਼ ਸੀ, ਲੱਗਦਾ ਹੈ ਇਸ ਭਾਵਨਾ ਨੇ ਉਸਨੂੰ ਆਪਣੇ ਖ਼ਿਆਲਾਂ 'ਚ ਘਰ ਕੀਤਾ ਇਹ ਕਾਂਡ ਲਿਖਣ ਲਈ ਉਕਸਾਇਆ ਹੋਵੇਗਾ। Hints for Self-Culture ਵਿਚ ਉਸਨੇ ਮਨੁੱਖੀ ਸੰਸਕ੍ਰਿਤੀ ਦੀਆਂ ਚਾਰ ਤੈਹਾਂ ਭਾਵ ਜਿਸਮਾਨੀ, ਬੌਧਿਕ, ਸੁਹਜਾਤਮਕ ਅਤੇ ਰੂਹਾਨੀ ਨੂੰ ਲੋਹੜੇ ਦੀ ਸਪਸ਼ਟਤਾ ਨਾਲ ਬਿਆਨ ਕੀਤਾ ਹੈ। ਸਰੋਤਾਂ ਦੀ ਵੰਨ-ਸੁਵੰਨਤਾ ਕਮਾਲ ਦੀ ਹੈ, ਜਿਨ੍ਹਾਂ ਵਿੱਚੋਂ ਹਵਾਲੇ ਅਤੇ ਟੂਕਾਂ ਲੈ ਕੇ ਉਸਨੇ ਆਪਣੀ ਦਲੀਲ ਦੇ ਤਾਣੇ ਵਿਚ ਜੜੇ ਹੋਏ ਹਨ। ਇਸ ਦੇ ਬਾਵਜੂਦ, ਇਸ ਕਿਤਾਬ ਨੂੰ ਬਹੁਤ ਉਤਸ਼ਾਹ ਨਾਲ ਪੜ੍ਹਿਆ ਜਾਂਦਾ ਹੈ, ਕਿਤਾਬਾਂ ਪੜ੍ਹਨ ਵਾਲੇ ਪਾਠਕਾਂ ਵਿਚ ਇਸ ਦੀ ਹਰਮਨਪਿਆਰਤਾ ਤੋਂ ਇਹ ਐਨ ਸਪਸ਼ਟ ਹੈ।

ਜ਼ਾਹਰਾ ਤੌਰ 'ਤੇ, ਹਰਦਿਆਲ ਦੇ ਜੀਵਨ-ਪੰਧ ਨੇ ਪੁੱਠਾ ਗੇੜ ਪੂਰਾ ਕਰ ਲਿਆ। ਲਗਭਗ ਦੋ ਦਹਾਕੇ ਪਹਿਲਾਂ ਉਸਨੇ ਇਕ ਮਸ਼ਹੂਰ ਬਰਤਾਨਵੀ ਯੂਨੀਵਰਸਿਟੀ ਤੋਂ ਉਚੇਰੀ ਖੋਜ ਦੀ ਸਹੂਲਤ ਨੂੰ ਤਿਲਾਂਜਲੀ ਦੇ ਦਿੱਤੀ ਸੀ। ਉਸ ਅੱਗੇ ਜੋ ਕੰਗਾਲੀ ਮੂੰਹ ਅੱਡੀ ਖੜ੍ਹੀ ਸੀ, ਉਸ ਦੇ ਬਾਵਜੂਦ ਉਸ ਵਿਚ ਵਜ਼ੀਫ਼ੇ ਵਜੋਂ ਲਿਆ ਪੈਸਾ ਵਾਪਸ ਮੋੜਨ ਦਾ ਇਖ਼ਲਾਕੀ ਹੌਸਲਾ ਸੀ। ਹੁਣ ਉਹ ਬਰਤਾਨਵੀ ਹਕੂਮਤ ਉਪਰ ਬਹੁਤ ਹੀ ਨਿਰਭਰ ਹੋ ਗਿਆ ਸੀ ਜਿਸ ਨੇ ਅਜੇ ਵੀ ਹਿੰਦੁਸਤਾਨ ਨੂੰ ਬਸਤੀ ਬਣਾਇਆ ਹੋਇਆ ਸੀ। ਫਿਰ ਵੀ, ਇਸ ਉਲਟੇ ਗੇੜ ਦੇ ਵਜੂਦ-ਸਮੋਈਆਂ ਪਰਤਾਂ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਇਹ ਤੱਥ ਹੈ ਕਿ ਪੂਰੀ ਜ਼ਿੰਦਗੀ ਉਸਨੇ ਇਕ ਤਪੱਸਵੀ ਵਾਂਗ ਗ਼ਰੀਬੀ 'ਚ ਗੁਜ਼ਾਰੀ ਸੀ। ਉਸ ਕੋਲ ਉਸ ਤੋਂ ਵੱਧ ਕੋਈ ਪੈਸਾ ਨਹੀਂ ਸੀ ਜੋ ਉਸਨੂੰ ਲੈਕਚਰਾਂ ਤੋਂ ਮਿਲਦਾ ਸੀ ਅਤੇ ਮੌਤ ਹੋਣ ਤੇ ਉਸਦੀ ਕੋਈ ਬੈਂਕ ਬੱਚਤ ਨਹੀਂ ਮਿਲੀ। ਇਹ ਤੱਥ ਇਹ ਦਿਖਾਉਣ ਲਈ ਕਾਫ਼ੀ ਸਨ ਕਿ ਉਸ ਦੀ ਰੁਚੀ ਇਕ ਰਵਾਇਤੀ ਬੁੱਧੀਜੀਵੀ ਵਾਲੀ ਸੀ। ਜੇ ਉਸਨੇ ਡਾ. ਰਾਧਾਕ੍ਰਿਸ਼ਨਨ ਅਤੇ ਬਹੁਤ ਸਾਰੇ ਹੋਰ ਵੱਡੇ ਹਿੰਦੁਸਤਾਨੀ

ਵਿਦਵਾਨਾਂ ਵਾਂਗ ਇਸ ਪ੍ਰਬੰਧ ਨਾਲ ਸਮਝੌਤਾ ਕਰ ਲਿਆ ਹੁੰਦਾ, ਉਹ ਬਹੁਤ ਕੁਝ ਹਾਸਲ ਕਰ ਸਕਦਾ ਸੀ। ਜਿਸ ਸਾਦਗੀ ਨੇ ਉਨ੍ਹਾਂ ਨੂੰ ਹਿੰਦੁਸਤਾਨ ਅਤੇ ਬਦੇਸ਼ਾਂ ਵਿਚ ਆਪਣੇ ਲਈ ਜਗ੍ਹਾ ਬਣਾਉਣ ਦੇ ਕਾਬਲ ਬਣਾਇਆ, ਉਸ ਨੂੰ ਘਿਰਣਾ ਕਰਦਿਆਂ ਉਸਨੇ ਜੋ ਭੂਮਿਕਾ ਚੁਣੀ ਉਸ ਦਾ ਤੱਤ ਪੁਰਜੋਸ਼ ਸੀ। ਲਿਹਾਜ਼ਾ ਉਸਨੇ ਇਤਿਹਾਸ ਸਿਰਜਣ ਵਾਲੇ ਸਿਆਸੀ ਆਗੂ ਦੀ ਭੂਮਿਕਾ ਨਿਭਾਉਣ ਦਾ ਯਤਨ ਕੀਤਾ। ਬਹੁਤ ਸਾਰੇ ਕਾਰਕ ਉਸ ਉਪਰ ਐਨੇ ਹਾਵੀ ਹੋ ਗਏ ਕਿ ਮੁੱਢਲੀ ਸ਼ਮੂਲੀਅਤ ਤੋਂ ਬਾਅਦ ਉਹ ਉੱਥੋਂ ਭੱਜ ਗਿਆ। ਇਸ ਪੱਖੋਂ, ਉਹ ਇਕ ਐਸੇ ਮਲਾਹ ਦੀ ਤਰ੍ਹਾਂ ਸੀ ਜੋ ਚਾਰ-ਚੁਫੇਰੇ ਖੌਲ ਰਹੇ ਤੂਫ਼ਾਨ ਵਿਚ ਮੁਸਾਫ਼ਰਾਂ ਦੀ ਹੋਣੀ ਦੀ ਪ੍ਰਵਾਹ ਕੀਤੇ ਬਗ਼ੈਰ ਜਹਾਜ਼ ਨੂੰ ਅੱਧ-ਵਿਚਾਲੇ ਛੱਡ ਜਾਂਦਾ ਹੈ। ਢੁਕਵੇਂ ਰੂਪ 'ਚ ਲਿਖੀ ਜੀਵਨੀ *Har Dayal: Hindu Revolutionary and Rationalist* ਵਿਚ ਐਮਿਲੀ ਸੀ. ਬਰਾਊਨ ਨੇ ਉਸ ਨੂੰ 'ਅਨੋਖਾ ਸੁਪਨਸਾਜ਼' ਕਿਹਾ,[7] ਸੱਚੀਓਂ ਹੀ ਇਹ ਉਸਦੀ ਸ਼ਖਸੀਅਤ, ਵਿਚਾਰਧਾਰਾ ਅਤੇ ਕਿਰਦਾਰ ਦੀ ਬਹੁਤ ਹੀ ਢੁਕਵੀਂ ਪ੍ਰੀਭਾਸ਼ਾ ਹੈ। ਬਾਬਾ ਸੋਹਣ ਸਿੰਘ ਭਕਨਾ (1870-1968), ਪ੍ਰਧਾਨ ਅਤੇ ਉਸਦੀ ਥਾਂ ਲੈਣ ਵਾਲੇ ਜਨਰਲ ਸਕੱਤਰ ਭਾਈ ਸੰਤੋਖ ਸਿੰਘ (1893-1927) ਵਰਗੇ ਉਸਦੇ ਸਾਥੀਆਂ ਦਾ ਉਸ ਬਾਰੇ ਇੰਞ ਹੀ ਅਹਿਸਾਸ ਰਿਹਾ ਹੋਵੇਗਾ। ਇਹ ਬਹੁਤ ਅਹਿਮ ਹੈ ਕਿ ਉਨ੍ਹਾਂ 'ਚੋਂ ਕਿਸੇ ਨੇ ਵੀ ਉਸ ਦੇ ਖ਼ਿਲਾਫ਼ ਇਕ ਲਫ਼ਜ਼ ਵੀ ਨਹੀਂ ਬੋਲਿਆ ਅਤੇ ਇਸ ਪੱਖੋਂ ਉਨ੍ਹਾਂ ਦਾ ਸੰਕੋਚ ਸਤਿਕਾਰ ਦੇ ਕਾਬਲ ਸੀ। ਉਨ੍ਹਾਂ ਨੇ ਉਸ ਦੇ ਛੱਡ ਜਾਣ ਨਾਲੋਂ, ਜੋ ਉਨ੍ਹਾਂ ਦੀ ਸਹਿਮਤੀ ਤੋਂ ਬਗ਼ੈਰ ਨਹੀਂ ਸੀ, ਉਸ ਨਾਲ ਆਪਣੀ ਸਾਂਝ ਨੂੰ ਵਧੇਰੇ ਅਹਿਮੀਅਤ ਦਿੱਤੀ ਹੋਵੇਗੀ। ਇਸੇ ਨਾਲ ਸਬੰਧਤ ਇਹ ਮੁੱਦਾ ਹੈ ਕਿ ਕੀ ਹਰਦਿਆਲ ਗ਼ਦਰ ਪਾਰਟੀ ਦੀ ਅਗਵਾਈ ਸਾਂਭਣ ਲਈ ਆਪਣੀ ਮਰਜ਼ੀ ਨਾਲ ਆਇਆ ਸੀ ਜਾਂ ਖ਼ਾਸ ਹਿੱਸਿਆਂ ਨੇ ਉਸਨੂੰ ਵਰਗਲਾਕੇ ਇਸ ਪਾਸੇ ਲਿਆਂਦਾ ਸੀ, ਜੋ ਬਸਤੀਵਾਦੀ ਰਾਜ ਤੋਂ ਹਿੰਦੁਸਤਾਨ ਦੀ ਆਜ਼ਾਦੀ ਨਾਲੋਂ ਕਿਸੇ ਹੋਰ ਮਨਸ਼ਾ ਨਾਲ ਇਸ ਦੇ ਉੱਪਰੋਂ ਦੀ ਵਗ ਰਹੀ ਕਲਪਨਾ-ਸ਼ਕਤੀ ਦੀ ਦੁਰਵਰਤੋਂ ਕਰਨ 'ਤੇ ਤੁਲੇ ਹੋਏ ਸਨ। ਨਿਰਸੰਦੇਹ, ਉਸਦੀ ਅਕਾਦਮਿਕ ਪ੍ਰਤਿਭਾ, ਸਵੈਤਿਆਗ ਵਾਲੀ ਜ਼ਿੰਦਗੀ ਤੇ ਲਫ਼ਾਜ਼ੀ ਅਤੇ ਭਾਸ਼ਾ ਦੇ ਸੰਚਾਰ ਦੀ ਮੁਹਾਰਤ ਨਾਲ ਉਹ ਵੱਖੋ-ਵੱਖਰੇ ਹਿੱਸਿਆਂ ਦੀ ਤਾਰੀਫ਼ ਦਾ ਪਾਤਰ ਬਣ ਗਿਆ ਸੀ। ਆਰੀਆ ਸਮਾਜ ਨਾਲ ਜੁੜੇ ਪਰ ਇਕ ਸੱਚੇ ਦੇਸ਼ਭਗਤ ਲਾਲਾ ਲਾਜਪਤ ਰਾਏ ਨੇ ਸਿਆਸੀ ਮੰਚ ਉਪਰ ਉਸ ਨੂੰ ਵਡੇਰੀ ਭੂਮਿਕਾ ਨਿਭਾਉਣ ਲਈ ਉਤਸ਼ਾਹਤ ਕੀਤਾ। ਲੰਦਨ ਵਿਚ, ਉਸ ਦੀ ਨੇੜਤਾ ਵੀਰ ਸਾਵਰਕਰ (1883-1966) ਨਾਲ ਹੋ ਗਈ, ਜੋ ਓਦੋਂ ਆਪਣੇ ਦੇਸ਼ਭਗਤ ਜੋਸ਼ ਲਈ ਮਸ਼ਹੂਰ ਸੀ ਪਰ ਬਾਅਦ ਵਿਚ ਉਸ ਦੀ ਉਮਰ-ਕੈਦ ਮਾਫ਼ ਹੋ ਗਈ ਅਤੇ ਆਜ਼ਾਦੀ ਤੋਂ ਪਿੱਛੋਂ ਉਹ ਜਨ ਸੰਘ ਦਾ ਮੁੱਖ ਸਿਧਾਂਤਕਾਰ ਬਣਿਆ ਅਤੇ ਹਿੰਦੂ ਫਿਰਕਾਪ੍ਰਸਤੀ ਹੋਰ ਸਾਰੀਆਂ ਸੋਚਾਂ ਦੇ ਭੇੜ ਤੋਂ ਵਧੇਰੇ ਅਹਿਮੀਅਤ ਅਖ਼ਤਿਆਰ ਕਰ ਗਈ। ਜਦੋਂਕਿ ਉਹ ਭਾਈ ਪਰਮਾਨੰਦ (1876-1947) ਦੇ ਬਹੁਤ ਨੇੜੇ ਸੀ, ਜਿਸ ਨੂੰ ਇਸ ਤੱਥ 'ਤੇ ਮਾਣ ਸੀ ਕਿ ਉਹ ਭਾਈ ਮਤੀ ਦਾਸ (?-1675) ਦੇ ਵੰਸ਼ ਵਿੱਚੋਂ ਸੀ, ਜੋ ਗੁਰੂ ਤੇਗ ਬਹਾਦਰ (1621-1675) ਦਾ ਸਿੱਖ ਸੀ ਜਿਸ ਨੂੰ ਮੁਗਲ ਅਥਾਰਟੀ ਨੇ ਉਨ੍ਹਾਂ ਦੇ ਨਾਲ ਸ਼ਹੀਦ ਕਰ ਦਿੱਤਾ ਸੀ। ਵੱਡੇ ਸੁਪਨਸਾਜ਼ ਸਿੱਖ ਪੂਰਨ ਸਿੰਘ ਨਾਲ ਉਸਦੀ ਨੇੜਤਾ ਵੀ ਸਾਰੇ ਜਾਣਦੇ ਸਨ।

ਨਿਸ਼ਚੇ ਹੀ, ਇਨ੍ਹਾਂ ਸਾਰੇ ਕਾਰਕਾਂ ਨੇ ਮਿਲਕੇ ਉਸਨੂੰ ਗ਼ਦਰ ਪਾਰਟੀ ਦੀ ਅਗਵਾਈ ਸਾਂਭਣ ਲਈ ਉਤਸ਼ਾਹਤ ਕੀਤਾ ਹੋਵੇਗਾ। ਕੋਈ ਇਕਹਿਰਾ ਕਾਰਕ ਇਹ ਜ਼ੋਖ਼ਮ ਲੈਣ ਲਈ ਹੁਲਾਰਾ ਨਹੀਂ ਸੀ ਬਣ ਸਕਦਾ ਜਿਸ ਨੇ ਸਭ ਤੋਂ ਪਹਿਲਾਂ ਉਸ ਦੇ ਅਕਾਦਮਿਕ ਭਵਿੱਖ ਨੂੰ ਤਹਿਸ਼-ਨਹਿਸ਼ ਕਰ ਦਿੱਤਾ। ਜਦੋਂ ਉਸਨੇ ਪਿਛਲਮੋੜਾ ਕੱਟਿਆ, ਜਿਸ ਨਾਲ ਉਹ ਅਲੱਥ-ਥਲੱਗ ਹੋ ਗਿਆ, ਤਾਂ ਇਹ ਇਕਾਂਤ ਤੋਂ ਐਨ ਉਲਟ ਸੀ ਜੋ ਉਸਨੂੰ ਚੰਗਾ ਲੱਗਣਾ ਸੀ।

ਕੀ ਸਿਧਾਂਤਕ ਪੱਖ ਤੋਂ ਗ਼ਦਰ ਪਾਰਟੀ ਦੇ ਏਜੰਡੇ ਨੂੰ ਬੱਝਵਾਂ ਰੂਪ ਦੇਣ ਦੇ ਕਾਬਲ ਕੋਈ ਹੋਰ ਬੰਦਾ ਨਹੀਂ ਸੀ, ਜਿਸ ਵਿਚ ਲੋਕਾਂ ਦੇ ਵਿਸ਼ਾਲ ਹਿੱਸੇ ਨੂੰ ਭਾਸ਼ਣੀ ਮੁਹਾਰਤ ਨਾਲ ਕਾਇਲ ਕਰਨ ਅਤੇ ਉਨ੍ਹਾਂ ਨੂੰ ਉਸ ਗੁੱਟ ਦੇ ਦਾਅਪੇਚਾਂ ਨੂੰ ਹਰਾਉਣ ਦੇ ਸਮਰੱਥ ਯੁੱਧਨੀਤੀ ਘੜਨ ਦੀ ਆਗੂ ਸਮਰੱਥਾ ਹੁੰਦੀ ਜੋ ਬਸਤੀਵਾਦੀ ਪ੍ਰਬੰਧ ਨੂੰ ਤੋੜਫੋੜ ਅਤੇ ਹਾਰ ਤੋਂ ਸਹੀ-ਸਲਾਮਤ ਬਣਾਈ ਰੱਖਣ ਲਈ ਦੇਸੀ ਅਤੇ ਬਦੇਸ਼ੀ ਕੁਲੀਨ ਤਬਕਿਆਂ ਵਲੋਂ ਬਣਾਇਆ ਗਿਆ ਸੀ? ਜਦੋਂ ਗ਼ਦਰੀ ਗ਼ਦਰ ਕਰਨ ਲਈ ਪੰਜਾਬ ਵਿਚ ਪਹੁੰਚੇ ਉਸ ਇਤਿਹਾਸਕ ਮੌਕਾਮੇਲ ਉਪਰ ਉਨ੍ਹਾਂ ਵਿੱਚੋਂ ਕੋਈ ਵੀ ਐਸਾ ਨਹੀਂ ਸੀ ਜੋ ਇਸ ਕਾਰਜ ਨੂੰ ਨੇਪਰੇ ਚਾੜ੍ਹ ਸਕੇ। ਉਨ੍ਹਾਂ ਵਿੱਚੋਂ ਸਭ ਤੋਂ ਹੋਣਹਾਰ ਕਰਤਾਰ ਸਿੰਘ ਸਰਾਭਾ (1896-1915) ਸੀ, ਜੋ ਅਜੇ ਚੜ੍ਹਦੀ ਵਰੇਸ ਵਿਚ ਸੀ ਕਿ ਇਸ ਕਾਰਜ ਦੀ ਜ਼ਿੰਮੇਵਾਰੀ ਨਹੀਂ ਸੀ ਸੰਭਾਲ ਸਕਦਾ ਹਾਲਾਂਕਿ ਜਿਸ ਸੂਰਮਗਤੀ ਨਾਲ ਉਹ ਫਾਂਸੀ ਚੜ੍ਹਿਆ, ਉਸ ਨਾਲ ਉਹ ਸ਼ਹਾਦਤ ਦੀ ਮੂਰਤ ਵਜੋਂ ਸਥਾਪਤ ਹੋ ਗਿਆ। ਫਿਰ ਉਸ ਦੀ ਪੈੜ 'ਚ ਹੋਰ ਵੀ ਪੈਰ ਧਰਨਗੇ, ਇਨ੍ਹਾਂ ਵਿੱਚੋਂ ਸਭ ਤੋਂ ਉੱਘਾ ਭਗਤ ਸਿੰਘ ਹੋਵੇਗਾ। ਭਾਈ ਸੰਤੋਖ ਸਿੰਘ ਇਹ ਹੋਣਹਾਰਤਾ ਗ਼ਦਰੀਆਂ ਦੀ ਅਸਫ਼ਲਤਾ ਅਤੇ ਉਨ੍ਹਾਂ ਨੂੰ ਮੌਤ ਤੇ ਜੇਲ੍ਹਾਂ ਦੀਆਂ ਸਜ਼ਾਵਾਂ ਦਿੱਤੇ ਜਾਣ ਤੋਂ ਪਿੱਛੋਂ ਦਿਖਾਏਗਾ। ਕਿਰਤੀ ਕਿਸਾਨ ਪਾਰਟੀ ਬਣਾਕੇ ਅਤੇ *ਕਿਰਤੀ* ਅਖ਼ਬਾਰ ਸ਼ੁਰੂ ਕਰਕੇ ਉਸਨੇ ਜੋ ਹੋਣਹਾਰਤਾ ਦਿਖਾਈ ਸੀ ਉਹ ਮਹਿਜ਼ ਚੌਂਤੀ ਸਾਲ ਦੀ ਉਮਰ 'ਚ ਉਸਦੀ ਬੇਵਕਤੀ ਮੌਤ ਹੋਣ ਨਾਲ ਮੁਰਝਾ ਗਈ। ਉਨ੍ਹਾਂ ਦੋਵਾਂ ਦੇ ਦਿਲਾਂ 'ਚ ਹਰਦਿਆਲ ਲਈ ਡੂੰਘਾ ਸਤਿਕਾਰ ਸੀ ਜਦੋਂ ਉਹ ਉਸ ਕਾਜ ਨੂੰ ਲੈ ਕੇ ਅਮਰੀਕਾ ਵਿਚ ਸੀ ਜਿਸ ਨੂੰ ਉਨ੍ਹਾਂ ਨੇ ਉੱਘਾ ਕਰ ਦਿੱਤਾ ਸੀ। ਸਰਾਭਾ ਬਾਰੇ ਮਸ਼ਹੂਰ ਸੀ ਕਿ ਉਹ *ਗ਼ਦਰ* ਵਿਚ ਛਾਪਣ ਲਈ ਉਸਦੇ ਬੌਧਿਕ ਲੇਖ ਅਨੁਵਾਦ ਕਰਦਾ ਰਿਹਾ ਸੀ। ਉਹ ਹਰਦਿਆਲ ਬਾਰੇ ਸਭ ਕੁਝ ਭੁਲ-ਭੁਲਾ ਗਿਆ ਅਤੇ ਹਰਦਿਆਲ ਸਰਾਭਾ ਬਾਰੇ। ਇਹ ਉਸ ਤੁਲਨਾ ਦਾ ਖ਼ੁਲਾਸਾ ਕਰ ਸਕਦਾ ਹੈ ਜੋ ਇਤਿਹਾਸਕ ਯਾਦ ਉਨ੍ਹਾਂ ਦੋਵਾਂ ਦੀ ਕਰਦੀ ਹੈ। ਚੇਤਿਆਂ ਦੀ ਚੰਗੇਰ 'ਚੋਂ ਮੁੜ-ਮੁੜ ਤਾਜ਼ਾ ਹੋ ਕੇ, ਕਰਤਾਰ ਸਿੰਘ ਸਰਾਭਾ ਅਤੇ ਭਾਈ ਸੰਤੋਖ ਸਿੰਘ ਸਾਡੇ ਦਿਲਾਂ ਦੇ ਨੇੜੇ ਆਉਂਦੇ ਹਨ ਅਤੇ ਵਕਤ ਦੇ ਗੁਜ਼ਰਨ ਨਾਲ ਹੋਰ ਨੇੜੇ ਹੁੰਦੇ ਜਾਂਦੇ ਹਨ। ਇਹ ਉਸ ਦਿਆਨਤਦਾਰੀ ਅਤੇ ਸਚਾਈ ਕਾਰਨ ਹੈ ਜਿਸਦਾ ਪੱਲਾ ਉਨ੍ਹਾਂ ਨੇ ਕਦੇ ਨਹੀਂ ਛੱਡਿਆ। ਇਕ ਮੂਰਤੀ ਵਜੋਂ ਤਰਸ ਅਤੇ ਹੈਰਾਨੀ ਦਾ ਹੱਕਦਾਰ ਹਰਦਿਆਲ ਬੀਤੇ ਦੀ ਧੁੰਦ ਵਿਚ ਗੁਆਚਦਾ ਜਾ ਰਿਹਾ ਹੈ, ਜਿੱਥੋਂ ਉਸਦੀ ਉਸ ਪ੍ਰਤਿਭਾ ਨੂੰ ਚੇਤੇ ਕਰਨ ਲਈ ਲੱਭਣਾ ਪਵੇਗਾ ਜੋ ਉਸਨੇ ਬਹੁਤ ਹੀ ਅਹਿਮ ਇਤਿਹਾਸਕ ਮੌਕਾਮੇਲ ਉਪਰ ਦਿਖਾਈ ਸੀ। ਉਸਦਾ ਪਿਛਲਮੋੜਾ ਸੂਝਬੂਝ ਨਾਲ ਵਿਚਾਰੇ ਜਾਣ ਦਾ ਹੱਕਦਾਰ ਹੈ, ਨਾਲ-ਨਾਲ ਉਸ ਦੀਆਂ ਦੋ ਕਿਤਾਬਾਂ ਆਪਣੀ ਸਪਸ਼ਟਤਾ ਲਈ ਵਿਚਾਰੇ ਜਾਣ ਦੀਆਂ ਹੱਕਦਾਰ ਹਨ।

ਸਮੁੱਚੇ ਮਾਮਲੇ ਦਾ ਮੂਲ ਨੁਕਤਾ ਇਹ ਹੈ ਕਿ ਆਪਣੇ ਪਿਛਲਮੋੜੇ ਤੋਂ ਬਾਅਦ, ਹਰਦਿਆਲ ਨੇ ਇੰਗਲੈਂਡ-ਫਰਾਂਸੀਸੀ ਜਗਤ ਅਤੇ ਅਮਰੀਕਨ ਪ੍ਰਬੰਧ ਵਿਚ ਪ੍ਰਚਲਤ ਜਮਹੂਰੀ ਪ੍ਰਬੰਧ ਨਾਲ ਸਮਝੌਤਾ ਕਰਨ ਦੇ ਯਤਨ ਕੀਤੇ। ਇੰਞ ਨਹੀਂ ਸੀ ਕਿ ਉਹ ਪ੍ਰਬੰਧ ਉਸ ਨੂੰ ਨੁਕਸਰਹਿਤ ਜਾਪਦਾ ਸੀ। ਉਸ ਨੇ ਉਸ ਪ੍ਰਬੰਧ ਵਿਚ ਨੁਕਸ ਲੱਭੇ, ਜਿਸ ਬਾਰੇ ਉਸਦਾ ਵਿਸ਼ਵਾਸ ਸੀ ਕਿ ਇਨ੍ਹਾਂ ਨੂੰ ਮਨੁੱਖੀ ਹੱਕਾਂ ਦੀਆਂ ਜਥੇਬੰਦੀਆਂ ਵਲੋਂ ਲਿਆਂਦੀਆਂ ਜਾਣ ਵਾਲੀਆਂ ਗੌਣ ਤਬਦੀਲੀਆਂ ਜ਼ਰੀਏ ਦੂਰ ਕੀਤਾ ਜਾ ਸਕਦਾ ਸੀ। ਇਸੇ ਤਰ੍ਹਾਂ ਉਸਨੇ ਮਨੁੱਖੀ ਤਹਿਜ਼ੀਬ ਦੀਆਂ ਕਮੀਆਂ ਦੀ ਸ਼ਨਾਖ਼ਤ ਕੀਤੀ। ਉਨ੍ਹਾਂ ਨੂੰ ਦੂਰ ਕਰਨ ਲਈ, ਐਸਪਿਰੈਂਟੋ ਦੀ ਵਕਾਲਤ ਲਾਜ਼ਮੀ ਮੰਨੀ ਗਈ। ਸਭ ਤੋਂ ਅਖ਼ੀਰ 'ਚ ਉਸ ਦਾ ਜ਼ੋਰ ਬੀਤੇ ਦੇ ਧਾਰਮਿਕ-ਗ੍ਰੰਥਾਂ ਨੂੰ ਅਜੋਕੇ ਅਰਥ ਦੇਣ ਉਪਰ ਸੀ, ਜਿਵੇਂ *ਬੋਧੀਸਤਵ*ਮੱਤਾਂ ਬਾਰੇ ਉਸ ਦੀ ਕਿਤਾਬ ਤੋਂ ਜ਼ਾਹਿਰ ਹੈ। ਜੇ ਅਜਿਹਾ ਕਰਦਿਆਂ, ਉਸਨੇ ਸਿਧਾਂਤਕ ਪੱਖ ਉਪਰ ਜ਼ੋਰ ਦਿੱਤਾ ਅਤੇ ਇਤਿਹਾਸਕ ਬਦਲਾਵਾਂ ਉਪਰ ਜ਼ੋਰ ਨਹੀਂ ਦਿੱਤਾ ਤਾਂ ਇਹ ਉਸ ਪਿਛਲਮੋੜੇ ਦੇ ਅਨੁਸਾਰ ਸੀ ਜੋ ਉਸਨੇ ਬਰਤਾਨਵੀ ਬਸਤੀਵਾਦ ਵਿਰੁੱਧ ਬਗ਼ਾਵਤ ਤੋਂ ਕੱਟਿਆ ਸੀ। ਸ਼ਾਇਦ ਉਹ ਆਪਣੇ ਧੁਰ ਦਿਲੋਂ ਸਦਮੇ 'ਚੋਂ ਨਹੀਂ ਸੀ ਨਿਕਲਿਆ। ਬਾਅਦ ਵਿਚ, ਲੇਖਕ ਅਤੇ ਚਿੰਤਕ ਵਜੋਂ ਉਸਨੇ ਜਿਸ ਦਾ ਸਹਾਰਾ ਲਿਆ ਉਹ ਲਫ਼ਜ਼ ਦੇ ਵੰਨ-ਸੁਵੰਨੇ ਮਾਇਨਿਆਂ 'ਚ ਸਦਮਾ-ਇਲਾਜ ਸੀ।

NOTES AND REFERENCES

1. Tejwant Singh Gill, poetry and prose of the *Ghadar* included in The Ghadr movement (2013) Punjabi University Patiala.
2. Puran Singh: ਜੀਵਨੀ ਤੇ ਕਵਿਤਾ (1962), Bharti Sahit Academy, New Delhi.
3. Maia Ramanath, Haj to Utopia (2011) University of California Press USA.
4. Har Dayal, Forty-Four Months in Germany and Turkey (1920) Internet.
5. Har Dayal, Hints for Self Culture (1934) Hy SL Polak&Co. London, reprint by JaicoPublishing House, New Delhi, India.
6. Har Dayal, Bodhisattva Doctrines in Budhist and Sanskrit Literatures (1970) Munshiram, Banarsidas Publishers. New Delhi, India.
7. Emily C. Brown, Har Dayal: Hindu Revolutionary and Rationalist 1975) Arizona Press, USA.

ਸ਼ਹੀਦ-ਏ-ਆਜ਼ਮ ਕਰਤਾਰ ਸਿੰਘ ਸਰਾਭਾ

–ਬਾਬਾ ਸੋਹਣ ਸਿੰਘ ਭਕਨਾ

ਕਰਤਾਰ ਸਿੰਘ ਸਰਾਭਾ ਅਜੇ ਮਸਾਂ ਉੱਨੀ ਸਾਲ ਦਾ ਗੱਭਰੂ ਹੀ ਸੀ ਜਦੋਂ ਅਮਰੀਕਾ ਵਿਚ ਰਹਿਣ ਵਾਲੇ ਹਿੰਦੀਆਂ ਵਿਚ ਅੰਗਰੇਜ਼ ਦੀ ਗ਼ੁਲਾਮੀ ਵਿਰੁੱਧ ਜ਼ਬਰਦਸਤ ਚੇਤਨਾ ਵਿਕਸਤ ਹੋਈ। ਆਜ਼ਾਦੀ ਦੇ ਜਜ਼ਬੇ ਨੂੰ ਜਥੇਬੰਦ ਕਰਕੇ ਗ਼ਦਰ ਪਾਰਟੀ ਨੇ ਅੰਗਰੇਜ਼ਾਂ ਦੇ ਖ਼ਿਲਾਫ਼ ਕਦੇ ਨਾ ਮੁੱਕਣ ਵਾਲੀ ਜੰਗ ਦਾ ਮੁੱਢ ਬੰਨ੍ਹਿਆ।

ਮੁਲਕ ਛੱਡਣ ਤੋਂ ਪਹਿਲਾਂ ਕਰਤਾਰ ਸਿੰਘ ਨੇ ਦਸਵੀਂ ਜਮਾਤ ਦਾ ਇਮਤਿਹਾਨ ਪਾਸ ਕਰ ਲਿਆ ਸੀ। ਬਚਪਨ ਤੋਂ ਉਸ ਦਾ ਸੁਭਾਅ ਇਨਕਲਾਬੀ ਸੀ। ਉਸ ਦੇ ਸਕੂਲ ਦੇ ਦਿਨਾਂ ਦਾ ਅਧਿਐਨ ਦਰਸਾਉਂਦਾ ਹੈ ਕਿ ਆਪਣੇ ਸਕੂਲ ਦੇ ਹੋਰ ਵਿਦਿਆਰਥੀਆਂ ਨਾਲੋਂ ਉਸ ਦੀ ਸੋਚ ਨਿਆਰੀ ਸੀ। ਖੇਡਾਂ ਵਿਚ ਉਹ ਬਾਕੀ ਵਿਦਿਆਰਥੀਆਂ ਦਾ ਮੋਹਰੀ ਹੁੰਦਾ ਸੀ। ਅਧਿਆਪਕਾਂ ਦੇ ਗ਼ਲਤ ਕੰਮਾਂ ਵਿਰੁੱਧ ਉਹ ਵਿਦਿਆਰਥੀਆਂ ਨੂੰ ਇਕੱਠੇ ਕਰ ਲੈਂਦਾ। 1912 ਵਿਚ ਉਹ ਕੈਲੀਫੋਰਨੀਆ ਦੀ ਸਾਨਫਰਾਂਸਿਸਕੋ ਬੰਦਰਗਾਹ 'ਤੇ ਉਤਰਿਆ ਅਤੇ ਬਹੁਤ ਸਾਰੇ ਹਿੰਦੀਆਂ ਵਾਂਗ ਕੈਲੀਫੋਰਨੀਆ ਦੇ ਖੇਤਾਂ ਵਿਚ ਮਜ਼ਦੂਰੀ ਕਰਨ ਲੱਗ ਪਿਆ। ਉੱਥੇ ਉਸ ਨੂੰ ਅਮਰੀਕਨ ਕਾਸ਼ਤਕਾਰਾਂ ਵੱਲੋਂ ਕੀਤੀ ਜਾ ਰਹੀ ਲੁੱਟ ਅਤੇ ਹਿੰਦੀ ਕਾਮਿਆਂ ਨਾਲ ਕੀਤੇ ਜਾਂਦੇ ਨਫ਼ਰਤ ਭਰੇ ਸਲੂਕ ਦਾ ਸਾਹਮਣਾ ਕਰਨਾ ਪਿਆ। ਉਸ ਨੇ ਆਪਣੇ ਮੁਲਕ ਦੇ ਲੋਕਾਂ ਨਾਲ ਇਸ ਬਾਬਤ ਸੋਚ–ਵਿਚਾਰ ਕੀਤੀ। ਅਮਰੀਕਨਾਂ ਦੇ ਘ੍ਰਿਣਾ ਵਾਲੇ ਸਲੂਕ ਤੋਂ ਸਾਰੇ ਹਿੰਦੀ ਕਾਮੇ ਤੰਗ ਆ ਚੁੱਕੇ ਸਨ ਅਤੇ ਹੁਣ ਉਹ ਉਨ੍ਹਾਂ ਦੇ ਤ੍ਰਿਸਕਾਰ ਭਰੇ ਵਿਅੰਗਮਈ ਬਾਣ ਬਹੁਤਾ ਚਿਰ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਸਨ। ਕਰਤਾਰ ਸਿੰਘ ਹੋਰ ਕਈ ਹਿੰਦੀਆਂ ਨੂੰ ਮਿਲਿਆ ਜੋ ਉਸ ਦੇ ਹਮ–ਖ਼ਿਆਲ ਸਨ। ਉਸ ਨੇ ਉਨ੍ਹਾਂ ਸਾਰਿਆਂ ਨੂੰ ਇਕੱਠੇ ਕਰਕੇ ਇਕ ਸਭਾ ਬੁਲਾਈ, ਜਿਸ ਵਿਚ ਲਾਲਾ ਹਰਦਿਆਲ, ਪੰਡਤ ਜਗਤ ਰਾਮ ਰਿਹਾਣਾ, ਭਾਈ ਜਵਾਲਾ ਸਿੰਘ ਤੋਂ ਬਿਨਾ ਅਨੇਕ ਹਿੰਦੀ ਕਾਮੇ ਸ਼ਾਮਲ ਹੋਏ। ਉਨ੍ਹਾਂ ਨੇ ਹਿੰਦ ਦੀ ਲੰਮੀ ਗ਼ੁਲਾਮੀ ਦੇ ਕਾਰਨਾਂ ਉਪਰ ਸੋਚ–ਵਿਚਾਰ ਕੀਤੀ ਅਤੇ ਮਹਿਸੂਸ ਕੀਤਾ ਕਿ ਆਜ਼ਾਦੀ ਦੀ ਲੜਾਈ ਨੂੰ ਜਾਰੀ ਰੱਖਣ ਲਈ ਇਸ ਦੀ ਅਗਵਾਈ ਵਾਸਤੇ ਇਕ ਤਾਕਤਵਰ ਜਥੇਬੰਦੀ ਦੀ ਜ਼ਰੂਰਤ ਹੈ। ਇਸ ਮੀਟਿੰਗ ਵਿਚ ਇਕ ਜਥੇਬੰਦੀ (ਪਾਰਟੀ) ਕਾਇਮ ਕਰਨ ਦੀ ਨੀਂਹ ਰੱਖੀ ਗਈ, ਪਰ ਇਹ ਕਿਸੇ ਏਜੰਡੇ ਨੂੰ ਲੈ ਕੇ ਵਿਚਾਰ ਨਾ ਕਰ ਸਕੀ।

ਇਸ ਦੌਰਾਨ ਓਰੇਗਾਨ ਅਤੇ ਵਾਸ਼ਿੰਗਟਨ ਦੇ ਕਾਰਖ਼ਾਨਿਆਂ ਵਿਚ ਕੰਮ ਕਰਨ ਵਾਲੇ ਹਿੰਦੀਆਂ ਵਿਚ ਐਨੀ ਕੁ ਸੋਝੀ ਪੈਦਾ ਹੋ ਚੁੱਕੀ ਸੀ ਜਿਸ ਨੇ ਇਕ ਜਥੇਬੰਦੀ ਦੀ ਬੁਨਿਆਦ ਰੱਖ

ਦਿੱਤੀ, ਜਿਸ ਦੇ ਸਿੱਟੇ ਵਜੋਂ ਵਾਸ਼ਿੰਗਟਨ ਸੂਬੇ ਦੇ ਅਸਟੋਰੀਆ ਸ਼ਹਿਰ ਵਿਚ ਮਾਰਚ 1913 ਵਿਚ ਗ਼ਦਰ ਪਾਰਟੀ ਕਾਇਮ ਕੀਤੀ ਗਈ। ਪਾਰਟੀ ਬਣਨ ਦੀ ਖ਼ਬਰ ਸੁਣ ਕੇ ਕਰਤਾਰ ਸਿੰਘ ਦੀ ਖ਼ੁਸ਼ੀ ਦੀ ਕੋਈ ਹੱਦ ਨਾ ਰਹੀ ਅਤੇ ਉਹ ਝਟਪਟ ਪਾਰਟੀ ਵਿਚ ਭਰਤੀ ਹੋ ਗਿਆ।

ਪਹਿਲੀ ਨਵੰਬਰ 1913 ਨੂੰ 'ਗ਼ਦਰ' ਅਖ਼ਬਾਰ ਦੇ ਪ੍ਰਕਾਸ਼ਨ ਦਾ ਸ਼ੁਰੂ ਹੋਣਾ ਕਰਤਾਰ ਸਿੰਘ ਦੇ ਭਾਰੀ ਉੱਦਮ ਦਾ ਹੀ ਸਿੱਟਾ ਸੀ। ਇਹ ਅਖ਼ਬਾਰ ਹੈਂਡ ਮਸ਼ੀਨ ਉੱਪਰ ਛਾਪਿਆ ਜਾਂਦਾ ਸੀ ਅਤੇ ਮਸ਼ੀਨ ਨੂੰ ਚਲਾਉਣ ਦੇ ਨਾਲ-ਨਾਲ ਕਰਤਾਰ ਸਿੰਘ ਇਸ ਅਖ਼ਬਾਰ ਦੇ ਪੰਜਾਬੀ ਹਿੱਸੇ ਲਈ ਲੇਖ ਅਤੇ ਕਵਿਤਾਵਾਂ ਵੀ ਲਿਖਦਾ ਸੀ। ਜਦੋਂ ਅਖ਼ਬਾਰ ਦਾ ਕੰਮ ਵਧ ਗਿਆ ਤਾਂ ਹੋਰ ਕਈ ਸਾਥੀ ਉਸ ਦੀ ਮਦਦ ਲਈ ਆ ਗਏ ਅਤੇ ਕਰਤਾਰ ਸਿੰਘ ਕੰਮ ਵਿਚ ਉਨ੍ਹਾਂ ਸਾਰਿਆਂ ਦਾ ਹੱਥ ਵਟਾਉਂਦਾ ਸੀ। ਉਹ ਸਾਰਿਆਂ ਦਾ ਜੀ ਲਾਈ ਰੱਖਦਾ ਸੀ। ਇਕ ਸੱਚੇ ਇਨਕਲਾਬੀ ਦੀ ਤਰ੍ਹਾਂ ਉਸ ਨੇ ਆਪਣੀ ਹਉਮੈਂ ਵੱਸ ਵਿਚ ਕਰਕੇ ਆਪਣੀ ਜ਼ਿੰਦਗੀ ਦੇਸ਼-ਸੇਵਾ ਦੇ ਲੇਖੇ ਲਾ ਦਿੱਤੀ ਸੀ।

ਮੁੱਢ ਵਿਚ ਗ਼ਦਰ ਪਾਰਟੀ ਦੀ ਸਥਾਪਨਾ ਓਰੇਗਾਨ ਅਤੇ ਵਾਸ਼ਿੰਗਟਨ ਦੇ ਕਾਮਿਆਂ ਨੇ ਕੀਤੀ ਸੀ। ਕੈਲੇਫੋਰਨੀਆ ਵਾਲੇ ਸਾਥੀ ਬਾਦ ਵਿਚ ਇਸ ਦੇ ਮੈਂਬਰ ਬਣੇ। ਕੈਲੇਫੋਰਨੀਆ ਤੋਂ ਸਾਥੀਆਂ ਨੂੰ ਪਾਰਟੀ ਵਿਚ ਸ਼ਾਮਲ ਵਿਚ ਜ਼ਿਆਦਾ ਹੱਥ ਕਰਤਾਰ ਸਿੰਘ ਸਰਾਭਾ ਦਾ ਸੀ। ਫਰਵਰੀ, 1914 ਵਿਚ ਕੈਲੇਫੋਰਨੀਆ ਦੇ ਸ਼ਹਿਰ ਸਟਾਕਟਨ ਵਿਖੇ ਓਰੇਗਾਨ, ਵਾਸ਼ਿੰਗਟਨ ਅਤੇ ਕੈਲੇਫੋਰਨੀਆ ਦੇ ਨੁਮਾਇੰਦਿਆਂ ਦੀ ਇਕ ਕਾਨਫਰੰਸ ਸੱਦੀ ਗਈ, ਜਿਸ ਵਿਚ ਕੈਲੇਫੋਰਨੀਆ ਤੋਂ ਨੁਮਾਇੰਦਿਆਂ ਨੂੰ ਰਸਮੀ ਰੂਪ 'ਚ ਗ਼ਦਰ ਪਾਰਟੀ ਵਿਚ ਸ਼ਾਮਲ ਕਰ ਲਿਆ ਗਿਆ। ਇਸ ਨਾਲ ਗ਼ਦਰ ਲਹਿਰ ਇਕ ਨਵੀਂ ਮਜ਼ਬੂਤ ਪਾਰਟੀ, ਤੇ ਇਕ ਮਜ਼ਬੂਤ ਜਥੇਬੰਦੀ ਬਣ ਗਈ।

ਜਿਉਂ ਹੀ ਪਹਿਲੀ ਆਲਮੀ ਜੰਗ ਸ਼ੁਰੂ ਹੋਈ ਹਿੰਦੁਸਤਾਨੀਆਂ ਨੇ ਅੰਗਰੇਜ਼ ਹਕੂਮਤ ਵਿਰੁੱਧ ਗ਼ਦਰ ਕਰਨ ਲਈ ਸੈਕਰਾਮੈਂਟੋ (ਕੈਲੀਫੋਰਨੀਆ) ਵਿਖੇ ਜੰਗੀ ਸਲਾਹਕਾਰ ਕਮੇਟੀ ਬਣਾਈ। ਇਸ ਵਿਚ ਕਰਤਾਰ ਸਿੰਘ ਨੇ ਮੁੱਖ ਭੂਮਿਕਾ ਨਿਭਾਈ ਅਤੇ ਜਦੋਂ ਪਾਰਟੀ ਨੇ ਹਵਾਈ ਜਹਾਜ਼ ਚਲਾਉਣ ਲਈ ਸਿਖਲਾਈ ਲੈਣ ਵਾਲੇ ਵਲੰਟੀਅਰਾਂ ਦੇ ਨਾਂ ਮੰਗੇ ਤਾਂ ਕਰਤਾਰ ਸਿੰਘ ਇਸ ਕੰਮ ਲਈ ਆਪਣਾ ਨਾਂ ਦੇਣ ਵਾਲਾ ਪਹਿਲਾ ਵਲੰਟੀਅਰ ਸੀ ਅਤੇ ਉਸ ਨੂੰ ਇਸ ਕੰਮ ਲਈ ਚੁਣ ਲਿਆ ਗਿਆ।

ਜਦ ਪਾਰਟੀ ਨੇ ਇਨਕਲਾਬ ਦੀ ਖ਼ਾਤਰ ਕੰਮ ਕਰਨ ਵਾਸਤੇ ਮੈਂਬਰਾਂ ਨੂੰ ਹਿੰਦੁਸਤਾਨ ਨੂੰ ਘੱਲਣ ਦਾ ਫ਼ੈਸਲਾ ਕੀਤਾ ਤਾਂ ਕਰਤਾਰ ਸਿੰਘ ਪਹਿਲੇ ਜਥੇ ਵਿਚ ਹਿੰਦੁਸਤਾਨ ਜਾਣ ਵਾਲਿਆਂ ਸਭ ਤੋਂ ਪਹਿਲਾ ਬੰਦਾ ਸੀ। ਉਹ ਹਿੰਦੁਸਤਾਨ ਸਿਰਫ਼ ਆਪ ਹੀ ਨਹੀਂ ਸੀ ਆਇਆ ਸਗੋਂ ਆਪਣੇ ਨਾਲ ਤਿੰਨ ਅਮਰੀਕਨ ਇਨਕਲਾਬੀਆਂ ਨੂੰ ਵੀ ਨਾਲ ਲੈ ਕੇ ਗਿਆ ਜਿਨ੍ਹਾਂ ਵਿਚ ਦੋ ਆਦਮੀ ਅਤੇ ਇਕ ਔਰਤ ਸੀ।

ਉਹ ਭੇਸ ਬਦਲਣ ਦਾ ਮਾਹਰ ਸੀ। ਭੇਸ ਬਦਲ ਕੇ ਉਹ ਕੋਲੰਬੋ ਵਿੱਚੋਂ ਹੋ ਕੇ ਪੁਲਿਸ ਨੂੰ

ਚਕਮਾ ਦੇ ਕੇ ਹਿੰਦੁਸਤਾਨ ਵਿਚ ਦਾਖ਼ਲ ਹੋ ਗਿਆ ਅਤੇ ਉੱਥੇ ਪਹੁੰਚਦੇ ਹੀ ਇਨਕਲਾਬੀ ਕੰਮ ਵਿਚ ਜੁੱਟ ਗਿਆ।

ਉਹ ਵਿਸ਼ਨੂੰ ਗਣੇਸ਼ ਪਿੰਗਲੇ ਦੀ ਮਾਰਫ਼ਤ ਸਚਿੰਦਰ ਨਾਥ ਸਾਨਿਆਲ ਅਤੇ ਰਾਸਬਿਹਾਰੀ ਬੋਸ ਨੂੰ ਮਿਲਿਆ। ਉਹ ਪਿੰਗਲੇ ਅਤੇ ਸਾਨਿਆਲ ਨੂੰ ਨਾਲ ਲੈਕੇ ਪੰਜਾਬ ਤੋਂ ਬਾਹਰ ਪੂਰੀ ਆਜ਼ਾਦੀ ਨਾਲ ਘੁੰਮਦਾ ਫਿਰਦਾ ਸੀ। ਉਹ ਗ਼ਦਰ ਦਾ ਪ੍ਰਚਾਰ ਕਰਨ ਲਈ ਫ਼ੌਜੀ ਛਾਉਣੀਆਂ ਅਤੇ ਹੋਰ ਫ਼ੌਜੀ ਅੱਡਿਆਂ ਦੇ ਚੱਕਰ ਲਾਉਂਦਾ ਰਹਿੰਦਾ। ਉਹ ਫ਼ਿਰੋਜ਼ਪੁਰ ਕਿਲ੍ਹੇ ਦੇ ਸਿਪਾਹੀਆਂ ਨੂੰ ਅਸਲਾਖ਼ਾਨਾ ਲੁੱਟਣ ਲਈ ਤਿਆਰ ਕਰਨ ਵਿਚ ਕਾਮਯਾਬ ਹੋ ਗਿਆ ਸੀ।

ਰਾਸ ਬਿਹਾਰੀ ਬੋਸ ਦੀ ਸਲਾਹ ਨਾਲ ਅਤੇ ਨਵਾਬ ਖਾਨ ਵਲੋਂ ਉਤਸ਼ਾਹਤ ਕੀਤੇ ਜਾਣ 'ਤੇ ਉਹ ਡਾਕੇ ਮਾਰਨੇ ਮੰਨ ਗਿਆ। ਫਿਰ ਐਸਾ ਕੋਈ ਡਾਕਾ ਨਹੀਂ ਸੀ ਜਿਸ ਵਿਚ ਉਹ ਸ਼ਾਮਲ ਨਾ ਹੋਇਆ ਹੋਵੇ। ਡਾਕੇ ਮਾਰਦੇ ਵਕਤ ਵੀ ਉਹ ਆਪਣੇ ਮਨੋਰਥ ਬਾਰੇ ਲੋਕਾਂ ਨੂੰ ਦੱਸਣੋਂ ਨਾ ਉੱਕਦਾ। ਉਹ ਡਾਕਾ ਮਾਰੇ ਜਾਣ ਵਾਲੇ ਘਰ ਦੇ ਬੰਦਿਆਂ ਨੂੰ ਆਪਣਾ ਮਨੋਰਥ ਦੱਸ ਦਿੰਦਾ ਸੀ ਕਿ ਅੰਗਰੇਜ਼ਾਂ ਨੂੰ ਕੱਢਣ ਲਈ ਉਨ੍ਹਾਂ ਨੂੰ ਧਨ ਦੀ ਲੋੜ ਸੀ, ਕੋਈ ਹੋਰ ਵਸੀਲਾ ਨਾ ਹੋਣ ਕਰਕੇ ਡਾਕੇ ਮਾਰਨ ਤੋਂ ਬਿਨਾ ਉਨ੍ਹਾਂ ਅੱਗੇ ਹੋਰ ਕੋਈ ਚਾਰਾ ਨਹੀਂ ਸੀ। ਉਹ ਲੋਕਾਂ ਨਾਲ ਇਕਰਾਰ ਕਰਦਾ ਕਿ ਆਜ਼ਾਦੀ ਹਾਸਲ ਕਰਨ ਤੋਂ ਬਾਅਦ ਉਨ੍ਹਾਂ ਸਾਰਿਆਂ ਦਾ ਧਨ ਸਣੇ ਵਿਆਜ ਵਾਪਸ ਮੋੜ ਦਿੱਤਾ ਜਾਵੇਗਾ। ਉਹ ਬੜੇ ਉੱਚੇ ਇਖ਼ਲਾਕ ਵਾਲਾ ਸੀ। ਜਦੋਂ ਸਾਹਨੇਵਾਲ ਡਾਕਾ ਮਾਰਿਆ ਗਿਆ ਤਾਂ ਉਸ ਘਰ ਦੀ ਸੁੰਦਰ ਲੜਕੀ ਦੇਖਕੇ ਜਥੇ ਦੇ ਇਕ ਮੈਂਬਰ ਦਾ ਮਨ ਡੋਲ ਗਿਆ ਅਤੇ ਉਸ ਨੇ ਕੁੜੀ ਨੂੰ ਹੱਥ ਪਾ ਲਿਆ। ਸਰਾਭੇ ਨੇ ਝਟ ਪਿਸਤੌਲ ਉਸ ਦੀ ਹਿੱਕ ਵੱਲ ਤਾਣ ਲਿਆ ਅਤੇ ਉਸ ਤੋਂ ਆਪਣੇ ਘਿਣਾਉਣੇ ਸਕੂਲ ਲਈ ਕੁੜੀ ਤੋਂ ਮੁਆਫ਼ੀ ਮੰਗਾਈ ਗਈ। ਉਹ ਕਈ ਵਾਰ ਪੁਲਿਸ ਦੇ ਘੇਰੇ ਵਿੱਚੋਂ ਬਚਕੇ ਨਿਕਲਦਾ ਰਿਹਾ। ਇਕ ਵਾਰ ਸਾਈਕਲ ਉੱਤੇ ਚੜ੍ਹ ਕੇ ਉਹ ਆਪਣੇ ਕਿਸੇ ਮਿੱਤਰ ਨੂੰ ਮਿਲਣ ਗਿਆ। ਉਸ ਨੇ ਦੇਖਿਆ ਕਿ ਪੁਲਿਸ ਤਾਂ ਉਸ ਦੇ ਮਿੱਤਰ ਦੇ ਘਰ ਦੀ ਤਲਾਸ਼ੀ ਲੈ ਰਹੀ ਸੀ। ਕਰਤਾਰ ਸਿੰਘ ਨੇ ਬਾਬੂਆਂ ਵਾਂਗ ਕੋਟ ਪੈਂਟ ਪਾ ਰੱਖਿਆ ਸੀ। ਉਸ ਨੇ ਪੁਲਿਸ ਨੂੰ ਕਿਹਾ ਕਿ ਉਨ੍ਹਾਂ ਨੂੰ ਪੂਰੀ ਈਮਾਨਦਾਰੀ ਨਾਲ ਆਪਣਾ ਫਰਜ਼ ਨਿਭਾਉਣਾ ਚਾਹੀਦਾ ਹੈ ਅਤੇ ਹਕੂਮਤ-ਵਿਰੋਧੀ ਅਨਸਰਾਂ ਨਾਲ ਕਰੜੇ ਹੱਥੀਂ ਨਜਿੱਠਣਾ ਚਾਹੀਦਾ ਹੈ। ਪੁਲਸੀਆਂ ਨੇ ਸਮਝਿਆ ਉਹ ਕੋਈ ਸਰਕਾਰੀ ਮੁਲਾਜ਼ਮ ਹੈ। ਉਹ ਉਨ੍ਹਾਂ ਨਾਲ ਦਸ-ਪੰਦਰਾਂ ਮਿੰਟ ਗੱਲਾਂ ਕਰਦਾ ਰਿਹਾ ਅਤੇ ਫਿਰ ਉੱਥੋਂ ਤੁਰ ਗਿਆ। ਜਦੋਂ ਪੁਲਿਸ ਵਾਲਿਆਂ ਨੇ ਉਸ ਨੂੰ ਕਚਹਿਰੀ ਵਿਚ ਦੇਖਿਆ ਤਾਂ ਉਹ ਬਹੁਤ ਸ਼ਰਮਿੰਦਾ ਹੋਏ। ਜਦੋਂ ਉੱਥੇ ਹਾਜ਼ਰ ਲੋਕਾਂ ਅਤੇ ਜੱਜ ਨੂੰ ਇਹ ਗੱਲ ਪਤਾ ਲੱਗੀ ਤਾਂ ਉਨ੍ਹਾਂ ਦਾ ਹਾਸਾ ਬੰਦ ਨਾ ਹੋਵੇ।

ਇਨਕਲਾਬੀ ਤਹਿਰੀਕ ਦੇ ਨਾਕਾਮ ਹੋ ਜਾਣ 'ਤੇ, ਪਾਰਟੀ ਦੇ ਜਿਹੜੇ ਮੈਂਬਰ ਗ੍ਰਿਫ਼ਤਾਰੀ ਤੋਂ ਬਚ ਗਏ ਸਨ ਉਨ੍ਹਾਂ ਨੇ ਹਿੰਦੁਸਤਾਨ 'ਚੋਂ ਬਾਹਰ ਚਲੇ ਜਾਣ ਦਾ ਫ਼ੈਸਲਾ ਲਿਆ। ਕਰਤਾਰ ਸਿੰਘ, ਹਰਨਾਮ ਸਿੰਘ ਟੁੰਡੀਲਾਟ ਅਤੇ ਜਗਤ ਸਿੰਘ ਵਗੈਰਾ ਨੂੰ ਅਫ਼ਗਾਨਿਸਤਾਨ ਚਲੇ ਜਾਣ ਲਈ ਕਿਹਾ ਗਿਆ ਅਤੇ ਉਹ ਉੱਥੇ ਪਹੁੰਚ ਵੀ ਗਏ। ਜਦੋਂ ਕਰਤਾਰ ਸਿੰਘ ਦੇ ਸਾਰੇ ਸਾਥੀ ਹਿੰਦੁਸਤਾਨ ਵਿਚ ਫੜੇ ਜਾ ਚੁੱਕੇ ਸਨ ਤਾਂ ਉਸ ਦੀ ਜ਼ਮੀਰ ਇਸ ਤਰ੍ਹਾਂ ਬਚ ਨਿਕਲਣ ਲਈ ਨਾ

ਮੰਨੀ। ਉਹ ਆਪਣੇ ਦੋਹਾਂ ਸਾਥੀਆਂ ਸਮੇਤ ਵਾਪਸ ਮੁੜਕੇ ਸਰਗੋਧਾ ਦੇ ਚੱਕ ਨੰਬਰ 5 ਵਿਚ ਆ ਗਿਆ, ਜਿੱਥੇ ਫ਼ੌਜੀਆਂ ਦਾ ਘੋੜਿਆਂ ਦਾ ਤਬੇਲਾ ਸੀ ਅਤੇ ਉਹ ਉੱਥੇ ਫ਼ੌਜੀਆਂ ਵਿਚ ਗ਼ਦਰ ਦਾ ਪ੍ਰਚਾਰ ਕਰਨ ਵਿਚ ਜੁੱਟ ਗਿਆ। ਇਕ ਰਿਸਾਲਦਾਰ ਨੇ ਉਸ ਨੂੰ ਅਤੇ ਉਸ ਦੇ ਸਾਥੀਆਂ ਗ੍ਰਿਫ਼ਤਾਰ ਕਰਵਾ ਦਿੱਤਾ।

ਮਿਸਟਰ ਟਾਮਕਿਨ ਵਰਗੇ ਸੀ.ਆਈ.ਡੀ. ਅਧਿਕਾਰੀ ਉਸ ਦੀ ਤਫ਼ਤੀਸ਼ ਕਰਨੋਂ ਝਿਜਕਦੇ ਸਨ। ਉਹ ਕਦੇ ਹਾਰ ਨਾ ਮੰਨਣ ਵਾਲਾ, ਆਜ਼ਾਦੀ ਦੇ ਕਾਜ ਨੂੰ ਪ੍ਰਣਾਇਆ, ਗ਼ੁਲਾਮੀ ਦਾ ਘੋਰ ਦੁਸ਼ਮਣ ਇਕ ਬੇਧੜਕ ਗੱਭਰੂ ਸੀ।

ਜਦੋਂ ਉਸ ਨੂੰ ਲਾਹੌਰ ਦੀ ਕੇਂਦਰੀ ਜੇਲ੍ਹ ਵਿਚ ਡੱਕਿਆ ਹੋਇਆ ਸੀ ਤਾਂ ਉਸ ਨੇ ਜੇਲ੍ਹ ਤੋੜ ਕੇ ਭੱਜਣ ਦਾ ਨਾਕਾਮ ਯਤਨ ਕੀਤਾ। ਉਸ ਕੋਲੋਂ ਆਰੀ ਅਤੇ ਸੀਖਾਂ ਕੱਟਣ ਵਾਲਾ ਹੋਰ ਸੰਦ-ਸੰਦੇੜਾ ਅਤੇ ਬੰਬ ਬਣਾਉਣ ਵਾਲੀ ਸਮੱਗਰੀ ਬਰਾਮਦ ਹੋਏ। ਪਰ ਉਸ ਦੇ ਅੰਦਰ ਪਹਿਲਾਂ ਵਰਗਾ ਹੀ ਸਵੈ-ਭਰੋਸਾ ਸੀ। ਉਹ ਪਹਿਲਾਂ ਦੀ ਤਰ੍ਹਾਂ ਹੀ ਹਸੂੰ-ਹਸੂੰ ਕਰਦਾ ਰਿਹਾ ਅਤੇ ਆਪਣੇ ਸਾਥੀਆਂ ਦਾ ਦਿਲ ਲਾਈ ਰੱਖਿਆ। ਉਹ ਆਪਣੀਆਂ ਹੱਥਕੜੀਆਂ ਨੂੰ ਸਾਜ਼ ਬਣਾਕੇ ਦੇਸ਼ਭਗਤੀ ਦੇ ਗੀਤ ਗਾਇਆ ਕਰਦਾ ਸੀ।

ਜਦੋਂ ਉਸ ਦੇ ਮੁਕੱਦਮੇ ਦੀ ਸੁਣਵਾਈ ਸ਼ੁਰੂ ਹੋਈ ਤਾਂ ਇਕੋ ਸਮੇਂ ਦੋ ਕਚਹਿਰੀਆਂ ਲੱਗੀਆਂ ਨਜ਼ਰ ਆਉਂਦੀਆਂ। ਜੱਜ ਆਪਣੀ ਕਚਹਿਰੀ ਲਗਾਉਂਦੇ ਅਤੇ ਸਰਾਭਾ ਆਪਣੇ ਮਿੱਤਰਾਂ ਨਾਲ ਲਤੀਫ਼ਿਆਂ ਅਤੇ ਹਾਸੇ-ਮਖੌਲ ਦੀ ਮਹਿਫ਼ਿਲ ਸਜਾ ਲੈਂਦਾ। ਖ਼ੁਫ਼ੀਆ ਪੁਲਿਸੀਏ ਅਤੇ ਇਨਕਲਾਬੀ ਵਿਰੁੱਧ ਭੁਗਤਣ ਵਾਲੇ ਗਵਾਹ ਉਸ ਦੇ ਵਿਅੰਗ ਬਾਣਾਂ ਦਾ ਨਿਸ਼ਾਨਾ ਬਣਦੇ। ਜੱਜ ਵਾਰ-ਵਾਰ ਘੰਟੀ ਖੜਕਾਉਂਦੇ ਰਹਿੰਦੇ ਪਰ ਉਹ ਬੇਪ੍ਰਵਾਹ ਹੋ ਕੇ ਆਪਣੇ ਕੰਮ ਵਿਚ ਮਸਤ ਰਹਿੰਦਾ।

ਇਸਤਗਾਸਾ ਪੱਖ ਨੂੰ ਸੁਣਨ ਤੋਂ ਬਾਅਦ ਜੱਜ ਨੇ ਕਰਤਾਰ ਸਿੰਘ ਨੂੰ ਬਿਆਨ ਦੇਣ ਲਈ ਕਿਹਾ। ਉਸ ਨੇ ਗ਼ਦਰ ਲਹਿਰ ਵਿਚ ਆਪਣੇ ਯੋਗਦਾਨ ਦਾ ਇਕਬਾਲ ਕੀਤਾ ਅਤੇ ਬੜੇ ਮਾਣ ਨਾਲ ਐਲਾਨ ਕੀਤਾ ਕਿ ਜੋ ਕੁਝ ਉਸ ਨੇ ਕੀਤਾ ਸੀ ਆਪਣੀ ਜ਼ਿੰਮੇਵਾਰੀ ਸਮਝਕੇ ਕੀਤਾ ਸੀ। ਅੰਗਰੇਜ਼ੀ ਰਾਜ ਦੀ ਗ਼ੁਲਾਮੀ ਦੇ ਖ਼ਿਲਾਫ਼ ਲੋਕਾਂ ਨੂੰ ਜਗਾਉਣਾ ਉਸਦਾ ਫਰਜ਼ ਸੀ ਜੋ ਉਸਨੇ ਪੂਰਾ ਕੀਤਾ। ਫ਼ੌਜ ਨੂੰ ਗ਼ਦਰ ਕਰਨ ਲਈ ਤਿਆਰ ਕਰਨਾ, ਕੌਮੀ ਝੰਡੇ ਤਿਆਰ ਕਰਨਾ ਅਤੇ ਹੋਰ ਇਨਕਲਾਬੀ ਕੰਮ ਕਰਨਾ ਹਿੰਦ ਦੀ ਆਜ਼ਾਦੀ ਲਈ ਉਸ ਦੇ ਅਨਿੱਖੜ ਜਮਾਂਦਰੂ ਹੱਕ ਦੀ ਪੂਰਤੀ ਲਈ ਕੀਤੇ ਕੰਮ ਸਨ। ਉਸ ਦਾ ਬਿਆਨ ਲਿਖਣ ਪਿੱਛੋਂ ਜੱਜਾਂ ਨੇ ਉਸ ਨੂੰ ਪੁੱਛਿਆ, "ਕਰਤਾਰ ਸਿੰਹਾ, ਤੈਨੂੰ ਪਤੈ ਤੇਰੇ ਇਸ ਬਿਆਨ ਦਾ ਨਤੀਜਾ ਕੀ ਹੋਵੇਗਾ?" ਕਰਤਾਰ ਸਿੰਘ ਨੇ ਜਵਾਬ ਦਿੱਤਾ ਕਿ ਉਸਨੂੰ ਆਪਣੀ ਹੋਣੀ ਦਾ ਪਤਾ ਹੈ। ਜਾਂ ਤਾਂ ਜਲਾਵਤਨ ਕਰ ਦਿੱਤਾ ਜਾਵਾਂਗਾ ਜਾਂ ਫਾਹੇ ਲਾ ਦਿੱਤਾ ਜਾਵਾਂਗਾ। ਜੱਜ ਨੇ ਉਸ ਨੂੰ ਸੋਚਣ ਦਾ ਵਕਤ ਦਿੰਦੇ ਹੋਏ ਰਾਤ ਭਰ ਸੋਚ ਲੈਣ ਲਈ ਕਿਹਾ। ਪਰ ਅਗਲੇ ਦਿਨ ਵੀ ਕਰਤਾਰ ਸਿੰਘ ਆਪਣੇ ਪਹਿਲੇ ਬਿਆਨ 'ਤੇ ਦ੍ਰਿੜ ਸੀ। ਉਸਨੇ ਜੱਜ ਨੂੰ ਕਿਹਾ ਕਿ ਜਿਹੜਾ ਬਿਆਨ ਉਸ ਨੇ ਪਹਿਲਾਂ ਦਿੱਤਾ ਸੀ, ਉਸ ਦਾ ਇਕ-ਇਕ ਲਫ਼ਜ਼ ਪੂਰਾ ਸੋਚ-ਸਮਝਕੇ ਕਿਹਾ ਸੀ ਅਤੇ ਉਹ ਉਸੇ ਉੱਪਰ ਕਾਇਮ ਹੈ।

ਜਦ ਉਸ ਨੂੰ ਸਜ਼ਾ-ਏ-ਮੌਤ ਸੁਣਾਈ ਗਈ ਤਾਂ ਉਹ ਪੂਰਾ ਜੋਸ਼ ਵਿਚ ਆਕੇ ਉੱਚੀ-ਉੱਚੀ ਹੱਸਿਆ ਅਤੇ ਜੱਜ ਦਾ ਧੰਨਵਾਦ ਕੀਤਾ। ਸਜ਼ਾ-ਏ-ਮੌਤ ਸੁਣਾਉਣ ਤੋਂ ਬਾਅਦ ਕਰਤਾਰ ਸਿੰਘ ਅਤੇ ਉਸਦੇ ਸਾਥੀਆਂ ਨੂੰ ਫਾਂਸੀ ਵਾਲੇ ਕੈਦੀਆਂ ਵਾਲੀ ਪੁਸ਼ਾਕ ਪਹਿਨਾਕੇ ਫ਼ਾਂਸੀ ਕੋਠੀਆਂ ਵਿਚ ਬੰਦ ਕਰ ਦਿੱਤਾ ਗਿਆ। ਜੇਲ੍ਹ ਸੁਪਰਡੈਂਟ ਕਾਗਜ਼ੀ ਕਾਰਵਾਈ ਕਰਨ ਦੀ ਮਨਸ਼ਾ ਨਾਲ ਉਸ ਕੋਲ ਜਾ ਕੇ ਕਹਿਣ ਲੱਗਾ ਕਿ ਕੀ ਉਹ ਰਹਿਮ ਦੀ ਦਰਖ਼ਾਸਤ ਦੇਣਾ ਚਾਹੇਗਾ। ਕਰਤਾਰ ਸਿੰਘ ਨੇ ਝਟ ਜਵਾਬ ਦਿੱਤਾ, ਉਸਦੀ ਰਹਿਮ ਦੀ ਦਰਖ਼ਾਸਤ ਵਿਚ ਕੋਈ ਰੁਚੀ ਨਹੀਂ। ਉਸਨੇ ਖ਼ਾਹਸ਼ ਜ਼ਾਹਿਰ ਕੀਤੀ ਕਿ ਉਸ ਨੂੰ ਜਲਦੀ ਤੋਂ ਜਲਦੀ ਫਾਂਸੀ ਲਾਇਆ ਜਾਵੇ ਤਾਂ ਜੋ ਉਹ ਦੁਬਾਰਾ ਜਨਮ ਲੈ ਕੇ ਫਿਰ ਗ਼ੁਲਾਮੀ ਵਿਰੁੱਧ ਲੜ ਸਕੇ।

16 ਨਵੰਬਰ, 1915 ਨੂੰ ਅੰਗਰੇਜ਼ ਹਕੂਮਤ ਨੇ ਇਕ ਫ਼ੈਸਲੇ ਰਾਹੀਂ 17 ਗ਼ਦਰੀਆਂ ਦੀ ਸਜ਼ਾ-ਏ-ਮੌਤ ਘਟਾ ਕੇ ਕਾਲੇਪਾਣੀ ਉਮਰ ਕੈਦ ਵਿਚ ਬਦਲ ਦਿੱਤੀ, ਪਰ ਕਰਤਾਰ ਸਿੰਘ ਅਤੇ ਉਸਦੇ ਛੇ ਸਾਥੀਆਂ ਦੀ ਸਜ਼ਾ-ਏ-ਮੌਤ ਬਰਕਰਾਰ ਰੱਖੀ ਗਈ। ਉਸ ਨੂੰ ਇਕ ਵਾਰ ਫੇਰ ਰਹਿਮ ਦੀ ਅਪੀਲ ਕਰਨ ਲਈ ਕਿਹਾ ਗਿਆ। ਉਸਨੇ ਉਹੀ ਜਵਾਬ ਦਿੱਤਾ, "ਮੈਨੂੰ ਜਲਦੀ ਜਲਦੀ ਫਾਂਸੀ ਲਾ ਦਿਓ।"

ਬਚਪਨ ਵਿਚ ਹੀ ਕਰਤਾਰ ਸਿੰਘ ਦੇ ਮਾਂ-ਬਾਪ ਚਲਾਣਾ ਕਰ ਗਏ ਸਨ। ਉਸ ਦੀ ਪਰਵਰਿਸ਼ ਉਸ ਦੇ ਬਜ਼ੁਰਗ ਦਾਦੇ ਨੇ ਕੀਤੀ ਸੀ। ਜਦੋਂ ਉਹ ਜੇਲ੍ਹ ਵਿਚ ਕਰਤਾਰ ਸਿੰਘ ਨਾਲ ਆਖ਼ਰੀ ਮੁਲਾਕਾਤ ਕਰਨ ਲਈ ਆਏ ਤਾਂ ਉਨ੍ਹਾਂ ਨੇ ਰੋ ਪਏ। ਕਰਤਾਰ ਸਿੰਘ ਨੇ ਉਨ੍ਹਾਂ ਨੂੰ ਆਖਿਆ, "ਦਾਦਾ ਜੀ, ਤੁਸੀਂ ਦਿਲ ਕਿਉਂ ਛੱਡਦੇ ਹੋ, ਮੈਂ ਪਰਿਵਾਰ ਲਈ ਕੋਈ ਬਦਨਾਮੀ ਖੱਟ ਕੇ ਨਹੀਂ ਜਾ ਰਿਹਾ। ਮੈਨੂੰ ਤੀਹ ਕਰੋੜ ਲਤਾੜੇ ਹੋਏ ਅਤੇ ਗ਼ੁਲਾਮੀ ਵਿਚ ਜਕੜੇ ਲੋਕਾਂ ਦੀ ਆਜ਼ਾਦੀ ਲਈ ਕੰਮ ਕਰਨ ਦੇ ਜੁਰਮ ਬਦਲੇ ਫਾਂਸੀ ਦਿੱਤੀ ਜਾ ਰਹੀ ਹੈ। ਤੁਹਾਨੂੰ ਤਾਂ ਐਸੀ ਸ਼ਾਨਮੱਤੀ ਮੌਤ ਉਪਰ ਅੱਥਰੂ ਵਹਾਉਣ ਦੀ ਬਜਾਏ ਖ਼ੁਸ਼ ਹੋਣਾ ਚਾਹੀਦਾ ਹੈ।" ਕਰਤਾਰ ਸਿੰਘ ਦੇ ਬੁੱਲ੍ਹਾਂ 'ਚੋਂ ਇਹ ਦਲੇਰੀ ਵਾਲੇ ਲਫ਼ਜ਼ ਸੁਣ ਕੇ ਦਾਦਾ ਜੀ ਪ੍ਰਸੰਨ ਹੋ ਗਏ ਅਤੇ ਉਨ੍ਹਾਂ ਨੇ ਕਰਤਾਰ ਸਿੰਘ ਨੂੰ ਅੰਤਿਮ ਅਸ਼ੀਰਵਾਦ ਦਿੱਤੀ।

17 ਨਵੰਬਰ, 1915 ਵਾਲੇ ਦਿਨ ਕਰਤਾਰ ਸਿੰਘ ਅਤੇ ਉਸ ਦੇ ਛੇ ਸਾਥੀਆਂ ਨੂੰ ਕੇਂਦਰੀ ਜੇਲ੍ਹ ਲਾਹੌਰ ਵਿਚ ਫਾਂਸੀ ਦੇ ਦਿੱਤੀ ਗਈ। ਉਸ ਦੀ ਸ਼ਹਾਦਤ ਬਾਰੇ ਬਹੁਤ ਕੁਛ ਕਿਹਾ ਤੇ ਲਿਖਿਆ ਜਾ ਚੁੱਕਾ ਹੈ। ਕਰਤਾਰ ਸਿੰਘ ਨੇ ਆਪਣੇ ਹੱਥੀਂ ਆਪਣੇ ਗਲ ਵਿਚ ਫਾਂਸੀ ਦਾ ਰੱਸਾ ਪਾਇਆ। ਮੌਤ ਨੂੰ ਮਖੌਲਾਂ ਕਰਦਾ ਹੋਇਆ ਉਹ ਅਮਰ ਹੋ ਗਿਆ। ਉਸ ਨੂੰ ਬਹੁਤ ਥੋੜ੍ਹੀ ਜ਼ਿੰਦਗੀ ਜਿਊਣ ਦਾ ਮੌਕਾ ਮਿਲਿਆ। ਅੱਲੜ੍ਹ ਵਰੇਸ ਵਿਚ ਅਤੇ ਕੋਈ ਤਜ਼ਰਬਾ ਨਾ ਹੋਣ ਦੇ ਬਾਵਜੂਦ ਉਸ ਨੇ ਪੂਰੀ ਮਾਨਵਤਾ ਤੇ ਖ਼ਾਸ ਕਰਕੇ ਆਪਣੇ ਵਤਨ ਵਾਸੀਆਂ ਦੀ ਮੁਕਤੀ ਦੇ ਕਾਜ ਲਈ ਆਪਣੀ ਜਾਨ ਵਾਰ ਦਿੱਤੀ। ਉਸ ਦੀ ਕੁਰਬਾਨੀ ਬੇਜੋੜ ਹੈ ਦੁਨੀਆ ਦੀ ਤਵਾਰੀਖ਼ ਦੇ ਪੰਨਿਆਂ ਉੱਪਰ ਬਹੁਤ ਥੋੜ੍ਹੇ ਲੋਕ ਉਸ ਦੇ ਬਰਾਬਰ ਦੇ ਹੋਣਗੇ।

ਪਹਿਲਾ ਲਾਹੌਰ ਸਾਜ਼ਿਸ਼ ਮੁਕੱਦਮਾ ਅਤੇ ਸਰਾਭਾ ਦੀ ਸ਼ਹਾਦਤ

–ਚਮਨ ਲਾਲ

ਜਦੋਂ ਸਰਾਭੇ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਲਾਹੌਰ ਸਟੇਸ਼ਨ 'ਤੇ ਲਿਆਂਦਾ ਗਿਆ, ਉਸ ਦੇ ਹੱਥਕੜੀ ਲੱਗੀ ਹੋਈ ਸੀ ਅਤੇ ਪੈਰਾਂ ਵਿਚ ਬੇੜੀਆਂ ਸਨ, ਪਰ ਇਸ ਵਕਤ ਵੀ ਉਹ ਹਮੇਸ਼ਾ ਦੀ ਤਰ੍ਹਾਂ ਜ਼ਿੰਦਾਦਿਲ ਸੀ। ਸਟੇਸ਼ਨ ਉਪਰ ਅੰਗਰੇਜ਼ ਅਫ਼ਸਰ ਟਾਮਕਿਨ ਨੂੰ ਉਸਨੇ ਕਿਹਾ, "ਪਹਿਲਾਂ ਸਾਨੂੰ ਖਾਣ ਲਈ ਕੁਝ ਲਿਆਕੇ ਦਿਓ; ਅਸੀਂ ਭੁੱਖੇ ਹਾਂ।"

ਗ਼ਦਰ ਲਹਿਰ ਸਬੰਧੀ ਹਿੰਦੁਸਤਾਨ ਅਤੇ ਬਦੇਸ਼ ਵਿਚ ਵੀਹ ਤੋਂ ਵੱਧ ਮੁਕੱਦਮੇ ਦਰਜ ਕੀਤੇ ਗਏ ਸਨ, ਜਿਨ੍ਹਾਂ ਵਿੱਚੋਂ ਤਕਰੀਬਨ 150 ਗ਼ਦਰੀਆਂ ਨੂੰ ਫਾਂਸੀ ਦਿੱਤੀ ਗਈ, ਜਾਂ ਜੇਲ੍ਹਾਂ ਵਿਚ ਭੁੱਖ ਹੜਤਾਲ ਦੌਰਾਨ ਪ੍ਰਾਣ ਤਿਆਗ ਗਏ, ਜਾਂ ਪੁਲਿਸ ਵਲੋਂ ਮੁਕਾਬਲਿਆਂ ਵਿਚ ਮਾਰ ਦਿੱਤੇ ਗਏ; ਉਨ੍ਹਾਂ ਵਿੱਚੋਂ ਲਗਭਗ 300 ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਅਤੇ ਲਗਭਗ 100 ਨੂੰ ਥੋੜ੍ਹੇ ਜਾਂ ਲੰਮੇ ਸਮੇਂ ਦੀ ਕੈਦ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ। 3000 ਤੋਂ ਵੱਧ ਗ਼ਦਰੀਆਂ ਨੂੰ ਉਨ੍ਹਾਂ ਦੇ ਜੱਦੀ ਪਿੰਡਾਂ ਵਿਚ ਘਰ–ਨਜ਼ਰਬੰਦ ਰੱਖਿਆ ਗਿਆ। ਇਨ੍ਹਾਂ ਸਜ਼ਾਵਾਂ ਦਾ ਸਿਲਸਿਲਾ ਪਹਿਲੇ ਲਾਹੌਰ ਸਾਜ਼ਿਸ਼ ਮੁਕੱਦਮੇ ਨਾਲ ਸ਼ੁਰੂ ਹੋਇਆ, ਜਿਸ ਵਿਚ ਕਈ ਸੀਨੀਅਰ ਆਗੂਆਂ ਸਮੇਤ ਕਰਤਾਰ ਸਿੰਘ ਸਰਾਭਾ ਨੂੰ ਮੁਲਜ਼ਿਮ ਰੱਖਿਆ ਗਿਆ ਸੀ।

ਪਹਿਲੇ ਲਾਹੌਰ ਸਾਜ਼ਿਸ਼ ਮੁਕੱਦਮੇ ਦੀ ਕਾਰਵਾਈ 26 ਅਪ੍ਰੈਲ 1915 ਨੂੰ ਸ਼ੁਰੂ ਹੋਈ। ਮੁਲਜ਼ਿਮਾਂ ਦੀ ਸੂਚੀ ਵਿਚ ਕੁਲ 82 ਲੋਕ ਸਨ। ਮੁਲਜ਼ਿਮ ਨੰਬਰ 1 ਆਨੰਦ ਕਿਸ਼ੋਰ ਮਹਿਤਾ ਸੀ; ਅਤੇ ਮੁਕੱਦਮਾ ਉਸ ਦੇ ਨਾਂ 'ਤੇ ਦਰਜ ਕੀਤਾ ਗਿਆ ਸੀ –ਆਨੰਦ ਕਿਸ਼ੋਰ ਮਹਿਤਾ ਬਨਾਮ ਸੁਲਤਾਨ। ਮੁਕੱਦਮੇ 62+1 ਮੁਲਜ਼ਿਮਾਂ ਦੇ ਖ਼ਿਲਾਫ਼ ਦਰਜ਼ ਕੀਤੇ ਗਏ ਸਨ ਅਤੇ ਇਨ੍ਹਾਂ ਦੇ ਸਬੰਧ ਵਿਚ ਫ਼ੈਸਲਾ 13 ਸਤੰਬਰ 1915 ਨੂੰ ਲਿਆ ਗਿਆ। ਇਸ ਮੁਕੱਦਮੇ ਦੀ ਸੁਣਵਾਈ ਜਿਨ੍ਹਾਂ ਜੱਜਾਂ ਨੇ ਕੀਤੀ ਉਹ ਸਨ: ਏ.ਏ. ਇਰਵਿਨ (ਮੁੱਖ ਜੱਜ), ਟੀ.ਪੀ.ਫਲਿਸ (ਮੈਂਬਰ), ਅਤੇ ਸ਼ਿਵ ਨਰਾਇਣ (ਮੈਂਬਰ)। ਇਸ ਮੁਕੱਦਮੇ ਵਿਚ ਕਰਤਾਰ ਸਿੰਘ ਸਰਾਭਾ ਮੁਲਜ਼ਿਮ ਨੰਬਰ 39 ਸੀ। ਉਸਦੇ ਮਾਮਲੇ ਸਬੰਧੀ ਜੱਜਾਂ ਨੇ ਇਕ ਵੱਖਰਾ ਅੱਠ ਸਫ਼ੇ ਦਾ ਹੁਕਮ ਪਾਸ ਕੀਤਾ। ਇਹ ਓਦੋਂ ਹੈ ਜਦੋਂ ਗ਼ਦਰ ਪਾਰਟੀ ਦੇ ਪ੍ਰਧਾਨ, ਬਾਬਾ ਸੋਹਣ ਸਿੰਘ ਭਕਨਾ ਸਬੰਧੀ ਹੁਕਮ ਸਿਰਫ਼ ਦੋ ਸਫ਼ੇ ਦਾ ਹੈ। ਸਰਾਭਾ ਅਤੇ ਪਿੰਗਲੇ ਨੂੰ ਇਸ ਮੁਕੱਦਮੇ ਵਿਚ ਸਭ ਤੋਂ ਖ਼ਤਰਨਾਕ ਮੁਜਰਿਮ ਮੰਨਿਆ ਗਿਆ

ਸੀ, ਜੋ ਹੋਮ ਡਿਪਾਰਟਮੈਂਟ ਦੇ ਦਫ਼ਤਰ ਦੀਆਂ ਮਿਸਲਾਂ ਵਿਚ ਅੰਗਰੇਜ਼ ਅਫ਼ਸਰਾਂ ਵਲੋਂ ਲਿਖੀਆਂ ਟਿੱਪਣੀਆਂ ਤੋਂ ਸਪਸ਼ਟ ਹੈ।

ਮੁਲਜ਼ਿਮ ਨੰਬਰ 1 ਆਨੰਦ ਕਿਸ਼ੋਰ ਮਹਿਤਾ ਨੂੰ ਇਸ ਮੁਕੱਦਮੇ ਵਿਚ ਕਸੂਰਵਾਰ ਕਰਾਰ ਦਿੱਤਾ ਗਿਆ। ਜਿਨ੍ਹਾਂ ਕਾਨੂੰਨੀ ਧਾਰਾਵਾਂ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਸੀ ਉਹ ਸਨ: ਆਈ.ਪੀ.ਸੀ. (ਇੰਡੀਅਨ ਪੀਨਲ ਕੋਡ) ਧਾਰਾ 121, 121-ਏ, 122, 123, 124-ਏ, 131, 302/109, 395, 396, 397 ਅਤੇ 398। ਇਨ੍ਹਾਂ ਦੇ ਤਹਿਤ ਸਨ ਸੁਲਤਾਨ ਦੇ ਖ਼ਿਲਾਫ਼ ਧ੍ਰੋਹ (121), ਰਾਜ ਦੇ ਖ਼ਿਲਾਫ਼ ਧ੍ਰੋਹ (121-ਏ), ਸੁਲਤਾਨ ਦੇ ਖ਼ਿਲਾਫ਼ ਹਥਿਆਰ ਇਕੱਠੇ ਕਰਨਾ (122), ਜੰਗ ਛੇੜਨ ਲਈ ਖੁਫ਼ੀਆ ਸਾਜ਼ਿਸ਼ ਰਚਣਾ (123), ਬਗ਼ਾਵਤ (124-ਏ), ਬਗ਼ਾਵਤ ਲਈ ਉਕਸਾਉਣਾ (131-ਏ), ਕਤਲ ਲਈ ਉਕਸਾਉਣਾ (302), ਡਾਕਾ ਅਤੇ ਕਤਲ (395-398)। ਇਨ੍ਹਾਂ ਚਾਰ ਧਾਰਾਵਾਂ ਤਹਿਤ ਸਜ਼ਾ ਸਿੱਧੀ ਸਜ਼ਾ-ਏ-ਮੌਤ ਸੀ; ਅਤੇ ਬਾਕੀਆਂ ਵਿਚ ਵੀ, ਸੱਤ ਜਾਂ ਦਸ ਤੋਂ ਲੈ ਕੇ ਉਮਰ ਕੈਦ ਦੀ ਸਜ਼ਾ ਸੀ। ਸੀ. ਬਾਡੇਨ ਅਤੇ ਤਾਜੂਦੀਨ ਕੁਰੈਸ਼ੀ ਸਰਕਾਰੀ ਵਕੀਲ ਸਨ। ਰਾਊਫ ਅਲੀ, ਰਘੂਨਾਥ ਸਹਾਏ, ਹਕੂਮਤ ਰਾਏ, ਬਖ਼ਸ਼ੀ ਗੋਕਲ ਚੰਦ, ਲਾਲਾ ਲੱਭੂ ਰਾਮ, ਡਾ. ਸ਼ੁਜਾ-ਉਦ-ਦੀਨ, ਡਾ. ਆਲਮ ਬਚਾਅ ਪੱਖ ਦੇ ਵਕੀਲ ਸਨ। ਪਰ ਕਰਤਾਰ ਸਿੰਘ ਸਰਾਭਾ ਅਤੇ ਵਿਸ਼ਣੂੰ ਗਣੇਸ਼ ਪਿੰਗਲੇ ਨੇ ਨਾ ਤਾਂ ਵਕੀਲ ਕੀਤਾ, ਨਾ ਹੀ ਆਪਣਾ ਬਚਾਓ ਕਰਨ ਦਾ ਯਤਨ ਕੀਤਾ। ਇਕ ਮੁਲਜ਼ਿਮ, ਜਗਤ ਰਾਮ, ਨੇ ਆਪਣੇ ਮੁਕੱਦਮੇ ਵਿਚ ਜਿਰ੍ਹ ਆਪ ਕੀਤੀ। ਇਸ ਮੁਕੱਦਮੇ ਦਾ ਰਿਕਾਰਡ 704 ਛਪੇ ਹੋਏ ਸਫ਼ਿਆਂ ਦਾ ਮੌਜੂਦ ਹੈ। ਇਸਤਗਾਸਾ ਪੱਖ ਦੇ 404 ਅਤੇ ਬਚਾਓ ਪੱਖ ਦੇ 228 ਗਵਾਹ ਸਨ। ਅਦਾਲਤ ਵਿਚ ਪੇਸ਼ ਕੀਤੇ ਗਏ ਦਸਤਾਵੇਜ਼ਾਂ ਦੇ ਪੂਰੇ 282 ਸਫ਼ੇ ਬਣਦੇ ਹਨ।

ਮੁਲਜ਼ਿਮਾਂ ਵਿੱਚੋਂ ਪੰਜ ਪੰਜਾਬ ਤੋਂ ਬਾਹਰਲੇ ਇਲਾਕਿਆਂ ਦੇ ਸਨ। ਉਹ ਸਨ: 1. ਰਾਸ ਬਿਹਾਰੀ ਬੋਸ (ਨੰਬਰ 66, ਮਫ਼ਰੂਰ); 2. ਰਾਓ (ਨਾਮਾਲੂਮ, ਨੰਬਰ 63 – ਮਫ਼ਰੂਰ); 3. ਵਿਸ਼ਣੂ ਗਣੇਸ਼ ਪਿੰਗਲੇ (ਨੰਬਰ 59 – ਮਹਾਂਰਾਸ਼ਟਰ); 4. ਪੰਡਿਤ ਪਰਮਾਨੰਦ ਝਾਂਸੀ (ਨੰਬਰ 57 – ਉਤਰ ਪ੍ਰਦੇਸ਼) ਅਤੇ 5. ਜਮਨਾਦਾਸ (ਨੰਬਰ 33 – ਬਾਰਾਬਾਂਕੀ, ਉਤਰ ਪ੍ਰਦੇਸ਼)। ਇਨ੍ਹਾਂ ਮੁਲਜ਼ਿਮਾਂ ਵਿੱਚੋਂ ਪੰਜਤਾਲੀ ਬਦੇਸ਼ ਤੋਂ ਹਿੰਦੁਸਤਾਨ ਵਾਪਸ ਆਏ ਸਨ। ਇਨ੍ਹਾਂ ਵਿੱਚੋਂ 33 ਮਾਝਾ, 28 ਮਾਲਵਾ ਖੇਤਰ ਅਤੇ 10 ਦੋਆਬਾ ਖੇਤਰ ਨਾਲ ਸਬੰਧ ਰੱਖਦੇ ਸਨ ਅਤੇ 3 ਲਾਹੌਰ ਤੋਂ ਸਨ। ਇਕ ਮੁਲਜ਼ਿਮ ਉਮਰਾਓ ਸਿੰਘ ਪੁਲਿਸ ਦਾ ਵਾਅਦਾ-ਮੁਆਫ਼ ਗਵਾਹ ਬਣ ਗਿਆ। ਇਸਤਗਾਸਾ ਪੱਖ ਦੇ ਗਵਾਹਾਂ ਵਿੱਚੋਂ 8 ਜੋ ਗ਼ਦਰ ਪਾਰਟੀ ਦੇ ਸਰਗਰਮ ਮੈਂਬਰ ਰਹੇ ਸਨ, ਇਹ ਸਨ: 1. ਨਵਾਬ ਖ਼ਾਨ (ਹਵਾਲਦਾਰ); 2. ਮੂਲਾ ਸਿੰਘ; 3. ਅਮਰ ਸਿੰਘ; 4. ਸੁੱਚਾ ਸਿੰਘ ਵਿਦਿਆਰਥੀ; 5. ਜਵਾਲਾ ਸਿੰਘ; 6. ਊਧਮ ਸਿੰਘ; 7. ਨਰਾਇਣ ਸਿੰਘ; 8. ਉਮਰਾਓ ਸਿੰਘ।

ਮੁਕੱਦਮੇ ਵਿਚ ਮੌਜੂਦ 61 ਮੁਲਜ਼ਿਮਾਂ ਵਿੱਚੋਂ ਆਨੰਦ ਕਿਸ਼ੋਰ ਮਹਿਤਾ (ਨੰਬਰ 1) ਅਤੇ ਹਰਨਾਮ ਸਿੰਘ (ਨੰਬਰ 22-ਪਿਸ਼ਾਵਰ) ਬਰੀ ਕਰ ਦਿੱਤੇ ਗਏ। ਚਾਰ ਹੋਰ ਵੀ ਬਰੀ ਕਰ ਦਿੱਤੇ ਗਏ; ਇਹ ਸਨ – ਗੁੱਜਰ ਸਿੰਘ (ਨੰਬਰ 19), ਡਾ. ਹਰਦਿੱਤ ਸਿੰਘ (ਨੰਬਰ 70), ਕੇਦਾਰਨਾਥ

(ਨੰਬਰ 48 – ਸ਼ੱਕ ਦਾ ਲਾਭ ਦਿੱਤਾ ਗਿਆ) ਅਤੇ ਨੌਰੰਗ ਸਿੰਘ (ਨੰਬਰ 55 – ਸ਼ੱਕ ਦਾ ਲਾਭ ਦਿੱਤਾ ਗਿਆ)। 24 ਨੂੰ ਫਾਂਸੀ ਦੇ ਕੇ ਸਜ਼ਾ–ਏ–ਮੌਤ ਦਿੱਤੀ ਗਈ, 17 ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਅਤੇ ਇਕ ਕਿਸ਼ਨਦਾਸ (ਨੰਬਰ 4) ਨੂੰ ਅਦਾਲਤ ਦੇ ਚਲਦੇ ਰਹਿਣ ਤਕ ਦੀ ਸਜ਼ਾ ਦਿੱਤੀ ਗਈ।

24 ਵਿੱਚੋਂ 17, ਜਿਨ੍ਹਾਂ ਨੂੰ ਸਜ਼ਾ–ਏ–ਮੌਤ ਦਿੱਤੀ ਗਈ ਸੀ ਉਹ ਸਨ ਜਿਨ੍ਹਾਂ ਨੂੰ ਓਦੋਂ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਜਦੋਂ ਉਨ੍ਹਾਂ ਨੇ ਹਿੰਦੁਸਤਾਨ ਦੀ ਧਰਤੀ 'ਤੇ ਕਦਮ ਰੱਖੇ ਹੀ ਸਨ, ਭਾਵ ਜਿਨ੍ਹਾਂ ਨੇ ਕਿਸੇ ਸਰਗਰਮੀ ਜਾਂ ਯੋਜਨਾ ਵਿਚ ਹਿੱਸਾ ਨਹੀਂ ਲਿਆ ਸੀ; ਉਹ ਮਹਿਜ਼ ਪਾਰਟੀ ਦੇ ਮੈਂਬਰ ਜਾਂ ਆਗੂ ਸਨ ਜਿਸ ਨੇ ਇਨਕਲਾਬ ਦੀ ਅਗਵਾਈ ਕੀਤੀ ਸੀ। ਲਾਲਾ ਰਘੂਨਾਥ ਸਹਾਏ ਵਗੈਰਾ ਮੁਲਕ ਦੇ ਚੋਟੀ ਦੇ ਵਕੀਲਾਂ ਪੰਡਤ ਮੋਤੀਲਾਲ ਨਹਿਰੂ ਵਰਗਿਆਂ ਨੂੰ ਮਿਲੇ। ਇਹ ਵਕੀਲ ਵਾਇਸਰਾਏ ਦੀ ਕੌਂਸਲ ਦੇ ਮੈਂਬਰਾਂ – ਮਦਨ ਮੋਹਣ ਮਾਲਵੀਆ, ਇਮਾਮ ਅਲੀ ਵਗੈਰਾ –ਨੂੰ ਵੀ ਮਿਲੇ। ਲਾਰਡ ਹਾਰਡਿੰਗ, ਜੋ 1912 'ਚ ਇਕ ਬੰਬ ਹਮਲੇ ਦਾ ਨਿਸ਼ਾਨਾ ਬਣਿਆ ਸੀ, ਵੀ ਹਾਲਾਤ ਤੋਂ ਵਾਕਫ਼ ਸੀ ਅਤੇ ਉਸਨੇ ਵੀ ਪੰਜਾਬ ਦੇ ਗਵਰਨਰ ਮਾਈਕਲ ਓਡਵਾਇਰ ਨੂੰ ਸਜ਼ਾਵਾਂ ਘਟਾਉਣ ਦੀ ਸਲਾਹ ਦਿੱਤੀ, ਪਰ ਓਡਵਾਇਰ, ਜਿਸਨੇ ਚਾਰ ਸਾਲ ਬਾਅਦ 1919 'ਚ ਜਨਰਲ ਡਾਇਰ ਨੂੰ ਜੱਲਿਆਂਵਾਲਾ ਬਾਗ਼ ਵਿਚ ਹਿੰਦੁਸਤਾਨੀਆਂ ਦਾ ਕਤਲੇਆਮ ਕਰਨ ਲਈ ਉਕਸਾਇਆ ਅਤੇ ਜਿਸ ਨੂੰ ਬਾਅਦ ਵਿਚ ਊਧਮ ਸਿੰਘ ਨੇ ਦਰਜਨਾਂ ਇਨਕਲਾਬੀਆਂ ਦਾ ਬਦਲਾ ਲੈਣ ਲਈ ਗੋਲੀ ਮਾਰਕੇ ਮਾਰ ਦਿੱਤਾ, ਹਿੰਦੁਸਤਾਨੀਆਂ ਦਾ ਕਤਲੇਆਮ ਕਰਨ 'ਤੇ ਤੁਲਿਆ ਹੋਇਆ ਸੀ।

ਮਹਿਜ਼ 'ਗ਼ਦਰ' ਅਤੇ 'ਗ਼ਦਰ ਹਿੰਦੁਸਤਾਨ' ਵਰਗੇ ਅਖ਼ਬਾਰਾਂ ਦੇ ਲੇਖ ਹੀ ਅਦਾਲਤ ਵਿਚ ਸਬੂਤ ਵਜੋਂ ਪੇਸ਼ ਨਹੀਂ ਕੀਤੇ ਗਏ ਸਗੋਂ *ਗ਼ਦਰ ਦੀ ਗੂੰਜ* ਵਿੱਚੋਂ ਕਵਿਤਾਵਾਂ ਨੂੰ ਵੀ ਸੁਲਤਾਨ ਖ਼ਿਲਾਫ਼ ਜੰਗ ਦਾ ਸਬੂਤ ਕਰਾਰ ਦਿੱਤਾ ਗਿਆ। ਇਸਤਗਾਸਾ ਪੱਖ ਦੇ ਗਵਾਹਾਂ ਦੇ ਬਿਆਨਾਂ ਦੇ ਅਧਾਰ 'ਤੇ ਸਰਕਾਰੀ ਵਕੀਲ ਵਲੋਂ ਜੋ ਗਵਾਹੀਆਂ ਅਤੇ ਇਨਕਲਾਬ ਦੀ ਸਾਜ਼ਿਸ਼ ਨਾਲ ਸਬੰਧਤ ਸਮੱਗਰੀ ਪੇਸ਼ ਕੀਤੀ ਗਈ, ਉਹ 1907 'ਚ ਪੰਜਾਬ ਦੇ ਕਿਸਾਨਾਂ 'ਚ ਫੈਲੇ ਅਸੰਤੋਸ਼ ਅਤੇ ਨਾਲ ਹੀ ਅਮਰੀਕਾ ਤੇ ਕੈਨੇਡਾ ਵਿਚ ਮੁਲਕ ਦੀ ਆਜ਼ਾਦੀ ਲਈ ਜੂਝਣ ਦੀਆਂ ਹਿੰਦੁਸਤਾਨੀਆਂ ਦੀਆਂ ਸਰਗਰਮੀਆਂ ਦਾ ਜ਼ਿਕਰ ਕਰਦੀ ਹੈ। ਗਵਾਹਾਂ ਦੇ ਬਿਆਨ ਅਤੇ ਇਸੇ ਤਰ੍ਹਾਂ ਖ਼ੁਦ ਕਰਤਾਰ ਸਿੰਘ ਸਰਾਭਾ ਵਲੋਂ ਦਿੱਤੇ ਵੇਰਵੇ, 'ਗ਼ਦਰ' ਅਖ਼ਬਾਰ ਚਲਾਉਣ ਅਤੇ ਹਿੰਦੁਸਤਾਨ ਵਿਚ ਹੋਰ ਸਰਗਰਮੀਆਂ ਵਿਚ ਉਸਨੂੰ ਸਭ ਤੋਂ ਵੱਧ ਸਰਗਰਮ ਰਹਿਣ ਵਾਲਾ ਗ਼ਦਰੀ ਦਰਸਾਉਂਦੇ ਹਨ।

ਅਦਾਲਤ ਦਾ ਹੁਕਮ ਕਿਰਪਾਲ ਸਿੰਘ ਅਤੇ ਜ਼ੈਲਦਾਰ ਬੇਲਾ ਸਿੰਘ ਵਰਗੇ ਗ਼ਦਾਰਾਂ ਸਮੇਤ ਸਰਕਾਰੀ ਅਫ਼ਸਰਾਂ ਦੀ ਤਾਰੀਫ਼ ਕਰਦਾ ਹੈ ਜਿਨ੍ਹਾਂ ਨੇ ਕਿਰਪਾਲ ਸਿੰਘ ਦੀ ਗ਼ਦਰ ਪਾਰਟੀ ਵਿਚ ਘੁਸਪੈਠ ਕਰਵਾਈ। ਜ਼ੈਲਦਾਰ ਗੁਲਾਬ ਕਾਦਿਰ, ਜਿਸ ਦਾ ਮੁਕੱਦਮੇ ਦੌਰਾਨ ਕਤਲ ਹੋ ਗਿਆ, ਦੇ ਨਾਲ ਨਾਲ ਸਰਦਾਰ ਬਹਾਦਰ ਇਛਰਾ ਸਿੰਘ ਅਤੇ ਚੰਨਣ ਸਿੰਘ ਦੇ ਨਾਂ

ਵੀ ਉਭਰਕੇ ਸਾਹਮਣੇ ਆਉਂਦੇ ਹਨ।

ਜਿਨ੍ਹਾਂ 24 ਗ਼ਦਰੀਆਂ ਨੂੰ ਸਜ਼ਾ-ਏ-ਮੌਤ ਦਿੱਤੀ ਗਈ ਸੀ, ਉਨ੍ਹਾਂ ਵਿੱਚੋਂ ਇਕ ਭਾਵ ਕਾਲਾ ਸਿੰਘ (ਨੰਬਰ 38) ਦੀ ਸਜ਼ਾ-ਏ-ਮੌਤ ਘਟਾਕੇ ਉਮਰ ਕੈਦ ਕਰ ਦਿੱਤੀ ਗਈ ਸੀ। ਪਹਿਲੇ ਲਾਹੌਰ ਸਾਜ਼ਿਸ਼ ਮੁਕੱਦਮੇ ਵਿਚ ਜਿਨ੍ਹਾਂ ਨੂੰ ਮੁਲਜ਼ਿਮ ਰੱਖਿਆ ਗਿਆ ਉਹ ਸਨ, ਬਾਬਾ ਸੋਹਣ ਸਿੰਘ ਭਕਨਾ, ਰਾਸ ਬਿਹਾਰੀ ਬੋਸ, ਭਾਈ ਪਰਮਾਨੰਦ, ਪੰਡਿਤ ਪਰਮਾਨੰਦ ਝਾਂਸੀ, ਪ੍ਰਿਥਵੀ ਸਿੰਘ, ਨਿਧਾਨ ਸਿੰਘ ਚੁੱਘਾ, ਕੇਸਰ ਸਿੰਘ, ਜਵਾਲਾ ਸਿੰਘ, ਹਿਰਦੇ ਰਾਮ, ਹਰਨਾਮ ਸਿੰਘ ਟੁੰਡੀਲਾਟ, ਬਾਬਾ ਗੁਰਮੁੱਖ ਸਿੰਘ ਲਲਤੋਂ, ਰਾਮ ਸਰਨ ਦਾਸ, ਬਲਵੰਤ ਸਿੰਘ, ਵਿਸ਼ਣੂ ਗਣੇਸ਼ ਪਿੰਗਲੇ ਅਤੇ ਕਰਤਾਰ ਸਿੰਘ ਸਰਾਭਾ। ਜਿਨ੍ਹਾਂ ਨੂੰ ਸ਼ੁਰੂ ਵਿਚ ਹੀ ਸਜ਼ਾ-ਏ-ਮੌਤ ਦਿੱਤੀ ਗਈ ਉਹ ਸਨ ਮੁਲਜ਼ਿਮ ਨੰਬਰ 5-ਬਲਵੰਤ ਸਿੰਘ, ਨੰਬਰ 7-ਬਖਸ਼ੀਸ਼ ਸਿੰਘ, ਨੰਬਰ 21-ਹਰਨਾਮ ਸਿੰਘ ਟੁੰਡੀਲਾਟ, ਨੰਬਰ 24-ਹਰਨਾਮ ਸਿੰਘ, ਨੰਬਰ 27-ਹਿਰਦੇ ਰਾਮ, ਨੰਬਰ 31-ਜਗਤ ਰਾਮ, ਨੰਬਰ 32-ਜਗਤ ਸਿੰਘ, ਨੰਬਰ 38 ਕਾਲਾ ਸਿੰਘ, ਨੰਬਰ 39-ਕਰਤਾਰ ਸਿੰਘ ਸਰਾਭਾ, ਨੰਬਰ 43-ਕੇਸਰ ਸਿੰਘ, ਨੰਬਰ 45-ਖੁਸ਼ਹਾਲ ਸਿੰਘ, ਨੰਬਰ 53-ਨੰਦ ਸਿੰਘ, ਨੰਬਰ 54-ਨਿਧਾਨ ਸਿੰਘ ਚੁੱਘਾ, ਨੰਬਰ 56-ਭਾਈ ਪਰਮਾਨੰਦ, ਨੰਬਰ 57-ਪਰਮਾਨੰਦ ਝਾਂਸੀ, ਨੰਬਰ 58-ਪ੍ਰਿਥਵੀ ਸਿੰਘ, ਨੰਬਰ 59-ਵਿਸ਼ਣੂ ਗਣੇਸ਼ ਪਿੰਗਲੇ, ਨੰਬਰ 64-ਰਾਮ ਸਰਨ ਦਾਸ, ਨੰਬਰ 68-ਰੁਲੀਆ ਸਿੰਘ (ਸਰਾਭਾ), ਨੰਬਰ 69-ਸਾਵਣ ਸਿੰਘ, ਨੰਬਰ 74-ਸੋਹਣ ਸਿੰਘ ਭਕਨਾ, ਨੰਬਰ 75-ਸੁਰੈਣ ਸਿੰਘ 1, ਨੰਬਰ 76-ਸੁਰੈਣ ਸਿੰਘ 2, ਅਤੇ ਨੰਬਰ 81-ਵਸਾਖਾ ਸਿੰਘ।

ਦਿਲਚਸਪ ਚੀਜ਼ ਇਹ ਹੈ ਕਿ ਲੈਫਟੀਨੈਂਟ ਗਵਰਨਰ ਨੇ ਖ਼ੁਦ ਇਕ ਮੁਲਜ਼ਿਮ ਕਾਲਾ ਸਿੰਘ ਦੀ ਸਜ਼ਾ ਘਟਾ ਦਿੱਤੀ; ਅਤੇ ਬਾਕੀ 23 ਦੇ ਲਈ ਰਹਿਮ ਦੀਆਂ ਸਿਰਫ਼ 17 ਦਰਖ਼ਾਸਤਾਂ ਦਿੱਤੀਆਂ ਗਈਆਂ। ਇਨ੍ਹਾਂ ਵਿੱਚੋਂ ਵੀ, ਤਿੰਨ ਅਪੀਲਾਂ ਸਿੱਧੇ ਤੌਰ 'ਤੇ ਮੁਲਜ਼ਿਮਾਂ ਵਲੋਂ ਨਹੀਂ ਸਗੋਂ ਅਸਿੱਧੇ ਤੌਰ 'ਤੇ ਜਗਤ ਸਿੰਘ, ਨੰਦ ਸਿੰਘ ਅਤੇ ਪਿੰਗਲੇ ਦੇ ਸਕੇ-ਸਬੰਧੀਆਂ ਵਲੋਂ ਦਾਇਰ ਕੀਤੀਆਂ ਗਈਆਂ ਸਨ। ਕਰਤਾਰ ਸਿੰਘ ਸਰਾਭਾ, ਬਾਬਾ ਸੋਹਣ ਸਿੰਘ ਭਕਨਾ, ਹਰਨਾਮ ਸਿੰਘ, ਹਿਰਦੇ ਰਾਮ, ਕੇਸਰ ਸਿੰਘ ਠਠਗੜ੍ਹ, ਪ੍ਰਿਥਵੀ ਸਿੰਘ ਨੇ ਨਾ ਕੋਈ ਅਪੀਲ ਦਾਇਰ ਕੀਤੀ ਅਤੇ ਨਾ ਉਨ੍ਹਾਂ ਦੇ ਸਕੇ-ਸਬੰਧੀਆਂ ਨੇ ਕੀਤੀ।

ਗਵਰਨਰ ਜਨਰਲ ਲਾਰਡ ਹਾਰਡਿੰਗ ਨੇ ਅਪੀਲਾਂ ਸਮੇਤ 23 ਮਾਮਲੇ ਵਾਇਸਰਾਏ ਕੌਂਸਲ ਦੇ ਕਾਨੂੰਨੀ ਨੁਮਾਇੰਦੇ ਸਰ ਅਲੀ ਇਮਾਮ ਨੂੰ ਉਸਦੀ ਰਾਇ ਲੈਣ ਲਈ ਭੇਜ ਦਿੱਤੇ। ਵਿਸ਼ਣੂ ਗਣੇਸ਼ ਪਿੰਗਲੇ ਦੀ ਮਾਤਾ ਅਤੇ ਭਰਾ ਵਲੋਂ ਅਪੀਲਾਂ ਵੀ ਦਰਖ਼ਾਸਤਾਂ ਵਿਚ ਸ਼ਾਮਲ ਸਨ। ਹਰ ਮਾਮਲੇ ਬਾਰੇ ਵਿਸਤਾਰਤ ਵਿਚਾਰ-ਚਰਚਾ ਤੋਂ ਬਾਅਦ, ਸਰ ਅਲੀ ਇਮਾਮ ਨੇ ਸਿਰਫ਼ 6 ਗ਼ਦਰੀਆਂ ਲਈ ਸਜ਼ਾ-ਏ-ਮੌਤ ਦੀ ਸਿਫ਼ਾਰਸ਼ ਕੀਤੀ, ਅਤੇ ਬਾਕੀ 16 ਦੀ ਸਜ਼ਾ ਘਟਾਕੇ ਉਮਰ ਕੈਦ ਦੀ ਸਜ਼ਾ ਦੀ ਸਿਫ਼ਾਰਸ਼ ਕੀਤੀ, ਉਨ੍ਹਾਂ ਵਿਚ ਕਰਤਾਰ ਸਿੰਘ ਸਰਾਭਾ ਵੀ ਸੀ।

ਸਰ ਅਲੀ ਇਮਾਮ ਦੀ ਰਾਇ ਉਪਰ ਆਪਣੀ ਵਿਸਤਾਰਤ ਟਿੱਪਣੀ ਵਿਚ, ਗਵਰਨਰ ਜਨਰਲ ਨੇ ਵੀ ਦਰਸਾਇਆ ਕਿ ਇਨ੍ਹਾਂ ਮਾਮਲਿਆਂ ਵਿਚ ਇਕ ਬਹੁਤ ਹੀ ਗੰਭੀਰ ਤੱਥ ਇਹ ਸੀ ਕਿ ਦੋਸ਼ੀ ਕਰਾਰ ਦਿੱਤੇ ਵਿਅਕਤੀਆਂ ਨੂੰ ਅਦਾਲਤ ਦੇ ਫ਼ੈਸਲੇ ਦੇ ਖ਼ਿਲਾਫ਼ ਕਿਸੇ ਉਚੇਰੀ ਅਦਾਲਤ ਵਿਚ ਅਪੀਲ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ ਸੀ। ਇਨ੍ਹਾਂ ਦਰਖ਼ਾਸਤਾਂ ਬਾਰੇ ਆਖ਼ਰੀ ਫ਼ੈਸਲਾ ਗਵਰਨਰ ਜਨਰਲ ਦੀ ਕੌਂਸਲ ਦਾ ਹੋਵੇਗਾ। ਲਾਰਡ ਹਾਰਡਿੰਗ ਨੇ ਸਰ ਅਲੀ ਇਮਾਮ ਦੀਆਂ ਹੋਰ ਰਾਵਾਂ ਤਾਂ ਮੰਨ ਲਈਆਂ, ਪਰ ਕਰਤਾਰ ਸਿੰਘ ਸਰਾਭਾ ਦੇ ਮਾਮਲੇ 'ਚ ਸਜ਼ਾ-ਏ-ਮੌਤ ਨੂੰ ਉਮਰ ਕੈਦ ਵਿਚ ਬਦਲਣ ਲਈ ਸਹਿਮਤ ਨਹੀਂ ਹੋਇਆ, ਇੱਥੋਂ ਤਕ ਕਿ ਉਸਦੀ ਚੜ੍ਹਦੀ ਜਵਾਨੀ ਨੂੰ ਮੁੱਖ ਰੱਖਕੇ ਵੀ ਨਹੀਂ। ਉਸਨੇ ਇਹ ਮਾਮਲਾ ਹੋਰ ਵਿਚਾਰਨ ਲਈ ਕੌਂਸਲ ਕੋਲ ਭੇਜ ਦਿੱਤਾ। ਕੌਂਸਲ ਦੇ ਅੰਗਰੇਜ਼ ਮੈਂਬਰਾਂ – ਡਬਲਯੂ.ਐੱਚ.ਕਲਾਰਕ (ਮਿਤੀ 3.11.15), ਡਬਲਯੂ.ਐੱਸ.ਮੇਅਰ (4.11.15), ਸੀ.ਐੱਚ.ਏ. ਹਿਲ (6.11.15) ਨੇ ਸਿਫ਼ਾਰਸ਼ ਕੀਤੀ ਕਿ ਸਰਾਭਾ ਦੀ ਸਜ਼ਾ-ਏ-ਮੌਤ ਬਦਲੀ ਨਾ ਜਾਵੇ। ਪਰ ਕੌਂਸਲ ਦਾ ਹਿੰਦੁਸਤਾਨੀ ਮੈਂਬਰ – ਸਰ ਸ਼ੰਕਰਨ ਨਾਇਰ ਸਰਾਭਾ ਦੀ ਚੜ੍ਹਦੀ ਜਵਾਨੀ ਨੂੰ ਮੱਦੇਨਜ਼ਰ ਰੱਖਦਿਆਂ ਉਸਦੀ ਸਜ਼ਾ ਘਟਾਉਣ ਦੇ ਸਰ ਅਲੀ ਇਮਾਮ ਦੇ ਸੁਝਾਅ ਨਾਲ ਸਹਿਮਤ ਸੀ।

ਇਕ ਹੋਰ ਅੰਗਰੇਜ਼ ਮੈਂਬਰ, ਐੱਚ.ਆਰ.ਕਰੈਡਕ, ਸੀ ਜਿਸਨੇ ਸਾਰੇ 23 ਗ਼ਦਰੀਆਂ ਨੂੰ ਸਜ਼ਾ-ਏ-ਮੌਤ ਦੇਣ ਬਾਰੇ ਪਹਿਲੀ ਟਿੱਪਣੀ ਤਿਆਰ ਕੀਤੀ ਸੀ, ਅਤੇ ਸਿਫ਼ਾਰਸ਼ ਕੀਤੀ ਸੀ ਕਿ 23 ਵਿੱਚੋਂ ਕਿਸੇ ਦੀ ਵੀ ਸਜ਼ਾ ਘਟਾਈ ਨਾ ਜਾਵੇ। 50 ਸਾਲਾ ਸੋਹਣ ਸਿੰਘ ਭਕਨਾ ਬਾਰੇ ਉਸਦੀ ਟਿੱਪਣੀ ਸੀ ਕਿ ਇਸ ਬਹੁਤ ਹੀ ਅਹਿਮ ਆਗੂ ਨੇ ਤਾਂ ਰਹਿਮ ਦੀ ਦਰਖ਼ਾਸਤ ਵੀ ਨਹੀਂ ਸੀ ਕੀਤੀ ਅਤੇ ਕਿ ਇਹ ਲੋਕ 'ਮਰਕੇ ਸ਼ਹਾਦਤ ਹਾਸਲ ਕਰਨਾ ਚਾਹੁੰਦੇ ਸਨ'। ਕਰਤਾਰ ਸਿੰਘ ਸਰਾਭਾ ਬਾਰੇ ਉਹ ਮਹਿਸੂਸ ਕਰਦਾ ਸੀ ਕਿ ਭਾਵੇਂ ਉਹ ਚੜ੍ਹਦੀ ਜਵਾਨੀ ਵਿਚ ਸੀ, ਉਹ ਬਾਕੀ ਸਾਜ਼ਿਸ਼ੀਆਂ ਨਾਲੋਂ ਵਧੇਰੇ ਅਹਿਮ ਸੀ।

ਪ੍ਰਿਥਵੀ ਸਿੰਘ (ਬਾਬਾ ਪ੍ਰਿਥਵੀ ਸਿੰਘ ਆਜ਼ਾਦ) ਬਾਰੇ ਕਰੈਡਕ ਮਹਿਸੂਸ ਕਰਦਾ ਸੀ ਕਿ ਉਹ 'ਘੋਰ ਖ਼ਤਰਨਾਕ ਕਿਰਦਾਰ' ਸੀ, ਜਿਸਨੇ ਨਾ ਰਹਿਮ ਸਿੱਖਿਆ ਸੀ, ਨਾ ਉਹ ਰਹਿਮ ਦਾ ਹੱਕਦਾਰ ਸੀ।' ਕੇਸਰ ਸਿੰਘ ਬਾਰੇ ਵੀ ਉਸਦੀਆਂ ਭਾਵਨਾਵਾਂ ਇਸੇ ਤਰ੍ਹਾਂ ਦੀਆਂ ਸਨ। ਪਰ ਉਹੀ ਕਰੈਡਿਕ, ਜੋ ਸਾਢੇ ਅਠਾਰਾਂ ਸਾਲ ਦੇ ਕਰਤਾਰ ਸਿੰਘ ਸਰਾਭਾ ਦੀ ਜਾਨ ਬਖ਼ਸ਼ਣ ਦਾ ਬਿਲਕੁਲ ਇੱਛਕ ਨਹੀਂ ਸੀ, ਉਹੀ ਬਾਈ ਸਾਲ ਦੇ ਵਿਸ਼ਣੂ ਗਣੇਸ਼ ਪਿੰਗਲੇ ਦੀ ਜਵਾਨੀ ਨੂੰ ਮੁੱਖ ਰੱਖਕੇ ਉਸ ਪ੍ਰਤੀ ਰਹਿਮ ਦਿਖਾਉਣ ਲਈ ਪੂਰਾ ਇੱਛਕ ਸੀ। ਕਰੈਡਕ ਤਾਂ ਪੰਡਿਤ ਪਰਮਾਨੰਦ ਝਾਂਸੀ, ਲਾਲਾ ਰਾਮਸਰਨ ਦਾਸ ਅਤੇ ਭਾਈ ਪਰਮਾਨੰਦ ਦੀ ਸਜ਼ਾ ਘਟਾਉਣ ਦੇ ਵੀ ਹੱਕ 'ਚ ਨਹੀਂ ਸੀ। ਕਰਤਾਰ ਸਿੰਘ ਸਰਾਭਾ ਬਾਬਤ ਕੌਂਸਲ ਦੇ ਮੈਂਬਰਾਂ ਦੀਆਂ ਟਿੱਪਣੀਆਂ ਮਿਲਣ ਤੋਂ ਬਾਅਦ, ਉਸਨੇ 5.10.15 ਨੂੰ ਹੋਰ ਵੀ ਸਖ਼ਤ ਟਿੱਪਣੀਆਂ ਲਿਖੀਆਂ। ਅਤੇ 10.11.15 ਨੂੰ ਟਿੱਪਣੀਆਂ ਵਿਚ ਉਸਨੇ ਕਿਹਾ ਕਿ ਸਰਾਭਾ 'ਆਪਣੇ ਤੋਂ ਵੱਡੀ ਉਮਰ ਦੇ ਬੰਦਿਆਂ ਦਾ ਪ੍ਰਭਾਵ ਕਬੂਲਣ ਦੀ ਬਜਾਏ, ਖ਼ੁਦ ਗ਼ਦਰ ਪਾਰਟੀ ਦਾ ਰੂਹੇ-ਰਵਾਂ ਹੋਣ ਦਾ ਜ਼ਿੰਮੇਵਾਰ ਸੀ।' ਉਸਦਾ

ਮੁਕੱਦਮਾ ਅਦਾਲਤ ਵਿਚ ਲਿਆਂਦੇ ਜਾਣ ਤੋਂ ਪਹਿਲਾਂ ਹੀ ਉਸ ਨੂੰ ਇਸ ਨਾਟਕ ਦਾ ਸਭ ਤੋਂ ਖ਼ਤਰਨਾਕ ਕਿਰਦਾਰ ਕਰਾਰ ਦੇ ਦਿੱਤਾ ਗਿਆ ਸੀ।

11 ਨਵੰਬਰ 1915 ਨੂੰ ਲਾਰਡ ਹਾਰਡਿੰਗ ਨੇ ਕਰਤਾਰ ਸਿੰਘ ਸਰਾਭਾ ਦੀ ਸਜ਼ਾ ਘਟਾਏ ਜਾਣ ਬਾਬਤ ਸਰ ਅਲੀ ਇਮਾਮ ਅਤੇ ਸਰ ਸ਼ੰਕਰਨ ਨਾਇਰ ਦੀਆਂ ਸਿਫ਼ਾਰਸ਼ਾਂ ਖਾਰਜ ਕਰ ਦਿੱਤੀਆਂ। 14 ਨਵੰਬਰ ਨੂੰ, ਉਸਨੇ ਹੁਕਮ ਦਿੱਤਾ ਕਿ ਬਾਕੀ ਸੋਲਾਂ ਮੁਲਜ਼ਿਮਾਂ ਦੀ ਸਜ਼ਾ-ਏ-ਮੌਤ ਘਟਾਕੇ ਉਮਰ ਕੈਦ ਕਰ ਦਿੱਤੀ ਜਾਵੇ। ਦੋ ਦਿਨ ਬਾਅਦ, 16 ਨਵੰਬਰ 1915 ਨੂੰ ਕਰਤਾਰ ਸਿੰਘ ਸਰਾਭਾ ਅਤੇ ਵਿਸ਼ਣੂ ਗਣੇਸ਼ ਪਿੰਗਲੇ ਸਮੇਤ ਸੱਤ ਮੁਲਜ਼ਿਮਾਂ ਨੂੰ ਲਾਹੌਰ ਜੇਲ੍ਹ ਵਿਚ ਫਾਂਸੀ ਦੇ ਦਿੱਤੀ ਗਈ। ਵਿਡੰਬਨਾ ਦੇਖੋ ਅੰਗਰੇਜ਼ ਅਫ਼ਸਰ ਐੱਸ.ਐੱਸ. ਸਿਗਨਲ ਨੇ ਵਿਸ਼ਣੂ ਗਣੇਸ਼ ਪਿੰਗਲੇ ਦੇ ਭਰਾ ਮਹਾਦੇਵ ਗਣੇਸ਼ ਪਿੰਗਲੇ ਵੱਲੋਂ ਭੇਜੀ ਤਾਰ ਦੇ ਜਵਾਬ ਵਿਚ 29 ਨਵੰਬਰ 1915 ਨੂੰ ਟਿੱਪਣੀ ਲਿਖੀ – 'ਕੋਈ ਹੁਕਮ ਨਹੀਂ। ਕਸੂਰਵਾਰ ਨੂੰ ਫਾਂਸੀ ਦੇ ਦਿੱਤੀ ਗਈ ਹੈ।' ਇਹ ਸੰਭਵ ਹੈ ਕਿ ਪਿੰਗਲੇ ਦੇ ਪਰਿਵਾਰ ਨੂੰ 26-27 ਨਵੰਬਰ ਤਕ ਇਹ ਜਾਣਕਾਰੀ ਹੀ ਨਾ ਹੋਵੇ ਕਿ ਉਸਨੇ ਆਪਣੇ ਵਤਨ ਲਈ ਸ਼ਹਾਦਤ ਦੇ ਦਿੱਤੀ ਸੀ ਅਤੇ ਕਿ ਉਸਨੂੰ 16 ਨਵੰਬਰ ਨੂੰ ਫਾਂਸੀ ਦੇ ਦਿੱਤੀ ਗਈ ਸੀ। (ਇਥੇ ਦਿੱਤੇ ਸਾਰੇ ਤੱਥ ਲਾਹੌਰ ਸਾਜ਼ਿਸ਼ ਮੁਕੱਦਮੇ ਨਾਲ ਸਬੰਧਤ ਮਿਸਲ ਵਿੱਚੋਂ ਲਏ ਗਏ ਹਨ।) ਤਿੰਨ ਫਾਂਸੀ ਦਿੱਤੇ ਗ਼ਦਰੀ ਇੱਕੋ ਪਿੰਡ ਦੇ ਸਨ, ਭਾਵ ਗਿੱਲਵਾਲੀ, ਜ਼ਿਲ੍ਹਾ ਅੰਮ੍ਰਿਤਸਰ – ਬਖ਼ਸ਼ੀਸ਼ ਸਿੰਘ, ਸੁਰੈਣ ਸਿੰਘ-1, ਅਤੇ ਸੁਰੈਣ ਸਿੰਘ-2। ਦੋ ਹੋਰ ਇਨਕਲਾਬੀ ਸਨ ਜਿਨ੍ਹਾਂ ਨੂੰ ਫਾਂਸੀ ਦਿੱਤੀ ਗਈ ਸੀ – ਪਿੰਡ ਭੱਟੀ ਗੋਰਾਇਆ (ਸਿਆਲਕੋਟ) ਦਾ ਹਰਨਾਮ ਸਿੰਘ, ਅਤੇ ਸੁਰਸਿੰਘ (ਅੰਮ੍ਰਿਤਸਰ) ਦਾ ਜਗਤ ਸਿੰਘ।

ਹਿਰਾਸਤ ਅਤੇ ਮੁਕੱਦਮੇ ਦੌਰਾਨ, ਕਰਤਾਰ ਸਿੰਘ ਸਰਾਭਾ ਪੂਰੇ ਉਤਸ਼ਾਹ ਵਿਚ ਸੀ। ਜਦੋਂ ਉਸ ਨੂੰ ਫਾਂਸੀ ਦਿੱਤੀ ਜਾਣੀ ਸੀ ਉਸਦਾ ਵਜ਼ਨ ਦਸ ਪੌਂਡ ਵਧ ਗਿਆ ਸੀ। ਆਪਣੇ ਦਸ ਸਫ਼ਿਆਂ ਦੇ ਅਦਾਲਤੀ ਹੁਕਮ ਵਿਚ ਜੱਜਾਂ ਨੇ ਮੁਕੱਦਮੇ ਦੌਰਾਨ ਸਰਾਭਾ ਵਲੋਂ ਦਿੱਤੇ ਦੋ ਬਿਆਨਾਂ ਦਾ ਜ਼ਿਕਰ ਕੀਤਾ ਹੈ। ਕੁਝ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਕਰਤਾਰ ਸਿੰਘ ਸਰਾਭਾ ਦੇ ਪਹਿਲੇ ਬਿਆਨ ਦੀ ਸਪਸ਼ਟਤਾ ਨੇ ਜੱਜਾਂ ਨੂੰ ਐਨਾ ਡੂੰਘੇ ਰੂਪ 'ਚ ਪ੍ਰਭਾਵਿਤ ਕੀਤਾ ਕਿ ਉਸ ਦੀ ਅੱਲੜ੍ਹ ਵਰੇਸ ਨੂੰ ਮੱਦੇਨਜ਼ਰ ਰੱਖਦਿਆਂ ਉਨ੍ਹਾਂ ਨੇ ਉਸਨੂੰ ਆਪਣੇ ਸਟੈਂਡ ਨੂੰ ਥੋੜ੍ਹਾ ਨਰਮ ਕਰਨ ਲਈ ਮੌਕਾ ਦਿੱਤਾ। ਪਰ ਸਰਾਭਾ ਨੇ ਆਪਣੇ ਦੂਜੇ ਬਿਆਨ ਵਿਚ ਆਪਣਾ ਪਹਿਲਾ ਸਟੈਂਡ ਹੋਰ ਵੀ ਸਪਸ਼ਟਤਾ ਨਾਲ ਦੁਹਰਾਇਆ। ਆਪਣੀ ਗ਼ਦਰੀ ਸਰਗਰਮੀਆਂ ਦੀ ਜ਼ਿੰਮੇਵਾਰੀ ਓਟਣ ਤੋਂ ਮੁੱਕਰਨ ਦੀ ਥਾਂ, ਕਰਤਾਰ ਸਿੰਘ ਸਰਾਭਾ ਨੇ ਉਨ੍ਹਾਂ ਨੂੰ ਕਬੂਲ ਕਰਨਾ ਆਪਣੀ ਜ਼ਿੰਮੇਵਾਰੀ ਸਮਝੀ। ਇੱਥੋਂ ਤਕ ਕਿ ਜਦੋਂ ਉਸਦੇ ਪਿੰਡੋਂ ਪੁਲਿਸ ਮੁਖ਼ਬਰ ਸ਼ਨਾਖ਼ਤੀ ਪਰੇਡ ਵਿਚ ਉਸਦੀ ਸ਼ਨਾਖ਼ਤ ਨਾ ਕਰ ਸਕਿਆ ਤਾਂ ਕਰਤਾਰ ਸਿੰਘ ਸਰਾਭਾ ਨੇ ਉਸ ਨੂੰ ਫੜ ਲਿਆ ਅਤੇ ਕਿਹਾ, 'ਮੈਂ ਕਰਤਾਰ ਸਿੰਘ ਹਾਂ। ਦੇਖੀਂ ਕਿਸੇ ਬੇਕਸੂਰ ਆਤਮਾ ਨੂੰ ਨਾ ਫਸਾ ਦੇਵੀਂ।' ਮੁਕੱਦਮੇ ਦੌਰਾਨ, ਪੂਰਾ ਵਕਤ ਕਰਤਾਰ ਸਿੰਘ ਹਸੂੰ-ਹਸੂੰ ਕਰਦਾ ਰਿਹਾ, ਅਤੇ ਇੱਥੋਂ ਤਕ ਕਿ ਜੱਜਾਂ ਨਾਲ ਹਾਜ਼ਰ-ਜਵਾਬੀ ਵੀ ਕਰਦਾ ਰਿਹਾ। ਭਾਈ ਸ਼ੇਰ ਸਿੰਘ ਨੇ ਅਦਾਲਤੀ ਕਾਰਵਾਈ ਦੌਰਾਨ ਦੀ ਇਹ

ਘਟਨਾ ਬਿਆਨ ਕੀਤੀ ਹੈ। ਜੱਜ ਨੇ ਸਰਾਭਾ ਨੂੰ ਪੁੱਛਿਆ:

'ਕੀ ਤੇਰਾ ਇਰਾਦਾ ਅੰਗਰੇਜ਼ ਹਕੂਮਤ ਨੂੰ ਉਲਟਾਉਣ ਦਾ ਸੀ?'

'ਹਾਂ, ਮੈਂ ਜੋ ਵੀ ਕੀਤਾ ਆਪਣੇ ਵਤਨ ਦੀ ਆਜ਼ਾਦੀ ਲਈ ਅਤੇ ਅੰਗਰੇਜ਼ ਨੂੰ ਮੁਲਕ 'ਚੋਂ ਬਾਹਰ ਕੱਢਣ ਲਈ ਕੀਤਾ।'

ਜੱਜ ਨੇ ਮੁੜ ਪੁੱਛਿਆ:

'ਤੈਨੂੰ ਪਤਾ ਹੈ ਇਨ੍ਹਾਂ ਬਿਆਨਾਂ ਦੇ ਨਤੀਜੇ ਕੀ ਹੋਣਗੇ?'

'ਹਾਂ, ਮੈਨੂੰ ਪਤਾ ਹੈ!....ਕੀ ਤੁਸੀਂ ਇਹ ਸੋਚਦੇ ਹੋ ਕਿ ਮੈਨੂੰ ਪਤਾ ਨਹੀਂ ਤੁਸੀਂ ਮੇਰੇ ਨਾਲ ਕੀ ਸਲੂਕ ਕਰੋਗੇ?' ਮੈਂ ਤਿਆਰ ਹਾਂ: ਜੇ ਅਸੀਂ ਕਾਮਯਾਬ ਹੋ ਜਾਂਦੇ, ਅਸੀਂ ਤੁਹਾਨੂੰ ਸਬਕ ਸਿਖਾਉਣਾ ਸੀ। ਹੁਣ ਤੁਸੀਂ ਜੋ ਮਰਜ਼ੀ ਹੈ ਕਰੋ; ਮੈਨੂੰ ਪਤਾ ਹੈ ਇਹ ਕੀ ਹੋਵੇਗਾ।'

ਉਸਦੇ ਦਾਦਾ ਅਤੇ ਪਰਿਵਾਰ ਦੇ ਹੋਰ ਮੈਂਬਰ ਸਜ਼ਾ ਸੁਣਾਏ ਜਾਣ ਤੋਂ ਬਾਅਦ ਉਸ ਨਾਲ ਮੁਲਾਕਾਤ ਕਰਨ ਆਏ ਅਤੇ ਦੁੱਖ ਜ਼ਾਹਰ ਕੀਤਾ ਕਿ ਇਸ ਤਰ੍ਹਾਂ ਦੀ ਅੱਲੜ੍ਹ ਉਮਰ ਵਿਚ ਉਸ ਦੀ ਜ਼ਿੰਦਗੀ ਮੁੱਕ ਜਾਵੇਗੀ। ਸਰਾਭਾ ਨੇ ਆਪਣੇ ਦਾਦਾ ਨੂੰ ਪੁੱਛਿਆ:

'ਬਾਬਾ ਜੀ ਫਲਾਣਾ ਸਿੰਘ ਦਾ ਪਿੰਡ ਕੀ ਹਾਲ ਹੈ?'

ਬਾਬਾ–'ਉਹ ਤਾਂ ਪਲੇਗ ਨਾਲ ਕਦੋ ਦਾ ਹੀ ਮਰ ਗਿਆ ਹੈ।'

ਕਰਤਾਰ ਸਿੰਘ–'ਹੱਛਾ, ਫਲਾਣਾ ਸਿੰਘ ਦੀ ਬਾਬਤ ਕੁਛ ਦਸੋ।'

ਬਾਬਾ–'ਉਹ ਵੀ ਐਤਕਾਂ ਤਾਊਨ ਨਾਲ ਮਰ ਗਿਆ ਸੀ।'

ਕਰਤਾਰ ਸਿੰਘ ਬਣ-ਠਣ ਕੇ ਬਾਬੇ ਹੋਰਾਂ ਨੂੰ ਆਖਣ ਲੱਗਾ ਕਿ 'ਬਾਬਾ ਜੀ, ਜੇ ਮੈਨੂੰ ਵੀ ਉਹਨਾਂ ਵਾਂਗ ਤਾਊਨ ਜਾਂ ਪਲੇਗ ਹੀ ਲੈ ਜਾਂਦੀ ਤਾਂ ਮੈਂ ਕੇਹੜੀ ਗਿਣਤੀ ਵਿਚ ਹੁੰਦਾ? ਹੁਣ ਤਾਂ ਮੈਂ ਦੇਸ਼ ਤੇ ਕੌਮ ਲਈ ਕੁਛ ਕਰਕੇ ਫਾਹੇ ਟੰਗਿਆ ਜਾਣ ਲੱਗਾ ਹਾਂ ਤੇ ਸਾਰੇ ਸੰਸਾਰ ਤੇ ਆਪ ਦਾ, ਸਾਡੇ ਖਾਨਦਾਨ ਦਾ ਜੱਸ ਹੋਵੇਗਾ, ਕਿ ਕਰਤਾਰ ਸਿੰਘ ਸ਼ੇਰ ਦਿਲ ਸੀ ਤੇ ਕੁਛ ਕਰਕੇ ਗਿਆ ਹੈ। ਪਰ ਜੇ ਓਦਾਂ ਮਰ ਜਾਂਦਾ ਤਾਂ ਉਹ ਅਜਾਈਂ ਮੌਤ ਸੀ। ਹੁਣ ਤਾਂ ਮੇਰੀ ਦੇਹ ਸਫ਼ਲ ਹੋ ਗਈ ਹੈ ਅਤੇ ਤੁਹਾਨੂੰ ਇਸ ਗੱਲ ਦਾ ਫ਼ਖ਼ਰ ਹੋਣਾ ਚਾਹੀਦਾ ਹੈ, ਕਿ ਦੇਸ਼ ਲਈ ਕੁਰਬਾਨੀ ਦਾ ਗੁਣਾ ਤੁਹਾਡੇ ਖਾਨਦਾਨ ਦੇ ਨਾਮ ਪਿਆ ਹੈ। ਇਸ ਲਈ ਅਫ਼ਸੋਸ ਕਰਨ ਦਾ ਸਮਾਂ ਨਹੀਂ ਸਗੋਂ ਤੁਹਾਡੇ ਲਈ ਖੁਸ਼ੀ ਤੇ ਫਖ਼ਰ ਕਰਨ ਦਾ ਸਮਾਂ ਹੈ।' ਬਾਬਾ ਜੀ ਨਿਰੁਤਰ ਹੋ ਗਏ ਤੇ ਅਥਰੂ ਪੂੰਝਦੇ ਪੂੰਝਦੇ ਬਾਹਰ ਨਿਕਲ ਗਏ।

ਬਾਬਾ ਸੋਹਣ ਸਿੰਘ ਭਕਨਾ ਨੇ ਇਕ ਹੋਰ ਘਟਨਾ ਦਾ ਜ਼ਿਕਰ ਕੀਤਾ ਹੈ। ਸਰਾਭਾ ਨੇ ਜੇਲ੍ਹ ਦੀ ਕੰਧ ਉੱਤੇ ਕੋਲੇ ਨਾਲ ਮੋਟੇ ਅੱਖਰਾਂ ਵਿਚ ਲਿਖਿਆ ਸੀ, "ਸ਼ਹੀਦੋਂ ਕਾ ਖ਼ੂਨ ਕਭੀ ਖ਼ਾਲੀ ਨਹੀਂ ਜਾਤਾ।" ਬਾਬਾ ਭਕਨਾ ਨੇ ਕਿਹਾ, "ਕਰਤਾਰ! ਏਥੇ ਤਾਂ ਹੱਡੀਆਂ ਵੀ ਜੇਲ੍ਹ ਦੇ ਵਿਚ ਹੀ ਸਾੜ ਦਿੱਤੀਆਂ ਜਾਂਦੀਆਂ ਹਨ ਤਾਂ ਕਿ ਕਿਸੇ ਨੂੰ ਬਾਹਰ ਪਤਾ ਨਾ ਲੱਗੇ। ਤੂੰ ਲਿਖਿਆ ਹੈ ਕਿ "ਸ਼ਹੀਦੋਂ ਕਾ ਖ਼ੂਨ ਕਭੀ ਖ਼ਾਲੀ ਨਹੀਂ ਜਾਤਾ।" ਕਰਤਾਰ ਨੇ ਹੱਸ ਕੇ ਜੁਆਬ ਦਿੱਤਾ, "ਹਾਂ ਜੀ, ਠੀਕ ਹੀ ਤਾਂ ਲਿਖਿਆ ਹੈ।"

ਇਸੇ ਤਰ੍ਹਾਂ, ਜਦੋਂ ਸਰਾਭਾ ਨੂੰ ਫਾਂਸੀ ਦੇਣ ਲਈ ਲਿਜਾਇਆ ਜਾ ਰਿਹਾ ਸੀ, ਉਸਨੇ ਸੁਪਰਡੈਂਟ ਕਲ੍ਹਣ ਖ਼ਾਨ ਨੂੰ ਇਹ ਬੋਲ ਕਹੇ, ਜਿਸਨੇ ਬਾਅਦ ਵਿਚ ਇਹ ਸਰਾਭਾ ਦੇ ਭਰਾ, ਰਣਧੀਰ ਸਿੰਘ ਅਤੇ ਗਿਆਨੀ ਨਾਹਰ ਸਿੰਘ ਨੂੰ ਦੁਹਰਾ ਦਿੱਤੇ। ਸਰਾਭਾ ਨੇ ਕਿਹਾ ਸੀ, 'ਸੁਪਰਡੈਂਟ ਸਾਹਬ, ਇਹ ਨਾ ਸੋਚਿਓ ਸਰਾਭਾ ਮਰ ਗਿਆ, ਮੇਰੇ ਖ਼ੂਨ ਦੇ ਹਰ ਕਤਰੇ 'ਚੋਂ ਕਰਤਾਰ ਸਿੰਘ ਮੁੜ ਮੁੜ ਜਨਮ ਲੈਣਗੇ ਅਤੇ ਉਹ ਸਾਰੇ ਵਤਨ ਦੀ ਆਜ਼ਾਦੀ ਲਈ ਕੰਮ ਕਰਨਗੇ।'

ਕਰਤਾਰ ਸਿੰਘ ਸਰਾਭਾ ਦੀ ਪੇਸ਼ੀਨਗੋਈ ਸੱਚ ਸਾਬਤ ਹੋਈ। ਗ਼ਦਰ ਪਾਰਟੀ ਦੀ ਜੱਦੋਜਹਿਦ ਤੋਂ ਕੁਝ ਸਾਲ ਬਾਅਦ, 1923 'ਚ ਇਸ ਤੋਂ ਪ੍ਰੇਰਣਾ ਲੈ ਕੇ 'ਬੱਬਰ ਅਕਾਲੀ ਅੰਦੋਲਨ' ਸ਼ੁਰੂ ਹੋਇਆ; ਅਤੇ ਫਿਰ ਕਰਤਾਰ ਸਿੰਘ ਸਰਾਭਾ ਤੇ ਗ਼ਦਰ ਪਾਰਟੀ ਦੇ ਨਿਸ਼ਾਨੇ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੇ ਆਦਰਸ਼ ਬਣੇ। ਭਗਤ ਸਿੰਘ ਦੀ ਸ਼ਖਸੀਅਤ ਦੇ ਬਹੁਤ ਸਾਰੇ ਪਹਿਲੂ ਕਰਤਾਰ ਸਿੰਘ ਸਰਾਭਾ ਤੋਂ ਪ੍ਰਭਾਵਿਤ ਅਤੇ ਪ੍ਰੇਰਤ ਸਨ।

19 ਸਾਲ ਦੀ ਉਮਰ, ਅਤੇ ਸਿਰਫ਼ ਚਾਰ ਸਾਲ ਦੀ ਸਿਆਸੀ ਜ਼ਿੰਦਗੀ ਵਿਚ, ਕਰਤਾਰ ਸਿੰਘ ਸਰਾਭਾ ਨੇ ਹਿੰਦੁਸਤਾਨ ਦੇ ਆਜ਼ਾਦੀ ਦੇ ਸੰਗਰਾਮ ਲਈ ਅਡੋਲ ਨਿਹਚਾ ਦੀ ਐਸੀ ਸ਼ਾਨਦਾਰ ਮਿਸਾਲ ਕਾਇਮ ਕੀਤੀ, ਜੋ ਕਿਤੇ ਵਿਰਲੀ ਹੀ ਮਿਲਦੀ ਹੈ। ਸਰਾਭਾ ਪਹਿਲੀ ਜਨਵਰੀ 1912 ਨੂੰ ਅਮਰੀਕਾ ਪਹੁੰਚਿਆ ਸੀ ਅਤੇ ਪੰਜ ਜਾਂ ਛੇ ਮਹੀਨਿਆਂ ਵਿਚ ਹੀ ਸਿਆਸੀ ਚੇਤਨਾ ਗ੍ਰਹਿਣ ਕਰ ਲਈ ਸੀ। 21 ਅਪ੍ਰੈਲ 1913 ਨੂੰ ਗ਼ਦਰ ਪਾਰਟੀ ਦੀ ਸਥਾਪਨਾ ਕੀਤੇ ਜਾਣ ਪਿੱਛੋਂ, ਅਤੇ ਖ਼ਾਸ ਕਰਕੇ ਪਹਿਲੀ ਨਵੰਬਰ 1913 ਨੂੰ 'ਗ਼ਦਰ' ਦਾ ਪ੍ਰਕਾਸ਼ਨ ਸ਼ੁਰੂ ਹੋ ਜਾਣ 'ਤੇ, ਉਸਦੀ ਜ਼ਿੰਦਗੀ ਦਾ ਹਰ ਪਲ, ਅਤੇ ਉਸਦੀ ਦੇਹ ਤੇ ਰੂਹ ਕੌਮ ਦੀ ਸੇਵਾ ਨੂੰ ਸਮਰਪਿਤ ਸੀ।

ਜਿਸ ਜੋਸ਼ ਅਤੇ ਸਿਆਣਪ ਨਾਲ ਕਰਤਾਰ ਸਿੰਘ ਸਰਾਭਾ ਨੇ ਪਹਿਲੀ ਨਵੰਬਰ 1913 ਤੋਂ ਲੈ ਕੇ ਅਗਸਤ 1914 ਤਕ ਅਮਰੀਕਾ ਵਿਚ, ਅਤੇ ਅਗਸਤ 1914 ਤੋਂ ਲੈ ਕੇ 2 ਮਾਰਚ 1915 ਤਕ ਹਿੰਦੁਸਤਾਨ ਵਿਚ ਗ਼ਦਰ ਪਾਰਟੀ ਲਈ ਲੋਕਾਂ ਵਿਚ ਕੰਮ ਕੀਤਾ ਉਸ ਨੂੰ ਹੈਰਤਅੰਗੇਜ਼ ਅਤੇ ਨਿਆਰਾ ਹੀ ਕਿਹਾ ਜਾ ਸਕਦਾ ਹੈ। ਚੜ੍ਹਦੀ ਜਵਾਨੀ 'ਚ ਹੀ ਜੋ ਸਿਆਸੀ ਸਿਆਣਪ ਸਰਾਭਾ ਵਿਚ ਸੀ, ਉਹੀ ਭਗਤ ਸਿੰਘ ਦੀ ਸ਼ਖਸੀਅਤ ਵਿਚ ਦੇਖਣ ਨੂੰ ਮਿਲੇਗੀ। ਜਿਸ ਦੀ ਸਿਆਸੀ ਚੇਤਨਾ ਸਰਾਭਾ ਵਾਲੀ ਉਮਰ 'ਚ ਹੀ ਤਰਾਸ਼ੀ ਗਈ ਸੀ। ਭਗਤ ਸਿੰਘ ਨੇ ਕਰਤਾਰ ਸਿੰਘ ਸਰਾਭਾ ਵਲੋਂ ਛੱਡੀ ਵਿਰਾਸਤ ਨੂੰ ਅੱਗੇ ਤੋਰਿਆ, ਪਰ ਉਸਨੇ ਉਨ੍ਹਾਂ ਚਾਰ ਸਾਲਾਂ 'ਚ ਹੀ ਅੰਗਰੇਜ਼ ਸਾਮਰਾਜ ਦੀਆਂ ਨੀਂਹਾਂ ਹਿਲਾ ਦਿੱਤੀਆਂ। ਸਿੱਟੇ ਵਜੋਂ, ਜੱਜਾਂ ਅਤੇ ਅਧਿਕਾਰੀਆਂ ਨੇ ਭਗਤ ਸਿੰਘ ਨਾਲ ਉਹੀ ਸਲੂਕ ਕੀਤਾ ਜੋ ਉਨ੍ਹਾਂ ਨੇ ਕਰਤਾਰ ਸਿੰਘ ਸਰਾਭਾ ਨਾਲ ਕੀਤਾ ਸੀ।

ਕਰਤਾਰ ਸਿੰਘ ਸਰਾਭਾ ਅਤੇ ਭਗਤ ਸਿੰਘ ਦੋਵਾਂ ਮਾਮਲਿਆਂ ਵਿਚ, ਆਪਣੀਆਂ ਜਿਨ੍ਹਾਂ ਜਮਹੂਰੀ ਕਦਰਾਂ-ਕੀਮਤਾਂ ਅਤੇ ਨਿਆਂ ਪ੍ਰਬੰਧ ਦੀਆਂ ਬਰਤਾਨਵੀ ਬਸਤੀਵਾਦੀ ਹੁਕਮਰਾਨ ਬਹੁਤ ਸ਼ੇਖੀਆਂ ਮਾਰਦੇ ਸਨ, ਉਸ ਦੇ ਪਰਖੱਚੇ ਉੱਡ ਗਏ। ਦੋ ਹਿੰਦੁਸਤਾਨੀ ਜਿਊਰਿਸਟਾਂ – ਸਰ ਅਲੀ ਇਮਾਮ ਅਤੇ ਸਰ ਸ਼ੰਕਰਨ ਨਾਇਰ – ਦੀ ਸਰਾਭਾ ਦੀ ਸਜ਼ਾ-ਏ-ਮੌਤ ਨੂੰ ਬਦਲਣ

ਲਈ ਸੋਚ-ਵਿਚਾਰਕੇ ਦਿੱਤੀ ਰਾਇ ਨੂੰ ਇਕਦਮ ਰੱਦ ਕਰਦੇ ਹੋਏ ਬਰਤਾਨਵੀ ਹੁਕਮਰਾਨਾਂ ਨੇ ਸਾਮਰਾਜੀ ਜੁਰਮ ਨੂੰ ਅੰਜਾਮ ਦਿੱਤਾ।

ਸਰਾਭਾ ਦੀ ਬੇਖ਼ੌਫ਼ ਸ਼ਖਸੀਅਤ ਦੀਆਂ ਬਹੁਤ ਮਿਸਾਲਾਂ ਹਨ। ਰੂਪੋਸ਼ ਹੋਣ ਸਮੇਂ ਆਪਣੀ ਭੈਣ ਨੂੰ ਮਿਲਣ ਜਾਣਾ ਜਾਂ ਜਿਸ ਘਰ ਦੀ ਤਲਾਸ਼ੀ ਲਈ ਜਾ ਰਹੀ ਸੀ ਉੱਥੋਂ ਤਸੱਲੀ ਨਾਲ ਪਾਣੀ ਦਾ ਗਿਲਾਸ ਲੈ ਕੇ ਪੀਣਾ ਅਤੇ ਫਿਰ ਸਹਿਜ ਨਾਲ ਸਾਈਕਲ 'ਤੇ ਚੜ੍ਹਕੇ ਉਥੋਂ ਚਲੇ ਜਾਣਾ ਜਾਂ ਜੇਲ੍ਹ ਵਿਚ ਭੁੱਖ ਹੜਤਾਲ ਕਰਨਾ ਅਤੇ ਸਾਹਬ ਉਪਰ ਰੋਟੀਆਂ ਵਗਾਹਕੇ ਮਾਰਨਾ, ਇਹ ਭਾਈ ਪਰਮਾਨੰਦ ਅਤੇ ਉਨ੍ਹਾਂ ਦੇ ਹੋਰ ਸਾਥੀਆਂ ਨੇ ਬਿਆਨ ਕੀਤੀਆਂ ਹਨ। ਉਸ ਸਵੇਰ ਨੂੰ ਜਦੋਂ ਉਸਨੂੰ ਫਾਂਸੀ ਦੇਣ ਲਈ ਲਿਜਾਇਆ ਜਾਣਾ ਸੀ, ਪੰਡਿਤ ਪਰਮਾਨੰਦ ਝਾਂਸੀ ਦੇ ਪੁੱਛਣ 'ਤੇ 'ਤੂੰ ਕੀ ਲਿਖ ਰਿਹਾ ਏਂ' ਸਰਾਭਾ ਨੇ ਜਵਾਬ ਦਿੱਤਾ ਸੀ, 'ਇਕ ਕਵਿਤਾ ਲਿਖ ਰਿਹਾਂ।' ਦਰਅਸਲ, ਦੇਸ਼ਭਗਤੀ ਦੀ ਕਵਿਤਾ ਤਾਂ ਕਰਤਾਰ ਸਿੰਘ ਸਰਾਭਾ ਦੇ ਹਰ ਸਾਹ ਵਿਚ ਵਸਦੀ ਸੀ। ਉਹ ਖ਼ੁਦ ਵੀ ਵਧੀਆ ਕਵੀ ਸੀ। ਉਸ ਦੀਆਂ ਕਈ ਕਵਿਤਾਵਾਂ *ਗ਼ਦਰ ਦੀ ਗੂੰਜ* ਵਿਚ ਸ਼ਾਮਲ ਕੀਤੀਆਂ ਗਈਆਂ ਸਨ, ਪਰ ਹਾਲੇ ਵੀ ਉਨ੍ਹਾਂ ਦੀ ਸ਼ਨਾਖ਼ਤ ਨਹੀਂ ਹੋਈ, ਕਿਉਂਕਿ ਉਨ੍ਹਾਂ ਵਿੱਚੋਂ ਜ਼ਿਆਦਾਤਰ ਬੇਨਾਮ ਲਿਖੀਆਂ ਗਈਆਂ ਹਨ।

ਕਰਤਾਰ ਸਿੰਘ ਸਰਾਭਾ ਦੀ ਬੇਜੋੜ ਕੁਰਬਾਨੀ ਦੀ ਬਦੌਲਤ, ਨਿਆਰੇ ਕਿਰਦਾਰ ਅਤੇ ਅਲੌਕਿਕ ਸ਼ਖਸੀਅਤ ਕਾਰਨ, ਉਸ ਦੇ ਸਾਥੀ ਅਤੇ ਉਸਦੀ ਜੀਵਨੀ ਦੇ ਲੇਖਕ ਗਿਆਨੀ ਹਰਭਜਨ ਸਿੰਘ ਚਮਿੰਡਾ ਨੇ ਉਸ ਨੂੰ 'ਬਾਲਾ ਜਰਨੈਲ' ਕਿਹਾ ਹੈ। ਬਾਬਾ ਸੋਹਣ ਸਿੰਘ ਭਕਨਾ ਉਸ ਦਾ ਜ਼ਿਕਰ ਇਸੇ ਨਾਂ ਨਾਲ ਕਰਦੇ ਸਨ। ਭਗਤ ਸਿੰਘ ਵੀ ਉਸਨੂੰ ਆਪਣਾ 'ਗੁਰੂ' ਕਿਹਾ ਕਰਦੇ ਸਨ ਅਤੇ ਕਰਤਾਰ ਸਿੰਘ ਸਰਾਭਾ ਦੀ ਤਸਵੀਰ ਹਰ ਵੇਲੇ ਆਪਣੀ ਜੇਬ ਵਿਚ ਰੱਖਦੇ ਸਨ। ਉਸਦੇ ਆਪਣੇ ਪਿੰਡ ਵਿਚ ਵੱਡੀ ਤਦਾਦ 'ਚ ਸੰਸਥਾਵਾਂ ਦੇ ਨਾਂ ਉਸਦੇ ਨਾਂ ਨੂੰ ਮੁੱਖ ਰੱਖਕੇ ਰੱਖੇ ਗਏ ਹਨ। ਕਰਤਾਰ ਸਿੰਘ ਸਰਾਭਾ ਦਾ ਬੁੱਤ ਘੰਟਾ ਘਰ ਚੌਕ ਲੁਧਿਆਣਾ ਵਿਚ ਲਗਾਇਆ ਗਿਆ ਅਤੇ ਤਤਕਾਲੀ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਵਲੋਂ 5 ਮਾਰਚ 1960 ਨੂੰ ਲੋਕ ਅਰਪਣ ਕੀਤਾ ਗਿਆ। ਇਸ ਰਸਮ ਮੌਕੇ ਸਰਾਭਾ ਦੇ ਪੁਰਾਣੇ ਸਾਥੀ - ਬਾਬਾ ਸੋਹਣ ਸਿੰਘ ਭਕਨਾ, ਬਾਬਾ ਗੁੱਜਰ ਸਿੰਘ ਭਕਨਾ, ਭਾਈ ਸੱਜਣ ਸਿੰਘ ਨਾਰੰਗਵਾਲ, ਬਾਬਾ ਪ੍ਰਿਥਵੀ ਸਿੰਘ ਆਜ਼ਾਦ, ਗਿਆਨੀ ਹਰਭਜਨ ਸਿੰਘ ਚਮਿੰਡਾ ਵਗੈਰਾ ਸ਼ਾਮਲ ਹੋਏ। ਇਹ ਮਾਣ ਵਾਲੀ ਗੱਲ ਹੈ ਕਿ ਪੂਰਾ ਪੰਜਾਬ ਸੂਬਾ ਕਰਤਾਰ ਸਿੰਘ ਸਰਾਭਾ ਅਤੇ ਗ਼ਦਰ ਪਾਰਟੀ ਨੂੰ ਸਿਜਦਾ ਕਰਦਾ ਹੈ। ਨਾਲ ਹੀ, ਗ਼ਦਰੀ ਘੁਲਾਟੀਆਂ ਨੇ ਦੇਸ਼ਭਗਤ ਯਾਦਗਾਰ ਹਾਲ ਬਣਾਇਆ ਹੋਇਆ ਹੈ ਅਤੇ ਗ਼ਦਰ ਪਾਰਟੀ ਦੇ ਜਜ਼ਬੇ ਨੂੰ ਅੱਜ ਵੀ ਜਿਊਂਦਾ ਰੱਖਿਆ ਹੋਇਆ ਹੈ।

ਏਕਤਾ ਦਾ ਮੁਜੱਸਮਾ: ਮੌਲਾਨਾ ਬਰਕਤਉਲਾ ਭੋਪਾਲੀ

-ਮੁਹੰਮਦ ਅਯੂਬ ਖ਼ਾਨ

ਮੌਲਾਨਾ ਭੋਪਾਲੀ ਦੀ ਜ਼ਿੰਦਗੀ ਸਮਰਪਣ-ਭਾਵਨਾ ਅਤੇ ਸੇਵਾ ਨਾਲ ਭਰਪੂਰ ਹੈ - ਧੜੱਲੇਦਾਰ ਪੱਤਰਕਾਰ, ਪ੍ਰਤਿਭਾਵਾਨ ਤਕਰੀਰਕਰਤਾ, ਇਸਲਾਮ ਦਾ ਵਿਦਵਾਨ ਖੋਜੀ, ਧੁਰ ਅੰਦਰੋਂ ਕੌਮਪ੍ਰਸਤ, ਕਈ ਕਿਤਾਬਾਂ ਦਾ ਰਚੇਤਾ, ਸੱਤ ਤੋਂ ਵੱਧ ਜ਼ਬਾਨਾਂ ਦਾ ਗਿਆਤਾ, ਜਲਾਵਤਨੀ ਵਿਚ ਬਣਾਈ ਹਕੂਮਤ-ਏ-ਹਿੰਦ ਦਾ ਪ੍ਰਧਾਨ ਮੰਤਰੀ। ਉਹ ਇਹ ਸਾਰਾ ਕੁਝ ਸੀ ਅਤੇ ਬਹੁਤ ਕੁਝ ਹੋਰ ਵੀ।

ਤੁਆਰਫ਼

ਡਾ. ਮੌਲਾਨਾ ਬਰਕਤਉਲਾ ਭੋਪਾਲੀ (1859?-1927) ਹਿੰਦੁਸਤਾਨ ਦੀ ਆਜ਼ਾਦੀ ਦੀ ਲਹਿਰ ਦੇ ਮੋਹਰੀ ਆਗੂਆਂ ਵਿੱਚੋਂ ਇਕ ਸੀ ਜਿਸਦੀ ਸਰਗਰਮੀ ਹਿੰਦੁਸਤਾਨ ਤੋਂ ਲੈ ਕੇ ਅਫ਼ਗਾਨਿਸਤਾਨ, ਜਪਾਨ, ਰੂਸ, ਤੁਰਕੀ, ਜਰਮਨੀ, ਇੰਗਲੈਂਡ ਅਤੇ ਅਮਰੀਕਾ ਤਕ ਫੈਲੀ ਹੋਈ ਹੈ। ਇਨਕਲਾਬੀ ਜੋਸ਼ ਨਾਲ ਲਟ-ਲਟ ਬਲਦੇ ਬਰਕਤਉਲਾ ਨੇ ਆਪਣੇ ਪੂਰੇ ਯਤਨ ਬਸਤੀਵਾਦ ਤੋਂ ਹਿੰਦੁਸਤਾਨ ਨੂੰ ਮੁਕਤ ਕਰਾਉਣ 'ਤੇ ਕੇਂਦਰਤ ਕੀਤੇ। ਉਹ ਤਾਲੀਮ ਜਗਤ ਅਤੇ ਆਮ ਜਨਤਾ ਲਈ ਅੱਜ ਵੀ ਬੁਝਾਰਤ ਬਣਿਆ ਹੋਇਆ ਹੈ। ਸ਼ੁਰੂ 'ਚ ਉਹ ਕਈ ਵਿਚਾਰਧਾਰਾਵਾਂ ਨਾਲ ਜੁੜਿਆ ਜਾਪਦਾ ਹੈ - ਉਨ੍ਹਾਂ 'ਚੋਂ ਕੁਝ ਜ਼ਾਹਰਾ ਤੌਰ 'ਤੇ ਆਪੋ ਵਿਚ ਵਿਰੋਧੀ ਹਨ। ਉਹ ਸਰਵਵਿਆਪਕ ਖ਼ਿਲਾਫ਼ਤ ਦਾ ਸਰਵਇਸਲਾਮਵਾਦੀ ਹਮਾਇਤੀ, ਸਰਵਏਸ਼ੀਆਵਾਦ ਦਾ ਹਮਾਇਤੀ, ਹਿੰਦੂ-ਮੁਸਲਿਮ ਭਾਈਚਾਰੇ ਦਾ ਪ੍ਰਚਾਰਕ, ਅਤੇ ਵਧੇਰੇ ਅਹਿਮ ਗੱਲ ਉਹ ਧੁਰ ਅੰਦਰੋਂ ਹਿੰਦੁਸਤਾਨੀ ਕੌਮਪ੍ਰਸਤ ਸੀ ਜਿਸ ਨੇ ਹੋਰ ਚੀਜ਼ਾਂ ਦੇ ਨਾਲ-ਨਾਲ ਆਰਜੀ ਹਕੂਮਤ-ਏ-ਹਿੰਦ ਦੇ ਪ੍ਰਧਾਨ ਮੰਤਰੀ ਵਜੋਂ ਕੰਮ ਕੀਤਾ। ਉਹ ਇਨ੍ਹਾਂ ਵਖਰੇਵਿਆਂ ਵਾਲੀਆਂ ਵਿਚਾਰਧਾਰਾਵਾਂ ਅਤੇ ਪ੍ਰਵਿਰਤੀਆਂ ਨੂੰ ਜੋੜਨ 'ਚ ਕਾਮਯਾਬ ਕਿਵੇਂ ਹੋਇਆ? ਕੀ ਉਸਦਾ ਇਨ੍ਹਾਂ ਵਿਚ ਸੱਚਮੁੱਚ ਵਿਸ਼ਵਾਸ ਸੀ ਜਾਂ ਉਹ ਮਹਿਜ਼ ਇਕ ਵਿਹਾਰਵਾਦੀ ਸੀ? ਉਹ ਹਿੰਦੂਆਂ ਅਤੇ ਮੁਸਲਮਾਨਾਂ ਦੇ ਵਧ ਰਹੇ ਪਾੜੇ ਨੂੰ ਮੇਟਣ 'ਚ ਕਾਮਯਾਬ ਕਿਵੇਂ ਹੋਇਆ (ਜਿਸਦੇ ਮਾਮੂਲੀ ਸੰਕੇਤ ਬਦੇਸ਼ਾਂ ਵਿਚ ਰਹਿ ਰਹੇ ਇਨਕਲਾਬੀਆਂ ਦਰਮਿਆਨ ਵੀ ਬੁੱਝੇ ਜਾ ਸਕਦੇ ਹਨ)? ਹਿੰਦੁਸਤਾਨ ਅਤੇ ਇਸੇ ਤਰ੍ਹਾਂ ਬਦੇਸ਼ਾਂ ਵਿਚ ਅਗਲੀਆਂ ਪੀੜ੍ਹੀਆਂ ਵਿਚ ਉਸਦੀ ਵਿਰਾਸਤ ਮੁੜ-ਸੁਰਜੀਤ ਕਿਉਂ ਨਹੀਂ ਹੋ ਸਕੀ? ਇਨ੍ਹਾਂ ਅਤੇ ਹੋਰ ਸਵਾਲਾਂ ਨੂੰ ਇਸ ਕਾਂਡ ਵਿਚ ਲਿਆ

ਜਾਵੇਗਾ।

ਪਹਿਲੀ ਗੱਲ, ਮੌਲਾਨਾ ਦੀ ਸੰਖੇਪ ਜੀਵਨੀ ਪੇਸ਼ ਕੀਤੀ ਜਾਵੇਗੀ। ਦੂਜੀ ਗੱਲ, ਉਸਦੇ ਸਿੱਖਿਆ ਖੇਤਰ ਅਤੇ ਧਾਰਮਿਕ ਪ੍ਰਭਾਵਾਂ ਦੀ ਘੋਖ-ਪੜਤਾਲ ਕੀਤੀ ਜਾਵੇਗੀ। ਇਹ ਅਹਿਮ ਹੈ ਕਿਉਂਕਿ ਇਸ ਮੁੱਢਲੇ ਪੜਾਅ ਦਾ ਪ੍ਰਭਾਵ ਉਸਦੀ ਪੂਰੀ ਜ਼ਿੰਦਗੀ ਵਿਚ ਰਿਹਾ ਹੈ। ਤੀਜੀ ਗੱਲ, ਹਿੰਦੂ-ਮੁਸਲਿਮ ਸਹਿਯੋਗ, ਖ਼ਿਲਾਫ਼ਤ ਦੀ ਮੁੜ-ਸੁਰਜੀਤੀ, ਅਤੇ ਸਮਾਜਵਾਦ ਤੇ ਇਸਲਾਮ ਬਾਰੇ ਉਸਦੇ ਵਿਚਾਰ ਪੇਸ਼ ਕੀਤੇ ਜਾਣਗੇ। ਇਹ ਦਲੀਲ ਦਿੱਤੀ ਜਾਵੇਗੀ ਕਿ ਜੋ ਨਜ਼ਰ ਆਉਂਦਾ ਹੈ ਉਸਦੇ ਉਲਟ ਇਕ ਕਾਇਦਾ ਹੈ ਜੋ ਉਸਦੀ ਵਿਚਾਰਧਾਰਾ ਵਿਚ ਇਕਸਾਰ ਮੌਜੂਦ ਹੈ। ਅਖ਼ੀਰ 'ਚ, ਅਗਲੀਆਂ ਪੀੜ੍ਹੀਆਂ ਵਿਚ ਮੌਲਾਨਾ ਬਰਕਤਉਲਾ ਦੀ ਵਿਰਾਸਤ ਨੂੰ ਨਜ਼ਰਅੰਦਾਜ਼ ਕਰਨ ਪਿੱਛੇ ਮੌਜੂਦ ਕਾਰਨਾਂ ਦੀ ਘੋਖ-ਪੜਤਾਲ ਕੀਤੀ ਜਾਵੇਗੀ।

ਸੰਖੇਪ ਜੀਵਨੀ[1]

ਮੌਲਾਨਾ ਬਰਕਤਉਲਾ ਦੀ ਜ਼ਿੰਦਗੀ ਦੇ ਮੁੱਢਲੇ ਸਾਲ ਅਤੇ ਜਨਮ ਰਹੱਸ ਬਣਿਆ ਹੋਇਆ ਹੈ। ਉਸਦੇ ਜਨਮ ਦੇ ਸਾਲ ਬਾਰੇ ਵਾਦਵਿਵਾਦ ਹੈ ਅਤੇ 1859 ਤੋਂ ਲੈ ਕੇ 1866 ਤਕ ਦੀਆਂ ਤਾਰੀਕਾਂ ਦਿੱਤੀਆਂ ਜਾਂਦੀਆਂ ਹਨ।[2] ਜਦੋਂਕਿ, ਇਹ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਉਸਦਾ ਜਨਮ ਭੋਪਾਲ ਵਿਚ ਹੋਇਆ ਸੀ ਅਤੇ ਉਹ ਪਠਾਣ (ਔਛਾਖ਼ਾਨੀ ਕਬੀਲੇ ਨਾਲ ਸਬੰਧਤ) ਸੀ। ਉਸਦੇ ਪਿਤਾ ਮੌਲਵੀ ਮੁਹੰਮਦ ਸ਼ੁਜਾਤਉਲਾ ਪਹਿਲਾਂ ਪ੍ਰਾਇਮਰੀ ਸਕੂਲ ਦੇ ਅਧਿਆਪਕ ਅਤੇ ਬਾਅਦ ਵਿਚ ਪੁਲਿਸ ਮੁਲਾਜ਼ਮ ਸਨ। ਉਨ੍ਹਾਂ ਦੀ ਇਕ ਭੈਣ ਸੀ ਇਸ ਤੋਂ ਬਿਨਾ ਉਨ੍ਹਾਂ ਦੇ ਪਰਿਵਾਰ ਬਾਰੇ ਬਹੁਤੀ ਜਾਣਕਾਰੀ ਹਾਸਲ ਨਹੀਂ ਹੁੰਦੀ। ਪਰਿਵਾਰ ਤੰਗੀ-ਤਰੁਸ਼ੀਆਂ 'ਚ ਗੁਜ਼ਾਰਾ ਕਰਦਾ ਸੀ। ਜਦੋਂ ਉਹ ਅਜੇ ਮਦਰੱਸਾ-ਏ-ਸੁਲੇਮਾਨੀਆ ਵਿਖੇ ਪੜ੍ਹਾਈ ਕਰ ਰਿਹਾ ਸੀ ਓਦੋਂ ਉਸਦੇ ਪਿਤਾ ਦੀ ਮੌਤ ਹੋ ਗਈ। ਸਰਕਾਰ ਵਲੋਂ ਦਿੱਤੇ ਵਜ਼ੀਫ਼ੇ ਨਾਲ ਉਸਦਾ ਖ਼ਰਚਾ ਚਲਦਾ ਸੀ ਅਤੇ ਉਹ ਆਪਣੇ ਦੋਸਤ ਮੀਆਂ ਨੂਰੁਦੀਨ ਖ਼ਾਨ ਜਗੀਰਦਾਰ ਦੇ ਘਰ ਵਿਚ ਇਕ ਨਿੱਕੇ ਜਹੇ ਕਮਰੇ ਵਿਚ ਰਹਿੰਦਾ ਸੀ।

ਆਲਿਮ ਪਾਸ ਕਰਨ ਪਿੱਛੋਂ 1878 'ਚ ਉਸਨੇ ਮਦਰੱਸਾ ਤੋਂ ਗਰੈਜੂਏਸ਼ਨ ਕੀਤੀ। 1879-1880 'ਚ ਉਸਨੇ ਉਸੇ ਸਕੂਲ ਵਿਚ ਅਧਿਆਪਕ ਵਜੋਂ ਨੌਕਰੀ ਕੀਤੀ। ਕਿਹਾ ਜਾਂਦਾ ਹੈ ਕਿ ਇਕ ਅਧਿਆਪਕ ਦੀ ਪ੍ਰੇਰਣਾ ਨਾਲ ਉਸਨੇ ਕੁਝ ਮਹੀਨਿਆਂ 'ਚ ਹੀ ਪੂਰਾ ਕੁਰਆਨ ਜ਼ੁਬਾਨੀ ਚੇਤੇ ਕਰ ਲਿਆ ਸੀ।[3] 1883 'ਚ ਉਹ ਭੇਦਭਰੇ ਢੰਗ ਨਾਲ ਭੋਪਾਲ ਤੋਂ ਗ਼ਾਇਬ ਹੋ ਗਿਆ ਅਤੇ ਬੰਬਈ ਚਲਾ ਗਿਆ ਜਿਥੇ ਉਸਨੇ ਖੇਤਵਾੜੀ ਦੇ ਵਿਲਸਨ ਹਾਈ ਸਕੂਲ ਵਿਚ ਦਾਖ਼ਲਾ ਲੈ ਲਿਆ। ਇਕ ਪ੍ਰਪੱਕ ਵਿਦਿਆਰਥੀ ਹੋਣ ਦੇ ਬਾਵਜੂਦ ਉਹ ਮੁੱਢਲੀਆਂ ਜਮਾਤਾਂ ਲਾਉਣ ਨੂੰ ਬੁਰਾ ਨਹੀਂ ਸੀ ਮਨਾਉਂਦਾ। ਕਿਸੇ ਮਿਸਟਰ ਸਕਾਟ ਦੇ ਜ਼ੋਰ ਦੇਣ 'ਤੇ ਉਸਨੇ ਉਸ ਨੂੰ ਉਰਦੂ ਸਿਖਾਉਣ ਬਦਲੇ ਅੰਗਰੇਜ਼ੀ ਦੇ ਪ੍ਰਾਈਵੇਟ ਸਬਕ ਲੈਣੇ ਸ਼ੁਰੂ ਕਰ ਦਿੱਤੇ। ਤਿੰਨ ਸਾਲਾਂ 'ਚ ਹੀ ਉਹ ਐਨਾ ਪ੍ਰਵੀਨ ਹੋ ਗਿਆ ਕਿ ਯੂਨੀਵਰਸਿਟੀ ਦਾ ਦਾਖ਼ਲਾ ਇਮਤਿਹਾਨ

ਦੇਣ ਦੀਆਂ ਸ਼ਰਤਾਂ ਪੂਰੀਆਂ ਕਰਦਾ ਸੀ।[4] 1887 'ਚ ਉਹ ਲੰਦਨ ਚਲਿਆ ਗਿਆ ਅਤੇ ਅਰਬੀ, ਫਾਰਸੀ ਅਤੇ ਉਰਦੂ ਪੜ੍ਹਾਉਣ ਵਾਲੇ ਨਿੱਜੀ ਉਸਤਾਦ ਵਜੋਂ ਕੰਮ ਕੀਤਾ। ਉਥੇ ਜਰਮਨ, ਫਰੈਂਚ ਅਤੇ ਜਪਾਨੀ ਭਾਸ਼ਾਵਾਂ ਸਿੱਖਕੇ ਉਸਨੇ ਖ਼ੁਦ ਹੀ ਪੜ੍ਹਲਿਖ ਜਾਣ ਵਾਲੇ ਵਜੋਂ ਆਪਣਾ ਵੱਕਾਰ ਹੋਰ ਵਧਾ ਲਿਆ। 1895 'ਚ ਧਰਮ-ਬਦਲੀ ਕੀਤੇ ਅੰਗਰੇਜ਼ ਅਬਦੁੱਲਾ ਕੁਇਲੀਅਮ ਨੇ ਉਸਨੂੰ ਲਿਵਰਪੂਲ ਦੇ ਮੁਸਲਿਮ ਇੰਸਟੀਚਿਊਟ ਵਿਖੇ ਕੰਮ ਕਰਨ ਦਾ ਸੱਦਾ ਦਿੱਤਾ। ਇਸ ਤੋਂ ਪਿੱਛੋਂ ਉਸਨੇ ਲਿਵਰਪੂਲ ਯੂਨੀਵਰਸਿਟੀ ਦੇ ਓਰੀਐਂਟਲ ਕਾਲਜ ਵਿਚ ਵੀ ਪੜ੍ਹਾਇਆ। ਬਾਦ ਵਿਚ ਉਸਨੇ ਮੁਸਲਿਮ ਇੰਸਟੀਚਿਊਟ ਦੀ ਕਾਰਜ-ਸ਼ੈਲੀ ਦੇਖਕੇ ਇਸ ਤੋਂ ਪਾਸਾ ਵੱਟ ਲਿਆ।[5] ਇੰਗਲੈਂਡ ਵਿਚ ਰਹਿੰਦਿਆਂ ਉਹ ਇੰਡੀਆ ਹਾਊਸ ਦੇ ਹਿੰਦੁਸਤਾਨੀ ਇਨਕਲਾਬੀਆਂ ਦੇ ਸੰਪਰਕ 'ਚ ਆਇਆ। ਹਿੰਦੁਸਤਾਨ ਬਾਰੇ ਤੱਤਕਾਲੀ ਪ੍ਰਧਾਨ ਮੰਤਰੀ ਗਲੈਡਸਟੋਨ ਦੀਆਂ ਨਸਲਵਾਦੀ ਟਿੱਪਣੀਆਂ ਦੇ ਪ੍ਰਤੀਕਰਮ ਵਜੋਂ ਉਸਨੇ ਹਕੂਮਤ ਦੀਆਂ ਨੀਤੀਆਂ ਦੀ ਆਲੋਚਨਾ ਕਰਦੇ ਹੋਏ ਲੇਖਾਂ ਅਤੇ ਤਕਰੀਰਾਂ ਦੀ ਝੜੀ ਲਾ ਦਿੱਤੀ। ਸਿੱਟੇ ਵਜੋਂ ਉਸਦੀਆਂ ਸਰਗਰਮੀਆਂ ਉਪਰ ਸਖ਼ਤੀ ਨਾਲ ਰੋਕਾਂ ਲਾ ਦਿੱਤੀਆਂ ਗਈਆਂ।[6] ਧਰਮਬਦਲੀ ਕਰਕੇ ਮੁਸਲਮਾਨ ਬਣੇ ਕਾਰਕੁੰਨ ਮੁਹੰਮਦ ਅਲੈਕਸੈਂਦਰ ਰੁਸੇਲ ਵੈੱਬ ਦੇ ਜ਼ੋਰ ਦੇਣ 'ਤੇ ਉਹ ਨਿਊ ਯਾਰਕ ਚਲਾ ਗਿਆ। ਨਿਊ ਯਾਰਕ ਵਿਚ ਛੇ ਸਾਲ ਗੁਜ਼ਾਰਨ ਦੌਰਾਨ ਉਸਨੇ ਇਸਲਾਮ ਅਤੇ ਹਿੰਦੁਸਤਾਨ ਨਾਲ ਸਬੰਧਤ ਲੇਖ ਵੱਡੀ ਤਦਾਦ 'ਚ ਲਿਖੇ ਜੋ *ਮੁਸਲਿਮ ਵਰਲਡ* ਅਤੇ ਮੁੱਖਧਾਰਾ ਅਖ਼ਬਾਰਾਂ ਵਿਚ ਵੀ ਛਪੇ ਜਿਵੇਂ *ਦੀ ਫੋਰਮ*। ਗੁਜ਼ਾਰਾ ਕਰਨ ਲਈ ਉਹ ਅਰਬੀ ਪੜ੍ਹਾਉਂਦਾ ਰਿਹਾ। ਉਸਨੇ ਅਮਰੀਕਾ ਅਤੇ ਕੈਨੇਡਾ ਦੇ ਹੋਰ ਸ਼ਹਿਰਾਂ ਦੇ ਹਿੰਦੁਸਤਾਨੀ ਭਾਈਚਾਰੇ ਨਾਲ ਵੀ ਸੰਪਰਕ ਬਣਾ ਲਏ ਅਤੇ ਉਨ੍ਹਾਂ ਵਿਚ ਇਨਕਲਾਬੀ ਜਜ਼ਬਾ ਭਰਨ ਦੀ ਵਾਹ ਲਾਈ।

ਅਮਰੀਕਾ ਵਿਚ ਰਹਿੰਦੇ ਹੋਏ ਉਸਨੇ ਹਿੰਦੁਸਤਾਨ ਦੇ ਇਨਕਲਾਬੀ ਸਾਥੀਆਂ ਨਾਲ ਸੰਪਰਕ ਬਣਾਈ ਰੱਖਿਆ ਅਤੇ ਕਵੀ ਤੇ ਕੌਮਪ੍ਰਸਤ ਆਗੂ ਮੌਲਾਨਾ ਹਸਰਤ ਮੋਹਾਨੀ ਨਾਲ ਉਸਦੀ ਵਿਦਵਤਾਪੂਰਨ ਖ਼ਤੋ-ਕਿਤਾਬਤ ਹੁੰਦੀ ਰਹਿੰਦੀ ਸੀ। ਇਨ੍ਹਾਂ ਖ਼ਤਾਂ ਵਿਚ ਉਨ੍ਹਾਂ ਨੇ ਆਜ਼ਾਦੀ ਸੰਘਰਸ਼ ਵਿਚ ਹਿੰਦੂ-ਮੁਸਲਿਮ ਏਕਤਾ ਦੀ ਲੋੜ 'ਤੇ ਜ਼ੋਰ ਦਿੱਤਾ।

1909 'ਚ ਮੌਲਾਨਾ ਬਰਕਤਉਲਾ ਜਪਾਨ ਪਹੁੰਚੇ ਅਤੇ ਟੋਕੀਓ ਯੂਨੀਵਰਸਿਟੀ ਵਿਚ ਉਨ੍ਹਾਂ ਨੂੰ ਪੂਰਬੀ ਜ਼ੁਬਾਨਾਂ ਦਾ ਪ੍ਰੋਫੈਸਰ ਨਿਯੁਕਤ ਕੀਤਾ ਗਿਆ। ਉਹ *'ਇਸਲਾਮਿਕ ਫਰੈਟਰਨਿਟੀ'* ਨਾਂ ਦਾ ਰਸਾਲਾ ਕੱਢਦੇ ਸਨ ਜੋ ਆਪਣੀ ਬਸਤੀਵਾਦ ਵਿਰੋਧੀ ਸਮੱਗਰੀ ਲਈ ਜਾਣਿਆ ਜਾਂਦਾ ਸੀ। ਇਸ ਨੂੰ ਬੰਦ ਕਰਾ ਦਿੱਤੇ ਜਾਣ ਤੋਂ ਬਾਅਦ ਉਨ੍ਹਾਂ ਨੇ *'ਅਲ ਇਸਲਾਮ'* ਨਾਂ ਦਾ ਇਕ ਹੋਰ ਅਖ਼ਬਾਰ ਕੱਢਿਆ ਜਿਸ ਉਪਰ ਬਰਤਾਨਵੀ ਹਿੰਦੁਸਤਾਨ ਵਿਚ ਪਾਬੰਦੀ ਲਾ ਦਿੱਤੀ ਗਈ। ਬਰਤਾਨਵੀ ਦਬਾਅ ਦੇ ਸਿੱਟੇ ਵਜੋਂ 1914 'ਚ ਉਸ ਨੂੰ ਯੂਨੀਵਰਸਿਟੀ ਤੋਂ ਬਰਖ਼ਾਸਤ ਕਰ ਦਿੱਤਾ ਗਿਆ। ਇਸੇ ਵਕਤ ਉਸਨੇ ਗ਼ਦਰ ਪਾਰਟੀ ਦੀਆਂ ਸਰਗਰਮੀਆਂ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਅਤੇ ਉਸ ਮੁਲਕ ਵਿਚ ਇਸ ਦੀ ਸਥਾਪਨਾ ਕਰਨ ਦੀ ਜ਼ਿੰਮੇਵਾਰੀ ਓਟ ਲਈ।[7]

1915 'ਚ ਉਹ ਕਾਬਲ ਵਿਚ ਤੁਰਕੀ-ਜਰਮਨ ਮਿਸ਼ਨ ਨਾਲ ਮਿਲਕੇ ਕੰਮ ਕਰਨ ਲੱਗੇ ਅਤੇ ਮੌਲਾਨਾ ਉਬੈਦਉਲਾ ਸਿੰਧੀ ਅਤੇ ਰਾਜਾ ਮਹਿੰਦਰਪ੍ਰਤਾਪ ਨਾਲ ਮਿਲਕੇ ਆਰਜ਼ੀ ਹਕੂਮਤ-ਏ-ਹਿੰਦ ਬਣਾਈ। ਉਨ੍ਹਾਂ ਨੇ ਜਲਾਵਤਨੀ ਵਿਚ ਹਕੂਮਤ ਦੇ ਪ੍ਰਧਾਨ ਮੰਤਰੀ ਵਜੋਂ ਕੰਮ ਕੀਤਾ। 1919 'ਚ ਉਹ ਲੈਨਿਨ ਨੂੰ ਮਿਲੇ ਅਤੇ ਹਿੰਦੁਸਤਾਨ ਦੇ ਆਜ਼ਾਦੀ ਸੰਗਰਾਮ ਵਿਚ ਉਨ੍ਹਾਂ ਦੀ ਮਦਦ ਮੰਗੀ। 1920ਵਿਆਂ ਦੇ ਮੁੱਢਲੇ ਅਰਸੇ ਵਿਚ ਉਨ੍ਹਾਂ ਨੇ ਬਦੇਸ਼ਾਂ ਵਿਚ ਰਹਿ ਰਹੇ ਹਿੰਦੁਸਤਾਨੀ ਭਾਈਚਾਰਿਆਂ ਨੂੰ ਇਨਕਲਾਬੀ ਰਾਹ 'ਤੇ ਜਥੇਬੰਦ ਕਰਦੇ ਹੋਏ ਜਰਮਨੀ, ਫਰਾਂਸ, ਤੁਰਕੀ ਅਤੇ ਰੂਸ ਦਾ ਵਿਆਪਕ ਚੱਕਰ ਲਗਾਇਆ।[8] ਉਨ੍ਹਾਂ ਦੀ ਨਿਊ ਵਰਲਡ ਦੀ 1927 ਦੀ ਫੇਰੀ ਦੂਜੀ ਫੇਰੀ ਸੀ ਅਤੇ ਇਹ ਆਖ਼ਰੀ ਫੇਰੀ ਸਿੱਧ ਹੋਵੇਗੀ। ਉਹ ਸ਼ੱਕਰ ਰੋਗ ਤੋਂ ਪੀੜਤ ਸਨ ਅਤੇ ਹੋਰ ਵੀ ਬਹੁਤ ਸਾਰੀਆਂ ਬੀਮਾਰੀਆਂ ਚਿੰਬੜੀਆਂ ਹੋਈਆਂ ਸਨ ਪਰ ਉਨ੍ਹਾਂ ਦਾ ਕੌਮ ਪ੍ਰਤੀ ਐਨਾ ਪਿਆਰ ਸੀ ਕਿ ਲੰਮੇ ਸਮੇਂ ਦੇ ਦੋਸਤ ਅਤੇ ਸਾਥੀ ਇਨਕਲਾਬੀ ਮਹਿੰਦਰ ਪ੍ਰਤਾਪ ਨਾਲ ਮਿਲਕੇ ਉਹ ਜਰਮਨੀ ਤੋਂ ਲੰਮੇ ਸਫ਼ਰ 'ਤੇ ਨਿਕਲ ਤੁਰੇ। ਜੁਲਾਈ 1927 'ਚ ਉਹ ਨਿਊ ਯਾਰਕ ਪਹੁੰਚੇ ਅਤੇ ਟਾਈਮਜ਼ ਸਕੇਅਰ ਦੇ ਇਕ ਹੋਟਲ ਵਿਚ ਠਹਿਰੇ। 15 ਜੁਲਾਈ 1927 ਨੂੰ ਹਿੰਦੁਸਤਾਨੀ ਭਾਈਚਾਰੇ ਨੇ ਉਨ੍ਹਾਂ ਨੂੰ 49ਵੀਂ ਸਟਰੀਟ ਉਪਰ ਸੀਲੋਨ ਇੰਡੀਅਨ ਇਨ ਵਿਖੇ ਜੀ ਆਇਆਂ ਨੂੰ ਕਿਹਾ। ਉਹ ਯੂਨੀਵਰਸਲ ਨੈਗਰੋ ਇੰਪਰੂਵਮੈਂਟ ਐਸੋਸੀਏਸ਼ਨ ਅਤੇ ਅਫ਼ਰੀਕਨ ਕਮਿਊਨਟੀਜ਼ ਲੀਗ ਦੇ ਬਾਨੀ ਸਰਵ-ਅਫ਼ਰੀਕਨਵਾਦੀ ਮਾਰਕਿਊਸ ਗਾਰਵੇ ਨੂੰ ਵੀ ਮਿਲੇ। ਦੋਵਾਂ ਨੇ ਅਫ਼ਰੀਕਨ-ਅਮਰੀਕਨਾਂ ਅਤੇ ਹਿੰਦੁਸਤਾਨੀਆਂ ਦੇ ਸਾਂਝੇ ਇਕੱਠ ਨੂੰ ਵੀ ਸੰਬੋਧਨ ਕੀਤਾ। ਫਿਰ ਉਸਨੇ ਹਿੰਦੁਸਤਾਨੀ ਅਤੇ ਆਇਰਿਸ਼ ਭਾਈਚਾਰਿਆਂ ਵਿਚਲੇ ਆਪਣੇ ਸੰਪਰਕਾਂ ਨੂੰ ਨਵੇਂ ਸਿਰੇ ਤੋਂ ਮਿਲਦਿਆਂ ਸ਼ਿਕਾਗੋ, ਗੇਰੀ ਅਤੇ ਮਿਡਵੈਸਟ ਦੇ ਹੋਰ ਬਹੁਤ ਸਾਰੇ ਸ਼ਹਿਰਾਂ ਦਾ ਦੌਰਾ ਕੀਤਾ। ਇਨ੍ਹਾਂ ਭਾਈਚਾਰਿਆਂ ਵਿਚ ਉਸ ਦੇ ਕਈ ਦੋਸਤ ਸਨ।[9] ਮੇਰਿਸਵਿਲ, ਜਿਥੇ ਕੀਤੀ ਤਕਰੀਰ ਉਸਦੀ ਆਖ਼ਰੀ ਜਨਤਕ ਤਕਰੀਰ ਹੋਣੀ ਸੀ, ਜਾਣ ਤੋਂ ਪਹਿਲਾਂ ਉਹ ਸਾਨ ਫਰਾਂਸਿਸਕੋ ਵਿਖੇ ਗ਼ਦਰ ਪਾਰਟੀ ਦੇ ਸਦਰ-ਮੁਕਾਮ ਆਏ। ਇਸ ਪੂਰੀ ਫੇਰੀ ਦੌਰਾਨ ਰਾਜਾ ਮਹਿੰਦਰ ਪ੍ਰਤਾਪ ਉਨ੍ਹਾਂ ਦਾ ਪੱਕਾ ਸਾਥੀ ਸੀ ਜੋ ਖ਼ੁਦ ਬੁੱਢਾ ਹੋ ਚੁੱਕਾ ਸੀ ਅਤੇ ਸਿਹਤਯਾਬ ਨਹੀਂ ਸੀ। ਮਹਿੰਦਰ ਪ੍ਰਤਾਪ ਅਨੁਸਾਰ ਮੌਲਾਨਾ ਦੇ ਆਖ਼ਰੀ ਬੋਲ ਸਨ:

"ਮੈਂ ਤਾਅ ਉਮਰ ਆਪਣੇ ਵਤਨ ਦੀ ਆਜ਼ਾਦੀ ਲਈ ਸੰਜੀਦਗੀ ਨਾਲ ਸੰਘਰਸ਼ ਕਰਦਾ ਰਿਹਾ ਹਾਂ। ਹੁਣ, ਜਦੋਂ ਮੈਂ ਇਸ ਦੁਨੀਆ ਤੋਂ ਰੁਖ਼ਸਤ ਹੋ ਰਿਹਾ ਹਾਂ, ਮੈਨੂੰ ਦੁੱਖ ਹੈ ਕਿ ਮੇਰੇ ਯਤਨ ਕਾਮਯਾਬ ਨਹੀਂ ਹੋਏ। ਪਰ ਨਾਲ ਹੀ ਮੈਨੂੰ ਤਸੱਲੀ ਵੀ ਹੈ ਕਿ ਸੈਂਕੜੇ ਤੇ ਹਜ਼ਾਰਾਂ ਹੋਰ ਮੇਰੇ ਪਿੱਛੇ ਚੱਲੇ ਹਨ ਜੋ ਬਹਾਦਰ ਅਤੇ ਈਮਾਨਦਾਰ ਹਨ। .... ਇਸ ਤਸੱਲੀ ਨਾਲ ਮੈਂ ਆਪਣੇ ਪਿਆਰੇ ਰਾਸ਼ਟਰ ਦਾ ਮੁਕੱਦਰ ਉਨ੍ਹਾਂ ਦੇ ਸਪੁਰਦ ਕਰਦਾ ਹਾਂ।"[10]

20 ਸਤੰਬਰ 1927 ਨੂੰ ਮੌਲਾਨਾ ਬਰਕਤਉਲਾ ਸਾਨ ਫਰਾਂਸਿਸਕੋ ਨੂੰ ਜਾਂਦਿਆਂ ਰਸਤੇ ਵਿਚ ਸਦੀਵੀ ਵਿਛੋੜਾ ਦੇ ਗਏ ਅਤੇ ਸੈਕਰਾਮੈਂਟੋ ਦੇ ਓਲਡ ਸਿਟੀ ਕਬਰਸਤਾਨ ਵਿਚ ਦਫ਼ਨਾ ਦਿੱਤੇ ਗਏ। ਉਨ੍ਹਾਂ ਦੇ ਜਨਾਜ਼ੇ ਵਿਚ ਹਰ ਧਾਰਮਿਕ ਮੱਤ ਦੇ ਹਿੰਦੁਸਤਾਨੀ ਅਮਰੀਕਨ ਸ਼ਾਮਲ

ਹੋਏ ਅਤੇ ਉਨ੍ਹਾਂ ਨੂੰ ਉਮੀਦ ਸੀ ਕਿ ਜਦੋਂ ਹਿੰਦੁਸਤਾਨ ਆਜ਼ਾਦ ਹੋ ਗਿਆ, ਮੌਲਾਨਾ ਦੀਆਂ ਅਸਥੀਆਂ ਆਖ਼ਿਰਕਾਰ ਉਥੇ ਭੇਜ ਦਿੱਤੀਆਂ ਜਾਣਗੀਆਂ। ਪਰ, ਹਾਏ, ਇਹ ਖ਼ਾਹਸ਼ ਪੂਰੀ ਨਾ ਹੋਈ ਅਤੇ ਮੌਲਾਨਾ ਇਸ ਇਤਿਹਾਸਕ ਕਬਰਸਤਾਨ ਦੇ ਖ਼ਾਸ ਤੌਰ 'ਤੇ ਖ਼ੂਬਸੂਰਤ ਹਿੱਸੇ ਵਿਚ ਖ਼ਾਮੋਸ਼ ਪਏ ਹਨ।

ਮੁੱਢਲੇ ਪ੍ਰਭਾਵ

ਵਿਦਵਤਾ ਅਤੇ ਵਿਚਾਰਧਾਰਕ ਪ੍ਰਭਾਵਾਂ ਦੇ ਲਿਹਾਜ਼ ਨਾਲ ਇਹ ਲਾਜ਼ਮੀ ਹੈ ਕਿ ਉਸ ਜ਼ਮਾਨੇ ਦੇ ਭੋਪਾਲ ਦੇ ਧਾਰਮਿਕ ਅਤੇ ਸਮਾਜੀ ਮਾਹੌਲ ਉਪਰ ਉਡਦੀ ਝਾਤ ਮਾਰੀ ਜਾਵੇ। ਜਿਸ ਵਕਤ ਦੌਰਾਨ ਮੌਲਾਨਾ ਅਬਦੁੱਲਾ ਭੋਪਾਲ ਵਿਚ ਸਨ ਓਦੋਂ ਉਥੋਂ ਦੀ ਹੁਕਮਰਾਨ ਸ਼ਾਹਜਹਾਂ ਬੇਗਮ (1868–1901) ਸੀ। ਉਸਦਾ ਪਤੀ ਨਵਾਬ ਸਿਦੀਕ ਹਸਨ ਖ਼ਾਨ (1832–1890) ਸੁਧਾਰਕ ਸੀ ਜਿਸਨੇ ਹਿੰਦੁਸਤਾਨ ਵਿਚ ਘੋਰ-ਰੂੜ੍ਹੀਵਾਦੀ ਅਹਲ-ਏ-ਹਦੀਥ ਤਹਿਰੀਕ ਦੀ ਨੀਂਹ ਰੱਖੀ। ਜਿੰਨੀ ਕੁ ਖਿੰਡੀਪੁੰਡੀ ਜਾਣਕਾਰੀ ਹਾਸਲ ਹੈ ਉਹ ਦਰਸਾਉਂਦੀ ਹੈ ਕਿ ਮਦਰੱਸਾ-ਏ-ਸੁਲੇਮਾਨੀਆ ਦੇ ਉਸਤਾਦ ਦਿਓਬੰਦੀ ਮੱਤ ਦੇ ਸਾਂਚੇ ਵਿਚ ਢਲੇ ਹੋਏ ਕੱਟੜਪੰਥੀ ਸਨ। ਮੌਲਾਨਾ ਬਰਕਤਉਲਾ ਨੇ ਵੀ ਸ਼ੇਖ਼ ਅਬਦੁਲ ਹਕ ਕਾਬੁਲੀ ਤੋਂ ਤਾਲੀਮ ਲਈ ਜਿਸ ਬਾਰੇ ਕਿਹਾ ਜਾਂਦਾ ਸੀ ਕਿ ਉਸ ਦੀ ਸੋਚ 'ਇਨਕਲਾਬੀ' ਸੀ ਅਤੇ ਉਹ ਅਠਾਰਵੀਂ ਸਦੀ ਦੇ ਮੁੜ-ਸੁਰਜੀਤੀਕਾਰ ਸ਼ਾਹ ਵਲੀਉੱਲਾ ਮਹਾਦੀਥ ਦਿੱਲਵੀ ਦਾ ਪੈਰੋਕਾਰ ਸੀ।[11]

ਜਿਸ ਵਕਤ ਬਰਕਤਉਲਾ ਭੋਪਾਲ ਵਿਚ ਸੀ ਉਸ ਦੌਰਾਨ ਨਵਾਬ ਸਿਦੀਕ ਹਸਨ ਖ਼ਾਨ ਬਹੁਤ ਜ਼ਿਆਦਾ ਸਰਗਰਮ ਸੀ ਅਤੇ ਇਹ ਵਧੀਆ ਮੌਕਾ ਸੀ ਕਿ ਉਹ ਉਸਨੂੰ ਮਿਲਿਆ ਹੋਵੇਗਾ। ਉਸਦੇ ਦੋ ਪੁੱਤਰ ਬਰਕਤਉਲਾ ਦੇ ਦੋਸਤ ਸਨ। ਪਰ ਸਰੋਤ ਇਸ ਬਾਰੇ ਖ਼ਾਮੋਸ਼ ਹਨ ਕਿ ਉਸਦਾ ਉਸ ਉਪਰ ਕੀ ਪ੍ਰਭਾਵ ਪਿਆ ਸੀ। ਇਸੇ ਤਰ੍ਹਾਂ, ਸਰਵ-ਇਸਲਾਮਵਾਦੀ ਅੰਦੋਲਨਕਾਰੀ ਜਮਾਲਉਦੀਨ ਅਲ ਅਫ਼ਗਾਨੀ ਨੇ ਵੀ ਭੋਪਾਲ ਫੇਰੀ ਪਾਈ ਸੀ ਅਤੇ ਸੰਭਵ ਹੈ ਬਰਕਤਉਲਾ ਨੂੰ ਮਿਲਿਆ ਹੋਵੇਗਾ। ਪਰ ਬਰਕਤਉਲਾ ਦੀਆਂ ਲਿਖਤਾਂ ਵਿਚ ਸਾਨੂੰ ਕੋਈ ਵੇਰਵਾ ਨਹੀਂ ਮਿਲਦਾ। ਜ਼ਿਆਦਾਤਰ ਜੀਵਨੀਆਂ ਵਿਚ ਦਰ ਹਕੀਕਤ ਕੋਈ ਸਬੂਤ ਪੇਸ਼ ਕੀਤੇ ਬਗ਼ੈਰ ਉਨ੍ਹਾਂ ਦੀ ਸੰਭਵ ਮਿਲਣੀ ਦਾ ਖ਼ਿਆਲ ਜ਼ਾਹਿਰ ਕੀਤਾ ਗਿਆ ਹੈ। ਜਦੋਂਕਿ ਬਰਕਤਉਲਾ ਹਮੇਸ਼ਾ ਹੀ ਆਜ਼ਾਦ ਖ਼ਿਆਲਾਂ ਦੇ ਰਹੇ। ਇਹ ਕਿਹਾ ਜਾ ਸਕਦਾ ਹੈ ਕਿ ਉਹ ਅਕੀਦੇ ਅਤੇ ਸਿਆਸਤ ਪੱਖੋਂ ਦਿਓਬੰਦੀ ਤਹਿਰੀਕ ਦੇ ਜ਼ਿਆਦਾ ਕਰੀਬ ਸਨ (ਇਸ ਦੇ ਇਨਕਲਾਬੀ ਅਤੇ ਸੁਧਾਰਵਾਦੀ ਸ਼ਾਹ ਵਲੀਉਲਾਵਾਦੀ ਹਿੱਸੇ ਉਪਰ ਜ਼ੋਰ ਦਿੰਦੇ ਹੋਏ)। ਬਾਅਦ ਵਿਚ ਉਨ੍ਹਾਂ ਦੀ ਮੌਲਾਨਾ ਮਹਿਮੂਦ ਹਸਨ ਅਤੇ ਮੌਲਾਨਾ ਉਬੈਦਉਲਾ ਸਿੰਧੀ ਨਾਲ ਗੂੜ੍ਹੀ ਸਾਂਝ ਵੀ ਇਹੀ ਗਵਾਹੀ ਦਿੰਦੀ ਹੈ। ਸੰਭਵ ਹੈ ਕਿ ਇਸੇ ਕਾਰਨ ਉਸ ਨੂੰ ਕਿਸੇ ਖ਼ਾਸ ਮੱਤ ਨਾਲ ਜੋੜਕੇ ਦੇਖਣਾ ਅਣਉਚਿਤ ਹੋਵੇਗਾ। ਮਿਸਾਲ ਵਜੋਂ, 1895 'ਚ ਉਸ ਨੂੰ ਲੰਦਨ ਵਿਚ *ਮੀਲਾਦ ਉਨ ਨਬੀ* (ਪੈਗੰਬਰ ਦੇ ਜਨਮ ਦਿਨ) ਦੇ ਜਸ਼ਨਾਂ ਵਿਚ ਸ਼ਾਮਲ ਹੋਣ ਅਤੇ ਅਹਿਮ ਵਕਤਾ ਵਜੋਂ ਸੇਵਾਵਾਂ ਦੇਣ 'ਚ ਕੋਈ ਸਮੱਸਿਆ

ਨਹੀਂ ਸੀ।[12] ਭਾਵੇਂ ਉਨ੍ਹਾਂ ਦੀਆਂ ਲਿਖਤਾਂ ਇਸਲਾਮ ਨਾਲ ਉਨ੍ਹਾਂ ਦੀ ਤਾਅ ਉਮਰ ਵਚਨਬੱਧਤਾ ਅਤੇ ਲਗਾਓ ਨੂੰ ਦਿਖਾਉਂਦੀਆਂ ਹਨ ਇਹ ਤੈਅ ਕਰਨਾ ਮੁਸ਼ਕਲ ਹੈ ਉਹ ਅਕੀਦੇ ਦੇ ਰਿਵਾਜ਼ਾਂ ਦੀ ਕਿੰਨੀ ਕੁ ਪਾਲਣਾ ਕਰਦੇ ਸਨ। ਮਿਸਾਲ ਵਜੋਂ, ਕੀ ਉਹ ਨਮਾਜ਼ ਪੜ੍ਹਦਾ ਸੀ ਅਤੇ ਰੋਜ਼ੇ ਰੱਖਦਾ ਸੀ? ਕੀ ਉਹ ਸਿਰਫ਼ ਹਲਾਲ ਖਾਂਦਾ ਸੀ? ਸਰੋਤ ਇਸ ਬਾਰੇ ਖ਼ਾਮੋਸ਼ ਹਨ।

ਵਿਚਾਰਧਾਰਾਵਾਂ ਦਾ ਮੇਲ

ਹਿੰਦੂ-ਮੁਸਲਿਮ ਏਕਤਾ

ਜਿਵੇਂ ਪਹਿਲਾਂ ਜ਼ਿਕਰ ਕੀਤਾ ਗਿਆ ਹੈ ਬਰਕਤਉਲਾ ਕਈ ਵਿਚਾਰਧਾਰਾਵਾਂ ਨਾਲ ਜੁੜਿਆ ਹੋਇਆ ਸੀ ਜਿਨ੍ਹਾਂ ਨੂੰ ਆਮ ਤੌਰ 'ਤੇ ਸਰਵ-ਇਸਲਾਮਿਕ, ਹਿੰਦੁਸਤਾਨੀ ਰਾਸ਼ਟਰਵਾਦੀ (ਨਾਲ ਹੀ ਇਸ ਦਾ ਵਿਸਤਾਰ ਕਰਦੇ ਹੋਏ ਸਰਵ-ਏਸ਼ੀਆਈ ਅਤੇ ਸਾਮਰਾਜਵਾਦ ਵਿਰੋਧੀ), ਅਤੇ ਕਮਿਊਨਿਜ਼ਮ ਦੇ ਇਕ ਜੁਮਰੇ ਵਿਚ ਰੱਖਿਆ ਜਾ ਸਕਦਾ ਹੈ। ਉਹ ਤਿੰਨਾਂ ਦਾ ਮੇਲਮਿਲਾਪ ਕਰਾਉਣ ਦੇ ਯੋਗ ਕਿਵੇਂ ਹੋਇਆ? ਇਕ ਵਿਚਾਰ ਇਹ ਹੈ ਕਿ ਉਹ ਹਿੰਦੁਸਤਾਨੀ ਅਤੇ ਹੋਰ ਮੁਸਲਮਾਨਾਂ ਨੂੰ ਸਾਮਰਾਜਵਾਦ ਵਿਰੋਧੀ ਸੰਘਰਸ਼ ਵਿਚ ਸ਼ਾਮਲ ਹੋਣ ਲਈ ਪ੍ਰੇਰਤ ਕਰਨ ਵਾਸਤੇ ਧਰਮ ਨੂੰ ਇਕ 'ਦਾਅਪੇਚਕ' ਹਥਿਆਰ ਵਜੋਂ ਇਸਤੇਮਾਲ ਕਰਦੇ ਸਨ। ਇਸ ਵਿਚਾਰ ਅਨੁਸਾਰ ਇਕੋਇਕ ਚੀਜ਼ ਜੋ ਮੁਸਲਮਾਨਾਂ ਨੂੰ ਜਗਾ ਸਕਦੀ ਸੀ ਉਹ 'ਇਸਲਾਮ ਨੂੰ ਖ਼ਤਰਾ' ਦਾ ਨਾਅਰਾ ਲਾਕੇ ਉਨ੍ਹਾਂ ਦੀ ਸਰਵ-ਇਸਲਾਮਿਕ ਸ਼ਨਾਖ਼ਤ ਨੂੰ ਟੁੰਬਣਾ ਹੈ।[13] ਜਦੋਂਕਿ, ਇਹੀ ਦਲੀਲ ਇਹ ਦਿਖਾਉਣ ਲਈ ਦਿੱਤੀ ਜਾ ਸਕਦੀ ਹੈ ਕਿ ਦੋਵਾਂ ਵਿੱਚੋਂ ਕਿਸੇ ਨੂੰ ਵੀ ਉਹ ਤੀਜੇ ਦੇ ਮਨੋਰਥਾਂ ਨੂੰ ਪੂਰੇ ਕਰਨ ਲਈ ਇਸਤੇਮਾਲ ਕਰ ਰਿਹਾ ਸੀ। ਸਮਝ ਦਾ ਇਕ ਬਦਲਵਾਂ ਢੰਗ ਹੈ ਬਰਕਤਉਲਾ ਦੇ ਹਰ ਥਾਂ ਸਾਮਰਾਜਵਾਦ ਨੂੰ ਹਰਾਉਣ ਦੇ ਮੁੱਖ ਨਿਸ਼ਾਨੇ ਤਹਿਤ ਤਿੰਨਾਂ ਹੀ ਵਿਚਾਰਧਾਰਾਵਾਂ ਦੇ ਸਾਂਝੇ ਸਿਧਾਂਤਾਂ ਦਾ ਪੈਰੋਕਾਰ ਹੋਣ ਦੀ ਧਾਰਨਾ ਬਣਾਉਣਾ। ਇਕ ਅਰਥ 'ਚ ਵਿਚਾਰਧਾਰਾਵਾਂ ਦੀ ਬਹੁਲਤਾ ਤਹਿਤ ਇਹ ਪਛਾਣਕਾਰੀ ਉਸੇ ਤਰ੍ਹਾਂ ਦੀ ਸੀ ਜੋ ਮੌਲਾਨਾ ਮੁਹੰਮਦ ਅਲੀ ਨੇ 1930 'ਚ ਲੰਦਨ ਵਿਚ ਗੋਲ ਮੇਜ਼ ਕਾਨਫਰੰਸ ਦੌਰਾਨ ਪੇਸ਼ ਕੀਤੀ ਸੀ:

"ਮੈਂ ਇਕੋ ਨਾਪ ਦੇ ਦੋ ਚੱਕਰਾਂ ਨਾਲ ਸਬੰਧਤ ਹਾਂ, ਪਰ ਜੋ ਸਮਕੇਂਦਰੀ ਨਹੀਂ ਹਨ। ਇਕ ਹੈ ਹਿੰਦੁਸਤਾਨ ਅਤੇ ਦੂਜਾ ਹੈ ਮੁਸਲਿਮ ਜਗਤ। ਜਦੋਂ 1920 'ਚ ਮੈਂ ਖ਼ਲੀਫ਼ੇ ਦੇ ਵਫ਼ਦ ਦਾ ਮੁਖੀ ਬਣਕੇ ਇੰਗਲੈਂਡ ਆਇਆ ਤਾਂ ਮੇਰੇ ਦੋਸਤ ਨੇ ਕਿਹਾ: "ਤੁਹਾਡੇ ਕੋਲ ਆਪਣੀ ਲਿਖਣ-ਸਮੱਗਰੀ ਲਈ ਲਾਜ਼ਮੀ ਹੀ ਕਿਸੇ ਤਰ੍ਹਾਂ ਦੀ ਕਲਗੀ ਹੋਣੀ ਚਾਹੀਦੀ ਹੈ। ਮੈਂ ਤੈਅ ਕੀਤਾ ਕਿ ਇਹ ਕਲਗੀ ਐਸੀ ਹੋਵੇ ਜਿਸਦੇ ਦੋ ਚੱਕਰ ਹੋਣ। ਇਕ ਚੱਕਰ ਵਿਚ "ਹਿੰਦੁਸਤਾਨ" ਲਫ਼ਜ਼ ਸੀ; ਦੂਜਾ "ਖ਼ਿਲਾਫ਼ਤ" ਲਫ਼ਜ਼ ਵਾਲਾ ਚੱਕਰ ਇਸਲਾਮ ਸੀ। ਅਸੀਂ ਹਿੰਦੁਸਤਾਨੀ ਮੁਸਲਮਾਨ ਦੋਹਾਂ ਚੱਕਰਾਂ ਦੇ ਅੰਦਰ ਆ ਗਏ। ਅਸੀਂ ਇਨ੍ਹਾਂ ਦੋ ਚੱਕਰਾਂ ਨਾਲ ਸਬੰਧਤ ਹਾਂ, ਹਰੇਕ ਵਿਚ 30 ਕਰੋੜ ਤੋਂ ਵੱਧ ਗਿਣਤੀ ਹੈ, ਅਤੇ ਅਸੀਂ ਕਿਸੇ ਨੂੰ ਵੀ ਛੱਡ ਨਹੀਂ ਸਕਦੇ। ਅਸੀਂ ਰਾਸ਼ਟਰਵਾਦੀ ਨਹੀਂ ਸਗੋਂ ਸੁਪਰ-ਰਾਸ਼ਟਰਵਾਦੀ ਹਾਂ, ਅਤੇ ਮੈਂ ਬਤੌਰ ਇਕ ਮੁਸਲਮਾਨ ਕਹਿੰਦਾ ਹਾਂ ਕਿ "ਅੱਲਾ

ਨੇ ਬੰਦਾ ਬਣਾਇਆ ਅਤੇ ਸ਼ੈਤਾਨ ਨੇ ਰਾਸ਼ਟਰ ਬਣਾਇਆ।" ਰਾਸ਼ਟਰਵਾਦ ਵੰਡਦਾ ਹੈ; ਸਾਡਾ ਧਰਮ ਜੋੜਦਾ ਹੈ। ਕੋਈ ਵੀ ਧਾਰਮਿਕ ਜੰਗ, ਕੋਈ ਵੀ ਜਹਾਦ ਐਨੇ ਮਹਾਂਨਾਸ਼ ਕਰਨ ਵਾਲੇ ਅਤੇ ਐਨੇ ਜ਼ਾਲਮ ਨਹੀਂ ਰਹੇ ਜਿਵੇਂ ਤੁਹਾਡੀ ਪਿਛਲੀ ਜੰਗ ਰਹੀ ਹੈ, ਅਤੇ ਉਹ ਜੰਗ ਤੁਹਾਡੇ ਰਾਸ਼ਟਰਵਾਦ ਦੀ ਜੰਗ ਸੀ, ਅਤੇ ਉਹ ਮੇਰਾ ਜਹਾਦ ਨਹੀਂ ਸੀ। ਪਰ ਜਿੱਥੋਂ ਤਕ ਮੇਰੇ ਮੁਲਕ ਦਾ, ਜਿੱਥੋਂ ਤਕ ਟੈਕਸ ਲਾਏ ਜਾਣ ਦਾ, ਜਿੱਥੋਂ ਤਕ ਫ਼ਸਲਾਂ ਦਾ, ਜਿੱਥੋਂ ਤਾਈਂ ਸਧਾਰਨ ਜ਼ਿੰਦਗੀ ਦੇ ਉਨ੍ਹਾਂ ਹਜ਼ਾਰਾਂ ਮਾਮਲਿਆਂ ਵਿਚ ਕੁਲ ਸੰਸਥਾਵਾਂ ਦਾ ਸਵਾਲ ਹੈ, ਜੋ ਹਿੰਦੁਸਤਾਨ ਦੀ ਭਲਾਈ ਲਈ ਹਨ, ਮੈਂ ਕਿਵੇਂ ਕਹਿ ਸਕਦਾ ਹਾਂ "ਮੈਂ ਮੁਸਲਮਾਨ ਹਾਂ ਅਤੇ ਉਹ ਹਿੰਦੂ ਹੈ"? ਹਿੰਦੂ ਅਤੇ ਮੁਸਲਮਾਨ ਦਰਮਿਆਨ ਝਗੜਿਆਂ ਬਾਰੇ ਗ਼ਲਤੀ ਨਾ ਕਰਿਓ, ਉਹ ਮਹਿਜ਼ ਗ਼ਲਬੇ ਦੇ ਭੈਅ ਉਪਰ ਖੜ੍ਹੇ ਕੀਤੇ ਗਏ ਹੁੰਦੇ ਹਨ।"[13,14]

ਬਰਕਤਉਲਾ ਨੂੰ ਵੀ ਇਕੋ ਨਾਪ ਦੇ ਤਿੰਨ ਚੱਕਰਾਂ ਨਾਲ ਸਬੰਧਤ ਮੁਸਲਮਾਨ ਵਜੋਂ ਤਸੱਵਰ ਕੀਤਾ ਜਾ ਸਕਦਾ ਹੈ। ਜਦੋਂਕਿ, ਮੁਹੰਮਦ ਅਲੀ ਦੇ ਉਲਟ ਉਹ ਇਨ੍ਹਾਂ ਦੂਜੀਆਂ ਦੋ ਪਛਾਣਾਂ ਦਾ ਵਿਰੋਧੀ ਨਹੀਂ ਸੀ ਜਿਨ੍ਹਾਂ ਨੇ ਜਾਪਦਾ ਸੀ ਉਸਨੂੰ ਬਹੁਤ ਸਾਰੇ "ਪਰੰਪਰਾ ਤੋਂ ਹਟਵੇਂ ਪੈਂਤੜੇ"[15] ਲੈਣ ਦੀ ਇਜਾਜ਼ਤ ਦਿੱਤੀ ਸੀ। ਬਰਕਤਉਲਾ ਦੀਆਂ ਲਿਖਤਾਂ ਦਿਖਾਉਂਦੀਆਂ ਹਨ ਕਿ ਉਹ ਖ਼ਲੀਫ਼ੇ ਦੀ ਪਦਵੀ ਦੇ ਖ਼ਿਆਲ ਦਾ ਡੱਟਵਾਂ ਹਮਾਇਤੀ ਸੀ। ਆਪਣੀ ਕਿਤਾਬ ਅਲ ਖ਼ਲੀਫ਼ਾ ਵਿਚ ਉਹ ਲਿਖਦੇ ਹਨ ਕਿ ਖ਼ਲੀਫ਼ੇ ਦੀ ਪਦਵੀ ਦਾ ਖ਼ਾਤਮਾ ਇਸਲਾਮ ਅਤੇ ਮੁਸਲਮਾਨਾਂ ਲਈ ਘਾਟਾ ਸੀ ਅਤੇ ਇਸ ਦੀ ਸਥਾਪਨਾ ਉਨ੍ਹਾਂ ਲਈ ਵਰਦਾਨ ਸੀ।[16] ਪਰ ਜਿਸ ਨੂੰ ਅਕਸਰ ਹੀ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਨੇ ਖ਼ਲੀਫ਼ੇ ਦੀ ਪਦਵੀ ਦੀ ਧਾਰਨਾ ਦੋ ਪੱਧਰਾਂ 'ਤੇ ਬਣਾਈ: ਰੂਹਾਨੀ ਅਤੇ ਸਿਆਸੀ। ਪੱਤਰਕਾਰ ਅਬਦੁਲ ਮਜੀਦ ਦਰਿਆਬਾਦੀ ਨੂੰ ਲਿਖੇ ਖ਼ਤ ਵਿਚ ਉਹ ਲਿਖਦੇ ਹਨ:

"ਅੱਜ, ਸਿਆਸੀ ਮਾਇਨੇ 'ਚ ਇਸਲਾਮਿਕ ਮੁਲਕ ਵੰਡੇ ਹੋਏ ਹਨ, ਅਤੇ ਇਸਲਾਮ ਜਗਤ ਨੂੰ ਸਿਆਸੀ ਤੌਰ 'ਤੇ ਇਕਜੁੱਟ ਕਰਨਾ ਅਸੰਭਵ ਹੈ। ਪਰ, ਹਾਂ ਉਨ੍ਹਾਂ ਦੇ ਇਖ਼ਲਾਕੀ ਵਤੀਰੇ ਨੂੰ ਸੁਧਾਰਨ ਲਈ ਸਿਰਫ਼ ਰੂਹਾਨੀ ਏਕਤਾ ਹੀ ਦਰਕਾਰ ਹੈ। ਜਦੋਂ ਉਨ੍ਹਾਂ ਦੇ ਇਖ਼ਲਾਕੀ ਅਸੂਲ ਦਰੁਸਤ ਹੋ ਗਏ ਤਾਂ ਹਰ ਚੀਜ਼ ਥਾਂ ਸਿਰ ਹੋ ਜਾਵੇਗੀ। ਅਹਿਮ ਚੀਜ਼ ਹੈ ਸੁਨਾ (ਪੈਗੰਬਰ ਦੇ ਰਸਤੇ) 'ਤੇ ਚੱਲਣਾ। ਰੂਹਾਨੀ ਵਿਕਾਸ ਜ਼ਰੀਏ, ਪੈਗੰਬਰ ਨੇ ਸਿਰਕੱਢ ਮਨੁੱਖ ਸਿਰਜੇ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦੁਨੀਆ ਦੇ ਇਤਿਹਾਸ ਨੂੰ ਬਦਲਣ ਦੇ ਲੇਖੇ ਲਾ ਦਿੱਤੀ।"[17]

ਫੌਰੀ ਨਿਸ਼ਾਨਾ ਖ਼ਲੀਫ਼ਾ ਦੀ ਰੂਹਾਨੀ ਪਦਵੀ ਸਥਾਪਤ ਕਰਨਾ ਸੀ। ਉਸ ਦੀ ਸਮਝ ਅਨੁਸਾਰ ਇਹ ਤਰਕਸੰਗਤ ਸੀ, ਇਸ ਨੂੰ ਸਥਾਪਤ ਕਰਨਾ ਆਖ਼ਿਰ ਖ਼ਲੀਫ਼ੇ ਦੀ ਸਿਆਸੀ ਪਦਵੀ ਬਣਾਏ ਜਾਣ ਵੱਲ ਹੀ ਲੈ ਜਾਵੇਗਾ। ਇਸ ਸੋਚ ਦੇ ਪਿੱਛੇ ਇਹ ਵਿਚਾਰ ਪਿਆ ਸੀ ਕਿ ਸੱਚਾ ਧਰਮ ਇਕ ਹੀ ਹੈ ਅਤੇ ਵੱਖੋ-ਵੱਖਰੇ ਰੂਪ ਗ਼ਲਤਫ਼ਹਿਮੀ ਅਤੇ ਅਗਿਆਨਤਾ ਦੇ ਕਾਰਨ ਹਨ। 1907 'ਚ ਹਸਰਤ ਮੁਹਾਨੀ ਦੇ ਉਰਦੂ-ਏ-ਮੁਆਲਾ ਵਿਚ ਛਪੇ ਆਪਣੇ ਲੰਮੇ ਫਾਰਸੀ ਲੇਖ ਵਿਚ ਉਹ ਲਿਖਦੇ ਹਨ:

"ਵੱਖੋ-ਵੱਖਰੇ ਅਕੀਦਿਆਂ ਦਾ ਲਾਜ਼ਮੀ ਵਖਰੇਵਾਂ ਸ਼ਬਦਾਵਲੀ ਨੂੰ ਸਮਝਣ 'ਚ ਟਪਲਾ ਖਾਣ ਦਾ ਨਤੀਜਾ ਨਹੀਂ ਹੈ, ਵਰਨਾ ਉਹ ਸਾਰੇ ਉਹੀ ਤਾਂ ਹਾਸਲ ਕਰਨਾ ਚਾਹੁੰਦੇ ਹਨ। ਮਿਸਾਲ ਵਜੋਂ, ਮੁਸਲਮਾਨ ਆਪਣੇ ਗਿਆਨੀਆਂ ਨੂੰ ਪੈਗੰਬਰ ਅਤੇ ਸੰਤ ਕਹਿੰਦੇ ਹਨ। ਹਿੰਦੂ ਉਨ੍ਹਾਂ ਨੂੰ ਅਵਤਾਰ ਵਗੈਰਾ ਕਹਿੰਦੇ ਹਨ। ਭਗਵਾਨ ਦੇ ਧਰਮ (ਦੀਨ-ਏ-ਇਲਾਹੀ) ਦਾ ਸੱਚਾ ਨਿਸ਼ਾਨਾ ਇਨਸਾਨੀਅਤ ਲਈ ਪਿਆਰ ਪੈਦਾ ਕਰਨਾ ਅਤੇ ਰੂਹਾਨੀਅਤ ਦੇ ਨੂਰ ਨਾਲ ਅਗਿਆਨਤਾ ਨੂੰ ਦੂਰ ਕਰਨਾ ਹੈ।"[18]

ਇਨ੍ਹਾਂ ਮਾਇਨਿਆਂ 'ਚ ਖ਼ਲੀਫ਼ੇ ਦੀ ਸਿਆਸੀ ਪਦਵੀ ਤੰਗ ਸੰਕੀਰਣ ਵਜੂਦ ਵਾਲੀ ਨਹੀਂ ਸੀ ਸਗੋਂ ਐਸੀ ਸਰਵਵਿਆਪਕ ਸੀ ਜੋ ਸਾਰੇ ਧਰਮਾਂ ਦੇ ਲੋਕਾਂ ਨੂੰ ਖਿੱਚਦੀ ਸੀ। ਇਹ ਇਕ ਦੂਰਗਾਮੀ ਪ੍ਰੋਜੈਕਟ ਵੀ ਸੀ ਜਿਸ ਨੂੰ ਬਹੁਤ ਸਾਲ ਅਤੇ ਸਦੀਆਂ ਲੱਗਣਗੀਆਂ। ਇਹ ਨਿਸ਼ਾਨਾ ਹਿੰਦੁਸਤਾਨੀ ਰਾਸ਼ਟਰਵਾਦੀਆਂ ਅਤੇ ਹੋਰ ਸਾਮਰਾਜਵਾਦ ਵਿਰੋਧੀਆਂ ਨੂੰ ਬਸਤੀਵਾਦ ਤੋਂ ਬੰਦ-ਖ਼ਲਾਸੀ ਦੇ ਵਧੇਰੇ ਫੌਰੀ ਨਿਸ਼ਾਨਿਆਂ ਉਪਰ ਕੇਂਦਰਤ ਕਰਨ ਤੋਂ ਨਹੀਂ ਰੋਕੇਗਾ। ਲਿਹਾਜ਼ਾ ਆਪਣੇ ਲੇਖ *ਹਿੰਦੂ ਮੁਸਲਮਾਨ ਦਾਰ ਹਿੰਦੁਸਤਾਨ* ਵਿਚ ਉਹ ਲਿਖਦੇ ਹਨ ਕਿ ਹਿੰਦੁਸਤਾਨੀ ਮੁਸਲਮਾਨਾਂ ਦੀਆਂ ਦੋ ਜ਼ਿੰਮੇਵਾਰੀਆਂ ਹਨ—1) ਅਕੀਦੇ ਪ੍ਰਤੀ ਜ਼ਿੰਮੇਵਾਰੀ 2) ਮੁਲਕ ਪ੍ਰਤੀ ਜ਼ਿੰਮੇਵਾਰੀ। ਇਨ੍ਹਾਂ ਨੂੰ ਹਿੰਦੂ-ਮੁਸਲਿਮ ਏਕਤਾ ਹਾਸਲ ਕਰਕੇ ਹੀ ਪੂਰੀਆਂ ਕੀਤਾ ਜਾ ਸਕਦਾ ਹੈ:

"ਵਤਨ ਦਾ ਪਿਆਰ ਜ਼ਿੰਦਗੀ ਅਤੇ ਧਨ-ਦੌਲਤ ਨੂੰ ਕੌਮ ਦੀ ਖ਼ਿਦਮਤ 'ਚ ਲਾਉਣ ਦੀ ਮੰਗ ਕਰਦਾ ਹੈ। ਮਨੁੱਖਤਾ ਦਾ ਇਤਿਹਾਸ ਇਸ ਸਚਾਈ ਦਾ ਗਵਾਹ ਹੈ ਕਿ ਵਤਨ ਦੇ ਪਿਆਰ ਤੋਂ ਵਿਛੁੰਨਾ ਬੰਦਾ ਮਨੁੱਖਤਾ ਦੇ ਦਾਇਰੇ ਤੋਂ ਬਾਹਰ ਹੋ ਜਾਂਦਾ ਹੈ।....ਅਕੀਦੇ ਪ੍ਰਤੀ ਜ਼ਿੰਮੇਵਾਰੀ ਮੰਗ ਕਰਦੀ ਹੈ ਕਿ ਹਿੰਦੁਸਤਾਨੀ ਮੁਸਲਮਾਨ ਜਗਤ ਦੇ ਸਾਰੇ ਮੁਸਲਮਾਨਾਂ ਦੇ ਦੋਸਤ ਬਣਨ ਅਤੇ ਹਰ ਸੰਭਵ ਹੈਸੀਅਤ 'ਚ ਉਨ੍ਹਾਂ ਦੀ ਮਦਦ ਕਰਨ। ਇਹ ਦੋ ਜ਼ਿੰਮੇਵਾਰੀਆਂ ਫਿਰ ਹੀ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ ਜੇ ਹਿੰਦੂ-ਮੁਸਲਿਮ ਏਕਤਾ ਹੁੰਦੀ ਹੈ।"[19]

ਉਨ੍ਹਾਂ ਨੇ ਮਹਿਸੂਸ ਕੀਤਾ ਕਿ ਉਮਾਹ (ਵਤਨ) ਦੀ ਸੁਰੱਖਿਆ ਅਤੇ ਸਲਾਮਤੀ ਹਿੰਦੂ-ਮੁਸਲਿਮ ਏਕਤਾ 'ਤੇ ਮੁਨੱਸਰ ਹੈ:

"ਮਿਲਤ-ਏ-ਇਸਲਾਮੀਆ (ਇਸਲਾਮੀ ਰਾਸ਼ਟਰ) ਦੀ ਸੁਰੱਖਿਆ ਅਤੇ ਮੁਸਲਿਮ ਮੁਲਕਾਂ ਦੀ ਸਥਾਪਨਾ ਲਈ ਇਹ ਅਹਿਮ ਹੈ ਕਿ ਮੁਸਲਮਾਨ ਆਮ ਤੌਰ 'ਤੇ ਏਸ਼ੀਆ ਦੇ ਲੋਕਾਂ ਨੂੰ ਅਤੇ ਖ਼ਾਸ ਤੌਰ 'ਤੇ ਹਿੰਦੁਸਤਾਨੀ ਲੋਕਾਂ ਨੂੰ ਮੁਹੱਬਤ ਕਰਨ।"[20]

ਇਕ ਹੋਰ ਥਾਂ ਉਹ ਮਹਿਸੂਸ ਕਰਦੇ ਹਨ ਕਿ "ਵਤਨ ਲਈ ਮੁਹੱਬਤ" ਉਹ ਬੰਧਨ ਹੈ ਜੋ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਜੋੜਦਾ ਹੈ:

"ਹਿੰਦੂਆਂ ਅਤੇ ਮੁਸਲਮਾਨਾਂ ਦਰਮਿਆਨ ਏਕਤਾ ਦਾ ਸਵਾਲ ਮੁਲਕ ਦੀ ਮੁਹੱਬਤ ਹੈ ਕਿਉਂਕਿ ਦੋਵੇਂ ਇਕੋ ਮੁਲਕ ਦੇ ਬਾਸ਼ਿੰਦੇ ਹਨ। ਦੋਵੇਂ ਗ਼ਰੀਬੀ ਅਤੇ ਅਕਾਲ ਦੀਆਂ ਮੁਸੀਬਤਾਂ ਤੋਂ ਬਰਾਬਰ ਪੀੜਤ ਹਨ।"[21]

ਇਹ ਪੁੱਛਿਆ ਜਾ ਸਕਦਾ ਹੈ ਕਿ ਕੀ ਉਹ ਸਰਵਵਿਆਪਕ ਖ਼ਲੀਫ਼ੇ ਦੀ ਪਦਵੀ ਦੀ ਸਥਾਪਨਾ ਦੀ ਖ਼ਿਦਮਤ ਵਿਚ ਹਿੰਦੁਸਤਾਨੀ ਰਾਸ਼ਟਰਵਾਦ ਨੂੰ ਇਸਤੇਮਾਲ ਕਰ ਰਿਹਾ ਸੀ? ਇੰਞ ਨਹੀਂ ਲੱਗਦਾ ਕਿਉਂਕਿ ਉਹ ਮੁਸਲਮਾਨਾਂ ਅਤੇ ਨਾਲ ਹੀ ਹਿੰਦੁਸਤਾਨੀਆਂ ਤੇ ਏਸ਼ੀਅਨਾਂ ਨੂੰ ਸਾਮਰਾਜਵਾਦ ਦੇ ਪੀੜਤ ਸਮਝਦਾ ਸੀ। ਉਨ੍ਹਾਂ ਦੀ ਕਿਸੇ ਵੀ ਲਿਖਤ ਵਿਚ ਸਾਨੂੰ ਹੋਰ ਕੌਮਾਂ ਦੇ ਗ਼ਲਬੇ ਦੀ ਵਕਾਲਤ ਨਹੀਂ ਮਿਲਦੀ। ਉਹ ਜਿਸ ਦੇ ਹਾਮੀ ਸਨ ਉਸਨੂੰ ਸਾਮਰਾਜਵਾਦ ਨੂੰ ਹਰਾਉਣ ਦੇ ਨਿਸ਼ਾਨੇ ਵਾਲਾ "ਦੱਬੇਕੁਚਲਿਆਂ ਦਾ ਗੱਠਜੋੜ" ਕਿਹਾ ਜਾ ਸਕਦਾ ਹੈ। ਜਦੋਂ ਅਸੀਂ ਉਨ੍ਹਾਂ ਵਲੋਂ ਸੋਵੀਅਤ ਯੂਨੀਅਨ ਦੇ ਖ਼ਿਲਾਫ਼ ਤੁਰਕ ਲੋਕਾਂ ਦੀ ਬਗ਼ਾਵਤ ਦਾ ਵਿਰੋਧ ਕੀਤੇ ਜਾਣ ਬਾਰੇ ਚਰਚਾ ਕਰਦੇ ਹਾਂ ਤਾਂ ਅੱਗੇ ਇਸ ਦੀ ਹੋਰ ਵਿਆਖਿਆ ਹੋ ਜਾਵੇਗੀ। ਉਹ ਮਹਿਸੂਸ ਕਰਦੇ ਸਨ ਕਿ ਸੁਨਾਹ ਦੇ ਵਿਹਾਰਕ ਨਿਸ਼ਾਨੇ ਸਮਾਜੀ ਨਿਆਂ ਅਤੇ ਮਜ਼ਦੂਰਾਂ ਦੇ ਹੱਕਾਂ ਨਾਲ ਪੂਰੀ ਤਰ੍ਹਾਂ ਮੇਲ ਖਾਂਦੇ ਹਨ। ਜਦੋਂ ਧਾਰਮਿਕ ਝਗੜਿਆਂ ਨੂੰ ਸਿਆਸੀ ਅਤੇ ਆਰਥਕ ਮਾਮਲਿਆਂ ਤੋਂ ਪਿੱਛੇ ਰੱਖਣ ਦਾ ਸਵਾਲ ਆਇਆ ਤਾਂ ਉਨ੍ਹਾਂ ਨੂੰ ਨਿਆਂ ਦੀ ਸਰਵਵਿਆਪਕ ਭਾਵਨਾ ਨੂੰ ਸਭ ਤੋਂ ਪਹਿਲਾਂ ਰੱਖਣ 'ਚ ਕੋਈ ਮੁਸ਼ਕਲ ਮਹਿਸੂਸ ਨਹੀਂ ਹੋਈ। *ਹਿੰਦੂ, ਸਿੱਖ, ਮੁਸਲਿਮ ਇਤਹਾਦ* ਨਾਂ ਦੇ ਲੇਖ ਵਿਚ ਉਹ ਲਿਖਦੇ ਹਨ:

"ਕੌਮ ਦੇ ਆਗੂਆਂ ਦੀ ਧਿਆਨ ਨਾਲ ਚੋਣ ਕਰਨ ਦਾ ਵਕਤ ਆ ਗਿਆ ਹੈ। ਕਿਸਾਨਾਂ, ਮਜ਼ਦੂਰਾਂ ਅਤੇ ਬੇਆਵਾਜ਼ਿਆਂ ਨੂੰ ਇੰਗਲੈਂਡ ਦੇ ਮਜ਼ਦੂਰਾਂ ਦੇ ਨਕਸ਼ੇ-ਕਦਮਾਂ 'ਤੇ ਚਲਣਾ ਚਾਹੀਦਾ ਹੈ ਅਤੇ ਆਪਣੇ ਆਗੂ ਆਪਣੀਆਂ ਸਫ਼ਾਂ ਵਿੱਚੋਂ ਚੁਣਨੇ ਚਾਹੀਦੇ ਹਨ। ਉਨ੍ਹਾਂ ਨੂੰ ਇਹ ਆਗੂ ਵਿਧਾਨ-ਸਭਾ, ਮਿਉਂਸਪਲ ਕਮੇਟੀਆਂ ਅਤੇ ਵਿਧਾਨਸਾਜ਼ ਕੌਂਸਲਾਂ ਵਿਚ ਭੇਜਣੇ ਚਾਹੀਦੇ ਹਨ। ਉਨ੍ਹਾਂ ਨੂੰ ਸਿਆਸੀ ਅਤੇ ਆਰਥਕ ਮੁੱਦਿਆਂ ਨੂੰ ਹੋਰ ਬਾਕੀ ਮੁੱਦਿਆਂ ਤੋਂ ਉਪਰ ਰੱਖਣਾ ਚਾਹੀਦਾ ਹੈ। ਧਾਰਮਿਕ ਰੀਤੀ-ਰਿਵਾਜ ਮਸਜਿਦਾਂ, ਗੁਰਦੁਆਰਿਆਂ ਅਤੇ ਮੰਦਰਾਂ ਵਿਚ ਪੂਰੇ ਕੀਤੇ ਜਾ ਸਕਦੇ ਹਨ ਪਰ ਇਨ੍ਹਾਂ ਨੂੰ ਸਿਆਸੀ ਅਤੇ ਆਰਥਕ ਮੁੱਦਿਆਂ ਤੋਂ ਅਲੱਗ ਰੱਖਣਾ ਚਾਹੀਦਾ ਹੈ।"[22] (ਜ਼ੋਰ ਮੇਰੇ ਵਲੋਂ)

ਉਨ੍ਹਾਂ ਨੇ ਦੁੱਖ ਜ਼ਾਹਿਰ ਕੀਤਾ ਕਿ ਵਕਤ ਦੇ ਕੌਮੀ ਅਖ਼ਬਾਰ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਦਰਮਿਆਨ ਦੇ ਝਗੜਿਆਂ ਨੂੰ ਤਾਂ ਬਥੇਰਾ ਉਛਾਲ ਰਹੇ ਹਨ ਪਰ ਹਿੰਦੁਸਤਾਨ ਦੇ 25 ਕਰੋੜ ਲੋਕਾਂ ਦੀ ਕੰਗਾਲੀ ਨੂੰ ਨਜ਼ਰਅੰਦਾਜ਼ ਕਰ ਰਹੇ ਹਨ। ਉਨ੍ਹਾਂ ਨੇ ਲੋਕਾਂ ਨੂੰ ਇਤਿਹਾਸਕ ਅਤੇ ਧਾਰਮਿਕ ਝਗੜਿਆਂ ਨੂੰ ਭੁੱਲ ਜਾਣ ਅਤੇ ਇਨ੍ਹਾਂ ਦੀ ਥਾਂ ਆਜ਼ਾਦੀ ਅਤੇ ਗ਼ਰੀਬੀ ਦੇ ਅਸਲ ਮੁੱਦਿਆਂ ਉਪਰ ਜ਼ੋਰ ਦੇਣ ਦੀ ਤਾਕੀਦ ਕੀਤੀ:

"ਔਰੰਗਜ਼ੇਬ ਨੂੰ ਮਰੇ ਨੂੰ ਅਤੇ ਉਸਦੀ ਔਲਾਦ ਨੇ ਜੋ ਮੁੱਲ ਚੁਕਾਇਆ ਉਸ ਨੂੰ ਵੀ ਦੋ ਸੌ ਸਾਲ ਹੋ ਗਏ ਹਨ – ਭਾਵ ਉਸ ਦੀ ਸਲਤਨਤ ਉਨ੍ਹਾਂ ਤੋਂ ਖੁਸ ਗਈ। ਜਦੋਂ ਅਸੀਂ ਬੀਤੇ ਨੂੰ ਚੇਤੇ ਕਰਦੇ ਹਾਂ ਅਤੇ ਫ਼ਸਾਦ ਤੇ ਕਤਲ ਕਰਦੇ ਹਾਂ ਤਾਂ ਇਸ ਦਾ ਹਾਸਲ ਕੀ ਹੈ? ਕੀ ਇਸ ਨਾਲ ਗ਼ਰੀਬ ਨੂੰ ਰੋਟੀ, ਕੱਪੜਾ ਅਤੇ ਮਕਾਨ ਮਿਲ ਜਾਂਦਾ ਹੈ?... ਗੁੰਡਿਆਂ ਅਤੇ ਬਦਮਾਸ਼ਾਂ ਤੋਂ ਖ਼ਬਰਦਾਰ ਹੋਵੋ ਜੋ ਬਿਲਾ ਵਜ੍ਹਾ ਜਾਂ ਕਿਸੇ ਦੀ ਭੜਕਾਹਟ ਵਿਚ ਆ ਕੇ ਆਪਣੇ ਭਰਾਵਾਂ ਦਾ

ਖ਼ੂਨ ਵਹਾਉਂਦੇ ਹਨ। ਉਨ੍ਹਾਂ ਨੂੰ ਮਰਨ ਦਿਓ। ਉਨ੍ਹਾਂ ਤੋਂ ਬਗ਼ੈਰ ਦੁਨੀਆ ਬਿਹਤਰ ਹੋਵੇਗੀ। ਕੀ ਦਸ-ਪੰਦਰਾਂ ਦੰਗੇ-ਫ਼ਸਾਦ ਕਰਨ ਵਾਲੇ ਰਾਸ਼ਟਰ ਵਿਰੋਧੀ 25 ਕਰੋੜ ਤੋਂ ਜ਼ਿਆਦਾ ਅਹਿਮ ਹਨ ਜੋ ਮਿਹਨਤ-ਮੁਸ਼ੱਕਤ ਕਰਕੇ ਖਾਣ ਲਈ ਉਗਾਉਂਦੇ ਹਨ?"

ਬਰਕਤਉਲਾ ਸੰਕੀਰਣਤਾਵਾਦ ਜਾਂ ਧੜੇਬੰਦੀ ਨੂੰ ਬਰਦਾਸ਼ਤ ਨਹੀਂ ਸੀ ਕਰਦੇ। ਉਨ੍ਹਾਂ ਨੇ ਆਪਸੀ ਲੜਾਈਆਂ ਤੋਂ ਦੂਰ ਰਹਿਕੇ ਅਮਲ ਵਿਚ ਇਹ ਦਿਖਾਇਆ ਅਤੇ ਬਹੁਤ ਸਾਰੇ ਮੌਕਿਆਂ 'ਤੇ ਝਗੜੇ 'ਚ ਉਲਝੇ ਇਨਕਲਾਬੀਆਂ ਵਿਚਾਲੇ ਸੁਲ੍ਹਾ-ਸਫ਼ਾਈ ਕਰਾਉਣ ਦੇ ਯਤਨ ਕੀਤੇ। ਜਦੋਂ ਆਰਜ਼ੀ ਹਕੂਮਤ ਅੰਦਰ ਰਾਜਾ ਮਹਿੰਦਰ ਪ੍ਰਤਾਪ ਅਤੇ ਉਬੈਦਉੱਲਾ ਸਿੰਧੀ ਦਰਮਿਆਨ ਤਕਰਾਰ ਹੋ ਗਿਆ ਤਾਂ ਉਨ੍ਹਾਂ ਵਲੋਂ ਕਿਸੇ ਦਾ ਪੱਖ ਨਾ ਲੈਣ ਤੋਂ ਇਹ ਪ੍ਰਤੱਖ ਹੈ। ਉਬੈਦਉਲਾ 'ਮਾਲਵੀਆ ਦੇ ਪ੍ਰਭਾਵ ਹੇਠ ਪਹਿਲੇ ਨੂੰ ਤੁਅੱਸਬੀ ਹਿੰਦੂ' ਸਮਝਦਾ ਸੀ, ਜਿਸਨੇ ਮੁਸਲਮਾਨਾਂ ਨੂੰ ਸਿਰਫ਼ ਸਲਾਹ-ਮਸ਼ਵਰੇ ਲਈ ਨਾਲ ਰੱਖਿਆ ਸੀ ਅਤੇ ਸਰਕਾਰ ਦੇ ਅਸਲ ਕੰਮਾਂ ਲਈ ਨਹੀਂ।[23] ਬਰਕਤਉਲਾ ਝਗੜੇ ਵਿਚ ਧਿਰ ਨਾ ਬਣੇ ਅਤੇ ਇਸ ਦੀ ਥਾਂ ਆਪਣੀ ਕੁਲ ਤਾਕਤ ਲਹਿਰ ਨੂੰ ਅੱਗੇ ਵਧਾਉਣ ਉਪਰ ਲਾਈ।

ਲੈਨਿਨ ਅਤੇ ਬਾਲਸ਼ਵਾਦ

ਮਹਿੰਦਰ ਪ੍ਰਤਾਪ ਅਤੇ ਹੋਰਾਂ ਨੂੰ ਨਾਲ ਲੈਕੇ ਬਰਕਤਉਲਾ 1918 'ਚ ਲੈਨਿਨ ਨੂੰ ਮਿਲੇ। ਦੋਵੇਂ ਇਕ ਦੂਜੇ ਤੋਂ ਬਹੁਤ ਪ੍ਰਭਾਵਤ ਹੋਏ। ਉਨ੍ਹਾਂ ਨੇ ਲੈਨਿਨ ਦੀ ਤਾਰੀਫ਼ "ਮੁਨਾਵਾਰ ਸੂਰਜ" (ਰੌਸ਼ਨ ਦਿਮਾਗ) ਕਹਿਕੇ ਜਿਸ ਲੇਖ ਵਿਚ ਕੀਤੀ ਉਸ ਦਾ ਸਿਰਲੇਖ ਵੀ ਇਹੀ ਸੀ। ਉਹ ਉਸਨੂੰ ਮਜ਼ਦੂਰਾਂ ਅਤੇ ਦੱਬੇਕੁਚਲਿਆਂ ਦਾ ਮੁਕਤੀ-ਦਾਤਾ ਸਮਝਦੇ ਸਨ:

"ਰੂਸੀ ਦੁਮੇਲ ਉਪਰ ਮਨੁੱਖਤਾ ਦੀ ਬੰਦ-ਖ਼ਲਾਸੀ ਕਰਾਉਣ ਵਾਲਾ ਨਵਾਂ ਪਹੁ-ਫੁਟਾਲਾ ਚੜ੍ਹ ਰਿਹਾ ਹੈ। ਮਨੁੱਖਤਾ ਨੂੰ ਇਹ ਖੁਸ਼ਗਵਾਰ ਪੈਗ਼ਾਮ ਦੇਣ ਵਾਲਾ ਹਰਕਾਰਾ ਇਲੀਚ ਲੈਨਿਨ ਹੈ।"[24]

ਸੋਵੀਅਤ ਯੂਨੀਅਨ ਵਿਚ ਆਪਣੇ ਪੜਾਅ ਦੌਰਾਨ ਉਨ੍ਹਾਂ ਨੇ "ਮੁਸਲਮਾਨਾਂ ਦੇ ਨਾਂ" ਨਾਂ ਦਾ ਕਿਤਾਬਚਾ ਲਿਖਿਆ ਜਿਸ ਵਿਚ ਉਨ੍ਹਾਂ ਨੇ ਸੋਵੀਅਤ ਯੂਨੀਅਨ ਦੀ ਤਾਰੀਫ਼ ਕੀਤੀ ਅਤੇ ਕੁਲ ਆਲਮ ਦੇ ਮੁਸਲਮਾਨਾਂ ਨੂੰ ਇਸ ਦੀ ਹਮਾਇਤ ਕਰਨ ਦਾ ਸੱਦਾ ਦਿੱਤਾ। ਉਹ ਸੋਵੀਅਤ ਯੂਨੀਅਨ ਨੂੰ ਮੁਸਲਮਾਨਾਂ ਅਤੇ ਹੋਰ ਦੱਬੇਕੁਚਲੇ ਲੋਕਾਂ ਦਾ ਕੁਦਰਤੀ ਸੰਗੀ ਸਮਝਦੇ ਸਨ। ਬਰਤਾਨਵੀਆ, ਫਰਾਂਸ ਅਤੇ ਅਮਰੀਕਾ ਦੇ ਖ਼ਿਲਾਫ਼ ਮੁਸਲਮਾਨਾਂ ਦੀਆਂ ਸ਼ਿਕਾਇਤਾਂ ਦੀ ਲੰਮੀ ਸੂਚੀ ਦੇਣ ਤੋਂ ਬਾਅਦ, ਬਰਕਤਉਲਾ ਕਹਿੰਦੇ ਹਨ ਕਿ ਉਨ੍ਹਾਂ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ। ਉਹ ਲਿਖਦੇ ਹਨ ਕਿ ਇਨ੍ਹਾਂ ਤਾਕਤਾਂ ਨੇ ਹਿੰਦੁਸਤਾਨ ਅਤੇ ਮਿਸਰ ਵਿਚ ਮੁਸਲਮਾਨਾਂ ਲਈ ਆਪਣੇ ਧਾਰਮਿਕ ਫਰਜ਼ ਨਿਭਾਉਣੇ ਵੀ ਦੁੱਭਰ ਕਰ ਦਿੱਤੇ ਹਨ।[25] ਇਸ ਦਾ ਮੁਕਾਬਲਾ ਉਹ ਰੂਸ ਨਾਲ ਕਰਦੇ ਹਨ ਜਿਥੇ ਉਨ੍ਹਾਂ ਦੇ ਦੱਸਣ ਅਨੁਸਾਰ ਉਨ੍ਹਾਂ ਨੂੰ ਪੂਰੀ ਧਾਰਮਿਕ ਆਜ਼ਾਦੀ ਹੈ ਅਤੇ ਉਹ ਪੁਰਅਮਨ ਅਤੇ ਖ਼ੁਸ਼ਹਾਲ ਜ਼ਿੰਦਗੀ ਜੀ ਰਹੇ ਹਨ। ਬਰਕਤਉਲਾ ਨੇ ਮੁਸਲਮਾਨਾਂ

ਨੂੰ ਯੂ.ਐੱਸ.ਐੱਸ.ਆਰ. ਦੀ ਪੂਰੀ ਹਮਾਇਤ ਕਰਨ ਦੀ ਗੁਜ਼ਾਰਿਸ਼ ਕੀਤੀ।

ਬਾਸਮਾਖੀ ਬਗ਼ਾਵਤ ਦੌਰਾਨ ਜਦੋਂ ਮੁਸਲਮਾਨ ਤੁਰਕ ਲੋਕਾਂ ਨੇ ਅਨਵਰ ਪਾਸ਼ਾ ਦੀ ਅਗਵਾਈ ਹੇਠ ਬਗ਼ਾਵਤ ਕਰ ਦਿੱਤੀ ਤਾਂ ਬਰਕਤਉਲਾ ਨੇ ਸੋਵੀਅਤ ਯੂਨੀਅਨ ਦੀ ਅਡੋਲ ਹਮਾਇਤ ਕੀਤੀ। ਬਰਕਤਉਲਾ ਨੇ ਇਹ ਦਲੀਲ ਦੇ ਕੇ ਅਨਵਰ ਪਾਸ਼ਾ ਨਾਲ ਸੁਲ੍ਹਾ ਕਰਾਉਣ ਦਾ ਯਤਨ ਕੀਤਾ ਕਿ ਕੇਂਦਰੀ ਏਸ਼ੀਆ ਦੇ ਲੋਕਾਂ ਨੂੰ ਬਾਲਸ਼ਵਿਕ ਪਰਚਮ ਹੇਠ ਇਕਜੁੱਟ ਹੋ ਜਾਣਾ ਚਾਹੀਦਾ ਹੈ ਅਤੇ ਇਸ ਨਾਲ ਉਨ੍ਹਾਂ ਨੂੰ ਸਾਮਰਾਜਵਾਦ ਵਿਰੁੱਧ ਉਨ੍ਹਾਂ ਦੇ ਸੰਘਰਸ਼ਾਂ ਵਿਚ ਸੋਵੀਅਤ ਯੂਨੀਅਨ ਦੀ ਹਮਾਇਤ ਯਕੀਨੀ ਹੋ ਜਾਵੇਗੀ। ਪਰ ਅਨਵਰ ਪਾਸ਼ਾ ਟਸ ਤੋਂ ਮਸ ਨਾ ਹੋਇਆ।[26]

ਲੈਨਿਨ ਅਤੇ ਬਰਾਬਰੀ ਦੇ ਅਸੂਲਾਂ ਲਈ ਆਪਣੇ ਸਨੇਹ ਦੇ ਬਾਵਜੂਦ ਬਰਕਤਉਲਾ ਨੇ 'ਬਾਲਸ਼ਵਿਕ' ਅਖਵਾਉਣ ਤੋਂ ਨਾਂਹ ਕਰ ਦਿੱਤੀ ਅਤੇ ਇਕ ਵਾਰ ਫਿਰ ਇਸਲਾਮ ਅਤੇ ਕਮਿਊਨਿਜ਼ਮ ਦਰਮਿਆਨ ਸਾਂਝ ਬਣਾਉਣ ਦੇ ਯਤਨ ਕੀਤੇ ਜਿਵੇਂ ਉਨ੍ਹਾਂ ਨੇ ਹਿੰਦੁਸਤਾਨੀ ਕੌਮੀ ਲਹਿਰ ਦੇ ਸਬੰਧ 'ਚ ਕੀਤਾ ਸੀ। ਉਹ ਕਮਿਊਨਿਸਟਾਂ ਨੂੰ ਸੰਗੀ ਅਤੇ ਦੋਸਤ ਸਮਝਦੇ ਸਨ। ਇਥੇ ਵੀ ਉਹ ਕੁਝ ਹਿੰਦੁਸਤਾਨੀ ਇਨਕਲਾਬੀਆਂ ਦੀ ਤੁਲਨਾ 'ਚ ਵਿਚਕਾਰਲਾ ਰਸਤਾ ਅਖ਼ਤਿਆਰ ਕਰਦੇ ਹਨ ਜਿਨ੍ਹਾਂ ਨੇ ਜਾਂ ਤਾਂ ਕਮਿਊਨਿਜ਼ਮ ਅਪਣਾ ਲਿਆ ਜਾਂ ਇਸ ਨੂੰ ਪੂਰੀ ਤਰ੍ਹਾਂ ਖਾਰਜ ਕਰ ਦਿੱਤਾ। ਮਿਸਾਲ ਵਜੋਂ, ਜਦੋਂ ਉਬੈਦਉਲਾ ਸਿੰਧੀ ਨੇ ਲਾਲਾ ਲਾਜਪਤ ਰਾਏ ਨੂੰ ਦੱਸਿਆ ਕਿ ਉਹ ਸੋਵੀਅਤ ਦੀ ਮਦਦ ਲੈਣੀ ਚਾਹੁੰਦਾ ਹੈ ਤਾਂ ਕਿਹਾ ਜਾਂਦਾ ਹੈ ਕਿ ਲਾਲਾ ਦਾ ਕਹਿਣਾ ਸੀ: 'ਰੱਬ ਦੇ ਵਾਸਤੇ ਇਹ ਨਾ ਕਰੀਂ। ਇਹ ਕਮਿਊਨਿਸਟ ਹਿੰਦੁਸਤਾਨ ਦਾ ਬੇੜਾ ਗ਼ਰਕ ਕਰ ਦੇਣਗੇ।'[27]

ਨਿਚੋੜ

ਮੌਲਾਨਾ ਬਰਕਤਉਲਾ ਭੋਪਾਲੀ ਨਵੀਨਤਾ ਲਿਆਉਣ ਵਾਲਾ ਇਨਕਲਾਬੀ ਸੀ ਜਿਸ ਨੇ ਆਪਣੇ ਸਾਮਰਾਜਵਾਦ ਵਿਰੋਧੀ ਨਿਸ਼ਾਨਿਆਂ ਵਿਚ ਵੱਖੋ-ਵੱਖਰੇ ਵਿਚਾਰਧਾਰਕ ਸਿਰਿਆਂ ਨੂੰ ਕਾਮਯਾਬੀ ਨਾਲ ਇਕ ਥਾਂ ਜੋੜਿਆ। ਆਪਣੇ ਇਸਲਾਮਿਕ ਅਕੀਦੇ ਪ੍ਰਤੀ ਦ੍ਰਿੜ ਰਹਿੰਦੇ ਹੋਏ ਉਹ ਹਿੰਦੁਸਤਾਨ ਦੀ ਆਜ਼ਾਦੀ ਦੀ ਲਹਿਰ ਅਤੇ ਕਮਿਊਨਿਸਟ ਲਹਿਰ ਨਾਲ ਇਸ ਦਾ ਮੇਲ ਕਰਨ ਤੋਂ ਨਹੀਂ ਝਿਜਕੇ। ਜਿਵੇਂ ਮਾਇਆ ਰਾਮਨਾਥ ਨੇ ਸਹੀ ਕਿਹਾ ਹੈ ਉਹ 'ਸਰਬ-ਇਸਲਾਮਵਾਦ, ਕਮਿਊਨਿਜ਼ਮ ਅਤੇ ਹਿੰਦੁਸਤਾਨੀ ਕੌਮੀ ਮੁਕਤੀ ਘੋਲ ਨੂੰ ਜੋੜਨ ਵਾਲੀ ਸਭ ਤੋਂ ਅਹਿਮ ਕੜੀ ਸੀ।'[28] ਅਜਿਹੀ ਪ੍ਰਤੀਕ ਹਸਤੀ ਬਾਬਤ ਇਹ ਹੈਰਾਨੀਜਨਕ ਹੈ ਕਿ ਉਸ ਨੂੰ ਉਹ ਅਕਾਦਮਿਕ ਅਹਿਮੀਅਤ ਜਾਂ ਲੋਕ ਮਾਨਤਾ ਹਾਸਲ ਨਹੀਂ ਹੋਈ ਜਿਸ ਦੇ ਉਹ ਹੱਕਦਾਰ ਸਨ। ਉਨ੍ਹਾਂ ਬਾਰੇ ਜ਼ਿਆਦਾਤਰ ਕੰਮ ਉਰਦੂ ਵਿਚ ਹੈ ਅਤੇ ਉਹ ਵੀ ਸਾਖੀਆਂ ਵਰਗਾ ਹੈ। ਭੋਪਾਲ ਵਿਚ ਇਕ ਯੂਨੀਵਰਸਿਟੀ ਦਾ ਨਾਂ ਉਨ੍ਹਾਂ ਦੇ ਨਾਂ 'ਤੇ ਰੱਖਣ ਦੇ ਬਾਵਜੂਦ ਹਿੰਦੁਸਤਾਨੀ ਆਜ਼ਾਦੀ ਸੰਗਰਾਮ ਦੇ ਇਤਿਹਾਸ ਵਿਚ ਉਹ ਹਾਸ਼ੀਏ 'ਤੇ ਧੱਕੇ ਹੋਏ ਹਨ। ਇਸ ਦੀ ਇਕ ਵਜ੍ਹਾ

ਇਹ ਤੱਥ ਹੋ ਸਕਦਾ ਹੈ ਕਿ ਬਰਕਤਉਲਾ ਕਿਸੇ ਖ਼ਾਸ ਵੰਨਗੀ, ਜਥੇਬੰਦੀ ਜਾਂ ਧੜੇ ਦੇ ਖ਼ਾਨੇ ਵਿਚ ਬੰਦ ਹੋਣ ਤੋਂ ਇਨਕਾਰੀ ਸਨ। ਉਨ੍ਹਾਂ ਨੇ ਰਾਸ਼ਟਰ ਦੀ ਬੰਦ-ਖ਼ਲਾਸੀ ਦੇ ਇਕੋ-ਇਕ ਮਨੋਰਥ ਤਹਿਤ ਬਹੁਤ ਸਾਰੀਆਂ ਜਥੇਬੰਦੀਆਂ ਨਾਲ ਕੰਮ ਕੀਤਾ। ਇਹ ਹੋਰ ਵਜ੍ਹਾ ਇਹ ਹੋ ਸਕਦੀ ਹੈ ਕਿ ਉਨ੍ਹਾਂ ਦੀਆਂ ਜ਼ਿਆਦਾਤਰ ਲਿਖਤਾਂ ਦਾ ਕਦੇ ਤਰਜਮਾ ਨਹੀਂ ਕੀਤਾ ਗਿਆ। ਇਸ ਦਾ ਘਾਟਾ ਉਨ੍ਹਾਂ ਸਾਰਿਆਂ ਨੂੰ ਹੈ ਜੋ ਹਿੰਦੁਸਤਾਨ ਵਿਚ ਅਤੇ ਦੱਖਣੀ ਏਸ਼ੀਆਈ ਭਾਈਚਾਰਿਆਂ ਸਮੇਤ ਹਰ ਥਾਂ ਵਸਦੇ ਹੋਏ ਸਮਾਜੀ ਨਿਆਂ ਨਾਲ ਲਗਾਓ ਰੱਖਦੇ ਹਨ ਜਿਸ ਲਈ ਉਨ੍ਹਾਂ ਸਾਰਿਆਂ ਨੂੰ ਇਕਜੁੱਟ ਕਰਨ ਵਾਲੀ ਹਸਤੀ ਦਰਕਾਰ ਹੈ।

NOTES AND REFERENCES

1. A slightly variant version of this section was published by this author on TwoCircles.net portal on 2 July, 2009.
2. ਸ਼ਫ਼ਕਤ ਰਿਜ਼ਵੀ, *ਨਕੀਬ-ਏ-ਇਨਕਲਾਬ: ਮੌਲਾਨਾ ਬਰਕਤਉੱਲਾ ਭੋਪਾਲੀ*, (ਪਟਨਾ: ਖ਼ੁਦਾ ਬਖ਼ਸ਼ ਓਰੀਐਂਟਲ ਪਬਲਿਕ ਲਾਇਬ੍ਰੇਰੀ), 5.
3. ਉਹੀ, ਸਫ਼ਾ 8.
4. ਉਹੀ, ਸਫ਼ਾ 14.
5. ਉਹੀ।
6. Syed Ali Abid Wajdi Al Hussaini, *Maulana Baratullah Bhopali* (Bhopal: Madhya Pradesh Urdu Academy, 1986), 100.
7. Hugh Jonhston, *The Voyage of Komagata Maru: The Sikh Challenge to Canada's Colour Bar* (Toronto:Oxford University Press, 1979), 34.
8. Saxena, 25.
9. Al Hussaini.
10. Cited in Al Hussaini, p. 234. *Translation my own.*
11. Rizvi, 8.
12. Al Hussaini.97.
13. Shyam Sunder, *Barkatullah Bhopali* (Bhopal: Swaraj Sansthan Sanchalnalay, 2004, 24.
14. Maulana Mohammed Ali's speech at the Fourth Plenary Session of the Round Table Conference in London, 19th Nov. 1930. http:/

/www.columbia.edu/itc/mealac/pritchett/00islamlinks/txt_muhammadali_1930.html

15. Letter to Abdul Majid Daryabadi reproduced in the *Sach, July 1st, 1926. Translation by this author from Urdu.*
16. Al Hussaini, 214.
17. Rizvi, 194.
18. Reproduced in Rizvi, 60. *Translation mine. (Maak)*
19. Reproduced in Al Hussaini, 121. *Translation mine. (Maak)*
20. Reproduced in Rizvi, 56. *Translation mine.* (Maak)
21. Reproduced in Rizvi, 43. *Translation mine. (Maak)*
22. *Reproduced in Rizvi, 200. Translation mine. (Maak)*
23. ਅਬਦੁੱਲਾ ਲੇਗ਼ਾਰੀ (ਸੰਪਾਦਕ) ਮੌਲਾਨਾ ਉਬੈਦਉੱਲਾ ਸਿੰਧੀ ਕੀ ਸਰਗੁਜ਼ਿਸ਼ਤ-ਏ-ਕਾਬੁਲ (ਇਸਲਾਮਾਬਾਦ: ਕੌਮੀ ਇਦਾਰਾ ਬਰਾਏ ਤਾਰਾਕੀ-ਏ-ਸਕਫ਼ਤ, 1980)। ਤਰਜਮਾ ਮੇਰੇ ਵਲੋਂ। *(Maak)*
24. Rizvi, 158.
25. Rizvi, 179.
26. Rizvi, 180.
27. Ubaidullah Sindhi, 221.
28. Mai Ramnath, Haj to Utopia (Berkeley: University of California Press, 2012, 222.

ਪਾਂਡੂਰੰਗ ਖ਼ਾਨਖ਼ੋਜੇ:
ਲਹਿਰ ਦਾ ਇਕ ਅਹਿਮ ਯੋਧਾ

-ਸਵਿਤਰੀ ਸਾਹਨੀ

ਹਿੰਦੁਸਤਾਨੀ ਦੀ ਆਜ਼ਾਦੀ ਦੀ ਲਹਿਰ ਦਾ ਇਤਿਹਾਸ ਬਹੁਪੱਖੀ ਅਤੇ ਬਹੁਪਰਤੀ ਹੈ; ਕੁਝ ਲੋਕ ਕਹਿੰਦੇ ਹਨ ਕਿ ਮਹਾਤਮਾ ਗਾਂਧੀ ਦੀ ਅਗਵਾਈ ਹੇਠਲੀ ਅਹਿੰਸਾ ਦੀ ਯੁੱਗਪਲਟਾਊ ਲਹਿਰ ਨੇ ਸਾਡੇ ਮੁਲਕ ਨੂੰ ਆਜ਼ਾਦੀ ਲੈ ਕੇ ਦਿੱਤੀ, ਜਦਕਿ ਹੋਰ ਕਹਿੰਦੇ ਹਨ ਇਹ 1857 'ਚ ਸ਼ੁਰੂ ਹੋਈ। ਅਸੀਂ ਆਜ਼ਾਦੀ ਲੈ ਕੇ ਦੇਣ ਲਈ ਉਨ੍ਹਾਂ ਬਹੁਤ ਸਾਰੀਆਂ ਲਹਿਰਾਂ ਦੇ ਦੇਣਦਾਰ ਹਾਂ ਉਨ੍ਹਾਂ ਤੋਂ ਲੈ ਕੇ ਜੋ ਹਿੰਦੁਸਤਾਨ ਵਿਚ 1857 ਤੋਂ ਪਿੱਛੋਂ ਚੱਲੀਆਂ, ਇਨਕਲਾਬੀ ਵਿਚਾਰਧਾਰਾ ਤਕ ਜੋ ਯੂਰਪ ਵਿਚ ਉਭਰੀ ਅਤੇ ਜਿਸ ਢੰਗ ਨਾਲ ਇਹ ਖ਼ਿਆਲ ਪੜ੍ਹੇਲਿਖੇ ਹਿੰਦੁਸਤਾਨੀ ਜ਼ਿਹਨ ਵਿਚ ਸਾਡੇ ਸਭਿਆਚਾਰ ਨਾਲ ਹੇਲਮੇਲ ਹੋਏ। ਇਨ੍ਹਾਂ ਵਿੱਚੋਂ ਇਕ ਹੈ ਬਦੇਸ਼ਾਂ ਦੀ ਧਰਤੀ ਤੋਂ ਸ਼ੁਰੂ ਹੋਈ ਗ਼ਦਰ ਲਹਿਰ ਜਿਸ ਦੀ ਹਿੰਦੁਸਤਾਨ ਦੀ ਆਜ਼ਾਦੀ ਦੇ ਪਹਿਲੇ ਹਥਿਆਰਬੰਦ ਸੰਘਰਸ਼ ਵਜੋਂ ਵਿਲੱਖਣ ਥਾਂ ਹੈ। ਇਸ ਵਿਚ ਸਾਰੇ ਫਿਰਕਿਆਂ ਦੇ ਲੋਕ ਸ਼ਾਮਲ ਸਨ, ਜ਼ਿਆਦਾਤਰ ਬਹਾਦਰ ਦੇਸ਼ਭਗਤ ਸਿੱਖ, ਸਾਬਕਾ ਫ਼ੌਜੀ ਅਤੇ ਹਿੰਦੁਸਤਾਨ ਦੀਆਂ ਚਹੁੰ ਕੂਟਾਂ ਦੇ ਵਿਦਿਆਰਥੀ ਆਗੂ। ਪਾਂਡੂਰੰਗ ਖ਼ਾਨਖ਼ੋਜੇ ਉਨ੍ਹਾਂ ਵਿਦਿਆਰਥੀਆਂ ਵਿੱਚੋਂ ਇਕ ਸੀ। ਇਹ ਇਕ ਪੂਰੀ ਤਰ੍ਹਾਂ ਧਰਮਨਿਰਪੱਖ ਲਹਿਰ ਵੀ ਸੀ। ਅਮਰੀਕਾ ਵਰਗੇ ਜਮਹੂਰੀ ਮੁਲਕ ਵਿਚ ਮਾਣੀ ਆਜ਼ਾਦੀ ਅਤੇ ਮੁਕਤੀ ਦੇ ਬਹੁਤ ਜ਼ਿਆਦਾ ਪ੍ਰਭਾਵ ਹੇਠ ਉਨ੍ਹਾਂ ਨੇ ਆਪਣੇ ਵਤਨ ਦੀ ਆਜ਼ਾਦੀ ਹਾਸਲ ਕਰਨ ਦਾ ਸੁਪਨਾ ਲਿਆ ਸੀ।

ਵੀਹਵੀਂ ਸਦੀ ਦੇ ਸ਼ੁਰੂ ਵਿਚ ਹਿੰਦੁਸਤਾਨ ਵਿਚ ਬਹੁਤ ਜ਼ਿਆਦਾ ਬੇਚੈਨੀ ਅਤੇ ਬੌਧਿਕ ਹਲਚਲ ਮੱਚੀ ਹੋਈ ਸੀ। ਉਨ੍ਹਾਂ ਵਿੱਚੋਂ ਲੋਕਮਾਨਿਆ ਤਿਲਕ ਦੀ ਧੜਵੈਲ ਬੁੱਧੀ ਅਤੇ ਦੇਸ਼ਭਗਤ ਸੋਚ ਮੁਕਤੀ ਦੀ ਮਸ਼ਾਲ ਵਾਂਗ ਸਿਰਕੱਢ ਹੈ। ਉਹ ਅਤੇ ਉਸਦਾ ਸਵਰਾਜ ਤੇ ਸਵਦੇਸ਼ੀ ਦਾ ਹੋਕਾ ਬਹੁਤ ਸਾਰਿਆਂ ਲਈ ਪ੍ਰੇਰਣਾ ਬਣਿਆ। ਮਹਾਂਰਾਸ਼ਟਰ ਦਾ ਇਕ ਗੱਭਰੂ ਖ਼ਾਨਖ਼ੋਜੇ ਉਸਦੇ ਸਭ ਤੋਂ ਸਮਰਪਿਤ ਪੈਰੋਕਾਰਾਂ ਵਿੱਚੋਂ ਸੀ। ਗੱਭਰੂ ਖ਼ਾਨਖ਼ੋਜੇ ਉਪਰ 1857 ਦੀਆਂ ਉਨ੍ਹਾਂ ਕਹਾਣੀਆਂ ਦਾ ਵੀ ਬਹੁਤ ਪ੍ਰਭਾਵ ਸੀ ਜੋ ਉਸਦੇ ਦਾਦਾ 'ਤਾਤੀਆ ਜੀ' ਵੈਂਕਟੇਸ਼ ਖ਼ਾਨਖ਼ੋਜੇ ਸੁਣਾਇਆ ਕਰਦੇ ਸਨ, ਜੋ ਜੱਦੋਜਹਿਦ ਵਿਚ ਸ਼ਾਮਲ ਸੀ ਅਤੇ ਤਾਤੀਆ ਤੋਪੇ ਨਾਲ ਮਿਲਕੇ ਲੜੇ ਸਨ। ਬਾਗ਼ੀ ਅਤੇ ਇਰਾਦੇ ਦੇ ਪੱਕੇ ਪਾਂਡੂਰੰਗ ਖ਼ਾਨਖ਼ੋਜੇ ਨੇ ਬਚਪਨ ਤੋਂ ਹੀ ਹਿੰਦੁਸਤਾਨ ਦੀ ਆਜ਼ਾਦੀ ਲਈ ਲੜਨ ਦੀ ਸਹੁੰ ਖਾ ਲਈ ਸੀ। ਸਕੂਲ ਦੇ ਦਿਨਾਂ 'ਚ ਹੀ ਉਸਨੇ ਖ਼ੁਫ਼ੀਆ ਸਭਾ ਬਣਾ ਲਈ

ਸੀ ਜੋ ਆਪਣੇ ਕਸਬੇ ਵਿਚ ਆਜ਼ਾਦੀ ਦਾ ਪੈਗਾਮ ਦੇਣ ਦੇ ਉਦੇਸ਼ ਨੂੰ ਪ੍ਰਣਾਈ ਹੋਈ ਸੀ ਅਤੇ ਉਨ੍ਹਾਂ ਨੇ ਬੰਗਾਲ ਦੀ ਮਹਾਨ ਖੁਫ਼ੀਆ ਸਭਾ, ਅਨੁਸ਼ੀਲਨ ਸੰਮਤੀ ਨਾਲ ਵੀ ਸੰਪਰਕ ਬਣਾ ਲਏ ਸਨ।

ਖ਼ਾਨਖ਼ੋਜੇ ਦਾ ਜਨਮ 1886 'ਚ ਵਾਰਧਾ ਵਿਚ ਹੋਇਆ। ਅਖਾਉਤੀ ਰਾਜ-ਧ੍ਰੋਹ ਦੇ ਯਤਨ ਕਰਨ ਅਤੇ ਪਹਿਲਾਂ ਹੀ ਸਥਾਨਕ ਪੁਲਿਸ ਲਈ ਮੁਸੀਬਤ ਬਣਿਆ ਹੋਣ ਕਰਕੇ 1906 'ਚ ਉਹ ਪੁਣੇ ਚਲਾ ਗਿਆ ਅਤੇ ਉਥੇ ਕੁਝ ਵਕਤ ਲੋਕਮਾਨਿਆ ਤਿਲਕ ਕੋਲ ਠਹਿਰਿਆ। ਆਪਣੇ ਗੁਰੂ ਦੇ ਚਰਨਾਂ 'ਚ ਬੈਠਕੇ ਉਸ ਤੋਂ ਮਾਰਗਦਰਸ਼ਨ ਤੇ ਸਲਾਹ ਲੈਂਦਿਆਂ ਉਸ ਨੂੰ ਰੂਸੀ ਸਾਮਰਾਜਵਾਦੀ ਸਮੁੰਦਰੀ ਫ਼ੌਜ ਉਪਰ ਜਪਾਨ ਦੀ ਮਸ਼ਹੂਰ ਜਿੱਤ ਦੀ ਜਾਣਕਾਰੀ ਮਿਲੀ। ਤਿਲਕ ਨੇ ਗੱਭਰੂ ਨੂੰ ਜਪਾਨ ਜਾਣ ਅਤੇ ਫ਼ੌਜੀ ਸਿਖਲਾਈ ਲੈਣ ਦਾ ਮਸ਼ਵਰਾ ਦਿੱਤਾ। ਯਾਦ ਰਹੇ ਕਿ 1857 ਤੋਂ ਬਾਅਦ ਬਸਤੀਵਾਦੀ ਹੁਕਮਰਾਨਾਂ ਨੇ ਇਕ ਜਾਬਰ ਸਾਧਨ ਵਜੋਂ ਹਿੰਦੁਸਤਾਨੀਆਂ ਨੂੰ ਕਿਸੇ ਵੀ ਤਰ੍ਹਾਂ ਦੇ ਹਥਿਆਰ ਰੱਖਣ ਦੀ ਮਨਾਹੀ ਕੀਤੀ ਹੋਈ ਸੀ।

ਖ਼ਾਨਖ਼ੋਜੇ ਜਿਸ ਦੀ ਇਨਕਲਾਬੀ ਸਰਗਰਮੀਆਂ ਕਾਰਨ ਪੁਲਿਸ ਨੂੰ ਪਹਿਲਾਂ ਹੀ ਤਲਾਸ਼ ਸੀ, ਯੋਕੋਹਾਮਾ ਜਾ ਰਹੇ ਸਮੁੰਦਰੀ ਜਹਾਜ਼ 'ਤੇ ਸਵਾਰ ਹੋ ਗਿਆ। ਉਸ ਨੂੰ ਉਮੀਦ ਸੀ ਕਿ ਉੱਥੋਂ ਫ਼ੌਜੀ ਸਿਖਲਾਈ ਲੈ ਕੇ ਉਹ ਹਿੰਦੁਸਤਾਨੀ ਵਿਦਿਆਰਥੀਆਂ ਦੀ ਨਿੱਕੀ ਜਹੀ ਟੋਲੀ ਦੀ ਮਦਦ ਨਾਲ ਆਜ਼ਾਦੀ ਲਈ ਹਥਿਆਰਬੰਦ ਸੰਘਰਸ਼ ਸ਼ੁਰੂ ਕਰ ਦੇਵੇਗਾ। ਉਹ ਡਾ. ਸੁਨ ਯਾਤ ਸੇਨ ਅਤੇ ਉਸਦੇ ਚੀਨੀ ਇਨਕਲਾਬੀਆਂ ਨੂੰ ਮਿਲਿਆ ਅਤੇ ਹਥਿਆਰ ਚਲਾਉਣ ਤੇ ਇਨਕਲਾਬੀ ਦਾਅਪੇਚਾਂ ਦਾ ਮੁੱਢਲਾ ਗਿਆਨ ਹਾਸਲ ਕੀਤਾ। ਜਪਾਨੀ ਪ੍ਰੀਮੀਅਰ ਕਾਊਂਟ ਓਕੁਮਾ ਨਾਲ ਕੁਝ ਮੀਟਿੰਗਾਂ ਕਰਨ ਤੋਂ ਬਾਅਦ, ਖ਼ਾਨਖ਼ੋਜੇ ਅਤੇ ਉਸਦੇ ਸਾਥੀਆਂ ਨੇ ਜਪਾਨ ਵਿਚ ਇੰਡੀਆ ਇੰਡੀਪੈਂਡੈਂਸ ਲੀਗ ਦੀ ਸਥਾਪਨਾ ਕੀਤੀ, ਜਿਸ ਵਿਚ ਕਈ ਸਾਲ ਬਾਅਦ ਰਾਸ ਬਿਹਾਰੀ ਬੋਸ ਨਵੀਂ ਰੂਹ ਫੂਕੇਗਾ। ਆਪਣੀਆਂ ਮਜਬੂਰੀਆਂ ਕਾਰਨ ਜਪਾਨੀ ਖ਼ਾਨਖ਼ੋਜੇ ਨੂੰ ਬਹੁਤੀ ਹੱਲਾਸ਼ੇਰੀ ਨਹੀਂ ਸੀ ਦੇ ਸਕਦੇ ਇਸ ਲਈ ਉਸਨੇ ਅਮਰੀਕਾ ਚਲੇ ਜਾਣ ਦਾ ਮਨ ਬਣਾ ਲਿਆ। ਉਨ੍ਹਾਂ ਵਕਤਾਂ 'ਚ, ਸੰਯੁਕਤ ਰਾਜ ਅਮਰੀਕਾ ਇਕ ਨਿਆਣੀ ਜਮਹੂਰੀਅਤ ਹੋਣ ਕਾਰਨ, ਆਜ਼ਾਦੀ ਦੀ ਤਲਾਸ਼ 'ਚ ਨਿੱਕਲੇ ਨੌਜਵਾਨ ਇਨਕਲਾਬੀਆਂ ਲਈ ਸੁਪਨ-ਮੰਜ਼ਲ ਸੀ।

ਖ਼ਾਨਖ਼ੋਜੇ ਸਾਨ ਫਰਾਂਸਿਸਕੋ ਜਾ ਪਹੁੰਚਿਆ ਅਤੇ ਉਥੇ ਕੁਲੀ ਦਾ ਕੰਮ ਕਰਨਾ ਸ਼ੁਰੂ ਕਰ ਦਿੱਤਾ। ਉਸ ਕੋਲ ਕੋਈ ਪੈਸਾ ਨਹੀਂ ਸੀ, ਅਤੇ ਉਹ ਬਿਨਾ ਸਰਕਾਰੀ ਕਾਗਜ਼ਾਤ ਜਾਂ ਪਾਸਪੋਰਟ ਦੇ ਸਫ਼ਰ ਕਰ ਰਿਹਾ ਸੀ। ਉਸ ਦੇ ਮਨ 'ਚ ਆਪਣੇ ਮੁਲਕ ਨੂੰ ਆਜ਼ਾਦ ਕਰਾਉਣ ਦਾ ਸੁਪਨਾ ਸੀ। ਉਥੇ ਪਹੁੰਚਣ 'ਤੇ ਉਸਨੇ ਹਿੰਦੁਸਤਾਨੀ ਭਾਈਚਾਰੇ ਨਾਲ ਸੰਪਰਕ ਕੀਤਾ ਅਤੇ ਤਾਰਕਨਾਥ ਦਾਸ, ਖ਼ਾਗੇਨ ਦਾਸ ਅਤੇ ਸੁਰੇਨ ਬੋਸ ਵਰਗੇ ਆਪਣੇ ਹਮ-ਖ਼ਿਆਲ ਵਿਦਿਆਰਥੀਆਂ ਨੂੰ ਮਿਲਿਆ ਅਤੇ ਛੇਤੀ ਹੀ ਉਨ੍ਹਾਂ ਨੇ *ਇੰਡੀਆ ਇੰਡੀਪੈਂਡੈਂਸ ਲੀਗ* ਬਣਾ ਲਈ। ਉਸ ਨੇ ਬਰਕਲੇ ਯੂਨੀਵਰਸਿਟੀ ਵਿਚ ਦਾਖ਼ਲਾ ਲੈ ਲਿਆ। ਉਨੀਵੀਂ ਸਦੀ ਦੇ ਮੁੱਢ ਵਿਚ ਇਹ ਯੂਨੀਵਰਸਿਟੀ ਹਿੰਦੁਸਤਾਨੀ ਇਨਕਲਾਬੀਆਂ ਦਾ ਕੇਂਦਰ ਬਣ ਚੁੱਕੀ ਸੀ ਅਤੇ ਉਨ੍ਹਾਂ ਦੇ ਲੇਖ

ਇਕ ਪ੍ਰੇਰਣਾਸਰੋਤ ਅਖ਼ਬਾਰ 'ਦ ਫਰੀ ਹਿੰਦੁਸਤਾਨ' ਵਿਚ ਛਪਦੇ ਰਹਿੰਦੇ ਸਨ। ਆਲਮੀ ਸਿਆਸਤ ਅਤੇ ਹੋਰ ਮੁਲਕਾਂ ਦੇ ਇਨਕਲਾਬੀ ਆਗੂਆਂ ਨਾਲ ਵਾਹ-ਵਾਸਤੇ ਨੇ ਇਸ ਚੜ੍ਹਦੀ ਵਰੇਸ ਦੇ ਇਨਕਲਾਬੀ ਦੀ ਮਨੋ-ਬਣਤਰ ਅਤੇ ਵਤੀਰੇ ਨੂੰ ਨਵੀਂ ਦਿਸ਼ਾ ਦਿੱਤੀ। ਉਸ ਨੇ ਵੱਖੋ-ਵੱਖਰੇ ਵਿਦਿਆਰਥੀ ਆਗੂਆਂ ਨੂੰ ਮਿਲਣਾ ਸ਼ੁਰੂ ਕਰ ਦਿੱਤਾ। ਹਿੰਦੁਸਤਾਨੀ ਮਜ਼ਦੂਰਾਂ ਨਾਲ ਮਿਲਕੇ ਕੰਮ ਕਰਦਿਆਂ ਅਤੇ ਉਨ੍ਹਾਂ ਨੂੰ ਹਿੰਦੁਸਤਾਨ ਦੀ ਆਜ਼ਾਦੀ ਲਈ ਪ੍ਰੇਰਤ ਕਰਦਿਆਂ ਉਹ ਉਨ੍ਹਾਂ ਨਾਲ ਹੇਲਮੇਲ ਹੋ ਗਿਆ। ਉਹ ਜਿਥੇ ਵੀ ਗਿਆ ਜਮਹੂਰੀਅਤ ਅਤੇ ਆਜ਼ਾਦੀ ਦਾ ਪ੍ਰਚਾਰ ਕਰਦਾ ਰਿਹਾ; ਉਹ ਆਪਣੀ ਫ਼ੁਰਸਤ ਦਾ ਹਰ ਪਲ ਅਤੇ ਛੁੱਟੀਆਂ ਇਸੇ ਮਿਸ਼ਨ ਦੇ ਲੇਖੇ ਲਾਉਂਦਾ।

ਆਪਣੇ ਹਥਿਆਰਬੰਦ ਇਨਕਲਾਬ ਦੇ ਨਿਸ਼ਾਨੇ ਨੂੰ ਪੂਰਾ ਕਰਨ ਲਈ, ਖ਼ਾਨਖ਼ੋਜੇ ਨੇ ਸਾਨ ਰਾਫੇਲ, ਕੈਲੀਫੋਰਨੀਆ ਦੀ ਮਾਊਂਟ ਟੈਮਲਪੈਸ ਮਿਲਟਰੀ ਅਕਾਦਮੀ ਵਿਚ ਦਾਖ਼ਲਾ ਲੈ ਗਿਆ। ਇਸ ਦੌਰਾਨ ਆਪਣੇ ਟਿਊਸ਼ਨ ਦੇ ਖ਼ਰਚ ਲਈ ਉਹ ਤਬੇਲਿਆਂ 'ਚ ਕੰਮ ਕਰਦਾ ਰਿਹਾ। ਮਾਊਂਟ ਟੈਮਲਪੈਸ ਮਿਲਟਰੀ ਅਕਾਦਮੀ ਦੇ ਨਿਰਦੇਸ਼ਕ ਅਤੇ ਪ੍ਰੋਫੈਸਰ ਸੇਵਾ-ਮੁਕਤ ਆਇਰਿਸ਼ ਅਫ਼ਸਰ ਸਨ ਜੋ ਬਰਤਾਨਵੀ ਵਿਰੁੱਧ ਹਰ ਲਹਿਰ ਨਾਲ ਡੂੰਘੀ ਹਮਦਰਦੀ ਰੱਖਦੇ ਸਨ। ਆਇਰਿਸ਼ਾਂ ਨੇ ਆਪਣੇ ਅਖ਼ਬਾਰ *ਗੈਲਿਕ ਅਮੈਰੀਕਨ* ਵਿਚ ਆਜ਼ਾਦੀ ਲਈ ਜੂਝ ਰਹੇ ਹਿੰਦੁਸਤਾਨੀਆਂ ਬਾਰੇ ਕਈ ਲੇਖ ਛਾਪੇ। ਖ਼ਾਨਖ਼ੋਜੇ ਨੇ 1910 'ਚ ਫ਼ੌਜੀ ਡਿਪਲੋਮਾ ਹਾਸਲ ਕੀਤਾ। ਉਸਨੇ ਇਕ ਪਲ ਲਈ ਵੀ ਆਪਣਾ ਸੁਪਨਾ ਮਨੋਂ ਨਹੀਂ ਵਿਸਾਰਿਆ। ਜਾਗਦੇ ਵਕਤ ਆਪਣੀ ਹਰ ਘੜੀ ਉਹ ਹਿੰਦੁਸਤਾਨੀ ਆਵਾਸੀਆਂ ਵਿਚਲੇ ਆਪਣੇ ਦੋਸਤਾਂ ਅਤੇ ਸਹਿ-ਕਾਮਿਆਂ ਨੂੰ ਆਪਣੇ ਕਾਜ ਲਈ ਪ੍ਰੇਰਨ 'ਤੇ ਲਾਉਂਦਾ। ਹਿੰਦੁਸਤਾਨ ਦੀ ਆਜ਼ਾਦੀ ਲਈ ਗੰਭੀਰਤਾ ਨਾਲ ਪ੍ਰੇਰਨ ਵਾਲੇ ਅਤੇ ਇਸ ਕਾਜ ਨੂੰ ਅੱਗੇ ਵਧਾਉਣ ਵਾਲੇ ਦੀ ਭੂਮਿਕਾ ਅਖ਼ਤਿਆਰ ਕਰਕੇ ਉਹ ਉਨ੍ਹਾਂ ਨਾਲ ਆਜ਼ਾਦੀ ਬਾਰੇ ਗੱਲਾਂ ਕਰਦਾ। ਇਥੇ ਉਸਦੇ ਸੰਪਰਕ ਮੈਕਸੀਕਣ ਇਨਕਲਾਬੀਆਂ ਨਾਲ ਬਣੇ ਅਤੇ ਉਸਨੇ ਆਪਣੇ ਨਿਸ਼ਾਨਿਆਂ ਲਈ ਉਨ੍ਹਾਂ ਦੀ ਅਗਵਾਈ-ਸੇਧ ਅਤੇ ਮਦਦ ਲੈਣ ਦੇ ਯਤਨ ਕੀਤੇ।

ਉਹ ਪੋਰਟਲੈਂਡ ਓਰੇਗਾਨ ਚਲਾ ਗਿਆ ਜਿਥੇ ਪੰਡਤ ਕਾਸ਼ੀਰਾਮ ਦੀ ਲੱਕੜ ਮਿੱਲ ਵਿਚ ਬਹੁਤ ਸਾਰੇ ਸਿੱਖ ਮਜ਼ਦੂਰ ਕੰਮ ਕਰਦੇ ਸਨ। ਪੰਜਾਬੀ ਮਜ਼ਦੂਰਾਂ ਦਾ ਭਰੋਸਾ ਜਿੱਤਣ ਲਈ ਉਸ ਨੂੰ ਥੋੜ੍ਹਾ ਵਕਤ ਲੱਗਿਆ ਜੋ ਆਪਣੇ ਨਾਲ ਕੰਮ ਕਰਦੇ ਪੜ੍ਹੇਲਿਖੇ ਵਿਦਿਆਰਥੀਆਂ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਦੇ ਸਨ। ਪੰਜਾਬੀ ਆਪਣੀ ਆਰਥਕ ਬਿਹਤਰੀ ਲਈ ਹਿੰਦੁਸਤਾਨ ਛੱਡਕੇ ਇਥੇ ਆਏ ਸਨ। 1910, ਜਦੋਂ ਉਸਨੇ ਮਾਊਂਟ ਟੈਮਲਪੈਸ ਤੋਂ ਗਰੈਜੂਏਸ਼ਨ ਕੀਤੀ, ਓਦੋਂ ਤੋਂ ਲੈ ਕੇ 1913 ਤਕ, ਜਦੋਂ ਗ਼ਦਰ ਲਹਿਰ ਰਸਮੀ ਤੌਰ 'ਤੇ ਸ਼ੁਰੂ ਹੋਈ, ਪਾਂਡੂਰੰਗ ਖ਼ਾਨਖ਼ੋਜੇ ਨੇ ਹਿੰਦੁਸਤਾਨ ਦੀ ਆਜ਼ਾਦੀ ਲਈ ਲੜਨ ਵਾਸਤੇ ਹਿੰਦੁਸਤਾਨੀਆਂ ਨੂੰ ਪ੍ਰੇਰਤ ਕਰਨ ਲਈ ਅਣਥੱਕ ਤੌਰ 'ਤੇ ਕੰਮ ਕੀਤਾ। ਓਦੋਂ ਹੀ ਉਸਨੇ ਪੋਰਟਲੈਂਡ ਖੇਤੀਬਾੜੀ ਕਾਲਜ ਵਿਚ ਦਾਖ਼ਲਾ ਲੈ ਲਿਆ। ਉਨ੍ਹਾਂ ਦਿਨਾਂ ਵਿਚ ਉਹ ਐਨਾ ਰੁੱਝਿਆ ਹੋਇਆ ਸੀ ਕਿ ਉਸ ਕੋਲ ਸੌਣ ਲਈ ਵਕਤ

ਵੀ ਨਹੀਂ ਸੀ! ਪਾਂਡੂਰੰਗ ਖ਼ਾਨਖ਼ੋਜੇ ਨੇ ਸੋਹਣ ਸਿੰਘ ਭਕਨਾ, ਪੰਡਿਤ ਕਾਸ਼ੀਰਾਮ, ਹਰਨਾਮ ਸਿੰਘ ਅਤੇ ਹੋਰ ਬਹੁਤ ਸਾਰੇ ਆਜ਼ਾਦੀਆਂ ਘੁਲਾਟੀਆਂ ਨਾਲ ਮਿਲਕੇ ਲਹਿਰ ਦੇ ਇਸ ਹਿੱਸੇ ਦੀ ਅਗਵਾਈ ਕੀਤੀ, ਜਿਸ ਨੂੰ ਉਨ੍ਹਾਂ ਨੇ ਆਜ਼ਾਦ-ਏ-ਹਿੰਦ ਦਾ ਨਾਂ ਦਿੱਤਾ।

ਛੇਤੀ ਹੀ, ਲਹਿਰ ਇਕ ਹਕੀਕਤ ਬਣ ਗਈ ਅਤੇ ਵਾਲੰਟੀਅਰਾਂ ਦੀ ਤਾਦਾਦ ਵਧ ਗਈ। ਖ਼ਤਰਾ ਇਹ ਸੀ ਕਿ ਇਕ ਮਜ਼ਬੂਤ ਤਲਿੱਸਮੀ ਆਗੂ ਦੀ ਅਣਹੋਂਦ 'ਚ ਇਹ ਸਮੂਹ ਵੱਖੋ-ਵੱਖਰੇ ਧੜਿਆਂ 'ਚ ਖਿੰਡ ਜਾਵੇਗਾ। ਵੱਡੀਆਂ ਜਥੇਬੰਦਕ ਸਮਰੱਥਾਵਾਂ ਵਾਲੇ ਆਗੂ ਦੀ ਜ਼ਰੂਰਤ ਸੀ – ਆਗੂ ਜੋ ਉਨ੍ਹਾਂ ਨੂੰ ਉਨ੍ਹਾਂ ਦੀ ਜ਼ੁਬਾਨ ਵਿਚ ਮੁਖ਼ਾਤਬ ਹੋ ਸਕੇ ਅਤੇ ਮਨੋਰਥ ਦੀ ਵਡੇਰੀ ਏਕਤਾ ਦੀ ਲੜੀ 'ਚ ਉਨ੍ਹਾਂ ਨੂੰ ਪਰੋ ਸਕੇ। ਓੜਕ, ਲਾਲਾ ਹਰਦਿਆਲ ਨੂੰ ਚੁਣਿਆ ਗਿਆ; ਉਸਨੇ ਸਟੈਨਫੋਰਡ ਯੂਨੀਵਰਸਿਟੀ ਦੀ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਤਨੋ-ਮਨੋਂ ਇਸ ਸਮੂਹ ਵਿਚ ਸ਼ਾਮਲ ਹੋ ਗਿਆ। ਹਰਦਿਆਲ ਇਕ ਪ੍ਰਤਿਭਾਵਾਨ ਅਤੇ ਜੋਸ਼ੀਲਾ ਵਕਤਾ ਸੀ। ਉਸਦੀ ਤਿੱਖੀ ਨਜ਼ਰ ਉਸ ਦੀ ਸ਼ਖਸੀਅਤ ਨੂੰ ਜਾਦੂਮਈ ਬਣਾਉਂਦੀ ਸੀ, ਅਤੇ ਉਸਦੀ ਸੂਝ ਨੇ ਕੰਮ ਪ੍ਰਤੀ ਉਸਦੀ ਨਿਹਚਾ ਅਤੇ ਸੰਜੀਦਗੀ ਨੂੰ ਬਲ ਬਖ਼ਸ਼ਿਆ। ਖ਼ਾਨਖ਼ੋਜੇ ਨਾਲ ਮਿਲਕੇ, ਪਹਿਲਾਂ ਉਸਨੇ ਪੈਸੀਫਿਕ ਕੋਸਟ ਅਤੇ ਕੈਨੇਡਾ ਦਾ ਦੌਰਾ ਕੀਤਾ। ਹਿੰਦੁਸਤਾਨ ਐਸੋਸੀਏਸ਼ਨ ਦੇ ਮੀਤ ਪ੍ਰਧਾਨ ਵਜੋਂ ਖ਼ਾਨਖੋਜੇ ਸੰਯੁਕਤ ਰਾਜ ਅਮਰੀਕਾ ਦੀਆਂ ਵੱਖੋ-ਵੱਖਰੀਆਂ ਥਾਵਾਂ ਦਾ ਪੂਰਾ ਭੇਤੀ ਸੀ।

1913 ਦੇ ਪਹਿਲੇ ਹਿੱਸੇ ਵਿਚ ਵੱਖੋ-ਵੱਖਰੇ ਗੁਰਦੁਆਰਿਆਂ ਵਿਚ ਲੜੀਵਾਰ ਜਨਤਕ ਮੀਟਿੰਗਾਂ ਕੀਤੀਆਂ ਗਈਆਂ, ਦੇਸ਼ਭਗਤੀ ਨਾਲ ਲਬਰੇਜ਼ ਤਕਰੀਰਾਂ ਕੀਤੀਆਂ ਗਈਆਂ ਤੇ ਗੀਤ-ਕਵਿਤਾਵਾਂ ਪੜ੍ਹੀਆਂ ਗਈਆਂ, ਵਾਲੰਟੀਅਰਾਂ ਨੇ ਧਨ ਅਤੇ ਵਕਤ ਦੇ ਕੇ ਯੋਗਦਾਨ ਪਾਇਆ ਅਤੇ ਗ਼ਦਰ ਪਾਰਟੀ ਬਣਾਉਣ ਦਾ ਫ਼ੈਸਲਾ ਲਿਆ ਗਿਆ। ਮਈ 1913 'ਚ ਪੋਰਟਲੈਂਡ ਵਿਚ ਹੋਈ ਇਕ ਮੀਟਿੰਗ ਵਿਚ ਇਕ ਪ੍ਰਿੰਟਿੰਗ ਮਸ਼ੀਨ ਖ਼ਰੀਦਣ ਅਤੇ ਐਸੋਸੀਏਸ਼ਨ ਦੇ ਦਫ਼ਤਰ ਲਈ ਇਮਾਰਤ ਲੈਣ ਵਾਸਤੇ ਫੰਡ ਉਗਰਾਹੁਣ ਦਾ ਫ਼ੈਸਲਾ ਕੀਤਾ ਗਿਆ। ਬਾਦ ਵਿਚ ਇੰਡੀਆ ਇੰਡੀਪੈਂਡੈਂਸ ਲੀਗ ਦਾ ਖ਼ਾਲਸਾ ਦੀਵਾਨ ਸੁਸਾਇਟੀ, ਹਿੰਦੁਸਤਾਨ ਐਸੋਸੀਏਸ਼ਨ ਆਫ ਦ ਪੈਸੀਫਿਕ ਕੋਸਟ, ਆਜ਼ਾਦ-ਏ-ਹਿੰਦ ਅਤੇ ਹੋਰ ਜਥੇਬੰਦੀਆਂ ਨਾਲ ਰਲੇਵਾਂ ਗ਼ਦਰ ਪਾਰਟੀ ਦੀ ਬੁਨਿਆਦ ਬਣਿਆ। ਸਿਆਸੀ ਵਿੰਗ ਦੀ ਕਮਾਨ ਹਰਦਿਆਲ, ਸੋਹਣ ਸਿੰਘ ਭਕਨਾ, ਭਾਈ ਪਰਮਾਨੰਦ ਅਤੇ ਹੋਰਾਂ ਨੇ ਸੰਭਾਲੀ। ਅਸਟੋਰੀਆ ਓਰੇਗੋਨ ਵਿਖੇ ਇਕ ਅਹਿਮ ਮੀਟਿੰਗ ਵਿਚ ਸੋਹਣ ਸਿੰਘ ਭਕਨਾ ਨੂੰ ਪ੍ਰਧਾਨ, ਹਰਦਿਆਲ ਨੂੰ ਸਕੱਤਰ ਤੇ 'ਗ਼ਦਰ' ਦਾ ਸੰਪਾਦਕ ਅਤੇ ਕਾਸ਼ੀਰਾਮ ਨੂੰ ਖ਼ਜ਼ਾਨਚੀ ਚੁਣਿਆ ਗਿਆ। ਖ਼ਾਨਖ਼ੋਜੇ ਦੇ ਆਪਣੇ ਖ਼ੁਫ਼ੀਆ ਏਜੰਡੇ ਸਨ ਜਿਸਨੇ ਗੁਪਤ ਤੌਰ 'ਤੇ ਗ਼ਦਰੀਆਂ ਨੂੰ ਸਿਖਲਾਈ ਦੇਣੀ ਸੀ ਅਤੇ ਉਨ੍ਹਾਂ ਨੂੰ ਫ਼ੌਜੀ ਪੱਖ ਤੋਂ ਇਨਕਲਾਬ ਲਈ ਤਿਆਰ ਕਰਨਾ ਸੀ।

ਇਤਿਹਾਸਕ ਪੱਖ ਤੋਂ ਪਾਂਡੂਰੰਗ ਖ਼ਾਨਖ਼ੋਜੇ ਬਾਰੇ ਬਹੁਤੀ ਜਾਣਕਾਰੀ ਨਹੀਂ ਮਿਲਦੀ, ਕਿਉਂਕਿ ਉਸਨੂੰ ਗ਼ਦਰ ਦੇ ਐਕਸ਼ਨ/ਖ਼ੁਫ਼ੀਆ ਫ਼ੌਜੀ ਵਿੰਗ ਦਾ ਮੁਖੀ ਬਣਾਇਆ ਗਿਆ ਸੀ,

ਜਿਥੇ ਉਸਨੇ ਕਈ ਨਾਵਾਂ ਹੇਠ ਕੰਮ ਕੀਤਾ। ਜਦੋਂਕਿ ਬਰਤਾਨੀਆ ਦੇ ਖ਼ੁਫ਼ੀਆ ਵਿਭਾਗ ਦੀ ਹਿਸਟਰੀ ਸ਼ੀਟ ਉਸ ਨੂੰ "ਗ਼ਦਰ ਪਾਰਟੀ ਦਾ ਇਕ ਅਹਿਮ ਮੈਂਬਰ" ਬਿਆਨ ਕਰਦੀ ਹੈ ਅਤੇ ਉਸ ਨੂੰ ਬਹੁਤ ਖ਼ਤਰਨਾਕ ਕਰਾਰ ਦਿੱਤਾ ਗਿਆ ਸੀ। ਗ਼ਦਰ ਦਾ ਫ਼ੌਜੀ ਵਿੰਗ ਬਹੁਤ ਹੀ ਖ਼ੁਫ਼ੀਆ ਸ਼ਾਖਾ ਸੀ; ਹਰਨਾਮ ਸਿੰਘ ਟੁੰਡੀਲਾਟ, ਮਰਾਠਾ ਵਿਸ਼ਣੂ ਗਣੇਸ਼ ਪਿੰਗਲੇ ਅਤੇ ਬਹੁਤ ਸਾਰੇ ਹੋਰ ਸਾਬਕਾ ਫ਼ੌਜੀ ਇਸ ਕਠਿਨ ਸਿਖਲਾਈ ਪ੍ਰੋਗਰਾਮ ਦਾ ਹਿੱਸਾ ਸਨ ਜਿਥੇ ਬੰਬ ਬਣਾਉਣਾ ਸਿੱਖਦਿਆਂ ਹਰਨਾਮ ਸਿੰਘ ਆਪਣੀ ਬਾਂਹ ਗੁਆ ਬੈਠਾ ਸੀ ਅਤੇ ਇੰਵ 'ਟੁੰਡੀਲਾਟ' ਬਣ ਗਿਆ ਸੀ। ਕਰਤਾਰ ਸਿੰਘ, ਕੇਦਾਰਨਾਥ, ਹਰਿਸ਼ੀਕੇਸ਼ ਲਤਾ, ਅਮੀਨ ਚੌਧਰੀ, ਸ਼ਿਵ ਦਿਓ ਸਿੰਘ, ਜਗਤ ਸਿੰਘ ਉਨ੍ਹਾਂ ਬਹੁਤ ਸਾਰੇ ਵਾਲੰਟੀਅਰਾਂ ਵਿੱਚੋਂ ਸਨ। ਇਹ ਬਹੁਤ ਹੀ ਖ਼ੁਫ਼ੀਆ ਸਰਗਰਮੀਆਂ ਇਕ ਗ਼ਦਰੀ ਦੇ ਵਸੋਂ ਤੋਂ ਦੂਰ-ਦਰਾਜ਼ ਫਾਰਮ ਵਿਚ ਕੀਤੀਆਂ ਗਈਆਂ ਜਿਥੇ ਉਹ ਵਾਲੰਟੀਅਰਾਂ ਨੂੰ ਹਥਿਆਰਾਂ ਅਤੇ ਬੰਬਾਂ ਦਾ ਇਸਤੇਮਾਲ ਕਰਨਾ ਸਿਖਾਉਂਦੇ ਸਨ। ਸਾਬਕਾ ਫ਼ੌਜੀ ਵੀ ਉਨ੍ਹਾਂ ਨੂੰ ਅੰਗਰੇਜ਼ ਫ਼ੌਜ ਅਤੇ ਖ਼ੁਫ਼ੀਆ ਵਿਭਾਗ ਦੇ ਕਾਰਵਿਹਾਰ ਬਾਰੇ ਸਿਖਲਾਈ ਦਿੰਦੇ ਸਨ। ਉਨ੍ਹਾਂ ਦਾ ਮੁੱਖ ਇਰਾਦਾ ਹਿੰਦੁਸਤਾਨ ਵਾਪਸ ਪਰਤਣਾ ਅਤੇ ਅੰਗਰੇਜ਼ਾਂ ਨਾਲ ਲੜਾਈ ਲੜਨਾ ਸੀ। ਇਸ ਹੰਭਲੇ ਲਈ ਉਹ ਆਪਣੀ ਜਾਨ ਵਾਰਨ ਲਈ ਤਿਆਰ ਸਨ, ਜਿਸ ਦਾ ਸਿਲਾ ਸਿਰਫ਼ ਹਿੰਦੁਸਤਾਨ ਦੀ ਆਜ਼ਾਦੀ ਹੋਣਾ ਸੀ। ਉਹ ਪੂਰੀ ਤਰ੍ਹਾਂ ਖ਼ੁਫ਼ੀਆ ਕੰਮ ਕਰਨ ਅਤੇ ਆਪਣੇ ਨਿੱਜੀ ਮਨੋਰਥਾਂ ਅਤੇ ਭਾਵਨਾਵਾਂ ਦਾ ਤਿਆਗ ਕਰਕੇ ਸਖ਼ਤ ਅਸੂਲਾਂ 'ਤੇ ਚਲਦੇ ਸਨ। ਉਨ੍ਹਾਂ ਦਾ ਇਕੋਇਕ ਧਰਮ ਦੇਸ਼ਭਗਤੀ ਸੀ।

ਖ਼ਾਨਖ਼ੋਜੇ ਲਈ, ਬਦੇਸ਼ੀ ਸਰਜ਼ਮੀਨ ਉਪਰ ਐਸੇ ਕੰਮ ਲਈ ਖ਼ੁਫ਼ੀਆ ਰਹਿਕੇ ਸਰਗਰਮੀਆਂ ਕਰਨ ਦੀ ਸਭ ਤੋਂ ਵੱਧ ਅਹਿਮੀਅਤ ਸੀ, ਅਤੇ ਸ਼ਾਇਦ ਇਸੇ ਕਾਰਨ ਉਹ ਜਿਊਂਦਾ ਬਚ ਰਿਹਾ। 1910 ਦੇ ਮੈਕਸੀਕਨ ਇਨਕਲਾਬ ਨੇ ਉਸਨੂੰ ਉਸ ਭਿਆਨਕਤਾ ਅਤੇ ਨੁਕਸਾਨ ਦੀ ਸੂਝ ਦਿੱਤੀ ਜਿਸਦਾ ਹਥਿਆਰਬੰਦ ਬਗ਼ਾਵਤ ਦੇ ਕਾਰਨ ਸਾਹਮਣਾ ਕਰਨਾ ਪੈ ਸਕਦਾ ਸੀ ਅਤੇ ਉਸ ਤੋਂ ਬਚਣ ਲਈ ਉਹ ਪਾਰਟੀ ਦੇ ਸਾਬਕਾ ਫ਼ੌਜੀ ਮੈਂਬਰਾਂ ਦੀ ਮਦਦ ਨਾਲ ਸਿਖਲਾਈ ਦੇ ਕੇ ਬਾਗ਼ੀਆਂ ਦੀ ਸੁਚੱਜੀ ਫ਼ੌਜ ਤਿਆਰ ਕਰਨ ਲਈ ਦ੍ਰਿੜ ਸੀ। ਖ਼ਾਨਖ਼ੋਜੇ ਦੀ ਇਕ ਜ਼ਿੰਮੇਵਾਰੀ ਹਿੰਦੁਸਤਾਨੀ ਇਨਕਲਾਬੀਆਂ ਨੂੰ ਬਾਜਾ ਕੈਲੀਫੋਰਨੀਆ ਦੀ ਮੈਕਸੀਕਨ ਸਰਹੱਦ ਚੋਰੀਛਿਪੇ ਪਾਰ ਕਰਵਾਕੇ ਅਮਰੀਕਾ ਵਿਚ ਲਿਆਉਣ ਦੀ ਸੀ। ਇਸ ਅੱਡੇ ਤੋਂ ਮੈਕਸੀਕਨ ਇਨਕਲਾਬੀਆਂ ਦੀ ਮਦਦ ਨਾਲ ਹੋਰ ਦੇਸ਼ਭਗਤਾਂ ਨੂੰ ਅਮਰੀਕਾ ਵਿਚ ਲਿਆਉਣ ਲਈ ਰਸਤਿਆਂ, ਮਾਰਗਾਂ ਅਤੇ ਢੰਗ-ਤਰੀਕਿਆਂ ਦਾ ਪੂਰਾ ਤਾਣਾਬਾਣਾ ਵਿਕਸਤ ਕੀਤਾ ਗਿਆ ਸੀ। ਇੰਜੀਨੀਅਰਿੰਗ ਦਾ ਵਿਦਿਆਰਥੀ ਵਿਸ਼ਣੂ ਗਣੇਸ਼ ਪਿੰਗਲੇ ਲਹਿਰ ਵਿਚ ਸ਼ਾਮਲ ਹੋਇਆ ਅਤੇ ਉਸਨੇ ਖ਼ਾਨਖ਼ੋਜੇ ਨੂੰ ਆਪਣੇ ਸੂਬੇ ਮਹਾਂਰਾਸ਼ਟਰ ਦੀ ਜਾਣਕਾਰੀ ਦਿੱਤੀ; ਇਹ ਸੁਭਾਵਿਕ ਹੀ ਸੀ ਉਹ ਗੂੜ੍ਹੇ ਦੋਸਤ ਅਤੇ ਸਾਥੀ ਬਣ ਗਏ। ਪਿੰਗਲੇ ਲਹਿਰ ਦੇ ਮੈਕਸੀਕਨ ਹਿੱਸੇ ਵਿਚ ਉਤਸ਼ਾਹ ਨਾਲ ਸ਼ਾਮਲ ਹੋ ਗਿਆ। ਕਾਸ਼ੀਰਾਮ, ਖ਼ਾਨਖ਼ੋਜੇ ਅਤੇ ਪਿੰਗਲੇ ਦੋਸਤ ਤੇ ਸਾਥੀ ਇਕੋ ਇਕਾਈ ਵਿਚ ਕੰਮ ਕਰਦੇ ਸਨ।

ਉਸ ਵਕਤ ਹਰਦਿਆਲ ਨੇ ਖੁਫ਼ੀਆ ਤੌਰ 'ਤੇ ਜਰਮਨ ਕੂਟਨੀਤਕ ਅਧਿਕਾਰੀਆਂ ਨਾਲ ਸੰਪਰਕ ਬਣਾਕੇ ਉਨ੍ਹਾਂ ਨੂੰ ਇਸ ਵਿਚ ਸ਼ਾਮਲ ਕਰ ਲਿਆ ਸੀ ਜਿਨ੍ਹਾਂ ਨੇ ਬਾਗ਼ੀਆਂ ਲਈ ਹਥਿਆਰਾਂ ਅਤੇ ਗੋਲੀਸਿੱਕਾ ਸਮੁੰਦਰੀ ਜਹਾਜ਼ਾਂ ਉਪਰ ਲੱਦਕੇ ਬਾਗ਼ੀਆਂ ਨੂੰ ਪਹੁੰਚਾਉਣਾ ਸੀ। ਐਨੀ ਲਾਰਸਨ ਅਤੇ ਮਾਵਰਿਕ ਨਾਂ ਦੇ ਸਮੁੰਦਰੀ ਜਹਾਜ਼ ਇਨਕਲਾਬੀਆਂ ਨੂੰ ਹਥਿਆਰ ਤੇ ਗੋਲੀਸਿੱਕਾ ਅਤੇ ਸਾਹਿਤ ਪਹੁੰਚਾਉਣ ਲਈ ਨਿਯੁਕਤ ਕੀਤੇ ਗਏ। ਇਹ ਦੋ ਸਮੁੰਦਰੀ ਜਹਾਜ਼ ਮੈਕਸੀਕਨ ਸਮੁੰਦਰੀ ਖੇਤਰ ਵਿਚ ਗ਼ੈਰਕਾਨੂੰਨੀ ਕਾਰਵਾਈਆਂ ਵਿਚ ਲੱਗੇ ਹੋਏ ਸਨ ਅਤੇ ਇਹ ਪਹਿਲਾਂ ਏਸ਼ੀਆ ਤੇ ਫਿਰ ਅੱਗੇ ਬੰਗਾਲ ਤਕ ਹਥਿਆਰ ਪਹੁੰਚਾਉਣ ਲਈ ਆਦਰਸ਼ ਸਮਝੇ ਗਏ ਸਨ। ਸ਼ੁਰੂ 'ਚ ਇਹ ਜ਼ੋਰ ਦੇਣਾ ਜ਼ਰੂਰੀ ਹੈ ਕਿ ਜਦੋਂ ਪਹਿਲੀ ਆਲਮੀ ਜੰਗ ਸ਼ੁਰੂ ਹੋ ਗਈ ਤਾਂ ਜਰਮਨਾਂ ਦੀ ਇਹ ਸਹਾਇਤਾ ਨਿਰੋਲ ਇਕ ਧਿਆਨ-ਭਟਕਾਊ ਦਾਅਪੇਚ ਸੀ, ਜਿਸਦਾ ਮੂਲ ਮਨੋਰਥ ਬਰਤਾਨੀਆ ਨੂੰ ਕਮਜ਼ੋਰ ਕਰਨਾ ਸੀ। ਜਰਮਨ ਅਖ਼ਬਾਰਾਂ ਨੇ 1913 'ਚ ਹੀ ਹਿੰਦੁਸਤਾਨੀ ਇਨਕਲਾਬੀ ਸਰਗਰਮੀ ਦੀਆਂ ਰਿਪੋਰਟਾਂ ਛਾਪਣੀਆਂ ਸ਼ੁਰੂ ਕਰ ਦਿੱਤੀਆਂ ਸਨ ਅਤੇ ਬਰਤਾਨੀਆ ਵਿਰੋਧੀ ਇਕ ਸਰਗਰਮ ਨੀਤੀ ਅਖ਼ਤਿਆਰ ਕਰ ਲਈ ਸੀ। ਜਰਮਨ ਕੈਸਰ ਨੇ ਇਸ ਵਿਚ ਨਿੱਜੀ ਰੁਚੀ ਲਈ ਕਿ ਬਰਤਾਨੀਆ ਵਿਰੋਧੀ ਇਨ੍ਹਾਂ ਫ਼ੌਜੀ ਮੁਹਿੰਮਾਂ ਨੂੰ ਫੰਡਾਂ ਦੀ ਤੋਟ ਨਾ ਆਉਣ ਦਿੱਤੀ ਜਾਵੇ। ਕੈਸਰ ਵਿਲਹੈਮ ਦੂਜੇ ਨੇ ਖੁੱਲ੍ਹੇਆਮ ਕਿਹਾ ਸੀ: "ਅਸੀਂ ਕਿਉਂਕਿ ਜਾਨ ਦੀ ਬਾਜ਼ੀ ਲਗਾਉਣ ਜਾ ਰਹੇ ਹਨ, ਘੱਟੋਘੱਟ ਇੰਗਲੈਂਡ ਦੇ ਹੱਥੋਂ ਹਿੰਦੁਸਤਾਨ ਲਾਜ਼ਮੀ ਨਿਕਲਣਾ ਚਾਹੀਦਾ ਹੈ"।

ਹਰਦਿਆਲ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ; ਪਰ ਜ਼ਮਾਨਤ ਉਪਰੰਤ ਚਕਮਾ ਦੇ ਕੇ ਉਹ ਸਵਿਟਜ਼ਰਲੈਂਡ ਚਲਾ ਗਿਆ। ਸਿੱਟੇ ਵਜੋਂ, ਇਕ ਹੱਦ ਤਕ ਪਾਰਟੀ ਅਗਵਾਈ ਤੋਂ ਵਾਂਝੀ ਹੋ ਗਈ ਸੀ। ਰਾਮਚੰਦਰ ਨੇ 'ਗ਼ਦਰ' ਦੇ ਸੰਪਾਦਨ ਦਾ ਕੰਮ ਸੰਭਾਲਿਆ। ਭਾਈ ਭਗਵਾਨ ਸਿੰਘ ਅਤੇ ਬਰਕਤਉਲਾ ਨੇ ਉਸਦਾ ਹੱਥ ਵਟਾਇਆ ਅਤੇ ਗੋਵਿੰਦ ਬਿਹਾਰੀ ਲਾਲ, ਜਗਤ ਰਾਮ ਅਤੇ ਖ਼ੇਮਚੰਦ ਵਰਗੇ ਪ੍ਰਤਿਭਾਵਾਨ ਲੋਕਾਂ ਨੇ ਜਥੇਬੰਦੀ ਦਾ ਕੰਮ ਚਲਾਇਆ ਜਿਸਦਾ ਧੁਰਾ ਕਾਸ਼ੀਰਾਮ ਅਤੇ ਸੋਹਣ ਸਿੰਘ ਸਨ।

ਮਈ 1914 ਵਿਚ ਬਹੁਤ ਸਾਰੇ ਪੰਜਾਬੀ ਹਿੰਦੁਸਤਾਨ ਤੋਂ ਪ੍ਰਵਾਸ ਕਰਕੇ ਕੈਨੇਡਾ ਲਈ ਚੱਲ ਪਏ। ਪਰ ਕਰੜੇ ਇਮੀਗਰੇਸ਼ਨ ਕਾਨੂੰਨਾਂ ਨੇ ਹਿੰਦੁਸਤਾਨੀ ਕਿਸਾਨਾਂ ਦਾ ਕੈਨੇਡਾ ਵਿਚ ਆਕੇ ਵਸਣਾ ਵਿਹਾਰਕ ਤੌਰ 'ਤੇ ਅਸੰਭਵ ਬਣਾ ਦਿੱਤਾ ਸੀ। 376 ਮੁਸਾਫ਼ਰਾਂ ਨੂੰ ਲੈ ਕੇ ਸਮੁੰਦਰੀ ਜਹਾਜ਼ ਕਾਮਾਗਾਟਾ ਮਾਰੂ ਵਿਕਟੋਰੀਆ ਆਇਆ ਅਤੇ ਉਨ੍ਹਾਂ ਨੂੰ ਉਥੇ ਉਤਰਨ ਨਹੀਂ ਦਿੱਤਾ ਗਿਆ। ਇਸ ਪਿੱਛੋਂ ਜੋ ਹੋਇਆ ਉਹ ਕੈਨੇਡਾ ਦੇ ਇਤਿਹਾਸ ਦਾ ਇਕ ਸਭ ਤੋਂ ਤ੍ਰਾਸਦਿਕ ਅਤੇ ਬਦਨਾਮ ਇਮੀਗ੍ਰੇਸ਼ਨ ਕਾਂਡ ਹੈ। ਪੁਲਿਸ ਨਾਲ ਹਿੰਸਕ ਟੱਕਰਾਂ ਅਤੇ ਮੁਜ਼ਾਹਰੇ ਹੋਏ; ਭਾਵੇਂ ਇਹ ਮੁਸਾਫ਼ਰ ਗ਼ਦਰੀ ਸਰਪ੍ਰਸਤੀ ਨਾਲ ਨਹੀਂ ਆਏ ਸਨ, ਫਿਰ ਵੀ ਜਥੇਬਦੀ ਨੇ ਉਨ੍ਹਾਂ ਦੇ ਕਾਜ ਦੀ ਹਮਾਇਤ ਕਰਦਿਆਂ ਤਾਰਕਨਾਥ ਦਾਸ, ਖ਼ਾਨਖ਼ੋਜੇ, ਬਲਵੰਤ ਸਿੰਘ ਅਤੇ ਹਰਨਾਮ ਸਿੰਘ ਨੂੰ ਹਥਿਆਰ ਅਤੇ ਪਿਸਤੌਲਾਂ ਦੇ ਕੇ ਚੋਰੀਛਿਪੇ ਜਹਾਜ਼ 'ਤੇ ਪੁੱਜਦੇ ਕਰਨ ਲਈ ਭੇਜਿਆ। ਕਾਸ਼ੀਰਾਮ

ਨੇ ਧਨ ਮੁਹੱਈਆ ਕੀਤਾ ਅਤੇ ਖ਼ਾਨਖ਼ੋਜੇ ਨੂੰ ਪ੍ਰਵਾਸੀਆਂ ਦੀ ਮਦਦ ਕਰਨ ਦੀ ਹਦਾਇਤ ਕੀਤੀ। ਪਰ ਕੋਈ ਫ਼ਾਇਦਾ ਨਾ ਹੋਇਆ। ਜਿਵੇਂ ਜਹਾਜ਼ ਨੂੰ ਵਾਪਸ ਮੋੜਿਆ ਗਿਆ ਅਤੇ ਭੁੱਖੇ ਮਰ ਰਹੇ ਮੁਸਾਫ਼ਰਾਂ ਨਾਲ ਅਣਮਨੁੱਖੀ ਸਲੂਕ ਕੀਤਾ ਗਿਆ ਇਸ ਨੂੰ ਲੈਕੇ ਵਿਆਪਕ ਰੋਹ ਪੈਦਾ ਹੋ ਗਿਆ। ਇਨ੍ਹਾਂ ਸਾਰੇ ਪ੍ਰਵਾਸੀਆਂ ਨੂੰ ਵਾਪਸ ਹਿੰਦੁਸਤਾਨ ਭੇਜ ਦਿੱਤਾ ਗਿਆ ਜਿਥੇ ਬਜ ਬਜ, ਬੰਗਾਲ ਵਿਚ ਉਨ੍ਹਾਂ ਨੂੰ ਹੋਰ ਵੀ ਤਸ਼ੱਦਦ ਦਾ ਸਾਹਮਣਾ ਕਰਨਾ ਪਿਆ ਜਦੋਂ ਪੁਲਿਸ ਨੇ ਉਨ੍ਹਾਂ ਉਪਰ ਗੋਲੀਆਂ ਚਲਾਕੇ ਅਠਾਰਾਂ ਮੁਸਾਫ਼ਰ ਮਾਰ ਦਿੱਤੇ। ਬਾਕੀ ਦੇ ਸਰਗਰਮ ਇਨਕਲਾਬੀ ਬਣ ਗਏ।•

ਜਦੋਂ ਵੱਡੀ ਜੰਗ ਦਾ ਐਲਾਨ ਹੋ ਗਿਆ, ਕਾਹਲੇ ਪਏ ਦੇਸ਼ਭਗਤ ਸਿੱਖ ਇਨਕਲਾਬੀਆਂ ਦੀਆਂ ਟੋਲੀਆਂ ਗ਼ਦਰ ਕਰਨ ਲਈ ਹਿੰਦੁਸਤਾਨ ਵਾਪਸ ਜਾਣ ਲਈ ਤੱਤਪਰ ਸਨ। ਅਗਸਤ 1914 'ਚ ਬਰਤਾਨੀਆ ਜੰਗ ਵਿਚ ਕੁੱਦ ਪਿਆ; ਉਸ ਵਕਤ 4 ਅਗਸਤ 1914 ਨੂੰ ਸਾਨ ਫਰਾਂਸਿਸਕੋ ਵਿਚ ਇਕ ਰੈਲੀ ਕੀਤੀ ਗਈ ਅਤੇ 11 ਅਗਸਤ ਨੂੰ ਸੈਕਰਾਮੈਂਟੋ ਵਿਚ ਇਕ ਆਮ ਇਕੱਠ ਕੀਤਾ ਗਿਆ। ਅਮਰੀਕਨ ਅਖ਼ਬਾਰਾਂ ਦੀ ਸੁਰਖ਼ੀ ਸੀ: 'ਹਿੰਦੂ ਇਨਕਲਾਬ ਵਿਚ ਹਿੱਸਾ ਲੈਣ ਲਈ ਵਤਨ ਨੂੰ ਰਵਾਨਾ', ਇਹ ਪੋਰਟਲੈਂਡ ਟੈਲੀਗ੍ਰਾਮ ਦੀ ਰਿਪੋਰਟ ਸੀ। ਪੰਜਾਬ ਦੇ ਸਾਬਕਾ ਲੈਫਟੀਨੈਂਟ ਗਵਰਨਰ ਸਰ ਮਾਈਕਲ ਓਡਵਾਇਰ ਨੇ ਅੰਦਾਜ਼ਾ ਲਗਾਇਆ ਕਿ ਜੰਗ ਦੇ ਪਹਿਲੇ ਦੋ ਸਾਲਾਂ ਦੌਰਾਨ ਲਗਭਗ 8000 ਆਵਾਸੀ ਵਾਪਸ ਮੁੜ ਆਏ ਸਨ। ਗਿਆਨੀ ਭਗਵਾਨ ਸਿੰਘ ਅਤੇ ਮੌਲਵੀ ਬਰਕਤਉਲਾ ਫੰਡ ਇਕੱਠੇ ਕਰਨ ਲਈ ਨਿਕਲ ਤੁਰੇ, ਜਵਾਲਾ ਸਿੰਘ ਨੇ ਐਲਾਨ ਕੀਤਾ ਕਿ ਉਹ ਬਾਹਟ ਵਾਲੰਟੀਅਰਾਂ ਲਈ ਟਿਕਟਾਂ ਖ਼ਰੀਦੇਗਾ। ਸੋਹਣ ਸਿੰਘ ਭਕਨਾ, ਹਰੀ ਸਿੰਘ ਅਤੇ ਰਾਮ ਚੰਦਰ ਨੇ ਭਰਤੀ ਮੁਹਿਮ ਵਿੱਢ ਦਿੱਤੀ। ਪੰਡਤ ਕਾਸ਼ੀਰਾਮ, ਸੋਹਣ ਸਿੰਘ ਭਕਨਾ, ਕਰਤਾਰ ਸਿੰਘ, ਖ਼ਾਨਖ਼ੋਜੇ, ਵਿਸ਼ਨੂ ਗਣੇਸ਼ ਪਿੰਗਲੇ ਅਤੇ ਪਾਰਟੀ ਦੇ ਹੋਰ ਆਗੂਆਂ ਨੇ ਜੋ ਯੋਜਨਾ ਬਣਾਈ, ਉਹ ਖ਼ਾਨਖ਼ੋਜੇ ਦੇ ਆਪਣੇ ਲਫ਼ਜ਼ਾਂ 'ਚ ਸੁਣੋ:

"ਅਸੀਂ ਹਿੰਦੁਸਤਾਨ ਵਿਚ ਖ਼ਾਨਾਜੰਗੀ ਸ਼ੁਰੂ ਕਰਨ, ਲੋਕਾਂ ਨੂੰ ਟੈਕਸ ਦੇਣ ਨਾ ਦੇਣ ਲਈ ਉਕਸਾਉਣ ਦੀ ਯੋਜਨਾ ਬਣਾਈ ਤਾਂ ਜੋ ਜਾਬਰ ਅੰਗਰੇਜ਼ ਨੂੰ ਆਰਥਕ ਤੌਰ 'ਤੇ ਸੱਟ ਮਾਰੀ ਜਾ ਸਕੇ। ਅਸੀਂ ਹੜਤਾਲਾਂ ਕਰਵਾਕੇ, ਪੁਲ ਉਡਾਕੇ ਅਤੇ ਸੰਵੇਦਨਸ਼ੀਲ ਫ਼ੌਜੀ ਛਾਉਣੀਆਂ ਤਬਾਹ ਕਰਕੇ ਪ੍ਰਸ਼ਾਸਨ ਨੂੰ ਨਾਕਾਰਾ ਕਰ ਦੇਣਾ ਚਾਹੁੰਦੇ ਸੀ।"

ਉਨ੍ਹਾਂ ਨੇ ਹਥਿਆਰ ਹਾਸਲ ਕਰਨ ਅਤੇ ਲੋਕਾਂ ਵਿਚ ਵੰਡਣ ਲਈ ਅਸਲਾਖ਼ਾਨਿਆਂ ਅਤੇ ਪੁਲਿਸ ਚੌਕੀਆਂ ਉਪਰ ਹਮਲੇ ਕਰਨ ਦੀ ਯੋਜਨਾ ਵੀ ਬਣਾਈ।

ਬਦਕਿਸਮਤੀ ਨਾਲ ਖ਼ਾਨਖ਼ੋਜੇ ਤੁਰੰਤ ਉੱਥੋਂ ਰਵਾਨਾ ਨਹੀਂ ਹੋ ਸਕਿਆ, ਕਿਉਂਕਿ ਉਸ ਕੋਲ ਕੋਈ ਪਾਸਪੋਰਟ, ਕਿਸੇ ਤਰ੍ਹਾਂ ਦੇ ਕੋਈ ਸਰਕਾਰੀ ਕਾਗਜ਼ਾਤ ਨਹੀਂ ਸਨ! ਉਹ ਸਮੁੰਦਰੀ ਜਹਾਜ਼ ਦੀ ਬਹੁਤ ਹੀ ਥੋੜ੍ਹੇ ਕਿਰਾਏ ਵਾਲੀ ਟਿਕਟ ਲੈ ਕੇ ਅਮਰੀਕਾ ਆਇਆ ਸੀ, ਜਿਸ ਵਿਚ

• ਇਹ ਤੱਥ ਸਹੀ ਨਹੀਂ। ਸਾਰੇ ਮੁਸਾਫ਼ਰ ਸਰਗਰਮ ਗ਼ਦਰੀ ਨਹੀਂ ਬਣੇ ਸਨ।–ਸੰਪਾਦਕ

ਸਾਨਫਰਾਂਸਿਸਕੋ ਵਿਚ ਮੁੜ-ਉਸਾਰੀ ਲਈ ਸੈਂਕੜੇ ਜਪਾਨੀ ਮਜ਼ਦੂਰਾਂ ਨੂੰ ਲਿਜਾਇਆ ਜਾ ਰਿਹਾ ਸੀ। ਉਹ ਹਿੰਦੁਸਤਾਨ ਜਾਣ ਲਈ ਕਿਸੇ ਵੀ ਤਰ੍ਹਾਂ ਦੀ ਰਾਹਦਾਰੀ ਦੀ ਤਲਾਸ਼ 'ਚ ਨਿਊ ਯਾਰਕ ਚਲਾ ਗਿਆ। ਨਿਊ ਯਾਰਕ ਵਿਚ ਉਸ ਨੂੰ ਅਗਾਸ਼ੀ ਨਾਂ ਦੇ ਦੇਸ਼ਭਗਤ ਤੋਂ ਹਿੰਦੁਸਤਾਨੀਆਂ ਅਤੇ ਜਰਮਨਾਂ ਦੀ ਯੂਰਪ ਵਿਚ ਕਿਸੇ ਥਾਂ ਹੋਣ ਵਾਲੀ ਮੀਟਿੰਗ ਦਾ ਪਤਾ ਚਲਿਆ ਜੋ ਈਰਾਨ ਵਿਚ ਫ਼ੌਜੀ ਸਿਖਲਾਈ ਲਈ ਗਿਆ ਹੋਇਆ ਸੀ। ਇਹ ਮੀਟਿੰਗ ਜਰਮਨਾਂ ਦੀ ਸਰਪ੍ਰਸਤੀ ਨਾਲ ਬਰਲਿਨ ਕਮੇਟੀ ਨੇ ਬੁਲਾਈ ਸੀ ਜਿਨ੍ਹਾਂ ਦਾ ਹਰਦਿਆਲ ਅਤੇ ਵਰੇਂਦਰਨਾਥ ਚੱਟੋਪਾਧਿਆਏ, ਚੰਪਕ ਰਮਨ ਪਿਲੇ, ਡਾ. ਅਭਿਨਾਸ਼ ਚੰਦਰ, ਅਬਦੁਲ ਹਾਫ਼ਿਜ਼ ਅਤੇ ਹੋਰ ਬਹੁਤ ਸਾਰੇ ਹਿੰਦੁਸਤਾਨੀ ਦੇਸ਼ਭਗਤਾਂ ਨਾਲ ਸੰਪਰਕ ਸੀ। ਖ਼ਾਨਖ਼ੋਜੇ ਨੇ ਝੱਟਪੱਟ ਆਪਣੀਆਂ ਯੋਜਨਾਵਾਂ ਬਦਲ ਲਈਆਂ ਅਤੇ ਅਗਾਸ਼ੀ ਤੇ ਬਿਸ਼ਨ ਦਾਸ ਕੋਚਰ ਨਾਲ ਮਿਲਕੇ ਕਾਂਸਤਨੋਪਲ ਨੂੰ ਚਲ ਲਿਆ, ਜਿਥੇ ਆਖ਼ਿਰ ਇਕ ਮੀਟਿੰਗ ਹੋਈ। ਸਿਧਾਂਤਕ ਤੌਰ 'ਤੇ ਖ਼ਾਨਖ਼ੋਜੇ ਦਾ ਖ਼ਿਆਲ ਮੁਸ਼ਕਲ ਪੰਧ ਵਾਲੇ ਜੰਗਲ-ਪਹਾੜ ਅਤੇ ਉਥੋਂ ਦੀਆਂ ਬਹੁਤ ਸਾਰੀਆਂ ਗੁਫ਼ਾਵਾਂ ਦਾ ਲਾਹਾ ਲੈ ਕੇ, ਬਲੋਚਿਸਤਾਨ ਅਤੇ ਅਫ਼ਗਾਨਿਸਤਾਨ ਵਿੱਚੋਂ ਦੀ ਹੁੰਦੇ ਹੋਏ ਹਿੰਦੁਸਤਾਨ ਵਿਚ ਘੁਸਣ ਦਾ ਸੀ, ਜੋ ਬਾਗ਼ੀ ਸਰਗਰਮੀਆਂ ਲਈ ਆਦਰਸ਼ ਹਾਲਾਤ ਸਨ। ਉਸ ਨੂੰ ਨਿਸ਼ਚਾ ਸੀ ਕਿ ਓੜਕ ਉਸਦਾ ਸੁਪਨਾ ਸਾਕਾਰ ਹੋ ਜਾਵੇਗਾ। ਕਾਂਸਤਨੋਪਲ ਵਿਚ ਉਸਦਾ ਮੇਲ ਪ੍ਰਾਮਥਨਾਥ ਦੱਤ ਨਾਲ ਹੋਇਆ ਜੋ 1906 'ਚ ਫ਼ੌਜੀ ਸਿਖਲਾਈ ਦੀ ਤਲਾਸ਼ 'ਚ ਹਿੰਦੁਸਤਾਨ ਤੋਂ ਆਇਆ ਸੀ ਅਤੇ ਜਿਸ ਨੇ ਆਪਣਾ ਨਾਂ ਦਾਊਦ ਅਲੀ ਰੱਖਿਆ ਹੋਇਆ ਸੀ। ਉਸਦੀ ਮਦਦ ਨਾਲ ਗ਼ਦਰ ਦਾ ਏਲਚੀ ਖ਼ਾਨਖ਼ੋਜੇ ਅਨਵਰ ਪਾਸ਼ਾ ਅਤੇ ਤਲਤ ਪਾਸ਼ਾ ਸਮੇਤ ਤੁਰਕੀ ਦੇ ਵੱਖੋ-ਵੱਖਰੇ ਆਹਲਾ ਅਧਿਕਾਰੀਆਂ ਨੂੰ ਮਿਲਿਆ। ਉਨ੍ਹਾਂ ਨਾਲ ਬਰਤਾਨੀਆ ਤੋਂ ਹਿੰਦੁਸਤਾਨ ਦੀ ਆਜ਼ਾਦੀ ਅਤੇ ਇਸ ਲਈ ਇਨਕਲਾਬੀਆਂ ਨੂੰ ਲੋੜੀਂਦੀ ਸਹਾਇਤਾ ਦੇ ਮੁੱਦੇ ਵਿਚਾਰੇ ਗਏ। ਅਸੂਲੀ ਤੌਰ 'ਤੇ ਤੁਰਕ ਉਨ੍ਹਾਂ ਦੇ ਖ਼ਿਆਲਾਂ ਨਾਲ ਸਹਿਮਤ ਸਨ ਪਰ ਮਾਲੀ ਜਾਂ ਵਿਹਾਰਕ ਤੌਰ 'ਤੇ ਕੋਈ ਹੋਰ ਮਦਦ ਨਹੀਂ ਕਰ ਸਕੇ।

ਜਰਮਨ ਕੌਂਸਲ ਦੀ ਅਗਵਾਈ ਹੇਠ ਜਰਮਨਾਂ ਨੇ ਬਹੁਤ ਸਾਰੀਆਂ ਮੁਹਿੰਮਾਂ ਤਜਵੀਜ਼ ਕੀਤੀਆਂ ਸਨ; ਤਿੰਨੋਂ ਦੋਸਤ ਉਨ੍ਹਾਂ ਮੁਹਿੰਮਾਂ ਵਿੱਚੋਂ ਇਕ ਵਿਚ ਸ਼ਾਮਲ ਹੋ ਗਏ, ਜੋ ਸ਼ੋਖ ਕਿਰਦਾਰ ਵਿਲਹੈੱਮ ਵਾਸਮੁਸ ਦੀ ਅਗਵਾਈ ਵਿਚ ਸੀ, ਜਿਸ ਨੂੰ ਅਕਸਰ ਅਰਬ ਦਾ ਜਰਮਨ ਲਾਰੈਂਸ ਕਿਹਾ ਜਾਂਦਾ ਸੀ। ਇਕ ਹੋਰ ਮੁਹਿੰਮ ਰਾਜਾ ਮਹਿੰਦਰ ਪ੍ਰਤਾਪ, ਮੌਲਵੀ ਬਰਕਤਉਲਾ ਅਤੇ ਸੀ.ਆਰ. ਪਿਲੇ ਨੂੰ ਅਫ਼ਗਾਨਿਸਤਾਨ ਵਿਚ ਕਾਬੁਲ ਪਹੁੰਚਾਉਣ ਦੀ ਸੀ। ਵਾਸਮੁਸ ਮੁਹਿੰਮ ਸ਼ਿਰਾਜ਼ ਲਈ ਰਵਾਨਾ ਹੋਈ ਜਿਥੇ ਉਨ੍ਹਾਂ ਨਾਲ ਸੂਫ਼ੀ ਅੰਬਾ ਪ੍ਰਸਾਦ ਆ ਮਿਲੇ। ਅਫ਼ਗਾਨਿਸਤਾਨ ਅਤੇ ਈਰਾਨ ਵਿਚਲੀਆਂ ਗ਼ਦਰੀ ਮੁਹਿੰਮਾਂ ਇਸ ਢੰਗ ਨਾਲ ਸ਼ੁਰੂ ਹੋਈਆਂ। ਆਖ਼ਿਰਕਾਰ, ਖ਼ਾਨਖ਼ੋਜੇ ਦਾ ਬਰਾਸਤਾ ਬਲੋਚਿਸਤਾਨ ਹਿੰਦੁਸਤਾਨ ਨੂੰ ਇਨਕਲਾਬੀ ਫ਼ੌਜ ਲਿਜਾਣ ਦਾ ਸੁਪਨਾ ਸਾਕਾਰ ਹੁੰਦਾ ਜਾਪ ਰਿਹਾ ਸੀ। ਇਸ ਯਤਨ ਵਿਚ ਉਸਦੇ ਸਾਥੀ ਅਗਾਸ਼ੀ ਅਤੇ ਪ੍ਰਾਮਥਨਾਥ ਦੱਤ ਸਨ। ਉਸਦੀ ਨਿੱਕੀ ਜਹੀ ਫ਼ੌਜ ਹਿੰਦੁਸਤਾਨੀ ਜੰਗੀ ਕੈਦੀਆਂ (ਹਰਦਿਆਲ

ਵਲੋਂ ਭਰਤੀ ਕੀਤੇ), ਰਸਤੇ ਵਿਚ ਭਰਤੀ ਕੀਤੇ ਹਿੰਦੁਸਤਾਨੀ ਫ਼ੌਜੀਆਂ, ਗ਼ਦਰੀ ਇਨਕਲਾਬੀਆਂ ਅਤੇ ਖ਼ਾਹਸ਼ਮੰਦ ਕਬਾਇਲੀਆਂ ਨੂੰ ਲੈ ਕੇ ਬਣਾਈ ਗਈ ਸੀ। ਤਾਰਕਨਾਥ ਦਾਸ ਦੀ ਡਿਊਟੀ ਸੁਏਜ਼ ਖੇਤਰ ਵਿਚ ਲੜ ਰਹੇ ਹਿੰਦੁਸਤਾਨੀ ਫ਼ੌਜੀਆਂ ਨੂੰ ਉਕਸਾਕੇ ਇਨਕਲਾਬੀ ਤਾਕਤਾਂ ਵਿਚ ਸ਼ਾਮਲ ਹੋਣ ਦੀ ਲਗਾਈ ਗਈ ਸੀ।

ਉਨ੍ਹਾਂ ਨੇ ਮਿਲਕੇ ਬ੍ਰਿਗੇਡੀਅਰ ਜਨਰਲ ਸਰ ਪਰਸੀ ਸਾਈਕਸ ਦੀ ਫ਼ੌਜ ਨਾਲ ਕਈ ਲੜਾਈਆਂ ਲੜੀਆਂ। ਇਕ ਈਰਾਨੀ ਗ਼ਦਰੀ ਦਾਦਾਭਾਈ ਕਿਰਸਸਪ, ਜੋ ਬਾਅਦ ਵਿਚ ਉਨ੍ਹਾਂ ਵਿਚ ਸ਼ਾਮਲ ਹੋਇਆ, ਨੂੰ ਬਰਤਾਨਵੀ ਫਾਇਰਿੰਗ ਸੁਕਐਡ ਨੇ ਉਂਞ ਹੀ ਮਾਰ ਮੁਕਾਇਆ; ਸੂਫ਼ੀ ਅੰਬਾ ਪ੍ਰਸਾਦ ਨੇ ਫਾਇਰਿੰਗ ਸੁਕਐਡ ਦਾ ਸਾਹਮਣਾ ਕਰਨ ਤੋਂ ਪਹਿਲਾਂ ਖ਼ੁਦਕੁਸ਼ੀ ਕਰ ਲਈ। ਖ਼ਾਨਖ਼ੋਜੇ ਬਾਫ਼ਟ ਦੇ ਪਹਾੜਾਂ ਉਪਰ ਹੋਈ ਜ਼ਬਰਦਸਤ ਲੜਾਈ ਵਿਚ ਜ਼ਖ਼ਮੀ ਹੋ ਗਿਆ ਅਤੇ ਗ੍ਰਿਫ਼ਤਾਰ ਕਰ ਲਿਆ ਗਿਆ। ਇਨਕਲਾਬੀ ਅਫ਼ਗਾਨਿਸਤਾਨ ਅਤੇ ਬਲੋਚਿਸਤਾਨ ਵਿਚ ਬਦਲ-ਬਦਲਕੇ ਜ਼ਬਰਦਸਤ ਛਾਪਾਮਾਰ ਲੜਾਈ ਲੜ ਰਹੇ ਸਨ। ਇਕ ਜਰਮਨ ਜੰਗੀ ਆਫ਼ਿਸ ਮੈਮੋ ਕਹਿੰਦਾ ਹੈ: "ਮਿਸ਼ਨ ਦੇ ਨਾਲ ਹਿੰਦੀ, ਉਰਦੂ, ਗੁਰਮੁਖੀ ਅਤੇ ਅੰਗਰੇਜ਼ੀ ਵਿਚ ਭੜਕਾਊ ਸਾਹਿਤ ਭੇਜਿਆ ਗਿਆ ਸੀ ਜੋ ਜ਼ਿਆਦਾਤਰ ਬਰਤਾਨਵੀ ਫ਼ੌਜ ਦੀ ਨੌਕਰੀ ਕਰ ਰਹੇ ਹਿੰਦੁਸਤਾਨੀ ਫ਼ੌਜੀਆਂ ਨੂੰ ਮੁਖ਼ਾਤਬ ਸੀ ਜਿਸ ਵਿਚ ਉਨ੍ਹਾਂ ਨੂੰ ਇਸ ਮੌਕੇ ਦਾ ਫ਼ਾਇਦਾ ਉਠਾਕੇ ਘ੍ਰਿਣਤ ਅੰਗਰੇਜ਼ ਜੂਲਾ ਲਾਹੁਣ ਲਈ ਉੱਠਣ ਦਾ ਸੱਦਾ ਦਿੱਤਾ ਗਿਆ ਸੀ।" ਜਰਮਨ ਕੌਂਸਲ ਜ਼ਗਮੇਅਰ ਨੇ ਇਕ ਸਿਫ਼ਾਰਸ਼ੀ ਖ਼ਤ ਲਿਖਿਆ ਕਿ 'ਖ਼ਾਨਖ਼ੋਜੇ ਇਕ ਸੱਚਾ ਦੇਸ਼ਭਗਤ ਹੈ, ਜੋ ਆਪਣੇ ਕਾਜ ਲਈ ਇੰਤਹਾ ਕੁਰਬਾਨੀ ਕਰਨ ਲਈ ਤੱਤਪਰ ਹੈ'। ਪਾਂਡੂਰੰਗ ਖ਼ਾਨਖ਼ੋਜੇ ਨੇ ਬਰਤਾਨਵੀ ਫ਼ੌਜ ਨਾਲ ਜੰਗ ਲੜਨਾ ਤੇ ਆਖ਼ਿਰ ਤਕ ਝੜਪਾਂ ਜਾਰੀ ਰੱਖੀਆਂ, ਪਰ ਕਦੇ ਵੀ ਹਿੰਦੁਸਤਾਨ ਵਿਚ ਦਾਖ਼ਲ ਹੋਣ ਵਿਚ ਕਾਮਯਾਬ ਨਹੀਂ ਹੋਇਆ ਕਿਉਂਕਿ ਉਸਦੀ ਫ਼ੌਜ ਦਾ ਇਕ ਹਿੱਸਾ ਬੁਰੀ ਤਰ੍ਹਾਂ ਤਬਾਹ ਹੋ ਜਾਣ ਨਾਲ ਉਸ ਨੂੰ ਬਹੁਤ ਸਾਰੇ ਨੁਕਸਾਨ ਝੱਲਣੇ ਪਏ ਸਨ।

ਖ਼ਾਨਖ਼ੋਜੇ ਜੰਗ ਦੇ ਅਖ਼ੀਰ ਤਕ ਕਸ਼ਘਾਈ ਕਬੀਲੇ ਦੀ ਪਨਾਹ ਵਿਚ ਰਿਹਾ। ਇਹ ਜ਼ੋਰ ਦੇਣਾ ਹੋਵੇਗਾ ਕਿ ਗ਼ਦਰ ਲਹਿਰ ਦੇ ਇਸ ਹਿੱਸੇ ਬਾਰੇ ਹਾਲਾਂਕਿ ਬਹੁਤ ਥੋੜ੍ਹੀ ਜਾਣਕਾਰੀ ਮਿਲਦੀ ਹੈ, ਜੋ ਗ਼ਦਰ ਲਹਿਰ ਦਾ ਇਕ ਅਨਿੱਖੜ ਹਿੱਸਾ ਸੀ, ਅਤੇ ਜੋ ਇਸ ਨੂੰ ਬਹੁਤ ਹੀ ਅਹਿਮ ਆਲਮੀ ਵਿਸਤਾਰ ਦਿੰਦਾ ਹੈ।

ਗ਼ਦਰ ਲਹਿਰ ਦੀ ਅਸਫ਼ਲਤਾ ਦੇ ਕਈ ਕਾਰਨ ਹੋ ਸਕਦੇ ਹਨ, ਜਦੋਂ ਆਲਮੀ ਜੰਗ ਚਲ ਰਹੀ ਸੀ ਓਦੋਂ ਮੁੱਖ ਤੌਰ 'ਤੇ ਮਦਦ ਅਤੇ ਵਿਸ਼ਵ ਦੀਆਂ ਸਮੱਸਿਆਵਾਂ। ਬਰਤਾਨਵੀ ਖ਼ੁਫੀਆ ਪੁਲਿਸ ਨੇ ਹਥਿਆਰਾਂ ਦੀਆਂ ਖੇਪਾਂ ਵੱਖ-ਵੱਖ ਥਾਵਾਂ ਉਪਰ ਰਾਹ ਵਿਚ ਹੀ ਫੜ ਲਈਆਂ; ਮੈਕਸੀਕੋ ਵਿਚ ਸਕੋਰੋਲੈਂਡ ਟਾਪੂਆਂ ਵਿਚ ਅਤੇ ਬਟਾਵੀਆ, ਇੰਡੋਨੇਸ਼ੀਆ ਵਿਚ ਐੱਮ.ਐੱਨ.ਰਾਏ ਸਮੁੰਦਰੀ ਜਹਾਜ਼ 'ਤੇ ਭੇਜੀਆਂ ਹਥਿਆਰਾਂ ਦੀਆਂ ਖੇਪਾਂ ਦੀ ਇੰਤਜ਼ਾਰ ਕਰਦਾ ਰਿਹਾ ਜੋ ਕਦੇ ਨਹੀਂ ਪਹੁੰਚੀਆਂ। ਹਿੰਦੁਸਤਾਨ ਵਿਚ ਵਾਪਸ ਆਏ ਗ਼ਦਰੀਆਂ ਨੇ ਹਿੰਸਕ ਕਾਰਵਾਈਆਂ ਰਾਹੀਂ ਗੜਬੜ ਕਰਨੀ ਚਾਹੀ ਜਿਸ ਨੂੰ ਕੁਚਲਣ ਲਈ ਬਰਤਾਨਵੀ ਰਾਜ ਬਹੁਤ

ਦਰਿੰਦਗੀ ਨਾਲ ਪੇਸ਼ ਆਇਆ। ਬਹੁਤ ਸਾਰਿਆਂ ਨਾਲ ਆਮ ਮੁਜਰਿਮਾਂ ਵਾਂਗ ਸਲੂਕ ਕੀਤਾ ਗਿਆ, 69 ਨੂੰ ਫਾਹੇ ਲਾ ਦਿੱਤਾ ਗਿਆ ਅਤੇ ਹੋਰ ਕਈਆਂ ਨੂੰ ਉਮਰ ਭਰ ਲਈ ਅੰਡੇਮਾਨ ਦੀ ਸੈਲੂਲਰ ਜੇਲ੍ਹ ਵਿਚ ਕੈਦ ਕਰ ਦਿੱਤਾ ਗਿਆ। ਕੁਲ 225 ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ। ਕੇਂਦਰੀ ਤਾਲਮੇਲ ਦੀ ਘਾਟ ਅਤੇ ਜਰਮਨਾਂ ਤੋਂ ਉਮੀਦ ਕੀਤੀ ਮਦਦ ਨਾ ਮਿਲਣ ਦੇ ਤੱਥ ਨੇ ਵੀ ਨਾਕਾਮਯਾਬੀ ਵਿਚ ਹਿੱਸਾ ਪਾਇਆ। ਅਤੇ ਅਮਰੀਕਾ ਵਿਚ ਜੰਗ ਦੌਰਾਨ ਵੱਡੀ ਪੱਧਰ 'ਤੇ ਗ੍ਰਿਫ਼ਤਾਰੀਆਂ ਤੇ ਨਜ਼ਰਬੰਦੀਆਂ ਨਾਲ ਗ਼ਦਰ ਖ਼ਤਮ ਹੋ ਗਿਆ। ਫਿਰ ਵੀ ਚਿੰਨਾਤਮਕ ਰੂਪ 'ਚ ਇਹ ਕਿਹਾ ਜਾ ਸਕਦਾ ਹੈ ਕਿ ਇਹ ਲਹਿਰ ਭਵਿੱਖ ਦੇ ਕਈ ਇਨਕਲਾਬੀਆਂ ਲਈ ਪ੍ਰੇਰਣਾ ਬਣੀ। ਅਫ਼ਗਾਨਿਸਤਾਨ ਵਿਚ ਰਾਜਾ ਮਹਿੰਦਰ ਪ੍ਰਤਾਪ, ਬਰਕਤਉਲਾ, ਸੀ. ਪਿੱਲੇ ਅਤੇ ਹੋਰ ਗ਼ਦਰੀਆਂ ਵਲੋਂ ਆਰਜ਼ੀ ਹਕੂਮਤ-ਏ-ਹਿੰਦ ਬਣਾਏ ਜਾਣ, ਵਤਨ ਵਾਪਸ ਪਰਤੇ ਸਿੱਖ ਇਨਕਲਾਬੀਆਂ ਵਲੋਂ ਮਚਾਈ ਗੜਬੜ ਨੇ ਈਰਾਨ ਵਿਚ 'ਜੰਗ ਲੜ ਰਹੇ ਅਸੰਤੁਸ਼ਟ ਹਿੰਦੁਸਤਾਨੀਆਂ' ਦੀਆਂ ਰਿਪੋਰਟਾਂ ਨਾਲ ਮਿਲਕੇ ਬਰਤਾਨਵੀ ਰਾਜ ਨੂੰ ਧੁੜਕੂ ਲਾ ਦਿੱਤਾ; ਪਰ ਉਹ ਐਨੀ ਅਸਾਨੀ ਨਾਲ ਹਿੰਦੁਸਤਾਨ ਛੱਡਕੇ ਜਾਣ ਵਾਲੇ ਨਹੀਂ ਸਨ।

ਬਦੇਸ਼ੀ ਤਾਕਤਾਂ ਅਤੇ ਜ਼ਾਲਮ ਸ਼ਕਤੀਆਂ ਵਿਰੁੱਧ ਬਹੁਤ ਸਾਰੀਆਂ ਆਜ਼ਾਦੀ ਦੀਆਂ ਲਹਿਰਾਂ ਅਤੇ ਬਗ਼ਾਵਤਾਂ ਦੇ ਇਤਿਹਾਸ ਵਿਚ ਗ਼ਦਰ ਲਹਿਰ ਕਈ ਪੱਖਾਂ ਤੋਂ ਵਿਲੱਖਣ ਹੈ: ਇਹ ਪਹਿਲੀ ਇਨਕਲਾਬੀ ਲਹਿਰ ਸੀ ਜੋ ਬੇਗਾਨੇ ਮੁਲਕ ਵਿਚ ਪੈਦਾ ਹੋਈ ਸੀ। ਆਪਣੇ ਵਤਨ ਦੀ ਬੰਦ-ਖ਼ਲਾਸੀ ਦੀ ਆਦਰਸ਼ਵਾਦੀ ਲੜਾਈ ਵਿਚ ਕੁੱਦਣ ਲਈ ਜਿਨ੍ਹਾਂ ਸਿੱਖ ਕਾਸ਼ਤਕਾਰਾਂ ਨੇ ਆਪਣੀ ਬਹੁਤ ਹੀ ਬਹੁਮੁੱਲੀ ਆਰਥਕ ਆਜ਼ਾਦੀ ਅਤੇ ਖੁਸ਼ਹਾਲੀ ਕੁਰਬਾਨ ਕਰ ਦਿੱਤੀ, ਉਹ ਆਪਾਵਾਰ ਦੇਸ਼ਭਗਤ ਸਨ। ਜਿਨ੍ਹਾਂ ਨੇ ਨਵੀਂ-ਨਵੀਂ ਹਾਸਲ ਕੀਤੀ ਮੁਕਤੀ ਇਸ ਲਹਿਰ ਦੀ ਝੋਲੀ ਪਾ ਦਿੱਤੀ ਅਤੇ ਆਪਣੀਆਂ ਜ਼ਿੰਦਗੀਆਂ ਤੇ ਮੁਕਤੀ ਕੁਰਬਾਨ ਕਰ ਦਿੱਤੀ। ਉਹ ਹਿੰਦੁਸਤਾਨ ਦੇ ਇਤਿਹਾਸ ਵਿਚ ਫੁੱਟਨੋਟ ਨਾਲੋਂ ਕਿਤੇ ਵੱਡੀ ਅਹਿਮੀਅਤ ਦੇ ਹੱਕਦਾਰ ਹਨ ਜੋ ਹੁਣ ਤਕ ਉਨ੍ਹਾਂ ਨੂੰ ਦਿੱਤੀ ਗਈ ਹੈ। ਇਸ ਦੇ ਕੌਮਾਂਤਰੀ ਵਿਸਤਾਰ ਜਰਮਨ ਅਤੇ ਨਾਲ ਹੀ ਤੁਰਕੀ ਤੇ ਈਰਾਨ ਦੇ ਪੁਰਾਲੇਖ ਵਿਭਾਗਾਂ ਦੇ ਦਸਤਾਵੇਜ਼ਾਂ ਦੀ ਡੂੰਘੀ ਖੋਜ ਦੀ ਮੰਗ ਕਰਦੇ ਹਨ। ਇਹ ਇਕ ਐਸੀ ਲਹਿਰ ਹੈ ਜੋ ਜਪਾਨ ਵਰਗੇ ਮੁਲਕਾਂ ਤਕ ਦੂਰ-ਦਰਾਜ਼ ਤਕ ਫੈਲੀ ਹੋਈ ਸੀ, ਜਿਥੇ ਰਾਸ ਬਿਹਾਰੀ ਬੋਸ, ਭੁਪਿੰਦਰਨਾਥ ਦੱਤ ਅਤੇ ਹੋਰ ਇਨਕਲਾਬੀਆਂ ਨੇ ਭੂਮਿਕਾ ਨਿਭਾਈ ਸੀ। ਸੁਭਾਸ਼ ਚੰਦਰ ਬੋਸ ਨੇ ਆਪਣੀ ਆਜ਼ਾਦ ਹਿੰਦ ਫ਼ੌਜ ਨਾਲ ਹਿੰਦੁਸਤਾਨ ਦੇ ਇਤਿਹਾਸ ਵਿਚ ਇਕ ਨਵਾਂ ਸਫ਼ਾ ਸਿਰਜਿਆ, ਅਤੇ ਇਕ ਵਿਲੱਖਣ ਢੰਗ ਨਾਲ ਗ਼ਦਰ ਦੀਆਂ ਗੂੰਜਾਂ ਪਾਈਆਂ। ਸਿੰਗਾਪੁਰ ਵਿਚ ਪ੍ਰਤੀਬੱਧ ਸਾਬਕਾ ਫ਼ੌਜੀਆਂ ਦੇ ਬਹੁਤ ਸਾਰੇ ਸੰਪਰਕ ਸਨ ਅਤੇ ਭਵਿੱਖ ਦੀਆਂ ਬਗ਼ਾਵਤਾਂ ਉਪਰ ਗ਼ਦਰ ਦੇ ਪ੍ਰਭਾਵ ਅਤੇ ਅਰਥ-ਸੰਭਾਵਨਾਵਾਂ ਨੂੰ ਸਹੀ ਰੂਪ 'ਚ ਖੋਜਕੇ ਸਥਾਪਤ ਕਰਨ ਦੀ ਲੋੜ ਹੈ। ਅਫ਼ਗਾਨਿਸਤਾਨ ਵਿਚ ਆਜ਼ਾਦ ਹਕੂਮਤ ਇਕ ਮੱਘਦਾ ਚਿੰਨ੍ਹ ਅਤੇ ਮੁਕਤੀ ਦੀ ਮਸ਼ਾਲ ਹੈ ਅਤੇ ਇਸ ਦੀ ਅਹਿਮੀਅਤ ਨੂੰ "ਰੇਸ਼ਮੀ ਖ਼ਤਾਂ" ਦੀ ਹਾਸੋਹੀਣੀ ਘਟਨਾ ਤਕ ਨਹੀਂ ਘਟਾਉਣਾ ਚਾਹੀਦਾ। ਗ਼ਦਰ ਦਾ ਸਭ ਤੋਂ ਅਹਿਮ ਪ੍ਰਭਾਵ

ਭਗਤ ਸਿੰਘ ਉਪਰ ਸੀ ਜਿਸ ਬਾਰੇ ਹੋਰ ਜ਼ਿਆਦਾ ਬਿਆਨ ਕਰਨ ਦੀ ਲੋੜ ਹੈ, ਅਤੇ ਇਤਿਹਾਸ ਦਾ ਇਕ ਨਵਾਂ ਸਫ਼ਾ ਲਿਖਣ ਦੀ ਲੋੜ ਹੈ।

ਦਾਰਸ਼ਨਿਕ ਪੱਧਰ 'ਤੇ ਇਹ ਜ਼ੋਰ ਦੇਣਾ ਜ਼ਰੂਰੀ ਹੈ ਕਿ ਗ਼ਦਰ ਲਹਿਰ ਇਕ ਸੱਚੀ ਧਰਮਨਿਰਪੱਖ ਲਹਿਰ ਸੀ। ਧਰਮ, ਜਾਤ ਜਾਂ ਧਾਰਮਿਕ ਮੱਤ ਦੀ ਇਸ ਦੀ ਵਿਚਾਰਧਾਰਕ ਨੁਹਾਰ ਘੜਨ ਵਿਚ ਕੋਈ ਭੂਮਿਕਾ ਨਹੀਂ ਸੀ। ਗ਼ਦਰੀਆਂ ਦਾ ਧਰਮ ਸਿਰਫ਼ ਦੇਸ਼ਭਗਤੀ ਸੀ। ਸਾਰੇ ਧਰਮਾਂ ਵਿੱਚੋਂ ਗ਼ਦਰੀ ਇਸ ਲਹਿਰ ਵਿਚ ਕੁੱਦੇ ਸਨ ਅਤੇ ਇਨਕਲਾਬੀਆਂ ਲਈ ਧਰਮ ਨੂੰ ਨਾਮੁਨਾਸਬ ਸਮਝਿਆ ਗਿਆ ਸੀ। ਕਿਸਾਨ, ਵਿਦਿਆਰਥੀ, ਪੇਸ਼ੇਵਰ ਇਹ ਸਾਰੇ ਇਕ ਸਾਂਝੇ ਨਿਸ਼ਾਨੇ ਲਈ ਇਕਮੁੱਠ ਸਨ। ਤਿਲਕ ਅਤੇ ਗੋਖਲੇ ਦੇ ਜ਼ਮਾਨੇ ਵਿਚ ਜੋ ਬੌਧਿਕ ਜਾਗ੍ਰਿਤੀ ਸ਼ੁਰੂ ਹੋ ਗਈ ਸੀ ਉਹ ਗ਼ਦਰ ਨੇ ਜਾਰੀ ਰੱਖੀ ਸੀ।

ਪਹਿਲੀ ਆਲਮੀ ਜੰਗ ਤੋਂ ਬਾਅਦ ਖ਼ਾਨਖ਼ੋਜੇ ਬਰਲਿਨ ਵਿਚ ਵਿਰੇਂਦਰਨਾਥ ਚੱਟੋਪਾਧਿਆਏ ਕੋਲ ਚਲਾ ਗਿਆ। ਭੁਪਿੰਦਰਨਾਥ ਦੱਤ, ਲੁਹਾਨੀ, ਵਿਰੇਂਦਰਨਾਥ ਚੱਟੋਪਾਧਿਆਏ ਅਤੇ ਖ਼ਾਨਖ਼ੋਜੇ ਵੀ.ਆਈ.ਲੈਨਿਨ ਅਤੇ ਬਾਲਸ਼ਵਿਕ ਹਕੂਮਤ ਨੂੰ ਹਿੰਦੁਸਤਾਨ ਦੀ ਆਜ਼ਾਦੀ ਦੀ ਲਹਿਰ ਨੂੰ ਮਾਨਤਾ ਦਿਵਾਉਣ ਲਈ ਮਿਲੇ। ਇਨ੍ਹਾਂ ਮੀਟਿੰਗਾਂ ਦੀ ਅਸਫ਼ਲਤਾ ਤੋਂ ਬਾਅਦ ਉਹ ਖਾਲੀ ਹੱਥ ਜਰਮਨੀ ਮੁੜ ਆਏ। ਬਹੁਤ ਹੀ ਫ਼ੁਰਤੀਲੀ ਬਰਤਾਨਵੀ ਖ਼ੁਫ਼ੀਆ ਪੁਲਿਸ ਖ਼ਾਨਖ਼ੋਜੇ ਦੇ ਪਿੱਛੇ ਪਈ ਹੋਈ ਸੀ, ਅਤੇ ਆਪਣੀ ਜ਼ਿੰਦਗੀ ਨੂੰ ਖ਼ਤਰਾ ਦੇਖਕੇ ਉਸਨੇ ਮੈਕਸੀਕੋ ਵਿਚ ਪਨਾਹ ਲੈ ਲਈ। ਉਸਦਾ ਨਾਂ ਪਾਬੰਦੀਸ਼ੁਦਾ ਵਿਅਕਤੀਆਂ ਦੀ ਸੂਚੀ ਵਿਚ ਸੀ ਅਤੇ ਜੇ ਉਹ ਹਿੰਦੁਸਤਾਨ ਵਾਪਸ ਪਰਤ ਆਉਂਦਾ ਤਾਂ ਲਾਜ਼ਮੀ ਹੀ ਉਸਨੂੰ ਸਜ਼ਾ-ਏ-ਮੌਤ ਜਾਂ ਅੰਡੇਮਾਨ ਵਿਚ ਉਮਰ ਕੈਦ ਦੀ ਸਜ਼ਾ ਦਿੱਤੀ ਜਾਣੀ ਸੀ। ਮੈਕਸੀਕੋ ਵਿਚ ਉਹ ਮਸ਼ਹੂਰ ਖੇਤੀਬਾੜੀ ਮਾਹਰ ਬਣਿਆ, ਹਮੇਸ਼ਾ ਇਸ ਉਮੀਦ ਨਾਲ ਕਿ ਹਿੰਦੁਸਤਾਨ ਵਾਪਸ ਜਾਕੇ ਉਹ ਇਸ ਮੁਹਾਰਤ ਨੂੰ ਵਤਨ ਦੀ ਸੇਵਾ 'ਚ ਲਾਏਗਾ। ਉਸਨੇ ਬੇਗਰਜ਼ ਹੋ ਕੇ ਮੈਕਸੀਕਨ ਕਿਸਾਨਾਂ ਦੀ ਸੇਵਾ ਕੀਤੀ ਅਤੇ ਮੱਕੀ ਤੇ ਕਣਕ ਦੀਆਂ ਨਵੀਂਆਂ ਕਿਸਮਾਂ ਵਿਕਸਤ ਕੀਤੀਆਂ। ਕਣਕ ਦੀ ਸੋਕੇ ਦਾ ਮੁਕਾਬਲਾ ਕਰਨ ਵਾਲੀ ਕਿਸਮ ਬਾਰੇ ਉਸਦੀ ਮੂਲ ਖੋਜ ਨੂੰ ਮੈਕਸੀਕਨ ਵਿਗਿਆਨੀਆਂ ਨੇ ਜਾਰੀ ਰੱਖਿਆ ਅਤੇ ਇਸ ਦਾ ਬੋਰਲਾਗ ਅਤੇ ਸਵਾਮੀਨਾਥਨ ਵਲੋਂ ਸ਼ੁਰੂ ਕੀਤੇ ਹਰੇ ਇਨਕਲਾਬ ਵਜੋਂ ਹਿੰਦੁਸਤਾਨ ਆਉਣਾ ਕਿੰਨਾ ਹੈਰਾਨੀਜਨਕ ਹੈ। ਲਿਹਾਜ਼ਾ, ਉਸਦਾ ਹਿੰਦੁਸਤਾਨੀ ਕਿਸਾਨਾਂ ਦੀ ਸੇਵਾ ਕਰਨ ਦਾ ਸੁਪਨਾ ਪੂਰਾ ਹੋ ਗਿਆ।

ਹਿੰਦੁਸਤਾਨ ਦੀ ਆਜ਼ਾਦੀ ਤੋਂ ਬਾਅਦ, ਉਸ ਨੂੰ ਸੈਂਟਰਲ ਪ੍ਰਾਵਿੰਸਜ਼ (ਜੋ ਬਾਅਦ ਵਿਚ ਮੱਧ ਪ੍ਰਦੇਸ ਬਣਿਆ) ਵਲੋਂ ਖੇਤੀਬਾੜੀ ਨੀਤੀ ਦਾ ਮੁਖੀ ਬਣਾਏ ਜਾਣ ਦਾ ਸੱਦਾ ਦਿੱਤਾ ਗਿਆ ਪਰ ਉਹ 1951 'ਚ ਮੈਕਸੀਕੋ ਵਾਪਸ ਚਲਾ ਗਿਆ। 1955 'ਚ ਉਹ ਸਦਾ ਲਈ ਹਿੰਦੁਸਤਾਨ ਆ ਗਿਆ ਅਤੇ ਨਾਗਪੁਰ ਵਿਚ ਵਸ ਗਿਆ ਜਿਥੇ 1967 'ਚ ਉਸਦਾ ਦੇਹਾਂਤ ਹੋ ਗਿਆ। ਆਪਣੀ ਜ਼ਿੰਦਗੀ ਦੇ ਅਖ਼ੀਰ ਤਕ ਉਸਨੇ ਕੋਈ ਸਨਮਾਨ ਜਾਂ ਮਾਨਤਾ ਨਹੀਂ ਲੈਣੀ ਚਾਹੀ: ਹਿੰਦੁਸਤਾਨ ਦੀ ਅਜ਼ਾਦੀ ਹੀ ਉਸਦਾ ਇਕੋਇਕ ਸਨਮਾਨ ਸੀ।

ਹਿੱਸਾ ਤੀਜਾ

ਹਥਿਆਰਬੰਦ ਬਗ਼ਾਵਤ

ਸਿੰਗਾਪੁਰ ਗ਼ਦਰ

ਹਿੰਦੁਸਤਾਨੀ ਇਤਿਹਾਸ ਦਾ ਸ਼ਾਨਾਮੱਤਾ ਅਧਿਆਏ

–ਡਾ. ਪ੍ਰਿਥਵੀ ਰਾਜ ਕਾਲੀਆ

ਪਹਿਲੀ ਆਲਮੀ ਜੰਗ ਦੌਰਾਨ, 15 ਫਰਵਰੀ 1915 ਨੂੰ ਦਿਨ ਦੇ ਤਿੰਨ ਵਜੇ ਪੰਜਵੇਂ ਹਿੰਦੁਸਤਾਨੀ ਦੇਸੀ ਰਿਸਾਲੇ ਦੀਆਂ ਅਲੈਗਜ਼ੈਂਡਰ ਬੈਰਕਾਂ ਵਿੱਚੋਂ ਗੋਲੀਆਂ ਚੱਲਣ ਦੀ ਆਵਾਜ਼ ਆਈ। ਅੰਗਰੇਜ਼ ਅਫ਼ਸਰਾਂ ਦੀ ਕਮਾਨ ਹੇਠ ਇਹ ਹਿੰਦੁਸਤਾਨੀ ਫ਼ੌਜ ਦੀ ਬਾਕਾਇਦਾ ਬਟਾਲੀਅਨ ਸੀ। ਕਥਿਤ ਤੌਰ 'ਤੇ ਪਹਿਲੀ ਇੱਕੋਇਕ ਗੋਲੀ ਸਿਪਾਹੀ ਇਸਮਾਇਲ ਖ਼ਾਨ ਨੇ ਚਲਾਈ ਸੀ ਜੋ ਇਸ ਦਾ ਸੰਕੇਤ ਸੀ ਕਿ ਫ਼ੌਜੀ ਬਗ਼ਾਵਤ ਸ਼ੁਰੂ ਹੋ ਗਈ ਹੈ। ਇਹ ਸਿਪਾਹੀਆਂ ਲਈ ਅੰਗਰੇਜ਼ ਅਫ਼ਸਰਾਂ ਵਿਰੁੱਧ ਬਗ਼ਾਵਤ ਕਰ ਦੇਣ ਦਾ ਸੰਕੇਤ ਸੀ।

ਪਰ, ਇਸ ਪਹਿਲੇ ਫਾਇਰ ਬਾਰੇ ਸਮਝਿਆ ਇਹ ਗਿਆ ਕਿ ਇਹ ਚੀਨੀਆਂ ਵਲੋਂ ਚਲਾਇਆ ਪਟਾਕਾ ਹੈ ਜੋ ਚੰਦ੍ਰਮਾ ਕਲੰਡਰ ਅਨੁਸਾਰ ਨਵਾਂ ਸਾਲ ਚੜ੍ਹਨ ਦੇ ਜਸ਼ਨ ਮਨਾ ਰਹੇ ਸਨ। ਜ਼ਿਆਦਾਤਰ ਲੋਕਾਂ ਦਾ ਮਿਜ਼ਾਜ ਛੁੱਟੀ ਮਨਾਉਣ ਦਾ ਸੀ ਅਤੇ ਸਾਲਾਨਾ ਜਸ਼ਨ ਨੂੰ ਮੁੱਖ ਰੱਖਕੇ ਕਾਰੋਬਾਰੀ ਤੇ ਸਰਕਾਰੀ ਕੰਮਕਾਰ ਤਿੰਨ ਦਿਨ ਲਈ ਬੰਦ ਸਨ। ਨਾਲ ਹੀ, ਐਮਡਨ (ਜਰਮਨ ਜੰਗੀ ਜਹਾਜ਼) ਤਬਾਹ ਕਰ ਦਿੱਤੇ ਜਾਣ ਕਰਕੇ ਗੜਬੜ ਕਿਸੇ ਦੇ ਚਿੱਤ ਚੇਤੇ ਵੀ ਨਹੀਂ ਸੀ ਅਤੇ ਜੰਗ ਦੂਰ ਦੀ ਗੱਲ ਜਾਪਦੀ ਸੀ।[1] ਇੰਞ ਖ਼ਤਰੇ ਦਾ ਘੁੱਗੂ ਵਜਾਏ ਜਾਣ ਦਾ ਕੋਈ ਕਾਰਨ ਨਹੀਂ ਸੀ। ਐਪਰ, ਅਲੈਗਜ਼ੈਂਡਰ ਬੈਰਕਾਂ ਵਿਚ ਗੜਬੜ ਹੋ ਗਈ ਸੀ। ਨਵੇਂ ਸਾਲ ਦੇ ਚੀਨੀ ਜਸ਼ਨਾਂ ਦੇ ਓਹਲੇ ਹੇਠ, 5ਵੇਂ ਲਾਈਟ ਰਿਸਾਲੇ, ਜੋ 400 ਕੁ ਸੌ ਰਾਜਪੂਤ ਮੁਸਲਮਾਨਾਂ ਨੂੰ ਲੈ ਕੇ ਬਣਾਇਆ ਗਿਆ ਸੀ, ਨੇ ਟਰੱਕ ਵੀ ਕਬਜ਼ੇ 'ਚ ਲੈ ਲਏ ਅਤੇ ਉਹ ਗੋਲੀ–ਬਾਰੂਦ ਵੀ ਜੋ ਉਨ੍ਹਾਂ ਉਪਰ ਲੱਦਿਆ ਜਾ ਰਿਹਾ ਸੀ।[2] ਉਹ ਬੈਰਕਾਂ 'ਚੋਂ ਚੱਲ ਪਏ, ਅੰਗਰੇਜ਼ ਅਧਿਕਾਰੀਆਂ ਉਪਰ ਹਮਲੇ ਕੀਤੇ, ਅਤੇ ਜਿਹੜਾ ਵੀ ਯੂਰਪੀਅਨ ਉਨ੍ਹਾਂ ਨੂੰ ਰਾਹ ਵਿਚ ਮਿਲਿਆ ਉਸ ਨੂੰ ਮਾਰਨਾ ਸ਼ੁਰੂ ਕਰ ਦਿੱਤਾ। ਬਹੁਤ ਸਾਰੇ ਅੰਗਰੇਜ਼ ਪਰਿਵਾਰ ਜਾਨ ਬਚਾਉਣ ਲਈ ਜੇਲ੍ਹ ਦੀਆਂ ਕੋਠੜੀਆਂ ਵਿਚ ਜਾ ਕੇ ਲੁਕ ਗਏ। ਜਦੋਂਕਿ ਦੋ ਅੰਗਰੇਜ਼ ਅਧਿਕਾਰੀ ਹਾਲਤ 'ਤੇ ਕਾਬੂ ਪਾਉਣ ਦੇ ਯਤਨ ਕਰਦਿਆਂ ਮਾਰੇ ਗਏ।

ਹਿੰਦੁਸਤਾਨੀ, ਅੰਗਰੇਜ਼ ਅਤੇ ਗ਼ੈਰ–ਕਮਿਸ਼ਨਡ ਅਫ਼ਸਰਾਂ ਸਾਰਿਆਂ ਨੇ ਹੀ

'ਪਹਿਲਕਦਮੀ ਅਤੇ ਵਸੀਲਿਆਂ ਪੱਖੋਂ ਅਫਸੋਸਨਾਕ ਘਾਟ' ਦਿਖਾਈ। 'ਇੰਞ ਲੱਗਦਾ ਸੀ ਜਿਵੇਂ ਹਰ ਕੋਈ ਹੁਕਮਾਂ ਲਈ ਇਕ ਦੂਜੇ ਵੱਲ ਭੱਜ ਰਿਹਾ ਸੀ, ਜਾਂ ਫਿਰ ਲੁਕਦਾ ਫਿਰਦਾ ਸੀ ਜਾਂ ਭੱਜ ਗਿਆ ਸੀ।' ਸਾਰੇ ਪੂਰੀ ਤਰ੍ਹਾਂ ਤਵਾਜ਼ਨ ਗੁਆ ਚੁੱਕੇ ਸਨ। ਉਨ੍ਹਾਂ ਦਾ ਮੁੱਢਲਾ ਹੁੰਗਾਰਾ ਇਹ ਸੀ ਕਿ ਸੰਕਟ ਨੂੰ ਦੇਖਦੇ ਸਾਰ ਹੀ ਦਹਿਲ ਗਏ ਸਨ। ਇਸ ਤੋਂ ਪਤਾ ਚੱਲਦਾ ਸੀ ਕਿ ਫ਼ੌਜੀ ਤਿਆਰੀ ਪੱਖੋਂ ਉਨ੍ਹਾਂ ਦੀ ਹਾਲਤ ਕਿੰਨੀ ਮਾੜੀ ਸੀ। ਮੇਜਰ ਕੌਟਨ ਅਤੇ ਕੈਪਟਨ ਬਾਲ ਤੇ ਬੋਇਸ ਬੈਰਕਾਂ ਬਾਗ਼ੀਆਂ ਦੇ ਰਹਿਮ ਦੇ ਹਵਾਲੇ ਕਰਕੇ ਸਹਾਇਤਾ ਲਈ ਨੇੜਲੇ ਨਾਰਮੈਂਟਨ ਕੈਂਪ ਨੂੰ ਭੱਜ ਗਏ ਸਨ। ਪੰਜਵਾਂ ਲਾਈਟ ਰਿਸਾਲਾ ਅਕਤੂਬਰ 1914 'ਚ ਸ਼ਹਿਨਸ਼ਾਹ ਦੇ ਆਪਣੇ ਯਾਰਕਸ਼ਾਇਰ ਲਾਈਟ ਰਿਸਾਲੇ ਦੀ ਥਾਂ ਇਥੇ ਭੇਜਿਆ ਗਿਆ ਸੀ। ਸਿੰਗਾਪੁਰ ਵਿਚ ਰੈਜੀਮੈਂਟ ਨੂੰ ਵਕਤੀ ਤੌਰ 'ਤੇ ਰੱਖਿਆ ਗਿਆ ਸੀ ਅਤੇ ਇਸ ਨੂੰ ਹਾਂਗਕਾਂਗ ਭੇਜਣ ਦੇ ਹੁਕਮ ਦਿੱਤੇ ਗਏ ਸਨ। ਆਉਂਦੇ ਸਾਰ ਹੀ ਇਸ ਅੰਦਰ ਬੇਚੈਨੀ ਅਤੇ ਨਾਰਾਜ਼ਗੀ ਨਜ਼ਰ ਆ ਰਹੀ ਸੀ।[4] ਇਨਕਲਾਬੀਆਂ ਨੇ ਬਾਗ਼ੀ ਫ਼ੌਜੀਆਂ ਦੀ ਨਾਰਾਜ਼ਗੀ ਨੂੰ ਪੂਰੀ ਤਰ੍ਹਾਂ ਇਸਤੇਮਾਲ ਕੀਤਾ ਜੋ ਉਦੋਂ ਦੂਰ ਪੂਰਬ ਵਿਚ ਬਹੁਤ ਸਰਗਰਮ ਸਨ।[5]

ਅਜੇ ਇਕ ਮਹੀਨਾ ਪਹਿਲਾਂ ਹੀ 130ਵੀਂ ਬਲੋਚੀ ਰੈਜੀਮੈਂਟ, ਜੋ ਮੁੱਖ ਤੌਰ 'ਤੇ ਮੁਸਲਿਮ ਰੈਜੀਮੈਂਟ ਸੀ ਅਤੇ ਜਿਸ ਦਾ ਨਵੰਬਰ 1914 'ਚ ਬੰਬਈ ਤੋਂ ਰੰਗੂਨ ਤਬਾਦਲਾ ਕੀਤਾ ਗਿਆ ਸੀ, ਵਿਚ '*ਗ਼ਦਰ* ਅਖ਼ਬਾਰ ਦੇ ਸਿਧਾਂਤਾਂ ਦੀ ਲਾਗ' ਸਾਹਮਣੇ ਆਈ ਸੀ ਜੋ 'ਪੂਰੀ ਤਰ੍ਹਾਂ ਬੇਚੈਨ ਸੀ ਅਤੇ ਗ਼ਦਰ ਲਈ ਤਿਆਰ ਸੀ।' ਫ਼ੌਜੀ ਅਧਿਕਾਰੀਆਂ ਨੇ ਵਕਤ ਸਿਰ ਸਖ਼ਤ ਕਾਰਵਾਈ ਕਰਕੇ 21 ਜਨਵਰੀ ਨੂੰ ਇਸ ਗ਼ਦਰ ਨੂੰ ਸ਼ੁਰੂ 'ਚ ਹੀ ਦਬਾ ਦਿੱਤਾ ਸੀ, ਇਸ ਦੌਰਾਨ 200 ਸਾਜ਼ਿਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਗਈਆਂ ਸਨ। ਸੈਡੀਸ਼ਨ ਕਮੇਟੀ ਦੀ ਰਿਪੋਰਟ ਅਨੁਸਾਰ, ਸਿੰਗਾਪੁਰ ਵਾਲਾ 5ਵਾਂ ਲਾਈਟ ਰਿਸਾਲਾ ਅਤੇ ਰੰਗੂਨ ਵਿਚਲੀ 130 ਬਲੋਚੀ ਰੈਜੀਮੈਂਟ ਦੋਹਾਂ ਨੂੰ 'ਨਿਸ਼ਚੇ ਹੀ ਅਮਰੀਕਨ ਗ਼ਦਰ ਪਾਰਟੀ ਨਾਲ ਸਬੰਧਤ ਮੁਸਲਿਮ ਤੇ ਹਿੰਦੂ ਸਾਜ਼ਿਸ਼ੀਆਂ ਤੋਂ ਹੀ ਇਹ ਲਾਗ ਚਿੰਬੜੀ ਸੀ'।[6] ਭਾਵੇਂ ਅੰਗਰੇਜ਼ ਹਕੂਮਤ ਨੇ ਇਸ ਨੂੰ 'ਰੈਜੀਮੈਂਟ ਦਾ ਫ਼ਸਾਦ' ਦੱਸਿਆ, ਪਰ ਸਿੰਗਾਪੁਰ ਗ਼ਦਰ ਸਿੰਗਾਪੁਰ ਦੇ ਆਲਮੀ ਜੰਗ ਦੇ ਤਜ਼ਰਬੇ ਦੀ ਇਕ ਸਭ ਤੋਂ ਨਾਟਕੀ ਘਟਨਾ ਹੋ ਨਿੱਬੜਿਆ।[7]

ਗ਼ਦਰੀ ਸਿਪਾਹੀ ਤਿੰਨ ਟੋਲੀਆਂ ਵਿਚ ਵੰਡੇ ਗਏ

5ਵੇਂ ਹਿੰਦੁਸਤਾਨੀ ਦੇਸੀ ਲਾਈਟ ਰਿਸਾਲੇ ਦੀਆਂ ਅੱਠ ਕੰਪਨੀਆਂ ਵਿੱਚੋਂ ਏ ਅਤੇ ਬੀ ਕੰਪਨੀਆਂ ਨੇ ਮੈਗਜ਼ੀਨ ਉਪਰ ਹੱਲਾ ਬੋਲ ਦਿੱਤਾ, ਅਤੇ ਛੇਤੀ ਹੀ ਸੀ ਤੇ ਡੀ ਕੰਪਨੀਆਂ ਦੇ ਗੈਰ-ਕਮਿਸ਼ਨਡ ਅਫ਼ਸਰ ਅਤੇ ਸਿਪਾਹੀ ਗ਼ਦਰੀਆਂ ਨਾਲ ਆ ਮਿਲੇ। ਬਾਕੀ ਚਾਰ ਕੰਪਨੀਆਂ ਦੇ ਸਿਪਾਹੀ, ਜੋ ਜ਼ਿਆਦਾਤਰ ਪਠਾਣ ਸਨ ਅਤੇ ਗ਼ਦਰ ਵਿਚ ਸ਼ਾਮਲ ਨਹੀਂ ਹੋਏ ਸਨ ਉਹ ਘਚੋਲੇ ਦੀ ਹਾਲਤ 'ਚ ਇਧਰ-ਉਧਰ ਖਿੰਡ ਗਏ।

ਗ਼ਦਰ ਨੂੰ ਅੱਗੇ ਵਧਾਉਣ ਲਈ ਉਨ੍ਹਾਂ ਨੇ ਤਿੰਨ ਟੋਲੀਆਂ ਬਣਾ ਲਈਆਂ। ਇਕ ਟੋਲੀ

ਨੇ ਜਰਮਨ ਨਜ਼ਰਬੰਦਾਂ ਤਕ ਪਹੁੰਚਣਾ ਸੀ, ਦੂਜੀ ਨੇ ਕਰਨਲ ਨੂੰ ਗ੍ਰਿਫ਼ਤਾਰ ਕਰਨਾ ਤੇ ਉਸਦੇ ਬੰਗਲੇ ਉਪਰ ਹਮਲਾ ਕਰਨਾ ਸੀ ਅਤੇ ਤੀਜੀ ਨੇ ਬਾਹਰੋਂ ਆਉਣ ਵਾਲੀ ਕੁਮਕ ਨੂੰ ਰੋਕਣਾ ਸੀ। ਫਿਰ ਗ਼ਦਰੀ ਸਿਪਾਹੀ ਸਿੰਗਾਪੁਰ ਦੇ ਵੱਖੋ-ਵੱਖਰੇ ਹਿੱਸਿਆਂ ਵਿਚ ਫੈਲ ਗਏ।

ਇਕ ਟੋਲੀ ਟਾਂਗਲਿਨ ਬੈਰਕਾਂ ਤੋਂ ਗੋਲੀ-ਬਾਰੂਦ ਕਬਜ਼ੇ 'ਚ ਲੈਣ ਲਈ ਚਲੀ ਗਈ, ਜਿਥੇ ਅੰਗਰੇਜ਼ਾਂ ਨੇ ਜਰਮਨ ਲਾਈਟ ਕਰੂਜ਼ਰ ਐੱਸ.ਐੱਮ.ਐੱਸ. ਐਮਡਨ ਦੇ ਅਮਲੇ ਸਮੇਤ 309 ਜਰਮਨਾਂ ਨੂੰ ਕੈਦ ਕੀਤਾ ਹੋਇਆ ਸੀ। ਗ਼ਦਰੀ ਸਿਪਾਹੀਆਂ ਨੇ ਬਿਨਾ ਚੇਤਾਵਨੀ ਦਿੱਤੇ ਕੈਂਪ ਦੇ ਗਾਰਡਾਂ ਤੇ ਅਫ਼ਸਰਾਂ, ਕੈਂਪ ਵਿਚ ਮੌਜੂਦ ਜੋਹੋਰ (ਮਲਾਇਆ ਦੇ ਚੋਟੀ ਦੇ ਰਬੜ ਉਤਪਾਦਕ ਸੂਬੇ) ਦੇ ਫ਼ੌਜੀ ਦਸਤਿਆਂ ਅਤੇ ਇਕ ਜਰਮਨ ਕੈਦੀ ਨੂੰ ਮਾਰ ਦਿੱਤਾ। ਤਿੰਨ ਅੰਗਰੇਜ਼ ਅਤੇ ਇਕ ਜ਼ਖ਼ਮੀ ਜਰਮਨ ਬਚ ਗਏ। ਇਸੇ ਤਰ੍ਹਾਂ ਕੈਂਪ ਦੇ ਹਸਪਤਾਲ ਵਿਚ ਮੌਜੂਦ ਅੱਠਵੀਂ ਰਾਇਲ ਆਰਮੀ ਮੈਡੀਕਲ ਕਾਰਪਸ ਦੇ ਅਮਲੇ ਨਾਲ ਵਾਪਰਿਆ, ਉਨ੍ਹਾਂ ਵਿੱਚੋਂ ਇਕ ਭਾਰੀ ਗੋਲੀਬਾਰੀ ਦੌਰਾਨ ਬਚਕੇ ਨਿਕਲ ਗਿਆ ਅਤੇ ਉਸਨੇ ਖ਼ਤਰੇ ਦਾ ਘੁੱਗੂ ਵਜਾ ਦਿੱਤਾ।

ਗ਼ਦਰੀ ਸਿਪਾਹੀਆਂ ਨੇ ਜਰਮਨਾਂ ਨੂੰ ਆਪਣੇ ਨਾਲ ਮਿਲਣ ਲਈ ਪ੍ਰੇਰਿਆ ਪਰ ਅਚਾਨਕ ਵਾਪਰੀ ਹਿੰਸਾ ਨੇ ਉਨ੍ਹਾਂ ਦੀ ਸੁਰਤ ਬੌਂਦਲਾ ਦਿੱਤੀ ਸੀ ਅਤੇ ਉਨ੍ਹਾਂ ਨੇ ਬਾਗ਼ੀਆਂ ਦਾ ਸਾਥ ਦੇਣ ਤੋਂ ਨਾਂਹ ਕਰ ਦਿੱਤੀ।[8] ਕੁਝ ਜਰਮਨ ਮਲਾਹ ਅਤੇ ਰਾਖਵੇਂ ਫ਼ੌਜੀ ਗ਼ਦਰੀ ਸਿਪਾਹੀਆਂ ਦਾ ਸਾਥ ਦੇਣਾ ਚਾਹੁੰਦੇ ਸਨ ਪਰ ਬਹੁਗਿਣਤੀ ਬੰਦੀਆਂ ਨੇ ਹਿੰਦੁਸਤਾਨੀਆਂ ਵਲੋਂ ਕੀਤੀ ਰਾਈਫ਼ਲਾਂ ਦੀ ਪੇਸ਼ਕਸ਼ ਠੁਕਰਾਉਂਦੇ ਹੋਏ ਨਿਰਪੱਖ ਰਹਿਣ ਦਾ ਪੈਂਤੜਾ ਅਖ਼ਤਿਆਰ ਕੀਤਾ। ਪੈਂਤੀ ਜਰਮਨ ਬਚਕੇ ਨਿਕਲ ਗਏ ਪਰ ਬਾਕੀ ਬੈਰਕਾਂ ਵਿਚ ਹੀ ਟਿਕੇ ਰਹੇ।

ਦੂਜੀ ਟੋਲੀ ਨੇ 5ਵੇਂ ਇੰਡੀਅਨ ਦੇਸੀ ਲਾਈਟ ਰਿਸਾਲੇ ਦੇ ਕਮਾਨ ਅਫ਼ਸਰ, ਲੈਫਟੀਨੈਂਟ ਕਰਨਲ ਈ.ਵੀ.ਮਾਰਟਿਨ ਦੇ ਬੰਗਲੇ ਨੂੰ ਘੇਰਾ ਪਾ ਲਿਆ, ਜਿਸ ਨਾਲ ਸਿੰਗਾਪੁਰ ਨੂੰ ਜਾਂਦਾ ਰਸਤਾ ਬੰਦ ਹੋ ਗਿਆ। ਕਰਨਲ ਮਾਰਟਿਨ ਅਤੇ ਮਲਾਇਆ ਸਟੇਟ ਵਾਲੰਟੀਅਰ ਰਾਈਫ਼ਲਜ਼ ਦਾ ਇਕ ਦਸਤਾ 15 ਫਰਵਰੀ ਦੀ ਸਾਰੀ ਰਾਤ ਡਟੇ ਰਹੇ ਤੇ ਰੁਕ-ਰੁਕਕੇ ਗੋਲੀਆਂ ਚਲਾਉਂਦੇ ਰਹੇ। ਵਫ਼ਾਦਾਰ ਸਿਪਾਹੀਆਂ ਨੇ ਉਨ੍ਹਾਂ ਦਾ ਸਾਥ ਦੇਣ ਦਾ ਯਤਨ ਕੀਤਾ, ਪਰ ਉਨ੍ਹਾਂ ਨੂੰ 'ਮਹਿਫ਼ੂਜ਼ ਥਾਂ ਉਪਰ ਚਲੇ ਜਾਣ' ਦਾ ਹੁਕਮ ਦਿੱਤਾ ਗਿਆ ਤਾਂ ਜੋ ਹਨੇਰੇ ਵਿਚ ਭੁਲੇਖੇ ਨਾਲ ਉਨ੍ਹਾਂ ਨੂੰ ਬਾਗ਼ੀ ਨਾ ਸਮਝ ਲਿਆ ਜਾਵੇ।

ਦਿਨ ਚੜ੍ਹਨ 'ਤੇ ਘਿਰੇ ਹੋਏ ਦਸਤੇ ਰੈਜੀਮੈਂਟ ਦੀਆਂ ਬੈਰਕਾਂ ਉਪਰ ਦੁਬਾਰਾ ਕਬਜ਼ਾ ਕਰਨ 'ਚ ਕਾਮਯਾਬ ਹੋ ਗਏ। ਪਰ ਇਸ ਕਾਰਵਾਈ ਵਿਚ ਇਕ ਜਣਾ ਮਾਰਿਆ ਗਿਆ ਅਤੇ ਪੰਜ ਜ਼ਖ਼ਮੀ ਹੋਏ। ਗ਼ਦਰੀ ਸਿਪਾਹੀ ਖਿੰਡ ਗਏ ਅਤੇ ਗੋਲੀਬਾਰੀ ਦੇ ਬਾਵਜੂਦ ਲੋਕ ਆਮ ਤੌਰ 'ਤੇ ਸ਼ਾਂਤ ਬਣੇ ਰਹੇ ਜਦੋਂਕਿ ਵਾਲੰਟੀਅਰ, ਜਹਾਜ਼ੀ ਅਤੇ ਸਮੁੰਦਰੀ ਫ਼ੌਜ ਦੇ ਸਿਪਾਹੀ ਬਾਗ਼ੀਆਂ ਨਾਲ ਰੁਕ-ਰੁਕੇ ਝੜਪਾਂ ਲੈਂਦੇ ਰਹੇ।[9]

ਇਸ ਦੌਰਾਨ ਬਾਕੀ ਗ਼ਦਰੀ ਸਿਪਾਹੀਆਂ ਨੇ ਪਸੀਰ ਪੰਜਾਂਗ ਵਿਚ, ਸਿੰਗਾਪੁਰ ਦੇ ਦੱਖਣੀ-ਪੱਛਮੀ ਹਿੱਸਿਆਂ ਅਤੇ ਚਾਈਨਾਟਾਊਨ ਵਿਚ ਤਬਾਹੀ ਮਚਾ ਦਿੱਤੀ, ਉਨ੍ਹਾਂ ਨੂੰ ਜਿਹੜਾ

ਵੀ ਅੰਗਰੇਜ਼ ਮਿਲ ਗਿਆ ਉਸ ਨੂੰ ਨਿਸ਼ਾਨਾ ਬਣਾਇਆ ਗਿਆ।

ਕੁਲ-ਮਿਲਾਕੇ ਅੱਠ ਯੂਰਪੀ ਅਫ਼ਸਰ, ਇਕ ਅਫ਼ਸਰ ਦੀ ਪਤਨੀ, 9 ਸਿਪਾਹੀ ਅਤੇ ਦੁਵੱਲੀ ਗੋਲਬਾਰੀ ਵਿਚ ਘਿਰੇ 16 ਆਮ ਨਾਗਰਿਕ ਮਾਰੇ ਗਏ। ਬਾਗ਼ੀਆਂ ਵਾਲੇ ਪਾਸੇ ਮੌਤਾਂ ਦੀ ਤਾਦਾਦ ਕਿਤੇ ਜ਼ਿਆਦਾ ਸੀ। ਪਰ 24 ਫਰਵਰੀ 1915 ਨੂੰ ਲੰਦਨ ਦੇ ਅਖ਼ਬਾਰਾਂ ਵਿਚ ਜੋ ਗੋਲਮੋਲ ਸੂਚਨਾ ਨਸ਼ਰ ਕੀਤੀ ਗਈ ਉਸ ਵਿਚ ਅੰਗਰੇਜ਼ਾਂ ਨੇ ਗ਼ਦਰ ਦੇ ਪ੍ਰਚਾਰ ਦੇ ਅਸਰ ਉਪਰ ਪਰਦਾ ਪਾਉਂਦੇ ਹੋਏ ਜਾਨੀ ਨੁਕਸਾਨ ਦੀ ਸਹੀ ਰਿਪੋਰਟ ਨਹੀਂ ਦਿੱਤੀ ਸੀ। ਪੇਪਰ ਨੇ ਰਿਪੋਰਟ ਦਿੱਤੀ ਕਿ ਜਦੋਂ ਦੋ ਦਿਨ ਬਾਅਦ ਇਕ ਅੰਗਰੇਜ਼ ਸਲੂਪ ਜਹਾਜ਼ ਉਪਰ ਕੁਮਕ ਸਹਾਇਤਾ ਲਈ ਪਹੁੰਚੀ ਓਦੋਂ ਤਕ ਸਿਰਫ਼ ਇਕ ਦਰਜਨ ਅੰਗਰੇਜ਼ ਅਫ਼ਸਰ ਅਤੇ ਤਕਰੀਬਨ ਇੰਨੇ ਕੁ ਆਮ ਨਾਗਰਿਕ ਹੀ ਮਾਰੇ ਗਏ ਸਨ।[10]

ਇਸ ਬਗ਼ਾਵਤ ਦੇ ਆਗੂ ਚਿਸਤੀ ਖ਼ਾਨ, ਅਬਦੁਲ ਗ਼ਨੀ ਅਤੇ ਡੂੰਡਾ ਖ਼ਾਨ ਸਨ।[11]

ਇਤਹਾਦੀ ਤਾਕਤਾਂ ਨਾਲ ਘਮਸਾਣ ਦੀ ਲੜਾਈ

17 ਫਰਵਰੀ ਨੂੰ ਬ੍ਰਿਗੇਡੀਅਰ ਜਨਰਲ ਰਿਡੌਟ ਨੇ ਮਾਰਸ਼ਲ ਲਾਅ ਐਲਾਨ ਕਰ ਦਿੱਤਾ ਅਤੇ ਆਪਣੇ ਨੇੜਲੇ ਰੂਸੀ, ਫਰਾਂਸੀਸੀ ਅਤੇ ਜਰਮਨ ਜੰਗੀ ਜਹਾਜ਼ਾਂ ਤੋਂ ਮਦਦ ਮੰਗ ਲਈ। ਨਾਲ ਹੀ, ਅੰਗਰੇਜ਼ ਵਾਈਸ-ਐਡਮਿਰਲ ਸਰ ਮਾਰਟਿਨ ਜੈਰਮ ਨੇ ਰੇਡੀਓ ਪੈਗ਼ਾਮ ਜਾਰੀ ਕਰਕੇ ਨੇੜਲੇ ਇਤਹਾਦੀ ਜੰਗੀ ਜਹਾਜ਼ਾਂ ਨੂੰ ਮਦਦ ਦੀ ਗੁਜ਼ਾਰਿਸ਼ ਕੀਤੀ।[12]

ਸਿੰਗਾਪੁਰ ਵਾਲੰਟੀਅਰ ਤੋਪਖ਼ਾਨੇ ਤੋਂ ਇਲਾਵਾ, ਵਧੀਕ ਅੰਗਰੇਜ਼ ਸਿਪਾਹੀਆਂ, ਜੋਹੋਰ ਦੇ ਸੁਲਤਾਨ ਵਲੋਂ ਬੁਲਾਏ ਫ਼ੌਜੀਆਂ, ਰੂਸੀ ਆਰਗਜ਼ਿਲਰੀ ਕਰੂਜ਼ਰ ਓਰਲ ਤੋਂ ਬਾਦ ਫਰਾਂਸੀਸੀ ਕਰੂਜ਼ਰ ਮੌਂਟਕਾਮ ਵੀ ਆ ਪਹੁੰਚੇ। ਓਟੋਵਾ ਤੇ ਸੁਸ਼ੀਮਾ ਜਪਾਨੀ ਜਹਾਜ਼ ਵੀ ਆ ਪਹੁੰਚੇ ਅਤੇ ਅਲੈਗਜ਼ੈਂਡਰ ਬੈਰਕ ਉਪਰ ਕਬਜ਼ਾ ਕਰ ਲਿਆ, ਹਾਲਾਂਕਿ ਬਾਅਦ ਵਿਚ ਅੰਗਰੇਜ਼ਾਂ ਨੇ ਉਨ੍ਹਾਂ ਦੀ ਭੂਮਿਕਾ ਤੋਂ ਇਨਕਾਰ ਕੀਤਾ ਜਾਂ ਉਸ ਨੂੰ ਘਟਾਕੇ ਪੇਸ਼ ਕੀਤਾ ਗਿਆ।[13]

ਇਤਹਾਦੀ ਸਮੁੰਦਰੀ ਫ਼ੌਜਾਂ ਨੂੰ ਤੁਰੰਤ ਲਾਮਬੰਦ ਕਰ ਲਿਆ ਗਿਆ ਅਤੇ ਬਾਗ਼ੀਆਂ ਉਪਰ ਚੜ੍ਹਾਈ ਕਰ ਦਿੱਤੀ ਗਈ। ਘਮਸਾਣ ਦੀ ਲੜਾਈ ਹੋਈ ਜਿਸ ਵਿਚ ਬਹੁਤ ਸਾਰੇ ਬਾਗ਼ੀ ਮਾਰੇ ਗਏ ਜਾਂ ਜ਼ਖ਼ਮੀ ਹੋ ਗਏ।

20 ਫਰਵਰੀ ਨੂੰ ਸ਼ਰੌਪਸ਼ਾਇਰ ਲਾਈਟ ਰਿਸਾਲੇ (ਟੈਰੀਟੋਰੀਅਲਜ਼) ਦੀਆਂ ਪਹਿਲੀ/ਚੌਥੀ ਕੰਪਨੀਆਂ ਜਹਾਜ਼ੀਆਂ ਅਤੇ ਸਮੁੰਦਰੀ ਫ਼ੌਜੀਆਂ ਨੂੰ ਦਮ ਦਿਵਾਉਣ ਲਈ ਰੰਗੂਨ ਤੋਂ ਇਥੇ ਆ ਪਹੁੰਚੀਆਂ। ਵੱਡੀ ਤਾਦਾਦ 'ਚ ਬਾਗ਼ੀਆਂ ਨੇ ਤੁਰੰਤ ਹਥਿਆਰ ਸੁੱਟ ਦਿੱਤੇ, ਅਤੇ ਬਾਕੀ ਦੇ ਇਤਹਾਦੀ ਤਾਕਤਾਂ ਨਾਲ ਛਾਪਾਮਾਰ ਲੜਾਈ ਲੜਨ ਲਈ ਜੰਗਲਾਂ ਵਿਚ ਖਿੰਡ ਗਏ। ਕਈਆਂ ਨੇ ਜਲ-ਡਮਰੂਆਂ ਨੂੰ ਪਾਰ ਕਰਨ ਦਾ ਯਤਨ ਕੀਤਾ, ਪਰ ਜੋਹੋਰ ਦੇ ਸੁਲਤਾਨ ਦੀ ਫ਼ੌਜ ਨੇ ਉਨ੍ਹਾਂ ਨੂੰ ਤੁਰੰਤ ਘੇਰਾ ਪਾਕੇ ਫੜ ਲਿਆ। ਉਨ੍ਹਾਂ ਨੇ ਆਖ਼ਰੀ ਬਾਗ਼ੀ ਵੀ ਫਟਾਫਟ ਦਬੋਚ ਲਏ। ਇੰਞ ਮਾਰਚ 1915 ਦੇ ਸ਼ੁਰੂ ਵਿਚ, ਬਾਗ਼ੀਆਂ ਦੀ ਬਹੁਗਿਣਤੀ ਫੜੀ ਜਾ ਚੁੱਕੀ ਸੀ ਅਤੇ ਸਿੰਗਾਪੁਰ

ਵਿਚ ਜ਼ਿੰਦਗੀ ਸਹਿਜ ਹੋ ਗਈ ਸੀ।

ਫੜੇ ਗਏ ਬਹਾਦਰ ਸਿਪਾਹੀਆਂ ਵਿੱਚੋਂ 41 ਨੂੰ ਸ਼ਰੇਆਮ ਗੋਲੀ ਮਾਰ ਦਿੱਤੀ ਗਈ, ਉਨ੍ਹਾਂ ਵਿੱਚੋਂ ਤਿੰਨ ਨੂੰ ਫਾਹੇ ਲਾ ਦਿੱਤਾ ਗਿਆ, ਅਤੇ 161 ਨੂੰ ਵੱਖੋ-ਵੱਖਰੀ ਕੈਦ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ।[14] ਬਾਕੀਆਂ ਵਿੱਚੋਂ ਕੁਛ ਨੂੰ ਕੈਦ ਜਾਂ ਪੂਰਬੀ ਅਫ਼ਰੀਕਾ ਭੇਜੇ ਜਾਣ ਵਿੱਚੋਂ ਇਕ ਸਜ਼ਾ ਚੁਨਣ ਲਈ ਕਿਹਾ ਗਿਆ। ਜ਼ਿਆਦਾਤਰ ਨੇ ਪੂਰਬੀ ਅਫ਼ਰੀਕਾ ਚਲੇ ਜਾਣ ਦੀ ਚੋਣ ਕੀਤੀ; ਉਥੇ ਉਨ੍ਹਾਂ ਨੂੰ ਆਵਾਜਾਈ ਲਾਈਨਾਂ ਵਿਛਾਉਣ ਦਾ ਕੰਮ ਦਿੱਤਾ ਗਿਆ ਜਿਥੇ ਉਨ੍ਹਾਂ ਦੀ ਜ਼ਿੰਦਗੀ ਡਾਹਢੀ ਮੁਸ਼ਕਲ ਤੇ ਨਾਖੁਸ਼ਗਵਾਰ ਸੀ ਅਤੇ ਹੋਰ ਰੈਜੀਮੈਂਟਾਂ ਉਨ੍ਹਾਂ ਨੂੰ "ਸਪੇਰੇ" ਕਹਿਕੇ ਮਖੌਲ ਉਡਾਉਂਦੀਆਂ ਸਨ।[15] ਉਥੇ ਵੀ ਗ਼ਦਰ ਦਾ ਇਕ ਕੇਂਦਰ ਸੀ। ਅਗਲੇ ਤਿੰਨ ਹਫ਼ਤੇ ਤਕ ਪੂਰੇ ਇਲਾਕੇ ਵਿਚ ਛੇ ਸੌ ਬਾਗ਼ੀ ਸਿਪਾਹੀਆਂ ਦਾ ਖ਼ੁਰਾ ਨੱਪਣ ਦੀ ਮੁਹਿੰਮ ਜਾਰੀ ਰਹੀ। ਇਕਵੰਜਾ ਅਜੇ ਵੀ ਲਾਪਤਾ ਸਨ, ਜਿਨ੍ਹਾਂ ਬਾਰੇ ਸਮਝਿਆ ਜਾਂਦਾ ਸੀ ਕਿ ਜਾਂ ਤਾਂ ਉਹ ਭੇਸ ਵਟਾ ਕੇ ਛੁਪ ਗਏ ਜਾਂ ਚਕਮਾ ਦੇ ਗਏ।[16]

ਮਜ਼ਬੂਤ ਲੀਡਰਸ਼ਿਪ ਦੀ ਘਾਟ ਅਤੇ ਉਨ੍ਹਾਂ ਦੇ ਜਰਮਨ ਹਮਾਇਤੀਆਂ ਵਲੋਂ ਸਾਥ ਨਾ ਦਿੱਤੇ ਜਾਣ ਨਾਲ ਗ਼ਦਰ ਛੇਤੀ ਹੀ ਦਿਸ਼ਾ ਖੋਹ ਬੈਠਾ, ਜਿਸ ਦੇ ਮੁੱਖ ਕਾਰਨ ਇਹ ਸਨ:

ੳ) ਬਗ਼ਾਵਤ ਤੋਂ ਬਾਅਦ ਇਕੋ-ਇਕ ਕਮਾਨ ਤੇ ਕਾਰਵਾਈ ਦੀ ਯੋਜਨਾ ਦੀ ਘਾਟ;

ਅ) ਅਮਰੀਕਾ ਅਤੇ ਹੋਰ ਮੁਲਕਾਂ ਦੇ ਗ਼ਦਰੀਆਂ ਵਲੋਂ ਸੰਚਾਰ ਅਤੇ ਅਗਵਾਈ-ਸੇਧ ਨਾ ਦਿੱਤੇ ਜਾਣ ਦੀ ਘਾਟ;

ੲ) ਬਾਗ਼ੀਆਂ ਦਾ ਵਿਦਰੋਹ ਨੂੰ ਸਿਆਸੀ ਬਗਾਵਤ 'ਚ ਬਦਲਣ 'ਚ ਨਾਕਾਮ ਰਹਿਣਾ;

ਸ) ਮਾੜਾ ਸਿਆਸੀ ਜਾਇਜ਼ਾ; ਨਹੀਂ ਤਾਂ ਬਾਗ਼ੀ ਕੇਂਦਰੀ ਪੁਲਿਸ ਤਾਕਤ ਉਪਰ ਹਮਲਾ ਕਰਕੇ ਦੋ ਸਿੱਖ ਪੁਲਿਸ ਗਾਰਡਾਂ ਨੂੰ ਜ਼ਖ਼ਮੀ ਨਾ ਕਰਦੇ। ਜਿਸ ਦਾ ਸਿੱਟਾ ਸਿੱਖ ਪੁਲਿਸ ਫੋਰਸ ਦੇ ਉਨ੍ਹਾਂ ਤੋਂ ਪਾਸਾ ਵੱਟ ਲੈਣ 'ਚ ਨਿਕਲਿਆ।

ਹ) 'ਐਮਡਨ' ਜੰਗੀ-ਜਹਾਜ਼ ਤੋਂ ਫੜਕੇ ਬੰਦੀ ਬਣਾਕੇ ਸਿੰਗਾਪੁਰ ਵਿਚ ਰੱਖੇ ਜਰਮਨ ਕੈਦੀਆਂ ਨੂੰ ਜਦੋਂ ਰਿਹਾਅ ਕਰ ਦਿੱਤਾ ਗਿਆ ਤਾਂ ਉਨ੍ਹਾਂ ਵਲੋਂ ਬਗ਼ਾਵਤ ਵਿਚ ਸ਼ਾਮਲ ਨਾ ਹੋਣਾ।

ਕ) ਨੇੜਲੇ ਸਮੁੰਦਰੀ ਪਾਣੀਆਂ ਵਿਚ ਮੌਜੂਦ ਜੰਗ 'ਚ ਸ਼ਾਮਲ ਸਮੁੰਦਰੀ ਫ਼ੌਜਾਂ ਵਲੋਂ ਕੀਤੀ ਮਦਦ।[17]

ਇਤਫ਼ਾਕਨ, ਸਿੰਗਾਪੁਰ ਦੀ ਏਸ਼ੀਆਈ ਵਸੋਂ ਦਾ ਇਹ ਆਮ ਖ਼ਿਆਲ ਸੀ ਕਿ ਉਨ੍ਹਾਂ ਨੂੰ ਸਜ਼ਾ ਦੇ ਕੇ 'ਨਿਆਂ ਕੀਤਾ ਗਿਆ ਹੈ'। ਬਗ਼ਾਵਤ ਦੌਰਾਨ, ਚੀਨੀ, ਮਲਾਇਆ ਵਾਸੀਆਂ ਅਤੇ ਤਾਮਿਲਾਂ ਨੇ ਜ਼ਿਆਦਾਤਰ ਕੋਈ ਸਰੋਕਾਰ ਨਹੀਂ ਦਿਖਾਇਆ। ਇਸ ਬੇਮੁੱਖਤਾ ਦੇ ਉਲਟ, ਹਿੰਦੁਸਤਾਨੀਆਂ ਦੇ ਧਨਾਢ ਵਰਗ ਨੇ ਬਾਗ਼ੀਆਂ ਨਾਲੋਂ ਤੁਰੰਤ ਨਾਤਾ ਤੋੜ ਲਿਆ। ਮਜ਼ਦੂਰ ਜਮਾਤ ਦੇ ਇਕ ਨਿੱਕੇ ਜਹੇ ਹਿੱਸੇ ਨੇ ਹੀ ਬਾਗ਼ੀਆਂ ਦੀ ਹੋਣੀ ਨਾਲ ਥੋੜ੍ਹੀ ਹਮਦਰਦੀ ਜਤਾਈ। ਸ਼ਰੇਆਮ ਫਾਂਸੀ ਦਿੱਤੇ ਜਾਣ ਦਾ ਅਵਾਮ ਦੇ ਮਨਾਂ ਉਪਰ ਭਿਆਨਕ ਅਸਰ ਪਿਆ।[18]

ਗ਼ਦਰ ਦੀ ਸਮੁੱਚੀ ਅਸਫ਼ਲਤਾ ਦਾ ਵਿਸ਼ਲੇਸ਼ਣ ਕਰਦੇ ਹੋਏ ਡਾ. ਪੁਰੀ ਕਹਿੰਦੇ ਹਨ:

"ਇਕ ਲਿਹਾਜ਼ ਨਾਲ ਇਸ ਨੇ ਅਸਫ਼ਲ ਹੋਣਾ ਹੀ ਸੀ। ਉਨ੍ਹਾਂ ਦੀ ਜਥੇਬੰਦੀ ਅਤੇ ਹਥਿਆਰਾਂ ਦਾ ਉਸ ਵਕਤ ਅੰਗਰੇਜ਼ ਸਲਤਨਤ ਦੇ ਪ੍ਰਸ਼ਾਸਨ ਅਤੇ ਫ਼ੌਜੀ ਤਾਕਤ ਨਾਲ ਕੋਈ ਮੁਕਾਬਲਾ ਨਹੀਂ ਸੀ। ਗ਼ਦਰ ਪਾਰਟੀ ਅਜੇ ਅਮਰੀਕਾ ਵਿਚ ਬਣਨ ਦੇ ਮੁੱਢਲੇ ਪੜਾਅ 'ਤੇ ਹੀ ਸੀ ਜਦੋਂ ਪਹਿਲੀ ਆਲਮੀ ਜੰਗ ਛਿੜ ਗਈ। ਦਰਅਸਲ *ਗ਼ਦਰ* ਅਖ਼ਬਾਰ ਹੀ ਉਨ੍ਹਾਂ ਲਈ ਲਾਮਬੰਦੀ ਦਾ ਇੱਕੋਇਕ ਜ਼ਰੀਆ ਸੀ। ਇਸ ਨੂੰ ਨਿਕਲਦੇ ਨੂੰ ਅਜੇ ਦਸ ਮਹੀਨੇ ਹੀ ਹੋਏ ਸਨ ਜਦੋਂ ਗ਼ਦਰੀਆਂ ਨੇ ਜੰਗ ਵਲੋਂ ਮੁਹੱਈਆ ਕੀਤੇ ਮੌਕੇ ਦਾ ਲਾਹਾ ਲੈਣ ਦਾ ਫ਼ੈਸਲਾ ਕਰ ਲਿਆ।"[19]

ਹਿੰਦੁਸਤਾਨੀ ਫ਼ੌਜ 5ਵੇਂ ਇੰਡੀਅਨ ਦੇਸੀ ਲਾਈਟ ਰਿਸਾਲੇ ਦੀ ਮੁਸਲਿਮ ਸ਼ਾਖਾ ਸੀ, ਜੋ ਮੁੱਖ ਤੌਰ 'ਤੇ ਰੰਘੜ (ਰਾਜਪੂਤ ਪਿਛੋਕੜ ਵਾਲਾ ਮੁਸਲਮਾਨਾਂ ਦਾ ਇਕ ਨਸਲੀ-ਸਭਿਆਚਾਰਕ ਗਰੁੱਪ ਜੋ ਪੰਜਾਬ ਤੇ ਸਿੰਧ ਵਿਚ ਮਿਲਦਾ ਹੈ) ਅਤੇ ਪਠਾਣਾਂ ਨੂੰ ਲੈ ਕੇ ਬਣਾਈ ਗਈ ਸੀ। ਇਸ ਦੀ ਕਮਾਨ ਅੰਗਰੇਜ਼ ਅਤੇ ਹਿੰਦੁਸਤਾਨੀ ਅਫ਼ਸਰਾਂ ਦੇ ਹੱਥ ਸੀ। ਇਸਦੇ ਬਾਕੀ ਸਿਪਾਹੀ, ਜਿਨ੍ਹਾਂ ਦੀ ਤਾਦਾਦ 588 ਸੀ ਅਤੇ ਸੱਤ ਅੰਗਰੇਜ਼ ਤੇ ਹਿੰਦੁਸਤਾਨੀ ਅਫ਼ਸਰ ਸਨ, 3 ਜੁਲਾਈ 1915 ਨੂੰ ਕੈਮਰੂਨਜ਼ ਅਤੇ ਜਰਮਨਾਂ ਦੇ ਕਬਜ਼ੇ ਵਾਲੇ ਪੂਰਬੀ ਅਫ਼ਰੀਕਾ ਵਿਚ ਸਰਗਰਮ ਫ਼ੌਜੀ ਭੂਮਿਕਾ ਨਿਭਾਉਣ ਲਈ ਸਿੰਗਾਪੁਰ ਚਲੇ ਗਏ ਸਨ। ਕਰਨਲ ਮਾਰਟਿਨ ਉਨ੍ਹਾਂ ਨਾਲ ਨਹੀਂ ਗਿਆ ਸੀ, ਜਿਸ ਦੀ ਇਕ ਅਦਾਲਤੀ ਜਾਂਚ ਵਲੋਂ ਤਿੱਖੀ ਆਲੋਚਨਾ ਕੀਤੀ ਗਈ ਅਤੇ ਫਿਰ ਉਸ ਨੂੰ ਫ਼ੌਜ ਦੀ ਨੌਕਰੀ ਤੋਂ ਫ਼ਾਰਗ ਕਰ ਦਿੱਤਾ ਗਿਆ।

1922 'ਚ 5ਵਾਂ ਇੰਡੀਅਨ ਦੇਸੀ ਲਾਈਟ ਰਿਸਾਲਾ ਭੰਗ ਕਰ ਦਿੱਤਾ ਗਿਆ। ਇਹ ਬਟਾਲੀਅਨ ਲੰਮਾ ਵਕਤ ਪਹਿਲਾਂ 1803 ਵਿਚ ਬਣਾਈ ਗਈ ਸੀ। ਲਗਭਗ ਇਹੀ ਹੋਣੀ ਮਲਾਏ ਸਟਰੇਟਸ ਗਾਈਡਜ਼ ਦੀ ਸੀ; ਅਪ੍ਰੈਲ 1915 'ਚ ਉਨ੍ਹਾਂ ਨੂੰ ਪਸੀਰ ਪੁਤੇਹ ਵਿਖੇ ਟੌਕ ਜਾਂਗੁਟ ਬਗ਼ਾਵਤ ਨੂੰ ਕੁਚਲਣ ਲਈ ਮਲਾਇਆ ਵਿਚ ਕੇਲੈਂਟਨ ਭੇਜਿਆ ਗਿਆ ਸੀ। ਬਾਅਦ ਵਿਚ ਗਾਈਡਜ਼ ਨੂੰ ਅਫ਼ਰੀਕਾ ਵਿਚ ਲੜਨ ਲਈ ਘੱਲ ਦਿੱਤਾ ਗਿਆ ਅਤੇ 1919 'ਚ ਇਸ ਨੂੰ ਤੋੜ ਦਿੱਤਾ ਗਿਆ।

ਬਗ਼ਾਵਤ ਬਾਰੇ ਰਿਪੋਰਟਾਂ

ਅੰਗਰੇਜ਼ੀ ਦੇ ਇਕ ਰੋਜ਼ਾਨਾ ਅਖ਼ਬਾਰ *ਦ ਜਪਾਨ ਕਰੋਨੀਕਲ*, ਜਿਸ ਦੀ ਸੰਪਾਦਨਾ ਰੋਬਰਟ ਯੰਗ ਕਰਦਾ ਸੀ, ਨੇ 24 ਫਰਵਰੀ 1915 ਨੂੰ ਲਿਖਿਆ ਕਿ ਜਪਾਨੀ ਸਮੁੰਦਰੀ ਫ਼ੌਜ ਨੇ ਐਲਾਨ ਕੀਤਾ ਕਿ ਸਿਪਾਹੀਆਂ ਦੀ ਬਗ਼ਾਵਤ ਪੂਰੀ ਤਰ੍ਹਾਂ ਕੁਚਲ ਦਿੱਤੀ ਗਈ ਸੀ ਅਤੇ ਕਾਨੂੰਨ ਬਹਾਲ ਕਰ ਦਿੱਤਾ ਗਿਆ ਸੀ। ਅਖ਼ਬਾਰ ਨੇ ਰਿਪੋਰਟ ਦਿੱਤੀ ਕਿ ਇਕ ਦਰਜਨ ਜਾਂ ਇਸ ਤੋਂ ਵਧੇਰੇ ਅੰਗਰੇਜ਼ ਸਿਪਾਹੀ ਅਤੇ ਨਾਗਰਿਕ ਬਗ਼ਾਵਤ ਵਿਚ ਮਾਰੇ ਗਏ ਸਨ, ਪਰ ਜਪਾਨੀਆਂ ਦਾ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਸੀ।[20] ਸਿੰਗਾਪੁਰ ਵਿਚ ਜਪਾਨੀ ਕੌਂਸਲ ਫੂਜੀ ਮਿਨਰੂ ਵਲੋਂ ਹਿੰਦੁਸਤਾਨੀ ਸਿਪਾਹੀਆਂ ਦੀ ਬਗ਼ਾਵਤ ਬਾਰੇ ਭੇਜੀ ਰਿਪੋਰਟ ਵੀ ਇਕ

ਅਹਿਮ ਅਧਿਕਾਰਤ ਦਸਤਾਵੇਜ਼ ਹੈ ਜੋ ਜਪਾਨੀ ਹਕੂਮਤ ਦੀ ਤਰਫ਼ੋਂ ਲਿਖੀ ਗਈ ਸੀ। ਫੂਜੀ ਦੀ ਰਿਪੋਰਟ ਲਿਖਦੀ ਹੈ ਕਿ ਜਪਾਨੀਆਂ ਨੇ ਤਾਂ ਸਿਪਾਹੀਆਂ ਦੀ ਬਗ਼ਾਵਤ ਨੂੰ ਦਬਾਉਣ ਵਿਚ ਅੰਗਰੇਜ਼ਾਂ ਦਾ ਸਾਥ ਦਿੱਤਾ, ਪਰ ਤੀਜੇ ਸਕੂਐਡਰਨ ਦੇ ਕਮਾਂਡਰ, ਸੂਚਿਆ, ਨੇ ਆਪਣੇ ਜਵਾਨਾਂ ਨੂੰ ਹਦਾਇਤ ਕਰ ਦਿੱਤੀ ਸੀ ਕਿ ਹਿੰਦੁਸਤਾਨੀ ਬਾਗ਼ੀ ਸਿਪਾਹੀਆਂ ਨੂੰ ਮਿੱਥਕੇ ਨਹੀਂ ਮਾਰਨਾ ਸਗੋਂ ਉਨ੍ਹਾਂ ਤੋਂ ਹਥਿਆਰ ਸੁਟਵਾ ਲਉ।[21]

ਕੌਂਸਲ ਫੂਜੀ ਦੀ ਰਿਪੋਰਟ ਅਤੇ ਅਦਾਲਤੀ ਜਾਂਚ ਦੋਹਾਂ ਵਿਚ ਇਕ ਜਪਾਨੀ ਨਾਈ, ਸ਼੍ਰੀਮਾਨ ਓਂਡਾ, ਦੀ ਗਵਾਹੀ ਦਿੱਤੀ ਗਈ ਹੈ ਜੋ ਓਦੋਂ ਜਰਮਨ ਜੰਗੀ ਕੈਦੀਆਂ ਦੇ ਖ਼ੇਮੇ ਵਿਚ ਕੰਮ ਕਰ ਰਿਹਾ ਸੀ।[22] ਓਂਡਾ ਵਲੋਂ ਅਦਾਲਤੀ ਜਾਂਚ ਅੱਗੇ ਦਿੱਤੀ ਗਵਾਹੀ ਦਾ ਸਬੰਧਤ ਹਿੱਸਾ ਇਸ ਤਰ੍ਹਾਂ ਸੀ:

"15 ਫਰਵਰੀ ਨੂੰ ਦਿਨ ਦੇ ਸਾਢੇ ਤਿੰਨ ਵਜੇ, ਜਦੋਂ ਮੈਂ ਜੰਗੀ ਕੈਦੀਆਂ ਦੇ ਖ਼ੇਮੇ ਵਿਚ ਮੌਜੂਦ ਸੀ, ਮੈਂ ਗੋਲੀਆਂ ਚੱਲਣ ਦੀ ਆਵਾਜ਼ ਸੁਣੀ। ਇਸ ਕਰਕੇ ਮੈਂ ਇਹ ਦੇਖਣ ਲਈ ਉੱਚੀ ਜਗ੍ਹਾ 'ਤੇ ਜਾ ਚੜ੍ਹਿਆ ਕਿ ਕੀ ਹੋ ਰਿਹਾ ਸੀ। ਮੈਂ ਦੇਖਿਆ ਕਿ ਕੁਝ ਬੰਗਾਲੀ ਸਿਪਾਹੀ ਉਨ੍ਹਾਂ ਅੰਗਰੇਜ਼ਾਂ ਉਪਰ ਗੋਲੀਆਂ ਚਲਾ ਰਹੇ ਸਨ ਜੋ ਜਰਮਨਾਂ ਨੂੰ ਖਾਣਾ ਸਪਲਾਈ ਕਰਨ ਵਾਲੇ ਇਕ ਠੇਕੇਦਾਰ ਦੇ ਚੀਨੀ ਭਵਨ ਵਿਚ ਲੁਕੇ ਹੋਏ ਸਨ। ਕੁਝ ਅੰਗਰੇਜ਼ਾਂ ਨੂੰ ਮਾਰਨ ਤੋਂ ਬਾਅਦ ਉਹ ਕੈਦੀਆਂ ਦੇ ਖ਼ੇਮੇ ਦੇ ਮੁੱਖ ਦੁਆਰ 'ਤੇ ਆ ਗਏ। ਮੈਂ ਨਹੀਂ ਜਾਣਦਾ ਉਨ੍ਹਾਂ ਦੀ ਤਾਦਾਦ ਕਿੰਨੀ ਸੀ, ਪਰ ਤੇਰਾਂ ਦੇ ਕਰੀਬ ਕੈਦੀਆਂ ਦੇ ਖ਼ੇਮੇ ਦੇ ਅੰਦਰ ਆ ਗਏ। ਮੈਂ 'ਐਮਡਨ' ਭਵਨ ਨੇੜੇ ਜਰਮਨ ਕੈਦੀਆਂ ਦਰਮਿਆਨ ਇਕ ਉੱਚੀ ਜਗ੍ਹਾ 'ਤੇ ਖੜ੍ਹਾ ਸੀ। ਸੰਤਰੀ ਨੂੰ ਗੋਲੀ ਮਾਰਕੇ ਉਨ੍ਹਾਂ ਨੇ ਉਸ ਤੋਂ ਕੁੰਜੀਆਂ ਲੈ ਲਈਆਂ। ਤੇਰਾਂ ਜਣੇ ਖ਼ੇਮੇ ਦੇ ਅੰਦਰ ਆ ਗਏ ਅਤੇ ਅਠਾਰਾਂ ਦੇ ਕਰੀਬ ਰਾਈਫ਼ਲਾਂ 'ਐਮਡਨ' ਵਾਲਿਆਂ ਨੂੰ ਦੇ ਦਿੱਤੀਆਂ।"[23] [ਐੱਸਐੱਮਐੱਸ ਐਮਡਨ ਚੀਨ ਅਧਾਰਤ ਜਰਮਨੀ ਦੀ ਸ਼ਾਹੀ ਸਮੁੰਦਰੀ ਫ਼ੌਜ ਦਾ ਹਿੱਸਾ ਸੀ ਜਿਸ ਨੂੰ ਪਹਿਲੀ ਆਲਮੀ ਜੰਗ ਸ਼ੁਰੂ ਹੋਣ 'ਤੇ ਹਿੰਦ ਮਹਾਂਸਾਗਰ ਵਿਚ ਇਤਹਾਦੀ ਹਿੱਤਾਂ ਉਪਰ ਹਮਲਾ ਕਰਨ ਦਾ ਹੁਕਮ ਦਿੱਤਾ ਗਿਆ ਸੀ। 9 ਨਵੰਬਰ 1914 ਨੂੰ ਐੱਚਐੱਮਏਐੱਸ ਸਿਡਨੀ ਨੇ ਇਸ ਨੂੰ ਕੋਕੋਸ ਟਾਪੂਆਂ ਤੋਂ ਦੂਰ ਸਮੁੰਦਰ ਵਿਚ ਗ਼ਰਕ ਕਰ ਦਿੱਤਾ ਸੀ।]

ਓਂਡਾ ਦੀ ਟਿੱਪਣੀ ਦੋ ਥਾਵਾਂ 'ਤੇ 'ਸਾਬਤ ਕਰਦੀ' ਹੈ ਕਿ ਜਦੋਂ ਬਾਗ਼ੀ ਸਿਪਾਹੀਆਂ ਨੇ ਉਨ੍ਹਾਂ ਦੇ ਕੈਂਪ ਉਪਰ ਹਮਲਾ ਕੀਤਾ ਤਾਂ ਜਰਮਨ ਕੈਦੀ ਸ਼ਾਂਤ ਰਹੇ, ਜਦੋਂਕਿ ਫੂਜੀ ਦੀ ਰਿਪੋਰਟ ਤੋਂ ਇਹ ਪ੍ਰਭਾਵ ਪੈਂਦਾ ਹੈ ਕਿ ਜਰਮਨ ਜੰਗੀ ਕੈਦੀਆਂ ਨੂੰ ਬਗ਼ਾਵਤ ਦੀ ਪਹਿਲਾਂ ਹੀ ਜਾਣਕਾਰੀ ਸੀ। ਇਸਦੇ ਉਲਟ ਅਦਾਲਤੀ ਜਾਂਚ ਦੀ ਰਿਪੋਰਟ ਇਸ ਬਾਰੇ ਸੰਕੋਚ ਨਾਲ ਬਿਆਨ ਕਰਦੀ ਹੈ ਕਿ 'ਜਰਮਨ ਜੰਗੀ ਕੈਦੀਆਂ ਦੇ ਜਿਸ ਵੱਡੇ ਹਿੱਸੇ ਨੇ ਗਾਰਦਾਂ ਅਤੇ ਹਸਪਤਾਲ ਦੇ ਅਫ਼ਸਰਾਂ ਤੇ

ਸਿਪਾਹੀਆਂ ਨੂੰ ਸਹਿਯੋਗ ਦਿੱਤਾ। ਉਨ੍ਹਾਂ ਦੇ ਸਹੀ ਵਿਹਾਰ ਤੋਂ ਇਹ ਰਾਇ ਪੱਕੀ ਹੁੰਦੀ ਹੈ ਕਿ ਜੇ ਕੋਈ ਜਰਮਨ ਸਾਜ਼ਿਸ਼ ਸੀ ਤਾਂ ਇਹ ਬਹੁਤ ਥੋੜ੍ਹੇ ਬੰਦਿਆਂ ਤਕ ਸੀਮਤ ਸੀ'।[24] ਇਕ ਜਰਮਨ ਕਾਰੋਬਾਰੀ ਅਤੇ ਕੈਂਪ ਦਾ ਇਕ ਆਗੂ ਉਨ੍ਹਾਂ ਵਿੱਚੋਂ ਇਕ ਸੀ, ਪਰ ਉਹ ਵੀ 'ਨਹੀਂ ਸੀ ਜਾਣਦਾ ਕਿ ਅੱਗੇ ਕੀ ਕਰਨਾ ਹੈ'।[25]

ਮੁਕੱਦਮਾ ਅਤੇ ਸ਼ਰੇਆਮ ਮੌਤ ਦੀਆਂ ਸਜ਼ਾਵਾਂ

ਸਿੰਗਾਪੁਰ ਗ਼ਦਰ ਸਿੰਗਾਪੁਰ ਵਿਚ ਅੰਗਰੇਜ਼ ਬਸਤੀਵਾਦੀ ਅਥਾਰਟੀਜ਼ ਉਪਰ ਸੱਟ ਸੀ ਕਿਉਂਕਿ ਇਸ ਤੋਂ ਇਹ ਸੰਕੇਤ ਮਿਲਿਆ ਕਿ ਜਿਸ ਨੂੰ ਓਦੋਂ ਉਨ੍ਹਾਂ ਦੀਆਂ ਦੂਰ ਪੂਰਬ ਦੀਆਂ ਸਭ ਤੋਂ ਕੀਮਤੀ ਬਸਤੀਆਂ ਵਿੱਚੋਂ ਇਕ ਸਮਝਿਆ ਜਾਂਦਾ ਸੀ ਉਸ ਉਪਰ ਉਨ੍ਹਾਂ ਦਾ ਕਾਬੂ ਨਹੀਂ ਸੀ। ਟਾਪੂ ਦੀ ਯੁੱਧਨੀਤਕ ਅਤੇ ਵਪਾਰਕ ਦੋਵੇਂ ਤਰ੍ਹਾਂ ਦੀ ਅਹਿਮੀਅਤ ਤੋਂ ਜਾਣੂ ਅੰਗਰੇਜ਼ ਅਥਾਰਟੀ ਨੇ ਵਕਤ ਜ਼ਾਇਆ ਨਾ ਕਰਕੇ ਕਸੂਰਵਾਰਾਂ ਨੂੰ ਫਟਾਫਟ ਸਜ਼ਾਵਾਂ ਦੇ ਦਿੱਤੀਆਂ।

23 ਫਰਵਰੀ 1915 ਨੂੰ ਪਹਿਲਾਂ ਖ਼ੁਫ਼ੀਆ ਅਤੇ ਫਿਰ ਜਨਤਕ ਤੌਰ 'ਤੇ ਇਹ ਦਿਖਾਉਣ ਲਈ ਇਕ ਅਦਾਲਤੀ ਜਾਂਚ ਕਰਵਾਈ ਗਈ ਕਿ ਸ਼ਹਿਨਸ਼ਾਹ ਦੀ ਬਸਤੀ ਵਿਚ ਨਿਰਪੱਖ ਮੁਕੱਦਮਾ ਚਲਾਇਆ ਗਿਆ ਹੈ। ਇਹ 15 ਮਈ 1915 ਤਕ ਚੱਲਦਾ ਰਿਹਾ। ਭਾਵੇਂ 5ਵੇਂ ਲਾਈਟ ਰਿਸਾਲੇ ਦੇ ਅਫ਼ਸਰਾਂ ਤੇ ਸਿਪਾਹੀਆਂ ਵਿਚ ਵਿਆਪਕ ਅਣਬਣ ਸਾਹਮਣੇ ਆਈ ਪਰ ਗ਼ਦਰ ਦਾ ਕਾਰਨ ਨਿਸ਼ਚਿਤ ਨਹੀਂ ਕੀਤਾ ਜਾ ਸਕਿਆ।

ਜਦੋਂਕਿ ਜਾਂਚ ਇਸ ਦੀ ਕਾਇਲ ਸੀ ਕਿ ਬਾਗ਼ੀ ਸਿਪਾਹੀਆਂ ਨੂੰ ਉਨ੍ਹਾਂ ਨਾਲ ਹੁੰਦੇ ਅਨਿਆਂ ਵਿਰੁੱਧ ਇਕਜੁੱਟ ਹੋਣ ਲਈ ਵਿਸਾਹਘਾਤੀ ਏਜੰਟਾਂ ਨੇ ਉਕਸਾਇਆ ਸੀ, ਜੋ ਰਾਸ਼ਟਰਵਾਦੀ ਜਾਂ ਧਾਰਮਿਕ ਵਹਿਣ 'ਚ ਵਹਿ ਗਏ ਸਨ। 200 ਤੋਂ ਵੱਧ ਸਿਪਾਹੀਆਂ ਦਾ ਕੋਰਟ-ਮਾਰਸ਼ਲ ਹੋਇਆ, ਕਾਸਿਮ ਮਨਸੂਰ ਸਮੇਤ 47 ਨੂੰ ਸਜ਼ਾ-ਏ-ਮੌਤ ਦਿੱਤੀ ਗਈ। ਨੂਰ ਆਲਮ ਸ਼ਾਹ ਉਪਰ ਮੁਕੱਦਮਾ ਨਹੀਂ ਚਲਾਇਆ ਗਿਆ, ਹਾਲਾਂਕਿ ਬਤੌਰ ਇਕ ਹਿੰਦੁਸਤਾਨੀ ਰਾਸ਼ਟਰਵਾਦੀ ਉਸਦੇ ਗ਼ਦਰ ਨਾਲ ਸੰਪਰਕ ਦਾ ਪਤਾ ਲੱਗ ਗਿਆ ਸੀ। ਇਸ ਦੀ ਬਜਾਏ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਜਲਾਵਤਨ ਕਰ ਦਿੱਤਾ ਗਿਆ, ਕਿਉਂਕਿ ਅੰਗਰੇਜ਼ ਨਹੀਂ ਸੀ ਚਾਹੁੰਦੇ ਕਿ ਉਨ੍ਹਾਂ ਦੀ ਮੁਸਲਿਮ ਪਰਜਾ ਵਿਚ ਕੋਈ ਗੜਬੜ ਪੈਦਾ ਹੋਵੇ। 64 ਨੂੰ ਉਮਰ ਕੈਦ ਦੀ ਸਜ਼ਾ ਦੇਕੇ ਜਲਾਵਤਨ ਕਰ ਦਿੱਤਾ ਗਿਆ ਅਤੇ 73 ਜਣਿਆਂ ਨੂੰ 7 ਤੋਂ ਲੈ ਕੇ 20 ਸਾਲ ਕੈਦ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ।

ਇਹ ਹੈਰਾਨੀ ਦੀ ਗੱਲ ਸੀ ਕਿ ਕੋਰਟ ਮਾਰਸ਼ਲ ਦੇ ਸਿਖ਼ਰ 'ਤੇ ਇਹ ਐਲਾਨ ਕੀਤਾ ਗਿਆ ਕਿ ਮੌਤ ਦੀ ਸਜ਼ਾ ਸ਼ਰੇਆਮ ਦਿੱਤੀ ਜਾਵੇਗੀ। ਟਾਪੂ ਬਸਤੀਆਂ ਦਾ ਕੈਡਟ ਅਧਿਕਾਰੀ ਆਰਥਰ ਹੈਰਲਡ ਡਿਕਸਨ ਬਿਆਨ ਕਰਦਾ ਹੈ:

> *"ਮਿੱਥੇ ਵਕਤ ਤੋਂ ਪਹਿਲਾਂ ਹੀ ਗੋਲਾਕਾਰ ਖੇਡ ਮੈਦਾਨ ਲੋਕਾਂ ਨਾਲ ਖਚਾਖਚ ਭਰਿਆ ਹੋਇਆ ਸੀ। ਪਹਿਲੇ ਦਿਨ ਦੁਪਹਿਰ ਢਾਈ ਵਜੇ ਸ਼ਾਹੀ ਤੋਪਖ਼ਾਨੇ ਦੇ*

ਦਸ ਸਿਪਾਹੀਆਂ ਦੀ ਫਾਇਰਿੰਗ ਟੋਲੀ ਨੇ ਮੈਦਾਨ ਵਿਚ ਮਾਰਚ ਕੀਤਾ, ਉਹ ਰੁਕ ਗਏ ਅਤੇ ਅਰਾਮ ਨਾਲ ਖੜ੍ਹੇ ਹੋ ਗਏ। ਕੁਛ ਮਿੰਟ ਬਾਅਦ ਸਿੱਖ ਪੁਲਿਸ ਦੇ ਹਥਿਆਰਬੰਦ ਪਹਿਰੇ ਹੇਠ ਉਨ੍ਹਾਂ ਦੋ ਬਾਗ਼ੀਆਂ ਨੂੰ ਜੇਲ੍ਹ ਦੇ ਮੁੱਖ ਦੁਆਰ ਤੋਂ ਬਾਹਰ ਲਿਆਂਦਾ ਗਿਆ ਜਿਨ੍ਹਾਂ ਨੂੰ ਸਜ਼ਾ-ਏ-ਮੌਤ ਦਿੱਤੀ ਜਾਣੀ ਸੀ। ਮੇਜਰ ਡੇਵਰ ਕਮਾਨ ਕਰ ਰਿਹਾ ਸੀ। ਆਮ ਪਹਿਰਾਵੇ ਵਿਚ ਸੂਬੇਦਾਰ ਡੂੰਡਾ ਖ਼ਾਨ ਅਤੇ ਜਮਾਂਦਾਰ ਚਿਸਤੀ ਖ਼ਾਨ ਪਹਿਰੇ ਹੇਠ ਸਿੱਧੇ ਮੌਤ ਦੇ ਚਬੂਤਰੇ ਉਪਰ ਆ ਕੇ ਖੜ੍ਹੇ ਹੋ ਗਏ, ਉਨ੍ਹਾਂ ਦੇ ਗਿੱਟੇ ਚਬੂਤਰੇ ਨਾਲ ਨੂੜ ਦਿੱਤੇ ਗਏ। ਉਹ ਦੇ ਅੱਗੇ ਅੱਠ ਕਰਮਾਂ ਦੀ ਵਿੱਥ 'ਤੇ ਫਾਇਰਿੰਗ ਟੋਲੀ ਅਡੋਲ ਖੜ੍ਹੀ ਸੀ। ਦੰਡਿਤ ਇਨਸਾਨ ਸਾਵਧਾਨ ਖੜ੍ਹੇ ਸਨ। ਉਨ੍ਹਾਂ ਦੀਆਂ ਅੱਖਾਂ ਬੰਨ੍ਹੀਆਂ ਨਹੀਂ ਗਈਆਂ ਸਨ। ਉਨ੍ਹਾਂ ਦਾ ਜੁਰਮ ਕੋਈ ਵੀ ਹੋਵੇ, ਆਖ਼ਰੀ ਪਲਾਂ 'ਚ ਉਨ੍ਹਾਂ ਦੀ ਅਡੋਲਤਾ ਅਤੇ ਸ਼ਾਨ ਦਿਲਫਰੇਬ ਸੀ।'[26]

ਬਾਕੀ ਮੁਜਰਮਾਂ ਨੂੰ ਵੀ ਇਸੇ ਤਰੀਕੇ ਨਾਲ ਸਜ਼ਾ-ਏ-ਮੌਤ ਦਿੱਤੀ ਗਈ।

ਫਾਇਰਿੰਗ ਟੋਲੀ ਵਲੋਂ ਸ਼ਰੇਆਮ ਗੋਲੀ ਮਾਰਨ ਦੀ ਇਹ ਸਜ਼ਾ ਆਊਟਰਮ ਜੇਲ੍ਹ ਵਿਖੇ ਦਿੱਤੀ ਗਈ ਜਿਥੇ ਅੰਦਾਜ਼ਨ 15,000 ਤੋਂ ਉਪਰ ਲੋਕ ਇਸ ਨੂੰ ਦੇਖਣ ਲਈ ਮੌਜੂਦ ਸਨ। *ਦ ਸਟਰੇਟਸ ਟਾਈਮਜ਼* ਨੇ ਰਿਪੋਰਟ ਦਿੱਤੀ:

"ਬੇਥਾਹ ਹਜੂਮ, ਭਰੋਸੇਯੋਗ ਅੰਦਾਜ਼ੇ ਅਨੁਸਾਰ ਇਹ 15,000 ਤੋਂ ਉਪਰ ਸੀ, ਖਚਾਖਚ ਭਰੀ ਸਿਪਾਹੀ ਲਾਈਨਜ਼ ਦੀਆਂ ਢਲਾਣਾਂ ਉਪਰ ਬੈਠਾ ਇਹ ਨਜ਼ਾਰਾ ਤੱਕ ਰਿਹਾ ਸੀ। ਪਹਿਲਾਂ ਵਾਂਗ ਪੱਕੇ ਦਰਸ਼ਕ, ਸਥਾਨਕ ਪੁਲਿਸ ਵਾਲੰਟੀਅਰ ਅਤੇ ਸਿੰਗਾਪੁਰ ਵਾਲੰਟੀਅਰਜ਼ ਕਾਪਸ (ਐੱਸ.ਵੀ.ਸੀ.) ਦੇ ਕਰਨਲ ਡੈਰਿਕ ਦੀ ਕਮਾਨ ਹੇਠ ਸ਼ਰੌਪਸ਼ਾਇਰ ਵਰਗਾਕਾਰ ਘੇਰਾ ਬਣਾਈ ਬੈਠੇ ਸਨ। ਫਾਇਰਿੰਗ ਟੋਲੀ ਕੈਪਟਨ ਟੌਂਗ ਅਤੇ ਲੈਫਟੀਨੈਂਟ ਬਲੇਅਰ ਤੇ ਹੇਅ ਦੀ ਅਗਵਾਈ ਵਿਚ ਐੱਸ.ਵੀ.ਸੀ. ਦੀਆਂ ਵੱਖੋ-ਵੱਖਰੀਆਂ ਕੰਪਨੀਆਂ ਦੇ ਜਵਾਨਾਂ ਨੂੰ ਲੈ ਕੇ ਬਣਾਈ ਗਈ ਸੀ।"

ਨਿਸ਼ੀਮੁਰਾ ਟਾਕੇਸ਼ਿਰੋ, ਜੋ 1903 ਤੋਂ ਲੈ ਕੇ ਸਿੰਗਾਪੁਰ ਵਿਚ ਮੈਡੀਕਲ ਪ੍ਰੈਕਟੀਸ਼ਨਰ ਅਤੇ ਜਪਾਨੀ ਐਸੋਸੀਏਸ਼ਨ ਦਾ ਅਹੁਦੇਦਾਰ ਸੀ, ਹਿੰਦੁਸਤਾਨੀ ਬਾਗ਼ੀਆਂ ਨੂੰ ਸ਼ਰੇਆਮ ਦਿੱਤੀ ਸਜ਼ਾ-ਏ-ਮੌਤ ਦਾ ਗਵਾਹ ਸੀ। ਉਸਨੇ ਆਖ਼ਰੀ ਵੇਲੇ ਉਨ੍ਹਾਂ ਵਲੋਂ ਦਿਖਾਏ ਅਡੋਲ ਜਜ਼ਬੇ ਦੀ ਤਾਰੀਫ਼ ਕੀਤੀ ਹੈ।[27] ਇਹ ਮੰਜਰ ਉਸਦੀ ਡਾਇਰੀ ਵਿਚ ਦਰਜ ਹੈ।

ਆਰਥਰ ਥਾਪਸਨ ਲਿਖਦਾ ਹੈ, "ਸਾਜ਼ਿਸ਼ ਦੀ ਅਸਫਲਤਾ ਮੁੱਖ ਤੌਰ 'ਤੇ ਦੋ ਬੰਦਿਆਂ ਕਾਰਨ ਹੋਈ ਸੀ। ਪਹਿਲਾ ਸੀ ਰਾਜਪੂਤ ਬਿਗਲਚੀ, ਜਿਸਨੇ ਪਹਿਲੀ ਗੋਲੀ ਚੱਲਦੇ ਸਾਰ ਖ਼ਤਰੇ ਦਾ ਘੁੱਗੂ ਵਜਾ ਦਿੱਤਾ, ਤਾਂ ਕਿ ਹਰ ਰਾਜਪੂਤ ਆਪਣੀ ਰਾਈਫ਼ਲ ਸੰਭਾਲ ਲਏ ਅਤੇ ਇੰਝ ਸਾਜ਼ਿਸ਼ੀਆਂ ਵਲੋਂ ਵਾਅਦੇ ਅਨੁਸਾਰ ਆਪਣੀਆਂ ਰਾਈਫ਼ਲਾਂ ਜਰਮਨਾਂ ਦੇ ਹਵਾਲੇ ਕਰਨ

ਵਿਚ ਵਿਘਨ ਪੈ ਗਿਆ....।"[28]

ਇੰਞ, ਹੋਇਆ ਸਿੰਗਾਪੁਰ ਗ਼ਦਰ ਦਾ ਅੰਤ ਜੋ ਝੱਟਪੱਟ ਉਸੇ ਤਰ੍ਹਾਂ ਖ਼ਤਮ ਹੋ ਗਿਆ ਜਿਵੇਂ ਇਹ ਸ਼ੁਰੂ ਹੋਇਆ ਸੀ। ਅਤੇ ਫਿਰ ਵੀ ਡਿਕਨਸਨ ਲਿਖਦਾ ਹੈ, "ਜੇ ਬਾਗ਼ੀ ਸਿਪਾਹੀਆਂ ਦੀ ਯੋਜਨਾਬੰਦੀ ਅਤੇ ਅਗਵਾਈ ਐਨੀ ਬੁਰੀ ਤਰ੍ਹਾਂ ਫੇਲ੍ਹ ਨਾ ਹੁੰਦੀ ਤਾਂ ਕਹਾਣੀ ਹੀ ਹੋਰ ਹੋਣੀ ਸੀ।"[29]

ਸਿੰਗਾਪੁਰ ਗ਼ਦਰ ਦੇ ਕਾਰਨ ਅਤੇ ਇਸ ਤੋਂ ਬਾਅਦ

ਹਿੰਦੁਸਤਾਨ ਲਈ ਸਟੇਟ ਸਕੱਤਰ ਨੇ 2 ਮਾਰਚ 1915 ਨੂੰ ਸੰਸਦ ਵਿਚ ਬਿਆਨ ਕੀਤਾ ਕਿ ਇਹ ਨਿਰਾ ਇਕ ਰੈਜੀਮੈਂਟ ਦਾ ਫ਼ਸਾਦ ਸੀ ਅਤੇ ਹਕੀਕਤ ਵਿਚ ਫ਼ੌਜੀ ਗ਼ਦਰ ਬਿਲਕੁਲ ਨਹੀਂ ਸੀ। ਨਾ ਹੀ ਇਹ ਅੰਗਰੇਜ਼ ਹਕੂਮਤ ਵਿਰੁੱਧ ਕੋਈ ਨਸਲੀ ਜਾਂ ਧਾਰਮਿਕ ਬਗ਼ਾਵਤ ਸੀ।[30] ਜਦੋਂਕਿ, ਬਰਤਾਨਵੀ ਖੁਫ਼ੀਆ ਅਧਿਕਾਰੀਆਂ ਆਈਸਮੌਂਗਰ ਅਤੇ ਸਲੇਟਰੀ ਨੇ ਵਿਆਖਿਆ ਕੀਤੀ ਕਿ ਇਸ ਘਟਨਾ ਨੂੰ ਅੰਜਾਮ ਦੇਣ ਵਿਚ ਇਨਕਲਾਬੀਆਂ ਨੇ ਕੀ ਹਿੱਸਾ ਪਾਇਆ ਸੀ। ਭਾਵੇਂ ਇਹ ਕਦੇ ਵੀ ਸਪਸ਼ਟ ਨਹੀਂ ਹੋਇਆ ਪਰ 'ਇਹ ਸ਼ੱਕ ਕਰਨ ਦੀ ਕੋਈ ਵਜ੍ਹਾ ਨਹੀਂ ਕਿ ਰੈਜੀਮੈਂਟ ਦੇ ਸ਼ਿਕਵੇ-ਸ਼ਿਕਾਇਤਾਂ ਕੋਈ ਵੀ ਹੋਣ ਜਾਂ ਉਨ੍ਹਾਂ ਵਿਚ ਕਿੰਨੀ ਵੀ ਅਨੁਸ਼ਾਸਨਹੀਣਤਾ ਹੋਵੇ, ਗ਼ਦਰ ਪਾਰਟੀ ਦੇ ਉਕਸਾਉਣ ਤੋਂ ਬਗ਼ੈਰ ਇਹ ਬਗ਼ਾਵਤ ਜ਼ਿਆਦਾਤਰ ਅਸੰਭਵ ਹੁੰਦੀ'।[31]

ਗ਼ਦਰ ਦੇ ਕਾਰਨਾਂ ਬਾਰੇ ਸੂਤਰ ਜਿਵੇਂ ਬਸਤੀਆਂ ਲਈ ਸਟੇਟ ਸਕੱਤਰ ਦੇ ਨਾਂ ਸਟਰੇਟਸ ਸੈਂਟਲਮੈਂਟਸ ਦੇ ਗਵਰਨਰ ਦੇ ਖ਼ਤ, ਚਿਸਤੀ ਖ਼ਾਨ ਦੀਆਂ ਤਕਰੀਰਾਂ ਅਤੇ ਹਿੰਦੁਸਤਾਨ ਨੂੰ ਵਾਪਸ ਆਏ ਸਿਪਾਹੀਆਂ ਦੇ ਖ਼ਤ ਦਰਸਾਉਂਦੇ ਸਨ ਕਿ 5ਵੇਂ ਲਾਈਟ ਰਿਸਾਲੇ ਦੇ ਸਿਪਾਹੀਆਂ ਦੇ ਨਜ਼ਰੀਏ ਉਪਰ ਤੁਰਕੀ ਵਿਰੁੱਧ ਜੰਗ ਅਤੇ ਗ਼ਦਰ ਪ੍ਰਚਾਰ ਦਾ ਪ੍ਰਭਾਵ ਸੀ।

ਨਿਊਯਾਰਕ ਟਾਈਮਜ਼ ਦੇ ਇਕ ਤਬਸਰੇ ਨੇ ਇਸ ਤੱਥ ਵੱਲ ਇਸ਼ਾਰਾ ਕੀਤਾ ਸੀ ਕਿ ਉਥੇ ਪਹੁੰਚਣ ਦੇ ਵਕਤ ਤੋਂ ਹੀ ਉਨ੍ਹਾਂ ਦਸਤਿਆਂ ਵਿਚ ਬੇਚੈਨੀ ਦੇ ਆਸਾਰ ਨਜ਼ਰ ਆ ਰਹੇ ਸਨ, ਅਤੇ ਇਸ ਦੇ ਕਾਰਨ ਮਹਿਜ਼ ਤਰੱਕੀ ਨੂੰ ਲੈ ਕੇ ਨਾਰਾਜ਼ਗੀ ਤੋਂ ਕਿਤੇ ਜ਼ਿਆਦਾ 'ਡੂੰਘੇ ਅਤੇ ਪੇਚੀਦਾ' ਸਨ।[32] ਬਹੁਤ ਸਾਰਿਆਂ ਨੇ 1857 ਦੇ ਗ਼ਦਰ ਦੀ ਵਿਰਾਸਤ ਨੂੰ ਭੁਲਾਇਆ ਨਹੀਂ ਸੀ। ਉਸ ਗ਼ਦਰ ਦੀਆਂ ਦੰਦ-ਕਥਾਵਾਂ ਅਤੇ ਕਹਾਣੀਆਂ ਹਰਮਨਪਿਆਰੇ ਰਾਸ਼ਟਰਵਾਦੀ ਸਾਹਿਤ ਦੇ ਮਿਥਿਹਾਸ ਦਾ ਹਿੱਸਾ ਸਨ। ਭਾਈ ਪਰਮਾਨੰਦ ਨੇ ਆਪਣੀਆਂ ਯਾਦਾਂ ਵਿਚ ਲਿਖਿਆ ਕਿ ਸਿੰਗਾਪੁਰ ਵਿਚ 200 ਹਿੰਦੁਸਤਾਨੀ ਸਿਪਾਹੀਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਉਸਨੇ ਖ਼ੁਦ 1857 ਨੂੰ ਚੇਤੇ ਕਰਨ ਦਾ ਹੋਕਾ ਦਿੱਤਾ ਸੀ ਅਤੇ *ਗ਼ਦਰ* ਤੇ *ਗ਼ਦਰ ਦੀ ਗੂੰਜ* ਦੀਆਂ ਕਾਪੀਆਂ ਉਨ੍ਹਾਂ ਵਿਚ ਵੰਡੀਆਂ ਸਨ।[33]

ਬਗ਼ਾਵਤ ਬਾਰੇ ਤਬਸਰਾ ਕਰਦਿਆਂ ਰਾਮ ਚੰਦਰ ਨੇ ਲਿਖਿਆ ਕਿ ਇਹ ਜ਼ਾਹਿਰ ਸੀ ਕਿ ਬਾਗ਼ੀ ਸਿਪਾਹੀ ਲੁੱਟਮਾਰ ਦੀ ਨੀਅਤ ਨਾਲ ਬੈਰਕਾਂ 'ਚੋਂ ਬਾਹਰ ਨਹੀਂ ਆਏ ਸਨ, ਕਿਉਂਕਿ

ਉਨ੍ਹਾਂ ਨੇ ਖਾਲੀ ਪਏ ਮਕਾਨਾਂ ਜਾਂ ਜਰਮਨਾਂ ਦੇ ਘਰਾਂ ਨੂੰ ਛੂਹਿਆ ਵੀ ਨਹੀਂ ਅਤੇ ਸਿਰਫ਼ ਅੰਗਰੇਜ਼ਾਂ ਨੂੰ ਮਾਰਿਆ। ਲਿਹਾਜ਼ਾ ਹਮਲਾ ਬਰਤਾਨਵੀ ਸੱਤਾ ਅਤੇ ਅੰਗਰੇਜ਼ਾਂ ਦੇ ਵਿਰੁੱਧ ਸੀ। ਉਸਨੇ ਇਹ ਗ਼ੌਰ ਕਰਨਾ ਵੀ ਜ਼ਰੂਰੀ ਸਮਝਿਆ ਕਿ ਬਾਗ਼ੀ ਸਿਪਾਹੀ ਇਕ ਕੈਦੀ ਖ਼ੇਮੇ ਵਿਚ ਗਏ, ਪਹਿਰੇਦਾਰਾਂ ਨੂੰ ਮਾਰ ਮੁਕਾਇਆ, ਦਰਵਾਜ਼ੇ ਭੰਨ ਦਿੱਤੇ, ਅਤੇ "ਜਰਮਨ! ਜਰਮਨ! ਇਸਲਾਮ! ਇਸਲਾਮ!" ਪੁਕਾਰਦੇ ਹੋਏ ਅੰਦਰ ਜਰਮਨਾਂ ਵੱਲ ਨੂੰ ਬੰਦੂਕਾਂ ਵਗਾਹ ਮਾਰੀਆਂ।[34]

ਉਸ ਵਕਤ ਦੂਰ ਪੂਰਬ ਵਿਚ ਹਿੰਦੁਸਤਾਨੀ ਇਨਕਲਾਬੀ ਬਹੁਤ ਸਰਗਰਮ ਸਨ, ਉਨ੍ਹਾਂ ਨੂੰ 5ਵੇਂ ਲਾਈਟ ਰਿਸਾਲੇ ਦੇ ਜਵਾਨਾਂ ਨੂੰ ਪ੍ਰਭਾਵਿਤ ਕਰਨ ਦਾ ਮੌਕਾ ਮਿਲ ਗਿਆ ਸੀ। ਇਸ ਘਟਨਾ ਵਿਚ ਸਿਰਕੱਢ ਭੂਮਿਕਾ ਨਿਭਾਉਣ ਵਾਲਾ ਗ਼ਦਰੀ ਆਗੂ ਮੁਜਤਬਾ ਹੁਸੈਨ ਉਰਫ਼ ਮੂਲ ਚੰਦ ਸੀ ਜੋ ਕਾਨਪੁਰ ਵਿਚ ਵਾਰਡਾਂ ਦੀ ਅਦਾਲਤ ਵਿਚ ਜ਼ੈਲਦਾਰ ਰਿਹਾ ਸੀ। ਪਹਿਲਾਂ ਉਹ ਮਨੀਲਾ ਗਿਆ ਜਿਥੇ ਉਹ ਗ਼ਦਰ ਪਾਰਟੀ ਦੇ ਸੰਪਰਕ ਵਿਚ ਆਇਆ ਅਤੇ ਫਿਰ ਸਿੰਗਾਪੁਰ ਚਲਾ ਗਿਆ ਜਿਥੇ ਉਸਨੇ ਗ਼ਦਰ ਕਰਵਾਉਣ ਵਿਚ ਮਦਦ ਕੀਤੀ। ਸਿੰਗਾਪੁਰ ਦੀ ਰੈਜੀਮੈਂਟ ਨੂੰ ਗ਼ਦਰ ਲਈ ਉਕਸਾਉਣ ਵਿਚ ਜਿਨ੍ਹਾਂ ਹੋਰ ਗ਼ਦਰੀਆਂ ਦਾ ਹੱਥ ਸੀ ਉਹ ਸਨ ਰਸੂਲਪੁਰ (ਅੰਮ੍ਰਿਤਸਰ) ਤੋਂ ਹਰਨਾਮ ਸਿੰਘ, ਚਰੜ ਤੋਂ ਹੀਰਾ ਸਿੰਘ ਅਤੇ ਗਿਆਨ ਚੰਦ।[35]

ਸਿੰਗਾਪੁਰ ਦੇ ਬਾਗ਼ੀ ਸਿਪਾਹੀਆਂ ਦੇ ਨਾਕਾਮ ਰਹਿਣ ਦਾ ਵਿਸ਼ਲੇਸ਼ਣ ਕਰਦਿਆਂ ਲੈਫਟੀਨੈਂਟ ਜਨਰਲ ਜਾਰਜ ਮੈਕਮਨ ਨੇ ਟਿੱਪਣੀ ਕੀਤੀ:

"ਇਸ ਵਿਚ ਕੋਈ ਸ਼ੱਕ ਨਹੀਂ ਕਿ ਸਿੰਗਾਪੁਰ ਗ਼ਦਰ ਬਹੁਤ ਹੀ ਗੰਭੀਰ ਬਣ ਸਕਦਾ ਸੀ। ਇਹ ਇਸ ਕਰਕੇ ਅਸਫ਼ਲ ਰਿਹਾ ਕਿ ਬਾਗ਼ੀਆਂ ਦਾ ਕੋਈ ਨਿਸ਼ਾਨਾ, ਕੋਈ ਯੋਜਨਾ ਅਤੇ ਉਨ੍ਹਾਂ ਨੂੰ ਕੋਈ ਇਨਕਲਾਬੀ ਅਗਵਾਈ ਦੇਣ ਵਾਲਾ ਨਹੀਂ ਸੀ। ਉਨ੍ਹਾਂ ਵਿਚ ਬੇਗਾਨੇ ਮਾਲਕਾਂ ਵਿਰੁੱਧ ਗੁੱਸਾ ਸੀ ਪਰ ਉਨ੍ਹਾਂ ਵਿਚ ਸਿਆਸੀ ਇਨਕਲਾਬ ਵਾਲਾ ਜਜ਼ਬਾ ਨਹੀਂ ਸੀ ਅਤੇ ਮੁਕਾਮੀ ਵਸੋਂ ਦੀ ਉਨ੍ਹਾਂ ਨਾਲ ਕੋਈ ਹਮਦਰਦੀ ਨਹੀਂ ਸੀ।"[36]

ਹਰੀਸ਼ ਪੁਰੀ ਇਹ ਨੁਕਤਾ ਉਠਾਉਂਦਾ ਹੈ ਕਿ ਇਸ ਘਟਨਾ ਨੇ ਦਿਖਾ ਦਿੱਤਾ ਕਿ 'ਫ਼ੌਜ ਦੀਆਂ ਰੈਜੀਮੈਂਟਾਂ ਵਿਚ ਹਾਲਤ ਕਿੰਨੀ ਭੜਕਾਹਟ ਵਾਲੀ ਸੀ ਅਤੇ ਜੇ ਇਨਕਲਾਬੀਆਂ ਦੀ ਸਹੀ ਢੰਗ ਨਾਲ ਤਿਆਰੀ ਹੁੰਦੀ ਤਾਂ ਉਨ੍ਹਾਂ ਲਈ ਇਸ ਦਾ ਲਾਹਾ ਲੈਣਾ ਕਿੰਨਾ ਸੌਖਾ ਸੀ'।[37]

ਪਰ, ਨਿਸ਼ਚੇ ਹੀ ਰਿਪੋਰਟਾਂ ਨੇ ਸਾਬਤ ਕੀਤਾ ਕਿ ਸਿੰਗਾਪੁਰ ਦਾ ਗ਼ਦਰ 'ਅਮਰੀਕੀ ਗ਼ਦਰ ਪਾਰਟੀ ਦੇ ਮੁਸਲਿਮ ਤੇ ਹਿੰਦੂ ਸਾਜ਼ਿਸ਼ੀਆਂ' ਵਲੋਂ ਕੀਤੇ ਇਨਕਲਾਬੀ ਪ੍ਰਚਾਰ ਕਾਰਨ ਹੋਇਆ ਸੀ। ਇੰਞ, ਗ਼ਦਰੀ ਪ੍ਰਚਾਰ ਦੇ ਜਾਦੂਮਈ ਅਸਰ ਹੇਠ 5ਵੇਂ ਲਾਈਟ ਰਿਸਾਲੇ ਨੇ ਪਹਿਲੀ ਜਨਵਰੀ ਦੇ ਕਰੀਬ ਹਾਂਗਕਾਂਗ ਭੇਜੇ ਜਾਣ ਦੀ ਖ਼ਬਰ ਮਿਲਣ 'ਤੇ ਫ਼ੌਜੀ ਅਥਾਰਟੀ ਵਿਰੁੱਧ ਬਗ਼ਾਵਤ ਕਰਨ ਦਾ ਫ਼ੈਸਲਾ ਕੀਤਾ।[38]

ਗ਼ਦਰ ਦੀ ਤਾਰੀਕ ਸਮੁੰਦਰੀ ਜਹਾਜ਼ ਨੀਲ ਦੇ ਆਉਣ ਦੀ ਉਮੀਦ ਤੋਂ ਇਕ ਦਿਨ ਪਹਿਲਾਂ, 17 ਫਰਵਰੀ ਤੈਅ ਕੀਤੀ ਗਈ ਸੀ ਜਿਸ ਨੇ ਰੈਜੀਮੈਂਟ ਨੂੰ ਲੈ ਕੇ ਜਾਣਾ ਸੀ। ਪਰ ਨੀਲ ਦੋ ਦਿਨ ਪਹਿਲਾਂ ਹੀ 15 ਫਰਵਰੀ ਨੂੰ ਪਹੁੰਚ ਗਿਆ। ਇਸ ਨੇ ਬਾਗ਼ੀਆਂ ਦੀਆਂ ਯੋਜਨਾਵਾਂ

ਉਲਟ-ਪੁਲਟ ਕਰ ਦਿੱਤੀਆਂ, ਅਤੇ ਪਹਿਲੀ ਗੋਲੀ ਦੋ ਦਿਨ ਪਹਿਲਾਂ ਹੀ 15 ਤਾਰੀਕ ਨੂੰ ਚਲਾ ਦਿੱਤੀ ਗਈ।[39] ਇਕ ਵਿਚਾਰ ਇਹ ਹੈ ਕਿ ਦੱਖਣ-ਪੂਰਬੀ ਏਸ਼ੀਆ ਦੀਆਂ ਜੰਗ ਦੌਰਾਨ ਦੀਆਂ ਬਗ਼ਾਵਤਾਂ ਨੇ 'ਗ਼ਦਰ ਅਤੇ ਖ਼ਿਲਾਫ਼ਤ ਦੀਆਂ ਵਿਚਾਰਧਾਰਾਵਾਂ' ਦੋਵਾਂ ਨੂੰ ਇਤਿਹਾਸਕ ਘਟਨਾਵਾਂ ਦੀ ਮਹਿਮਾ ਅਤੇ ਸਿਆਸੀ ਰੀਝਾਂ ਨਾਲ ਹੇਲਮੇਲ' ਕਰ ਦਿੱਤਾ।[40] ਇਨ੍ਹਾਂ ਤੱਥਾਂ ਦੀ ਰੋਸ਼ਨੀ 'ਚ, ਸਿੰਗਾਪੁਰ ਗ਼ਦਰ ਨੂੰ ਹਿੰਦੁਸਤਾਨ ਦੇ ਆਜ਼ਾਦੀ ਸੰਗਰਾਮ ਦੇ ਅਨਿੱਖੜ ਅੰਗ ਵਜੋਂ ਲਿਆ ਜਾ ਸਕਦਾ ਹੈ।

ਇਸ ਘਟਨਾ ਨਾਲ ਸਿੰਗਾਪੁਰ ਦੇ ਜ਼ਿਆਦਾਤਰ ਅੰਗਰੇਜ਼ ਭਾਈਚਾਰੇ ਨੂੰ ਇਹ ਜਚ ਗਿਆ ਕਿ ਉਹ ਇਸ ਬਸਤੀ ਦੀ ਹਿਫ਼ਾਜ਼ਤ ਲਈ ਹੁਣ ਹਿੰਦੁਸਤਾਨੀ ਸਿਪਾਹੀਆਂ ਉਪਰ ਟੇਕ ਨਹੀਂ ਰੱਖ ਸਕਦੇ। ਭਾਵੇਂ ਜਪਾਨੀ, ਫਰਾਂਸੀਸੀ ਤੇ ਰੂਸੀ ਜਹਾਜ਼ੀਆਂ ਅਤੇ ਸਮੁੰਦਰੀ ਸਿਪਾਹੀਆਂ ਨੇ ਬਗ਼ਾਵਤ ਨੂੰ ਕੁਚਲਣ ਵਿਚ ਮਦਦ ਕੀਤੀ ਸੀ ਪਰ ਇਹ ਬੇਯਕੀਨੀ ਵਧਦੀ ਜਾ ਰਹੀ ਸੀ ਕਿ ਕੀ ਭਵਿੱਖ ਵਿਚ ਆਪਣੀ ਸਲਤਨਤ ਨੂੰ ਬਰਕਰਾਰ ਰੱਖਣ ਲਈ ਬਰਤਾਨੀਆ ਦੇ ਜੰਗੀ ਇਤਹਾਦੀਆਂ ਦੀ ਮਦਦ ਉਪਰ ਭਰੋਸਾ ਕੀਤਾ ਜਾ ਸਕਦਾ ਸੀ। ਇਸ ਤੋਂ ਪਿੱਛੋਂ, ਸਿੰਗਾਪੁਰ ਵਿਚ ਹਿੰਦੁਸਤਾਨੀ ਨਾਗਰਿਕਾਂ ਲਈ ਰਜਿਟਰੇਸ਼ਨ ਕਰਵਾਉਣਾ ਜ਼ਰੂਰੀ ਕਰ ਦਿੱਤਾ ਗਿਆ ਜਿਸ ਦਾ ਭਾਈਚਾਰੇ ਨੇ ਬੁਰਾ ਮਨਾਇਆ ਜੋ ਭਾਰੂ ਤੌਰ 'ਤੇ ਵਫ਼ਾਦਾਰ ਸੀ।[41] ਟਰਨਬੁਲ ਲਿਖਦਾ ਹੈ: "ਅਮਨਪਸੰਦ ਨਾਗਰਿਕਾਂ ਤੋਂ ਬਾਗ਼ੀਆਂ ਦਾ ਨਿਖੇੜਾ ਕਰਨ ਲਈ, ਸਾਰੇ ਹਿੰਦੁਸਤਾਨੀ ਬਾਸ਼ਿੰਦਿਆਂ ਲਈ ਰਜਿਸਟਰੇਸ਼ਨ ਕਰਵਾਉਣਾ ਅਤੇ ਪਾਸ ਹਾਸਲ ਕਰਨਾ ਲਾਜ਼ਮੀ ਕਰ ਦਿੱਤਾ ਗਿਆ ਸੀ। ਇਸ ਨਾਲ ਕਾਫ਼ੀ ਨਾਰਾਜ਼ਗੀ ਪੈਦਾ ਹੋ ਗਈ। ਕੁਛ ਰਜਿਸਟਰੇਸ਼ਨ ਅਧਿਕਾਰੀਆਂ ਦੇ ਲਾਪ੍ਰਵਾਹ ਵਤੀਰੇ ਨੇ ਇਸ ਵਿਚ ਹੋਰ ਵਾਧਾ ਕਰ ਦਿੱਤਾ ਜੋ ਇੰਞ ਪੇਸ਼ ਆਉਂਦੇ ਸਨ ਜਿਵੇਂ ਸਾਰੇ ਹਿੰਦੁਸਤਾਨੀ ਕਸੂਰਵਾਰ ਹੁੰਦੇ ਹਨ'।[42] *ਦ ਸਟਰੇਟਸ ਟਾਈਮਜ਼* ਨੇ ਹਕੂਮਤ ਦੇ ਦਾਅਵੇ ਨੂੰ ਜ਼ੋਰਦਾਰ ਢੰਗ ਨਾਲ ਰੱਦ ਕੀਤਾ ਕਿ ਹਿੰਦੁਸਤਾਨੀ, ਮੁਸਲਮਾਨ ਜਾਂ ਹੋਰ ਆਮ ਹੀ ਸ਼ੱਕੀ ਹਨ। ਇਸਨੇ ਹਿੰਦੁਸਤਾਨੀਆਂ ਦੇ ਹੱਕ ਵਿਚ ਇਕ ਧੜੱਲੇਦਾਰ ਸੰਪਾਦਕੀ ਲਿਖਕੇ ਰਜਿਸਟਰੇਸ਼ਨ ਦੀ ਲੋੜ ਹੋਣ ਦੀ ਗੱਲ ਤਾਂ ਕੀਤੀ ਪਰ ਜ਼ੋਰ ਦਿੱਤਾ ਕਿ ਇਸ ਨੂੰ ਜਿੱਥੋਂ ਤਕ ਸੰਭਵ ਹੋ ਸਕੇ ਧਿਆਨ ਨਾਲ ਲਾਗੂ ਕਰਨਾ ਹੋਵੇਗਾ। ਡੇਵਿਡ ਪੈਟਰੀ ਜਿਸਦਾ 1918 ਦੇ ਅਖ਼ੀਰ 'ਚ ਸਿੰਗਾਪੁਰ ਵਿਚ ਕ੍ਰਿਮੀਨਲ ਇੰਟੈਲੀਜੈਂਸ ਡਿਪਾਰਟਮੈਂਟ (ਸੀ.ਆਈ.ਡੀ.) ਬਣਾਉਣ ਵਿਚ ਯੋਗਦਾਨ ਸੀ ਨੇ ਨਵੇਂ ਵਿਭਾਗ ਨੂੰ ਹਿੰਦੀਆਂ, ਚੀਨੀਆਂ ਅਤੇ ਜਪਾਨੀਆਂ ਉਪਰ ਨਜ਼ਰ ਰੱਖਣ ਉਪਰ ਧਿਆਨ ਕੇਂਦਰਤ ਕਰਨ ਅਤੇ ਚੀਨੀ ਤੇ ਜਪਾਨੀ ਖ਼ੁਫ਼ੀਆ ਵਿੰਗ ਬਣਾਉਣ ਦੀ ਸਲਾਹ ਦਿੱਤੀ।[43]

ਦੂਜਾ, ਸਿੰਗਾਪੁਰ ਗ਼ਦਰ ਦਾ ਇਕ ਮਲਾਏ ਸੂਬੇ ਕੇਲਾਂਟਨ ਦੇ ਕਿਸਾਨਾਂ ਦੀ 1915 ਦੀ ਬਗ਼ਾਵਤ ਉਪਰ ਅਸਰ ਪਿਆ ਸੀ। ਬਾਨ ਕਾ ਚੂਨ ਨੇ ਸਿੰਗਾਪੁਰ ਵਿਚ ਸਪੈਸ਼ਲ ਬਰਾਂਚ ਦੀਆਂ ਕਾਰਵਾਈਆਂ ਬਾਰੇ ਆਪਣੀ ਕਿਤਾਬ ਵਿਚ ਇਸ ਮਜਮੂਨ ਬਾਰੇ ਚਰਚਾ ਕੀਤੀ ਹੈ। ਇਥੇ ਗ਼ੌਰਤਲਬ ਇਹ ਤੱਥ ਹੈ ਕਿ ਕੇਲਾਂਟਨ ਦੇ ਕਿਸਾਨਾਂ ਉਪਰ ਸਿਰਫ਼ ਆਲਮੀ ਆਰਥਿਕਤਾ ਦਾ ਹੀ ਅਸਰ ਨਹੀਂ ਸੀ ਪਿਆ ਸਗੋਂ 5ਵੇਂ ਲਾਈਟ ਰਿਸਾਲੇ ਦੇ ਜਵਾਨਾਂ ਦੀ ਜੰਗ ਪ੍ਰਤੀ

ਬੇਗਾਨਗੀ ਦੀ ਭਾਵਨਾ ਅਤੇ ਉਨ੍ਹਾਂ ਦੀਆਂ ਕਾਰਵਾਈਆਂ ਵੀ ਲੋਕਾਂ ਦੀ ਜੰਗ ਬਾਰੇ ਸੋਚ ਅਤੇ ਕੇਲਾਂਟਨ ਵਿਚ ਬਗ਼ਾਵਤ ਉਪਰ ਅਸਰਅੰਦਾਜ਼ ਹੋਏ ਸਨ। ਫਰਵਰੀ ਵਿਚ ਸਿੰਗਾਪੁਰ ਗ਼ਦਰ ਸ਼ੁਰੂ ਹੋ ਜਾਣ 'ਤੇ ਪੂਰੇ ਕੇਲਾਂਟਨ ਵਿਚ ਯੂਰਪੀਅਨਾਂ ਦੇ ਕਤਲੇਆਮ ਅਤੇ ਬਾਗ਼ੀਆਂ ਦੀ ਕਾਮਯਾਬੀ ਦੀਆਂ ਕਹਾਣੀਆਂ ਜੰਗਲ ਦੀ ਅੱਗ ਵਾਂਗ ਫੈਲ ਗਈਆਂ। ਇਹ ਆਮ ਵਿਸ਼ਵਾਸ ਕੀਤਾ ਜਾਂਦਾ ਸੀ ਕਿ ਕਿ ਸਾਰੇ ਹੀ ਯੂਰਪੀਅਨ ਫ਼ੌਜੀ ਦਸਤੇ ਅਤੇ ਬਰਤਾਨਵੀ ਜੰਗੀ ਜਹਾਜ਼ ਕੁਵਾਜੀਮਾ ਪੂਰਬ ਤੋਂ ਯੂਰਪ ਲਈ ਰਵਾਨਾ ਹੋ ਗਏ ਸਨ। ਲਿਹਾਜ਼ਾ ਕੇਲਾਂਟਨ ਦੇ ਮਲਾਏ ਲੋਕਾਂ ਦੀ ਸੋਚ ਸੀ ਕਿ ਇਸ ਵਕਤ ਅੰਗਰੇਜ਼ਾਂ ਦੀ ਹਾਲਤ ਬਹੁਤ ਪਤਲੀ ਸੀ।

ਇਹ ਠੀਕ ਹੀ ਦਲੀਲ ਦਿੱਤੀ ਗਈ ਹੈ ਕਿ ਇਹ ਗ਼ਦਰ ਮਹਿਜ਼ ਅੰਗਰੇਜ਼ਾਂ ਲਈ ਅਚਿੰਤੇ ਬਾਜ ਆ ਪੈਣਾ ਹੀ ਨਹੀਂ ਸੀ ਸਗੋਂ ਇਸ ਨੇ ਸਿੰਗਾਪੁਰ ਵਿਚ ਅੰਗਰੇਜ਼ ਰਾਜ ਦੀਆਂ ਨੀਂਹਾਂ ਹਿਲਾ ਦਿੱਤੀਆਂ। ਉਨ੍ਹਾਂ ਨੂੰ ਜਿਸ ਅਗਲੀ ਚੁਣੌਤੀ ਦਾ ਸਾਹਮਣਾ ਕਰਨਾ ਪਿਆ ਉਹ ਸੀ ਪਹਿਲੀ ਆਲਮੀ ਜੰਗ ਮੁੱਕ ਜਾਣ 'ਤੇ ਖ਼ਿਲਾਫ਼ਤ ਲਹਿਰ ਸ਼ੁਰੂ ਹੋ ਜਾਣ ਨਾਲ ਬਰਤਾਨਵੀ ਬਸਤੀਆਂ, ਮਲਾਇਆ ਅਤੇ ਸਿੰਗਾਪੁਰ ਵਿਚ ਮੁਸਲਮਾਨਾਂ ਦਾ ਲਾਮਬੰਦ ਹੋਣਾ। ਇੱਥੋਂ ਤਕ ਕਿ 1924 'ਚ ਖ਼ਿਲਾਫ਼ਤ ਲਹਿਰ ਦੇ ਖ਼ਤਮ ਹੋ ਜਾਣ ਤੋਂ ਬਾਅਦ ਵੀ ਹਿੰਦੁਸਤਾਨ ਮੁਸਲਿਮ ਪਰਜਾ ਦਾ ਗੁੱਸਾ ਬਰਕਰਾਰ ਰਹੇਗਾ ਅਤੇ ਦੂਜੀ ਆਲਮੀ ਜੰਗ ਲੱਗ ਜਾਣ 'ਤੇ ਜਪਾਨੀ ਅਤੇ ਹਿੰਦੁਸਤਾਨੀ ਰਾਸ਼ਟਰਵਾਦੀ ਦੋਵੇਂ ਇਸ ਦਾ ਲਾਹਾ ਲੈਣਗੇ। ਫਿਰ ਜਦੋਂ ਹਿੰਦੁਸਤਾਨ ਦੀ ਬਸਤੀਆਂ ਦੀ ਪਰਜਾ ਸੁਭਾਸ਼ ਚੰਦਰ ਬੋਸ ਦੀ ਅਗਵਾਈ ਵਾਲੀ ਆਜ਼ਾਦ ਹਿੰਦ ਫ਼ੌਜ ਦੇ ਹੱਕ 'ਚ ਹੋ ਗਈ ਤਾਂ ਇਹ ਸ਼ਾਇਦ ਹੀ ਹੈਰਾਨੀਜਨਕ ਸੀ ਜੋ ਏਸ਼ੀਆ ਵਿਚ ਬਰਤਾਨਵੀ ਤਾਕਤਾਂ ਦੀ ਹਾਰ ਤੋਂ ਬਾਅਦ ਬਰਤਾਨੀਆ ਦੇ ਖ਼ਿਲਾਫ਼ ਹੋ ਗਈ ਸੀ। ਅਤੇ ਨਿਸ਼ਚੇ ਹੀ ਇਹ ਵੀ ਇਤਫ਼ਾਕ ਨਹੀਂ ਕਿ ਆਈ.ਐੱਨ.ਏ. 1942 'ਚ ਸਿੰਗਾਪੁਰ ਵਿਚ ਬਣਾਈ ਗਈ ਸੀ ਜੋ ਸਮੁੱਚੀ ਸਲਤਨਤ ਦੀ ਇਕ ਬਸਤੀ ਦੇ ਰੂਪ 'ਚ ਸਭ ਤੋਂ ਵੱਡੀ ਮਹਾਂਨਗਰੀ ਵਪਾਰਕ ਚੌਕੀ ਸੀ। ਜੋਹੋਰ ਦੇ ਅੰਗਰੇਜ਼ ਸਲਾਹਕਾਰ, ਰੋਬਰਟ ਸੀ.ਡੀ. ਬਰੈਡਲੇ, ਦੇ 'ਅੱਖੀਂ ਡਿੱਠਾ' ਵੇਰਵੇ ਦੇ ਉਲਟ, 'ਅੰਗਰੇਜ਼ ਰਾਜ ਦੀ ਸਿਆਣਪ ਅਤੇ ਤਾਕਤ ਉਪਰ ਮੁਕੰਮਲ ਭਰੋਸਾ' ਡੋਲਣਾ ਸ਼ੁਰੂ ਹੋ ਗਿਆ ਸੀ।

ਬਦੇਸ਼ੀ ਸਲਤਨਤ ਪ੍ਰਤੀ ਵਫ਼ਾਦਾਰੀ ਉਪਰ ਸਵਾਲ ਖੜ੍ਹਾ ਹੋ ਗਿਆ ਸੀ। ਨਿਰਣਾਇਕ ਗੱਲ ਇਹ ਸੀ ਕਿ ਸਿੰਗਾਪੁਰ ਦੇ ਹਿੰਦੁਸਤਾਨੀ ਮੁਸਲਮਾਨਾਂ ਅਤੇ ਇਸ ਦੇ ਨਾਲ ਹੀ ਹਿੰਦੁਸਤਾਨੀ ਪਿਛੋਕੜ ਵਾਲੇ ਹੋਰ ਪ੍ਰਵਾਸੀਆਂ ਦੀ ਅੰਗਰੇਜ਼ ਸਲਤਨਤ ਅਤੇ ਉਨ੍ਹਾਂ ਦੇ ਨਵੇਂ ਘਰ ਵਜੋਂ ਸਿੰਗਾਪੁਰ ਪ੍ਰਤੀ ਵਫ਼ਾਦਾਰੀ ਉਪਰ ਸਵਾਲ ਖੜ੍ਹਾ ਹੋ ਗਿਆ ਸੀ। ਗ਼ਦਰ ਲਹਿਰ ਵਿਚ ਸ਼ਾਮਲ ਹੋਏ ਮੁਸਲਮਾਨਾਂ ਨੇ ਸ਼ੁਰੂ 'ਚ ਆਪਣੇ ਤੁਰਕ ਸਫ਼ੀਰਾਂ ਨਾਲ ਆਪਣੇ ਸੰਪਰਕਾਂ ਜ਼ਰੀਏ ਮਦਦ ਕੀਤੀ ਸੀ। ਨਵੰਬਰ 1914 'ਚ ਤੁਰਕੀ *ਜਿਹਾਦ* ਦਾ ਐਲਾਨ ਕਰਕੇ ਜਰਮਨੀ ਦਾ ਸਾਥ ਦੇਣ ਲਈ ਪਹਿਲੀ ਆਲਮੀ ਜੰਗ ਵਿਚ ਸ਼ਾਮਲ ਹੋ ਗਿਆ ਸੀ। ਜੰਗ ਵਿਚ ਸ਼ਾਮਲ ਹੋਣ ਦਾ ਇਕ ਫ਼ੌਰੀ ਸਿੱਟਾ ਤੁਰਕਾਂ ਦਾ ਉਸ ਤਾਕਤ ਵਿਰੁੱਧ ਹਿੰਦੁਸਤਾਨੀ ਇਨਕਲਾਬੀਆਂ ਨਾਲ ਆਪਣੇ ਜੰਗ ਦੌਰਾਨ ਦੇ ਸੰਪਰਕਾਂ ਵਿਚ ਰੂਹ ਫੂਕਣਾ ਅਤੇ ਉਨ੍ਹਾਂ ਨੂੰ ਜੋੜਨਾ ਸੀ ਜਿਸ ਨੂੰ ਉਹ ਸਾਂਝਾ

ਦੁਸ਼ਮਣ ਮੰਨਦੇ ਸਨ। ਬਰਤਾਨੀਆ ਦੇ ਪ੍ਰਸੰਗਿਕ ਪਾਰਲੀਮੈਂਟਰੀ ਦਸਤਾਵੇਜ਼ ਦੱਸਦੇ ਹਨ ਕਿ ਇਹ ਗ਼ਦਰ ਦੇ ਕਾਰਕੁਨਾਂ ਅਤੇ ਤੁਰਕੀ ਦੇ ਯੰਗ ਤੁਰਕਾਂ ਦਰਮਿਆਨ ਇਕ ਸੋਚੀ-ਸਮਝੀ ਯੋਜਨਾ ਸੀ।

ਆਉਣ ਵਾਲੇ ਸਾਲਾਂ ਵਿਚ, ਹਿੰਦੁਸਤਾਨੀ ਪਿਛੋਕੜ ਵਾਲੀ ਬਸਤੀਵਾਦੀ ਪਰਜਾ ਤੋਂ ਸਲਤਨਤ ਅਤੇ ਅੰਗਰੇਜ਼ ਸ਼ਹਿਨਸ਼ਾਹ ਪ੍ਰਤੀ ਵਫ਼ਾਦਾਰੀ ਦਿਖਾਉਣ ਦੀ ਵਾਰ-ਵਾਰ ਉਮੀਦ ਕੀਤੀ ਗਈ; ਵਾਰ-ਵਾਰ ਸਲਤਨਤ ਅਤੇ ਆਪਣੀ ਪਰਜਾ ਉਪਰ ਇਸ ਦੀ ਜਕੜ ਦੀਆਂ ਸੀਮਾਵਾਂ ਦੀ ਪਰਖ ਹੋਵੇਗੀ। ਇੰਵ, ਅੱਜ ਭਾਵੇਂ ਸਿੰਗਾਪੁਰ ਗ਼ਦਰ ਬਹੁਤ ਘੱਟ ਜਾਣਿਆ ਜਾਂਦਾ ਹੈ, ਸਿੰਗਾਪੁਰ ਵਿਚ ਇਸ ਦੇ ਪ੍ਰਭਾਵ ਦੀਆਂ ਗੂੰਜਾਂ ਲਗਾਤਾਰ ਪੈ ਰਹੀਆਂ ਹਨ।

ਯਾਦਗਾਰ

ਉਸ ਘਟਨਾ ਅਤੇ ਗ਼ਦਰ ਦੌਰਾਨ ਮਾਰੇ ਗਏ ਅੰਗਰੇਜ਼ ਸਿਪਾਹੀਆਂ ਅਤੇ ਨਾਗਰਿਕਾਂ ਦੀ ਯਾਦ ਵਿਚ ਵਿਕਟੋਰੀਆ ਯਾਦਗਾਰੀ ਹਾਲ ਦੇ ਮੁੱਖ ਦੁਆਰ ਉਪਰ ਦੋ ਯਾਦਗਾਰੀ ਸ਼ਿਲਾਲੇਖ ਅਤੇ ਸੇਂਟ ਐਂਡਰਿਊ ਗਿਰਜਾਘਰ ਵਿਚ ਚਾਰ ਸ਼ਿਲਾਲੇਖ ਲਗਾਏ ਗਏ ਹਨ।[44] ਇਨ੍ਹਾਂ ਤੋਂ ਇਲਾਵਾ, ਬਾਅਦ ਵਿਚ ਦੋ ਸੜਕਾਂ ਦਾ ਨਾਂ ਦੋ ਮਰਨ ਵਾਲਿਆਂ, ਕਾਰਪੋਰਲ ਜੇ. ਹਾਰਪਰ ਅਤੇ ਪ੍ਰਾਈਵੇਟ ਏ.ਜੇ. ਹੌਲਟ, ਦੇ ਨਾਂ 'ਤੇ ਕ੍ਰਮਵਾਰ ਹਾਰਪਰ ਰੋਡ ਅਤੇ ਹੌਲਟ ਰੋਡ ਰੱਖਿਆ ਗਿਆ।[45]

ਸੇਂਟ ਐਂਡਰਿਊ ਗਿਰਜਾਘਰ ਦੇ ਪੂਜਾ ਵਾਲੇ ਹਾਲ ਵਿਚ ਘੁੰਮਦਿਆਂ ਕੰਧ ਉਪਰ ਜੜੀਆਂ ਯਾਦਗਾਰੀ ਤਖ਼ਤੀਆਂ ਤੁਹਾਡਾ ਧਿਆਨ ਖਿੱਚਦੀਆਂ ਹਨ। ਇਨ੍ਹਾਂ ਵਿੱਚੋਂ ਕੁਛ ਸਧਾਰਨ ਯਾਦਗਾਰਾਂ 1915 ਦੇ ਸਿੰਗਾਪੁਰ ਗ਼ਦਰ ਦੀ ਮਾਰਮਿਕ ਯਾਦ ਦਾ ਕੰਮ ਕਰਦੀਆਂ ਹਨ।

ਪੈਗ਼ਾਮ

ਸ਼ਾਨਾਮੱਤੀ ਗ਼ਦਰ ਲਹਿਰ ਦੀ ਸ਼ਤਾਬਦੀ ਮਨਾਉਂਦਿਆਂ, ਆਓ ਆਪਣੇ ਲੋਕਾਂ ਨੂੰ ਚੇਤੇ ਕਰਾਈਏ ਕਿ ਕਿਵੇਂ ਬਸਤੀਵਾਦੀ ਅਤੇ ਆਲਮੀ ਪਿਛਾਖੜੀ ਤਾਕਤਾਂ ਨੂੰ ਹਰਾਉਣ ਲਈ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਨੇ ਮਿਲਕੇ ਸੰਘਰਸ਼ ਕੀਤਾ।[47] ਬਦਕਿਸਮਤੀ ਨਾਲ, ਆਜ਼ਾਦੀ ਦੇ ਸੰਘਰਸ਼ ਵਿਚ ਮੁਸਲਮਾਨਾਂ ਦੀ ਭੂਮਿਕਾ ਨੂੰ ਸਾਹਮਣੇ ਲਿਆਉਣ ਲਈ ਨਾ ਹਿੰਦੁਸਤਾਨੀ ਹਕੂਮਤ ਵਲੋਂ ਉਚੇਚ ਕੀਤਾ ਗਿਆ ਨਾ ਮੀਡੀਆ ਵਲੋਂ। ਮੁਸਲਮਾਨਾਂ ਸਮੇਤ ਵੱਖੋ-ਵੱਖਰੇ ਭਾਈਚਾਰਿਆਂ ਨੇ ਕਿਵੇਂ ਮਿਲਕੇ ਰਾਸ਼ਟਰ ਦੀ ਆਜ਼ਾਦੀ ਲਈ ਲੜਾਈ ਲੜੀ ਇਸ ਬਾਰੇ ਨੌਜਵਾਨ ਪੀੜ੍ਹੀ ਵਿਚ ਜਾਗਰੂਕਤਾ ਪੈਦਾ ਕਰਨੀ ਬਹੁਤ ਜ਼ਰੂਰੀ ਹੈ। ਇਹ ਇਨਸਾਨੀਅਤ ਨਾਲ ਉਨ੍ਹਾਂ ਦਾ ਪ੍ਰੇਮ ਸੀ ਜਿਸ ਨਾਲ ਉਹ ਹਿੰਦੁਸਤਾਨ ਦੀ ਆਜ਼ਾਦੀ ਲਈ ਹਰ ਕੁਰਬਾਨੀ ਕਰਨ ਲਈ ਤਿਆਰ ਹੋ ਗਏ।

ਗ਼ਦਰੀਆਂ ਨੂੰ ਬਿਹਤਰੀਨ ਸ਼ਰਧਾਂਜਲੀ ਇਹੀ ਹੋਵੇਗੀ ਕਿ ਜੰਗਬਾਜ਼ ਸਾਮਰਾਜੀ ਤਾਕਤਾਂ ਦੇ ਨਵੇਂ ਆਲਮੀ ਖ਼ਤਰੇ ਦਾ ਸਾਹਮਣਾ ਕਰਨ ਲਈ ਸਾਰੇ ਫਿਰਕੇ ਸਾਂਝਾ ਮੁਹਾਜ਼ ਬਣਾਉਣ। ਹਰ

ਬੰਦੇ ਤਕ ਇਹ ਪੈਗ਼ਾਮ ਲੈਕੇ ਜਾਣ ਲਈ ਇਸ ਸੁਨਹਿਰੀ ਮੌਕੇ ਦਾ ਲਾਹਾ ਲੈਣਾ ਚਾਹੀਦਾ ਹੈ ਅਤੇ ਨੌਜਵਾਨ ਪੀੜ੍ਹੀ ਵਿਚ ਅਪਣੱਤ ਤੇ ਸਦਭਾਵਨਾ ਵਾਲਾ ਮਾਹੌਲ ਉਸਾਰਨ 'ਚ ਮਦਦ ਕਰਨੀ ਚਾਹੀਦੀ ਹੈ ਜੋ ਅਸਲ ਤੱਥਾਂ ਅਤੇ ਸਹੀ ਮਾਅਨਿਆਂ 'ਚ ਇਤਿਹਾਸ ਤੋਂ ਵਾਕਫ਼ ਨਹੀਂ ਹਨ।

ਲੋਕਾਂ ਨੂੰ ਆਪਣੀ ਤਾਕਤ ਅਤੇ ਫੁੱਟ ਪਾਊ ਤਾਕਤਾਂ ਦੇ ਮਨਸੂਬਿਆਂ ਨੂੰ ਸਮਝਣਾ ਚਾਹੀਦਾ ਹੈ ਅਤੇ ਗ਼ਦਰ ਲਹਿਰ ਦੇ ਸਾਡੇ ਮਹਾਨ ਸ਼ਹੀਦਾਂ ਦੇ ਅਮਲਾਂ ਤੇ ਸਿਖਿਆਵਾਂ ਦੇ ਪੂਰਨਿਆਂ 'ਤੇ ਚੱਲਣਾ ਚਾਹੀਦਾ ਹੈ।

NOTES AND REFERENCES

1. The German cruiser *Emden,* which conducted a raiding cruise and destroyed many British vessels, was hunted down on 9 November at Keeling Cocos Island, and destroyed. The British cruisers aided by the French, Russian, Japanese vessels, HMAS *Melbourne* and *Sydney* working in harmony, drove the *Emden* ashore and burnt it. The captain of the *Emden* (Captain von Muller) and Prince Franz Joseph of Hohenzollern were taken in custody.
2. All the Indian soldiers in this regiment were recruited from two different villages in India and were divided accordingly into two groups; the 'Left wing' consisting of Pathan Muslims, and the 'Right wing' of Rajput Muslims.
3. Report of Court of Enquiry enclosed in Confidential Dispatch from Governor Young to Secretary of State, Harcourt, 19 August 1915, C0273/423. In the Court's opinion, Martin 'showed marked weakness throughout.... ' and he 'did not take any ostensible steps to quell the mutiny either before or after reinforcements of the 81 men of MSVR had arrived' at his bungalow where he was besieged by one group of mutineers. See also, T.M. Winsley, *A History of the Singapore Volunteer Corps* 1857-1937, Singapore, 1938, pp. 1-2 and G.Corr, *The War of the Springing Tigers,* London, 1975, chapters 1 and 2.
4. *New York Times,* 2 May 1915.
5. 'Report in connection with the mutiny of 5th Light Infantry at Singapore 1915', Simla, 1915, India Office Library, London.
6. Maia Ramnath, *Haj to Utopia, How the Ghadar Movement Charted Global Radicalism and Attempted to Overthrow the British Rule in India,* Berkeley: University of California Press, 2011, p.191.
7. House of Lords Official Report, 2 March 1915, *C0273/434*. The

Marquis of Crewe, the Lord Privy Seal and Secretary of State for India claimed that the outbreak was in 'the nature of a regimental riot' and therefore, the word 'mutiny' was not 'the proper word to use'. He feared repercussions of the mutiny in India where the Indian nationalists were becoming more radical. The Government of India also pressed for rigid exercise of censorship of news of the outbreak.

8. Harish K. Puri, *Ghadar Movement: A Short History,* New Delhi: National Book Trust of India, 2011, p.138.
9. Narrative of Their Doings in the Mutiny', *The Straits Times,* 26 April 1915.
10. The *New York Times,* 24 February 1915.
11. Raj Kumar, *Essays on Indian Freedom Movement,* Delhi: Discovery Publishing House, 2003, p. 76 .
12. T.R. Sareen, ed., *Secret Documents on Singapore Mutiny,* 1915, New Delhi: Mounto Publishing House, 1995, pp. 11-14.
13. National Archives of India (NAI), Koji Tsukuda, translation in Foreign Department, External B, Confidential B of 1918, pp. 41-60.
14. Martyrs of Singapore Military Revolt', *Calendar 1913-2013,* Jalandhar: Desh Bhagat Yadgar Committee, 2013.
15. Letter of C. D. Bradley, British Advisor in Johore State, addressed to Major F.I. Lugard, 28 September 1933. See Zarina Patel, *Unquiet: The Life and Times of Makhan Singh,* Nairobi: Zand Graphics, 2006 and Ramnath, *Haj to Utopia,* pp. 190-92.
16. Ramnath, *Haj to Utopia"* p. 192.
17. *The Heritage,* Jalandhar: Desh Bhagat Yaadgar Committee, November 2000.
18. Report of W.G Maxwell, Confidential Dispatch 283, 286 to War Office, 25 March 1915.
19. Harish K. Puri, 'Dreams of the Ghadar Party Heroes', *Mainstream* weekly, 15 August 1998.
20. Sho Kuwajima 'Indian Mutiny in Singapore, 1915: People who observed the scene and people who heard the news', New Zealand Journal of Asian Studies Vol. 11, No.1, 2009. p. 378.
21. Foreign Ministry of Japan, ed., Nihon Gaiko Monzyo Documents of Japanese Foreign Policy, Taisho Yonen,2 March 191 5 ;Tokyo, 1969 pp. 1194-1207. Nishimura Takeshiro, a long resident Japanese medical doctor in Singapore, wrote that Fujii assumed office as Japanese Consul of Singapore in August 1913.
22. Monzyo, *Documents,* p.1197.

23. Sareen, ed., *Secret Documents on Singapore Mutiny,* pp. 231-32.
24. Ibid., p. 41.
25. R.W.E. Harper and Harry Miller, *Singapore Mutiny,* Singapore: Oxford University Press, 1984, p. 64.
26. A. H. Dickenson, 'Dickenson's Account', Royal Commonwealth Society, London. [Dickenson was an Officer-Cadet of the Straits Settlement Police at the time of the mutiny and submitted his account to the Royal Common-wealth Society.]
27. Nishimura Takeshiro, *Singapore Sanjyugo Nen (Thirty-five Years in Singapore),* Tokyo: Tohsui Sha, 1941, p.148.
28. The Singapore mutiny of the 5th Light Infantry material written or collected by Musgrave Arthur Thompson discussed the causes, course, punishment and impact of the mutiny and included a lengthy memoir. Thompson's memoir also records notes on the *Malay State Guides,* the German cruiser *Emden* and the Russian cruiser *Zhemchug,* and an uprising against the French in Cambodia. There are letters exchanged between Colonel Archer Cust, Secretary General of the Society and Thompson, providing more detail of the latter's work as Provost Marshal which included counter-espionage.
29. Dickenson, 'Dickenson's Account'.
30. Government of India (GOI), *Sedition Committee Report* 1918 [first published in 1918], Calcutta: New Age Publishers, 1973, rpt., p.121.
31. F.C. Isemonger and J. Slattery, *An Account of Ghadar Conspiracy 1913-1915* [first published in 1919], Berkeley: Folklore Institute, 1998, rpt., p. 152.
32. *New York Times,* 2 May 1950.
33. Ramnath, *Haj to Utopia,* p. 193. Also see Sho Kuwajima, *Indian Mutiny in Singapore,* 1915, p28.
34. Ram Chandra, *San Francisco Examiner,* 13 June 1916.
35. *New York Times,* 24 February 1915.
36. New Zealand Institute for the Study of Competition and Regulation (ISCR) p.125.
37. Puri, *Ghadar Movement,* p.138.
38. *Sedition Committee Report,* p. 170.
39. *New York Times,* 22 May 1915.
40. Ramnath, *Haj to Utopia,* p.193.
41. T. R. Sareen, 'Proclamation under Martial Law', *Select Documents on the Ghadr Party,* New Delhi: Mounto Publishing House, 1994, p. 822.

42. C. M. Turnbull, *Dateline Singapore: 150 Years of The Straits Time"* Singapore: Singapore Press Holdings, 1995, p.76.
43. Ban Kah Choon, *Absent History: The Untold Story of Special Branch Operations in Singapore* 1915-1942, Singapore: SNP Media Asia. 2001' p. 68.
44. "1915 Indian (Singapore) Mutiny", Singapore Infopaedia. Archived from the original on 12 June 2007' Retrieved 007 -06-14.
45. Savage, p.145,150.
46. Farish A. Noor, S. Rajaratnam School of International Studies: Working Paper no 206; From Empire to the War on Terror: The 1915 Indian Sepoy Mutiny in Singapore 2010 page 16.
47. The Indian Muslims initially got involved with the Ghadr movement through their contact with Turkish emissaries. Turkey entered the First world, war in November 1914 on the side of the Germany proclaiming it as a jihad. On the Turkish side, one of the immediate consequences of going to war was their attempt to galvanize and band together their war time's connection with the Indian revolutionaries against what they perceived as the common enemy. Reading the British parliamentary paper suggest that it was well thought out plan between the Ghadr personnel and the Young Turk of Turkey.

ਹਥਿਆਰਬੰਦ ਸੰਘਰਸ਼ ਅਤੇ ਇਕ ਸੁਪਨੇ ਦਾ ਅੰਤ

-ਸਵਿਤਰੀ ਸਾਹਨੀ

4 ਅਗਸਤ 1914 ਨੂੰ ਬਰਤਾਨੀਆ ਨੇ ਜਰਮਨੀ ਦੇ ਖ਼ਿਲਾਫ਼ ਜੰਗ ਦਾ ਐਲਾਨ ਕਰ ਦਿੱਤਾ, ਅਤੇ ਜਪਾਨ ਫਰਾਂਸ ਤੇ ਰੂਸ ਨਾਲ ਉਨ੍ਹਾਂ ਦੇ ਇਤਹਾਦ ਵਿਚ ਸ਼ਾਮਲ ਹੋ ਗਿਆ। ਜਦੋਂ ਅਕਤੂਬਰ ਵਿਚ ਤੁਰਕੀ ਜਰਮਨੀ ਅਤੇ ਆਸਟਰੀਆ ਦੀਆਂ ਕੇਂਦਰੀ ਤਾਕਤਾਂ ਵਿਚ ਰਲ ਗਿਆ, ਓਦੋਂ ਅੰਗਰੇਜ਼ਾਂ ਵਲੋਂ ਮੈਸੋਪੋਟਾਮੀਆ, ਫ਼ਲਸਤੀਨ ਅਤੇ ਮਿਸਰ ਨੂੰ ਭੇਜੇ ਜ਼ਿਆਦਾਤਰ ਫ਼ੌਜੀ ਦਸਤੇ ਹਿੰਦੁਸਤਾਨੀ ਸਨ। ਹਿੰਦੁਸਤਾਨ ਅੰਗਰੇਜ਼ਾਂ ਦੇ ਪਿੱਛੇ ਲੱਗ ਤੁਰਿਆ ਸੀ ਅਤੇ ਫ਼ੌਜੀ ਤਾਕਤਾਂ ਬਰਤਾਨਵੀ ਹਿੰਦੁਸਤਾਨੀ ਫ਼ੌਜ ਪ੍ਰਤੀ ਵਫ਼ਾਦਾਰ ਬਣੀਆਂ ਰਹੀਆਂ। ਪਹਿਲੀ ਆਲਮੀ ਜੰਗ ਨੇ ਯੂਰਪ ਵਿਚ ਤੇਜ਼ੀ ਫੜ ਲਈ।

ਜਦੋਂ ਹਿੰਦੁਸਤਾਨ ਦੇ ਹੁਕਮਰਾਨ ਚੌਧਰੀਆਂ ਨੇ ਬਰਤਾਨਵੀਆਂ ਪ੍ਰਤੀ ਵਫ਼ਾਦਾਰੀ ਦਾ ਐਲਾਨ ਕੀਤਾ, ਹਿੰਦੁਸਤਾਨੀ ਫ਼ੌਜ ਲਈ ਭਰਤੀ 15000 ਤੋਂ ਇਕਦਮ ਵਧਕੇ 1918 'ਚ 300,000 ਲੱਖ ਹੋ ਗਈ। ਹਿੰਦੁਸਤਾਨ ਹਕਮੂਤ ਨੇ ਬੇਥਾਹ ਖ਼ਰਚੇ ਸਹਿਣ ਕੀਤੇ ਅਤੇ ਇੱਥੋਂ ਤਕ ਕਿ ਬਰਤਾਨਵੀ ਸਲਤਨਤ ਦੀ ਜੰਗ ਲਈ 10 ਕਰੋੜ ਪੌਂਡ ਵਾਧੂ ਵੀ ਦਿੱਤੇ। ਇਸ ਨਾਲ ਹਿੰਦੁਸਤਾਨ ਦੇ ਕੌਮੀ ਕਰਜੇ ਵਿਚ ਤੀਹ ਫ਼ੀਸਦੀ ਵਾਧਾ ਹੋ ਗਿਆ।

ਗ਼ਦਰ ਲਹਿਰ ਲਈ ਇਸ ਨੇ ਅੰਗਰੇਜ਼ਾਂ ਨੂੰ ਹਿੰਦੁਸਤਾਨ 'ਚੋਂ ਕੱਢਣ ਦਾ ਸੁਨਹਿਰੀ ਮੌਕਾ ਪੈਦਾ ਕੀਤਾ ਜਦੋਂ ਅੰਗਰੇਜ਼ਾਂ ਦੀ ਫ਼ੌਜ ਮੁਹਾਜ਼ ਉਪਰ ਲੜਾਈ ਵਿਚ ਰੁੱਝੀ ਹੋਵੇਗੀ। ਗ਼ਦਰੀਆਂ ਨੇ ਸਿੰਗਾਪੁਰ, ਬਰਮਾ, ਮਿਸਰ, ਤੁਰਕੀ ਤੇ ਅਫ਼ਗਾਨਿਸਤਾਨ ਵਿਚ ਪ੍ਰਦੇਸ ਵਿਚ ਰਹਿ ਰਹੇ ਹਿੰਦੁਸਤਾਨੀਆਂ ਅਤੇ ਖ਼ਾਸ ਕਰਕੇ ਕੈਨੇਡਾ ਤੇ ਅਮਰੀਕਾ ਵਿਚਲੇ ਪੰਜਾਬੀਆਂ ਨੂੰ ਹਿੰਦੁਸਤਾਨ ਵਾਪਸ ਜਾਣ ਅਤੇ ਉਥੇ ਇਨਕਲਾਬ ਸ਼ੁਰੂ ਕਰਨ ਲਈ ਜ਼ਬਰਦਸਤ ਮੁਹਿੰਮ ਚਲਾਈ। ਉਨ੍ਹਾਂ ਨੇ ਹਿੰਦੁਸਤਾਨੀ ਫ਼ੌਜ ਵਿਚ ਘੁਸਪੈਠ ਕਰਨ ਅਤੇ ਫ਼ੌਜੀਆਂ ਨੂੰ ਬਰਤਾਨਵੀ ਸਲਤਨਤ ਦੇ ਖ਼ਿਲਾਫ਼ ਲੜਨ ਅਤੇ ਹਿੰਦੁਸਤਾਨ ਨੂੰ ਬਰਤਾਨਵੀ ਸਾਮਰਾਜਵਾਦ ਦੀਆਂ ਬੇੜੀਆਂ ਤੋਂ ਮੁਕਤ ਕਰਾਉਣ ਲਈ ਉਕਸਾਉਣ ਲਈ ਵਿਉਂਤਾਂ ਬਣਾਈਆਂ।

5 ਅਗਸਤ ਨੂੰ ਗ਼ਦਰ ਪਾਰਟੀ ਦੇ ਆਗੂਆਂ ਨੇ ਬਰਤਾਨੀਆ ਵਿਰੁੱਧ ਜੰਗ ਦਾ ਐਲਾਨ ਕਰ ਦਿੱਤਾ ਅਤੇ ਜੰਗ ਵਿਚ ਬਰਤਾਨੀਆ ਦੇ ਰੁੱਝੇ ਹੋਣ ਦਾ ਲਾਹਾ ਲੈਣ ਦਾ ਫ਼ੈਸਲਾ ਲਿਆ।

ਜੰਗ ਦੇ ਸ਼ੁਰੂ ਹੋਣ ਤੋਂ ਪਹਿਲਾਂ, ਗ਼ਦਰ ਦੇ ਆਗੂ ਵਜੋਂ ਹਰਦਿਆਲ ਨੇ ਜਰਮਨ ਕੌਂਸਲ ਫਰੈਡਰਿਕ ਫੌਨ ਬਰਨਾਰਡੀ ਨਾਲ ਸੰਪਰਕ ਬਣਾ ਲਏ ਸਨ, ਜਿਸਨੇ ਇਨਕਲਾਬੀਆਂ ਨਾਲ

ਕਈ ਮੀਟਿੰਗਾਂ ਕੀਤੀਆਂ। ਇਸ ਦੇ ਸਿੱਟੇ ਵਜੋਂ ਜਰਮਨੀ ਨੇ ਹਥਿਆਰਾਂ ਅਤੇ ਗੋਲੀਸਿੱਕੇ ਦੇ ਨਾਲ-ਨਾਲ ਇਨ੍ਹਾਂ ਨੂੰ ਹਿੰਦੁਸਤਾਨ ਪਹੁੰਚਾਉਣ ਲਈ ਦੋ ਸਮੁੰਦਰੀ ਜਹਾਜ਼ ਮੁਹੱਈਆ ਕਰਾਉਣ ਦਾ ਵਾਅਦਾ ਕੀਤਾ। ਹਥਿਆਰਾਂ ਤੋਂ ਬਗ਼ੈਰ ਇਨਕਲਾਬ ਦਾ ਉਭਾਰ ਪੈਦਾ ਕਰਨਾ ਅਸੰਭਵ ਹੋਣਾ ਸੀ। ਬਹੁਤ ਸਾਰੇ ਜਰਮਨ ਬੁੱਧੀਜੀਵੀ ਹਿੰਦੁਸਤਾਨ ਦੀਆਂ ਰੀਝਾਂ ਤੋਂ ਵਾਕਫ਼ ਸਨ ਅਤੇ ਉਹ ਮਹਿਸੂਸ ਕਰਦੇ ਸਨ ਕਿ ਹਿੰਦੁਸਤਾਨੀਆਂ ਨੂੰ ਹੱਲਾਸ਼ੇਰੀ ਦੇਣ ਨਾਲ ਬਰਤਾਨਵੀ ਤਾਕਤਾਂ ਕਮਜ਼ੋਰ ਹੋ ਜਾਣਗੀਆਂ। ਉਸ ਵਕਤ ਜਰਮਨੀ ਵਿਚ ਰਹਿ ਰਹੇ ਉੱਘੇ ਇਨਕਲਾਬੀ ਸਨ ਸਿਆਸਤਦਾਨ-ਕਵਿੱਤਰੀ ਸਰੋਜਨੀ ਨਾਇਡੂ ਦਾ ਛੋਟਾ ਭਾਈ ਵਿਰੇਂਦਰਨਾਥ ਚੱਟੋਪਾਧਿਆਏ, ਡਾ. ਬਰਕਤਉਲਾ, ਸਵਾਮੀ ਵਿਵੇਕਾਨੰਦ ਦਾ ਭਾਈ ਭੁਪੇਂਦਰਨਾਥ ਦੱਤ, ਅਜੀਤ ਸਿੰਘ, ਚੰਪਕ ਰਮਨ ਪਿੱਲੇ, ਤਾਰਕ ਨਾਥ ਦਾਸ, ਅਵਿਨਾਸ਼ ਚੰਦਰ ਭੱਟਾਚਾਰੀਆ, ਅਤੇ ਐੱਨ.ਐੱਸ. ਮਰਾਠੇ। ਉਨ੍ਹਾਂ ਨੇ ਸਤੰਬਰ 1914 'ਚ ਬਰਲਿਨ ਇੰਡੀਆ ਕਮੇਟੀ ਬਣਾ ਲਈ, ਜੋ ਇੰਡੀਅਨ ਰੈਵੋਲੂਸ਼ਨਰੀ ਸੁਸਾਇਟੀ ਵਜੋਂ ਵੀ ਜਾਣੀ ਜਾਂਦੀ ਸੀ (1915 'ਚ ਇਸ ਜਥੇਬੰਦੀ ਦਾ ਨਾਂ ਬਦਲਕੇ ਇੰਡੀਅਨ ਇੰਡੀਪੈਂਡੈਂਸ ਕਮੇਟੀ ਰੱਖ ਲਿਆ ਗਿਆ ਸੀ ਅਤੇ ਇਹ ਹਿੰਦੂ-ਜਰਮਨ ਸਾਜ਼ਿਸ਼ ਦਾ ਅਨਿੱਖੜਵਾਂ ਅੰਗ ਬਣੀ)। ਸੁਸਾਇਟੀ ਦੇ ਨਿਸ਼ਾਨੇ ਸਨ: ਦੁਨੀਆ ਦੇ ਵੱਖੋ-ਵੱਖਰੇ ਮੁਲਕਾਂ ਵਿਚ ਰਹਿ ਰਹੇ ਹਿੰਦੁਸਤਾਨੀਆਂ ਵਿਚ ਇਨਕਲਾਬੀ ਸਰਗਰਮੀਆਂ ਅਤੇ ਪ੍ਰਚਾਰ ਦੇ ਕੰਮ ਲਈ ਜਰਮਨ ਸਰਕਾਰ ਤੋਂ ਮਾਲੀ ਮਦਦ ਲੈਣਾ, ਹਿੰਦੁਸਤਾਨੀ ਘੁਲਾਟੀਆਂ ਦੀ ਵਾਲੰਟੀਅਰ ਫੋਰਸ ਦੀ ਸਿਖਲਾਈ ਦੀ ਯੋਜਨਾ ਬਣਾਉਣਾ ਅਤੇ ਹਿੰਦੁਸਤਾਨ ਵਿਚ ਬਰਤਾਨਵੀ ਹਕੂਮਤ ਵਿਰੁੱਧ ਬਗ਼ਾਵਤ ਕਰਨ ਵਾਸਤੇ ਗ਼ਦਰੀਆਂ ਨੂੰ ਹਥਿਆਰ ਅਤੇ ਗੋਲੀਸਿੱਕਾ ਪਹੁੰਚਾਉਣ ਦੇ ਇੰਤਜ਼ਾਮ ਕਰਨਾ।

ਹਿੰਦੁਸਤਾਨ ਵੱਲ ਕੂਚ

ਯੋਜਨਾ ਇਹ ਸੀ ਕਿ 1914 ਦੇ ਅਖ਼ੀਰ 'ਚ ਵੱਧ ਤੋਂ ਵੱਧ ਤਾਦਾਦ 'ਚ ਗ਼ਦਰੀ ਹਿੰਦੁਸਤਾਨ ਨੂੰ ਚਲੇ ਜਾਣਗੇ। ਉਥੇ ਜਾਕੇ ਉਹ ਹਿੰਦੁਸਤਾਨੀ ਇਨਕਲਾਬੀਆਂ ਅਤੇ ਜਥੇਬੰਦੀਆਂ ਨਾਲ ਸੰਪਰਕ ਕਰਨਗੇ, ਗ਼ਦਰੀ ਸਾਹਿਤ ਤਕਸੀਮ ਕਰਨਗੇ ਅਤੇ ਮੁਲਕ ਵਿਚ ਹਥਿਆਰ ਹਾਸਲ ਕਰਨ ਦੇ ਇੰਤਜ਼ਾਮ ਕਰਨਗੇ। ਹਥਿਆਰ ਜਰਮਨੀ ਦੀ ਮਦਦ ਨਾਲ ਅਮਰੀਕਾ ਤੋਂ ਭੇਜੇ ਜਾਣੇ ਸਨ।[1]

ਬਹਾਦਰ ਅਤੇ ਕਾਹਲੇ ਪਏ ਪੰਜਾਬੀ ਆਪਣੀਆਂ ਇਨਕਲਾਬੀ ਰੀਝਾਂ ਲਈ ਲੜਨ ਵਾਸਤੇ ਪਹਿਲਾਂ ਹੀ ਵਤਨ ਵਾਪਸ ਜਾਣ ਲਈ ਤਿਆਰ-ਬਰ-ਤਿਆਰ ਸਨ। ਮੌਲਵੀ ਬਰਕਤਉਲਾ, ਗਿਆਨੀ ਭਗਵਾਨ ਸਿੰਘ ਅਤੇ ਹੋਰ ਗ਼ਦਰੀਆਂ ਨੇ ਇਨ੍ਹਾਂ ਵਾਲੰਟੀਅਰਾਂ ਨੂੰ ਹਿੰਦੁਸਤਾਨ ਭੇਜਣ ਲਈ ਫੰਡ ਇਕੱਠੇ ਕੀਤੇ। ਸਥਾਨਕ ਅਖ਼ਬਾਰਾਂ ਨੇ ਰਿਪੋਰਟ ਕੀਤੀ: 'ਹਿੰਦੂ ਇਨਕਲਾਬ ਵਿਚ ਹਿਸਾ ਲੈਣ ਲਈ ਵਤਨ ਨੂੰ ਰਵਾਨਾ'। ਜਦੋਂ ਉਹ ਹਿੰਦੁਸਤਾਨ ਲਈ ਚੱਲੇ ਤਾਂ ਜਨਤਕ ਲਾਮਬੰਦੀ, ਪ੍ਰਚੰਡ ਸਰਗਰਮੀ ਅਤੇ ਜੋਸ਼ੀਲੇ ਪ੍ਰਚਾਰ ਕਾਰਨ ਗ਼ਦਰੀਆਂ ਦਾ ਜੋਸ਼

ਠਾਠਾਂ ਮਾਰ ਰਿਹਾ ਸੀ। ਜਵਾਲਾ ਸਿੰਘ ਨੇ ਸੱਠ ਤੋਂ ਲੈਕੇ ਸੱਤਰ ਇਨਕਲਾਬੀਆਂ ਦਾ ਖ਼ਰਚਾ ਦੇਣ ਦੀ ਪੇਸ਼ਕਸ਼ ਕੀਤੀ। ਬਹੁਤ ਸਾਰੀਆਂ ਐਮਰਜੈਂਸੀ ਮੀਟਿੰਗਾਂ ਕੀਤੀਆਂ ਗਈਆਂ। 4 ਅਗਸਤ 1914 ਨੂੰ ਸਾਨ ਫਰਾਂਸਿਸਕੋ ਵਿਚ ਇਕ ਰੈਲੀ ਜਥੇਬੰਦ ਕੀਤੀ ਗਈ ਅਤੇ ਉਸੇ ਮਹੀਨੇ ਦੀ 11 ਤਾਰੀਕ ਨੂੰ ਇਕ ਆਮ ਸਭਾ ਕੀਤੀ ਗਈ। ਹਰਦਿਆਲ ਦੀ ਗ਼ੈਰਹਾਜ਼ਰੀ ਵਿਚ ਪੰਡਿਤ ਕਾਂਸ਼ੀਰਾਮ ਨੇ ਅਗਵਾਈ ਸਾਂਭ ਲਈ ਸੀ, ਜੋ ਹੁਣ ਅਮਰੀਕੀ ਅਥਾਰਟੀਜ਼ ਤੋਂ ਬਚਕੇ ਸਵਿਟਜ਼ਰਲੈਂਡ ਵਿਚ ਰਹਿ ਰਿਹਾ ਸੀ। ਇਨਕਲਾਬੀਆਂ ਨੇ ਬਹੁਤ ਹੀ ਮੁਸ਼ਕਲ ਹਾਲਾਤ ਵਿਚ ਹਿੰਦੁਸਤਾਨ ਨੂੰ ਕੂਚ ਕੀਤਾ। ਇਕ ਪ੍ਰਤਿਭਾਵਾਨ ਵਕਤਾ ਅਤੇ ਗ਼ਦਰ ਦਾ ਅਹਿਮ ਆਗੂ ਭਗਵਾਨ ਸਿੰਘ ਚੀਨ ਅਤੇ ਦੂਰ ਪੂਰਬ ਲਈ ਇਸ ਉਮੀਦ ਨਾਲ ਰਵਾਨਾ ਹੋਇਆ ਕਿ ਉਥੇ ਜਾਕੇ ਹੋਰ ਰੰਗਰੂਟ ਭਰਤੀ ਕਰ ਲਵੇਗਾ ਅਤੇ ਬਰਤਾਨਵੀ ਹਿੰਦੁਸਤਾਨੀ ਫ਼ੌਜ ਦੇ ਹਿੰਦੁਸਤਾਨੀ ਫ਼ੌਜੀਆਂ ਨੂੰ ਆਪਣੇ ਨਾਲ ਜੋੜ ਲਵੇਗਾ। ਜਪਾਨ ਵਿਚ ਉਹ ਇਕ ਅਹਿਮ ਬੰਗਾਲੀ ਦੇਸ਼ਭਗਤ ਰਾਸ ਬਿਹਾਰੀ ਬੋਸ ਨੂੰ ਮਿਲਿਆ ਜੋ ਪਹਿਲਾਂ ਹੀ ਇਨਕਲਾਬੀ ਸਰਗਰਮੀਆਂ ਵਿਚ ਰੁੱਝਾ ਹੋਇਆ ਸੀ ਅਤੇ ਉਸਨੇ ਬਾਅਦ ਵਿਚ ਪੰਜਾਬ ਅੰਦਰ ਬਹੁਤ ਹੀ ਜ਼ੋਰਦਾਰ ਇਨਕਲਾਬੀ ਕਾਰਵਾਈਆਂ ਵਿਚ ਹਿੱਸਾ ਲਿਆ।

ਜਵਾਲਾ ਸਿੰਘ ਦੀ ਅਗਵਾਈ ਵਿਚ 60 ਗ਼ਦਰੀਆਂ ਦਾ ਪਹਿਲਾ ਪੂਰ 29 ਅਗਸਤ ਨੂੰ ਸਾਨ ਫਰਾਂਸਿਸਕੋ ਤੋਂ ਕੈਂਟੋਨ ਜਾਣ ਵਾਲੇ ਸਟੀਮਸ਼ਿਪ *ਕੋਰੀਆ* 'ਤੇ ਸਵਾਰ ਹੋਇਆ। ਉਨ੍ਹਾਂ ਨੇ ਅੱਗੇ ਹਿੰਦੁਸਤਾਨ ਜਾਣਾ ਸੀ, ਜਿਥੇ ਉਨ੍ਹਾਂ ਨੂੰ ਬਗ਼ਾਵਤ ਜਥੇਬੰਦ ਕਰਨ ਲਈ ਹਥਿਆਰ ਦਿੱਤੇ ਜਾਣੇ ਸਨ। ਕੈਂਟੋਨ ਵਿਖੇ, ਹੋਰ ਹਿੰਦੁਸਤਾਨੀ ਉਨ੍ਹਾਂ ਵਿਚ ਸ਼ਾਮਲ ਹੋ ਗਏ, ਅਤੇ ਉਹ ਪੂਰ ਜਿਸ ਦੀ ਗਿਣਤੀ ਹੁਣ ਤਕਰੀਬਨ 150 ਹੋ ਗਈ ਸੀ, ਜਪਾਨੀ ਜਹਾਜ਼ 'ਤੇ ਸਵਾਰ ਹੋ ਕੇ ਕਲਕੱਤਾ ਲਈ ਚੱਲ ਪਏ। ਉਨ੍ਹਾਂ ਵਿਚ ਹਿੰਦੁਸਤਾਨੀਆਂ ਦੀਆਂ ਹੋਰ ਛੋਟੀਆਂ-ਛੋਟੀਆਂ ਟੋਲੀਆਂ ਵੀ ਰਲਦੀਆਂ ਜਾਣਗੀਆਂ। ਸਤੰਬਰ-ਅਕਤੂਬਰ ਦੌਰਾਨ, ਲਗਭਗ 300 ਹਿੰਦੁਸਤਾਨੀ ਵੱਖੋ-ਵੱਖਰੇ ਸਮੁੰਦਰੀ ਜਹਾਜ਼ਾਂ ਜਿਵੇਂ *ਐੱਸ.ਐੱਸ. ਸਾਇਬੇਰੀਆ, ਚਿਨੀਓ ਮਾਰੂ, ਚੀਨ, ਮਨਚੂਰੀਆ, ਐੱਸ.ਐੱਸ.ਟੈਨੀਓ ਮਾਰੂ, ਐੱਸ.ਐੱਸ.ਮੰਗੋਲੀਆ ਅਤੇ ਐੱਸ.ਐੱਸ. ਸ਼ਿਨੀਓ ਮਾਰੂ* ਰਾਹੀਂ ਹਿੰਦੁਸਤਾਨ ਲਈ ਰਵਾਨਾ ਹੋਏ।[2]

ਐੱਸ.ਐੱਸ. ਕੋਰੀਆ ਦੇ ਪੂਰ ਦਾ ਭੇਤ ਖੁੱਲ੍ਹ ਚੁੱਕਾ ਸੀ ਅਤੇ ਕਲਕੱਤਾ ਪਹੁੰਚਣ 'ਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਦੇ ਬਾਵਜੂਦ, ਅਮਰੀਕਾ ਅਤੇ ਹਿੰਦੁਸਤਾਨ ਦੌਰਾਨ ਸ਼ੰਘਾਈ, ਸਵਾਤੋ, ਅਤੇ ਸਿਆਮ ਵਿਚ ਇਕ ਖੁਫ਼ੀਆ ਤਾਣਾਬਾਣਾ ਸਥਾਪਤ ਕੀਤਾ ਗਿਆ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਸ਼ੰਘਾਈ ਵਿਚ ਕੰਮ ਕਰਨ ਵਾਲੇ ਗ਼ਦਰੀ ਕਾਰਕੁਨ ਟਹਿਲ ਸਿੰਘ ਨੇ ਇਨਕਲਾਬੀਆਂ ਦੀ ਹਿੰਦੁਸਤਾਨ ਜਾਣ 'ਚ ਮਦਦ ਕਰਦਿਆਂ 30,000 ਡਾਲਰ ਖ਼ਰਚ ਕੀਤੇ ਸਨ।

ਤਿੰਨ-ਪੱਖੀ ਯੁੱਧਨੀਤੀ

ਇਹ ਸਹਿਮਤੀ ਹੋ ਗਈ ਸੀ ਕਿ ਬਰਤਾਨੀਆ ਦੇ ਖ਼ਿਲਾਫ਼ ਫ਼ੌਜੀ ਮੁਹਿੰਮ ਚਲਾਉਣ ਦੇ ਕਾਬਲ ਹੋਣ ਲਈ ਹਿੰਦੁਸਤਾਨੀ ਇਨਕਲਾਬੀਆਂ ਨੂੰ ਲੋੜੀਂਦੀ ਹਰ ਸਹਾਇਤਾ ਦਿੱਤੀ ਜਾਵੇ। ਨਿਰੋਦੇ ਕੇ. ਬਰੂਆ ਦੇ ਮੁਤਾਬਿਕ ਜਰਮਨ ਬਦੇਸ਼ ਦਫ਼ਤਰ ਨੇ ਹਿੰਦੁਸਤਾਨ ਵਿਚ ਯੁੱਗਗਰਦੀ ਲਿਆਉਣ ਲਈ ਤਿੰਨ-ਪੱਖੀ ਯੁੱਧਨੀਤੀ ਦੀ ਯੋਜਨਾ ਬਣਾਈ ਸੀ। ਪਹਿਲਾ ਸੀ ਹਿੰਦੁਸਤਾਨ ਨੂੰ ਤਾਕਤ ਭੇਜਣਾ ਅਤੇ ਅਫ਼ਗਾਨਿਸਤਾਨ ਦੇ ਅਮੀਰ ਦੀ ਮਦਦ ਨਾਲ ਬਰਤਾਨਵੀ ਹਿੰਦੁਸਤਾਨ ਉਪਰ ਹਮਲਾ ਕਰਨਾ, ਅਗਲਾ ਸੀ ਮੱਧ ਪੂਰਬ ਵਿਚ ਪ੍ਰਚਾਰ ਦੀ ਜੰਗ ਵਿੱਢਣਾ; ਇੰਞ ਹਿੰਦੁਸਤਾਨੀ ਫ਼ੌਜੀਆਂ ਨੂੰ ਇਨਕਲਾਬੀ ਫ਼ੌਜ ਨਾਲ ਜਾ ਰਲਣ ਲਈ ਉਤਸ਼ਾਹਤ ਕਰਨਾ, ਅਤੇ ਅਖ਼ੀਰ ਵਿਚ ਹਿੰਦੁਸਤਾਨ ਉਪਰ ਹਮਲਾ ਕਰਨ ਲਈ ਬਰਾਸਤਾ ਬਲੋਚਿਸਤਾਨ ਵਹੀਰ ਭੇਜਣਾ। ਇਹ ਯੋਜਨਾਵਾਂ ਹਿੰਦੁਸਤਾਨੀ ਇਨਕਲਾਬੀਆਂ ਨੂੰ ਭੇਜ ਦਿੱਤੀਆਂ ਗਈਆਂ।

ਪਰ ਜੰਗ ਦੇ ਸ਼ੁਰੂ ਹੋ ਜਾਣ ਅਤੇ ਕੇਂਦਰੀ ਤਾਲਮੇਲ ਦੀ ਘਾਟ ਨਾਲ ਯੋਜਨਾਵਾਂ ਉਲਟ-ਪੁਲਟ ਹੋ ਗਈਆਂ। ਜਰਮਨੀ ਵਿਚ, ਬਰਲਿਨ ਕਮੇਟੀ ਨੂੰ ਆਪਣੇ ਮੈਂਬਰਾਂ ਦਰਮਿਆਨ ਵਖਰੇਵਿਆਂ ਕਾਰਨ ਨੁਕਸਾਨ ਉਠਾਉਣਾ ਪਿਆ। ਦਸੰਬਰ 1915 'ਚ ਹਰਦਿਆਲ ਦੀ ਵਾਪਸੀ ਨੇ ਹਾਲਾਤ ਹੋਰ ਵੀ ਵਿਗਾੜ ਦਿੱਤੇ। ਸਪਸ਼ਟ ਤੌਰ 'ਤੇ ਹਰਦਿਆਲ ਅਤੇ ਚੱਟੋਪਾਧਿਆਏ ਦਰਮਿਆਨ ਦੂਰੀ, ਅਤੇ ਆਲਮੀ ਜੰਗ ਵਿਚ ਜਰਮਨਾਂ ਦੇ ਅਨਿਸ਼ਚਿਤ ਮੁਕੱਦਰ ਕਰਕੇ ਕਮੇਟੀ ਲਈ ਕੰਮ ਕਰਨਾ ਮੁਸ਼ਕਲ ਹੋ ਗਿਆ। ਜੰਗ ਮੁੱਕਣ ਤੋਂ ਬਾਅਦ, 1919 'ਚ ਇਹ ਭੰਗ ਕਰ ਦਿੱਤੀ ਗਈ।[4]

ਬਦੇਸ਼ਾਂ ਵਿਚ ਇਨਕਲਾਬੀ ਕਾਰਵਾਈਆਂ

ਜਰਮਨਾਂ ਦੀ ਮਦਦ ਨਾਲ ਈਰਾਨ ਅਤੇ ਅਫ਼ਗਾਨਿਸਤਾਨ ਵਿਚ ਕਈ ਮੁਹਿੰਮਾਂ ਵਿੱਢੀਆਂ ਗਈਆਂ। ਇਕ ਮੁਹਿੰਮ ਅਫ਼ਗਾਨਿਸਤਾਨ ਜਾਣ ਦੀ ਸੀ। ਦੋ ਜਰਮਨਾਂ ਅਫ਼ਸਰਾਂ, ਨੀਦਰਮੇਅਰ ਅਤੇ ਜ਼ਗਮੇਅਰ, ਨੇ ਰਾਜਾ ਮਹਿੰਦਰਪ੍ਰਤਾਪ ਅਤੇ ਮੁਹੰਮਦ ਬਰਕਤਉਲਾ ਨੂੰ ਲੈਕੇ ਜਾਣਾ ਸੀ। ਉਨ੍ਹਾਂ ਦਾ ਮਿਸ਼ਨ ਅਫ਼ਗਾਨਿਸਤਾਨ ਦੇ ਅਮੀਰ ਨੂੰ ਬਰਤਾਨੀਆ ਵਿਰੁੱਧ ਲੜਨ ਲਈ ਪ੍ਰੇਰਤ ਕਰਨਾ ਸੀ। ਉਨ੍ਹਾਂ ਦੀਆਂ ਅਰਜ਼ੋਈਆਂ ਵੱਲ ਕੋਈ ਕੰਨ ਨਹੀਂ ਧਰਿਆ ਗਿਆ; ਬਾਅਦ ਵਿਚ ਰਾਜਾ ਮਹਿੰਦਰਪ੍ਰਤਾਪ ਅਤੇ ਬਰਕਤਉਲਾ ਨੇ ਕਾਬੁਲ ਵਿਚ ਪਹਿਲੀ ਆਜ਼ਾਦ ਹਕੂਮਤ-ਏ-ਹਿੰਦ ਕਾਇਮ ਕੀਤੀ। ਜੋ ਹੁਣ ਖੋਖਲਾ ਸੰਕੇਤ ਲਗ ਸਕਦਾ ਹੈ, ਪਰ ਇਹ ਦਰਅਸਲ ਉਨ੍ਹਾਂ ਦੇ ਇਰਾਦਿਆਂ ਦਾ ਸ਼ਾਨਦਾਰ ਬਿਆਨ ਸੀ।

ਗੌਰਵਮਈ ਆਰਜ਼ੀ ਹਕੂਮਤ ਓੜਕ ਢਿਚਕੂੰ-ਢਿਚਕੂੰ ਕਰਦੀ ਖ਼ਤਮ ਹੋ ਗਈ, ਜਦੋਂ ਇਕ ਸਾਲ ਉਥੇ ਟਿਕਣ ਤੋਂ ਬਾਅਦ ਉਨ੍ਹਾਂ ਨੂੰ ਅਫ਼ਗਾਨਿਸਤਾਨ ਛੱਡਕੇ ਚਲੇ ਜਾਣ ਲਈ ਆਖ ਦਿੱਤਾ ਗਿਆ। "ਜਰਮਨੀ ਦੀ ਮਦਦ ਨਾਲ ਬਣਾਈਆਂ ਹੋਰ ਸਕੀਮਾਂ ਦੀ ਤਰ੍ਹਾਂ, ਅਫ਼ਗਾਨਿਸਤਾਨ ਮਿਸ਼ਨ ਵੀ ਹਿੰਦੁਸਤਾਨ ਦੀਆਂ ਸਰਹੱਦਾਂ ਉਪਰ ਬਰਤਾਨਵੀਆਂ ਲਈ ਕੋਈ

ਗੰਭੀਰ ਸਮੱਸਿਆ ਖੜ੍ਹੀ ਕਰਨ ਦੇ ਆਪਣੇ ਨਿਸ਼ਾਨੇ 'ਚ ਕਾਮਯਾਬ ਨਹੀਂ ਹੋਇਆ।"[5]

ਮਹਿੰਦਰਪ੍ਰਤਾਪ ਨੇ ਤੁਰਕੀ ਅਤੇ ਜਰਮਨੀ ਦੀ ਇਤਹਾਦੀ, ਹਿੰਦ ਦੀ ਕੌਮੀ ਹਕੂਮਤ ਬਣਾਏ ਜਾਣ ਦੇ ਅਮਲ ਵਿਚ ਹਿੰਦੁਸਤਾਨੀ ਰਜਵਾੜਿਆਂ ਨੂੰ ਸ਼ਾਮਲ ਕਰਨ ਲਈ ਜੋ ਯਤਨ ਜੁਟਾਏ ਸਨ ਉਹ ਵਿਅਰਥ ਗਏ। ਉਸਦੇ ਖ਼ਤ ਬਰਤਾਨਵੀਆਂ ਦੇ ਹੱਥ ਲੱਗ ਗਏ, ਅਤੇ ਅਫ਼ਗਾਨਿਸਤਾਨ ਵਿਚ ਹਿੰਦੁਸਤਾਨੀ ਮਿਸ਼ਨ ਫੇਲ੍ਹ ਹੋ ਗਿਆ। ਹਿੰਦੁਸਤਾਨੀ ਰਜਵਾੜੇ ਆਪਣੇ ਰਿਆਸਤੀ ਰਾਜਾਂ ਪ੍ਰਤੀ ਵਫ਼ਾਦਾਰ ਬਣੇ ਰਹੇ; ਇਕਜੁੱਟ ਹਿੰਦੁਸਤਾਨ ਦਾ ਖ਼ਿਆਲ ਅਜੇ ਵੀ ਬਹੁਤ ਸਾਰੇ ਹਿੰਦੁਸਤਾਨੀਆਂ ਲਈ ਪਰਾਇਆ ਸੀ।

ਹਥਿਆਰ ਅਤੇ ਗੋਲੀਸਿੱਕਾ ਲੈ ਕੇ ਐੱਸ.ਐੱਸ. ਮਾਵਰਿਕ ਅਤੇ ਐਨੀ ਲਾਰਸਨ ਜਹਾਜ਼ ਮੈਕਸੀਕੋ ਦੇ ਸੋਕੋਰੋ ਟਾਪੂਆਂ ਤੋਂ ਚਲ ਪਏ, ਜੋ ਹਥਿਆਰ ਹਥਿਆਰਬੰਦ ਇਨਕਲਾਬ ਲਈ ਬਹੁਤ ਜ਼ਿਆਦਾ ਜ਼ਰੂਰੀ ਸਨ। ਇਹ ਵੱਖੋ-ਵੱਖਰੇ ਢੰਗਾਂ ਰਾਹੀਂ ਈਰਾਨ ਪਹੁੰਚਾਏ ਜਾਣੇ ਸਨ ਜਿਥੇ ਪਾਂਡੂਰੰਗ ਖ਼ਾਨਖੋਜੇ ਅਤੇ ਸੂਫ਼ੀ ਅੰਬਾ ਪ੍ਰਸਾਦ ਬੇਸਬਰੀ ਨਾਲ ਇਨ੍ਹਾਂ ਦੀ ਇੰਤਜ਼ਾਰ ਕਰ ਰਹੇ ਸਨ। ਬਾਕੀ ਦੇ ਬੰਗਾਲੀ ਇਨਕਲਾਬੀਆਂ ਨੂੰ ਪਹੁੰਚਾਏ ਜਾਣੇ ਸਨ। ਇੰਞ ਹੋਣਾ ਨਹੀਂ ਸੀ। ਬਰਤਾਨਵੀ ਖੁਫ਼ੀਆ ਸੇਵਾ ਚੁਕੰਨੀ ਹੋ ਗਈ ਸੀ, ਜਿਵੇਂ ਏ.ਸੀ.ਬੋਸ ਲਿਖਦਾ ਹੈ ਕਿ ਨਿਊ ਯਾਰਕ ਵਿਚ ਇਕ ਆਹਲਾ ਜਰਮਨ ਕੂਟਨੀਤਕ ਅਧਿਕਾਰੀ ਦੇ ਜਰਮਨ ਕਾਗਜ਼ਾਤ ਇਕ ਚੈੱਕ ਜਾਸੂਸ ਦੇ ਹੱਥ ਲੱਗ ਗਏ ਸਨ ਅਤੇ ਉਸਨੇ ਸਰਕਾਰੀ ਅਧਿਕਾਰੀਆਂ ਨੂੰ ਇਸ ਬਾਰੇ ਖ਼ਬਰਦਾਰ ਕਰ ਦਿੱਤਾ ਸੀ। ਹਥਿਆਰ ਜ਼ਬਤ ਕਰ ਲਏ ਗਏ ਅਤੇ ਗ਼ਦਰ ਪ੍ਰਚਾਰ ਸਮੱਗਰੀ ਲੈ ਕੇ ਜਹਾਜ਼ ਰਵਾਨਾ ਹੋ ਗਏ।

ਬਟਾਵੀਆ ਵਿਚ, ਐੱਮ.ਐੱਨ.ਰਾਏ ਨੂੰ ਬਰਲਿਨ ਕਮੇਟੀ ਵਲੋਂ ਸਮੁੰਦਰੀ ਜਹਾਜ਼ਾਂ ਵਿਚ ਆ ਰਹੇ ਹਥਿਆਰ ਤੇ ਗੋਲੀਸਿੱਕਾ ਹਾਸਲ ਕਰਨ ਦੀ ਵਿਸਤਾਰਤ ਜਾਣਕਾਰੀ ਭੇਜੀ ਗਈ ਸੀ। ਹਥਿਆਰਾਂ ਦੀ ਇਹ ਖੇਪ ਕਦੇ ਨਾ ਪਹੁੰਚੀ। ਗ਼ਦਰ ਪਾਰਟੀ ਦੇ ਹਿੰਦੁਸਤਾਨ ਤੇ ਈਰਾਨ ਵਿਚ ਹਥਿਆਰ ਪਹੁੰਚਾਉਣ 'ਚ ਅਸਫ਼ਲ ਰਹਿਣ ਕਾਰਨ ਕਰਾਚੀ ਅਤੇ ਹੋਰ ਉਤਰ-ਪੱਛਮੀ ਸਰਹੱਦੀ ਸੂਬਿਆਂ ਅਤੇ ਬੰਗਾਲ ਤੋਂ ਇਨਕਲਾਬੀ ਫ਼ੌਜ ਤਿਆਰ ਕਰਨ ਦਾ ਖ਼ਿਆਲ ਆਪਣੇ ਤਰਕਪੂਰਨ ਨਤੀਜੇ 'ਤੇ ਨਾ ਪਹੁੰਚਿਆ। ਸੰਭਵ ਹੈ ਕਿ ਇਸ ਤ੍ਰਾਸਦਿਕ ਨਾਲਾਇਕੀ ਦੀ ਕੀਮਤ ਬੰਗਾਲ ਦੇ ਉਨ੍ਹਾਂ ਲੋਕਾਂ ਨੂੰ ਜਾਨ ਦੇਕੇ ਚੁਕਾਉਣੀ ਪਈ ਹੋਵੇਗੀ ਜੋ ਬਗ਼ਾਵਤ ਲਈ ਤਿਆਰ ਸਨ। ਪਾਂਡੂਰੰਗ ਖ਼ਾਨਖੋਜੇ, ਪ੍ਰਾਮਥਨਾਥ ਦੱਤ, ਅਗਾਸ਼ੀ ਅਤੇ ਹੋਰ ਵਾਸਮੁਸ ਮੁਹਿੰਮ 'ਚ ਸ਼ਾਮਲ ਹੋ ਗਏ, ਉਨ੍ਹਾਂ ਦਾ ਮਿਸ਼ਨ ਈਰਾਨੀਆਂ ਨੂੰ ਬਰਤਾਨੀਆ ਦੇ ਖ਼ਿਲਾਫ਼ ਲੜਨ ਲਈ ਸਹਿਮਤ ਕਰਨਾ ਅਤੇ ਇਕ ਇਨਕਲਾਬੀ ਫ਼ੌਜ ਬਣਾਉਣਾ ਸੀ ਜੋ ਬਲੋਚਿਸਤਾਨ ਵੱਲ ਕੂਚ ਕਰੇਗੀ। ਬਲੋਚਿਸਤਾਨ ਵੱਲ ਜਾਂਦਿਆਂ ਖ਼ਾਨਖੋਜੇ, ਦੱਤ ਅਤੇ ਵਾਸਮੁਸ ਦੀਆਂ ਰਸਤੇ ਵਿਚ ਅੰਗਰੇਜ਼ ਫ਼ੌਜ ਨਾਲ ਕਈ ਵਾਰ ਟੱਕਰਾਂ ਹੋਈਆਂ। ਟਾਂਗਿਸਤਾਨ ਦੀਆਂ ਲੜਾਈਆਂ ਜ਼ਿਕਰਯੋਗ ਹਨ। ਇਥੇ ਇਕ ਦਲੇਰ ਕਾਰਨਾਮਾ ਕਰਕੇ ਖ਼ਾਨਖੋਜੇ ਅਤੇ ਵਾਸਮੁਸ ਨੇ ਸਥਾਨਕ ਕਬਾਇਲੀਆਂ ਨੂੰ ਜਥੇਬੰਦ ਕਰ ਲਿਆ ਅਤੇ ਅੰਗਰੇਜ਼ ਬਸਤੀ ਉਪਰ ਹੱਲਾ ਬੋਲ ਦਿੱਤਾ। ਖ਼ਾਨਖੋਜੇ ਬੁਸ਼ੈਹਰ

ਨੇੜੇ ਕੁਝ ਇਨਕਲਾਬੀਆਂ ਨੂੰ ਉਤਾਰਨ ਦੀ ਸੰਭਾਵਨਾ ਖੋਜ ਰਿਹਾ ਸੀ। ਇਥੇ ਅੰਗਰੇਜ਼ ਰੈਜ਼ੀਡੈਂਟ ਉਪਰ ਹਮਲਾ ਕਰਕੇ ਉਸ ਨੂੰ ਮਾਰ ਦਿੱਤਾ ਗਿਆ।

ਟੀ.ਆਰ. ਸਰੀਨ ਅਨੁਸਾਰ ਉਨ੍ਹਾਂ ਵਿਚ ਕੇਦਾਰ ਨਾਥ, ਬਸੰਤਾ ਸਿੰਘ, ਚੇਤ ਸਿੰਘ, ਰਿਖੀ ਕੇਸ਼, ਦਾਦਾਭਾਈ ਹੌਰਮੁਸਜੀ ਕੇਰਸਾਸਪ ਅਤੇ ਅਮੀਰ ਚੰਦ ਸ਼ਰਮਾ ਸ਼ਾਮਲ ਹੋ ਗਏ ਸਨ। ਬਾਅਦ ਵਿਚ ਸ਼ਿਰਾਜ਼ ਵਿਚ ਸੂਫ਼ੀ ਅੰਬਾ ਪ੍ਰਸ਼ਾਦ ਵੀ ਉਨ੍ਹਾਂ ਨਾਲ ਆ ਰਲੇ। ਖ਼ਾਨਖੋਜੇ ਨੂੰ ਉਮੀਦ ਸੀ ਕਿ ਬਹੁਤ ਸਾਰੇ ਇਨਕਲਾਬੀ *ਨਿਪਨ ਮਾਰੂ* 'ਤੇ ਸਵਾਰ ਹੋ ਕੇ ਆ ਰਹੇ ਹਨ, ਸ਼ਾਇਦ ਆਖ਼ਰੀ ਪਲ ਇਸ ਜਹਾਜ਼ ਨੂੰ ਹਿੰਦੁਸਤਾਨ ਵੱਲ ਭੇਜ ਦਿੱਤਾ ਗਿਆ ਕਿਉਂਕਿ ਉਹ ਕਦੇ ਨਹੀਂ ਪਹੁੰਚੇ। ਕਿਸੇ ਵੀ ਪਲ ਹਥਿਆਰਾਂ ਦੀ ਖੇਪ ਦੇ ਪਹੁੰਚ ਜਾਣ ਦੀ ਉਮੀਦ ਸੀ ਅਤੇ ਪਾਂਡੂਰੰਗ ਖ਼ਾਨਖੋਜੇ ਨੇ ਹਥਿਆਰ ਲਾਹੁਣ ਲਈ ਪਹਿਲਾਂ ਹੀ ਗਵਾਡਾਰ ਬੰਦਰਗਾਹ ਦੀ ਚੋਣ ਕਰ ਲਈ ਸੀ। ਪਰ ਸਹਾਇਤਾ ਪਹੁੰਚਣੀ ਮੁਸ਼ਕਲ ਸੀ ਅਤੇ ਉਨ੍ਹਾਂ ਦਾ ਸੰਚਾਰ ਪ੍ਰਬੰਧ ਐਨਾ ਵਿਕਸਤ ਨਹੀਂ ਸੀ। ਵਿਹਾਰਕ ਤੌਰ 'ਤੇ ਉਹ ਹਥਿਆਰ ਅਤੇ ਵਾਲੰਟੀਅਰ ਮਿਲ ਜਾਣ ਦੀ ਉਮੀਦ ਨਾਲ ਬੇਤਹਾਸ਼ਾ ਅੱਗੇ ਵੱਧ ਰਹੇ ਸਨ ਜੋ ਕਦੇ ਵੀ ਨਾ ਮਿਲੇ। ਉਸ ਵਕਤ ਪੰਜ ਹਜ਼ਾਰ ਦੇ ਕਰੀਬ ਇਕ ਨਿੱਕੀ ਜਹੀ ਫ਼ੌਜ ਜਥੇਬੰਦ ਹੋ ਗਈ ਸੀ, ਸ਼ਾਇਦ ਵਾਲੰਟੀਅਰਾਂ ਦੇ ਇਸ ਮੰਦੇਹਾਲ ਦਲ ਨੂੰ "ਫ਼ੌਜ" ਕਹਿਣਾ ਸਹੀ ਲਫ਼ਜ਼ ਨਹੀਂ ਹੋਵੇਗਾ ਜੋ ਈਰਾਨੀ ਕਬਾਇਲੀਆਂ, ਹਿੰਦੁਸਤਾਨੀ ਜੰਗੀ ਕੈਦੀਆਂ, ਈਰਾਨੀ ਜਮਹੂਰੀਅਤਪਸੰਦਾਂ ਅਤੇ ਹਿੰਦੁਸਤਾਨੀ ਇਨਕਲਾਬੀਆਂ ਦਾ ਬਣਿਆ ਹੋਇਆ ਸੀ। ਉਹ ਲੜਦੇ ਹੋਏ ਹਿੰਦੁਸਤਾਨੀ ਬਲੋਚਿਸਤਾਨ ਵੱਲ ਵੱਧਦੇ ਜਾਂਦੇ ਸਨ। ਈਰਾਨ ਵਿਚ ਬਾਮਪੁਰ ਵੱਲ ਜਾਂਦਿਆਂ ਬਾਮ ਨੇੜੇ ਉਨ੍ਹਾਂ ਦਾ ਮੇਲ ਤਾਇਫ਼ੇ ਕਬਾਇਲੀਆਂ ਦੇ ਮੁਖੀ ਜਹਾਨ ਖ਼ਾਨ ਨਾਲ ਹੋ ਗਿਆ ਜੋ ਉਨ੍ਹਾਂ ਦਾ ਭਰੋਸੇਯੋਗ ਇਤਹਾਦੀ ਬਣਿਆ। ਉਹ ਲੜਦੇ ਹੋਏ ਹਿੰਦੁਸਤਾਨੀ ਬਲੋਚਿਸਤਾਨ ਵੱਲ ਵਧਦੇ ਜਾ ਰਹੇ ਸਨ। ਬਲੋਚੀ ਕਬੀਲੇ ਦਲੇਰ ਹਮਲਾਵਰ ਲੋਕ ਸਨ ਜੋ ਉੱਥੋਂ ਹੋ ਕੇ ਲੰਘਦੇ ਕਾਰਵਾਂ 'ਤੇ ਧਾਵੇ ਬੋਲਕੇ ਗੁਜ਼ਾਰਾ ਕਰਦੇ ਸਨ, ਪਰ ਸਾਂਝੇ ਵੈਰੀ ਅੰਗਰੇਜ਼ ਨਾਲ ਮੱਥਾ ਲੱਗਣ 'ਤੇ ਉਹ ਪੂਰੀ ਦ੍ਰਿੜਤਾ ਨਾਲ ਲੜੇ। ਅੰਗਰੇਜ਼ ਫ਼ੌਜ ਦੀ ਕਮਾਨ ਬ੍ਰਿਗੇਡੀਅਰ ਜਨਰਲ ਆਰ.ਈ.ਡਾਇਰ ਕੋਲ ਸੀ ਅਤੇ ਉਸਨੇ ਬਲੋਚਿਸਤਾਨ ਦੀ ਦਿਸ਼ਾ 'ਚ ਆਮ ਲਾਮਬੰਦੀ ਸ਼ੁਰੂ ਕਰ ਦਿੱਤੀ ਸੀ। ਉਹ ਜਿੱਥੋਂ ਦੀ ਲੰਘਦਾ ਤਬਾਹੀ ਅਤੇ ਅਫਰਾ-ਤਫਰੀ ਫੈਲਾਉਂਦਾ ਜਾ ਰਿਹਾ ਸੀ। ਬਾਅਦ ਵਿਚ ਜਲ੍ਹਿਆਂਵਾਲਾ ਬਾਗ਼ ਦੇ ਬਦਨਾਮ ਸਾਕੇ ਨਾਲ ਜੁੜਕੇ ਇਸ ਜਰਨੈਲ ਨੇ ਇਤਿਹਾਸ ਵਿਚ ਉਭਰਨਾ ਸੀ। ਇਥੇ ਉਨ੍ਹਾਂ ਦੀਆਂ ਤਾਕਤਾਂ ਅੱਡ-ਅੱਡ ਹੋ ਗਈਆਂ, ਜਹਾਨ ਖ਼ਾਨ ਅਤੇ ਉਸਦੇ ਸਿਪਾਹੀ ਜਰਨਲ ਡਾਇਰ ਨਾਲ ਲੜਨਗੇ ਅਤੇ ਗ਼ਦਰੀ ਤਾਕਤਾਂ ਜਰਨਲ ਸਾਈਕਸ ਨਾਲ ਟੱਕਰ ਲੈਣਗੀਆਂ।

ਇਹ ਇਲਾਕਾ ਬ੍ਰਿਗੇਡੀਅਰ ਸਰ ਪਰਸੀ ਸਾਈਕਸ ਦੀ ਕਮਾਨ ਹੇਠ ਸੀ, ਜਿਸ ਨੂੰ ਪੂਰਬ ਦੇ ਤੇਲ ਦੇ ਖੂਹਾਂ ਤੇ ਤੇਲ ਕਾਰਖ਼ਾਨਿਆਂ ਦੀ ਸੁਰੱਖਿਆ ਕਰਨ ਅਤੇ ਹਿੰਦੁਸਤਾਨ ਵਿਚ ਜਰਮਨਾਂ ਦੀ ਘੁਸਪੈਠ ਨੂੰ ਰੋਕਣ ਦਾ ਹੁਕਮ ਦਿੱਤਾ ਗਿਆ ਸੀ। ਜਰਮਨਾਂ ਦਾ ਕਬਾਇਲੀ ਮੁਖੀ ਬਹਰਾਮ ਖ਼ਾਨ ਨਾਲ ਗੱਠਜੋੜ ਪ੍ਰੇਸ਼ਾਨੀ ਦਾ ਕਾਰਨ ਸੀ ਜਿਸ ਦੇ ਦਰਵਾਜ਼ੇ ਸਭ ਤੋਂ ਵੱਧ ਪੈਸਾ

ਖ਼ਰਚਣ ਵਾਲਿਆਂ ਲਈ ਖੁੱਲ੍ਹੇ ਸਨ; ਇਕ ਸਖ਼ਤ ਲੜਾਈ ਤੋਂ ਬਾਅਦ ਉਹ ਗ਼ਦਾਰੀ ਕਰ ਗਿਆ। ਉਸਨੇ ਆਪਣੀ ਇਤਹਾਦੀ ਤਾਕਤ ਨਾਲ ਦਗ਼ਾ ਕਰਕੇ ਖ਼ਾਨਖੋਜੇ ਤੇ ਉਸਦੇ ਦਲ ਉਪਰ ਹਮਲਾ ਕਰ ਦਿੱਤਾ ਜਿਨ੍ਹਾਂ ਨੂੰ ਪਿੱਛੇ ਹਟਣਾ ਪਿਆ। ਖ਼ਾਨ ਵਲੋਂ ਉਨ੍ਹਾਂ ਨਾਲ ਗ਼ਦਾਰੀ ਕੀਤੇ ਜਾਣ 'ਤੇ ਬਰਤਾਨਵੀ ਜਰਨੈਲ ਨੇ ਉਨ੍ਹਾਂ ਨੂੰ ਫੜ੍ਹਨ ਦੀ ਠਾਣ ਲਈ। ਬਾਫ਼ਟ ਪਰਬਤ ਨੇੜੇ ਕਿਸੇ ਥਾਂ ਫ਼ੈਸਲਾਕੁਨ ਲੜਾਈ ਹੋਈ, ਬਹੁਤ ਸਾਰੇ ਆਦਮੀ ਲੜਦੇ ਹੋਏ ਮਾਰੇ ਗਏ ਅਤੇ ਕੁਝ ਕੈਦੀ ਬਣਾ ਲਏ ਗਏ। ਮੁਹਿੰਮ ਦੇ ਆਗੂ ਖ਼ਾਨਖੋਜੇ ਨੂੰ ਵੀ ਕੈਦੀ ਬਣਾ ਲਿਆ ਗਿਆ ਅਤੇ ਸਾਈਕਸ ਵਲੋਂ ਪੁੱਛਗਿੱਛ ਕੀਤੇ ਜਾਣ ਤੋਂ ਬਾਅਦ ਉਸ ਨੂੰ ਮਾਰ ਦੇਣ ਲਈ ਲਿਜਾਇਆ ਗਿਆ। ਚੰਗੇ ਭਾਗੀਂ ਕੁਝ ਈਰਾਨੀਆਂ ਦੀ ਮਦਦ ਨਾਲ ਉਹ ਉੱਥੋਂ ਬਚ ਨਿਕਲਿਆ ਜਿਨ੍ਹਾਂ ਨੇ ਉਸ ਨੂੰ ਪਛਾਣ ਲਿਆ ਸੀ। ਹੁਣ ਗ਼ਦਰੀਆਂ ਲਈ ਸਮਝੋ ਇਸ ਜੰਗ ਦਾ ਭੋਗ ਪੈ ਗਿਆ ਸੀ।

ਈਰਾਨ ਵਿਚ ਦਾਦਾਭਾਈ ਕਰਸਾਸਪ ਅਤੇ ਬਸੰਤਾ ਸਿੰਘ ਨੂੰ ਫਾਹੇ ਲਾ ਦਿੱਤਾ ਗਿਆ। ਜੇਲ੍ਹ ਵਿਚ ਕੈਦ ਸੂਫ਼ੀ ਅੰਬਾ ਪ੍ਰਸਾਦ ਨੇ ਖ਼ੁਦਕੁਸ਼ੀ ਕਰ ਲਈ ਅਤੇ ਬਹੁਤ ਸਾਰੇ ਪ੍ਰਤੀਬੱਧ ਇਨਕਲਾਬੀ ਸਰਹੱਦੀ ਟੱਕਰਾਂ ਵਿਚ ਲੜਦਿਆਂ ਮਾਰੇ ਗਏ। • ਹੈਜ਼ਾ, ਫਲੂ ਅਤੇ ਪੇਚਿਸ ਦੇ ਰੋਗ ਦਾ ਸ਼ਿਕਾਰ ਹੋ ਕੇ ਵੀ ਉਨ੍ਹਾਂ ਨੂੰ ਜਾਨਾਂ ਗਵਾਉਣੀਆਂ ਪਈਆਂ। ਬਚਕੇ ਨਿਕਲਣ ਪਿੱਛੋਂ ਖ਼ਾਨਖੋਜੇ ਈਰਾਨ ਵਿਚ ਰਹਿਕੇ ਅੰਗਰੇਜ਼ਾਂ ਨਾਲ ਲੜਦਾ ਰਿਹਾ; ਉਹ ਕਾਸ਼ਕਈ ਕਬੀਲਿਆਂ ਨਾਲ ਮਿਲਕੇ ਲੜਿਆ ਅਤੇ ਆਧੁਨਿਕ ਯੁੱਧਕਲਾ ਸਿੱਖਣ 'ਚ ਉਨ੍ਹਾਂ ਦੀ ਸਹਾਇਤਾ ਕੀਤੀ; ਉਹ ਜੰਗ ਦੇ ਅੰਤ ਤਕ ਈਰਾਨੀ ਜਮਹੂਰੀਅਤਪਸੰਦਾਂ ਨਾਲ ਮਿਲਕੇ ਵੀ ਲੜਦਾ ਰਿਹਾ। ਜਿਵੇਂ ਐਮਿਲੀ ਬਰਾਊਨ ਇਸ ਨੂੰ ਪੇਸ਼ ਕਰਦਾ ਹੈ:

"ਇਕ ਹੋਰ ਇਨਕਲਾਬੀ ਸਕੀਮ ਅਸਫ਼ਲ ਬਣਾ ਦਿੱਤੀ ਗਈ, ਪਰ ਇਹ ਬਲੋਚਿਸਤਾਨ ਦੇ ਮੁਹਾਜ਼ ਉਪਰ ਇਕ ਤਬਾਹੀ ਮਚਾਊ ਮੁਹਿੰਮ ਵਿਚ ਖ਼ਾਨਖੋਜੇ ਦੀ ਫ਼ੌਜੀ ਸਿਖਲਾਈ ਇਸਤੇਮਾਲ

• [ਹਾਲੀਆ ਇਤਿਹਾਸਕ ਖੋਜ ਦੇ ਅਧਾਰ 'ਤੇ ਪ੍ਰੋਫੈਸਰ ਜਗਮੋਹਣ ਸਿੰਘ ਹੋਰਾਂ ਵਲੋਂ ਮੁਹੱਈਆ ਕਰਵਾਈ ਜਾਣਕਾਰੀ ਅਨੁਸਾਰ ਦਸੰਬਰ 1916 ਨੂੰ ਸ਼ਿਰਾਜ਼ ਵਿਚ ਅੰਗਰੇਜ਼ ਫ਼ੌਜਾਂ ਨਾਲ ਘਮਸਾਣ ਦੀ ਲੜਾਈ ਵਿਚ ਗ਼ਦਰੀ ਫ਼ੌਜੀ ਦਸਤੇ ਬਹੁਤ ਬਹਾਦਰੀ ਨਾਲ ਲੜੇ ਪਰ ਹਾਰ ਗਏ ਸਨ। ਗ਼ਦਰੀ ਫ਼ੌਜ ਦੇ ਆਗੂ ਸੂਫ਼ੀ ਅੰਬਾ ਪ੍ਰਸਾਦ ਅਤੇ ਉਨ੍ਹਾਂ ਦੇ ਨਾਲ ਕੇਦਾਰ ਨਾਥ ਸੌਂਧੀ (ਹਰਿਆਣਾ, ਜ਼ਿਲ੍ਹਾ ਹੁਸ਼ਿਆਰਪੁਰ) ਬੰਦੀ ਬਣਾ ਲਏ ਗਏ। 20 ਜਨਵਰੀ 1917 ਨੂੰ ਕੇਦਾਰ ਨਾਥ ਸੌਂਧੀ ਨੂੰ ਫਾਇਰਿੰਗ ਸੁਕਐਡ ਨੇ ਗੋਲੀਆਂ ਮਾਰਕੇ ਸ਼ਹੀਦ ਕਰ ਦਿੱਤਾ। ਅਗਲੇ ਦਿਨ 21 ਜਨਵਰੀ ਨੂੰ ਸੂਫ਼ੀ ਅੰਬਾ ਪ੍ਰਸਾਦ ਦੀ ਵਾਰੀ ਸੀ। ਉਨ੍ਹਾਂ ਨੂੰ ਕੋਠੜੀ ਵਿਚ ਬੰਦ ਕੀਤਾ ਹੋਇਆ ਸੀ ਜਿਥੇ ਉਹ ਅਗਲੇ ਦਿਨ ਮ੍ਰਿਤਕ ਪਾਏ ਗਏ। ਸਰਦਾਰ ਅਜੀਤ ਸਿੰਘ ਉਨ੍ਹਾਂ ਨਾਲ ਮਿਲਕੇ ਲੰਮਾ ਸਮਾਂ ਕੰਮ ਕਰਦੇ ਰਹੇ। ਉਨ੍ਹਾਂ ਦੇ ਦੱਸਣ ਅਨੁਸਾਰ ਸੂਫ਼ੀ ਜੀ ਅਕਸਰ ਹੀ ਕਹਿੰਦੇ ਹੁੰਦੇ ਸਨ ਕਿ ਅੰਗਰੇਜ਼ ਉਸ ਨੂੰ ਮਾਰ ਨਹੀਂ ਸਕਣਗੇ। ਉਨ੍ਹਾਂ ਨੇ ਅੰਤਮ ਸਮੇਂ ਆਪਣਾ ਪ੍ਰਣ ਨਿਭਾਇਆ ਸੀ। ਸ਼ਿਰਾਜ਼ ਵਿਚ ਫੁੱਟਬਾਲ ਮੈਦਾਨ ਨੇੜੇ ਸ਼ੇਖ਼ ਸਾਅਦੀ ਦੇ ਮਕਬਰੇ ਕੋਲ ਉਨ੍ਹਾਂ ਦੀ ਮਜਾਰ ਬਣੀ ਹੋਈ ਹੈ ਜਿਥੇ ਹਰ ਸਾਲ ਜਨਵਰੀ ਵਿਚ ਉਰਸ ਮਨਾਇਆ ਜਾਂਦਾ ਹੈ। – ਅਨੁਵਾਦਕ]

ਕੀਤੇ ਜਾਣ ਤੋਂ ਪਿੱਛੋਂ ਹੀ ਹੋਇਆ। ਜੰਗ ਦੇ ਮੁੱਢਲੇ ਵਰ੍ਹਿਆਂ 'ਚ ਹਿੰਦੁਸਤਾਨ ਅੰਦਰ ਇਨਕਲਾਬ ਦੇ ਵੱਖੋ-ਵੱਖਰੇ ਯਤਨਾਂ ਦੇ ਨਾਕਾਮਯਾਬ ਰਹਿਣ ਦੀ ਕਈ ਤਰ੍ਹਾਂ ਵਿਆਖਿਆ ਹੁੰਦੀ ਹੈ: ਤਾਲਮੇਲ ਦੀ ਘਾਟ; ਪ੍ਰਭਾਵਸ਼ਾਲੀ ਅਗਵਾਈ ਦੀ ਘਾਟ; ਉਚਿਤ ਸੁਰੱਖਿਆ ਉਪਾਵਾਂ ਦੀ ਘਾਟ; ਅਤੇ ਆਦਰਸ਼ਵਾਦ, ਅਤੇ ਉਨ੍ਹਾਂ ਸਾਜ਼ਿਸ਼ਾਂ ਤੇ ਸਕੀਮਾਂ ਵਿਚ ਸ਼ਾਮਲ ਲੋਕਾਂ ਦਾ ਸਾਫ਼ ਅਨਾੜੀਪੁਣਾ। ਅੰਗਰੇਜ਼ਾਂ ਦੀ ਚੌਕਸੀ ਅਤੇ ਸਖ਼ਤ ਜਾਬਰ ਢੰਗਾਂ ਨੇ ਵੀ ਬਾਗ਼ੀ ਕਾਰਵਾਈਆਂ ਨੂੰ ਦਬਾਉਣ ਵਿਚ ਭੂਮਿਕਾ ਨਿਭਾਈ।"[6]

ਮਿਸਾਲ ਵਜੋਂ, ਤਾਰਕਨਾਥ ਦਾਸ ਨੂੰ ਬਰਲਿਨ ਕਮੇਟੀ ਵਲੋਂ ਤੁਰਕੀ ਜਾਣ ਲਈ ਕਿਹਾ ਗਿਆ ਸੀ। ਉਥੇ ਉਹ ਡਾ. ਪਰੂਫਰ ਨੂੰ ਮਿਲਿਆ ਅਤੇ ਅੰਗਰੇਜ਼ ਫ਼ੌਜ ਵਿਚ ਨੌਕਰੀ ਕਰ ਰਹੇ ਹਿੰਦੁਸਤਾਨੀ ਫ਼ੌਜੀਆਂ ਨੂੰ ਗ਼ਦਰ ਦਾ ਸਾਥ ਦੇਣ ਲਈ ਪ੍ਰੇਰਤ ਕਰਨ ਵਾਸਤੇ ਸੁਏਜ਼ ਨਹਿਰ ਲਈ ਰਵਾਨਾ ਹੋ ਗਿਆ। ਹੈਦਰ ਨਾਂ ਹੇਠ ਤਾਰਕਨਾਥ ਦਾਸ ਅਤੇ ਹੋਰ ਹਿੰਦੁਸਤਾਨੀਆਂ ਨੇ ਕੁਝ ਹੋਰ ਹਿੰਦੁਸਤਾਨੀ ਜੰਗੀ ਕੈਦੀਆਂ ਨੂੰ ਨਾਲ ਲੈ ਕੇ ਮਿਸਰੀ ਰਾਸ਼ਟਰਵਾਦੀਆਂ ਅਤੇ ਤੁਰਕੀ ਪੱਖੀ ਅਰਬ ਆਗੂਆਂ ਨਾਲ ਮਿਲਕੇ ਕੰਮ ਕੀਤਾ। ਉਹ ਗ਼ਦਰੀ ਸਿਪਾਹੀਆਂ ਨੂੰ ਹਥਿਆਰ ਅਤੇ ਗੋਲੀਸਿੱਕਾ ਭੇਜਣ ਦੀ ਯੋਜਨਾ ਵਿਚ ਵੀ ਸ਼ਾਮਲ ਸੀ। ਆਖ਼ਿਰਕਾਰ ਜਦੋਂ ਬਰਤਾਨੀਆ ਨੇ ਮਿਸਰ 'ਤੇ ਕਬਜ਼ਾ ਕਰ ਲਿਆ ਇਹ ਸਰਗਰਮੀਆਂ ਬੰਦ ਕਰਨੀਆਂ ਪਈਆਂ, ਅਤੇ ਤਾਰਕਨਾਥ ਦਾਸ ਆਪਣੀ ਸਰਗਰਮੀ ਜਪਾਨ ਤੇ ਚੀਨ ਵਿਚ ਲੈ ਲਿਆ। 1916 'ਚ ਉਹ ਅਮਰੀਕਾ ਮੁੜ ਆਇਆ। ਕਿਉਂਕਿ ਤਾਰਕਨਾਥ ਦਾਸ 1914 ਤੋਂ ਅਮਰੀਕੀ ਨਾਗਰਿਕ ਸੀ, ਅਮਰੀਕੀ ਵਾਪਸ ਜਾਣ 'ਤੇ ਉਸਨੂੰ ਉਸਦੀਆਂ ਸਰਗਰਮੀਆਂ ਲਈ ਬਾਈ ਮਹੀਨੇ ਕੈਦ ਰੱਖਿਆ ਗਿਆ।[7]

ਫਿਰ ਵੀ, ਸਿੰਗਾਪੁਰ 'ਚ ਰੱਖੇ ਹਿੰਦੁਸਤਾਨੀ ਫ਼ੌਜੀਆਂ ਨੇ 1915 'ਚ ਗ਼ਦਰ ਦੇ ਮੁਕਤੀ ਦੇ ਸੱਦੇ ਨੂੰ ਹੁੰਗਾਰਾ ਭਰਿਆ ਸੀ ਅਤੇ ਆਪਣੇ ਅੰਗਰੇਜ਼ ਮਾਲਕਾਂ ਵਿਰੁੱਧ ਬਗ਼ਾਵਤ ਕਰ ਦਿੱਤੀ ਸੀ। 15 ਫਰਵਰੀ[8] ਨੂੰ, ਸਿੰਗਾਪੁਰ ਵਿਚ ਮੌਜੂਦ 5ਵਾਂ ਲਾਈਟ ਰਿਸਾਲਾ ਉਨ੍ਹਾਂ ਕੁਝ ਫ਼ੌਜੀ ਟੁਕੜੀਆਂ ਵਿੱਚੋਂ ਸੀ ਜਿਨ੍ਹਾਂ ਨੇ ਬਗ਼ਾਵਤ ਕੀਤੀ। ਰੈਜੀਮੈਂਟ ਨੇ ਸਾਢੇ ਅੱਠ ਸੌ ਵਿੱਚੋਂ ਅੱਧੇ ਫ਼ੌਜੀਆਂ ਨੇ ਮਲਾਏ ਸਟੇਟਸ ਗਾਈਡਜ਼ ਦੇ ਸੌ ਕੁ ਬੰਦਿਆਂ ਦੇ ਨਾਲ 15 ਤਰੀਕ ਦੀ ਦੁਪਹਿਰ ਨੂੰ ਬਗ਼ਾਵਤ ਕਰ ਦਿੱਤੀ। ਇਹ ਬਗ਼ਾਵਤ ਲਗਭਗ ਹਫ਼ਤੇ ਤਕ ਜਾਰੀ ਰਹੀ ਅਤੇ ਇਸ ਦੇ ਸਿੱਟੇ ਵਜੋਂ ਸੰਤਾਲੀ ਅੰਗਰੇਜ਼ ਫ਼ੌਜੀ ਅਤੇ ਸਥਾਨਕ ਨਾਗਰਿਕ ਮਾਰੇ ਗ਼ਏ। ਬਾਗ਼ੀ ਫ਼ੌਜੀਆਂ ਨੇ ਐੱਸ.ਐੱਮ.ਐੱਸ. *ਐੱਮਡਨ* ਦੇ ਕੈਦ ਮਲਾਹਾਂ ਨੂੰ ਵੀ ਮੁਕਤ ਕਰ ਦਿੱਤਾ। ਫਰਾਂਸੀਸੀ, ਰੂਸੀ ਅਤੇ ਜਪਾਨੀ ਸਮੁੰਦਰੀ ਜਹਾਜ਼ਾਂ ਦੇ ਫ਼ੌਜੀ ਕੁਮਕ ਲੈਕੇ ਪਹੁੰਚਣ ਤੋਂ ਬਾਅਦ ਹੀ ਬਗ਼ਾਵਤ ਦਬਾਈ ਜਾ ਸਕੀ।[9] ਸਿੰਗਾਪੁਰ ਵਿਚ ਜਿਨ੍ਹਾਂ ਦੋ ਸੌ ਬਾਗ਼ੀਆਂ ਉਪਰ ਮੁਕੱਦਮਾ ਚੱਲਿਆ ਉਨ੍ਹਾਂ ਵਿੱਚੋਂ 47 ਨੂੰ ਸ਼ਰੇਆਮ ਗੋਲੀਆਂ ਨਾਲ ਉਡਾ ਦਿੱਤਾ ਗਿਆ। ਬਾਕੀਆਂ 'ਚੋਂ ਜ਼ਿਆਦਾਤਰ ਨੂੰ ਪੂਰੀ ਉਮਰ ਲਈ ਜਲਾਵਤਨ ਕਰ ਦਿੱਤਾ ਗਿਆ ਜਾਂ ਸੱਤ ਤੋਂ ਲੈ ਕੇ ਵੀਹ ਸਾਲਾਂ ਤਕ ਕੈਦ ਦੀ ਸਜ਼ਾ ਦਿੱਤੀ ਗਈ।[10]

ਹਿਊ ਸਟਰੈਚਨ ਸਮੇਤ ਕੁਝ ਇਤਿਹਾਸਕਾਰ ਦਲੀਲ ਦਿੰਦੇ ਹਨ ਕਿ ਭਾਵੇਂ ਸਿੰਗਾਪੁਰ ਇਕਾਈ ਅੰਦਰ ਗ਼ਦਰ ਦੇ ਏਜੰਟ ਕੰਮ ਕਰਦੇ ਸਨ, ਇਹ ਅੱਡ ਫ਼ੌਜੀ ਬਗ਼ਾਵਤ ਸੀ ਅਤੇ ਸਾਜ਼ਿਸ਼ ਨਾਲ ਜੁੜੀ ਹੋਈ ਨਹੀਂ ਸੀ। ਬਾਕੀ ਦੇ ਇਸ ਨੂੰ ਰੇਸ਼ਮੀ ਰੁਮਾਲ ਤਹਿਰੀਕ ਵਲੋਂ ਉਕਸਾਈ ਬਗ਼ਾਵਤ ਮੰਨਦੇ ਹਨ ਜੋ ਗ਼ਦਰੀ ਸਾਜ਼ਿਸ਼ ਨਾਲ ਪੇਚੀਦਾ ਰੂਪ 'ਚ ਜੁੜੀ ਹੋਈ ਸੀ।[11] ਜਦਕਿ ਟੀ.ਆਰ.ਸਰੀਨ ਅਨੁਸਾਰ, "....ਸਿੰਗਾਪੁਰ ਵਿਖੇ ਲਾਈਟ ਰਿਸਾਲੇ ਦੀ ਬਗ਼ਾਵਤ ਅਮਰੀਕੀ ਗ਼ਦਰ ਪਾਰਟੀ ਨਾਲ ਸਬੰਧਤ ਮੁਸਲਿਮ ਤੇ ਹਿੰਦੂ ਸਾਜ਼ਿਸ਼ੀਆਂ ਦੇ ਇਨਕਲਾਬੀ ਪ੍ਰਚਾਰ ਕਾਰਨ ਹੋਈ ਸੀ।"[12]

ਹੇੜੰਬਾਲਾਲ ਗੁਪਤਾ ਨੂੰ ਗ਼ਦਰ ਦੀਆਂ ਸਾਨ ਫਰਾਂਸਿਸਕੋ ਦੀਆਂ ਸਰਗਰਮੀਆਂ ਅਤੇ ਜਰਮਨੀ ਦੀ ਬਰਲਿਨ ਕਮੇਟੀ ਦੀਆਂ ਸਰਗਰਮੀਆਂ ਦਾ ਤਾਲਮੇਲ ਬਣਾਉਣ ਲਈ ਅਮਰੀਕਾ ਭੇਜਿਆ ਗਿਆ ਸੀ। ਗੁਪਤਾ ਦੀ ਰਾਇ ਸੀ ਕਿ ਇਨਕਲਾਬੀ ਕਾਰਵਾਈ ਬੰਗਾਲ ਤੋਂ ਵਿੱਢੀ ਜਾਣੀ ਚਾਹੀਦੀ ਹੈ। 1915 'ਚ ਉਹ ਜਰਮਨ ਫ਼ੌਜੀ ਰਾਜਦੂਤ ਨੂੰ ਮਿਲਿਆ ਜਿਸ ਨਾਲ ਉਸਨੇ ਗ਼ਦਰ ਪਾਰਟੀ ਨੂੰ ਹਥਿਆਰਬੰਦ ਕਰਨ ਅਤੇ ਹਿੰਦੁਸਤਾਨ ਵਿਚ ਗ਼ਦਰੀਆਂ ਨੂੰ ਮਹਿਫੂਜ਼ ਅਗਵਾਈ ਮੁਹੱਈਆ ਕਰਨ ਦੀਆਂ ਯੋਜਨਾਵਾਂ ਦੀ ਚਰਚਾ ਕੀਤੀ। ਗੁਪਤਾ ਨੇ ਰਾਮ ਚੰਦਰ ਨਾਲ ਮਿਲਕੇ ਗੋਲੀਸਿੱਕਾ ਹਾਸਲ ਕਰਨ ਲਈ ਵੀ ਕੰਮ ਕੀਤਾ। ਜੰਗ ਤੋਂ ਬਾਅਦ ਹੇੜੰਬਾਲਾਲ ਗੁਪਤਾ ਮੈਕਸੀਕੋ ਵਿਚ ਟਿਕ ਗਿਆ, ਜਿਥੇ 1948 'ਚ ਦਿਲ ਦਾ ਦੌਰਾ ਪੈਣ ਨਾਲ ਉਸਦੀ ਮੌਤ ਹੋ ਗਈ।

ਸਾਨ ਫਰਾਂਸਿਸਕੋ ਵਿਚ ਗ਼ਦਰ ਲਹਿਰ ਗ਼ਦਰ ਪਾਰਟੀ ਦੇ ਮੈਂਬਰਾਂ ਦੀਆਂ ਗ੍ਰਿਫ਼ਤਾਰੀਆਂ ਅਤੇ ਉਨ੍ਹਾਂ ਉਪਰ ਮੁਕੱਦਮਿਆਂ ਨਾਲ ਖ਼ਤਮ ਹੋ ਗਈ। ਅਪ੍ਰੈਲ 1917 'ਚ ਅਮਰੀਕਾ ਦੇ ਜੰਗ ਵਿਚ ਸ਼ਾਮਲ ਹੋ ਜਾਣ ਨਾਲ ਅਮਰੀਕੀ ਖੁਫ਼ੀਆ ਏਜੰਸੀਆਂ ਵਲੋਂ ਗ਼ਦਰ ਲਹਿਰ 'ਤੇ ਨਜ਼ਰ ਰੱਖੀ ਜਾਣ ਲੱਗੀ। ਹੁਣ ਅਮਰੀਕਾ ਜੰਗ ਲੜ ਰਿਹਾ ਹੋਣ ਕਾਰਨ ਉਨ੍ਹਾਂ ਨੂੰ ਹੁਣ ਆਪਣੀ ਹੀ ਸਰਜ਼ਮੀਨ ਉਪਰ ਸਾਜ਼ਿਸ਼ ਦੀ ਇਜਾਜ਼ਤ ਨਹੀਂ ਸੀ ਮਿਲ ਸਕਦੀ। ਟੀ.ਆਰ. ਸਰੀਨ ਲਿਖਦਾ ਹੈ: "ਛੇਤੀ ਬਾਅਦ ਮਈ 1917 'ਚ ਰਾਮ ਚੰਦਰ ਅਤੇ ਸੱਤ ਹੋਰ ਹਿੰਦੁਸਤਾਨੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਫੈਡਰਲ ਗਰੈਂਡ ਜਿਊਰੀ ਵਲੋਂ ਬਰਤਾਨੀਆ ਦੇ ਵਿਰੁੱਧ ਫ਼ੌਜੀ ਸਾਜ਼ਿਸ਼ ਰਚਣ ਦੇ ਇਲਜ਼ਾਮ 'ਚ ਦੋਸ਼ੀ ਕਰਾਰ ਦਿੱਤਾ ਗਿਆ।"[13]

ਆਜ਼ਾਦੀ ਦੀ ਲਹਿਰ ਅੰਦਰ ਇਕ ਪ੍ਰਭਾਵਸ਼ਾਲੀ ਸਾਧਨ ਵਜੋਂ, ਗ਼ਦਰ ਪਾਰਟੀ ਦੀ ਹੋਂਦ ਨਾ ਰਹੀ। ਅਦਾਲਤ ਅੰਦਰ ਰਾਮਚੰਦਰ ਦੇ ਕਤਲ ਅਤੇ ਚੋਰੀ ਤੇ ਗ਼ਦਾਰੀ ਦੇ ਘਟੀਆ ਇਲਜ਼ਾਮ ਲੱਗ ਜਾਣ ਨਾਲ ਇਹ ਖ਼ਤਮ ਹੋ ਗਈ। ਜਿਸ ਦਾ ਆਗਾਜ਼ ਇਕ ਸ਼ਾਨਦਾਰ ਖ਼ਿਆਲ ਵਜੋਂ ਹੋਇਆ ਸੀ ਉਹ ਤੁੱਛ ਮਨੁੱਖੀ ਲੋਭ ਦੀ ਦਲਦਲ ਵਿਚ ਖ਼ਤਮ ਹੋ ਗਿਆ। 1947 'ਚ ਇਸਦੀ ਜਾਇਦਾਦ ਹਿੰਦੁਸਤਾਨ ਹਕੂਮਤ ਦੇ ਹਵਾਲੇ ਕਰ ਦਿੱਤੇ ਜਾਣ ਤਕ ਭਾਵੇਂ ਤੱਤ ਵਿਚ ਨਾ ਸਹੀ ਪਰ ਢਾਂਚੇ ਦੇ ਪੱਖੋਂ ਪਾਰਟੀ ਦੀ ਹੋਂਦ ਬਣੀ ਰਹੀ।

ਹਿੰਦੁਸਤਾਨ ਵਿਚ ਹਥਿਆਰਬੰਦ ਬਗ਼ਾਵਤ

1914 ਦੇ ਅਖ਼ੀਰ 'ਚ, ਵੱਡੀ ਤਾਦਾਦ 'ਚ ਗ਼ਦਰੀ ਹਿੰਦੁਸਤਾਨ ਵਾਪਸ ਮੁੜ ਆਏ ਸਨ, ਇਕੱਲੇ ਪੰਜਾਬ ਸੂਬੇ ਵਿਚ ਹੀ ਉਨ੍ਹਾਂ ਦੀ ਗਿਣਤੀ 8000 ਦੇ ਕਰੀਬ ਸੀ।[14] ਭਾਵੇਂ ਕੁਝ ਕੁ ਪੁਲਿਸ ਨੇ ਸ਼ੱਕ ਦੇ ਅਧਾਰ 'ਤੇ ਗ੍ਰਿਫ਼ਤਾਰ ਕਰ ਲਏ, ਬਹੁਤ ਸਾਰੇ ਪੁਲਿਸ ਦੀ ਨਜ਼ਰ ਤੋਂ ਬਚੇ ਰਹੇ ਅਤੇ ਉਨ੍ਹਾਂ ਨੇ ਲਾਹੌਰ, ਫ਼ਿਰੋਜ਼ਪੁਰ ਅਤੇ ਰਾਵਲਪਿੰਡੀ ਵਰਗੇ ਵੱਡੇ ਸ਼ਹਿਰਾਂ ਵਿਚ ਫ਼ੌਜੀ ਛਾਉਣੀਆਂ ਨਾਲ ਸੰਪਰਕ ਕਰਨੇ ਸ਼ੁਰੂ ਕਰ ਦਿੱਤੇ। ਲਾਹੌਰ ਨੇੜੇ ਮੀਆਂਮੀਰ ਦੇ ਅਸਲ੍ਹਾਖ਼ਾਨੇ ਉਪਰ ਹਮਲਾ ਕਰਨ ਅਤੇ 15 ਨਵੰਬਰ 1914 ਨੂੰ ਆਮ ਗ਼ਦਰ ਸ਼ੁਰੂ ਕਰਨ ਦੀਆਂ ਵੱਖੋ-ਵੱਖਰੀਆਂ ਯੋਜਨਾਵਾਂ ਬਣਾਈਆਂ ਗਈਆਂ ਸਨ। ਇਕ ਹੋਰ ਯੋਜਨਾ ਤਹਿਤ, ਸਿੱਖ ਫ਼ੌਜੀਆਂ ਦੀ ਇਕ ਟੋਲੀ, *ਮਾਝਾ ਜਥਾ*, ਨੇ 26 ਨਵੰਬਰ ਨੂੰ ਲਾਹੌਰ ਛਾਉਣੀ ਵਿਖੇ 23ਵੇਂ ਰਸਾਲੇ ਵਿਚ ਗ਼ਦਰ ਕਰਨ ਦੀ ਯੋਜਨਾ ਬਣਾਈ। ਇਕ ਅਗਲੀ ਯੋਜਨਾ ਤਹਿਤ ਨਿਧਾਨ ਸਿੰਘ ਦੀ ਅਗਵਾਈ ਵਿਚ ਫ਼ਿਰੋਜ਼ਪੁਰ ਤੋਂ 30 ਨਵੰਬਰ ਨੂੰ ਫ਼ੌਜੀ ਗ਼ਦਰ ਕਰਨ ਲਈ ਕਿਹਾ ਗਿਆ।[15] ਬੰਗਾਲ ਵਿਚ, ਯੁਗਾਂਤਰ ਨੇ, ਜਤਿਨ ਮੁਖਰਜੀ ਜ਼ਰੀਏ ਕਲਕੱਤਾ ਵਿਚ ਫੋਰਟ ਵਿਲੀਅਮ ਵਿਖੇ ਤਾਇਨਾਤ ਫ਼ੌਜੀ ਟੁਕੜੀ ਨਾਲ ਸੰਪਰਕ ਬਣਾਏ।[16] ਅਗਸਤ 1914 'ਚ, ਮੁਖਰਜੀ ਦੇ ਧੜੇ ਨੇ ਹਿੰਦੁਸਤਾਨ ਦੀ ਵੱਡੀ ਹਥਿਆਰ ਨਿਰਮਾਤਾ ਫਰਮ ਰੌਡਾ ਕੰਪਨੀ ਤੋਂ ਬੰਦੂਕਾਂ ਅਤੇ ਗੋਲੀਸਿੱਕੇ ਦੀ ਵੱਡੀ ਖੇਪ ਹਥਿਆ ਲਈ ਸੀ। ਦਸੰਬਰ ਵਿਚ, ਸਿਆਸੀ ਮਨੋਰਥ ਤਹਿਤ ਧਨ ਹਾਸਲ ਕਰਨ ਲਈ ਕਲਕੱਤਾ ਵਿਚ ਬਹੁਤ ਸਾਰੇ ਹਥਿਆਰਬੰਦ ਡਾਕੇ ਮਾਰੇ ਗਏ।

ਗ਼ਦਰ ਸਾਜ਼ਿਸ਼ ਦੇ ਹਿੱਸੇ ਵਜੋਂ, ਹਿੰਦੁਸਤਾਨੀ ਇਨਕਲਾਬੀ ਲਹਿਰ ਨਾਲ ਪੱਕੇ ਸੰਪਰਕ ਬਣਾਉਣ ਲਈ ਸੱਤਿਅਨ ਭੂਸ਼ਨ ਸੇਨ, ਕਰਤਾਰ ਸਿੰਘ ਸਰਾਭਾ, ਵਿਸ਼ਣੂ ਗਣੇਸ਼ ਪਿੰਗਲੇ, ਸੰਤੋਖ ਸਿੰਘ, ਭਾਈ ਭਗਵਾਨ ਸਿੰਘ ਅਤੇ ਸਿੱਖ ਜੁਝਾਰੂਆਂ ਦਾ ਇਕ ਜੱਥਾ ਅਕਤੂਬਰ 1914 ਦੇ ਦੂਜੇ ਅੱਧ ਵਿਚ ਐੱਸ.ਐੱਸ. *ਸਲਾਮਿਨ* ਸਮੁੰਦਰੀ ਜਹਾਜ਼ ਰਾਹੀਂ ਅਮਰੀਕਾ ਤੋਂ ਤੁਰਿਆ। ਸੱਤਿਅਨ ਅਤੇ ਪਿੰਗਲੇ ਭਵਿੱਖੀ ਯੋਜਨਾਵਾਂ ਬਣਾਉਣ ਲਈ ਗ਼ਦਰੀ ਆਗੂਆਂ (ਮੁੱਖ ਤੌਰ 'ਤੇ ਟਹਿਲ ਸਿੰਘ) ਨੂੰ ਮਿਲਣ ਖ਼ਾਤਰ ਕੁਝ ਦਿਨ ਚੀਨ ਵਿਚ ਠਹਿਰੇ। ਉਹ ਸਹਿਯੋਗ ਲੈਣ ਲਈ ਡਾ. ਸੁਨ ਯਤ-ਸੇਨ ਨੂੰ ਮਿਲੇ। ਸੱਤਿਅਨ ਅਤੇ ਉਸ ਦੇ ਜੱਥੇ ਦੇ ਹਿੰਦੁਸਤਾਨ ਲਈ ਰਵਾਨਾ ਹੋਣ 'ਤੇ, ਟਹਿਲ ਸਿੰਘ ਨੇ ਆਤਮਾਰਾਮ ਕਪੂਰ, ਸੰਤੋਖ ਸਿੰਘ ਅਤੇ ਸ਼ਿਵ ਦਿਆਲ ਕਪੂਰ ਨੂੰ ਲੋੜੀਂਦੇ ਇੰਤਜ਼ਾਮ ਕਰਨ ਲਈ ਬੈਂਕਾਕ ਭੇਜਿਆ।[17]

ਨਵੰਬਰ 1914 'ਚ ਪਿੰਗਲੇ, ਕਰਤਾਰ ਸਿੰਘ ਸਰਾਭਾ ਅਤੇ ਸੱਤਿਅਨ ਸੇਨ ਕਲਕੱਤਾ ਪਹੁੰਚੇ। ਸੱਤਿਅਨ ਨੇ ਪਿੰਗਲੇ ਅਤੇ ਕਰਤਾਰ ਸਿੰਘ ਦਾ ਤੁਆਰਫ਼ ਜਤਿਨ ਮੁਖਰਜੀ ਨਾਲ ਕਰਾਇਆ। ਜਤਿਨ ਨੇ ਦਸੰਬਰ ਦੇ ਤੀਜੇ ਹਫ਼ਤੇ ਜ਼ਰੂਰੀ ਜਾਣਕਾਰੀ ਦੇ ਕੇ ਉਨ੍ਹਾਂ ਨੂੰ ਬਨਾਰਸ ਵਿਚ ਰਾਸ ਬਿਹਾਰੀ ਬੋਸ ਕੋਲ ਭੇਜਿਆ।[18] 1900 ਤੋਂ ਹੀ ਬਨਾਰਸ ਹਿੰਦੁਸਤਾਨੀ ਇਨਕਲਾਬੀਆਂ ਲਈ ਬਗ਼ਾਵਤ ਦੇ ਕੇਂਦਰ ਦਾ ਕੰਮ ਕਰ ਰਿਹਾ ਸੀ। ਅਕਤੂਬਰ 1914 ਅਤੇ ਸਤੰਬਰ 1915

ਦਰਮਿਆਨ ਉਥੇ ਵੱਡੀ ਤਾਦਾਦ 'ਚ ਹਿੰਸਕ ਵਾਰਦਾਤਾਂ ਨੂੰ ਅੰਜਾਮ ਦਿੱਤਾ ਗਿਆ।

ਗ਼ਦਰੀਆਂ ਨੇ ਹਿੰਦੁਸਤਾਨ ਦੇ ਹੋਰ ਖੁਫ਼ੀਆ ਇਨਕਲਾਬੀਆਂ ਨਾਲ ਫਟਾਫਟ ਸੰਪਰਕ ਬਣਾ ਲਏ, ਖ਼ਾਸ ਕਰਕੇ ਉਨ੍ਹਾਂ ਨਾਲ ਜੋ ਬੰਗਾਲ ਵਿਚ ਸਨ। ਰਾਸ ਬਿਹਾਰੀ ਬੋਸ ਤੇ ਜਤਿਨ ਮੁਖਰਜੀ ਅਤੇ ਗ਼ਦਰੀਆਂ ਨੇ ਇਕ ਤਾਲਮੇਲ ਤਹਿਤ ਆਮ ਬਗ਼ਾਵਤ ਦੀਆਂ ਮਜ਼ਬੂਤੀ ਨਾਲ ਯੋਜਨਾਵਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ।

ਓਦੋਂ ਤਕ ਜੋ ਬਾਗ਼ੀ ਕਾਰਵਾਈਆਂ ਅੱਡ-ਅੱਡ ਧੜਿਆਂ ਵਲੋਂ ਵੱਖੋ-ਵੱਖਰੇ ਤੌਰ 'ਤੇ ਜਥੇਬੰਦ ਕੀਤੀਆਂ ਜਾਂਦੀਆਂ ਸਨ, ਉਨ੍ਹਾਂ ਨੂੰ ਉਤਰੀ ਹਿੰਦੁਸਤਾਨ ਵਿਚ ਰਾਸ ਬਿਹਾਰੀ ਬੋਸ, ਮਹਾਰਾਸ਼ਟਰ ਵਿਚ ਵਿਸ਼ਣੂ ਗਣੇਸ਼ ਪਿੰਗਲੇ ਅਤੇ ਸਚਿੰਦਰਨਾਥ ਸਾਨਿਆਲ ਦੀ ਲੀਡਰਸ਼ਿਪ ਤਹਿਤ ਇਕ ਸਾਂਝੀ ਛੱਤਰੀ ਹੇਠ ਲਿਆਂਦਾ ਗਿਆ। 21 ਫਰਵਰੀ 1915 ਦਾ ਦਿਨ ਤੈਅ ਕਰਕੇ ਇਕ ਸਾਂਝੇ ਆਮ ਗ਼ਦਰ ਦੀ ਯੋਜਨਾ ਬਣਾਈ ਗਈ।[19] ਰਾਸ ਬਿਹਾਰੀ ਬੋਸ, ਸਚਿੰਦਰਨਾਥ ਸਾਨਿਆਲ ਅਤੇ ਕਰਤਾਰ ਸਿੰਘ ਦੇ ਨਾਲ ਪਿੰਗਲੇ ਵੀ ਉਸ ਗ਼ਦਰ ਦੇ ਮੁੱਖ ਤਾਲਮੇਲਕਰਤਾਵਾਂ ਵਿੱਚੋਂ ਇਕ ਬਣਿਆ ਜੋ ਫਰਵਰੀ 1915 ਨੂੰ ਕੀਤਾ ਜਾਣਾ ਸੀ। ਰਾਸ ਬਿਹਾਰੀ ਬੋਸ ਦੀ ਅਗਵਾਈ ਹੇਠ, ਦਸੰਬਰ 1914 ਤੋਂ ਲੈ ਕੇ ਉਸ ਨੇ ਇਨਕਲਾਬ ਲਈ ਜ਼ਬਰਦਸਤ ਪ੍ਰਚਾਰ ਕੀਤਾ, ਕਦੇ ਇਕ ਬੰਗਾਲੀ ਸ਼ਿਆਮਲਾਲ ਦਾ ਭੇਸ ਵਟਾਕੇ ਅਤੇ ਕਦੇ ਪੰਜਾਬੀ ਗਣਪਤ ਸਿੰਘ ਬਣਕੇ।[20]

ਇਕ ਮੀਟਿੰਗ ਵਿਚ ਇਨਕਲਾਬ ਦਾ ਹੋਕਾ ਦਿੱਤਾ ਗਿਆ: ਸਰਕਾਰੀ ਖ਼ਜ਼ਾਨੇ ਲੁੱਟਣ, ਹਿੰਦੁਸਤਾਨੀ ਫ਼ੌਜੀਆਂ ਨੂੰ ਗ਼ਦਰ ਲਈ ਉਕਸਾਉਣ, ਹਥਿਆਰ ਜਮ੍ਹਾਂ ਕਰਨ, ਬੰਬ ਬਣਾਉਣ ਅਤੇ ਡਾਕੇ ਮਾਰਨ ਲਈ ਕਿਹਾ ਗਿਆ।

ਰਾਸ ਬਿਹਾਰੀ ਨੇ ਗ਼ਦਰ ਲਈ ਪਿੰਡਾਂ ਦੇ ਲੋਕਾਂ ਦੀਆਂ ਟੋਲੀਆਂ ਬਣਾਉਣ ਦੀ ਵਿਉਂਤ ਬਣਾਈ। ਇੱਕੋ ਵਕਤ ਲਾਹੌਰ, ਫ਼ਿਰੋਜ਼ਪੁਰ ਅਤੇ ਰਾਵਲਪਿੰਡੀ ਵਿਖੇ ਗ਼ਦਰ ਕਰਨ ਦੀ ਯੋਜਨਾ ਬਣਾਈ ਗਈ ਸੀ। ਇਸ ਤੋਂ ਮਗਰੋਂ ਢਾਕਾ, ਬਨਾਰਸ, ਜਬਲਪੁਰ ਵਿਚ ਗ਼ਦਰ ਕੀਤਾ ਜਾਣਾ ਸੀ। ਹੁਣ ਇਨਕਲਾਬੀ ਲੋਕਾਂ ਨਾਲ ਗੱਲਬਾਤ ਕਰਨ ਤੇ ਉਨ੍ਹਾਂ ਵਿਚ ਭਾਸ਼ਣ ਦੇਣ ਅਤੇ ਉਨ੍ਹਾਂ ਨੂੰ ਇਨਕਲਾਬ ਵਿਚ ਸ਼ਾਮਲ ਹੋਣ ਦਾ ਹੋਕਾ ਦੇਣ ਦੀ ਮੁਹਿੰਮ 'ਤੇ ਨਿਕਲ ਤੁਰੇ। ਹਰਨਾਮ ਸਿੰਘ "ਟੁੰਡੀਲਾਟ" ਨੇ ਖੁੱਲ੍ਹੇਆਮ ਪੂਰਾ ਪੰਜਾਬ ਗਾਹ ਮਾਰਿਆ। ਨਾਬਰ ਅਤੇ ਬਹੁਤ ਹੀ ਵਚਨਬੱਧ ਨੌਜਵਾਨ ਕਰਤਾਰ ਸਿੰਘ ਸਰਾਭਾ ਨੇ ਕਈ ਕਈ ਮੀਲ ਸਾਈਕਲ ਚਲਾਕੇ ਪੰਜਾਬੀ ਅਵਾਮ ਨੂੰ ਵੱਡੇ ਪੱਧਰ 'ਤੇ ਗ਼ਦਰ ਲਈ ਉਭਾਰਿਆ। ਜਦੋਂ ਹਥਿਆਰਾਂ ਦੀ ਖੇਪ ਨਾ ਪਹੁੰਚੀ ਤਾਂ ਇਨਕਲਾਬੀਆਂ ਨੇ ਲੋੜੀਂਦੇ ਹਥਿਆਰ ਹਾਸਲ ਕਰਨ ਲਈ ਅਸਲ੍ਹਾਖ਼ਾਨਿਆਂ 'ਤੇ ਹਮਲੇ ਕਰਕੇ ਹਥਿਆਰ ਲੁੱਟਣ ਦਾ ਰਸਤਾ ਅਖ਼ਤਿਆਰ ਕੀਤਾ। ਰਾਸ ਬਿਹਾਰੀ ਬੋਸ ਨੇ ਅਤਿ ਲੋੜੀਂਦੀ ਅਗਵਾਈ ਅਤੇ ਤਾਲਮੇਲ ਦੀ ਭੂਮਿਕਾ ਨਿਭਾਈ ਪਰ ਕਰਤਾਰ ਸਿੰਘ ਸਰਾਭਾ ਦੀ ਬਹਾਦਰੀ ਅਤੇ ਦਲੇਰੀ ਦੀ ਭੂਮਿਕਾ ਬਹੁਤ ਸਿਰਕੱਢ ਸੀ ਜੋ ਉਨ੍ਹਾਂ ਲਈ ਪ੍ਰੇਰਨਾ ਬਣੀ। ਪੰਜਾਬ ਵਿਚ ਵਿਸ਼ਣੂ ਗਣੇਸ਼ ਪਿੰਗਲੇ ਵੀ ਕਰਤਾਰ ਸਿੰਘ ਸਰਾਭਾ ਨਾਲ ਬਹੁਤ ਸਰਗਰਮ ਰਹੇ।

ਯੋਜਨਾ ਵਿਚ ਰੱਦੋਬਦਲ

ਜਨਵਰੀ 1915 ਦੇ ਮੁੱਢ 'ਚ ਕੀਤੀ ਗਈ ਇਕ ਬਹੁਤ ਹੀ ਅਹਿਮ ਮੀਟਿੰਗ ਵਿਚ, ਰਾਸ ਬਿਹਾਰੀ ਬੋਸ ਨੇ ਇਹ ਹੋਕਾ ਦਿੰਦੇ ਹੋਏ ਬਗ਼ਾਵਤ ਦਾ ਐਲਾਨ ਕਰ ਦਿੱਤਾ: "ਆਪਣੇ ਵਤਨ ਲਈ ਸਿਰ-ਧੜ ਦੀ ਬਾਜੀ ਲਾ ਦਿਓ।" ਉਸ ਨੇ ਅਮਲ ਲਈ ਤੱਤਪਰ ਗ਼ਦਰੀ ਜੁਝਾਰੂਆਂ ਦੀ ਬੇਸਬਰੀ ਦੇਖਕੇ ਯੋਜਨਾ ਬਦਲ ਦਿੱਤੀ। ਭਾਵੇਂ ਹਵਾਲਦਾਰ ਮੁਣਸ਼ਾ ਸਿੰਘ ਦੀ ਮਾਰਫ਼ਤ ਫੋਰਟ ਵਿਲੀਅਮ 'ਚ ਤਾਇਨਾਤ 16ਵੀਂ ਰਾਜਪੂਤ ਰਾਈਫ਼ਲਜ਼ ਤਕ ਕਾਮਯਾਬੀ ਨਾਲ ਪਹੁੰਚ ਕਰ ਲਈ ਗਈ ਸੀ, ਜਤਿਨ ਮੁਖਰਜੀ ਚਾਹੁੰਦਾ ਸੀ ਕਿ ਜਰਮਨ ਹਥਿਆਰਾਂ ਦੇ ਆਉਣ ਦੇ ਵਕਤ ਨਾਲ ਸੁਮੇਲਦੇ ਹੋਏ ਹਥਿਆਰਬੰਦ ਗ਼ਦਰ ਲਈ ਦੋ ਮਹੀਨੇ ਦੀ ਹੋਰ ਮੁਹਲਤ ਲਈ ਜਾਵੇ। ਬਦਲੀ ਹੋਈ ਯੋਜਨਾ ਨੂੰ ਅਮਲ ਵਿਚ ਲਿਆਉਣ ਲਈ ਰਾਸ ਬਿਹਾਰੀ ਅਤੇ ਪਿੰਗਲੇ ਲਾਹੌਰ ਗਏ। ਸਚਿੰਦਰ ਨੇ ਬਨਾਰਸ ਵਾਲੀ 7ਵੀਂ ਰਾਜਪੂਤ ਅਤੇ ਦੀਨਾਪੁਰ ਵਾਲੀ 89ਵੀਂ ਪੰਜਾਬੀ ਫ਼ੌਜੀ ਟੁਕੜੀ ਨਾਲ ਗਿਟਮਿਟ ਕਰ ਲਈ। ਦਮੋਦਰ ਸਰੂਪ [ਸੇਠ] ਅਲਾਹਾਬਾਦ ਚਲਾ ਗਿਆ। ਬਿਭੂਤੀ ਅਤੇ ਪਰਿਓਨਾਥ ਨੇ ਬਨਾਰਸ ਅਤੇ ਨਲਿਨੀ ਮੁਖਰਜੀ ਨੇ ਜਬਲਪੁਰ ਦੀਆਂ ਫ਼ੌਜੀ ਟੁਕੜੀਆਂ ਨੂੰ ਗ਼ਦਰ ਲਈ ਮਨਾ ਲਿਆ। 14 ਫਰਵਰੀ ਨੂੰ ਕਪਿਲ 18 ਬੰਬਾਂ ਦੀ ਸਮੱਗਰੀ ਬਨਾਰਸ ਤੋਂ ਲਾਹੌਰ ਲਿਆਇਆ।[22]

ਜਨਵਰੀ ਦੇ ਅੱਧ 'ਚ ਪਿੰਗਲੇ ਰਾਸ ਬਿਹਾਰੀ ਕੋਲ ਵਾਪਸ ਅੰਮ੍ਰਿਤਸਰ ਆ ਗਿਆ। ਜ਼ਿਆਦਾ ਮੇਲਜੋਲ ਤੋਂ ਗੁਰੇਜ਼ ਕਰਨ ਲਈ, ਦੋ ਹਫ਼ਤੇ ਪਿੱਛੋਂ ਰਾਸ ਬਿਹਾਰੀ ਨੇ ਆਪਣਾ ਟਿਕਾਣਾ ਲਾਹੌਰ ਵਿਚ ਬਦਲ ਲਿਆ। ਦੋਵਾਂ ਥਾਵਾਂ 'ਤੇ ਉਸਨੇ ਬੰਬ ਬਣਾਉਣ ਲਈ ਸਮੱਗਰੀ ਇਕੱਠੀ ਕੀਤੀ ਅਤੇ ਲਾਹੌਰ ਦੀ ਇਕ ਫਾਊਂਡਰੀ ਨੂੰ ਬੰਬਾਂ ਦੇ 80 ਖੋਲ ਬਣਾਉਣ ਦਾ ਆਰਡਰ ਦਿੱਤਾ। "ਓਦੋਂ ਤਕ ਵਤਨ ਮੁੜੇ ਗ਼ਦਰੀਆਂ ਅਤੇ ਰਾਸ ਬਿਹਾਰੀ ਦੀ ਅਗਵਾਈ ਵਿਚ ਇਨਕਲਾਬੀਆਂ ਦਰਮਿਆਨ ਪ੍ਰਭਾਵਸ਼ਾਲੀ ਸੰਪਰਕ ਬਣ ਗਿਆ ਸੀ, ਅਤੇ ਉਤਰ-ਪੱਛਮ ਵਿਚ ਫ਼ੌਜੀਆਂ ਦਾ ਵੱਡਾ ਹਿੱਸਾ ਜ਼ਾਹਰਾ ਤੌਰ 'ਤੇ ਹਕੂਮਤ ਤੋਂ ਨਾਖ਼ੁਸ਼ ਸੀ।" ਉਮੀਦ ਸੀ ਕਿ ਜਿਉਂ ਹੀ ਇਸ਼ਾਰਾ ਹੋਇਆ ਫ਼ੌਜੀ ਬਗ਼ਾਵਤ ਕਰ ਦੇਣਗੇ ਅਤੇ ਪੰਜਾਬ ਤੋਂ ਲੈਕੇ ਬੰਗਾਲ ਤਕ ਆਮ ਗ਼ਦਰ ਸ਼ੁਰੂ ਹੋ ਜਾਵੇਗਾ।

ਹਿੰਦੁਸਤਾਨੀ ਸਿਪਾਹੀਆਂ ਨੂੰ ਆਪਣੇ ਨਾਲ ਗੰਢ ਲੈਣ ਦੇ ਭਰੋਸੇ ਤਹਿਤ, ਗ਼ਦਰ ਨੂੰ ਅੰਤਮ ਛੋਹਾਂ ਦਿੱਤੀਆਂ ਗਈਆਂ। ਪੰਜਾਬ ਵਿਚ 23ਵੇਂ ਰਸਾਲੇ ਨੇ 21 ਫਰਵਰੀ ਨੂੰ ਹਾਜ਼ਰੀ ਲਗਾਏ ਜਾਣ ਵੇਲੇ ਹਥਿਆਰ ਕਬਜ਼ੇ 'ਚ ਲੈ ਕੇ ਆਪਣੇ ਅਫ਼ਸਰਾਂ ਨੂੰ ਮਾਰ ਦੇਣਾ ਸੀ। ਇਸ ਪਿੱਛੋਂ 26ਵੇਂ ਪੰਜਾਬ ਰਿਸਾਲੇ ਨੇ ਬਗ਼ਾਵਤ ਕਰਨੀ ਸੀ ਜੋ ਗ਼ਦਰ ਸ਼ੁਰੂ ਕਰ ਦੇਣ ਦਾ ਇਸ਼ਾਰਾ ਹੋਣਾ ਸੀ, ਅਤੇ ਫਿਰ ਦਿੱਲੀ ਤੇ ਲਾਹੌਰ ਵੱਲ ਕੂਚ ਕੀਤਾ ਜਾਣਾ ਸੀ। ਬੰਗਾਲੀ ਇਨਕਲਾਬੀਆਂ ਨੇ ਲਾਹੌਰ ਦੇ ਸਿੱਖ ਫ਼ੌਜੀਆਂ ਦੇ ਖ਼ਤਾਂ ਦੀ ਮਾਰਫ਼ਤ ਢਾਕਾ ਵਿਚ ਤਾਇਨਾਤ ਸਿੱਖ ਫ਼ੌਜੀ ਟੁਕੜੀਆਂ ਨਾਲ ਸੰਪਰਕ ਬਣਾ ਲਿਆ ਅਤੇ ਉਨ੍ਹਾਂ ਨੂੰ ਆਪਣੇ ਨਾਲ ਜੋੜਨ 'ਚ ਕਾਮਯਾਬ ਹੋ

ਗਏ।[23] ਯੋਜਨਾ ਇਹ ਸੀ ਕਿ ਬੰਗਾਲੀ ਸੈੱਲ ਅਗਲੇ ਦਿਨ ਹਾਵੜਾ ਸਟੇਸ਼ਨ 'ਤੇ ਆਉਣ ਵਾਲੀ *ਪੰਜਾਬ ਮੇਲ* 'ਤੇ ਨਜ਼ਰ ਰੱਖੇਗਾ ਅਤੇ ਤੁਰੰਤ ਹਮਲਾ ਕਰ ਦੇਵੇਗਾ।

ਗ਼ਦਰੀ ਇਸ ਉਮੀਦ ਨਾਲ ਹਿੰਦੁਸਤਾਨ ਵਾਪਸ ਆਏ ਸਨ ਕਿ ਉਨ੍ਹਾਂ ਦਾ ਜ਼ਬਰਦਸਤ ਜੋਸ਼ ਤੇ ਦੇਸ਼ਭਗਤੀ ਦਾ ਜਜ਼ਬਾ ਵਤਨ ਦੇ ਲੋਕਾਂ ਨੂੰ ਗ਼ਦਰ ਲਈ ਝੰਜੋੜੇਗਾ। ਬਦੇਸ਼ ਵਿਚ ਉਨ੍ਹਾਂ ਨੇ ਆਜ਼ਾਦੀ ਤੇ ਜਮਹੂਰੀਅਤ ਦਾ ਸਵਾਦ ਚੱਖਿਆ ਸੀ ਅਤੇ ਉਹ ਚਾਹੁੰਦੇ ਸਨ ਕਿ ਹਿੰਦੁਸਤਾਨ ਵਿਚ ਵੀ ਹਿੰਦੁਸਤਾਨੀਆਂ ਨੂੰ ਉਹੀ ਆਜ਼ਾਦੀਆਂ ਮਿਲਣ। ਪਰ 1857 ਵਾਂਗ, ਇਸ ਵਾਰ ਫਿਰ ਗ਼ਦਾਰਾਂ ਅਤੇ ਮੁਖ਼ਬਰਾਂ ਨੇ ਗ਼ਦਰ ਲਹਿਰ ਵਿਚ ਆਪਣਾ ਕਿਰਦਾਰ ਨਿਭਾਇਆ।

ਪੰਜਾਬ ਦੀ ਸੀ.ਆਈ.ਡੀ. ਐਨ ਆਖ਼ਰੀ ਪਲ ਕਿਰਪਾਲ ਸਿੰਘ ਜ਼ਰੀਏ ਸਾਜ਼ਿਸ਼ ਵਿਚ ਘੁਸਪੈਠ ਕਰਨ 'ਚ ਕਾਮਯਾਬ ਹੋ ਗਈ ਜੋ 23ਵੇਂ ਰਿਸਾਲੇ ਵਾਲੇ ਬਲਵੰਤ ਸਿੰਘ ਦਾ ਭਤੀਜਾ ਸੀ। ਅਮਰੀਕਾ ਤੋਂ ਵਾਪਸ ਆਇਆ ਜਸੂਸ ਕਿਰਪਾਲ ਲਾਹੌਰ ਦੇ ਮੋਚੀ ਦਰਵਾਜ਼ੇ ਨੇੜੇ ਰਾਸ ਬਿਹਾਰੀ ਬੋਸ ਦੇ ਸਦਰ-ਮੁਕਾਮ ਤੱਕ ਜਾ ਪੁੱਜਾ ਜਿਥੇ 15 ਫਰਵਰੀ 1915 ਨੂੰ ਪਿੰਗਲੇ ਸਮੇਤ ਦਰਜਨ ਤੋਂ ਵੱਧ ਆਗੂ ਮੀਟਿੰਗ ਕਰ ਰਹੇ ਸਨ। ਕਿਰਪਾਲ ਨੇ ਪੁਲਿਸ ਨੂੰ ਖ਼ਬਰ ਕਰ ਦਿੱਤੀ।[24] ਇਹ ਭਾਂਪਕੇ ਕਿ ਉਨ੍ਹਾਂ ਦੀਆਂ ਯੋਜਨਾਵਾਂ ਦਾ ਭੇਤ ਖੁੱਲ੍ਹ ਗਿਆ ਸੀ, ਡੀ-ਦਿਵਸ (ਗ਼ਦਰ ਦੀ ਤਰੀਕ) 19 ਫਰਵਰੀ ਕਰ ਦਿੱਤੀ ਗਈ। ਪਰ ਇਸ ਦੀ ਖ਼ਬਰ ਵੀ ਪੰਜਾਬ ਸੀ.ਆਈ.ਡੀ. ਤਕ ਪਹੁੰਚ ਗਈ। ਰੰਗੂਨ ਵਿਖੇ 130ਵੀਂ ਬਲੋਚੀ ਰੈਜੀਮੈਂਟ ਦੀ ਬਗ਼ਾਵਤ ਦੀ ਯੋਜਨਾ ਧਰੀ-ਧਰਾਈ ਰਹਿ ਗਈ।

26ਵੀਂ ਪੰਜਾਬ, 7ਵੀਂ ਰਾਜਪੂਤ, 24ਵੀਂ ਜਾਟ ਤੋਪਖ਼ਾਨਾ ਅਤੇ ਹੋਰ ਰੈਜੀਮੈਂਟਾਂ ਵਿਚ ਬਗ਼ਾਵਤ ਦੀਆਂ ਯੋਜਨਾਵਾਂ ਗੋਂਦਾਂ ਗੁੰਦਣ ਦੇ ਪੜਾਅ ਤੋਂ ਅੱਗੇ ਨਾ ਵਧੀਆਂ। ਫ਼ਿਰੋਜ਼ਪੁਰ, ਲਾਹੌਰ ਅਤੇ ਆਗਰਾ ਵਿਚ ਜੋ ਫ਼ੌਜੀ ਗ਼ਦਰ ਦੀਆਂ ਯੋਜਨਾਵਾਂ ਬਣਾਈਆਂ ਗਈਆਂ ਸਨ ਉਹ ਵੀ ਕੁਚਲ ਦਿੱਤੀਆਂ ਗਈਆਂ ਅਤੇ ਸਾਜ਼ਿਸ਼ ਦੇ ਬਹੁਤ ਸਾਰੇ ਅਹਿਮ ਆਗੂ ਗ੍ਰਿਫ਼ਤਾਰ ਕਰ ਲਏ ਗਏ, ਜਦੋਂਕਿ ਬਹੁਤ ਸਾਰੇ ਚਕਮਾ ਦੇ ਕੇ ਬਚ ਨਿਕਲੇ ਜਾਂ ਗ੍ਰਿਫ਼ਤਾਰੀ ਤੋਂ ਬਚ ਗਏ। ਕਰਤਾਰ ਸਿੰਘ ਅਤੇ ਪਿੰਗਲੇ ਵਲੋਂ ਮੇਰਠ ਵਿਖੇ 12ਵੀਂ ਰਸਾਲਾ ਰੈਜੀਮੈਂਟ ਵਿਚ ਗ਼ਦਰ ਕਰਵਾਉਣ ਦਾ ਆਖ਼ਰੀ ਯਤਨ ਕੀਤਾ ਗਿਆ। ਕਰਤਾਰ ਸਿੰਘ ਲਾਹੌਰ ਤੋਂ ਬਚਕੇ ਨਿਕਲ ਗਿਆ, ਪਰ ਬਨਾਰਸ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ।• ਵਿਸ਼ਣੂ ਗਣੇਸ਼ ਪਿੰਗਲੇ ਨੂੰ 23

• ਇਥੇ ਲੇਖਕਾ ਨੂੰ ਭੁਲੇਖਾ ਲੱਗਿਆ ਹੈ। ਦਰਅਸਲ ਕਰਤਾਰ ਸਿੰਘ ਨੂੰ ਸਰਗੋਧਾ (ਚੱਕ ਨੰਬਰ 5) ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਗ੍ਰਿਫ਼ਤਾਰੀ ਤੋਂ ਬਚਕੇ ਉਹ ਪਿਸ਼ਾਵਰ, ਤੇ ਫਿਰ ਪਠਾਣ ਇਲਾਕੇ ਵਿਚ ਪੁੱਜ ਗਏ ਸਨ। ਪਰ ਆਖ਼ਿਰਕਾਰ ਬਚ ਨਿਕਲਣ ਦੀ ਸਕੀਮ ਤਿਆਗਕੇ ਦੁਬਾਰਾ ਗ਼ਦਰ ਕਰਨ ਲਈ ਵਾਪਸ ਮੁੜ ਆਏ ਸਨ। ਇਸ ਦੌਰਾਨ ਕਰਤਾਰ ਸਿੰਘ, ਹਰਨਾਮ ਸਿੰਘ ਟੁੰਡੀਲਾਟ ਅਤੇ ਜਗਤ ਸਿੰਘ ਨੂੰ 2 ਮਾਰਚ ਨੂੰ ਗੰਡਾ ਸਿੰਘ ਰਿਸਾਲਦਾਰ ਵਲੋਂ ਸਰਗੋਧਾ (ਬਾਈਵੇਂ ਰਿਸਾਲੇ ਦੇ ਘੋੜਿਆਂ ਦੇ ਫਾਰਮ) ਤੋਂ ਗ੍ਰਿਫ਼ਤਾਰ ਕਰਵਾ ਦਿੱਤਾ ਗਿਆ। – ਸੰਪਾਦਕ

ਮਾਰਚ 1915 ਦੀ ਰਾਤ ਨੂੰ ਮੇਰਠ ਵਿਖੇ 12ਵੇਂ ਰਸਾਲੇ ਨੇੜਿਓਂ ਗ੍ਰਿਫ਼ਤਾਰ ਕਰ ਲਿਆ ਗਿਆ। ਬੰਬਈ ਪੁਲਿਸ ਦੀ ਰਿਪੋਰਟ[25] ਅਨੁਸਾਰ, ਉਸ ਕੋਲੋਂ ਉਸ ਤਰ੍ਹਾਂ ਦੇ "ਦਸ ਬੰਬ ਮਿਲੇ ਜੋ ਦਿੱਲੀ ਵਿਚ ਲਾਰਡ ਹਾਰਡਿੰਗ ਨੂੰ ਕਤਲ ਕਰਨ ਦੇ ਯਤਨ 'ਚ ਇਸਤੇਮਾਲ ਕੀਤੇ ਗਏ ਸਨ।" ਕਿਹਾ ਜਾਂਦਾ ਹੈ ਕਿ ਇਹ ਪੂਰੀ ਰੈਜੀਮੈਂਟ ਨੂੰ ਉਡਾ ਦੇਣ ਲਈ ਕਾਫ਼ੀ ਸਨ।[26]

ਪੰਜਾਬ ਅਤੇ ਯੂ.ਪੀ. ਵਿਚ ਗ਼ਦਰੀਆਂ ਦੀਆਂ ਗ੍ਰਿਫ਼ਤਾਰੀਆਂ ਹੋ ਜਾਣ 'ਤੇ ਵਿਆਪਕ ਪੱਧਰ 'ਤੇ ਗ੍ਰਿਫ਼ਤਾਰੀਆਂ ਦਾ ਸਿਲਸਿਲਾ ਚੱਲਿਆ। ਰਾਸ ਬਿਹਾਰੀ ਬੋਸ ਲਾਹੌਰ ਤੋਂ ਬਚਕੇ ਨਿਕਲ ਗਿਆ ਅਤੇ ਮਈ 1915 'ਚ ਜਪਾਨ ਚਲਾ ਗਿਆ। ਗਿਆਨੀ ਪ੍ਰੀਤਮ ਸਿੰਘ, ਸਵਾਮੀ ਸੱਤਿਆਨੰਦਪੁਰੀ ਅਤੇ ਹੋਰ ਆਗੂ ਬਚਕੇ ਥਾਈਲੈਂਡ ਜਾਂ ਹੋਰ ਹਮਦਰਦ ਰਾਸ਼ਟਰਾਂ ਵਿਚ ਪਹੁੰਚ ਗਏ।[27]

ਮੁਕੱਦਮੇ

ਸਾਜ਼ਿਸ਼ ਦੇ ਸਿੱਟੇ ਵਜੋਂ ਹਿੰਦੁਸਤਾਨ ਵਿਚ ਬਹੁਤ ਸਾਰੇ ਮੁਕੱਦਮੇ ਚਲਾਏ ਗਏ, ਜਿਨ੍ਹਾਂ ਵਿੱਚੋਂ ਸਭ ਤੋਂ ਮਸ਼ਹੂਰ ਲਾਹੌਰ ਸਾਜ਼ਿਸ਼ ਕੇਸ ਵਾਲਾ ਮੁਕੱਦਮਾ ਸੀ, ਜੋ ਫਰਵਰੀ ਵਾਲੇ ਗ਼ਦਰ ਦੇ ਅਸਫ਼ਲ ਹੋ ਜਾਣ ਤੋਂ ਬਾਅਦ ਅਪ੍ਰੈਲ 1915 'ਚ ਲਾਹੌਰ ਵਿਚ ਸ਼ੁਰੂ ਹੋਇਆ। ਹੋਰ ਮੁਕੱਦਮਿਆਂ ਵਿਚ ਬਨਾਰਸ, ਸ਼ਿਮਲਾ, ਦਿੱਲੀ ਅਤੇ ਫ਼ਿਰੋਜ਼ਪੁਰ ਸਾਜ਼ਿਸ਼ ਮਾਮਲਿਆਂ ਦੇ ਮੁਕੱਦਮੇ ਅਤੇ ਉਨ੍ਹਾਂ ਦੇ ਮੁਕੱਦਮੇ ਸ਼ਾਮਲ ਸਨ ਜੋ ਬਜ ਬਜ ਘਾਟ ਤੋਂ ਗ੍ਰਿਫ਼ਤਾਰ ਕੀਤੇ ਗਏ।[28]

ਲਾਹੌਰ ਵਿਖੇ, ਡਿਫੈਂਸ ਆਫ ਇੰਡੀਆ ਐਕਟ-1915 ਤਹਿਤ ਇਕ ਵਿਸ਼ੇਸ਼ ਟ੍ਰਿਬਿਊਨਲ ਬਣਾਇਆ ਗਿਆ ਅਤੇ ਕੁਲ 291 ਸਾਜ਼ਿਸ਼ਘਾੜਿਆਂ ਉਪਰ ਮੁਕੱਦਮਾ ਚਲਾਇਆ ਗਿਆ। ਇਨ੍ਹਾਂ ਵਿੱਚੋਂ 42 ਨੂੰ ਸਜ਼ਾ-ਏ-ਮੌਤ, 114 ਨੂੰ ਉਮਰ ਕੈਦ ਅਤੇ 93 ਨੂੰ ਵੱਖੋ-ਵੱਖਰੀ ਕੈਦ ਦੀ ਸਜ਼ਾ ਦਿੱਤੀ ਗਈ। ਇਨ੍ਹਾਂ ਵਿੱਚੋਂ ਬਹੁਤ ਸਾਰਿਆਂ ਨੂੰ ਅੰਡੇਮਾਨ ਦੀ ਸੈਲੂਲਰ ਜੇਲ੍ਹ ਭੇਜ ਦਿੱਤਾ ਗਿਆ। ਬਿਆਲੀ ਮੁਲਜ਼ਿਮਾਂ ਨੂੰ ਬਰੀ ਕਰ ਦਿੱਤਾ ਗਿਆ।

ਦੋਸ਼ੀ ਕਰਤਾਰ ਸਿੰਘ ਸਰਾਭਾ, ਵਿਸ਼ਣੂ ਗਣੇਸ਼ ਪਿੰਗਲੇ ਅਤੇ ਪੰਡਤ ਕਾਂਸ਼ੀ ਰਾਮ ਵਰਗੇ ਬਹੁਤ ਸਾਰੇ ਗ਼ਦਰੀ ਆਗੂ ਵੀ ਗ੍ਰਿਫ਼ਤਾਰ ਕਰ ਲਏ ਗਏ ਸਨ ਅਤੇ ਬਾਅਦ ਵਿਚ ਉਨ੍ਹਾਂ ਨੂੰ ਫਾਂਸੀ ਦੇ ਦਿੱਤੀ ਗਈ। ਇਹ ਸੂਰਬੀਰ ਗਰਜਵੇਂ ਬੋਲਾਂ ਨਾਲ ਆਪਣੇ ਇਨਕਲਾਬੀ ਜਜ਼ਬਾਤਾਂ ਦਾ ਇਜ਼ਹਾਰ ਕਰਦਿਆਂ ਫਾਂਸੀ ਚੜ੍ਹੇ। ਪਿੰਗਲੇ ਨੇ ਫਾਂਸੀ ਦੇ ਫੰਦੇ ਅੱਗੇ ਸਿਰ ਉੱਚਾ ਕਰਕੇ ਆਜ਼ਾਦੀ ਦੀ ਅਡੋਲ ਨਿਹਚਾ ਨਾਲ ਕਿਹਾ:

"ਹੇ ਪ੍ਰਮਾਤਮਾ! ਤੂੰ ਸਾਡੇ ਦਿਲਾਂ ਦਾ ਸਭ ਤੋਂ ਜ਼ਿਆਦਾ ਭੇਤੀ ਏਂ। ਜਿਸ ਪਵਿਤਰ ਕਾਜ ਲਈ ਅਸੀਂ ਆਪਣੀਆਂ ਜਾਨਾਂ ਵਾਰ ਰਹੇ ਹਾਂ, ਅਸੀਂ ਤੇਰੀ ਅਮਾਨਤ ਤੈਨੂੰ ਸੌਂਪ ਰਹੇ ਹਾਂ – ਇਹੀ ਸਾਡੀ ਆਖ਼ਰੀ ਪ੍ਰਾਰਥਨਾ ਹੈ।"[29]

ਮੁਕੱਦਮੇ ਦਾ ਫ਼ੈਸਲਾ ਹੋਣ 'ਤੇ, ਅਮਰੀਕਾ ਵਿਚ ਇਨਕਲਾਬੀ ਲਹਿਰ ਨੂੰ ਤਬਾਹ ਕਰਨ ਅਤੇ ਇਸਦੇ ਮੈਂਬਰਾਂ ਉਪਰ ਮੁਕੱਦਮੇ ਚਲਾਉਣ ਦੇ ਕੂਟਨੀਤਕ ਯਤਨਾਂ ਵਾਹਵਾ ਤੇਜ਼

ਕਰ ਦਿੱਤੇ ਗਏ।

ਅੰਗਰੇਜ਼ਾਂ ਵਲੋਂ ਫਾਂਸੀ ਲਾਏ ਸ਼ਹੀਦਾਂ ਦੀ ਸੂਚੀ ਐਨੀ ਲੰਮੀ ਹੈ ਕਿ ਇਥੇ ਦਿੱਤੀ ਨਹੀਂ ਜਾ ਸਕਦੀ। ਬਹੁਤ ਸਾਰਿਆਂ ਨੂੰ ਉਮਰ ਕੈਦ ਦੀਆਂ ਸਜ਼ਾਵਾਂ ਦੇ ਕੇ ਅੰਡੇਮਾਨ ਸੈਲੂਲਰ ਜੇਲ੍ਹ ਭੇਜ ਦਿੱਤਾ ਗਿਆ, ਅਤੇ ਬਹੁਤ ਸਾਰਿਆਂ ਨੇ ਪਰਾਈ ਧਰਤੀ ਉਪਰ ਗੁਮਨਾਮੀ 'ਚ ਹੀ ਆਖ਼ਰੀ ਸਵਾਸ ਲਏ। ਪਰ ਉਹ ਭੁਲਾਏ ਨਹੀਂ ਜਾਣਗੇ।

ਅੰਗਰੇਜ਼ਾਂ ਨੇ ਗ਼ਦਰੀ ਬਾਗ਼ੀਆਂ ਨੂੰ ਸਰਸਰੀ ਤੌਰ 'ਤੇ ਨਹੀਂ ਲਿਆ ਅਤੇ ਆਮ ਜ਼ਿੰਦਗੀ 'ਚ ਵੀ ਉਨ੍ਹਾਂ ਨੇ ਇਸੇ ਤਰ੍ਹਾਂ ਘੋਰ ਜਾਬਰ ਢੰਗ ਅਖ਼ਤਿਆਰ ਕੀਤੇ, ਜਿਵੇਂ ਰੌਲਟ ਬਿਲ ਲਿਆਂਦੇ ਜਾਣ ਤੋਂ ਦੇਖਿਆ ਜਾ ਸਕਦਾ ਹੈ, ਜਿਸ ਨੇ 'ਦਹਿਸ਼ਤਗਰਦ ਹਿੰਸਾ ਨੂੰ ਰੋਕਣ ਦੇ ਨਾਂ ਹੇਠ ਸ਼ਹਿਰੀ ਆਜ਼ਾਦੀਆਂ ਵਿਚ ਬੇਤਹਾਸ਼ਾ ਕਟੌਤੀਆਂ ਕੀਤੀਆਂ।'[30] 1857 ਦੀਆਂ ਯਾਦਾਂ ਅਜੇ ਵੀ ਉਨ੍ਹਾਂ ਦੇ ਮਨ ਵਿਚ ਤਾਜ਼ਾ ਸਨ ਅਤੇ ਅੰਗਰੇਜ਼ ਅਧਿਕਾਰੀ ਇਹ ਯਕੀਨੀ ਬਣਾਉਣ ਲਈ ਦ੍ਰਿੜ ਸਨ ਕਿ ਇਤਿਹਾਸ ਖ਼ੁਦ ਨੂੰ ਦੁਹਰਾ ਨਾ ਸਕੇ।

ਇਤਹਾਪਸੰਦਾਂ, ਗ਼ਦਰ ਲਹਿਰ ਅਤੇ ਹੋਰ ਇਨਕਲਾਬੀ ਸਰਗਰਮੀਆਂ ਨੇ ਅੰਗਰੇਜ਼ਾਂ ਵਿਚ ਖ਼ੌਫ਼ ਭਰਕੇ ਉਨ੍ਹਾਂ ਨੂੰ ਜਿੰਨੇ ਵਹਿਮੀ ਬਣਾ ਦਿੱਤਾ ਸੀ ਉਸ ਦੇ ਸਿੱਟੇ ਵਜੋਂ ਹਕੂਮਤ ਦੇ ਸਿਰੇ ਦੇ ਜਾਬਰ ਪ੍ਰਤੀਕਰਮ ਸਾਹਮਣੇ ਆਏ। ਇਸ ਦੀ ਅਭੁੱਲ ਮਿਸਾਲ ਜਲ੍ਹਿਆਂਵਾਲਾ ਬਾਗ਼ ਸਾਕੇ ਵਿਚ ਬੇਕਸੂਰ ਪੰਜਾਬੀਆਂ, ਔਰਤਾਂ ਤੇ ਬੱਚਿਆਂ ਦਾ ਕਤਲੇਆਮ ਸੀ ਜੋ 13 ਅਪ੍ਰੈਲ 1919 ਨੂੰ ਵਿਸਾਖੀ ਦਾ ਤਿਓਹਾਰ ਮਨਾਉਣ ਲਈ ਉਥੇ ਜੁੜੇ ਸਨ। ਜਨਰਲ ਡਾਇਰ, ਜਿਸਨੇ ਆਪਣੇ ਜੰਗ ਦੇ ਵਰ੍ਹੇ ਪੰਜਾਬ ਵਿਚ ਅਤੇ ਅਫ਼ਗਾਨਿਸਤਾਨ ਦੀਆਂ ਸਰਹੱਦਾਂ ਉਪਰ ਗੁਜ਼ਾਰੇ ਸਨ ਅਤੇ ਜੋ ਈਰਾਨ ਵਿਚ ਗ਼ਦਰ ਦੀ ਚੋਭ ਦਾ ਸੁਆਦ ਦੇਖ ਚੁੱਕਾ ਸੀ, ਉਸਨੇ ਬੇਕਸੂਰ ਲੋਕਾਂ ਦੇ ਇਸ ਹਜੂਮ ਉਪਰ ਅੰਨ੍ਹੇਵਾਹ ਗੋਲੀਆਂ ਚਲਾਉਣ ਦਾ ਹੁਕਮ ਦਿੱਤਾ। ਜਲ੍ਹਿਆਂਵਾਲਾ ਬਾਗ਼ ਦੇ ਇਸ ਕਤਲੇਆਮ ਦੀ ਯਾਦ ਬਰਤਾਨਵੀ ਬਸਤੀਵਾਦ ਦੇ ਇਤਿਹਾਸ ਵਿਚ ਇਕ ਕਲੰਕ ਬਣਕੇ ਉਕਰੀ ਗਈ ਅਤੇ ਫਿਰ ਇਹ ਐਸੀ ਚਿੰਗਾੜੀ ਬਣੀ ਜਿਸਨੇ ਬੇਚੈਨੀ ਦੀ ਅੱਗ ਨਵੇਂ ਸਿਰਿਓਂ ਭੜਕਾ ਦਿੱਤੀ।

ਸਰ ਮਾਈਕਲ ਓਡਵਾਇਰ, ਜੋ ਓਦੋਂ ਪੰਜਾਬ ਦਾ ਗਵਰਨਰ ਸੀ, ਨੇ ਰਿਪੋਰਟ ਪੇਸ਼ ਕੀਤੀ ਕਿ ਇਨਕਲਾਬ ਕਰਨ ਲਈ ਪੰਜ ਹਜ਼ਾਰ ਦੇ ਕਰੀਬ ਸਿੱਖ ਹਿੰਦੁਸਤਾਨ ਵਾਪਸ ਮੁੜ ਆਏ ਸਨ। ਕੁਝ ਸਾਲ ਬਾਅਦ ਓਡਵਾਇਰ ਨੇ ਲਿਖਿਆ 'ਤਬਾਹੀ ਐਨ ਸਾਡੇ ਨਾਲ ਖਹਿਕੇ ਲੰਘੀ' ਅਤੇ 'ਅਸੀਂ ਗ਼ਦਰ ਕੁਚਲ ਦਿੱਤਾ ਸੀ।'

ਕਹਿਣ ਦੀ ਲੋੜ ਨਹੀਂ ਕਿ ਅੰਗਰੇਜ਼ ਹਕੂਮਤ ਨੇ ਇਸ ਬਗ਼ਾਵਤ ਨੂੰ ਉੱਠਦੇ ਸਾਰ ਹੀ ਦਬਾ ਦਿੱਤਾ ਅਤੇ ਬਾਗ਼ੀਆਂ ਨਾਲ ਸਖ਼ਤੀ ਨਾਲ ਪੇਸ਼ ਆਈ। ਜਿਸ ਗ਼ਦਰ ਲਹਿਰ ਨੇ ਧਰਤੀ ਦੀਆਂ ਚਹੁੰ ਕੂਟਾਂ ਨੂੰ ਕਲਾਵੇ ਵਿਚ ਲੈਣ ਦਾ ਯਤਨ ਕੀਤਾ ਸੀ, ਹਿੰਦੁਸਤਾਨ ਵਿਚ ਜਨਤਕ ਗ੍ਰਿਫ਼ਤਾਰੀਆਂ ਅਤੇ ਫਾਂਸੀਆਂ ਦੀ ਭਿਆਨਕ ਤ੍ਰਾਸਦੀ ਨਾਲ ਖ਼ਤਮ ਹੋ ਗਈ। ਇਸ ਤੋਂ ਪਿੱਛੋਂ ਯੂਰਪ, ਅਫ਼ਗਾਨਿਸਤਾਨ, ਈਰਾਨ, ਸਾਨ ਫਰਾਂਸਿਸਕੋ ਅਤੇ ਦੂਰ ਪੂਰਬ ਵਿਚ ਵੀ ਅਟੱਲ ਤੌਰ 'ਤੇ ਅਸਫ਼ਲਤਾ ਦਾ ਮੂੰਹ ਦੇਖਣਾ ਪਿਆ।

ਇਨਕਲਾਬੀ ਯਤਨਾਂ ਦੀ ਮੁੜ-ਸੁਰਜੀਤੀ

ਇਸ ਨਾਲ ਜੁੜੀਆਂ ਹੋਰ ਘਟਨਾਵਾਂ ਵਿਚ ਸ਼ਾਮਲ ਸਨ 1915 ਦਾ ਸਿੰਗਾਪੁਰ ਫ਼ੌਜੀ ਗ਼ਦਰ, ਐਨੀ ਲਾਰਸਨ ਹਥਿਆਰ ਮੰਗਵਾਉਣ ਦੀ ਸਾਜ਼ਿਸ਼, ਕ੍ਰਿਸਮਸ ਦਿਵਸ ਸਾਜ਼ਿਸ਼ ਜਿਨ੍ਹਾਂ ਘਟਨਾਵਾਂ ਦੇ ਸਿੱਟੇ ਵਜੋਂ ਜਤਿਨ ਬਾਘਾ ਮਾਰੇ ਗਏ। ਇਸੇ ਤਰ੍ਹਾਂ ਕਾਬਲ ਲਈ ਜਰਮਨ ਮਿਸ਼ਨ, ਹਿੰਦੁਸਤਾਨ ਵਿਚ ਕਨਾਟ ਰੇਂਜਰਾਂ ਦੀ ਬਗ਼ਾਵਤ ਸੀ। ਇਸੇ ਤਰ੍ਹਾਂ ਕੁਝ ਵੇਰਵਿਆਂ ਅਨੁਸਾਰ 1916 'ਚ ਬਲੈਕ ਟੌਮ ਧਮਾਕੇ ਸਨ (30 ਜੁਲਾਈ 1916 ਨੂੰ ਅਮਰੀਕਾ ਦੇ ਜਰਸੀ ਸ਼ਹਿਰ ਵਿਚ ਅਮਰੀਕੀ ਗੋਲਾ-ਬਾਰੂਦ ਨੂੰ ਤਬਾਹ ਕਰਨ ਲਈ ਜਰਮਨ ਏਜੰਟਾਂ ਵਲੋਂ ਰਚਿਆ ਕਾਂਡ – ਅਨੁਵਾਦਕ)। ਹਿੰਦ-ਆਇਰਿਸ਼-ਜਰਮਨ ਇਤਹਾਦ ਅਤੇ ਸਾਜ਼ਿਸ਼ ਦੁਨੀਆ ਪੱਧਰ 'ਤੇ ਬਰਤਾਨਵੀ ਖ਼ੁਫ਼ੀਆ ਏਜੰਸੀਆਂ ਦੇ ਨਿਸ਼ਾਨੇ 'ਤੇ ਸਨ, ਜੋ ਅਗਲੇ ਯਤਨਾਂ ਨੂੰ ਰੋਕਣ 'ਚ ਕਾਮਯਾਬ ਹੋਈਆਂ। 1917 'ਚ ਐਨੀ ਲਾਰਸਨ ਮਾਮਲੇ ਤੋਂ ਬਾਅਦ ਅਮਰੀਕੀ ਖ਼ੁਫ਼ੀਆ ਏਜੰਸੀਆਂ ਨੇ ਅਹਿਮ ਭੂਮਿਕਾ ਨਿਭਾਉਣ ਵਾਲੀਆਂ ਸ਼ਖ਼ਸੀਅਤਾਂ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਸਾਜ਼ਿਸ਼ ਦਾ ਸਿੱਟਾ ਹਿੰਦੁਸਤਾਨ ਵਿਚ ਚੱਲੇ ਲਾਹੌਰ ਸਾਜ਼ਿਸ਼ ਮੁਕੱਦਮੇ ਦੀ ਤਰਜ਼ 'ਤੇ ਮੁਜਰਮਾਨਾ ਸਾਜ਼ਿਸ਼ ਦੇ ਮੁਕੱਦਮਿਆਂ ਅਤੇ ਅਮਰੀਕਾ ਵਿਚ ਹਿੰਦੂ-ਜਰਮਨ ਸਾਜ਼ਿਸ਼ ਮੁਕੱਦਮਾ ਚਲਾਏ ਜਾਣ ਵਿਚ ਨਿਕਲਿਆ। ਮਗਰਲਾ ਮੁਕੱਦਮਾ ਓਦੋਂ ਤਕ ਅਮਰੀਕਾ ਦਾ ਸਭ ਤੋਂ ਲੰਮਾ ਅਤੇ ਸਭ ਤੋਂ ਖ਼ਰਚੀਲਾ ਮੁਕੱਦਮਾ ਸੀ।[31]

ਅਸਰ

ਕੁਲਮਿਲਾਕੇ ਹਿੰਦੂ-ਜਰਮਨ ਸਾਜ਼ਿਸ਼, ਇਸੇ ਤਰ੍ਹਾਂ ਜੰਗ ਦੌਰਾਨ ਪੰਜਾਬ ਵਿਚ ਗ਼ਦਰ ਪਾਰਟੀ ਦੀਆਂ ਗੋਂਦਾਂ ਉਨ੍ਹਾਂ ਮੁੱਖ ਉਕਸਾਊ ਕਾਰਕਾਂ ਵਿੱਚੋਂ ਸਨ ਜਿਨ੍ਹਾਂ ਕਾਰਨ ਡਿਫੈਂਸ ਆਫ ਇੰਡੀਆ ਐਕਟ ਲਿਆਂਦਾ ਗਿਆ, ਰੌਲਟ ਕਮੇਟੀ ਬਣਾਈ ਗਈ ਅਤੇ ਰੌਲਟ ਐਕਟ ਲਾਗੂ ਕੀਤੇ ਗਏ। ਜਲ੍ਹਿਆਂਵਾਲਾ ਬਾਗ਼ ਕਤਲੇਆਮ ਵੀ ਹਿੰਦੁਸਤਾਨ ਵਿਚ ਗ਼ਦਰੀ ਬਗ਼ਾਵਤ ਨੂੰ ਲੈ ਕੇ ਰਾਜ ਦੇ ਖ਼ੌਫ਼ ਨਾਲ ਨੇੜਿਓਂ ਜੁੜਿਆ ਹੋਇਆ ਹੈ, ਖ਼ਾਸ ਕਰਕੇ 1919 'ਚ ਪੰਜਾਬ ਅੰਦਰ।

ਯੋਜਨਾ ਸਾਕਾਰ ਕਿਉਂ ਨਾ ਹੋਈ

ਗ਼ਦਰ ਕਾਮਯਾਬ ਨਹੀਂ ਹੋਇਆ ਕਿਉਂਕਿ ਇਨਕਲਾਬੀ ਪੂਰੇ ਸਿਲਸਿਲੇ ਨੂੰ ਸਮਝ ਨਹੀਂ ਸਕੇ, ਉਹ ਆਪਣੀ ਯੋਜਨਾ ਦੀਆਂ ਲੋੜਾਂ ਦੀ ਪੂਰਤੀ ਨੂੰ ਵੀ ਆਤਮਸਾਤ ਨਹੀਂ ਕਰ ਸਕੇ। ਉਨ੍ਹਾਂ ਨੇ ਇਹ ਕਲਪਨਾ ਨਹੀਂ ਕੀਤੀ ਕਿ ਜਰਮਨ ਜੰਗ ਹਾਰ ਜਾਣਗੇ। ਸਿਧਾਂਤਕ ਤੌਰ 'ਤੇ ਗ਼ਦਰੀਆਂ ਦੀ ਵਿਹਾਰਕ ਯੋਜਨਾ ਨਫ਼ੀਸ ਸੀ ਅਤੇ ਜੇ ਚੀਜ਼ਾਂ ਉਨ੍ਹਾਂ ਦੀ ਉਮੀਦ ਅਨੁਸਾਰ ਚੱਲਦੀਆਂ, ਸ਼ਾਇਦ ਇਤਿਹਾਸ ਵੱਖਰੇ ਢੰਗ ਨਾਲ ਪੜ੍ਹਨ ਲਈ ਮਿਲਦਾ। ਗ਼ਦਰ ਪਾਰਟੀ ਦੀ

ਨਾਕਾਮਯਾਬੀ ਦੇ ਬਹੁਤ ਸਾਰੇ ਕਾਰਨ ਹਨ। ਬਰਤਾਨੀਆ ਦੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਦਾ ਚੇਅਰਮੈਨ ਹਰਪਾਲ ਬਰਾੜ ਲਿਖਦਾ ਹੈ:

> *"ਗ਼ਦਰ ਪਾਰਟੀ ਦੀ ਵੱਡੀ ਕਮਜ਼ੋਰੀ ਖ਼ੁਫ਼ੀਆ ਕੰਮ ਬਾਰੇ ਇਸ ਦੀ ਖ਼ਾਸ ਤੌਰ 'ਤੇ ਨਿਕੰਮੀ ਸਮਝ ਸੀ, ਜਿਸਨੇ ਇਸ ਨੂੰ ਬਰਤਾਨਵੀ ਸਾਮਰਾਜਵਾਦ ਦਾ ਸੁਖ਼ਾਲਾ ਨਿਸ਼ਾਨਾ ਬਣਾ ਦਿੱਤਾ। ਗੱਲ ਨਿਰੀ ਹਿੰਦੁਸਤਾਨੀ ਲੋਕਾਂ ਨੂੰ ਕੁਲਚਣ ਲਈ ਇਕ ਵਹਿਸ਼ੀਆਨਾ ਪੁਲੀਸ ਅਤੇ ਫ਼ੌਜੀ ਮਸ਼ੀਨ ਦੀ ਨਹੀਂ, ਮਗਰਲੀ ਤਾਕਤ ਗ਼ਦਰੀਆਂ ਦੀਆਂ ਯੋਜਨਾਵਾਂ ਤੋਂ ਪੂਰੀ ਤਰ੍ਹਾਂ ਜਾਣੂ ਸੀ। ਗ਼ਦਰ ਪਾਰਟੀ ਦੀ ਲੀਡਰਸ਼ਿਪ ਦੀ ਦੂਜੀ ਕਮਜ਼ੋਰੀ ਸਾਮਰਾਜਵਾਦ ਦੇ ਸਾਰਤੱਤ ਨੂੰ ਸਮਝਣ 'ਚ ਇਸ ਦਾ ਅਸਫ਼ਲ ਰਹਿਣਾ ਸੀ। ਇੰਞ ਇਸਨੇ ਭਰਮ ਪਾਲਿਆ ਕਿ ਇਹ ਹਿੰਦੁਸਤਾਨ ਦੀ ਆਜ਼ਾਦੀ ਲਈ ਸਾਮਰਾਜਵਾਦੀ ਜਰਮਨੀ ਉਪਰ ਟੇਕ ਰੱਖ ਸਕਦੀ ਸੀ ਜਦਕਿ ਜਰਮਨ ਸਾਮਰਾਜਵਾਦ ਦੀ ਦਿਲਚਸਪੀ ਮਹਿਜ਼ ਗ਼ਦਰੀਆਂ ਨੂੰ ਇਸਤੇਮਾਲ ਕਰਨ ਅਤੇ ਉਸਦੀਆਂ ਬਸਤੀਆਂ ਨੂੰ ਹਥਿਆਉਣ ਵਿਚ ਸੀ। ਅਜਿਹੀ ਸਪਸ਼ਟ ਸਮਝਦਾਰੀ ਲਈ ਰੂਸ ਵਿਚ ਅਕਤੂਬਰ ਇਨਕਲਾਬ ਦੀ ਯੁਗ-ਪਲਟਾਊ ਜਿੱਤ ਦਾ ਇੰਤਜ਼ਾਰ ਕਰਨਾ ਪੈਣਾ ਸੀ।"*[32]

ਗ਼ਦਰ ਪਾਰਟੀ ਦੀ ਆਓਧ ਮਹਿਜ਼ ਡੇਢ ਸਾਲ ਦੀ ਸੀ ਅਤੇ ਇਹ ਪੂਰੀ ਤਰ੍ਹਾਂ ਸਥਾਪਤ ਵੀ ਨਹੀਂ ਹੋਈ ਸੀ ਕਿ 1914 'ਚ ਪਹਿਲੀ ਆਲਮੀ ਜੰਗ ਲੱਗ ਗਈ ਅਤੇ ਗ਼ਦਰੀਆਂ ਨੂੰ ਪੂਰੀ ਤਿਆਰੀ ਕੀਤੇ ਬਗ਼ੈਰ ਹੀ ਹਿੰਦੁਸਤਾਨ ਦੇ ਅੰਗਰੇਜ਼ ਰਾਜ ਵਿਰੁੱਧ ਜੰਗ ਦਾ ਐਲਾਨ ਕਰਨਾ ਪੈ ਗਿਆ ਸੀ।

ਹਿੰਦੁਸਤਾਨ ਵੱਲ ਚਾਲੇ ਪਾਉਣ ਤੋਂ ਪਹਿਲਾਂ ਗ਼ਦਰੀਆਂ ਨੂੰ ਇਹ ਪ੍ਰਭਾਵ ਦਿੱਤਾ ਗਿਆ ਸੀ ਕਿ ਹਿੰਦੁਸਤਾਨ ਵਿਚ ਗ਼ਦਰ ਲਈ ਹਾਲਾਤ ਪੱਕੇ ਹੋਏ ਹਨ ਪਰ ਇਹ ਸੱਚ ਨਹੀਂ ਸੀ। ਲਿਹਾਜ਼ਾ, ਜਦੋਂ ਪਹਿਲੀ ਆਲਮੀ ਜੰਗ ਨੇ ਉਨ੍ਹਾਂ ਨੂੰ ਆਪਣਾ ਟੀਚਾ ਹਾਸਲ ਕਰਨ ਦਾ ਸੁਨਹਿਰੀ ਮੌਕਾ ਮੁਹੱਈਆ ਕੀਤਾ ਉਨ੍ਹਾਂ ਨੇ ਇਨਕਲਾਬ ਕਰਨ ਲਈ ਫਟਾਫਟ ਵਤਨ ਨੂੰ ਚਾਲੇ ਪਾ ਦਿੱਤੇ। ਕਿਆ ਵਿਡੰਬਨਾ ਹੈ; ਗ਼ਦਰੀ ਤਾਂ ਆਪਣੀ ਮਾਂ-ਧਰਤੀ ਦੀ ਬੰਦ-ਖ਼ਲਾਸੀ ਲਈ ਲੜਨ ਖ਼ਾਤਰ ਆਪਣੀ ਇੱਛਾ ਨਾਲ ਹਿੰਦੁਸਤਾਨ ਨੂੰ ਗਏ, ਉਧਰ ਇੰਡੀਅਨ ਨੈਸ਼ਨਲ ਕਾਂਗਰਸ, ਚੀਫ਼ ਖ਼ਾਲਸਾ ਦੀਵਾਨ, ਮਹਾਤਮਾ ਗਾਂਧੀ, ਬੀ.ਜੀ. ਤਿਲਕ ਵਗ਼ੈਰਾ ਨੂੰ ਜੰਗ ਵਿਚ ਅੰਗਰੇਜ਼ਾਂ ਦੇ ਕਾਜ ਨਾਲ ਪੂਰੀ ਹਮਦਰਦੀ ਸੀ। ਪੰਜਾਬੀ ਖ਼ੁਦ ਫ਼ੌਜ ਵਿਚ ਭਰਤੀ ਹੋ ਰਹੇ ਸਨ ਅਤੇ ਮੁਹਾਜ਼ ਉਪਰ ਜਾਕੇ ਲੜ ਰਹੇ ਸਨ। ਪ੍ਰਦੇਸ ਵਿਚਲੇ ਹਿੰਦੁਸਤਾਨੀ ਤਾਂ ਗੁਰਦਵਾਰਿਆਂ ਮੰਦਰਾਂ ਵਿਚ ਜਾਕੇ ਗ਼ਦਰੀ ਮਿਸ਼ਨ ਦੀ ਕਾਮਯਾਬੀ ਲਈ ਅਰਦਾਸਾਂ ਕਰ ਰਹੇ ਸਨ, ਪਰ ਹਿੰਦੁਸਤਾਨ ਦੇ ਲੋਕਾਂ ਦੇ ਹਜੂਮ ਗੁਰਦਵਾਰਿਆਂ ਤੇ ਮੰਦਰਾਂ ਵਿਚ ਜਾਕੇ ਬਰਤਾਨੀਆ ਦੀ ਜਿੱਤ ਲਈ ਦੁਆਵਾਂ ਕਰ ਰਹੇ ਸਨ।

ਜਿਸ ਪਲ ਗ਼ਦਰ ਪਾਰਟੀ ਦੇ ਆਗੂਆਂ ਨੇ ਹਿੰਦੁਸਤਾਨ ਦੀ ਸਰਜ਼ਮੀਨ 'ਤੇ ਕਦਮ ਰੱਖੇ ਉਨ੍ਹਾਂ ਨੂੰ ਤੁਰੰਤ ਗ੍ਰਿਫ਼ਤਾਰ ਕਰ ਲਿਆ ਗਿਆ; ਇਸ ਨਾਲ ਪਾਰਟੀ ਦੀ ਰੀੜ੍ਹ ਦੀ ਹੱਡੀ ਟੁੱਟ ਗਈ। ਇਸ ਤੋਂ ਇਲਾਵਾ, ਬਦੇਸ਼ਾਂ ਤੋਂ ਜੋ ਹਥਿਆਰ ਅਤੇ ਗੋਲੀਸਿੱਕਾ ਉਨ੍ਹਾਂ ਨੂੰ ਪਹੁੰਚਾਇਆ ਜਾਣਾ ਸੀ ਉਹ ਹਿੰਦੁਸਤਾਨ ਪਹੁੰਚਿਆ ਹੀ ਨਹੀਂ ਐਨ ਉਵੇਂ ਹੀ ਜਿਵੇਂ 'ਐਨੀ ਲਾਰਸਨ' ਉਪਰ ਸਾਨ ਡਿਆਗੋ (ਕੈਲੀਫੋਰਨੀਆ) ਤੋਂ ਲੱਦੀ ਹਥਿਆਰਾਂ ਦੀ ਖੇਪ ਰਾਹ ਵਿਚ ਹੀ ਜ਼ਬਤ ਕਰ ਲਈ ਗਈ।

ਸ਼੍ਰੀ ਕ੍ਰਿਪਾਲ ਸਿੰਘ ਦਾ ਗ਼ਦਰ ਪਾਰਟੀ ਨੂੰ ਦਿਸ਼ਾ-ਨਿਰਦੇਸ਼ ਦੇਣ ਵਾਲੇ ਸ਼੍ਰੀ ਰਾਸ ਬਿਹਾਰੀ ਬੋਸ ਦੇ ਅੰਦਰਲੇ ਘੇਰੇ ਵਿਚ ਘੁਸ ਜਾਣਾ ਇਕ ਗ਼ਲਤੀ ਸੀ; ਕਿਉਂਕਿ ਉਸਨੇ ਹੀ ਗ਼ਦਰ ਦੀ ਤਰੀਕ ਤੋਂ ਲੈ ਕੇ ਗ਼ਦਰ ਪਾਰਟੀ ਦੀ ਭੋਰਾ-ਭੋਰਾ ਸੂਚਨਾ ਅੰਗਰੇਜ਼ ਹਕੂਮਤ ਨੂੰ ਦਿੱਤੀ।

ਗ਼ਦਰੀਆਂ ਕੋਲ ਇਕ ਦ੍ਰਿਸ਼ਟੀ ਅਤੇ ਇਕ ਸੁਪਨਾ ਸੀ

ਫਿਰ ਵੀ, ਕੋਈ ਵੀ ਕਮੀ ਉਨ੍ਹਾਂ ਦੇਸ਼ਭਗਤਾਂ ਦੀ ਸੂਰਮਗਤੀ ਅਤੇ ਸ਼੍ਰੇਸ਼ਟਤਾ ਨੂੰ ਵੱਟਾ ਨਹੀਂ ਲਗਾ ਸਕਦੀ ਜੋ ਆਪਣੇ ਆਦਰਸ਼ਾਂ ਦੀ ਖ਼ਾਤਰ ਤੁਰੰਤ ਵਹੀਰਾਂ ਘੱਤਕੇ ਚੱਲ ਪਏ, ਇਸ ਦੇ ਬਾਵਜੂਦ ਕਿ ਅਜਿਹੀ ਆਲਮੀ ਲਹਿਰ ਲਈ ਕਿਸ ਤਰ੍ਹਾਂ ਦਾ ਬੁਨਿਆਦੀ ਢਾਂਚਾ ਤੇ ਜਥੇਬੰਦੀ ਦਰਕਾਰ ਸੀ। ਜਰਨਲ ਸਾਈਕਸ ਨੇ ਆਪਣੇ "ਈਰਾਨ ਦਾ ਇਤਿਹਾਸ" ਵਿਚ ਟਿੱਪਣੀ ਕੀਤੀ, "ਇਕ ਨਜ਼ਰੀਏ ਅਨੁਸਾਰ, ਜਿਵੇਂ 'ਦ ਟਾਈਮਜ਼' ਦੇ ਲੇਖਾਂ ਵਿਚ ਵਿਆਖਿਆ ਕੀਤੀ ਗਈ ਹੈ, ਮੇਰੀ ਫ਼ੌਜ ਨੇ ਹਿੰਦੁਸਤਾਨ ਨੂੰ ਜਾਂਦੇ ਰਸਤੇ ਦੀ ਰਾਖੀ ਕੀਤੀ। ਜ਼ਰਾ ਉਲਟੇ ਪਾਸਿਓਂ ਇਸ ਨੂੰ ਦੇਖੋ, ਜੇ ਅਸੀਂ ਹਾਰ ਜਾਂਦੇ – ਅਤੇ ਉਸ ਵਕਤ ਹਾਰ ਬਹੁਤ ਕਰੀਬ ਪਹੁੰਚ ਚੁੱਕੀ ਸੀ – ਇਸ ਦਾ ਸਿੱਟਾ ਹਿੰਦੁਸਤਾਨ ਅਤੇ ਈਰਾਨ ਲਈ ਬਹੁਤ ਗੰਭੀਰ ਹੋਣਾ ਸੀ। ਪੰਜਾਬ, ਜਿਵੇਂ ਹੁਣ ਅਸੀਂ ਜਾਣਦੇ ਹੀ ਹਾਂ, ਬਗ਼ਾਵਤ ਦੇ ਜੋਸ਼ ਨਾਲ ਉੱਬਲ ਰਿਹਾ ਸੀ, ਅਤੇ ਜੂਨ 1918 'ਚ ਜਨੂੰਨ ਦੇ ਉਸ ਫੁਟਾਰੇ ਨੇ ਇਕ ਹੋਰ ਕੁਟ-ਅਲ-ਅਮਾਰਾ ਪੈਦਾ ਕਰ ਦੇਣਾ ਸੀ, ਜਿਸ ਨੇ 1916 'ਚ ਐਨਾ ਭੈਅਭੀਤ ਕਰ ਦਿੱਤਾ ਸੀ।"[33] ਪਹਿਲੀ ਆਲਮੀ ਜੰਗ ਦੌਰਾਨ ਮੈਸੋਪੋਟਾਮੀਆ ਵਿਚ 'ਕੁਟ-ਅਲ-ਅਮਾਰਾ' ਦੀ ਲੜਾਈ ਵਿਚ ਅੰਗਰੇਜ਼ਾਂ ਦੀ ਲਗਭਗ ਪਰਲੋ ਵਾਲੀ ਹਾਰ ਨੂੰ ਦੇਖਦਿਆਂ, ਜਨਰਲ ਸਾਈਕਸ ਦੇ ਵਿਚਾਰਾਂ ਨੂੰ ਘਟਾਕੇ ਨਹੀਂ ਦੇਖਿਆ ਜਾ ਸਕਦਾ। ਗ਼ਦਰੀ ਇਕ ਦ੍ਰਿਸ਼ਟੀ ਵਾਲੇ ਅਤੇ ਆਜ਼ਾਦ ਹਿੰਦੁਸਤਾਨ ਦਾ ਸੁਪਨਾ ਲੈਣ ਵਾਲੇ ਇਨਸਾਨ ਸਨ, ਅਤੇ ਇਸ ਦੀ ਖ਼ਾਤਰ ਉਹ ਜਾਨਾਂ ਵਾਰਨ ਲਈ ਤੱਤਪਰ ਸਨ; ਅਤੇ ਕਈਆਂ ਨੇ ਇਂਵ ਹੀ ਕੀਤਾ।

ਗ਼ਦਰ ਨੇ ਵੰਦੇ *ਮਾਤਰਮ* ਨੂੰ ਆਪਣੇ ਕੌਮੀ ਤਰਾਨੇ ਵਜੋਂ ਅਪਣਾਇਆ। ਇਕ ਮਜ਼ਬੂਤ ਅਤੇ ਆਜ਼ਾਦ ਹਿੰਦੁਸਤਾਨ ਦੇ ਫ਼ਾਇਦੇ ਲਈ ਚੰਗਾ ਵਤੀਰਾ, ਸਚਾਈ ਅਤੇ ਮਾਣ-ਤਾਣ, ਜੋ ਸਾਰੇ ਧਰਮਾਂ ਦਾ ਸਾਰਤੱਤ ਹੈ, ਨੂੰ ਐਸੇ ਆਦਰਸ਼ ਮੰਨਿਆ ਗਿਆ ਜਿਨ੍ਹਾਂ ਦੀ ਪਾਲਣਾ ਕਰਨ

ਲਈ ਸਾਰੇ ਪਾਬੰਦ ਸਨ। ਹਿੰਦੁਸਤਾਨ ਵਾਪਸ ਆਏ ਗ਼ਦਰੀਆਂ ਦੀ ਕੁਰਬਾਨੀ ਅਤੇ ਸੂਰਮਗਤੀ ਦਾ ਹਿੰਦੁਸਤਾਨ ਦੇ ਲੋਕਾਂ ਨੂੰ ਜੋ ਖ਼ਾਸ ਲਾਹਾ ਹੋਇਆ ਉਹ ਸੀ ਬੌਧਿਕ ਜਾਗਰੂਕਤਾ ਅਤੇ ਜ਼ਿਹਨੀਂ ਮੁਕਤੀ। ਦਰਅਸਲ, ਭਾਵੇਂ ਉਹ ਮੁਲਕ ਦੀ ਅਸਲ ਆਜ਼ਾਦੀ ਦੇ ਕੰਮ ਨੂੰ ਨੇਪਰੇ ਚਾੜ੍ਹਨ 'ਚ ਅਸਫ਼ਲ ਰਹੇ, ਉਨ੍ਹਾਂ ਦੀਆਂ ਕਾਰਵਾਈਆਂ ਨੇ ਇਕ ਤਰ੍ਹਾਂ ਨਾਲ ਉਹ ਚਿੰਗਾੜੀ ਬਾਲ ਦਿੱਤੀ ਜਿਸ ਨੇ ਲੋਕਾਂ ਅੰਦਰ ਵਿਚਾਰਧਾਰਕ ਆਜ਼ਾਦੀ ਦੀ ਜੋਤ ਜਗਾ ਦਿੱਤੀ। ਉੱਘੇ ਇਤਿਹਾਸਕਾਰ ਬਿਪਨ ਚੰਦਰ ਮੁਤਾਬਿਕ ਗ਼ਦਰ ਲਹਿਰ ਦੀ ਸਭ ਤੋਂ ਅਹਿਮ ਦੇਣ ਇਸਦੀ "ਮਜ਼ਬੂਤ ਧਰਮਨਿਰਪੱਖ ਸੁਰ ਸੀ। ਮਜ਼੍ਹਬ ਦੇ ਸਰੋਕਾਰ ਨੂੰ ਤੁੱਛ ਤੇ ਤੰਗਦਿਲੀ, ਅਤੇ ਐਸੀ ਚੀਜ਼ ਮੰਨਿਆ ਗਿਆ ਜੋ ਇਨਕਲਾਬੀ ਦੇ ਕਿਸੇ ਕੰਮ ਨਹੀਂ।... ਜੇ ਸਿੱਟਿਆਂ ਦੇ ਤੌਰ 'ਤੇ ਉਹ ਮੁਲਕ ਦੀ ਅਸਲ ਆਜ਼ਾਦੀ ਦੇ ਕੰਮ ਨੂੰ ਨੇਪਰੇ ਨਹੀਂ ਚਾੜ੍ਹ ਸਕੇ, ਉਨ੍ਹਾਂ ਦੀਆਂ ਕਾਰਵਾਈਆਂ ਨੇ ਇਕ ਤਰ੍ਹਾਂ ਨਾਲ ਉਹ ਚਿੰਗਾੜੀ ਬਾਲ ਦਿੱਤੀ ਜਿਸ ਨੇ ਲੋਕਾਂ ਅੰਦਰ ਵਿਚਾਰਧਾਰਕ ਆਜ਼ਾਦੀ ਦੀ ਜੋਤ ਜਗਾ ਦਿੱਤੀ।"[34] ਹਿੰਦੁਸਤਾਨ ਦੀ ਆਜ਼ਾਦੀ ਉਨ੍ਹਾਂ ਦਾ ਇਕੋਇਕ ਧਰਮ ਸੀ।

ਗ਼ਦਰੀਆਂ ਲਈ ਹਿੰਦੂ ਤੇ ਮੁਸਲਮਾਨ, ਵਿਦਿਆਰਥੀ ਤੇ ਕਿਸਾਨ, ਸਾਰੇ ਇਕ ਬਰਾਬਰ ਸਨ। ਉਹ ਇਕ ਸਾਂਝੇ ਨਿਸ਼ਾਨੇ ਅਤੇ ਤਾਂਘ ਦੇ ਲਿਹਾਜ਼ ਨਾਲ ਇਕਮੁੱਠ ਸਨ। ਖ਼ਾਨਖੋਜੇ ਕਿਹਾ ਕਰਦੇ ਸਨ ਕਿ ਹਿੰਦੁਸਤਾਨ ਵਿਚ ਇਸ ਤਰ੍ਹਾਂ ਦੀ ਏਕਤਾ ਸਿਰਫ਼ ਇਕ ਵਾਰ, 1857 ਵਿਚ ਹੀ ਦੇਖੀ ਗਈ ਸੀ। ਓਦੋਂ ਪਹਿਲੀ ਵਾਰ ਹੋਇਆ ਸੀ ਕਿ ਹਿੰਦੂ ਅਤੇ ਮੁਸਲਮਾਨਾਂ ਨੇ ਬਦੇਸ਼ੀ ਧਾੜਵੀ ਨੂੰ ਦਬੱਲ ਦੇਣ ਲਈ ਮਿਲਕੇ ਯਤਨ ਕੀਤੇ ਸਨ। ਵੀਹਵੀਂ ਸਦੀ ਵਿਚ, ਜਿਸ ਲਹਿਰ ਨੂੰ ਹਰਦਿਆਲ ਨੇ ਗ਼ਦਰ ਦਾ ਨਾਂ ਦਿੱਤਾ, ਉਹ ਕਈ ਤਰ੍ਹਾਂ ਨਾਲ 1857 ਦੇ ਨਾਇਕਾਂ ਨੂੰ ਸ਼ਰਧਾਂਜਲੀ ਸੀ।

ਗ਼ਦਰੀਆਂ ਦੀ ਇਕ ਹੋਰ ਅਹਿਮ ਦੇਣ ਉਹ ਬੌਧਿਕ ਜਾਗਰੂਕਤਾ ਅਤੇ ਜ਼ਿਹਨੀਂ ਮੁਕਤੀ ਸੀ ਜੋ ਉਨ੍ਹਾਂ ਨੇ ਹਿੰਦੁਸਤਾਨੀਆਂ 'ਚ ਪ੍ਰਫੁੱਲਤ ਕੀਤੀ। ਭਾਵੇਂ ਉਹ ਮੁਲਕ ਦੀ ਆਜ਼ਾਦੀ ਨਹੀਂ ਲਿਆ ਸਕੇ, ਗ਼ਦਰ ਦੀਆਂ ਕਾਰਵਾਈਆਂ ਨੇ ਉਨ੍ਹਾਂ ਬਹੁਤ ਸਾਰੇ ਲੋਕਾਂ ਦੇ ਅੰਦਰ ਆਜ਼ਾਦੀ ਦੀ ਚਿੰਗਾੜੀ ਬਾਲ ਦਿੱਤੀ ਜਿਨ੍ਹਾਂ ਦੇ ਇਹ ਖ਼ਿਆਲਾਂ 'ਚ ਨਹੀਂ ਸੀ। ਜਿਵੇਂ ਇਤਿਹਾਸਕਾਰ ਹਰੀਸ਼ ਪੁਰੀ ਲਹਿਰ ਦੇ ਬਾਰੇ ਕਹਿੰਦਾ ਹੈ, "ਇਸ ਦੇ ਮੁਕੰਮਲ ਸਿਆਸੀ ਆਜ਼ਾਦੀ ਦੇ ਉਦੇਸ਼ ਨੇ ਕਈ ਸਾਲ ਬਾਅਦ ਹਿੰਦੁਸਤਾਨੀ ਕੌਮੀ ਸੰਘਰਸ਼ ਦਾ ਇਕ ਪ੍ਰਮਾਣਿਕ ਟੀਚਾ ਬਣ ਜਾਣਾ ਸੀ।"[35]

ਨਾਲ ਹੀ, ਇਹ ਦਲੀਲ ਦਿੱਤੀ ਜਾ ਸਕਦੀ ਹੈ ਕਿ ਉਨ੍ਹਾਂ ਦੇ ਫ਼ੌਜੀ ਗ਼ਦਰ ਦੇ ਅਸਫ਼ਲ ਹੋ ਜਾਣ ਨਾਲ, ਹਿੰਦੁਸਤਾਨ ਦੀ ਸਿਆਸੀ ਸੋਚ ਦੀ ਅਗਵਾਈ ਜ਼ਿਆਦਾਤਰ ਸ਼ਾਂਤੀਵਾਦ ਦੀ ਸਿਆਸਤ ਕਰਦੀ ਸੀ। ਪਰ, ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ 1857 ਦੀ ਜੰਗ, ਗ਼ਦਰ ਲਹਿਰ, ਉੱਘੇ ਇਨਕਲਾਬੀ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀ, ਅਤੇ ਨੇਤਾਜੀ ਸੁਭਾਸ਼ ਚੰਦਰ ਬੋਸ ਦੀ ਅਗਵਾਈ ਹੇਠ ਆਜ਼ਾਦ ਹਿੰਦ ਫ਼ੌਜ, ਇਨ੍ਹਾਂ ਸਾਰਿਆਂ ਨੇ ਅਹਿਮ ਦੇਣ ਦਿੱਤੀ ਅਤੇ ਉਹ ਹਿੰਦੁਸਤਾਨ ਦੀ ਆਜ਼ਾਦੀ ਲਿਆਉਣ 'ਚ ਬਹੁਤ ਜ਼ਿਆਦਾ ਕਾਰਗਰ ਸਾਬਤ ਹੋਏ।

NOTES AND REFERENCES

1. Sarkar, Sumit (1983), *Modern India, 1885-1947*, Delhi: Macmillan, p. 148.
2. Deepak, B. R. (1999). "Revolutionary Activities of the Ghadar Party in China". *China Report* (Sage Publications) (35): 442; Hoover, Karl (May 1985). "The Hindu Conspiracy in California, 1913-1918". *German Studies Review* (German Studies Association) 8 (2): 251; Sarkar, Sumit (1983), *Modern India*, 1885-1947, Delhi: Macmillan, p. 148.
3. Brown, Giles (Aug 1948). "The Hindu Conspiracy, 1914-1917". *The Pacific Historical Review* (University of California Press) 17 (3): p. 303.
4. Emile C. Brown, Har Dayal, Tuscan, University of Arizona Press, 1975, p.218.
5. T. R. Sareen, Indian Revolutionary Movement Abroad (1905-1920), New Delhi, Sterling Publishers, 1979, p. 184.
6. Emile C. Brown, Har Dayal, Tuscan, University of Arizona Press, 1975, p. 206.
7. A. C. Bose, Indian Revolutionaries Abroad, 1905 to 1922, Patna, Bharati Bhawan, 1971, p. 116.
8. Philip Mason, *A Matter of Honour*, pages 426-427.
9. Sareen, Tilak R. (1995), *Secret Documents on Singapore Mutiny 1915*, Mounto Publishing House, New Delhi, pp. 14-15; Kuwajima, Sho (1988), "First World War and Asia —Indian Mutiny in Singapore (1915)", *Journal of Osaka University of Foreign Studies* (Osaka University of Foreign Studies) 69: pp. 23-48.
10. Ibid.
11. Qureshi, M. Naeem (1999), *Pan-Islam in British Indian Politics: A Study of the Khilafat Movement, 1918-1924*, Brill Academic Publishers, p.78.
12. T. R. Sareen, Indian Revolutionary Movement Abroad (1905-1920), New Delhi, Sterling Publishers, 1979, p. 106.
13. Ibid, p.203.

14. Gupta, Amit K. (Sep.-Oct. 1997). "Defying Death: Nationalist Revolutionism in India, 1897-1938.", *Social Scientist* 25 (9/10): p. 12; Chhabra, G S. (2005), *Advance Study In The History of Modern India*, 2: 1803-1920, Lotus Press, p. 97.
15. Deepak, B. R. (1999). "Revolutionary Activities of the Ghadar Party in China", *China Report* (Sage Publications) (35): p.443.
16. Gupta, Amit K. (Sep.-Oct. 1997). "Defying Death: Nationalist Revolutionism in India, 1897-1938.". *Social Scientist* 25 (9/10): pp. 11-12.
17. Bose, A. C. (1971), *Indian RevolutionariesAbroad*, 1905-1927, Patna: Bharati Bhawan, pp.87-88, 132; Majumdar, Bimanbehari (1967), *Militant Nationalism in India and Its Socio-religious Background, 1897-1917*, General Printers & Publishers, p. 167; Statement of Pingle and Mula Singh to Cleveland, d/31-3-1915, H.P. 1916, May 436-439B. Notes on Tahal, Roll 6, RG 118; *Rowlatt Report* §110, §121 and §138.
18. Bose, A. C. (1971) *Indian Revolutionaries Abroad*, 1905-1927, Patna: Bharati Bhawan, pp. 161-162.
19. Gupta, Amit K. (Sep.-Oct. 1997). "Defying Death: Nationalist Revolutionism in India, 1897-1938.". *Social Scientist* 25 (9/10): pp. 11-12.
20. Majumdar, Bimanbehari (1967), *Militant Nationalism in India and Its Socio-religious Background, 1897-1917*, General Printers & Publishers, p. 167.
21. *Rowlatt*, § 138.
22. Ker, J. C. (1917), Political Trouble in India 1907-1917, Calcutta. Superintendent Government Printing, India, 1917. Republished 1973 by Delhi, Oriental Publishers, pp.377-378; *Rowlatt*, § 121.
23. Majumdar, Bimanbehari (1967), *Militant Nationalism in India and Its Socio-religious Background, 1897-1917*, General Printers & Publishers, p.169.
24. Ker, J. C. (1917), *Political Trouble in India 1907-1917*, Calcutta. Superintendent Government Printing, India, 1917. Republished 1973 by Delhi, Oriental Publishers, p.369.
25. Majumdar, Bimanbehari (1967), *Militant Nationalism in India and Its Socio-religious Background, 1897-1917*, General Printers

& Publishers, p. 169.
26. Chhabra, G. S. (2005), *Advance Study In The History Of Modern India*, 2: 1803-1920, Lotus Press, p.598.
27. Strachan, Hew (2001), *The First World War*, 1: To Arms, USA: Oxford University Press, p.796; Gupta, Amit K. (Sep.-Oct. 1997). "Defying Death: Nationalist Revolutionism in India, 1897-1938.". *Social Scientist* 25 (9/10): p.3.
28. Chhabra, G. S. (2005), *Advance Study In The History Of Modern India*, 2: 1803-1920, Lotus Press, p.598.
29. Bhai Parmanand, The Story of My Life (1982), p. 84.
30. Bipan Chandra, K. N. Panikkar, Mridula Mukherjee, Sucheta Mahajan, India's Struggle for Independence, New Delhi, Penguin Books, India, 1988.
31. Plowman, Matthew (2003), "Irish Republicans and the Indo-German Conspiracy of World War I", New Hibernia Review (Center for Irish Studies at the University of St. Thomas) (7.3): p.84.
32. The Frontlines of Revolutionary Struggles, a US-based information and news website, July-August, 2013.
33. Sir Percy Sykes, A History of Persia, Vol. 2, London, Macmillan, 1915, p. 517.
34. Bipan Chandra, K. N. Panikkar, Mridula Mukherjee, Sucheta Mahajan, India's Struggle for Independence, New Delhi, Penguin Books, India, 1988, p. 155.
35. Harish K. Puri, Ghadr Movement, Guru Nanak Dev University Press, Amritsar, pp. 179, 182.

ਕਾਲੇਪਾਣੀ ਜੇਲ੍ਹ ਦੇ ਗ਼ਦਰੀ ਨਾਇਕ

-ਐੱਸ.ਐੱਨ. ਅਗਰਵਾਲ

ਜਦੋਂ ਆਜ਼ਾਦੀ ਦੀ ਲਹਿਰ ਦਾ ਗੰਭੀਰ ਅਤੇ ਪੱਖਪਾਤ ਰਹਿਤ ਇਤਿਹਾਸ ਲਿਖਿਆ ਜਾਵੇਗਾ ਤਾਂ ਹਿੰਦੁਸਤਾਨ ਦੇ ਇਨ੍ਹਾਂ ਮਹਾਨ ਸਪੂਤਾਂ ਦੇ ਨਾਂ ਸੁਨਹਿਰੀ ਅੱਖਰਾਂ ਵਿਚ ਲਿਖੇ ਜਾਣਗੇ। ਇਨ੍ਹਾਂ ਦੇਸ਼ਭਗਤਾਂ ਨੇ ਹਿੰਦੁਸਤਾਨ ਨੂੰ ਗ਼ੁਲਾਮੀ ਦੀਆਂ ਜ਼ੰਜੀਰਾਂ ਤੋਂ ਮੁਕਤ ਕਰਾਉਣ ਅਤੇ ਆਜ਼ਾਦੀ ਦਾ ਪਹੁ-ਫੁਟਾਲਾ ਲਿਆਉਣ ਲਈ ਆਪਣਾ ਸਭ ਕੁਝ ਵਾਰ ਦਿੱਤਾ। ਹਿੰਦੁਸਤਾਨ ਦੇ ਗਲੋਂ ਬਦੇਸ਼ੀ ਜੂਲਾ ਲਾਹਕੇ ਇਸ ਦੀ ਬੰਦ-ਖ਼ਲਾਸੀ ਕਰਵਾਉਣ ਵਾਲੇ ਇਹ ਬੰਦੇ ਸਨ।

ਗ਼ਦਰ ਲਹਿਰ

ਜਦੋਂ ਅਪ੍ਰੈਲ 1914 'ਚ ਅੰਗਰੇਜ਼ ਹਕੂਮਤ ਨੇ ਸਿਆਸੀ ਕੈਦੀਆਂ ਨੂੰ ਅੰਡੇਮਾਨ ਭੇਜਣ ਦਾ ਸਿਲਸਿਲਾ ਬੰਦ ਕਰਨ ਦਾ ਫ਼ੈਸਲਾ ਕੀਤਾ (ਅਤੇ ਸਿੱਟੇ ਵਜੋਂ ਉਨ੍ਹਾਂ ਦੀ ਬਹੁਗਿਣਤੀ ਸਤੰਬਰ 1914 'ਚ ਪਹਿਲਾਂ ਹੀ ਹਿੰਦੁਸਤਾਨੀ ਜੇਲ੍ਹਾਂ ਵਿਚ ਵਾਪਸ ਭੇਜ ਦਿੱਤੀ ਗਈ ਸੀ) ਇਸ ਪਿੱਛੋਂ 1915 'ਚ ਇਨਕਲਾਬੀ ਸਰਗਰਮੀਆਂ ਦੁਬਾਰਾ ਸ਼ੁਰੂ ਹੋ ਗਈਆਂ ਜੋ ਪ੍ਰਚੰਡਤਾ ਪੱਖੋਂ ਜ਼ਿਆਦਾ ਤਾਕਤਵਰ, ਸੁਭਾਅ ਪੱਖੋਂ ਗੰਭੀਰ ਅਤੇ ਵਿਸਤਾਰ-ਪਸਾਰ ਪੱਖੋਂ ਜ਼ਿਆਦਾ ਵੱਡੀਆਂ ਸਨ। ਲਾਗੂ ਕੀਤੇ ਕਾਨੂੰਨ, ਮੌਜੂਦ ਨਿਆਂ ਪ੍ਰਬੰਧ, ਮੁਕੱਦਮੇ ਦੀ ਵਿਧੀ ਅਤੇ ਹਿੰਦੁਸਤਾਨੀ ਜੇਲ੍ਹਾਂ, ਪ੍ਰਸ਼ਾਸਨਿਕ ਢਾਂਚੇ ਦੇ ਕੁਲ ਹਥਿਆਰ 'ਦਹਿਸ਼ਤਗਰਦ' ਸਰਗਰਮੀਆਂ ਨੂੰ ਠੱਲਣ ਅਤੇ ਇਨਕਲਾਬੀਆਂ ਨੂੰ ਸਜ਼ਾ ਦੇਣ 'ਚ ਬਹੁਤ ਜ਼ਿਆਦਾ ਨਾਕਾਫ਼ੀ ਸਮਝੇ ਗਏ। ਸਿੱਟੇ ਵਜੋਂ, ਅੰਗਰੇਜ਼ ਹਕੂਮਤ ਨੇ ਸਿਰਫ਼ ਨਵੇਂ ਕਾਨੂੰਨ ਹੀ ਨਹੀਂ ਲਿਆਂਦੇ, ਨਾਲ ਹੀ ਇਸਨੇ ਮੁਕੱਦਮੇ ਦਾ ਅਦਾਲਤੀ ਤੌਰ-ਤਰੀਕਾ ਬਦਲਕੇ ਇਸ ਨੂੰ ਵੀ ਮਹਿਜ਼ ਮੁਕੱਦਮੇ ਦਾ ਢੌਂਗ ਬਣਾ ਦਿੱਤਾ। ਸਿਆਸੀ ਕੈਦੀਆਂ ਨੂੰ ਕੈਦ ਕਰਨ ਅਤੇ ਸਜ਼ਾਵਾਂ ਦੇਣ ਲਈ ਅੰਡੇਮਾਨ ਦੀ ਸੈਲੂਲਰ ਜੇਲ੍ਹ ਦੇ ਫਾਟਕ ਮੁੜ ਖੋਹਲ ਦਿੱਤੇ ਗਏ। ਇਸ ਵਾਰ ਹੋਰ ਮਾਮਲਿਆਂ ਵਿਚ ਸਜ਼ਾਵਾਂ ਦੇ ਕੇ ਜਿਨ੍ਹਾਂ ਇਨਕਲਾਬੀਆਂ ਨੂੰ ਅੰਡੇਮਾਨ ਭੇਜਿਆ ਗਿਆ, ਉਨ੍ਹਾਂ ਵਿਚ ਆਮ ਤੌਰ 'ਤੇ ਪੰਜਾਬੀ ਅਤੇ ਖ਼ਾਸ ਤੌਰ 'ਤੇ ਸਿੱਖ ਸਨ ਜਿਨ੍ਹਾਂ ਨੂੰ ਲਾਹੌਰ ਸਾਜ਼ਿਸ਼ ਮਾਮਲੇ ਵਜੋਂ ਮਸ਼ਹੂਰ ਅਤੇ ਹੋਰ ਸਬੰਧਤ ਮਾਮਲਿਆਂ ਵਿਚ ਝੂਠੇ

ਮੁਕੱਦਮਿਆਂ ਰਾਹੀਂ ਸਜ਼ਾਵਾਂ ਦਿੱਤੀਆਂ ਗਈਆਂ ਸਨ। ਕੈਨੇਡਾ, ਅਮਰੀਕਾ, ਫਿਲਪਾਈਨ, ਬਰਮਾ, ਹਾਂਗਕਾਂਗ, ਚੀਨ ਅਤੇ ਜਪਾਨ ਵਰਗੇ ਵੱਖੋ-ਵੱਖਰੇ ਮੁਲਕਾਂ ਵਿਚ ਵਧੀਆ ਸਥਾਪਤ ਇਹ ਇਨਕਲਾਬੀ ਹਿੰਦੁਸਤਾਨ ਵਿਚ ਅੰਗਰੇਜ਼ ਸਲਤਨਤ ਵਿਰੁੱਧ ਜੰਗ ਲੜਨ ਲਈ ਮਿਸ਼ਨਰੀ ਜੋਸ਼ ਨਾਲ ਵਤਨ ਵਾਪਸ ਆਏ ਸਨ। ਉਹ ਜਾਂ ਤਾਂ ਗ਼ਦਰ ਪਾਰਟੀ ਦੇ ਆਗੂ ਜਾਂ ਮੈਂਬਰ ਸਨ ਜਾਂ ਇਸ ਦੀ ਵਿਚਾਰਧਾਰਾ ਦੇ ਪ੍ਰਭਾਵ ਅਤੇ ਵਤਨ-ਪ੍ਰੇਮ ਦੇ ਜੋਸ਼ ਨਾਲ ਲਬਰੇਜ਼ ਸਨ। ਉਨ੍ਹਾਂ ਬਾਰੇ ਜਾਨਣ ਲਈ ਗ਼ਦਰ ਲਹਿਰ ਨੂੰ ਸਮਝਣਾ ਅਹਿਮ ਰਹੇਗਾ ਜੋ ਮੁਲਕ ਦੇ ਉਤਰੀ ਹਿੱਸਿਆਂ ਵਿਚ ਇਕ ਜ਼ਬਰਦਸਤ ਤਾਕਤ ਬਣਕੇ ਉੱਭਰੀ।

ਗ਼ਦਰ ਪਾਰਟੀ ਦੇ ਹੋਂਦ 'ਚ ਆਉਣ ਵਿਚ ਬਹੁਤ ਸਾਰੇ ਕਾਰਕਾਂ ਦਾ ਯੋਗਦਾਨ ਹੈ। ਪਹਿਲਾ, ਅਤੇ ਓਦੋਂ ਤਕ ਸਭ ਤੋਂ ਅਹਿਮ ਕੈਨੇਡਾ ਅਤੇ ਅਮਰੀਕਾ ਵਿਚ ਹਿੰਦੁਸਤਾਨੀਆਂ ਨਾਲ ਵਿਤਕਰਾ ਸੀ। ਅਮਰੀਕਾ ਵਿਚ ਜਿਥੇ ਕਾਲੇ ਲੋਕਾਂ ਵਿਰੁੱਧ ਜ਼ਬਰਦਸਤ ਰੰਗਭੇਦ ਮੌਜੂਦ ਸੀ, ਹਿੰਦੁਸਤਾਨੀ ਵੀ ਇਸ ਦੇ ਸ਼ਿਕਾਰ ਹੋਏ। ਲਾਲਾ ਲਾਜਪਤ ਰਾਏ ਅਨੁਸਾਰ, ਬਦੇਸ਼ਾਂ ਵਿਚ ਰਹਿ ਰਹੇ ਹਿੰਦੁਸਤਾਨੀਆਂ ਨੂੰ ਤਿੰਨ ਤਰ੍ਹਾਂ ਦੇ ਤੁਅੱਸਬਾਂ ਦਾ ਸ਼ਿਕਾਰ ਹੋਣਾ ਪਿਆ – ਰੰਗਭੇਦ ਦਾ ਤੁਅੱਸਬ, ਨਸਲੀ ਤੁਅੱਸਬ ਅਤੇ ਧਰਮ ਦਾ ਤੁਅੱਸਬ। ਹੋਰ ਅੱਗੇ, ਅਮਰੀਕਨ ਅਤੇ ਹਿੰਦੁਸਤਾਨੀ ਕਾਮਿਆਂ ਦਰਮਿਆਨ ਹਿੱਤਾਂ ਦਾ ਤਕੜਾ ਟਕਰਾਅ ਸੀ। ਹਿੰਦੁਸਤਾਨੀ ਬਹੁਤ ਹੀ ਥੋੜ੍ਹੀਆਂ ਉਜਰਤਾਂ ਉਪਰ ਕੰਮ ਕਰਨ ਦੇ ਚਾਹਵਾਨ ਸਨ ਜਦੋਂਕਿ ਅਮਰੀਕਨ ਆਪਣੇ ਕੰਮ ਦਾ ਲਾਹੇਵੰਦ ਮਿਹਨਤਾਨਾ ਲੈਂਦੇ ਸਨ। ਇਸ ਦਾ ਸਿੱਟਾ ਖ਼ਤਰਨਾਕ ਮੁਕਾਬਲੇਬਾਜ਼ੀ ਅਤੇ ਨਤੀਜਨ ਤਣਾਓ ਪੈਦਾ ਹੋਣ 'ਚ ਨਿਕਲਿਆ। ਹਿੰਦੁਸਤਾਨੀਆਂ ਨੂੰ ਉਨ੍ਹਾਂ ਦੇ ਗੋਰੇ ਸਹਿ-ਕਾਮੇ ਅਤੇ ਉਨ੍ਹਾਂ ਦੇ ਗੁਆਂਢੀ ਬੇਇੱਜ਼ਤ ਕਰਦੇ, ਉਨ੍ਹਾਂ ਨੂੰ ਜ਼ਲੀਲ ਕਰਦੇ ਅਤੇ ਘ੍ਰਿਣਾ ਕਰਦੇ। ਇਸ ਨਾਲ ਹਿੰਦੁਸਤਾਨੀ ਆਵਾਸੀਆਂ ਨੂੰ ਅਹਿਸਾਸ ਹੋ ਗਿਆ ਕਿ ਜਿਨ੍ਹਾਂ ਨੂੰ ਆਪਣੇ ਵਤਨ 'ਚ ਹੱਕ ਨਾ ਹੋਣ ਉਹ ਬਦੇਸ਼ਾਂ ਵਿਚ ਵੀ ਹੱਕਾਂ ਤੋਂ ਵਾਂਝੇ ਹੁੰਦੇ ਹਨ। ਐਪਰ, ਅਮਰੀਕਨ ਨਾਗਰਿਕਾਂ ਦੀ ਬਹੁਗਿਣਤੀ ਹਿੰਦੁਸਤਾਨੀਆਂ ਅਤੇ ਉਨ੍ਹਾਂ ਦੇ ਦੇਸ਼ਭਗਤੀ ਦੇ ਜਜ਼ਬੇ ਪ੍ਰਤੀ ਹਮਦਰਦੀ ਰੱਖਦੀ ਸੀ।

ਇਸੇ ਤਰ੍ਹਾਂ ਦੇ ਕਾਰਕ ਕੈਨੇਡਾ ਵਿਚ ਹਿੰਦੁਸਤਾਨੀ ਆਵਾਸੀਆਂ ਪ੍ਰਤੀ ਵੈਰਭਾਵ ਪੈਦਾ ਕਰਨ ਲਈ ਜ਼ਿੰਮੇਵਾਰ ਸਨ ਜਿਥੇ ਹਕੂਮਤ ਵਲੋਂ ਪਾਸ ਕੀਤੇ ਕਰੜੇ ਕਾਨੂੰਨਾਂ ਨੇ ਉਨ੍ਹਾਂ ਲਈ ਭਾਰੀ ਮੁਸ਼ਕਲਾਂ ਖੜ੍ਹੀਆਂ ਕੀਤੀਆਂ ਹੋਈਆਂ ਸਨ। ਇਸ ਸਭ ਕਾਸੇ ਦਾ ਬਹੁਤ ਸਾਰੇ ਹਿੰਦੁਸਤਾਨੀ ਆਵਾਸੀਆਂ ਨੂੰ ਬਸਤੀਵਾਦੀ ਹੁਕਮਰਾਨਾਂ ਦੇ ਖ਼ਿਲਾਫ਼ ਕਰ ਦੇਣ ਅਤੇ ਅੰਗਰੇਜ਼ਾਂ ਤੋਂ ਆਜ਼ਾਦੀ ਹਾਸਲ ਕਰਨ ਦੇ ਮਨੋਰਥ ਨਾਲ ਹਥਿਆਰਬੰਦ ਇਨਕਲਾਬ ਕਰਨ ਵਾਸਤੇ ਉਨ੍ਹਾਂ ਨੂੰ ਜਥੇਬੰਦ ਹੋਣ ਲਈ ਪ੍ਰੇਰਤ ਕਰਨ 'ਚ ਜ਼ੁੜਵਾਂ ਅਸਰ ਹੋਇਆ ਸੀ।

ਸੇਂਟ ਜੌਹਨ ਵਿਖੇ ਪੰਡਤ ਕਾਂਸ਼ੀਰਾਮ ਦਾ ਡੇਰਾ ਸਿਆਸੀ ਸਰਗਰਮੀ ਦਾ ਇਕ ਅਹਿਮ ਕੇਂਦਰ ਬਣਿਆ। ਭਾਈ ਸੋਹਣ ਸਿੰਘ ਭਕਨਾ, ਭਾਈ ਹਰਨਾਮ ਸਿੰਘ ਟੁੰਡੀਲਾਟ, ਭਾਈ ਊਧਮ ਸਿੰਘ ਕਸੇਲ, ਰਾਮ ਰੱਖਾ ਅਤੇ ਭਾਈ ਈਸ਼ਰ ਸਿੰਘ ਮਰਹਾਣਾ ਵਰਗੇ ਕਾਰਕੁਨਾਂ ਨੇ ਆਪਣੇ

ਮਸਲਿਆਂ ਬਾਰੇ ਵਿਚਾਰ-ਚਰਚਾ ਕਰਨ ਅਤੇ ਆਪਣੇ ਵਤਨ ਵਾਸੀਆਂ ਨੂੰ ਅਗਵਾਈ ਦੇਣ ਲਈ ਬਾਕਾਇਦਗੀ ਨਾਲ ਮੀਟਿੰਗਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਇਥੇ ਆਉਣ ਵਾਲੇ ਹਿੰਦੁਸਤਾਨੀ ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਰਹਿਣ ਲਈ ਅਤੇ ਇਕ ਕੇਂਦਰ ਦੇ ਤੌਰ 'ਤੇ ਸੇਂਟ ਜੌਹਨ ਵਿਖੇ ਇੰਡੀਆ ਹਾਊਸ ਬਣਾਇਆ ਗਿਆ। 1912 'ਚ ਇਕ ਇਨਕਲਾਬੀ ਸੁਸਾਇਟੀ, ਦ ਹਿੰਦੁਸਤਾਨੀ ਐਸੋਸੀਏਸ਼ਨ ਆਫ ਪੈਸੀਫਿਕ ਕੋਸਟ, ਬਣਾਈ ਗਈ ਜਿਸ ਦਾ ਸਦਰ-ਮੁਕਾਮ ਪੋਰਟਲੈਂਡ ਵਿਚ ਬਣਾਇਆ ਗਿਆ। ਜਦੋਂਕਿ 25 ਮਾਰਚ 1913 ਨੂੰ ਸੇਂਟ ਜੌਹਨ ਵਿਖੇ ਲਾਲਾ ਹਰਦਿਆਲ ਅਤੇ ਭਾਈ ਪਰਮਾਨੰਦ ਦੇ ਆਉਣ ਪਿੱਛੋਂ ਹੀ ਸਿਆਸੀ ਸਰਗਰਮੀਆਂ ਨੇ ਜ਼ੋਰ ਫੜ੍ਹਿਆ। ਵੱਖੋ-ਵੱਖਰੇ ਸ਼ਹਿਰਾਂ ਵਿਚ ਮੀਟਿੰਗਾਂ ਕੀਤੀਆਂ ਗਈਆਂ ਅਤੇ 21 ਅਪ੍ਰੈਲ 1913 ਨੂੰ ਆਖ਼ਰੀ ਕਾਰਵਾਈ ਯੋਜਨਾ ਉਲੀਕੀ ਗਈ। ਇਹ ਗ਼ਦਰ ਲਹਿਰ ਦਾ ਆਗਾਜ਼ ਸੀ।

ਗ਼ਦਰ ਪਾਰਟੀ ਨੇ ਹਿੰਦੁਸਤਾਨ ਨੂੰ ਹਥਿਆਰਬੰਦ ਸੰਘਰਸ਼ ਨਾਲ ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਮੁਕਤ ਕਰਾਉਣ ਅਤੇ ਬਰਾਬਰੀ ਤੇ ਨਿਆਂ ਦੇ ਅਧਾਰ 'ਤੇ ਇਕ ਕੌਮੀ ਹਕੂਮਤ ਦੀ ਸਥਾਪਨਾ ਕਰਨ ਲਈ ਆਪਣਾ ਦਫ਼ਤਰ 436, ਹਿੱਲ ਸਟਰੀਟ ਸਾਨ ਫਰਾਂਸਿਸਕੋ ਵਿਖੇ ਬਣਾਇਆ। ਪਹਿਲੀ ਨਵੰਬਰ 1913 ਨੂੰ ਉਰਦੂ ਹਫ਼ਤਾਵਾਰ ਅਖ਼ਬਾਰ *ਗ਼ਦਰ* ਦਾ ਪ੍ਰਕਾਸ਼ਨ ਸ਼ੁਰੂ ਕੀਤਾ ਗਿਆ। ਇਸ ਹਫ਼ਤਾਵਾਰ ਦਾ ਪੰਜਾਬੀ ਐਡੀਸ਼ਨ 8 ਦਸੰਬਰ 1913 ਨੂੰ ਸ਼ੁਰੂ ਕੀਤਾ ਗਿਆ।

ਹਰਦਿਆਲ ਨੂੰ ਉਮੀਦ ਸੀ ਕਿ 1910ਵਿਆਂ ਦੇ ਅੱਧ 'ਚ ਇੰਗਲੈਂਡ ਅਤੇ ਜਰਮਨੀ ਦਰਮਿਆਨ ਜੰਗ ਲੱਗੇਗੀ, ਜਿਸ ਨੂੰ ਮੁਲਕ ਦੀ ਆਜ਼ਾਦੀ ਲਈ ਅੰਗਰੇਜ਼ ਵਿਰੁੱਧ ਹਥਿਆਰਬੰਦ ਇਨਕਲਾਬ ਕਰਨ ਦਾ ਇਕ ਬਿਹਤਰੀਨ ਮੌਕਾ ਸਮਝਿਆ ਗਿਆ। ਛਾਪਾਮਾਰ ਯੁੱਧ, ਬੰਬ ਬਣਾਉਣ ਅਤੇ ਜਹਾਜ਼ ਚਲਾਉਣ ਤੇ ਮੁਰੰਮਤ ਕਰਨ ਵਰਗੇ ਕੰਮਾਂ ਦੀ ਮੁਹਾਰਤ ਸਿੱਖਣ ਲਈ ਆਪਾਵਾਰ ਗ਼ਦਰੀ ਨੌਜਵਾਨ ਕਾਮਿਆਂ ਦੀਆਂ ਟੋਲੀਆਂ ਵੱਖੋ-ਵੱਖਰੇ ਥਾਵਾਂ 'ਤੇ ਭੇਜੀਆਂ ਗਈਆਂ।

ਕੈਨੇਡਾ ਜਾ ਕੇ ਵਸਣ ਦੇ ਚਾਹਵਾਨ ਸੈਂਕੜੇ ਪੰਜਾਬੀਆਂ ਨੂੰ ਲੈ ਕੇ ਕਾਮਾਗਾਟਾ ਮਾਰੂ ਜਹਾਜ਼ 4 ਅਪ੍ਰੈਲ 1914 ਨੂੰ ਹਾਂਗਕਾਂਗ ਤੋਂ ਚੱਲਿਆ ਅਤੇ ਚੀਨ ਵਿਚ ਸ਼ੰਘਾਈ, ਅਤੇ ਜਪਾਨ ਵਿਚ ਮੋਜੀ ਅਤੇ ਯੋਕੋਹਾਮਾ ਤੋਂ ਹੁੰਦਾ ਹੋਇਆ 23 ਮਈ 1914 ਨੂੰ ਵੈਨਕੂਵਰ ਪਹੁੰਚਿਆ। ਪਰ ਕੈਨੇਡੀਅਨ ਅਧਿਕਾਰੀਆਂ ਵਲੋਂ ਮੁਸਾਫ਼ਰਾਂ ਨੂੰ ਮੁਲਕ ਵਿਚ ਦਾਖ਼ਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਮੁਸਾਫ਼ਰਾਂ ਸਮੇਤ ਜਹਾਜ਼ ਨੂੰ ਕੈਨੇਡਾ ਤੋਂ ਵਾਪਸ ਜਾਣ ਲਈ ਮਜਬੂਰ ਕਰ ਦਿੱਤਾ ਗਿਆ। *ਗ਼ਦਰ* ਨੇ ਇਕ ਵਿਸ਼ੇਸ਼ ਅੰਕ ਵਿਚ ਹਕੂਮਤ ਵਲੋਂ ਮੁਸਾਫ਼ਰਾਂ ਨੂੰ ਤੰਗ-ਪ੍ਰੇਸ਼ਾਨ ਕੀਤੇ ਜਾਣ ਦਾ ਪਰਦਾਫਾਸ਼ ਕੀਤਾ।

ਹਥਿਆਰਬੰਦ ਬਗ਼ਾਵਤ

ਇਸ ਦੌਰਾਨ, 25 ਜੁਲਾਈ 1914 ਨੂੰ ਪਹਿਲੀ ਆਲਮੀ ਜੰਗ ਲੱਗ ਗਈ। 4

ਅਗਸਤ 1914 ਨੂੰ ਬਰਤਾਨੀਆ ਨੇ ਜਰਮਨੀ ਨਾਲ ਜੰਗ ਦਾ ਐਲਾਨ ਕਰ ਦਿੱਤਾ ਅਤੇ ਗ਼ਦਰ ਪਾਰਟੀ ਵਲੋਂ ਵੀ ਅਗਲੇ ਦਿਨ ਬਰਤਾਨੀਆ ਵਿਰੁੱਧ ਜੰਗ ਦਾ ਐਲਾਨ ਕਰ ਦਿੱਤਾ ਗਿਆ। ਪੈਗ਼ਾਮ ਸੀ: "ਹਿੰਦੁਸਤਾਨ ਨੂੰ ਚਾਲੇ ਪਾ ਦਿਓ, ਮੁਲਕ ਦੇ ਕੋਨੇ-ਕੋਨੇ ਵਿਚ ਗ਼ਦਰ ਮਚਾ ਦਿਓ।" ਇਨਕਲਾਬੀ ਜੋਸ਼ ਨਾਲ ਲਟ-ਲਟ ਬਲਦੇ ਗ਼ਦਰੀ ਹਿੰਦੁਸਤਾਨ ਨੂੰ ਰਵਾਨਾ ਹੋ ਗਏ।

ਗ਼ਦਰੀਆਂ ਨੇ ਫ਼ੈਸਲਾ ਕੀਤਾ ਕਿ ਉਹ ਵੱਖੋ-ਵੱਖਰੀਆਂ ਛਾਉਣੀਆਂ ਵਿਚ ਜਾ ਕੇ ਫ਼ੌਜੀਆਂ ਦੀਆਂ ਸਫ਼ਾਂ ਵਿਚ ਘੁਸਪੈਠ ਕਰਨਗੇ ਅਤੇ ਉਨ੍ਹਾਂ ਨੂੰ ਬਰਤਾਨੀਆ ਵਿਰੁੱਧ ਗ਼ਦਰ ਕਰਨ ਲਈ ਪ੍ਰੇਰਤ ਕਰਨਗੇ। ਇਸ ਮਨੋਰਥ ਲਈ ਹਰ ਮੈਂਬਰ ਨੂੰ ਖ਼ਾਸ ਇਲਾਕੇ ਸੌਂਪ ਦਿੱਤੇ ਗਏ। ਮਿਸਾਲ ਵਜੋਂ, ਭਾਈ ਹਿਰਦਾ ਰਾਮ ਨੂੰ ਜਲੰਧਰ ਛਾਉਣੀ, ਕਰਤਾਰ ਸਿੰਘ ਸਰਾਭਾ ਨੂੰ ਫ਼ਿਰੋਜ਼ਪੁਰ, ਭਾਈ ਹਰਨਾਮ ਸਿੰਘ ਕਹੂਟਾ ਨੂੰ ਜੇਹਲਮ, ਰਾਵਲਪਿੰਡੀ, ਪੇਸ਼ਾਵਰ ਅਤੇ ਮਰਦਾਨ, ਪਿਆਰਾ ਸਿੰਘ ਲੰਗੇਰੀ ਨੂੰ ਬਨੂ ਕੋਹਟ ਦੇ ਸਰਹੱਦੀ ਫ਼ੌਜੀ ਅੱਡਿਆਂ ਵਿਚ ਫ਼ੌਜੀ ਟੁਕੜੀਆਂ ਨੂੰ ਉਕਸਾਉਣ ਲਈ ਭੇਜਿਆ ਗਿਆ। ਵਿਸ਼ਨੂ ਗਣੇਸ਼ ਪਿੰਗਲੇ ਨੂੰ ਮੇਰਠ ਛਾਉਣੀ ਦਾ ਕੰਮ ਸੌਂਪਿਆ ਗਿਆ। ਪੰਡਤ ਜਗਤ ਰਾਮ ਹਰਿਆਣਾ ਹਥਿਆਰ ਲੈਣ ਦੇ ਮਨੋਰਥ ਨਾਲ ਪੱਛਮੀ ਸਰਹੱਦਾਂ ਦੇ ਆਜ਼ਾਦ ਇਲਾਕੇ ਵਿਚ ਗਿਆ ਜਿਥੇ 23 ਨਵੰਬਰ 1914 ਨੂੰ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।[1]

27 ਨਵੰਬਰ ਨੂੰ ਗ਼ਦਰੀਆਂ ਨੂੰ ਫੇਰੂ ਸ਼ਹਿਰ ਵਿਚ ਕੁਝ ਪਛਾੜ ਦਾ ਸਾਹਮਣਾ ਕਰਨਾ ਪਿਆ ਜਦੋਂ ਪੁਲਿਸ ਨਾਲ ਇਕ ਮੁਕਾਬਲਾ ਹੋ ਗਿਆ ਜਿਸ ਵਿਚ ਉਨ੍ਹਾਂ ਵਿੱਚੋਂ ਕੁਝ ਮਾਰੇ ਗਏ ਅਤੇ ਕਾਂਸ਼ੀ ਰਾਮ ਸਮੇਤ ਕੁਝ ਹੋਰ ਗ੍ਰਿਫ਼ਤਾਰ ਕਰ ਲਏ ਗਏ ਅਤੇ ਬਾਅਦ ਵਿਚ ਮੁਕੱਦਮਾ ਚਲਾਕੇ ਫਾਂਸੀ ਦੇ ਦਿੱਤੇ ਗਏ। ਵਿਸ਼ਨੂ ਗਣੇਸ਼ ਪਿੰਗਲੇ, ਕਰਤਾਰ ਸਿੰਘ ਸਰਾਭਾ ਅਤੇ ਪਰਮਾਨੰਦ ਝਾਂਸੀ ਨੇ ਆਗੂ ਭੂਮਿਕਾ ਨਿਭਾਈ ਅਤੇ ਰਾਸ ਬਿਹਾਰੀ ਬੋਸ ਵੀ ਸੰਘਰਸ਼ ਵਿਚ ਆ ਕੁੱਦੇ।

ਅੰਗਰੇਜ਼ ਰਾਜ ਉਪਰ ਆਖ਼ਰੀ ਹੱਲਾ ਬੋਲਣ ਦੀ ਤਰੀਕ 21 ਫਰਵਰੀ 1915 ਮਿੱਥੀ ਗਈ। ਇਸ ਦਿਨ ਮੀਆਂ ਮੀਰ ਅਤੇ ਫ਼ਿਰੋਜ਼ਪੁਰ ਛਾਉਣੀਆਂ ਉਪਰ ਹਮਲਾ ਕਰਨ ਦਾ ਫ਼ੈਸਲਾ ਕੀਤਾ ਗਿਆ। ਇਹ ਵੀ ਤੈਅ ਕੀਤਾ ਗਿਆ ਕਿ ਮੇਰਠ ਦੀ 128 ਪਾਇਨੀਅਰ ਰੈਜੀਮੈਂਟ ਭਾਈ ਫੂਲਾ ਸਿੰਘ ਦੀ ਕਮਾਨ ਹੇਠ, ਅਤੇ 12ਵਾਂ ਰਸਾਲਾ ਰੈਜੀਮੈਂਟ ਭਾਈ ਈਸ਼ਰ ਸਿੰਘ ਦੀ ਕਮਾਨ ਹੇਠ ਬਗ਼ਾਵਤ ਕਰਨਗੀਆਂ ਅਤੇ ਮੇਰਠ ਉਪਰ ਕਬਜ਼ਾ ਕਰ ਲੈਣਗੀਆਂ। ਵਿਸ਼ਨੂ ਗਣੇਸ਼ ਪਿੰਗਲੇ ਦੀ ਕਮਾਨ ਹੇਠ ਉਹ ਦਿੱਲੀ ਵੱਲ ਚੱਲ ਪੈਣਗੀਆਂ ਅਤੇ ਹਿੰਦੁਸਤਾਨੀ ਗਣਰਾਜ ਦਾ ਐਲਾਨ ਕਰ ਦੇਣਗੀਆਂ।[2]

ਗ਼ਦਾਰਾਂ ਨੇ ਉਨ੍ਹਾਂ ਦੀ ਯੋਜਨਾ ਨਾਕਾਮ ਬਣਾ ਦਿੱਤੀ

ਪਰ ਕਾਮਯਾਬੀ ਗ਼ਦਰੀ ਆਗੂਆਂ ਦੇ ਹੱਥ ਨਾ ਲੱਗੀ ਕਿਉਂਕਿ ਗ਼ਦਾਰ ਉਨ੍ਹਾਂ ਦੀਆਂ ਸਫ਼ਾਂ ਵਿਚ ਘੁਸ ਗਏ ਸਨ। ਬਰਤਾਨਵੀ ਪੁਲਿਸ ਨੂੰ ਯੋਜਨਾ ਦੀ ਸੂਹ ਮਿਲ ਗਈ ਅਤੇ ਉਨ੍ਹਾਂ ਨੇ ਹਮਲਾ ਨਾਕਾਮ ਬਣਾ ਦਿੱਤਾ। ਗ਼ਦਰੀ ਆਗੂਆਂ ਨੇ ਹਮਲੇ ਦੀ ਤਰੀਕ 19 ਫਰਵਰੀ 1915

ਕਰਨ ਦਾ ਫ਼ੈਸਲਾ ਕੀਤਾ। ਪਰ ਇਸ ਦੀ ਸੂਹ ਵੀ ਪੁਲਿਸ ਨੂੰ ਮਿਲ ਗਈ ਸਿੱਟੇ ਵਜੋਂ ਵੱਡੇ ਪੈਮਾਨੇ 'ਤੇ ਗ੍ਰਿਫ਼ਤਾਰੀਆਂ ਹੋ ਗਈਆਂ। ਇਞ, ਲਹਿਰ ਨੂੰ ਪਛਾੜ ਦਾ ਸਾਹਮਣਾ ਕਰਨਾ ਪਿਆ। ਫਿਰ ਵੀ, ਜਿਵੇਂ ਪੰਜਾਬ ਦੇ ਗਵਰਨਰ ਓਡਵਾਇਰ ਨੇ ਬਿਆਨ ਕੀਤਾ, "ਗ਼ਦਰ ਲਹਿਰ ਹਿੰਦੁਸਤਾਨ ਵਿਚ ਅੰਗਰੇਜ਼ੀ ਰਾਜ ਨੂੰ ਉਲਟਾਉਣ ਦਾ ਹੁਣ ਤਕ ਦਾ ਸਭ ਤੋਂ ਗੰਭੀਰ ਯਤਨ ਸੀ।"[3]

1915-1921 ਦੌਰਾਨ ਜਲਾਵਤਨੀ

ਗ਼ਦਰੀ ਦੀ ਮੁਹਿੰਮ ਨਾਕਾਮ ਰਹਿਣ ਦਾ ਸਿੱਟਾ ਸਿਰਕੱਢ ਆਗੂਆਂ ਦੀ ਗ੍ਰਿਫ਼ਤਾਰੀ 'ਚ ਨਿਕਲਿਆ। ਉਨ੍ਹਾਂ ਨੂੰ ਕੇਂਦਰੀ ਜੇਲ੍ਹ ਲਾਹੌਰ ਵਿਚ ਕੈਦ ਕੀਤਾ ਗਿਆ। ਕਿਉਂਕਿ ਉਨ੍ਹਾਂ ਦੀਆਂ ਸਰਗਰਮੀਆਂ ਦਾ ਕੇਂਦਰ ਲਾਹੌਰ ਸੀ ਅਤੇ ਮੁਕੱਦਮਾ ਉਥੇ ਚਲਾਇਆ ਗਿਆ, ਇਸ ਲਈ ਮਾਮਲੇ ਨੂੰ ਲਾਹੌਰ ਸਾਜ਼ਿਸ਼ ਮਾਮਲਾ ਕਿਹਾ ਗਿਆ।

ਲਾਹੌਰ ਸਾਜ਼ਿਸ਼ ਮਾਮਲਾ

ਹਿੰਦੁਸਤਾਨ ਹਕੂਮਤ ਨੇ ਗਵਰਨਰ ਓਡਵਾਇਰ ਦੀ ਜ਼ੋਰਦਾਰ ਦਲੀਲ ਮੰਨ ਲਈ ਅਤੇ ਭਿਆਨਕ ਹਾਲਾਤ ਤਹਿਤ ਡਿਫੈਂਸ ਆਫ ਇੰਡੀਆ ਐਕਟ (1915) ਲਿਆਂਦਾ ਗਿਆ ਜਿਸ ਦੁਆਰਾ ਇਨਕਲਾਬੀ ਜੁਰਮਾਂ ਦੇ ਦੋਸ਼ੀਆਂ 'ਤੇ ਮੁਕੱਦਮਾ ਚਲਾਉਣ ਲਈ ਖ਼ਾਸ ਟ੍ਰਿਬਿਊਨਲ ਬਣਾਇਆ ਗਿਆ। ਏ.ਏ. ਇਰਵਿਨ ਇਸ ਦਾ ਪ੍ਰਧਾਨ ਅਤੇ ਟੀ.ਪੀ. ਇਲੀਸ ਅਤੇ ਆਰ.ਬੀ.ਪੰਡਿਤ ਸ਼ਿਓ ਨਰੈਣ ਕਮਿਸ਼ਨਰ ਸਨ। ਇਸ ਐਕਟ ਤਹਿਤ, ਮੁਕੱਦਮੇ ਦੀ ਕਾਰਵਾਈ ਦੀਆਂ ਬੰਦਸ਼ਾਂ ਤੋਂ ਛੋਟ ਦੇ ਦਿੱਤੀ ਗਈ ਅਤੇ ਅਪੀਲ ਦੀ ਵਿਵਸਥਾ ਖ਼ਤਮ ਕਰ ਦਿੱਤੀ ਗਈ। ਰਾਸ ਬਿਹਾਰੀ ਬੋਸ (ਜੋ ਸਤਾਰਾਂ ਫਰਾਰ ਵਿਅਕਤੀਆਂ ਵਿਚ ਸ਼ਾਮਲ ਸੀ) ਸਮੇਤ ਬਿਆਸੀ ਵਿਅਕਤੀਆਂ ਨੂੰ ਮੁਲਜ਼ਮਾਂ ਦੀ ਸੂਚੀ ਵਿਚ ਰੱਖਕੇ 26 ਅਪ੍ਰੈਲ 1915 ਨੂੰ ਲਾਹੌਰ ਸਾਜ਼ਿਸ਼ ਮੁਕੱਦਮਾ (ਸੁਲਤਾਨ ਬਨਾਮ ਆਨੰਦ ਕਿਸ਼ੋਰ ਅਤੇ ਹੋਰ) ਸ਼ੁਰੂ ਕੀਤਾ ਗਿਆ ਜੋ 13 ਸਤੰਬਰ 1915 ਤਕ ਚਲਦਾ ਰਿਹਾ। ਪ੍ਰਮੁੱਖ ਇਲਜ਼ਾਮ ਇਹ ਸੀ ਕਿ ਉਨ੍ਹਾਂ ਨੇ ਸੁਲਤਾਨ ਦੇ ਖ਼ਿਲਾਫ਼ ਜੰਗ ਛੇੜੀ ਅਤੇ ਉਹ ਹਿੰਦੁਸਤਾਨ ਵਿਚ ਅੰਗਰੇਜ਼ ਹਕੂਮਤ ਦਾ ਤਖ਼ਤਾ ਉਲਟਾਉਣਾ ਚਾਹੁੰਦੇ ਸਨ ਜਿਸ ਦੀ ਪੂਰਤੀ ਲਈ ਉਨ੍ਹਾਂ ਵਲੋਂ ਹਿੰਦੁਸਤਾਨੀ ਫ਼ੌਜੀਆਂ ਨੂੰ ਭੜਕਾਉਣ, ਹਥਿਆਰ ਤੇ ਗੋਲੀਸਿੱਕਾ ਇਕੱਠਾ ਕਰਨ, ਸਰਕਾਰੀ ਖ਼ਜ਼ਾਨੇ ਲੁੱਟਕੇ ਧਨ ਹਾਸਲ ਕਰਨ, ਪੁਲਿਸ ਅਧਿਕਾਰੀਆਂ ਤੇ ਆਮ ਨਾਗਰਿਕਾਂ ਦੇ ਕਤਲ ਕਰਨ, ਰੇਲਵੇ ਪੱਟੜੀਆਂ ਅਤੇ ਪੁਲ ਤਬਾਹ ਕਰਨ, ਗ਼ਦਰ ਫੈਲਾਉਣ ਲਈ ਬਾਗ਼ੀ ਸਾਹਿਤ ਛਾਪਣ ਅਤੇ ਤਕਸੀਮ ਕਰਨ ਦੀ ਮਦਦ ਲਈ ਗਈ। ਅਦਾਲਤ ਕੇਂਦਰੀ ਜੇਲ੍ਹ ਲਾਹੌਰ ਵਿਚ ਲਾਈ ਗਈ ਅਤੇ ਬੰਦ ਦਰਵਾਜ਼ਾ ਮੁਕੱਦਮਾ ਚਲਾਇਆ ਗਿਆ। ਇੱਥੋਂ ਤਕ ਕਿ ਮੁਲਜ਼ਮਾਂ ਦੇ ਸਕੇ-ਸਬੰਧੀਆਂ ਨੂੰ ਵੀ ਮੁਕੱਦਮੇ ਦੀ ਕਾਰਵਾਈ ਵਿਚ ਨਹੀਂ ਜਾਣ ਦਿੱਤਾ ਗਿਆ। ਸੀ. ਬੇਵਨ ਪਿਟਮੈਨ ਸਰਕਾਰੀ ਵਕੀਲ ਸੀ ਅਤੇ ਵਕੀਲ ਤਾਜ-

ਉਦ-ਦੀਨ ਕੁਰੈਸ਼ੀ ਵਲੋਂ ਉਸਦੀ ਸਹਾਇਤਾ ਕੀਤੀ ਗਈ। ਰਘੂਨਾਥ ਸਹਾਏ ਭਾਈ ਪਰਮਾਨੰਦ ਦੇ ਵਕੀਲ ਵਜੋਂ ਪੇਸ਼ ਹੋਇਆ। ਕੁਝ ਗ਼ਦਰੀ ਦੇਸ਼ਭਗਤਾਂ ਨੇ ਹਕੂਮਤ ਰਾਏ ਨੂੰ ਵਕੀਲ ਕੀਤਾ, ਪਰ ਉਨ੍ਹਾਂ 'ਚੋਂ ਚੋਖੀ ਗਿਣਤੀ ਨੇ ਕੋਈ ਵਕੀਲ ਨਹੀਂ ਕੀਤਾ। ਮੁਕੱਦਮੇ ਦਾ ਢੌਂਗ ਰਚਣ ਲਈ ਸਰਕਾਰ ਨੇ ਉਨ੍ਹਾਂ ਨੂੰ ਆਪਣੇ ਵਲੋਂ ਵਕੀਲ ਦਿੱਤਾ। ਇਸਤਗਾਸਾ ਵਕੀਲ ਨੇ 404 ਗਵਾਹਾਂ ਤੋਂ ਪੁੱਛਗਿੱਛ ਕੀਤੀ ਅਤੇ 282 ਦਸਤਾਵੇਜ਼ ਸਬੂਤ ਵਜੋਂ ਪੇਸ਼ ਕੀਤੇ ਗਏ। ਦੋ ਸੌ ਅਠਾਈ ਗਵਾਹ ਸਫ਼ਾਈ ਧਿਰ ਵਲੋਂ ਪੇਸ਼ ਹੋਏ। ਸਫ਼ਾਈ ਧਿਰ ਦੇ ਪੰਜਾਹ ਗਵਾਹ ਬਾਹਰੋਂ ਵੀ ਪੇਸ਼ ਹੋਏ, ਪਰ ਅਦਾਲਤ ਨੇ ਉਨ੍ਹਾਂ ਦੀ ਹਾਜ਼ਰੀ ਨਹੀਂ ਲਾਈ।

ਸੋਹਣ ਸਿੰਘ ਭਕਨਾ, ਪੰਡਤ ਕਾਂਸ਼ੀਰਾਮ, ਕਰਤਾਰ ਸਿੰਘ ਸਰਾਭਾ, ਵਿਸ਼ਣੂ ਗਣੇਸ਼ ਪਿੰਗਲੇ, ਜਗਤ ਸਿੰਘ, ਹਰਨਾਮ ਸਿੰਘ ਅਤੇ ਪ੍ਰਿਥਵੀ ਸਿੰਘ ਆਜ਼ਾਦ ਨੇ ਯੋਜਨਾਬੰਦੀ, ਜਥੇਬੰਦੀ ਅਤੇ ਪਾਰਟੀ ਨੂੰ ਚਲਾਉਣ ਦੀ ਜ਼ਿੰਮੇਵਾਰੀ ਦਾ ਇਕਬਾਲ ਕੀਤਾ। ਜਗਤ ਰਾਮ ਨੇ ਅੰਗਰੇਜ਼ ਹੁਕਮਰਾਨਾਂ ਦਾ ਪਰਦਾਫਾਸ਼ ਕਰਦਿਆਂ ਲਿਖਤੀ ਬਿਆਨ ਦਰਜ ਕਰਾਇਆ।[4] ਉਸਨੇ ਆਪਣਾ ਮੁਕੱਦਮੇ 'ਚ ਖ਼ੁਦ ਦਲੀਲਬਾਜ਼ੀ ਕੀਤੀ। ਕਰਤਾਰ ਸਿੰਘ ਸਰਾਭਾ ਅਤੇ ਵਿਸ਼ਣੂ ਗਣੇਸ਼ ਪਿੰਗਲੇ ਨੇ ਵਿਅਕਤੀਗਤ ਤੌਰ 'ਤੇ ਜਾਂ ਵਕੀਲ ਰਾਹੀਂ ਆਪਣੇ ਬਚਾਓ ਲਈ ਦਲੀਲਬਾਜ਼ੀ ਕਰਨ ਤੋਂ ਉੱਕਾ ਹੀ ਨਾਂਹ ਕਰ ਦਿੱਤੀ।[5] ਮੁਕੱਦਮੇ ਦੌਰਾਨ ਇਨਕਲਾਬੀ ਜਦੋਂ ਮਿਲਦੇ ਤਾਂ ਖ਼ੁਸ਼ੀ ਮਨਾਉਂਦੇ ਅਤੇ ਮਾਂ-ਧਰਤੀ ਤੇ ਆਜ਼ਾਦੀ ਦੇ ਗੀਤ ਗਾਉਂਦੇ:

ਹਮਾਰਾ ਹਿੰਦ ਭੀ ਫੂਲੇ ਫ਼ਲੇਗਾ ਏਕ ਦਿਨ ਲੇਕਿਨ,
ਮਿਲੇਂਗੇ ਖ਼ਾਕ ਮੇਂ ਲਾਖੋਂ ਹਮਾਰੇ ਗੁਲਬਦਨ ਪਹਲੇ,
ਹਮੇ ਦੁੱਖ ਭੋਗਨਾ, ਲੇਕਿਨ ਹਮਾਰੀ ਨਸਲ ਸੁੱਖ ਪਾਏ,
ਯੇਹ ਦਿਲ ਮੇਂ ਠਾਣ ਲੋ ਅਪਨੇ,, ਏਹ ਹਿੰਦੀ ਮਾਦੇਜਨ ਪਹਲੇ।

13 ਸਤੰਬਰ 1915 ਨੂੰ ਫ਼ੈਸਲਾ ਸੁਣਾਇਆ ਗਿਆ। ਕਰਤਾਰ ਸਿੰਘ ਸਰਾਭਾ ਅਤੇ ਸੋਹਣ ਸਿੰਘ ਭਕਨਾ ਸਮੇਤ ਉਨ੍ਹਾਂ 'ਚੋਂ ਚੌਵੀ ਨੂੰ ਸਜ਼ਾ-ਏ-ਮੌਤ ਦਿੱਤੀ ਗਈ। ਉਨ੍ਹਾਂ ਨੇ ਸੁਰਮਗਤੀ ਨਾਲ ਫ਼ੈਸਲਾ ਕਬੂਲ ਕੀਤਾ। ਸਤਾਈ ਨੂੰ ਉਮਰ ਕੈਦ, ਛੇ ਨੂੰ ਵੱਖ-ਵੱਖ ਕੈਦ ਦੀ ਸਜ਼ਾ ਦਿੱਤੀ ਗਈ ਅਤੇ ਚਾਰ ਨੂੰ ਬਰੀ ਕਰ ਦਿੱਤਾ ਗਿਆ। ਜਵਾਲਾ ਸਿੰਘ, ਜੋ ਅਮਰੀਕਾ ਵਿਚ "ਆਲੂਆਂ ਦੇ ਬਾਦਸ਼ਾਹ" ਵਜੋਂ ਮਸ਼ਹੂਰ ਸਨ, ਉਮਰ ਕੈਦ ਦੀ ਸਜ਼ਾ ਪਾਉਣ ਵਾਲਿਆਂ 'ਚੋਂ ਸੀ। ਉਸਨੇ ਜੱਜਾਂ ਨੂੰ ਸਵਾਲ ਕੀਤਾ ਕਿ ਉਸ ਨੂੰ ਥੋੜ੍ਹੀ ਸਜ਼ਾ ਕਿਉਂ ਦਿੱਤੀ ਗਈ ਹੈ।

ਜਦੋਂ ਕਰਤਾਰ ਸਿੰਘ ਸਰਾਭਾ ਨੂੰ ਆਪਣੇ ਬਿਆਨ ਬਾਰੇ ਮੁੜ-ਵਿਚਾਰ ਕਰਨ ਲਈ ਕਿਹਾ ਗਿਆ ਜੋ ਉਸ ਨੂੰ ਸਜ਼ਾ-ਏ-ਮੌਤ ਤੋਂ ਬਚਾ ਸਕਦਾ ਸੀ, ਉਸਨੇ ਝੱਟ ਜਵਾਬ ਦਿੱਤਾ, "ਮੈਂ ਇਸ ਬਦੇਸ਼ੀ ਅੱਤਿਆਚਾਰੀ ਰਾਜ ਵਿਰੁੱਧ ਆਪਣੀਆਂ ਸਰਗਰਮੀਆਂ ਨੂੰ ਲੋਕਾਂ ਤੋਂ ਲੁਕੋ ਕੇ ਆਪਣੀ ਖਲ ਨਹੀਂ ਬਚਾਉਣਾ ਚਾਹੁੰਦਾ।"[6] ਗ਼ਦਰੀ ਦੇਸ਼ਭਗਤਾਂ ਵਿਚ ਆਜ਼ਾਦੀ ਦੇ ਕਾਜ ਲਈ ਇਸ ਕਦਰ ਲੋਹੜੇ ਦਾ ਇਨਕਲਾਬੀ ਜੋਸ਼, ਨਿਡਰਤਾ ਅਤੇ ਆਪਾਵਾਰ ਜਜ਼ਬਾ ਸੀ।

ਕਰਤਾਰ ਸਿੰਘ ਸਰਾਭਾ ਦੀ ਭੂਮਿਕਾ ਦੀ ਚਰਚਾ ਕਰਦੇ ਹੋਏ, ਫ਼ੈਸਲੇ ਵਿਚ ਟਿੱਪਣੀ

ਦਿੱਤੀ ਗਈ ਕਿ ਕਰਤਾਰ ਸਿੰਘ "ਇਨ੍ਹਾਂ 82 ਮੁਲਜ਼ਮਾਂ ਵਿੱਚੋਂ ਇਕ ਸਭ ਤੋਂ ਅਹਿਮ ਮੁਲਜ਼ਮ ਸੀ ਅਤੇ ਉਸਦੀ ਮੁਕੱਦਮੇ ਦੀ ਮਿਸਲ ਸਭ ਤੋਂ ਵੱਡੀ ਹੈ। ਇਸ ਸਾਜ਼ਿਸ਼ ਦਾ ਅਮਰੀਕਾ ਵਿਚ, ਸਮੁੰਦਰੀ ਸਫ਼ਰ ਦੌਰਾਨ ਅਤੇ ਹਿੰਦੁਸਤਾਨ ਵਿਚ ਵਿਹਾਰਕ ਤੌਰ 'ਤੇ ਕੋਈ ਹਿੱਸਾ ਐਸਾ ਨਹੀਂ ਜਿਸ ਵਿਚ ਉਸਨੇ ਭੂਮਿਕਾ ਨਾ ਨਿਭਾਈ ਹੋਵੇ।" ਕਰਤਾਰ ਸਿੰਘ ਵਿਲੱਖਣ ਸੂਝ ਵਾਲਾ ਬੰਦਾ ਸੀ। ਉਹ ਅਕਸਰ ਕਹਿੰਦਾ ਹੁੰਦਾ ਸੀ: "ਸਾਨੂੰ ਛੇਤੀ ਛੇਤੀ ਫਾਂਸੀ ਲਾਓ ਤਾਂ ਜੋ ਦੁਬਾਰਾ ਜਨਮ ਲੈ ਕੇ ਉਥੋਂ ਸ਼ੁਰੂ ਕਰੀਏ ਜਿੱਥੇ ਅਸੀਂ ਛੱਡਿਆ ਹੈ।"[7] ਸਜ਼ਾ-ਏ-ਮੌਤ ਕਰਤਾਰ ਸਿੰਘ ਸਰਾਭਾ ਦੇ ਦਿਲ ਵਿਚ ਵਤਨ ਪ੍ਰੇਮ ਉਪਰ ਹਾਵੀ ਨਹੀਂ ਹੋ ਸਕੀ। ਸਜ਼ਾ-ਏ-ਮੌਤ ਦਾ ਫ਼ੈਸਲਾ ਸੁਣਕੇ ਅਦਾਲਤ ਵਿੱਚੋਂ ਬਾਹਰ ਆਉਂਦਿਆਂ ਉਹ ਪੂਰੇ ਜੋਸ਼ ਨਾਲ ਇਨਕਲਾਬੀ ਗੀਤ ਗਾ ਰਿਹਾ ਸੀ।[8]

ਸਜ਼ਾਵਾਂ ਮਹਿਜ਼ ਸਖ਼ਤ ਅਤੇ ਬਦਲਾਲਊ ਹੀ ਨਹੀਂ ਸਨ ਸਗੋਂ ਅਖਾਉਤੀ ਤੌਰ 'ਤੇ ਕੀਤੇ ਜੁਰਮਾਂ ਨਾਲ ਬੇਮੇਲ ਵੀ ਹਨ ਅਤੇ ਇਕ ਦੂਜੀ ਨਾਲ ਵੀ ਨਹੀਂ ਮਿਲਦੀਆਂ ਸਨ। ਅਵਾਮ ਨੇ ਤਰਕਹੀਣ ਫ਼ੈਸਲੇ ਵਿਰੁੱਧ ਜ਼ਬਰਦਸਤ ਰੋਸ ਪ੍ਰਗਟਾਇਆ ਅਤੇ ਕੌਮੀ ਪ੍ਰੈੱਸ ਵਿਚ ਇਸ ਦੀ ਬਹੁਤ ਜ਼ਿਆਦਾ ਆਲੋਚਨਾ ਕੀਤੀ ਗਈ। ਲਾਰਡ ਹਾਰਡਿੰਗ ਜਨਤਕ ਹਾਹਾਕਾਰ ਤੋਂ ਚੁਕੰਨਾ ਸੀ। ਉਹ ਲਾਹੌਰ ਆਇਆ। ਦੋਸ਼ੀ ਕਰਾਰ ਦਿੱਤੇ ਚੌਵੀ ਬਾਗ਼ੀਆਂ ਨੂੰ ਫਾਂਸੀ ਦੇਣ ਦੀਆਂ ਰਸਮਾਂ ਪੂਰੀਆਂ ਕੀਤੀਆਂ ਜਾ ਚੁੱਕੀਆਂ ਸਨ। ਇੱਥੋਂ ਤਕ ਕਿ ਉਨ੍ਹਾਂ ਦੇ ਸਕੇ-ਸਬੰਧੀ ਵੀ ਉਨ੍ਹਾਂ ਨਾਲ ਆਖ਼ਰੀ ਮੁਲਾਕਾਤਾਂ ਕਰ ਚੁੱਕੇ ਸਨ। ਉਹ ਗ਼ਦਰ ਦੀ ਗੂੰਜ ਦੀਆਂ ਕਵਿਤਾਵਾਂ ਗਾ ਰਹੇ ਸਨ ਅਤੇ ਅਗਲੇ ਦਿਨ ਉਨ੍ਹਾਂ ਨੂੰ ਫਾਂਸੀ ਦਿੱਤੀ ਜਾਣੀ ਸੀ। ਲਾਰਡ ਹਾਰਡਿੰਗ ਨੇ ਦਖ਼ਲਅੰਦਾਜ਼ੀ ਕੀਤੀ ਅਤੇ ਫਾਂਸੀ ਦੇਣ 'ਤੇ ਰੋਕ ਲਗਾ ਦਿੱਤੀ। ਉਸਨੇ ਸਤਾਰਾਂ ਦੀ ਸਜ਼ਾ-ਏ-ਮੌਤ ਉਮਰ ਕੈਦ ਵਿਚ ਬਦਲ ਦਿੱਤੀ। ਜਦੋਂ ਸੱਤ ਦੇਸ਼ਭਗਤਾਂ ਕਰਤਾਰ ਸਿੰਘ ਸਰਾਭਾ, ਵਿਸ਼ਣੂ ਗਣੇਸ਼ ਪਿੰਗਲੇ, ਜਗਤ ਸਿੰਘ ਸੁਰਸਿੰਘ, ਹਰਨਾਮ ਸਿੰਘ ਸਿਆਲਕੋਟੀ, ਬਖ਼ਸ਼ੀਸ਼ ਸਿੰਘ ਗਿੱਲਵਾਲੀ, ਸੁਰੈਣ ਸਿੰਘ ਵਾਲਿਦ ਗੁਰ ਸਿੰਘ ਅਤੇ ਸੁਰੈਣ ਸਿੰਘ ਵਾਲਿਦ ਈਸ਼ਰ ਸਿੰਘ, ਦੋਵੇਂ ਗਿੱਲਵਾਲੀ ਪਿੰਡ ਤੋਂ, ਜਿਨ੍ਹਾਂ ਦੀ ਸਜ਼ਾ-ਏ-ਮੌਤ ਬਰਕਰਾਰ ਰੱਖੀ ਗਈ ਸੀ ਨੂੰ ਫਾਂਸੀ ਦੇ ਫੰਦੇ ਵੱਲ ਲਿਜਾਇਆ ਜਾ ਰਿਹਾ ਸੀ, ਤਾਂ ਉਨ੍ਹਾਂ ਨੇ ਸਾਥੀਆਂ ਨੇ ਉਨ੍ਹਾਂ ਦੀਆਂ ਕੁਰਬਾਨੀਆਂ ਦੀ ਜੈ-ਜੈਕਾਰ ਕਰਦਿਆਂ ਮਿਲਕੇ ਗੀਤ ਗਾਏ ਅਤੇ ਸੰਘਰਸ਼ ਨੂੰ ਜਾਰੀ ਰੱਖਣ ਦਾ ਪ੍ਰਣ ਕੀਤਾ।[9]

ਫਾਂਸੀ ਦੇ ਤਖ਼ਤੇ ਉੱਤੇ ਖੜ੍ਹਕੇ ਪਿੰਗਲੇ ਨੇ ਪ੍ਰਮਾਤਮਾ ਅੱਗੇ ਅੰਤਮ ਅਰਦਾਸ ਕੀਤੀ:

"ਹੇ ਪ੍ਰਮਾਤਮਾ! ਤੂੰ ਸਾਡੇ ਦਿਲਾਂ ਦਾ ਸਭ ਤੋਂ ਜ਼ਿਆਦਾ ਭੇਤੀ ਏਂ। ਜਿਸ ਪਵਿਤਰ ਕਾਜ ਲਈ ਅਸੀਂ ਆਪਣੀਆਂ ਜਾਨਾਂ ਵਾਰ ਰਹੇ ਹਾਂ, ਅਸੀਂ ਤੇਰੀ ਅਮਾਨਤ ਤੈਨੂੰ ਸੌਂਪ ਰਹੇ ਹਾਂ - ਇਹੀ ਸਾਡੀ ਆਖ਼ਰੀ ਅਰਦਾਸ ਹੈ।"[10]

ਉਨ੍ਹਾਂ ਨੇ 17 ਨਵੰਬਰ ਨੂੰ ਕੇਂਦਰੀ ਜੇਲ੍ਹ ਲਾਹੌਰ ਵਿਚ ਫਾਂਸੀ ਦੇ ਫੰਦੇ ਨੂੰ ਚੁੰਮਿਆ ਅਤੇ ਸ਼ਹਾਦਤ ਪਾਈ।

ਲਾਹੌਰ ਸਾਜ਼ਿਸ਼ ਵਿਚ ਕਸੂਰਵਾਰ ਕਰਾਰ ਦਿੱਤੇ ਜਾਣ ਅਤੇ ਸਜ਼ਾ ਸੁਣਾਏ ਜਾਣ ਤੋਂ ਬਾਅਦ ਚਾਲੀ ਦੇਸ਼ਭਗਤਾਂ ਨੂੰ ਅੰਡੇਮਾਨ ਭੇਜ ਦਿੱਤਾ ਗਿਆ।

ਪਾਠਕਾਂ ਲਈ ਉਸਦਾ ਵੇਰਵਾ ਦੇਣਾ ਜ਼ਰੂਰੀ ਹੈ ਕਿ ਇਹ ਚਾਲੀ ਗ਼ਦਰੀ ਦੇਸ਼ਭਗਤ ਅੰਗਰੇਜ਼ ਰਾਜ ਵਿਰੁੱਧ ਜੰਗ ਛੇੜਨ ਲਈ ਕਿਹੜੀਆਂ ਵੱਖੋ-ਵੱਖਰੀਆਂ ਥਾਵਾਂ ਤੋਂ ਚੱਲੇ ਅਤੇ ਉਨ੍ਹਾਂ ਨੇ ਸਫ਼ਰ ਦਾ ਕੀ ਢੰਗ ਅਖ਼ਤਿਆਰ ਕੀਤਾ।

1. ਭਾਨ ਸਿੰਘ, ਉਮਰ 40 ਸਾਲ, ਸਪੁੱਤਰ ਸਾਵਣ ਸਿੰਘ, ਜੱਟ, ਪਿੰਡ ਸੁਨੇਤ, ਥਾਣਾ ਲੁਧਿਆਣਾ। ਉਹ *ਐੱਸ.ਐੱਸ. ਕੋਰੀਆ* ਅਤੇ *ਤੋਸ਼ਾ ਮਾਰੂ* ਰਾਹੀਂ ਸਫ਼ਰ ਕਰਕੇ 29 ਅਕਤੂਬਰ 1914 ਨੂੰ ਕਲਕੱਤਾ ਉਤਰਿਆ ਸੀ।
2. ਬਿਸ਼ਨ ਸਿੰਘ, ਉਮਰ 30 ਸਾਲ, ਸਪੁੱਤਰ ਜਵਾਲਾ ਸਿੰਘ, ਜੱਟ, ਪਿੰਡ ਦਦੇਹਰ, ਥਾਣਾ ਸਰਹਾਲੀ, ਜ਼ਿਲ੍ਹਾ ਅੰਮ੍ਰਿਤਸਰ। ਉਹ *ਐੱਸ.ਐੱਸ. ਕਟਨਾ ਮਾਰੂ* ਜਹਾਜ਼ ਰਾਹੀਂ 7 ਜਨਵਰੀ 1915 ਨੂੰ ਪਹੁੰਚਿਆ ਸੀ।
3. ਬਿਸ਼ਨ ਸਿੰਘ, ਉਮਰ 30 ਸਾਲ, ਸਪੁੱਤਰ ਕੇਸਰ ਸਿੰਘ, ਜੱਟ, ਪਿੰਡ ਦਦੇਹਰ, ਥਾਣਾ ਸਰਹਾਲੀ, ਜ਼ਿਲ੍ਹਾ ਅੰਮ੍ਰਿਤਸਰ। ਉਹ ਵੀ *ਕਾਮਾਗਾਟਾ ਮਾਰੂ* 'ਤੇ ਆਇਆ ਸੀ ਅਤੇ ਸਤੰਬਰ 1914 'ਚ ਕਲਕੱਤਾ ਪਹੁੰਚਿਆ ਸੀ।
4. ਚੂਹੜ ਸਿੰਘ, ਉਮਰ 40 ਸਾਲ, ਸਪੁੱਤਰ ਬੂਟਾ ਸਿੰਘ, ਜੱਟ, ਪਿੰਡ ਲੀਲਾਂ, ਥਾਣਾ ਰਾਏਕੋਟ, ਜ਼ਿਲ੍ਹਾ ਲੁਧਿਆਣਾ। ਉਹ ਗ਼ਦਰ ਤੋਂ ਚਾਰ ਸਾਲ ਪਹਿਲਾਂ ਹਾਂਗਕਾਂਗ ਤੋਂ ਆਇਆ ਸੀ।
5. ਗੁਰਦਿੱਤ ਸਿੰਘ, ਉਮਰ 50 ਸਾਲ, ਸਪੁੱਤਰ ਗੁਰਮੁੱਖ ਸਿੰਘ, ਨਾਈ, ਪਿੰਡ ਸੁਰਸਿੰਘ, ਥਾਣਾ ਖਾਲੜਾ, ਜ਼ਿਲ੍ਹਾ ਅੰਮ੍ਰਿਤਸਰ। ਉਹ 20 ਨਵੰਬਰ 1914 ਨੂੰ *ਐੱਸ.ਐੱਸ. ਸਲਾਮਿਸ* ਉਪਰ ਹਿੰਦੁਸਤਾਨ ਪਹੁੰਚਿਆ ਸੀ।
6. ਗੁਰਮੁੱਖ ਸਿੰਘ ਉਰਫ਼ ਅਨੂਪ ਸਿੰਘ, ਉਮਰ 30 ਸਾਲ, ਸਪੁੱਤਰ ਹੁਸ਼ਨਾਕ ਸਿੰਘ, ਪਿੰਡ ਲਲਤੋਂ, ਜ਼ਿਲ੍ਹਾ ਲੁਧਿਆਣਾ। ਉਹ *ਕਾਮਾਗਾਟਾਮਾਰੂ* ਉਪਰ ਆਇਆ ਸੀ ਅਤੇ 26 ਸਤੰਬਰ 1914 ਨੂੰ ਕਲਕੱਤਾ ਪਹੁੰਚਿਆ ਸੀ।
7. ਹਰਨਾਮ ਸਿੰਘ ਟੁੰਡਾ, ਉਮਰ 30 ਸਾਲ, ਸਪੁੱਤਰ ਗੁਰਦਿੱਤ ਸਿੰਘ, ਪਿੰਡ ਕੋਟਲਾ, ਥਾਣਾ ਹਰਿਆਣਾ, ਜ਼ਿਲ੍ਹਾ ਹੁਸ਼ਿਆਰਪੁਰ। ਉਹ ਅਕਤੂਬਰ 1914 'ਚ ਸਾਨ ਫਰਾਂਸਿਸਕੋ ਤੋਂ *ਐੱਸ. ਮਨਚੂਰੀਆ* ਅਤੇ *ਐੱਸ.ਐੱਸ. ਕੋਰੀਆ* ਉਪਰ ਆਇਆ।
8. ਹਜ਼ਾਰਾ ਸਿੰਘ, ਉਮਰ 28 ਸਾਲ, ਸਪੁੱਤਰ ਬੇਲਾ ਸਿੰਘ, ਪਿੰਡ ਦਦੇਹਰ, ਥਾਣਾ ਸਰਹਾਲੀ, ਜ਼ਿਲ੍ਹਾ ਅੰਮ੍ਰਿਤਸਰ। ਉਹ ਮਨੀਲਾ ਤੋਂ ਚੱਲਕੇ *ਐੱਸ.ਐੱਸ. ਕਟਨਾਮਾਰੂ* ਰਾਹੀਂ 7 ਜਨਵਰੀ 1915 ਨੂੰ ਹਿੰਦੁਸਤਾਨ ਪਹੁੰਚਿਆ।
9. ਹਿਰਦਾਰਾਮ, ਉਮਰ 21 ਸਾਲ, ਸਪੁੱਤਰ ਗੱਜਣ ਸਿੰਘ, ਰਾਜਪੂਤ, ਪਿੰਡ ਮੰਡੀ, ਸੁਨਿਆਰ।
10. ਇੰਦਰ ਸਿੰਘ ਗ੍ਰੰਥੀ, ਉਮਰ 23 ਸਾਲ, ਸਪੁੱਤਰ ਆਲਾ ਸਿੰਘ, ਪਿੰਡ ਮੱਲਾ, ਥਾਣਾ ਜਗਰਾਓਂ, ਜ਼ਿਲ੍ਹਾ ਲੁਧਿਆਣਾ। ਉਹ ਅਗਸਤ 1913 'ਚ ਹਾਂਗਕਾਂਗ ਤੋਂ ਅਮਰੀਕਾ

ਗਿਆ ਅਤੇ *ਐੱਸ.ਐੱਸ.ਕੋਰੀਆ* ਅਤੇ *ਤੋਸ਼ਾ ਮਾਰੂ* ਰਾਹੀਂ ਕਲਕੱਤਾ ਆਇਆ।

11. ਇੰਦਰ ਸਿੰਘ, ਉਮਰ 35 ਸਾਲ, ਸਪੁੱਤਰ ਮੂਲਾ ਸਿੰਘ, ਜੱਟ, ਪਿੰਡ ਸੁਰਸਿੰਘ, ਥਾਣਾ ਖਾਲੜਾ, ਹੁਣ ਜ਼ਿਲ੍ਹਾ ਅੰਮ੍ਰਿਤਸਰ। ਉਹ *ਐੱਸ.ਐੱਸ. ਕੋਰੀਆ* ਰਾਹੀਂ ਹਿੰਦੁਸਤਾਨ ਆਇਆ ਸੀ।
12. ਜਗਤ ਰਾਮ, ਉਮਰ 40 ਸਾਲ, ਸਪੁੱਤਰ ਦਿੱਤੂ ਮੱਲ, ਬ੍ਰਾਹਮਣ, ਪਿੰਡ ਹਰਿਆਣਾ, ਜ਼ਿਲ੍ਹਾ ਹੁਸ਼ਿਆਰਪੁਰ।
13. ਜਵੰਦ ਸਿੰਘ, ਉਮਰ 32 ਸਾਲ, ਸਪੁੱਤਰ ਉੱਤਮ ਸਿੰਘ, ਜੱਟ, ਪਿੰਡ ਸੁਰਸਿੰਘ, ਥਾਣਾ ਖਾਲੜਾ, ਹੁਣ ਜ਼ਿਲ੍ਹਾ ਅੰਮ੍ਰਿਤਸਰ। ਉਹ 23 ਜਨਵਰੀ 1915 ਨੂੰ *ਐੱਸ.ਐੱਸ.ਨਾਮ ਸੰਗ* ਰਾਹੀਂ ਹਿੰਦੁਸਤਾਨ ਆਇਆ ਸੀ।
14. ਜਵਾਲਾ ਸਿੰਘ ਉਰਫ਼ ਸੰਤਾ ਸਿੰਘ, ਉਮਰ 45 ਸਾਲ, ਸਪੁੱਤਰ ਕਨੱਈਆ ਸਿੰਘ, ਪਿੰਡ ਠੱਠੀਆਂ, ਥਾਣਾ ਬਿਆਸ, ਜ਼ਿਲ੍ਹਾ ਅੰਮ੍ਰਿਤਸਰ। ਉਹ 29 ਅਕਤੂਬਰ 1914 ਨੂੰ *ਤੋਸ਼ਾਮਾਰੂ* ਰਾਹੀਂ ਲਾਹੌਰ ਪਹੁੰਚਿਆ ਸੀ।
15. ਕਾਲਾ ਸਿੰਘ, ਸਪੁੱਤਰ ਘਸੀਟਾ ਸਿੰਘ, ਜੱਟ, ਪਿੰਡ ਸੁਰਸਿੰਘ, ਥਾਣਾ ਖਾਲੜਾ, ਹੁਣ ਜ਼ਿਲ੍ਹਾ ਅੰਮ੍ਰਿਤਸਰ। ਉਹ 23 ਜਨਵਰੀ 1915 ਨੂੰ *ਐੱਸ.ਐੱਸ.ਨਾਮ ਸੰਗ* ਰਾਹੀਂ ਹਿੰਦੁਸਤਾਨ ਪਹੁੰਚਿਆ ਸੀ।
16. ਕਾਲਾ ਸਿੰਘ, ਉਮਰ 55 ਸਾਲ, ਸਪੁੱਤਰ ਗੁਲਾਬ ਸਿੰਘ, ਲੁਹਾਰ, ਅੰਮ੍ਰਿਤਸਰ।
17. ਕੇਹਰ ਸਿੰਘ, ਉਮਰ 55 ਸਾਲ, ਸਪੁੱਤਰ ਨਿਹਾਲ ਸਿੰਘ, ਪਿੰਡ ਮਰਹਾਣਾ, ਥਾਣਾ ਸਰਹਾਲੀ, ਜ਼ਿਲ੍ਹਾ ਅੰਮ੍ਰਿਤਸਰ। ਉਹ ਅਮਰੀਕਾ ਤੋਂ ਚਲਕੇ *ਐੱਸ.ਐੱਸ.ਕਟਨਾ ਮਾਰੂ* ਰਾਹੀਂ 7 ਜਨਵਰੀ 1915 ਨੂੰ ਹਿੰਦੁਸਤਾਨ ਆਇਆ ਸੀ।
18. ਕੇਸਰ ਸਿੰਘ, ਉਮਰ 40 ਸਾਲ, ਸਪੁੱਤਰ ਭੂਪ ਸਿੰਘ, ਜੱਟ, ਪਿੰਡ ਠੱਠਗੜ੍ਹ, ਥਾਣਾ ਤਰਨਤਾਰਨ, ਜ਼ਿਲ੍ਹਾ ਅੰਮ੍ਰਿਤਸਰ। ਉਹ ਸ਼ੰਘਾਈ ਤੋਂ *ਤੋਸ਼ਾਮਾਰੂ* ਰਾਹੀਂ ਆਇਆ ਸੀ।
19. ਖੁਸ਼ਹਾਲ ਸਿੰਘ, ਉਮਰ 22 ਸਾਲ, ਸਪੁੱਤਰ ਸੁਚੇਤ ਸਿੰਘ, ਜੱਟ, ਪਿੰਡ ਪੱਧਰੀ, ਜ਼ਿਲ੍ਹਾ ਅੰਮ੍ਰਿਤਸਰ।
20. ਕਿਰਪਾਲ ਸਿੰਘ, ਉਮਰ 18 ਸਾਲ, ਸਪੁੱਤਰ ਨਰੈਣ ਸਿੰਘ, ਪਿੰਡ ਬੋਪਾਰਾਏ, ਜ਼ਿਲ੍ਹਾ ਲੁਧਿਆਣਾ। ਉਹ ਖ਼ਾਲਸਾ ਕਾਲਜ ਲੁਧਿਆਣਾ ਦਾ ਵਿਦਿਆਰਥੀ ਸੀ।
21. ਲਾਲ ਸਿੰਘ, ਉਮਰ 30 ਸਾਲ, ਸਪੁੱਤਰ ਮੀਹਾਂ ਸਿੰਘ, ਪਿੰਡ ਭੂਰੇ, ਥਾਣਾ ਤਰਨਤਾਰਨ, ਜ਼ਿਲ੍ਹਾ ਅੰਮ੍ਰਿਤਸਰ।
22. ਮਦਨ ਸਿੰਘ, ਉਮਰ 28 ਸਾਲ, ਸਪੁੱਤਰ ਮੱਲ ਸਿੰਘ, ਤਰਖਾਣ, ਪਿੰਡ ਗਾਗਾ, ਥਾਣਾ ਬਾਰਕੀ, ਜ਼ਿਲ੍ਹਾ ਲਾਹੌਰ।
23. ਮੰਗਲ ਸਿੰਘ, ਉਮਰ 31 ਸਾਲ, ਸਪੁੱਤਰ ਸਰਮੁੱਖ ਸਿੰਘ, ਪਿੰਡ ਲਾਲਪੁਰ, ਥਾਣਾ ਤਰਨਤਾਰਨ, ਜ਼ਿਲ੍ਹਾ ਅੰਮ੍ਰਿਤਸਰ। ਉਹ *ਐੱਸ.ਐੱਸ. ਕੋਰੀਆ* ਰਾਹੀਂ ਆਇਆ ਸੀ।

24. ਨੰਦ ਸਿੰਘ, ਉਮਰ 32 ਸਾਲ, ਸਪੁੱਤਰ ਰਾਮ ਸਿੰਘ, ਜੱਟ, ਪਿੰਡ ਕੈਲੇ, ਥਾਣਾ ਰਾਏਕੋਟ, ਜ਼ਿਲ੍ਹਾ ਲੁਧਿਆਣਾ। ਉਹ 13 ਅਕਤੂਬਰ 1914 ਨੂੰ *ਐੱਸ.ਐੱਸ.ਨਾਮ ਸੰਗ* ਰਾਹੀਂ ਹਿਦੁਸਤਾਨ ਆਇਆ ਸੀ।
25. ਨਿਧਾਨ ਸਿੰਘ, ਉਮਰ 60 ਸਾਲ, ਸਪੁੱਤਰ ਸੁੰਦਰ ਸਿੰਘ, ਜੱਟ, ਪਿੰਡ ਢੁੱਘਾ, ਥਾਣਾ ਧਰਮਕੋਟ, ਜ਼ਿਲ੍ਹਾ ਫ਼ਿਰੋਜ਼ਪੁਰ। ਉਹ ਸਾਨ ਫਰਾਂਸਿਸਕੋ ਤੋਂ *ਐੱਸ.ਐੱਸ. ਕੋਰੀਆ* ਰਾਹੀਂ 29 ਅਗਸਤ 1914 ਨੂੰ ਆਇਆ ਸੀ। ਉਹ ਨਾਗਾਸਾਕੀ ਤੋਂ ਜਹਾਜ਼ ਲੈਕੇ ਸ਼ੰਘਾਈ ਲਈ ਚੱਲਿਆ ਅਤੇ 25 ਅਕਤੂਬਰ 1914 ਨੂੰ ਐੱਸ.ਐੱਸ.ਮਾਸ਼ੀ ਮਾਰੂ ਰਾਹੀਂ ਕੋਲੰਬੋ ਆਇਆ।
26. ਭਾਈ ਪਰਮਾਨੰਦ, ਉਮਰ 40 ਸਾਲ, ਸਪੁੱਤਰ ਭਾਈ ਤਾਰਾ ਚੰਦ, ਬ੍ਰਾਹਮਣ, ਕਰਿਆਲਾ, ਜ਼ਿਲ੍ਹਾ ਜੇਹਲਮ।
27. ਪਰਮਾਨੰਦ ਝਾਂਸੀ, ਉਮਰ 28 ਸਾਲ, ਗਯਾ ਪ੍ਰਸਾਦ ਕਾਇਸਥ, ਪਿੰਡ ਸੁਖਾਰਡਾ ਖਾੜਕਾ, ਜ਼ਿਲ੍ਹਾ ਹਮੀਰਪੁਰ ਯੂ.ਪੀ.। ਉਹ ਅਮਰੀਕਾ ਗਿਆ ਸੀ, ਪਰ ਉਹ ਯੋਕੋਹਾਮਾ ਤੋਂ *ਐੱਸ.ਐੱਸ. ਕੋਰੀਆ* ਰਾਹੀਂ ਵਾਪਸ ਮੁੜ ਆਇਆ ਅਤੇ 29 ਅਕਤੂਬਰ 1914 ਨੂੰ *ਐੱਸ.ਐੱਸ. ਤੋਸ਼ਾ ਮਾਰੂ* ਰਾਹੀਂ ਕਲਕੱਤਾ ਪਹੁੰਚਿਆ।
28. ਪਿਆਰਾ ਸਿੰਘ ਉਰਫ਼ ਕਰਮ ਸਿੰਘ, ਉਮਰ 32 ਸਾਲ, ਸਪੁੱਤਰ ਲੱਖਾ ਸਿੰਘ, ਪਿੰਡ ਲੰਗੇਰੀ, ਥਾਣਾ ਮਾਹਿਲਪੁਰ, ਜ਼ਿਲ੍ਹਾ ਹੁਸ਼ਿਆਰਪੁਰ। ਉਹ 16 ਅਕਤੂਬਰ 1914 ਨੂੰ *ਐੱਸ.ਐੱਸ.ਕੋਰੀਆ* ਅਤੇ *ਐੱਸ.ਐੱਸ. ਫਾਓ ਸੰਗ* ਰਾਹੀਂ ਹਿਦੁਸਤਾਨ ਆਇਆ ਸੀ।
29. ਪ੍ਰਿਥਵੀ ਸਿੰਘ, ਉਮਰ 26 ਸਾਲ, ਸਪੁੱਤਰ ਸ਼ਾਦੀ ਰਾਮ, ਪਿੰਡ ਸ਼ੰਭੂ, ਜ਼ਿਲ੍ਹਾ ਪਟਿਆਲਾ। ਉਹ *ਐੱਸ.ਐੱਸ. ਕੋਰੀਆ* ਅਤੇ *ਐੱਸ.ਐੱਸ. ਤੋਸ਼ਾ ਮਾਰੂ* ਰਾਹੀਂ ਹਿਦੁਸਤਾਨ ਆਇਆ ਸੀ।
30. ਰਾਮ ਸਰਨ ਦਾਸ, ਉਮਰ 27 ਸਾਲ, ਸਪੁੱਤਰ ਸੰਤ ਰਾਮ, ਖੱਤਰੀ, ਕਪੂਰਥਲਾ।
31. ਰੋਡਾ ਸਿੰਘ, ਉਮਰ 43 ਸਾਲ, ਸਪੁੱਤਰ ਵਸਾਵਾ ਸਿੰਘ, ਜੱਟ, ਪਿੰਡ ਰੋਡਾ, ਥਾਣਾ ਬਾਘਾ ਪੁਰਾਣਾ, ਜ਼ਿਲ੍ਹਾ ਫ਼ਿਰੋਜ਼ਪੁਰ। ਉਹ *ਐੱਸ.ਐੱਸ. ਮਾਸ਼ੀਮਾ ਮਾਰੂ* ਰਾਹੀਂ ਸ਼ੰਘਾਈ ਤੋਂ ਆਇਆ ਸੀ ਅਤੇ 25 ਅਕਤੂਬਰ 1914 ਨੂੰ ਕੋਲੰਬੋ ਪਹੁੰਚਿਆ ਸੀ।
32. ਰੁਲੀਆ ਸਿੰਘ, ਉਮਰ 36 ਸਾਲ, ਸਪੁੱਤਰ ਜਗਤ ਸਿੰਘ, ਪਿੰਡ ਸਰਾਭਾ, ਥਾਣਾ ਰਾਏਕੋਟ, ਜ਼ਿਲ੍ਹਾ ਲੁਧਿਆਣਾ। ਉਹ *ਐੱਸ.ਐੱਸ.ਕੋਰੀਆ* ਅਤੇ *ਤੋਸ਼ਾ ਮਾਰੂ* ਰਾਹੀਂ ਹਿਦੁਸਤਾਨ ਵਾਪਸ ਆਇਆ ਸੀ।
33. ਸਾਵਣ ਸਿੰਘ, ਉਮਰ 45 ਸਾਲ, ਸਪੁੱਤਰ ਖੁਸ਼ਹਾਲ ਸਿੰਘ, ਪਿੰਡ ਚੱਬਾ, ਥਾਣਾ ਸਦਰ, ਜ਼ਿਲ੍ਹਾ ਅੰਮ੍ਰਿਤਸਰ।
34. ਸ਼ਿਵ ਸਿੰਘ, ਉਮਰ 29 ਸਾਲ, ਸਪੁੱਤਰ ਮੁਣਸ਼ੀ, ਜੱਟ, ਪਿੰਡ ਕੋਸਲਾ, ਥਾਣਾ ਹਰਿਆਣਾ, ਜ਼ਿਲ੍ਹਾ ਹੁਸ਼ਿਆਰਪੁਰ। *ਐੱਸ.ਐੱਸ.ਕੋਰੀਆ* ਅਤੇ *ਤੋਸ਼ਾ ਮਾਰੂ* ਰਾਹੀਂ ਕਲਕੱਤਾ ਆਇਆ

ਸੀ।

35. ਸ਼ੇਰ ਸਿੰਘ, ਉਮਰ 32 ਸਾਲ, ਸਪੁੱਤਰ ਕੇਹਰ ਸਿੰਘ, ਜੱਟ, ਪਿੰਡ ਵੇਈਂ ਪੂਈਂ, ਥਾਣਾ ਤਰਨਤਾਰਨ, ਜ਼ਿਲ੍ਹਾ ਅੰਮ੍ਰਿਤਸਰ। ਉਹ ਅਗਸਤ 1914 'ਚ *ਐੱਸ.ਐੱਸ. ਕੈਨੇਡਾ ਮਾਰੂ* ਰਾਹੀਂ ਹਾਂਗਕਾਂਗ ਤੋਂ *ਐੱਸ.ਐੱਸ.ਤੋਸ਼ਾਮਾਰੂ* 'ਤੇ ਸਵਾਰ ਹੋਕੇ ਹਿੰਦੁਸਤਾਨ ਪਹੁੰਚਿਆ ਸੀ।

36. ਸੋਹਣ ਸਿੰਘ, ਉਮਰ 50 ਸਾਲ, ਸਪੁੱਤਰ ਕਰਮ ਸਿੰਘ, ਜੱਟ ਪਿੰਡ ਭਕਨਾ, ਥਾਣਾ ਘਰਿੰਡਾ, ਜ਼ਿਲ੍ਹਾ ਅੰਮ੍ਰਿਤਸਰ। ਉਹ ਹਾਂਗਕਾਂਗ ਤੋਂ *ਐੱਸ.ਐੱਸ. ਨਾਮ ਸੰਗ* ਰਾਹੀਂ ਕਲਕੱਤਾ ਆਇਆ ਸੀ।

37. ਊਧਮ ਸਿੰਘ, ਉਮਰ 26 ਸਾਲ, ਸਪੁੱਤਰ ਮੇਵਾ ਸਿੰਘ, ਜੱਟ, ਪਿੰਡ, ਕਸੇਲ, ਥਾਣਾ ਘਰਿੰਡਾ, ਜ਼ਿਲ੍ਹਾ ਅੰਮ੍ਰਿਤਸਰ। ਉਹ *ਐੱਸ.ਐੱਸ. ਕੋਰੀਆ* ਅਤੇ *ਤੋਸ਼ਾ ਮਾਰੂ* ਰਾਹੀਂ ਹਿੰਦੁਸਤਾਨ ਪਹੁੰਚਿਆ ਸੀ।

38. ਵਸਾਖਾ ਸਿੰਘ, ਉਮਰ 32 ਸਾਲ, ਸਪੁੱਤਰ ਦਿਆਲ ਸਿੰਘ, ਪਿੰਡ ਦਦੇਹਰ, ਥਾਣਾ ਸਰਹਾਲੀ, ਜ਼ਿਲ੍ਹਾ ਅੰਮ੍ਰਿਤਸਰ। ਉਹ 7 ਜਨਵਰੀ 1915 ਨੂੰ *ਐੱਸ.ਐੱਸ. ਕਟਨਾ ਮਾਰੂ* ਰਾਹੀਂ ਹਿੰਦੁਸਤਾਨ ਆਇਆ ਸੀ।

39. ਵਸਾਖਾ ਸਿੰਘ, ਉਮਰ 38 ਸਾਲ, ਸਪੁੱਤਰ ਮੀਹਾਂ ਸਿੰਘ, ਜੱਟ, ਗਿੱਲਵਾਲੀ, ਜ਼ਿਲ੍ਹਾ ਅੰਮ੍ਰਿਤਸਰ। ਉਹ 20 ਨਵੰਬਰ 1914 ਨੂੰ *ਐੱਸ.ਐੱਸ. ਸਲਾਮੀਸ* ਰਾਹੀਂ ਹਿੰਦੁਸਤਾਨ ਆਇਆ ਸੀ।

40. ਰੂੜ ਸਿੰਘ, ਉਮਰ 38 ਸਾਲ, ਸਪੁੱਤਰ ਅਤਰ ਸਿੰਘ, ਪਿੰਡ ਚੂਹੜ ਚੱਕ, ਥਾਣਾ ਮੋਗਾ। ਉਹ *ਐੱਸ.ਐੱਸ.ਕੋਰੀਆ* ਅਤੇ *ਤੋਸ਼ਾ ਮਾਰੂ* ਰਾਹੀਂ ਹਿੰਦੁਸਤਾਨ ਪਹੁੰਚਿਆ ਸੀ।[10ੲ]

ਉਨ੍ਹਾਂ ਨੂੰ ਟੋਲੀਆਂ ਵਿਚ ਅੰਡੇਮਾਨ ਲਿਜਾਇਆ ਗਿਆ। ਬਾਬਾ ਪ੍ਰਿਥਵੀ ਸਿੰਘ ਆਜ਼ਾਦ ਲਿਖਦੇ ਹਨ ਕਿ ਉਹ ਨਵੰਬਰ 1915 'ਚ ਅੰਡੇਮਾਨ ਪਹੁੰਚੇ।[11]

ਪਰ ਬਾਬਾ ਵਸਾਖਾ ਸਿੰਘ ਸਮੇਤ ਅਠਾਰਾਂ ਜਣਿਆਂ ਦੀ ਇਕ ਟੋਲੀ, 7 ਦਸੰਬਰ 1915 ਨੂੰ *ਐੱਸ.ਐੱਸ. ਮਹਾਰਾਜਾ* ਸਮੁੰਦਰੀ ਜਹਾਜ਼ ਰਾਹੀਂ ਕਲਕੱਤਾ ਤੋਂ ਚੱਲੀ ਅਤੇ 10 ਦਸੰਬਰ 1915 ਨੂੰ ਅੰਡੇਮਾਨ ਪਹੁੰਚੀ।[12] ਚਾਰ ਹੋਰ ਲਾਹੌਰ ਸਪਲੀਮੈਂਟਰੀ ਮੁਕੱਦਮੇ ਚਲਾਏ ਗਏ ਸਨ। ਡਾ. ਮਥੁਰਾ ਸਿੰਘ ਸਮੇਤ ਕਈਆਂ ਨੂੰ ਸਜ਼ਾ-ਏ-ਮੌਤ ਦਿੱਤੀ ਗਈ ਜਦਕਿ ਬਾਕੀਆਂ ਨੂੰ ਉਮਰ ਕੈਦ ਅਤੇ ਥੋੜ੍ਹੀ ਮਿਆਦ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ। ਪਰ ਉਨ੍ਹਾਂ ਵਿੱਚੋਂ ਕਿਸੇ ਨੂੰ ਵੀ ਅੰਡੇਮਾਨ ਨਹੀਂ ਭੇਜਿਆ ਗਿਆ।

ਮਾਂਡਲੇ ਸਾਜ਼ਿਸ਼ ਮੁਕੱਦਮਾ

ਪਰ, ਮਾਂਡਲੇ ਸਾਜ਼ਿਸ਼ ਮੁਕੱਦਮੇ ਵਿਚ ਜਿਨ੍ਹਾਂ ਗ਼ਦਰੀ ਆਗੂਆਂ ਨੂੰ ਸਜ਼ਾ ਦਿੱਤੀ ਗਈ ਉਹ ਵੀ ਅੰਡੇਮਾਨ ਭੇਜੇ ਗਏ ਸਨ। ਇਹ ਵੀ ਯਾਦ ਰੱਖਣਾ ਹੋਵੇਗਾ ਕਿ ਜਿਹੜੇ ਗ਼ਦਰੀ ਆਗੂ

ਬਰਮਾ ਦੀ ਧਰਤੀ 'ਤੇ ਪਹੁੰਚੇ ਸਨ ਉਹ ਉਥੇ ਗ਼ਦਰ ਦਾ ਪੈਗ਼ਾਮ ਦੇਣ ਅਤੇ ਫ਼ੌਜੀ ਟੁਕੜੀਆਂ ਨੂੰ ਸਰਕਾਰ ਦੇ ਖ਼ਿਲਾਫ਼ ਭੜਕਾਉਣ ਦੇ ਆਪਣੇ ਨਿਸ਼ਾਨੇ ਲਈ ਕਾਬਲੇ-ਤਾਰੀਫ਼ ਕੰਮ ਕਰ ਰਹੇ ਸਨ। ਪੱਟੀ ਤੋਂ ਪੰਡਤ ਸੋਹਣ ਲਾਲ ਪਾਠਕ ਨੇ ਕਿਰਪਾ ਰਾਮ ਨਾਲ ਦੋਸਤੀ ਗੰਢ ਲਈ, ਜੋ ਰੰਗੂਨ ਵਿਖੇ ਫ਼ੌਜੀ ਸਕੂਲ ਵਿਚ ਉਸਤਾਦ ਸੀ ਅਤੇ ਉਹ ਗ਼ਦਰ ਪਾਰਟੀ ਦਾ ਮੈਂਬਰ ਬਣ ਗਿਆ। ਭਾਈ ਕਾਲਾ ਸਿੰਘ ਨਾਇਕ ਅਤੇ ਭਾਈ ਪ੍ਰਤਾਪ ਸਿੰਘ, ਦੋਵੇਂ ਅਧਿਆਪਕ, ਵੀ ਪਾਰਟੀ ਦੇ ਮੈਂਬਰ ਬਣ ਗਏ ਸਨ। ਚੇਤ ਰਾਮ ਨੇ ਵੀ 16, ਡਫਰਿਨ ਰੋਡ, ਰੰਗੂਨ ਉਪਰ ਇਕ ਕਮਰਾ ਕਿਰਾਏ 'ਤੇ ਲੈ ਕੇ ਗ਼ਦਰੀ ਕੇਂਦਰ ਖੋਹਲ ਲਿਆ ਸੀ। ਮੁਜ਼ਤਬਾ ਹੁਸੈਨ ਵੀ ਖ਼ਿਲਾਫ਼ਤ ਆਗੂਆਂ ਉਪਰ ਭਾਰੂ ਹੋ ਕੇ ਗ਼ਦਰ ਪਾਰਟੀ ਵਿਚ ਸ਼ਾਮਲ ਹੋ ਗਿਆ। ਅਲੀ ਮੁਹੰਮਦ ਸਦੀਕੀ ਵੀ ਗ਼ਦਰ ਪਾਰਟੀ ਦਾ ਮੈਂਬਰ ਬਣ ਗਿਆ। ਉਹ ਗ਼ਦਰੀ ਸਾਹਿਤ ਪੜ੍ਹਦਾ ਸੀ ਅਤੇ ਅੱਗੇ ਵੰਡਦਾ ਸੀ।[13] ਕਈ ਹੋਰ ਗ਼ਦਰੀਆਂ ਨੇ ਆਪਣਾ ਕੰਮ ਲਗਨ ਨਾਲ ਅਤੇ ਖੁਫ਼ੀਆ ਢੰਗ ਨਾਲ ਕੀਤਾ। ਜਦੋਂਕਿ, ਜਦੋਂ ਅਪ੍ਰੈਲ 1915 ਵਿਚ ਗ਼ਦਰੀ ਸਾਹਿਤ ਦਾ ਇਕ ਬੰਡਲ ਅਧਿਕਾਰੀਆਂ ਦੇ ਹੱਥ ਲੱਗ ਗਿਆ ਤਾਂ ਬਰਮਾ ਵਿਚ ਗ਼ਦਰੀ ਸਾਜ਼ਿਸ਼ ਦਾ ਭੇਤ ਖੁੱਲ੍ਹ ਗਿਆ। ਉਂਞ ਵੀ, ਹਿੰਦੁਸਤਾਨ ਵਿਚ ਗ਼ਦਰ ਲਹਿਰ ਅਸਫ਼ਲ ਹੋ ਜਾਣ ਤੋਂ ਬਾਅਦ ਬਰਮਾ ਅਤੇ ਇਸ ਦੇ ਸਰਹੱਦਾਂ ਦੇ ਆਲੇ-ਦੁਆਲੇ ਦੇ ਇਲਾਕਿਆਂ ਵਿਚ ਹਰ ਥਾਂ ਹੀ ਨਿਗਰਾਨੀ ਅਤੇ ਪੁੱਛ-ਪੜਤਾਲ ਵਧਾ ਦਿੱਤੀ ਗਈ ਸੀ।

ਅਲੀ ਅਹਿਮਦ ਸਦੀਕੀ ਅਤੇ ਫੀਆਂ ਅਲੀ ਗ੍ਰਿਫ਼ਤਾਰ ਕਰ ਲਏ ਗਏ। ਚੇਤ ਰਾਮ ਅਤੇ ਮੁਜ਼ਤਬਾ ਹੁਸੈਨ ਨੂੰ ਸਿਆਮ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ। ਭਾਈ ਹਰਦਿੱਤ ਸਿੰਘ ਲੰਮੇ, ਭਾਈ ਕਪੂਰ ਸਿੰਘ ਮੋਹੀ, ਭਾਈ ਨਰੰਜਣ ਸਿੰਘ ਸੰਗਤਪੁਰਾ, ਅਤੇ ਭਾਈ ਆਤਮਾ ਸਿੰਘ ਵੀ ਬਰਮਾ ਵਿਚ ਗ੍ਰਿਫ਼ਤਾਰ ਕਰ ਲਏ ਗਏ। ਇਸ ਤੋਂ ਤੁਰੰਤ ਬਾਅਦ, ਬੁੱਧ ਸਿੰਘ ਢੀਲੋਂਕੇ, ਬਾਬੂ ਅਮਰ ਸਿੰਘ ਇੰਜੀਨੀਅਰ ਸ਼ੇਰਪੁਰ, ਭਾਈ ਇੰਦਰ ਸਿੰਘ, ਭਾਈ ਗਿਆਨ ਸਿੰਘ ਮੋਗੀ ਮਰਾਲ (ਲਾਹੌਰ), ਰਾਮ ਰੱਖਾ ਸਸੋਲੀ (ਹੁਸ਼ਿਆਰਪੁਰ) ਸਮੇਤ ਸਤਾਰਾਂ ਹੋਰ ਗ਼ਦਰੀ ਆਗੂ ਗ੍ਰਿਫ਼ਤਾਰ ਕਰ ਲਏ ਗਏ। ਬਾਬੂ ਹਰਨਾਮ ਸਿੰਘ ਸਾਹਰੀ ਨੂੰ ਵੀ ਬਰਮਾ ਵਿਚ ਮੀਆਵਾੜੀ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ।

ਪੰਡਤ ਸੋਹਣ ਲਾਲ ਪਾਠਕ, ਜੋ ਫ਼ੌਜੀਆਂ ਨੂੰ ਸਰਕਾਰ ਵਿਰੁੱਧ ਕਰਨ ਲਈ ਲਿੰਕ ਅਧਿਕਾਰੀ ਨਾਲ ਸੰਪਰਕ ਕਰਨ ਲਈ ਮੈਮੀਓਂ ਛਾਉਣੀ ਵਿਚ 23ਵੀਂ ਬਟਾਲੀਅਨ ਦੇ ਤੋਪਖ਼ਾਨੇ ਵਿਚ ਜਾ ਘੁਸਿਆ ਸੀ, ਨੂੰ ਵੀ 14 ਅਗਸਤ 1915 ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਸ਼ਹਿਨਸ਼ਾਹ ਵਿਰੁੱਧ ਜੰਗ ਛੇੜਨ ਕਾਰਨ ਦਸੰਬਰ 1915 'ਚ ਮਾਂਡਲੇ ਦੇ ਸੈਸ਼ਨ ਜੱਜ ਅੱਗੇ ਪੰਡਤ ਸੋਹਣ ਲਾਲ ਪਾਠਕ ਦਾ ਮੁਕੱਦਮਾ ਚਲਾਇਆ ਗਿਆ। ਸੋਹਣ ਲਾਲ ਸਖ਼ਤ ਤਫ਼ਤੀਸ਼ ਦੌਰਾਨ ਵੀ ਬਿਲਕੁਲ ਨਾ ਡੋਲਿਆ। ਇਕ ਵਾਰ ਜਦੋਂ ਬਰਮਾ ਦਾ ਲੈਫਟੀਨੈਂਟ ਗਵਰਨਰ ਜੇਲ੍ਹ ਦੀ ਜਾਂਚ ਲਈ ਆਇਆ, ਉਸਨੇ ਸੋਹਣ ਲਾਲ ਪਾਠਕ ਨੂੰ ਮਾਫ਼ੀਨਾਮਾ ਦੇਣ ਲਈ ਕਿਹਾ ਜਿਸ ਨਾਲ ਉਸ ਦੀ ਜਾਨ ਬਚ ਸਕਦੀ ਸੀ। ਸੋਹਣ ਲਾਲ ਪਾਠਕ ਨੇ ਲੈਫਟੀਨੈਂਟ ਗਵਰਨਰ ਨੂੰ

ਦੱਸਿਆ ਕਿ ਅੰਗਰੇਜ਼ ਰਾਜ ਵਲੋਂ ਅਨਿਆਂ ਅਤੇ ਜ਼ੁਲਮ ਢਾਹੇ ਜਾ ਰਹੇ ਹਨ; ਉਹ ਹਿੰਦੁਸਤਾਨ ਵਿਚ ਧੱਕੇ ਨਾਲ ਆ ਵੜੇ ਸਨ ਅਤੇ ਜ਼ੋਰ ਨਾਲ ਮੁਲਕ ਉਪਰ ਰਾਜ ਕਰ ਰਹੇ ਹਨ। ਜੇ ਕਿਸੇ ਨੂੰ ਮਾਫ਼ੀ ਮੰਗਣੀ ਚਾਹੀਦੀ ਹੈ ਤਾਂ ਅੰਗਰੇਜ਼ਾਂ ਨੂੰ ਮੰਗਣੀ ਚਾਹੀਦੀ ਹੈ। ਜਿਸ ਦਿਨ ਉਸ ਨੂੰ ਫਾਂਸੀ ਦੇਣ ਲਈ ਲਿਜਾਇਆ ਜਾ ਰਿਹਾ ਸੀ, ਇਕ ਅੰਗਰੇਜ਼ ਮੈਜਿਸਟ੍ਰੇਟ ਨੇ ਆਹਲਾ ਅਧਿਕਾਰੀਆਂ ਦੇ ਹੁਕਮਾਂ 'ਤੇ ਉਸ ਨੂੰ ਮਾਫ਼ੀਨਾਮਾ ਦੇਣ ਲਈ ਮਨਾਉਣ ਦਾ ਯਤਨ ਕੀਤਾ ਜਿਸ ਦੇ ਅਧਾਰ 'ਤੇ ਉਸ ਦੀ ਸਜ਼ਾ-ਏ-ਮੌਤ ਬਦਲ ਦਿੱਤੀ ਜਾਵੇਗੀ, ਪਰ ਸੋਹਣ ਲਾਲ ਪਾਠਕ ਸਿਰਫ਼ ਮੁਸਕਰਾਇਆ ਅਤੇ ਨਾਂਹ ਕਰ ਦਿੱਤੀ। ਮੈਜਿਸਟ੍ਰੇਟ ਦੇ ਵਾਰ-ਵਾਰ ਪ੍ਰੇਰਨ 'ਤੇ, ਪਾਠਕ ਨੇ ਉਸਨੂੰ ਕਿਹਾ ਕਿ ਉਹ ਆਪਣਾ ਕੰਮ ਕਰੇ ਅਤੇ ਉਸ ਨੂੰ ਆਪਣਾ ਫਰਜ਼ ਨਿਭਾਉਣ ਦੇਵੇ। 10 ਫਰਵਰੀ 1916 ਨੂੰ ਮਾਂਡਲੇ ਜੇਲ੍ਹ ਵਿਚ ਉਸਨੇ ਫਾਂਸੀ ਦੇ ਰੱਸੇ ਨੂੰ ਚੁੰਮਿਆ ਅਤੇ ਸ਼ਹਾਦਤ ਦਾ ਜਾਮ ਪੀਤਾ।

ਬਰਮਾ ਵਿਚ ਜਿਨ੍ਹਾਂ ਦੋ ਹੋਰ ਮਾਮਲਿਆਂ ਵਿਚ ਮੁਕੱਦਮੇ ਚਲਾਏ ਗਏ ਉਹ ਮਾਂਡਲੇ ਸਾਜ਼ਿਸ਼ ਮੁਕੱਦਮਿਆਂ ਵਜੋਂ ਜਾਣੇ ਜਾਂਦੇ ਹਨ। ਜਿਵੇਂ ਲਾਹੌਰ ਵਿਚ ਕੀਤਾ ਗਿਆ ਸੀ, ਡਿਫੈਂਸ ਆਫ ਇੰਡੀਆ ਐਕਟ ਤਹਿਤ ਮਾਂਡਲੇ ਸਾਜ਼ਿਸ਼ ਮੁਕੱਦਮੇ (1916) ਦਾ ਵਿਸ਼ੇਸ਼ ਟ੍ਰਿਬਿਊਨਲ ਬਣਾਇਆ ਗਿਆ। ਫ਼ੈਸਲਾ 22 ਸਤੰਬਰ 1916 ਨੂੰ ਸੁਣਾਇਆ ਗਿਆ। ਇਸ ਮਾਮਲੇ ਵਿਚ, ਬਾਬੂ ਹਰਨਾਮ ਸਿੰਘ ਸਾਹਰੀ, ਚਾਲੀਆ ਰਾਮ ਸਾਹਨੇਵਾਲ (ਲੁਧਿਆਣਾ), ਭਾਈ ਵਸਾਵਾ ਸਿੰਘ ਵਾਰਾ (ਹੁਸ਼ਿਆਰਪੁਰ), ਭਾਈ ਨਰੈਣ ਸਿੰਘ ਬਾਲੋ, ਭਾਈ ਨਿਰੰਜਣ ਸਿੰਘ ਸੰਗਤਪੁਰਾ, ਭਾਈ ਪਾਲਾ ਸਿੰਘ ਸ਼ੇਰਪੁਰ (ਲੁਧਿਆਣਾ) ਨੂੰ ਸਜ਼ਾ-ਏ-ਮੌਤ ਦਿੱਤੀ ਗਈ ਅਤੇ ਫਾਂਸੀ ਦੇ ਦਿੱਤੀ ਗਈ। ਕਿਰਪਾ ਰਾਮ ਨੂੰ ਸਜ਼ਾ-ਏ-ਮੌਤ ਦਿੱਤੀ ਗਈ, ਪਰ ਉਸਦੀ ਸਜ਼ਾ ਉਮਰ ਕੈਦ ਵਿਚ ਬਦਲ ਦਿੱਤੀ ਗਈ। ਮਾਮਲੇ ਵਿਚ ਦੋਸ਼ੀ ਕਰਾਰ ਦਿੱਤੇ ਛੇ ਦੇਸ਼ਭਗਤ, ਜਿਨ੍ਹਾਂ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ, ਕੈਦ ਭੁਗਤਣ ਲਈ ਅੰਡੇਮਾਨ ਭੇਜ ਦਿੱਤੇ ਗਏ।[14ਏ]

1. ਚੇਤ ਰਾਮ ਸਪੁੱਤਰ ਬਿਸ਼ਨ ਦਾਸ ਅਰੋੜਾ, ਪਿੰਡ ਵੈਰੋਵਾਲ, ਥਾਣਾ ਸਾਂਬਰਾਵਾਲ, ਸਿਆਲਕੋਟ (ਹੁਣ ਪਾਕਿਸਤਾਨ ਵਿਚ)।
2. ਜੀਵਨ ਸਿੰਘ ਸਪੁੱਤਰ ਈਸ਼ਰ ਸਿੰਘ ਬ੍ਰਾਹਮਣ, ਪਿੰਡ ਫੀਲੋਕੇ, ਥਾਣਾ ਕਿਲ੍ਹਾ ਦੀਦਾਰ ਸਿੰਘ, ਗੁੱਜਰਾਂਵਾਲਾ (ਹੁਣ ਪਾਕਿਸਤਾਨ ਵਿਚ)।
3. ਭਾਈ ਕਪੂਰ ਸਿੰਘ ਮੋਹੀ ਸਪੁੱਤਰ ਮਿੱਤ ਸਿੰਘ, ਪਿੰਡ ਮੋਹੀ, ਥਾਣਾ ਦਾਖਾ, ਜ਼ਿਲ੍ਹਾ ਲੁਧਿਆਣਾ।
4. ਹਰਦਿੱਤ ਸਿੰਘ ਸਪੁੱਤਰ ਭਗਵਾਨ ਸਿੰਘ, ਪਿੰਡ ਲੰਮੇ ਜੱਟਪੁਰਾ, ਜ਼ਿਲ੍ਹਾ ਲੁਧਿਆਣਾ।
5. ਕਿਰਪਾ ਰਾਮ, ਸਕੂਲ ਮਾਸਟਰ, ਸਪੁੱਤਰ ਬਰਿਜ ਲਾਲ, ਪਿੰਡ ਕੁਟਾਲਾ ਸ਼ਾਹੀ ਫਾਤੀਆ, ਗੁਜਰਾਤ, ਪੰਜਾਬ (ਹੁਣ ਪਾਕਿਸਤਾਨ ਵਿਚ)।
6. ਬੁੱਧ ਸਿੰਘ ਸਪੁੱਤਰ ਸ਼ਾਮ ਸਿੰਘ, ਪਿੰਡ ਫੀਲੋਕੇ, ਥਾਣਾ ਕਿਲ੍ਹਾ ਦੀਦਾਰ ਸਿੰਘ, ਗੁੱਜਰਾਂਵਾਲਾ (ਹੁਣ ਪਾਕਿਸਤਾਨ ਵਿਚ)।

ਬੁੱਧ ਸਿੰਘ ਅੰਡੇਮਾਨ ਵਿਚ ਸ਼ਹੀਦ ਹੋ ਗਏ।[15]

ਦੂਜੇ ਮਾਂਡਲੇ ਸਾਜ਼ਿਸ਼ ਮੁਕੱਦਮੇ ਵਿਚ, ਕੁਝ ਹੋਰ ਦੇਸ਼ਭਗਤਾਂ ਨੂੰ 7 ਜੁਲਾਈ 1917 ਨੂੰ ਆਈ.ਪੀ.ਸੀ. ਦੀ ਧਾਰਾ 121 ਅਤੇ 121ਏ ਤਹਿਤ ਦੋਸ਼ੀ ਕਰਾਰ ਦਿੱਤਾ ਗਿਆ। ਮੁਜ਼ਤਬਾ ਹੁਸੈਨ ਉਰਫ਼ ਮੂਲ ਚੰਦ ਸਪੁੱਤਰ ਸਜਾਦ ਹੁਸੈਨ ਵਾਸੀ ਜੌਨਪੁਰ (ਯੂ.ਪੀ.), ਬਾਬੂ ਅਮਰ ਸਿੰਘ ਇੰਜੀਨੀਅਰ ਸਪੁੱਤਰ ਵਰਿਆਮ ਸਿੰਘ, ਜੱਟ, ਪਿੰਡ ਸ਼ੇਰਪੁਰ (ਲੁਧਿਆਣਾ) ਅਤੇ ਅਲੀ ਅਹਿਮਦ ਸਦੀਕੀ ਸਪੁੱਤਰ ਕੁਰਬਾਨ ਅਲੀ ਪਠਾਣ (ਸ਼ਹਿਜ਼ਾਦਪੁਰ) ਨੂੰ ਸਜ਼ਾ-ਏ-ਮੌਤ ਦਿੱਤੀ ਗਈ। ਪਰ, ਉਨ੍ਹਾਂ ਦੀਆਂ ਮੌਤ ਦੀਆਂ ਸਜ਼ਾਵਾਂ ਕਾਲੇਪਾਣੀ ਉਮਰ ਕੈਦ 'ਚ ਬਦਲ ਦਿੱਤੀਆਂ ਗਈਆਂ ਅਤੇ ਉਨ੍ਹਾਂ ਨੂੰ ਅੰਡੇਮਾਨ ਭੇਜ ਦਿੱਤਾ ਗਿਆ। ਰਾਮ ਰੱਖਾ ਸਸੌਲੀ ਸਪੁੱਤਰ ਜਵਾਹਰੀ ਰਾਮ, ਪਿੰਡ ਸਸੌਲੀ, ਜ਼ਿਲ੍ਹਾ ਹੁਸ਼ਿਆਰਪੁਰ ਨੂੰ ਮੁਲਕ ਤੋਂ ਬਾਹਰ ਉਮਰ ਕੈਦ ਦੀ ਸਜ਼ਾ ਦਿੱਤੀ ਗਈ।[16] ਉਸ ਨੂੰ ਵੀ ਅੰਡੇਮਾਨ ਭੇਜ ਦਿੱਤਾ ਗਿਆ।

ਫ਼ੌਜੀ ਜਵਾਨਾਂ ਦਾ ਮੁਕੱਦਮਾ

ਜਿਵੇਂ ਪਹਿਲਾਂ ਚਰਚਾ ਕੀਤੀ ਗਈ ਹੈ। ਲਾਹੌਰ ਦੀ ਮੀਆਂ ਮੀਰ ਛਾਉਣੀ ਵਿਚ ਤਾਇਨਾਤ 23ਵੇਂ ਰਿਸਾਲੇ ਦੇ ਕੁਝ ਜਵਾਨ ਗ਼ਦਰੀ ਦੇਸ਼ ਭਗਤਾਂ ਦੇ ਹਮਦਰਦ ਸਨ, ਪਰ ਅਧਿਕਾਰੀ ਉਨ੍ਹਾਂ ਦੀ ਸ਼ਨਾਖ਼ਤ ਕਰਨ ਤੋਂ ਅਸਮਰੱਥ ਸਨ ਜਿਨ੍ਹਾਂ ਦਾ ਗ਼ਦਰੀ ਆਗੂਆਂ ਨਾਲ ਸੰਪਰਕ ਸੀ। 19 ਫਰਵਰੀ 1915 ਤੋਂ ਬਾਅਦ, ਇਸ ਰਿਸਾਲੇ ਨੂੰ ਜੰਗੀ ਮੁਹਾਜ਼ 'ਤੇ ਭੇਜਿਆ ਗਿਆ ਅਤੇ ਇਸ ਦਾ ਸਦਰ-ਮੁਕਾਮ ਨਗਾਓਂ ਛਾਉਣੀ (ਯੂ.ਪੀ.) ਤਬਦੀਲ ਕਰ ਦਿੱਤਾ ਗਿਆ। 13 ਮਈ 1915 ਨੂੰ ਜਦੋਂ ਇਨ੍ਹਾਂ ਜਵਾਨਾਂ ਦਾ ਸਮਾਨ ਰੇਲਵੇ ਸਟੇਸ਼ਨ ਤੋਂ ਛਾਉਣੀ ਵਿਚ ਲਿਜਾਣ ਲਈ ਗੱਡੇ ਉਪਰ ਲੱਦਿਆ ਜਾ ਰਿਹਾ ਸੀ, ਦਫ਼ੇਦਾਰ ਵਧਾਵਾ ਸਿੰਘ ਦੀ ਇਕ ਸੰਦੂਕੜੀ ਡਿਗ ਗਈ ਅਤੇ ਇਸ ਵਿਚ ਰੱਖਿਆ ਬੰਬ ਚਲ ਗਿਆ। ਸਮਾਨ ਦੀ ਤਲਾਸ਼ੀ ਲਈ ਗਈ। ਵਧਾਵਾ ਸਿੰਘ ਦੀ ਸੰਦੂਕੜੀ ਵਿੱਚੋਂ ਇਕ ਹੋਰ ਬੰਬ ਮਿਲ ਗਿਆ। ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਗ਼ਦਰੀ ਆਗੂਆਂ ਨਾਲ ਸਬੰਧਤ ਪਿਛਲੇ ਸਾਰੇ ਸੰਪਰਕ ਹੁਣ ਅਧਿਕਾਰੀਆਂ ਨੂੰ ਪਤਾ ਲੱਗ ਗਏ। ਗ਼ਦਰ ਲਹਿਰ ਵਿਚ ਸ਼ਾਮਲ 23ਵੇਂ ਰਿਸਾਲੇ ਦੇ ਜਵਾਨਾਂ, ਦਫ਼ੇਦਾਰ ਲਛਮਣ ਸਿੰਘ ਅਤੇ ਦਫ਼ੇਦਾਰ ਵਧਾਵਾ ਸਿੰਘ ਰੂੜੀਵਾਲ, ਅਤੇ ਅਠਾਰਾਂ ਹੋਰ ਜਵਾਨਾਂ ਨੂੰ ਮੈਦਾਨੇ-ਜੰਗ ਵਿੱਚੋਂ ਵਾਪਸ ਬੁਲਾ ਲਿਆ ਗਿਆ ਅਤੇ ਡਿਗਸ਼ਈ ਵਿਚ ਕੋਰਟ ਮਾਰਸ਼ਲ ਕੀਤਾ ਗਿਆ। ਦਫ਼ੇਦਾਰ ਲਛਮਣ ਸਿੰਘ, ਦਫ਼ੇਦਾਰ ਵਧਾਵਾ ਸਿੰਘ ਰੂੜੀਵਾਲ, ਭਾਗ ਸਿੰਘ, ਮੋਤਾ ਸਿੰਘ, ਤਾਰਾ ਸਿੰਘ ਰੂੜੀਵਾਲਾ, ਇੰਦਰ ਸਿੰਘ ਜੀਓਵਾਲਾ, ਇੰਦਰ ਸਿੰਘ ਸਵਾਜਪੁਰ, ਬੂਟਾ ਸਿੰਘ ਕਸੇਲ, ਗੁੱਜਰ ਸਿੰਘ ਲਾਹੁਕੇ, ਜੇਠਾ ਸਿੰਘ ਲਾਹੁਕੇ, ਬੁੱਧ ਸਿੰਘ ਢੋਟੀਆਂ ਅਤੇ ਅਬਦੁੱਲਾ ਨਾਹਲਬੰਦ (ਲਾਹੌਰ) ਨੂੰ ਸਜ਼ਾ-ਏ-ਮੌਤ ਦਿੱਤੀ ਗਈ ਅਤੇ ਫਾਂਸੀ ਦੇ ਦਿੱਤੀ ਗਈ। ਹੇਠ ਦਿੱਤਿਆਂ ਨੂੰ ਵੀ ਸਜ਼ਾ-ਏ-ਮੌਤ ਦਿੱਤੀ ਗਈ, ਪਰ ਉਨ੍ਹਾਂ ਦੀਆਂ ਸਜ਼ਾਵਾਂ ਕਾਲੇਪਾਣੀ ਉਮਰ ਕੈਦ ਵਿਚ ਬਦਲ ਦਿੱਤੀਆਂ ਗਈਆਂ।[17]

1. ਬਿਸ਼ਨ ਸਿੰਘ ਢੋਟੀਆਂ, ਉਮਰ 29 ਸਾਲ, ਸਪੁੱਤਰ ਜੀਵਨ ਸਿੰਘ, 23ਵਾਂ ਰਿਸਾਲਾ ਪਲਟਣ, ਸਿਪਾਹੀ ਨੰਬਰ 1526।
2. ਬਿਸ਼ਨ ਸਿੰਘ ਢੋਟੀਆਂ ਸਪੁੱਤਰ ਰਾਮ ਸਿੰਘ, ਪਿੰਡ ਸਰਹਾਲੀ, ਜ਼ਿਲ੍ਹਾ ਅੰਮ੍ਰਿਤਸਰ (ਪੰਜਾਬ), 23ਵਾਂ ਰਿਸਾਲਾ ਦੀ ਪਲਟਣ ਦਾ ਸਿਪਾਹੀ ਨੰਬਰ 1945।
3. ਨੱਥਾ ਸਿੰਘ ਢੋਟੀਆਂ, ਉਮਰ 29 ਸਾਲ, ਸਪੁੱਤਰ ਸਦਾ ਸਿੰਘ, ਪਿੰਡ ਸਰਹਾਲੀ ਜ਼ਿਲ੍ਹਾ ਅੰਮ੍ਰਿਤਸਰ, 23ਵਾਂ ਰਿਸਾਲਾ ਦੀ ਪਲਟਣ ਦਾ ਸਿਪਾਹੀ ਨੰਬਰ 1393।
4. ਕੇਹਰ ਸਿੰਘ ਉਰਫ਼ ਕੇਸਰੀ ਉਰਫ਼ ਕੇਸਰ ਸਿੰਘ, ਉਮਰ 27 ਸਾਲ, ਸਪੁੱਤਰ ਭਗਤ ਸਿੰਘ, ਪਿੰਡ ਸਰਹਾਲੀ ਜ਼ਿਲ੍ਹਾ ਅੰਮ੍ਰਿਤਸਰ (ਪੰਜਾਬ), 23ਵਾਂ ਰਿਸਾਲਾ ਦੀ ਪਲਟਣ ਦਾ ਸਿਪਾਹੀ ਨੰਬਰ 1523।
5. ਚੰਨਣ ਸਿੰਘ ਢੰਡ ਕਸੇਲ, ਉਮਰ 24 ਸਾਲ, ਸਪੁੱਤਰ ਨੱਥਾ ਸਿੰਘ, ਪਿੰਡ ਢੰਡ ਕਸੇਲ, ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ, 23ਵੇਂ ਰਸਾਲੇ ਨਾਲ ਸਬੰਧਤ ਸਿਪਾਹੀ ਨੰਬਰ 1775।
6. ਨੰਦ ਸਿੰਘ ਰਾਏਕੇ ਬੁਰਜਾਂ, ਉਮਰ 37 ਸਾਲ, ਸਪੁੱਤਰ ਪੰਜਾਬ ਸਿੰਘ, ਲਾਇਲਪੁਰ (ਹੁਣ ਪਾਕਿਸਤਾਨ ਵਿਚ), 23ਵਾਂ ਰਿਸਾਲਾ ਦੀ ਪਲਟਣ ਦਾ ਸਿਪਾਹੀ ਨੰਬਰ 1327। ਉਨ੍ਹਾਂ ਨੂੰ ਅੰਡੇਮਾਨ ਜੇਲ੍ਹ ਵਿਚ ਭੇਜ ਦਿੱਤਾ ਗਿਆ।

ਝੂਠੇ ਮੁਕੱਦਮਿਆਂ ਵਿਚ ਦੋਸ਼ੀ ਕਰਾਰ ਦਿੱਤੇ ਗਏ ਹੋਰ ਕਈ ਦੇਸ਼ਭਗਤਾਂ ਨੂੰ ਵੀ ਅੰਡੇਮਾਨ ਭੇਜਿਆ ਗਿਆ। ਮਾਸਟਰ ਚਤਰ ਸਿੰਘ, ਜਿਸਨੇ ਗ਼ਦਰ ਪਾਰਟੀ ਦੇ ਪ੍ਰਭਾਵ ਹੇਠ 16 ਦਸੰਬਰ 1914 ਨੂੰ ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਦੇ ਦਫ਼ਤਰ ਵਿਚ ਛਵੀ ਨਾਲ ਪ੍ਰੋਫੈਸਰ ਡੰਕਲਿਫ ਦਾ ਕਤਲ ਕਰਨ ਦਾ ਯਤਨ ਕੀਤਾ ਸੀ, ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਉਸ ਉਪਰ ਆਈ.ਸੀ.ਪੀ. ਦੀ ਧਾਰਾ 307 ਤਹਿਤ ਮੁਕੱਦਮਾ ਚਲਾਇਆ ਗਿਆ ਅਤੇ ਜਲਾਵਤਨੀ ਵਿਚ ਉਮਰ ਕੈਦ ਦੀ ਸਜ਼ਾ ਦਿੱਤੀ ਗਈ। ਉਸ ਨੂੰ ਵੀ ਅੰਡੇਮਾਨ ਭੇਜ ਦਿੱਤਾ ਗਿਆ।[18]

ਸ਼ਚਿੰਦਰਨਾਥ ਸਾਨਿਆਲ ਪਹਿਲੀ ਕਤਾਰ ਦਾ ਇਨਕਲਾਬੀ ਸੀ। ਆਪਣੇ ਸਕੂਲ ਦੇ ਦਿਨਾਂ 'ਚ ਹੀ ਉਸਨੇ ਬਨਾਰਸ ਵਿਚ "ਅਨੁਸ਼ੀਲਨ ਸੰਮਤੀ" ਨਾਂ ਦਾ ਕਲੱਬ ਬਣਾਇਆ ਸੀ ਜੋ ਬਾਅਦ ਵਿਚ "ਨੌਜਵਾਨ ਸਭਾ" ਵਜੋਂ ਪ੍ਰਸਿੱਧ ਹੋਇਆ। ਸੰਮਤੀ ਦਾ ਦਿਖਾਵੇ ਦਾ ਉਦੇਸ਼ ਆਪਣੇ ਮੈਂਬਰਾਂ ਦਾ ਨੈਤਿਕ, ਬੌਧਿਕ ਅਤੇ ਜਿਸਮਾਨੀ ਵਿਕਾਸ ਕਰਨਾ ਸੀ, ਪਰ ਇਸ ਦਾ "ਨਿਸ਼ਾਨਾ ਸਮਾਜ ਵਿਚ ਬਗ਼ਾਵਤ ਫੈਲਾਉਣ ਦਾ ਸਾਧਨ ਬਣਨਾ ਸੀ।" 1914 ਦੇ ਸ਼ੁਰੂ 'ਚ, ਰਾਸ ਬਿਹਾਰੀ ਬੋਸ ਨੇ ਵਿਹਾਰਕ ਤੌਰ 'ਤੇ ਬਨਾਰਸ ਵਿਚ ਲਹਿਰ ਦੀ ਅਗਵਾਈ ਹੱਥ ਲੈ ਕੇ ਸ਼ਚਿੰਦਰ ਨੂੰ ਆਪਣਾ ਸਹਾਇਕ ਕਮਾਂਡਰ ਬਣਾਇਆ। ਸ਼ਚਿੰਦਰ ਪੰਜਾਬ ਦੇ ਗ਼ਦਰੀ ਆਗੂਆਂ ਅਤੇ ਰਾਸ ਬਿਹਾਰੀ ਬੋਸ ਦਰਮਿਆਨ ਸੰਪਰਕ-ਕੜੀ ਵੀ ਸੀ। ਬੰਗਾਲ ਦੇ ਇਨਕਲਾਬੀਆਂ ਨੇ ਵੀ ਪੰਜਾਬ ਦੇ ਗ਼ਦਰੀ ਆਗੂਆਂ ਵਾਲੀ ਕਾਰਵਾਈ ਦੀ ਲਾਈਨ ਅਖ਼ਤਿਆਰ ਕੀਤੀ ਅਤੇ ਪੰਜਾਬ ਦੇ ਗ਼ਦਰੀ ਆਗੂਆਂ ਵਲੋਂ ਜੋ 21 ਫਰਵਰੀ 1915 ਦੇ ਦਿਨ ਹਥਿਆਰਬੰਦ ਗ਼ਦਰ ਦਾ ਫ਼ੈਸਲਾ ਲਿਆ ਗਿਆ ਸੀ ਉਸ ਨਾਲ ਸੁਮੇਲਕੇ ਯੋਜਨਾ ਉਲੀਕੀ। ਪਰ ਇਹ ਤਰੀਕ ਬਦਲਕੇ

19 ਫਰਵਰੀ ਕੀਤੇ ਜਾਣ ਦੀ ਇਤਲਾਹ ਬਨਾਰਸ ਨਾ ਪਹੁੰਚ ਸਕੀ। ਸ਼ਚਿੰਦਰ 21 ਫਰਵਰੀ 1915 ਨੂੰ ਪਰੇਡ ਗਰਾਊਂਡ ਵਿਚ ਪਹੁੰਚ ਗਿਆ। ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਬਨਾਰਸ ਸਾਜ਼ਿਸ਼ ਮਾਮਲੇ ਵਿਚ ਧਰ ਲਿਆ ਗਿਆ ਜਿਸ ਦੀ ਸੁਣਵਾਈ ਡਿਫੈਂਸ ਆਫ ਇੰਡੀਆ ਐਕਟ ਤਹਿਤ ਬਣਾਏ ਵਿਸ਼ੇਸ਼ ਟ੍ਰਿਬਿਊਨਲ ਨੇ ਕੀਤੀ। ਪੰਝੀ ਜਣਿਆਂ ਦਾ ਚਲਾਨ ਪੇਸ਼ ਕੀਤਾ ਗਿਆ, ਪਰ ਅਸਲ ਵਿਚ ਮੁਕੱਦਮੇ ਦਾ ਸਾਹਮਣਾ ਸੋਲਾਂ ਜਣੇ ਕਰ ਰਹੇ ਸਨ। 14 ਫਰਵਰੀ 1916 ਨੂੰ ਫ਼ੈਸਲਾ ਸੁਣਾਇਆ ਗਿਆ। ਸ਼ਚਿੰਦਰਨਾਥ ਸਾਨਿਆਲ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਜਦਕਿ ਬਾਕੀਆਂ ਨੂੰ ਇਸ ਤੋਂ ਥੋੜ੍ਹੇ ਸਮੇਂ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ।[19] ਅਗਸਤ 1916 'ਚ ਸ਼ਾਚਿੰਦਰਨਾਥ ਸਾਨਿਆਲ ਨੂੰ ਅੰਡੇਮਾਨ ਭੇਜਿਆ ਗਿਆ।[19ਏ]

ਜਿਸ ਇਕ ਹੋਰ ਦੇਸ਼ਭਗਤ ਨੂੰ ਅੰਡੇਮਾਨ ਭੇਜਿਆ ਗਿਆ ਉਹ ਸੀ ਰਣਧੀਰ ਸਿੰਘ ਸਪੁੱਤਰ ਨੱਥਾ ਸਿੰਘ, ਪਿੰਡ ਨਾਰੰਗਵਾਲ, ਜ਼ਿਲ੍ਹਾ ਲੁਧਿਆਣਾ। ਉਹ ਇਕ ਪ੍ਰਸਿੱਧ ਸਿੱਖ ਆਗੂ ਅਤੇ ਸਾਹਿਤਕ ਸ਼ਖਸੀਅਤ ਸੀ। ਉਨ੍ਹਾਂ ਨੇ ਦਿੱਲੀ ਦੇ ਗੁਰਦੁਆਰਾ ਰਕਾਬ ਗੰਜ ਦੀ ਦੀਵਾਰ ਢਾਹੁਣ ਦੇ ਸਵਾਲ 'ਤੇ ਅੰਗਰੇਜ਼ ਹਕੂਮਤ ਵਿਰੁੱਧ ਲਹਿਰ ਦੀ ਅਗਵਾਈ ਕੀਤੀ। ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ, ਮੁਕੱਦਮਾ ਚਲਾਇਆ ਗਿਆ ਅਤੇ ਉਮਰ ਕੈਦ ਦੀ ਸਜ਼ਾ ਦਿੱਤੀ ਗਈ। ਗੋਵਿੰਦਚਰਨ ਕਰ ਪਹਿਲੀ ਆਲਮੀ ਜੰਗ ਦੇ ਅਰਸੇ ਦੌਰਾਨ ਇਕ ਹੋਰ ਸਰਗਰਮ ਇਨਕਲਾਬੀ ਸੀ। ਉਸ ਉਪਰ ਵੀ ਮੁਕੱਦਮਾ ਚਲਾਇਆ ਗਿਆ ਤੇ ਸੱਤ ਸਾਲ ਦੀ ਸਖ਼ਤ ਸਜ਼ਾ ਦਿੱਤੀ ਗਈ ਅਤੇ ਅੰਡੇਮਾਨ ਭੇਜਿਆ ਗਿਆ।[20] ਰਿਹਾਈ ਤੋਂ ਬਾਅਦ, ਉਸਨੇ ਇਨਕਲਾਬੀ ਸਰਗਰਮੀਆਂ ਵਿਚ ਮੁੜ ਹਿੱਸਾ ਲਿਆ ਅਤੇ ਕਾਕੋਰੀ ਸਾਜ਼ਿਸ਼ ਮੁਕੱਦਮੇ ਵਿਚ ਦੋਸ਼ੀ ਕਰਾਰ ਦਿੱਤਾ ਗਿਆ। ਉਸ ਨੂੰ ਕਾਲੇਪਾਣੀ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਸੀ।

ਬੰਗਾਲ ਦੇ ਇਨਕਲਾਬੀ

ਬੰਗਾਲ ਦੇ ਦੇਸ਼ਭਗਤ ਇਨਕਲਾਬੀਆਂ ਨੇ ਵੀ ਆਪਣੀਆਂ ਸਿਰਲੱਥ ਕਾਰਵਾਈਆਂ ਨਾਲ ਅੰਗਰੇਜ਼ ਹਕੂਮਤ ਦੀ ਨੀਂਦ ਹਰਾਮ ਕੀਤੀ ਹੋਈ ਸੀ। ਜਦੋਂ ਤਕ ਪੁਲਿਸ ਇਕ ਸਿਆਸੀ ਜੁਰਮ ਵਿਚ ਸ਼ਾਮਲ ਵਿਅਕਤੀਆਂ ਨੂੰ ਫੜਨ ਲਈ ਸਰਗਰਮ ਹੁੰਦੀ, ਓਦੋਂ ਨੂੰ ਇਕ ਹੋਰ ਵਾਰਦਾਤ ਹੋ ਜਾਂਦੀ। ਇਹ ਸੂਰਬੀਰ ਦੇਸ਼ਭਗਤ ਜਿਨ੍ਹਾਂ ਕੁਝ ਹੈਰਤਅੰਗੇਜ਼ ਵਾਰਦਾਤਾਂ ਵਿਚ ਸ਼ਾਮਲ ਹੋਏ ਉਨ੍ਹਾਂ ਦੀ ਯੋਜਨਾਬੰਦੀ ਯਾਦ ਕਰਨ ਲਾਇਕ ਹੈ ਕਿਉਂਕਿ ਇਨ੍ਹਾਂ ਦੇਸ਼ਭਗਤਾਂ ਨੂੰ ਬਾਅਦ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ, ਮੁਕੱਦਮੇ ਚਲਾਏ ਗਏ, ਦੋਸ਼ੀ ਕਰਾਰ ਦਿੱਤੇ ਗਏ, ਸਜ਼ਾਵਾਂ ਦਿੱਤੀਆਂ ਗਈਆਂ ਅਤੇ ਅੰਡੇਮਾਨ ਭੇਜ ਦਿੱਤੇ ਗਏ।

ਰਾਜਾ ਬਜ਼ਾਰ ਬੰਬ ਮਾਮਲੇ ਵਿਚ, 27 ਮਾਰਚ 1913 ਨੂੰ ਸਿਲਹਟ ਦੇ ਮੌਲਵੀ ਬਜ਼ਾਰ ਵਿਚ ਇਕ ਬੰਬ ਸੁੱਟਿਆ ਗਿਆ, ਜਿਸ ਦੇ ਸਿੱਟੇ ਵਜੋਂ ਨਵੰਬਰ 1913 'ਚ ਕਮਰਾ ਨੰਬਰ 296-1 ਅੱਪਰ ਸਰਕੂਲਰ ਰੋਡ (ਮੁਕਾਮੀ ਨਾਂ ਰਾਜਾ ਬਜ਼ਾਰ) ਦੀ ਤਲਾਸ਼ੀ ਲਈ ਗਈ। ਉੱਥੋਂ ਸਾਸੰਕਾ ਸੇਖਰ ਹਜ਼ਾਰਾ ਉਰਫ਼ ਅੰਮ੍ਰਿਤ ਲਾਲ ਹਜ਼ਾਰਾ, ਦਿਨੇਸ਼ ਚੰਦਰ ਸੇਨ ਗੁਪਤਾ, ਚੰਦਰ

ਸ਼ੇਖਰ ਡੇ ਅਤੇ ਸਾਰਦਾ ਚਰਨਗੁਹਾ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਬੰਬ ਬਣਾਉਣ ਲਈ ਲੋੜੀਂਦੀ ਸਮੱਗਰੀ ਕਬਜ਼ੇ ਵਿਚ ਲਈ ਗਈ। ਬਾਅਦ ਵਿਚ, ਕਾਲੀਪਦ ਘੋਸ਼ ਉਰਫ਼ ਉਪੇਂਦਰ ਲਾਲ ਰੇਅ ਚੌਧਰੀ ਅਤੇ ਖਾਗੇਂਦਰ ਨਾਥ ਚੌਧਰੀ ਉਰਫ਼ ਸੁਰੇਸ਼ ਚੰਦਰ ਚੌਧਰੀ ਨੂੰ ਇਸ ਮਾਮਲੇ 'ਚ ਵੱਖ-ਵੱਖ ਥਾਵਾਂ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ।[21] ਸਾਰਿਆਂ ਉਪਰ ਸੈਕਸ਼ਨ 120-ਬੀ ਆਈ.ਪੀ.ਸੀ. ਤਹਿਤ ਮੁਕੱਦਮੇ ਚਲਾਏ ਗਏ, ਜੋ ਰਾਜਾ ਬਜ਼ਾਰ ਬੰਬ ਮਾਮਲੇ ਵਜੋਂ ਮਸ਼ਹੂਰ ਹੋਇਆ। ਉਨ੍ਹਾਂ ਉਪਰ 21 ਫਰਵਰੀ 1914 ਨੂੰ ਸੈਸ਼ਨਜ਼ ਜੱਜ ਅਲੀਪੁਰ ਦੀ ਅਦਾਲਤ ਵਿਚ ਮੁਕੱਦਮਾ ਚਲਾਇਆ ਗਿਆ।[22] ਜੱਜ ਦੇ ਸਲਾਹਕਾਰਾਂ ਦੀ ਰਾਇ ਸੀ ਕਿ ਉਹ "ਦੋਸ਼ੀ ਨਹੀਂ", ਪਰ ਫ਼ੈਸਲਾ ਰਾਖਵਾਂ ਰੱਖਿਆ ਗਿਆ। 5 ਜੂਨ 1914 ਨੂੰ ਫ਼ੈਸਲਾ ਸੁਣਾਇਆ ਗਿਆ ਅਤੇ ਖਾਗੇਂਦਰ ਨਾਥ ਚੌਧਰੀ ਨੂੰ ਛੱਡਕੇ ਬਾਕੀ ਮੁਲਜ਼ਮ ਦੋਸ਼ੀ ਕਰਾਰ ਦਿੱਤੇ ਗਏ ਅਤੇ ਹਰੇਕ ਨੂੰ ਦਸ-ਦਸ ਸਾਲ ਕੈਦ ਦੀ ਸਜ਼ਾ ਦਿੱਤੀ ਗਈ। ਪਹਿਲੇ ਚਾਰ ਧਮਾਕਾਖੇਜ਼ ਸਮੱਗਰੀ ਐਕਟ ਦੇ ਸੈਕਸ਼ਨ ਚਾਰ ਤਹਿਤ ਵੀ ਦੋਸ਼ੀ ਪਾਏ ਗਏ ਅਤੇ ਇਸ ਦੀ ਸਜ਼ਾ ਵੀ ਦਿੱਤੀ ਗਈ। ਅੰਮ੍ਰਿਤ ਲਾਲ ਹਜ਼ਾਰਾ ਨੂੰ ਪੰਦਰਾਂ ਸਾਲ ਦੀ ਸਜ਼ਾ ਦਿੱਤੀ ਗਈ ਜਦੋਂਕਿ ਬਾਕੀ ਤਿੰਨਾਂ ਨੂੰ ਦਸ-ਦਸ ਸਾਲ ਦੀ ਸਜ਼ਾ ਦਿੱਤੀ ਗਈ।[23] ਕਲਕੱਤਾ ਹਾਈਕੋਰਟ ਦੇ ਜਸਟਿਸ ਮੁਖਰਜੀ ਅਤੇ ਰਿਚਰਡਸਨ ਵਲੋਂ ਅਪੀਲਾਂ ਦੀ ਸੁਣਵਾਈ ਸਬੰਧੀ ਫ਼ੈਸਲਾ 25 ਫਰਵਰੀ 1915 ਨੂੰ ਸੁਣਾਇਆ ਗਿਆ ਜਿਸ ਤਹਿਤ ਅੰਮ੍ਰਿਤ ਲਾਲ ਹਜ਼ਾਰਾ ਨੂੰ ਆਈ.ਪੀ.ਸੀ. ਦੀ ਧਾਰਾ 120-ਬੀ ਤਹਿਤ ਅਤੇ ਨਾਲ ਹੀ ਧਮਾਕਾਖੇਜ਼ ਸਮੱਗਰੀ ਐਕਟ ਦੋਸ਼ੀ ਕਰਾਰ ਦਿੱਤਾ ਗਿਆ, ਜਦੋਂਕਿ ਬਾਕੀਆਂ ਨੂੰ ਬਰੀ ਕਰ ਦਿੱਤਾ ਗਿਆ। ਅੰਮ੍ਰਿਤ ਲਾਲ ਹਜ਼ਾਰਾ ਨੂੰ ਪੰਦਰਾਂ ਸਾਲ ਕੈਦ ਦੀ ਸਜ਼ਾ ਦਿੱਤੀ ਗਈ। ਉਸਨੂੰ ਜਲਾਵਤਨ ਕਰਕੇ ਅੰਡੇਮਾਨ ਜੇਲ੍ਹ ਭੇਜ ਦਿੱਤਾ ਗਿਆ।

ਬਰਿਸਾਲ ਸਾਜ਼ਿਸ਼ ਮਾਮਲੇ ਵਿਚ ਵੀ, ਇਨਕਲਾਬੀਆਂ ਦੀ ਯੋਜਨਾਬੰਦੀ ਉੱਚ ਕੋਟੀ ਦੀ ਸੀ। 1904 'ਚ ਬਰਿਸਾਲ (ਹੁਣ ਬੰਗਲਾਦੇਸ਼ ਵਿਚ) ਵਿਚ ਇਕ ਸੰਮਤੀ ਬਣਾਈ ਗਈ ਸੀ ਜੋ ਬਰਿਸਾਲ ਸੰਮਤੀ ਵਜੋਂ ਜਾਣੀ ਜਾਂਦੀ ਸੀ। ਇਹ 'ਢਾਕਾ ਅਨੁਸ਼ੀਲਨ ਸੰਮਤੀ' ਦੀ ਸ਼ਾਖਾ ਸੀ। ਇਸ ਦਾ ਮੁਖੀ ਜ਼ਿਲ੍ਹਾ ਆਰਗੇਨਾਈਜ਼ਰ ਵਜੋਂ ਜਾਣਿਆ ਜਾਂਦਾ ਸੀ ਅਤੇ ਜਤਿਨ ਘੋਸ਼ ਪਹਿਲਾ ਇਨਕਲਾਬੀ ਸੀ ਜਿਸ ਨੂੰ ਇਹ ਅਹੁਦਾ ਦਿੱਤਾ ਗਿਆ ਸੀ। ਉਸ ਦੀ ਥਾਂ ਰਮੇਸ਼ ਅਚਾਰੀਆ ਨੇ ਲਈ, ਜੋ ਗ੍ਰਿਫ਼ਤਾਰੀ ਦੇ ਵਕਤ ਸਿਰਫ਼ ਇੱਕੀ ਸਾਲ ਦਾ ਸੀ। ਸੰਮਤੀ ਅੰਗਰੇਜ਼ ਹਕੂਮਤ ਦਾ ਤਖ਼ਤ ਉਲਟਾਉਣ ਲਈ ਬਣਾਈ ਗਈ ਸੀ। ਇਸ ਦੀਆਂ ਪ੍ਰਮੁੱਖ ਸਰਗਰਮੀਆਂ ਸਨ ਲੜਕਿਆਂ ਨੂੰ ਭਰਤੀ ਕਰਨਾ, ਹਥਿਆਰ ਇਕੱਠੇ ਕਰਨੇ, ਅਤੇ ਜਾਸੂਸਾਂ ਤੇ ਉਨ੍ਹਾਂ ਬੰਦਿਆਂ ਦੇ ਕਤਲ ਕਰਨਾ ਜਿਨ੍ਹਾਂ ਦੇ ਜਥੇਬੰਦੀ ਪ੍ਰਤੀ ਬੇਵਫ਼ਾ ਹੋਣ ਦਾ ਸ਼ੱਕ ਸੀ। ਜਥੇਬੰਦੀ ਦੀ ਯੋਜਨਾ ਲਹਿਰ ਨੂੰ ਸਕੂਲੀ ਲੜਕਿਆਂ ਵਿਚ ਫੈਲਾਉਣ ਦੀ ਸੀ ਜਿਨ੍ਹਾਂ ਨੂੰ ਐਸੀ ਜੋਸ਼ੀਲੀ ਅਮਾਨਤ ਸਮਝਿਆ ਜਾਂਦਾ ਸੀ ਜਿਨ੍ਹਾਂ ਵਿਚ ਆਪਾ ਵਾਰਕੇ ਇਸ ਕੰਮ ਨੂੰ ਅੰਜਾਮ ਦੇਣ ਦੀ ਸਮਰੱਥਾ ਸੀ। ਇਸ ਉਦੇਸ਼ ਨਾਲ, ਦੇਸ਼ਭਗਤੀ ਨਾਲ ਗੜੁੱਚ ਅਧਿਆਪਕਾਂ ਨੂੰ ਸੰਮਤੀ ਦੇ ਕੰਟਰੋਲ ਵਾਲੇ ਸਕੂਲਾਂ ਵਿਚ ਨਿਯੁਕਤ ਕੀਤਾ ਜਾਂਦਾ ਸੀ ਅਤੇ ਨੌਜਵਾਨਾਂ ਨੂੰ ਵੱਡੀ ਤਾਦਾਦ 'ਚ ਆਕਰਸ਼ਤ ਕੀਤਾ ਜਾਂਦਾ ਸੀ।

ਸੈਡੀਸ਼ਨ ਕਮੇਟੀ ਨੇ ਆਪਣੀ ਰਿਪੋਰਟ ਵਿਚ ਟਿੱਪਣੀ ਕੀਤੀ: "ਸਹਿਜੇ-ਸਹਿਜੇ ਜ਼ਾਬਤੇ ਦੀ ਸਹੁੰ ਖਵਾਕੇ ਮੈਂਬਰਾਂ ਨੂੰ ਸਹਿਜ ਨਾਲ ਅੰਦਰਲੇ ਘੇਰਿਆਂ ਵਿਚ ਸ਼ਾਮਲ ਕੀਤਾ ਜਾਂਦਾ ਸੀ। ਇਸ ਦੇ ਕਈ ਵਿਭਾਗ ਸਨ ਜਿਵੇਂ ਹਥਿਆਰ ਵਿਭਾਗ, ਐਕਸ਼ਨ ਵਿਭਾਗ, ਹਿੰਸਾ ਵਿਭਾਗ, ਜਥੇਬੰਦੀ, ਆਮ ਵਿਭਾਗ ਵਗੈਰਾ। ਜਥੇਬੰਦੀ ਅਤੇ ਹਲਫ਼, ਕੰਮ-ਢੰਗ, ਵਗੈਰਾ ਉਸ ਨਾਲ ਮਿਲਦੇ-ਜੁਲਦੇ ਸਨ ਜੋ ਢਾਕਾ ਸਾਜ਼ਿਸ਼ ਮਾਮਲੇ ਅੰਦਰ ਸਾਬਤ ਹੋ ਗਏ।"[23ੲ] ਜਥੇਬੰਦੀ ਸਿਲਸਿਲੇਵਾਰ ਅਤੇ ਮੁਕੰਮਲ ਸੀ। ਸੋਨਾਰੰਗ ਨੈਸ਼ਨਲ ਸਕੂਲ ਇਸ ਜਥੇਬੰਦੀ ਦੇ ਅਹਿਮ ਕੇਂਦਰਾਂ ਵਿੱਚੋਂ ਇਕ ਸੀ। ਸਕੂਲ ਦਾ ਪਾਠਕ੍ਰਮ ਉਹੀ ਸੀ ਜੋ ਸਰਕਾਰੀ ਸਕੂਲਾਂ ਵਿਚ ਐਂਟਰੈਂਸ ਜਾਂ ਮੈਟਰੀਕੁਲੇਸ਼ਨ ਪੱਧਰ ਤਕ ਹੁੰਦਾ ਹੈ, ਸਿਰਫ਼ ਜਿਸਮਾਨੀ ਵਰਜਿਸ਼ ਅਤੇ ਲਾਠੀ ਚਲਾਉਣ ਦੀ ਸਿਖਲਾਈ ਹੀ ਵੱਖਰੀ ਚੀਜ਼ ਸੀ। ਸੰਮਤੀ ਦੇ ਮੈਂਬਰਾਂ ਨੇ 30 ਸਤੰਬਰ 1910 ਤੋਂ ਲੈ ਕੇ 14 ਨਵੰਬਰ 1912 ਤਕ ਦੋ ਸਾਲਾਂ ਵਿਚ 14 ਦੇ ਕਰੀਬ ਸਿਆਸੀ ਡਾਕੇ ਮਾਰੇ। ਬਰਿਸਾਲ ਸਾਜ਼ਿਸ਼ ਮਾਮਲਾ ਦਰਜ ਕੀਤਾ ਗਿਆ। 12 ਮਈ 1913 ਨੂੰ ਸਥਾਨਕ ਸਰਕਾਰ ਵਲੋਂ ਚੁਤਾਲੀ ਵਿਅਕਤੀਆਂ ਉਪਰ ਆਈ.ਪੀ.ਸੀ. ਦੇ ਸੈਕਸ਼ਨ 120-ਏ ਤਹਿਤ ਮੁਕੱਦਮਾ ਚਲਾਉਣ ਲਈ ਮਨਜ਼ੂਰੀ ਦਿੱਤੀ ਗਈ। ਇਨ੍ਹਾਂ ਵਿੱਚੋਂ ਸੈਂਤੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਬਾਕੀ ਦੇ ਭਗੌੜੇ ਕਰਾਰ ਦੇ ਦਿੱਤੇ ਗਏ। ਦੋ ਵਾਅਦਾ-ਮੁਆਫ਼ ਗਵਾਹ ਬਣੇ ਅਤੇ ਸੱਤ ਹੋਰ ਮੈਜਿਸਟ੍ਰੇਟ ਵਲੋਂ ਬਰੀ ਕਰ ਦਿੱਤੇ ਗਏ। ਬਾਕੀ ਅਠਾਈ ਦਾ ਮੁਕੱਦਮਾ ਸੈਸ਼ਨਜ਼ ਅਦਾਲਤ ਵਿਚ ਚਲਾਇਆ ਗਿਆ। ਸੈਸ਼ਨਜ਼ ਅਦਾਲਤ ਵਲੋਂ ਦੋ ਨੂੰ ਬਰੀ ਕਰ ਦਿੱਤਾ ਗਿਆ। ਮੁਕੱਦਮੇ ਦੌਰਾਨ ਬਾਰਾਂ ਨੂੰ ਦੋਸ਼ੀ ਮੰਨਕੇ ਬਹਿਸ ਹੋਈ ਅਤੇ ਉਨ੍ਹਾਂ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਤੇ ਸਜ਼ਾ ਸੁਣਾਈ ਗਈ। ਬਾਕੀ ਚੌਦਾਂ ਮੁਲਜ਼ਮਾਂ ਦੇ ਖ਼ਿਲਾਫ਼ ਮਾਮਲਾ ਵਾਪਸ ਲੈ ਲਿਆ ਗਿਆ।

ਬਾਅਦ ਵਿਚ ਭਗੌੜਿਆਂ ਵਿੱਚੋ 5 ਜਨਵਰੀ 1915 ਨੂੰ ਮਦਨ ਭੌਮਿਕ ਉਰਫ਼ ਮਦਨ ਮੋਹਣ ਚੰਦਰ ਭੌਮਿਕ ਉਰਫ਼ ਕੁਲਾਦਾ ਪ੍ਰਸਾਦ ਰੇਅ, ਤ੍ਰਿਲੋਕੀ ਨਾਥ ਚਕਰਵਰਤੀ ਉਰਫ਼ ਕਾਲੀਧਰ ਚਕਰਵਰਤੀ ਉਰਫ਼ ਬ੍ਰਿਜ ਕਾਂਤ ਚਕਰਵਰਤੀ, ਖਾਗੇਂਦਰ ਨਾਥ ਚੌਧਰੀ ਉਰਫ਼ ਸੁਰੇਸ਼ ਚੰਦਰ ਚੌਧਰੀ, ਪ੍ਰਾਤੁਲ ਚੰਦਰ ਗਾਂਗੁਲੀ ਅਤੇ ਰਮੇਸ਼ ਚੰਦਰ ਦੱਤ ਚੌਧਰੀ ਉਰਫ਼ ਰਾਮ ਚੰਦਰ ਚੌਧਰੀ ਉਰਫ਼ ਪਰਿਤੋਸ਼ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਸਪਲੀਮੈਂਟਰੀ ਬਰਿਸਾਲ ਸਾਜ਼ਿਸ਼ ਮਾਮਲੇ ਵਿਚ ਮੁਕੱਦਮਾ ਚਲਾਇਆ ਗਿਆ।[24] 25 ਮਾਰਚ 1915 ਨੂੰ ਉਨ੍ਹਾਂ ਦਾ ਮੁਕੱਦਮਾ ਸੈਸ਼ਨਜ਼ ਜੱਜ ਦੀ ਅਦਾਲਤ ਵਿਚ ਭੇਜ ਦਿੱਤਾ ਗਿਆ। ਦਸੰਬਰ 2015 'ਚ ਸੈਸ਼ਨਜ਼ ਜੱਜ ਬਰਿਸਾਲ ਵਲੋਂ ਉਨ੍ਹਾਂ 'ਚੋਂ ਹਰੇਕ ਨੂੰ ਇੰਡੀਅਨ ਪੀਨਲ ਕੋਡ ਦੇ ਸੈਕਸ਼ਨ 120-ਏ ਤਹਿਤ ਦੋਸ਼ੀ ਕਰਾਰ ਦਿੱਤਾ ਗਿਆ। ਤ੍ਰਿਲੋਕੀ ਨਾਥ ਚਕਰਵਰਤੀ ਉਰਫ਼ ਕਾਲੀਚਰਨ ਨੂੰ ਪੰਦਰਾਂ ਸਾਲ ਜਲਾਵਤਨੀ 'ਚ ਕੈਦ ਦੀ ਸਜ਼ਾ ਦਿੱਤੀ ਗਈ, ਜਦੋਂਕਿ ਬਾਕੀ ਚਾਰ ਨੂੰ ਦਸ ਸਾਲ ਕੈਦ ਦੀ ਸਜ਼ਾ ਦਿੱਤੀ ਗਈ।[25] ਤ੍ਰਿਲੋਕੀ ਨਾਥ ਚਕਰਵਰਤੀ ਅਨੁਸ਼ੀਲਨ ਸੰਮਤੀ ਦੇ ਮੁੱਢਲੇ ਮੈਂਬਰਾਂ ਵਿੱਚੋਂ ਇਕ ਸੀ। ਉਹ ਢਾਕਾ ਸਾਜ਼ਿਸ਼ ਮਾਮਲੇ ਵਿਚ ਵੀ ਲੋੜੀਂਦਾ ਸੀ ਪਰ ਭਗੌੜਾ ਸੀ। ਉਸ ਬਾਰੇ ਸ਼ੱਕ ਸੀ ਕਿ ਉਹ ਚੌਦਾਂ ਕਤਲਾਂ ਵਿਚ ਸ਼ਾਮਲ ਸੀ ਅਤੇ ਅੰਗਰੇਜ਼ ਅਧਿਕਾਰੀ ਉਸ ਨੂੰ 'ਬਹੁਤ ਖ਼ਤਰਨਾਕ' ਮੰਨਦੇ ਸਨ। ਮਦਨ ਮੋਹਣ ਭੌਮਿਕ, ਤ੍ਰਿਲੋਕੀ ਨਾਥ ਚਕਰਵਰਤੀ ਅਤੇ ਖਾਗੇਂਦਰ ਨਾਥ ਚੌਧਰੀ

ਨੂੰ ਅੰਡੇਮਾਨ ਜੇਲ੍ਹ ਵਿਚ ਜਲਾਵਤਨ ਕਰ ਦਿੱਤਾ ਗਿਆ।

ਇਕ ਹੋਰ ਦੇਸ਼ਭਗਤ ਜਤਿੰਦਰ ਨਾਥ ਮੁਖਰਜੀ ਉਰਫ਼ ਜਤਿਨ ਮੁਖਰਜੀ ਬੰਗਾਲ ਦੀਆਂ ਇਨਕਲਾਬੀ ਮੁਹਿੰਮਾਂ ਦੇ ਮਸ਼ਹੂਰ ਆਗੂਆਂ ਵਿੱਚੋਂ ਇਕ ਸੀ। ਉਸ ਦੇ ਧੜੇ ਨੇ ਆਟੋਮੋਬਾਈਲ ਟੈਕਸੀ ਕੈਬ ਦੀ ਮਦਦ ਨਾਲ ਸਿਆਸੀ ਡਾਕੇ ਮਾਰਕੇ ਇਨਕਲਾਬੀ ਜੁਰਮਾਂ ਵਿਚ ਨਵੀਂ ਖ਼ਾਸੀਅਤ ਜੋੜ ਦਿੱਤੀ। 12 ਫਰਵਰੀ 1915 ਨੂੰ ਮੌਜ਼ਰ ਪਿਸਤੌਲਾਂ ਨਾਲ ਲੈਸ ਇਕ ਟੋਲੀ ਨੇ ਜਤਿਨ ਮੁਖਰਜੀ ਅਤੇ ਬਿਪਿਨ ਗਾਂਗੁਲੀ ਦੀ ਨਿਰਦੇਸ਼ਨਾ ਹੇਠ ਗਾਰਡਨ ਰੀਚ ਵਿਖੇ ਸਿਆਸੀ ਡਾਕਾ ਮਾਰਿਆ ਜੋ ਟੈਕਸੀ–ਕੈਬ ਡਕੈਤੀ ਮਾਮਲੇ ਵਜੋਂ ਵੀ ਮਸ਼ਹੂਰ ਹੈ। 'ਬਰਡ ਐਂਡ ਕੰਪਨੀ' ਦੇ ਨੌਕਰ ਨੂੰ ਰਸਤੇ ਵਿਚ ਨੱਪ ਲੈਣ ਲਈ ਇਹ ਡਕੈਤੀ ਬਹੁਤ ਹੀ ਬਾਰੀਕੀ ਨਾਲ ਵਿਉਂਤੀ ਗਈ ਸੀ ਜੋ ਕਲਕੱਤਾ ਦੀ ਚਾਰਟਰਡ ਬੈਂਕ ਤੋਂ 20,000 ਰੁਪਏ ਦੀ ਹਫ਼ਤਾਵਾਰ ਰਕਮ ਕਢਵਾਕੇ ਫਰਮ ਦੀ ਗਾਰਡਨ ਰੀਚ ਵਾਲੀ ਮਿੱਲ ਨੂੰ ਜਾ ਰਿਹਾ ਸੀ ਜੋ ਹੁਗਲੀ ਨਦੀ ਦੇ ਨਾਲ ਥੋੜ੍ਹਾ ਅੱਗੇ ਜਾ ਕੇ ਬਣਾਈ ਹੋਈ ਸੀ। ਇਨਕਲਾਬੀ 18,000 ਰੁਪਏ ਖੋਹਕੇ ਲੈ ਗਏ। 22 ਫਰਵਰੀ 1915 ਨੂੰ ਇਨਕਲਾਬੀਆਂ ਦੀ ਇਸੇ ਟੋਲੀ ਨੇ ਜਤਿਨ ਮੁਖਰਜੀ ਦੀ ਨਿਰਦੇਸ਼ਨਾ ਹੇਠ ਟੈਕਸੀ–ਕੈਬ ਦੀ ਮਦਦ ਨਾਲ ਕਲਕੱਤਾ ਦੇ ਬਲੀਆਘਾਟ ਵਿਖੇ ਲਲਿਤ ਮੋਹਣ ਸਾਹਾ ਦੇ ਖ਼ਜ਼ਾਨੇ ਵਿਚ ਸਿਆਸੀ ਡਾਕਾ ਮਾਰਿਆ ਅਤੇ ਉੱਥੋਂ 20,000 ਰੁਪਏ ਨਗਦ ਤੇ ਕਰੰਸੀ ਨੋਟ ਖੋਹਕੇ ਲੈ ਗਏ। ਟੈਕਸੀ–ਕੈਬ ਦੇ ਚਾਲਕ ਨੂੰ ਗੋਲੀ ਮਾਰਕੇ ਮਾਰ ਦਿੱਤਾ ਗਿਆ। 24 ਫਰਵਰੀ 1915 ਨੂੰ ਇਕ ਪੁਲਿਸ ਅਧਿਕਾਰੀ ਨਿਰੋਦੇ ਪ੍ਰਸਾਦ ਹਲਦਰ ਨੂੰ ਪਥੁਰੀਘਾਟ ਸੜਕ 'ਤੇ ਕਤਲ ਕਰ ਦਿੱਤਾ ਗਿਆ। 28 ਫਰਵਰੀ 1915 ਨੂੰ ਕਲਕੱਤਾ ਪੁਲਿਸ ਦੇ ਇਕ ਇੰਸਪੈਕਟਰ ਸੁਰੇਸ਼ ਚੰਦਰ ਮੁਖਰਜੀ ਨੂੰ ਜਤਿਨ ਮੁਖਰਜੀ ਧੜੇ ਵਲੋਂ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਜੋ ਕਲਕੱਤਾ ਯੂਨੀਵਰਸਿਟੀ ਵਿਖੇ ਸਮਾਗਮ ਦੇ ਇੰਤਜ਼ਾਮਾਂ ਦੀ ਨਿਗਰਾਨੀ ਕਰਨ ਲਈ ਕਾਰਨਵਾਲਿਸ ਸਕੇਅਰ ਵਿਚ ਡਿਊਟੀ 'ਤੇ ਸੀ ਜਿਸ ਵਿਚ ਵਾਇਸਰਾਏ ਨੇ ਸ਼ਾਮਲ ਹੋਣਾ ਸੀ।[26]

ਮਾਰਚ 1915 ਦੇ ਅਖ਼ੀਰ 'ਚ ਜਤਿਨ ਆਪਣੇ ਵਿਸ਼ਵਾਸਪਾਤਰ ਸਹਿਯੋਗੀਆਂ ਮਨੋਰੰਜਨ ਗੁਪਤਾ, ਚਿਤਾਪ੍ਰਿਯਾ ਰਾਏ, ਨਰੇਨ ਭੱਟਾਚਾਰੀਆ (ਐੱਮ.ਐੱਨ.ਰਾਏ)*, ਨਿਰੇਨ ਦਾਸ ਗੁਪਤਾ ਅਤੇ ਜਯੋਤਿਸ਼ ਨੂੰ ਨਾਲ ਲੈ ਕੇ ਬਲਾਸੌਰ ਵੱਲ ਚੱਲ ਪਿਆ ਜਿਥੇ ਮਹਾਂਨਦੀ ਪੱਛਮ ਤੋਂ ਹੋ ਕੇ ਬੰਗਾਲ ਦੀ ਖਾੜੀ ਵਿਚ ਮਿਲ ਜਾਂਦੀ ਹੈ। ਸਤੰਬਰ 1915 'ਚ ਇਸ ਟੋਲੀ ਨੂੰ ਅਚਾਨਕ ਪੁਲਿਸ ਨੇ ਘੇਰਾ ਪਾ ਲਿਆ। ਗੋਲੀਆਂ ਦਾ ਵਟਾਂਦਰਾ ਹੋਇਆ। ਚਿਤਾਪ੍ਰਿਯਾ ਰਾਏ ਗੰਭੀਰ ਜ਼ਖ਼ਮੀ ਹੋ ਗਿਆ। ਜਤਿਨ ਮੁਖਰਜੀ ਅਤੇ ਜਯੋਤਿਸ਼ ਵੀ ਜ਼ਖ਼ਮੀ ਹੋ ਗਏ। ਕੁਝ ਦਿਨ ਬਾਅਦ ਜ਼ਖ਼ਮਾਂ ਦੀ ਤਾਬ ਨਾ ਝੱਲਦਿਆਂ ਜਤਿਨ ਦੀ ਮੌਤ ਹੋ ਗਈ। ਨਿਰੇਨ ਦਾਸ ਗੁਪਤਾ ਅਤੇ ਮਨੋਰੰਜਨ ਗੁਪਤਾ ਫੜ੍ਹ ਲਏ ਗਏ। ਉਨ੍ਹਾਂ ਉਪਰ ਮੁਕੱਦਮਾ ਚਲਾਇਆ ਗਿਆ ਅਤੇ ਸਜ਼ਾ–ਏ–ਮੌਤ ਦਿੱਤੀ ਗਈ, ਜਦੋਂਕਿ ਜਯੋਤਿਸ਼ ਪਾਲ ਨੂੰ ਉਮਰ ਭਰ ਜਲਾਵਤਨੀ 'ਚ ਕੈਦ ਦੀ ਸਜ਼ਾ ਦਿੱਤੀ ਗਈ ਅਤੇ ਅੰਡੇਮਾਨ ਭੇਜ ਦਿੱਤਾ ਗਿਆ।[27]

ਹੁਣ ਬੰਗਾਲੀ ਇਨਕਲਾਬੀਆਂ ਨੇ ਕਲਕੱਤਾ ਤੋਂ ਜ਼ਿਲ੍ਹਾ ਨਦੀਆ ਵਿਚ ਪਰਾਗਪੁਰ ਅਤੇ ਸ਼ਿਬਪੁਰ ਵਿਚ ਦੋ ਦਲੇਰਾਨਾ ਸਿਆਸੀ ਡਾਕਿਆਂ ਦੀ ਯੋਜਨਾ ਬਣਾਈ ਅਤੇ ਇਨ੍ਹਾਂ ਨੂੰ

ਅੰਜਾਮ ਦਿੱਤਾ। ਇਹ ਡਾਕੇ ਗ਼ਦਰ ਪਾਰਟੀ ਦੇ ਦੇਸ਼ਭਗਤਾਂ ਨਾਲ ਤਾਲਮੇਲ ਬਣਾਕੇ ਜਰਮਨੀ ਦੀ ਮਦਦ ਨਾਲ ਕੀਤੇ ਜਾਣ ਵਾਲੇ ਗ਼ਦਰ ਦੀ ਰੌਸ਼ਨੀ 'ਚ ਚਿਤਵੇ ਅਤੇ ਅੰਜਾਮ ਦਿੱਤੇ ਗਏ ਸਨ। ਧਨ ਹਾਸਲ ਕਰਨ ਦੀ ਸੋਚ ਤੋਂ ਬਿਨਾ, ਇਨਕਲਾਬੀਆਂ ਦੀ ਸੋਚ ਛਾਪਾਮਾਰ ਦਾਅਪੇਚਾਂ ਦੀ ਸਿਖਲਾਈ ਹਾਸਲ ਕਰਨ ਦੀ ਵੀ ਸੀ।

30 ਅਪ੍ਰੈਲ 1915 ਨੂੰ ਯੁਗਾਂਤਰ ਪਾਰਟੀ ਦੇ ਇਨਕਲਾਬੀਆਂ ਦੀ ਇਕ ਟੋਲੀ ਨੇ ਪਿੰਡ ਪਰਾਗਪੁਰ ਵਿਖੇ ਧਾਵਾ ਬੋਲਿਆ। ਉਹ ਕਿਸ਼ਤੀ 'ਤੇ ਸਵਾਰ ਹੋ ਕੇ ਗਏ ਅਤੇ ਪਿੰਡ ਪਰਾਗਪੁਰ, ਥਾਣਾ ਦੌਲਤਪੁਰ ਵਿਖੇ ਹਰੀਨਾਥ ਸਾਹਾ ਦੀ ਦੁਕਾਨ 'ਤੇ ਡਾਕਾ ਮਾਰਿਆ। ਮੌਜ਼ਰ ਪਿਸਤੌਲ ਤੇ ਵੱਡੀ ਮਾਤਰਾ ਵਿਚ ਗੋਲੀਸਿੱਕਾ ਅਤੇ ਸੇਫ ਤੋੜਨ ਵਾਲੇ ਸੰਦ ਕਲਕੱਤਾ ਤੋਂ ਲੈ ਕੇ ਗਏ ਸਨ। ਉੱਥੋਂ ਨਗਦੀ ਅਤੇ ਗਹਿਣੇ, ਜਿਨ੍ਹਾਂ ਦੀ ਕੀਮਤ 7000 ਰੁਪਏ ਸੀ, ਹਾਸਲ ਕੀਤੇ ਗਏ। ਡਾਕਾ ਮਾਰਨ ਤੋਂ ਬਾਅਦ ਕਲਕੱਤਾ ਵਾਪਸ ਮੁੜਨ ਦੀ ਯੋਜਨਾ ਪੁੱਠੀ ਪੈ ਗਈ। ਬਹੁਤਾ ਸਫ਼ਰ ਕਿਸ਼ਤੀ ਰਾਹੀਂ ਕੀਤਾ ਜਾਣਾ ਸੀ। ਨਦੀ ਕੰਢੇ, ਪੇਂਡੂਆਂ ਅਤੇ ਪੁਲਿਸ ਨੇ ਉਨ੍ਹਾਂ ਉਪਰ ਹਮਲਾ ਕਰ ਦਿੱਤਾ ਅਤੇ ਸਿੱਧੀ ਟੱਕਰ ਸ਼ੁਰੂ ਹੋ ਗਈ। ਸੁਸ਼ੀਲ ਸੇਨ ਗੋਲੀ ਲੱਗਣ ਨਾਲ ਜ਼ਖ਼ਮੀ ਹੋ ਗਿਆ। ਵਾਪਸ ਮੁੜਦਿਆਂ ਕਿਸ਼ਤੀ ਵਿਚ ਉਸ ਦੀ ਮੌਤ ਹੋ ਗਈ ਅਤੇ ਉਸਦੀ ਲਾਸ਼ ਨਦੀ ਵਿਚ ਡੁਬੋ ਦਿੱਤੀ ਗਈ। ਪਰਾਗਪੁਰ ਡਕੈਤੀ ਮਾਮਲੇ ਵਿਚ ਆਸ਼ੂ ਲਹਿਰੀ, ਗੋਪਨ ਰਾਏ, ਕਸ਼ਿਤਿਸ਼ ਸਾਨਿਆਲ ਅਤੇ ਫਾਨੀ ਰਾਏ ਸਮੇਤ ਕਈ ਵਿਅਕਤੀ ਗ੍ਰਿਫ਼ਤਾਰ ਕਰ ਲਏ ਗਏ। ਉਨ੍ਹਾਂ ਵਿੱਚੋਂ ਤਿੰਨ ਨੂੰ ਸੱਤ ਸਾਲ ਦੀ ਸਜ਼ਾ ਦੇ ਕੇ ਜਲਾਵਤਨ ਕੈਦ ਕਰ ਦਿੱਤਾ ਗਿਆ, ਜਦੋਂਕਿ ਚੌਥੇ ਨੂੰ ਅੱਠ ਸਾਲ ਦੀ ਜਲਾਵਤਨੀ ਦੀ ਸਜ਼ਾ ਦਿੱਤੀ ਗਈ।[28] ਚਾਰਾਂ ਨੂੰ ਅੰਡੇਮਾਨ ਭੇਜ ਦਿੱਤਾ ਗਿਆ।

30 ਸਤੰਬਰ 1915 ਨੂੰ ਯੁਗਾਂਤਰ ਪਾਰਟੀ ਦੇ ਬਰਿਸਾਲ ਗਰੁੱਪ ਦੇ ਬਾਈ ਇਨਕਲਾਬੀਆਂ ਨੇ ਸ਼ਿਬਪੁਰ, ਥਾਣਾ, ਨਦੀਆ ਵਿਚ ਡਾਕਾ ਮਾਰਿਆ। ਉਹ ਬੰਦੂਕਾਂ ਤੇ ਮੌਜ਼ਰ ਪਿਸਤੌਲਾਂ ਨਾਲ ਲੈਸ ਹੋਕੇ ਬਿਜਲੀ ਦੀਆਂ ਟਾਰਚਾਂ ਨਾਲ ਲੈ ਕੇ ਗਏ ਅਤੇ ਕ੍ਰਿਸਤੋ ਬਿਸਵਾਸ ਦੇ ਘਰ ਉਪਰ ਧਾਵਾ ਬੋਲਿਆ ਜੋ ਅਮੀਰ ਸ਼ਾਹੂਕਾਰ ਸੀ ਅਤੇ ਰੇਲਵੇ ਸਟੇਸ਼ਨ ਤੋਂ ਨੌਂ ਮੀਲ ਦੂਰ ਝਲਾਂਗੀ ਦਰਿਆ ਨੇੜੇ ਉਸਦੀ ਰਿਹਾਇਸ਼ ਸੀ। 20,689 ਰੁਪਏ ਕੀਮਤ ਦੀ ਨਗਦੀ ਤੇ ਗਹਿਣੇ ਲੁੱਟ ਲਏ ਗਏ। ਉਨ੍ਹਾਂ ਨੂੰ ਪਿੰਡ ਵਾਸੀਆਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਅਤੇ ਪੁਲਿਸ ਨੇ ਵੀ ਨਦੀ ਦੇ ਦੋਹਾਂ ਕੰਢਿਆਂ ਦੇ ਨਾਲ-ਨਾਲ ਉਨ੍ਹਾਂ ਦਾ ਪਿੱਛਾ ਕੀਤਾ। ਗੋਲੀਆਂ ਦੇ ਵਟਾਂਦਰੇ ਦਰਮਿਆਨ ਇਕ ਪੁਲਸੀਆ ਮਾਰਿਆ ਗਿਆ। ਇਸ ਮਾਮਲੇ ਵਿਚ ਕਈ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ ਜੋ ਸ਼ਿਬਪੁਰ ਡਕੈਤੀ ਮਾਮਲੇ ਵਜੋਂ ਮਸ਼ਹੂਰ ਹਨ ਅਤੇ 29 ਨਵੰਬਰ 1915 ਨੂੰ ਅਖ਼ੀਰ ਵਿਚ ਨਾਰਿਨ ਘੋਸ਼ ਚੌਧਰੀ ਦੀ ਗ੍ਰਿਫ਼ਤਾਰੀ ਹੋਈ। ਉਨ੍ਹਾਂ ਉਪਰ ਮੁਕੱਦਮਾ ਡਿਫੈਂਸ ਆਫ ਇੰਡੀਆ ਐਕਟ ਤਹਿਤ ਨਿਯੁਕਤ ਕੀਤੇ ਵਿਸ਼ੇਸ਼ ਕਮਿਸ਼ਨਰ ਵਲੋਂ ਚਲਾਇਆ ਗਿਆ। ਫ਼ੈਸਲਾ 15 ਫਰਵਰੀ 1916 ਨੂੰ ਸੁਣਾਇਆ ਗਿਆ। ਨਾਰੇਨ ਘੋਸ਼ ਚੌਧਰੀ, ਨਿਖਿਲ ਗੁਹਾ ਰਾਏ, ਸੁਰਿੰਦਰ ਨਾਥ ਬਿਸਵਾਸ, ਸਨੁਕਲ ਚੈਟਰਜੀ, ਸਤਿਆ ਰੰਜਨ ਬਾਸੂ, ਜਤਿੰਦਰ ਨਾਥ

ਨੰਦੀ, ਕਾਲੀਚਾਰਨ ਦਾਸ, ਭੁਪਿੰਦਰ ਨਾਥ ਘੋਸ਼, ਹਰਿੰਦਰ ਨਾਥ ਕਾਵਿਆਤੀਰਥ (ਇਕ ਸੰਸਕ੍ਰਿਤ ਵਿਦਵਾਨ) ਨੂੰ ਦਸ ਸਾਲ ਜਲਾਵਤਨੀ ਦੀ ਸਜ਼ਾ ਸੁਣਾਈ ਗਈ।[29] ਇਹ ਕੈਦ ਭੁਗਤਣ ਲਈ ਉਨ੍ਹਾਂ ਨੂੰ ਵੀ ਅੰਡੇਮਾਨ ਭੇਜ ਦਿੱਤਾ ਗਿਆ।

ਠਾਠਾਂ ਮਾਰਦਾ ਇਨਕਲਾਬੀ ਜੋਸ਼

ਇਨਕਲਾਬੀਆਂ ਦੀ ਆਪਣੇ ਵਤਨ ਦੀ ਆਜ਼ਾਦੀ ਲਈ ਲੜਾਈ ਅਜੇ ਵੀ ਜਾਰੀ ਸੀ ਅਤੇ ਸਰਕਾਰ ਵਲੋਂ ਜਬਰ ਵੀ ਪੂਰੇ ਜ਼ੋਰਾਂ 'ਤੇ ਸੀ। ਜਲ੍ਹਿਆਂਵਾਲਾ ਕਾਂਡ ਤੋਂ ਬਾਅਦ ਪੂਰਾ ਹਿੰਦੁਸਤਾਨ ਹੀ ਅੰਗਰੇਜ਼ ਰਾਜ ਦੇ ਖ਼ਿਲਾਫ਼ ਉੱਠ ਖੜ੍ਹਿਆ ਸੀ। 15 ਅਪ੍ਰੈਲ 1919 ਨੂੰ ਚੂਹੜਕਾਣਾ ਵਾਸੀਆਂ ਨੇ ਰੇਲਵੇ ਪੁਲ ਤੋੜ ਦਿੱਤਾ, ਰੇਲ ਪੱਟੜੀ ਉਖਾੜ ਦਿੱਤੀ ਅਤੇ ਰੇਲਵੇ ਸਟੇਸ਼ਨ ਸਾੜ ਦਿੱਤਾ। ਯੂਰਪੀ ਪੁਲਿਸ ਨੇ ਉਨ੍ਹਾਂ ਉਪਰ ਗੋਲੀ ਚਲਾ ਦਿੱਤੀ। ਕੁਝ ਮਾਰੇ ਗਏ, ਕਈ ਹੋਰ ਜ਼ਖ਼ਮੀ ਹੋ ਗਏ ਅਤੇ 400 ਦੇ ਕਰੀਬ ਗ੍ਰਿਫ਼ਤਾਰ ਕਰ ਲਏ ਗਏ। ਤੇਜਾ ਸਿੰਘ ਚੂਹੜਕਾਣਾ ਅਤੇ ਤੇਜਾ ਸਿੰਘ ਝੱਬਰ ਸਮੇਤ ਤੀਹ ਚੋਟੀ ਦੇ ਆਗੂਆਂ ਉਪਰ ਮੁਕੱਦਮਾ ਚਲਾਇਆ ਗਿਆ। ਫ਼ੈਸਲਾ 22 ਮਈ 1919 ਨੂੰ ਸੁਣਾਇਆ ਗਿਆ। ਉਨ੍ਹਾਂ ਵਿੱਚੋਂ ਸਤਾਰਾਂ ਨੂੰ ਕਾਲੇਪਾਣੀ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਜਦੋਂਕਿ ਕਰਤਾਰ ਸਿੰਘ ਝੱਬਰ, ਤੇਜਾ ਸਿੰਘ ਚੂਹੜਕਾਣਾ, ਕਾਹਨ ਸਿੰਘ ਚੂਹੜਕਾਣਾ, ਜਗੀਰ ਸਿੰਘ ਮੁਰੀਦਕੇ, ਮੈਣਾ ਸਿੰਘ ਨੌਖਰਕੇ ਅਤੇ ਮੇਹਰ ਦੀਨ ਲੋਹਾਰ ਕਾਲੋਕਾ ਨੂੰ ਸਜ਼ਾ-ਏ-ਮੌਤ ਸੁਣਾਈ ਗਈ। ਜਦਕਿ, 30 ਮਈ 1919 ਨੂੰ ਉਨ੍ਹਾਂ ਦੀ ਸਜ਼ਾ-ਏ-ਮੌਤ ਕਾਲੇਪਾਣੀ ਉਮਰ ਕੈਦ ਵਿਚ ਬਦਲ ਦਿੱਤੀ ਗਈ।[30] ਤੇਜਾ ਸਿੰਘ ਚੂਹੜਕਾਣਾ ਅਤੇ ਕਰਤਾਰ ਸਿੰਘ ਝੱਬਰ ਅੰਡੇਮਾਨ ਭੇਜ ਦਿੱਤੇ ਗਏ। ਸ਼ਾਹੀ ਰਹਿਮ ਦੇ ਸਿੱਟੇ ਵਜੋਂ 1920 'ਚ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ। ਅੰਮ੍ਰਿਤਸਰ ਦੇ ਮਾਸਟਰ ਰਾਜਾ ਰਾਮ ਉਪਰ ਵੀ ਮਾਰਸ਼ਲ ਲਾਅ ਦੇ ਮੁਕੱਦਮਿਆਂ ਦੌਰਾਨ ਮੁਕੱਦਮਾ ਚਲਾਇਆ ਗਿਆ ਅਤੇ ਉਸ ਨੂੰ ਵੀ ਕਾਲੇਪਾਣੀ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਅਤੇ ਅੰਡੇਮਾਨ ਭੇਜ ਦਿੱਤਾ ਗਿਆ।

ਇਸ ਤਰ੍ਹਾਂ ਲੱਗਦਾ ਹੈ ਕਿ ਮਾਰਸ਼ਲ ਲਾਅ ਦੇ ਮੁਕੱਦਮਿਆਂ ਵਿਚ ਦੋਸ਼ੀ ਕਰਾਰ ਦਿੱਤੇ ਅਠਾਰਾਂ ਦੇਸ਼ਭਗਤਾਂ ਨੂੰ ਅੰਡੇਮਾਨ ਭੇਜਿਆ ਗਿਆ ਸੀ, ਜਿਵੇਂ ਸਾਚਿੰਦਰਨਾਥ ਸਾਨਿਆਲ ਪੰਜਾਬ ਦੇ ਮਾਰਸ਼ਲ ਲਾਅ ਦੇ ਅਠਾਰਾਂ ਦੋਸ਼ੀਆਂ ਦਾ ਜ਼ਿਕਰ ਕਰਦਾ ਹੈ ਜੋ ਸੈਲੂਲਰ ਜੇਲ੍ਹ 'ਚੋਂ ਰਿਹਾਅ ਹੋਣ 'ਤੇ ਉਸਦੇ ਨਾਲ ਮੁਲਕ ਦੀ ਸਰਜ਼ਮੀਨ 'ਤੇ ਵਾਪਸ ਆਏ ਸਨ।[31]

1915-1921 ਦੌਰਾਨ ਕੁਝ ਹੋਰ ਦੇਸ਼ਭਗਤਾਂ ਨੂੰ ਵੀ ਸਿਆਸੀ ਜੁਰਮਾਂ ਲਈ ਦੋਸ਼ੀ ਕਰਾਰ ਦੇਕੇ ਸਜ਼ਾ ਸੁਣਾਈ ਗਈ ਸੀ ਅਤੇ ਅੰਡੇਮਾਨ ਭੇਜੇ ਗਏ ਸਨ, ਪਰ ਜਿਨ੍ਹਾਂ ਮਾਮਲਿਆਂ ਤਹਿਤ ਉਨ੍ਹਾਂ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਉਨ੍ਹਾਂ ਦੀ ਸ਼ਨਾਖ਼ਤ ਕਰਨੀ ਅਜੇ ਬਾਕੀ ਹੈ।

ਬੇਰਹਿਮ ਤਸੀਹੇ

ਐੱਸ.ਐੱਸ. ਮਹਾਰਾਜਾ ਸਮੁੰਦਰੀ ਜਹਾਜ਼ ਵਿਚ ਅੰਡੇਮਾਨ ਦਾ ਤਿੰਨ ਦਿਨ ਦਾ ਸਫ਼ਰ ਉਸ ਜ਼ਿੰਦਗੀ ਦੀ ਪੇਸ਼ਗੀ ਚੇਤਾਵਨੀ ਸੀ ਕਿ ਜੇਲ੍ਹ ਵਿਚ ਕੈਦੀਆਂ ਦਾ ਇੰਤਜ਼ਾਰ ਕਿਸ ਤਰ੍ਹਾਂ ਦੀ

ਜ਼ਿੰਦਗੀ ਕਰ ਰਹੀ ਸੀ। ਉਨ੍ਹਾਂ ਨੂੰ ਸਮੁੰਦਰੀ ਜਹਾਜ਼ ਦੇ ਸੜ੍ਹਾਂਦ ਮਾਰਦੇ ਹੇਠਲੇ ਹਿੱਸੇ ਵਿਚ ਇਹ ਹੁਕਮ ਦੇਕੇ ਡੱਕ ਦਿੱਤਾ ਗਿਆ ਸੀ ਕਿ ਉਨ੍ਹਾਂ ਨੇ ਉਪਰਲੇ ਡੈੱਕ ਉਪਰ ਨਹੀਂ ਜਾਣਾ।[32] ਅੰਡੇਮਾਨ ਪਹੁੰਚਕੇ ਉਨ੍ਹਾਂ ਨੂੰ ਬੰਦਰਗਾਹ ਤੋਂ ਪੈਦਲ ਤੋਰਕੇ ਸੈਲੂਲਰ ਜੇਲ੍ਹ ਲਿਜਾਇਆ ਗਿਆ, ਆਪਣੇ ਬਿਸਤਰੇ ਉਨ੍ਹਾਂ ਨੇ ਸਿਰਾਂ ਉਪਰ ਚੁੱਕੇ ਹੋਏ ਸਨ ਅਤੇ ਲੋਹੇ ਦੇ ਬਾਟੇ ਹੱਥਾਂ ਵਿਚ ਫੜ੍ਹੇ ਹੋਏ ਸਨ। ਜੇਲ੍ਹਰ ਬੇਰੀ ਪਹਿਲਾ ਬੰਦਾ ਸੀ ਜਿਸਨੇ ਅਪਮਾਨਿਤ ਕਰਨ ਵਾਲੇ ਲਹਿਜ਼ੇ 'ਚ ਟਿੱਚਰ ਕੀਤੀ "*ਸਵਰਾਜ* ਮੰਗਦੇ ਸੀ *ਬੰਬ ਵਾਲਿਓ*, ਇਥੇ ਤਾਂ ਕੋਹਲੂ ਗੇੜਨਾ ਪਵੇਗਾ।"[33]

ਬੇਰਹਿਮ ਡੇਵਿਡ ਬੇਰੀ ਦੇ ਹੱਥੋਂ ਉਹੀ ਵਹਿਸ਼ੀ ਸਲੂਕ ਬਰਦਾਸ਼ਤ ਕਰਨਾ ਸੈਲੂਲਰ ਜੇਲ੍ਹ ਵਿਚ ਆਉਣ ਵਾਲੇ (ਜੋ 1915 ਤੋਂ 1921 ਤਕ ਇਥੇ ਭੇਜੇ ਗਏ) ਇਨ੍ਹਾਂ ਸਿਆਸੀ ਕੈਦੀਆਂ ਦੀ ਹੋਣੀ ਸੀ ਜੋ ਅਜੇ ਵੀ ਜੇਲ੍ਹ ਦਾ ਕਰਤਾ-ਧਰਤਾ ਸੀ ਅਤੇ ਉਸਦੇ ਸਹਾਇਕ ਵੀ ਉਨੇ ਹੀ ਜ਼ਾਲਮ ਚਾਪਲੂਸ ਸਨ। ਬੇਰੀ ਦੇ ਸ਼ਿਸ਼ਕੇਰੇ ਦੋ ਕੌਡੀ ਦੇ ਅਧਿਕਾਰੀ ਝੱਟ ਗਾਲ੍ਹਾਂ 'ਤੇ ਉਤਰ ਆਉਂਦੇ ਅਤੇ ਤਸ਼ੱਦਦ ਕਰਦੇ। ਕਈ ਕੈਦੀਆਂ ਨੂੰ ਪਿੰਜਰੇ ਵਰਗੀਆਂ ਕੋਠੜੀਆਂ ਵਿਚ ਬੰਦ ਰੱਖਿਆ ਜਾਂਦਾ, ਗੰਦਾ ਖਾਣਾ ਦਿੱਤਾ ਜਾਂਦਾ ਅਤੇ ਰਾਤ ਨੂੰ ਹਾਜਤ ਹੋਣ 'ਤੇ ਕੋਠੜੀ ਦੇ ਅੰਦਰ ਹੀ ਟੱਟੀ-ਪਿਸ਼ਾਬ ਕਰਨਾ ਪੈਂਦਾ।[34] ਉਨ੍ਹਾਂ ਨੂੰ ਜਿਸਮ ਤੇ ਮਨੋਬਲ ਨੂੰ ਤੋੜਨ ਵਾਲੇ ਤਸੀਹੇ ਝੱਲਣੇ ਪੈਂਦੇ। ਉਨ੍ਹਾਂ ਨੂੰ ਇਕ ਦੂਜੇ ਨਾਲ ਜ਼ਬਾਨ ਸਾਂਝੀ ਕਰਨ ਦੀ ਮਨਾਹੀ ਸੀ।[35] ਕੰਮ ਕਰਨ ਵਕਤ ਪਹਿਨੇਂ ਜਾਣ ਵਾਲੇ ਜਾਂਘੀਏ ਸਮੇਤ ਉਨ੍ਹਾਂ ਨੂੰ ਜੇਲ੍ਹ ਦੀ ਵਰਦੀ ਦਿੱਤੀ ਜਾਂਦੀ ਸੀ। ਬੈਂਤ ਭਿਓਂ ਕੇ ਨੰਗੇ ਪਿੰਡੇ ਉਪਰ ਕੋਰੜੇ ਮਾਰਨਾ, ਨਿੱਕੀਆਂ-ਨਿੱਕੀਆਂ, ਹਨ੍ਹੇਰੀਆਂ ਅਤੇ ਸਿਹਤ ਲਈ ਜਾਨਲੇਵਾ ਕੋਠੜੀਆਂ ਵਿਚ ਲੰਮਾ ਸਮਾਂ ਇਕੱਲੇ ਬੰਦ ਰੱਖਣਾ, ਡੰਡਾ-ਬੇੜੀ, ਹੱਥਕੜੀ ਅਤੇ ਖਾਣੇ ਵਿਚ ਕਟੌਤੀ ਜਿਸਮਾਨੀ ਤੇ ਜ਼ਿਹਨੀਂ ਤਸੀਹਿਆਂ ਦੇ ਕੁਝ ਢੰਗ ਸਨ ਜੋ ਉਨ੍ਹਾਂ ਨੂੰ ਆਮ ਦਿੱਤੇ ਜਾਂਦੇ। ਸਿਆਸੀ ਕੈਦੀਆਂ ਨੂੰ ਡਾਕਟਰੀ ਸਹਾਇਤਾ ਨਾ ਦਿੱਤੇ ਜਾਣ ਕਾਰਨ, ਉਨ੍ਹਾਂ 'ਚੋਂ ਬਹੁਤ ਸਾਰਿਆਂ ਨੂੰ ਛੂਤ ਦੀਆਂ ਬੀਮਾਰੀਆਂ ਲੱਗ ਜਾਂਦੀਆਂ। ਇਨਕਲਾਬੀ ਜੇਲ੍ਹ ਅਧਿਕਾਰੀਆਂ ਦੇ ਜ਼ੁਲਮ ਵਿਰੁੱਧ ਡੱਟ ਗਏ ਅਤੇ ਉਨ੍ਹਾਂ ਨੇ ਮਨੁੱਖੀ ਸਵੈਮਾਣ ਅਤੇ ਨਾਲ ਹੀ ਪਵਿੱਤਰ ਕਾਜ ਨੂੰ ਬੁਲੰਦ ਰੱਖਿਆ ਜਿਸ ਖ਼ਾਤਰ ਉਹ ਜੂਝ ਰਹੇ ਸਨ।

ਹੁਣ ਕੌਮੀ ਪ੍ਰੈੱਸ ਵਿਚ ਸੈਲੂਲਰ ਜੇਲ੍ਹ ਦੇ ਤਸੀਹਿਆਂ ਦੀਆਂ ਕਹਾਣੀਆਂ ਦੀ ਵਿਆਪਕ ਚਰਚਾ ਹੋਣੀ ਸ਼ੁਰੂ ਹੋ ਗਈ ਅਤੇ ਪੂਰੇ ਮੁਲਕ ਵਿਚ ਇਸ ਜੇਲ੍ਹ ਨੂੰ ਬੰਦ ਕਰਨ ਦੀ ਮੰਗ ਉੱਠੀ।[36] ਜੇਲ੍ਹ ਅਧਿਕਾਰੀਆਂ ਵਿਰੁੱਧ ਇਨਕਲਾਬੀਆਂ ਦੀ ਲਗਾਤਾਰ ਜੱਦੋਜਹਿਦ ਦੇ ਸਤਾਏ ਅਤੇ ਹਿੰਦੁਸਤਾਨੀ ਲੋਕਾਂ ਦੀ ਆਮ ਮੰਗ ਅੱਗੇ ਝੁਕਦਿਆਂ, ਅੰਗਰੇਜ਼ ਹਕੂਮਤ ਨੇ ਅੰਡੇਮਾਨ ਜੇਲ੍ਹ ਵਿਚ ਬੰਦ ਸਿਆਸੀ ਕੈਦੀਆਂ ਲਈ ਆਮ ਮਾਫ਼ੀ ਦਾ ਐਲਾਨ ਕਰ ਦਿੱਤਾ। 1920 ਵਿਚ, ਡੇਢ ਸੌ ਦੇ ਕਰੀਬ ਕੈਦੀਆਂ ਦਾ ਜਾਂ ਤਾਂ ਵਤਨ ਦੀਆਂ ਜੇਲ੍ਹਾਂ ਵਿਚ ਤਬਾਦਲਾ ਕਰ ਦਿੱਤਾ ਗਿਆ ਜਾਂ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ। 30 ਦੇ ਕਰੀਬ ਕੈਦੀਆਂ ਦੀ ਆਖ਼ਰੀ ਟੋਲੀ ਨੂੰ 1921 'ਚ ਵਤਨ ਦੀਆਂ ਜੇਲ੍ਹਾਂ ਵਿਚ ਭੇਜ ਦਿੱਤਾ ਗਿਆ। ਫਿਰ ਵੀ, ਅੰਗਰੇਜ਼ ਹਕੂਮਤ ਨੇ ਸਿਆਸੀ ਕੈਦੀਆਂ ਨੂੰ ਵਿਚ-ਵਿਚ ਅੰਡੇਮਾਨ ਭੇਜਣਾ ਓਦੋਂ ਤਕ ਜਾਰੀ ਰੱਖਿਆ ਜਦੋਂ ਤਕ ਉਨ੍ਹਾਂ ਨੇ ਆਖ਼ਿਰਕਾਰ 1932 'ਚ ਆਪਣੀ ਨੀਤੀ ਬਦਲ ਨਹੀਂ ਲਈ।

ਬਰਿੰਦਰ ਕੁਮਾਰ ਘੋਸ਼ ਅਤੇ ਉਪੇਂਦਰ ਬੈਨਰਜੀ ਜਿਨ੍ਹਾਂ ਨੂੰ 1909 'ਚ ਅਤੇ ਵੀ.ਡੀ. ਸਾਵਰਕਰ ਜਿਸ ਨੂੰ 1911 'ਚ ਜਲਾਵਤਨ ਕਰਕੇ ਅੰਡੇਮਾਨ ਭੇਜਿਆ ਗਿਆ ਉਨ੍ਹਾਂ ਨੂੰ 1914 'ਚ ਵਾਪਸ ਵਤਨ ਨਹੀਂ ਭੇਜਿਆ ਗਿਆ ਸੀ ਅਤੇ ਉਹ ਅਜੇ ਵੀ ਉਥੇ ਸਨ। ਆਪਣੀਆਂ ਯਾਦਾਂ ਵਿਚ ਉਨ੍ਹਾਂ ਵਲੋਂ ਆਪਣੀ ਜ਼ਿੰਦਗੀ ਦਾ ਜੋ ਵੇਰਵਾ ਦਿੱਤਾ ਗਿਆ ਉਹ ਇਸ ਅਰਸੇ ਨਾਲ ਸਬੰਧਤ ਵੀ ਹੈ।

ਸਿਆਸੀ ਕੈਦੀਆਂ ਦੇ ਨਵੇਂ ਪੂਰ ਵਿੱਚੋਂ ਤ੍ਰਿਲੋਕੀਨਾਥ ਚਕਰਵਰਤੀ, ਜੋ 'ਮਹਾਰਾਜ' ਵਜੋਂ ਮਸ਼ਹੂਰ ਸੀ, ਨੇ ਆਪਣੀ ਕਿਤਾਬ *ਜੇਲੀ ਤ੍ਰਿਸ ਬਛਰ* (ਜੇਲ੍ਹ ਵਿਚ ਤੀਹ ਵਰ੍ਹੇ) ਵਿਚ ਸੈਲੂਲਰ ਜੇਲ੍ਹ ਵਿਚ ਸਿਆਸੀ ਕੈਦੀਆਂ ਦੀ ਜ਼ਿੰਦਗੀ ਕਲਮਬੰਦ ਕੀਤੀ ਹੈ। ਲਾਹੌਰ ਸਾਜ਼ਿਸ਼ ਮਾਮਲੇ ਦਾ ਇਕ ਦੋਸ਼ੀ ਭਾਈ ਪਰਮਾਨੰਦ ਆਪਣੀ ਕਿਤਾਬ, *ਦ ਸਟੋਰ ਆਫ ਮਾਈ ਲਾਈਫ਼*, ਵਿਚ ਇਹੀ ਅਨੁਭਵ ਬਿਆਨ ਕਰਦਾ ਹੈ। ਇਹ ਵੇਰਵੇ ਜ਼ਿਆਦਾਤਰ ਬਰਿਨ ਘੋਸ਼ ਅਤੇ ਵੀ.ਡੀ. ਸਾਵਰਕਰ ਵਲੋਂ ਆਪਣੀਆਂ ਕਿਤਾਬਾਂ ਵਿਚ ਦਿੱਤੇ ਵੇਰਵਿਆਂ ਨਾਲ ਮਿਲਦੇ-ਜੁਲਦੇ ਹਨ।

ਇਸ ਮਜਮੂਨ ਬਾਰੇ ਕੁਝ ਹੋਰ ਕਿਤਾਬਾਂ - ਬਾਬਾ ਪ੍ਰਿਥੀ ਸਿੰਘ ਆਜ਼ਾਦ-*ਇਕ ਸਵੈਜੀਵਨੀ*(ਅੰਗਰੇਜ਼ੀ), ਬਾਬਾ ਸੋਹਣ ਸਿੰਘ ਭਕਨਾ ਦੀ *ਜੀਵਨ ਸੰਗਰਾਮ*(ਪੰਜਾਬੀ), ਬਿਕਰਮ ਸਿੰਘ ਘੁੰਮਣ ਦੀ ਲਿਖੀ *ਗ਼ਦਰੀ ਬਾਬਾ ਵਸਾਖਾ ਸਿੰਘ*(ਪੰਜਾਬੀ) ਅਤੇ ਭਗਤ ਸਿੰਘ ਬਿਲਗਾ ਦੀ ਲਿਖੀ *ਗ਼ਦਰ ਲਹਿਰ ਦੇ ਅਣਫੋਲੇ ਵਰਕੇ* (ਪੰਜਾਬੀ) - ਵੀ ਸੈਲੂਲਰ ਜੇਲ੍ਹ ਵਿਚ ਸਿਆਸੀ ਕੈਦੀਆਂ ਦੀ ਝੰਜੋੜਨ ਵਾਲੀ ਜ਼ਿੰਦਗੀ ਦੀ ਚਰਚਾ ਕਰਦੀਆਂ ਹਨ। ਬਾਬਾ ਪ੍ਰਿਥਵੀ ਸਿੰਘ ਆਜ਼ਾਦ ਅਤੇ ਸੋਹਣ ਸਿੰਘ ਭਕਨਾ ਇਸ ਅਰਸੇ ਦੌਰਾਨ ਬਤੌਰ ਕੈਦੀ ਇਸ ਅਨੁਭਵ 'ਚੋਂ ਗੁਜ਼ਰੇ ਸਨ।

ਅੰਤਿਕਾ

ਜਦੋਂ ਆਜ਼ਾਦੀ ਦੀ ਲਹਿਰ ਦਾ ਗੰਭੀਰ ਅਤੇ ਪੱਖਪਾਤ ਰਹਿਤ ਇਤਿਹਾਸ ਲਿਖਿਆ ਜਾਵੇਗਾ ਤਾਂ ਹਿੰਦੁਸਤਾਨ ਦੇ ਇਨ੍ਹਾਂ ਮਹਾਨ ਸਪੂਤਾਂ ਦੇ ਨਾਂ ਸੁਨਹਿਰੀ ਅੱਖਰਾਂ ਵਿਚ ਲਿਖੇ ਜਾਣਗੇ। ਇਨ੍ਹਾਂ ਦੇਸ਼ਭਗਤਾਂ ਨੇ ਹਿੰਦੁਸਤਾਨ ਨੂੰ ਗ਼ੁਲਾਮੀ ਦੀਆਂ ਜ਼ੰਜੀਰਾਂ ਤੋਂ ਮੁਕਤ ਕਰਾਉਣ ਅਤੇ ਆਜ਼ਾਦੀ ਦਾ ਪਹੁ-ਫੁਟਾਲਾ ਲਿਆਉਣ ਲਈ ਆਪਣਾ ਸਭ ਕੁਝ ਵਾਰ ਦਿੱਤਾ। ਉਨ੍ਹਾਂ ਵਿੱਚੋਂ ਕਿੰਨਿਆਂ ਨੇ ਐਸ਼ੋ-ਅਰਾਮ ਵਾਲੀਆਂ ਜ਼ਿੰਦਗੀਆਂ ਤਿਆਗ ਦਿੱਤੀਆਂ ਅਤੇ ਮੁਸੀਬਤਾਂ ਤੇ ਕੁਰਬਾਨੀਆਂ ਦਾ ਲੰਮਾ ਤੇ ਬਿਖੜਾ ਰਾਹ ਚੁਣਿਆ? ਉਨ੍ਹਾਂ ਵਿੱਚੋਂ ਕਿੰਨੇ ਲੰਮਾ ਵਕਤ ਜੇਲ੍ਹਾਂ ਵਿਚ ਸੜਦੇ ਰਹੇ? ਕਿੰਨੇ ਜੇਲ੍ਹ ਦੀਆਂ ਕਾਲ-ਕੋਠੜੀਆਂ ਵਿਚ ਭੁੱਖ-ਹੜਤਾਲਾਂ ਅਤੇ ਉਨ੍ਹਾਂ ਉਪਰ ਕੀਤੇ ਜ਼ੁਲਮਾਂ ਕਾਰਨ ਪ੍ਰਾਣ ਤਿਆਗ ਗਏ? ਕਿੰਨੇ ਫਾਹੇ ਲਾ ਦਿੱਤੇ ਗਏ? ਫਾਂਸੀ ਕੋਠੜੀਆਂ, ਜਿਥੇ ਤਿੰਨ ਦੋਸ਼ੀਆਂ ਨੂੰ ਇਕੋ ਸਮੇਂ ਫਾਂਸੀ ਦਿੱਤੀ ਜਾ ਸਕਦੀ ਸੀ ਅਤੇ ਜਿਥੇ ਵਸੀਹ ਪੈਮਾਨੇ 'ਤੇ ਫਾਂਸੀਆਂ ਦਿੱਤੀਆਂ ਗਈਆਂ, ਗ਼ੁਲਾਮੀ ਤੇ ਦਾਬੇ ਦੇ ਉਨ੍ਹਾਂ ਕਾਲੇ ਦਿਨਾਂ ਦੀ ਜ਼ਾਲਮ ਯਾਦ ਹਨ। ਹਿੰਦੁਸਤਾਨ ਦੇ ਗਲੋਂ ਬਦੇਸ਼ੀ ਜੂਲਾ ਲਾਹਕੇ ਇਸ ਦੀ ਬੰਦ-ਖ਼ਲਾਸੀ ਕਰਵਾਉਣ ਵਾਲੇ ਇਹੀ ਬੰਦੇ ਸਨ।

ਇਨ੍ਹਾਂ ਸੂਰਬੀਰਾਂ ਵਲੋਂ ਲੜੇ ਗਏ ਸੰਗਰਾਮ ਦੀ ਬੀਰਗਾਥਾ ਦੀ ਮੁਕੰਮਲ ਤਸਵੀਰ ਨੂੰ

ਸਮਝਣ ਲਈ ਹੋਰ ਵਧੇਰੇ ਖੋਜ ਕਰਨ ਅਤੇ ਕਲਮਬੰਦ ਕੀਤੇ ਜਾਣ ਦੀ ਬਹੁਤ ਅਹਿਮ ਲੋੜ ਹੈ ਜਿਨ੍ਹਾਂ ਦੇ ਵਤਨ ਪ੍ਰੇਮ ਨੇ ਉਨ੍ਹਾਂ ਨੂੰ ਆਪਣੀਆਂ ਜ਼ਿੰਦਗੀਆਂ ਵਾਰ ਦੇਣ ਲਈ ਪ੍ਰੇਰਿਆ ਤਾਂ ਜੋ ਅਗਲੀਆਂ ਪੀੜ੍ਹੀਆਂ ਮੁਕਤ ਤੇ ਆਜ਼ਾਦ ਜ਼ਿੰਦਗੀ ਮਾਣ ਸਕਣ।

ਬੰਗਾਲ ਦੀ ਖਾੜੀ ਵਿਚ ਸੂਰਜ ਛਿਪ ਜਾਣ ਅਤੇ ਸੈਲੂਲਰ ਜੇਲ੍ਹ ਦੇ ਹਨੇਰੇ ਵਿਚ ਡੁੱਬ ਜਾਣ 'ਤੇ ਜਦੋਂ ਰੌਸ਼ਨੀ ਤੇ ਆਵਾਜ਼ ਪ੍ਰੋਗਰਾਮ ਦਿਖਾਇਆ ਜਾਂਦਾ ਹੈ ਤਾਂ ਇੰਞ ਜਾਪਦਾ ਹੈ ਜਿਵੇਂ ਇਨ੍ਹਾਂ ਸੂਰਬੀਰਾਂ ਦੇ ਪ੍ਰਛਾਵੇਂ ਉਭਰ ਰਹੇ ਹੋਣ ਅਤੇ ਤੁਹਾਡੇ ਕੰਨਾਂ ਵਿਚ ਕਹਿ ਰਹੇ ਹੋਣ:

"ਜਦੋਂ ਤੁਸੀਂ ਘਰ ਜਾਵੋਗੇ
ਉਨ੍ਹਾਂ ਨੂੰ ਸਾਡੇ ਬਾਰੇ ਦੱਸਣਾ, ਅਤੇ ਕਹਿਣਾ
ਤੁਹਾਡੇ ਭਲਕ ਲਈ
ਅਸੀਂ ਆਪਣਾ ਅੱਜ ਵਾਰ ਦਿੱਤਾ।"

ਸਾਨੂੰ ਆਪਣੇ ਅੰਦਰ ਡੂੰਘਾਈ 'ਚ ਝਾਤ ਮਾਰਨ ਦੀ ਲੋੜ ਹੈ। ਕੀ ਅਸੀਂ ਇਨ੍ਹਾਂ ਇਨਕਲਾਬੀ ਗੱਭਰੂਆਂ ਦੀ ਪਵਿੱਤਰ ਯਾਦ ਨੂੰ ਬਣਦਾ ਸਨਮਾਨ ਦਿੱਤਾ ਹੈ? ਕੀ ਅਸੀਂ ਨਵੀਂ ਪੀੜ੍ਹੀ ਅੱਗੇ ਇਨ੍ਹਾਂ ਦਲੇਰ ਅਤੇ ਦ੍ਰਿੜ ਇਰਾਦੇ ਵਾਲੇ ਇਨਸਾਨਾਂ ਦੇ ਲਹੂ-ਰੱਤੇ ਸੰਗਰਾਮ ਦੀ ਪੂਜਨੀਕ ਬੀਰਗਾਥਾ ਪੇਸ਼ ਕੀਤੀ ਹੈ? ਕੀ ਰਾਸ਼ਟਰ ਨੇ ਉਹ ਬਣਦਾ ਕਰਜਾ ਉਤਾਰਿਆ ਹੈ ਜਿਸ ਦੇ ਉਹ ਹੱਕਦਾਰ ਹਨ?

NOTES AND REFERENCES

1. ਭਗਤ ਸਿੰਘ ਬਿਲਗਾ, *ਗ਼ਦਰ ਲਹਿਰ ਦੇ ਅਣਫੋਲੇ ਵਰਕੇ* (ਪੰਜਾਬੀ 1989)। [ਇਸ ਪਿੱਛੋਂ ਸਿਰਫ਼ ਬਿਲਗਾ ਵਜੋਂ ਹਵਾਲਾ ਦਿੱਤਾ ਗਿਆ ਹੈ] ਸਫ਼ਾ 64।
2. ਗੁਰਚਰਨ ਸਿੰਘ ਸਹਿੰਸਰਾ, *ਗ਼ਦਰ ਪਾਰਟੀ ਦਾ ਇਤਹਾਸ* (ਪੰਜਾਬੀ 1969)। [ਇਸ ਪਿੱਛੋਂ ਸਿਰਫ਼ ਸਹਿੰਸਰਾ ਵਜੋਂ ਹਵਾਲਾ ਦਿੱਤਾ ਗਿਆ ਹੈ] ਸਫ਼ਾ 205।
3. Gulab Singh, Under the Shadow of Gallows (1963) [Hereafter referred to as Gulab] p.20.
4. Prithvi Singh Azad, Baba Prithvi Singh Azad : The Legendry Crusader (1987), [Hereafter referred to as Azad], p.74.
5. ਸੋਹਣ ਸਿੰਘ ਜੋਸ਼, *ਹਿੰਦੁਸਤਾਨ ਗ਼ਦਰ ਪਾਰਟੀ* (1977), [ਇਸ ਪਿੱਛੋਂ ਸਿਰਫ਼ ਜੋਸ਼ ਵਜੋਂ ਹਵਾਲਾ ਦਿੱਤਾ ਗਿਆ ਹੈ] ਸਫ਼ਾ 247।
6. ਉਹੀ, ਸਫ਼ਾ 264।
7. ਉਹੀ, ਸਫ਼ਾ 288।
8. ਪ੍ਰੋਫੈਸਰ ਧਰਮਵੀਰ, *ਭਾਈ ਪਰਮਾਨੰਦ ਔਰ ਉਨਕਾ ਯੁਗ* (ਹਿੰਦੀ), [ਇਸ ਪਿੱਛੋਂ ਸਿਰਫ਼ ਧਰਮਵੀਰ ਵਜੋਂ ਹਵਾਲਾ ਦਿੱਤਾ ਗਿਆ ਹੈ] ਸਫ਼ਾ 197।

9. ਧਰਮਵੀਰ, ਸਫ਼ਾ 207।
10. Bhai Parmanand, *The Story of My Life* (1982), [Hereafter referred to as Paramanand], p.84.
10 A. M.J.S, Waraich, *War Against King Emperor,* [Hereafter referred to as Waraich], p.412.(Original judgement, courtesy Desh Bhagat Yadgar Hall, Jalandhar, and the Book 'Unsung Hereos of Freedom Struggle in Andamans'-Who's who by Andaman and Nicobar Administration Port Blair, were also consulted.).
11. ਆਜ਼ਾਦ, ਸਫ਼ਾ 83।
12. ਬਿਕਰਮ ਸਿੰਘ ਘੁੰਮਣ, *ਗ਼ਦਰੀ ਬਾਬਾ ਵਸਾਖਾ ਸਿੰਘ* (ਪੰਜਾਬੀ, 1982), [ਇਸ ਪਿੱਛੋਂ ਘੁੰਮਣ ਵਜੋਂ ਹਵਾਲਾ ਦਿੱਤਾ ਗਿਆ ਹੈ], ਸਫ਼ਾ 97।
13. ਬਿਲਗਾ, ਸਫ਼ਾ 83।
14. ਸਹਿਸਰਾ, ਸਫ਼ਾ 253।
14 ਏ. ਵੜੈਚ, ਸਫ਼ਾ 465।
15. ਬਿਲਗਾ, ਸਫ਼ਾ 96।
16. Bhai Nahar Singh and Bhai Kirpal Singh, *Struggle for Free Hindustan* (Vol. 2, part 1; 1988)[Hereafter reffered to as Bhai Nahar Singh], p. 287.
17. ਸਹਿਸਰਾ, ਸਫ਼ਾ 237।
18. ਉਹੀ, ਸਫ਼ਾ 185।
19. ਉਹੀ, ਸਫ਼ਾ 122। [ਭਾਈ ਨਾਹਰ ਸਿੰਘ, ਸਫ਼ਾ 258]
19 ਏ. ਸ਼ਚਿੰਦਰਨਾਥ ਸਾਨਿਆਲ, *ਬੰਦੀ ਜੀਵਨ* (1983), [ਇਸ ਪਿੱਛੋਂ ਸਿਰਫ਼ ਸਾਨਿਆਲ ਵਜੋਂ ਹਵਾਲਾ ਦਿੱਤਾ ਗਿਆ ਹੈ, ਸਫ਼ਾ 204].
20. Manmathnath Gupta, *They Lived Dangerously* (1969), [Hereafter reffered to as Gupta], p.103.
21. Report, p.224.
22. ਭਾਈ ਨਾਹਰ ਸਿੰਘ, ਸਫ਼ਾ 201.
23. A Report, 220&223.
24. ਉਹੀ, ਸਫ਼ੇ 220-222. [ਭਾਈ ਨਾਹਰ ਸਿੰਘ, ਸਫ਼ਾ 232].
25. ਭਾਈ ਨਾਹਰ ਸਿੰਘ, ਸਫ਼ੇ 239-250.
26. ਉਹੀ, ਸਫ਼ੇ 235 ਅਤੇ 238., ਰਿਪੋਰਟ, ਸਫ਼ਾ 70.
27. A.C.Guha, *First Spark of Revolution* (1971), [Hereafter reffered to as

Guha]. p.393. Report, p.70.

28. Guha, p. 384., Report, p.72-73.
29. Report, pp. 72.73.
30. ਬਿਲਗਾ, ਸਫ਼ੇ 133-134.
31. ਸਾਨਿਆਲ, ਸਫ਼ਾ 199।
32. ਪਰਮਾਨੰਦ, ਸਫ਼ਾ 87।
33. ਆਜ਼ਾਦ, ਸਫ਼ਾ 83।
34. ਪਰਮਾਨੰਦ, ਸਫ਼ਾ 97।
35. ਉਹੀ, ਸਫ਼ਾ 97।
36. N. Iqbal Singh, The Andaman Story (1978). p.212.

ਹਿੱਸਾ ਚੌਥਾ

ਗ਼ਦਰ ਸਾਹਿਤ

ਵੀਹਵੀਂ ਸਦੀ ਦੇ ਮੁੱਢ ਵਿਚ ਉੱਤਰੀ ਅਮਰੀਕਾ ਅੰਦਰ ਇਨਕਲਾਬੀ ਮੀਡੀਆ

–ਗੋਬਿੰਦ ਠੁਕਰਾਲ

1849 'ਚ ਅੰਗਰੇਜ਼ ਰਾਜ ਵਿਚ ਪੰਜਾਬ ਦੇ ਰਲੇਵੇਂ ਤੋਂ ਬਾਅਦ ਹਿੰਦੁਸਤਾਨ ਅੰਗਰੇਜ਼ਾਂ ਦੇ ਮੁਕੰਮਲ ਅਧਿਕਾਰ ਵਿਚ ਹੋ ਗਿਆ ਸੀ ਅਤੇ ਉਹ ਇਸ ਉਪਰ ਮਨਮਰਜ਼ੀ ਨਾਲ ਰਾਜ ਕਰ ਸਕਦੇ ਸਨ। ਕੁਝ ਕੁ ਹਜ਼ਾਰ ਅੰਗਰੇਜ਼ਾਂ ਵਲੋਂ ਕਰੋੜਾਂ ਦੀ ਆਬਾਦੀ ਵਾਲੇ ਵਿਸ਼ਾਲ ਮੁਲਕ ਨੂੰ ਫ਼ਤਹਿ ਕਰ ਲੈਣਾ ਉਸ ਦਰਦ ਕਹਾਣੀ ਨੂੰ ਬਿਆਨ ਕਰਦਾ ਹੈ ਕਿ ਹਿੰਦੁਸਤਾਨ ਦੀਆਂ ਫੁੱਟ ਦਾ ਸ਼ਿਕਾਰ ਅਤੇ ਕਮਜ਼ੋਰ ਹਾਕਮ ਜਮਾਤਾਂ ਵਲੋਂ ਗੋਡੇ ਕਿਵੇਂ ਟੇਕੇ ਗਏ। ਇਹ ਮੰਨ ਲਿਆ ਗਿਆ ਕਿ 1857 ਦਾ ਗ਼ਦਰ ਕੁਚਲ ਦਿੱਤਾ ਗਿਆ ਜਦੋਂ ਸੈਂਕੜੇ ਲੋਕਾਂ ਨੂੰ ਵਹਿਸ਼ੀ ਤਰੀਕੇ ਨਾਲ ਮਾਰ ਦਿੱਤਾ ਗਿਆ ਸੀ। ਮਕਾਰ ਅੰਗਰੇਜ਼ ਨੇ ਪੰਜਾਬ ਅਤੇ ਸਤਲੁਜ ਪਾਰ ਦੀਆਂ ਰਿਆਸਤਾਂ ਦੇ ਸਿੱਖ ਫ਼ੌਜੀਆਂ ਨੂੰ ਬਗ਼ਾਵਤ ਨੂੰ ਕੁਚਲਣ ਲਈ ਇਸਤੇਮਾਲ ਕੀਤਾ। ਬਰਤਾਨਵੀ ਸੁਲਤਾਨ ਨੇ 500 ਤੋਂ ਉਪਰ ਹਿੰਦੁਸਤਾਨੀ ਰਿਆਸਤੀ ਰਜਵਾੜਿਆਂ ਦੀ ਮਦਦ ਨਾਲ ਮੁਲਕ ਦੇ ਆਰਥਕ ਅਤੇ ਸਿਆਸੀ ਮਾਮਲਿਆਂ ਉਪਰ ਮਜ਼ਬੂਤ ਪਕੜ ਬਣਾ ਲਈ ਸੀ। ਅਤੇ, ਇਹ ਮੁਲਕ ਦੀ ਕਾਮਾ-ਸ਼ਕਤੀ ਅਤੇ ਇਸ ਦੇ ਵਸੀਲਿਆਂ ਦੀ ਖੁੱਲ੍ਹੀ ਅਤੇ ਬੇਲਗਾਮ ਲੁੱਟਮਾਰ ਦਾ ਆਗਾਜ਼ ਸੀ।

ਇਸ ਸਭ ਕਾਸੇ ਦਾ ਭਾਵ ਸੀ ਲੋਕਾਂ ਲਈ ਬੁਰਾ ਵਕਤ, ਖ਼ਾਸ ਕਰਕੇ ਕਿਸਾਨੀ ਅਤੇ ਮਿਹਨਤਕਸ਼ ਜਮਾਤਾਂ ਲਈ। ਜ਼ਿੰਦਗੀ ਭਿਆਨਕ ਬਣ ਗਈ। ਅੰਗਰੇਜ਼ ਰਾਜ ਨੇ ਐਸੀ ਲਗਾਨ ਪ੍ਰਣਾਲੀ ਸ਼ੁਰੂ ਕੀਤੀ ਕਿ ਕਿਸਾਨਾਂ ਨੂੰ ਵੱਡੀ ਰਕਮ ਦੇਣੀ ਹੀ ਪੈਂਦੀ ਸੀ ਚਾਹੇ ਉਨ੍ਹਾਂ ਨੂੰ ਕੁਝ ਬਚਿਆ ਹੋਵੇ ਜਾਂ ਨਹੀਂ। ਉਨ੍ਹਾਂ ਨੇ ਹੋਰ ਲੱਕ-ਤੋੜੂ ਟੈਕਸ ਵੀ ਲਾ ਦਿੱਤੇ। ਇਹ ਇਕ ਇਤਿਹਾਸਕ ਤੱਥ ਹੈ ਕਿ 17ਵੀਂ ਅਤੇ 18ਵੀਂ ਸਦੀ ਵਿਚ ਹਿੰਦੁਸਤਾਨ ਦੀ ਆਰਥਿਕਤਾ ਸਮੁੱਚੇ ਯੂਰਪ ਦੀ ਆਰਥਿਕਤਾ ਦੇ ਬਰਾਬਰ, ਸਗੋਂ ਉਸ ਤੋਂ ਵੱਡੀ ਸੀ। ਗਿਰਾਵਟ ਅੰਗਰੇਜ਼ ਦੇ ਆਉਣ ਨਾਲ ਆਈ। ਉਨ੍ਹਾਂ ਨੇ ਕੱਚੇ ਮਾਲ ਦੀ ਪੈਦਾਵਾਰ ਅਤੇ ਉਦਯੋਗਿਕ ਇਕਾਈਆਂ ਨੂੰ ਬੰਦ ਕਰਨ ਦੇ ਅਮਲ ਨੂੰ ਉਤਸ਼ਾਹਤ ਕੀਤਾ। ਹਿੰਦੁਸਤਾਨ ਪਿਛੜੀ ਆਰਥਿਕਤਾ ਬਣ ਗਿਆ ਅਤੇ ਮੁੱਖ ਤੌਰ 'ਤੇ ਬਰਤਾਨੀਆ ਦੀ ਸਨਅਤ ਦਾ ਖਾਜਾ ਬਣ ਗਿਆ। ਉਨ੍ਹਾਂ ਨੇ ਪਹਿਲੀ ਅਤੇ ਦੂਜੀ ਦੋਵਾਂ ਆਲਮੀ ਜੰਗਾਂ ਦੌਰਾਨ ਹਜ਼ਾਰਾਂ ਦੀ ਤਾਦਾਦ 'ਚ ਆਪਣੀ ਫ਼ੌਜ ਅਤੇ ਆਪਣੀਆਂ ਮਾਨਚੈਸਟਰ ਦੀਆਂ ਸਨਅਤੀ ਇਕਾਈਆਂ ਲਈ ਵਸੀਹ ਮਾਤਰਾ 'ਚ ਕੱਚਾ ਮਾਲ ਸਪਲਾਈ ਕਰਨ ਲਈ ਹਿੰਦੁਸਤਾਨ ਨੂੰ ਬਰਤਾਨਵੀ ਆਰਥਿਕਤਾ ਦਾ ਪਿਛਲੱਗ ਬਣਾ ਦਿੱਤਾ।

ਕਿਸੇ ਮੁਹਾਰਤ ਜਾਂ ਵਿਦਿਆ ਤੋਂ ਵਾਂਝਿਆਂ, ਨੂੰ ਇਨ੍ਹਾਂ ਮੁਲਕਾਂ ਵੱਲ ਧੱਕ ਦਿੱਤਾ। ਸ਼ਹਿਜ਼ਾਦੇ, ਜਗੀਰੂ ਭੋਇ ਸਰਦਾਰ ਅਤੇ ਸ਼ਹਿਰਾਂ ਦੇ ਧਨਾਢ ਮੌਜਾਂ ਕਰਦੇ ਸਨ ਅਤੇ ਸ਼ਾਤਰ ਅੰਗਰੇਜ਼ ਉਨ੍ਹਾਂ ਨੂੰ ਆਪਣੀ ਹੀ ਦੁਨੀਆ ਵਿਚ ਗਲਤਾਨ ਰੱਖਣ ਲਈ ਕਦੇ-ਕਦਾਈਂ ਕੁਝ ਭੋਰ-ਚੂਰ ਉਨ੍ਹਾਂ ਅੱਗੇ ਸੁੱਟ ਦਿੰਦੇ ਸਨ। 20ਵੀਂ ਸਦੀ ਦਾ ਆਗਾਜ਼ ਹੋਣ 'ਤੇ ਰਾਸ਼ਟਰਵਾਦੀ ਲਹਿਰ ਉੱਠਣ ਨਾਲ ਇਸ ਕਪਟੀ ਚਾਲ ਨੂੰ ਚੁਣੌਤੀ ਦਿੱਤੀ ਜਾਣ ਲੱਗੀ।

ਪਲੇਗ, ਚੇਚਕ ਅਤੇ ਹੈਜਾ ਵਰਗੀਆਂ ਮਹਾਂਮਾਰੀਆਂ ਦੇ ਕਾਰਨ ਪੇਂਡੂ ਹਿੰਦੁਸਤਾਨ ਵਿਚ ਲੋਕਾਂ ਦੀ ਦੁਰਦਸ਼ਾ ਹੋਰ ਵੀ ਭੈੜੀ ਹੋ ਗਈ। 1911 ਅਤੇ 1914 ਦਰਮਿਆਨ ਤਕਰੀਬਨ 2 ਕਰੋੜ 90 ਲੱਖ ਲੋਕ ਇਨ੍ਹਾਂ ਬੀਮਾਰੀਆਂ ਨਾਲ ਮਾਰੇ ਗਏ। ਇਨ੍ਹਾਂ ਚਾਰ ਸਾਲਾਂ ਦੌਰਾਨ ਮੌਤਾਂ ਦੀ ਤਾਦਾਦ ਪਹਿਲੀ ਆਲਮੀ ਜੰਗ ਵਿਚ ਹੋਈਆਂ ਮੌਤਾਂ ਤੋਂ ਚੌਗੁਣੀ ਸੀ। ਅੰਗਰੇਜ਼ਾਂ ਦੀ ਆਪਣੀ ਪਰਜਾ ਦੀ ਭਲਾਈ ਵਿਚ ਕਦੇ ਵੀ ਰੁਚੀ ਨਹੀਂ ਸੀ ਅਤੇ ਜੰਗਾਂ ਨੇ ਹਾਲਤ ਹੋਰ ਵੀ ਭੈੜੀ ਬਣਾ ਦਿੱਤੀ।

ਪ੍ਰਵਾਸ

ਆਪਣੇ ਜੰਗਲ ਪੱਧਰੇ ਕਰਨ ਲਈ ਅਤੇ ਆਪਣੀ ਲੱਕੜ ਸਨਅਤ ਵਿਚ ਮਜ਼ਦੂਰ ਰੱਖਣ ਲਈ ਕੈਨੇਡਾ ਅਤੇ ਅਮਰੀਕਾ ਦਾ ਪੱਛਮੀ ਸਮੁੰਦਰੀ ਕੰਢਾ ਪ੍ਰਵਾਸੀਆਂ ਲਈ ਰੋਜ਼ਗਾਰ ਦਾ ਮੌਕਾ ਮੁਹੱਈਆ ਕਰਦਾ ਸੀ। 1908 ਤਕ ਕੈਨੇਡਾ ਵਿਚ ਹਿੰਦੁਸਤਾਨੀ ਆਵਾਸੀਆਂ ਦੀ ਤਾਦਾਦ 5,000 ਸੀ। 1849 ਅਤੇ 1911 ਦਰਮਿਆਨ ਲਗਭਗ 6,300 ਹਿੰਦੁਸਤਾਨੀ ਉਸ ਮੁਲਕ ਵਿਚ ਗਏ। ਇਥੇ ਵੀ ਹਿੰਦੁਸਤਾਨੀ ਲੁੱਟਖਸੁੱਟ ਦਾ ਸ਼ਿਕਾਰ ਸਮੂਹ ਸਨ। ਉਨ੍ਹਾਂ ਵਿਚ ਗ਼ੁਲਾਮ ਅਤੇ ਸਿਆਸੀ, ਸਮਾਜੀ ਤੇ ਸੱਭਿਆਚਾਰਕ ਪੱਧਰ ਉੱਤੇ ਜੜ੍ਹਾਂ ਨਾਲੋਂ ਟੁੱਟੇ ਹੋਣ ਦਾ ਅਹਿਸਾਸ ਹੋਣ ਕਾਰਨ ਕੰਮ ਦੀਆਂ ਥਾਵਾਂ ਉਪਰ ਉਨ੍ਹਾਂ ਨੂੰ ਵਿਰੋਧੀ ਮਾਹੌਲ ਅਤੇ ਸਖ਼ਤ ਹਾਲਾਤ ਦਾ ਸਾਹਮਣਾ ਕਰਨਾ ਪਿਆ। ਇਨ੍ਹਾਂ ਵਿੱਚੋਂ ਤਕਰੀਬਨ 90ਫ਼ੀਸਦੀ ਪ੍ਰਵਾਸੀ ਪੰਜਾਬ ਤੋਂ ਸਨ ਅਤੇ ਇਨ੍ਹਾਂ ਵਿੱਚੋਂ ਵਾਹਵਾ ਬਹੁਗਿਣਤੀ ਸਿੱਖ ਸਨ। ਸਵੈਮਾਣ ਵਾਲੀ ਜ਼ਿੰਦਗੀ ਇਨ੍ਹਾਂ ਲਈ ਮ੍ਰਿਗ-ਤ੍ਰਿਸ਼ਨਾ ਵਾਂਗ ਸੀ। ਪਰ ਇਹ ਲੋਕ ਆਪਣੀ ਲੰਮੀ ਅਤੇ ਸਖ਼ਤ ਕੰਮ-ਦਿਹਾੜੀ ਦੀਆਂ ਮੁਸ਼ਕਲਾਂ, ਜ਼ਲਾਲਤ ਅਤੇ ਕਸ਼ਟ ਨੂੰ ਖਿੜੇ ਮੱਥੇ ਸਹਿੰਦੇ ਸਨ। ਅਤੇ, ਸਹਿਜੇ-ਸਹਿਜੇ ਉਨ੍ਹਾਂ ਨੇ ਆਪਣੇ ਬੁਨਿਆਦੀ ਹੱਕਾਂ ਦੀ ਰਾਖੀ ਲਈ ਜਥੇਬੰਦ ਹੋਣਾ ਸ਼ੁਰੂ ਕਰ ਦਿੱਤਾ। ਗੁਰਦੁਆਰੇ

ਭੁੱਲ ਗਈ ਅਤੇ ਉਹ ਆਜ਼ਾਦੀ ਦੀ ਲਹਿਰ ਵਿਚ ਕੁੱਦ ਪਏ। ਸੈਂਕੜਿਆਂ ਨੇ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਲਈ ਆਪਣੀਆਂ ਜਾਨਾਂ ਵਾਰ ਦਿੱਤੀਆਂ ਅਤੇ ਹਜ਼ਾਰਾਂ ਨੂੰ ਜੇਲ੍ਹਾਂ ਵਿਚ ਡੱਕਿਆ ਗਿਆ ਤੇ ਤਸੀਹੇ ਦਿੱਤੇ ਗਏ। ਉਨ੍ਹਾਂ ਦੇ ਪਰਿਵਾਰਾਂ ਦੀਆਂ ਜਾਇਦਾਦਾਂ ਜ਼ਬਤ ਹੋ ਗਈਆਂ, ਜਿਨ੍ਹਾਂ ਵਿੱਚੋਂ ਕੁਝ ਤਾਂ ਆਜ਼ਾਦੀ ਦੇ ਛੇ ਦਹਾਕੇ ਬਾਅਦ ਵੀ ਉਨ੍ਹਾਂ ਨੂੰ ਵਾਪਸ ਨਹੀਂ ਮਿਲੀਆਂ। ਉਨ੍ਹਾਂ ਦੀ ਕੁਰਬਾਨੀ ਪਰਮ ਸੂਰਬੀਰਤਾ ਦੀ ਬੀਰਗਾਥਾ ਹੈ।

ਇਨ੍ਹਾਂ ਆਵਾਸੀਆਂ ਵਿਚ ਵਿਲੱਖਣ ਏਕਤਾ ਸੀ ਅਤੇ ਜ਼ਿਆਦਾਤਰ ਨੇ ਮਿਸਾਲੀ ਹੌਸਲੇ ਤੇ ਕੁਰਬਾਨੀ ਦਾ ਸਬੂਤ ਦਿੱਤਾ। ਇਨ੍ਹਾਂ ਇਨਸਾਨਾਂ ਦੀ ਪੂਰੀ ਤਰ੍ਹਾਂ ਅਤੇ ਸਮੂਹਿਕ ਤੌਰ 'ਤੇ ਕਾਇਆਪਲਟੀ ਹੋ ਚੁੱਕੀ ਸੀ ਜਿਨ੍ਹਾਂ ਕੋਲ ਹੁਣ ਪੂਰੀ ਤਰ੍ਹਾਂ ਨਵਾਂ ਸੰਸਾਰ-ਨਜ਼ਰੀਆ ਸੀ। ਬਗ਼ਾਵਤ ਅਤੇ ਮੁਕਤੀ ਉਨ੍ਹਾਂ ਦੇ ਪ੍ਰਵਚਨ ਅਤੇ ਵਤੀਰੇ ਦੀ ਮੋਹਰ ਬਣ ਗਏ ਸਨ।

ਮੀਡੀਆ: ਨਵੀਂ ਪੱਤਰਕਾਰੀ ਦਾ ਜਨਮ

ਟਕਸਾਲੀ ਪ੍ਰੀਭਾਸ਼ਾ ਅਨੁਸਾਰ, ਅਖ਼ਬਾਰ ਖ਼ਬਰਾਂ ਅਤੇ ਵਿਚਾਰਾਂ ਦੇ ਸੰਚਾਰ-ਸਾਧਨ ਮੰਨੇ ਜਾਂਦੇ ਹਨ। ਕੁਲ ਦੁਨੀਆ ਵਿਚ ਪੱਤਰਕਾਰੀ ਦੇ ਸਕੂਲਾਂ ਵਿਚ ਇਹੀ ਸਿਖਾਇਆ ਜਾਂਦਾ ਹੈ ਕਿ ਅਖ਼ਬਾਰ "ਐਸੀਆਂ ਖ਼ਬਰਾਂ ਦਿੰਦਾ ਹੈ ਜੋ ਛਪਣ ਦੇ ਮੇਚ ਹੁੰਦੀਆਂ ਹਨ" ਅਤੇ ਇਹ ਸਥਾਪਤ ਸਿਧਾਂਤ *ਨਿਊ ਯਾਰਕ ਟਾਈਮਜ਼* ਦੇ ਮੁੱਖ ਪੰਨੇ ਦੇ ਐਨ ਉਪਰ ਵੱਲ ਖੱਬੇ ਪਾਸੇ ਛਪਿਆ ਹੁੰਦਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਤੱਥ ਪਵਿੱਤਰ ਹੁੰਦੇ ਹਨ, ਟਿੱਪਣੀ ਮੁਕਤ ਹੁੰਦੀ ਹੈ। ਨਾਲ ਹੀ ਪੱਤਰਕਾਰਾਂ ਨੂੰ ਈਮਾਨਦਾਰ ਅਤੇ ਸੰਤੁਲਤ, ਇੱਥੋਂ ਤਾਈਂ ਕਿ ਨਿਰਪੱਖ ਹੋਣਾ ਸਿਖਾਇਆ ਜਾਂਦਾ ਹੈ। ਜੇ ਅਸੀਂ ਅਖ਼ਬਾਰਾਂ ਅਤੇ ਰਸਾਲਿਆਂ ਨੂੰ ਇਸ ਲੇਖ ਦੇ ਮਨੋਰਥ ਲਈ ਹੀ ਵਿਚਾਰੀਏ, ਅਸੀਂ ਦੇਖਦੇ ਹਾਂ ਕਿ ਉਹ ਆਪਣੀ ਨਿਰਪੱਖਤਾ ਅਤੇ ਆਜ਼ਾਦੀ ਦਾ ਕੋਠੇ ਚੜ੍ਹਕੇ ਢੰਡੋਰਾ ਪਿੱਟਦੇ ਹਨ। ਉਹ ਬਾਕੀ ਸਾਰੇ ਮੀਡੀਆ ਨੂੰ, ਖ਼ਾਸ ਕਰਕੇ ਉਸ ਦਾ ਮਜ਼ਾਕ ਉਡਾਉਂਦੇ ਹਨ ਜੋ ਗ਼ਰੀਬਾਂ, ਮਜ਼ਦੂਰਾਂ ਤੇ ਕਿਸਾਨਾਂ ਦੀ ਭਲਾਈ ਲਈ ਵਚਨਬੱਧ ਹੈ ਅਤੇ ਉਸ ਨੂੰ ਪੱਖਪਾਤੀ, ਪ੍ਰਚਾਰਵਾਦੀ ਅਤੇ ਸ਼ੁਹਰਤ ਦਾ ਭੁੱਖਾ ਕਰਾਰ ਦਿੰਦੇ ਹਨ। ਉਹ ਇਲਜ਼ਾਮ ਲਾਉਂਦੇ ਹਨ ਕਿ ਇਹ ਸੱਚ ਨੂੰ ਵਿਗਾੜਕੇ ਪੇਸ਼ ਕਰਦਾ ਹੈ ਅਤੇ ਹਕੀਕੀ ਹਾਲਤ ਦੀ ਪ੍ਰਵਾਹ ਨਹੀਂ ਕਰਦਾ।

ਉਹ ਭੁੱਲ ਜਾਂਦੇ ਹਨ ਕਿ ਖ਼ਬਰਾਂ ਅਤੇ ਵਿਚਾਰਾਂ ਨੂੰ ਪ੍ਰਗਟਾਉਂਦੀਆਂ ਰਚਨਾਵਾਂ ਵਿਚ ਸਦਾ ਹੀ ਅੰਤਰਮੁੱਖਤਾ ਦਾ ਤਕੜਾ ਅੰਸ਼ ਹੁੰਦਾ ਹੈ। ਇਹ ਕੁਲ ਆਲਮ ਦੇ ਮੁੱਖਧਾਰਾ ਮੀਡੀਆ ਬਾਰੇ ਸੱਚ ਹੈ। ਅਖ਼ਬਾਰਾਂ ਦੇ ਪਾਠਕਾਂ, ਰੇਡੀਓ ਪ੍ਰਸਾਰਣ ਦੇ ਸਰੋਤਿਆਂ ਅਤੇ ਟੈਲੀਵਿਜ਼ਨ ਦੇ ਦਰਸ਼ਕਾਂ ਨੂੰ ਜ਼ੋਰਸ਼ੋਰ ਨਾਲ ਯਕੀਨ ਦਿਵਾਇਆ ਜਾਂਦਾ ਹੈ ਕਿ ਮੀਡੀਆ ਆਜ਼ਾਦ ਹੈ। ਨਿਸ਼ਚੇ ਹੀ ਇਹ ਇਕ ਭਰਮ ਹੈ ਅਤੇ ਸਾਫ਼ ਤੌਰ 'ਤੇ ਮੀਡੀਆ ਦੀ ਆਪਣੀ ਗਿਣਤੀ ਵਧਾਉਣ ਦੀ ਤਿਕੜਮਬਾਜ਼ੀ ਦਾ ਹਿੱਸਾ ਹੈ। ਕੀ ਇਹ ਤੱਥ ਨਹੀਂ ਕਿ ਇਸ ਮੁੱਖਧਾਰਾ ਮੀਡੀਆ ਦੀ ਹੋਂਦ ਉਨ੍ਹਾਂ ਇਸ਼ਤਿਹਾਰਬਾਜ਼ੀ ਦੇਣ ਵਾਲਿਆਂ ਦੇ ਕਾਰਨ ਬਚੀ ਹੁੰਦੀ ਹੈ ਜਿਨ੍ਹਾਂ ਨੂੰ ਉਹ ਨਾਰਾਜ਼ ਕਰਨ ਦੀ ਹਿੰਮਤ ਨਹੀਂ ਕਰਦੇ? ਬੁਨਿਆਦੀ ਤੌਰ 'ਤੇ ਮੀਡੀਆ ਇਸ਼ਤਿਹਾਰ ਦੇਣ ਵਾਲਿਆਂ ਨੂੰ ਆਪਣੇ

ਇਸ ਮੀਡੀਆ ਦੇ ਉਲਟ ਉਹ ਰਸਾਲੇ ਅਤੇ ਅਖ਼ਬਾਰਾਂ ਹਨ ਜੋ ਕਿਸੇ ਵਿਚਾਰਧਾਰਾ ਨੂੰ ਪ੍ਰਣਾਏ ਹੁੰਦੇ ਹਨ, ਪਰ ਨਿਸ਼ਚੇ ਹੀ ਆਪਣੀ ਜ਼ਮੀਰ ਦੇ ਵਫ਼ਾਦਾਰ ਹੁੰਦੇ ਹਨ। ਇਹ ਉਸ ਸ਼੍ਰੇਣੀ ਵਿਚ ਨਹੀਂ ਆਉਂਦੇ ਜਿਸ ਨੂੰ ਆਮ ਤੌਰ 'ਤੇ "ਆਮ ਅਖ਼ਬਾਰਾਂ" ਕਿਹਾ ਜਾਂਦਾ ਹੈ। ਉਹ ਖ਼ਾਸ ਵਿਚਾਰਾਂ ਲਈ ਤੇ ਵਚਨਬੱਧ ਹੁੰਦੇ ਹਨ ਅਤੇ ਉਹੀ ਕਰਦੇ ਹਨ ਜੋ ਉਨ੍ਹਾਂ ਦੀ ਸੋਚ ਕਰਨ ਲਈ ਕਹਿੰਦੀ ਹੈ।

ਇਨ੍ਹਾਂ ਮੀਡੀਆ ਅਦਾਰਿਆਂ ਨੂੰ ਜਿਹੜੀ ਚੀਜ਼ ਜਵਾਬਦੇਹ ਜਾਂ ਜ਼ਿੰਮੇਵਾਰ ਬਣਾਉਂਦੀ ਹੈ ਉਹ ਹੈ ਵਿਚਾਰ, ਵਚਨਬੱਧਤਾ ਦਾ ਪੱਧਰ, ਉਦੇਸ਼ ਦੀ ਈਮਾਨਦਾਰੀ ਜਾਂ ਆਮ ਭਲਾਈ। ਮੀਡੀਆ ਦੇ ਪ੍ਰਭਾਵ ਨੂੰ ਕਿਵੇਂ ਅੰਗਿਆ-ਪਰਖਿਆ ਜਾਵੇ?

ਅਸੀਂ ਸੰਖੇਪ 'ਚ ਹਿੰਦੁਸਤਾਨ ਵਿਚ ਮੀਡੀਆ ਦੇ ਮੌਜੂਦਾ ਪੜਾਅ ਬਾਰੇ ਜ਼ੋਰ ਦਿੱਤਾ ਹੈ, ਕਿਉਂਕਿ ਇਹ ਉਸ ਹਾਲਤ ਨਾਲ ਮਿਲਦੀ-ਜੁਲਦੀ ਅਤੇ ਸਬੰਧਤ ਹੈ ਜਿਸ ਦਾ ਇਕ ਬਸਤੀ ਬਣਾਏ ਮੁਲਕ ਦੇ ਇਨ੍ਹਾਂ ਜਾਗਰੂਕ ਬਹਾਦਰ ਪੁੱਤਰਾਂ ਤੇ ਧੀਆਂ ਨੂੰ ਪਿਛਲੀ ਸਦੀ ਦੇ ਮੁੱਢ ਵਿਚ ਸਾਹਮਣਾ ਕਰਨਾ ਪਿਆ ਸੀ। ਉਹ ਬੇਚੈਨ ਸਨ ਕਿਉਂਕਿ ਉਨ੍ਹਾਂ ਦਾ ਕੋਈ ਮਾਣ-ਸਤਿਕਾਰ ਨਹੀਂ ਸੀ ਅਤੇ ਨਿੱਤ ਹੀ ਉਨ੍ਹਾਂ ਨਾਲ ਕੁਲੀਆਂ ਤੋਂ ਵੀ ਭੈੜਾ ਸਲੂਕ ਕੀਤਾ ਜਾਂਦਾ ਸੀ ਅਤੇ ਉਨ੍ਹਾਂ ਨੂੰ ਜ਼ਲੀਲ ਕੀਤਾ ਜਾਂਦਾ ਸੀ ਉਸ ਤੋਂ ਕਿਤੇ ਵੱਧ ਜਿਵੇਂ ਗ਼ਦਰ ਅਤੇ ਹੋਰ ਅਖ਼ਬਾਰਾਂ ਦੇ ਲੇਖਾਂ ਨੇ ਉਜਾਗਰ ਕੀਤਾ ਸੀ। ਹਿੰਦੁਸਤਾਨ ਦੀ ਆਰਥਕ ਲੁੱਟਖਸੁੱਟ ਨੂੰ ਤੱਥਾਂ ਅਤੇ ਅੰਕੜਿਆਂ ਸਹਿਤ ਸਪਸ਼ਟ ਢੰਗ ਨਾਲ ਦਿਖਾਇਆ ਜਾਂਦਾ ਸੀ, ਹਾਲਾਂਕਿ ਉਸ ਸੂਚਨਾ ਤਕ ਉਨ੍ਹਾਂ ਦੀ ਪਹੁੰਚ ਅਤੇ ਔਜ਼ਾਰ ਸੀਮਤ ਸਨ।

ਮਾੜੇ ਆਰਥਕ ਹਾਲਾਤ ਦੇ ਕਾਰਨ ਜੋ ਸਿੱਧੇ-ਸਾਦੇ ਕਿਸਾਨ ਬਿਹਤਰ ਜ਼ਿੰਦਗੀ ਦੀ ਤਲਾਸ਼ 'ਚ ਅਮਰੀਕਾ ਅਤੇ ਕੈਨੇਡਾ ਵਿਚ ਪ੍ਰਵਾਸ ਕਰਨ ਲਈ ਮਜਬੂਰ ਹੋ ਗਏ ਸਨ ਉਨ੍ਹਾਂ ਵਿਚ ਉਸ ਪੱਧਰ ਦੀ ਸਿਆਸੀ ਚੇਤਨਾ ਕਿਵੇਂ ਆਈ ਕਿ ਉਹ ਜੋਸ਼ੀਲੇ ਦੇਸ਼ਭਗਤ ਬਣ ਗਏ। ਇਹ ਸੱਚ ਹੈ ਕਿ ਆਵਾਸੀਆਂ ਵਿਚ ਕੁਝ ਚੇਤੰਨ ਬੁੱਧੀਜੀਵੀ ਤੇ ਵਿਦਿਆਰਥੀ ਸਨ ਅਤੇ ਉਨ੍ਹਾਂ ਨੇ ਅਮਰੀਕਾ ਤੇ ਕੈਨੇਡਾ ਵਿਚ ਉਨ੍ਹਾਂ ਨਾਲ ਹੁੰਦੇ ਮਾੜੇ ਸਲੂਕ ਬਾਰੇ ਜਾਗਰੂਕਤਾ ਵਧਾਉਣ 'ਚ ਵੱਡੀ ਭੂਮਿਕਾ ਨਿਭਾਈ ਕਿ ਇਸ ਦੀ ਜੜ੍ਹ ਉਨ੍ਹਾਂ ਦੇ ਮੁਲਕ ਦੀ ਗ਼ੁਲਾਮੀ ਹੈ।

ਜਦੋਂ ਉਨ੍ਹਾਂ ਨੂੰ ਕੁਲੀ ਤੇ ਹੋਰ ਜ਼ਲੀਲ ਕਰਨ ਵਾਲੇ ਵਿਸ਼ੇਸ਼ਣਾਂ ਨਾਲ ਨਿਵਾਜ਼ਿਆ ਜਾਂਦਾ ਤਾਂ ਉਹ ਬੇਇੱਜ਼ਤ ਮਹਿਸੂਸ ਕਰਦੇ ਅਤੇ ਉਨ੍ਹਾਂ ਦੇ ਸਖ਼ਤ ਗੰਭੀਰ ਕੰਮ ਦੀ ਵੀ ਕਦਰ ਨਾ ਪਾਈ ਜਾਂਦੀ। ਜਦੋਂ ਬਰਤਾਨਵੀ ਸਲਤਨਤ ਦੀ ਖ਼ਿਦਮਤ ਕਰਦਿਆਂ ਹਜ਼ਾਰਾਂ ਦੀ ਤਾਦਾਦ 'ਚ ਮਰਨ ਵਾਲੇ ਪੰਜਾਬੀਆਂ, ਖ਼ਾਸ ਕਰਕੇ ਸਿੱਖਾਂ ਨੂੰ ਗ਼ੁਲਾਮ ਕਿਹਾ ਜਾਂਦਾ ਤਾਂ ਉਹ ਠੱਗੇ ਗਏ

ਅਜੇ ਯੁੱਧ-ਸਰਦਾਰ ਅਤੇ ਇਕ ਸਾਮਰਾਜਵਾਦੀ ਤਾਕਤ ਬਣਕੇ ਉਭਰਿਆ ਨਹੀਂ ਸੀ। ਬਰਤਾਨਵੀ ਸਲਤਨਤ ਦਾ ਹਿਸਾ ਕੈਨੇਡਾ ਵੀ 20ਵੀਂ ਸਦੀ ਦੇ ਮੁੱਢ ਵਿਚ ਹਿੰਦੁਸਤਾਨੀਆਂ ਨਾਲ, ਜਿਨ੍ਹਾਂ ਨੂੰ 'ਹਿੰਦੂ' ਕਿਹਾ ਜਾਂਦਾ ਸੀ, ਜਾਨਵਰਾਂ ਵਾਲਾ ਸਲੂਕ ਕਰਦਾ ਸੀ, ਜਿਵੇਂ ਉਨ੍ਹਾਂ ਘਟਨਾਵਾਂ ਤੋਂ ਸਾਹਮਣੇ ਆਇਆ ਜਿਨ੍ਹਾਂ ਦਾ ਸਿੱਟਾ ਕਾਮਾਗਾਟਾ ਮਾਰੂ ਤ੍ਰਾਸਦੀ ਵਿਚ ਨਿਕਲਿਆ। ਦਾਸਤਾ ਪ੍ਰੇਸ਼ਾਨ ਕਰਨ ਵਾਲੀ ਅਤੇ ਦੁਖਦਾਈ ਸੀ। ਗ਼ੁਲਾਮੀ ਇਨ੍ਹਾਂ ਪ੍ਰਵਾਸੀਆਂ ਲਈ ਹੋਰ ਵੀ ਦੁਖਦਾਈ ਸਾਬਤ ਹੋ ਰਹੀ ਸੀ ਕਿਉਂਕਿ ਉਨ੍ਹਾਂ ਨੂੰ ਉਦੋਂ ਅਮਰੀਕਾ ਤੇ ਕੈਨੇਡਾ ਦੇ ਉਨ੍ਹਾਂ ਨਾਗਰਿਕਾਂ ਤੋਂ ਵੱਖਰੇ ਸਮਝਿਆ ਜਾਂਦਾ ਸੀ ਜੋ ਮੁਕਾਬਲਤਨ ਵਧੇਰੇ ਆਜ਼ਾਦ ਸਨ ਅਤੇ ਉਨ੍ਹਾਂ ਨੂੰ ਵਧੇਰੇ ਮਾਣ-ਸਤਿਕਾਰ ਦਿੱਤਾ ਜਾਂਦਾ ਸੀ। ਉਹ ਆਪਣੀਆਂ ਸਰਕਾਰਾਂ ਆਪ ਚੁਣਦੇ ਸਨ ਅਤੇ ਅੰਗਰੇਜ਼ਾਂ ਵਿਰੁੱਧ ਅਮਰੀਕਾ ਦਾ ਆਜ਼ਾਦੀ ਸੰਘਰਸ਼ ਕੋਈ ਪੁਰਾਣੀ ਗੱਲ ਨਹੀਂ ਸੀ। 1905 ਦਾ ਰੂਸੀ ਇਨਕਲਾਬ ਅਜੇ ਹੋਇਆ ਹੀ ਸੀ ਅਤੇ ਹਿੰਦੁਸਤਾਨੀ ਇਸ ਨੂੰ ਇਕ ਪ੍ਰੇਰਣਾਦਾਇਕ ਵਰਤਾਰੇ ਵਜੋਂ ਦੇਖਦੇ ਸਨ।

ਜਿਉਂ ਹੀ ਜਾਗਰੂਕਤਾ ਵਧੀ, ਗ਼ੁਲਾਮੀ ਦੀਆਂ ਬੇੜੀਆਂ ਨੂੰ ਤੋੜਨ ਦੇ ਯਤਨਾਂ ਨੂੰ ਵੀ ਹੁਲਾਰਾ ਮਿਲਿਆ। ਕਵਿਤਾ ਦੇ ਇਕ ਬੰਦ ਨੇ ਹਾਲਤ ਇਸ ਤਰ੍ਹਾਂ ਬਿਆਨ ਕੀਤੀ।

"ਕੁਲੀ ਕੁਲੀ ਪੁਕਾਰਦਾ ਜਗ ਸਾਨੂੰ,
ਸਾਡਾ ਝੂਲਦਾ ਕਿਤੇ ਨਸ਼ਾਨ ਕਿਉਂ ਨਹੀਂ?
ਅਤੇ
"ਮੁੱਦੋਂ ਪਿਆ ਗ਼ੁਲਾਮੀ ਦਾ ਤੌਂਕ ਸਾਨੂੰ
ਸੁਪਨੇ ਵਿਚ ਆਜ਼ਾਦੀ ਦਾ ਧਿਆਨ ਕਿਉਂ ਨੀ?
"ਢਾਈ ਟੋਟਰੂ ਖਾ ਗਏ ਖ਼ੇਤ ਸਾਡਾ,
ਹਿੰਦੋਸਤਾਨ ਦਾ ਕੋਈ ਕਰਸਾਨ ਕਿਉਂ ਨੀ?
"ਬਚੇ ਤੜਫਦੇ ਵਿਦਿਆ ਬਾਝ ਸਾਡੇ
ਕਾਲਜ ਖੁਲ ਦੇ ਸਦਾ ਵਗਿਆਨ ਕਿਉਂ ਨੀ?
[ਗ਼ਦਰ-ਦੀ-ਗੂੰਜ ਵਿੱਚੋਂ]

ਇਨਕਲਾਬੀ ਰਸਾਲਿਆਂ ਦਾ ਜਨਮ

ਹਿੰਦੁਸਤਾਨੀ ਇਨਕਲਾਬੀਆਂ ਅਤੇ ਆਜ਼ਾਦੀ ਘੁਲਾਟੀਆਂ ਨੂੰ ਸਿਆਸਤ ਅਤੇ ਆਪਣੀ ਮੁਕਤੀ ਲਈ ਸੰਘਰਸ਼ ਨਾਲ ਮੀਡੀਆ ਦੇ ਰਿਸ਼ਤੇ ਦਾ ਅਹਿਸਾਸ ਬਹੁਤ ਛੇਤੀ ਹੋ ਗਿਆ ਸੀ। ਉਹ ਅਖ਼ਬਾਰਾਂ ਅਤੇ ਰਸਾਲਿਆਂ ਦੀ ਅਹਿਮੀਅਤ ਤੋਂ ਜਾਣੂ ਹੋ ਗਏ ਜੋ ਅੰਗਰੇਜ਼ ਦੀ ਗ਼ੁਲਾਮੀ ਤੋਂ ਆਜ਼ਾਦ ਹੋਣ ਦਾ ਪੈਗ਼ਾਮ ਅਵਾਮ ਅੰਦਰ ਲਿਜਾਣ 'ਚ ਸਹਾਇਤਾ ਕਰ ਸਕਦੇ ਸਨ, ਉਨ੍ਹਾਂ ਦੀ ਸਿਆਸੀ ਚੇਤਨਾ ਦਾ ਪੱਧਰ ਉੱਚਾ ਚੁੱਕ ਸਕਦੇ ਸਨ ਅਤੇ ਜਥੇਬੰਦ ਹੋਣ 'ਚ ਉਨ੍ਹਾਂ ਦੀ ਸਹਾਇਤਾ ਕਰ ਸਕਦੇ ਸਨ।

20ਵੀਂ ਸਦੀ ਦੇ ਮੁੱਢ 'ਚ ਬਹੁਤ ਸਾਰੇ ਛੋਟੇ ਤੇ ਵੱਡੇ ਰਸਾਲਿਆਂ ਦਾ ਜਨਮ ਹੋਇਆ। ਕੁਝ ਦੇ ਥੋੜ੍ਹੇ ਐਡੀਸ਼ਨ ਹੀ ਨਿਕਲੇ ਜਦਕਿ ਬਾਕੀ ਲੰਮਾ ਵਕਤ ਨਿਕਲਦੇ ਰਹੇ। ਇਨ੍ਹਾਂ ਵਿੱਚੋਂ ਕੁਝ ਦੀ ਮਦਦ ਤਾਂ ਤਕੜੀਆਂ ਵਚਨਬੱਧ ਜਥੇਬੰਦੀਆਂ, ਪਾਰਟੀਆਂ ਆਦਿ ਕਰਦੀਆਂ ਸਨ, ਬਾਕੀ ਜ਼ਿਆਦਾਤਰ ਵਿਅਕਤੀਗਤ ਜਾਂ ਗਰੁੱਪ ਯਤਨਾਂ ਨਾਲ ਨਿਕਲਦੇ ਸਨ। ਐਪਰ, ਉਨ੍ਹਾਂ ਨੇ ਮੁਕਤੀ ਦੀ ਦਿਸ਼ਾ 'ਚ ਹਿੰਦੁਸਤਾਨੀ ਲੋਕਾਂ ਦੇ ਪੁਲਾਂਘ ਪੁੱਟਣ ਉਪਰ ਅਮਿਟ ਛਾਪ ਛੱਡੀ।

ਗ਼ਦਰ ਦੇ ਪਹਿਲੇ ਅੰਕ ਨੇ ਰਸਾਲੇ ਦਾ ਮਨੋਰਥ ਸਾਫ਼-ਸਾਫ਼ ਐਲਾਨ ਕੀਤਾ: "ਇਹ ਹਫ਼ਤੇ 'ਚ ਇਕ ਵਾਰ ਕੌਮ ਨੂੰ ਬਗ਼ਾਵਤ ਦਾ ਪੈਗ਼ਾਮ ਦੇਵੇਗਾ। ਇਹ ਦਲੇਰ, ਧੜੱਲੇਦਾਰ, ਮੁਕਤ ਮੜ੍ਹਕ ਨਾਲ ਚਲਣ ਵਾਲਾ ਅਤੇ ਸਖ਼ਤ ਲਹਿਜ਼ੇ 'ਚ ਗੱਲ ਕਹਿਣ ਵਾਲਾ ਪਰਚਾ ਹੈ। ਇਹ ਬਿਜਲੀ, ਤੂਫ਼ਾਨ ਅਤੇ ਅੱਗ ਦੀ ਲਾਟ ਹੈ। ਅਸੀਂ ਆਜ਼ਾਦੀ ਦੇ ਹਰਕਾਰੇ ਹਾਂ।" ਇਸਦੇ ਮਾਸਟਹੈੱਡ ਉਪਰ ਲਿਖਿਆ ਹੋਇਆ ਸੀ: "ਅੰਗਰੇਜ਼ੀ ਰਾਜ ਦਾ ਦੁਸ਼ਮਨ।" ਕੋਈ ਸ਼ੱਕ ਨਾ ਰਹੇ, ਇਸ ਲਈ ਮੁੱਖ ਲੇਖ ਨੇ ਸਾਫ਼-ਸਾਫ਼ ਐਲਾਨ ਕੀਤਾ: "ਸਾਡਾ ਨਾਓਂ ਹੀ ਸਾਡਾ ਕੰਮ।" ਇਸ ਨੇ ਇਕੋ ਵਾਕ ਵਿਚ ਆਪਣੀ ਨੀਤੀ ਬਿਆਨ ਕਰ ਦਿੱਤੀ: "ਸ਼ਾਇਦ ਇਕ ਦਹਾਕੇ ਅੰਦਰ ਬਗ਼ਾਵਤ ਅਟੱਲ ਹੋਵੇਗੀ ਅਤੇ ਇਸ ਦੌਰਾਨ ਸਾਰਿਆਂ ਨੂੰ ਲਾਜ਼ਮੀ ਹੀ ਤਿਆਰੀ ਕਰ ਲੈਣੀ ਚਾਹੀਦੀ ਹੈ।"

ਹਾਲਾਂਕਿ ਪੰਜਾਬੀ ਵਿਚ ਛਪਣ ਵਾਲੇ ਪਹਿਲੇ ਰਸਾਲਿਆਂ ਵਿੱਚੋਂ ਇਕ *ਸਵਦੇਸ਼ ਸੇਵਕ* ਸੀ ਜੋ ਮਈ 1910 'ਚ ਬਾਬੂ ਹਰਨਾਮ ਸਿੰਘ ਅਤੇ ਗੁਰੂ ਦੱਤ ਕੁਮਾਰ ਨੇ ਕੱਢਣਾ ਸ਼ੁਰੂ ਕੀਤਾ, ਪਰ ਪਹਿਲੀ ਨਵੰਬਰ 1913 ਨੂੰ *ਗ਼ਦਰ* ਦਾ ਜੋ ਪ੍ਰਕਾਸ਼ਨ ਸੈਕਰਾਮੈਂਟੋ ਤੋਂ ਸ਼ੁਰੂ ਹੋਇਆ, ਪਹਿਲਾਂ ਉਰਦੂ ਵਿਚ ਅਤੇ 9 ਦਸੰਬਰ 1913 ਤੋਂ ਲੈ ਕੇ ਪੰਜਾਬੀ ਵਿਚ, ਉਸਨੇ ਸਿਰਫ਼ ਹਿੰਦੁਸਤਾਨ ਦੇ ਮਰਦਾਂ ਤੇ ਔਰਤਾਂ ਉਪਰ ਹੀ ਨਹੀਂ ਸਗੋਂ ਅਮਰੀਕਨਾਂ ਅਤੇ ਯੂਰਪੀਅਨਾਂ ਦੇ ਮਨਾਂ ਉਪਰ ਵੀ ਅਮਿਟ ਪ੍ਰਭਾਵ ਪਾਇਆ।

ਇਹ ਬਗ਼ਾਵਤ ਦਾ ਹੋਕਾ ਦੇਣ ਵਾਲਾ ਸੱਚਾ ਅਖ਼ਬਾਰ ਸੀ, ਜੋ ਬਾਅਦ ਵਿਚ ਅੱਠ ਜ਼ਬਾਨਾਂ ਵਿਚ ਛਪਦਾ ਰਿਹਾ, ਜਿਸ ਦੀਆਂ ਹਫ਼ਤੇ ਵਿਚ ਇਕ ਲੱਖ ਤੋਂ ਉਪਰ ਕਾਪੀਆਂ ਛਪਦੀਆਂ ਸਨ ਅਤੇ ਖੁੱਲ੍ਹੇ ਜਾਂ ਖੁਫ਼ੀਆ ਤੌਰ 'ਤੇ ਦੋ ਦਰਜਨ ਦੇ ਕਰੀਬ ਮੁਲਕਾਂ ਵਿਚ ਪਹੁੰਚਾਈਆਂ ਜਾਂਦੀਆਂ ਸਨ। ਇਸਨੇ ਅੰਗਰੇਜ਼ ਫ਼ੌਜ ਦੀਆਂ ਬੈਰਕਾਂ ਦੇ ਅੰਦਰ ਭਾਂਬੜ ਬਾਲ ਦਿੱਤੇ ਜੋ ਜਰਮਨਾਂ ਵਿਰੁੱਧ ਮਾਯੂਸੀ ਨਾਲ ਲੜ ਰਹੀਆਂ ਸਨ।

ਇਸ ਇਨਕਲਾਬੀ ਮੀਡੀਆ ਦੇ ਅਗਵਾਨੂ *ਤਲਵਾਰ* ਵਰਗੇ ਰਸਾਲੇ ਸਨ, ਜੋ ਹਿੰਦੁਸਤਾਨੀ ਦੇਸ਼ਭਗਤਾਂ ਨੇ ਅਪ੍ਰੈਲ 1910 'ਚ ਜਰਮਨੀ ਵਿਚ ਬਰਲਿਨ ਤੋਂ ਕੱਢਿਆ ਸੀ, ਅਤੇ ਸਿਆਟਲ (ਵਾਸ਼ਿੰਗਟਨ) ਤੋਂ ਤਾਰਕ ਨਾਥ ਦਾਸ ਨੇ 1908 'ਚ ਇਕ ਜਲਾਵਤਨ ਬੰਗਾਲੀ ਸੁਰਿੰਦਰ ਮੋਹਨ ਦੇ ਇੰਤਜ਼ਾਮਾਂ ਤਹਿਤ *"ਫਰੀ ਹਿੰਦੁਸਤਾਨ"* ਨਾਂ ਦਾ ਮਾਸਿਕ ਰਸਾਲਾ ਕੱਢਿਆ ਸੀ। ਇਹ ਬਹੁਤਾ ਚਿਰ ਨਹੀਂ ਨਿਕਲਿਆ। ਤਾਰਕ ਨਾਥ ਨੇ 1911 'ਚ "ਈਸਟ ਇੰਡੀਆ ਐਸੋਸੀਏਸ਼ਨ" ਵੀ ਬਣਾਈ।

ਦਰਅਸਲ, ਕਈ ਹੋਰ ਅਖ਼ਬਾਰ ਵੀ ਕੱਢੇ ਗਏ। 1907 'ਚ ਰਾਮ ਨਾਥ ਪੁਰੀ ਦਾ *ਸਰਕੂਲਰ-ਏ-ਆਜ਼ਾਦੀ* [ਉਰਦੂ], 1908 'ਚ ਤਾਰਕ ਨਾਥ ਦਾਸ ਦਾ *ਫਰੀ ਹਿੰਦੁਸਤਾਨ* [ਅੰਗਰੇਜ਼ੀ] ਦੋਵੇਂ ਅਮਰੀਕਾ ਤੋਂ ਕੱਢੇ ਗਏ ਸਨ। ਹੀਰਾ ਸਿੰਘ ਵਲੋਂ *ਪ੍ਰਦੇਸੀ ਖ਼ਾਲਸਾ* ਦੀ ਸਥਾਪਨਾ 1910 'ਚ ਕੈਨੇਡਾ 'ਚ ਕੀਤੀ ਗਈ ਸੀ। ਕਰਤਾਰ ਸਿੰਘ ਵਲੋਂ ਇਕ ਸਾਲ ਪਹਿਲਾਂ ਅੰਗਰੇਜ਼ੀ ਵਿਚ *ਦ ਖ਼ਾਲਸਾ ਹੇਰਲਡ* ਕੈਨੇਡਾ ਤੋਂ ਸ਼ੁਰੂ ਕੀਤਾ ਗਿਆ ਸੀ। ਅੰਗਰੇਜ਼ੀ ਵਿਚ ਇਕ ਹੋਰ ਰਸਾਲਾ *ਦ ਸੰਸਾਰ* ਕੈਨੇਡਾ ਤੋਂ 1912 'ਚ ਛਪਣਾ ਸ਼ੁਰੂ ਹੋਇਆ ਅਤੇ ਇਸ ਦਾ ਸੰਪਾਦਨ ਕਰਤਾਰ ਸਿੰਘ ਹੁੰਦਲ ਅਤੇ ਡਾ. ਸੁੰਦਰ ਸਿੰਘ ਕਰਦੇ ਸਨ। ਲੇਖਕ ਦਰਸ਼ਨ ਸਿੰਘ ਤਾਤਲਾ ਨੇ ਆਪਣੀ ਕਿਤਾਬ ਵਿਚ ਹਿਸਾਬ ਲਗਾਇਆ ਹੈ ਕਿ 1913 ਅਤੇ 1943 ਦਰਮਿਆਨ ਪ੍ਰਵਾਸੀ ਹਿੰਦੁਸਤਾਨੀਆਂ ਵਲੋਂ ਅਮਰੀਕਾ ਅਤੇ ਕੈਨੇਡਾ ਤੋਂ ਇਕ ਦਰਜਨ ਉੱਘੇ ਅਖ਼ਬਾਰ ਕੱਢੇ ਗਏ।

ਹਿੰਦੁਸਤਾਨ ਦੀ ਬੰਦਖ਼ਲਾਸੀ ਲਈ ਅਣਥੱਕ ਕੰਮ ਕਰਨਾ ਇਨ੍ਹਾਂ ਦਾ ਇਕ ਸਾਂਝਾ ਮਜਮੂਨ ਸੀ ਜੋ ਬਦਤਰੀਨ ਕਿਸਮ ਦੇ ਦਾਬੇ ਦਾ ਸ਼ਿਕਾਰ ਸੀ। ਇਹ ਜ਼ਿਆਦਾਤਰ ਪ੍ਰਕਾਸ਼ਨਾਵਾਂ ਹਿੰਦੁਸਤਾਨ ਵਿਚ ਅੰਗਰੇਜ਼ ਰਾਜ ਦੇ ਵਿਰੁੱਧ ਹਥਿਆਰਬੰਦ ਬਗ਼ਾਵਤ ਦੀ ਵਕਾਲਤ ਕਰਦੀਆਂ ਸਨ। ਗ਼ਦਰ ਪਾਰਟੀ ਦੇ ਬਾਨੀ ਬਾਬਾ ਸੋਹਣ ਸਿੰਘ ਭਕਨਾ, ਜੋ ਦੰਦ-ਕਥਾ ਵਾਂਗ ਲੋਕਾਂ 'ਚ ਮਸ਼ਹੂਰ ਸਨ ਅਤੇ ਜਿਨ੍ਹਾਂ ਨੇ ਆਪਣੇ ਅੱਖੀਂ ਹਿੰਦੁਸਤਾਨ ਨੂੰ ਆਜ਼ਾਦੀ ਮਿਲਦੀ ਤੱਕੀ ਅਤੇ ਸੱਚੀ ਮੁਕਤੀ ਲਈ ਸੰਘਰਸ਼ ਵਿਚ ਸਰਗਰਮੀ ਨਾਲ ਹਿੱਸਾ ਲਿਆ, ਇਕ ਸ਼ਕਤੀਸ਼ਾਲੀ ਹਥਿਆਰ, *ਗ਼ਦਰ*, ਦੀ ਪ੍ਰਕਾਸ਼ਨਾ ਸ਼ੁਰੂ ਹੋਣ ਨੂੰ ਕਿਵੇਂ ਦੇਖਦੇ ਹਨ? ਉਸ ਖ਼ਿਆਲ ਅਤੇ ਉਸ ਮੁਹਿੰਮ ਲਈ ਮਾਰੇ ਹੰਭਲੇ ਤੇ ਇਸ ਦੀਆਂ ਸ਼ੁਰੂਆਤੀ ਪੀੜਾਂ ਨੂੰ ਸਮਝਣਾ ਦਿਲਚਸਪ ਵੀ ਹੈ ਅਤੇ ਸਿਖਿਆਦਾਇਕ ਵੀ।

ਆਪਣੀ ਸਵੈਜੀਵਨੀ, *ਮੇਰੀ ਰਾਮ ਕਹਾਣੀ*, ਵਿਚ ਬਾਬਾ ਭਕਨਾ ਇਕ ਅਹਿਮ ਵੇਰਵਾ ਦਿੰਦੇ ਹਨ ਜੋ ਮੁੱਖ ਤੌਰ 'ਤੇ ਅੰਮ੍ਰਿਤਸਰ ਤੋਂ ਨਿਕਲਦੇ ਇਕ ਹਰਮਨਪਿਆਰੇ ਪੰਜਾਬੀ ਅਖ਼ਬਾਰ *ਅਕਾਲੀ ਤੇ ਪ੍ਰਦੇਸੀ* ਵਿਚ ਫਰਵਰੀ 1930 ਤੋਂ ਲੈ ਕੇ ਜਨਵਰੀ 1931 ਤਕ ਛਪੀ ਸੀ। [ਰਾਜਵਿੰਦਰ ਸਿੰਘ ਰਾਹੀ ਵਲੋਂ ਸੰਪਾਦਕ ਇਹ ਕਿਤਾਬ ਨਾ ਸਿਰਫ਼ ਇਨਕਲਾਬ ਦੇ ਕਾਜ ਲਈ ਬਾਬਾ ਭਕਨਾ ਦੀ ਵਚਨਬੱਧਤਾ ਦੀ ਸਗੋਂ ਖ਼ੂਬਸੂਰਤ ਪੰਜਾਬੀ ਵਾਰਤਕ ਵਿਚ ਇਕ ਵਿਲੱਖਣ ਈਮਾਨਦਾਰ ਢੰਗ ਨਾਲ ਆਪਣੀਆਂ ਨਾਕਾਮਯਾਬੀਆਂ ਅਤੇ ਕਾਮਯਾਬੀਆਂ ਦੀ ਤਫ਼ਸੀਲ ਵੀ ਦਿੰਦੀ ਹੈ। ਉਹ ਆਪਣੀ ਜ਼ਿੰਦਗੀ ਦੇ ਉਤਰਾਵਾਂ-ਚੜ੍ਹਾਵਾਂ ਨੂੰ ਲਗਭਗ ਇਕ ਗ਼ਲਤੀ ਵਾਂਗ ਬਿਆਨ ਕਰਦੇ ਹਨ। ਜੀਵਨੀਆਂ ਤੋਂ ਇਲਾਵਾ ਉਨ੍ਹਾਂ ਦੀ ਇਕ ਸਵੈਜੀਵਨੀ ਹੋਰ ਵੀ ਹੈ।]

1912 'ਚ ਹਿੰਦੀ ਐਸੋਸੀਏਸ਼ਨ ਆਫ ਪੈਸੀਫਿਕ ਕੋਸਟ ਨਾਂ ਇਕ ਸਿਆਸੀ ਪਾਰਟੀ ਦੀ ਸਥਾਪਨਾ ਕੀਤੀ ਗਈ। ਬਾਅਦ ਵਿਚ, ਇਹ ਗ਼ਦਰ ਪਾਰਟੀ ਵਜੋਂ ਮਸ਼ਹੂਰ ਹੋਈ। ਇਸ ਦਾ ਮੁੱਖ ਸਕੱਤਰ ਲਾਲਾ ਹਰਦਿਆਲ ਸੀ। ਲਹਿਰ ਅਤੇ ਅਖ਼ਬਾਰ ਦੀ ਸਮੁੱਚੀ ਕਮਾਨ ਬਾਬਾ ਭਕਨਾ ਕੋਲ ਸੀ ਜੋ ਇਸਦੇ ਪ੍ਰਧਾਨ ਚੁਣੇ ਗਏ ਸਨ। ਇਕ ਹੋਰ ਦਲੇਰ ਸ਼ਖਸੀਅਤ ਕੇਸਰ ਸਿੰਘ ਮੀਤ

ਪ੍ਰਧਾਨ ਅਤੇ ਪੰਡਤ ਕਾਂਸ਼ੀ ਰਾਮ, ਜਿਨ੍ਹਾਂ ਨੇ ਬਾਅਦ ਵਿਚ ਆਪਣੀ ਕੁਲ ਜਾਇਦਾਦ ਤੇ ਕਮਾਈ ਇਸ ਕਾਜ ਦੇ ਲੇਖੇ ਲਾ ਦਿੱਤੀ, ਖ਼ਜ਼ਾਨਚੀ ਚੁਣੇ ਗਏ। ਇਸ ਸੁਸਾਇਟੀ ਨੇ *ਗ਼ਦਰ* ਛਾਪਣ ਦਾ ਫ਼ੈਸਲਾ ਲਿਆ।

ਸ਼ੁਰੂ ਵਿਚ ਮੁਸ਼ਕਲਾਂ ਆਈਆਂ, ਅਤੇ ਨਿਸ਼ਚੇ ਹੀ ਇਹ ਐਸੀਆਂ ਨਹੀਂ ਸਨ ਕਿ ਇਨ੍ਹਾਂ 'ਤੇ ਕਾਬੂ ਨਹੀਂ ਸੀ ਪਾਇਆ ਜਾ ਸਕਦਾ। ਮਿਸਾਲ ਵਜੋਂ, ਹਰਦਿਆਲ ਜੋ ਅੰਗਰੇਜ਼ੀ ਦਾ ਚੰਗਾ ਗਿਆਨੀ ਹੋਣ ਦੇ ਨਾਲ-ਨਾਲ ਪੁਰਜੋਸ਼ ਬੁੱਧੀਜੀਵੀ ਅਤੇ ਅੰਗਰੇਜ਼ੀ ਤੇ ਉਰਦੂ ਦਾ ਉੱਘਾ ਲੇਖਕ ਵੀ ਸੀ, ਨੂੰ ਸੰਪਾਦਕ ਨਿਯੁਕਤ ਕੀਤਾ ਗਿਆ ਸੀ। ਉਸ ਤੋਂ ਅਖ਼ਬਾਰ ਕੱਢਿਆ ਹੀ ਨਹੀਂ ਗਿਆ ਜਿਸ ਦੀ ਕਿ ਬੇਸਬਰੀ ਨਾਲ ਇੰਤਜ਼ਾਰ ਕੀਤੀ ਜਾ ਰਹੀ ਸੀ। ਕਰਤਾਰ ਸਿੰਘ ਸਰਾਭਾ, ਜੋ ਇਕ ਪ੍ਰਤਿਭਾਵਾਨ ਵਿਦਿਆਰਥੀ ਅਤੇ ਸਿਰਲੱਥ ਇਨਕਲਾਬੀ ਸੀ, ਅਤੇ ਕੇਸਰ ਸਿੰਘ ਤੇ ਕਾਂਸ਼ੀਰਾਮ ਨੇ ਬਾਬਾ ਭਕਨਾ ਨੂੰ ਕਿਹਾ ਕਿ ਇਹ ਦੇਰੀ ਬਹੁਤ ਦੁਖਦਾਈ ਹੈ। ਹਰਦਿਆਲ ਨੇ ਕਿਹਾ ਕਿ ਪਹਿਲਾਂ ਲੋੜੀਂਦੇ ਫੰਡ ਮੁਹੱਈਆ ਭੇਜੋ ਤਾਂ ਜੋ ਉਹ ਪੱਕੇ ਪੈਰੀਂ ਅਖ਼ਬਾਰ ਕੱਢ ਸਕੇ। ਛੇਤੀ ਹੀ, 3000 ਤੋਂ ਵੱਧ ਡਾਲਰ ਇਕੱਠੇ ਹੋ ਗਏ ਅਤੇ ਇਕ ਛਾਪਾਖ਼ਾਨਾ ਲਗਾ ਲਿਆ ਗਿਆ। ਪਹਿਲਾਂ ਇਸ ਦੀਆਂ ਥੋੜ੍ਹੀਆਂ ਕਾਪੀਆਂ ਉਰਦੂ ਵਿਚ ਛਪੀਆਂ ਅਤੇ ਫਿਰ ਇਹ ਪੰਜਾਬੀ ਵਿਚ ਵੀ ਛਪਣਾ ਸ਼ੁਰੂ ਹੋ ਗਿਆ।

ਇਸ ਦੇ ਦਫ਼ਤਰ ਨੂੰ ਯੁਗਾਂਤਰ ਆਸ਼ਰਮ ਅਤੇ ਛਾਪਾਖ਼ਾਨੇ ਨੂੰ ਗ਼ਦਰ ਪ੍ਰੈੱਸ ਕਿਹਾ ਜਾਂਦਾ ਸੀ। [ਇਹ ਟ੍ਰਿਡਲ ਮਸ਼ੀਨ ਜਿਸ ਉਪਰ ਗ਼ਦਰ ਉਕਰਿਆ ਹੋਇਆ ਹੈ, ਅਜੇ ਵੀ ਗੁਰਦੁਆਰਾ ਸਟਾਕਟਨ, ਕੈਲੀਫੋਰਨੀਆ ਵਿਚ ਸਾਂਭੀ ਪਈ ਹੈ।] ਬਹੁਤ ਸਾਰੇ ਮੈਂਬਰ ਨਾ ਸਿਰਫ਼ ਫੰਡ ਉਗਰਾਹੁੰਦੇ ਸਨ, ਸਗੋਂ ਬਿਨਾ ਕੋਈ ਪੈਸਾ ਲਏ ਸਵੈਸੇਵੀ ਭਾਵਨਾ ਨਾਲ ਮਸ਼ੀਨ ਉਪਰ ਛਪਾਈ ਦੇ ਕੰਮ ਅਤੇ ਵੰਡ-ਵੰਡਾਈ ਵਿਚ ਹੱਥ ਵੀ ਵਟਾਉਂਦੇ ਸਨ। ਬਾਬਾ ਭਕਨਾ ਦੇ ਸ਼ਬਦਾਂ 'ਚ ਹਰ ਕੋਈ ਪੂਰੀ ਤਰ੍ਹਾਂ ਸਮਰਪਿਤ ਸੀ। ਹਰ ਕੋਈ ਕੁਝ ਨਾ ਕੁਝ ਯੋਗਦਾਨ ਪਾਉਣ ਲਈ ਤਿਆਰ ਸੀ।

ਬਾਬਾ ਭਕਨਾ ਦੇ ਸ਼ਬਦਾਂ 'ਚ: "...ਇਸੇ ਤਰ੍ਹਾਂ ਅਮਰੀਕਾ ਦੇ ਹਿੰਦੀਆਂ ਵਿਚ ਹਰ ਥਾਂ ਦੇਸ਼ ਭਗਤੀ ਤੇ ਆਜ਼ਾਦੀ ਦੇ ਖਿਆਲ ਪੁੰਗਰ ਪਏ ਸਨ। ਇਨ੍ਹਾਂ ਦਿਨਾਂ ਵਿਚ ਹੀ ਇਕੇਰਾਂ ਸਾਨਫਰਾਂਸਿਸਕੋ ਵਿਚ ਭਾਈ ਹਰਦਿਆਲ ਤੇ ਕਰਤਾਰ ਸਿੰਘ ਜੀ (ਸਰ੍ਹਾਬਾ) ਦਾ ਮੇਲ ਹੋ ਗਿਆ। ਭਾਈ ਹਰਦਿਆਲ ਨੇ 'ਹਿੰਦੀ ਐਸੋਸੀਏਸ਼ਨ' ਦੇ ਕਾਇਮ ਹੋਣ ਤੇ 'ਗ਼ਦਰ' ਅਖਬਾਰ ਜਾਰੀ ਕਰਨ ਦਾ ਜ਼ਿਕਰ ਕੀਤਾ। ਸੁਣਦਿਆਂ ਹੀ ਭਾਈ ਕਰਤਾਰ ਸਿੰਘ ਨੂੰ ਤਾਂ ਇਕ ਤਰ੍ਹਾਂ ਦਾ ਨਸ਼ਾ ਜੇਹਾ ਚੜ੍ਹ ਗਿਆ। ਉਸ ਨੇ ਸਾਨਫਰਾਂਸਿਸਕੋ ਤੋਂ ਮੁੜ ਕੇ .... ਇਕ ਇਕੱਤਰਤਾ ਸੱਦੀ।...ਆਖ਼ਰ ਨਵੰਬਰ 1913 ਨੂੰ 'ਗ਼ਦਰ' ਦਾ ਪਹਿਲਾ ਪਰਚਾ ਜੁਗਾਂਤਰ ਆਸ਼ਰਮ ਸਾਨਫਰਾਂਸਿਸਕੋ ਤੋਂ ਨਿਕਲਿਆ ਜਿਸ ਵੱਲ ਕਈ ਮਹੀਨਿਆਂ ਤੋਂ ਹਿੰਦੀਆਂ ਦੀਆਂ ਅੱਖਾਂ ਲੱਗੀਆਂ ਹੋਈਆਂ ਸਨ। ਪਹਿਲੇ ਦਿਨ ਇਹ ਪਰਚੇ ਇਕ ਛੋਟੇ ਹੈਂਡ ਪ੍ਰੈੱਸ (ਹੱਥ ਨਾਲ ਚਲਣ ਵਾਲਾ ਛਾਪਾਖਾਨਾ) ਨਾਲ ਹੀ ਛਾਪੇ ਗਏ ਸਨ ਤੇ ਓਦਨ ਕੰਮ ਕਰਨ ਵਾਲੇ ਵੀ – ਜਿਹਨਾਂ ਨੇ ਪਰਚੇ ਛਾਪੇ ਸਨ – ਦੋ ਹੀ

ਜਣੇ ਸਨ – ਇਕ ਕਰਤਾਰ ਸਿੰਘ (ਸਰਾਭਾ) ਤੇ ਦੂਜਾ ਗੁਪਤਾ ਜਾਂ ਤੀਜੇ ਭਾ: ਹਰਦਿਆਲ ਜੀ ਸਨ, ਜਿਹਨਾਂ ਨੇ ਪਰਚਾ ਸੰਪਾਦਿਤ (ਐਡਿਟ) ਕੀਤਾ ਸੀ। ਇਸ ਅਖਬਾਰ ਨੇ ਲੋਕਾਂ ਪੁਰ ਜਾਦੂ ਦਾ ਅਸਰ ਕੀਤਾ। ਕਿਉਂ ਜੋ ਇਸ ਵੇਰ ਸਾਫ ਤੇ ਸਿਧੇ ਸ਼ਬਦਾਂ ਵਿਚ ਅੰਗਰੇਜ਼ੀ ਗੌਰਨਮੈਂਟ ਦੀ ਗੁਲਾਮੀ ਵਿਰੁੱਧ ਜੰਗ ਛੇੜੀ ਗਈ ਸੀ।”

ਗ਼ਦਰ ਕੈਨੇਡਾ, ਜਪਾਨ, ਚੀਨ, ਮਲਾਇਆ, ਮਨੀਲਾ ਅਤੇ ਹਿੰਦੁਸਤਾਨ ਵਿਚ ਵੰਡਿਆ ਜਾਂਦਾ ਸੀ। ਅੰਗਰੇਜ਼ ਹਕੂਮਤ ਨੇ ਆਪਣੀਆਂ ਬਸਤੀਆਂ ਵਿਚ ਇਸ ਦੀ ਆਮਦ ਨੂੰ ਰੋਕਣ ਲਈ ਪੂਰਾ ਤਾਣ ਲਾਇਆ ਪਰ ਹਿੰਦੁਸਤਾਨੀ ਦੇਸ਼ਭਗਤਾਂ ਵਲੋਂ ਨਵੇਂ ਤੋਂ ਨਵੇਂ ਅਤੇ ਨਾਮਾਲੂਮ ਢੰਗ ਅਖ਼ਤਿਆਰ ਕਰਦੇ ਰਹਿਣ ਕਾਰਨ ਹਕੂਮਤ ਨੂੰ ਕਾਮਯਾਬੀ ਨਾ ਮਿਲੀ। ਇਹ ਹਿੰਦੁਸਤਾਨ ਅਤੇ ਕੁਲ ਆਲਮ ਵਿਚ ਹੋਰ ਥਾਵਾਂ 'ਤੇ ਨਿੱਜੀ ਖ਼ਤਾਂ ਵਿਚ ਲੁਕੋਕੇ ਚੋਰੀ-ਛਿਪੇ ਭੇਜਿਆ ਜਾਂਦਾ ਸੀ। ਇਸ ਕਾਰਨ ਇਸ ਦਾ ਪਤਾ ਲਾਉਣਾ ਅਸੰਭਵ ਹੋ ਜਾਂਦਾ ਸੀ। ਹਾਸਲ ਕਰਨ ਵਾਲਿਆਂ ਨੂੰ ਖ਼ਤ ਸਾੜ ਦੇਣ ਅਤੇ ਗ਼ਦਰ ਨੂੰ ਵੱਧ ਤੋਂ ਵੱਧ ਲੋਕਾਂ ਤਕ ਪਹੁੰਚਾਉਣ ਦੀ ਤਾਕੀਦ ਕੀਤੀ ਹੁੰਦੀ ਸੀ। ਲੋਕ ਅਖ਼ਬਾਰ ਦੀਆਂ ਨਕਲਾਂ ਤਿਆਰ ਕਰ ਲੈਂਦੇ ਅਤੇ ਅਗਾਂਹ ਆਪਣੇ ਸੰਪਰਕਾਂ ਤਕ ਪਹੁੰਚਾ ਦਿੰਦੇ। ਫ਼ੌਜੀ ਤਾਕਤਾਂ ਅਤੇ ਬਹੁਤ ਸਾਰੇ ਮੁਲਕਾਂ ਦੇ ਹਿੰਦੁਸਤਾਨੀ ਆਵਾਸੀਆਂ ਤੋਂ ਇਲਾਵਾ ਹਿੰਦੁਸਤਾਨ ਦਾ ਉਤਰ-ਪੱਛਮੀ ਹਿੱਸਾ ਇਸ ਦਾ ਮੁੱਖ ਨਿਸ਼ਾਨਾ ਸੀ।

ਹਰਮਨਪਿਆਰਾ ਹੋਣ 'ਤੇ ਇਕ ਵੱਡੀ ਪ੍ਰੈੱਸ ਖ਼ਰੀਦੀ ਗਈ ਅਤੇ ਉਸ ਉਪਰ 20 ਦੇਸ਼ਭਗਤ ਦਿਨ-ਰਾਤ ਕੰਮ ਕਰਦੇ ਸਨ। ਇਸ ਤੋਂ ਇਲਾਵਾ, ਗ਼ਦਰ ਪਾਰਟੀ *ਗ਼ਦਰ-ਦੀ-ਗੂੰਜ ਸਮੇਤ* ਛੋਟੇ-ਛੋਟੇ ਕਿਤਾਬਚੇ ਵੀ ਛਾਪਦੀ ਸੀ ਜੋ ਸਭ ਤੋਂ ਵੱਧ ਮਕਬੂਲ ਹੋਏ। ਕਵਿਤਾ ਹਿੰਦੁਸਤਾਨੀਆਂ ਨੂੰ ਗੂੜ੍ਹੀ ਨੀਂਦ ਤੋਂ ਜਗਾਉਣ ਦਾ ਇਕ ਪ੍ਰੇਰਨਾਮਈ ਹਰਮਨਪਿਆਰਾ ਮਾਧਿਅਮ ਬਣੀ ਅਤੇ ਛੇਤੀ ਹੀ ਇਹ ਬੰਦ ਬਦੇਸ਼ ਵਿਚ ਹਜ਼ਾਰਾਂ ਦੀ ਤਾਦਾਦ 'ਚ ਅਤੇ ਮੁਲਕ ਦੇ ਅੰਦਰ ਦਹਿ-ਲੱਖਾਂ ਲੋਕਾਂ ਦੀ ਜ਼ੁਬਾਨ 'ਤੇ ਚੜ੍ਹ ਗਏ। *ਗ਼ਦਰ* ਅਤੇ ਇਸਦੇ ਕਿਤਾਬਚਿਆਂ ਦੀ ਮੰਗ ਇਸ ਕਦਰ ਵੱਧ ਗਈ ਕਿ ਉਨ੍ਹਾਂ ਨੂੰ ਪੂਰਾ ਹਫ਼ਤਾ ਚੌਵੀ ਘੰਟੇ ਕੰਮ ਕਰਨਾ ਪੈਂਦਾ ਸੀ। ਚੰਗੇ ਭਾਗੀਂ, ਮੁਸ਼ਕਲਾਂ ਦੇ ਬਾਵਜੂਦ, ਕਾਰ ਸੇਵਾ ਕਰਨ ਵਾਲੇ ਹਾਜ਼ਰ ਰਹਿੰਦੇ ਸਨ। ਛਪੀ ਹੋਈ ਕੁਲ ਸਮੱਗਰੀ ਤਕਸੀਮ ਕਰ ਦਿੱਤੀ ਜਾਂਦੀ ਸੀ। ਪੈਸਾ ਮਜ਼ਦੂਰ ਅਤੇ ਭਾਈ ਜਵਾਲਾ ਸਿੰਘ ਵਰਗੇ ਦਿੰਦੇ ਸਨ ਜੋ ਕੈਲੀਫੋਰਨੀਆ ਦੇ ਆਲੂਆਂ ਦੇ ਬਾਦਸ਼ਾਹ ਸਨ ਅਤੇ ਬਾਅਦ ਵਿਚ ਜਿਨ੍ਹਾਂ ਨੇ ਗ਼ਦਰੀ ਬਾਬਾ ਵਜੋਂ ਨਾਮਣਾ ਖੱਟਿਆ ਸੀ ਤੇ ਮਹਾਨ ਲਹਿਰ ਵਿਚ ਹਿੱਸਾ ਲੈਣ ਲਈ ਕੋਈ ਕਸਰ ਬਾਕੀ ਨਾ ਛੱਡੀ। ਗ਼ਦਰ ਅਤੇ ਇਸ ਦੇ ਕਿਤਾਬਚਿਆਂ ਦੀ ਛਪਾਈ, ਪ੍ਰਕਾਸ਼ਨ ਅਤੇ ਵੰਡ-ਵੰਡਾਈ ਦੇ ਖ਼ਰਚੇ ਸੰਸਥਾ ਦੇ ਮੈਂਬਰਾਂ ਵਲੋਂ ਦਿੱਤੀ ਮਾਲੀ ਸਹਾਇਤਾ ਨਾਲ ਪੂਰੇ ਕੀਤੇ ਜਾਂਦੇ ਸਨ।

ਅੰਗਰੇਜ਼ ਹਕੂਮਤ ਨੂੰ ਗ਼ਦਰ ਪਾਰਟੀ ਦੀ ਤਾਕਤ ਤੇ ਤਾਦਾਦ ਸਮਝ ਪੈ ਗਈ ਅਤੇ ਉਸਨੇ ਹਰਦਿਆਲ ਨੂੰ ਅਮਰੀਕਾ 'ਚੋਂ ਕੱਢਣ ਦੀ ਵਿਉਂਤ ਬਣਾ ਲਈ। ਉਨ੍ਹਾਂ ਨੇ ਇਕ ਤਰਕੀਬ ਸੋਚੀ ਅਤੇ ਉਸ ਉਪਰ ਅਰਾਜਕਤਾਵਾਦੀ ਹੋਣ ਦਾ ਠੱਪਾ ਜੜ ਦਿੱਤਾ। “ਹੁਣ ਅਮਰੀਕਾ

ਗੌਰਮੈਂਟ ਹਰਦਿਆਲ ਦੇ ਲੈਕਚਰਾਂ ਅਤੇ ਚਾਲ ਢਾਲ ਪੁਰ ਖਾਸ ਧਿਆਨ ਰੱਖਣ ਲੱਗੀ।...ਭਾਈ ਹਰਦਿਆਲ ਉਤੇ ਮੁਕੱਦਮਾ ਚਲਾਣ ਦਾ ਪ੍ਰਬੰਧ ਕਰ ਲਿਆ।" ਬਾਬਾ ਭਕਨਾ ਲਿਖਦੇ ਹਨ: "ਗਲ ਇਉਂ ਬਣੀ ਕਿ ਸਾਡੀ ਸੁਸਾਇਟੀ ਦੇ ਰੂਸ ਤੇ ਆਇਰਲੈਂਡ ਆਦਿਕ ਦੇਸਾਂ ਦੇ ਦੇਸ਼ ਭਗਤਾਂ ਨਾਲ ਅਕਸਰ ਸੰਬੰਧ ਸਨ। ....ਭਾਈ ਹਰਦਿਆਲ ਨੇ ਰੂਸ ਦੇ ਬਾਦਸ਼ਾਹ (ਜ਼ਾਰ) ਦੇ ਅੱਤਿਆਚਾਰਾਂ ਵਿਰੁਧ ਇਕ ਲੈਕਚਰ ਕੀਤਾ ਸੀ। ਭਾਈ ਹਰਦਿਆਲ ਨੂੰ ਅਨਾਰਕਿਸਟ ਸਿੱਧ ਕਰਨ ਵਾਸਤੇ ਹੁਣ ਅਮਰੀਕਾ ਗੌਰਨਮੈਂਟ ਨੂੰ ਇਹ ਬਹਾਨਾ ਕਾਫੀ ਸੀ। ਬੱਸ ਉਸ ਨੇ ਫੌਰਨ ਭਾ: ਹਰਦਿਆਲ ਦੀ ਗ੍ਰਿਫ਼ਤਾਰੀ ਲਈ ਵਾਰੰਟ ਜਾਰੀ ਕਰ ਦਿੱਤੇ। ਏਧਰ ਸੁਸਾਇਟੀ ਵੀ ਸੁੱਤੀ ਨਹੀਂ ਸੀ। ਉਹਨੂੰ ਅੰਗਰੇਜ਼ੀ ਗੌਰਨਮੈਂਟ ਦੀਆਂ ਗੋਂਦਾਂ ਦਾ, ਜੋ ਉਹ ਅਮਰੀਕਾ ਗੌਰਨਮੈਂਟ ਦੀ ਰਾਹੀਂ ਕਰਨਾ ਚਾਹੁੰਦੀ ਸੀ ਬਹੁਤ ਹਦ ਤੱਕ ਪਤਾ ਮਿਲਦਾ ਸੀ। ਇਸ ਲਈ ਸੁਸਾਇਟੀ ਨੇ ਵਿਤ ਅਨੁਸਾਰ ਭਾਈ ਹਰਦਿਆਲ ਦੀ ਰਾਖੀ ਦਾ ਕਾਫੀ ਪਰਬੰਧ ਕੀਤਾ ਹੋਇਆ ਸੀ। ਭਾਈ ਹਰਦਿਆਲ ਨੂੰ ਇਕੱਲਿਆਂ ਆਸ਼ਰਮ ਤੋਂ ਬਾਹਰ ਕਦੀ ਨਹੀਂ ਸੀ ਜਾਣ ਦਿੱਤਾ ਜਾਂਦਾ। ਭਾਈ ਹਰਦਿਆਲ ਦੀ ਗਿਆਤ ਤੋਂ ਬਿਨਾਂ ਹੀ ਦੋ ਦੇਸ਼ ਭਗਤ ਓਹਨਾਂ ਦੀ ਰਾਖੀ ਲਈ ਨਾਲ ਛੱਡੇ ਹੋਏ ਸਨ, ਜੋ ਸਦਾ ਪਸਤੌਲ ਭਰਕੇ ਓਹਨਾਂ ਦੇ ਮਗਰ ਜਾਂ ਸੱਜੇ ਖੱਬੇ ਰਹਿੰਦੇ ਸਨ। ਇਸ ਗੱਲ ਦਾ ਪਤਾ ਭਾ: ਹਰਦਿਆਲ ਨੂੰ ਵੀ ਘੱਟ ਵੱਧ ਹੀ ਹੁੰਦਾ ਸੀ ਕਿ 'ਦੇਸ਼ ਭਗਤ' ਮੇਰੀ ਜਾਨ ਦੀ ਰਾਖੀ ਲਈ ਮੇਰੇ ਪਿਛੇ ਆ ਰਹੇ ਹਨ। ਭਾ: ਹਰਨਾਮ ਸਿੰਘ 'ਲਾਟ' ਤੇ ਭਾ: ਕਰਤਾਰ ਸਿੰਘ ਦੋਵੇਂ ਦੇਸ਼ ਭਗਤ-ਇਸ ਡਿਊਟੀ ਪਰ ਟਿੱਕੇ ਹੋਏ ਸਨ।"

ਹਰਦਿਆਲ ਨੂੰ ਨਿਸ਼ਾਨਾ ਬਣਾਇਆ ਗਿਆ

"ਅਪ੍ਰੈਲ 1914 ਦੀ ਗੱਲ ਹੈ ਇਕ ਦਿਨ ਭਾਈ ਹਰਦਿਆਲ ਅਮਰੀਕਨਾਂ ਦੀ ਇਕ ਇਕੱਤਰਤਾ ਵਿਚ ਸਤ ਵਜੇ ਲੈਕਚਰ ਦੇਣ ਲਈ ਜਾ ਰਹੇ ਸਨ। ਜਦੋਂ ਭਾ. ਹਰਦਿਆਲ ਤੇ ਦੂਜੇ ਸਾਥੀ...ਉਸ ਮਕਾਨ ਪੁਰ ਚੜ੍ਹਨ ਲਗੇ ਜਿਥੇ ਇਕੱਠ ਹੋਣਾ ਸੀ, ਤਾਂ ਫੌਰਨ ਪੁਲੀਸ ਦੀ ਮੋਟਰ ਆ ਖੜੀ ਹੋਈ। ਇਕ ਪੁਲਸੀਏ ਨੇ ਭਾਈ ਹਰਦਿਆਲ ਨੂੰ ਵਰੰਟ ਦਿਖਾ ਕੇ ਆਖਿਆ ਕਿ 'ਕਿਰਪਾ ਕਰਕੇ ਸਾਡੇ ਨਾਲ ਰਤਾ ਠਾਣੇ ਤਕ ਚਲੋ।' ਸੱਭਿਆਰ ਨੂੰ ਉਸ ਦਿਨ ਮੈਂ ਵੀ ਬਾਹਰ ਦੇ ਦੌਰੇ ਦਾ ਕੰਮ ਛੱਡਕੇ ਕਿਸੇ ਜ਼ਰੂਰੀ ਕੰਮ ਲਈ ਦਫ਼ਤਰ ਵਿਚ ਆਯਾ ਹੋਇਆ ਸਾਂ ਤੇ ਭਾਈ ਹਰਦਿਆਲ ਦੇ ਆਖੇ ਇਕੱਠ ਦੀ ਕਾਰਵਾਈ ਦੇਖਣ ਲਈ ਨਾਲ ਆ ਗਿਆ ਸਾਂ। ਪੁਲੀਸ ਵਾਲੇ ਭਾਈ ਹਰਦਿਆਲ ਨੂੰ ਆਪਣੀ ਮੋਟਰ ਵਿਚ ਬਿਠਾਉਣ ਹੀ ਲੱਗੇ ਸਨ ਕਿ ਦੇਸ਼ ਭਗਤਾਂ ਨੇ ਝਟ ਜੇਬਾਂ 'ਚੋਂ ਪਸਤੌਲ ਕੱਢ ਲਏ....। ਭਾਈ ਕਰਤਾਰ ਸਿੰਘ ਨੂੰ ਮੈਂ ਅੱਖ ਦੀ ਸੈਨਤ ਨਾਲ ਨਾ ਰੋਕਦਾ, ਤਾਂ ਕਿਸੇ ਦਾ ਕੌਡਾ ਜ਼ਰੂਰ ਚਿੱਤ ਕਰ ਦੇਂਦਾ।....ਪੁਲਿਸ ਵਾਲੇ ਸਮਝ ਗਏ ਕਿ ਜੇ ਇਸ ਮੌਕੇ ਭਾਈ ਹਰਦਿਆਲ ਨੂੰ ਹੱਥ ਪਾਇਆ ਤਾਂ ਜ਼ਰੂਰ ਕਈ ਜਾਨਾਂ ਜਾਣਗੀਆਂ। ਇਹ ਸੋਚਕੇ ਪੁਲੀਸ ਨੇ ਭਾਈ ਹਰਦਿਆਲ ਨੂੰ ਕਿਹਾ ਕਿ "ਆਪ ਵਾਰੰਟ ਪੁਰ ਸਹੀ ਪਾ ਦਿਓ ਤੇ ਭਲਕੇ ਅਦਾਲਤ ਵਿਚ ਹਾਜ਼ਰ ਹੋ ਕੇ ਮੁਕੱਦਮੇ ਦੇ ਫੈਸਲੇ ਹਾਜ਼ਰ ਜ਼ਮਾਨਤ ਦਾਖਲ ਕਰ

ਦਿਓ।"....ਭਾ. ਹਰਦਿਆਲ ਦੇ ਚਲੇ ਜਾਣ ਮਗਰੋਂ ਸੁਸਾਇਟੀ ਨੂੰ ਐਡੀਟਰ ਦੀ ਲੋੜ ਸੀ। ਸੋ ਕਮੇਟੀ ਨੇ ਰਾਮਚੰਦਰ ਨੂੰ ਐਡੀਟਰੀ ਦਾ ਕੰਮ ਸੌਂਪ ਦਿੱਤਾ।...ਦੂਜੀ ਲੋੜ ਇਕ ਚੀਫ ਸੈਕਟਰੀ ਦੀ ਸੀ।...ਚੀਫ ਸੈਕਟਰੀ ਇਕ ਐਹੋ ਜਹੇ ਸਚੇ ਦੇਸ਼ ਭਗਤ ਤਿਆਗੀ ਚੁਣੇ ਗਏ, ਜਿਨ੍ਹਾਂ ਦੀ ਦ੍ਰਿੜਤਾ, ਸਚਾਈ, ਆਸ ਤੇ ਤਿਆਗ ਦਾ ਟਾਕਰਾ ਭਾਈ ਹਰਦਿਆਲ ਵੀ ਨਹੀਂ ਸੀ ਕਰ ਸਕਦਾ। ਉਸ ਸਚੇ ਦੇਸ਼ ਭਗਤ ਦਾ ਪਵਿਤ੍ਰ ਨਾਮ ਭਾਈ ਸੰਤੋਖ ਜੀ ਸੀ, ਜਿਹਨਾਂ ਨੇ ਅਮਰੀਕਾ ਤੋਂ ਮੁੜ ਕੇ ਅੰਮਰਤਸਰੋਂ ਗਰੀਬਾਂ ਦੇ ਸਚੇ ਹਮਦਰਦ ਮਾਸਕ ਪੱਤਰ 'ਕਿਰਤੀ' ਨੂੰ ਜਨਮ ਦਿੱਤਾ।"

ਗ਼ਦਰ ਬਾਰੇ ਬਿਹਤਰੀਨ ਤਾਰੀਫ਼ ਇੰਟੈਲੀਜੈਂਸ ਬਿਊਰੋ, ਗ੍ਰਹਿ ਵਿਭਾਗ ਨਵੀਂ ਦਿੱਲੀ ਦੀਆਂ ਮਿਸਲਾਂ ਵਿਚ ਦਿੱਤੀ ਗਈ ਹੈ। 1914 ਦੀ ਇਕ ਰਿਪੋਰਟ ਕਹਿੰਦੀ ਹੈ:

"ਗ਼ਦਰ ਲਫ਼ਜ਼ ਦਾ ਭਾਵ ਹੈ ਫ਼ੌਜੀ ਬਗ਼ਾਵਤ...ਇਸ ਦਾ ਨਿਸ਼ਾਨਾ ਬਰਤਾਨਵੀ ਕਬਜ਼ੇ ਤੋਂ ਮੁਕਤੀ ਹਾਸਲ ਕਰਨ ਲਈ ਹਿੰਦੁਸਤਾਨ ਵਿਚ ਇਨਕਲਾਬ ਲਿਆਉਣਾ ਹੈ। ਗ਼ਦਰ ਪਾਰਟੀ ਦਾ ਸਦਰ-ਮੁਕਾਮ ਸਾਨ ਫਰਾਂਸਿਸਕੋ ਵਿਚ ਬਣਾਇਆ ਗਿਆ ਸੀ ਅਤੇ ਪਾਰਟੀ ਨੇ ਆਪਣਾ ਅਖ਼ਬਾਰ ਕੱਢਿਆ ਜੋ ਗ਼ਦਰ ਵਜੋਂ ਮਸ਼ਹੂਰ ਹੋਇਆ, ਅਤੇ ਇਸਨੇ ਨੌਜਵਾਨ ਹਿੰਦੀਆਂ ਵਿਚ ਦੇਸ਼ਭਗਤੀ ਦਾ ਜਜ਼ਬਾ ਭਰਨ ਅਤੇ ਉਨ੍ਹਾਂ ਨੂੰ ਹਿੰਦੁਸਤਾਨ ਵਿਚ ਗ਼ਦਰ ਕਰਨ ਦੀ ਸਿਖਲਾਈ ਦੇਣ ਦੇ ਉਦੇਸ਼ ਨਾਲ ਯੁਗਾਂਤਰ ਆਸ਼ਰਮ ਨਾਂ ਦੀ ਇਕ ਸੰਸਥਾ ਬਣਾਈ।"

ਪੰਜਾਬ ਪੁਲਿਸ ਦੇ ਰਿਕਾਰਡ ਵਿਚ, ਜਿਥੇ ਸਾਜ਼ਿਸ਼ ਵਜੋਂ ਗ਼ਦਰ ਬਾਰੇ ਕਾਫ਼ੀ ਤਫ਼ਸੀਲ ਦਿੱਤੀ ਗਈ ਸੀ, ਕਿਹਾ ਗਿਆ ਕਿ ਇਹ ਅਖ਼ਬਾਰ ਮੁਲਕ ਲਈ ਇਕ ਹਊਆ ਸੀ। 1919 ਦੀ ਇਹ ਰਿਪੋਰਟ ਕਹਿੰਦੀ ਹੈ:

> *"ਗ਼ਦਰ, ਜਾਂ ਫ਼ੌਜੀ ਬਗ਼ਾਵਤ, ਸਾਜ਼ਿਸ਼ ਦਾ ਮੁੱਢ ਪੈਸੀਫਿਕ ਕੋਸਟ ਆਫ ਅਮੈਰਿਕਾ ਤੋਂ ਬੱਝਿਆ, ਇਸ ਦਾ ਕੇਂਦਰ ਸਾਨ ਫਰਾਂਸਿਸਕੋ ਵਿਖੇ ਸੀ... ਅਖ਼ਬਾਰ (ਗ਼ਦਰ) ਦਾ ਉਦੇਸ਼ ਕੁਝ ਸਾਲਾਂ ਦੇ ਅੰਦਰ ਹਿੰਦੁਸਤਾਨ ਵਿਚ ਬਗ਼ਾਵਤ ਕਰਨਾ ਸੀ ਕਿਉਂਕਿ ਲੋਕ ਹੁਣ ਅੰਗਰੇਜ਼ ਰਾਜ ਹੇਠ ਦਾਬਾ ਅਤੇ ਜ਼ੁਲਮ ਬਰਦਾਸ਼ਤ ਨਹੀਂ ਕਰ ਸਕਦੇ ਸਨ। ਇਹ ਦੱਸਿਆ ਗਿਆ ਕਿ ਸਾਨ ਫਰਾਂਸਿਸਕੋ ਵਿਚ ਯੁਗਾਂਤਰ ਆਸ਼ਰਮ ਦੀ ਸਥਾਪਨਾ ਕਰ ਲਈ ਗਈ ਹੈ ਅਤੇ ਇਸ ਸੰਸਥਾ ਵਿਚ ਕਿਤਾਬਾਂ ਤਿਆਰ ਕੀਤੀਆਂ ਜਾਣਗੀਆਂ, ਨੌਜਵਾਨ ਪ੍ਰਚਾਰਕਾਂ ਨੂੰ ਸਿਖਲਾਈ ਦਿੱਤੀ ਜਾਵੇਗੀ ਅਤੇ ਬਗ਼ਾਵਤ ਦੀਆਂ ਤਿਆਰੀਆਂ ਹੱਥ ਲਈਆਂ ਜਾਣਗੀਆਂ। ਅਖ਼ਬਾਰ ਉਨ੍ਹਾਂ ਸਭ ਤੋਂ ਭੈੜੀਆਂ ਉਮੀਦਾਂ 'ਤੇ ਖ਼ਰਾ ਉਤਰਿਆ ਜੋ ਐਸੀ ਭੂਮਿਕਾ ਤੋਂ ਕੀਤੀਆਂ ਜਾ ਸਕਦੀਆਂ ਸਨ। ਫ਼ਿਤਰਤ ਪੱਖੋਂ ਇਹ ਹਿੰਸਕ ਤੌਰ 'ਤੇ ਅੰਗਰੇਜ਼ ਵਿਰੋਧੀ ਸੀ, ਜਿਸ ਨੂੰ ਵੀ ਉਕਸਾਉਣਾ ਸੰਭਵ ਸੀ ਇਹ ਹਰ ਉਸ ਜਜ਼ਬਾਤ ਨਾਲ ਖੇਡਦਾ ਸੀ.... ਅਤੇ ਹਰ ਹਿੰਦੁਸਤਾਨੀ ਨੂੰ ਇਹ ਕਤਲ ਕਰਨ, ਹਰ ਸਾਧਨ ਇਸਤੇਮਾਲ ਕਰਕੇ ਇਨਕਲਾਬ ਲਿਆਉਣ ਅਤੇ ਅੰਗਰੇਜ਼ ਹਕੂਮਤ ਨੂੰ ਕੱਢਣ ਦੇ ਜ਼ਾਹਰਾ*

ਇਰਾਦੇ ਨਾਲ ਹਿੰਦੁਸਤਾਨ ਵਾਪਸ ਚਲੇ ਜਾਣ ਲਈ ਪ੍ਰੇਰ ਰਿਹਾ ਸੀ।"

ਉਸ ਜ਼ਮਾਨੇ ਵਿਚ ਅੰਗਰੇਜ਼ ਹਕੂਮਤ ਨੇ ਗ਼ਦਰੀਆਂ ਦੇ ਮੁਕੱਦਮੇ ਉਪਰ ਸਾਢੇ ਬਾਈ ਲੱਖ ਡਾਲਰ ਦੀ ਵੱਡੀ ਰਕਮ ਖ਼ਰਚ ਕੀਤੀ। ਖੁਫ਼ੀਆ ਤਾਣੇਬਾਣੇ ਦੀਆਂ ਜ਼ਿਆਦਾਤਰ ਖੁਫ਼ੀਆ ਰਿਪੋਰਟਾਂ ਦਰਸਾਉਂਦੀਆਂ ਸਨ ਕਿ ਗ਼ਦਰੀਆਂ ਨੂੰ ਜ਼ਬਰਦਸਤ ਹਮਾਇਤ ਮਿਲ ਰਹੀ ਸੀ ਅਤੇ ਇਸ ਨੇ ਅੰਗਰੇਜ਼ ਸਲਤਨਤ ਨੂੰ ਕੰਬਣੀ ਛੇੜ ਦਿੱਤੀ ਸੀ। ਇਸ ਦਾ ਪ੍ਰਤੀਕਰਮ ਬਹੁਤ ਹੀ ਬੇਰਹਿਮ ਸੀ ਕਿਉਂਕਿ ਹਿੰਦੁਸਤਾਨ ਇਸਦੇ ਹੱਥੋਂ ਨਿਕਲ ਜਾਣ ਦਾ ਮਤਲਬ ਸੀ ਅੰਗਰੇਜ਼ਾਂ ਦਾ ਆਰਥਕ ਤੇ ਸਿਆਸੀ ਵਿਨਾਸ਼। ਇਸ ਨੇ ਸੈਂਕੜੇ ਗ਼ਦਰੀਆਂ ਨੂੰ ਫਾਂਸੀ ਦੇ ਦਿੱਤੀ ਅਤੇ ਇਸ ਤੋਂ ਕਈ ਗੁਣਾ ਨੂੰ ਉਮਰ ਕੈਦ ਦੀ ਸਜ਼ਾ ਦੇ ਕੇ ਅੰਡੇਮਾਨ ਟਾਪੂ ਦੀ ਕਾਲੇ ਪਾਣੀ ਜੇਲ੍ਹ ਵਿਚ ਭੇਜ ਦਿੱਤਾ, ਜਿਥੇ ਤਸੀਹੇ ਆਮ ਗੱਲ ਸਨ।

ਹਰਦਿਆਲ ਦੇ ਪਲੇਠੇ ਸੰਪਾਦਕੀ ਨੇ ਸਿਆਸਤ ਅਤੇ ਸਿਆਸੀ ਅਰਥ-ਵਿਗਿਆਨ ਵੱਲ ਸੁਚੇਤ ਤੌਰ 'ਤੇ ਘੱਟ ਤਵੱਜੋਂ ਦੇਣ ਦੀ ਲੋੜ 'ਤੇ ਜ਼ੋਰ ਦਿੱਤਾ। ਉਸ ਨੇ ਜ਼ੋਰ ਦਿੱਤਾ ਕਿ ਹਿੰਦੁਸਤਾਨੀ ਨੌਜਵਾਨਾਂ ਨੂੰ ਫ਼ੌਜੀ ਸਕੂਲਾਂ ਜਾਂ "ਹੋਰ ਰਾਸ਼ਟਰਾਂ ਦੇ ਸਕੂਲਾਂ ਵਿਚ" ਭੇਜਿਆ ਜਾਣਾ ਚਾਹੀਦਾ ਹੈ ਤਾਂ ਜੋ ਉਹ ਸਿੱਖ ਸਕਣ ਕਿ ਪ੍ਰਸ਼ਾਸਨ ਨੂੰ ਕਿਵੇਂ ਚਲਾਉਣਾ ਹੈ ਅਤੇ "ਹੋਣ ਜਾ ਰਹੇ ਗ਼ਦਰ ਵਿਚ ਤੇਜ਼ੀ ਲਿਆਉਣ ਲਈ ਜਸੂਸਾਂ ਤੇ ਗ਼ਦਾਰਾਂ ਦਾ ਸਫ਼ਾਇਆ ਕਿਵੇਂ ਕਰਨਾ ਹੈ।" ਉਸਨੇ ਪਾਠਕਾਂ ਨੂੰ ਮੱਦੇਨਜ਼ਰ ਰੱਖਦਿਆਂ ਮੌਜੂਦਾ ਲਹਿਰ, ਦੋਸਤਾਂ ਤੇ ਦੁਸ਼ਮਣਾਂ, 1857 ਦੇ ਗ਼ਦਰ ਅਤੇ ਅੰਗਰੇਜ਼ਾਂ ਵਿਰੁੱਧ ਹੋਰ ਲੜਾਈਆਂ ਦੀ ਅਹਿਮੀਅਤ ਨੂੰ ਜੋੜਦਿਆਂ ਜੋਸ਼ੀਲੇ ਢੰਗ ਨਾਲ ਲੇਖ ਲਿਖੇ। ਉਸਨੇ ਬੰਗਾਲੀ ਜੁਝਾਰੂਆਂ ਦੇ ਕੰਮ ਦੀ ਤੁਲਨਾ ਰੂਸੀਆਂ ਨਾਲ ਕੀਤੀ ਜੋ 1881 ਤੋਂ ਲੈ ਕੇ "ਭੈੜੇ ਅਫ਼ਸਰਾਂ" ਵਿਰੁੱਧ ਇਨਸਾਫ਼ ਅਮਲ 'ਚ ਲਿਆ ਰਹੇ ਸਨ। ਉਸਨੇ ਅਜੀਤ ਸਿੰਘ, ਲਾਲਾ ਲਾਜਪਤ ਰਾਏ, ਤਿਲਕ, ਹੇਮਚੰਦਰ ਦਾਸ, ਕਾਨੂੰਨਗੋ, ਅਰਬਿੰਦੋ, ਸੂਫ਼ੀ ਅੰਬਾ ਪ੍ਰਸਾਦ, ਕ੍ਰਿਸ਼ਨ ਵਰਮਾ, ਅਤੇ ਕਾਮਾ ਵਰਗੀਆਂ ਪ੍ਰੇਰਣਾਦਾਇਕ ਸ਼ਖਸੀਅਤਾਂ ਬਾਰੇ ਚਰਚਾ ਕੀਤੀ ਅਤੇ ਕੈਲੀਫੋਰਨੀਆ ਤੇ ਹੋਰ ਥਾਈਂ ਵਸੇ ਕੁਲ ਹਿੰਦੁਸਤਾਨੀਆਂ ਨੂੰ ਇਸ ਨੂੰ "ਦੂਜੇ ਆਜ਼ਾਦ ਪੰਜਾਬ ਵਜੋਂ ਲੈਣ ਦਾ ਸੱਦਾ ਦਿੱਤਾ ਜਿਥੇ ਉਹ "ਆਪਣੇ ਭਰਾਵਾਂ ਨਾਲ ਖੁੱਲ੍ਹੀਆਂ ਬਾਤਾਂ ਕਰ ਸਕਦੇ ਹਨ।" ਹਰਦਿਆਲ ਨੇ ਆਪਣੀ ਜ਼ਬਰਦਸਤ ਅਤੇ ਅਚੁਕ ਵਾਰਤਕ ਨਾਲ ਨਾ ਸਿਰਫ਼ ਵੱਖੋ-ਵੱਖਰੀਆਂ ਇਨਕਲਾਬੀ ਲਹਿਰਾਂ ਨੂੰ ਜੋੜਿਆ ਸਗੋਂ ਮਹਾਨ ਗ਼ਦਰ ਦਾ ਹਿੱਸਾ ਬਣਨ ਲਈ ਲੋਕਾਂ ਨੂੰ ਪ੍ਰੇਰਿਆ ਵੀ।

ਪਰ, ਇਹ ਲਾਜ਼ਮੀ ਤੌਰ 'ਤੇ ਮਨੁੱਖਤਾਵਾਦ ਅਤੇ ਸਿੱਖ ਫ਼ਲਸਫ਼ੇ ਨਾਲ ਜੁੜੀ ਕੁਰਬਾਨੀਆਂ ਦੀ ਗਾਥਾ ਸੀ ਜਿਸ ਦੀ ਤਸਦੀਕ ਬਹਾਦਰੀ ਦੀਆਂ ਕਹਾਣੀਆਂ ਕਰਦੀਆਂ ਹਨ, ਜੋ ਹੁਣ ਗ਼ਦਰ ਧਾਰਾ ਦਾ ਹਿੱਸਾ ਸੀ। ਜਿਸਨੇ ਨਾ ਸਿਰਫ਼ ਸੁਰ ਤੈਅ ਕਰ ਦਿੱਤੀ ਸਗੋਂ ਆਜ਼ਾਦੀ ਲਈ ਅਨੰਤ ਲੜਾਈ ਲਈ ਇਕ ਮਜ਼ਬੂਤ ਨੀਂਹ ਵੀ ਰੱਖ ਦਿੱਤੀ। ਇਸ ਤੋਂ ਬਗ਼ੈਰ ਕੋਈ ਭਗਤ ਸਿੰਘ, ਰਾਜਗੁਰੂ ਜਾਂ ਸੁਖਦੇਵ ਸੰਭਵ ਨਾ ਹੁੰਦੇ। ਪੰਜਾਬ ਤੋਂ ਬਾਬਾ ਸੋਹਣ ਸਿੰਘ ਭਕਨਾ, ਅਜੀਤ ਸਿੰਘ, ਹਰਨਾਮ ਸਿੰਘ ਟੁੰਡੀਲਾਟ, ਬਾਬਾ ਵਸਾਖਾ ਸਿੰਘ, ਪੰਡਤ ਕਾਂਸ਼ੀ ਰਾਮ

ਅਤੇ ਬਰਕਤਉਲਾ ਵਰਗੇ ਆਗੂਆਂ, ਅਤੇ ਹੋਰ ਬਹੁਤ ਸਾਰਿਆਂ ਨੇ ਕਈ ਢੰਗਾਂ ਨਾਲ ਗ਼ਦਰ ਦੀ ਕਾਮਯਾਬੀ ਯਕੀਨੀਂ ਬਣਾਈ।

ਜਿਵੇਂ ਅੱਜ ਅਸੀਂ ਦੇਖਦੇ ਹਾਂ ਧਰਮ ਨੂੰ ਲੈ ਕੇ ਧਰਮਨਿਰਪੱਖ ਬਹਿਸ ਦੇ ਮੁੱਦੇ ਨੂੰ ਲੈਕੇ ਵੀ ਗ਼ਦਰ ਦੇ ਕਾਲਮਾਂ ਵਿਚ ਤੈਅ ਸੀ। ਜਦੋਂਕਿ ਇਹ ਸਾਫ਼ ਤੌਰ 'ਤੇ ਕਿਹਾ ਗਿਆ ਸੀ:

> *"ਪਾਰਟੀ ਵਿਚ ਮਜ਼ਬੀ ਬਹਿਸ-ਮੁਬਾਹਸੇ ਨੂੰ ਕੋਈ ਥਾਂ ਨਹੀਂ ਹੋਵੇਗੀ। ਮਜ਼ਬ ਹਰ ਕਿਸੇ ਦਾ ਆਪਣਾ ਨਿੱਜੀ ਨੇਮ ਹੋਵੇਗਾ।"*

ਇਸ ਦਾ ਇਹ ਭਾਵ ਨਹੀਂ ਕਿ ਸਿੱਖ ਫ਼ਲਸਫ਼ੇ ਨੂੰ, ਜੋ ਹਰ ਮੁਸ਼ਕਲ ਦੇ ਖ਼ਿਲਾਫ਼ ਪ੍ਰੇਰਣਾ ਅਤੇ ਨੈਤਿਕ ਹੌਸਲੇ ਦਾ ਸੋਮਾ ਹੈ, ਕਿਸੇ ਤਰ੍ਹਾਂ ਤਿਲਾਂਜਲੀ ਦੇ ਦਿੱਤੀ ਗਈ ਸੀ। ਜਿਵੇਂ ਬਾਬਾ ਸੋਹਣ ਸਿੰਘ ਨੇ ਬਾਅਦ ਵਿਚ ਬਿਆਨ ਕੀਤਾ, ਗ਼ਦਰ ਲਹਿਰ ਦੀ ਲੀਡਰਸ਼ਿਪ ਅੰਗਰੇਜ਼ ਵਲੋਂ ਹਿੰਦੁਸਤਾਨ ਵਿਚ ਪਾਏ ਫਿਰਕੂ ਪਾੜੇ ਅਤੇ ਆਜ਼ਾਦੀ ਦੀ ਲਹਿਰ ਨੂੰ ਇਸ ਤੋਂ ਖ਼ਤਰੇ ਬਾਰੇ ਚੌਕੰਨੀ ਸੀ। ਉਸਨੇ ਧੜੱਲੇ ਨਾਲ ਵਜਾਹਤ ਕੀਤੀ ਕਿ ਸਿੱਖੀ ਦਾ ਭਾਵ ਹੈ ਮਨੁੱਖਤਾਵਾਦ, ਹੌਸਲਾ ਅਤੇ ਕੁਰਬਾਨੀ।

ਅਸੀਂ ਦੇਖ ਚੁੱਕੇ ਹਾਂ ਕਿ ਗ਼ਦਰ, ਇਸ ਦੇ ਕਿਤਾਬਚਿਆਂ ਤੇ ਪੈਂਫਲੈੱਟਾਂ ਦੇ ਪ੍ਰਕਾਸ਼ਨ ਅਤੇ ਪ੍ਰੈੱਸ ਤੇ ਯੁਗਾਂਤਰ ਆਸ਼ਰਮ ਨੂੰ ਚਲਾਉਣ ਲਈ ਫੰਡ ਮੁੱਖ ਤੌਰ 'ਤੇ ਵਾਲੰਟੀਅਰਾਂ ਅਤੇ ਹਿਤੈਸ਼ੀਆਂ ਤੋਂ ਆਉਂਦੇ ਸਨ। ਆਗੂ ਫੰਡ ਉਗਰਾਹੁਣ ਲਈ ਥਾਂ-ਥਾਂ ਜਾਂਦੇ ਸਨ ਅਤੇ ਇਸ ਲਈ ਕੰਮ ਕਰਨ ਵਾਲਿਆਂ 'ਚੋਂ ਕੋਈ ਵੀ ਕੁਝ ਨਹੀਂ ਸੀ ਲੈਂਦਾ, ਇਸ ਕਰਕੇ ਖ਼ਰਚਾ ਬਹੁਤ ਘੱਟ ਸੀ। ਵਿਸ਼ਾ ਸਮੱਗਰੀ ਕਿਵੇਂ ਤੈਅ ਕੀਤੀ ਜਾਂਦੀ ਸੀ? ਹਾਸਲ ਰਿਕਾਰਡ, ਖ਼ਾਸ ਕਰਕੇ ਸਵੈਜੀਵਨੀਆਂ, ਤੋਂ ਇਹ ਸਪਸ਼ਟ ਹੈ ਕਿ ਜਿੱਥੋਂ ਤਕ ਵਿਸ਼ਾ ਸਮੱਗਰੀ ਦਾ ਸਵਾਲ ਹੈ ਸ਼ੁਰੂ ਵਿਚ ਪਹਿਲਕਦਮੀਂ ਹਰਦਿਆਲ ਨੇ ਲਈ, ਅਤੇ ਬਾਅਦ ਵਿਚ ਹੋਰ ਵੀ ਨਾਲ ਆ ਰਲੇ ਪਰ ਯਤਨ ਤੇ ਫ਼ੈਸਲੇ ਮੁੱਖ ਤੌਰ 'ਤੇ ਸਮੂਹਿਕ ਹੁੰਦੇ ਸਨ।

ਇਕ ਨਮੂਨੇ ਦੇ ਹਫ਼ਤਾਵਾਰ ਅੰਕ ਵਿਚ ਬੀਤੇ ਅਤੇ ਵਰਤਮਾਨ ਦੀਆਂ ਇਨਕਲਾਬੀਆਂ ਕਾਰਵਾਈਆਂ ਦੇ ਵੇਰਵੇ ਹੁੰਦੇ ਸਨ। ਅੰਗਰੇਜ਼ ਸਲਤਨਤ ਅੰਦਰਲੇ ਹੋਰ ਰਾਸ਼ਟਰਵਾਦੀ ਧੜਿਆਂ, ਜਿਵੇਂ ਆਇਰਲੈਂਡ ਤੇ ਮਿਸਰ ਦੇ ਅਤੇ ਰੂਸ, ਚੀਨ ਤੇ ਮੈਕਸੀਕੋ ਵਿਚ ਨਿਰੰਕੁਸ਼ ਸਾਮਰਾਜਵਾਦੀਆਂ ਨਾਲ ਲੜ ਰਹੇ ਗਰੁੱਪਾਂ ਦੀਆਂ ਕੁਰਬਾਨੀਆਂ ਅਤੇ ਕਾਮਯਾਬੀਆਂ ਦੀ ਬੀਰਗਾਥਾ ਦਾ ਉਚੇਚਾ ਜ਼ਿਕਰ ਕੀਤਾ ਜਾਂਦਾ ਸੀ। ਹਿੰਦੁਸਤਾਨ, ਇਟਲੀ, ਆਇਰਲੈਂਡ, ਪੋਲੈਂਡ ਦੇ ਇਨਕਲਾਬੀਆਂ ਅਤੇ ਅੰਗਰੇਜ਼ਾਂ ਵਿਰੁੱਧ ਲੜਨ ਵਾਲੇ ਜਾਰਜ ਵਾਸ਼ਿੰਗਟਨ ਵਰਗੇ ਮਸ਼ਹੂਰ ਯੋਧਿਆਂ ਦੀ ਜ਼ਿੰਦਗੀ ਦੇ ਵੇਰਵਿਆਂ ਨੂੰ ਇਸ ਵਿਚ ਵਿਸ਼ੇਸ਼ ਥਾਂ ਦਿੱਤੀ ਜਾਂਦੀ ਸੀ। ਅਸਲੀਅਤ ਇਹ ਸੀ ਕਿ ਹਰਦਿਆਲ ਵਸੀਹ ਗਿਆਨ ਦਾ ਭੰਡਾਰ ਸੀ ਅਤੇ ਹੁਣ ਗ਼ਦਰੀਆਂ ਨੇ ਉਸਨੂੰ ਲੋਕਾਂ ਨੂੰ ਪ੍ਰੇਰਤ ਕਰਨ ਦਾ ਮੌਕਾ ਬਖ਼ਸ਼ਿਆ ਸੀ। ਇਕ ਵਿਸ਼ੇਸ਼ ਐਡੀਸ਼ਨ *ਰੂਸੀ ਬਾਗ਼ੀਓਂ ਕੀ ਦਾਸਤਾਨੇਂ* ਛਾਪਿਆ ਗਿਆ ਸੀ ਜਿਸ ਵਿਚ ਉਨ੍ਹਾਂ ਦੇ ਦਲੇਰ ਕਾਰਨਾਮਿਆਂ, ਪ੍ਰੇਰਣਾਦਾਇਕ ਕਹਾਣੀਆਂ ਅਤੇ ਜੇਲ੍ਹਾਂ 'ਚੋਂ ਭੱਜ ਜਾਣ ਦੀ ਬਹਾਦਰੀ ਅਤੇ ਉਨ੍ਹਾਂ ਦੇ ਲਿਓ ਡੂੱਚ ਅਤੇ ਵੇਰਾ ਫਿਨਰ ਵਰਗੇ ਆਗੂਆਂ ਦੇ

ਕਾਰਨਾਮਿਆਂ ਤੇ ਸ਼ਹਾਦਤਾਂ ਦੀ ਤਾਰੀਫ਼ ਕੀਤੀ ਗਈ ਸੀ।

ਲੰਦਨ ਵਾਲੇ ਇੰਡੀਆ ਹਾਊਸ ਧੜੇ ਦੀ ਤਰ੍ਹਾਂ, ਇਨ੍ਹਾਂ ਲਿਖਤਾਂ ਨੂੰ ਇਥੇ ਜਨਤਕ ਇਕੱਠਾਂ ਵਿਚ ਪੜ੍ਹਕੇ ਸੁਣਾਇਆ ਜਾਂਦਾ ਸੀ ਅਤੇ 10 ਮਈ ਨੂੰ ਇਕ ਵਿਸ਼ੇਸ਼ ਅੰਕ ਕੱਢਿਆ ਗਿਆ ਸੀ ਜਿਸ ਦੇ ਮੁੱਖ ਸਫ਼ੇ ਉਪਰ ਬਹਾਦਰ ਰਾਣੀ ਝਾਂਸੀ ਦੀ ਤਸਵੀਰ ਦਿੱਤੀ ਗਈ ਸੀ। 1857 ਜਾਂ 1912 ਦੇ ਹਾਰਡਿੰਗ ਬੰਬ ਕਾਂਡ ਵਰਗੀਆਂ ਘਟਨਾਵਾਂ ਦੇ ਦਿਨਾਂ ਉਪਰ ਵਿਸ਼ੇਸ਼ ਅੰਕ ਪੀਲੇ ਰੰਗ ਦੇ ਕਾਗਜ਼ ਉਪਰ ਛਾਪੇ ਜਾਂਦੇ ਸਨ, ਜਿਨ੍ਹਾਂ ਉਪਰ ਯੋਧਿਆਂ ਅਤੇ ਸ਼ਹੀਦਾਂ ਦੀਆਂ ਤਸਵੀਰਾਂ ਨੂੰ ਕੇਸਰੀ ਰੰਗ 'ਚ ਉਘਾੜਕੇ ਛਾਪਿਆ ਗਿਆ ਸੀ।

ਗ਼ਦਰ ਅਹਿਮ ਜਨਤਕ ਇਕੱਠਾਂ ਦੀਆਂ ਸੂਚਨਾਵਾਂ ਅਤੇ ਵਿਸਤਾਰਤ ਰਿਪੋਰਟਾਂ ਬਾਕਾਇਦਗੀ ਨਾਲ ਛਾਪਦਾ ਸੀ, ਜਿਵੇਂ 31 ਦਸੰਬਰ 1913 ਨੂੰ ਸੈਕਰਾਮੈਂਟੋ ਵਿਚ ਹੋਏ ਇਕੱਠ ਦੀ ਰਿਪੋਰਟ ਛਾਪੀ ਗਈ। ਸਰੋਤਿਆਂ ਨੂੰ ਕੀਲਣ ਵਾਲੀਆਂ ਜੋਸ਼ੀਲੀਆਂ ਕਵਿਤਾਵਾਂ ਪੜ੍ਹੀਆਂ ਜਾਂਦੀਆਂ ਸਨ। ਤਕਰੀਰਾਂ ਦੇ ਨਾਲ-ਨਾਲ ਲਾਲਟੈਣ ਸਲਾਈਡ ਸ਼ੋਅ ਰਾਹੀਂ ਪਰਦੇ ਉਪਰ ਉੱਘੇ ਇਨਕਲਾਬੀਆਂ ਦੀਆਂ ਤਸਵੀਰਾਂ ਦਿਖਾਈਆਂ ਜਾਂਦੀਆਂ ਸਨ। ਇਨ੍ਹਾਂ ਵਿਚ ਮੈਜ਼ਿਨੀ, ਵੀ.ਆਈ.ਲੈਨਿਨ ਅਤੇ ਸੁਨ ਯਤ-ਸੇਨ ਸ਼ਾਮਲ ਸਨ। ਸਵਦੇਸ਼ੀ ਦੌਰ ਦੇ ਇਨਕਲਾਬੀਆਂ ਖੁਦੀਰਾਮ ਬੋਸ, ਕਨਾਈਲਾਲ ਦੱਤ ਅਤੇ ਮਰਾਠਾ ਚਾਪੇਕਾਰ ਤੋਂ ਇਲਾਵਾ 1857 ਦੇ ਨਾਇਕਾਂ ਨਾਨਾ ਸਾਹਿਬ, ਪੇਸ਼ਵਾ, ਤਾਤਿਆ ਟੋਪੇ ਅਤੇ ਰਾਣੀ ਲਕਸ਼ਮੀਬਾਈ ਬਾਰੇ ਵਿਸ਼ੇਸ਼ ਰਿਪੋਰਟਾਂ ਦਿੱਤੀਆਂ ਗਈਆਂ। ਕਰਤਾਰ ਸਿੰਘ ਸਰਾਭਾ ਦੀ ਅਗਵਾਈ 'ਚ ਸਰੋਤੇ ਮਿਲਕੇ ਗਾਉਂਦੇ ਸਨ, 'ਆਓ, ਜਾਕੇ ਜੰਗੇ-ਆਜ਼ਾਦੀ ਵਿਚ ਸ਼ਾਮਲ ਹੋਈਏ।''

ਭਖਦੇ ਅਤੇ ਪ੍ਰਸੰਗਕ ਕਾਨੂੰਨੀ, ਸਿਆਸੀ ਜਾਂ ਆਰਥਕ ਮਸਲਿਆਂ ਬਾਰੇ ਨਵੇਂ-ਨਵੇਂ ਲੇਖ ਦਿੱਤੇ ਜਾਂਦੇ; ਖ਼ਾਸ ਕਰਕੇ ਇਮੀਗਰੇਸ਼ਨ ਜਾਂ ਰਾਸ਼ਟਰਵਾਦ ਬਾਰੇ। ਸਾਰਿਆਂ ਬਾਰੇ ਵਿਸਤਾਰ 'ਚ ਲਿਖਿਆ ਜਾਂਦਾ। ਤਾਜ਼ਾ ਘਟਨਾਵਾਂ ਬਾਰੇ ਪੂਰੇ ਹਿੰਦੁਸਤਾਨ ਵਿੱਚੋਂ ਰਿਪੋਰਟਾਂ ਮੰਗਵਾਈਆਂ ਜਾਂਦੀਆਂ ਸਨ। ਜ਼ੁਲਮਾਂ ਅਤੇ ਪੁਲਿਸ ਦੀਆਂ ਧੱਕੇਸ਼ਾਹੀਆਂ ਦੇ ਵੇਰਵਿਆਂ ਦੀ ਤਰ੍ਹਾਂ ਹੀ ਹੱਤਿਆਵਾਂ ਅਤੇ ਅੰਗਰੇਜ਼ ਹਕੂਮਤ ਵਿਰੁੱਧ ਟਾਕਰੇ ਦੀਆਂ ਦਲੇਰੀ ਭਰੀਆਂ ਕਾਰਵਾਈਆਂ ਸਮੇਤ ਸਿਆਸੀ ਘਟਨਾਵਾਂ ਨੂੰ ਵੀ ਉਭਾਰਕੇ ਪੇਸ਼ ਕੀਤਾ ਜਾਂਦਾ ਸੀ। ਇਕ ਬਹੁਤ ਜ਼ਿਆਦਾ ਵੰਡੀ ਗਈ ਲਿਖਤ ਦਾ ਸਿਰਲੇਖ ਸੀ "ਅੰਗਰੇਜ਼ੀ ਰਾਜ ਕਾ ਕੱਚਾ ਚਿੱਠਾ।" ਆਰਥਕ ਲੁੱਟਖਸੁੱਟ ਬਾਰੇ ਰਿਪੋਰਟਾਂ ਦੀ ਸੁਰ ਦਾਦਾ ਭਾਈ ਨਾਰੋਜੀ ਦੀ ਆਰਥਕ ਵਸੀਲਿਆਂ ਨੂੰ ਲੁੱਟ ਲਿਜਾਣ ਦੇ ਸਿਧਾਂਤ ਵਾਲੀ ਸੀ। ਗ਼ਦਰ ਵਿਚ ਲਿਖਣ ਵਾਲੇ ਇਕ ਮੋਹਰੀ ਲੇਖਕ ਬਿਹਾਰੀ ਲਾਲ ਨੇ ਲਿਖਿਆ:

> *"ਪਹਿਲੀ ਵਾਰ ਪਾਠਕਾਂ ਨੂੰ ਉਹ ਜਾਣਕਾਰੀ ਮਿਲਦੀ ਜੋ ਉਨ੍ਹਾਂ ਨੂੰ ਕਦੇ ਨਹੀਂ ਸੀ ਮਿਲੀ ਹੁੰਦੀ – ਪਾਜ-ਉਘੜਾਈ ਜੋ ਉਨ੍ਹਾਂ ਨੂੰ ਧੁਰ ਅੰਦਰ ਤਕ ਝੰਜੋੜ ਦਿੰਦੀ।"*

ਉਨ੍ਹਾਂ ਕੋਲ ਹੁਣ ਤੱਥ ਅਤੇ ਅੰਕੜੇ ਸਨ ਜਿਨ੍ਹਾਂ ਤੋਂ ਉਹ ਹਿੰਦੁਸਤਾਨ ਵਿਚ ਬਦੇਸ਼ੀ

ਰਾਜ ਅਤੇ ਇਸ ਦੇ ਨਾਗਰਿਕਾਂ ਦੀ ਦਸ਼ਾ ਦਾ ਖ਼ੁਦ ਅੰਦਾਜ਼ਾ ਲਗਾ ਸਕਦੇ ਸਨ। ਉਹ ਹੁਣ ਜਾਣਦੇ ਸਨ ਕਿ ਲਗਾਨ ਸ਼ੁੱਧ ਪੈਦਾਵਾਰ ਦਾ 65% ਸੀ; ਫ਼ੌਜੀ ਖ਼ਰਚ (29.5 ਕਰੋੜ) 24 ਕਰੋੜ ਲੋਕਾਂ ਨੂੰ ਵਿਦਿਆ ਦੇਣ ਲਈ ਜਾਰੀ ਕੀਤੀ ਜਾਂਦੀ ਰਕਮ ਤੋਂ ਚਾਰ ਗੁਣਾ ਸੀ; ਪਿਛਲੇ ਦਸ ਸਾਲਾਂ ਵਿਚ ਕਾਲ ਪੈਣ ਨਾਲ 2 ਕਰੋੜ ਲੋਕ ਮਾਰੇ ਗਏ। ਪਿਛਲੇ ਤੀਹ ਸਾਲਾਂ ਵਿਚ ਪਲੇਗ ਵਰਗੀਆਂ ਵਿਆਪਕ ਮਹਾਂਮਾਰੀਆਂ ਕਾਰਨ 80 ਲੱਖ ਆਪਣੀਆਂ ਜਾਨਾਂ ਗੁਆ ਚੁੱਕੇ ਸਨ।

ਗ਼ਦਰ ਪ੍ਰੈੱਸ ਅੰਗਰੇਜ਼ੀ ਅਤੇ ਹਿੰਦੁਸਤਾਨੀ ਜ਼ਬਾਨਾਂ ਵਿਚ ਪੈਂਫਲੈੱਟ ਅਤੇ ਲੀਫਲੈੱਟ ਵੀ ਛਾਪਦੀ ਸੀ। ਇਨ੍ਹਾਂ ਵਿੱਚੋਂ ਕੁਝ ਨੂੰ ਦੁਬਾਰਾ ਛਾਪਿਆ ਗਿਆ। ਪਹਿਲਾਂ ਛਾਪੇ ਗਏ ਲੇਖ, ਜਿਵੇਂ *"ਜ਼ੁਲਮ-ਜ਼ੁਲਮ, ਗੋਰੇ ਸ਼ਾਹੀ ਜ਼ੁਲਮ"*, ਜੋ ਪਹਿਲਾਂ 1913 'ਚ ਭਗਵਾਨ ਸਿੰਘ ਨੂੰ ਉੱਥੋਂ ਕੱਢ ਦੇਣ ਦੇ ਮੌਕੇ ਛਾਪਿਆ ਗਿਆ ਸੀ, ਨੂੰ ਉਤਸ਼ਾਹਜਨਕ ਹੁੰਗਾਰਾ ਮਿਲਿਆ। ਇਸੇ ਤਰ੍ਹਾਂ ਵਿਲੀਅਮ ਜੇਨਿੰਗ ਬਰਾਇਨ ਦਾ ਜ਼ਬਰਦਸਤ ਪਾਜ-ਉਘੇੜੂ ਲੇਖ ਜਿਸ ਦਾ ਸਿਰਲੇਖ ਸੀ "ਹਿੰਦੁਸਤਾਨ ਵਿਚ ਅੰਗਰੇਜ਼ ਰਾਜ" ਅਤੇ ਹਰਦਿਆਲ ਦਾ *"ਨਏ ਜ਼ਮਾਨੇ ਕੇ ਨਏ ਆਦਰਸ਼"*, ਜੋ ਉਨ੍ਹਾਂ ਅੰਧਕਾਰਮਈ ਸਮਾਜੀ ਅਤੇ ਮਜ਼੍ਹਬੀ ਕਾਰਨਾਂ ਨੂੰ ਨਿੰਦਦੇ ਸਨ ਜੋ ਆਜ਼ਾਦੀ ਤੇ ਬਰਾਬਰੀ ਦੇ ਸੰਘਰਸ਼ ਤੋਂ ਧਿਆਨ ਭਟਕਾਉਣ ਦੀ ਭੂਮਿਕਾ ਨਿਭਾਉਂਦੇ ਸਨ।" "ਹਿੰਦੂ ਜਾਤੀ ਦੀ ਸਮਾਜੀ ਜਿੱਤ" ਜੋ ਉਸ ਨੂੰ ਦਰਸਾਉਂਦੀ ਸੀ ਜਿਸ ਨੂੰ ਅਸੀਂ ਹੁਣ ਧੌਂਸ ਜਾਂ ਦਾਬਾ ਕਹਿ ਸਕਦੇ ਹਾਂ, ਅਤੇ "ਬਰਾਬਰੀ ਦਾ ਅਰਥ" ਲੋਕਾਂ ਦੇ ਮਨਾਂ ਉਪਰ ਉਕਰੇ ਗਏ। ਵਿਦਵਾਨਾਂ ਨੇ ਵਿਸਤਾਰ 'ਚ ਬਿਆਨ ਕੀਤਾ ਹੈ ਕਿ ਯੁਗਾਂਤਰ ਆਸ਼ਰਮ ਦੀਆਂ ਪ੍ਰਕਾਸ਼ਨਾਵਾਂ ਆਮ ਤੌਰ 'ਤੇ ਵਿਦਰੋਹਵਾਦੀ, ਦੇਸ਼ਭਗਤ, ਕੌਮਾਂਤਰੀਵਾਦੀ, ਧਰਮਨਿਰਪੱਖ ਅਤੇ ਸਮਾਨਤਾਵਾਦੀ ਸਨ। ਉਹ ਸਿੱਖੀ ਦੇ ਬੁਨਿਆਦੀ ਸਿਧਾਂਤਾਂ, ਸਾਂਝੀਵਾਲਤਾ, ਅਤੇ ਕਈ ਵਾਰ ਮਾਰਕਸਵਾਦੀ ਆਦਰਸ਼ਾਂ ਦੇ ਕਰੀਬ ਸਨ ਕਿਉਂਕਿ ਉਸ ਵਕਤ ਕਈ ਗ਼ਦਰੀਆਂ ਨੂੰ ਮਾਰਕਸ ਦੀ ਥੋੜ੍ਹੀ ਜਾਣਕਾਰੀ ਹੋ ਚੁੱਕੀ ਸੀ। ਦੋ ਬਹੁਤ ਹੀ ਜ਼ਬਰਦਸਤ ਰਾਹ-ਦਰਸਾਵਾ ਸਿਧਾਂਤ, ਮੁਕਤੀ ਅਤੇ ਬਰਾਬਰੀ, ਉਨ੍ਹਾਂ ਦੀ ਸੋਚ ਦਾ ਅਧਾਰ ਸਨ। ਗ਼ਦਰ ਪ੍ਰੈੱਸ ਨੇ ਇਕ ਨਿਆਰਾ ਅਤੇ ਬਹੁਤ ਹੀ ਹਰਮਨਪਿਆਰਾ (ਅਤੇ ਧੂਹ ਪਾਊ) ਮੁਕਤੀ ਸੰਗ੍ਰਹਿ ਵੀ ਛਾਪਿਆ : *ਗ਼ਦਰ-ਦੀ-ਗੂੰਜ* ਨਾਂ ਦੀ ਲੜੀ ਜੋ ਕਵਿਤਾਵਾਂ ਦਾ ਸੰਗ੍ਰਹਿ ਸੀ। ਇਸ ਦੀ ਪਹਿਲੀ ਛਾਪ ਅਪ੍ਰੈਲ 1914 'ਚ ਛਾਪੀ ਗਈ।

ਹਫ਼ਤਾਵਾਰ ਅਖ਼ਬਾਰ ਵਿਚ ਛਪਦੇ ਸੰਪਾਦਕੀ ਲੇਖਾਂ, ਲੇਖਾਂ ਅਤੇ ਰਿਪੋਰਟਾਂ ਦੇ ਉਲਟ ਕਵਿਤਾ ਪ੍ਰਮੁੱਖ ਤੌਰ 'ਤੇ ਖੇਤਾਂ ਵਿਚ ਕੰਮ ਕਰਨ ਵਾਲੇ ਕਾਮਿਆਂ ਦੀ ਲਿਖੀ ਹੋਈ ਸੀ ਜੋ ਪੀੜਾਂ ਅਤੇ ਮੁਸੀਬਤਾਂ ਨੂੰ ਹੱਡੀਂ ਹੰਡਾਉਂਦੇ ਸਨ। ਇਹ ਪੰਜਾਬੀ ਬੰਦ ਅੰਗਰੇਜ਼ ਰਾਜ ਦੀ ਭੰਡੀ ਕਰਦੇ ਸਨ ਅਤੇ ਗ਼ਦਰ ਲਈ ਕਮਰ ਕੱਸ ਲੈਣ ਦਾ ਹੋਕਾ ਸਨ।

ਕਈ ਪੱਧਰ 'ਤੇ ਪੰਜਾਬੀ ਕਾਮਿਆਂ ਵਿੱਚੋਂ ਕੁਝ ਦਿਮਾਗੀ ਬੁੱਧੀਮਾਨ ਅਖ਼ਬਾਰ ਲਈ ਲੇਖ ਅਤੇ ਕਵਿਤਾਵਾਂ ਦਾ ਯੋਗਦਾਨ ਪਾਉਣ ਲੱਗ ਪਏ। ਉਹ ਅਕਸਰ ਅਵਾਮੀ ਇਕੱਠਾਂ ਨੂੰ ਸੰਬੋਧਨ ਕਰਦੇ। ਜਿਵੇਂ ਬਾਬਾ ਭਕਨਾ ਉਨ੍ਹਾਂ ਬਾਰੇ ਦੱਸਦੇ ਹਨ ਉਹ ਨਿਰੇ ਤਕੜੇ ਅਤੇ ਬਹਾਦਰ ਹੀ ਨਹੀਂ ਸਨ ਸਗੋਂ ਉਹ ਤਰ੍ਹਾਂ-ਤਰ੍ਹਾਂ ਦੀ ਮੁਹਾਰਤ ਹਾਸਲ ਕਰਨ, ਜ਼ਬਾਨਾਂ ਸਿੱਖਣ ਅਤੇ ਲੋਕ

ਸਰੋਕਾਰ ਵਾਲੇ ਮੁੱਦਿਆਂ ਉਪਰ ਪੜ੍ਹਨ ਅਤੇ ਬਹਿਸ ਕਰਨ ਵਿਚ ਵੀ ਬਹੁਤ ਫੁਰਤੀਲੇ ਸਨ। ਉਨ੍ਹਾਂ ਦੀ ਸਿਆਸੀ ਸੂਝ ਬਹੁਤਿਆਂ ਨੂੰ ਹੈਰਾਨ ਕਰਦੀ ਸੀ। ਆਪਣੇ ਨਿਸ਼ਾਨੇ ਹਾਸਲ ਕਰਨ ਲਈ ਉਨ੍ਹਾਂ ਦੇ ਜ਼ਬਰਦਸਤ ਦੇਸ਼ਭਗਤ ਜੋਸ਼ ਅਤੇ ਖ਼ਾਹਸ਼ ਨੇ ਉਨ੍ਹਾਂ ਨੂੰ ਆਜ਼ਾਦੀ ਦੀ ਤਲਾਸ਼ ਦੇ ਮੋਹਰੀ ਬਣਾ ਦਿੱਤਾ। ਇੱਥੋਂ ਤਕ ਕਿ ਹਰਦਿਆਲ ਨੂੰ ਵੀ ਇਨਕਲਾਬੀ ਯੋਧਿਆਂ ਵਜੋਂ ਉਨ੍ਹਾਂ ਦੀ ਹੋਣਹਾਰਤਾ ਵਿਚ ਬਹੁਤ ਭਰੋਸਾ ਸੀ। ਉਹ ਉਨ੍ਹਾਂ ਦੇ ਯੋਗਦਾਨ ਨੂੰ ਉਤਸ਼ਾਹਤ ਕਰਦਾ। ਉਹ ਖ਼ਰੇ ਇਨਸਾਨ ਸਨ ਤੇ ਉਨ੍ਹਾਂ ਵਿਚ ਕੋਈ ਖੋਟ ਨਹੀਂ ਸੀ ਅਤੇ ਉਨ੍ਹਾਂ ਦੀਆਂ ਲਿਖਤਾਂ, ਲੇਖ ਤੇ ਕਵਿਤਾਵਾਂ ਸਿੱਧੇ-ਸਾਦੇ ਤੇ ਖ਼ਰੇ ਜਜ਼ਬਿਆਂ ਅਤੇ ਸੂਝ ਦੀ ਨੁਮਾਇੰਦਗੀ ਕਰਦੀਆਂ ਸਨ।

ਇਨ੍ਹਾਂ ਆਵਾਸੀਆਂ ਦਰਮਿਆਨ ਸਪਸ਼ਟ ਤੌਰ 'ਤੇ ਨਸਲੀ-ਸਭਿਆਚਾਰਕ ਏਕਤਾ ਸੀ। ਉਨ੍ਹਾਂ ਅੰਦਰਲਾ ਬਚਪਨਾ ਸਾਂਝੀ ਕਾਇਆਕਲਪ ਦੀ ਤਲਾਸ਼ ਵਿਚ ਸੀ ਅਤੇ ਉਹ ਹਿੰਦੁਸਤਾਨ ਦੀ ਦੁਰਦਸ਼ਾ ਤੋਂ ਭਰਵੇਂ ਰੂਪ 'ਚ ਵਾਕਫ਼ ਸਨ। ਉਹ ਆਪਣੀ ਮਾਂ-ਧਰਤੀ ਨੂੰ ਮੁਕਤ ਕਰਾਉਣਾ ਲੋਚਦੇ ਸਨ ਅਤੇ ਉਨ੍ਹਾਂ ਕੋਲ ਇਸ ਦਾ ਵੀ ਇਕ ਨਮੂਨਾ ਸੀ ਕਿ ਬਣਨ ਵਾਲੀ ਹਕੂਮਤ ਇਕ ਜਮਹੂਰੀ, ਉਦਾਰਵਾਦੀ ਅਤੇ ਧਰਮਨਿਰਪੱਖ ਤੌਰ 'ਤੇ ਕਿਵੇਂ ਕੰਮ ਕਰੇਗੀ। ਜੇ ਇਨ੍ਹਾਂ ਰਸਾਲਿਆਂ ਦੇ ਪੰਨਿਆਂ ਨੂੰ ਫਰੋਲਿਆ ਜਾਵੇ, ਉਨ੍ਹਾਂ ਦਾ ਚਿਤਵਿਆ ਆਲਮੀ ਭਵਿੱਖਨਕਸ਼ਾ ਅੱਜ ਵੀ ਓਨਾ ਹੀ ਪ੍ਰਸੰਗਕ ਹੈ ਜਿੰਨਾ ਇਹ 20ਵੀਂ ਸਦੀ ਦੇ ਪਹਿਲੇ ਹਿੱਸੇ ਵਿਚ ਸੀ।

ਜੂਨ 1914 'ਚ, ਯੁਗਾਂਤਰ ਆਸ਼ਰਮ ਦੀਆਂ ਪ੍ਰਕਾਸ਼ਨਾਵਾਂ ਮਿਸਰ, ਦੱਖਣੀ ਅਫ਼ਰੀਕਾ, ਫਿਜੀ, ਕੈਨੇਡਾ, ਬਰਤਾਨਵੀ ਪੂਰਬੀ ਅਫ਼ਰੀਕਾ ਅਤੇ ਬ੍ਰਿਟਿਸ਼ ਗਿਨੀ ਵਰਗੇ ਦੂਰ-ਦਰਾਜ ਥਾਵਾਂ ਉਪਰ ਪਹੁੰਚਣੀਆਂ ਸ਼ੁਰੂ ਹੋ ਗਈਆਂ ਸਨ। ਗ਼ਦਰੀ ਫਿਲਪਾਈਨਜ਼, ਹਾਂਗਕਾਂਗ, ਥਾਈਲੈਂਡ, ਬਰਮਾ, ਡੱਚ ਈਸਟ ਇੰਡੀਜ਼, ਮੈਕਸੀਕੋ, ਪਨਾਮਾ ਅਤੇ ਬਰਾਜ਼ੀਲ ਵਰਗੇ ਮੁਲਕਾਂ ਵਿਚ ਸਰਗਰਮ ਸਨ। ਇਸ ਲਹਿਰ ਦਾ ਵਿਸਤਾਰ 'ਚ ਅਧਿਐਨ ਕਰਨ ਵਾਲੇ ਵਿਦਵਾਨ ਦੱਸਦੇ ਹਨ ਕਿ "ਜਨਵਰੀ 1915 'ਚ ਅਖ਼ਬਾਰ ਸੂਡਾਨ ਅਤੇ ਅਦਨ ਵਿਚ; ਮਾਰਚ ਵਿਚ ਮੱਰਕੋ, ਮਨੀਲਾ, ਸਲਾਮ ਅਤੇ ਜਾਵਾ ਵਿਚ; ਅਪ੍ਰੈਲ ਵਿਚ ਮੈਡਾਗਾਸਕਰ ਅਤੇ ਰੀਯੂਨੀਅਨ ਵਿਚ; ਜੂਨ ਵਿਚ ਕੈਨਟੋਨ ਅਤੇ ਜੁਲਾਈ ਵਿਚ ਜੋਹਨਸਬਰਗ ਅਤੇ ਨੈਰੋਬੀ, ਫਿਜੀ ਅਤੇ ਆਸਟ੍ਰੇਲੀਆ ਵਿਚ ਭੇਜਿਆ ਜਾਂਦਾ ਫੜ੍ਹਿਆ ਗਿਆ। ਇਸ ਸੂਚੀ ਵਿਚ ਅਸੀਂ ਬੇਝਿਜਕ ਹੋ ਕੇ ਜਪਾਨ, ਸ਼ੰਘਾਈ, ਮਲਾਇਆ ਰਿਆਸਤਾਂ, ਟਰਿਨੀਡਾਡ ਅਤੇ ਹਾਂਡੂਰਸ ਜੋੜ ਸਕਦੇ ਹਾਂ। ਜਿਥੇ ਵੀ ਕਿਤੇ ਹਿੰਦੁਸਤਾਨੀ ਰਹਿ ਰਹੇ ਸਨ, *ਗ਼ਦਰ* ਦੁਨੀਆ ਦੇ ਹਰ ਕੋਨੇ ਵਿਚ ਪਹੁੰਚਦਾ ਸੀ। ਉਨ੍ਹਾਂ ਦਾ ਵੰਡ-ਵੰਡਾਈ ਦਾ ਢੰਗ ਕੁਲ ਰੋਕਾਂ ਪਾਰ ਕਰ ਜਾਂਦਾ ਸੀ।"

ਹਿੰਦੁਸਤਾਨ ਵਿਚ *ਗ਼ਦਰ* ਦੀਆਂ ਪਹਿਲੀਆਂ ਕੁਝ ਕਾਪੀਆਂ 7 ਦਸੰਬਰ 1913 ਨੂੰ ਪਹੁੰਚੀਆਂ। ਲਹਿਰ ਨੂੰ ਜਥੇਬੰਦ ਕਰਨ ਵਾਲੇ ਲੋਕ ਅੰਗਰੇਜ਼ ਖ਼ੁਫ਼ੀਆ ਏਜੰਸੀਆਂ ਦੀ ਸੋਚ ਤੋਂ ਬਹੁਤ ਅੱਗੇ ਸਨ।

ਗ਼ਦਰ ਦੇ ਮਾਰਚ 1917 ਦੇ ਇਕ ਅੰਕ ਨੇ ਮੋਟੇ ਅੱਖਰਾਂ ਵਿਚ ਐਲਾਨ ਕੀਤਾ: "ਰੂਸ

ਆਜ਼ਾਦ ਹੋ ਗਿਆ। ਛੇਤੀ ਹੀ ਹਿੰਦ ਵੀ ਆਜ਼ਾਦ ਹੋ ਜਾਵੇਗਾ"। ਇਹ ਰੂਸ ਵਿਚ 1917 'ਚ ਰੂਸ ਵਿਚ ਜ਼ਾਰ ਹਕੂਮਤ ਦੇ ਢਹਿਢੇਰੀ ਹੋਣ ਅਤੇ ਇਨਕਲਾਬ ਦੇ ਆਗਾਜ਼ ਦਾ ਐਲਾਨ ਸੀ।

ਗ਼ਦਰੀਆਂ ਨੇ ਆਪਣੇ ਵਕਤਾਂ ਦੇ ਮਸਲਿਆਂ ਅਤੇ ਮੁੱਦਿਆਂ ਨੂੰ ਵਿਸਤਾਰ 'ਚ ਵਿਚਾਰਿਆ। ਉਨ੍ਹਾਂ ਨੇ ਹਿੰਦੁਸਤਾਨੀਆਂ ਨੂੰ ਨਵੇਂ ਹਿੰਦੁਸਤਾਨ ਲਈ ਕੰਮ ਕਰਨ ਅਤੇ ਇਸ ਦੀ ਕੀਮਤ ਆਪਣੀਆਂ ਕੁਰਬਾਨੀਆਂ ਦੇ ਕੇ ਚੁਕਾਉਣ ਦਾ ਸੱਦਾ ਦਿੱਤਾ। ਗ਼ਦਰ ਲਹਿਰ ਲਾਜ਼ਮੀ ਤੌਰ 'ਤੇ ਅਵਾਮੀ ਲਹਿਰ ਸੀ ਜੋ ਬਦੇਸ਼ਾਂ ਵਿਚ ਵਸਦੇ ਡੂੰਘੇ ਰੂਪ 'ਚ ਦੇਸ਼ਭਗਤ, ਅਗਾਂਹਵਧੂ, ਜਮਹੂਰੀ ਅਤੇ ਜਾਗਰੂਕ ਹਿੰਦੁਸਤਾਨੀ ਸਨ। ਉਹ ਅੰਗਰੇਜ਼ ਬਸਤੀਵਾਦ ਦੇ ਖ਼ਾਤਮੇ ਅਤੇ ਇਕ ਨਵੇਂ ਅਖੰਡ ਹਿੰਦੁਸਤਾਨ ਨੂੰ ਹੋਂਦ ਵਿਚ ਲਿਆਉਣ ਲਈ ਯਤਨਸ਼ੀਲ ਸਨ ਜਿੱਥੇ ਹਰ ਕੋਈ ਬਰਾਬਰ ਹੋਣਾ ਸੀ।

ਗ਼ਦਰ ਦਾ ਨਿਸ਼ਾਨਾ ਸੀ:

1. ਹਿੰਦੁਸਤਾਨ ਨੂੰ ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਹਥਿਆਰਾਂ ਦੇ ਜ਼ੋਰ ਮੁਕਤ ਕਰਾਉਣਾ ਅਤੇ ਸਾਰਿਆਂ ਲਈ ਬਰਾਬਰ ਹੱਕ ਵਾਲੇ ਇਕ ਆਜ਼ਾਦ ਅਤੇ ਸੁਤੰਤਰ ਹਿੰਦੁਸਤਾਨ ਦੀ ਸਥਾਪਨਾ ਕਰਨਾ।
2. ਸਾਨ ਫਰਾਂਸਿਸਕੋ ਵਿਚ ਆਪਣਾ ਸਦਰ-ਮੁਕਾਮ ਕਾਇਮ ਕਰਨਾ ਜੋ ਇਨ੍ਹਾਂ ਨਿਸ਼ਾਨਿਆਂ ਅਤੇ ਉਦੇਸ਼ਾਂ ਨੂੰ ਪੂਰੇ ਕਰਨ ਲਈ ਇਹ ਕੁਲ ਸਰਗਰਮੀਆਂ ਦਾ ਤਾਲਮੇਲ ਕਰਾਉਣ ਵਾਲੇ ਅੱਡੇ ਦਾ ਕੰਮ ਕਰੇ।
3. ਉਰਦੂ, ਹਿੰਦੀ, ਪੰਜਾਬੀ ਅਤੇ ਹਿੰਦੁਸਤਾਨ ਦੀਆਂ ਹੋਰ ਜ਼ੁਬਾਨਾਂ ਵਿਚ ਹਫ਼ਤਾਵਾਰ ਅਖ਼ਬਾਰ, *ਗ਼ਦਰ*, ਛਾਪਣਾ।
4. ਇਹ ਸਾਰੇ ਕੰਮ ਨੇਪਰੇ ਚਾੜ੍ਹਨ ਲਈ ਵੱਖੋ-ਵੱਖਰੀਆਂ ਕਮੇਟੀਆਂ 'ਚੋਂ ਇਕ ਤਾਲਮੇਲ ਕਮੇਟੀ ਦੀ ਚੋਣ ਕਰਨ ਲਈ ਹਰ ਸਾਲ ਜਥੇਬੰਦਕ ਚੋਣਾਂ ਕਰਵਾਉਣਾ।
5. ਹਿੰਦੁਸਤਾਨੀ ਰੇਲਵੇ, ਸਨਅਤੀ ਤੇ ਖੇਤ ਮਜ਼ਦੂਰਾਂ ਅਤੇ ਨਾਲ ਹੀ ਵਿਦਿਆਰਥੀਆਂ ਵਿਚ ਸੈੱਲ ਜਥੇਬੰਦ ਕਰਨਾ ਜੋ ਸਿੱਧੇ ਤੌਰ 'ਤੇ ਕੇਂਦਰ ਨਾਲ ਜੁੜੇ ਹੋਣ।
6. ਸਿਆਸੀ ਅਤੇ ਖ਼ੁਫ਼ੀਆ ਕੰਮ ਦੀ ਨਿਗਰਾਨੀ ਕਰਨ ਲਈ ਤਾਲਮੇਲ ਕਮੇਟੀ ਇਕ ਤਿੰਨ ਮੈਂਬਰੀ ਕਮੇਟੀ ਬਣਾਏਗੀ।
7. ਹਰ ਮੈਂਬਰ ਤੋਂ ਪ੍ਰਤੀ ਮਹੀਨਾ ਇਕ ਡਾਲਰ ਦੇ ਹਿਸਾਬ ਨਾਲ ਸਹਾਇਤਾ ਰਾਸ਼ੀ ਉਗਰਾਹ ਕੇ ਆਮਦਨੀ ਜੁਟਾਈ ਜਾਵੇਗੀ।
8. ਜਥੇਬੰਦੀ ਅੰਦਰ ਮਜ਼੍ਹਬ ਦੇ ਸਵਾਲ ਨੂੰ ਲੈ ਕੇ ਕੋਈ ਚਰਚਾ ਜਾਂ ਬਹਿਸ ਨਹੀਂ ਹੋਵੇਗੀ। ਮਜ਼੍ਹਬ ਨੂੰ ਇਕ ਨਿੱਜੀ ਮਾਮਲਾ ਮੰਨਿਆ ਗਿਆ ਕਿ ਇਸ ਦੀ ਜਥੇਬੰਦੀ ਦੇ ਅੰਦਰ ਕੋਈ ਥਾਂ ਨਹੀਂ।
9. ਹਰ ਮੈਂਬਰ ਉਸ ਮੁਲਕ ਦੀ ਮੁਕਤੀ ਲਈ ਸੰਘਰਸ਼ ਵਿਚ ਹਿੱਸਾ ਲੈਣ ਲਈ ਪਾਬੰਦ ਸੀ ਜਿਥੇ ਉਹ ਰਹਿ ਰਿਹਾ ਸੀ।

ਅਖ਼ਬਾਰ ਨੇ ਆਪਣੇ ਮਾਸਟਹੈੱਡ ਉਪਰ ਸਪਸ਼ਟ ਤੌਰ 'ਤੇ ਐਲਾਨ ਕੀਤਾ ਸੀ – *ਹਿੰਦੁਸਤਾਨ ਵਿਚ ਅੰਗਰੇਜ਼ੀ ਰਾਜ ਦਾ ਦੁਸ਼ਮਨ*।

ਗ਼ਦਰ ਵਿਚਾਰਧਾਰਾ ਅਤੇ ਨਿਸ਼ਾਨੇ

ਲਿਖਤਾਂ ਦੇ ਸਾਰ–ਤੱਤ ਨੂੰ ਨੀਝ ਨਾਲ ਘੋਖਣ 'ਤੇ ਪਤਾ ਚੱਲਦਾ ਹੈ ਕਿ ਗ਼ਦਰ ਲਹਿਰ ਦੇ ਆਗੂ ਬਿਲਕੁਲ ਸਪਸ਼ਟ ਸਨ ਕਿ ਫਿਰਕਾਪ੍ਰਸਤੀ, ਭਾਸ਼ਾ ਅਤੇ ਸ਼ਾਵਨਵਾਦ ਦੇ ਕਾਰਨ ਪੈਦਾ ਹੋਣ ਵਾਲੇ ਖ਼ਤਰਿਆਂ ਨਾਲ ਉਨ੍ਹਾਂ ਦੀਆਂ ਯੋਜਨਾਵਾਂ ਧਰੀਆਂ ਧਰਾਈਆਂ ਰਹਿ ਜਾਣਗੀਆਂ ਅਤੇ ਇਹ ਉਨ੍ਹਾਂ ਦੇ ਉਦੇਸ਼ਾਂ ਨੂੰ ਨਾਕਾਮ ਬਣਾ ਦੇਣਗੀਆਂ। ਉਨ੍ਹਾਂ ਨੇ ਕਾਂਗਰਸ, ਮੁਸਲਿਮ ਜਾਂ ਹਿੰਦੂ ਜਥੇਬੰਦੀਆਂ ਨਾਲੋਂ ਆਪਣੇ ਨਿਖੇੜੇ ਦੀ ਸਪਸ਼ਟ ਲਕੀਰ ਖਿੱਚੀ। ਇਸ ਤਰ੍ਹਾਂ ਦੀ ਪੱਤਰਕਾਰੀ ਰਾਹੀਂ ਗ਼ਦਰੀ ਹਿੰਦੁਸਤਾਨ ਦੇ ਲੋਕਾਂ ਦੀ ਸਮਾਜੀ ਅਤੇ ਕੌਮੀ ਮੁਕਤੀ ਨੂੰ ਇਕ ਖ਼ੁਸ਼ਹਾਲ ਤੇ ਸੰਤੁਸ਼ਟ ਜ਼ਿੰਦਗੀ ਦੀ ਪੂਰਵ–ਸ਼ਰਤ ਵਜੋਂ ਦੇਖਦੇ ਸਨ। ਉਨ੍ਹਾਂ ਨੇ ਹਿੰਦੁਸਤਾਨ ਦੀ ਏਕਤਾ ਅਤੇ ਮੁਕਤੀ ਲਈ ਆਪਣੇ ਕੁਲ ਯਤਨ ਹਿੰਦੁਸਤਾਨ ਦੇ ਲੋਕਾਂ ਦਾ ਧਰਮ-ਸਿਧਾਂਤ, ਰੰਗ, ਜ਼ੁਬਾਨ ਜਾਂ ਜਾਤ ਅਤੇ ਕੰਮ ਬਾਰੇ ਬਹਿਸ ਤੋਂ ਖਹਿੜਾ ਛੁਡਾਉਣ ਉਪਰ ਕੇਂਦਰਤ ਕੀਤੇ। ਉਹ ਮੁਲਕ ਦੇ ਅੰਦਰ ਜਾਂ ਬਾਹਰ ਸਾਰਿਆਂ ਦਾ ਸਵੈਮਾਣ ਅਤੇ ਮਾਣ–ਸਨਮਾਨ ਲੋਚਦੇ ਸਨ। ਉਨ੍ਹਾਂ ਨੇ ਹਿੰਦੁਸਤਾਨ ਤੋਂ ਬਾਹਰ ਵਸਦੇ ਲੋਕਾਂ ਨੂੰ ਆਪਣੇ ਵਤਨ ਵਾਪਸ ਮੁੜਨ ਅਤੇ ਮੁਲਕ ਦੀ ਆਜ਼ਾਦੀ ਵਿਚ ਹੱਥ ਵਟਾਉਣ ਉਪਰ ਜ਼ੋਰ ਦਿੱਤਾ। ਹੇਠ–ਦਿੱਤਾ ਪਾਠ ਸਟਾਕਟਨ, ਕੈਲੀਫੋਰਨੀਆ ਦੀ ਗੁਰਦੁਆਰਾ ਲਾਇਬ੍ਰੇਰੀ ਵਿਚ ਮੌਜੂਦ ਸਮੱਗਰੀ ਦਾ ਹਿੱਸਾ ਹੈ। ਇਸ ਦੀ ਸੁਰ ਗ਼ਦਰ ਪਾਰਟੀ ਦੇ ਮੈਂਬਰਾਂ ਦੀਆਂ ਜੋਸ਼ੀਲੀਆਂ ਭਾਵਨਾਵਾਂ ਨੂੰ ਪ੍ਰਤੀਬਿੰਬਤ ਕਰਦੀ ਹੈ ਜਿਨ੍ਹਾਂ ਨੇ ਉਨ੍ਹਾਂ ਨੂੰ ਹਿੰਦੁਸਤਾਨ ਦੀ ਮੁਕਤੀ ਦੇ ਰਾਹ ਤੋਰਿਆ। 1930 ਤੋਂ ਪਹਿਲਾਂ, ਗ਼ਦਰ ਦੇ ਬਹੁਤ ਸਾਰੇ ਮੈਂਬਰ ਸਟਾਕਟਨ ਗੁਰਦੁਆਰੇ ਆਉਂਦੇ ਸਨ ਅਤੇ ਕਈ ਤਾਂ ਉਥੇ ਰਹਿੰਦੇ ਵੀ ਰਹੇ।

ਗ਼ਦਰ ਜਾਂ ਗ਼ਦਰ ਪਾਰਟੀ ਦਾ ਖ਼ਾਸਾ ਧਰਮ--ਨਿਰਪੱਖ ਸੀ। ਇਸ ਦਾ ਨਿਸ਼ਾਨਾ ਤਾਕਤ ਇਸਤੇਮਾਲ ਕਰਕੇ ਅੰਗਰੇਜ਼ੀ ਰਾਜ ਨੂੰ ਉਲਟਾਉਣਾ ਅਤੇ ਹਿੰਦੁਸਤਾਨ ਨੂੰ ਬਦੇਸ਼ੀ ਗ਼ਲਬੇ ਤੋਂ ਮੁਕਤ ਕਰਾਉਣਾ ਸੀ। ਗ਼ਦਰ ਪਾਰਟੀ "ਹਿੰਦੀ ਐਸੋਸੀਏਸ਼ਨ ਆਫ ਦ ਪੈਸੀਫਿਕ ਕੋਸਟ" ਦਾ ਹਰਮਨਪਿਆਰਾ ਨਾਂ ਸੀ ਜੋ *ਗ਼ਦਰ*ਅਖ਼ਬਾਰ ਚਲਾਉਂਦੀ ਸੀ, ਜਿਸ ਨੂੰ ਹਰ ਦੇਸ਼ਭਗਤ ਹਿੰਦੁਸਤਾਨੀ ਪਿਆਰ ਕਰਦਾ ਸੀ। ਜਿਸ ਅਸਲ ਪਾਰਟੀ ਤੋਂ "ਹਿੰਦੀ ਐਸੋਸੀਏਸ਼ਨ ਆਫ ਦ ਪੈਸੀਫਿਕ ਕੋਸਟ" ਹੋਂਦ ਵਿਚ ਆਈ ਉਸ ਦੀ ਸਥਾਪਨਾ 1912 'ਚ ਪੋਰਟਲੈਂਡ (ਓਰੇਗਨ) ਵਿਚ ਕੀਤੀ ਗਈ ਸੀ।

ਗ਼ਦਰ ਪਾਰਟੀ ਦੇ ਮੋਢੀ ਮੈਂਬਰ:

ਸੋਹਣ ਸਿੰਘ ਭਕਨਾ (ਪ੍ਰਧਾਨ)
ਕੇਸਰ ਸਿੰਘ (ਮੀਤ ਪ੍ਰਧਾਨ)
ਲਾਲਾ ਹਰਦਿਆਲ (ਜਨਰਲ ਸਕੱਤਰ ਅਤੇ ਸੰਪਾਦਕ, ਉਰਦੂ ਗ਼ਦਰ)

ਕਰਤਾਰ ਸਿੰਘ ਸਰਾਭਾ (ਸੰਪਾਦਕ ਪੰਜਾਬੀ ਗ਼ਦਰ)
ਬਾਬਾ ਜਵਾਲਾ ਸਿੰਘ (ਮੀਤ ਪ੍ਰਧਾਨ)
ਬਾਬਾ ਵਸਾਖਾ ਸਿੰਘ
ਬਲਵੰਤ ਸਿੰਘ
ਪੰਡਤ ਕਾਂਸ਼ੀ ਰਾਮ (ਖਜ਼ਾਨਚੀ)
ਹਰਨਾਮ ਸਿੰਘ ਟੁੰਡੀਲਾਟ
ਜੀ.ਡੀ. ਵਰਮਾ
ਲਾਲਾ ਠਾਕੁਰ ਦਾਸ (ਧੂਰੀ) (ਮੀਤ ਪ੍ਰਧਾਨ)
ਮੁਣਸ਼ੀ ਰਾਮ (ਜਥੇਬੰਦਕ ਸਕੱਤਰ)
ਭਾਈ ਪਰਮਾਨੰਦ
ਨਿਧਾਨ ਸਿੰਘ ਚੁੱਘਾ
ਸੰਤੋਖ ਸਿੰਘ
ਮਾਸਟਰ ਊਧਮ ਸਿੰਘ
ਬਾਬਾ ਹਰਨਾਮ ਸਿੰਘ (ਕਾਹਰੀ ਸਾਹਰੀ)
ਕਰੀਮ ਬਖ਼ਸ਼
ਅਮਰ ਚੰਦ
ਰਹਿਮਤ ਅਲੀ
ਵੀ.ਜੀ. ਪਿੰਗਲੇ (ਵਗੈਰਾ)

ਨਿਚੋੜ

ਅਸੀਂ ਇਥੇ ਹਿੰਦੁਸਤਾਨ ਵਿਚ ਮੀਡੀਆ ਦੇ ਮੌਜੂਦਾ ਪੜਾਅ ਉਪਰ ਜ਼ੋਰ ਦੇਵਾਂਗੇ, ਹਾਲਾਂਕਿ ਸੰਖੇਪ ਤੌਰ 'ਤੇ ਹੀ, ਕਿਉਂਕਿ ਅੱਜ ਦੀ ਹਾਲਤ ਉਸੇ ਨਾਲ ਮਿਲਦੀ-ਜੁਲਦੀ ਹੈ ਜਿਸ ਤਰ੍ਹਾਂ ਦੀ ਹਾਲਤ ਦਾ ਸਾਹਮਣਾ ਪਿਛਲੀ ਸਦੀ ਦੇ ਸ਼ੁਰੂ ਵਿਚ ਗ਼ੁਲਾਮ ਮੁਲਕ ਦੇ ਇਨ੍ਹਾਂ ਜਾਗਰੂਕ ਬਹਾਦਰ ਪੁੱਤਰਾਂ ਤੇ ਧੀਆਂ ਨੂੰ ਕਰਨਾ ਪਿਆ ਸੀ। ਉਹ ਪ੍ਰੇਸ਼ਾਨ ਅਤੇ ਦੁਖੀ ਸਨ ਕਿਉਂਕਿ ਉਨ੍ਹਾਂ ਦਾ ਕੋਈ ਮਾਣ-ਸਨਮਾਨ ਨਹੀਂ ਸੀ। ਉਨ੍ਹਾਂ ਨਾਲ ਕੁਲੀਆਂ ਤੋਂ ਵੀ ਮਾੜਾ ਸਲੂਕ ਕੀਤਾ ਜਾਂਦਾ ਸੀ ਅਤੇ ਉਨ੍ਹਾਂ ਨੂੰ ਜ਼ਲੀਲ ਕੀਤਾ ਜਾਂਦਾ ਸੀ ਉਸ ਤੋਂ ਵੀ ਬਹੁਤ ਬੁਰੀ ਤਰ੍ਹਾਂ ਜਿਸ ਤਰ੍ਹਾਂ ਗ਼ਦਰ ਤੇ ਹੋਰ ਅਖ਼ਬਾਰਾਂ ਦੇ ਲੇਖਾਂ ਵਿਚ ਬਿਆਨ ਕੀਤਾ ਗਿਆ ਹੈ। ਇਨ੍ਹਾਂ ਵਿਚ ਹਿੰਦੁਸਤਾਨ ਦੀ ਆਰਥਕ ਲੁੱਟਖਸੁੱਟ ਨੂੰ ਸਪਸ਼ਟ ਤੌਰ 'ਤੇ ਪੇਸ਼ ਕੀਤਾ ਗਿਆ ਸੀ, ਭਾਵੇਂ ਕਿ ਉਨ੍ਹਾਂ ਦੇ ਸਾਧਨ ਅਤੇ ਜਾਣਕਾਰੀ ਤਕ ਰਸਾਈ ਸੀਮਤ ਸੀ।

ਹਾਲ ਹੀ ਵਿਚ, ਜਮਹੂਰੀ ਸੰਸਥਾਵਾਂ ਦਰਮਿਆਨ ਪਾੜਾ ਹੋਰ ਵਧਦਾ ਜਾ ਰਿਹਾ ਹੈ। ਮੋੜਵੇਂ ਤੌਰ 'ਤੇ, ਇਸ ਨਾਲ ਇਨ੍ਹਾਂ ਸੰਸਥਾਵਾਂ ਤੋਂ ਯਕੀਨ ਉੱਠਦਾ ਜਾ ਰਿਹਾ ਹੈ ਅਤੇ ਸਨਕੀਵਾਦ

ਵਧ ਰਿਹਾ ਹੈ। ਪਾਰਲੀਮੈਂਟਰੀ ਸੰਸਥਾਵਾਂ ਲੋੜੀਂਦੀ ਅਗਵਾਈ ਕਰਨ 'ਚ ਅਸਫ਼ਲ ਹਨ। ਮੁੱਢਲੇ ਪੱਧਰ ਤੋਂ ਲੈ ਕੇ ਕਾਰਜਪਾਲਿਕਾ ਤਕ ਗ਼ੈਰਕਾਰਜਕੁਸ਼ਲਤਾ, ਭ੍ਰਿਸ਼ਟਾਚਾਰ ਅਤੇ ਭਾਈਭਤੀਜਾਵਾਦ ਦੀ ਜਕੜ ਹੈ। ਸੰਸਦ ਅਤੇ ਸੂਬਾਈ ਵਿਧਾਨ-ਸਭਾਵਾਂ ਵਿਚ ਮੁਜਰਿਮਾਂ ਦੇ ਦਾਖ਼ਲ ਹੋਣ ਨਾਲ ਅਤੇ ਕੁਝ ਚੁਣੇ ਹੋਏ ਨੁਮਾਇੰਦਿਆਂ ਵਲੋਂ ਨਿੱਤ ਹੰਗਾਮਾ ਖੜ੍ਹਾ ਕਰਨ ਨਾਲ ਇਨ੍ਹਾਂ ਚੁਣੀਆਂ ਹੋਈਆਂ ਵਿਧਾਨਕ ਸੰਸਥਾਵਾਂ ਵਿੱਚੋਂ ਲੋਕਾਂ ਦਾ ਯਕੀਨ ਉੱਠਦਾ ਜਾ ਰਿਹਾ ਹੈ। ਰਿਸ਼ਵਤ ਲੈਕੇ ਸਵਾਲ ਉਠਾਉਣ ਜਾਂ ਰੱਖਿਆ ਸੌਦੇ ਕਰਨ ਦੇ ਮਾਮਲਿਆਂ ਦੀ ਖ਼ੁਫ਼ੀਆ ਕੈਮਰਿਆਂ ਨਾਲ ਰਿਕਾਰਡਿੰਗ ਸਾਹਮਣੇ ਆਉਣ ਨਾਲ ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ ਵਿਚ ਬੇਯਕੀਨੀ ਪੈਦਾ ਹੋ ਗਈ ਹੈ। ਕੁਝ ਉੱਘੜਵੀਂਆਂ ਪ੍ਰਾਪਤੀਆਂ ਦੇ ਬਾਵਜੂਦ ਬੇਈਮਾਨੀ ਅਤੇ ਨਾਲਾਇਕੀ ਲੇਹੇ ਵਾਂਗ ਨਿਆਂਇਕ ਪ੍ਰਣਾਲੀ ਨੂੰ ਖਾ ਰਹੀ ਹੈ। ਮੀਡੀਆ, ਜੋ ਵੱਡੀ ਸਰਮਾਏਦਾਰੀ ਲਈ ਪੈਸਾ ਬਣਾਉਣ ਦਾ ਕਾਰੋਬਾਰ ਬਣਦਾ ਜਾ ਰਿਹਾ ਹੈ, ਤੋਂ ਵੀ ਬਹੁਤ ਥੋੜ੍ਹੀ ਉਮੀਦ ਬਚੀ ਹੈ।

ਦਰਅਸਲ, ਖ਼ੁਦ ਜਮਹੂਰੀਅਤ ਦੇ ਸਦਨ ਦੇ ਅੰਦਰ ਪੂਰੀ ਤਰ੍ਹਾਂ ਘਚੋਲਾ ਹੈ। ਜਮਹੂਰੀਅਤ, ਖ਼ਾਸ ਕਰਕੇ ਅਮਰੀਕਾ ਮਾਰਕਾ ਜਮਹੂਰੀਅਤ ਨੂੰ ਲੈ ਕੇ ਲੋਕਾਂ ਦੇ ਮਨਾਂ 'ਚ ਸੰਸੇ ਹਨ। ਜਮਹੂਰੀਅਤ ਦੀ ਧਾਰਨਾ ਨੂੰ ਹੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ, ਓਦੋਂ ਇਹ ਹੋਰ ਵੀ ਗੰਭੀਰ ਹੋ ਜਾਂਦਾ ਹੈ, ਜਦੋਂ ਦੁਨੀਆ ਦੀ ਇਕੋ-ਇਕ ਅਤਿ-ਮਹਾਂ ਸ਼ਕਤੀ ਅਮਰੀਕਾ, ਜੋ ਤਾਨਾਸ਼ਾਹਾਂ ਅਤੇ ਸਾਮਰਾਜਵਾਦੀ ਹੁਕਮਰਾਨਾਂ 'ਤੇ ਫ਼ਿਦਾ ਹੈ, ਬਹੁਤ ਸਾਰੇ ਤੀਜੀ ਦੁਨੀਆ ਦੇ ਤੇਲ ਨਾਲ ਭਰਪੂਰ ਮੁਲਕਾਂ ਅੰਦਰ ਲਹੂ ਅਤੇ ਬੰਬਾਂ ਨਾਲ ਜਮਹੂਰੀਅਤ ਲਿਆਉਣ ਦੇ ਯਤਨਾਂ 'ਚ ਜੁੱਟੀ ਹੋਈ ਹੈ। ਹਿੰਸਾ ਅਤੇ ਖ਼ੂਨ-ਖਰਾਬੇ ਵਿਚ ਘਿਰੀ ਇਸ ਤਰ੍ਹਾਂ ਦੀ ਜਮਹੂਰੀਅਤ ਤੋਂ ਹਿੰਦੁਸਤਾਨੀਆਂ ਨੂੰ ਕੀ ਅਰਥ ਲੈਣੇ ਚਾਹੀਦੇ ਹਨ?

ਖ਼ਬਰਾਂ ਅਤੇ ਵਿਚਾਰਾਂ ਦੇ ਹਰਕਾਰੇ ਵਜੋਂ ਮੀਡੀਆ ਦੀ ਭੂਮਿਕਾ

ਕੀ ਮੀਡੀਆ ਦੀ ਇਕ ਆਜ਼ਾਦ ਸੰਸਥਾ ਦੇ ਤੌਰ 'ਤੇ ਕਾਰਗੁਜ਼ਾਰੀ ਤਸੱਲੀਬਖ਼ਸ਼ ਹੈ? ਇਹ ਸਵਾਲ ਜਨਤਕ ਮਾਮਲਿਆਂ ਵਿਚ ਮੀਡੀਆ ਦੀ ਭੂਮਿਕਾ ਬਾਰੇ ਹਰ ਬਹਿਸ ਅੰਦਰ ਅਹਿਮੀਅਤ ਅਖ਼ਤਿਆਰ ਕਰ ਲੈਂਦਾ ਹੈ। ਸਿਆਸਤਦਾਨ ਅਤੇ ਲੋਕ ਨੁਮਾਇੰਦੇ ਲੋਕਾਂ ਵਿਚ ਵਧ ਰਹੀ ਬੇਲਾਗਤਾ, ਜਨਤਾ ਦੇ ਮਸਲਿਆਂ ਦੀ ਜਾਣਕਾਰੀ ਤੋਂ ਕੋਰੇ ਹੋਣ ਅਤੇ ਹਕੂਮਤ ਪ੍ਰਤੀ ਵਧ ਰਹੀ ਬੇਯਕੀਨੀਂ ਦਾ ਇਲਜ਼ਾਮ ਮੀਡੀਆ ਉਪਰ ਲਗਾ ਰਹੇ ਹਨ। ਅਕਸਰ ਹੀ, ਸਿਆਸਤਦਾਨ ਲੋਕਾਂ ਅਤੇ ਹੁਕਮਰਾਨਾਂ ਦਰਮਿਆਨ ਦਰਾੜ ਪੈਦਾ ਕਰਨ ਦਾ ਦੋਸ਼ੀ ਮੀਡੀਆ ਨੂੰ ਠਹਿਰਾਉਣ ਲਈ ਕੋਈ ਮੌਕਾ ਨਹੀਂ ਖੁੰਝਣ ਦਿੰਦੇ। ਮੀਡੀਆ ਉਪਰ ਆਮ ਹੀ ਇਲਜ਼ਾਮ ਲੱਗਦਾ ਹੈ ਕਿ ਇਹ ਸਿਆਸਤਦਾਨਾਂ ਦੇ ਵਿਚਾਰਾਂ ਨੂੰ ਗ਼ਲਤ ਪੇਸ਼ ਕਰਦਾ ਹੈ ਅਤੇ ਉਨ੍ਹਾਂ ਨੂੰ ਲੋਕਾਂ ਦੀਆਂ ਨਜ਼ਰਾਂ 'ਚ ਡੇਗਣ ਲਈ ਜ਼ਿੰਮੇਵਾਰ ਹੈ ਅਤੇ ਇੰਞ ਕਲਾਹ ਦੇ ਬੀਜ ਬੀਜ ਰਿਹਾ ਹੈ। ਇਸ ਉਪਰ ਲੋਕਾਂ ਦੇ ਮਾਮਲਿਆਂ ਨੂੰ ਮਹੱਤਵਹੀਣ ਬਣਾਉਣ ਅਤੇ ਜਨਤਕ ਬਹਿਸ ਦਾ

ਮਿਆਰ ਡੇਗਣ ਦਾ ਇਲਜ਼ਾਮ ਲੱਗਦਾ ਹੈ। ਹਿੰਦੁਸਤਾਨ ਵਿਚ ਜੇ ਬੇਯਕੀਨੀ ਜੜ੍ਹਾਂ ਜਮਾ ਰਹੀ ਹੈ ਉਸ ਦਾ ਇਲਜ਼ਾਮ ਮੀਡੀਆ 'ਤੇ ਲਾਉਣਾ ਇਕ ਰਿਵਾਜ ਹੀ ਬਣ ਗਿਆ ਹੈ।

ਦੂਜੇ ਪਾਸੇ, ਮੀਡੀਆ ਘਟੀਆ ਸਿਆਸੀ ਪ੍ਰਵਚਨ ਅਤੇ ਬੇਯਕੀਨੀ ਲਈ ਸਿਆਸਤਦਾਨਾਂ ਅਤੇ ਹੋਰ ਸੰਸਥਾਵਾਂ ਦੇ ਆਗੂਆਂ ਨੂੰ ਜ਼ਿੰਮੇਵਾਰ ਠਹਿਰਾਉਂਦਾ ਹੈ। ਇਹ ਪ੍ਰਬੰਧ ਅਤੇ ਸਮਾਜ ਦੀਆਂ ਬੀਮਾਰੀਆਂ ਉਪਰ ਕੇਂਦਰਤ ਕਰਨ ਨੂੰ ਆਪਣੀ ਵਾਜਬ ਭੂਮਿਕਾ ਮੰਨਦਾ ਹੈ।

ਇਕ ਜਮਹੂਰੀ ਸਮਾਜ ਵਿਚ ਮੀਡੀਆ ਦੀ ਸਰਵਪੱਖੀ ਭੂਮਿਕਾ ਨੂੰ ਸੱਚੀਓਂ ਹੀ ਉਹ ਵੀ ਮੰਨਦੇ ਅਤੇ ਸਵੀਕਾਰਦੇ ਹਨ ਜੋ ਇਸ ਨੂੰ ਨਿਸ਼ਾਨਾ ਬਣਾਉਣ ਦੇ ਆਦੀ ਹਨ। ਫਿਰ ਵੀ, ਇਕ ਵਾਜਬ ਸਵਾਲ ਹੈ: ਕੀ ਮੀਡੀਆ ਆਪਣੀ ਭੂਮਿਕਾ ਅਸਰਦਾਰ ਰੂਪ 'ਚ ਨਿਭਾ ਰਿਹਾ ਹੈ? ਜੇ ਨਹੀਂ, ਤਾਂ ਉਨ੍ਹਾਂ ਨੂੰ ਕਿਸ ਤਰ੍ਹਾਂ ਦੀਆਂ ਰੁਕਾਵਟਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ? ਇਸ ਹਾਲਤ ਦਾ ਦੋਸ਼ ਕਿਸ ਨੂੰ ਦਿੱਤਾ ਜਾਵੇ?

BIBLIOGRAPHY

1. Bhagat Singh—Eternal Rebal, MalwinderJit Singh Waraich, Publication Division, Ministry of Information and Broadcasting, Government of India, New Delhi.
2. Documents; Lahore, Conspiracy Cases I&II (Vol.I), (2008), Unistar Books, Chandigarh, Malwinder Singh Waraich, Dr. Gurdev Singh Sidhu.
3. Ghadar Movement: Role of Media and Literature, Gurmel S. Sidhu, Professor California State University, Fresno, California.
4. History of the Ghadar Movement, Jaspal Singh.
5. Josh, Sohan Singh 1976, *Hindustan Gadar Party—A Short History*, DeshBhagat Yadgar Committee, Jalandhar, India.
6. Ker, James Campbell 1917, *Political Trouble in India 1907-1917*, Oriental Publishers - 1973.
7. KomagataMaru—A Challenge to Colonialism: Key Documents, Voyage of KomagataMaru, By Baba Gurdit Singh.
8. MalwinderJit Singh Waraich, Harinder Singh, Ghadr Movement, Original Documents, Unistar Books Publishers.

9. Puri, Harish K. 1993, Ghadar Movement: Ideology, Organisation and Strategy, Guru Nanak Dev University, Amritsar.
10. Puri, Harish K. 2011, Ghadar Movement, *A Short History*, National Book Trust, New Delhi, India.
11. ਰਾਹੀ, ਰਾਜਵਿੰਦਰ ਸਿੰਘ (ਸੰਪਾਦਤ, 2012), *ਮੇਰੀ ਰਾਮ ਕਹਾਣੀ, ਬਾਬਾ ਸੋਹਣ ਸਿੰਘ ਭਕਨਾ*, ਸੰਗਮ ਪਬਲੀਕੇਸ਼ਨਜ਼, ਸਮਾਣਾ, ਪੰਜਾਬ, ਇੰਡੀਆ।
12. Singh Prem (Dr.) 2007, From Pagri Sambhal Jatta to Jalllianwalah Bagh, DeshBhagat Yadgar Committee, Jalandhar, India.
13. The Ghadar Movement, Background, History, Action and Legends, O'Dwyer, Sir Michael Francis 1925, *India As I Knew It* - 1885-1925, Constable & Co., London

ਗ਼ਦਰ ਕਾਵਿ ਅਤੇ ਵਾਰਤਕ

-ਤੇਜਵੰਤ ਸਿੰਘ

ਗ਼ਦਰੀਆਂ ਬਾਰੇ ਬਹੁਤੀਆਂ ਰਚਨਾਵਾਂ ਵਿਚ, ਇਹ ਮੰਨ ਲਿਆ ਜਾਂਦਾ ਹੈ ਕਿ ਬਸਤੀਵਾਦੀ ਰਾਜ ਵਿਰੁੱਧ ਹਥਿਆਰਬੰਦ ਸੰਘਰਸ਼ ਕਰਨਾ ਉਨ੍ਹਾਂ ਦਾ ਜ਼ਿੰਦਗੀ ਵਿਚ ਇੱਕੋ-ਇਕ ਮਨੋਰਥ ਸੀ। ਇਸ ਦ੍ਰਿੜ ਇਰਾਦੇ ਨੇ ਹੀ ਉਨ੍ਹਾਂ ਨੂੰ ਉਤਰੀ ਅਮਰੀਕਾ ਤੋਂ ਵਾਪਸ ਮੋੜ ਲਿਆਂਦਾ ਜਿਥੇ ਉਹ ਰੋਜ਼ੀ ਕਮਾਉਣ ਲਈ ਗਏ ਹੋਏ ਸਨ। ਉਨ੍ਹਾਂ ਦੀ ਸੋਚ ਵਿਚ ਉਹ ਕਾਜ ਵਸਿਆ ਹੋਇਆ ਸੀ। 1857 ਦੇ ਬਾਗ਼ੀ ਜਿਸ ਕਾਜ ਨੂੰ ਅੰਜਾਮ ਦੇਣ ਵਿਚ ਅਸਫ਼ਲ ਰਹੇ ਸਨ ਉਸ ਨੂੰ ਗ਼ਦਰੀ ਹਰ ਮੁਸ਼ਕਲ ਦੇ ਬਾਵਜੂਦ ਪੂਰਾ ਕਰਨਾ ਚਾਹੁੰਦੇ ਸਨ। ਇਹ ਤੱਥ ਸੀ ਕਿ ਉਨ੍ਹਾਂ ਦੇ ਦਿਲੋ-ਦਿਮਾਗ ਵਿਚ ਉਨ੍ਹਾਂ ਬਾਗ਼ੀਆਂ ਲਈ ਲੋਹੜੇ ਦੀ ਸ਼ਰਧਾ ਸੀ ਅਤੇ ਉਹ ਉਨ੍ਹਾਂ ਦੀ ਖੁੱਲ੍ਹਕੇ ਮਹਿਮਾ ਗਾਉਂਦੇ ਸਨ। ਪਰ ਉਨ੍ਹਾਂ ਦੇ ਸੰਘਰਸ਼ ਦਾ ਸੱਚ ਉਸ ਉਦੇਸ਼ ਤੋਂ ਉਪਰ ਸੀ ਜਿਸ ਦਾ ਸਿਹਰਾ ਉਹ ਇਤਿਹਾਸਕ ਤੱਥ ਦੀ ਕੀਮਤ 'ਤੇ ਆਪਣੇ ਉਨ੍ਹਾਂ ਪੁਰਖਿਆਂ ਨੂੰ ਦਿੰਦੇ ਸਨ। ਜਿਵੇਂ ਮਿਰਜ਼ਾ ਗ਼ਾਲਿਬ ਦੇ ਸ਼ੇਅਰ ਤੋਂ ਬਹਾਦਰ ਸ਼ਾਹ ਬਾਰੇ ਪੁਨਰ-ਰਚਨਾ ਕੀਤੀ ਜਾ ਸਕਦੀ ਹੈ, 1857 ਦੇ ਗ਼ਦਰ ਦਾ ਸੱਚ ਅਨੋਖੇ ਰੂਪ 'ਚ ਸੋਧਣਹਾਰ ਸੀ, ਜਿਸ ਵਿਚ ਮਨੋ-ਵਿਰੇਚਕ ਦਾ ਹਾਂਪੱਖੀ ਤੱਤ ਨਦਾਰਦ ਸੀ। ਮਿਰਜ਼ਾ ਗ਼ਾਲਿਬ ਦੇ ਤਸੱਵਰ ਵਿਚ, ਆਪਣੀ ਨਮੋਸ਼ੀ ਭਰੀ ਗ੍ਰਿਫ਼ਤਾਰੀ ਤੋਂ ਬਾਅਦ ਬਰਮਾ ਵਿਚ ਕੈਦ ਬ੍ਰਿਧ ਸ਼ਹਿਨਸ਼ਾਹ ਦੇ ਮਨ ਉਪਰ ਇਸ ਤਰ੍ਹਾਂ ਦੀ ਭਾਵਨਾ ਛਾਈ ਹੋਈ ਸੀ:

ਮੁਝ ਕੋ ਦਿਆਰ-ਏ-ਗ਼ੈਰ ਮੇਂ ਮਾਰਾ ਵਤਨ ਸੇ ਦੂਰ,
ਰਖ ਲੀ ਮੇਰੇ ਖ਼ੁਦਾ ਮੇਰੀ ਬੇਕਸੀ ਦੀ ਕਸਮ।

ਤੱਥ ਵਜੋਂ, ਉਨ੍ਹਾਂ ਬਾਗ਼ੀਆਂ ਵਿਚ ਆਪਣੇ ਪੈਗ਼ਾਮ ਨੂੰ ਫੈਲਾਉਣ ਲਈ ਕਵਿਤਾ ਜਾਂ ਵਾਰਤਕ ਦੀ ਭਾਸ਼ਾ ਨੂੰ ਵਰਤਣ ਦੀ ਨਾ ਤਾਂ ਅੰਦਰੂਨੀ ਪ੍ਰੇਰਣਾ ਸੀ ਅਤੇ ਨਾ ਬਹਿਰੂਨੀ ਅਹਿਸਾਸ। ਆਪਣੇ ਕਾਜ ਲਈ ਲੋਕ ਹਮਾਇਤ ਜੁਟਾਉਣ ਲਈ ਇਹ ਲਾਜ਼ਮੀ ਸੀ ਇਸ ਅਹਿਸਾਸ ਨੇ ਉਨ੍ਹਾਂ ਦੀ ਚੇਤਨਾ ਨਹੀਂ ਜਗਾਈ। ਸ਼ੁਰੂ ਤੋਂ ਹੀ ਇਹ ਹਾਰ ਚੁੱਕੀ ਜੱਦੋਜਹਿਦ ਸੀ, ਜਿਸ ਦੀ ਸ਼ਕਲ-ਸੂਰਤ ਉਨ੍ਹਾਂ ਨੂੰ ਨਜ਼ਰ ਨਹੀਂ ਸੀ ਆ ਰਹੀ। ਪਰ ਗ਼ਦਰੀ ਅਮਰੀਕਾ ਦੀ ਸਰਜ਼ਮੀਨ ਉਪਰ ਕੌਮੀ ਮੁਕਤੀ ਦੇ ਜਿਸ ਸ਼ਾਨਦਾਰ ਕਾਜ ਨੂੰ ਪ੍ਰਣਾਏ ਗਏ ਉਸ ਦੀ ਬਾਬਤ ਇਹ ਨਹੀਂ ਕਿਹਾ ਜਾ ਸਕਦਾ। ਇਹ ਉਸ ਸੰਵਾਦ ਦਾ ਸਿੱਟਾ ਸੀ ਜੋ ਉਹ ਆਪਣੀ ਮਾਂ-ਧਰਤੀ ਅਤੇ ਆਪਣੀ ਕਲਪਨਾ ਅੰਦਰਲੇ ਵਤਨ ਨਾਲ ਰਚਾਉਂਦੇ ਸਨ। ਜਿਸ ਮਾਹੌਲ ਵਿਚ ਉਨ੍ਹਾਂ ਨੇ ਇਸ

ਦਾ ਸਹਾਰਾ ਲਿਆ ਉਥੇ ਮਹਿਜ਼ ਸਵੈ ਨਾਲ ਵਾਰਤਾਲਾਪ ਹੀ ਇੱਕੋ ਇਕ ਰਾਹ ਸੀ, ਇਹ ਕਲਪਨਾ ਤੋਂ ਬੇਪ੍ਰਵਾਹ ਹੁੰਦਾ ਹੈ। ਇਸ ਵਿਚ ਉਹ ਕੁਲ ਮਾਰਮਿਕਤਾ ਸੀ ਜੋ ਫ਼ੈਜ਼ ਅਹਿਮਦ ਫ਼ੈਜ ਆਪਣੇ ਉਸ ਸ਼ੇਅਰ ਵਿਚ ਇਸ ਨੂੰ ਬਖ਼ਸ਼ਦਾ ਹੈ ਜੋ ਉਸਨੇ ਕਿਸੇ ਹੋਰ ਪ੍ਰਸੰਗ ਵਿਚ ਲਿਖਿਆ ਸੀ:

ਦਿਆਰ-ਏ-ਗ਼ੈਰ ਮੇ ਮੇਹਰਾਨ ਅਗਰ ਨਹੀਂ ਕੋਈ
ਤੋ ਫ਼ੈਜ਼ ਅਪਨੇ ਵਤਨ ਸੇ ਗੁਫ਼ਤਗੂ ਹੀ ਸਹੀ।

ਗ਼ਦਰ, ਜੋ ਉਨ੍ਹਾਂ ਨੇ ਕਈ ਖੇਤਰੀ ਜ਼ੁਬਾਨਾਂ ਵਿਚ ਕੱਢਣਾ ਸ਼ੁਰੂ ਕੀਤਾ, ਇਸ ਸੰਵਾਦ ਨੂੰ ਅੱਗੇ ਤੋਰਨ ਦਾ ਮੁੱਖ ਜ਼ਰੀਆ ਸੀ। ਜਿਸ ਮੁਲਕ ਵਿਚ ਉਹ ਪ੍ਰਵਾਸ ਕਰਕੇ ਆਏ ਸਨ, ਉਥੇ ਬੰਦਸ਼ਾਂ 'ਚ ਬੰਨ੍ਹੇ ਅਤੇ ਮਜਬੂਰ ਆਪੇ ਨਾਲ ਵਾਰਤਾਲਾਪ ਹੀ ਉਨ੍ਹਾਂ ਦੀ ਸੁਭਾਵਿਕ ਚੋਣ ਹੋ ਸਕਦਾ ਸੀ। ਕੁਲ ਬੰਦਸ਼ਾਂ ਅਤੇ ਬੇਵਸੀ ਤੋਂ ਉੱਪਰ ਉੱਠਕੇ, ਉਨ੍ਹਾਂ ਨੇ ਆਪਣਾ ਸੰਵਾਦ ਦਾ ਜ਼ਰੀਆ ਚੁਣਿਆ, ਉਸ ਉਸਤਤ ਤੋਂ ਬੇਖ਼ਬਰ ਜੋ ਇਸ ਨਾਲ ਉਨ੍ਹਾਂ ਨੂੰ ਤਵਾਰੀਖ਼ ਦੇ ਪੰਨਿਆਂ 'ਤੇ ਹਾਸਲ ਹੋਵੇਗੀ। ਇਹ *ਗ਼ਦਰ* ਅਖ਼ਬਾਰ ਸੀ ਜੋ ਆਪਣੀ ਮਾਂ-ਧਰਤੀ ਨੂੰ ਬਸਤੀਵਾਦੀ ਰਾਜ ਤੋਂ ਮੁਕਤ ਕਰਾਉਣ ਲਈ ਜੰਗ ਛੇੜਨ ਦੇ ਕਾਜ ਨਾਲ ਉਨ੍ਹਾਂ ਦੇ ਇਕਸੁਰ ਹੋਣ ਦਾ ਸਾਧਨ ਬਣਿਆ। ਪਹਿਲੇ ਅੰਕ ਤੋਂ ਹੀ ਅਖ਼ਬਾਰ ਵਿਚ ਛਪੀ ਸਮੱਗਰੀ, ਕਵਿਤਾ ਅਤੇ ਵਾਰਤਕ ਦੋਵੇਂ, ਐਨੀ ਹਰਮਨਪਿਆਰੀ ਹੋ ਗਈ ਕਿ ਜਥੇਬੰਦੀ ਦਾ ਨਾਂ ਬਦਲਕੇ ਗ਼ਦਰ ਪਾਰਟੀ ਰੱਖਣ ਦਾ ਫ਼ੈਸਲਾ ਲਿਆ ਗਿਆ। ਗ਼ਦਰੀਆਂ ਨੇ, ਜਿਸ ਨਾਂ ਨਾਲ ਉਹ ਜਾਣੇ ਜਾਣ ਲੱਗੇ, ਆਪਣੀ ਮਾਂ-ਧਰਤੀ ਦੀ ਬੰਦ-ਖ਼ਲਾਸੀ ਲਈ ਹਥਿਆਰ ਤੇ ਸ਼ਬਦ ਦੋ ਸਾਧਨਾਂ ਦਾ ਸਹਾਰਾ ਲਿਆ। ਹਥਿਆਰਾਂ ਲਈ ਉਨ੍ਹਾਂ ਨੇ ਜਰਮਨੀ ਨਾਲ ਰਾਬਤਾ ਬਣਾਇਆ, ਜਿਸਨੇ 19ਵੀਂ ਦੇ ਆਖ਼ਰੀ ਹਿੱਸੇ ਵਿਚ ਕੌਮੀ ਏਕਤਾ ਹਾਸਲ ਕਰ ਲੈਣ ਤੋਂ ਬਾਅਦ ਏਸ਼ੀਆ ਅਤੇ ਅਫ਼ਰੀਕਾ ਵਿਚ ਆਪਣੇ ਅੰਦਰ ਬਸਤੀਆਂ ਦੀ ਲਾਲਸਾ ਪਾਲਣੀ ਸ਼ੁਰੂ ਕਰ ਦਿੱਤੀ ਸੀ। ਇਹ ਸਿਰਫ਼ ਅੰਗਰੇਜ਼ ਸਲਤਨਤ ਤੋਂ ਇਲਾਕੇ ਖੋਹਕੇ ਹੀ ਸੰਭਵ ਹੋ ਸਕਦਾ ਸੀ ਜਿਸ ਬਾਰੇ ਮੰਨਿਆ ਜਾਂਦਾ ਸੀ ਕਿ ਉਸਦੇ ਰਾਜ ਵਿਚ ਸੂਰਜ ਕਦੇ ਨਹੀਂ ਡੁੱਬਦਾ। ਇੰਞ ਜਰਮਨੀ ਅਤੇ ਇੰਗਲੈਂਡ ਦਰਮਿਆਨ ਜੰਗ ਕਦੇ ਵੀ ਲੱਗ ਸਕਦੀ ਸੀ। ਇਨ੍ਹਾਂ ਦੇ ਦੋ ਰਕੀਬ ਤਾਕਤਾਂ ਵਜੋਂ ਉਭਰਨ ਨਾਲ, ਇਨ੍ਹਾਂ ਦੇ ਆਪੋ ਆਪਣੇ ਇਤਹਾਦੀ ਵੀ ਇਨ੍ਹਾਂ ਦੀ ਧਿਰ ਬਣ ਗਏ। ਲਿਹਾਜ਼ਾ 20ਵੀਂ ਸਦੀ ਦੇ ਦੂਜੇ ਦਹਾਕੇ ਵਿਚ ਦੋਵਾਂ ਧਿਰਾਂ ਦਰਮਿਆਨ ਪਹਿਲੀ ਆਲਮੀ ਜੰਗ, ਜਿਵੇਂ ਇਹ ਇਹ ਜਾਣੀ ਜਾਂਦੀ ਹੈ, ਛਿੜ ਗਈ।

ਗ਼ਦਰੀਆਂ ਨੂੰ ਬਸਤੀਵਾਦੀ ਰਾਜ ਵਿਰੁੱਧ ਐਨਾ ਗੁੱਸਾ ਸੀ ਕਿ ਉਨ੍ਹਾਂ ਨੇ ਪਹਿਲੀ ਆਲਮੀ ਜੰਗ ਤੋਂ ਪਹਿਲਾਂ ਹੀ ਸਿੱਧੀ ਟੱਕਰ ਲਈ ਤਿਆਰੀਆਂ ਵਿੱਢ ਦਿੱਤੀਆਂ ਸਨ। ਉਹ ਜ਼ਿਆਦਾਤਰ ਪੰਜਾਬ ਤੋਂ ਸਨ ਜਿਸ ਨੂੰ ਮਹਿਜ਼ ਛੇ ਦਹਾਕੇ ਪਹਿਲਾਂ ਹੀ ਅੰਗਰੇਜ਼ਾਂ ਨੇ ਕਬਜ਼ੇ ਹੇਠ ਲਿਆ ਸੀ, ਉਨ੍ਹਾਂ ਵਿਚ ਇਸ ਕਾਰਜ ਨੂੰ ਹੱਥ ਲੈਣ ਦੀ ਸਿਆਸੀ ਚੇਤਨਾ ਨਹੀਂ ਸੀ। ਦੁਨੀਆ ਦੀ ਆਮ ਸੂਝ ਰੱਖਣ ਵਾਲੇ ਅਤੇ ਵਿਹਾਰਕ ਸਿਆਸਤ ਵਾਲੇ ਸਿਆਸੀ ਚਿੰਤਕ ਲਈ ਇਹ ਫ਼ੈਸਲਾ ਬਹੁਤ ਵਧਵਾਂ ਸੀ। ਪਰ ਉਨ੍ਹਾਂ ਨੇ ਆਪਣੀ ਮਾਂ-ਧਰਤੀ ਅਤੇ ਆਪਣੇ ਤਸੱਵਰ ਦੇ ਵਤਨ ਨਾਲ ਜੋ ਸੰਵਾਦ ਰਚਾਇਆ, ਉਸ ਵਿਚ ਉਹ ਆਪਣੇ ਬੀਤੇ ਇਤਿਹਾਸ ਨੂੰ ਲਾਹਣਤਾਂ

ਪਾਉਂਦਿਆਂ ਆਜ਼ਾਦੀ ਤੇ ਮੁਕਤੀ ਦੀ ਅਹਿਮੀਅਤ ਦੇ ਮੱਦੇਨਜ਼ਰ ਨਾ ਸਿਰਫ਼ ਆਪਣੀ ਮਾਂ-ਧਰਤੀ-ਕਮ-ਵਤਨ ਦੀ ਸਗੋਂ ਸਾਰੇ ਮੁਲਕਾਂ ਅਤੇ ਖਿੱਤਿਆਂ ਦੀ ਗੱਲ ਕਰਦੇ ਸਨ। ਆਖ਼ਿਰਕਾਰ, ਬਸਤੀਵਾਦੀ ਰਾਜ ਨੇ ਉਨ੍ਹਾਂ ਦੇ ਵਤਨ ਦੀ ਜ਼ਰੱਈ ਆਰਥਿਕਤਾ ਨੂੰ ਇੰਗਲੈਂਡ ਦੀ ਵਪਾਰਕ ਆਰਥਿਕਤਾ ਦੀ ਪਿਛਲੱਗ ਬਣਾਉਣ ਦੀ ਨੀਤੀ ਅਖ਼ਤਿਆਰ ਕੀਤੀ ਸੀ। ਇਸ ਨੇ ਪੰਜਾਬ, ਖ਼ਾਸ ਕਰਕੇ ਪੂਰਬੀ ਹਿੱਸੇ ਦੀ ਕਿਸਾਨੀ ਨੂੰ ਕੰਗਾਲ ਕਰ ਦਿੱਤਾ ਜਿਸ ਨਾਲ ਉਹ ਮੁੱਖ ਤੌਰ 'ਤੇ ਸਬੰਧਤ ਸਨ। ਜੱਟ ਸਿੱਖ ਪਰਿਵਾਰਾਂ ਦੀ ਇਹ ਔਲਾਦ ਜਾਂ ਖੇਤੀਬਾੜੀ ਨਾਲ ਸਜਿੰਦ ਰਿਸ਼ਤੇ 'ਚ ਬੱਝੀਆਂ ਜਾਤਾਂ 'ਚੋਂ ਇਹ ਮਨੁੱਖ ਫ਼ੌਜ ਵਿਚ ਭਰਤੀ ਹੋ ਕੇ ਜਾਂ ਪ੍ਰਵਾਸ ਕਰਕੇ ਹੀ ਆਪਣਾ ਗੁਜ਼ਾਰਾ ਚਲਾ ਸਕਦੇ ਸਨ। ਪ੍ਰਵਾਸ ਕਰਨ ਵਾਲਿਆਂ ਨੂੰ ਛੇਤੀ ਹੀ ਇਹ ਮਹਿਸੂਸ ਹੋ ਗਿਆ ਕਿ ਪਰਾਈ ਧਰਤੀ ਉਪਰ ਉਹ ਜਿਸ ਤਰ੍ਹਾਂ ਵੱਖੋ-ਵੱਖਰੀਆਂ ਪਾਬੰਦੀਆਂ ਤੋਂ ਪੀੜਤ ਸਨ ਉਨ੍ਹਾਂ ਦਾ ਸੰਤਾਪ ਉਸ ਗ਼ਰੀਬੀ ਤੋਂ ਵਧੇਰੇ ਸੀ ਜੋ ਉਨ੍ਹਾਂ ਨੂੰ ਆਪਣੇ ਵਤਨ ਵਿਚ ਝੱਲਣੀ ਪੈਂਦੀ ਸੀ। ਆਪਣੇ ਪੇਂਡੂ ਮਾਹੌਲ ਦੀ ਘਟ ਰਹੀ ਸੁਤੰਤਰਤਾ ਦੇ ਉਲਟ, ਪਰਾਈ ਧਰਤੀ 'ਤੇ ਜੋ ਨਿਰਭਰਤਾ ਉਨ੍ਹਾਂ ਦਾ ਮੁਕੱਦਰ ਬਣੀ, ਉਹ ਉਨ੍ਹਾਂ ਲਈ ਵਿਤਕਰਾ, ਫਿਟਕਾਰਾਂ ਅਤੇ ਪਰਾਇਆਪਣ ਲੈ ਕੇ ਆਈ। ਸਿਰਫ਼ ਸਿੱਧੇ ਵਾਹ ਤੋਂ ਹੀ ਨਹੀਂ ਸਗੋਂ ਅਸਿੱਧੀਆਂ ਸੈਨਤਾਂ ਤੋਂ ਵੀ ਉਨ੍ਹਾਂ ਨੂੰ ਅਹਿਸਾਸ ਹੋ ਗਿਆ ਕਿ ਇਹ ਕੁਲ ਜ਼ਿਆਦਤੀਆਂ ਉਨ੍ਹਾਂ ਦੇ ਵਿਸ਼ਾਲ ਵਤਨ ਦੇ ਇਕ ਨਿੱਕੇ ਜਹੇ ਯੂਰਪੀ ਟਾਪੂ ਦੀ ਬਸਤੀ ਹੋਣ ਦੇ ਜ਼ਲਾਲਤ ਭਰੇ ਤੱਥ ਦਾ ਸਿੱਟਾ ਸਨ। ਇਹ ਉਨ੍ਹਾਂ ਦੇ ਆਪਣੇ ਤਨਹਾ ਆਪੇ ਨਾਲ ਵਾਰਤਾਲਾਪ ਤਕ ਮਹਿਦੂਦ ਰੋਜ਼ੀ ਕਮਾਉਣ ਵਾਲੇ ਨਾ ਰਹਿਕੇ ਆਪਣਾ ਸਮੂਹਿਕ ਕਿਸਾਨ ਲੋਕਾਚਾਰ ਮੁੜ ਹਾਸਲ ਕਰਨ ਲਈ ਚੋਖੀ ਉਕਸਾਹਟ ਸੀ, ਜੋ ਉਨ੍ਹਾਂ ਦੇ ਪੁਰਖਿਆਂ ਵਲੋਂ 18ਵੀਂ ਸਦੀ ਵਿਚ ਮੁਗਲ ਹੁਕਮਰਾਨਾਂ ਵਿਰੁੱਧ ਲੜੇ ਯੁੱਧ ਦੇ ਸੂਰਬੀਰ ਇਤਿਹਾਸ ਨਾਲ ਭਰਪੂਰ ਸੀ। ਲਿਹਾਜ਼ਾ ਲੜਨ ਦੀ ਇੱਛਾ ਜਾਗੀ, ਹਥਿਆਰ ਦੀ ਭਾਲ ਸ਼ੁਰੂ ਹੋਈ ਅਤੇ ਹਥਿਆਰਾਂ ਦੀ ਤੁਰੰਤ ਸਪਲਾਈ ਲਈ ਜਰਮਨੀ ਨਾਲ ਇਕਰਾਰ ਹੋਇਆ। ਇਨ੍ਹਾਂ ਨੂੰ ਆਪਣੇ ਵਤਨ ਪਹੁੰਚਦੇ ਕਰਨਾ ਉਨ੍ਹਾਂ ਦੀ ਆਪਣੀ ਜ਼ਿੰਮੇਵਾਰੀ ਸੀ।

ਮੁੱਢ 'ਚ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਆਪਣੇ ਵਤਨ ਵਾਪਸ ਜਾਕੇ ਉਹ ਜੋ ਸਿੱਧੀ ਟੱਕਰ ਸ਼ੁਰੂ ਕਰਨ ਜਾ ਰਹੇ ਸਨ ਉਸ ਵਿਚ ਸ਼ਬਦ ਹਥਿਆਰਾਂ ਤੋਂ ਵੱਧ ਫ਼ੈਸਲਾਕੁਨ ਸਾਬਤ ਹੋਣਗੇ। ਪੰਜਾਬੀ ਲੋਕਧਾਰਾ ਅਤੇ ਉਨ੍ਹਾਂ ਦੇ ਆਪਣੇ ਲੋਕਾਂ ਦੇ 18ਵੀਂ ਸਦੀ ਦੇ ਇਤਿਹਾਸ ਤੋਂ ਉਨ੍ਹਾਂ ਨੂੰ ਯਕੀਨ ਹੋ ਗਿਆ ਸੀ ਕਿ ਦੂਰਗਾਮੀ ਤੌਰ 'ਤੇ, ਜੋ ਦਰਅਸਲ ਬਹੁਤ ਥੋੜ੍ਹਚਿਰਾ ਸਾਬਤ ਹੋਇਆ, ਉਹ ਸਿਰਫ਼ ਇਹ ਯੁੱਧਨੀਤੀ ਅਖ਼ਤਿਆਰ ਕਰਕੇ ਹੀ ਫ਼ਤਹਿ ਹਾਸਲ ਕਰ ਸਕਦੇ ਸਨ, ਜੋ ਹਠੀ ਅਤੇ ਬੇਤਹਾਸ਼ਾ ਦੋਵੇਂ ਸੀ। ਸੂਰਬੀਰਤਾ ਵਾਲੀਆਂ ਵਾਰਾਂ ਦੇ ਬੰਦਾਂ ਤੋਂ ਉਨ੍ਹਾਂ ਨੂੰ ਇਹ ਫੁਰਨਾ ਫੁਰਿਆ ਸੀ ਕਿ ਅਜਿਹੀ ਜੰਗ ਲੜਨ ਲਈ ਤਿਆਰੀਆਂ ਫਿਰ ਹੀ ਸੰਭਵ ਹੋ ਸਕਦੀਆਂ ਸਨ ਜੇ ਸ਼ਬਦ, ਇਨ੍ਹਾਂ ਨੂੰ ਵੱਧ ਅਹਿਮੀਅਤ ਦਿੱਤੇ ਜਾਣ ਦੀ ਰੁਚੀ 'ਚੋਂ, ਪ੍ਰੇਰਣਾ ਬਣਨ ਜਿਵੇਂ ਉਨ੍ਹਾਂ ਨੇ ਆਪਣੇ ਕਥਨਾਂ, ਬਿਰਤਾਂਤ ਅਤੇ ਸੰਵਾਦ ਜ਼ਰੀਏ ਆਪਣੇ ਪੁਰਖਿਆਂ ਪ੍ਰਤੀ ਵਚਨਬੱਧਤਾ ਦਿਖਾਈ ਸੀ। ਕਿੰਨਾ ਵਿਰੋਧਾਭਾਸੀ ਹੈ, ਸ਼ੁਰੂ 'ਚ ਉਨ੍ਹਾਂ ਨੂੰ ਭਰੋਸਾ ਸੀ ਕਿ

ਹਥਿਆਰਾਂ ਦੀ ਅਹਿਮੀਅਤ ਪ੍ਰਮੁੱਖ ਸੀ:

ਕਲਮ ਦੁਸ਼ਮਣ ਦਾ ਸੀਸ ਜੇ ਕਲਮ ਕਰਦੀ,
ਕੋਈ ਲਵੇ ਤਲਵਾਰ ਦਾ ਨਾਮ ਕਾਹਨੂੰ।

(ਗ਼ਦਰ ਲਹਿਰ ਦੀ ਕਵਿਤਾ, ਸਫ਼ਾ 162)

ਛੇਤੀ ਬਾਅਦ, ਭਾਵੇਂ ਨਾਲ ਦੀ ਨਾਲ ਨਹੀਂ, ਉਨ੍ਹਾਂ ਨੂੰ ਮਹਿਸੂਸ ਹੋ ਗਿਆ ਕਿ ਹਥਿਆਰ ਸਿਰਫ਼ ਸ਼ਬਦਾਂ ਵਲੋਂ ਵਿਸਫੋਟਕ ਬਣਾਈ ਹਾਲਤ ਵਿਚ ਹੀ ਫ਼ੈਸਲਾਕੁਨ ਸਾਬਤ ਹੋ ਸਕਦੇ ਸਨ। ਜਿਥੇ ਪਹਿਲਾਂ ਉਨ੍ਹਾਂ ਨੂੰ ਲਗਦਾ ਸੀ ਕਿ ਹਥਿਆਰਾਂ ਦੀ ਅਹਿਮੀਅਤ ਪ੍ਰਮੁੱਖ ਹੈ, ਹੁਣ ਉਨ੍ਹਾਂ ਨੂੰ ਮਹਿਸੂਸ ਹੋਇਆ ਕਿ ਪ੍ਰਮੁੱਖ ਅਹਿਮੀਅਤ ਕਵਿਤਾ ਅਤੇ ਵਾਰਤਕ ਵਿਚ ਇਸਤੇਮਾਲ ਕੀਤੇ ਸ਼ਬਦਾਂ ਦੀ ਹੈ:

ਕੀਤਾ ਕਲਮ ਨੇ ਕੰਮ ਹੈ ਤੋਪ ਵਾਲਾ,
ਜ਼ਾਲਮ ਰਾਜ ਦੀ ਨਿਓਂ ਹਲਾ ਦਿੱਤੀ

ਕਲਮ ਸਯਾਹੀ ਦੇ ਗ਼ਦਰ ਤੋਂ ਡਰਨ ਗੋਰੇ
ਨਹੀਂ ਨਿਕਲੀ ਤੇਗ਼ ਮਿਯਾਨ ਵਿਚੋਂ।

(ਗ਼ਦਰ ਲਹਿਰ ਦੀ ਕਵਿਤਾ, ਸਫ਼ਾ 118)

ਭਾਗ ੳ : ਕਵਿਤਾ

ਪੰਜਾਬ ਨੂੰ ਚਾਲੇ ਪਾਉਣ ਤੋਂ ਵੀ ਪਹਿਲਾਂ, ਗ਼ਦਰੀਆਂ ਨੇ ਮਹਿਸੂਸ ਕਰ ਲਿਆ ਸੀ ਕਿ ਜਰਮਨੀ ਉਨ੍ਹਾਂ ਨੂੰ ਹਥਿਆਰਾਂ ਨਾਲ ਲੈਸ ਨਹੀਂ ਕਰ ਸਕੇਗਾ। ਪਰ ਉਹ ਜੋ ਮਹਿਸੂਸ ਕਰਨ 'ਚ ਅਸਫ਼ਲ ਰਹੇ, ਜਿਸ ਲਈ ਉਨ੍ਹਾਂ ਦੇ ਉੱਘੇ ਆਗੂ ਹਰਦਿਆਲ ਨੂੰ ਵੀ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ, ਉਹ ਸੀ ਜਰਮਨੀ ਦੀ ਆਪਣੇ ਨੇੜਲੇ ਗੁਆਂਢੀ ਮੁਲਕਾਂ ਪ੍ਰਤੀ ਤਕੜਾਈ ਪਰ ਦੂਰ-ਦਰਾਜ ਦੇ ਇਤਹਾਦੀਆਂ ਦੀ ਮਦਦ ਕਰਨ 'ਚ ਕਮਜ਼ੋਰੀ ਦੀ ਦੁਬਿਧਾ। ਹੁਣ ਜਦੋਂ ਸ਼ਬਦਾਂ ਨੇ ਉਨ੍ਹਾਂ ਨੂੰ ਮੈਦਾਨ 'ਚ ਕੁੱਦਣ ਲਈ ਤਿਆਰ ਕਰ ਦਿੱਤਾ ਸੀ, ਇਸ ਦੀ ਅਹਿਮੀਅਤ ਨਹੀਂ ਸੀ ਕਿ ਉਨ੍ਹਾਂ ਕੋਲ ਹਥਿਆਰ ਹਨ ਜਾਂ ਨਹੀਂ ਜਿਨ੍ਹਾਂ ਦਾ ਇਕਰਾਰ ਜਰਮਨੀ ਨੇ ਕੀਤਾ ਸੀ। ਸਮੁੰਦਰ ਅਤੇ ਮੁਲਕ ਪਾਰ ਕਰਕੇ ਜਰਮਨਾਂ ਦੀ ਮਦਦ ਉਨ੍ਹਾਂ ਤਕ ਪਹੁੰਚਦੀ ਹੈ ਜਾਂ ਨਹੀਂ ਇਸ ਦੀ ਅਹਿਮੀਅਤ ਨਾ ਰਹੀ। ਕਵਿਤਾਵਾਂ ਅਤੇ ਵਾਰਤਕ ਲੇਖਾਂ ਦੀ ਰਚਨਾ 'ਚ ਜੁੱਟਿਆ *ਗ਼ਦਰ* ਅਖ਼ਬਾਰ ਹਥਿਆਰਾਂ ਦੀ ਅਣਹੋਂਦ 'ਚ ਵੀ ਉਨ੍ਹਾਂ ਅੰਦਰ ਉਤਸ਼ਾਹ ਅਤੇ ਜੋਸ਼ ਭਰਨ ਲਈ ਹਾਜ਼ਰ ਸੀ। ਉਨ੍ਹਾਂ ਦੇ ਦਿਲਾਂ ਵਿਚ ਅਖ਼ਬਾਰ ਲਈ ਇਸ ਤਰ੍ਹਾਂ ਦੀ ਤਹਿ-ਦਿਲੋਂ ਕਦਰ ਸੀ:

ਨਾਲ ਦਿਲੀ ਪ੍ਰੇਮ ਦੇ 'ਗ਼ਦਰ' ਪੜ੍ਹਨਾ,
ਇਹਦੇ ਨਾਲ ਹੀ ਬਚੇਗੀ ਜਾਨ ਸਾਡੀ।

ਠੀਕ 'ਗ਼ਦਰ' ਨੂੰ ਪੀੜ ਮਲੂਮ ਸਾਡੀ,
ਹੋਰ ਕਿਸੇ ਨੂੰ ਲਾਭ ਨਾ ਹਾਣ ਸਾਡੀ
ਬੇੜੀ ਜਾਵੰਦੀਸੀ ਰੁੜ੍ਹੀ ਵਿਚ ਸ਼ਹੁ ਦੇ,
ਫੜੀ 'ਗ਼ਦਰ ਮਲਾਹ ਨੇ ਆਣ ਸਾਡੀ।
ਸਾਨੂੰ ਗ਼ਦਰ ਨੇ ਆਣ ਕੇ ਖ਼ਬਰ ਦਿੱਤੀ,
ਖੇਤੀ ਖਾਵੰਦੀ ਜਾਂਵਦੀ ਬਾੜ ਸਾਡੀ।
ਓਏਸ ਗ਼ਦਰ ਦਾ ਕੋਈ ਨਾ ਮੁਲ ਯਾਰੋ,
ਦਿਤੀ, 'ਗ਼ਦਰ' ਨੇ ਅਖ ਉਘਾੜ ਸਾਡੀ
ਪਿਆ ਜਾਪਦਾ ਕਰੇਗਾ ਤੁਰਤ ਰਾਜੀ,
ਫੜੀ ਗ਼ਦਰ ਹਕੀਮ ਨੇ ਨਾੜ ਸਾਡੀ।

(ਗ਼ਦਰ ਲਹਿਰ ਦੀ ਕਵਿਤਾ, ਸਫ਼ਾ 92)

ਇਹ ਬੰਦ ਗ਼ਦਰ ਪ੍ਰੇਮ ਸਿਰਲੇਖ ਵਾਲੀ ਇਕ ਲੰਮੀ ਕਵਿਤਾ ਦਾ ਨਮੂਨਾ ਹੈ ਜੋ ਅਖ਼ਬਾਰ ਦੇ ਤੀਜੇ ਅੰਕ ਵਿਚ ਛਪੀ ਸੀ। ਪਲੇਠਾ ਅੰਕ ਪਹਿਲੀ ਦਸੰਬਰ 1913 ਨੂੰ ਜਾਰੀ ਕੀਤਾ ਗਿਆ ਸੀ ਅਤੇ ਓਦੋਂ ਤੋਂ ਹੀ ਇਸ ਨੂੰ ਉਤਸ਼ਾਹਜਨਕ ਹੁੰਗਾਰਾ ਮਿਲਣਾ ਸ਼ੁਰੂ ਹੋ ਗਿਆ ਸੀ। ਸਮਰੱਥਾਵਾਨ ਨਿਭਾਅ ਤੋਂ ਰਹਿਤ ਇਹ ਲੰਮੀ ਕਵਿਤਾ ਦੁਹਰਾਓ ਅਤੇ ਉਹੀ ਗੱਲ ਵਾਰ-ਵਾਰ ਕਹਿਣ ਨਾਲ ਭਰੀ ਹੋਈ ਸੀ। ਮੁਕੰਮਲ ਕਵਿਤਾ ਵਿੱਚੋਂ ਲਏ ਇਹ ਬੰਦ ਮੁਕਾਬਲਤਨ ਇਕ ਗੁੰਦਵੀਂ ਰਚਨਾ ਬਣਦੇ ਹਨ, ਜੋ ਦਰਸਾਉਂਦੇ ਹਨ ਕਿ ਅਖ਼ਬਾਰ ਵਿਚ ਛਪਣ ਵਾਲੀ ਸਮੱਗਰੀ ਪਾਠਕਾਂ ਦੇ ਦਿਲੋ-ਦਿਮਾਗਾਂ ਨੂੰ ਐਨਾ ਕਿਉਂ ਟੁੰਬਦੀ ਸੀ। ਕਸ਼ਿਸ਼ ਦਾ ਮੂਲ ਨੁਕਤਾ ਇਹ ਸੀ ਕਿ ਇਸ ਕਵਿਤਾ ਦਾ ਪਾਠ, ਅਰਥ-ਸੰਭਾਵਨਾ ਦੇ ਲਿਹਾਜ਼ ਨਾਲ ਬਾਕੀਆਂ ਦਾ ਵੀ, ਉਸ ਪੀੜ ਨੂੰ ਘਟਾਉਂਦਾ ਸੀ ਜੋ ਅਮਰੀਕਾ ਵਿਚ ਉਜਰਤੀ ਕਾਮਿਆਂ ਵਜੋਂ ਮੁਸ਼ੱਕਤ ਕਰਦਿਆਂ ਅਤੇ ਆਪਣੇ ਆਪ ਨਾਲ ਸੰਵਾਦ ਰਚਾਉਂਦਿਆਂ ਉਨ੍ਹਾਂ ਨੇ ਸਹੇੜ ਲਈ ਸੀ। ਉਸ ਪੀੜ ਨੂੰ ਹੰਢਾਉਂਦੇ ਹੋਏ ਜਿਊਣਾ ਦਿਲ ਤੋੜਨ ਵਾਲਾ ਸੀ ਜਿਸ ਨਾਲ ਉਹ ਬੇਵਸ ਤੇ ਗ਼ੁਲਾਮ ਮਹਿਸੂਸ ਕਰਦੇ ਸਨ। ਅਖ਼ਬਾਰ ਨੇ ਉਨ੍ਹਾਂ ਦੀ ਪੀੜ ਨੂੰ ਜ਼ੁਬਾਨ ਹੀ ਨਹੀਂ ਦਿੱਤੀ ਸਗੋਂ ਇਸ 'ਤੇ ਕਾਬੂ ਪਾਉਣ ਦੇ ਕਾਬਲ ਵੀ ਬਣਾ ਦਿੱਤਾ ਸੀ। ਇਸ ਤੋਂ ਛੁਟਕਾਰਾ ਪਾਉਣ ਦੀ ਜਾਗਰੂਕਤਾ ਬੀਮਾਰੀ 'ਤੇ ਕਾਬੂ ਪਾ ਲੈਣ ਵਾਂਗ ਸੀ। ਇਸ ਛੁਟਕਾਰੇ ਨਾਲ ਉਹ ਆਪਣੀ ਮਾਂ-ਧਰਤੀ ਨੂੰ ਬਦੇਸ਼ੀ ਜੂਲੇ ਤੋਂ ਮੁਕਤ ਕਰਾਉਣ ਦੀ ਵੰਗਾਰ ਨਾਲ ਮੱਥਾ ਲਾਉਣ ਦੇ ਸਮਰੱਥ ਹੋ ਗਏ। ਇੰਞ ਉਹ ਇਕ-ਵਚਨ "ਮੈਂ" ਤੋਂ ਬਹੁਵਚਨ "ਅਸੀਂ" ਦੀ ਪੱਧਰ ਤਕ ਉੱਚੇ ਉੱਠੇ ਮਹਿਸੂਸ ਕਰਨ ਲੱਗੇ ਜਿਨ੍ਹਾਂ ਵਿਚ ਆਪਣੇ ਵਤਨ ਦੀ ਸਰਜ਼ਮੀਨ ਉਪਰ ਵਿੱਢੀ ਜਾਣ ਵਾਲੀ ਮੁਕਤੀ ਦੀ ਜੰਗ ਵਿਚ ਜੂਝਣ ਦੀ ਦ੍ਰਿੜਤਾ ਸੀ। ਇਸ ਭਾਵਨਾ ਦਾ ਇਜ਼ਹਾਰ ਇਨ੍ਹਾਂ ਬੋਲਾਂ ਵਿਚ ਹੋਇਆ:

"ਬੜੀ ਦੂਰ ਦਰਾਜ ਤਕ ਨਜ਼ਰ ਮਾਰੀ,
ਲੱਭੀ ਮਰਜ਼ ਫਰੰਗੀ ਸਰਕਾਰ ਸਾਨੂੰ।"

" 'ਦੁਖੀ' ਮਿਟਨ ਵਾਲੇ ਦਾਗ ਨਹੀਂ ਸਾਡੇ,
ਕੱਢੇ ਸੁਖਨ ਜਵਾਨੋਂ ਨਿਭਾ ਦਿਆਂਗੇ।"

ਇੰਵ, ਜੋ ਬੰਦ ਦਿੱਤਾ ਗਿਆ ਹੈ ਉਸ ਦਾ ਝੁਕਾਅ ਗੁੰਦਵੇਂ ਰੂਪ 'ਚ ਭਾਵਨਾਵਾਂ ਦੇ ਇਜ਼ਹਾਰ ਦਾ ਵਿਸ਼ਾ-ਵਸਤੂ ਬਣਨ ਦਾ ਸੀ। ਜਿਸ ਪੂਰੀ ਕਵਿਤਾ ਦਾ ਇਹ ਹਿੱਸਾ ਸੀ ਉਹ ਐਸਾ ਪ੍ਰਵਚਨ ਸੀ ਜਿਸ ਵਿਚ ਇਕਸੁਰਤਾ ਦੀ ਬਜਾਏ ਜੁੜਵਾਂਪਣ ਭਾਰੂ ਸੀ। ਅੰਤਰ-ਸਬੰਧਤ ਹੁੰਦੇ ਹੋਏ ਵੀ ਟੈਕਸਟ ਅਤੇ ਪ੍ਰਵਚਨ ਇਸ ਅਰਥ 'ਚ ਵੱਖੋ-ਵੱਖਰੇ ਹਨ ਕਿ ਵਿਸ਼ਾ-ਵਸਤੂ ਚੋਣ ਇਸਤੇਮਾਲ ਕਰਕੇ ਗੁਣਵੱਤਾ ਲੋੜਦਾ ਹੈ ਜਦੋਂਕਿ ਪ੍ਰਵਚਨ ਸਬੰਧਤਾ ਅਤੇ ਸਮੂਹਿਕਤਾ ਉਪਰ ਜ਼ੋਰ ਦਿੰਦੇ ਹੋਏ ਮਾਤਰਾ ਪਿੱਛੇ ਭੱਜਦਾ ਹੈ। ਵਿਸ਼ਾ-ਵਸਤੂ ਲਈ ਦੁਹਰਾਓ ਅਤੇ ਵਾਰ-ਵਾਰ ਉਹੀ ਗੱਲ ਕਹਿਣਾ ਧਿਰਕਾਰ ਹੈ ਪਰ ਪ੍ਰਵਚਨ ਲਈ ਇਹ ਸਪਸ਼ਟ ਜ਼ਰੂਰਤ ਹਨ। ਇਨ੍ਹਾਂ ਉਪਰ ਜ਼ੋਰ ਦੇ ਕੇ ਹੀ ਪ੍ਰਵਚਨ ਗ਼ਦਰੀਆਂ ਦੀ ਬਸਤੀਵਾਦੀ ਰਾਜ ਵਿਰੁੱਧ ਲੜਨ ਦੀ ਦ੍ਰਿੜਤਾ ਦੀ ਵਾਜਬੀਅਤ ਨੂੰ ਸਥਾਪਤ ਕਰਨ ਦਾ ਕਾਰਜ ਨਿਭਾ ਸਕਦਾ ਸੀ। ਇੰਵ ਕਵਿਤਾਵਾਂ ਨੇ ਪ੍ਰਵਚਨ ਦਾ ਢੰਗ ਅਖ਼ਤਿਆਰ ਕਰ ਲਿਆ। ਇਸ ਨੂੰ ਵਿਸ਼ਾ-ਵਸਤੂ ਵਿਚ ਢਾਲਣਾ ਉਨ੍ਹਾਂ ਲਈ ਉਕਾ ਹੀ ਓਪਰਾ ਨਹੀਂ ਸੀ ਸਗੋਂ ਉਹ ਆਪਣੀਆਂ ਕਵਿਤਾਵਾਂ ਤੋਂ ਜੋ ਕੰਮ ਕਰਵਾਉਣਾ ਚਾਹੁੰਦੇ ਸਨ ਉਹ ਪ੍ਰਵਚਨ ਦੇ ਵਧੇਰੇ ਅਨੁਸਾਰੀ ਸੀ।

ਇਥੇ ਹੋਰ ਕਈ ਕਾਰਕ ਵੀ ਸਨ ਜਿਨ੍ਹਾਂ ਨੇ ਪ੍ਰਵਚਨ ਨੂੰ ਉਨ੍ਹਾਂ ਦੇ ਮਨੋਰਥ ਲਈ ਲਾਜ਼ਮੀ ਬਣਾਇਆ। ਮਿਸਾਲ ਵਜੋਂ, ਸੰਵਾਦਕਾਰ, ਵਕਤਾ, ਕਵਿਤਾ ਦੇ ਅੰਦਰੋਂ ਪ੍ਰਵਚਨ ਦਾ ਸੰਚਾਲਨ ਕਰਨ ਵਾਲੇ ਇਕਵਚਨ "ਮੈਂ" ਦੀ ਸ਼ਕਲ 'ਚ ਨਹੀਂ ਸੀ। ਇਹ ਜ਼ਿਆਦਾਤਰ ਬਹੁਵਚਨ ਵਿਚ "ਅਸੀਂ" ਦੀ ਸ਼ਕਲ 'ਚ ਸੀ। ਬਸਤੀਵਾਦੀ ਰਾਜ ਤੋਂ ਮਾਂ-ਧਰਤੀ ਦੀ ਮੁਕਤੀ ਸਬੰਧੀ ਕਿਥੇ, ਕਿਉਂ ਅਤੇ ਕਦੋਂ ਦੇ ਕਾਰਕਾਂ ਦੀ ਮਦਦ ਲੈ ਕੇ ਬੀਤਿਆ, ਵਰਤਮਾਨ ਅਤੇ ਭਵਿੱਖ ਸੰਵਾਦਕਾਰ ਨੂੰ ਖਿੱਚ ਦਾ ਕੇਂਦਰ ਬਣਾਉਂਦੇ ਸਨ। ਕਿਥੇ ਨਾਲ ਉਸਦੀ ਲਿਵ ਉਸ ਸੋਭਾ ਅਤੇ ਮਾਣ-ਇੱਜ਼ਤ ਲਈ ਦੁੱਖ ਜ਼ਾਹਰ ਕਰਦੀ ਹੈ ਜਿਸ ਦੀ ਮਾਂ-ਧਰਤੀ ਜ਼ਿੰਦਗੀ ਦੇ ਵੱਖੋ-ਵੱਖਰੇ ਖੇਤਰਾਂ ਵਿਚ ਹੱਕਦਾਰ ਸੀ। ਇੰਵ, ਸੰਤ, ਵਿਦਵਾਨ ਅਤੇ ਨਾਇਕ ਮੋਹਰਲੀ ਕਤਾਰ ਵਿਚ ਸਨ। ਸੰਵਾਦਕਾਰ ਵਾਰ-ਵਾਰ ਗੁਰੂ ਗੋਬਿੰਦ ਸਿੰਘ ਦੀ ਯਾਦ ਦਿਵਾਉਂਦਾ ਸੀ ਜਿਸ ਦੇ ਸੰਘਰਸ਼ ਨੇ ਪਵਿੱਤਰ ਕਾਜ ਦੀ ਗੌਰਵ ਅਤੇ ਸ਼ਾਨ ਨੂੰ ਬੁਲੰਦ ਕੀਤਾ। ਬੰਦਾ ਬਹਾਦਰ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਤਕ ਸਿੱਖ ਨਾਇਕ ਗੁਰੂ ਵਲੋਂ ਦਰਸਾਏ ਸੱਚੇ ਮਾਰਗ ਉਪਰ ਚੱਲੇ। ਰਾਣਾ ਪ੍ਰਤਾਪ ਅਤੇ ਸ਼ਿਵਾ ਜੀ ਮਾਂ-ਧਰਤੀ ਦੀ ਆਣ ਅਤੇ ਸ਼ਾਨ ਨੂੰ ਬੁਲੰਦ ਕਰਨ ਲਈ ਸੰਘਰਸ਼ ਕਰਨ ਵਿਚ ਪਿੱਛੇ ਨਾ ਰਹੇ। ਸੰਵਾਦਕਾਰ ਦਾ ਧਿਆਨ ਉਨ੍ਹਾਂ ਵੱਲ ਵੀ ਗਿਆ ਜਿਨ੍ਹਾਂ ਨੇ 19ਵੀਂ ਸਦੀ ਦੇ ਦਰਮਿਆਨ ਈਸਟ ਇੰਡੀਆ ਕੰਪਨੀ ਦੇ ਘਿਣਾਉਣੇ ਰਾਜ ਵਿਰੁੱਧ ਬਗ਼ਾਵਤ ਦਾ ਪਰਚਮ ਬੁਲੰਦ ਕੀਤਾ। ਆਪਣੇ ਸੰਘਰਸ਼ ਨੂੰ ਖੇਤਰੀ ਤੋਂ ਕੌਮੀ ਪੱਧਰ ਤਕ ਉੱਚਾ ਚੁੱਕਣ ਦਾ ਸਿਹਰਾ ਗ਼ਦਰੀਆਂ ਨੂੰ ਜਾਂਦਾ ਹੈ। ਸਭ ਤੋਂ ਸ਼ਾਨਾਮੱਤੀ ਮਿਸਾਲ ਰਾਣੀ ਝਾਂਸੀ ਨੇ ਕਾਇਮ ਕੀਤੀ ਸੀ। ਪੰਜਾਬੀਆਂ ਦੇ ਬਾਗ਼ੀਆਂ ਦੀ ਮਦਦ 'ਤੇ ਆਉਣ 'ਚ ਅਸਫ਼ਲ ਰਹਿਣ ਉਪਰ ਵੀ ਅਫ਼ਸੋਸ

ਜ਼ਾਹਰ ਕੀਤਾ ਗਿਆ ਸੀ। ਇਹ ਲਾਜ਼ਮੀ ਤੌਰ 'ਤੇ ਆਮ ਸੂਝ ਸੀ ਜਿਸ ਨੂੰ ਇਹ ਅਨੁਭਵ ਵਿਰਸੇ ਵਿਚ ਮਿਲਿਆ ਸੀ, ਭਾਵ ਖੇਤਰੀ ਸੋਚ ਦੀ ਬਜਾਏ ਕੌਮੀ ਆਜ਼ਾਦੀ ਦੇ ਕਾਜ ਨੂੰ ਬੁਲੰਦ ਕਰਨਾ। ਪੰਜਾਬੀ ਲੋਕਾਂ ਦੇ ਨਾਕਾਮ ਰਹਿਣ ਬਾਰੇ ਅਯੋਗ ਹੀ ਬੇਝਿਜਕ ਅਫ਼ਸੋਸ ਜ਼ਾਹਿਰ ਕੀਤਾ ਗਿਆ, ਜਦਕਿ ਇਸ ਦੇ ਉਲਟ ਕਈ ਕਾਰਨ ਗਿਣਾਏ ਜਾ ਸਕਦੇ ਸਨ। ਆਖ਼ਿਰਕਾਰ, ਬਾਕੀ ਮੁਲਕ 'ਚੋਂ ਭਰਤੀ ਕੀਤੇ ਫ਼ੌਜੀਆਂ ਨੇ ਸਿੱਖ ਰਾਜ ਨੂੰ ਖ਼ਤਮ ਕਰਨ 'ਚ ਅਹਿਮ ਭੂਮਿਕਾ ਨਿਭਾਈ ਸੀ, ਜੋ ਸਮੁੱਚੇ ਯੂਰਪ ਵਿਚ ਸ਼ਬਦ ਦੇ ਹਰ ਮਾਇਨੇ ਪੱਖੋਂ ਸੁਤੰਤਰ ਵਜੋਂ ਜਾਣਿਆ ਜਾਂਦਾ ਸੀ। ਸਾਬਕਾ ਸਿੱਖ ਫ਼ੌਜਾਂ ਨੂੰ ਬਗ਼ਾਵਤ ਦੇ ਹੱਕ 'ਚ ਖਿੱਚਣ ਲਈ, ਬਾਗ਼ੀਆਂ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਪੰਜਾਬ ਦਾ ਜਾਇਜ਼ ਹੁਕਮਰਾਨ ਐਲਾਨਣ ਦੀ ਕੋਈ ਲੋੜ ਨਹੀਂ ਸਮਝੀ ਜਿਸ ਦਾ ਰਾਜ ਖੋਹ ਲਿਆ ਗਿਆ ਸੀ। ਆਪੋ-ਆਪਣੇ ਖੇਤਰਾਂ ਵਿਚ, ਗੱਦੀਓਂ ਲੱਥੇ ਹੁਕਮਰਾਨਾਂ ਨੇ ਇਹ ਦਾਅਪੇਚ ਇਸਤੇਮਾਲ ਕੀਤਾ ਸੀ, ਇਹ ਮਹਿਸੂਸ ਕਰਕੇ ਕਿ ਇਹ ਲੋਕਾਂ ਨੂੰ ਉਨ੍ਹਾਂ ਦੇ ਪ੍ਰਭੂਸੱਤਾ ਦੇ ਦਾਅਵੇ ਦੇ ਹੱਕ 'ਚ ਖੜ੍ਹੇ ਕਰ ਦੇਵੇਗਾ। ਇੰਞ 1857 ਦੇ ਬਾਗ਼ੀ ਆਪਣੇ ਦਾਅਪੇਚਾਂ ਨੂੰ ਯੁੱਧਨੀਤੀ 'ਚ ਵਿਕਸਤ ਕਰਨ 'ਚ ਅਸਫ਼ਲ ਰਹੇ ਜੋ ਜਿੱਤ ਯਕੀਨੀ ਬਣਾਉਣ ਲਈ ਜ਼ਰੂਰੀ ਸੀ।

ਗ਼ਦਰੀ ਦਾਅਪੇਚਾਂ ਨਾਲੋਂ ਯੁੱਧਨੀਤੀ ਦੀ ਅਹਿਮੀਅਤ ਬਾਰੇ ਸੁਚੇਤ ਸਨ। ਇਹ ਕਵਿਤਾ ਦੇ ਅੰਦਰੋਂ ਸੰਵਾਦ ਦਾ ਸੰਚਾਲਨ ਕਰਨ ਵਾਲੇ ਸੰਵਾਦਕਾਰ ਜਾਂ ਵਕਤਾ ਵਜੋਂ "ਅਸੀਂ" ਨੂੰ ਬਹੁਵਚਨ ਵਿਚ ਇਸਤੇਮਾਲ ਕਰਨ ਲਈ ਆਮ ਰੂਪ 'ਚ ਉਨ੍ਹਾਂ ਦੇ ਮਨੋਵੇਗ ਤੋਂ ਪ੍ਰਤੱਖ ਸੀ। ਜਿਵੇਂ ਹੇਠ ਦਿੱਤਾ ਬੰਦ ਹੈ, ਇਸ ਤਰ੍ਹਾਂ ਦੇ ਕਥਨ ਉਨ੍ਹਾਂ ਵਲੋਂ ਬਹੁਤਾਤ 'ਚ ਪੇਸ਼ ਕੀਤੇ ਗਏ ਸਨ:

> ਖਾਤਰ ਵਤਨ ਦੀ ਚੜ੍ਹੇ ਹਾਂ ਫਾਂਸੀਆਂ ਤੇ,
> ਦੇਖ ਅਸਾਂ ਨੂੰ ਨਹੀਂ ਘਬਰਾ ਜਾਣਾ।
> ਮੌਤ ਅਸਾਂ ਦੀ ਜਿੰਦਗੀ ਕੌਮ ਦੀ ਹੈ,
> ਫ਼ਰਜ਼ ਆਪਦਾ ਅਸਾਂ ਨਿਭਾ ਜਾਣਾ।

ਦੋ ਕਵਿਤਾਵਾਂ ਵਿਚ ਇਸ ਰਵਾਇਤ ਤੋਂ ਹਟਵਾਂ ਸੰਬੋਧਨ ਵਰਤਿਆ ਗਿਆ ਸੀ। ਹਾਲਾਂਕਿ ਲਾਜ਼ਮੀ ਦੀ ਬਜਾਏ ਇਹ ਰਸਮੀ ਸੀ, ਇਹ ਉਥੇ ਵਰਤਿਆ ਗਿਆ ਸੀ ਜਿਵੇਂ *ਭਾਰਤ ਮਾਤਾ ਦੀ ਦੁਖੀ ਪੁਕਾਰ* ਹੈ। ਇਸ ਕਵਿਤਾ ਵਿਚ ਇਸਤਰੀ ਸੰਵਾਦਕਾਰ, ਮਾਂ-ਧਰਤੀ ਮਨੁੱਖੀ ਸ਼ਕਲ 'ਚ ਪੇਸ਼ ਹੋ ਕੇ, ਆਪਣੇ ਸਾਰੇ ਪੁੱਤਰਾਂ ਦਾ ਧਿਆਨ ਆਪਣੀ ਦੁਰਦਸ਼ਾ ਵੱਲ ਖਿੱਚਦੀ ਹੈ। ਜਾਤਪਾਤ ਅਤੇ ਧਾਰਮਿਕ ਅਕੀਦਿਆਂ ਤੋਂ ਉਪਰ ਉਹ ਉਸਦੇ ਦਿਲ ਦੇ ਇੱਕੋ ਜਿੰਨੇ ਨੇੜੇ ਹਨ। ਉਹ ਉਨ੍ਹਾਂ ਨੂੰ ਬਦੇਸ਼ੀ ਰਾਜ ਤੋਂ ਨਾਬਰ ਹੋਣ ਲਈ ਪੁਕਾਰਦੀ ਹੈ ਜੋ ਉਨ੍ਹਾਂ ਦੀ ਗ਼ਰੀਬੀ ਅਤੇ ਦੁਰਦਸ਼ਾ ਲਈ ਜ਼ਿੰਮੇਵਾਰ ਹੈ। ਲਿਹਾਜ਼ਾ ਬਸਤੀਵਾਦੀ ਹੁਕਮਰਾਨਾਂ ਨੂੰ ਆਪਣੀ ਸਰਜ਼ਮੀਨ ਤੋਂ ਕੁੱਟ ਦਬੱਲਣ ਦੀ ਅਤਿ ਜ਼ਰੂਰੀ ਲੋੜ ਸੀ। ਇੰਞ ਕਰਦੇ ਹੋਏ ਹੀ ਉਹ ਆਪਣੀ ਹੋਣੀ ਦੇ ਮਾਲਕ ਬਣ ਸਕਦੇ ਸਨ। ਪ੍ਰਦੇਸੀਂ ਵਸਦਿਆਂ ਨੂੰ ਵੀ ਇਸ ਸੰਘਰਸ਼ ਵਿਚ ਕੁੱਦਣ ਦੀ ਲੋੜ ਸੀ ਜੋ ਮੰਝਧਾਰ ਵਾਂਗ ਸਾਰਿਆਂ ਨੂੰ ਆਪਣੀ ਲਪੇਟ ਵਿਚ ਲੈਂਦਾ ਜਾ ਰਿਹਾ ਸੀ।

ਇਸ ਨੇਮ ਅਨੁਸਾਰ *ਗ਼ਦਰ* ਵਿਚ ਛਪਦੀਆਂ ਕਵਿਤਾਵਾਂ ਵਿਚ ਉਨ੍ਹਾਂ ਕਵੀਆਂ ਦੇ ਨਾਂ ਨਹੀਂ ਸੀ ਦਿੱਤੇ ਜਾਂਦੇ ਜਿਨ੍ਹਾਂ ਵਲੋਂ ਉਹ ਲਿਖੀਆਂ ਜਾਂਦੀਆਂ ਸਨ। ਬਹੁਤ ਸਾਰੇ ਗ਼ਦਰੀ, ਭਗਵਾਨ ਸਿੰਘ, ਹਰਨਾਮ ਸਿੰਘ ਟੁੰਡੀਲਾਟ, ਕਰਤਾਰ ਸਿੰਘ ਸਰਾਭਾ ਅਤੇ ਕਈ ਹੋਰ, ਕਾਵਿਕ ਰੁਚੀ ਵਾਲੇ ਸਨ। ਉਹ ਪੰਜਾਬ ਦੇ ਵੱਖੋ-ਵੱਖਰੇ ਖਿੱਤਿਆਂ ਤੋਂ ਸਨ, ਅਤੇ ਆਪੋ-ਆਪੀਆਂ ਖੇਤਰੀ ਖ਼ਾਸੀਅਤਾਂ ਅਨੁਸਾਰ ਕਵਿਤਾ ਜੋੜਨ 'ਚ ਉਨ੍ਹਾਂ ਦੀ ਭੂਮਿਕਾ ਪੂਰੀ ਤਰ੍ਹਾਂ ਪ੍ਰਤੱਖ ਸੀ। ਨਿਸ਼ਚੇ ਹੀ, ਉਨ੍ਹਾਂ ਦੀ ਚਾਹਤ ਫਰਜ਼ੀ ਨਾਂ ਹੇਠ ਲਿਖਣ ਦੀ ਸੀ। ਬਹੁਤ ਸਾਰੀਆਂ ਕਵਿਤਾਵਾਂ ਦੀਆਂ ਆਖ਼ਰੀ ਸਤਰਾਂ ਜਾਂ ਉਨ੍ਹਾਂ ਦੇ ਅਖ਼ੀਰ ਵਿਚ ਦਿੱਤੇ ਸੰਖੇਪ ਵੇਰਵਿਆਂ ਵਿਚ ਉਨ੍ਹਾਂ ਫਰਜ਼ੀ ਨਾਵਾਂ ਦਾ ਜ਼ਿਕਰ ਹੁੰਦਾ ਸੀ ਜੋ ਉਹ ਸ਼ੌਕ ਨਾਲ ਲਗਾਉਂਦੇ ਸਨ। 'ਪ੍ਰੀਤਮ', ਦੇਸ਼ ਪ੍ਰੇਮੀ, 'ਘਾਇਲ ਸੱਪ' ਦੁਖੀਆ ਅਤੇ ਜੀਉਂਦਾ ਸ਼ਹੀਦ ਆਦਿ ਫਰਜ਼ੀ ਨਾਂ ਉਹ ਅਕਸਰ ਇਸਤੇਮਾਲ ਕਰਦੇ ਸਨ। ਇਹ ਆਮ ਜਾਣਿਆ ਤੱਥ ਸੀ ਕਿ ਭਗਵਾਨ ਸਿੰਘ ਫਰਜ਼ੀ ਨਾਂ ਪ੍ਰੀਤਮ ਹੇਠ ਲਿਖਦਾ ਸੀ। ਗੁਰਦੁਆਰੇ ਦਾ ਗ੍ਰੰਥੀ ਰਿਹਾ ਹੋਣ ਕਾਰਨ ਉਹ ਗੁਰਬਾਣੀ ਅਤੇ ਸਿੱਖ ਸੂਰਬੀਰਾਂ ਦੀ ਸੂਰਮਗਤੀ ਦੀਆਂ ਕਹਾਣੀਆਂ ਦਾ ਚੰਗਾ ਗਿਆਤਾ ਸੀ। ਇਨ੍ਹਾਂ ਕਵਿਤਾਵਾਂ ਵਿਚ ਹੋਰਾਂ ਤੋਂ ਜ਼ਿਆਦਾ ਉਸਦੇ ਫਰਜ਼ੀ ਨਾਂ ਦਾ ਜ਼ਿਕਰ ਜ਼ਿਆਦਾ ਆਉਂਦਾ ਸੀ। ਇਸ ਤੋਂ ਇਹ ਸਮਝਿਆ ਜਾ ਸਕਦਾ ਹੈ ਕਿ ਉਹ ਕਵਿਤਾਵਾਂ ਨੂੰ ਮਾਂਜ-ਸੰਵਾਰਕੇ ਛਪਣ ਦੇ ਕਾਬਲ ਬਣਾਉਣ 'ਚ ਮਦਦ ਕਰਦਾ ਸੀ। ਪਹਿਲਾਂ ਉਨ੍ਹਾਂ ਨੂੰ ਵੱਖੋ-ਵੱਖਰੇ ਬੰਦੇ ਲਿਖਦੇ ਹੋਣਗੇ, ਜੋ ਉਸ ਵਲੋਂ ਨਜ਼ਰ ਮਾਰੇ ਜਾਣ ਤੋਂ ਬਾਅਦ ਛਾਪੀਆਂ ਗਈਆਂ ਹੋਣਗੀਆਂ। ਛਪੀਆਂ ਕਵਿਤਾਵਾਂ ਵਿਚ ਉਨ੍ਹਾਂ ਦਾ ਨਾਂ ਨਹੀਂ ਦਿੱਤਾ ਗਿਆ ਜਿਨ੍ਹਾਂ ਨੇ ਉਹ ਲਿਖੀਆਂ ਸਨ। ਕਵੀ ਦੀ ਨਿੱਜੀ ਪਛਾਣ ਨੂੰ ਲੁਕੋਣ ਦੇ ਦਾਅਪੇਚ ਨਾਲੋਂ ਇਹ ਪ੍ਰਵਚਨ ਨੂੰ ਸਾਂਝੇ ਯਤਨ ਵਜੋਂ ਦਰਸਾਉਣ ਦੀ ਯੁੱਧਨੀਤੀ ਸੀ ਭਾਵੇਂ ਕਿ ਭਗਵਾਨ ਸਿੰਘ, ਹਰਨਾਮ ਸਿੰਘ ਟੁੰਡੀਲਾਟ ਜਾਂ ਕਿਸੇ ਹੋਰ ਦੀ ਇਨ੍ਹਾਂ ਦਾ ਰੂਪ ਨਿਖਾਰਨ ਦੀ ਭੂਮਿਕਾ ਨੂੰ ਖਾਰਜ ਨਹੀਂ ਕੀਤਾ ਜਾ ਸਕਦਾ।

ਕਿਹੜਾ ਕਾਰਕ ਸੀ ਜਿਸਨੇ ਗ਼ਦਰੀਆਂ ਨੂੰ ਸੋਝੀ ਦਿੱਤੀ ਕਿ ਉਨ੍ਹਾਂ ਦੀ ਮਾਂ-ਧਰਤੀ ਦੇ ਦੁੱਖ ਅਤੇ ਮੁਸੀਬਤਾਂ ਦੀ ਵਜ੍ਹਾ ਕੀ ਸੀ। ਉਨ੍ਹਾਂ ਨੇ ਆਪਣੇ ਚਾਰ-ਚੁਫੇਰੇ ਦੀ ਜ਼ਿੰਦਗੀ 'ਤੇ ਨਜ਼ਰ ਮਾਰਕੇ ਦੇਖਿਆ ਕਿ ਕਿਸੇ ਨੂੰ ਵੀ ਮਾਂ-ਧਰਤੀ ਦੇ ਭਲੇ ਦੀ ਚਿੰਤਾ ਨਹੀਂ ਸੀ। ਰਾਜ-ਭਾਗ ਘਿਣਾਉਣੇ ਇਰਾਦੇ ਵਾਲੇ ਬਸਤੀਵਾਦੀ ਮਾਲਕਾਂ ਨੇ ਹਥਿਆ ਲਿਆ ਸੀ ਜਿਨ੍ਹਾਂ ਦੇ ਅੱਗੇ ਮੁੱਖ ਤੌਰ 'ਤੇ ਇੰਗਲੈਂਡ ਦੇ ਹਿੱਤ ਸਨ। ਸਮਾਜ ਕੰਗਾਲੀ ਦੀ ਜਿੱਲ੍ਹਣ ਵਿਚ ਧਸਿਆ ਹੋਇਆ ਸੀ, ਖ਼ਾਸ ਕਰਕੇ ਕਿਸਾਨ ਤੇ ਪਿੰਡਾਂ ਦੇ ਲੋਕ ਲਾਚਾਰ ਅਤੇ ਠੱਗੇ ਗਏ ਮਹਿਸੂਸ ਕਰਦੇ ਸਨ। ਉਨ੍ਹਾਂ ਨੂੰ *ਭੌਂਦੂ, ਬੌਣੇ, ਬੁਜ਼ਦਿਲ, ਜੁੱਲੀ ਚੱਕ* ਵਰਗੇ ਵਿਸ਼ੇਸ਼ਣਾਂ ਨਾਲ ਨਿਵਾਜਿਆ ਜਾਂਦਾ ਸੀ। ਲਾਚਾਰ ਅਤੇ ਠੱਗੇ ਗਏ ਇਨ੍ਹਾਂ ਪ੍ਰਾਣੀਆਂ ਵਿਚ ਇਸ ਤੋਂ ਵੱਖਰਾ ਅਮਲ ਕਰਨ ਦੀ ਤਾਕਤ ਨਹੀਂ ਸੀ। ਬਿੰਦ ਕੁ ਲਈ ਉਨ੍ਹਾਂ ਦੇ ਮਨਾਂ ਵਿਚ ਗੁੱਸੇ ਅਤੇ ਰੋਹ ਦਾ ਉਬਾਲ ਉੱਠਦਾ ਪਰ ਇਸਦਾ ਕੋਈ ਫ਼ਾਇਦਾ ਨਾ ਹੁੰਦਾ ਕਿਉਂਕਿ ਬਸਤੀਵਾਦੀ ਹੁਕਮਰਾਨ ਬਹੁਤ ਜ਼ੋਰਾਵਰ ਅਤੇ ਕਮੀਨੇ ਸਨ। ਬੇਵੱਸ ਅਤੇ ਠੱਗੇ ਗਏ ਇਨ੍ਹਾਂ ਲੋਕਾਂ ਨੂੰ ਲੱਗਦਾ ਸੀ ਉਹ *ਬਾਂਦਰ, ਪਾਪੀ, ਪਰਦੇਸੀ ਤੁਖ਼ਮ,*

ਜ਼ਹਿਰੀਲੇ ਸੱਪ ਅਤੇ ਸਫੇਦ ਜੋਕਰ ਹਨ। ਜੇ ਉਨ੍ਹਾਂ ਵਿਚ ਇਨ੍ਹਾਂ ਨਾਲ ਟੱਕਰ ਲੈਣ ਲਈ ਉਬਾਲ ਉੱਠਦਾ ਤਾਂ ਧਾਰਮਿਕ ਚੌਧਰੀ, ਸਰਕਾਰੀ ਨੌਕਰ ਅਤੇ ਪਿੰਡਾਂ ਦੇ *ਜ਼ੈਲਦਾਰ* ਤੇ *ਲੰਬੜਦਾਰ* ਉਨ੍ਹਾਂ ਨੂੰ ਡਰਾਕੇ ਚੁੱਪ ਕਰਾ ਦਿੰਦੇ। ਇਸ ਪੱਖੋਂ, ਮੰਦਿਰ, ਮਸਜਿਦ, ਗੁਰਦੁਆਰੇ ਲੋਕਾਂ ਦੀ ਜ਼ੁਬਾਨ ਬੰਦ ਕਰਨ ਅਤੇ ਉਨ੍ਹਾਂ ਨੂੰ ਅਧੀਨ ਬਣਾਈ ਰੱਖਣ ਲਈ ਇਕ ਦੂਜੇ ਤੋਂ ਅੱਗੇ ਹੋ ਕੇ ਕੰਮ ਕਰਦੇ ਸਨ।

ਗ਼ਦਰੀਆਂ ਨੇ ਸਮਝਾਇਆ ਕਿ ਜੇ ਪਰਾਈ ਸਰਜ਼ਮੀਨ ਉਪਰ ਵੀ ਸ਼ਾਨ ਅਤੇ ਸਵੈਮਾਣ ਨਾਲ ਜਿਊਣਾ ਹੈ ਤਾਂ ਬਸਤੀਵਾਦੀ ਹੁਕਮਰਾਨਾਂ ਨੂੰ ਆਪਣੀ ਮਾਂ-ਧਰਤੀ ਤੋਂ ਕੁੱਟਕੇ ਦਬੱਲਣਾ ਪਵੇਗਾ। ਉਹ ਉਨ੍ਹਾਂ ਦੇ ਰਿਣੀ ਸਨ ਜਿਨ੍ਹਾਂ ਦੇ ਪ੍ਰਭਾਵ ਨੇ ਉਨ੍ਹਾਂ ਨੂੰ ਜਥੇਬੰਦ ਹੋਣ ਅਤੇ ਹੋਸ਼ 'ਚ ਆਉਣ ਦੀ ਲੋੜ ਦਾ ਅਹਿਸਾਸ ਕਰਾਇਆ। ਇਸ ਸਬੰਧ 'ਚ, ਖ਼ਾਸ ਕਰਕੇ ਉਹ ਹਰਦਿਆਲ ਦੀ ਬਹੁਤ ਕਦਰ ਤੇ ਸਤਿਕਾਰ ਕਰਦੇ ਸਨ, ਐਨਾ ਮਹਾਂ ਵਿਦਵਾਨ ਜੋ ਉਨ੍ਹਾਂ ਵਿਚ ਆਕੇ ਰਹਿਣ ਲਈ ਮੇਹਰਬਾਨ ਹੋਇਆ ਸੀ, ਉਨ੍ਹਾਂ ਦੇ ਦੁੱਖ-ਸੁੱਖ ਦਾ ਸਾਂਝੀ ਸੀ ਅਤੇ ਜਿਸ ਨੇ ਉਨ੍ਹਾਂ ਨੂੰ ਆਪਣੀ ਮਾਂ-ਧਰਤੀ ਨੂੰ ਬਦੇਸ਼ੀ ਜੂਲੇ ਤੋਂ ਮੁਕਤ ਕਰਾਉਣ ਲਈ ਪ੍ਰੇਰਿਆ ਸੀ। ਲੜਾਈ ਦਾ ਬਿਗਲ ਕਵਿਤਾ ਦਾ ਇਹੀ ਭਾਵ ਹੈ ਜੋ ਅਮਰੀਕਾ ਵਿਚ ਆ ਕੇ ਉਸਦੇ ਰਹਿਣ ਦੀ ਜੈ-ਜੈ ਕਾਰ ਕਰਦੀ ਹੈ।

ਡੇਰਾ ਆਣ ਅਮਰੀਕਾ ਦੇ ਵਿਚ ਲਾਇਆ, ਹਰਿਦਿਆਲ ਹੋਰੀ ਮੇਹਰਬਾਨ ਹੋਏ।
ਪਾਜ ਖੋਲ੍ਹਿਆ ਕੁਲ ਫਰੰਗੀਆਂ ਦਾ, ਦਰਸ਼ਨ ਗ਼ਦਰ ਅਖ਼ਬਾਰ ਦੇ ਆਣ ਹੋਏ।
ਦਿੱਤੀ ਸਿਟ ਗੁਲਾਮੀ ਦੀ ਛੱਟ ਪਿਛਾਂ, ਜਦੋਂ ਸ਼ੇਰ ਨੂੰ ਆਪਣ ਗਿਆਨ ਹੋਏ।
ਅਸੀਂ ਦੇਸ਼ ਦਾ ਛੱਡ ਖਿਆਲ ਦਿੱਤਾ, ਤਾਹੀਓਂ ਦੋਸਤੋ ਕੰਮ ਵੈਰਾਨ ਹੋਏ।
ਗੋਰੇ ਗਲ ਕੀ ਅਸਾਂ ਦੇ ਹੈਨ ਅੱਗੇ, ਲੜਨ ਮਰਨ ਦੇ ਜਦੋਂ ਧਿਆਨ ਹੋਏ।
ਚਲੋ ਦੇਸ਼ ਨੂੰ ਚਲੀਏ ਜੁਧ ਕਰਨੇ, ਇਹੋ ਆਖਰੀ ਬਚਨ ਫਰਮਾਨ ਹੋਏ।
ਗਿਦੜ ਪਿਛਾਂਹ ਤੇ ਜਾਣਗੇ ਸ਼ੇਰ ਅਗੇ, ਜਦੋਂ ਬਿਗਲ ਲੜਾਈ ਦੇ ਆਣ ਹੋਏ।

(ਗ਼ਦਰ ਲਹਿਰ ਦੀ ਕਵਿਤਾ, ਸਫ਼ਾ 113)

ਇਹ ਕਵਿਤਾ ਗ਼ਦਰ ਦੇ 10 ਮਾਰਚ 1914 ਅੰਕ ਵਿਚ ਛਪੀ। ਅਗਲੇ ਮਹੀਨੇ ਦੇ ਦੂਜੇ ਅੰਕ ਵਿਚ ਇਕ ਲੰਮੀ ਕਵਿਤਾ ਦਿੱਤੀ ਗਈ ਸੀ, ਜੋ ਹਰਦਿਆਲ ਦੇ ਅਮਰੀਕਾ ਆ ਕੇ ਰਹਿਣ ਨਾਲ ਸਬੰਧਤ ਸੀ। *ਵੈਰੀ ਦਾ ਪਹਿਲਾ ਵਾਰ* ਸਿਰਲੇਖ ਵਾਲੀ ਇਹ ਕਵਿਤਾ ਇਕ ਬਹੁਤ ਹੀ ਅਹਿਮ ਘਟਨਾ ਬਾਬਤ ਸੀ। ਜਦੋਂ ਹਰਦਿਆਲ ਇਕ ਜਨਤਕ ਤਕਰੀਰ ਕਰਨ ਲਈ ਹਾਲ ਵਿਚ ਜਾਣ ਲੱਗਾ, ਤਾਂ ਉਸਨੂੰ ਉਸਦੀ ਗ੍ਰਿਫ਼ਤਾਰੀ ਦੇ ਵਾਰੰਟ ਲੈ ਕੇ ਆਏ ਕੁਝ ਪੁਲਸੀਆਂ ਨੇ ਘੇਰ ਲਿਆ। ਉਸ ਵਲੋਂ ਅਗਲੇ ਦਿਨ ਥਾਣੇ ਵਿਚ ਹਾਜ਼ਰ ਹੋਣ ਦਾ ਇਕਰਾਰ ਕਰਨ ਪਿੱਛੋਂ ਹੀ ਉਸ ਨੂੰ ਹਾਲ ਅੰਦਰ ਜਾਣ ਦਿੱਤਾ ਗਿਆ। ਜੋ ਕੁਝ ਹੋਇਆ ਸੀ ਉਸ ਨਾਲ ਹਿੱਲੇ ਹਰਦਿਆਲ ਨੇ ਇਕ ਯਾਦਗਾਰੀ ਤਕਰੀਰ ਕੀਤੀ। ਉਸਨੇ ਹਿੰਦੁਸਤਾਨ ਵਿਚ ਕੀਤੇ ਜਾ ਰਹੇ ਜ਼ੁਲਮ ਤਫ਼ਸੀਲ 'ਚ ਬਿਆਨ ਕੀਤੇ। ਉੱਥੇ ਹਾਜ਼ਰ ਸਰੋਤੇ ਉਸ ਦੀ ਭਾਸ਼ਨ-ਕਲਾ ਨਾਲ ਕੀਲੇ ਗਏ। ਜਦੋਂ ਉਸਨੇ ਜ਼ਿਕਰ ਕੀਤਾ ਕਿ ਹਾਲ ਦੇ ਦਰਵਾਜ਼ੇ ਉਪਰ ਕੀ ਹੋਇਆ ਸੀ ਤਾਂ ਲੋਕਾਂ ਨੂੰ ਰੋਹ ਚੜ੍ਹ ਗਿਆ।

ਹਰਦਿਆਲ ਦੇ ਸਿਰ 'ਤੇ ਮੰਡਲਾ ਰਹੇ ਗ੍ਰਿਫ਼ਤਾਰੀ ਦੇ ਖ਼ਤਰੇ ਨੇ ਉਨ੍ਹਾਂ ਵਿਚ ਜੋਸ਼ ਭਰ ਦਿੱਤਾ। ਉਹ ਹਿੰਦੁਸਤਾਨ ਜਾ ਕੇ ਬਸਤੀਵਾਦੀ ਰਾਜ ਵਿਰੁੱਧ ਲੜਨ-ਮਰਨ ਲਈ ਪਹਿਲਾਂ ਨਾਲੋਂ ਵੀ ਵੱਧ ਤਿਆਰ ਹੋ ਗਏ। ਇੰਞ ਧਮਕੀ ਦਾ ਅਸਰ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਉਮੀਦ ਦੇ ਉਲਟ ਹੋਇਆ। ਗ਼ਦਰ ਨੇ ਉਨ੍ਹਾਂ ਨੂੰ ਮਾਂ-ਧਰਤੀ ਅਤੇ ਪ੍ਰਦੇਸਾਂ ਵਿਚ ਆ ਵਸੇ ਲੋਕਾਂ ਨਾਲ ਜੋ ਸੰਵਾਦ ਰਚਾਉਣ ਦੇ ਕਾਬਲ ਬਣਾ ਦਿੱਤਾ ਸੀ ਇਹ ਮੋੜਾ ਉਸ ਦੀ ਬਦੌਲਤ ਸੀ। ਉਹ ਆਪਣੇ ਆਪ 'ਚ ਕੁੜਦੇ ਰਹਿਣ ਨੂੰ ਘ੍ਰਿਣਾ ਕਰਨ ਲੱਗੇ ਜੋ ਪਹਿਲਾਂ ਉਨ੍ਹਾਂ ਦੀ ਮਜਬੂਰੀ ਬਣਿਆ ਰਿਹਾ ਸੀ।

ਜਦੋਂ ਭਗਵਾਨ ਸਿੰਘ ਨੂੰ ਦੋ ਬਦਨਾਮ ਵਿਅਕਤੀਆਂ, ਜ਼ਾਲਮ ਹਾਪਕਿਨਸਨ ਅਤੇ ਗ਼ਦਾਰ ਬੇਲਾ ਸਿੰਘ, ਨੇ ਕੈਨੇਡਾ ਵਿਚ ਫੜ੍ਹ ਲਿਆ ਤਾਂ ਉਹ ਇਸ ਤੋਂ ਉਲਟ ਨਿਭਿਆ। ਉਸ ਦੀਆਂ ਮੁਸ਼ਕਾਂ ਬੰਨ੍ਹਕੇ ਉੱਥੋਂ ਕੱਢ ਦਿੱਤਾ ਗਿਆ। ਉਨ੍ਹਾਂ ਨੂੰ ਉਮੀਦ ਸੀ ਕਿ ਉਹ ਇਸ ਕੰਮ ਤੋਂ ਮੂੰਹ ਮੋੜ ਲਵੇਗਾ ਅਤੇ ਗ਼ਦਰੀਆਂ ਵਿਚ ਸ਼ਾਮਲ ਹੋਣ ਦੀ ਤਾਂਘ ਤਿਆਗ ਦੇਵੇਗਾ, ਇਸ ਦੇ ਉਲਟ ਉਹ ਕਿਵੇਂ ਨਾ ਕਿਵੇਂ ਯੁਗਾਂਤਰ ਆਸ਼ਰਮ ਜਾ ਪੁੱਜਾ ਅਤੇ ਫਿਰ ਉਹ *ਗ਼ਦਰ* ਕੱਢਣ ਵਿਚ ਇਕ ਅਹਿਮ ਭੂਮਿਕਾ ਨਿਭਾਏਗਾ। ਓਦੋਂ ਉਹ ਕਵਿਤਾਵਾਂ ਛਪਣੀਆਂ ਸ਼ੁਰੂ ਹੋਈਆਂ ਜਿਨ੍ਹਾਂ ਨੂੰ ਗ਼ਦਰੀ ਮੰਤਰ ਵਾਂਗ ਜਪਦੇ ਸਨ। ਉਨ੍ਹਾਂ ਵਿੱਚੋਂ ਸਭ ਤੋਂ ਯਾਦਗਾਰੀ ਕਰਤਾਰ ਸਿੰਘ ਸਰਾਭਾ ਦੀ ਮਨਪਸੰਦ ਸੀ। ਜਦੋਂ ਉਹ ਆਪਣੇ ਵਤਨ ਵਾਪਸ ਜਾ ਕੇ ਗ਼ਦਰ ਕਰਨ 'ਚ ਅਸਫ਼ਲ ਰਹੇ, ਤਾਂ ਉਨ੍ਹਾਂ ਨੇ ਪੱਛਮੀ ਸਰਹੱਦ ਪਾਰ ਕਰਕੇ ਬਚ ਨਿਕਲਣ ਦਾ ਫ਼ੈਸਲਾ ਕੀਤਾ। ਆਪਣੇ ਦੋ ਸਾਥੀਆਂ ਸਮੇਤ ਅਟਕ ਦਰਿਆ ਪਾਰ ਕਰਨ ਤੋਂ ਪਹਿਲਾਂ, ਉਸਨੇ ਇਹ ਕਵਿਤਾ ਗਾਈ। ਕਵਿਤਾ ਗਾਏ ਜਾਣ ਦਾ ਐਨਾ ਜਾਦੂਮਈ ਅਸਰ ਹੋਇਆ ਕਿ ਉਨ੍ਹਾਂ ਨੇ ਬਚ ਨਿਕਲਣ ਦਾ ਖ਼ਿਆਲ ਤਿਆਗ ਦਿੱਤਾ ਅਤੇ ਸੰਘਰਸ਼ ਮੁੜ ਵਿੱਢਣ ਲਈ ਪੰਜਾਬ ਵਾਪਸ ਆ ਗਏ। ਇਸ ਦੇ ਕੁਝ ਬੰਦ ਪੇਸ਼ ਹਨ:

ਸਿਰ ਦਿਤੇ ਬਾਝ ਨਹੀਂ ਕੰਮ ਸਰਨਾ।
ਯੁਧ ਵਿਚ ਪਵੇਗਾ ਜ਼ਰੂਰ ਮਰਨਾ।
ਪਾਵੋ ਲਲਕਾਰ ਸ਼ੇਰਾਂ ਵਾਂਗ ਗੱਜ ਕੇ।
ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ।

ਹੱਥ ਸ਼ਮਸ਼ੀਰ, ਕੁੱਦ ਪਓ ਮੈਦਾਨ ਜੀ।
ਮਾਰ ਮਾਰ ਵੈਰੀਆਂ ਦੇ ਲਾਹੋ ਘਾਣ ਜੀ।
ਵੈਰੀਆਂ ਦਾ ਆਓ ਲਹੂ ਪੀਏ ਰੱਜ ਕੇ।
ਬਣੀ ਸਿਰ ਸ਼ੇਰਾਂ ਦੇ, ਕੀ ਜਾਣਾ ਭੱਜ ਕੇ।

ਮਾਰ ਲਈਏ ਵੈਰੀ, ਮਰ ਜਾਈਏ ਆਪ ਜਾਂ।
ਕਾਇਰਤਾ, ਗਰੀਬੀ, ਮਟਿ ਜਾਏ ਤਾਪ ਜਾਂ।

ਪਾ ਲਈਏ ਸ਼ਹੀਦੇ, ਸਿੰਘ ਸ਼ੇਰ ਸੱਜ ਕੇ।
ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ।

ਰੱਖੋ ਨਾ ਫ਼ਿਕਰ ਵੀਰੋ ਮਰਨ-ਜੀਣ ਦੀ।
ਧਾਰੋ ਨੀਤ ਵੈਰੀਆਂ ਦਾ ਲਹੂ ਪੀਣ ਦੀ।
'ਜਾਨ ਨਾ ਪਿਆਰੀ' ਮੂਹੋਂ ਬੋਲੋ ਗੱਜ ਕੇ।
ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ।

(ਗ਼ਦਰ ਲਹਿਰ ਦੀ ਕਵਿਤਾ, ਸਫ਼ਾ 90)

ਤੀਜਾ ਕਾਰਕ ਬਸਤੀਵਾਦੀ ਰਾਜ ਦੇ ਖ਼ਾਤਮੇ ਤੋਂ ਬਾਅਦ ਦੀ ਸਮਾਜੀ ਅਤੇ ਸਿਆਸੀ ਜ਼ਿੰਦਗੀ ਨਾਲ ਸਬੰਧਤ ਸੀ। ਜੰਗ ਛੇੜਨ ਦੇ ਉਨ੍ਹਾਂ ਦੇ ਦ੍ਰਿੜ ਇਰਾਦੇ ਨੂੰ ਦਰਸਾਉਂਦੇ ਆਸ਼ਾਵਾਦ ਨੇ ਇਹ ਕਲਪਨਾ ਕੀਤੀ ਸੀ ਕਿ ਫਿਰ ਹਿੰਦੁਸਤਾਨ ਦੇ ਸਾਰੇ ਲੋਕ ਖ਼ੁਸ਼ਹਾਲ ਅਤੇ ਜਾਗਰੂਕ ਹੋਣਗੇ, ਕੋਈ ਜਾਤਪਾਤ ਅਤੇ ਮਜ਼੍ਹਬ, ਇਲਾਕੇ ਅਤੇ ਜਮਾਤ ਦਾ ਭੇਦਭਾਵ ਨਹੀਂ ਹੋਵੇਗਾ। ਮੁਲਕ ਦੀ ਕੁਲ ਦੌਲਤ ਇਸ ਦੇ ਹੱਥ ਹੋਵੇਗੀ ਜੋ ਸਾਰੇ ਲੋਕਾਂ, ਨੌਜਵਾਨਾਂ ਅਤੇ ਬਜ਼ੁਰਗਾਂ, ਮਰਦਾਂ ਅਤੇ ਔਰਤਾਂ ਦੀ ਜ਼ਿੰਦਗੀ ਦੀ ਬਿਹਤਰੀ ਲਈ ਖ਼ਰਚੀ ਜਾਵੇਗੀ। ਪਲੇਗ, ਹੈਜ਼ਾ ਅਤੇ ਤਪਦਿਕ ਵਰਗੀਆਂ ਮਹਾਂਮਾਰੀਆਂ ਦਾ ਸਫ਼ਾਇਆ ਹੋ ਜਾਵੇਗਾ ਜੋ ਆਮ ਲੋਕਾਂ ਲਈ ਸਰਾਪ ਬਣੀਆਂ ਹੋਈਆਂ ਸਨ। ਸਮਾਜੀ ਬਰਾਬਰੀ ਤੇ ਸਿਆਸੀ ਭਾਈਚਾਰੇ ਦਾ ਬੋਲਬਾਲਾ ਹੋਵੇਗਾ ਅਤੇ ਧਰਮਨਿਰਪੱਖਤਾ ਨਾਲ ਫਿਰਕੂ ਤੇ ਮਜ਼੍ਹਬੀ ਝਗੜੇ ਅਲੋਪ ਹੋ ਜਾਣਗੇ।

ਕਵਿਤਾਵਾਂ ਜੋੜਨ ਲਈ ਉਨ੍ਹਾਂ ਵਲੋਂ ਅਪਣਾਈ ਜ਼ੁਬਾਨ ਤੇ ਸ਼ੈਲੀ ਤੋਂ ਝਲਕਦਾ ਭੋਲਾਪਣ ਸਮੱਸਿਆ ਦੀ ਇਕ ਮਿਸਾਲ ਸੀ। ਮਿਸਾਲ ਵਜੋਂ, ਉਨ੍ਹਾਂ ਦੀ ਜ਼ੁਬਾਨ ਇਕ ਪਾਸੇ ਉਰਦੂ ਤੋਂ ਲਏ ਲਫ਼ਜ਼ਾਂ ਅਤੇ ਦੂਜੇ ਪੰਜਾਬੀ ਲਿੱਪੀ ਦਾ ਮਿਲਗੋਭਾ ਸੀ। ਇਜ਼ਹਾਰ ਅਤੇ ਸੰਚਾਰ ਦੀ ਪ੍ਰਮਾਣਿਕਤਾ ਦੀ ਬਜਾਏ, ਇਹ ਰਵਾਇਤ ਅਤੇ ਸਹੂਲਤ ਸੀ ਜਿਸ ਵਿੱਚੋਂ ਉਨ੍ਹਾਂ ਨੇ ਇਹ ਰਚਨਾ-ਵਿਧੀ ਅਖ਼ਤਿਆਰ ਕੀਤੀ ਜੋ ਕਵੀਸ਼ਰੀ ਨਾਲ ਜ਼ਿਆਦਾ ਇਕਸੁਰ ਸੀ। ਇਸੇ ਤਰ੍ਹਾਂ, ਰਵਾਇਤੀ ਮਾਪਦੰਡਾਂ ਤੋਂ ਖੁੱਲ੍ਹ ਲੈ ਕੇ ਉਹ ਇਕ-ਵਚਨਾਂ ਤੋਂ ਗ਼ਲਤ ਬਹੁਵਚਨ ਬਣਾਉਂਦੇ ਰਹੇ ਅਤੇ ਗ਼ੈਰਮੁਨਾਸਬ ਢੰਗ ਨਾਲ ਕਿਰਿਆਵਾਂ, ਕਿਰਿਆ-ਵਿਸ਼ੇਸ਼ਣ, ਪੂਰਵਸਰਗ ਅਤੇ ਸੰਯੋਜਕ ਇਸਤੇਮਾਲ ਕਰਦੇ ਰਹੇ। ਕਈ ਵਾਰ ਤਾਂ ਤੁਕਬੰਦੀ ਪ੍ਰਤੀਬਿੰਬ ਅਤੇ ਸਵੈ-ਪ੍ਰਤੀਬਿੰਬ ਦੇ ਬੋਝ ਹੇਠ ਕੀਤੀ ਹੋਣ ਦੀ ਬਜਾਏ ਕਾਹਲੀ ਵਿਚ ਤੁਕਬੰਦੀ ਦੀ ਖ਼ਾਤਰ ਹੀ ਕੀਤੀ ਜਾਪਦੀ ਹੈ। ਇਸ ਸਭ ਕਾਸੇ ਦੇ ਬਾਵਜੂਦ, ਇਹ ਕਵਿਤਾਵਾਂ ਪੰਜਾਬੀ ਕਵਿਤਾ ਵਿਚ ਇਕ ਇਤਿਹਾਸਕ ਅਹਿਮੀਅਤ ਰੱਖਦੀਆਂ ਹਨ। ਇਹ ਉਸ ਕਵਿਤਾ ਦੀ ਸੁਰਸੰਗਤੀ ਵਾਲੀਆਂ ਹਨ ਜੋ ਕੁਲੀਨ ਕਵੀਆਂ ਭਾਈ ਵੀਰ ਸਿੰਘ, ਪੂਰਨ ਸਿੰਘ, ਧਨੀ ਰਾਮ ਚਾਤ੍ਰਿਕ ਵਗੈਰਾ ਨੇ ਧਾਰਮਿਕ, ਅਧਿਆਤਮਵਾਦੀ ਅਤੇ ਰਹੱਸਵਾਦੀ ਵਿਸ਼ਿਆਂ ਉਪਰ ਲਿਖੀ। ਜ਼ਾਹਰਾ ਤੌਰ 'ਤੇ, ਉਨ੍ਹਾਂ ਦੀਆਂ ਕਵਿਤਾਵਾਂ ਵਿਚ

ਸੰਵਾਦਕਾਰ ਬਹੁਵਚਨ ਵਿਚ "ਅਸੀਂ" ਦੀ ਬਜਾਏ ਇਕਵਚਨ ਵਿਚ "ਮੈਂ" ਸੀ। ਬੀਤੇ ਨਾਲ ਮੋਹ ਦੇ ਉਲਟ ਜੋ ਵਰਤਮਾਨ ਅਤੇ ਬੀਤੇ ਦੇ ਅਨੁਸਾਰੀ ਹੋਣਾ ਚਾਹੀਦਾ ਹੈ, ਗ਼ਦਰੀਆਂ ਦੀ ਲਿਵ ਵਰਤਮਾਨ ਵਿਚ ਲੱਗੀ ਹੋਈ ਸੀ ਅਤੇ ਆਲਚੋਨਾਤਮਕ ਭਾਵਨਾ ਨਾਲ ਬੀਤੇ ਤੋਂ ਪ੍ਰੇਰਣਾ ਲੈ ਕੇ ਉਨ੍ਹਾਂ ਨੇ ਆਪਣੀ ਇੱਛਾ ਅਤੇ ਪਸੰਦ ਮੁਤਾਬਕ ਭਵਿੱਖ ਨੂੰ ਢਾਲਣ ਦਾ ਦ੍ਰਿੜ ਇਰਾਦਾ ਧਾਰ ਲਿਆ ਸੀ। ਜੇ ਸਾਹਿਤਕ ਆਲੋਚਕਾਂ ਅਤੇ ਉਨ੍ਹਾਂ ਤੋਂ ਪਿੱਛੋਂ ਦੇ ਪਾਠਕਾਂ ਨੂੰ ਗ਼ਦਰੀਆਂ ਦੇ ਇਸ ਕਾਵਿ ਵਿਚ ਅਜਿਹੀ ਅਹਿਮੀਅਤ ਨਜ਼ਰ ਨਹੀਂ ਆਈ ਤਾਂ ਇਹ ਗ਼ਦਰੀਆਂ ਦਾ ਦੋਸ਼ ਬਿਲਕੁਲ ਨਹੀਂ ਹੈ।

ਭਾਗ ਦੂਜਾ: ਵਾਰਤਕ

ਕਵਿਤਾਵਾਂ ਤੋਂ ਇਲਾਵਾ, ਗ਼ਦਰ ਵਿਚ ਵਾਰਤਕ ਰਚਨਾਵਾਂ ਵੀ ਦਿੱਤੀਆਂ ਜਾਂਦੀਆਂ ਸਨ। ਆਮ ਤੌਰ 'ਤੇ ਦੋ ਸਫ਼ੇ ਕਵਿਤਾਵਾਂ ਲਈ ਅਤੇ ਬਾਕੀ ਛੇ ਸਫ਼ੇ ਵੰਨ-ਸੁਵੰਨੀ ਵਾਰਤਕ ਲਈ ਰਾਖਵੇਂ ਹੁੰਦੇ ਸਨ। ਵਿਸਤਾਰੀ ਲੇਖ ਦੇ ਪੂਰਕ ਵਜੋਂ ਕਈ ਛੋਟੀਆਂ-ਛੋਟੀਆਂ ਵਾਰਤਕ ਲਿਖਤਾਂ ਦਿੱਤੀਆਂ ਜਾਂਦੀਆਂ ਸਨ। ਜੋ ਬਸਤੀਵਾਦੀ ਨਿਜ਼ਾਮ ਦੀ ਪੋਲ ਖੋਲ੍ਹਦੀਆਂ ਸਨ। ਲੋਕਾਂ ਨਾਲ ਕੀਤੀਆਂ ਜਾਂਦੀਆਂ ਧੱਕੇਸ਼ਾਹੀਆਂ ਅਤੇ ਨਾਲ ਹੀ ਲੋਕਾਂ ਵਲੋਂ ਇਸ ਦੇ ਖ਼ਿਲਾਫ਼ ਪ੍ਰਗਟਾਏ ਰੋਸ ਦਾ ਨੋਟਿਸ ਲਿਆ ਜਾਂਦਾ ਸੀ। ਹਿੰਦੁਸਤਾਨੀ ਲੋਕਾਂ ਦੀ ਕੀਮਤ 'ਤੇ ਇੰਗਲੈਂਡ ਨੂੰ ਖ਼ੁਸ਼ਹਾਲ ਬਣਾਉਣ ਲਈ ਅੰਗਰੇਜ਼ ਬਸਤੀਵਾਦ ਵਲੋਂ ਜੋ ਕੀਤਾ ਗਿਆ ਉਸ ਬਾਰੇ ਜ਼ੋਰਦਾਰ ਫ਼ਿਕਰਮੰਦੀ ਜ਼ਾਹਰ ਕੀਤੀ ਜਾਂਦੀ ਸੀ, ਇਸ ਤੱਥ ਤੋਂ ਪੂਰੀ ਤਰ੍ਹਾਂ ਬੇਪ੍ਰਵਾਹ ਹੋ ਕੇ ਕਿ ਬਸਤੀਵਾਦੀ ਸਲਤਨਤ ਦੀ ਹੋਂਦ ਉਨ੍ਹਾਂ ਦੀਆਂ ਕੁਰਬਾਨੀਆਂ 'ਤੇ ਮੁਨੱਸਰ ਸੀ ਜੋ ਹਿੰਦੁਸਤਾਨ ਦੇ ਵੱਖੋ-ਵੱਖਰੇ ਖਿੱਤਿਆਂ, ਖ਼ਾਸ ਕਰਕੇ ਪੰਜਾਬ ਤੋਂ ਭਰਤੀ ਕੀਤੇ ਗਏ ਸਨ। ਏਸ਼ੀਆ, ਯੂਰਪ ਅਤੇ ਲਾਤੀਨੀ ਅਮਰੀਕਾ ਦੇ ਵੱਖੋ-ਵੱਖਰੇ ਮੁਲਕਾਂ ਦੇ ਨੌਜਵਾਨਾਂ ਦੇ ਬਹਾਦਰੀ ਭਰੇ ਕਾਰਨਾਮਿਆਂ ਦੀਆਂ ਮਿਸਾਲਾਂ ਦੇ ਕੇ ਆਪਣੀ ਮਾਂ-ਧਰਤੀ ਅਤੇ ਵਤਨ ਦੇ ਨੌਜਵਾਨਾਂ ਨੂੰ ਉਨ੍ਹਾਂ ਦੀ ਰੀਸ ਕਰਨ ਦੇ ਸੱਦੇ ਦਿੱਤੇ ਜਾਂਦੇ। ਇਸ ਦਾ ਮਤਲਬ ਸੀ ਬਸਤੀਵਾਦ ਵਿਰੋਧੀ ਸੰਘਰਸ਼ ਨੂੰ ਕੌਮਾਂਤਰੀ ਭਵਿੱਖ-ਨਕਸ਼ਾ ਦੇਣਾ, ਜੋ ਆਜ਼ਾਦੀ ਘੁਲਾਟੀਆਂ ਲਈ ਪ੍ਰੇਰਨਾ ਅਤੇ ਰਾਹ-ਦਰਸਾਵਾ ਬਣ ਸਕੇ।

ਇੰਞ ਵਾਰਤਕ ਲਿਖਤਾਂ ਨੇ ਉਸੇ ਕੰਮ ਨੂੰ ਬਲ ਬਖ਼ਸ਼ਿਆ ਜੋ ਕਵਿਤਾਵਾਂ ਦੀ ਖਾਹਸ਼ ਸੀ। ਤੁਲਨਾਤਮਕ ਤੌਰ 'ਤੇ ਕਹਿਣਾ ਹੋਵੇ, ਤਾਂ ਕਵਿਤਾ ਵਿਚ ਸ਼ਬਦ ਵ੍ਰਾਰਤਕ ਤੋਂ ਵੱਖਰਾ ਕੰਮ ਕਰਦੇ ਹਨ ਪਰ ਇਸ ਵਖਰੇਵੇਂ ਨੂੰ ਨਿਰਪੇਖ ਨਹੀਂ ਮੰਨਿਆ ਜਾ ਸਕਦਾ। ਕਵਿਤਾ ਵਿਚ, ਉਨ੍ਹਾਂ ਦਾ ਕੰਮ ਪਾਠਕਾਂ ਅਤੇ ਸਰੋਤਿਆਂ ਦੇ ਮਨਾਂ ਉਪਰ ਜ਼ਬਰਦਸਤ ਪ੍ਰਭਾਵ ਪਾਉਣ ਲਈ ਭਾਵਨਾਵਾਂ ਤੇ ਜਜ਼ਬਿਆਂ ਨੂੰ ਸਪਸ਼ਟ ਰੂਪ 'ਚ ਬਿਆਨ ਕਰਨਾ ਹੁੰਦਾ ਹੈ। ਇਸ ਮਨੋਰਥ ਲਈ, ਸ਼ਬਦਾਂ ਨੂੰ ਛੰਦਬੰਦੀ ਅਨੁਸਾਰ ਸੁਰਤਾਲ ਰੂਪ ਦਿੱਤਾ ਜਾਂਦਾ ਹੈ। ਵਾਰਤਕ ਵਿਚ, ਉਹ ਖ਼ਿਆਲਾਂ ਅਤੇ ਵਿਚਾਰਾਂ ਨੂੰ ਵਿਸਤਾਰ 'ਚ ਬਿਆਨ ਕਰਦੇ ਹਨ, ਜੋ ਅਖਾਣਾਂ, ਮੁਹਾਵਰਿਆਂ, ਵਾਕ-ਅੰਸ਼ਾਂ, ਵਰਨਣ ਅਤੇ ਬਿਰਤਾਂਤ ਦੇ ਢੰਗਾਂ ਅਤੇ ਪ੍ਰਤੱਖ ਜਾਂ ਨੀਮ-ਪ੍ਰਤੱਖ ਅਤੇ ਅਪ੍ਰਤੱਖ ਜਾਂ ਨੀਮ-

ਅਪ੍ਰਤੱਖ ਵਰਨਣ ਜ਼ਰੀਏ ਵਾਜਬ ਅਤੇ ਯਥਾਰਥ ਵਜੋਂ ਪੇਸ਼ ਹੁੰਦੇ ਹਨ। ਕਵਿਤਾ ਅਤੇ ਵਾਰਤਕ ਦਰਮਿਆਨ ਇਹ ਨਿਖੇੜਾ ਮੁਕਾਬਲਤਨ ਹੈ ਲੇਕਿਨ ਨਿਰਪੇਖ ਨਹੀਂ। *ਗ਼ਦਰ* ਵਿਚ ਇਸ ਦਾ ਇਹ ਨਿਖੇੜਾ ਵਾਰਤਕ ਲਿਖਤਾਂ ਦੇ ਅਧਿਐਨ ਤੋਂ ਸਪਸ਼ਟ ਹੋ ਜਾਂਦਾ ਹੈ। ਕਵਿਤਾਵਾਂ ਦੀ ਤਰ੍ਹਾਂ ਹੀ, ਵਾਰਤਕ ਲਿਖਤਾਂ ਵੀ ਉਨ੍ਹਾਂ ਦਾ ਨਾਂ ਦਿੱਤੇ ਬਗ਼ੈਰ ਬੇਨਾਮ ਛਪਦੀਆਂ ਰਹੀਆਂ ਜਿਨ੍ਹਾਂ ਨੇ ਉਨ੍ਹਾਂ ਨੂੰ ਮੁਕੰਮਲ ਰੂਪ 'ਚ ਜਾਂ ਅੰਸ਼ਕ ਤੌਰ 'ਤੇ ਲਿਖਿਆ ਹੋਵੇਗਾ। ਇਹ ਖ਼ੁਫ਼ੀਆ ਏਜੰਸੀਆਂ ਤੋਂ ਇਨ੍ਹਾਂ ਦੇ ਲੇਖਕਾਂ ਦੀ ਪਛਾਣ ਲੁਕੋਣ ਦੀ ਮਨਸ਼ਾ ਨਾਲ ਅਖ਼ਤਿਆਰ ਕੀਤਾ ਦਾਅਪੇਚ ਨਹੀਂ ਸੀ ਜੋ ਬਸਤੀਵਾਦੀ ਮਾਲਕਾਂ ਦੇ ਇਸ਼ਾਰੇ 'ਤੇ, ਜਿਨ੍ਹਾਂ ਦੀ ਕੈਨੇਡਾ ਵਿਚ ਪੁੱਗਤ ਸੀ, ਅਮਰੀਕਾ ਵਿਚ ਕੰਮ ਕਰਦੇ ਗ਼ਦਰੀਆਂ ਉਪਰ ਘੋਖਵੀਂ ਨਜ਼ਰ ਰੱਖ ਰਹੇ ਸਨ। ਯੁੱਧਨੀਤੀ ਵਜੋਂ, ਇਸ ਦੀ ਮਨਸ਼ਾ ਵਾਰਤਕ ਲਿਖਤਾਂ ਵਿਚ ਲਏ ਜਾਣ ਵਾਲੇ ਮੁੱਦਿਆਂ ਸਬੰਧੀ ਵਿਚਾਰਾਂ ਦੀ ਏਕਤਾ ਉਪਰ ਜ਼ੋਰ ਦੇਣਾ ਸੀ। ਕਹਿਣ ਦੀ ਲੋੜ ਨਹੀਂ, ਉਹ ਇਸ ਵਿਚ ਬਹੁਤ ਕਾਮਯਾਬ ਸਨ। ਸਿਰਫ਼ ਹਰਦਿਆਲ ਦੇ ਲੇਖ ਹੀ ਉਸ ਦੇ ਨਾਂ ਹੇਠ ਛਪਦੇ ਸਨ, ਜੋ ਮੌਲਿਕ ਰੂਪ 'ਚ ਉਸ ਵਲੋਂ ਉਰਦੂ ਜਾਂ ਅੰਗਰੇਜ਼ੀ ਵਿਚ ਲਿਖੇ ਜਾਂਦੇ ਅਤੇ ਫਿਰ ਅਨੁਵਾਦ ਕਰਕੇ ਛਾਪੇ ਜਾਂਦੇ ਸਨ। ਕਾਰਨ ਇਹ ਹੋ ਸਕਦਾ ਹੈ ਕਿ ਇਹ ਬੌਧਿਕ ਸੁਭਾਅ ਦੇ ਸਨ ਜੋ ਦਾਰਸ਼ਨਿਕ ਜਾਵੀਏ ਤੋਂ ਸਭਿਆਚਾਰਕ, ਸਮਾਜੀ ਅਤੇ ਧਾਰਮਿਕ ਮੁੱਦਿਆਂ ਦੀ ਚਰਚਾ ਕਰਦੇ ਸਨ। ਉਸਦਾ ਬੌਧਿਕ ਹੱਠ, ਜਿਸਦੀ ਥਾਂ ਉਸਦੀਆਂ ਅਰਾਜਕਤਾਵਾਦੀ-ਕਮ-ਨਿਖੇਧਵਾਦੀ ਰੁਚੀਆਂ ਨੇ ਲੈ ਲਈ, ਉਨ੍ਹਾਂ ਨੂੰ ਪੜ੍ਹਨ 'ਤੇ ਪੂਰੀ ਤਰ੍ਹਾਂ ਸਪਸ਼ਟ ਹੋ ਜਾਂਦਾ ਹੈ। ਗ਼ਦਰੀਆਂ ਦੇ ਦੇਸ਼ਭਗਤ ਕਾਜ ਨੂੰ ਸਿੱਧੇ ਤੌਰ 'ਤੇ ਅੱਗੇ ਵਧਾਉਣ ਦੀ ਬਜਾਏ ਉਹ ਲੇਖ ਅਸਿੱਧੇ ਤੌਰ 'ਤੇ ਉਨ੍ਹਾਂ ਦੀ ਸਮਝ ਅਤੇ ਜਾਗਰੂਕਤਾ ਦੇ ਦਾਇਰੇ ਅਤੇ ਦਿਸਹੱਦੇ ਨੂੰ ਚੌੜਾ ਕਰਦੇ ਸਨ। ਹਰਦਿਆਲ ਨੂੰ ਆਪਣੀ ਸਾਦਾ ਜ਼ਿੰਦਗੀ ਅਤੇ ਉੱਚੀ ਸੋਚ ਨਾਲ ਜੋ ਕਦਰ ਤੇ ਮਾਣ-ਤਾਣ ਹਾਸਲ ਹੋਇਆ ਸੀ, ਇਹ ਉਸ ਵਿਚ ਹੋਰ ਵਾਧਾ ਕਰਦੇ ਸਨ। ਗ਼ਦਰੀਆਂ ਲਈ ਉਹ ਤਪੱਸਵੀ ਤਬੀਅਤ ਵਾਲਾ ਗਹਿਰ-ਗੰਭੀਰ ਵਿਦਵਾਨ ਸੀ।

ਪੰਜ ਲੇਖ *ਗ਼ਦਰ* ਦੇ ਵੱਖ-ਵੱਖ ਲੇਖਾਂ ਵਿਚ ਛਪੇ ਅਤੇ ਛੇਵਾਂ *ਗ਼ਦਰ-ਗੂੰਜਾਂ* ਸਿਰਲੇਖ ਵਾਲੇ ਇਕ ਕਿਤਾਬਚੇ ਦੀ ਸ਼ਕਲ 'ਚ ਛਾਪਿਆ ਗਿਆ। ਪੰਜਾਬੀ ਛਾਪ ਲਈ ਇਨ੍ਹਾਂ ਦਾ ਅਨੁਵਾਦ ਕੀਤਾ ਗਿਆ ਪਰ ਅਨੁਵਾਦਕ ਦਾ ਨਾਂ ਨਹੀਂ ਦੱਸਿਆ ਗਿਆ। ਉਹ ਕੋਈ ਵੀ ਸੀ, ਉਸਨੇ ਸੱਚੀਓਂ ਹੀ ਆਪਣਾ ਕੰਮ ਬਾਖ਼ੂਬੀ ਕੀਤਾ। ਜੇ ਉਸ ਵਲੋਂ ਕੋਈ ਵਾਕ-ਬਣਤਰ ਬਦਲੀ ਗਈ, ਕੋਈ ਗੁਰਬੰਦੀ ਹਟਾਈ ਗਈ ਅਤੇ ਕੋਈ ਹਿੱਸਾ ਕੱਟਿਆ ਗਿਆ ਤਾਂ ਇਸ ਨੇ ਉਨ੍ਹਾਂ ਦੀ ਅਰਾਜਕਤਾਵਾਦੀ-ਕਮ-ਨਿਖੇਧਵਾਦੀ ਸੁਰ ਅਤੇ ਭਾਵ ਨਾਲ ਕੋਈ ਅਨਿਆਂ ਨਹੀਂ ਕੀਤਾ। ਜੇ ਅਨੁਵਾਦ ਦਾ ਇਹ ਕੰਮ ਕਰਤਾਰ ਸਿੰਘ ਸਰਾਭਾ ਨੇ ਕੀਤਾ ਸੀ, ਜਿਵੇਂ ਕਿ ਆਮ ਤੌਰ 'ਤੇ ਵਿਸ਼ਵਾਸ ਕੀਤਾ ਜਾਂਦਾ ਸੀ, ਫਿਰ ਇਹ ਭਰਵੇਂ ਤੌਰ 'ਤੇ ਸਪਸ਼ਟ ਹੋ ਜਾਂਦਾ ਹੈ ਕਿ ਉਸ ਕੋਲ ਨਾ ਸਿਰਫ਼ ਬਸਤੀਵਾਦੀ ਹੁਕਮਰਾਨਾਂ ਵਿਰੁੱਧ ਲੜਨ ਦੀ ਜੁਗਤੀ ਸੂਝ ਸੀ ਸਗੋਂ ਗ਼ਦਰ ਦੇ ਪਾਠਕਾਂ ਤੱਕ ਇਸ ਦੀ ਅਹਿਮੀਅਤ ਅਤੇ ਭਾਵ ਦਾ ਸੰਚਾਰ ਕਰਨ ਦੀ ਭਾਸ਼ਾਈ ਸੂਝ ਵੀ ਸੀ। ਸੰਭਵ ਹੈ ਕਿ ਹਰਦਿਆਲ ਵਲੋਂ ਇਸ ਵਿਚ ਮਦਦ ਕੀਤੀ ਗਈ, ਪਰ ਇਸ ਨਾਲ ਕਿਸੇ ਵੀ ਤਰ੍ਹਾਂ ਉਸ ਦੀ

ਮੁਹਾਰਤ ਨਹੀਂ ਘਟਦੀ ਜੋ ਉਸਨੇ ਇਸ ਮੁਸ਼ਕਲ ਪਰ ਕਾਬਲੇ-ਤਾਰੀਫ਼ ਕਾਰਜ ਨੂੰ ਨਿਭਾਉਣ 'ਚ ਦਿਖਾਈ।

ਸਮੁੱਚੇ ਇਤਿਹਾਸ ਦੌਰਾਨ ਕਿਸਾਨ ਨੂੰ ਮੁੱਫਕਦੀਮੀਂ ਹਾਲਤ 'ਚ ਸਰਾਪੇ ਹੋਏ ਸਮੂਹ ਵਜੋਂ ਲੈਂਦਿਆਂ, ਪਹਿਲੇ ਲੇਖ ਵਿਚ ਸਮੁੱਚੇ ਸਮਾਜੀ ਢਾਂਚੇ ਨੂੰ ਘੋਰ ਲੁੱਟਖਸੁੱਟ ਦੇ ਸਾਧਨ ਵਜੋਂ ਦਿਖਾਇਆ ਗਿਆ। ਕੁਲ ਦੌਲਤ ਕਿਸਾਨ ਪੈਦਾ ਕਰਦਾ ਸੀ, ਪਰ ਇਸ ਨੂੰ ਅੱਯਾਸ਼ੀ ਵਿਚ ਗ਼ਲਤਾਨ ਹੁਕਮਰਾਨਾਂ ਅਤੇ ਸਿਆਸੀ-ਕਮ-ਪ੍ਰਸ਼ਾਸਨਿਕ ਪ੍ਰਬੰਧ ਵਲੋਂ ਆਪਣੀ ਅੱਯਾਸ਼ੀ ਲਈ ਉਡਾਇਆ ਜਾ ਰਿਹਾ ਸੀ। ਮੁਲਕ ਵਿਚ ਹਰ ਪਾਸੇ ਐਨੀ ਬੇਰੁੱਖੀ ਦਾ ਆਲਮ ਸੀ ਕਿ ਇਸ ਨੂੰ ਰੋਕਣ ਦੀ ਕੋਈ ਤਰਕੀਬ ਨਹੀਂ ਸੀ ਸੁੱਝ ਰਹੀ। ਕਹਾਣੀਆਂ, ਟੂਕਾਂ, ਦੋਹਿਆਂ ਅਤੇ ਕਹਾਵਤਾਂ ਦੇ ਭਰਪੂਰ ਇਸਤੇਮਾਲ ਨਾਲ ਲੇਖ ਆਪਣੇ ਦ੍ਰਿਸ਼ਟਾਂਤਕ ਭਾਵ ਨੂੰ ਬਾਖ਼ੂਬੀ ਪ੍ਰਗਟਾਉਂਦਾ ਸੀ। ਇਤਿਹਾਸਕ ਸੋਝੀ ਨੂੰ ਹੋਰ ਅਮੀਰ ਨਾ ਬਣਾਉਣ ਦੇ ਬਾਵਜੂਦ, ਲੇਖ ਨੈਤਿਕ ਰੋਹ ਦੀ ਭਾਵਨਾ ਨੂੰ ਪ੍ਰਚੰਡ ਕਰਦਾ ਸੀ, ਭਾਵ ਉਸ ਕਾਜ ਦੀ ਸੇਵਾ ਕਰਦਾ ਸੀ ਜਿਸ ਨੂੰ ਗ਼ਦਰੀਆਂ ਨੇ ਨੇੜ-ਭਵਿੱਖ ਵਿਚ ਅੰਜਾਮ ਦੇਣ ਦੀ ਠਾਣ ਰੱਖੀ ਸੀ। ਇਸ ਦੀ ਸਾਰਥਿਕਤਾ ਅਤੇ, ਜੇ ਇਹ ਖਾੜਕੂ ਕਾਰਵਾਈ ਦਾ ਰੂਪ ਅਖ਼ਤਿਆਰ ਨਹੀਂ ਕਰਦਾ, ਤਾਂ ਇਸ ਦੇ ਅਧੂਰਾ ਹੋਣ ਉੱਪਰ ਕੇਂਦਰਤ ਦੂਜਾ ਲੇਖ ਅਖ਼ਬਾਰ ਨੂੰ ਸਮਰਪਿਤ ਸੀ। ਇਸ ਦੀ ਸ਼ੁਰੂਆਤ ਇਕ ਸੂਝਵਾਨ ਟਿੱਪਣੀ ਨਾਲ ਇਹ ਕਹਿਕੇ ਕੀਤੀ ਗਈ ਕਿ ਅਖ਼ਬਾਰ ਦੀ ਭੂਮਿਕਾ ਕਿਤਾਬ ਤੋਂ ਬਹੁਤ ਵੱਡੀ ਸੀ, ਇਹ ਗਿਆਨ ਦੇ ਆਧੁਨਿਕੀਕਰਨ ਅਤੇ ਜਮਹੂਰੀਕਰਨ ਦਾ ਸਾਧਨ ਸੀ। ਆਪਣੀ ਦਲੀਲ ਨੂੰ ਸਾਬਤ ਕਰਨ ਲਈ, ਲੇਖ ਨੇ *ਗ਼ਦਰ* ਦੀ ਭੂਮਿਕਾ ਨੂੰ ਸਲਾਹਿਆ ਜਿਸਨੇ ਆਪਣੇ ਪਾਠਕਾਂ ਨੂੰ "ਗ਼ੁਲਾਮੀ ਦਾ ਖ਼ਾਤਮਾ" ਲਈ ਚੁਕੰਨੇ ਕਰਕੇ "ਅਮ੍ਰਿਤ ਦੇ ਬਾਟੇ" ਦਾ ਕੰਮ ਕੀਤਾ ਸੀ। ਇਥੇ ਹੀ ਨਾ ਰੁਕਕੇ, ਲੇਖ ਨੇ ਦਾਅਵੇ ਨਾਲ ਕਿਹਾ ਕਿ ਸ਼ਬਦਾਂ, ਇਸ ਅਖ਼ਬਾਰ ਦੇ ਸ਼ਬਦ ਵੀ, ਦਾ ਹਥਿਆਰਾਂ ਨਾਲ ਕੋਈ ਮੁਕਾਬਲਾ ਨਹੀਂ। ਇਸ ਲਿਹਾਜ਼ ਨਾਲ, ਹੇਠ ਦਿੱਤਾ ਬਿਆਨ ਇਕ ਮੰਤਰ ਵਜੋਂ ਲਏ ਜਾਣ ਦਾ ਹੱਕਦਾਰ ਹੈ:

"ਜੋ ਆਦਮੀ ਕਿਸੇ ਗ਼ੁਲਾਮ ਨੂੰ ਹਥਿਆਰ ਦਿੰਦਾ ਹੈ, ਉਹ ਸਭ ਤੋਂ ਵੱਡਾ ਪੁੰਨ ਦਾ ਕੰਮ ਕਰਦਾ ਹੈ। ਇਹ ਦਾਨ ਸਭ ਤੋਂ ਅੱਛਾ ਦਾਨ ਹੈ। ....ਇਸ ਦਾਨ ਪਿੱਛੇ ਜਾਨ ਭੀ ਚਲੀ ਜਾਵੇ ਤਾਂ ਪ੍ਰਵਾਹ ਨਹੀਂ ਕਰਨੀ ਚਾਹੀਦੀ ਕਿਉਂਕਿ ਜਿਸ ਨੇ ਗ਼ੁਲਾਮ ਦੇ ਹੱਥ ਵਿਚ ਹਥਿਆਰ ਦੇ ਦਿੱਤਾ, ਸਮਝੋ ਉਹ ਜ਼ੁਲਮ ਦੇ ਵਿਰੁੱਧ ਇਕ ਚੋਟ ਤਾਂ ਮਾਰ ਗਿਆ। ਫਿਰ ਮਰ ਭੀ ਗਿਆ ਤਾਂ ਕੀ ਹੋਇਆ, ਮਰਦੇ ਤਾਂ ਲੋਕ ਰੋਜ਼ ਹਨ।" (ਗ਼ਦਰ ਲਹਿਰ ਦੀ ਵਾਰਤਕ, ਸਫ਼ਾ 144)

ਹਥਿਆਰਾਂ ਨਾਲ ਸਰੋਕਾਰ ਤੋਂ ਪਾਸੇ ਹਟਕੇ, ਤੀਜਾ ਲੇਖ ਪੂਰੀ ਗੰਭੀਰਤਾ ਨਾਲ ਮਨੁੱਖੀ ਪਛਾਣ ਦੇ ਸਵਾਲ ਨਾਲ ਦੋ-ਚਾਰ ਹੁੰਦਾ ਹੈ। ਹਰਦਿਆਲ ਲਈ ਇਸਦੀ ਮੂਲ ਆਤਮਾ ਉਹ ਸੀ, ਜਿਸ ਬਾਰੇ ਬੀਤੇ ਦੇ ਧਰਮ ਅਤੇ ਅਧਿਆਤਮਵਾਦ ਵਿਚ ਵਿਸ਼ਵਾਸ ਕੀਤਾ ਜਾਂਦਾ ਸੀ ਕਿ ਇਹ ਸਮਝ ਤੋਂ ਪਰੇ ਹੈ। ਆਤਮਾ ਨੂੰ ਰੂਹ ਦਾ ਨਾਂ ਦੇ ਕੇ, ਇਸ ਨੇ ਦਾਅਵੇ ਨਾਲ ਕਿਹਾ ਕਿ "ਪਾਪ, ਪੁੰਨ, ਸੱਚ, ਝੂਠ ਨੂੰ ਪਰਖਣਾ" ਜ਼ਰੂਰੀ ਸੀ। ਰਵਾਇਤੀ ਵਿਸ਼ਵਾਸ ਨੂੰ ਚਿੰਬੜੇ ਰਹਿਣ ਵਾਲੇ ਹਮੇਸ਼ਾ ਭੈਅ ਦੇ ਸਾਏ ਹੇਠ ਜਿਊਂਦੇ ਸਨ। ਹਿੰਦੁਸਤਾਨ ਵਿਚ ਇਹ ਇਕ ਨੇਮ ਹੀ ਬਣਿਆ

ਹੋਇਆ ਸੀ, ਜੋ ਨਾ ਤਾਂ ਬੀਤੇ ਵਿਚ ਕਿਸੇ ਕੰਮ ਆਇਆ ਸੀ ਨਾ ਵਰਤਮਾਨ ਵਿਚ ਕੌਮੀ ਆਜ਼ਾਦੀ ਅਤੇ ਲੋਕ ਭਲਾਈ ਦੇ ਕੰਮ ਆ ਸਕਦਾ ਸੀ। ਲੇਖ ਸਪਸ਼ਟ ਤੌਰ 'ਤੇ ਇਨਸਾਨਾਂ ਨੂੰ ਜਾਗਣ ਦੇ ਹੋਕੇ ਨਾਲ ਖ਼ਤਮ ਹੁੰਦਾ ਹੈ: "ਜੇ ਹਿੰਦੁਸਤਾਨ ਵਿਚ ਆਦਮੀ ਪੈਦਾ ਕਰਨੇ ਹਨ ਤਾਂ ਗ਼ੁਲਾਮੀ ਨੂੰ ਦੂਰ ਕਰੋ; ਅਤੇ ਜੇ ਗ਼ੁਲਾਮੀ ਨੂੰ ਦੂਰ ਕਰਨਾ ਹੈ ਤਾਂ ਆਦਮੀ ਪੈਦਾ ਕਰੋ।" (ਗ਼ਦਰ ਲਹਿਰ ਦੀ ਵਾਰਤਕ, ਸਫ਼ਾ 147) ਸੁਰ ਅਤੇ ਭਾਵ ਪੱਖੋਂ, ਇਹ ਪੈਗੰਬਰੀ ਅਹਿਮੀਅਤ ਵਾਲਾ ਕਥਨ ਸੀ ਜੋ ਪਾਠਕਾਂ ਦੇ ਦਿਲੋ-ਦਿਮਾਗਾਂ ਉਪਰ ਕੀਲਵਾਂ ਪ੍ਰਭਾਵ ਪਾ ਸਕਦਾ ਸੀ। ਇਸੇ ਸੁਰ ਅਤੇ ਭਾਵ ਵਿਚ, ਚੌਥੇ ਲੇਖ ਨੇ ਤਰਜ਼ੇ-ਜ਼ਿੰਦਗੀ ਵਜੋਂ ਨਵੀਂ ਤਰ੍ਹਾਂ ਦੇ ਤਿਆਗ ਦਾ ਰਾਹ ਅਖ਼ਤਿਆਰ ਕਰਨ 'ਤੇ ਜ਼ੋਰ ਦਿੱਤਾ। ਉਸਦਾ ਵਿਸ਼ਵਾਸ ਸੀ ਕਿ ਇਸ ਯੁਗ ਵਿਚ ਨਿਰਾਸ਼ਾ ਦਾ ਆਲਮ ਸੀ ਕਿਉਂਕਿ "ਇਹ ਸਮਾਂ ਬੇਚੈਨੀ ਅਤੇ ਤਬਦੀਲੀ ਦਾ ਹੈ, ਦੁਨੀਆਂ ਦੇ ਸਭ ਮੁਲਕਾਂ ਅਤੇ ਕੌਮਾਂ ਵਿਚ ਪੁਰਾਣਾ ਇੰਤਜ਼ਾਮ ਪਲਟ ਰਿਹਾ ਹੈ। ਪਰ ਨਵਾਂ ਹਾਲੇ ਪੈਦਾ ਨਹੀਂ ਹੋਇਆ ਹੈ।।" ਸਿੱਟਾ ਇਹ ਸੀ ਕਿ ਧਨ-ਦੌਲਤ ਦਾ ਲੋਭ ਅਤੇ ਭੋਗ ਦੀ ਲਾਲਸਾ ਇਨਸਾਨੀ ਤਹਿਜ਼ੀਬ ਨੂੰ ਮੌਤ ਅਤੇ ਤਬਾਹੀ ਵੱਲ ਲਿਜਾ ਰਹੇ ਸਨ। ਇਸ ਸਭ ਕਾਸੇ ਦਾ ਇਲਾਜ ਨਵੀਂ ਤਰ੍ਹਾਂ ਦੇ ਤਿਆਗ ਵਿਚ ਪਿਆ ਸੀ, ਜੋ ਪੁਰਾਤਨ ਚਿੰਤਕਾਂ ਦੇ ਆਤਮ-ਤਿਆਗ, ਮੱਧਯੁਗੀ ਸੰਤਾਂ ਦੇ ਸੰਨਿਆਸਵਾਦ ਅਤੇ ਆਧੁਨਿਕ ਵਿਗਿਆਨੀਆਂ ਦੀ ਤਰਕਸ਼ੀਲਤਾ ਦਾ ਸੁਮੇਲ ਹੋਵੇਗਾ। ਲਿਹਾਜ਼ਾ ਲੋੜ ਇਸ ਦੀ ਸੀ ਕਿ ਮੁਕਤੀਦਾਤਾ ਇਕ ਆਮ ਇਨਸਾਨ ਨਾ ਹੋ ਕੇ ਖ਼ੁਦ ਆਦਰਸ਼ ਹੋਵੇ ਅਤੇ ਅਤੇ ਆਦਰਸ਼ ਐਨਾ ਉੱਚਾ-ਸੁੱਚਾ ਤੇ ਵਿਆਪਕ ਹੋਵੇ ਕਿ ਕੋਈ ਵੀ ਬੰਦਾ ਇਸ ਨੂੰ ਸਮੁੱਚਤਾ 'ਚ ਪੂਰਾ ਨਾ ਕਰ ਸਕੇ। ਇਸ ਗੁਰ ਦੇ ਨਾਲ ਹੇਠ ਦਿੱਤੀ ਪੁਰਜ਼ੋਰ ਚੇਤਾਵਨੀ ਵੀ ਦਿੱਤੀ ਗਈ ਸੀ:

ਕਰਮ ਅਤੇ ਬਚਨ ਵਿਚ ਸੰਬੰਧ ਨਾ ਰੱਖਣਾ ਤਾਂ ਅੱਛਾ ਹੈ। ਪਰ ਉਸ ਤੋਂ ਵੀ ਜ਼ਿਆਦਾ ਵੱਡੀ ਗੱਲ ਇਹ ਹੈ ਕਿ ਬਚਨ ਨੂੰ ਨੀਚੇ ਗਿਰਾ ਦਿੱਤਾ ਜਾਵੇ।"

(ਗ਼ਦਰ ਲਹਿਰ ਦੀ ਵਾਰਤਕ, ਸਫ਼ਾ 148)

ਪੰਜਵਾਂ ਲੇਖ ਈਸਾਈਅਤ ਦੇ ਸੰਕਟ ਬਾਬਤ ਸੀ। ਆਪਣੇ ਧਾਰਮਿਕ ਗ੍ਰੰਥ ਦੇ ਸਦਾਚਾਰ ਨੂੰ ਤਿਲਾਂਜਲੀ ਦੇ ਕੇ, ਇਹ ਧਨ-ਦੌਲਤ ਅਤੇ ਲੁੱਟਖਸੁੱਟ ਦੀ ਬਾਂਦੀ ਬਣ ਗਈ ਸੀ। ਇਹ ਹੈਰਾਨੀਜਨਕ ਨਹੀਂ ਕਿ ਇਸ ਨੂੰ ਦਰਸ਼ਨ ਅਤੇ ਵਿਗਿਆਨ ਹੱਥੋਂ ਮੂੰਹ ਦੀ ਖਾਣੀ ਪਈ। ਇਸ ਹਾਰ ਨਾਲ ਇਹ ਸਿਰਫ਼ ਤੇ ਸਿਰਫ਼ ਪੈਗੰਬਰੀ ਦਾਅਵਿਆਂ, ਸ੍ਰਿਸ਼ਟੀਵਾਦ ਅਤੇ ਕਿਆਮਤ ਉਪਰ ਨਿਰਭਰ ਹੋ ਗਈ। ਵਾਲਟੇਅਰ ਅਤੇ ਹਿਊਮ ਨੇ ਇਸ ਨੂੰ ਘਾਤਕ ਸੱਟ ਮਾਰੀ। ਡਾਰਵਿਨ ਦੇ ਸਹਿਜ-ਵਿਕਾਸ ਦੇ ਸਿਧਾਂਤ ਨੇ ਇਸ ਨੂੰ ਝੂਠ ਹੀ ਨਹੀਂ ਸਗੋਂ ਪਿਛਾਂਹਖਿੱਚੂ ਵੀ ਸਾਬਤ ਕਰ ਦਿੱਤਾ। ਇੰਞ ਇਹ ਖੂੰਜੇ ਲਾ ਦਿੱਤੀ ਗਈ। ਈਸਾਈਅਤ ਨੇ ਇਕ ਪਾਸੇ ਔਰਤਾਂ ਨਾਲ ਵਿਤਕਰੇ ਵਿਚ ਅਤੇ ਦੂਜੇ ਪਾਸੇ ਗ਼ੈਰ-ਈਸਾਈਆਂ ਵਿਚ ਪਨਾਹ ਲੈਣ ਦੀ ਕੋਸ਼ਿਸ਼ ਕੀਤੀ। ਆਪਣੇ ਪਿਛੜੇਵੇਂ ਮਾਰੇ ਅਤੇ ਵਿਤਕਰੇਬਾਜ਼ ਨਜ਼ਰੀਏ ਦੁਆਲੇ ਉਦਾਰਤਾ ਦਾ ਆਭਾ-ਮੰਡਲ ਸਿਰਜਣ ਲਈ, ਇਸਨੇ ਏਸ਼ੀਆ ਅਤੇ ਅਫ਼ਰੀਕਾ ਦੇ ਭੋਲੇਭਾਲੇ ਲੋਕਾਂ ਦਾ ਧਰਮ ਬਦਲਕੇ ਉਨ੍ਹਾਂ ਨੂੰ

ਆਪਣੇ ਪੈਰੋਕਾਰ ਬਣਾਉਣਾ ਸ਼ੁਰੂ ਕਰ ਦਿੱਤਾ। ਗ਼ਰੀਬ ਅਵਾਮ ਨੂੰ ਉਨ੍ਹਾਂ ਦੀ ਜ਼ਿੰਦਗੀ ਦੀ ਹਕੀਕਤ ਤੋਂ ਜਾਣੂ ਕਰਾਉਣ ਦੀ ਬਜਾਏ, ਧਰਮ-ਬਦਲੀ ਉਨ੍ਹਾਂ ਬੇਵੱਸ ਮਰਦਾਂ ਤੇ ਔਰਤਾਂ ਨੂੰ ਹੋਰ ਅਗਿਆਨਤਾ 'ਚ ਧੱਕ ਰਹੀ ਸੀ।

"ਗ਼ੁਲਾਮੀ ਦਾ ਜ਼ਹਿਰ" ਸਿਰਲੇਖ ਹੇਠ ਇਕ ਕਿਤਾਬਚੇ ਦੀ ਸ਼ਕਲ 'ਚ ਛਪੀ ਇਕ ਛੋਟੀ ਲਿਖਤ ਵਿਚ ਉਸਨੇ ਧਰਮ ਅਤੇ ਅਧਿਆਤਮਵਾਦ ਦੀ ਸਮੁੱਚੀ ਹਿੰਦੁਸਤਾਨੀ ਪਰੰਪਰਾ ਦੀ ਬਹੁਤ ਹੀ ਤਿੱਖੀ ਆਲੋਚਨਾ ਕੀਤੀ। ਉਸਨੇ ਜਾਣਿਆ ਕਿ ਪੁਰਾਤਨ ਤੋਂ ਲੈ ਕੇ ਆਧੁਨਿਕ ਜ਼ਮਾਨੇ ਤਕ ਡਰ ਅਤੇ ਕੂੜ ਨੇ ਹਿੰਦੁਸਤਾਨੀ ਜ਼ਿਹਨ ਨੂੰ ਜਾਤ, ਧਾਰਮਿਕ ਮੱਤ, ਕੱਟੜਵਾਦ, ਅੰਧਵਿਸ਼ਵਾਸ ਅਤੇ ਤਾਬੇਦਾਰੀ ਦਾ ਸ਼ਿਕਾਰ ਬਣਾਇਆ ਹੋਇਆ ਸੀ। ਚਾਹੇ ਹਿੰਦੂਵਾਦ ਸੀ ਜਾਂ ਇਸਲਾਮ, ਸੋਚ ਦਾ ਸਫ਼ਰ-ਮਾਰਗ ਇਕ ਹੀ ਸੀ ਭਾਵੇਂਕਿ ਇਸਤੇਮਾਲ ਕੀਤੀਆਂ ਜਾਂਦੀਆਂ ਸ਼੍ਰੇਣੀਆਂ (categories) ਵੱਖੋ-ਵੱਖਰੀਆਂ ਸਨ। ਇਥੇ ਉਸਦੀ ਅਰਾਜਕਤਾਵਾਦੀ-ਕਮ-ਨਿਖੇਧਵਾਦੀ ਆਲੋਚਨਾ ਸਿਖ਼ਰਲੇ ਪੌਡੇ 'ਤੇ ਸੀ ਜਿਸ ਤੋਂ ਉਹ ਸਿਰਫ਼ ਗੁਰੂ ਗੋਬਿੰਦ ਸਿੰਘ ਬਾਰੇ ਆਪਣੀ ਸਾਰਥਕ ਟਿੱਪਣੀ ਵਿਚ ਹੀ ਹੇਠਾਂ ਉਤਰਿਆ:

> "ਸਿੱਖ ਧਰਮ ਵਿਚ ਰਾਜ ਅਤੇ ਬ੍ਰਾਹਮਣ ਦੋਵੇਂ ਹੀ ਨਾ ਮੁਮਕਿਨ ਹਨ। ਮੁਲਕੀ ਅਤੇ ਮਜ਼ਹਬੀ ਗੁਰੂ ਡਮ ਦੋਹਾਂ ਦੇ ਵਿਰੁੱਧ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਬਰਦਸਤ ਤਹਿਰੀਕ ਜਾਰੀ ਕੀਤੀ, ਮਜ਼ਹਬੀ ਖ਼ਿਆਲ ਦੇ ਲਿਹਾਜ਼ ਨਾਲ ਥੋੜ੍ਹੀ ਬਹੁਤ ਕਾਮਯਾਬੀ ਹੋਈ ਮਗਰ ਗੁਰੂ ਡਮ ਨਾ ਨਿਕਲੀ ਅਤੇ ਮਹਾਰਾਜਾ ਰਣਜੀਤ ਸਿੰਘ ਜੀ ਨੇ ਦਰਸ਼ਨ ਆ ਦਿੱਤੇ। ਘਰ ਵਿਚ ਰਿਆਸਤ ਵਿਚ ਪੰਥ ਅਤੇ ਸੰਪਰਦਾਏ ਵਿਚ ਸਭ ਸਮਾਜਿਕ ਸੰਸਥਾਨਾ ਵਿਚ ਗ਼ੁਲਾਮੀ ਦੇ ਅਸੂਲ ਸਿਰਮੱਥੇ ਮੰਨੇ ਜਾਂਦੇ ਹਨ। ਬਰਾਬਰੀ ਆਜ਼ਾਦੀ ਸ਼ਖ਼ਸੀ ਹੱਕ ਦੀ ਕਦਰ ਇਨ੍ਹਾਂ ਸ਼ਬਦਾਂ ਦਾ ਮਤਲਬ ਭੀ ਲੋਕਾਂ ਦੀ ਸਮਝ ਵਿਚ ਨਹੀਂ ਆਉਂਦਾ।"
>
> (ਗ਼ਦਰ ਲਹਿਰ ਦੀ ਵਾਰਤਕ, ਸਫ਼ਾ 637)

ਬਿਨਾ ਲੇਖਕ ਦਾ ਨਾਂ ਦਿੱਤੇ ਛਾਪੇ ਗਏ ਲੇਖਾਂ ਵਿਚ, ਬਸਤੀਵਾਦੀ ਰਾਜ ਨੂੰ ਲੜਖੜਾ ਰਿਹਾ ਬਿਆਨ ਕੀਤਾ ਗਿਆ ਸੀ। ਆਪਣੀ ਗੱਲ 'ਤੇ ਜ਼ੋਰ ਦੇਣ ਲਈ ਕਿਸੇ ਨਾ ਕਿਸੇ ਰੋਗ ਨਾਲ ਤਸ਼ਬੀਹ ਦਿੱਤੀ ਜਾਂਦੀ ਸੀ। ਮਿਸਾਲ ਵਜੋਂ, ਦੂਜੇ ਅੰਕ ਵਿਚ *ਸਰਕਾਰ ਅੰਗਰੇਜ਼ ਦੀਆਂ ਔਕੜਾਂ* ਸਿਰਲੇਖ ਵਾਲਾ ਇਕ ਵਿਸਤਾਰਤ ਲੇਖ ਛਪਿਆ, ਜੋ ਇਸ ਤਰ੍ਹਾਂ ਕਹਿੰਦਾ ਹੈ:

> "੧੯੦੫ ਤੋਂ ਅੰਗਰੇਜ਼ੀ ਸਰਕਾਰ ਤਰਾ ਤਰਾ ਦੀ ਔਖੜਾਂ ਵਿਚ ਫਸੀ ਹੋਈ ਹੈ। ਏਹ ਮੌਤ ਤੋਂ ਪੈਹਲਾਂ ਬੁਮਾਰੀ ਹੈ। ਏਸ ਰੋਗ ਦਾ ਕੋਈ ਇਲਾਜ ਨਹੀਂ। ਹੁਣ ਦਿਨੋ ਦਿਨ ਏਸ ਗਵਰਮਿੰਟ ਦੀ ਹਾਲਤ ਬਿਗੜਦੀ ਜਾਂਦੀ ਹੈ। ਕੋਈ ਜੁਗਤ ਨਹੀਂ ਚਲੂਗੀ। ਸਗੋਂ ਜਿਕੂੰ ਕੋਈ ਚਿਕੜ ਵਿਚ ਫਸੇਆ ਹਥ ਪੈਰ ਮਾਰਦਾ ਹੈ ਤਿਓਂ ਉਸਦੇ ਵਿਚ ਧੁਸਦਾ ਜਾਂਦਾ ਹੈ। ਏਸੇ ਤ੍ਰਾਂ ਜੇਹੜੀ ਚਾਲ ਅੰਗਰੇਜ ਚਲਦੇ ਹਨ ਓਹੀ ਉਲਟੀ ਪੈਂਦੀ ਹੈ।..." (ਗ਼ਦਰ ਭਾਗ ਇਕ, ਸਫ਼ਾ 2)

ਹਕੂਮਤ ਦੀ ਕੰਧ 'ਤੇ ਲਿਖਿਆ ਨਾ ਪੜ੍ਹਨ ਦੀ ਪ੍ਰਵਿਰਤੀ ਬਾਰੇ ਲਿਖੇ ਇਕ ਲੇਖ ਵਿਚ ਲਗਾਤਾਰ ਜਾਲਾ ਬੁਣਨ 'ਚ ਜੁਟੀ ਮੱਕੜੀ ਜਾਂ ਇਕ ਪਿੱਛੋਂ ਦੂਜਾ ਰਾਹ ਲੱਭਦੀ ਕੀੜੀ ਦਾ ਆਲੰਕਾਰ ਇਸਤੇਮਾਲ ਕੀਤਾ ਗਿਆ ਸੀ। ਇਸ ਦੀ ਮਨਸ਼ਾ ਇਹ ਜ਼ੋਰ ਦੇਣ ਦੀ ਸੀ ਕਿ ਬਸਤੀਵਾਦੀ ਰਾਜ ਦੇ ਘਿਣਾਉਣੇ ਇਰਾਦਿਆਂ ਨੂੰ ਮਾਤ ਦੇਣ ਲਈ ਗ਼ਦਰੀਆਂ ਕੋਲ ਬਹੁਤ ਜੁਗਤਾਂ ਸਨ। ਦਲੀਲ ਇੰਞ ਦਿੱਤੀ ਗਈ ਸੀ:

> "ਜੇ ਇਕ ਜੁਗਤ ਕਿਤੇ ਗਲਤ ਹੋ ਜਾਂਦੀ ਹੈ ਤਾਂ ਝਟ ਮਕੜੀ ਵਾਂਙ ਦੂਜਾ ਜਾਲਾ ਬੁਣ ਦੇਂਦੀ ਹੈ। ਜੇਕਰ ਇਕ ਰਾਹ ਬੰਦ ਹੋ ਜਾਂਦਾ ਹੈ ਤਾਂ ਕੀੜੀ ਵਾਂਙ ਦੂਜਾ ਰਾਹ ਕਢ ਲੈਂਦੀ ਹੈ। ਏਹ ਪਾਰਟੀ ਹੁਣ ਏਤਨੀ ਬਧ ਗਈ ਹੈ ਕਿ ਹਵਾ ਦੇ ਵਾਂਙ ਹਰ ਦਿਸ਼ਾ ਵਿਚ ਫੈਲ ਗਈ ਹੈ। ਸ਼ੈਹਰਾਂ ਵਿਚ। ਪਿੰਡਾਂ ਵਿਚ। ਪਾਠ ਸ਼ਾਲਾਂ ਵਿਚ। ਮਹਾਂ ਵਿਦੇਆਲੇਆਂ ਵਿਚ। ਰਿਆਸਤਾਂ ਵਿਚ। ਗਲ ਕੀ ਹਰ ਥਾਂ ਏਸ ਦੇ ਪ੍ਰੇਮੀ ਖੜੇ ਹਨ।.....ਸਭ ਥਾਂ ਏਸ ਦੇ ਭਗਤ ਸੱਚੇ ਦਿਲ ਨਾਲ ਏਸ ਦੀ ਸੇਵਾ ਕਰਦੇ ਹਨ। ਏਹ ਅਖਬਾਰ ਗ਼ਦਰ ਬੀ ਏਸ ਪਾਰਟੀ ਦਾ ਇਕ ਹਰਕਾਰਾ ਹੈ।" (ਗ਼ਦਰ ਭਾਗ ਇਕ, ਸਫ਼ਾ 2)

ਨਿਸ਼ਚੇ ਹੀ ਇਹ ਬਿਆਨ ਬਹੁਤ ਜ਼ਿਆਦਾ ਵਧਾ-ਚੜ੍ਹਾਕੇ ਸੀ। ਬੇਸ਼ਕ ਚੁਕੰਨੇ ਹੋਣ ਦੀ ਵਾਹ ਲਾਈ ਜਾ ਰਹੀ ਸੀ ਪਰ ਇਹ ਬੇਅਸਰ ਸਾਬਤ ਵੀ ਹੋ ਰਹੀ ਸੀ। ਮਿਸਾਲ ਵਜੋਂ, ਸਮਝੌਤੇਬਾਜ਼ ਆਗੂਆਂ ਦੇ ਤਾਬਿਆਦਾਰ ਕਿਰਦਾਰ ਨੂੰ ਜ਼ਬਰਦਸਤ ਢੰਗ ਨਾਲ ਭੰਡਿਆ ਜਾ ਰਿਹਾ ਸੀ। ਇਕ ਮਿਸਾਲ ਲਈ ਜਾ ਸਕਦੀ ਹੈ ਜਦੋਂ ਸਿੱਖ ਆਗੂਆਂ ਦੀ ਪੰਜਾਬ ਦੇ ਗਵਰਨਰ ਦਾ ਸਵਾਗਤ ਕਰਨ ਬਦਲੇ ਤਿੱਖੀ ਆਲੋਚਨਾ ਕੀਤੀ ਗਈ ਸੀ ਅਤੇ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ:

> "ਵਚਾਰ ਕਰੋ। ਸਿੰਘਾਂ ਵਲੋਂ ਅੰਗਰੇਜ ਜ਼ਾਲਮ ਹਾਕਮ ਦੀ ਕਿਓਂ ਆਓ ਭਗਤ ਕੀਤੀ ਗਈ। ਸਾਰੇ ਹਿੰਦੁਸਤਾਨੀ ਆਦਮੀਆਂ ਦਾ ਧਰਮ ਹੈ ਕਿ ਅਜੇਹੇ ਜਾਲਮਾਂ ਨੂੰ ਮਾਰ ਮਾਰ ਕੇ ਕਢ ਦਿਤਾ ਜਾਵੇ ਨਾ ਕਿ ਆਓ ਭਗਤ ਕੀਤਾ ਜਾਵੇ। ਜੋ ਅਪਨਾ ਪੇਟ ਭਰਨ ਵਾਲੇ ਤੇ ਡਰਾਕਲ ਆਗੂ ਏਸ ਤ੍ਰਾਂ ਕਰਦੇ ਹਨ ਉਨਾਂ ਦੇ ਪਿਛੇ ਨਹੀਂ ਚਲਣਾ ਚਾਹੀ ਦਾ ਹੈ। ਜੇਹੜੇ ਸਦਾ ਇੰਜ ਸਨ। ਦੀਵਾਨ ਜਾਂ ਸਮਾਜ ਅੰਗਰੇਜ਼ਾਂ ਦੀ ਇਜ਼ਤ ਕਰਨ ਦਾ ਪਾਪ ਕਰਦੇ ਹਨ ਕੌਮ ਵਲੋਂ ਓਨਾਂ ਨੂੰ ਸਜ਼ਾ ਦੇਣੀ ਚਾਹੀਦੀ ਹੈ॥ ਅਸਲ ਵਿਚ ਹੋਰ ਆਦਮੀ ਤਾਂ ਅੰਗਰੇਜ਼ਾਂ ਨੂੰ ਬੁਰਾ ਸਮਝਦੇ ਹਨ। ਪਰ ਥੋੜੇ ਆਗੂ ਖ਼ਤਾਬ ਤੇ ਅਸਾਮੀ ਦੇ ਲਾਲਚ ਵਿਚ ਹਾਕਮਾਂ ਦੀ ਖ਼ੁਸ਼ਾਮਦ ਕਰਨ ਦਾ ਰਾਗ ਤੋਰ ਦਿੰਦੇ ਹਨ। ਹਿੰਦੋਸਤਾਨ ਦੇ ਅਖ਼ਬਾਰ ਓਨਾਂ ਦੇ ਬਰਖਲਾਫ਼ ਨਹੀਂ ਬੋਲਦੇ, ਡਰਦਿਆਂ ਦੀ ਸਿਆਹੀ ਫਿਕੀ ਪੈ ਜਾਂਦੀ ਹੈ ਤੇ ਕਲਮ ਕੰਬਨ ਲਗ ਪੈਂਦੀ ਹੈ। ਬਸ ਖ਼ੁਸ਼ਾਮਦ ਦਾ ਜ਼ੋਰ ਹੈ।"

(ਗ਼ਦਰ ਭਾਗ ਇਕ, ਸਫ਼ਾ 7)

ਸਰਦਾਰੜਿਆਂ ਬਾਰੇ ਅਜਿਹੀਆਂ ਟਿੱਪਣੀਆਂ ਵਿਚ ਅਕਸਰ ਹੀ ਨਿਆਂਇਕ ਪ੍ਰਣਾਲੀ, ਸਿਖਿਆ ਨੀਤੀ, ਸਰਕਾਰੀ ਕਾਰਿੰਦਿਆਂ ਅਤੇ ਪਿੰਡ ਦੇ ਚੌਧਰੀਆਂ ਨੂੰ ਵੀ ਬਰਾਬਰ ਧਰ ਲਿਆ ਜਾਂਦਾ ਸੀ। ਉਹ ਬਸਤੀਵਾਦੀ ਰਾਜ ਨੂੰ ਹਰ ਤਰ੍ਹਾਂ ਦੇ ਹਮਲਿਆਂ ਤੋਂ ਮਹਿਫ਼ੂਜ਼ ਬਣਾਈ ਰੱਖਣ ਦਾ ਆਪਣਾ ਕੰਮ ਬਹੁਤ ਹੀ ਸਿਲਸਿਲੇਵਾਰ ਤਰੀਕੇ ਨਾਲ ਕਰ ਰਹੇ ਸਨ। ਅਦਾਲਤੀ ਪ੍ਰਬੰਧ ਇਕ ਮਕੜ-ਜਾਲ ਦੀ ਤਰ੍ਹਾਂ ਸੀ, ਜਦੋਂ ਕੋਈ ਇਕ ਵਾਰ ਇਸ ਵਿਚ ਫਸ ਜਾਂਦਾ ਤਾਂ ਸਾਰੀ ਉਮਰ ਇਸ ਵਿੱਚੋਂ ਨਹੀਂ ਸੀ ਨਿਕਲ ਸਕਦਾ। ਸਰਕਾਰੀ ਕਾਰਿੰਦਿਆਂ ਨੂੰ ਸ਼ਿਕਾਰੀ ਕੁੱਤੇ ਬਿਆਨ ਕੀਤਾ ਗਿਆ ਸੀ ਜੋ ਬੇਵੱਸ ਵਤਨ ਵਾਸੀਆਂ ਪਿੱਛੇ ਲਾਏ ਹੋਏ ਸਨ। ਉਨ੍ਹਾਂ ਦੇ ਲੋਕਾਂ ਉਪਰ ਝਪਟਣ ਦੇ ਢੰਗ ਬਹੁਤ ਹੀ ਜ਼ਾਲਮ ਸਨ। ਉਨ੍ਹਾਂ ਦੀ ਦਰਜਾਬੰਦੀ ਹੇਠੋਂ ਪਟਵਾਰੀ ਤੋਂ ਸ਼ੁਰੂ ਹੋ ਕੇ ਤਹਿਸੀਲਦਾਰ ਅਤੇ ਇਸ ਤੋਂ ਉਪਰ ਤਕ ਸੀ।

ਪਿੰਡ ਦੇ ਅੰਦਰ ਲੰਬੜਦਾਰ ਅਤੇ ਜ਼ੈਲਦਾਰ ਇਹੀ ਭੂਮਿਕਾ ਨਿਭਾਉਂਦੇ ਸਨ। ਉਹ 'ਆਉਣ' ਅਤੇ 'ਜਾਣ ਵਾਲਿਆਂ' ਉਪਰ ਨਜ਼ਰ ਰੱਖਦੇ ਸਨ ਅਤੇ ਪਿੰਡ ਵਿਚ ਹੋਈ ਜਾਂ ਹੋਣ ਵਾਲੀ ਕਿਸੇ ਵੀ ਇਤਰਾਜ਼ਯੋਗ ਸਰਗਰਮੀ ਦੀ ਇਤਲਾਹ ਸਰਕਾਰੇ-ਦਰਬਾਰੇ ਪਹੁੰਚਾਉਂਦੇ ਸਨ। ਸਰਕਾਰ ਭਾਵੇਂ ਉਨ੍ਹਾਂ ਨੂੰ ਨਿਗੂਣਾ ਭੱਤਾ ਦਿੰਦੀ ਸੀ, ਉਹ ਫਿਰ ਵੀ ਜੀ-ਹਜ਼ੂਰੀਏ ਬਣੇ ਹੋਏ ਸਨ। ਪਿੰਡਾਂ ਦੇ ਲੋਕ, ਖ਼ਾਸ ਕਰਕੇ ਔਰਤਾਂ ਉਨ੍ਹਾਂ ਨੂੰ ਸਰਾਪ ਅਤੇ ਗਾਲ੍ਹਾਂ ਦਿੰਦੇ ਰਹਿੰਦੇ, ਪਰ ਉਹ ਇਸ ਦੀ ਬਿਲਕੁਲ ਪ੍ਰਵਾਹ ਨਾ ਕਰਦੇ। ਇਨ੍ਹਾਂ ਤੋਂ ਵੱਖਰੀ ਤਰ੍ਹਾਂ ਦੇ ਉਹ ਜ਼ਿਦੀ ਬੰਦੇ ਸਨ ਜੋ ਮੜਕ ਨਾਲ ਰਹਿੰਦੇ ਸਨ। ਉਹ ਸਰਕਾਰੀ ਅਹਿਲਕਾਰਾਂ ਵਲੋਂ ਸਮੇਂ-ਸਮੇਂ 'ਤੇ ਜਾਰੀ ਕੀਤੇ ਜਾਂਦੇ ਫ਼ਰਮਾਨਾਂ ਨੂੰ ਟਿੱਚ ਜਾਣਦੇ ਸਨ। ਉਨ੍ਹਾਂ ਦੀ ਨਾਬਰੀ ਵਿਚ ਬਸਤੀਵਾਦੀ ਪ੍ਰਬੰਧ ਦੇ ਖ਼ਿਲਾਫ਼ ਬਗ਼ਾਵਤ ਦੇ ਬੀਜ ਦੇਖੇ ਜਾ ਸਕਦੇ ਸਨ। ਇਸ ਪੜਾਅ 'ਤੇ, ਉਨ੍ਹਾਂ ਦੀ ਨਾਬਰੀ ਵਿਚ ਦੋਵੇਂ ਪੱਖ ਸਨ: ਇਹ ਪਿੰਡ ਵਾਸੀਆਂ ਉੱਪਰ ਦਾਬੇ ਦਾ ਸਾਧਨ ਸੀ ਅਤੇ ਹਕੂਮਤ ਤੋਂ ਨਾਬਰ ਸੀ। ਪਰ ਗ਼ਦਰੀ ਮਹਿਸੂਸ ਕਰਦੇ ਸਨ ਕਿ ਇਸ ਨੂੰ ਦੇਸ਼ਭਗਤ ਰੰਗ 'ਚ ਰੰਗਕੇ ਬਸਤੀਵਾਦੀ ਰਾਜ ਦੇ ਖ਼ਿਲਾਫ਼ ਇਕ ਕਾਰਗਰ ਹਥਿਆਰ 'ਚ ਬਦਲਿਆ ਜਾ ਸਕਦਾ ਸੀ। ਇਸ ਲਈ ਉਨ੍ਹਾਂ ਦੀ ਸੋਚ ਨੂੰ ਸਹਿਜੇ-ਸਹਿਜੇ ਬਦਲਣ ਦੀ ਲੋੜ ਸੀ ਜਿਸ ਲਈ ਗ਼ਦਰੀਆਂ ਕੋਲ ਐਨਾ ਵਕਤ ਨਹੀਂ ਸੀ।

ਇਨ੍ਹਾਂ ਬੇਨਾਮ ਲੇਖਾਂ ਦੀ ਭਾਸ਼ਾ ਆਲੰਕਾਰਿਕ ਸੀ ਜੋ ਆਮ ਤੌਰ 'ਤੇ ਪੰਜਾਬ ਦੀ ਪੇਂਡੂ ਜ਼ਿੰਦਗੀ ਤੋਂ ਲਏ ਹੁੰਦੇ ਸਨ। ਇਨ੍ਹਾਂ ਦੀ ਸ਼ੈਲੀ ਆਮ ਤੌਰ 'ਤੇ ਨੀਮ-ਸਿੱਧੇ ਪ੍ਰਵਚਨ ਦੀ ਸੀ। ਇਨ੍ਹਾਂ ਦੀ ਮਨਸ਼ਾ ਸਿੱਧੇ-ਸਪਾਟ ਬਿਆਨਾਂ ਜਾਂ ਆਲੰਕਾਰਿਕ ਬਿਰਤਾਂਤ ਰਾਹੀਂ ਆਪਣੀ ਗੱਲ 'ਤੇ ਜ਼ੋਰ ਦੇਣ ਦੀ ਸੀ। ਇਸ ਤਰ੍ਹਾਂ ਦੀ ਸ਼ੈਲੀ ਆਪਣੇ ਮਨੋਰਥ ਦੇ ਸਭ ਤੋਂ ਅਨੁਕੂਲ ਮੰਨੀ ਜਾਂਦੀ ਸੀ। ਦੂਜੇ ਪਾਸੇ, ਬਾਹਰਮੁਖੀ ਵਿਸ਼ਲੇਸ਼ਣ ਸਚਾਈ ਨੂੰ ਪੇਸ਼ ਕਰ ਸਕਦਾ ਸੀ ਪਰ ਅਜਿਹਾ ਕਰਦੇ ਹੋਏ ਇਹ ਆਪਣੇ ਹਮਾਇਤੀਆਂ ਅਤੇ ਵਿਰੋਧੀਆਂ ਦੋਵਾਂ ਨੂੰ ਪਿੱਛੇ ਧੱਕ ਦਿੰਦਾ ਸੀ। ਜੇ ਆਪਣੇ ਪੱਖੀਆਂ ਨੂੰ ਸਲਾਹਿਆ ਨਹੀਂ ਜਾਂਦਾ ਅਤੇ ਵਿਰੋਧੀਆਂ ਨੂੰ ਸ਼ਰਮਿੰਦਾ ਨਹੀਂ ਕੀਤਾ ਜਾਂਦਾ, ਤਾਂ ਬਾਹਰਮੁਖੀ ਵਿਸ਼ਲੇਸ਼ਣ ਰਾਹੀਂ ਸੱਚ 'ਤੇ ਪਹੁੰਚਣ ਦਾ ਢੰਗ ਆਪਣਾ ਮਨੋਰਥ ਹਾਸਲ ਕਰਨ 'ਚ ਅਸਫ਼ਲ ਰਹੇਗਾ। ਆਖ਼ਿਰਕਾਰ, ਉਨ੍ਹਾਂ ਦਾ ਇਰਾਦਾ ਤਾਂ ਆਪਣੀ ਦ੍ਰਿਸ਼ਟੀ ਦੇ ਦਾਇਰੇ ਵਿਚਲੇ

ਮੁੱਦਿਆਂ ਨੂੰ ਪਿੰਡਾਂ ਦੇ ਲੋਕਾਂ ਅੱਗੇ ਪੇਸ਼ ਕਰਨਾ ਸੀ ਤਾਂ ਜੋ ਉਹ ਇਨ੍ਹਾਂ ਨੂੰ ਆਤਮਸਾਤ ਕਰ ਸਕਣ ਅਤੇ ਟਾਕਰੇ ਤੇ ਬਗ਼ਾਵਤ ਲਈ ਤਿਆਰ ਹੋ ਸਕਣ। ਉਹ ਆਪਣੇ ਅਖ਼ਬਾਰ ਨੂੰ ਇਸ ਤਰ੍ਹਾਂ ਨਹੀਂ ਸੀ ਦੇਖਦੇ ਕਿ ਇਹ ਕਿਸੇ ਲਾਇਬ੍ਰੇਰੀ ਨੂੰ ਭੇਜਣਾ ਹੈ ਜਿਥੇ ਕੋਈ ਨਾ ਕੋਈ ਪਾਠਕ ਇਸ ਨੂੰ ਫ਼ੁਰਸਤ ਦੇ ਪਲਾਂ ਵਿਚ ਬਦਲ-ਬਦਲਕੇ ਪੜ੍ਹ ਸਕੇ। ਉਹ ਤਾਂ ਇਸ ਨੂੰ ਉਨ੍ਹਾਂ ਪਾਠਕਾਂ ਦੇ ਹੱਥਾਂ ਵਿਚ ਪਹੁੰਚਾਉਣਾ ਚਾਹੁੰਦੇ ਸਨ ਜੋ ਸੰਘਰਸ਼ ਵਿਚ ਕੁੱਦੇ ਹੋਏ ਸਨ ਅਤੇ ਜਿਨ੍ਹਾਂ ਨੇ ਦੇਰ-ਸਵੇਰ ਸੰਘਰਸ਼ ਵਿਚ ਕੁੱਦ ਪੈਣਾ ਸੀ।

ਇਹ ਵੀ ਤੱਥ ਸੀ ਕਿ ਜੋ ਪਾਠਕ ਅਜੇ ਸਿੱਧ-ਪੱਧਰੇ ਸਨ, ਉਹ ਕਦੇ ਇਸ ਤੋਂ ਘਬਰਾ ਵੀ ਸਕਦੇ ਸਨ। ਲਿਹਾਜ਼ਾ ਨੀਮ-ਸਿੱਧੇ ਪ੍ਰਵਚਨ ਦਾ ਇਸਤੇਮਾਲ ਕੀਤਾ ਜਾਂਦਾ ਸੀ, ਜੋ ਮਧਮ ਪੁਰਸ਼ ਪੜਨਾਂਵ "ਤੁਸੀਂ" ਨਾਲ ਧਿਆਨ ਖਿੱਚਕੇ ਮੁੱਦਿਆਂ ਨੂੰ ਫੌਰੀ ਅਤੇ ਜ਼ਾਤੀਵਾਚਕ (personal) ਬਣਾਉਂਦਾ ਸੀ। ਨਕਲ ਵਿਧੀ ਵਾਲੀ ਇਹ ਵਾਰਤਕ, ਜੋ ਕਦੇ-ਕਦੇ ਹਲਕੇ ਪੱਧਰ ਦੀ ਨਕਲ ਵਿਚ ਬਦਲਕੇ, ਉਚ ਪਾਏ ਦੀ ਨਕਲ ਨਾਲ ਅਹਿਮ ਸੁਰਤਾਲ ਸਿਰਜ ਲੈਂਦੀ ਸੀ। ਇਸ ਦੀ ਬਿਹਤਰੀਨ ਨੁਮਾਇੰਦਗੀ ਹਰਦਿਆਲ ਦੇ ਲੇਖ ਕਰਦੇ ਸਨ। ਆਪਣੀ ਭਰਵੀਂ ਆਲੋਚਨਾ ਕਾਰਨ ਇਹ ਵਾਰਤਕ, ਅਰਾਜਕਤਾਵਾਦੀ-ਕਮ-ਨਿਖੇਧਵਾਦੀ ਵਿਚਾਰਧਾਰਾ ਅਤੇ ਕੌਮੀ ਤੇ ਸਿਆਸੀ ਸਰੋਕਾਰਾਂ ਦੀ ਮਾਰਮਿਕ ਪੁਕਾਰ ਦੀ ਝਲਕ ਪੇਸ਼ ਕਰਦੀ ਹੋਈ ਉਸ ਅਹਿਮ ਮੌਕਾਮੇਲ ਉਪਰ ਪੰਜਾਬੀ ਜ਼ੁਬਾਨ ਵਿਚ ਇਕ ਇਤਿਹਾਸਕ ਲਮਹਾ ਬਣਦੀ ਹੈ। ਸਾਹਿਤਕ ਆਲੋਚਕਾਂ ਅਤੇ ਇਸ ਤੋਂ ਪਿੱਛੋਂ ਦੇ ਪਾਠਕਾਂ ਨੇ ਇਸ ਦੀ ਅਹਿਮੀਅਤ ਨੂੰ ਨਹੀਂ ਬੁੱਝਿਆ ਅਤੇ ਲੇਖਕਾਂ ਨੇ ਅਜੋਕੀ ਵਾਰਤਕ ਵਿਚ ਇਸ ਦੇ ਭਾਵ ਨੂੰ ਬੁੱਝਣ ਵੱਲ ਤਵੱਜੋਂ ਨਹੀਂ ਦਿੱਤੀ। ਪੂਰੀ ਤਰ੍ਹਾਂ ਨਾ ਸਹੀ, ਮੁੱਖ ਤੌਰ 'ਤੇ ਇਹ ਉਨ੍ਹਾਂ ਦਾ ਦੋਸ਼ ਹੈ ਕਿ ਉਨ੍ਹਾਂ ਨੇ ਇਸ ਦੇ ਉਸ ਵਾਰਤਕ ਨਾਲ ਮਾਰਮਿਕ ਰਿਸ਼ਤੇ ਨੂੰ ਵਿਸਤਾਰ 'ਚ ਸਾਹਮਣੇ ਨਹੀਂ ਲਿਆਂਦਾ ਜੋ ਕੁਲੀਨ ਲੇਖਕਾਂ ਨੇ ਬਹੁਤਾਤ 'ਚ ਅਤੇ ਥੋਕ 'ਚ ਲਿਖੀ ਹੈ।

BIBLIOGRAPHY

1. ਗ਼ਦਰ, ਭਾਗ ਪਹਿਲਾ (GP1) 1913-1914, compiled by Dr. Ved Vatuk, Folklore Institute, Berkley, USA, 2010.
2. ਗ਼ਦਰ ਲਹਿਰ ਦੀ ਕਵਿਤਾ (GLDP), collected by Kesar Singh Novelist, edited by Dr. Kesar Singh Kesar, Punjabi University Press Patiala, Punjab, 1995.
3. ਗ਼ਦਰ ਲਹਿਰ ਦੀ ਵਾਰਤਕ (GLDV), collected by Kesr Singh Novelist, edited by Kirpal Singh Kasel, Punjabi University Press Patiala, Punjab 2008.

ਗ਼ਦਰ ਪਾਰਟੀ ਦਾ ਇਤਿਹਾਸ

–ਬਾਬਾ ਸੋਹਣ ਸਿੰਘ ਭਕਨਾ

ਗ਼ਦਰ ਪਾਰਟੀ ਜਾਂ ਹਿੰਦੀ ਐਸੋਸੀਏਸ਼ਨ ਆਫ਼ ਪੈਸੇਫਿਕ ਕੋਸਟ ਆਫ਼ ਅਮਰੀਕਾ ਦੇ ਇਤਿਹਾਸ ਨੂੰ ਲਿਖਣ ਦੀ ਤਾਂਘ ਸਭ ਨਵੇਂ-ਪੁਰਾਣੇ ਸਾਥੀਆਂ ਦੇ ਦਿਲਾਂ ਵਿੱਚ ਹੈ। ਇਸ ਸੰਬੰਧੀ ਇਹ ਗੁਜਾਰਿਸ਼ ਕਰਨੀ ਲਾਜ਼ਮੀ ਹੈ ਕਿ ਇਸ ਲਈ 1914-15 ਤੇ ਉਸ ਜ਼ਮਾਨੇ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ, ਜਦੋਂ ਹਿੰਦੋਸਤਾਨ ਵਿੱਚ ਅੰਗਰੇਜ਼ ਸਰਕਾਰ ਦੀਆਂ ਨਜ਼ਰਾਂ ਵਿੱਚ ਅਜ਼ਾਦੀ ਦਾ ਨਾਂ ਲੈਣਾ ਭਾਰੀ ਗੁਨਾਹ ਸੀ। ਸਾਡੀ ਅੱਜ ਦੀ ਕਾਂਗਰਸ ਉਦੋਂ ਅੰਗਰੇਜ਼ ਸਰਕਾਰ ਦੀ ਫਰਮਾ-ਬਰਦਾਰ ਸੀ ਅਤੇ ਇਸ ਪਾਰਟੀ ਦੇ ਨੇਤਾ ਅੰਗਰੇਜ਼ ਦੀ ਗ਼ੁਲਾਮੀ ਨੂੰ ਰੱਬੀ ਦੇਣ ਸਮਝਦੇ ਸਨ ਤੇ ਜੀਅ-ਜਾਨ ਨਾਲ ਉਸਦੀ ਰਾਖੀ ਲਈ ਦੇਸ਼ ਦਾ ਤਨ, ਮਨ ਅਤੇ ਧਨ ਨਿਸ਼ਾਵਰ ਕਰ ਰਹੇ ਸਨ। ਹਿੰਦੋਸਤਾਨ ਦੀ ਜਨਤਾ ਸੁੱਤੀ ਹੋਈ ਸੀ ਅਤੇ ਅੰਗਰੇਜ਼ ਦੀ ਗ਼ੁਲਾਮੀ ਦੀ ਕਾਲੀ ਰਾਤ ਦੇਸ਼ ਉੱਤੇ ਛਾਈ ਹੋਈ ਸੀ। ਮੰਦਰਾਂ, ਗੁਰਦੁਆਰਿਆਂ, ਮਸੀਤਾਂ ਤੇ ਗਿਰਜਿਆਂ ਵਿੱਚ ਅੰਗਰੇਜ਼ ਸਰਕਾਰ ਦੀ ਸਫ਼ਲਤਾ ਲਈ ਅਰਦਾਸਾਂ ਕੀਤੀਆਂ ਜਾਂਦੀਆਂ ਸਨ। ਅਮਰੀਕਾ, ਕਨੇਡਾ, ਚੀਨ, ਮਲਾਇਆ ਆਦਿ ਬਾਹਰਲੇ ਟਾਪੂਆਂ ਤੋਂ ਆਏ ਗ਼ਦਰ ਪਾਰਟੀ ਦੇ ਇਨਕਲਾਬੀ ਦੇਸ਼ ਭਗਤਾਂ ਵਿਰੁੱਧ ਧਾਰਮਿਕ ਸਥਾਨਾਂ ਤੋਂ 'ਸਿੱਖ ਗ਼ਦਾਰ' ਤੇ 'ਕਾਫਰ' ਦੇ ਫ਼ਤਵੇ ਅੰਗਰੇਜ਼ੀ ਏਜੰਟਾਂ ਵਲੋਂ ਜਾਰੀ ਕੀਤੇ ਜਾ ਰਹੇ ਸਨ। ਸਭਾ, ਸੋਸਾਇਟੀਆਂ ਤੇ ਧਾਰਮਕ ਸਥਾਨਾਂ 'ਤੇ ਕਾਬਜ਼ ਲੋਕ ਅੰਗਰੇਜ਼ਾਂ ਦੇ ਏਜੰਟ ਸਨ। ਅਖਬਾਰਾਂ ਦੀ ਹਾਲਤ ਇਹ ਸੀ ਕਿ ਰੋਜ਼ ਫਾਂਸੀ 'ਤੇ ਲਟਕ ਰਹੇ ਦੇਸ਼ ਭਗਤਾਂ ਦੇ ਨਾਮ ਤੱਕ ਲਿਖਣੋਂ ਕੰਬਦੀਆਂ ਸਨ। ਅਜਿਹੀ ਘੋਰ ਗੁਲਾਮੀ ਦੀ ਕਾਲੀ ਰਾਤ 'ਚ ਇਨਕਲਾਬੀ ਦੇਸ਼ ਭਗਤਾਂ ਨੇ ਆਪਣੇ ਖ਼ੂਨ ਨਾਲ ਦੇਸ਼ ਪਿਆਰ ਦੀ ਸ਼ਮ੍ਹਾਂ ਜਗਾਉਣ ਦੀ ਕੋਸ਼ਿਸ਼ ਕੀਤੀ। ਅਸੀਂ ਉਹਨਾਂ ਦੇਸ਼ ਭਗਤਾਂ ਦੇ ਸੱਚੇ-ਸੁੱਚੇ ਕਾਰਨਾਮਿਆਂ ਨੂੰ ਲੋਕਾਈ ਦੇ ਸਾਹਮਣੇ ਹਕੀਕੀ ਰੂਪ ਵਿੱਚ ਪੇਸ਼ ਕਰਨ ਦਾ ਯਤਨ ਕਰਾਂਗੇ ਅਤੇ ਕਿਸੇ ਵੀ ਕਿਸਮ ਦੇ ਰੱਖ-ਰਖਾਅ ਜਾਂ ਵਧਾਅ-ਚੜ੍ਹਾਅ ਤੋਂ ਪਰਹੇਜ਼ ਕਰਾਂਗੇ।

ਗ਼ਦਰ ਪਾਰਟੀ ਨੇ ਸੈਂਕੜੇ ਸ਼ਹੀਦਾਂ ਦੀਆਂ ਅਹੂਤੀਆਂ ਦੇ ਕੇ ਕੌਮੀ ਇਨਕਲਾਬ ਦਾ ਪਹਿਲਾ ਮੀਲ ਪੱਥਰ ਸਥਾਪਤ ਕੀਤਾ ਸੀ, ਜਿਸ ਉੱਤੇ ਲੋਕ-ਇਨਕਲਾਬ ਦੀ ਇਮਾਰਤ ਤਿਆਰ ਹੋ ਰਹੀ ਹੈ। ਦੇਸ਼ ਦਾ ਇਨਕਲਾਬੀ ਇਤਿਹਾਸ, ਜੋ ਹੁਣ ਤੀਕ ਅੱਖਾਂ ਤੋਂ ਓਝਲ ਰਿਹਾ ਹੈ, ਹੁਣ ਲੋਕ ਸੱਥ ਵਿਚ ਪੇਸ਼ ਹੋ ਰਿਹਾ ਹੈ। ਇਸ ਲਈ ਪਾਠਕਾਂ ਨੂੰ ਗੁਜਾਰਿਸ਼ ਹੈ ਕਿ ਉਹ ਗ਼ਦਰ ਪਾਰਟੀ ਨੂੰ ਸਮਝਣ ਲਈ ਉਪਰੋਕਤ ਇਤਿਹਾਸਕ ਘਟਨਾਵਾਂ ਨੂੰ ਅਤੇ ਉਹਨਾਂ ਕਾਰਨਾਂ ਨੂੰ ਗਹੁ ਨਾਲ

ਵਾਚਣ ਦਾ ਯਤਨ ਕਰਨ। ਅੱਜ ਲੋਕ ਜੱਜ ਹਨ ਅਤੇ ਤਮਾਮ ਸਿਆਸੀ ਪਾਰਟੀਆਂ ਆਪੋ-ਆਪਣੇ ਹੱਕ ਵਿੱਚ ਫੈਸਲਾ ਲੈਣ ਲਈ ਲੋਕਾਂ ਦੀ ਕਚਹਿਰੀ ਵਿੱਚ ਖੜੀਆਂ ਹਨ ਅਤੇ ਫੈਸਲੇ ਦੀ ਉਡੀਕ ਕਰ ਰਹੀਆਂ ਹਨ।

ਅਸੀਂ 1914-15 ਦੇ ਜ਼ਿੰਦਾ ਸ਼ਹੀਦਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਆਪਣੇ ਜਿਉਂਦੇ ਜੀਅ ਆਪਣੇ ਸ਼ਹੀਦ ਸਾਥੀਆਂ ਅਤੇ ਉਹਨਾਂ ਦੇ ਬੋਲਾਂ ਨੂੰ ਨਾ ਭੁੱਲਣ ਅਤੇ ਫਾਂਸੀ ਦੇ ਫੰਦੇ 'ਤੇ ਝੂਟਦਿਆਂ ਜੋ ਕਾਜ ਅਤੇ ਕੌਮੀ ਫਰਜ਼ ਸਾਡੇ ਜ਼ੁੰਮੇ ਲਾਇਆ ਸੀ, ਉਸ ਨੂੰ ਯਾਦ ਰੱਖਣ। ਸਾਡੇ ਸਾਥੀਆਂ 'ਚੋਂ ਜਦੋਂ ਤੱਕ ਇਕ ਵੀ ਜਿਉਂਦਾ ਰਹੇਗਾ, ਉਹ ਆਖਰੀ ਦਮ ਤੱਕ ਗ਼ੁਲਾਮੀ ਦੇ ਵਿਰੁੱਧ ਅਤੇ ਇਨਸਾਨੀਅਤ ਅਤੇ ਆਜ਼ਾਦੀ ਦੇ ਹੱਕ ਵਿੱਚ ਲੜਦਾ ਰਹੇਗਾ।

1914-15 ਤੋਂ ਪਹਿਲਾਂ ਵੀ ਜਿਨ੍ਹਾਂ ਦੇਸ਼ ਭਗਤਾਂ ਨੇ ਹਿੰਦੋਸਤਾਨ ਦੇ ਕਿਸੇ ਕੋਨੇ ਵਿੱਚ, ਅੰਗਰੇਜ਼ ਸਾਮਰਾਜ ਦੀ ਗ਼ੁਲਾਮੀ ਦੇ ਵਿਰੁੱਧ ਅਤੇ ਆਜ਼ਾਦੀ ਹਾਸਲ ਕਰਨ ਲਈ ਕੁਰਬਾਨੀਆਂ ਕੀਤੀਆਂ ਹਨ – ਉਹਨਾਂ ਦਾ ਕੁਰਬਾਨੀਆਂ ਕਰਨ ਦਾ ਢੰਗ ਕੋਈ ਵੀ ਕਿਉਂ ਨਾ ਹੋਵੇ – ਅਸੀਂ ਉਹਨਾਂ ਸਾਰਿਆਂ ਨੂੰ ਆਜ਼ਾਦੀ ਦੇ ਹੀਰੋ ਮੰਨਦੇ ਹਾਂ ਅਤੇ ਕੌਮੀ ਇਨਕਲਾਬ ਦੀ ਲਹਿਰ ਦਾ ਹਿੱਸਾ ਸਮਝਦੇ ਹਾਂ। ਇਸ ਤੋਂ ਇਲਾਵਾ ਉਹਨਾਂ ਨੌਜਵਾਨਾਂ – ਭਗਤ ਸਿੰਘ, ਰਾਜਗੁਰੂ ਤੇ ਦਾਸ (ਜੈਤਿਨ ਦਾਸ) ਤੇ ਉਹਨਾਂ ਦੇ ਸਾਥੀਆਂ – ਜਿਨ੍ਹਾਂ ਨੇ 1914-15 ਤੋਂ ਬਾਅਦ ਆਪਣੀਆਂ ਜਵਾਨੀਆਂ ਨਿਸ਼ਾਵਰ ਕੀਤੀਆਂ ਹਨ, ਅਸੀਂ ਉਹਨਾਂ ਦੀਆਂ ਕੁਰਬਾਨੀਆਂ ਸਾਹਵੇਂ ਸਿਰ ਝੁਕਾਉਂਦੇ ਹਾਂ। ਅਸੀਂ ਊਧਮ ਸਿੰਘ ਦੀ ਸ਼ਹਾਦਤ ਨੂੰ ਵੀ ਭੁੱਲ ਨਹੀਂ ਸਕਦੇ।

ਇਸੇ ਤਰ੍ਹਾਂ ਅਸੀਂ ਉਹਨਾਂ ਤਮਾਮ ਦੇਸ਼ ਭਗਤਾਂ, ਜਿਨ੍ਹਾਂ ਨੇ ਆਜ਼ਾਦੀ ਦੀ ਜੰਗ ਵਿਚ ਕਿਸੇ ਸ਼ਕਲ ਵਿਚ ਹਿੱਸਾ ਪਾਇਆ ਹੈ, ਜੇਲ੍ਹਾਂ ਕੱਟੀਆਂ ਹਨ ਜਾਂ ਰੁਪਿਆ ਪੈਸਾ ਦੇ ਕੇ ਕੌਮੀ ਲਹਿਰ ਦਾ ਸਾਥ ਦਿੱਤਾ ਹੈ, ਦਾ ਵੀ ਆਜ਼ਾਦੀ ਦੀ ਜੰਗ ਵਿੱਚ ਹਿੱਸਾ ਸਮਝਦੇ ਹਾਂ ਅਤੇ ਉਹਨਾਂ ਦਾ ਸਤਿਕਾਰ ਕਰਦੇ ਹਾਂ। ਇਸ ਤੋਂ ਇਲਾਵਾ ਅਸੀਂ ਉਹਨਾਂ ਸਾਰੇ ਨੌਜਵਾਨਾਂ ਨੂੰ ਵੀ, ਜੋ ਅੱਜ ਵੀ ਇਨਸਾਨ ਨੂੰ ਇਨਸਾਨੀਅਤ ਦੀ ਚੋਟੀ ਤੱਕ ਪਹੁੰਚਾਉਣ ਲਈ ਜਦੋਜਹਿਦ ਕਰ ਰਹੇ ਹਨ, ਮਨੁੱਖਤਾ ਦੇ ਮੱਥੇ ਤੋਂ ਹਰ ਤਰ੍ਹਾਂ ਦੀ ਗੁਲ਼ਾਮੀ ਦਾ ਦਾਗ ਮਿਟਾਉਣਾ ਚਾਹੁੰਦੇ ਹਨ, ਚਾਹੇ ਉਹ ਆਰਥਕ, ਸਿਆਸੀ ਜਾਂ ਸਮਾਜਕ, ਜੋ ਕੁਝ ਵੀ ਹੋਵੇ ਅਤੇ ਮਨੁੱਖੀ ਸਮਾਜ ਵਿੱਚ ਅਮਨ-ਸ਼ਾਂਤੀ, ਆਜ਼ਾਦੀ ਅਤੇ ਬਰਾਬਰੀ ਦੀ ਪ੍ਰਫੁਲਤਾ ਵੇਖਣੀ ਲੋਚਦੇ ਹਨ, ਅਸ਼ੀਰਵਾਦ ਦਿੰਦੇ ਹਾਂ। ਸਾਡੀ ਇੱਛਾ ਹੈ ਕਿ ਉਹਨਾਂ ਨੂੰ ਛੇਤੀ ਕਾਮਯਾਬੀ ਨਸੀਬ ਹੋਵੇ ਅਤੇ ਸੰਸਾਰ ਭਰ ਵਿਚ ਇਨਸਾਨੀਅਤ ਦਾ ਬੋਲਬਾਲਾ ਹੋਵੇ ਅਤੇ ਉਸ ਸਾਮਰਾਜਸ਼ਾਹੀ ਦਾ ਨਾਸ਼ ਹੋਵੇ, ਜਿਸ ਨੇ ਮਨੁੱਖੀ ਸਮਾਜ ਅੰਦਰ ਦਹਿਸ਼ਤ ਫੈਲਾਅ ਰੱਖੀ ਹੈ।

ਅੰਤ ਵਿਚ ਅਸੀ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਦਾ ਧੰਨਵਾਦ ਕਰਦੇ ਹਾਂ, ਕਿਉਂਕਿ ਉਸ ਨੇ ਇਕ ਸਬ-ਕਮੇਟੀ ਬਣਾ ਕੇ ਇਸ ਇਤਿਹਾਸਕ ਕੌਮੀ ਕਮੀ ਨੂੰ ਪੂਰਿਆਂ ਕਰਨ ਲਈ ਕਦਮ ਚੁੱਕਿਆ ਹੈ। ਸਬ-ਕਮੇਟੀ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਇਸ ਇਤਿਹਾਸ ਨੂੰ ਕਿਤਾਬੀ ਸ਼ਕਲ ਦੇਣ ਤੋ ਪਹਿਲਾਂ ਪ੍ਰੈੱਸ ਰਾਹੀ ਆਮ ਲੋਕਾਂ ਸਾਹਮਣੇ ਪੇਸ਼ ਕਰੇ ਅਤੇ ਜੋ ਵੀ

ਤਰਮੀਮਾਂ ਲੋਕਾਂ ਵਲੋਂ ਆਉਣ ਉਹਨਾਂ ਉੱਤੇ ਗੌਰ ਕਰੇ, ਕਿਉਂਕਿ ਇਹ ਇਤਿਹਾਸਕ ਖਜ਼ਾਨਾ ਕਿਸੇ ਇਕ ਦਾ ਨਹੀਂ, ਸਗੋਂ ਲੋਕਾਈ ਦੀ ਮਲਕੀਅਤ ਹੈ।

ਰੋਟੀ ਦੀ ਤਾਲਾਸ਼ ਵਿੱਚ ਪੰਜਾਬੀ ਕਿਸਾਨਾਂ ਦਾ ਘਰੋਂ ਨਿਕਲਣਾ

19ਵੀਂ ਸਦੀ ਦੇ ਅੰਤਿਮ ਅਤੇ 20ਵੀਂ ਸਦੀ ਦੇ ਸ਼ੁਰੂਆਤੀ ਸਾਲਾਂ ਤੱਕ ਪੰਜਾਬ ਦੇ ਦਰਮਿਆਨੇ ਮਾਲਕ ਕਿਸਾਨ ਦੀ ਆਰਥਕ ਹਾਲਤ ਬਹੁਤ ਬੁਰੀ ਹੋ ਚੁੱਕੀ ਸੀ। ਉਂਜ ਵੀ ਡੇਢ ਸੌ ਸਾਲਾਂ ਦੀ ਵਿਦੇਸ਼ੀ ਲੁੱਟ-ਖਸੁੱਟ ਨੇ ਹਿੰਦੋਸਤਾਨ ਦੀ ਆਰਥਕ ਹਾਲਤ ਨੂੰ ਬੁਰੀ ਤਰ੍ਹਾਂ ਕੁਚਲ ਕੇ ਰੱਖ ਦਿੱਤਾ ਸੀ। ਦੇਸ਼ ਦੀ ਸਾਰੀ ਸਨਅਤ ਅਤੇ ਵਪਾਰ ਤਬਾਹ-ਬਰਬਾਦ ਹੋ ਗਿਆ। ਸ਼ਹਿਰ ਤੋਂ ਇਲਾਵਾ ਪਿੰਡਾਂ ਦੀ ਘਰੇਲੂ ਦਸਤਕਾਰੀ ਵੀ ਬਚ ਨਾ ਸਕੀ। ਸਾਰੇ ਦੇਸ਼ ਉੱਤੇ ਆਰਥਕ ਸੰਕਟ ਦੀ ਕਾਲੀ ਘਟਾ ਛਾਈ ਹੋਈ ਸੀ, ਜਿਸ ਦੇ ਛਟ ਜਾਣ ਦੀ ਕੋਈ ਉਮੀਦ ਨਹੀਂ ਸੀ। ਇਸ ਦਾ ਅਸਰ ਪੰਜਾਬ 'ਤੇ ਪੈਣਾ ਸੀ ਤੇ ਪਿਆ ਵੀ। ਪੰਜਾਬੀ ਕਿਸਾਨੀ ਦੀਆਂ ਜ਼ਮੀਨਾਂ ਵਿੱਚ ਵੰਡ-ਦਰ-ਵੰਡ ਹੋਣ ਕਾਰਨ ਛੋਟੇ-ਛੋਟੇ ਟੁਕੜਿਆਂ 'ਚ ਵੰਡੀਆਂ ਗਈਆਂ। ਫਿਰ ਜ਼ਮੀਨ ਦਾ ਆਬਿਆਨਾ ਤੇ ਮਾਲੀਆ ਦਿਨੋਂ ਦਿਨ ਵਧ ਰਹੇ ਸਨ। ਇਸ ਦੇ ਸਿੱਟੇ ਵਜੋਂ ਦਰਮਿਆਨੇ ਮਾਲਕ ਕਿਸਾਨਾਂ ਦੀਆਂ ਜ਼ਮੀਨਾਂ ਬਹੁਤ ਹੱਦ ਤੱਕ ਸ਼ਾਹੂਕਾਰਾਂ ਦੇ ਕਬਜ਼ੇ ਹੇਠ ਜਾ ਚੁੱਕੀਆਂ ਸਨ। ਮਾਲੀਆ, ਆਬਿਆਨਾ, ਸ਼ਾਹੂਕਾਰਾਂ ਦਾ ਸੂਦ ਤੇ ਠੇਕਾ ਚੁਕਾ ਦੇਣ ਤੋਂ ਬਾਅਦ ਕਿਸਾਨ ਕੋਲ ਆਪਣੇ ਬਾਲ-ਬੱਚਿਆਂ ਦਾ ਪੇਟ ਪਾਲਣ ਲਈ ਕੁੱਝ ਨਹੀਂ ਬਚਦਾ ਸੀ। ਸੋ ਉਹ ਰੋਟੀ ਦੀ ਤਲਾਸ਼ ਵਿੱਚ ਦੂਜੇ ਮੁਲਕਾਂ ਦੇ ਦਰ 'ਤੇ ਜਾਣ ਲਈ ਮਜਬੂਰ ਸੀ। ਇਸ ਬੇਵਸੀ ਦੀ ਹਾਲਤ ਵਿੱਚ ਹੀ ਪੰਜਾਬੀ ਕਿਸਾਨ ਨਿਰਾਸ਼ ਹੋ ਕੇ ਘਰੋਂ ਨਿਕਲਿਆ ਸੀ।

ਸ਼ੁਰੂ ਵਿੱਚ ਉਹ ਮਲਾਇਆ ਅਤੇ ਚੀਨ ਗਿਆ। ਪੰਜਾਬੀ ਕਿਸਾਨ ਜਿਸਮ ਦਾ ਤਕੜਾ ਤੇ ਮਜ਼ਬੂਤ ਸੀ ਅਤੇ ਨਾਲ ਹੀ ਭੁੱਖ ਦਾ ਸਤਾਇਆ ਹੋਇਆ ਵੀ ਸੀ। ਇਸ ਹਾਲਤ ਵਿੱਚ ਉਹ ਹੋਰ ਕਰ ਹੀ ਕੀ ਸਕਦਾ ਸੀ? ਅੰਗਰੇਜ਼ੀ ਸਾਮਰਾਜਸ਼ਾਹੀ ਨੇ ਉਸ ਨੂੰ ਵਤਨੋਂ ਬੇਵਤਨ ਕੀਤਾ, ਉਸ ਦੀ ਕਮਜ਼ੋਰੀ ਦਾ ਫਾਇਦਾ ਉਠਾਇਆ ਅਤੇ ਉਸ ਦੇ ਹੱਥੋਂ ਉਹਨਾਂ ਬੇਗੁਨਾਹਾਂ ਉੱਤੇ ਡਾਂਗਾਂ ਚਲਵਾਈਆਂ, ਜਿਹੜੇ ਉਸ ਵਾਂਗ ਹੀ ਅੰਗਰੇਜ਼ੀ ਸਾਮਰਾਜਸ਼ਾਹੀ ਦੀ ਲੁੱਟ-ਖਸੁੱਟ ਦੇ ਸ਼ਿਕਾਰ ਸਨ ਅਤੇ ਰਾਜਨੀਤਕ ਪੱਖੋਂ ਉਸ ਤੋਂ ਵੀ ਜ਼ਿਆਦਾ ਬੁਰੀ ਤਰ੍ਹਾਂ ਗ਼ੁਲਾਮ ਸਨ। ਪਰ ਅਫਸੋਸ ਹੈ ਕਿ ਇਸ ਗਰੀਬ ਅਤੇ ਮੰਦਹਾਲ ਪੰਜਾਬੀ ਕਿਸਾਨ ਨੂੰ ਬਹੁਤੀ ਸਿਆਸੀ ਸੂਝ ਨਹੀਂ ਸੀ। ਉਸ ਦੇ ਸਾਹਮਣੇ ਸਿਰਫ਼ ਰੋਟੀ ਦਾ ਸਵਾਲ ਸੀ, ਉਹ ਭਾਵੇਂ ਕਿਵੇਂ ਵੀ ਤੇ ਕਿਤੋਂ ਵੀ ਮਿਲ ਜਾਏ। ਉਹ ਦੋਸਤ-ਦੁਸ਼ਮਣ ਦੀ ਪਛਾਣ ਕਰਨ ਵਿੱਚ ਅਸਲੋਂ ਹੀ ਕੋਰਾ ਸੀ। ਸੋ ਉਹ ਮਲਾਇਆ ਤੇ ਚੀਨ ਵਿੱਚ ਅੰਗਰੇਜ਼ੀ ਪੁਲਸ ਵਿੱਚ ਭਰਤੀ ਹੋ ਗਿਆ। ਜੋ ਹਿੱਸਾ ਬਾਕੀ ਬਚਿਆ ਉਹ ਉਥੋਂ ਦੇ ਸੇਠਾਂ ਤੇ ਸ਼ਾਹੂਕਾਰਾਂ ਦਾ ਚੌਕੀਦਾਰ ਬਣ ਗਿਆ। ਮਲਾਇਆ ਤੇ ਚੀਨ ਦੇ ਆਮ ਲੋਕੀ ਇਸ ਨੂੰ ਚੰਗਾ ਨਹੀਂ ਸੀ ਸਮਝਦੇ, ਪਰ ਇਸ ਦੀ ਉਸ ਨੂੰ ਪ੍ਰਵਾਹ ਨਹੀਂ ਸੀ। ਪੇਟ ਦਾ ਭੁੱਖਾ ਕੁਝ ਵੀ ਬਰਦਾਸ਼ਤ ਕਰ ਸਕਦਾ ਹੈ। ਇਹੀ ਹਾਲਤ ਉਸ ਦੀ ਸੀ।

ਹੌਲੀ-ਹੌਲੀ ਇਹ ਲੋਕ ਸ਼ੰਘਾਈ ਤੱਕ ਪਹੁੰਚ ਗਏ। ਹੁਣ ਇਨ੍ਹਾਂ ਨੂੰ ਬਦੇਸ਼ੀ ਮੁਲਕਾਂ 'ਚ ਰਹਿਣ ਕਾਰਨ ਉਹਨਾਂ ਮੁਲਕਾਂ ਦੀ ਜ਼ੁਬਾਨ ਸਿੱਖਣੀ ਪਈ, ਕਿਉਂਕਿ ਜ਼ੁਬਾਨ ਸਿੱਖੇ ਬਿਨਾ ਨਾ ਹੀ ਸੇਠਾਂ ਦਾ ਚੌਕੀਦਾਰਾ ਹੋ ਸਕਦਾ ਸੀ, ਨਾ ਹੀ ਪੁਲਸ ਦੀ ਨੌਕਰੀ। ਪੁਲਸ ਵਿੱਚ ਭਰਤੀ ਹੋਣ ਵਾਲਿਆਂ ਨੂੰ ਤਾਂ ਆਪਣੇ ਮਾਲਕ ਅੰਗਰੇਜ਼ ਦੀ ਜ਼ੁਬਾਨ ਵੀ ਸਿੱਖਣੀ ਪੈਂਦੀ ਸੀ। ਇਸ ਲਈ ਇਨ੍ਹਾਂ ਵਿੱਚੋਂ ਜਿਹੜੇ ਕੁਝ ਸਮਝਦਾਰ ਸਨ, ਉਹਨਾਂ ਥੋੜ੍ਹੀ ਬਹੁਤ ਅੰਗਰੇਜ਼ੀ ਵੀ ਪੜ੍ਹ ਲਈ। ਮਲਾਇਆ ਅਤੇ ਚੀਨ ਤੋਂ ਇਲਾਵਾ ਕੁਝ ਪੰਜਾਬੀ ਆਸਟਰੇਲੀਆ ਤੱਕ ਵੀ ਪਹੁੰਚ ਗਏ ਸਨ, ਪਰ ਆਸਟਰੇਲੀਆ ਵਾਲਿਆਂ ਦਾ ਸਾਡੇ ਇਤਿਹਾਸ ਨਾਲ ਕੋਈ ਵਾਸਤਾ ਨਹੀਂ ਹੈ, ਇਸ ਲਈ ਉਹਨਾਂ ਦਾ ਵਧੇਰੇ ਜ਼ਿਕਰ ਕਰਨਾ ਜ਼ਰੂਰੀ ਨਹੀਂ। ਅਸੀਂ ਸਿਰਫ਼ ਉਹਨਾਂ ਲੋਕਾਂ ਦੀ ਗੱਲ ਕਰਾਂਗੇ, ਜਿਨ੍ਹਾਂ ਦਾ ਸਬੰਧ ਸਾਡੇ ਇਤਿਹਾਸ ਨਾਲ ਹੈ।

ਮੈਂ ਉੱਤੇ ਕਹਿ ਆਇਆ ਹਾਂ ਕਿ ਹਾਂਗਕਾਂਗ ਤੇ ਸ਼ੰਘਾਈ 'ਚ ਰਹਿਣ ਵਾਲੇ ਪੰਜਾਬੀ ਦੋ ਤਰ੍ਹਾਂ ਰੋਟੀ ਕਮਾ ਰਹੇ ਸਨ। ਇੱਕ ਹਿੱਸਾ ਸੇਠਾਂ ਦਾ ਚੌਕੀਦਾਰ ਸੀ, ਦੂਜਾ ਹਿੱਸਾ ਪੁਲਸ 'ਚ ਕੰਮ ਕਰਦਾ ਸੀ। ਇੱਕ ਤੀਜਾ ਵਰਗ ਫੌਜੀ ਸਿਪਾਹੀਆਂ ਦਾ ਸੀ, ਜਿਹੜੇ ਹਾਂਗ-ਕਾਂਗ ਦੇ ਤੋਪਖਾਨੇ ਤੇ ਸਿੰਘਾਪੁਰ ਆਦਿ ਦੀਆਂ ਦੂਜੀਆਂ ਫੌਜਾਂ 'ਚ ਭਰਤੀ ਸਨ। ਇਹਨਾਂ ਦਾ ਸਿੱਧਾ ਸਬੰਧ ਹਿੰਦੋਸਤਾਨ ਦੀ ਅੰਗਰੇਜ਼ ਸਰਕਾਰ ਨਾਲ ਸੀ ਤੇ ਇਹ ਹਿੰਦੋਸਤਾਨ ਤੋਂ ਭਰਤੀ ਹੋ ਕੇ ਆਏ ਸਨ। ਇਹਨਾਂ ਦੀ ਬਦਲੀ ਅਤੇ ਛੁੱਟੀ ਦੇ ਮਾਮਲੇ ਵੀ ਹਿੰਦੋਸਤਾਨ ਦੇ ਫੌਜੀ ਵਿਭਾਗ ਦੇ ਅਧੀਨ ਸਨ। ਇਨ੍ਹਾਂ ਲੋਕਾਂ ਦਾ ਵੀ ਸਾਡੇ ਇਤਿਹਾਸ ਨਾਲ ਗੂੜ੍ਹਾ ਸਬੰਧ ਹੈ, ਜੋ ਵਾਜਿਬ ਸਮੇਂ 'ਤੇ ਪਾਠਕਾਂ ਦੀ ਨਜ਼ਰ ਕੀਤਾ ਜਾਏਗਾ। ਇੱਥੇ ਇੱਕ ਗੱਲ ਸਪੱਸ਼ਟ ਕਰ ਦੇਣੀ ਜ਼ਰੂਰੀ ਹੈ ਕਿ ਵਿਦੇਸ਼ ਜਾਣ ਵਾਲਿਆਂ ਵਿਚ ਨਾ ਤਾਂ ਕੋਈ ਅਮੀਰ ਜ਼ਮੀਂਦਾਰ ਸੀ ਅਤੇ ਨਾ ਹੀ ਕੋਈ ਗਰੀਬ ਮੁਜਾਰਾ। ਵਧੇਰੇ ਗਿਣਤੀ ਦਰਮਿਆਨੇ ਮਾਲਕ ਕਿਸਾਨਾਂ ਦੀ ਸੀ। ਜ਼ਮੀਂਦਾਰ ਨੂੰ ਤਾਂ ਉਸ ਵੇਲੇ ਵੀ ਰੱਜਵੀਂ ਰੋਟੀ ਮਿਲਦੀ ਸੀ, ਕਿਉਂਕਿ ਉਹ ਹਕੂਮਤ ਦੀ ਸੱਜੀ ਬਾਂਹ ਸਨ। ਉਹਨਾਂ ਨੂੰ ਵਿਦੇਸ਼ਾਂ ਵਿਚ ਠੋਕਰਾਂ ਖਾਣ ਦੀ ਲੋੜ ਨਹੀਂ ਸੀ, ਇਸ ਤੋਂ ਬਾਅਦ ਮੁਜਾਰੇ ਦੀ ਏਨੀ ਹੈਸੀਅਤ ਨਹੀਂ ਸੀ ਕਿ ਕਿਰਾਏ ਅਤੇ ਸਫ਼ਰ ਦੇ ਖਰਚੇ ਲਈ ਧਨ ਹਾਸਲ ਕਰ ਸਕੇ। ਇਸ ਲਈ ਦਰਮਿਆਨਾ ਕਿਸਾਨ ਹੀ ਸੀ, ਜੋ ਜ਼ਮੀਨ ਗਹਿਣੇ ਧਰ ਕੇ ਜਾਂ ਸ਼ਾਹੂਕਾਰ ਤੋਂ ਕਰਜਾ ਲੈ ਕੇ ਵਿਦੇਸ਼ਾਂ ਨੂੰ ਜਾ ਸਕਦਾ ਸੀ।

ਇਨ੍ਹਾਂ ਵਿਦੇਸ਼ ਜਾਣ ਵਾਲਿਆਂ ਵਿੱਚ 95 ਪ੍ਰਤੀਸ਼ਤ ਕਿਸਾਨ ਸਿੱਖ ਧਰਮ ਨਾਲ ਸਬੰਧ ਰੱਖਦੇ ਸਨ। ਜਦੋਂ ਇਨ੍ਹਾਂ ਲੋਕਾਂ ਨੂੰ ਮਲਾਇਆ ਤੇ ਚੀਨ 'ਚ ਰਹਿੰਦਿਆਂ ਕਾਫੀ ਸਮਾਂ ਬੀਤ ਗਿਆ ਤਾਂ ਇਨ੍ਹਾਂ ਨੇ ਕੁੱਝ ਪੈਸਾ ਕਮਾ ਲਿਆ ਤੇ ਦੇਸ਼ 'ਚ ਚੁਕਿਆ ਕਰਜ਼ਾ ਲਾਹ ਦਿੱਤਾ। ਫਿਰ ਇਨ੍ਹਾਂ ਲੋਕਾਂ ਵਿੱਚ ਸਿੱਖੀ ਰਵਾਇਤ ਦੇ ਮੁਤਾਬਕ ਗੁਰਦੁਆਰੇ ਸਥਾਪਤ ਕਰਨ ਦਾ ਖ਼ਿਆਲ ਪੈਦਾ ਹੋਇਆ। ਜਿੱਥੇ ਉਹ ਹਫ਼ਤੇ 'ਚ ਇੱਕ ਵਾਰ ਇਕੱਠੇ ਹੋ ਕੇ ਆਪਣੀ ਭਲਾਈ ਤੇ ਸੰਗਠਨ ਲਈ ਕੁਝ ਸੋਚ ਸਕਣ ਅਤੇ ਦੇਸ਼ ਤੋਂ ਨਵੇਂ ਆਏ ਮੁਸਾਫਿਰਾਂ ਲਈ ਆਸਰੇ ਤੇ ਰੋਟੀ ਦਾ ਪ੍ਰਬੰਧ ਕਰ ਸਕਣ। ਇਸ ਭਾਵਨਾ ਨਾਲ ਉਨ੍ਹਾਂ ਪੀਨਾਂਗ, ਸਿੰਗਾਪੁਰ, ਹਾਂਗਕਾਂਗ ਤੇ ਸ਼ੰਘਾਈ 'ਚ ਬਹੁਤ ਹੀ ਆਲੀਸ਼ਾਨ ਗੁਰਦੁਆਰੇ ਬਣਾਏ। ਇਹ ਸਿਲਸਿਲਾ ਕਨੇਡਾ ਤੇ ਅਮਰੀਕਾ ਤੱਕ ਵੀ ਗਿਆ।

ਵੈਨਕੂਵਰ (ਕਨੇਡਾ) ਅਤੇ ਸਟਾਕਟਨ (ਕੈਲੇਫੋਰਨੀਆ) ਦੇ ਗੁਰਦੁਆਰੇ ਇਸ ਦੀ ਮਿਸਾਲ ਹਨ। ਇਨ੍ਹਾਂ ਗੁਰਦਆਰਿਆਂ ਵਿੱਚ ਧਰਮ ਤੇ ਕੌਮ ਦੇ ਵਿਚਾਰ ਤੋਂ ਉਤਾਂਹ ਉੱਠ ਕੇ ਹਿੰਦੋਸਤਾਨ ਤੋਂ ਗਏ ਹਰ ਨਵੇਂ ਮੁਸਾਫਿਰ ਨੂੰ ਰੋਟੀ ਤੇ ਪਨਾਹ ਮਿਲਦੀ ਸੀ। ਇਥੇ ਗੁਰਦੁਆਰਿਆਂ ਦਾ ਜ਼ਿਕਰ ਇਸ ਕਰਕੇ ਕੀਤਾ ਗਿਆ ਹੈ, ਕਿਉਂਕਿ ਇਨ੍ਹਾਂ ਟਾਪੂਆਂ ਦੇ ਗੁਰਦੁਆਰਿਆਂ ਦਾ ਸਾਡੇ ਇਤਿਹਾਸ ਨਾਲ ਗਹਿਰਾ ਸਬੰਧ ਹੈ। ਇਹ ਗੱਲ ਅੱਗੇ ਆ ਕੇ ਪਾਠਕਾਂ ਦੇ ਸਾਹਮਣੇ ਆਏਗੀ। ਇਨ੍ਹਾਂ ਹੀ ਗੁਰਦੁਆਰਿਆਂ ਵਿੱਚੋਂ ਸ੍. ਬਲਵੰਤ ਸਿੰਘ ਵਰਗੇ ਗ੍ਰੰਥੀ ਅਤੇ ਸ੍. ਭਾਗ ਸਿੰਘ ਭਿੱਖੀਵਿੰਡ ਵਰਗੇ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਉਭਰ ਕੇ ਸਾਹਮਣੇ ਆਏ, ਜਿਨ੍ਹਾਂ ਨੇ ਆਖਰੀ ਦਮ ਤੱਕ ਅੰਗਰੇਜ਼ੀ ਸਾਮਰਾਜ ਦਾ ਪੂਰੀ ਤਾਕਤ ਨਾਲ ਮੁਕਾਬਲਾ ਕੀਤਾ। ਇਸੇ ਸੰਘਰਸ਼ ਵਿੱਚ ਸ੍. ਬਲਵੰਤ ਸਿੰਘ ਗ੍ਰੰਥੀ ਤਾਂ ਸਿੰਘਾਪੁਰ (ਮਲਾਇਆ) ਵਿੱਚ ਅੰਗਰੇਜ਼ੀ ਸਾਮਰਾਜ ਦੇ ਹੱਥੋਂ ਫਾਂਸੀ ਲਟਕਾਏ ਗਏ ਅਤੇ ਸ੍. ਭਾਗ ਸਿੰਘ ਨੂੰ ਕੌਮੀ ਗ਼ਦਾਰਾਂ ਤੇ ਅੰਗਰੇਜ਼ੀ ਏਜੰਟਾਂ ਹੱਥੋਂ ਅੰਗਰੇਜ਼ੀ ਖੁਫੀਆ ਪੁਲਸ ਦੇ ਇਸ਼ਾਰੇ 'ਤੇ ਵੈਨਕੂਵਰ ਦੇ ਗੁਰਦੁਆਰੇ ਦੇ ਅੰਦਰ ਹੀ ਸ਼ਹੀਦ ਕਰ ਦਿੱਤਾ ਗਿਆ।

ਪੰਜਾਬੀਆਂ ਦਾ ਕਨੇਡਾ ਤੇ ਅਮਰੀਕਾ ਪਹੁੰਚਣਾ

ਮੈਂ ਪਿੱਛੇ ਜ਼ਿਕਰ ਕਰ ਆਇਆ ਹਾਂ ਕਿ ਜਦੋਂ ਇਨ੍ਹਾਂ ਲੋਕਾਂ ਦਾ ਦੂਜੇ ਮੁਲਕਾਂ ਦੀਆਂ ਭਾਸ਼ਾਵਾਂ ਅਤੇ ਅੰਗਰੇਜ਼ੀ ਨਾਲ ਵਾਹ ਪਿਆ, ਤਾਂ ਇਹ ਇਨ੍ਹਾਂ ਮੁਲਕਾਂ ਦੀਆਂ ਭਾਸ਼ਾਵਾਂ ਤੋਂ ਇਲਾਵਾ ਟੁੱਟੀ-ਫੁੱਟੀ ਅੰਗਰੇਜ਼ੀ ਬੋਲਣੀ ਤੇ ਥੋੜ੍ਹਾ-ਬਹੁਤ ਪੜ੍ਹਨਾ-ਲਿਖਣਾ ਵੀ ਸਿੱਖ ਗਏ। ਸ਼ੰਘਾਈ ਇੱਕ ਕੌਮਾਂਤਰੀ ਮਹੱਤਵ ਵਾਲਾ ਸ਼ਹਿਰ ਸੀ। ਜਿੱਥੇ ਵੱਖ ਵੱਖ ਦੇਸ਼ਾਂ ਦੇ ਯਾਤਰੀ ਤੇ ਸੌਦਾਗਰ ਆਇਆ-ਜਾਇਆ ਕਰਦੇ ਸਨ। ਅਮਰੀਕਨ ਯਾਤਰੀਆਂ ਅਤੇ ਸੌਦਾਗਰਾਂ ਦਾ ਤਾਂ ਇਹ ਖ਼ਾਸ ਅੱਡਾ ਸੀ। ਬਹੁਤ ਸਾਰੇ ਪੰਜਾਬੀ ਬੰਦਰਗਾਹ ਉੱਤੇ ਚੁੰਗੀ ਮਹਿਕਮੇ 'ਚ ਚੌਂਕੀਦਾਰਾ ਕਰਦੇ ਸਨ ਅਤੇ ਇਨ੍ਹਾਂ ਨੂੰ ਬਾਹਰ ਆਉਣ ਵਾਲੇ ਮੁਸਾਫਰਾਂ ਨਾਲ ਮਹਿਸੂਲ ਵਾਰੇ ਗੱਲਬਾਤ ਕਰਨੀ ਪੈਂਦੀ ਸੀ। ਉਨ੍ਹਾਂ ਨੂੰ ਅਮਰੀਕਨ ਤੇ ਕਨੇਡੀਅਨ ਮੁਸਾਫਰਾਂ ਕੋਲੋਂ ਪਤਾ ਲੱਗਿਆ ਕਿ ਉੱਥੇ ਦੋ-ਢਾਈ ਡਾਲਰ ਰੋਜ਼ਾਨਾ ਮਜ਼ਦੂਰੀ ਮਿਲਦੀ ਹੈ। ਇਹ ਮਜ਼ਦੂਰੀ ਹਿੰਦੋਸਤਾਨ ਦੇ ਸਾਢੇ ਸੱਤ ਜਾਂ ਅੱਠ ਰੁਪਏ ਦੇ ਕਰੀਬ ਹੁੰਦੀ ਸੀ। ਇਹ ਉਨ੍ਹਾਂ ਲਈ ਬਹੁਤ ਵੱਡੀ ਤਨਖਾਹ ਸੀ, ਕਿਉਂਕਿ ਉਨ੍ਹੀ ਦਿਨੀਂ ਹਿੰਦੋਸਤਾਨ ਵਿੱਚ ਮਜ਼ਦੂਰਾਂ ਨੂੰ ਛੇ ਜਾਂ ਅੱਠ ਆਨੇ ਤੋਂ ਵੱਧ ਮਜ਼ਦੂਰੀ ਨਹੀਂ ਮਿਲਦੀ ਸੀ ਅਤੇ ਪੰਜਾਬੀ ਦੀ ਔਸਤ ਆਮਦਨੀ ਵੀ ਡੇਢ.ਆਨਾ ਪ੍ਰਤੀ ਦਿਨ ਤੋਂ ਵੱਧ ਨਹੀਂ ਸੀ। ਸੋ ਸ਼ੰਘਾਈ 'ਚ ਰਹਿਣ ਵਾਲੇ ਕੁਝ ਪੰਜਾਬੀ ਅਮਰੀਕਾ ਦੇ ਕਨੇਡਾ ਵੱਲ ਤੁਰ ਪਏ ਅਤੇ ਉੱਥੇ ਪਹੁੰਚ ਗਏ। ਇਹ 1903-04 ਦੀ ਗੱਲ ਹੈ।

ਪੰਜਾਬੀ ਕਿਸਾਨ ਆਮ ਤੌਰ 'ਤੇ ਮਜ਼ਬੂਤ ਜੁੱਸੇ ਵਾਲਾ ਨਿਡਰ ਹੁੰਦਾ ਹੈ। ਜਦੋਂ ਇਹਨਾਂ ਨੂੰ ਲੱਕੜੀ ਤੇ ਲੋਹੇ ਦੇ ਕਾਰਖਾਨਿਆਂ ਵਿੱਚ ਕੰਮ 'ਤੇ ਲਾਇਆ ਗਿਆ, ਤਾਂ ਇਹ ਕਾਰਖਾਨੇਦਾਰਾਂ ਲਈ ਬਹੁਤ ਲਾਹੇਵੰਦ ਸਾਬਤ ਹੋਏ। ਹੁਣ ਕਾਰਖਾਨੇਦਾਰਾਂ ਨੇ ਪਹਿਲਾਂ ਆਏ ਲੋਕਾਂ ਰਾਹੀਂ ਸ਼ੰਘਾਈ, ਹਾਂਗਕਾਂਗ ਤੋਂ ਹੋਰ ਪੰਜਾਬੀ ਮੰਗਵਾਉਣੇ ਸ਼ੁਰੂ ਕਰ ਦਿੱਤੇ। ਕਾਰਖਾਨੇਦਾਰਾਂ ਦੀ ਇਹ

ਮੰਗ ਵਧਦੀ ਗਈ। ਪਹਿਲਾਂ ਪਹੁੰਚੇ ਪੰਜਾਬੀਆਂ ਨੇ ਆਪੋ-ਆਪਣੇ ਪਿੰਡੀਂ ਅਤੇ ਰਿਸ਼ਤੇਦਾਰੀਆਂ 'ਚ ਅਮਰੀਕਾ ਤੇ ਕਨੇਡਾ ਦੀ ਮਜ਼ਦੂਰੀ ਬਾਰੇ ਵਧਾ-ਚੜ੍ਹਾ ਕੇ ਲਿਖਿਆ। ਸੋ ਮੱਧ ਪੰਜਾਬ ਦੇ ਲਹੌਰ, ਅੰਮ੍ਰਿਤਸਰ, ਗੁਰਦਾਸਪੁਰ, ਫਿਰੋਜ਼ਪੁਰ, ਲੁਧਿਆਣਾ, ਸਿਆਲਕੋਟ ਤੇ ਖ਼ਾਸ ਕਰਕੇ ਹੁਸ਼ਿਆਰਪੁਰ ਤੇ ਜਲੰਧਰ ਦੇ ਕਿਸਾਨਾਂ ਵਿੱਚ ਆਪਣੀਆਂ ਜ਼ਮੀਨਾਂ ਗਹਿਣੇ ਧਰ ਕੇ ਜਾਂ ਕਰਜ਼ਾ ਚੁੱਕ ਕੇ ਅਮਰੀਕਾ ਤੇ ਕਨੇਡਾ ਜਾਣ ਦੀ ਹੋੜ ਲੱਗ ਗਈ। ਲੰਮੇ ਸਫ਼ਰ ਦੀਆਂ ਮੁਸੀਬਤਾਂ ਝਾਗਦੇ ਉਹ ਉੱਥੇ ਪਹੁੰਚ ਗਏ। ਇਹ ਗੱਲ 1904-05 ਦੇ ਸਾਲਾਂ ਦੀ ਹੈ। ਇਨ੍ਹਾਂ ਦਾ ਇਕ ਵੱਡਾ ਹਿੱਸਾ ਤਾਂ ਕੈਲੇਫੋਰਨੀਆ ਵਿੱਚ ਖੇਤ-ਮਜ਼ਦੂਰੀ ਕਰਨ ਲੱਗਾ। ਬਾਕੀ ਓਰੀਗਨ ਤੇ ਵਾਸ਼ਿੰਗਟਨ ਦੇ ਲੱਕੜੀ ਤੇ ਲੋਹੇ ਦੇ ਕਾਰਖਾਨਿਆਂ ਵਿੱਚ ਕੰਮ 'ਤੇ ਲੱਗ ਗਏ। ਜਿਹੜੇ ਪੰਜਾਬੀ ਵੈਨਕੂਵਰ (ਕਨੇਡਾ) ਵੱਲ ਗਏ, ਉਨ੍ਹਾਂ ਦਾ ਜ਼ਿਕਰ ਅੱਗੇ ਚੱਲ ਕੇ ਇੱਕ ਵੱਖਰੇ ਅਧਿਆਏ ਵਿੱਚ ਕੀਤਾ ਜਾਏਗਾ। ਇੱਥੇ ਸਿਰਫ਼ ਅਮਰੀਕਾ ਦੀ ਹਾਲਤ ਨੂੰ ਹੀ ਲੈਂਦੇ ਹਾਂ।

ਹੁਣ ਪੰਜਾਬ ਦਾ ਇਹ ਹਿੰਦੀ ਕਿਸਾਨ, ਕਿਸਾਨ ਦਾ ਰੂਪ ਤਿਆਗ ਕੇ ਮਜ਼ਦੂਰ ਦੀ ਸ਼ਕਲ ਅਖ਼ਤਿਆਰ ਕਰ ਗਿਆ। ਹੁਣ ਇਨ੍ਹਾਂ ਨੂੰ ਮਜ਼ਦੂਰ ਕਹਿ ਕੇ ਗੱਲ ਕਰਨੀ ਠੀਕ ਰਹੇਗੀ। ਜਦੋਂ ਇਹ ਕਿਸਾਨ ਪੰਜਾਬ ਵਿੱਚ ਸਨ ਤਾਂ ਇਹਨਾਂ ਦਾ ਦਿਮਾਗ ਘਮੰਡੀ ਜ਼ਮੀਂਦਾਰ ਤੋਂ ਘੱਟ ਨਹੀਂ ਸੀ। ਇਹ ਆਪਣੇ ਆਪ ਨੂੰ ਸਰਦਾਰ ਅਤੇ ਗੈਰ-ਜ਼ਮੀਂਦਾਰਾਂ ਨੂੰ ਕੰਮੀਂ-ਕਮੀਨ ਸਮਝਦਾ ਸੀ। ਪਰ ਹੁਣ ਜਦੋਂ ਇਸ ਦਾ ਵਾਹ ਕੈਲੇਫੋਰਨੀਆਂ ਦੇ ਜ਼ਮੀਂਦਾਰਾਂ ਨਾਲ ਪਿਆ, ਤਾਂ ਇਸਨੂੰ ਪਤਾ ਲੱਗਿਆ ਕਿ ਉਹ ਸਰਦਾਰ ਨਹੀਂ, ਦਰਅਸਲ ਬਹੁਤ ਬਦਤਰ ਕਿਸਮ ਦਾ ਗ਼ੁਲਾਮ ਹੈ। ਜਦੋਂ ਜ਼ਮੀਂਦਾਰ ਤੇ ਕਾਰਖਾਨੇ ਦਾ ਫੋਰਮੈਨ ਉਸ ਦੇ ਸਿਰ 'ਤੇ ਖੜ੍ਹਾ ਹੋ ਕੇ ਹਰ ਪੰਜ ਮਿੰਟ ਬਾਅਦ ਉਸ ਨੂੰ 'ਹਰੀ-ਅਪ' (ਛੇਤੀ ਕਰੋ) ਕਹਿੰਦਾ, ਤਾਂ ਉਹ ਡਰਦਾ ਮਾਰਾ ਦੌੜਿਆ ਫਿਰਦਾ ਅਤੇ ਆਪਣੀ ਬੇਬਸੀ 'ਤੇ ਹੰਝੂ ਕੇਰਦਾ। ਉਸ ਦੀ ਮਜਬੂਰੀ ਇਹ ਸੀ ਕਿ ਉਸ ਨੂੰ ਇਹ ਗੱਲ ਸਮਝ ਹੀ ਨਹੀਂ ਪੈ ਰਹੀ ਸੀ ਕਿ ਉਸ ਨਾਲ ਇਹ ਅਣਮਨੁੱਖੀ ਸਲੂਕ ਕਿਉਂ ਹੋ ਰਿਹਾ ਹੈ? ਇਹੀ ਹਾਲਤ ਕਨੇਡਾ ਵਾਲੇ ਹਿੰਦੀਆਂ ਦੀ ਸੀ।

ਅਮਰੀਕਾ ਦਾ ਭਾਰੀ ਮੰਦਵਾੜਾ ਤੇ ਅਮਰੀਕਨ ਮਜ਼ਦੂਰ ਜਮਾਤ 'ਤੇ ਅਸਰ

ਇਸ ਤਰ੍ਹਾਂ ਚਲਦੇ -ਚਲਦੇ ਅਸੀਂ 1907-08 ਦੇ ਉਸ ਭਾਰੀ ਮੰਦਵਾੜੇ ਤੱਕ ਪਹੁੰਚਦੇ ਹਾਂ, ਜਦੋਂ ਹਜ਼ਾਰਾਂ ਦੀ ਤਦਾਦ ਵਿੱਚ ਅਮਰੀਕਨ ਮਜ਼ਦੂਰ ਬੇਕਾਰ ਹੋ ਜਾਂਦੇ ਹਨ। ਇਸ ਸੰਕਟ ਦਾ, ਜੋ ਚਾਰੇ ਪਾਸੇ ਛਾ ਜਾਂਦਾ ਹੈ, ਮਜ਼ਦੂਰ ਜਮਾਤ ਉੱਤੇ ਭਾਰੀ ਅਸਰ ਪੈਂਦਾ ਹੈ ਅਤੇ ਉਹ ਵਿਦੇਸ਼ੀ ਮਜ਼ਦੂਰਾਂ ਦੇ ਖਿਲਾਫ਼ ਹੋ ਜਾਂਦੀ ਹੈ।

ਮੁਨਾਫਾਖ਼ੋਰ ਕਾਰਖਾਨੇਦਾਰ ਵਿਦੇਸ਼ੀ ਮਜ਼ਦੂਰਾਂ ਨੂੰ ਥੋੜ੍ਹੀ ਮਜ਼ਦੂਰੀ ਦੇ ਕੇ ਕੰਮ 'ਤੇ ਲਾਈ ਰੱਖਦੇ ਸਨ, ਤਾਂ ਕਿ ਉਹ ਉਹਨਾਂ ਦੇ ਹੱਥੋਂ ਨਾ ਨਿਕਲ ਜਾਣ। ਇਹਨਾਂ ਵਿਦੇਸ਼ੀ ਮਜ਼ਦੂਰਾਂ ਵਿੱਚ ਆਸਟਰੀਆ, ਹੰਗਰੀ, ਯੂਨਾਨ, ਤੁਰਕੀ, ਇਟਲੀ, ਰੂਸ, ਆਇਰਲੈਂਡ, ਚੀਨ, ਜਪਾਨ ਆਦਿ ਦੇਸ਼ਾਂ ਦੇ ਮਜ਼ਦੂਰ ਸਨ ਅਤੇ ਇਨ੍ਹਾਂ ਵਿੱਚ ਹਿੰਦੋਸਤਾਨੀ ਵੀ ਸਨ, ਪਰ ਅਮਰੀਕਨ ਮਜ਼ਦੂਰਾਂ ਦਾ

ਜ਼ਿਆਦਾ ਦਬਾਅ ਹਿੰਦੀਆਂ ਉੱਤੇ ਸੀ। ਅਮਰੀਕਨ ਪੁਲਸ ਵੀ ਦੂਜੇ ਮੁਲਕਾਂ ਦੇ ਮਜ਼ਦੂਰਾਂ ਦੀ ਹੁਸ਼ਿਆਰੀ ਨਾਲ ਰਾਖੀ ਕਰਦੀ ਸੀ, ਹਾਲਾਂਕਿ ਉਹ ਹਿੰਦੀਆਂ ਤੋਂ ਵੀ ਘੱਟ ਮਜ਼ਦੂਰੀ 'ਤੇ ਕੰਮ ਕਰਦੇ ਸਨ। ਸਵਾਲ ਪੈਦਾ ਹੁੰਦਾ ਹੈ ਕਿ ਇਹ ਸਭ ਕਿਉਂ? ਅਮਰੀਕਨ ਮਜ਼ਦੂਰਾਂ ਦੀ ਇਨ੍ਹਾਂ ਨਾਲ ਕੋਈ ਖ਼ਾਸ ਦੁਸ਼ਮਣੀ ਤਾਂ ਨਹੀਂ ਸੀ।

ਇਹ ਠੀਕ ਹੈ ਕਿ ਅਮਰੀਕਨ ਮਜ਼ਦੂਰਾਂ ਲਈ ਸਾਰੇ ਵਿਦੇਸ਼ੀ ਮਜ਼ਦੂਰ ਇਕੋਜਿਹੇ ਹੀ ਨੁਕਸਾਨਦਾਇਕ ਸਨ, ਪਰ ਉਹਨਾਂ ਮੁਲਕਾਂ ਦੀਆਂ ਸਰਕਾਰਾਂ ਆਪਣੇ ਮਜ਼ਦੂਰਾਂ ਦੀ ਪਿੱਠ 'ਤੇ ਸਨ। ਇੱਕ ਹਿੰਦੀ ਮਜ਼ਦੂਰ ਹੀ ਸੀ, ਜੋ ਦੁਨੀਆਂ ਦਾ ਸਭ ਤੋਂ ਬਦਤਰ ਗ਼ੁਲਾਮ ਸੀ ਅਤੇ ਲਾਵਾਰਿਸ ਸੀ। ਉਹ ਲੋਕ, ਜੋ ਇਸ ਦੇ ਮਾਲਕ ਸਨ, ਇਸ ਨੂੰ ਖ਼ੁਦ ਦੁਨੀਆਂ 'ਚ ਜਲੀਲ ਕਰਨਾ ਚਾਹੁੰਦੇ ਸਨ ਤੇ ਕਰਦੇ ਵੀ ਸਨ। ਫਿਰ ਇਨ੍ਹਾਂ ਦੀ ਹਿਫ਼ਾਜ਼ਤ ਕੌਣ ਕਰੇ? ਇੱਥੇ ਤੁਹਾਡੇ ਸਾਹਮਣੇ ਦੋ ਮਿਸਾਲਾਂ ਦਿੱਤੀਆਂ ਜਾਂਦੀਆਂ ਹਨ—ਇੱਕ ਜਪਾਨੀ ਮਜ਼ਦੂਰ ਦੀ ਤੇ ਦੂਜੀ ਹਿੰਦੀ ਮਜ਼ਦੂਰ ਦੀ। ਇਸ ਤੋਂ ਪਾਠਕਾਂ ਨੂੰ ਗੱਲ ਸਾਫ ਹੋ ਜਾਏਗੀ ਕਿ ਦੂਜੇ ਦੇਸ਼ਾਂ ਦੇ ਮਜ਼ਦੂਰਾਂ ਤੇ ਹਿੰਦੀਆਂ ਵਿੱਚ ਕੀ ਫ਼ਰਕ ਸੀ?

ਇੱਕ ਵਾਰ ਇੱਕ ਕਾਰਖਾਨੇ ਉੱਤੇ, ਜਿੱਥੇ ਜਪਾਨੀ ਮਜ਼ਦੂਰ ਕੰਮ ਕਰਦੇ ਸਨ, ਅਮਰੀਕਨ ਮਜ਼ਦੂਰਾਂ ਨੇ ਹਮਲਾ ਕਰ ਦਿੱਤਾ। ਮਜ਼ਦੂਰਾਂ ਦਾ ਮਾਲੀ ਨੁਕਸਾਨ ਹੋਇਆ। ਜਪਾਨ ਸਰਕਾਰ ਨੇ ਤੁਰੰਤ ਨੋਟਿਸ ਭੇਜ ਦਿੱਤਾ ਕਿ ਇਸ ਘਟਨਾ ਬਾਰੇ ਜਵਾਬ ਦਿੱਤਾ ਜਾਵੇ। ਇਸ ਦਾ ਨਤੀਜਾ ਇਹ ਹੋਇਆ ਕਿ ਅਮਰੀਕਨ ਸਰਕਾਰ ਨੂੰ ਇੱਕ ਇੱਕ ਡਾਲਰ ਦੇ ਦਸ-ਦਸ ਡਾਲਰ ਦੇ ਕੇ ਸੁਲ੍ਹਾ ਕਰਨੀ ਪਈ। ਦੂਜੇ ਪਾਸੇ ਹਿੰਦੀ ਮਜ਼ਦੂਰਾਂ ਨੂੰ ਅਮਰੀਕਨ ਮਜ਼ਦੂਰਾਂ ਹੱਥੋਂ ਕੁੱਟ-ਮਾਰ , ਬੇਇੱਜ਼ਤੀ ਤੇ ਮਾਲੀ ਨੁਕਸਾਨ ਝੱਲਣਾ ਪਿਆ, ਉਸ ਦਾ ਸਬੂਤ ਹੇਠ ਲਿਖੀ ਘਟਨਾ ਤੋਂ ਮਿਲ ਜਾਂਦਾ ਹੈ।

ਓਰੀਗਨ ਸਟੇਟ ਵਿੱਚ ਵਿਲਹਮ ਨਾਂ ਦਾ ਇੱਕ ਛੋਟਾ ਜਿਹਾ ਸ਼ਹਿਰ ਹੈ, ਜਿੱਥੇ ਹਿੰਦੀ ਮਜ਼ਦੂਰ ਲੱਕੜੀ ਦੇ ਇੱਕ ਵੱਡੇ ਕਾਰਖਾਨੇ ਵਿੱਚ ਕੰਮ ਕਰਦੇ ਸਨ। ਜਦੋਂ 1907 ਦਾ ਮੰਦਵਾੜਾ ਸ਼ੁਰੂ ਹੋਇਆ ਤਾਂ ਉੱਥੇ ਹਿੰਦੀਆਂ ਤੋਂ ਬਿਨਾਂ ਹੋਰ ਵਿਦੇਸ਼ੀ ਮਜ਼ਦੂਰ ਵੀ ਕੰਮ ਕਰਦੇ ਸਨ। ਜਨਵਰੀ ਦੇ ਸ਼ੁਰੂ ਦੇ ਦਿਨ ਸਨ, ਜਦੋਂ ਅਮਰੀਕਾ ਵਿੱਚ ਬਰਫ਼ ਜ਼ੋਰਾਂ ਤੇ ਹੁੰਦੀ ਹੈ। ਅਮਰੀਕਨ ਮਜ਼ਦੂਰਾਂ ਨੇ ਹਿੰਦੀ ਮਜ਼ਦੂਰਾਂ ਦੇ ਕੁਆਰਟਰਾਂ 'ਤੇ ਹਮਲਾ ਕਰਕੇ ਸਾਰਾ ਮਾਲ-ਮੱਤਾ ਲੁੱਟ ਲਿਆ ਤੇ ਬਹੁਤ ਬੇਇਜ਼ਤੀ ਤੋਂ ਬਾਅਦ ਟਰਾਮ ਕਾਰਾਂ 'ਚ ਤੁੰਨ ਕੇ ਬਰਫ਼ਬਾਰੀ ਤੇ ਸਰਦ ਹਵਾ ਵਿੱਚ ਜੰਗਲ 'ਚ ਛੱਡ ਆਏ। ਪੁਲਸ ਨੇ ਸਭ ਕੁਝ ਵੇਖਦਿਆਂ ਹੋਇਆਂ ਵੀ ਕੋਈ ਦਖ਼ਲ ਨਾ ਦਿੱਤਾ। ਇਸੇ ਤਰ੍ਹਾਂ ਇੱਕ ਹੋਰ ਘਟਨਾ ਈਵਰਟ ਨਾਂ ਦੇ ਇੱਕ ਛੋਟੇ ਸ਼ਹਿਰ ਵਿੱਚ ਵਾਪਰੀ। ਉੱਥੇ ਵੀ ਹਿੰਦੀ ਮਜ਼ਦੂਰਾਂ ਦਾ ਮਾਲ-ਮੱਤਾ ਲੁੱਟ ਲਿਆ ਗਿਆ ਤੇ ਕੁੱਟ-ਮਾਰ ਤੋਂ ਬਾਅਦ ਸਰਦੀਆਂ ਦੇ ਦਿਨਾਂ ਵਿੱਚ ਜੰਗਲ ਵਿੱਚ ਛੱਡ ਦਿੱਤਾ ਗਿਆ। ਇਹ ਵੀ 1907 ਦੀ ਘਨਨਾ ਹੈ। ਇਸ ਉੱਤੇ ਵੀ ਅੰਗਰੇਜ਼ੀ ਰਾਜਦੂਤ ਨੇ ਕੋਈ ਧਿਆਨ ਨਾ ਦਿੱਤਾ।

ਤੀਜੀ ਘਟਨਾ ਡਿਕੋਟਾ ਵਿੱਚ 1908 ਵਿੱਚ ਹੋਈ। ਜਦੋਂ ਰੇਲਵੇ ਲਾਇਨ ਦੇ ਅਮਰੀਕਨ ਮਜ਼ਦੂਰਾਂ ਨੇ ਹੜਤਾਲ ਕੀਤੀ ਹੋਈ ਸੀ। ਰੇਲਵੇ ਕੰਪਨੀ ਨੇ ਚਲਾਕੀ ਨਾਲ ਅਸਲੀ ਗੱਲ ਦੱਸੇ

ਬਿਨਾ ਇੰਪਲਾਈਮੈਂਟ ਏਜੰਸੀ (ਮਜ਼ਦੂਰ ਭੇਜਣ ਵਾਲੀ ਏਜੰਸੀ) ਰਾਹੀਂ ਹਿੰਦੀ ਮਜ਼ਦੂਰ ਮੰਗਵਾ ਲਏ, ਜਿਨ੍ਹਾਂ ਉੱਤੇ ਰੋਹ ਵਿੱਚ ਆਏ ਹੜਤਾਲੀ ਮਜ਼ਦੂਰਾਂ ਨੇ ਹਮਲਾ ਕਰ ਦਿੱਤਾ। ਪਰ ਇਹ ਸ਼ੁਕਰ ਦੀ ਗੱਲ ਹੈ ਕਿ ਦੋਵਾਂ ਧਿਰਾਂ ਦਾ ਕੋਈ ਨੁਕਸਾਨ ਨਾ ਹੋਇਆ। ਜਦੋਂ ਹਿੰਦੀਆਂ ਨੂੰ ਅਸਲੀ ਗੱਲ ਦਾ ਪਤਾ ਲੱਗਿਆ, ਤਾਂ ਉਹ ਕੰਮ ਛੱਡ ਕੇ ਤੁਰ ਆਏ। ਇਸ ਘਟਨਾ ਬਾਰੇ ਤਾਂ ਅਸੀਂ ਕਹਿ ਸਕਦੇ ਹਾਂ ਕਿ ਅਨਜਾਣੇ ਵਿੱਚ ਹੀ ਸਹੀ, ਹਿੰਦੀਆਂ ਨੇ ਹੜਤਾਲ ਤੋੜਨ ਦਾ ਕੰਮ ਕੀਤਾ ਸੀ ਤੇ ਉਨ੍ਹਾਂ 'ਤੇ ਹਮਲਾ ਹੋ ਗਿਆ। ਪਰ ਪਹਿਲੇ ਦੋ ਮਾਮਲਿਆਂ ਵਿੱਚ ਹਿੰਦੀਆਂ ਨੇ ਅਜਿਹਾ ਕੋਈ ਕੰਮ ਨਹੀਂ ਕੀਤਾ ਸੀ, ਪਰ ਫਿਰ ਵੀ ਦੂਜੇ ਗੈਰ-ਮੁਲਕੀ ਮਜ਼ਦੂਰਾਂ ਵਿਚੋਂ ਇਨ੍ਹਾਂ ਉੱਤੇ ਹੀ ਬਿਜਲੀ ਡਿੱਗੀ ਸੀ।

ਹਿੰਦੀਆਂ ਵਿਰੁੱਧ ਨਫ਼ਰਤ ਦਾ ਤੂਫ਼ਾਨ

1909 ਤੇ ਸ਼ੁਰੂ ਵਿੱਚ ਮੰਦਵਾੜੇ ਦਾ ਜ਼ੋਰ ਘਟ ਗਿਆ। ਸਾਰੇ ਮਜ਼ਦੂਰ – ਅਮਰੀਕਨ ਤੇ ਵਿਦੇਸ਼ੀ – ਕੰਮ 'ਤੇ ਲੱਗ ਗਏ। ਇਸ ਲਈ 1911 ਤੱਕ ਹਿੰਦੀ ਮਜ਼ਦੂਰਾਂ 'ਤੇ ਹਮਲਾ ਤਾਂ ਕੋਈ ਨਾ ਹੋਇਆ, ਪਰ ਅੰਦਰੋਂ-ਅੰਦਰੀ ਨਫ਼ਰਤ ਬਹੁਤ ਵੱਧ ਗਈ। ਇੱਥੋਂ ਤੱਕ ਕਿ ਕਈ ਵਾਰ ਤਾਂ ਰਾਹ 'ਚੋਂ ਗੁਜ਼ਰਦੇ ਬੱਚੇ ਵੀ ਮਖੌਲਾਂ ਕਰਦੇ "ਹੈਲੋ, ਹਿੰਦੂ ਸਲੇਵ।" (ਕਿੱਦਾਂ ਬਈ, ਹਿੰਦੂ ਗ਼ੁਲਾਮ) ਇਸੇ ਤਰ੍ਹਾਂ ਹੋਟਲਾਂ, ਟਰਾਮ ਕਾਰਾਂ, ਰੇਲ-ਗੱਡੀਆਂ, ਸੈਰ-ਗਾਹਾਂ, ਸਿਨੇਮਾ ਘਰ ਹਰ ਥਾਂ ਹੀ ਨਫ਼ਰਤ ਦਾ ਸ਼ਰੇਆਮ ਪ੍ਰਗਟਾਵਾ ਹੋਣ ਲੱਗਾ।

ਸ਼ਾਇਦ ਪਾਠਕ ਇਹ ਜਾਨਣਾ ਚਾਹੁਣ ਕਿ ਇਸ ਨਫ਼ਰਤ ਦੇ ਪਿੱਛੇ ਕਿਹੜੀ ਸ਼ਕਤੀ ਕੰਮ ਕਰ ਰਹੀ ਸੀ? ਇਹ ਸ਼ਕਤੀ ਬਹੁਤੇ ਦਿਨਾਂ ਤੱਕ ਹਿੰਦੀਆਂ ਤੋਂ ਲੁਕੀ ਨਾ ਰਹਿ ਸਕੀ। ਇਹ ਅੰਗਰੇਜ਼ੀ ਸਾਮਰਾਜ ਦੀ ਸੀ.ਆਈ. ਡੀ ਅਤੇ ਉਸ ਦੇ ਏਜੰਟ ਸਨ, ਜੋ ਅਮਰੀਕਨ ਲੋਕਾਂ ਵਿੱਚ ਹਿੰਦੀਆਂ ਵਿਰੁੱਧ ਨਫ਼ਰਤ ਫੈਲਾਅ ਰਹੇ ਸਨ, ਕਿਉਂਕਿ ਉਨ੍ਹਾਂ ਦੀ ਮਾਲਕ ਅੰਗਰੇਜ਼ੀ ਹਕੂਮਤ ਇਹ ਬਰਦਾਸ਼ਤ ਨਹੀਂ ਕਰ ਸਕਦੀ ਸੀ ਕਿ ਹਿੰਦੀ ਲੋਕ ਅਮਰੀਕਾ ਵਰਗੇ ਨੀਮ ਜਮਹੂਰੀ ਅਤੇ ਦੌਲਤਮੰਦ ਮੁਲਕਾਂ ਵਿੱਚ ਰਹਿ ਕੇ ਪੈਸਾ ਕਮਾਉਣ ਤੇ ਦੁਨੀਆਂ ਦੇ ਹੋਰਨਾਂ ਮੁਲਕਾਂ ਨਾਲ ਰਲ ਕੇ ਆਪਣੀ ਆਜ਼ਾਦੀ ਬਾਰੇ ਸੋਚਣ। ਉਹ ਇਨ੍ਹਾਂ ਦੀ ਅਮਰੀਕਾ ਅਤੇ ਕਨੇਡਾ ਵਿੱਚ ਰਿਹਾਇਸ਼ ਨੂੰ ਖਤਰੇ ਤੋਂ ਖਾਲੀ ਨਹੀਂ ਸੀ ਸਮਝਦੀ। ਇਹ ਹੀ ਉਸ ਨਫ਼ਰਤ ਦਾ ਮੁੱਖ ਕਾਰਨ ਸੀ।

ਹਿੰਦੋਸਤਾਨ ਵਿੱਚ ਰਹਿ ਰਹੇ ਸਿੱਧੇ-ਸਾਦੇ ਹਿੰਦੀਆਂ ਨੂੰ ਵੀ ਗ਼ਲਤ ਰਾਹੇ ਤੋਰਨ ਦੀ ਕੋਸ਼ਿਸ਼ ਕੀਤੀ ਗਈ ਅਤੇ ਇਹ ਕੋਸ਼ਿਸ਼ ਪੰਜਾਬ ਦੇ ਚੋਟੀ ਦੇ ਲੀਡਰਾਂ ਵੱਲੋਂ ਕੀਤੀ ਗਈ। ਪਤਾ ਨਹੀਂ ਇਸ ਪਿੱਛੇ ਉਨ੍ਹਾਂ ਦਾ ਕੀ ਮਨੋਰਥ ਸੀ? ਜਦੋਂ ਲਾਲਾ ਲਾਜਪਤ ਰਾਏ ਅਮਰੀਕਾ ਗਏ, ਤਾਂ ਹਿੰਦੋਸਤਾਨ ਆ ਕੇ ਗ਼ਦਰ ਪਾਰਟੀ ਬਾਰੇ ਜੋ ਨਜ਼ਰੀਆ ਉਨ੍ਹਾਂ ਨੇ ਪੇਸ਼ ਕੀਤਾ, ਉਹ ਉਨ੍ਹਾਂ ਨੂੰ ਸ਼ੋਭਾ ਨਹੀਂ ਦਿੰਦਾ ਸੀ। ਜੇ ਉਹ ਗਦਰ ਪਾਰਟੀ ਦਾ ਗਹਿਰਾਈ ਨਾਲ ਅਧਿਐਨ ਕਰਦੇ ਅਤੇ ਉਸ ਦੇ ਦੇਸ਼ ਭਗਤਾਂ ਦੀਆਂ ਲਾਸਾਨੀ ਕੁਰਬਾਨੀਆਂ ਨੂੰ ਧਿਆਨ 'ਚ ਰੱਖਦੇ, ਤਾਂ ਉਹ ਗ਼ਦਰ ਪਾਰਟੀ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਦੇ ਨਾ ਕਰਦੇ। ਪਰ ਮੇਰਾ ਖਿਆਲ ਹੈ ਕਿ ਅਮਰੀਕਾ

ਵਿੱਚ ਉਹਨਾਂ ਦਾ ਅਜਿਹੇ ਲੋਕਾਂ ਨਾਲ ਵਾਹ ਪਿਆ ਹੈ, ਜੋ ਰਾਮ ਚੰਦਰ ਦੇ ਹਾਮੀ ਸਨ ਅਤੇ ਪਾਰਟੀ ਨਾਲ ਗ਼ਦਾਰੀ ਕਰ ਚੁੱਕੇ ਸਨ। ਇਨ੍ਹਾਂ ਲੋਕਾਂ ਨੇ ਹੀ ਲਾਲਾ ਜੀ ਨੂੰ ਧੋਖਾ ਦਿੱਤਾ ਹੈ, ਨਹੀਂ ਤਾਂ ਉਹਨਾਂ ਕੋਲੋਂ ਅਜਿਹੀ ਆਸ ਨਹੀਂ ਸੀ।

ਦੂਜੇ, ਭਾਈ ਪਰਮਾਨੰਦ ਜੀ ਹਨ। ਉਹਨਾਂ ਨੇ ਆਪਣੀ 'ਆਪ ਬੀਤੀ' ਵਿੱਚ ਅੰਡੇਮਾਨ 'ਚ ਸ਼ਹਾਦਤ ਦੇਣ ਵਾਲੇ ਦੇਸ਼ਭਗਤਾਂ ਵਿਰੁੱਧ ਕਾਫ਼ੀ ਕੁਝ ਲਿਖਿਆ ਹੈ। ਪਰ ਉਹਨਾਂ ਦੀ ਗੱਲ ਸਮਝ ਆਉਣੀ ਮੁਸ਼ਕਲ ਨਹੀਂ ਹੈ। ਜੇਕਰ ਉਹ ਅਜਿਹਾ ਨਾ ਕਰਦੇ, ਤਾਂ ਜਿਹੜਾ ਰੋਲ ਉਹਨਾਂ ਨੇ ਦੇਸ਼ਭਗਤਾਂ ਦੇ ਵਿਰੁੱਧ ਅੰਡੇਮਾਨ 'ਚ ਨਿਭਾਇਆ ਸੀ, ਉਸ ਉੱਤੇ ਪਰਦਾ ਨਹੀਂ ਸੀ ਪਾਇਆ ਜਾ ਸਕਦਾ। ਇਨ੍ਹਾਂ ਦੋਵਾਂ 'ਮਹਾਂਪੁਰਸ਼ਾਂ' ਤੋਂ ਇਲਾਵਾ ਕੁਝ ਅਜਿਹੇ ਅਖਾਉਤੀ ਲੇਖਕ ਵੀ ਹਨ, ਜਿਨ੍ਹਾਂ ਨੇ ਸੁਣੀਆਂ-ਸੁਣਾਈਆਂ ਗੱਲਾਂ 'ਤੇ ਭਰੋਸਾ ਕਰਕੇ ਊਲ-ਜਲੂਲ ਲਿਖ ਮਾਰਿਆ ਹੈ। ਉਹ ਰਾਮ ਚੰਦਰ ਨੂੰ ਲਾਲਾ ਹਰਦਿਆਲ ਦਾ ਵਾਰਿਸ ਦੱਸਦੇ ਹਨ, ਜਿਵੇਂ ਲਾਲਾ ਹਰਦਿਆਲ ਉਹਨਾਂ ਨੂੰ ਪਾਰਟੀ ਦਾ ਲੀਡਰ ਥਾਪ ਕੇ ਗਏ ਹੋਣ। ਇਹ ਕਿੰਨੀ ਬੇਥਵੀ ਤੇ ਤਰਕਹੀਣ ਗੱਲ ਹੈ। ਅਜਿਹੇ ਲੇਖਕਾਂ ਦੀ ਗ਼ਲਤੀ ਛੇਤੀ ਹੀ ਠੀਕ ਹੋ ਜਾਏਗੀ, ਜਦੋਂ ਗ਼ਦਰ ਪਾਰਟੀ ਦਾ ਇਤਿਹਾਸ ਹਨੇਰੇ 'ਚੋਂ ਗੁਜ਼ਰਕੇ ਲੋਕਾਂ ਦੇ ਸਾਹਮਣੇ ਉਜਾਗਰ ਹੋਵੇਗਾ। ਫਿਰ ਇਹ ਲੋਕ ਖ਼ੁਦ ਸਮਝ ਜਾਣਗੇ ਕਿ ਗ਼ਦਰ ਪਾਰਟੀ ਜਮਹੂਰੀ ਪਾਰਟੀ ਸੀ ਜਾਂ ਲਾਲਾ ਹਰਦਿਆਲ ਜਾਂ ਕੋਈ ਹੋਰ ਇਸ ਦਾ ਡਿਕਟੇਟਰ ਸੀ।

ਕਈ ਅਜਿਹੇ ਗੈਰ-ਸਿਆਸੀ ਲੋਕ ਵੀ ਹਨ, ਜਿਨ੍ਹਾਂ ਦੇ ਦਿਲ ਅੰਦਰ ਇਹ ਗੱਲ ਸਮਾਈ ਹੋਈ ਹੈ ਕਿ ਅਮਰੀਕਾ ਤੇ ਕਨੇਡਾ ਵਿੱਚ ਜਿਹੜੀ ਨਫ਼ਰਤ ਹਿੰਦੀਆਂ ਦੇ ਵਿਰੁੱਧ ਫੈਲੀ ਹੋਈ ਸੀ, ਇਹ ਹਿੰਦੀਆਂ ਦੇ ਘਟੀਆ ਰਹਿਣ-ਸਹਿਣ ਕਰਕੇ ਹੀ ਸੀ। ਫਿਰ ਇਹ ਗੱਲ ਵੀ ਹੈ ਕਿ ਜਾਣ ਵਾਲਿਆਂ ਵਿੱਚ ਵੱਡਾ ਹਿੱਸਾ ਸਿੱਖਾਂ ਦਾ ਸੀ, ਜਿਹਨਾਂ ਦੇ ਦਾੜ੍ਹੀ-ਕੇਸਾਂ ਤੋਂ ਲੋਕ ਨਫਰਤ ਕਰਦੇ ਸਨ। ਕਈ ਲੋਕ ਇਹ ਸਮਝਦੇ ਹਨ ਕਿ ਗ਼ਦਰ ਪਾਰਟੀ ਵਿੱਚ ਪੜ੍ਹੇ-ਲਿਖੇ ਲੋਕਾਂ ਦੀ ਘਾਟ ਸੀ।

ਜਿੱਥੋਂ ਤੱਕ ਰਹਿਣ-ਸਹਿਣ ਦੇ ਮਿਆਰ ਦਾ ਸਵਾਲ ਹੈ, ਇਸ ਦਾ ਜਵਾਬ ਇਹ ਹੈ ਕਿ 1911 ਵਿੱਚ ਜਿਹੜਾ ਫੂਡ ਕਮਿਸ਼ਨ ਅਮਰੀਕਨ ਸਰਕਾਰ ਨੇ ਮਜ਼ਦੂਰਾਂ ਦੇ ਜੀਵਨ-ਪੱਧਰ ਨੂੰ ਜਾਚਣ ਲਈ ਬਣਾਇਆ ਸੀ, ਉਸ ਦੀ ਰਿਪੋਰਟ ਕੀ ਕਹਿੰਦੀ ਹੈ? ਹਿੰਦੀਆਂ ਬਾਰੇ ਉਸ ਦੀ ਰਾਇ ਹੈ ਕਿ ਇਨ੍ਹਾਂ ਦੀ ਖ਼ੁਰਾਕ ਤਮਾਮ ਵਿਦੇਸ਼ੀ ਮਜ਼ਦੂਰਾਂ ਤੋਂ ਵਧੀਆ ਹੈ। ਕਈ ਪੱਖਾਂ ਤੋਂ ਤਾਂ ਇਹ ਅਮਰੀਕਨ ਮਜ਼ਦੂਰਾਂ ਤੋਂ ਘਟ ਖ਼ੁਰਾਕ ਨਹੀਂ ਖਾਂਦੇ ਹਨ। ਹਾਂ, ਇਹ ਫਰਕ ਜ਼ਰੂਰ ਹੈ ਕਿ ਮੀਟ ਖਾਣ ਦੀ ਬਜਾਏ ਇਹ ਮੱਖਣ ਤੇ ਦੁੱਧ ਦੀ ਵਰਤੋਂ ਵਧੇਰੇ ਕਰਦੇ ਹਨ। ਇਹ ਬਿਹਤਰ ਖ਼ੁਰਾਕ ਸਮਝੀ ਜਾਂਦੀ ਹੈ। ਇਨ੍ਹਾਂ ਦਾ ਰਹਿਣ-ਸਹਿਣ ਘਟੀਆ ਨਹੀਂ ਸੀ, ਸਗੋਂ ਦੂਜੇ ਮਜ਼ਦੂਰਾਂ ਦੇ ਬਰਾਬਰ ਦਾ ਹੀ ਸੀ।

ਜ਼ੁਬਾਨਦਨੀ ਦੇ ਲਿਹਾਜ ਨਾਲ ਵੇਖੀਏ ਤਾਂ ਇਹ ਦੂਜੇ ਮੁਲਕਾਂ ਦੇ ਮਜ਼ਦੂਰਾਂ ਦੇ ਮੁਕਾਬਲੇ ਸਾਫ਼ ਅੰਗਰੇਜ਼ੀ ਬੋਲਦੇ ਸਨ। ਦੂਜਾ, ਕੇਸ ਤੇ ਦਾੜ੍ਹੀਆਂ ਕਰਕੇ ਨਫ਼ਰਤ ਨਹੀਂ ਸੀ। ਜੇ ਇਹ ਗੱਲ

ਹੁੰਦੀ, ਤਾਂ ਜਿਹੜੇ ਹਮਲੇ ਅਮਰੀਕਨ ਮਜ਼ਦੂਰਾਂ ਨੇ ਹਿੰਦੀਆਂ ਉੱਤੇ ਕੀਤੇ, ਉਹ ਉਨ੍ਹਾਂ ਕਾਰਖਾਨਿਆਂ 'ਤੇ ਹੋਣੇ ਚਾਹੀਦੇ ਸਨ, ਜਿੱਥੇ ਸਿੱਖਾਂ ਦੀ ਗਿਣਤੀ ਜ਼ਿਆਦਾ ਸੀ। ਪਰ ਇਹ ਨਹੀਂ ਹੋਇਆ। 1907-08 ਤੇ 1911 ਵਿੱਚ ਜਿਹੜੇ ਹਮਲੇ ਹਿੰਦੀ ਮਜ਼ਦੂਰਾਂ 'ਤੇ ਹੋਏ, ਉਹ ਸਾਰੇ ਉਨ੍ਹਾਂ ਸਾਰੇ ਕਾਰਖਾਨਿਆਂ 'ਤੇ ਹੋਏ, ਜਿੱਥੇ ਟੋਪੀਆਂ ਵਾਲੇ ਹਿੰਦੀ ਮਜ਼ਦੂਰ ਸਨ।

ਗ਼ਦਰ ਪਾਰਟੀ ਵਿੱਚ ਪੜ੍ਹੇ-ਲਿਖੇ ਲੋਕਾਂ ਦੀ ਕਮੀ ਸੀ—ਇਹ ਗੱਲ ਤਾਂ ਉਹ ਬੰਦਾ ਹੀ ਕਹਿ ਸਕਦਾ ਹੈ, ਜੋ ਗ਼ਦਰ ਪਾਰਟੀ ਬਾਰੇ ਅਸਲੋਂ ਹਨੇਰੇ ਵਿੱਚ ਹੈ। ਗ਼ਦਰ ਪਾਰਟੀ ਦੇ ਉਹ ਹੀਰੋ, ਜੋ ਅੰਗਰੇਜ਼ੀ ਸਾਮਰਾਜ ਨੇ ਫਾਂਸੀ ਤੇ ਲਟਕਾਏ ਸਨ, ਉਨ੍ਹਾਂ ਵਿੱਚ ਬਹੁਤ ਸਾਰੇ ਤਾਂ ਬੀ. ਏ , ਐਮ.ਏ ਤੱਕ ਪੜ੍ਹੇ ਨੌਜਵਾਨ ਸਨ। ਮਿਸਾਲ ਵਜੋਂ ਡਾ. ਹਰਨਾਮ ਸਿੰਘ ਐਮ.ਏ. ਸਨ, ਮਿਸਟਰ ਪਿੰਗਲੇ ਬੀ. ਏ., ਸੋਹਣ ਲਾਲ ਪਾਠਕ ਬੀ.ਏ. , ਡਾ ਮਥਰਾ ਸਿੰਘ ਵੀ ਬੀ. ਏ., ਕਰਤਾਰ ਸਿੰਘ ਤੇ ਉਨ੍ਹਾਂ ਦੇ ਦੂਜੇ ਸਾਥੀ ਸ੍ਰ ਬਲਵੰਤ ਸਿੰਘ ਗ੍ਰੰਥੀ, ਬੰਤਾ ਸਿੰਘ ਖੁਰਦਪੁਰੀ—ਇਹ ਸਭ ਪੜ੍ਹੇ ਲਿਖੇ ਹੀ ਸਨ। ਕੋਈ ਅਜਿਹਾ ਨੌਜਵਾਨ ਨਹੀਂ ਸੀ, ਜੋ ਅਨਪੜ੍ਹ ਹੋਵੇ। ਫਿਰ ਜਿਹੜੇ ਲੋਕ ਅਮਰੀਕਾ ਤੇ ਕਨੇਡਾ ਗਏ ਸਨ, ਉਹ ਉੱਥੇ ਜਾ ਕੇ ਨਾਈਟ ਸਕੂਲਾਂ ਵਿੱਚ ਕੁਝ ਨਾ ਕੁਝ ਜ਼ਰੂਰ ਸਿੱਖੇ ਸਨ। ਪਾਰਟੀ ਨੇ ਤਾਂ ਬੁੱਢਿਆਂ ਤੱਕ ਦੀ ਪੜ੍ਹਾਈ ਦਾ ਇੰਤਜ਼ਾਮ ਕੀਤਾ ਹੋਇਆ ਸੀ। ਮਾਸਟਰ ਊਧਮ ਸਿੰਘ ਦੀ ਲਿਆਕਤ ਤੋਂ ਤਾਂ ਹਰ ਸਾਥੀ ਵਾਕਿਫ਼ ਹੈ। ਉਹ ਪ੍ਰਾਈਵੇਟ ਪੜ੍ਹ ਕੇ ਹੀ ਬੀ. ਏ. ਤੱਕ ਪਹੁੰਚੇ ਸਨ। ਗ਼ਦਰ ਪਾਰਟੀ ਦਾ ਅਨਪੜ੍ਹ ਮੈਂਬਰ ਵੀ ਉਨ੍ਹਾਂ ਦਿਨਾਂ ਦੇ ਪੜ੍ਹੇ-ਲਿਖੇ ਲੋਕਾਂ ਦੀ ਸਿਆਸੀ ਸੂਝ ਤੋਂ ਪਿੱਛੇ ਨਹੀਂ ਸੀ।

ਤੀਜੀ ਗੱਲ ਉਸ ਵਿਅੰਗ ਦੀ ਹੈ, ਜੋ ਆਜ਼ਾਦ ਖ਼ਿਆਲ ਅਮਰੀਕਾ ਅਤੇ ਜਰਮਨ ਸਿਆਸਤਦਾਨਾਂ ਵੱਲੋਂ ਹੁੰਦੇ ਸਨ। ਉਹ ਇਸ ਤਰ੍ਹਾਂ ਸੀ ਕਿ ਜਦੋਂ ਕੋਈ ਆਜ਼ਾਦ ਖ਼ਿਆਲ ਅਮਰੀਕਨ ਕਿਸੇ ਹਿੰਦੀ ਨਾਲ ਵਿਚਾਰ-ਵਟਾਂਦਰਾ ਕਰਦਾ, ਤਾਂ ਸਭ ਤੋਂ ਪਹਿਲਾਂ ਇਹ ਸਵਾਲ ਕਰਦਾ "ਤੁਸੀਂ ਅਮਰੀਕਾ 'ਤੇ ਇਹ ਇਲਜ਼ਾਮ ਲਾਉਂਦੇ ਹੋ ਕਿ ਉਹ ਤੁਹਾਡੇ ਨਾਲ ਚੰਗਾ ਸਲੂਕ ਨਹੀਂ ਕਰਦੇ, ਤੁਸੀਂ ਦੱਸੋ ਤੁਹਾਡੀ ਅਬਾਦੀ ਕਿੰਨੀ ਹੈ?"

"ਤੀਹ ਕਰੋੜ।" ਹਿੰਦੀ ਜਵਾਬ ਦਿੰਦਾ।

"ਤੀਹ ਕਰੋੜ ਬੰਦੇ ਜਾਂ ਭੇਡਾਂ?" ਅੱਗੋਂ ਜਵਾਬ ਮਿਲਦਾ।

ਹਿੰਦੀ ਸ਼ਰਮ ਨਾਲ ਅੱਖਾਂ ਨੀਵੀਆਂ ਕਰ ਲੈਂਦਾ, ਤਾਂ ਅਮਰੀਕਨ ਕਹਿੰਦਾ "ਤੀਹ ਕਰੋੜ ਬੰਦੇ ਤਾਂ ਕੀ, ਤੀਹ ਕਰੋੜ ਭੇਡਾਂ ਵੀ ਇਸ ਗ਼ੁਲਾਮੀ ਦੀ ਜੂਨ ਵਿੱਚ ਨਹੀਂ ਰਹਿ ਸਕਦੀਆਂ, ਜਿਸ ਤਰ੍ਹਾਂ ਤੁਸੀਂ ਰਹਿ ਰਹੇ ਹੋ।"

ਹੁਣ ਬਹੁਤ ਸਾਰੇ ਅਮਰੀਕਨ ਭੱਦਰ ਪੁਰਸ਼ ਹਿੰਦੀਆਂ ਦੇ ਦੋਸਤ ਬਣ ਚੁੱਕੇ ਸਨ। ਜਦੋਂ ਕੋਈ ਹਿੰਦੀ ਅਮਰੀਕਨ ਭੱਦਰ-ਪੁਰਸ਼ ਕੋਲ ਗਿਲਾ ਕਰਦਾ ਕਿ ਤੁਸੀਂ ਆਪਣੇ ਆਪ ਨੂੰ ਸਭਿਅਕ ਤੇ ਅਜ਼ਾਦੀ ਦੇ ਅਲੰਬਰਦਾਰ ਸਮਝਦੇ ਹੋ, ਫਿਰ ਇਹ ਕਿਹੜਾ ਸਭਿਆਚਾਰ ਹੈ, ਜੋ ਹਿੰਦੀਆਂ ਨਾਲ ਇਸ ਤਰ੍ਹਾਂ ਦੇ ਸਲੂਕ ਲਈ ਉਕਸਾਉਂਦਾ ਹੈ, ਤਾਂ ਜਵਾਬ ਮਿਲਦਾ – "ਨਹੀਂ, ਇਹ ਗੱਲ ਨਹੀਂ ਏ, ਤੁਸੀਂ ਖੁਦ ਸਮਝਦੇ ਹੋ ਕਿ ਤੁਹਾਡੇ ਨਾਲ ਇਹ ਸਲੂਕ ਕਿਉਂ ਹੁੰਦਾ ਹੈ? ਇਹਦਾ ਕਾਰਨ

ਬਿਲਕੁਲ ਸਾਫ਼ ਹੈ ਤੇ ਇਹ ਹੈ ਕਿ ਤੁਸੀਂ ਗ਼ੁਲਾਮ ਹੋ।"

ਇਸ ਤੋਂ ਇਲਾਵਾ ਹੋਟਲਾਂ, ਸਿਨੇਮਾਂ-ਘਰਾਂ ਆਦਿ ਵਿੱਚ ਦਾਖ਼ਲਾ ਵੀ ਰੋਕਿਆ ਜਾਂਦਾ। 1908 ਤੋਂ ਬਾਅਦ 1909 ਤੇ 1910 ਵਿੱਚ ਹਿੰਦੀਆਂ 'ਤੇ ਕੋਈ ਹਮਲਾ ਨਹੀਂ ਹੋਇਆ। ਸਾਰੇ ਹਿੰਦੀ ਮਜ਼ਦੂਰ ਆਪੋ-ਆਪਣੇ ਕਾਰਖਾਨਿਆਂ ਵਿੱਚ ਕੰਮੀਂ ਲੱਗੇ ਰਹੇ। ਪਰ ਜਦੋਂ 1911 ਦੀਆਂ ਸਰਦੀਆਂ ਆਈਆਂ ਤਾਂ ਦਸੰਬਰ 1911 ਵਿੱਚ ਸੇਂਟ ਜੌਹਨ ਨੇ ਕੋਲ ਪੋਰਟਲੈਂਡ ਵਿੱਚ (ਓਰੀਗਨ ਸਟੇਟ) ਲੱਕੜੀ ਦੇ ਇੱਕ ਕਾਰਖਾਨੇ ਦੇ ਹਿੰਦੀ ਮਜ਼ਦੂਰਾਂ ਉੱਤੇ ਅਮਰੀਕਨ ਸ਼ਹਿਰੀਆਂ ਨੇ ਹੱਲਾ ਬੋਲ ਦਿੱਤਾ। ਇਸ ਵਾਰ ਪੁਲਸ ਵੀ ਹਮਲੇ ਵਿੱਚ ਸ਼ਾਮਲ ਸੀ। ਉਹ ਖੜ੍ਹੀ ਤਮਾਸ਼ਾ ਵੇਖਦੀ ਰਹੀ। ਪਹਿਲਾਂ ਵਾਂਗ ਹੀ ਮਾਲ-ਮੱਤਾ ਲੁੱਟ ਕੇ, ਬਹੁਤ ਹੀ ਬੇਇੱਜ਼ਤੀ ਕਰਕੇ ਟਰਾਮ ਕਾਰਾਂ 'ਚ ਭਰ ਕੇ ਜੰਗਲ ਅੰਦਰ ਕੜਕਦੀ ਠੰਡ ਵਿੱਚ ਛੱਡ ਆਏ। ਇਸ ਘਟਨਾ ਨੇ 1907-08 ਦੇ ਦਿਨਾਂ ਦੀ ਯਾਦ ਤਾਜ਼ਾ ਕਰ ਦਿੱਤੀ। ਪਹਿਲਾਂ ਵਾਂਗ ਹੀ ਪੋਰਟਲੈਂਡ ਵਿੱਚ ਸਥਿਤ ਬ੍ਰਿਟੇਸ਼ ਕੌਂਸਲਰ ਕੋਲ ਹਿੰਦੀ ਫਰਿਆਦ ਲੈ ਕੇ ਗਏ ਅਤੇ ਉਸ ਨੇ ਗੱਲੀਂ-ਬਾਤੀਂ ਹਮਦਰਦੀ ਵਿਖਾ ਕੇ ਟਾਲ ਦਿੱਤਾ। ਪਰ ਇਸ ਘਟਨਾ ਨੇ ਹਿੰਦੀਆਂ ਦੇ ਦਿਲਾਂ ਉੱਤੇ ਗਹਿਰਾ ਅਸਰ ਕੀਤਾ।

ਹਿੰਦੀਆਂ ਦੀ ਜਾਗ੍ਰਤੀ ਦਾ ਦੌਰ

ਉੱਪਰ ਦਰਸਾਈਆਂ ਗਈਆਂ ਘਟਨਾਵਾਂ ਤੇ ਰੋਜ਼ਮਰਾ ਦੀ ਬੇਇੱਜ਼ਤੀ ਨੇ ਹਿੰਦੀਆਂ ਦੀਆਂ ਅੱਖਾਂ ਖੋਲ੍ਹ ਦਿੱਤੀਆਂ। ਦੁਨੀਆਂ ਅੰਦਰ ਉਨ੍ਹਾਂ ਦੀ ਕੀ ਹੈਸੀਅਤ ਹੈ ਤੇ ਉਹ ਕਿਉਂ ਜ਼ਲੀਲ ਕੀਤੇ ਜਾ ਰਹੇ ਹਨ— ਉਨ੍ਹਾਂ ਨੂੰ ਇਸ ਬਾਰੇ ਗਿਆਨ ਹੋਣ ਲੱਗਾ ਅਤੇ ਉਹ ਗ਼ੁਲਾਮੀ ਦੇ ਬੰਧਨਾਂ ਤੋਂ ਮੁਕਤੀ ਪਾਉਣ ਦਾ ਮਾਰਗ ਢੂੰਡਣ ਲੱਗੇ। ਅਜ਼ਾਦੀ ਦੀ ਲਗਨ ਉਨ੍ਹਾਂ ਨੂੰ ਇੱਕ-ਦੂਜੇ ਦੇ ਕੋਲ ਲਿਆਉਣ ਲੱਗੀ। ਐਤਵਾਰ ਦੇ ਦਿਨ ਆਸ-ਪਾਸ ਦੇ ਕਾਰਖਾਨਿਆਂ ਦੇ ਹਿੰਦੀ ਆਪੋ ਵਿਚੀਂ ਉਠਣ-ਬਹਿਣ ਲੱਗ ਪਏ। ਕੌਮੀ ਅਜ਼ਾਦੀ ਦੀ ਤੜਪ ਤੇ ਆਪਸੀ ਮੇਲ ਵਧਣ ਲੱਗਾ। ਇਖ਼ਲਾਕੀ ਕਮਜ਼ੋਰੀਆਂ ਦੀ ਥਾਂ ਆਤਮ ਵਿਸ਼ਵਾਸ ਨੇ ਲੈ ਲਈ। ਕੌਮੀ ਹਿੱਤਾਂ ਨੂੰ ਨਿੱਜੀ ਹਿੱਤਾਂ ਤੋਂ ਤਰਜੀਹ ਦਿੱਤੀ ਜਾਣ ਲੱਗੀ। ਸੈਂਕੜੇ ਹਿੰਦੀ ਆਪਣਾ ਤਨ-ਮਨ ਧਨ ਮਾਤ-ਭੂਮੀ ਦੀ ਅਜ਼ਾਦੀ ਲਈ ਨਿਛਾਵਰ ਕਰਨ ਲਈ ਤਿਆਰ ਹੋਣ ਲੱਗੇ। ਓਰੀਗਨ ਤੇ ਵਾਸ਼ਿੰਗਟਨ ਰਿਆਸਤਾਂ ਦੇ ਲੱਕੜੀ ਦੇ ਕਾਰਖਾਨਿਆਂ, ਜਿਵੇਂ ਪੋਰਟਲੈਂਡ ਦੇ ਕੋਲ ਮੋਨਾਰਕ ਮਿੱਲ, ਸੇਂਟ ਜੌਹਨ, ਬਰਾਈਡਲ ਵੇਲ ਅਤੇ ਪੋਰਟਲੈਂਡ ਤੇ ਅਸਟੋਰੀਆ ਦੀਆਂ ਹੋਰਨਾਂ ਮਿੱਲਾਂ ਦੇ ਕੰਮ ਕਰਨ ਵਾਲੇ ਹਿੰਦੀ ਕੌਮੀ ਗ਼ੁਲਾਮੀ ਦੀਆਂ ਜ਼ੰਜੀਰਾਂ ਤੋੜਨ ਲਈ ਤਿਆਰ ਹੋ ਗਏ। ਇਨ੍ਹਾਂ ਮਜ਼ਦੂਰਾਂ ਦੀ ਜਾਗ੍ਰਤੀ ਦੇ ਨਾਲ-ਨਾਲ ਕੈਲੇਫੋਰਨੀਆ ਵਿੱਚਲੇ ਹਿੰਦੀ ਖੇਤ-ਮਜ਼ਦੂਰ ਵੀ ਉਥੋਂ ਦੇ ਜਗੀਰਦਾਰਾਂ ਦੇ ਗੈਰ-ਮਨੁੱਖੀ ਸਲੂਕ ਦੇ ਕਾਰਨ ਗ਼ੁਲਾਮੀ ਵਿੱਚੋਂ ਲੱਭਣ ਲੱਗ ਪਏ। ਉਨ੍ਹਾਂ ਨੇ ਇਹ ਗੱਲ ਮਹਿਸੂਸ ਕਰਨੀ ਸ਼ੁਰੂ ਕਰ ਦਿੱਤੀ ਕਿ ਜ਼ਮੀਂਦਾਰ ਉਨ੍ਹਾਂ ਨੂੰ ਰਿਹਾਇਸ਼ ਲਈ ਅਜਿਹੀ ਜਗ੍ਹਾ ਦਿੰਦੇ ਹਨ, ਜਿੱਥੇ ਸੂਰ ਵੀ ਰਹਿਣਾ ਪਸੰਦ ਨਹੀਂ ਕਰ ਸਕਦੇ। ਕੰਮ ਕਰਦਿਆਂ "ਹਰੀਅਪ -ਹਰੀਅਪ" ਦੇ ਬੋਲਾਂ ਤੋਂ ਸਿਵਾ ਉਨ੍ਹਾਂ ਦੇ ਮੂੰਹੋਂ ਕੋਈ ਲਫ਼ਜ਼ ਹੀ ਨਹੀਂ ਨਿਕਲਦਾ ਸੀ। ਦੂਜੇ

ਮੁਲਕਾਂ ਦੇ ਮਜ਼ਦੂਰਾਂ ਦੇ ਟਾਕਰੇ ਇਹ ਗੈਰ-ਮਨੁੱਖੀ ਦਬਾਅ ਹਿੰਦੀ ਮਜ਼ਦੂਰਾਂ ਉੱਤੇ ਵਧੇਰੇ ਤੀਬਰ ਸੀ।

ਖੇਤ ਮਜ਼ਦੂਰ ਕਾਰਖਾਨਿਆਂ ਵਿੱਚ ਕੰਮ ਕਰਦੇ ਮਜ਼ਦੂਰਾਂ ਦੇ ਟਾਕਰੇ ਵਧੇਰੇ ਖਿੰਡੇ-ਪੁੰਡੇ ਹੁੰਦੇ ਹਨ ਅਤੇ ਉਨ੍ਹਾਂ ਦਾ ਜਥੇਬੰਦ ਹੋਣਾ ਵੀ ਮੁਸ਼ਕਲ ਹੁੰਦਾ ਹੈ, ਪਰ ਰੋਜ਼ਮਰਾ ਦੀ ਬੇਇੱਜ਼ਤੀ ਤੇ ਨਫ਼ਰਤ ਨੇ ਕੈਲੇਫੋਰਨੀਆ ਦੇ ਹਿੰਦੀ ਖੇਤ ਮਜ਼ਦੂਰਾਂ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਸਨ। ਉਨ੍ਹਾਂ ਦੇ ਦਿਲਾਂ ਅੰਦਰ ਵੀ ਅਜ਼ਾਦੀ ਦੀ ਉਹ ਤੜਪ ਪੈਦਾ ਹੋ ਚੁੱਕੀ ਸੀ, ਜਿਹੜੀ ਵਸ਼ਿੰਗਟਨ ਤੇ ਓਰੀਗਨ ਦੇ ਕਾਰਖਾਨਿਆਂ ਦੇ ਮਜ਼ਦੂਰਾਂ ਅੰਦਰ ਸੀ। ਹੁਣ ਉਹ ਵੀ ਆਪਣੇ ਹਮਵਤਨੀ ਭਰਾਵਾਂ ਦੇ ਮੋਢੇ ਨਾਲ ਮੋਢਾ ਮਿਲਾ ਕੇ ਦੇਸ਼ ਦੀ ਆਜ਼ਾਦੀ ਲਈ ਕੰਮ ਕਰਨ ਲਈ ਉੱਠ ਖੜ੍ਹੇ ਹੋਏ ਸਨ।

ਕਨੇਡਾ

ਅਮਰੀਕਾ ਤੋਂ ਬਾਅਦ ਕਨੇਡਾ ਦੇ ਹਾਲਾਤ ਦਾ ਜਾਇਜ਼ਾ ਲੈਣਾ ਵੀ ਜ਼ਰੂਰੀ ਹੈ, ਜਿਨ੍ਹਾਂ ਨੇ ਕਨੇਡਾ ਨਿਵਾਸੀ ਹਿੰਦੀਆਂ ਨੂੰ ਗ਼ਦਰ ਪਾਰਟੀ ਦੇ ਝੰਡੇ ਹੇਠ ਕੌਮੀ ਇਨਕਲਾਬ ਲਈ ਲਿਆ ਖੜ੍ਹਾ ਕੀਤਾ। ਕਨੇਡਾ ਨੂੰ ਜਾਣ ਵਾਲੇ ਭਾਰਤੀ ਪੰਜਾਬੀ ਓਸੇ ਕਿਸਾਨ ਵਰਗ ਨਾਲ ਸਬੰਧ ਰੱਖਦੇ ਸਨ, ਜਿਸਦਾ ਜ਼ਿਕਰ ਉੱਪਰ ਕੀਤਾ ਜਾ ਚੁੱਕਿਆ ਹੈ। ਇਹ ਲੋਕ ਵੀ ਲਗਭਗ ਓਦੋਂ ਹੀ ਕਨੇਡਾ ਪਹੁੰਚੇ ਸਨ, ਜਦੋਂ ਅਮਰੀਕਾ ਵਿੱਚ ਹਿੰਦੀਆਂ ਦਾ ਪ੍ਰਵੇਸ਼ ਹੋਇਆ ਸੀ। ਸੋ ਗੱਲ ਲਮਕਾਉਣ ਦੀ ਲੋੜ ਨਹੀਂ ਹੈ ਅਤੇ ਉਨ੍ਹਾਂ ਵਿੱਚ ਜੋ ਕੰਮ ਕਰਨ ਦਾ ਫ਼ਰਕ ਸੀ, ਉਸ ਦਾ ਜ਼ਿਕਰ ਕਰਨਾ ਹੀ ਜ਼ਰੂਰੀ ਹੈ।

ਅਮਰੀਕਾ ਵਿੱਚ ਕੰਮ ਸ਼ੁਰੂ ਤੋਂ ਹੀ ਇਨਕਲਾਬੀ ਲੀਹਾਂ 'ਤੇ ਹੋਇਆ ਸੀ ਅਤੇ ਇਸ ਵਿੱਚ ਸਮਝੌਤਾਵਾਦ ਤੇ ਸੁਧਾਰਵਾਦ ਲਈ ਕੋਈ ਥਾਂ ਨਹੀਂ ਸੀ। ਗ਼ਦਰ ਪਾਰਟੀ ਦਾ ਇਹ ਮੁੱਢਲਾ ਸਿਧਾਂਤ ਸੀ ਕਿ ਗ਼ੁਲਾਮੀ ਤੇ ਸਾਹਬੀ ਦਾ ਸਮਝੌਤਾ ਹਮੇਸ਼ਾ ਗ਼ੁਲਾਮਾਂ ਲਈ ਹਾਨੀਕਾਰਕ ਹੁੰਦਾ ਹੈ, ਜਿਵੇਂ 1947 ਵਿੱਚ ਹਿੰਦਵਾਸੀਆਂ ਨਾਲ ਹੋਇਆ ਹੈ। ਗ਼ੁਲਾਮ ਲਈ ਇਕੋ ਰਸਤਾ ਹੁੰਦਾ ਹੈ ਕਿ ਉਹ ਜਾਂ ਤਾਂ ਮਰ ਮਿਟੇ ਜਾਂ ਪੂਰਨ ਤੌਰ 'ਤੇ ਆਜ਼ਾਦ ਹੋ ਕੇ ਜ਼ਿੰਦਾ ਰਹੇ। ਦਰਮਿਆਨੇ ਰਸਤੇ ਜਿਵੇਂ ਕਿ ਕਾਨੂੰਨੀ ਜੱਦੋਜਹਿਦ ਤੇ ਸਮਝੌਤਾਬਾਜ਼ੀ ਗ਼ੁਲਾਮੀ ਦੀਆਂ ਜ਼ੰਜੀਰਾਂ ਕੱਟਣ ਵਿੱਚ ਅਸਮਰੱਥ ਹੁੰਦੇ ਹਨ। ਇਸ ਤੋਂ ਸਬਕ ਲੈ ਕੇ ਹੀ ਗ਼ਦਰ ਪਾਰਟੀ ਨੇ ਹਥਿਆਰਬੰਦ ਇਨਕਲਾਬ ਰਾਹੀਂ ਪੂਰਨ ਆਜ਼ਾਦੀ ਦਾ ਆਦਰਸ਼ ਸਾਹਮਣੇ ਰੱਖਿਆ। ਕਨੇਡਾ ਦੀ ਕਾਨੂੰਨੀ ਜਦੋਜਹਿਦ ਵਿੱਚ ਇਕ ਗੁਣ ਸੀ ਕਿ ਇਹ ਇਕੋ ਪੜਾਅ 'ਤੇ ਜੜ੍ਹ ਬਣ ਕੇ ਨਹੀਂ ਰਹਿ ਗਈ ਸੀ। ਇਹ ਬਦਲਦੇ ਜ਼ਮਾਨੇ ਨਾਲ ਆਪਣੇ ਤੇਵਰ ਬਦਲਦੀ ਰਹੀ ਸੀ। ਜਦੋਂ ਗ਼ਦਰ ਪਾਰਟੀ ਨੇ ਅਮਰੀਕਾ ਵਿੱਚ ਕੌਮੀ ਲਹਿਰ ਨੂੰ ਜਥੇਬੰਦ ਕੀਤਾ, ਤਾਂ ਕਨੇਡਾ ਦੀ ਇਸ ਲਹਿਰ ਨੇ ਤੁਰੰਤ ਹੀ ਆਪਣੇ ਆਪ ਨੂੰ ਇਨਕਲਾਬੀ ਲਹਿਰ ਨਾਲ ਜੋੜ ਲਿਆ। ਇਸ ਨਾਲ ਇਨਕਲਾਬੀ ਲਹਿਰ ਨੂੰ ਖਾਸਾ ਹੁੰਗਾਰਾ ਮਿਲਿਆ। ਕਨੇਡਾ ਦੇ ਹਿੰਦੀਆਂ ਨੇ ਗ਼ਦਰ ਪਾਰਟੀ ਦੇ ਝੰਡੇ ਹੇਠ ਬੇਮਿਸਾਲ ਕੁਰਬਾਨੀਆਂ ਕੀਤੀਆਂ। ਸ੍ਰ. ਭਾਗ ਸਿੰਘ ਤੇ ਸ੍ਰ. ਬਲਵੰਤ ਸਿੰਘ ਜੀ ਇਸ ਲਹਿਰ ਦੇ ਬਾਨੀਆਂ

ਵਿੱਚੋਂ ਸਨ। ਮੈਂ ਪਹਿਲਾਂ ਵੀ ਦੱਸ ਚੁੱਕਿਆਂ ਹਾਂ ਕਿ ਕਨੇਡਾ ਤੇ ਅਮਰੀਕਾ ਜਾਣ ਵਾਲੇ ਪੰਜਾਬੀ ਕਿਸਾਨਾਂ 'ਚੋਂ 95 ਫੀਸਦੀ ਸਿੱਖ ਸਨ। ਉਨ੍ਹਾਂ ਨੇ ਕਨੇਡਾ ਪਹੁੰਚਦਿਆਂ ਹੀ ਵੈਨਕੋਵਰ 'ਚ ਗੁਰਦੁਆਰਾ ਕਾਇਮ ਕੀਤਾ ਅਤੇ ਗੁਰਦੁਆਰਾ ਕਮੇਟੀ ਬਣਾਈ। ਖੁਸ਼ਕਿਸਮਤੀ ਨਾਲ ਇਸ ਕਮੇਟੀ ਨੂੰ ਭਾਗ ਸਿੰਘ ਅਤੇ ਬਲਵੰਤ ਸਿੰਘ ਵਰਗੇ ਦੇਸ਼ਭਗਤ ਲੀਡਰ ਮਿਲ ਗਏ। ਕੁਝ ਹੀ ਦਿਨਾਂ ਅੰਦਰ ਇਹ ਕਮੇਟੀ ਕਨੇਡਾ 'ਚ ਰਹਿ ਰਹੇ ਹਿੰਦੀਆਂ ਅੰਦਰ ਹਰਮਨ ਪਿਆਰੀ ਹੋ ਗਈ। ਭਾਵੇਂ ਇਹ ਕਮੇਟੀ ਸੀ ਪਰ ਸਾਰੇ ਹਿੰਦੀ ਧਰਮ ਤੇ ਕੌਮ ਦੇ ਵਿਤਕਰੇ ਤੋਂ ਉੱਚੇ ਉਠ ਕੇ ਇਸ ਨਾਲ ਜੁੜੇ ਹੋਏ ਸਨ। ਇਹ ਦੇਸ਼ ਭਗਤ ਕਮੇਟੀ ਸਾਰੇ ਹਿੰਦੀਆਂ ਦੇ ਸ਼ਹਿਰੀ ਹੱਕਾਂ ਲਈ ਆਵਾਜ਼ ਬੁਲੰਦ ਕਰਦੀ ਸੀ। ਸਭ ਤੋਂ ਪਹਿਲਾਂ ਇਸ ਕਮੇਟੀ ਨੇ ਸ਼ਹਿਰੀ ਹੱਕਾਂ ਲਈ ਆਵਾਜ਼ ਉਠਾਈ ਤੇ ਕਨੇਡੀਅਨ ਸਰਕਾਰ ਤੋਂ ਮੰਗ ਕੀਤੀ ਕਿ ਉਨ੍ਹਾਂ ਨੂੰ ਕਨੇਡੀਅਨ ਸ਼ਹਿਰੀ ਤਸਲੀਮ ਕੀਤਾ ਜਾਵੇ। ਉਨ੍ਹਾਂ ਦੀ ਦਲੀਲ ਸੀ ਕਿ ਕਨੇਡਾ ਇੱਕ ਬ੍ਰਿਟਿਸ਼ ਬਸਤੀ ਹੈ ਤੇ ਕਨੇਡਾ ਨਿਵਾਸੀ ਭਾਰਤ ਵਿੱਚ ਪੂਰੇ ਹੱਕ ਰੱਖਦੇ ਹਨ, ਕਿਸੇ ਵੀ ਨੌਕਰੀ 'ਤੇ ਲੱਗ ਸਕਦੇ ਹਨ। ਸੋ ਅਸੀਂ ਕਨੇਡਾ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਜਿਵੇਂ ਕਨੇਡਾ ਵਾਲਿਆਂ ਨੂੰ ਹਿੰਦੋਸਤਾਨ ਵਿੱਚ ਹੱਕ ਹਨ, ਉਵੇਂ ਹੀ ਕਨੇਡਾ ਵਿੱਚ ਸਾਨੂੰ ਵੀ ਸ਼ਹਿਰੀਆਂ ਵਾਲੇ ਹੱਕ ਮਿਲਣੇ ਚਾਹੀਦੇ ਹਨ। ਵਿਰੋਧੀਆਂ ਵਲੋਂ ਇਹ ਪ੍ਰਚਾਰ ਸ਼ੁਰੂ ਹੋ ਗਿਆ ਕਿ ਇਹ ਲੋਕ ਆਰਜ਼ੀ ਤੌਰ 'ਤੇ ਮਜ਼ਦੂਰੀ ਕਰਨ ਆਏ ਹਨ। ਇਨ੍ਹਾਂ ਕੋਲ ਕੋਈ ਪੱਕੀ ਜਾਇਦਾਦ ਨਹੀਂ ਹੈ। ਇਸ ਦੀ ਬਿਨਾ 'ਤੇ ਇਨ੍ਹਾਂ ਨੂੰ ਸ਼ਹਿਰੀ ਹੱਕ ਨਹੀਂ ਦਿੱਤੇ ਜਾ ਸਕਦੇ। ਇਸ ਵਿਰੋਧੀ ਪ੍ਰਚਾਰ ਦਾ ਜਵਾਬ ਅਮਲ ਵਿੱਚ ਦਿੱਤਾ ਗਿਆ। ਵੈਨਕੂਵਰ ਤੇ ਇਸ ਦੇ ਆਸ-ਪਾਸ ਹਿੰਦੀਆਂ ਨੇ ਜ਼ਮੀਨਾਂ ਖ਼ਰੀਦ ਲਈਆਂ। ਸਮੁੰਦਰ ਦੇ ਕੰਢੇ 'ਤੇ ਅਤੇ ਬੰਦਰਗਾਹਾਂ ਦੇ ਕੋਲ ਬਹੁਤ ਸਾਰੀਆਂ ਜ਼ਮੀਨਾਂ ਇਨ੍ਹਾਂ ਦੇ ਹੱਥ ਆ ਗਈਆਂ। ਇਸੇ ਦੌਰਾਨ ਕਈ ਪੜ੍ਹੇ ਲਿਖੇ ਤੇ ਵਪਾਰ ਨਾਲ ਜੁੜੇ ਲੋਕ ਵੀ ਉਥੇ ਪਹੁੰਚ ਗਏ ਅਤੇ ਉਨ੍ਹਾਂ ਨੇ ਸੋਨੇ ਦੀਆਂ ਖਾਣਾਂ ਦੇ ਬਹੁਤ ਸਾਰੇ ਹਿੱਸੇ ਖਰੀਦ ਲਏ। ਹਿੰਦੀਆਂ ਨੇ ਸ਼ਹਿਰ ਵਿੱਚ ਹੱਟੀਆਂ ਪਾ ਲਈਆਂ ਅਤੇ ਹੋਟਲ ਵੀ ਖੋਲ੍ਹ ਲਏ। ਹੁਣ ਹਿੰਦੀ ਸਿਰਫ ਮਜ਼ਦੂਰ ਹੀ ਨਹੀਂ ਸਨ, ਉਨ੍ਹਾਂ ਵਿਚੋਂ ਅਨੇਕਾਂ ਤਾਂ ਜਇਦਾਦਾਂ ਦੇ ਮਾਲਕ ਸਨ।

ਦੂਜੇ ਪਾਸੇ, ਕਨੇਡਾ ਦੇ ਨੀਮ-ਆਜ਼ਾਦ ਵਾਤਾਵਰਣ 'ਚ ਰਹਿੰਦਿਆਂ ਹੋਇਆਂ ਇਨ੍ਹਾਂ ਅੰਦਰ ਕੌਮੀ ਭਾਵਨਾ ਵਿਕਸਤ ਹੋ ਰਹੀ ਸੀ। ਉਹ ਆਪਣੀ ਗ਼ੁਲਾਮੀ ਦੇ ਕਾਰਨਾਂ ਬਾਰੇ ਇਕੱਠੇ ਬਹਿ ਕੇ ਸੋਚਣ ਲੱਗ ਪਏ ਸਨ। ਅੰਗਰੇਜ਼ ਸਰਕਾਰ ਇਸ ਉਭਰ ਰਹੀ ਸਿਆਸੀ ਸੂਝ ਨੂੰ ਭਲਾ ਕਿਵੇਂ ਬਰਦਾਸ਼ਤ ਕਰ ਸਕਦੀ ਸੀ? ਇਸ ਤਰ੍ਹਾਂ ਜਿਉਂ-ਜਿਉਂ ਹਿੰਦੀਆਂ ਦੀ ਸੂਝ ਵਧਦੀ ਗਈ, ਤਿਉਂ-ਤਿਉਂ ਅੰਗਰੇਜ਼ ਸਰਕਾਰ ਦੀ ਚਿੰਤਾ ਵਧਦੀ ਗਈ। ਉਸ ਨੇ 'ਪਾੜੋ ਤੇ ਰਾਜ ਕਰੋ' ਦੀ ਨੀਤੀ 'ਤੇ ਅਮਲ ਕਰਦਿਆਂ ਖੁਫੀਆ ਪੁਲਸ ਦੇ ਅੰਗਰੇਜ਼ ਅਫ਼ਸਰ ਹਾਪਕਿਨਸਨ ਨੂੰ ਹਿੰਦੀਆਂ ਦੀ ਨਿਗਰਾਨੀ ਕਰਨ ਲਈ ਕਨੇਡਾ ਭੇਜ ਦਿੱਤਾ। ਹਾਪਕਿਨਸਨ ਅੰਗਰੇਜ਼ੀ ਤੇ ਪੰਜਾਬੀ ਚੰਗੀ ਤਰ੍ਹਾਂ ਸਮਝ ਤੇ ਬੋਲ ਸਕਦਾ ਸੀ। ਉਸ ਨੇ ਜਾਂਦਿਆਂ ਹੀ ਪੰਜਾਬੀਆਂ ਵਿਚੋਂ ਗ਼ਦਾਰਾਂ ਦਾ ਇੱਕ ਗਿਰੋਹ ਬਣਾ ਲਿਆ। ਬਾਵਾ ਸਿੰਘ ਤੇ ਬੇਲਾ ਸਿੰਘ ਗ਼ਦਾਰਾਂ ਦੇ ਗਿਰੋਹ ਦੇ ਸਰਗਣੇ ਸਨ।

ਅੰਗਰੇਜ਼ੀ ਹਕੂਮਤ ਦੀਆਂ ਕਾਰਸ਼ਤਾਨੀਆਂ

ਅੰਗਰੇਜ਼ੀ ਹਕੂਮਤ ਕਨੇਡਾ ਵਿੱਚ ਹਿੰਦੀਆਂ ਨੂੰ ਤਰੱਕੀ ਕਰਨ ਦੀ ਖੁੱਲ੍ਹੀ ਛੁੱਟੀ ਨਹੀਂ ਦੇਣਾ ਚਾਹੁੰਦੀ ਸੀ, ਕਿਉਂਕਿ ਹਿੰਦੀਆਂ ਦੀ ਜਾਗ੍ਰਤੀ ਅੰਗਰੇਜ਼ਾਂ ਦੇ ਹਿੱਤ ਦੇ ਖ਼ਿਲਾਫ਼ ਸੀ। ਇਸ ਲਈ ਉਸ ਨੇ ਕਨੇਡਾ ਸਰਕਾਰ ਨਾਲ ਮਿਲ ਕੇ ਅਜਿਹੀ ਤਜਵੀਜ਼ ਬਣਾਈ, ਜਿਸ ਨਾਲ ਸੱਪ ਵੀ ਮਰ ਜਾਵੇ ਤੇ ਲਾਠੀ ਵੀ ਰਹਿ ਜਾਏ। ਕਿਸਾਨਾਂ ਨੂੰ ਜ਼ਮੀਨ ਬਹੁਤ ਪਿਆਰੀ ਹੁੰਦੀ ਹੈ। ਉਹ ਮਜ਼ਦੂਰੀ ਕਰਨ ਦੀ ਬਜਾਏ ਜ਼ਮੀਨ ਉੱਤੇ ਸਵੈ-ਨਿਰਭਰਤਾ ਨਾਲ ਕੰਮ ਕਰਨਾ ਜ਼ਿਆਦਾ ਪਸੰਦ ਕਰਦੇ ਹਨ। ਇਸ ਲਈ ਹਾਪਕਿਨਸਨ ਰਾਹੀਂ ਹਿੰਦੀਆਂ ਵਿੱਚ ਇਹ ਪ੍ਰਾਪੇਗੰਡਾ ਸ਼ੁਰੂ ਕੀਤਾ ਗਿਆ ਕਿ ਜੇ ਉਹ ਚਾਹੁਣ ਤਾਂ ਕਨੇਡਾ ਸਰਕਾਰ ਉਨ੍ਹਾਂ ਨੂੰ ਹਾਂਡੂਰਸ ਟਾਪੂ ਵਿੱਚ ਮੁਫ਼ਤ ਜ਼ਮੀਨ ਦੇਣ ਲਈ ਤਿਆਰ ਹੈ ਅਤੇ ਕੁਝ ਰੁਪਏ ਪੈਸੇ ਦੀ ਮਦਦ ਵੀ ਕਰ ਦੇਵੇਗੀ। ਉੱਥੇ ਹਿੰਦੀ ਪੂਰੀ ਆਜ਼ਾਦੀ ਨਾਲ ਖੇਤੀਬਾੜੀ ਦਾ ਕੰਮ ਕਰ ਸਕਣਗੇ ਅਤੇ ਸਮਾਂ ਪੈਣ 'ਤੇ ਇੱਕ ਛੋਟੀ ਆਜ਼ਾਦ ਬਸਤੀ ਬਣ ਸਕਦੀ ਹੈ। ਇਸ ਦੇ ਸਿੱਟੇ ਵਜੋਂ ਹਿੰਦੀਆਂ ਨੇ ਕਨੇਡੀਅਨ ਅਫ਼ਸਰਾਂ ਨਾਲ ਆਪਣੇ ਦੋ ਨੁਮਾਇੰਦੇ ਭੇਜ ਦਿੱਤੇ। ਇਹ 1909 ਦੀ ਗੱਲ ਹੈ।

ਜਦੋਂ ਦੋਵਾਂ ਨੁਮਾਇੰਦਿਆਂ ਨੇ ਹਾਂਡੂਰਸ ਜਾ ਕੇ ਮੌਕੇ 'ਤੇ ਜਾਇਜ਼ਾ ਲਿਆ ਤਾਂ ਉਹਨਾਂ ਨੇ ਵੇਖਿਆ ਕਿ ਉੱਥੋਂ ਦੀ ਆਬੋ-ਹਵਾ ਨਹਾਇਤ ਖ਼ਤਰਨਾਕ ਹੈ, ਸਿਹਤ ਲਈ ਮਾੜੀ ਅਤੇ ਬੀਮਾਰੀਆਂ ਪੈਦਾ ਕਰਨ ਵਾਲੀ ਹੈ। ਇਸ ਟਾਪੂ ਵਿੱਚ ਉਹਨਾਂ ਨੂੰ ਕਈ ਅਜਿਹੇ ਹਿੰਦੋਸਤਾਨੀ ਮਿਲੇ, ਜਿਨ੍ਹਾਂ ਨੂੰ ਹਿੰਦੋਸਤਾਨ ਤੋਂ ਭਰਤੀ ਕਰਕੇ ਗੋਰਿਆਂ ਦੀਆਂ ਕੰਪਨੀਆਂ ਪਟੇ 'ਤੇ ਲੈ ਕੇ ਆਈਆਂ ਸਨ। ਇਸ ਪਟੇ ਦੀ ਮਿਆਦ ਪੂਰੀ ਹੋਣ 'ਤੇ ਵੀ ਉਹਨਾਂ ਨੂੰ ਹਿੰਦੋਸਤਾਨ ਨਹੀਂ ਭੇਜਿਆ ਗਿਆ ਸੀ। ਉਹਨਾਂ ਦੀ ਹਾਲਤ ਬਹੁਤ ਮੰਦੀ ਸੀ। ਉਹਨਾਂ ਦੀ ਜ਼ਬਾਨੀ ਕਨੇਡਾ ਦੇ ਹਿੰਦੀ ਪ੍ਰਤੀਨਿਧੀਆਂ ਨੂੰ ਟਾਪੂ ਬਾਰੇ ਪੂਰੀ ਜਾਣਕਾਰੀ ਮਿਲ ਗਈ ਅਤੇ ਕਈ ਕੁਝ ਉਹਨਾਂ ਨੇ ਅੱਖੀਂ ਵੀ ਵੇਖ ਲਿਆ ਸੀ। ਉਹਨਾਂ ਦੀ ਸਮਝ ਬਣੀ ਕਿ ਸਾਡੇ ਹਮਵਤਨੀਆਂ ਨਾਲ ਧੋਖਾ ਕੀਤਾ ਜਾ ਰਿਹਾ ਹੈ। ਜਦੋਂ ਉਹਨਾਂ ਦੇ ਨਾਲ ਗਏ ਕਨੇਡੀਅਨ ਤੇ ਅੰਗਰੇਜ਼ ਅਫਸਰਾਂ ਨੇ ਵੇਖਿਆ ਕਿ ਟਾਪੂਆਂ ਨੂੰ ਵੇਖ ਕੇ ਇਹਨਾਂ ਉੱਤੇ ਚੰਗਾ ਅਸਰ ਨਹੀਂ ਪਿਆ, ਤਾਂ ਉਹਨਾਂ ਨੇ ਹਜ਼ਾਰਾਂ ਡਾਲਰ ਰਿਸ਼ਵਤ ਦੇਣ ਦੀ ਕੋਸ਼ਿਸ਼ ਕੀਤੀ, ਪਰ ਸੱਚੇ ਦੇਸ਼ਭਗਤ ਨਾ ਰੁਪਏ ਵੇਖ ਕੇ ਫਿਸਲੇ ਅਤੇ ਨਾ ਹੀ ਸਰਕਾਰ ਦੇ ਰੋਅਬ ਵਿੱਚ ਹੀ ਆਏ। ਉਨ੍ਹਾਂ ਨੇ ਸਹੀ-ਸਹੀ ਨਕਸ਼ਾ ਆਪਣੇ ਹਮਵਤਨੀਆਂ ਅੱਗੇ ਪੇਸ਼ ਕੀਤਾ। ਇਸ ਤਰ੍ਹਾਂ ਇਹਨਾਂ ਦੇਸ਼ਭਗਤਾਂ ਨੇ ਆਪਣੇ ਹਜ਼ਾਰਾਂ ਹਿੰਦੀ ਭਾਈਆਂ ਨੂੰ ਮੌਤ ਅਤੇ ਬਰਬਾਦੀ ਦੇ ਮੂੰਹੋਂ ਬਚਾ ਲਿਆ। ਉਨ੍ਹਾਂ ਦੀ ਰਿਪੋਰਟ ਇਸ ਤਰ੍ਹਾਂ ਦੀ ਸੀ।

ਹਾਂਡੂਰਸ ਬੜਾ ਖਰਾਬ ਟਾਪੂ ਹੈ। ਸਾਡੇ ਕਈ ਹਿੰਦੋਸਤਾਨੀ ਭਰਾ ਅਜਿਹੇ ਹਨ, ਜਿਹਨਾਂ ਨੂੰ ਪੇਟ ਭਰ ਕੇ ਰੋਟੀ ਵੀ ਨਸੀਬ ਨਹੀਂ ਹੋਈ। ਉਹ ਮੁਲਕ ਵਾਪਸ ਜਾਣਾ ਚਾਹੁੰਦੇ ਹਨ, ਪਰ ਵਾਪਸੀ ਲਈ ਉਹਨਾਂ ਕੋਲ ਟਿਕਟ ਜੋਗੇ ਪੈਸੇ ਨਹੀਂ ਹਨ। ਪੀਲਾ ਬੁਖਾਰ ਉੱਥੇ ਖੌਫ਼ਨਾਕ ਤਬਾਹੀ ਮਚਾ ਰਿਹਾ ਹੈ। ਹੋਰ ਵੀ ਕਈ ਬੀਮਾਰੀਆਂ ਹਨ।

ਇਸ ਤਰ੍ਹਾਂ ਦੀ ਰਿਪੋਰਟ ਨਾਲ ਬ੍ਰਿਟਿਸ਼ ਸਾਮਰਾਜੀਆਂ ਦੀ ਸਾਜਿਸ਼ ਦਾ ਭਾਂਡਾ ਚੌਰਾਹੇ ਵਿੱਚ ਭੱਜ ਗਿਆ।

ਅੰਗਰੇਜ਼ ਹਕੂਮਤ ਤਸ਼ੱਦਦ ਦੇ ਰਾਹ 'ਤੇ

ਜਦੋਂ ਕਨੇਡੀਅਨ ਤੇ ਅੰਗਰੇਜ਼ੀ ਸਰਕਾਰ ਦੀ ਇਹ ਚਾਲ ਫੇਲ੍ਹ ਹੋ ਗਈ ਤਾਂ ਉਹਨਾਂ ਤਾਕਤ ਦੇ ਜ਼ਰੀਏ ਹਿੰਦੀਆਂ ਨੂੰ ਕਨੇਡਾ 'ਚੋਂ ਕੱਢਣਾ ਚਾਹਿਆ। ਹਿੰਦੀਆਂ ਦੇ ਨਾਂ ਨੋਟਿਸ ਜਾਰੀ ਕੀਤਾ ਗਿਆ ਕਿ ਫਲਾਣੀ ਤਰੀਕ ਨੂੰ ਸਾਰੇ ਹਿੰਦੋਸਤਾਨੀ ਬੋਰੀਆ ਬਿਸਤਰਾ ਬੰਨ੍ਹਕੇ ਘਾਟ 'ਤੇ ਆ ਜਾਣ। ਉੱਥੇ ਇੱਕ ਜਹਾਜ਼ ਤਿਆਰ ਹੋਏਗਾ, ਜੋ ਉਹਨਾਂ ਨੂੰ ਦੂਜੇ ਟਾਪੂਆਂ 'ਚ ਲੈ ਜਾਏਗਾ। ਇਹ ਨੋਟਿਸ ਹਿੰਦੀਆਂ ਲਈ ਜ਼ਿੰਦਗੀ ਤੇ ਮੌਤ ਦਾ ਸਵਾਲ ਸੀ। ਹਿੰਦੀਆਂ ਨੇ ਫ਼ੈਸਲਾ ਕੀਤਾ ਕਿ ਇਸ ਜ਼ਲੀਲ ਜ਼ਿੰਦਗੀ ਨਾਲੋਂ ਮੌਤ ਬਿਹਤਰ ਹੈ। ਮਿਥੀ ਤਾਰੀਕ ਨੂੰ ਉਹ ਮਰਨ ਲਈ ਤਿਆਰੀ ਕਰਕੇ ਗੁਰਦੁਆਰੇ 'ਚ ਇਕੱਠੇ ਹੋ ਗਏ, ਪਰ ਘਾਟ ਤੇ ਨਾ ਗਏ। ਉੱਥੇ ਕੁਝ ਪੁਲੀਸ ਅਫ਼ਸਰ ਆਏ ਅਤੇ ਉਹਨਾਂ ਨੂੰ ਘਾਟ ਤੇ ਜਾਣ ਲਈ ਕਿਹਾ। ਹਿੰਦੀਆਂ ਨੇ ਦੋ-ਟੁੱਕ ਜਵਾਬ ਦੇ ਦਿੱਤਾ। ਉਹਨਾਂ ਕਿਹਾ ਕਿ ਜਿਉਂਦੇ ਜੀਅ ਤਾਂ ਨਹੀਂ, ਸਾਡੀਆਂ ਲਾਸ਼ਾਂ ਹੀ ਘਾਟ 'ਤੇ ਲਿਜਾਈਆਂ ਜਾ ਸਕਦੀਆਂ ਹਨ। ਹਾਪਕਿਨਸਨ ਦੇ ਪੰਜਾਬੀ ਜਸੂਸਾਂ ਨੇ ਵੀ ਇਹੀ ਰਿਪੋਰਟ ਦਿੱਤੀ ਕਿ ਇਹ ਲੋਕ ਜਿਉਂਦੇ ਜੀਅ ਘਾਟ 'ਤੇ ਨਹੀਂ ਜਾ ਸਕਦੇ। ਇਸ ਤਰ੍ਹਾਂ ਅੰਗਰੇਜ਼ੀ ਤੇ ਕਨੇਡੀਅਨ ਸਰਕਾਰਾਂ ਦੀ ਇਹ ਚਾਲ ਵੀ ਫੇਲ੍ਹ ਹੋ ਗਈ।

ਕਾਨੂੰਨੀ ਜੱਦੋਜਹਿਦ

ਕੁਝ ਹਿੰਦੀਆਂ ਵਿਚ ਕੌਮੀ ਚੇਤਨਾ, ਆਤਮ ਵਿਸ਼ਵਾਸ ਤੇ ਏਕਤਾ ਉਤਪੰਨ ਹੋ ਚੁੱਕੀ ਸੀ। ਉਹਨਾਂ ਫ਼ੈਸਲਾ ਕੀਤਾ ਕਿ ਕਾਨੂੰਨੀ ਪਹਿਲੂ ਨੂੰ ਲੈ ਕੇ ਸੰਘਰਸ਼ ਕੀਤਾ ਜਾਏ। ਇਸ ਕੰਮ ਲਈ ਸਾਰੇ ਹਿੰਦੀਆਂ ਦੀ ਇਕ ਕਮੇਟੀ ਬਣਾਈ ਗਈ। ਇਸਦਾ ਨਾਂ ਹਿੰਦੋਸਤਾਨੀ ਕਮੇਟੀ ਰੱਖਿਆ ਗਿਆ। ਇਸ ਕਮੇਟੀ ਨੇ ਸ੍ਰ. ਬਲਵੰਤ ਸਿੰਘ ਦੀ ਅਗਵਾਈ ਹੇਠ ਓਟਵਾ ਵਿਚ ਕਨੇਡੀਅਨ ਸਰਕਾਰ ਕੋਲ ਡੈਪੂਟੇਸ਼ਨ ਭੇਜਿਆ। ਕਨੇਡਾ ਸਰਕਾਰ ਨੇ ਜਵਾਬ ਦਿੱਤਾ ਕਿ ਇਹ ਮਾਮਲੇ ਮੁਲਕ ਦੀਆਂ ਸਰਕਾਰਾਂ ਕੋਲ ਹਨ। ਉਹ ਹੀ ਆਪਸ ਵਿਚ ਫ਼ੈਸਲਾ ਕਰ ਸਕਦੀਆਂ ਹਨ। ਤੁਹਾਡੇ ਉੱਤੇ ਕਿਉਂਕਿ ਬਰਤਾਨਵੀ ਹਕੂਮਤ ਹੈ, ਇਸ ਲਈ ਅੰਗਰੇਜ਼ੀ ਸਰਕਾਰ ਹੀ ਸਾਡੇ ਨਾਲ ਗੱਲਬਾਤ ਕਰ ਸਕਦੀ ਹੈ। ਜਦੋਂ ਕਨੇਡੀਅਨ ਸਰਕਾਰ ਦੇ ਕੋਰੇ ਜਵਾਬ ਦੀ ਰਿਪੋਰਟ ਡੈਪੂਟੇਸ਼ਨ ਨੇ ਆਪਣੇ ਹਮਵਤਨੀਆਂ ਨੂੰ ਦਿੱਤੀ ਤਾਂ ਹਿੰਦੋਸਤਾਨੀ ਕਮੇਟੀ ਨੇ ਲੋਕਾਂ ਦੀ ਰਾਇ ਲੈ ਕੇ ਫ਼ੈਸਲਾਕੀਤਾ ਕਿ ਹੁਣ ਡੈਪੂਟੇਸ਼ਨ ਲੰਡਨ ਜਾਕੇ ਵਜੀਰ-ਏ-ਹਿੰਦ ਨੂੰ ਮਿਲੇ। ਫਿਰ ਸ੍ਰ. ਬਲਵੰਤ ਸਿੰਘ ਦੀ ਅਗਵਾਈ ਹੇਠ ਡੈਪੂਟੇਸ਼ਨ ਇੰਗਲੈਂਡ ਭੇਜਿਆ ਗਿਆ। ਇੰਗਲੈਂਡ ਪਹੁੰਚਣ 'ਤੇ ਉਹਨਾਂ ਨੂੰ ਇੰਡੀਆ ਆਫਿਸ ਦੇ ਜ਼ੁੰਮੇਵਾਰ ਅਫ਼ਸਰਾਂ ਕੋਲੋਂ ਜਵਾਬ ਮਿਲਿਆ ਕਿ ਇਹ ਮਾਮਲਾ ਕਨੇਡੀਅਨ ਤੇ ਹਿੰਦੋਸਤਾਨੀ ਸਰਕਾਰਾਂ ਦਰਮਿਆਨ ਤੈਅ ਹੋਣਾ ਚਾਹੀਦਾ ਹੈ। ਇੰਗਲੈਂਡ

ਸਰਕਾਰ ਇਸ ਮਾਮਲੇ ਨੂੰ ਹੱਥ ਨਹੀਂ ਲੈ ਸਕਦੀ। ਸੋ ਤੁਸੀਂ ਹਿੰਦੁਸਤਾਨ ਜਾਕੇ ਵਾਇਸਰਾਏ ਨਾਲ ਗੱਲ ਕਰੋ। ਇੰਗਲੈਂਡ ਤੋਂ ਤੁਰਕੇ ਇਹ ਡੈਪੂਟੇਸ਼ਨ ਹਿੰਦੋਸਤਾਨ ਆਕੇ ਵਾਇਸਰਾਏ ਨੂੰ ਮਿਲਿਆ। ਉਸਨੇ ਜਵਾਬ ਦਿੱਤਾ ਕਿ ਕਨੇਡਾ ਸਰਕਾਰ ਨਾਲ ਚਿੱਠੀ-ਪੱਤਰ ਕਰੇਗਾ ਅਤੇ ਜੋ ਜਵਾਬ ਆਏਗਾ, ਉਹ ਡੈਪੂਟੇਸ਼ਨ ਨੂੰ ਦੱਸ ਦਿੱਤਾ ਜਾਵੇਗਾ।

ਵਾਇਸਰਾਏ ਤੋਂ ਇਹ ਜਵਾਬ ਲੈਕੇ ਡੈਪੂਟੇਸ਼ਨ ਨੇ ਹਿੰਦੋਸਤਾਨ ਦਾ ਦੌਰਾ ਕੀਤਾ। ਉਸਨੇ ਸਾਰੀਆਂ ਸਭਾ, ਸੋਸਾਇਟੀਆਂ ਤੇ ਲੀਡਰਾਂ ਨੂੰ ਆਪਣੀਆਂ ਦੁੱਖ-ਤਕਲੀਫ਼ਾਂ ਸੁਣਾਈਆਂ। ਪਰ ਕੋਈ ਸਭਾ ਸੋਸਾਇਟੀ ਜਾਂ ਲੀਡਰ ਅਜਿਹਾ ਨਾ ਮਿਲਿਆ, ਜਿਸਨੇ ਮਦਦ ਦੀ ਹਾਮੀ ਭਰੀ ਹੋਵੇ। ਬਹੁਤ ਸਾਰੇ ਲੋਕਾਂ ਨੇ ਤਾਂ ਉਹਨਾਂ ਦੀ ਇਹ ਕਹਿਕੇ ਵਿਰੋਧਤਾ ਕੀਤੀ ਕਿ ਇਹ ਤਾਂ ਅੰਗਰੇਜ਼ੀ ਸਰਕਾਰ ਵਿਰੁੱਧ ਬਗ਼ਾਵਤ ਹੈ। ਡੈਪੂਟੇਸ਼ਨ ਇੱਕ ਸਾਲ ਘੁੰਮ-ਘੁੰਮਾਕੇ ਮਾਯੂਸ ਹੋ ਕੇ ਬਹਿ ਗਿਆ। ਅਖ਼ੀਰ ਵਿਚ ਵਾਇਸਰਾਏ ਨੇ ਉਹਨਾਂ ਨੂੰ ਬੁਲਾਇਆ ਕਿ ਕਨੇਡਾ ਆਕੇ ਸਰਕਾਰ ਦਾ ਜਵਾਬ ਸੁਣ ਲਓ। ਡੈਪੂਟੇਸ਼ਨ ਵਾਇਸਰਾਏ ਕੋਲ ਗਿਆ। ਉਸਨੇ ਜੋ ਜਵਾਬ ਦਿੱਤਾ ਉਹ ਹੇਠਾਂ ਦਿੱਤਾ ਜਾਂਦਾ ਹੈ।

ਕਨੇਡਾ ਸਰਕਾਰ ਹਿੰਦੀਆਂ ਉੱਤੇ ਰੋਕ ਨਹੀਂ ਲਾਉਂਦੀ। ਹਿੰਦੋਸਤਾਨੀ ਕਨੇਡਾ ਆ-ਜਾ ਸਕਦੇ ਹਨ, ਪਰ ਉਹਨਾਂ ਨੂੰ ਸਫ਼ਰ ਅਜਿਹੇ ਜਹਾਜ਼ਾਂ ਵਿਚ ਕਰਨਾ ਪਵੇਗਾ, ਜੋ ਹਿੰਦੋਸਤਾਨ ਤੋਂ ਸਿੱਧੇ ਕਨੇਡਾ ਜਾਣ ਅਤੇ ਰਾਹ ਵਿਚ ਮੁਸਾਫ਼ਿਰ ਕੋਈ ਜਹਾਜ਼ ਨਾ ਬਦਲਣ। ਜੇ ਉਹ ਚਾਹੁਣ ਤਾਂ ਆਪਣੇ ਨਾਲ ਬਾਲ-ਬੱਚਾ ਵੀ ਲਿਆ ਸਕਦੇ ਹਨ।

ਇਹ ਜਵਾਬ ਅਜਿਹਾ ਸੀ ਕਿ ਨਾ ਨੌਂ ਮਣ ਤੇਲ ਹੋਵੇ ਤੇ ਨਾ ਰਾਧਾ ਨੱਚੇ। ਗ਼ੁਲਾਮ ਹਿੰਦੋਸਤਾਨ ਦੀ ਸਮੁੰਦਰੀ ਜਹਾਜ਼ਾਂ ਦੀ ਕੋਈ ਕੰਪਨੀ ਨਹੀਂ ਸੀ ਅਤੇ ਜਿਹੜੀਆਂ ਬਦੇਸ਼ੀ ਕੰਪਨੀਆਂ ਸਨ, ਉਹ ਸਾਰੀਆਂ ਹਾਂਗ-ਕਾਂਗ ਤੱਕ ਲਿਜਾਂਦੀਆਂ ਸਨ। ਹਾਂਗਕਾਂਗ ਤੋਂ ਅੱਗੇ ਦੂਜੀਆਂ ਕੰਪਨੀਆਂ ਦੇ ਜਹਾਜ਼ਾਂ ਵਿਚ ਸਫ਼ਰ ਕਰਨਾ ਪੈਂਦਾ ਸੀ। ਇਹ ਜਵਾਬ ਲੈ ਕੇ ਸ੍ਰ. ਬਲਵੰਤ ਸਿੰਘ ਤੇ ਭਾਗ ਸਿੰਘ 1911 ਵਿਚ ਵਾਪਸ ਕਨੇਡਾ ਪਹੁੰਚ ਗਏ ਅਤੇ ਆਪਣੀ ਰਿਪੋਰਟ ਹਿੰਦੀਆਂ ਸਾਹਮਣੇ ਪੇਸ਼ ਕੀਤੀ।

ਹਿੰਦੋਸਤਾਨੀ ਕਮੇਟੀ, ਜਿਸ ਵਿਚ ਸਭ ਧਰਮਾਂ ਤੇ ਕੌਮਾਂ ਦੇ ਲੋਕ ਸ਼ਾਮਲ ਸਨ, ਨੇ ਮੁੜ ਫ਼ੈਸਲਾ ਕੀਤਾ ਕਿ ਕਨੇਡਾ ਸਰਕਾਰ ਦੀ ਬਾਲ-ਬੱਚੇ ਲਿਆਉਣ ਵਾਲੀ ਗੱਲ ਦੀ ਵੀ ਅਜਮਾਇਸ਼ ਕੀਤੀ ਜਾਵੇ। ਇਸ ਗੱਲ ਨੂੰ ਧਿਆਨ ਵਿਚ ਰੱਖਦਿਆਂ ਉਹਨਾਂ ਨੇ ਸ੍ਰ. ਬਲਵੰਤ ਸਿੰਘ, ਸ੍ਰ. ਭਾਗ ਸਿੰਘ ਤੇ ਇੱਕ ਹੋਰ ਹਿੰਦੀ ਨੂੰ ਹਿੰਦੋਸਤਾਨ ਭੇਜਿਆ।

ਜਦੋਂ ਇਹ ਬਾਲ-ਬੱਚਾ ਲੈ ਕੇ ਹਾਂਗਕਾਂਗ ਪੁੱਜੇ ਤਾਂ ਸਮੁੰਦਰੀ ਜਹਾਜ਼ ਚਲਾਉਣ ਵਾਲੀਆਂ ਕੰਪਨੀਆਂ ਨੇ ਕਨੇਡਾ ਦੀ ਟਿਕਟ ਦੇਣ ਤੋਂ ਇਨਕਾਰ ਕਰ ਦਿੱਤਾ। ਸ੍ਰ. ਬਲਵੰਤ ਸਿੰਘ ਤੇ ਸ੍ਰ. ਭਾਗ ਸਿੰਘ ਕਿਵੇਂ ਨਾ ਕਿਵੇਂ ਸਾਨਫਰਾਂਸਿਸਕੋ ਦੇ ਟਿਕਟ ਲੈਣ ਵਿਚ ਕਾਮਯਾਬ ਹੋ ਗਏ ਅਤੇ ਬਾਲ-ਬੱਚੇ ਸਮੇਤ ਸਾਨਫਰਾਂਸਿਸਕੋ ਦੀ ਬੰਦਰਗਾਹ ਉੱਤੇ ਪੁੱਜ ਗਏ। ਪਰ ਅਮਰੀਕਾ ਵਾਲਿਆਂ ਨੇ ਵੀ ਉਹਨਾਂ ਨੂੰ ਉਤਰਨ ਦੀ ਆਗਿਆ ਨਾ ਦਿੱਤੀ ਅਤੇ ਉਹਨਾਂ ਨੂੰ ਵਾਪਸ ਹਾਂਗਕਾਂਗ ਭੇਜ ਦਿੱਤਾ।

ਹਾਂਗਕਾਂਗ ਆਕੇ ਉਹਨਾਂ ਫਿਰ ਕਨੇਡਾ ਜਾਣ ਦੀ ਕੋਸ਼ਿਸ਼ ਕੀਤੀ। ਵਾਰ-ਵਾਰ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਉਹਨਾਂ ਨੂੰ ਕਨੇਡਾ ਪਹੁੰਚਣ ਵਿਚ ਕਾਮਯਾਬੀ ਹੋ ਹੀ ਗਈ। ਇਸ ਸਫ਼ਰ ਵਿਚ ਪੂਰੇ ਇੱਕ ਸਾਲ ਦਾ ਅਰਸਾ ਗੁਜ਼ਰ ਗਿਆ ਅਤੇ ਉਹ ਕਨੇਡਾ ਪਹੁੰਚਣ ਵਿਚ ਸਫ਼ਲ ਹੋ ਗਏ।

ਬਰਬਰੀਅਤ ਦੀ ਚਰਮ ਸੀਮਾ

ਇਹਨੀਂ ਦਿਨੀਂ ਕਨੇਡਾ ਦੇ ਹਿੰਦੀਆਂ ਨੇ ਆਪਣੇ ਬਾਲ-ਬੱਚੇ ਕਨੇਡਾ ਮੰਗਵਾਏ, ਜੋ ਮਹੀਨਿਆਂ ਬਧੀ ਸਮੁੰਦਰੀ ਸਫ਼ਰ ਦੇ ਕਸ਼ਟ ਝਾਗਦੇ ਹੋਏ ਕਨੇਡਾ ਪਹੁੰਚੇ। ਉਹਨਾਂ ਨੇ ਹਜ਼ਾਰਾਂ ਰੁਪਏ ਜਹਾਜ਼ ਦੇ ਕਿਰਾਇਆਂ ਉੱਤੇ ਬਰਬਾਦ ਕੀਤੇ। ਕਨੇਡਾ ਦੀ ਸਰਕਾਰ ਨੇ ਕਈ-ਕਈ ਮਹੀਨੇ ਕੁਰਾਟੀਨ ਵਿਚ ਬੰਦ ਰੱਖਿਆ ਅਤੇ ਬਾਅਦ ਵਿਚ ਬੇ-ਰਹਿਮ ਕਠੋਰਤਾ ਨਾਲ ਰੋਂਦੇ-ਕੁਰਲਾਉਂਦੇ ਬਾਲ-ਬੱਚੇ ਵਾਪਸ ਹਿੰਦੋਸਤਾਨ ਵੱਲ ਤੋਰ ਦਿੱਤੇ।

ਜਦੋਂ ਸ਼ਹਿਰੀ ਹੱਕਾਂ ਲਈ ਘੋਲ ਸ਼ੁਰੂ ਹੋਇਆ ਤਾਂ 1910 ਵਿਚ ਕਨੇਡਾ ਸਰਕਾਰ ਨੇ ਹਿੰਦੀਆਂ ਦਾ ਦਾਖ਼ਲਾ ਰੋਕਣ ਲਈ ਕਾਨੂੰਨ ਘੜ ਲਿਆ। ਜਿਸਦੀ ਵਿਆਖਿਆ ਬਾਅਦ ਵਿਚ ਵਾਇਸਰਾਏ ਨੇ ਡੈਪੂਟੇਸ਼ਨ ਨੂੰ ਦਿੱਤੀ ਸੀ। ਇਸ ਤਰ੍ਹਾਂ ਹਿੰਦੀ ਅੰਗਰੇਜ਼ੀ ਤੇ ਕਨੇਡੀਅਨ ਸਰਕਾਰ ਦੇ ਮਕਰ ਫਰੇਬ ਤੋਂ ਚੰਗੀ ਤਰ੍ਹਾਂ ਜਾਣੂ ਹੋ ਗਏ।

ਅਮਰੀਕਾ ਸਰਕਾਰ ਵੀ ਅੰਗਰੇਜ਼ੀ ਸਰਕਾਰ ਦੀ ਰਾਹ 'ਤੇ

ਆਪਣੀ ਦੋਸਤ ਅੰਗਰੇਜ਼ੀ ਸਰਕਾਰ ਨੂੰ ਖ਼ੁਸ਼ ਕਰਨ ਲਈ ਅਮਰੀਕਾ ਨੇ ਵੀ ਹਿੰਦੀਆਂ ਵੱਲ ਸਖ਼ਤ ਰੁਖ਼ ਅਪਣਾ ਲਿਆ। ਉਹਨਾਂ ਨੇ ਦੋਗਲੀ ਨੀਤੀ ਅਖ਼ਤਿਆਰ ਕੀਤੀ, ਜਿਸ ਰਾਹੀਂ ਨਾ ਤਾਂ ਹਿੰਦੋਸਤਾਨੀਆਂ ਦਾ ਅਮਰੀਕਾ 'ਚ ਦਾਖਲਾ ਬੰਦ ਕੀਤਾ ਅਤੇ ਨਾ ਹੀ ਉਤਰਨ ਦੀ ਆਗਿਆ ਹੀ ਦਿੱਤੀ। ਜੇ ਕਿਸੇ ਜਹਾਜ਼ ਵਿਚ 50 ਹਿੰਦੋਸਤਾਨੀ ਜਾਂਦੇ ਤਾਂ ਉਹਨਾਂ ਵਿਚੋਂ 4-5 ਉਤਰਨ ਦਿੱਤੇ ਜਾਂਦੇ ਅਤੇ ਬਾਕੀਆਂ ਨੂੰ ਵਾਪਸ ਕਰ ਦਿੱਤਾ ਜਾਂਦਾ। ਇਸ ਅਮਰੀਕਨ ਨੀਤੀ ਦਾ ਨਤੀਜਾ ਹਿੰਦੀਆਂ ਲਈ ਬਹੁਤ ਬੁਰਾ ਰਿਹਾ। ਜੇ ਅਮਰੀਕਾ ਵਿਚ ਉਹਨਾਂ ਦਾ ਦਾਖ਼ਲਾ ਸਿੱਧਿਆਂ ਬੰਦ ਕੀਤਾ ਹੁੰਦਾ ਤਾਂ ਉਹ ਜਹਾਜ਼ੀ ਕਿਰਾਇਆਂ ਦੇ ਖ਼ਰਚ ਅਤੇ ਸਫ਼ਰ ਦੀਆਂ ਮੁਸੀਬਤਾਂ ਤੋਂ ਬਚੇ ਰਹਿੰਦੇ। ਜਦੋਂ ਉਹਨਾਂ ਵਿਚੋਂ ਕੁੱਝ ਨੂੰ ਉਤਰਨ ਦੀ ਇਜਾਜ਼ਤ ਦਿੱਤੀ ਜਾਂਦੀ ਤਾਂ ਬਾਕੀ ਇਸ ਕੋਸ਼ਿਸ਼ 'ਚ ਰਹਿੰਦੇ ਕਿ ਸ਼ਾਇਦ ਅਗਲੀ ਵਾਰ ਉਹ ਵੀ ਉਤਰਨ 'ਚ ਕਾਮਯਾਬ ਹੋ ਜਾਣ। ਇਸ ਆਸ ਵਿਚ ਕਈ ਆਦਮੀ ਇਕ ਵਾਰ ਨਾਕਾਮ ਹੋਣ ਤੋਂ ਬਾਅਦ ਦੁਬਾਰਾ ਘਰੋਂ ਪੈਸੇ ਮੰਗਵਾਕੇ ਅਮਰੀਕਾ ਪਹੁੰਚਦੇ ਅਤੇ ਫਿਰ ਉਤਰਨ ਵਿਚ ਨਾਕਾਮ ਰਹਿੰਦੇ। ਅਜਿਹੇ ਹਜ਼ਾਰਾਂ ਹੀ ਆਦਮੀ ਜਿਹੜੇ ਆਪਣੀ ਸਾਰੀ ਜਾਇਦਾਦ ਦਾਅ 'ਤੇ ਲਾ ਚੁੱਕੇ ਸਨ, ਨਾ ਹੀ ਘਰੀਂ ਵਾਪਸ ਜਾ ਸਕਦੇ ਸਨ ਤੇ ਨਾ ਹੀ ਪ੍ਰਦੇਸਾਂ ਚ ਕੋਈ ਝਲਦਾ ਸੀ। ਇਹ ਲੋਕ ਫਿਲਪਾਈਨ, ਫਿਜ਼ੀ, ਮੈਕਸੀਕੋ, ਚੀਨ, ਮਲਾਇਆ ਤੇ ਹੋਰਨੀਂ ਥਾਈਂ ਮਾਰੇ-ਮਾਰੇ ਫਿਰਦੇ ਸਨ। ਇਹ 1912-13

ਤੱਕ ਦੇ ਹਿੰਦੀਆਂ ਦੀ ਹਾਲਤ ਹੈ, ਜੋ ਕਿ ਅੰਗਰੇਜ਼ ਨੇ ਮਜ਼ਦੂਰੀ ਕਰਨ ਤੇ ਰੋਟੀ ਕਮਾਉਣ ਲਈ ਵਿਦੇਸ਼ੀ ਜਾਂਦੇ ਹਿੰਦੀਆਂ ਦੀ ਕਰ ਦਿੱਤੀ ਸੀ।

ਇਹਨਾਂ ਘਟਨਾਵਾਂ ਤੋਂ ਪਾਠਕ ਚੰਗੀ ਤਰ੍ਹਾਂ ਸਮਝ ਸਕਦੇ ਹਨ ਕਿ ਅਮਰੀਕਾ, ਕਨੇਡਾ ਤੇ ਹੋਰਨਾਂ ਪ੍ਰਦੇਸਾਂ ਵਿਚਲੇ ਹਿੰਦੀਆਂ ਅੰਦਰ ਸਿਆਸੀ ਜਾਗ੍ਰਿਤੀ ਕਿਵੇਂ ਪੈਦਾ ਹੋਈ ਅਤੇ ਗ਼ੁਲਾਮੀ ਦੇ ਵਿਰੁੱਧ ਤੇ ਆਜ਼ਾਦੀ ਲਈ ਭਾਵਨਾ ਕਿਵੇਂ ਉਜਾਗਰ ਹੋਈ? ਇਹਨਾਂ ਘਟਨਾਵਾਂ ਕਾਰਨ ਹੀ ਗ਼ਦਰ ਪਾਰਟੀ ਲਈ ਮਲਾਇਆ, ਬਰਮਾ, ਇੰਡੋਨੇਸ਼ੀਆ, ਹਾਂਗਕਾਂਗ, ਸ਼ੰਘਾਈ, ਚੀਨ, ਜਪਾਨ, ਕਨੇਡਾ, ਫਿਲਪਾਈਨ, ਪਨਾਮਾ, ਈਸਟ ਇੰਡੀਆ, ਅਮਰੀਕਾ ਤੇ ਹੋਰਨਾਂ ਮੁਲਕਾਂ 'ਚ ਜਿਥੇ ਕਿਤੇ ਵੀ ਹਿੰਦੀ ਸਨ, ਮੈਦਾਨ ਤਿਆਰ ਹੋ ਗਿਆ।

ਹਿੰਦੀਆਂ ਉੱਤੇ ਦੁਨੀਆ 'ਚ ਹੋ ਰਹੇ ਇਨਕਲਾਬਾਂ ਦਾ ਅਸਰ

ਪਿੱਛੇ ਦੱਸੇ ਹਾਲਾਤ ਮੁਤਾਬਕ ਅਮਰੀਕਾ ਤੇ ਕਨੇਡਾ ਦੇ ਹਿੰਦੀਆਂ ਵਿਚ ਅਨੋਖੀ ਜਾਗ੍ਰਿਤੀ ਪੈਦਾ ਹੋ ਗਈ ਸੀ। ਸੋ ਉਹਨਾਂ ਨੇ ਆਪਣੇ ਆਪ ਨੂੰ ਇੱਕ ਸਿਆਸੀ ਜਥੇਬੰਦੀ ਵਿਚ ਜੋੜਨ ਦਾ ਪੱਕਾ ਇਰਾਦਾ ਕਰ ਲਿਆ। ਇਸਦੇ ਨਾਲ ਹੀ ਦੂਜੇ ਦੇਸ਼ਾਂ ਅੰਦਰ ਹੋ ਰਹੇ ਇਨਕਲਾਬਾਂ ਨੇ ਸੋਨੇ 'ਤੇ ਸੁਹਾਗੇ ਦਾ ਕੰਮ ਕੀਤਾ ਅਤੇ ਹਿੰਦੀਆਂ ਦੇ ਜੂਝ ਬਹਿਣ ਦੀ ਤੀਬਰਤਾ ਨੂੰ ਸਿਆਸੀ ਪ੍ਰਪੱਕਤਾ ਪ੍ਰਦਾਨ ਕੀਤੀ।

1911 ਵਿਚ ਚੀਨੀ ਲੋਕ ਡਾ. ਸਨ ਯਾਤ ਸੇਨ ਦੀ ਅਗਵਾਈ ਹੇਠ ਜਾਬਰ ਮਾਂਚੂ ਸ਼ਾਹੀ ਦੇ ਖਿਲਾਫ ਉੱਠ ਖੜੇ ਹੋਏ। ਕੋਰੀਆ ਦੀ ਮਜ਼ਲੂਮ ਜਨਤਾ ਜਪਾਨੀ ਗ਼ਲਬੇ ਦੇ ਖ਼ਿਲਾਫ਼ ਉੱਠ ਰਹੀ ਸੀ। ਫਿਲਪਾਈਨ ਦੇ ਲੋਕ ਵੀ ਅਮਰੀਕਾ ਦੇ ਪੰਜੇ 'ਚੋਂ ਨਿਕਲਣ ਦੀ ਕੋਸ਼ਿਸ਼ ਵਿਚ ਲੱਗੇ ਹਏ ਸਨ। ਚੀਨ ਦਾ ਇਨਕਲਾਬ ਉਹਨਾਂ ਸੈਂਕੜੇ ਹਿੰਦੀਆਂ ਨੇ ਅੱਖੀਂ ਵੇਖਿਆ ਸੀ, ਜਿਹੜੇ ਉਥੋਂ ਅਮਰੀਕਾ ਤੇ ਕਨੇਡਾ ਪਹੁੰਚ ਚੁੱਕੇ ਸਨ। ਬਲਕਾਨ ਰਿਆਸਤਾਂ ਵਿਚ ਵੀ ਤੁਰਕੀ ਰਾਜ ਵਿਰੁੱਧ ਬਗ਼ਾਵਤ ਦੇ ਚਿੰਨ੍ਹ ਪੈਦਾ ਹੋ ਚੁੱਕੇ ਸਨ।

ਉਹਨਾਂ ਹਿੰਦੀ ਮਜ਼ਦੂਰਾਂ ਦਾ, ਜੋ ਅਮਰੀਕਾ ਤੇ ਕਨੇਡਾ ਵਿਚ ਕੰਮ ਕਰਦੇ ਸਨ, ਉਪਰੋਕਤ ਮੁਲਕਾਂ ਦੇ ਮਜ਼ਦੂਰਾਂ ਨਾਲ ਰੋਜ਼ਮਰਾ ਦਾ ਵਾਹ ਸੀ। ਇਹ ਲੋਕ ਵੀ ਕਿਸੇ ਨਾ ਕਿਸੇ ਰੂਪ ਵਿਚ ਗ਼ੁਲਾਮੀ ਦੇ ਸ਼ਿਕਾਰ ਸਨ ਅਤੇ ਬੰਦਖ਼ਲਾਸੀ ਲਈ ਜੁਟੇ ਹੋਏ ਸਨ। ਪੰਜਾਬੀ ਕਿਸਾਨ ਜੋ ਹੁਣ ਤੱਕ ਮਜ਼ਦੂਰ-ਚੇਤਨਾ ਅਪਣਾ ਚੁੱਕਿਆ ਸੀ ਅਤੇ ਦੂਜੇ ਮੁਲਕਾਂ ਦੇ ਇਨਕਲਾਬੀ ਮਜ਼ਦੂਰਾਂ ਨਾਲ ਨਾਤਾ ਜੋੜ ਚੁੱਕਿਆ ਸੀ, ਸਪੱਸ਼ਟ ਰੂਪ ਵਿਚ ਵੇਖ ਸਕਦਾ ਸੀ ਕਿ ਉਹ ਨਾ ਤਾਂ ਦੂਜੇ ਮੁਲਕਾਂ ਦੇ ਇਨਕਲਾਬੀਆਂ ਨਾਲੋਂ ਕਮਜ਼ੋਰ ਹੈ ਅਤੇ ਨਾ ਗਿਣਤੀ ਵਿਚ ਘੱਟ ਹੈ। ਹਾਂ ਜੇ ਕੋਈ ਘਾਟ ਸੀ ਤਾਂ ਜਥੇਬੰਦੀ ਦੀ ਸੀ। ਹਿੰਦੀਆਂ ਉੱਤੇ ਆਪਣੀ ਗ਼ੁਲਾਮੀ ਦੀ ਤੁਲਨਾ ਵਿਚ ਅਮਰੀਕਾ ਤੇ ਕਨੇਡਾ ਦੀ ਨੀਮ ਆਜ਼ਾਦੀ ਦਾ ਵੀ ਅਸਰ ਪਿਆ ਸੀ। ਇਸ ਸਾਰੇ ਕੁੱਝ ਦੇ ਸਿੱਟੇ ਵਜੋਂ ਹਿੰਦੀਆਂ ਦੀ ਚੇਤਨਤਾ ਉਹਨਾਂ ਨੂੰ ਇਨਕਲਾਬ ਦੇ ਰਾਹ 'ਤੇ ਲੈ ਤੁਰੀ। ਉਹਨਾਂ ਨੂੰ ਗ਼ੁਲਾਮੀ ਤੋਂ ਸਖ਼ਤ ਨਫ਼ਰਤ ਹੋ ਚੁੱਕੀ ਸੀ ਅਤੇ ਉਹ ਗ਼ੁਲਾਮੀ ਦੀ ਜ਼ਿੰਦਗੀ ਨਾਲੋਂ ਮੌਤ ਨੂੰ ਤਰਜੀਹ ਦੇਣ

ਲੱਗੇ ਸਨ।

ਮਜ਼ਦੂਰਾਂ ਤੋਂ ਇਲਾਵਾ ਅਮਰੀਕਾ ਵਿਚ ਪੜ੍ਹਨ ਜਾਣ ਵਾਲੇ ਵਿਦਿਆਰਥੀ ਮੱਧਵਰਗੀ ਪਰਿਵਾਰਾਂ ਨਾਲ ਸਬੰਧ ਰੱਖਦੇ ਸਨ (ਅਮੀਰ ਤਬਕੇ ਦੇ ਵਿਦਿਆਰਥੀ ਆਮ ਤੌਰ 'ਤੇ ਇੰਗਲੈਂਡ ਜਾਣਾ ਪਸੰਦ ਕਰਦੇ ਸਨ।) ਜੇ ਇਹਨਾਂ ਮੱਧਵਰਗੀ ਵਿਦਿਆਰਥੀਆਂ ਨੂੰ ਮਜ਼ਦੂਰ-ਵਿਦਿਆਰਥੀ ਕਹਿ ਲਈਏ, ਤਾਂ ਗ਼ਲਤ ਨਹੀਂ ਹੋਵੇਗਾ, ਕਿਉਂਕਿ ਇਹ ਗਰਮੀਆਂ ਦੀਆਂ ਛੁੱਟੀਆਂ ਵਿਚ ਆਪਣੇ ਦੇਸ਼ਵਾਸੀਆਂ ਨਾਲ ਰਲਕੇ ਬਾਗ਼ਾਂ 'ਚੋਂ ਫ਼ਲ ਤੋੜਦੇ ਸਨ ਅਤੇ ਕਾਰਖਾਨਿਆਂ ਵਿਚ ਕੰਮ ਕਰਦੇ ਸਨ। ਇਹ ਛੁੱਟੀਆਂ ਵਿਚ ਹੀ ਸਾਲ ਭਰ ਦਾ ਖ਼ਰਚਾ ਕਮਾ ਲੈਂਦੇ ਸਨ। ਇਹਨਾਂ ਦੇ ਦਿਲਾਂ ਵਿਚ ਵੀ ਆਜ਼ਾਦੀ ਦੀ ਓਨੀ ਹੀ ਤੜਪ ਸੀ, ਜਿੰਨੀ ਬਾਕੀ ਦੇਸ਼ਵਾਸੀਆਂ ਦੇ ਦਿਲਾਂ ਅੰਦਰ ਸੀ। ਇਸੇ ਕਰਕੇ ਗ਼ਦਰ ਪਾਰਟੀ ਦੀ ਇਨਕਲਾਬੀ ਲਹਿਰ ਵਿਚ ਵਿਦਿਆਰਥੀਆਂ ਨੇ ਦੂਜੇ ਇਨਕਲਾਬੀਆਂ ਦੇ ਮੋਢੇ ਨਾਲ ਮੋਢਾ ਜੋੜਕੇ ਕੰਮ ਕੀਤਾ ਸੀ। ਵਿਦਿਆਰਥੀਆਂ ਤੋਂ ਇਲਾਵਾ ਕੁੱਝ ਦੇਸ਼ਭਗਤ ਸਿਆਸਤਦਾਨ ਵੀ ਸਨ, ਜਿਹੜੇ ਅੰਗਰੇਜ਼ੀ ਰਾਜ ਦੀ ਗ਼ੁਲਾਮੀ ਨੂੰ ਬਰਦਾਸ਼ਤ ਨਾ ਕਰਨ ਕਰਕੇ ਦੇਸ਼ ਤੋਂ ਜਲਾਵਤਨ ਹੋ ਗਏ ਸਨ। ਇਹਨਾਂ ਵਿਚ ਲਾਲਾ ਹਰਦਿਆਲ ਵੀ ਸਨ। ਇਹ ਸਿਆਸਤਦਾਨ ਪਾਰਟੀ ਬਣਨ ਤੋਂ ਪਹਿਲਾਂ ਹਿੰਦੀਆਂ ਉੱਤੇ ਕੋਈ ਅਸਰ ਨਾ ਪਾ ਸਕੇ। ਇਹ ਵਿਦੇਸ਼ਾਂ ਵਿਚ ਬਹਿਕੇ ਦਿਨ-ਕਟੀ ਕਰ ਰਹੇ ਸਨ।

ਲਾਲਾ ਹਰਦਿਆਲ ਬਰਕਲੇ ਯੂਨੀਵਰਸਿਟੀ (ਦਰਅਸਲ ਉਹ ਸਟੈਨਫੋਰਡ ਯੂਨੀਵਰਸਿਟੀ ਵਿਚ ਪ੍ਰੋਫੈਸਰ ਸੀ) ਵਿਚ ਸੰਸਕ੍ਰਿਤ ਦੇ ਪ੍ਰੋਫੈਸਰ ਰਹਿ ਚੁੱਕੇ ਸਨ। ਉਹ ਕਦੇ ਕਦਾਈਂ ਮਜ਼ਦੂਰਾਂ ਦੇ ਜਲਸਿਆਂ ਵਿਚ ਭਾਸ਼ਨ ਦੇਣ ਜਾਂਦੇ ਸਨ। ਅਖ਼ਬਾਰਾਂ ਵਿਚ ਇਹਨਾਂ ਦੇ ਲੇਖ ਛਪਦੇ ਸਨ, ਜਿਸ ਕਾਰਨ ਅਖ਼ਬਾਰੀ ਦੁਨੀਆ ਵਿਚ ਇਹਨਾਂ ਦਾ ਕਾਫ਼ੀ ਮਾਣ-ਸਨਮਾਨ ਸੀ। ਵਿਦਿਆਰਥੀ ਵੀ ਇਹਨਾਂ ਦਾ ਬਹੁਤ ਸਤਿਕਾਰ ਕਰਦੇ ਸਨ, ਕਿਉਂਕਿ ਇਹ ਬਹੁਤ ਸੁਲਝੇ ਹੋਏ ਵਿਦਵਾਨ ਸਨ। ਅਮਰੀਕਨ ਮਜ਼ਦੂਰ ਯੂਨੀਅਨਾਂ ਵਿਚ ਵੀ ਇਹਨਾਂ ਦਾ ਆਉਣ-ਜਾਣ ਸੀ, ਪਰ ਉਹ ਹਿੰਦੀ ਮਜ਼ਦੂਰਾਂ, ਖਾਸ ਕਰਕੇ ਪੰਜਾਬੀਆਂ ਦੀਆਂ ਆਦਤਾਂ ਤੋਂ ਬਿਲਕੁਲ ਕੋਰੇ ਸਨ। ਉਹ ਅਕਸਰ ਕਿਹਾ ਕਰਦੇ ਸਨ ਕਿ ਹਿੰਦੋਸਤਾਨੀ ਦੇਸ਼ ਲਈ ਕੰਮ ਕਰਨ ਦੇ ਸਿਲਸਿਲੇ ਵਿਚ ਅਸਲੋਂ ਨਿਕੰਮੇ ਹਨ। ਇਸੇ ਕਰਕੇ ਉਹ ਹਿੰਦੀਆਂ ਦੇ ਨੇੜੇ ਨਹੀਂ ਢੁਕਦੇ ਸਨ। ਜੇ ਕਿਤੇ ਜਾਂਦੇ ਸਨ ਤਾਂ ਭਾਈ ਜਵਾਲਾ ਸਿੰਘ ਦੇ ਘਰ ਜਾਂਦੇ ਸਨ, ਜਿਹੜਾ ਦੇਸ਼ਭਗਤਾਂ ਦਾ ਅੱਡਾ ਸੀ।

ਗ਼ਦਰ ਪਾਰਟੀ ਦੀ ਸਥਾਪਨਾ

ਜਿਹੜੇ ਹਿੰਦੋਸਤਾਨੀ ਰੋਟੀ ਕਮਾਉਣ ਲਈ ਘਰੋਂ ਨਿਕਲੇ ਸਨ, ਉਹਨਾਂ ਦੇ ਦਿਮਾਗ ਉੱਤੇ ਆਜ਼ਾਦ ਮੁਲਕਾਂ ਦੇ ਸਿਆਸੀ ਵਾਤਾਵਰਨ ਨੇ ਕਾਫੀ ਅਸਰ ਪਾ ਦਿੱਤਾ। ਇਸ ਕਰਕੇ ਬ੍ਰਿਟਿਸ਼ ਸਰਕਾਰ ਨੇ ਆਪਣੇ ਹਥਕੰਡਿਆਂ, ਚਾਲਬਾਜ਼ੀਆਂ ਤੇ ਤਸ਼ੱਦਦ ਰਾਹੀਂ ਰਾਹ ਵਿਚ ਰੁਕਾਵਟਾਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ। ਇਹਨਾਂ ਦੇ ਖ਼ਿਲਾਫ਼ ਦੁਨੀਆਂ ਭਰ ਵਿਚ ਨਫ਼ਰਤ ਫੈਲਾਈ ਗਈ ਅਤੇ ਕਈ ਤਰੀਕਿਆਂ ਨਾਲ ਬਾਕੀ ਦੁਨੀਆਂ ਦੀਆਂ ਨਜ਼ਰਾਂ ਵਿਚ ਹਿੰਦੀਆਂ ਨੂੰ

ਜ਼ਲੀਲ ਕਰਨ ਦੀ ਕੋਸ਼ਿਸ਼ ਕੀਤੀ। ਪਰ ਸੁਚੇਤ ਹਿੰਦੀਆਂ ਉੱਤੇ ਇਹਨਾਂ ਚਲਾਕੀਆਂ ਦਾ ਬਹੁਤਾ ਅਸਰ ਨਾ ਪਿਆ। ਹਾਂ ਇਹ ਅਸਰ ਜ਼ਰੂਰ ਹੋਇਆ ਕਿ ਉਹਨਾਂ ਨੇ ਆਪਣੇ ਆਪ ਨੂੰ ਸਿਆਸੀ ਤੌਰ 'ਤੇ ਜਥੇਬੰਦ ਕਰਨ ਦਾ ਪੱਕਾ ਫ਼ੈਸਲਾ ਕਰ ਲਿਆ। ਇਸ ਫ਼ੈਸਲੇ ਦਾ ਫ਼ਲ ਗ਼ਦਰ ਪਾਰਟੀ ਦੀ ਪੈਦਾਇਸ਼ ਵਜੋਂ ਸਾਹਮਣੇ ਆਇਆ।

ਓਰੀਗਨ ਤੇ ਵਾਸ਼ਿੰਗਟਨ ਰਿਆਸਤਾਂ ਦੇ ਕਾਰਖਾਨਿਆਂ ਦੇ ਹਿੰਦੀ ਮਜ਼ਦੂਰਾਂ ਨੇ ਮਾਰਚ 1913 ਵਿਚ ਅਸਟੋਰੀਆ ਦੇ ਸਥਾਨ ਉੱਤੇ ਇਕ ਕਾਨਫਰੰਸ ਸੱਦੀ। ਇਸ ਵਿਚ ਮੋਨਾਰਕ ਮਿਲ, ਸੇਂਟ ਜੌਹਨ, ਪੋਰਟਲੈਂਡ ਦੀ ਬਰਾਈਡਲ ਵੇਲ ਮਿਲ ਤੇ ਅਸਟੋਰੀਆ ਮਿਲ ਆਦਿ ਕਾਰਖਾਨਿਆਂ ਦੇ 120 ਨੁਮਾਇੰਦੇ ਸ਼ਾਮਲ ਹੋਏ। ਇਸ ਮੌਕੇ 'ਤੇ ਹਰਦਿਆਲ ਨੂੰ ਵੀ ਸਾਨਫਰਾਂਸਿਸਕੋ ਤੋਂ ਬੁਲਾਇਆ ਗਿਆ। ਇਹਨਾਂ ਇਕੱਤਰ ਮਜ਼ਦੂਰ ਨੁਮਾਇੰਦਿਆਂ ਨੇ ਹਿੰਦੀ ਐਸੋਸੀਏਸ਼ਨ ਆਫ ਪੈਸੇਫਿਕ ਕੋਸਟ ਆਫ ਅਮਰੀਕਾ ਉਰਫ ਗ਼ਦਰ ਪਾਰਟੀ ਦੀ ਬੁਨਿਆਦ ਰੱਖੀ। ਇਸ ਕਾਨਫਰੰਸ ਵਿਚ ਹੇਠ ਲਿਖੇ ਮਤੇ ਪਾਸ ਕੀਤੇ ਗਏ:

1. ਇੱਕ ਇਨਕਲਾਬੀ ਜਥੇਬੰਦੀ ਕਾਇਮ ਕੀਤੀ ਜਾਵੇ, ਜਿਸਦਾ ਮੰਤਵ ਹਥਿਆਰਬੰਦ ਇਨਕਲਾਬ ਰਾਹੀਂ ਹਿੰਦੋਸਤਾਨ ਨੂੰ ਅੰਗਰੇਜ਼ੀ ਗ਼ੁਲਾਮੀ ਤੋਂ ਨਿਜਾਤ ਦੁਆਉਣਾ ਤੇ ਆਜ਼ਾਦੀ ਤੇ ਬਰਾਬਰੀ ਦੀਆਂ ਬੁਨਿਆਦਾਂ ਉੱਤੇ ਕੌਮੀ ਜਮਹੂਰੀਅਤ ਕਾਇਮ ਕਰਨਾ ਹੋਵੇਗਾ।
2. ਇਸ ਜਥੇਬੰਦੀ ਦਾ ਨਾਂ ਹਿੰਦੀ ਐਸੋਸੀਏਸ਼ਨ ਆਫ ਪੈਸਿਫਿਕ ਕੋਸਟ ਹੋਵੇਗਾ।
3. ਪਾਰਟੀ ਦਾ ਇੱਕ ਸਪਤਾਹਿਕ ਅਖ਼ਬਾਰ ਪੰਜਾਬੀ, ਉਰਦੂ ਤੇ ਹਿੰਦੀ ਵਿਚ ਪ੍ਰਕਾਸ਼ਿਤ ਹੋਵੇਗਾ। ਸੰਨ 1857 ਦੇ ਗ਼ਦਰ ਦੀ ਯਾਦ ਵਿਚ ਇਸਦਾ ਨਾਂ 'ਗ਼ਦਰ' ਹੋਵੇਗਾ।
4. ਪਾਰਟੀ ਦਾ ਨਾਅਰਾ ਬੰਦੇ ਮਾਤਰਮ ਹੋਵੇਗਾ, ਕਿਉਂਕਿ ਇਹੀ ਇਨਕਲਾਬੀ ਨਾਅਰਾ ਅੰਗਰੇਜ਼ੀ ਸਰਕਾਰ ਨੂੰ ਚੁਭਦਾ ਹੈ।
5. ਹਿੰਦੀ ਐਸੋਸੀਏਸ਼ਨ ਆਫ ਪੈਸਿਫਿਕ ਕੋਸਟ ਦਾ ਮੁੱਖ ਦਫਤਰ ਸਾਨਫਰਾਂਸਿਸਕੋ (ਕੈਲੇਫੋਰਨੀਆ) ਵਿਚ ਹੋਵੇਗਾ, ਕਿਉਂਕਿ ਇਹ ਸ਼ਹਿਰ ਦੁਨੀਆ ਭਰ ਦੇ ਇਨਕਲਾਬੀਆਂ ਦਾ ਕੇਂਦਰ ਹੈ ਅਤੇ ਸਮੁੰਦਰੀ ਬੰਦਰਗਾਹ ਹੈ।
6. ਪਾਰਟੀ ਦੇ ਦਫ਼ਤਰ, ਪ੍ਰੈੱਸ ਜਾਂ ਅਖ਼ਬਾਰ ਵਿਚ ਕੰਮ ਕਰਨ ਵਾਲਿਆਂ ਨੂੰ ਜਾਂ ਪਾਰਟੀ ਦਾ ਕੋਈ ਵੀ ਹੋਰ ਕੰਮ ਕਰਨ ਵਾਲਿਆਂ ਨੂੰ ਕੋਈ ਤਨਖਾਹ ਨਹੀਂ ਮਿਲੇਗੀ, ਪਰ ਰੋਟੀ, ਕੱਪੜਾ ਤੇ ਲੋੜ ਮੁਜਬ ਹੋਰ ਜ਼ਰੂਰਤਾਂ ਪਾਰਟੀ ਫੰਡ 'ਚੋਂ ਬਰਾਬਰੀ ਦੇ ਅਸੂਲ 'ਤੇ ਪੂਰੀਆਂ ਕੀਤੀਆਂ ਜਾਣਗੀਆਂ।
7. ਹਰ ਕਾਰਖਾਨੇ ਜਾਂ ਗੈਂਗਾਂ ਵਿਚ ਪਾਰਟੀ ਮੈਂਬਰਾਂ ਦੀ ਚੁਣੀ ਕਮੇਟੀ ਹੋਵੇਗੀ, ਜਿਸਦਾ ਕੇਂਦਰੀ ਇੰਤਜ਼ਾਮੀਆ ਕਮੇਟੀ ਨਾਲ ਇਲਹਾਕ ਹੋਵੇਗਾ।
8. ਕਾਰਖਾਨੇ ਜਾਂ ਗੈਂਗਾਂ 'ਚੋਂ ਜੋ ਵੀ ਹਿੰਦੋਸਤਾਨੀ ਮੈਂਬਰ ਬਣਨਾ ਚਾਹੇਗਾ, ਉਸਨੂੰ ਇੱਕ ਡਾਲਰ ਮਾਸਿਕ ਚੰਦਾ ਦੇਣਾ ਪਵੇਗਾ।

9. ਮੁੱਢਲੀਆਂ ਇਕਾਈਆਂ ਦੇ ਚੁਣੇ ਹੋਏ ਪ੍ਰਤੀਨਿਧਾਂ ਦੀ ਇੱਕ ਕੇਂਦਰੀ ਇੰਤਜ਼ਾਮੀਆ ਕਮੇਟੀ ਹੋਵੇਗੀ, ਜਿਹੜੀ ਅਖ਼ਬਾਰ, ਪ੍ਰੈੱਸ, ਦਫ਼ਤਰ ਤੇ ਬਾਕੀ ਬਾਰੇ ਖੁੱਲ੍ਹੇ ਕੰਮਾਂ ਦੀ ਦੇਖ-ਰੇਖ ਕਰੇਗੀ।
10. ਇੰਤਜ਼ਾਮੀਆ ਕਮੇਟੀ ਆਪਣੇ ਵਿਚੋਂ ਤਿੰਨ ਮੈਂਬਰਾਂ ਦਾ ਕਮਿਸ਼ਨ ਚੁਣੇਗੀ, ਜੋ ਪਾਰਟੀ ਦੇ ਸਾਰੇ ਖੁਫੀਆ ਕੰਮ ਲਈ ਜ਼ੁੰਮੇਵਾਰ ਹੋਵੇਗਾ।
11. ਪਾਰਟੀ ਵਿਚ ਮਜ਼ਬੀ ਬਹਿਸ-ਮੁਬਾਹਸੇ ਨੂੰ ਕੋਈ ਥਾਂ ਨਹੀਂ ਹੋਵੇਗੀ। ਮਜ਼ਬ ਹਰ ਕਿਸੇ ਦਾ ਆਪਣਾ ਨਿੱਜੀ ਨੇਮ ਹੋਵੇਗਾ।
12. ਪਾਰਟੀ ਦੇ ਹਰ ਸਿਪਾਹੀ ਦਾ ਇਹ ਫਰਜ਼ ਹੋਵੇਗਾ ਕਿ ਉਹ ਦੁਨੀਆ ਵਿਚ, ਜਿਥੇ ਵੀ ਕਿਤੇ ਹੋਵੇ, ਗ਼ੁਲਾਮੀ ਦੇ ਖ਼ਿਲਾਫ਼ ਤੇ ਆਜ਼ਾਦੀ ਦੇ ਹੱਕ ਵਿਚ ਲੜੇ ਅਤੇ ਆਜ਼ਾਦੀ ਦੀਆਂ ਜੰਗਾਂ ਦਾ ਭਾਈਵਾਲ ਬਣੇ।
13. ਅਖ਼ਬਾਰ ਮੁਫ਼ਤ ਵੰਡਿਆ ਜਾਏਗਾ ਤੇ ਇਸਦਾ ਕੋਈ ਚੰਦਾ ਨਹੀਂ ਹੋਵੇਗਾ।
14. ਪਾਰਟੀ ਦੀ ਚੋਣ ਹਰ ਸਾਲ ਹੋਇਆ ਕਰੇਗੀ।

ਮਤੇ ਪਾਸ ਕਰਨ ਉਪਰੰਤ ਅਹੁਦੇਦਾਰਾਂ ਦੀ ਚੋਣ ਹੋਈ ਅਤੇ ਹੇਠ ਲਿਖੇ ਅਹੁਦੇਦਾਰਾਂ ਚੁਣੇ ਗਏ:-

ਪ੍ਰਧਾਨ	: ਸੋਹਣ ਸਿੰਘ ਭਕਨਾ
ਮੀਤ ਪ੍ਰਧਾਨ	: ਕੇਸਰ ਸਿੰਘ ਠੱਠਗੜ੍ਹ
ਜਨਰਲ ਸਕੱਤਰ	: ਲਾਲਾ ਹਰਦਿਆਲ
ਜਾਇੰਟ ਸਕੱਤਰ	: ਅਜੀਤ ਸਿੰਘ ਦਾ ਇੱਕ ਸਾਥੀ
ਖਜ਼ਾਨਚੀ	: ਪੰਡਿਤ ਕਾਂਸ਼ੀ ਰਾਮ
ਨਾਇਬ ਖਜ਼ਾਨਚੀ	: ਹਰਨਾਮ ਸਿੰਘ ਟੁੰਡੀਲਾਟ
ਜਥੇਬੰਦਕ ਸਕੱਤਰ	: ਕਰੀਮ ਬਖਸ਼ ਤੇ ਮੁਣਸ਼ੀ ਰਾਮ

ਇਸ ਤੋਂ ਇਲਾਵਾ 10,000 ਡਾਲਰ ਪਾਰਟੀ ਫੰਡ ਜਮ੍ਹਾ ਹੋਇਆ। ਪੰਜ ਹਜ਼ਾਰ ਡਾਲਰ ਨਗਦ ਅਤੇ ਪੰਜ ਹਜ਼ਾਰ ਡਾਲਰ ਮਾਲੀਅਤ ਦੀ ਜ਼ਮੀਨ ਜਾਇਦਾਦ ਸੀ। ਪਾਰਟੀ ਕਾਇਮ ਹੋਣ ਤੋਂ ਬਾਅਦ ਲਾਲਾ ਹਰਦਿਆਲ ਕੈਲੇਫੋਰਨੀਆ ਨੂੰ ਚਲੇ ਗਏ ਅਤੇ ਬਾਕੀ ਮੈਂਬਰ ਆਪੋ-ਆਪਣੇ ਕਾਰਖਾਨਿਆਂ 'ਚ ਚਲੇ ਗਏ। ਉਂਜ ਚਿੱਠੀ-ਪੱਤਰ ਰਾਹੀਂ ਕਨੇਡਾ ਤੇ ਹੋਰ ਥਾਵਾਂ 'ਤੇ ਵੀ ਪਾਰਟੀ ਮੈਂਬਰਾਂ ਨੇ ਆਪਣਾ ਕੰਮ ਜਾਰੀ ਰੱਖਿਆ, ਪਰ ਲਾਲਾ ਹਰਦਿਆਲ ਨੇ ਨਾ ਹੀ ਦਫ਼ਤਰ ਖੋਲ੍ਹਿਆ ਤੇ ਨਾ ਹੀ ਅਖ਼ਬਾਰ ਕੱਢਣ ਦਾ ਕੋਈ ਬੰਦੋਬਸਤ ਕੀਤਾ। ਜਦੋਂ ਛੇ ਮਹੀਨੇ ਤੱਕ ਕੋਈ ਦਫ਼ਤਰੀ ਕੰਮ ਨਾ ਹੋਇਆ ਤਾਂ ਹੇਠਲੀਆਂ ਕਮੇਟੀਆਂ ਅਤੇ ਸ਼ਹਿਰੀ ਕਮੇਟੀ ਨੇ ਪਾਰਟੀ ਪ੍ਰਧਾਨ ਨੂੰ ਕੰਮ ਵਿਚ ਦੇਰੀ ਦਾ ਕਾਰਨ ਪੁੱਛਿਆ। ਪ੍ਰਧਾਨ ਨੇ ਜਨਰਲ ਸਕੱਤਰ ਨੂੰ ਖ਼ਤ ਲਿਖਿਆ ਕਿ ਤੁਸੀਂ ਆਪਣਾ ਕੀਮਤੀ ਵਕਤ ਕਿਉਂ ਜ਼ਾਇਆ ਕਰ ਰਹੇ ਹੋ? ਇਸਦੇ ਜਵਾਬ ਵਿਚ ਲਾਲਾ ਹਰਦਿਆਲ ਨੇ ਲਿਖਿਆ ਕਿ ਮੈਂ ਸਿਹਤ ਦੀ ਵਜ੍ਹਾ ਕਰਕੇ ਕੰਮ ਨਹੀਂ ਕਰ ਸਕਦਾ ਅਤੇ ਇਹ

ਚੰਗੀ ਗੱਲ ਹੋਏਗੀ ਕਿ ਕੋਈ ਹੋਰ ਆਦਮੀ ਚੁਣ ਲਿਆ ਜਾਵੇ। ਪ੍ਰਧਾਨ ਨੇਂ ਇਸਦੇ ਉੱਤਰ ਵਿਚ ਇਕ ਸਖ਼ਤ ਅਤੇ ਗੁੱਸੇ ਭਰੀ ਚਿੱਠੀ ਲਿਖੀ। ਇਸ ਵਿਚ ਲਾਲਾ ਹਰਦਿਆਲ ਨੂੰ ਇਹ ਚੇਤੇ ਕਰਵਾਇਆ ਗਿਆ ਕਿ ਉਹ ਹਮੇਸ਼ਾਂ ਹਿੰਦੀਆਂ ਉੱਤੇ ਇਲਜ਼ਾਮ ਧਰਦੇ ਆਏ ਹਨ ਕਿ ਹਿੰਦੀ ਦੇਸ਼ ਦਾ ਕੰਮ ਕਰਨ ਦੇ ਕਾਬਲ ਨਹੀਂ ਹਨ, ਪਰ ਉਹਨਾਂ ਦਾ ਆਪਣਾ ਰਵੱਈਆ ਸਾਬਤ ਕਰਦਾ ਹੈ ਕਿ ਉਹ ਆਪ ਹੀ ਕੰਮ ਕਰਨ ਵਿਚ ਅਸਫ਼ਲ ਹਨ। ਇਸ ਤੋਂ ਬਾਅਦ ਹਰਦਿਆਲ ਨੇ ਪ੍ਰਧਾਨ ਨੂੰ ਲਿਖਿਆ ਕਿ ਮੈਂ ਦਫ਼ਤਰ ਤੇ ਅਖ਼ਬਾਰ ਦਾ ਕੰਮ ਸ਼ੁਰੂ ਕਰ ਦੇਵਾਂਗਾ, ਤੁਸੀਂ ਲੋੜੀਂਦੀ ਰਕਮ ਭੇਜ ਦਿਉ। ਖਜ਼ਾਨਚੀ ਨੇ ਪ੍ਰਧਾਨ ਦੀ ਇਜਾਜ਼ਤ ਨਾਲ ਪੈਸਾ ਭੇਜ ਦਿੱਤਾ ਅਤੇ 1 ਨਵੰਬਰ 1913 ਨੂੰ ‘ਗ਼ਦਰ’ ਅਖ਼ਬਾਰ ਦਾ ਪਹਿਲਾ ਪਰਚਾ ਕੱਢਿਆ ਗਿਆ। ਇਹ ਗੁਰਮੁਖੀ ਅਤੇ ਉਰਦੂ ਪਰਚਾ ਹੈਂਡ ਮਸ਼ੀਨ ਉੱਤੇ ਕਰਤਾਰ ਸਿੰਘ ਸਰਾਭਾ ਅਤੇ ਗੁਪਤਾ ਜੀ ਦੀ ਮਦਦ ਨਾਲ ਕੱਢਿਆ ਗਿਆ ਸੀ। ਕੁੱਝ ਦਿਨਾਂ ਬਾਅਦ ਓਰੀਗਨ ਸਟੇਟ ਵਾਲਿਆਂ ਨੇ ਹਰਨਾਮ ਸਿੰਘ ਟੁੰਡੀਲਾਟ ਨੂੰ ਕੰਮ ਕਰਨ ਲਈ ਭੇਜ ਦਿੱਤਾ।

‘ਗ਼ਦਰ’ ਅਖ਼ਬਾਰ ਵਿਚ ‘ਹਿੰਦੋਸਤਾਨ ਵਿਚ ਅੰਗਰੇਜ਼ੀ ਰਾਜ ਦਾ ਕੱਚਾ ਚਿੱਠਾ’ ਦੇ ਸਿਰਲੇਖ ਹੇਠ ਇੱਕ ਲੇਖ ਛਪਦਾ ਸੀ। ਇਹ ਅੰਕੜਿਆਂ ਦੇ ਹਵਾਲੇ ਨਾਲ ਭਾਰਤ ਵਿਚ ਅੰਗਰੇਜ਼ੀ ਰਾਜ ਦੀ ਲੁੱਟ-ਘਸੁੱਟ ਨੂੰ ਬਿਆਨ ਕਰਦਾ ਸੀ। ‘ਗ਼ਦਰ’ ਦੇ ਕਈ ਪਰਚੇ, ਜੋ ਸਾਡੇ ਕੋਲ ਹਨ, ਉਹਨਾਂ ਵਿਚ ਸੰਪਾਦਕੀ ਤੋਂ ਇਲਾਵਾ ਅਜਿਹੇ ਅਨੇਕਾਂ ਵਿਦਵਤਾ ਭਰਪੂਰ ਲੇਖ ਹਨ, ਜੋ ਲਾਲਾ ਹਰਦਿਆਲ ਦੇ ਲਿਖੇ ਹੋਏ ਹਨ। ਇਹਨਾਂ ਲੇਖਾਂ ਵਿਚ ਉਹਨਾਂ ਦੀ ਵਿਦਵਤਾ ਹੀ ਉਜਾਗਰ ਨਹੀਂ ਹੁੰਦੀ, ਸਗੋਂ ਉਹਨਾਂ ਦਾ ਮਹਾਨ ਲਿਖਾਰੀ ਹੋਣਾ ਵੀ ਸਾਬਿਤ ਹੁੰਦਾ ਹੈ। ਇਸ ਤੋਂ ਇਲਾਵਾ ਬਹੁਤ ਹੀ ਜੋਸ਼ੀਲੀਆਂ ਕਵਿਤਾਵਾਂ ਹੁੰਦੀਆਂ ਸਨ, ਜੋ ਹਰ ਹਿੰਦੀ ਨੂੰ ਅੰਗਰੇਜ਼ੀ ਰਾਜ ਦੇ ਖਾਤਮੇ ਲਈ ਉਭਾਰਦੀਆਂ ਸਨ। ਬਾਅਦ ਵਿਚ ਇਹ ਕਵਿਤਾਵਾਂ ‘ਗ਼ਦਰ ਦੀ ਗੂੰਜ’ ਨਾਮੀਂ ਕਿਤਾਬਚਿਆਂ ’ਚ ਛਾਪੀਆਂ ਗਈਆਂ, ਜੋ ਕੌਮੀ ਗੀਤਾਂ ਦਾ ਰੁਤਬਾ ਹਾਸਲ ਕਰ ਗਈਆਂ। ਇਹ ਕਵਿਤਾਵਾਂ ਦੁਨੀਆ ਦੇ ਵੱਖੋ-ਵੱਖ ਹਿੱਸਿਆਂ ਤੋਂ ਹਿੰਦੀ ਦੇਸ਼ਭਗਤ ਭੇਜਦੇ ਸਨ।

ਲਾਲਾ ਹਰਦਿਆਲ ਦੀ ਵਿਦਵਤਾ, ਤਿਆਗ ਤੇ ਸਾਦਾ ਜ਼ਿੰਦਗੀ ਦਾ ਲੋਹਾ ਉਹਨਾਂ ਦੇ ਦੁਸ਼ਮਣ ਵੀ ਮੰਨਦੇ ਸਨ। ਦੇਸ਼ ਪ੍ਰੇਮ ਉਹਨਾਂ ਅੰਦਰ ਕੁੱਟ-ਕੁੱਟਕੇ ਭਰਿਆ ਹੋਇਆ ਸੀ, ਪਰ ਅਫਸੋਸ ਦੀ ਗੱਲ ਹੈ ਕਿ ਉਹਨਾਂ ਦੀ ਸ਼ਖਸੀਅਤ ਵਿਚ ਸਥਿਰਤਾ ਨਹੀਂ ਸੀ। ਜਿਸ ਆਦਰਸ਼ ਤੇ ਕੰਮ ਨੂੰ ਲੈ ਕੇ ਇਕ ਦਿਨ ਚਲਦੇ ਸਨ, ਦੂਜੇ ਹੀ ਦਿਨ ਉਸਦੀ ਗਠੜੀ ਲਾਹਕੇ ਵਗਾਹ ਮਾਰਦੇ ਸਨ। ਅਸੀਂ ਉਹਨਾਂ ਦੀ ਇਸ ਕਮਜ਼ੋਰੀ ਤੋਂ ਵਾਕਿਫ਼ ਸੀ। ਸੋ ਅਸੀਂ ਘਬਰਾਉਂਦੇ ਨਹੀਂ ਸਾਂ ਅਤੇ ਆਪਣੇ ਬਲਬੂਤੇ ’ਤੇ ਕੰਮ ਕਰਦੇ ਸਾਂ। ਉਹ ਅਖ਼ਬਾਰ ਚਲਾ ਸਕਦੇ ਸਨ, ਕਿਤਾਬਾਂ ਲਿਖ ਸਕਦੇ ਸਨ, ਪਰ ਪਾਰਟੀ ਨੂੰ ਜਥੇਬੰਦ ਕਿਵੇਂ ਕਰਨਾ ਹੈ ਤੇ ਕਿਵੇਂ ਚਲਾਉਣਾ ਹੈ, ਇਹ ਉਹਨਾਂ ਦੇ ਵੱਸੋਂ ਬਾਹਰੀ ਗੱਲ ਸੀ। ਇਸ ਕਮੀ ਨੂੰ ਦੂਜੇ ਸਿਆਸਤਦਾਨ ਸਾਥੀਆਂ ਨੇ ਪੂਰਾ ਕੀਤਾ, ਜਿਨ੍ਹਾਂ ਵਿਚ ਪਾਰਟੀ ਪ੍ਰਧਾਨ ਤੇ ਕਰਤਾਰ ਸਿੰਘ ਸਰਾਭਾ ਸ਼ਾਮਲ ਸਨ।

ਜਿਉਂ-ਜਿਉਂ ਕੰਮ ਵਧਦਾ ਗਿਆ ਦੂਜੇ ਸਾਥੀ ਆ ਕੇ ਕੰਮ ਵਿਚ ਸ਼ਾਮਲ ਹੁੰਦੇ ਗਏ।

ਹੁਣ ਅਖ਼ਬਾਰ ਦੀ ਮੰਗ ਏਨੀ ਵਧ ਗਈ ਸੀ ਕਿ ਹੈਂਡ-ਮਸ਼ੀਨ ਪੂਰਿਆਂ ਨਹੀਂ ਕਰ ਸਕਦੀ ਸੀ। ਸੋ ਇੰਤਜ਼ਾਮੀਆ ਕਮੇਟੀ ਨੇ ਇੱਕ ਵੱਡੀ ਪ੍ਰੈੱਸ ਖਰੀਦਣ ਦੀ ਆਗਿਆ ਦੇ ਦਿੱਤੀ। ਪ੍ਰੈੱਸ ਨੂੰ ਚਲਾਉਣ ਲਈ ਲੋਕਾਂ ਅੱਗੇ ਅਪੀਲ ਕੀਤੀ ਗਈ, ਤਾਂ ਜ਼ਰੂਰਤ ਤੋਂ ਜ਼ਿਆਦਾ ਦੇਸ਼ਭਗਤਾਂ ਨੇ ਆਪਣੇ ਨਾਂ ਪੇਸ਼ ਕੀਤੇ। ਉਹ 9-10 ਰੁਪਏ ਰੋਜ਼ਾਨਾ ਦੀ ਆਮਦਨੀ ਨੂੰ ਲੱਤ ਮਾਰਕੇ ਪਾਰਟੀ ਕੰਮ ਲਈ ਆ ਪਹੁੰਚੇ। ਕਈਆਂ ਨੇ ਤਾਂ ਆਪਣਾ ਸਾਰਾ ਜੀਵਨ ਤੇ ਧਨ ਪਾਰਟੀ ਦੇ ਲੇਖੇ ਲਾ ਦਿੱਤਾ। ਮੈਨੂੰ ਬਹੁਤ ਅਫਸੋਸ ਹੈ ਕਿ ਲੰਮਾ ਅਰਸਾ ਗੁਜ਼ਰ ਜਾਣ ਸਦਕਾ ਮੈਨੂੰ ਪ੍ਰੈੱਸ ਵਿਚ ਕੰਮ ਕਰਨ ਵਾਲੇ ਸਾਰੇ ਦੇਸ਼ਭਗਤਾਂ ਦੇ ਨਾਂ ਯਾਦ ਨਹੀਂ ਆ ਰਹੇ ਅਤੇ ਉਹਨਾਂ ਦੇ ਹੀ ਨਾਂ ਯਾਦ ਰਹਿ ਗਏ ਹਨ, ਜੋ ਦੇਸ਼ ਪਰਤ ਆਏ ਸਨ। ਇਹਨਾਂ ਵਿਚ ਪੰਡਿਤ ਜਗਤ ਰਾਮ ਅਤੇ ਪ੍ਰਿਥਵੀ ਸਿੰਘ ਦੇ ਨਾਂ ਅਹਿਮ ਹਨ। ਪੰਡਿਤ ਜਗਤ ਰਾਮ ਪ੍ਰੈੱਸ ਦੇ ਮੈਨੇਜਰ ਸਨ ਅਤੇ ਪ੍ਰਿਥਵੀ ਸਿੰਘ (ਆਜ਼ਾਦ) ਸਰਗਰਮ ਕਾਰਕੁੰਨ ਸਨ। ਕਈ ਵਿਦਿਆਰਥੀ ਵੀ ਆਪਣਾ ਸਮਾਂ ਕੱਢਕੇ ਦਫ਼ਤਰ, ਪ੍ਰੈੱਸ ਜਾਂ ਅਖ਼ਬਾਰ ਦੀ ਮਦਦ ਲਈ ਆਉਂਦੇ ਸਨ। ਨਿਰੰਜਣ ਦਾਸ ਵਗੈਰਾ ਦਫ਼ਤਰ ਦੇ ਕੰਮ ਵਿਚ ਸਹਾਇਤਾ ਕਰਦੇ ਸਨ। ਪਾਰਟੀ ਦਫਤਰ ਦਾ ਨਾਂ 'ਯੁਗਾਂਤਰ ਆਸ਼ਰਮ' ਸੀ, ਜੋ 436 ਹਿੱਲ ਸਟਰੀਟ ਸਾਨਫਰਾਂਸਿਸਕੋ ਵਿਖੇ ਸੀ। ਪ੍ਰੈੱਸ ਦਾ ਨਾਂ ਗ਼ਦਰ ਪ੍ਰੈਸ ਸੀ ਅਤੇ ਇਹ 5 ਵੁੱਡ ਸਟਰੀਟ ਸਾਨਫਰਾਂਸਿਸਕੋ ਵਿਚ ਸੀ।

ਗ਼ਦਰ ਪਾਰਟੀ ਮੈਂਬਰਾਂ ਦਾ ਤਿਆਗ ਤੇ ਸਾਹਸ

ਦਫਤਰ, ਅਖ਼ਬਾਰ ਅਤੇ ਪ੍ਰੈੱਸ ਵਿਚ ਤਕਰੀਬਨ 20 ਦੇਸ਼ਭਗਤ ਕੰਮ ਕਰਦੇ ਸਨ। ਜੇ ਇਹ ਬਾਹਰ ਕੰਮ ਕਰਦੇ ਅਤੇ ਘੱਟੋ-ਘੱਟ ਮਜ਼ਦੂਰੀ ਵੀ ਲੈਂਦੇ, ਤਾਂ ਰੋਜ਼ਾਨਾ ਦੋ-ਢਾਈ ਡਾਲਰ ਕਮਾ ਸਕਦੇ ਸਨ। ਇਸਦਾ ਅਰਥ ਹੈ ਕਿ ਇਹ 20 ਬੰਦੇ ਰੋਜ਼ਾਨਾ 40-50 ਡਾਲਰ ਦੀ ਮਜ਼ਦੂਰੀ ਕਰਦੇ ਸਨ, ਪਰ ਇਹ ਅਸਲੋਂ ਸਾਦਾ ਰੋਟੀ ਅਤੇ ਮਾੜੇ-ਮੋਟੇ ਲੀੜੇ-ਲੱਤੇ ਨਾਲ ਗੁਜ਼ਾਰਾ ਕਰਦੇ ਸਨ। ਪਾਰਟੀ ਮੈਂਬਰਾਂ ਦਾ ਲੰਗਰ ਇਕੱਠਾ ਸੀ ਅਤੇ ਕੱਪੜਿਆਂ ਦਾ ਵੀ ਸਟੋਰ ਸੀ। ਮੱਖਣ ਤੇ ਮੀਟ, ਜੋ ਆਮ ਤੌਰ 'ਤੇ ਉਹਨਾਂ ਦੀ ਰੋਜ਼ਾਨਾ ਖੁਰਾਕ ਹੁੰਦੀ ਸੀ, ਲੰਗਰ ਵਿਚ ਕਦੇ-ਕਦਾਈਂ ਹੀ ਆਉਂਦੇ ਸਨ। ਉਹ ਬਾਜ਼ਾਰੋਂ ਸੁੱਕੀ ਡਬਲਰੋਟੀ ਲਿਆਕੇ ਗੰਢੇ ਨਾਲ ਖਾ ਲਿਆ ਕਰਦੇ ਸਨ। ਇਹ ਆਲੂ-ਗੰਢੇ ਆਸ਼ਰਮ ਤੋਂ ਬਾਹਰ ਰਹਿੰਦੇ ਦੇਸ਼ਭਗਤ ਮੁਫ਼ਤ ਭੇਜਦੇ ਸਨ ਅਤੇ ਇਹ ਦੇਸ਼ ਦੇ ਸ਼ੈਦਾਈ ਮਸਤੀ ਵਿਚ ਰਹਿ ਰਹੇ ਸਨ। ਇਹ ਨਾ ਦਿਨ ਵੇਖਦੇ ਸਨ, ਨਾ ਰਾਤ, ਬਸ ਪਾਰਟੀ ਕੰਮ ਵਿਚ ਜੁਟੇ ਰਹਿੰਦੇ ਸਨ। ਇਹਨਾਂ ਦੇ ਤਿਆਗ ਤੇ ਸਾਹਸ ਦਾ ਅਸਰ ਹਿੰਦੀਆਂ 'ਤੇ ਤਾਂ ਪੈਣਾ ਹੀ ਸੀ, ਦੂਜੇ ਮੁਲਕਾਂ ਦੀਆਂ ਇਨਕਲਾਬੀ ਪਾਰਟੀਆਂ ਦੇ ਕਾਰਕੁੰਨਾਂ ਉੱਤੇ ਵੀ ਗਹਿਰਾ ਅਸਰ ਪੈ ਰਿਹਾ ਸੀ। ਸਾਰੀਆਂ ਵਿਦੇਸ਼ੀ ਪਾਰਟੀਆਂ ਇਕ ਸੁਰ ਹੋਕੇ ਸਵੀਕਾਰ ਕਰਦੀਆਂ ਸਨ ਕਿ ਹਿੰਦੀਆਂ ਦਾ ਕੰਮ ਬਾਕੀ ਸਾਰੀਆਂ ਇਨਕਲਾਬੀ ਪਾਰਟੀਆਂ ਤੋਂ ਉੱਤਮ ਹੈ।

ਅਖ਼ਬਾਰ ਦੀ ਮੰਗ ਏਨੀ ਵਧ ਗਈ ਸੀ ਕਿ ਰਾਤ-ਦਿਨ ਸ਼ਿਫਟਾਂ ਵਿਚ ਪ੍ਰੈੱਸ ਚਲਾਉਣਾ ਪੈਂਦਾ ਸੀ। ਅਨੁਸ਼ਾਸਨ ਏਨਾ ਸੀ ਕਿ ਹਰ ਰੁਕਨ, ਜਿਥੇ ਵੀ ਕੰਮ ਕਰਦਾ ਸੀ, ਆਪਣੀ ਪੂਰੀ

ਜ਼ੁੰਮੇਵਾਰੀ ਨਾਲ ਆਪਣਾ ਫਰਜ਼ ਨਿਭਾਉਂਦਾ ਸੀ। ਜੇ ਕਿਹਾ ਜਾਵੇ ਕਿ ਇਹ ਅਨੁਸ਼ਾਸਨ ਸੂਝ ਦਾ ਸੀ, ਡੰਡੇ ਦਾ ਨਹੀਂ, ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਹੁਣ 'ਗ਼ਦਰ' ਅਖ਼ਬਾਰ ਚਾਰ ਭਾਸ਼ਾਵਾਂ – ਪੰਜਾਬੀ, ਉਰਦੂ, ਹਿੰਦੀ ਤੇ ਗੁਜਰਾਤੀ ਵਿਚ ਨਿਕਲਣਾ ਸ਼ੁਰੂ ਹੋ ਗਿਆ ਸੀ। ਇਸਦੀ ਇਸ਼ਾਇਤ ਬਹੁਤ ਵੱਧ ਗਈ ਸੀ। ਇਹ ਅਮਰੀਕਾ, ਕਨੇਡਾ, ਅਫਰੀਕਾ, ਇੰਗਲੈਂਡ, ਫਰਾਂਸ, ਮਲਾਇਆ, ਬਰਮਾ, ਚੀਨ, ਜਪਾਨ, ਫਿਲਪਾਈਨਜ਼, ਸਿਆਮ, ਇੰਡੋਨੇਸ਼ੀਆ, ਪਨਾਮਾ, ਫਿਜੀ, ਗੀਆਨਾ, ਨਿਊਜ਼ੀਲੈਂਡ, ਅਰਜਨਟਾਈਨਾ ਤੇ ਹਿੰਦੋਸਤਾਨ ਭੇਜਿਆ ਜਾਂਦਾ ਸੀ। ਰੁਪਏ ਦੀ ਕਦੇ ਕੋਈ ਅਪੀਲ ਨਾ ਕੀਤੀ ਗਈ। ਜੇ ਕੋਈ ਅਪੀਲ ਸੀ, ਤਾਂ ਹਿੰਦੋਸਤਾਨ ਦੀ ਆਜ਼ਾਦੀ ਲਈ ਸਿਰਾਂ ਦੀ ਸੀ। ਰੁਪਿਆ ਤਾਂ ਖ਼ੁਦ-ਬ-ਖ਼ੁਦ ਏਨਾ ਆ ਜਾਂਦਾ ਸੀ ਕਿ ਕੰਮ ਚਲਾਉਣ ਵਿਚ ਕਦੇ ਕੋਈ ਮੁਸ਼ਕਲ ਪੇਸ਼ ਨਹੀਂ ਸੀ ਆਉਂਦੀ। ਆਮਦਨ ਤੇ ਖ਼ਰਚ ਦਾ ਹਿਸਾਬ ਬਾਕਾਇਦਾ ਰੱਖਿਆ ਜਾਂਦਾ ਸੀ ਅਤੇ ਇਹ ਇੰਤਜ਼ਾਮੀਆ ਕਮੇਟੀ ਦੀ ਮਨਜ਼ੂਰੀ ਬਾਅਦ ਸਾਰੀਆਂ ਹੇਠਲੀਆਂ ਕਮੇਟੀਆਂ ਨੂੰ ਭੇਜਿਆ ਜਾਂਦਾ ਸੀ। ਭਾਵੇਂ ਮੁੱਢਲੀਆਂ ਕਮੇਟੀਆਂ ਦੇ ਮੈਂਬਰਾਂ ਦਾ ਚੰਦਾ ਇੱਕ ਡਾਲਰ ਪ੍ਰਤੀ ਮਹੀਨਾ ਸੀ, ਪਰ ਕਈ ਮੈਂਬਰ ਪੰਜ-ਪੰਜ ਡਾਲਰ ਭੇਜ ਦਿੰਦੇ ਸਨ। ਕਈ ਦੇਸ਼ਭਗਤ ਤਾਂ ਆਪਣੇ ਖਰਚੇ ਜੋਗਾ ਰੱਖਕੇ ਸਾਰਾ ਭੇਜ ਦਿੰਦੇ ਸਨ।

ਕੈਲੇਫੋਰਨੀਆ ਦੀ ਤਹਿਰੀਕ ਦੀ ਪਾਰਟੀ ਵਿੱਚ ਸ਼ਮੂਲੀਅਤ

ਪਾਠਕ ਪਿੱਛੇ ਪੜ੍ਹ ਚੁੱਕੇ ਹਨ ਕਿ ਹਿੰਦੀ ਐਸੋਸੀਏਸ਼ਨ ਜਾਂ ਗ਼ਦਰ ਪਾਰਟੀ ਦਾ ਜਨਮ ਓਰੀਗਨ ਤੇ ਵਾਸ਼ਿੰਗਟਨ ਰਿਆਸਤਾਂ 'ਚ ਹੋਇਆ ਸੀ, ਪਰ ਇਸਦਾ ਮਤਲਬ ਇਹ ਨਹੀਂ ਕਿ ਕੈਲੇਫੋਰਨੀਆ ਦੇ ਹਿੰਦੀ ਖੇਤ ਮਜ਼ਦੂਰਾਂ ਵਿਚ ਜਾਗ੍ਰਤੀ ਨਹੀਂ ਸੀ ਜਾਂ ਉਹ ਓਰੀਗਨ ਜਾਂ ਵਾਸ਼ਿੰਗਟਨ ਦੇ ਹਿੰਦੀਆਂ ਨਾਲੋਂ ਘੱਟ ਦੇਸ਼ ਪ੍ਰੇਮੀ ਸਨ। ਉਥੇ ਭਾਈ ਜਵਾਲਾ ਸਿੰਘ ਵਰਗੇ ਦੇਸ਼ਭਗਤ ਤੇ ਕਰਤਾਰ ਸਿੰਘ ਸਰਾਭਾ ਵਰਗੇ ਇਨਕਲਾਬੀ ਮੌਜੂਦ ਸਨ। ਭਾਈ ਜਵਾਲਾ ਸਿੰਘ ਦਾ ਘਰ ਤਾਂ ਦੇਸ਼ਭਗਤਾਂ ਦਾ ਅੱਡਾ ਸੀ। ਉਹਨਾਂ ਨੇ ਹਿੰਦੋਸਤਾਨ ਦੇ ਵੱਖੋ-ਵੱਖ ਸੂਬਿਆਂ ਤੋਂ ਚਾਰ ਵਿਦਿਆਰਥੀ ਵਜ਼ੀਫ਼ਾ ਦੇ ਕੇ ਅਮਰੀਕਾ ਮੰਗਵਾਏ ਸਨ। ਇਹ ਉਸ ਸਮੇਂ ਕੀਤਾ ਗਿਆ ਸੀ, ਜਦੋਂ ਕਿਸੇ ਰਾਜੇ-ਮਹਾਰਾਜੇ, ਅਮੀਰ ਜਾਂ ਸ਼ਾਹੂਕਾਰ ਨੂੰ ਅਜਿਹੀ ਗੱਲ ਸੁਪਨੇ 'ਚ ਵੀ ਨਹੀਂ ਅਹੁੜ ਸਕੀ ਸੀ। ਕੈਲੇਫੋਰਨੀਆ ਦੀ ਤਹਿਰੀਕ ਦੀ ਦੇਰ ਨਾਲ ਸ਼ਮੂਲੀਅਤ ਦਾ ਕਾਰਨ ਸਿਰਫ਼ ਇਹ ਸੀ ਕਿ ਉੱਥੇ ਜ਼ਿਆਦਾਤਰ ਹਿੰਦੀ ਖੇਤ ਮਜ਼ਦੂਰ ਸਨ ਅਤੇ ਦੂਰ-ਦੁਰੇਡੇ ਖੇਤਾਂ ਵਿਚ ਕੰਮ ਕਰਦੇ ਸਨ। ਕਾਰਖਾਨਿਆਂ ਦੇ ਮਜ਼ਦੂਰਾਂ ਵਾਂਗ ਉਹਨਾਂ ਨੂੰ ਇਕ-ਦੂਜੇ ਨਾਲ ਰੋਜ਼ਾਨਾ ਮਿਲਣ ਦਾ ਮੌਕਾ ਨਹੀਂ ਮਿਲਦਾ ਸੀ। ਪਰ ਕੈਲੇਫੋਰਨੀਆ ਵਿਚ ਵੀ ਭਾਈ ਜਵਾਲਾ ਸਿੰਘ, ਕਾਮਰੇਡ ਸੰਤੋਖ ਸਿੰਘ, ਕਰਤਾਰ ਸਿੰਘ, ਕਰਮ ਸਿੰਘ ਚੀਮਾ, ਸੰਤਾ ਸਿੰਘ ਗੰਡੀਵਿੰਡ, ਭਾਈ ਨਿਧਾਨ ਸਿੰਘ ਚੁੱਘਾ, ਈਸ਼ਰ ਸਿੰਘ ਮਰਹਾਣਾ ਤੇ ਅਰੂੜ ਸਿੰਘ ਵਰਗੇ ਦੇਸ਼ਭਗਤ ਮੌਜੂਦ ਸਨ।

1914 ਦੇ ਸ਼ੁਰੂ ਵਿਚ ਕੈਲੇਫੋਰਨੀਆ ਇਕਾਈ ਵੱਲੋਂ ਸੈਕਰਾਮੈਂਟੋ 'ਚ ਇੱਕ ਭਾਰੀ ਕਾਨਫਰੰਸ ਸੱਦੀ ਗਈ, ਜਿਸਦੀ ਪ੍ਰਧਾਨਗੀ ਭਾਈ ਜਵਾਲਾ ਸਿੰਘ ਨੇ ਕੀਤੀ। ਇਸ ਵਿਚ

ਓਰੀਗਨ ਤੇ ਵਾਸ਼ਿੰਗਟਨ ਦੇ ਨੁਮਾਇੰਦੇ ਵੀ ਸ਼ਾਮਲ ਹੋਏ। ਇਥੇ ਫਿਰ ਨਵੇਂ ਸਿਰਿਓਂ ਜਥੇਬੰਦੀ ਉਸਾਰੀ ਗਈ ਤੇ ਅਹੁਦੇਦਾਰਾਂ ਦੀ ਚੋਣ ਕੀਤੀ ਗਈ। ਇਸ ਚੋਣ ਸਮੇਂ ਤਬਦੀਲੀ ਸਿਰਫ਼ ਇਹ ਹੋਈ ਕਿ ਇਕ ਮੀਤ ਪ੍ਰਧਾਨ ਦੀ ਜਗ੍ਹਾ ਦੋ ਮੀਤ ਪ੍ਰਧਾਨ ਚੁਣੇ ਗਏ। ਦੂਜੇ ਮੀਤ ਪ੍ਰਧਾਨ ਕੈਲੇਫੋਰਨੀਆ ਵੱਲੋਂ ਭਾਈ ਜਵਾਲਾ ਸਿੰਘ ਸਨ। ਇਸ ਤੋਂ ਇਲਾਵਾ ਇਥੋਂ ਦੇ ਕੁੱਝ ਬੰਦੇ ਇੰਤਜ਼ਾਮੀਆ ਕਮੇਟੀ ਵਿੱਚ ਵੀ ਸ਼ਾਮਲ ਕੀਤੇ ਗਏ ਸਨ। ਨਵੇਂ ਅਹੁਦੇਦਾਰਾਂ ਦੀ ਚੋਣ ਇਸ ਤਰ੍ਹਾਂ ਸੀ:

ਪ੍ਰਧਾਨ	: ਸੋਹਣ ਸਿੰਘ ਭਕਨਾ
ਮੀਤ ਪ੍ਰਧਾਨ	: ਭਾਈ ਕੇਸਰ ਸਿੰਘ ਤੇ ਭਾਈ ਜਵਾਲਾ ਸਿੰਘ
ਜਨਰਲ ਸਕੱਤਰ	: ਲਾਲਾ ਹਰਦਿਆਲ
ਜਾਇੰਟ ਸਕੱਤਰ	:
ਖਜ਼ਾਨਚੀ	: ਪੰਡਿਤ ਕਾਂਸ਼ੀ ਰਾਮ
ਨਾਇਬ ਖਜ਼ਾਨਚੀ	: ਹਰਨਾਮ ਸਿੰਘ ਟੁੰਡੀਲਾਟ
ਜਥੇਬੰਦਕ ਸਕੱਤਰ	: ਕਰੀਮ ਬਖਸ਼ ਤੇ ਮੁਣਸ਼ੀ ਰਾਮ

ਇੰਤਜ਼ਾਮੀਆ ਕਮੇਟੀ ਵਿਚ ਹੇਠ ਲਿਖੇ ਸੱਜਣ ਸ਼ਾਮਲ ਕੀਤੇ ਗਏ ਸਨ – ਕਾਮਰੇਡ ਸੰਤੋਖ ਸਿੰਘ, ਕਰਤਾਰ ਸਿੰਘ ਸਰਾਭਾ, ਭਾਈ ਅਰੂੜ ਸਿੰਘ, ਪੰਡਿਤ ਜਗਤ ਰਾਮ, ਪ੍ਰਿਥਵੀ ਸਿੰਘ, ਕਰਮ ਸਿੰਘ ਚੀਮਾ, ਭਾਈ ਨਿਧਾਨ ਸਿੰਘ ਚੁੱਘਾ, ਸੰਤ ਵਿਸਾਖਾ ਸਿੰਘ, ਈਸ਼ਰ ਸਿੰਘ ਮਰਹਾਣਾ, ਸੰਤਾ ਸਿੰਘ ਗੰਡੀਵਿੰਡ, ਊਧਮ ਸਿੰਘ ਕਸੇਲ, ਲਾਲ ਸਿੰਘ ਆਦਿ।

ਇਸ ਕਾਨਫਰੰਸ ਨੇ ਪਾਰਟੀ ਨੂੰ ਹੋਰ ਤਾਕਤ ਬਖਸ਼ੀ ਤੇ ਪਾਰਟੀ ਦੀ ਮਾਲੀ ਹਾਲਤ ਉੱਤੇ ਵੀ ਚੰਗਾ ਅਸਰ ਪਿਆ। ਪੂਰੀ ਤਨਦੇਹੀ ਤੇ ਸਰਗਰਮੀ ਨਾਲ ਕੰਮ ਸ਼ੁਰੂ ਹੋਇਆ। ਸਾਰੇ ਅਹੁਦੇਦਾਰ ਤੇ ਮੈਂਬਰ ਆਪੋ ਆਪਣੇ ਕੰਮਾਂ ਵਿਚ ਜੁੱਟ ਗਏ। ਹਰ ਸਬੰਧਤ ਖੇਤਰ ਦੀ ਸਬ-ਕਮੇਟੀ ਬਣਾਈ ਗਈ, ਜਿਵੇਂ ਅਖ਼ਬਾਰ ਕਮੇਟੀ, ਪ੍ਰੈੱਸ ਕਮੇਟੀ ਆਦਿ। ਕੈਲੇਫੋਰਨੀਆ ਦੇ ਖੁੱਲ੍ਹੇ ਮੈਦਾਨਾਂ ਅਤੇ ਦੂਰ-ਦੁਰੇਡੇ ਖੇਤਾਂ ਦੀਆਂ ਗੈਂਗਾਂ ਤੱਕ ਵੀ ਪਾਰਟੀ ਦਾ ਕੰਮ ਜ਼ੋਰ-ਸ਼ੋਰ ਨਾਲ ਸ਼ੁਰੂ ਹੋ ਗਿਆ। ਇਸ ਵਿਚ ਕਰਤਾਰ ਸਿੰਘ ਸਰਾਭਾ, ਭਗਤ ਸਿੰਘ ਉਰਫ ਗਾਂਧਾ ਸਿੰਘ ਤੇ ਹੋਰ ਦੇਸ਼ਭਗਤ ਬਹੁਤ ਮਦਦਗਾਰ ਸਾਬਿਤ ਹੋ ਰਹੇ ਸਨ। ਇਹ ਪੈਦਲ ਚਲਕੇ ਥਾਂ-ਥਾਂ ਜਾਂਦੇ ਸਨ। ਕੁੱਝ ਮਹੀਨਿਆਂ ਵਿਚ ਹੀ ਪਾਰਟੀ ਦੀਆਂ 72 ਇਕਾਈਆਂ ਖੜ੍ਹੀਆਂ ਹੋ ਗਈਆਂ ਸਨ, ਜਿਨ੍ਹਾਂ ਵਿਚ ਮੈਂਬਰਾਂ ਦੀ ਭਾਰੀ ਤਾਦਾਦ ਸੀ। ਓਰੀਗਨ, ਵਾਸ਼ਿੰਗਟਨ, ਕੈਲੇਫੋਰਨੀਆ ਤੇ ਕਨੇਡਾ ਵਿਚ ਸਰਗਰਮੀ ਬਹੁਤ ਵਧ ਗਈ ਸੀ। ਪਾਰਟੀ ਮੈਂਬਰਸ਼ਿਪ ਹਜ਼ਾਰਾਂ ਤੱਕ ਪੁੱਜ ਗਈ। ਬ੍ਰਿਟਿਸ਼ ਸਰਕਾਰ ਤੇ ਉਸਦੀ ਸੀ.ਆਈ.ਡੀ. ਵੀ ਸੁੱਤੀ ਨਹੀਂ ਸੀ। ਜਿਥੇ ਅਸੀਂ ਇਕ ਦਿਨ ਕਮੇਟੀ ਬਣਾਕੇ ਆਉਂਦੇ, ਅਗਲੇ ਹੀ ਦਿਨ ਉਥੇ ਸੀ.ਆਈ.ਡੀ. ਦਾ ਜਥਾ ਪਹੁੰਚ ਜਾਂਦਾ। ਇਹ ਲੋਕਾਂ ਨੂੰ ਵਰਗਲਾਉਂਦੇ ਕਿ ਗ਼ਦਰੀ ਤੁਹਾਨੂੰ ਤਬਾਹ ਤੇ ਬਰਬਾਦ ਕਰਨਾ ਚਾਹੁੰਦੇ ਹਨ। ਪਰ ਉਹਨਾਂ ਦੀ ਗੱਲ ਉੱਤੇ ਕੋਈ ਕੰਨ ਨਾ ਧਰਦਾ ਅਤੇ ਉਹ ਆਪਣਾ ਉਤਰਿਆ ਮੂੰਹ ਲੈਕੇ ਮੁੜ ਆਉਂਦੇ।

ਓਰੀਗਨ, ਵਾਸ਼ਿੰਗਟਨ, ਕੈਲੇਫੋਰਨੀਆ ਤੇ ਕਨੇਡਾ ਤੋਂ ਬਾਅਦ ਦੂਜੇ ਟਾਪੂਆਂ – ਜਿਥੇ ਵੀ ਹਿੰਦੀ ਰਹਿੰਦੇ ਸਨ – ਵਿਚ ਵੀ 'ਗ਼ਦਰ' ਅਖ਼ਬਾਰ ਪਹੁੰਚਦਾ ਸੀ। ਇਹਨਾਂ ਟਾਪੂਆਂ ਦੇ ਹਿੰਦੀਆਂ ਨਾਲ ਵੀ ਚਿੱਠੀ ਪੱਤਰ ਸ਼ੁਰੂ ਹੋ ਗਿਆ। ਸਿੱਟੇ ਵਜੋਂ ਸ਼ੰਘਾਈ ਦੀ ਪੁਲੀਸ ਵਿਚ ਇੱਕ ਮਜ਼ਬੂਤ ਜਥਾ ਕਾਇਮ ਹੋ ਗਿਆ, ਜਿਸ ਵਿਚ ਭਾਈ ਗੁਜਰ ਸਿੰਘ ਭਕਨਾ ਕੰਮ ਕਰਦੇ ਸਨ। ਪੁਲੀਸ ਤੋਂ ਇਲਾਵਾ ਚੌਕੀਦਾਰੀ ਕਰਨ ਵਾਲਿਆਂ ਵਿੱਚੋਂ ਵੀ ਕਾਫੀ ਮੈਂਬਰ ਬਣਾਏ ਗਏ। ਡਾ. ਮਥਰਾ ਸਿੰਘ ਨੇ ਸ਼ੰਘਾਈ ਦੇ ਆਸ-ਪਾਸ ਦੇ ਸ਼ਹਿਰਾਂ ਵਿਚਲੇ ਹਿੰਦੀਆਂ ਨੂੰ ਜਥੇਬੰਦ ਕਰਨ ਦਾ ਬੀੜਾ ਚੁੱਕ ਲਿਆ। ਸ਼ੰਘਾਈ ਤੋਂ ਇਲਾਵਾ ਹਾਂਗਕਾਂਗ ਦੇ ਤੋਪਖਾਨੇ ਤੇ ਉੱਥੋਂ ਦੇ ਚੌਕੀਦਾਰਾਂ ਵਿਚ ਭਾਈ ਭਗਵਾਨ ਸਿੰਘ ਨੇ ਬਹੁਤ ਕੰਮ ਕੀਤਾ। ਉਹ ਹਾਂਗਕਾਂਗ ਦੇ ਗੁਰਦੁਆਰੇ ਦੇ ਗ੍ਰੰਥੀ ਸਨ। ਜਪਾਨ ਵਿਚ ਪ੍ਰੋ. ਮੌਲਵੀ ਬਰਕਤ ਉਲਾ ਨੇ ਹਿੰਦੀਆਂ ਨੂੰ ਜਥੇਬੰਦ ਕੀਤਾ। ਇਸ ਤਰ੍ਹਾਂ ਪਾਰਟੀ ਦਾ ਕੰਮ ਮਲਾਇਆ ਤੇ ਬਰਮਾ ਤੱਕ ਫੈਲ ਗਿਆ। ਜਿਵੇਂ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਜਪਾਨ, ਚੀਨ, ਮਲਾਇਆ। ਬਰਮਾ, ਪਨਾਮਾ, ਫਿਲਪਾਈਨ, ਇੰਡੋਨੇਸ਼ੀਆ, ਗੀਆਨਾ, ਫਿਜੀ, ਅਰਜਨਟਾਈਨਾ, ਨਿਊਜ਼ੀਲੈਂਡ ਤੇ ਮੈਕਸੀਕੋ – ਜਿਥੇ ਜਿਥੇ ਵੀ ਹਿੰਦੀ ਕਸ਼ਟ ਝੱਲ ਰਹੇ ਸਨ – ਪਾਰਟੀ ਦੇ ਕੰਮ ਦਾ ਪਾਸਾਰ ਹੋਇਆ ਅਤੇ ਹਰ ਥਾਂ ਇਕਾਈਆਂ ਬਣ ਗਈਆਂ। ਇਹ ਇਕਾਈਆਂ ਅਖੀਰ ਤੱਕ ਆਪਣਾ ਕੰਮ ਕਰਦੀਆਂ ਰਹੀਆਂ।

ਫਰਾਂਸ ਵਿਚ ਮੈਡਮ ਕਾਮਾ ਤੇ ਸ਼ਿਆਮ ਜੀ ਕ੍ਰਿਸ਼ਨ ਵਰਮਾ ਤੇ ਸਵਿਟਜ਼ਰਲੈਂਡ ਵਿੱਚੋਂ ਸ੍ਰ. ਅਜੀਤ ਸਿੰਘ ਤੇ ਹੋਰਨਾਂ ਨੇ ਪਾਰਟੀ ਨਾਲ ਤਾਲ-ਮੇਲ ਕੀਤਾ। ਭਾਵੇਂ ਇਹ ਲੋਕ ਵਿਦੇਸ਼ਾਂ ਵਿਚ ਦਿਨ ਕਟੀ ਕਰ ਰਹੇ ਸਨ, ਪਰ ਪਾਰਟੀ ਨੇ ਸਭ ਨੂੰ ਦੇਸ਼ ਵਿਚ ਇਨਕਲਾਬ ਕਰਨ ਲਈ ਸੱਦਾ ਦਿੱਤਾ।

ਹੁਣ ਜੇ ਕੋਈ ਥਾਂ ਰਹਿ ਗਈ ਸੀ ਤਾਂ ਉਹ ਹਿੰਦੋਸਤਾਨ ਸੀ। ਉਂਜ ਹਰ ਅਖ਼ਬਾਰ ਤੇ ਲਿਟਰੇਚਰ ਤਾਂ ਕਾਫ਼ੀ ਮਾਤਰਾ ਵਿਚ ਹਿੰਦੋਸਤਾਨ ਵੀ ਪੁਚਾਇਆ ਗਿਆ ਸੀ। ਪਰ ਬਾਹਰਲੀ ਦੁਨੀਆ ਵਿਚ ਕੰਮ ਦੇ ਜ਼ੋਰ ਤੇ ਜੰਗ ਦੇ ਛੇਤੀ ਹੀ ਸਿਰ 'ਤੇ ਆ ਜਾਣ ਕਾਰਨ ਪਾਰਟੀ ਹਿੰਦੋਸਤਾਨ ਵਿਚ ਕੰਮ ਦੀ ਬੁਨਿਆਦ ਨਾ ਰੱਖ ਸਕੀ। ਜਦੋਂ ਕਾਮਾਗਾਟਾਮਾਰੂ ਜਹਾਜ਼ ਕਨੇਡਾ ਤੋਂ ਵਾਪਸ ਹੋਇਆ, ਤਾਂ ਪਾਰਟੀ ਨੇ ਮੌਕੇ ਦਾ ਫ਼ਾਇਦਾ ਉਠਾਉਣ ਲਈ ਇਹ ਫ਼ੈਸਲਾ ਕੀਤਾ ਕਿ ਕਮਿਸ਼ਨ ਦੇ ਮੈਂਬਰਾਂ ਵਿਚੋਂ ਇਕ ਜ਼ੁੰਮੇਵਾਰ ਰੁਕਨ ਹਿੰਦੋਸਤਾਨ ਜਾਵੇ ਤੇ ਕਾਮਾਗਾਟਾਮਾਰੂ ਦੇ ਸਵਾਲ ਨੂੰ ਸਾਹਮਣੇ ਰੱਖਕੇ ਦੇਸ਼ ਵਿਚ ਮੁਹਿੰਮ ਚਲਾਵੇ। ਇਸਦੇ ਨਾਲ ਹੀ ਹਿੰਦੋਸਤਾਨ ਵਿਚ ਪਾਰਟੀ ਦੀ ਬੁਨਿਆਦ ਰੱਖੇ। ਪਾਰਟੀ ਦੇ ਫ਼ੈਸਲੇ ਮੁਤਾਬਿਕ ਪਾਰਟੀ ਦੇ ਪ੍ਰਧਾਨ ਤੇ ਕਮਿਸ਼ਨ ਦੇ ਮੈਂਬਰ ਸੋਹਣ ਸਿੰਘ ਭਕਨਾ ਨੂੰ ਇਹ ਡਿਊਟੀ ਸੌਂਪੀ ਗਈ ਕਿ ਉਹ ਜਹਾਜ਼ ਦੇ ਨਾਲ-ਨਾਲ ਜਾਵੇ। ਉਹ ਸਾਰੀ ਤਿਆਰੀ ਕਰਕੇ 21 ਜੁਲਾਈ 1914 ਨੂੰ ਸਾਨਫਰਾਂਸਿਸਕੋ ਤੋਂ ਰਵਾਨਾ ਹੋਇਆ, ਪਰ ਜਪਾਨ ਪੁੱਜਣ ਤੋਂ ਪਹਿਲਾਂ ਹੀ ਯੂਰਪ ਦੀ ਜੰਗ ਸ਼ੁਰੂ ਹੋ ਗਈ। ਬ੍ਰਿਟਿਸ਼ ਸਰਕਾਰ ਨੇ ਨਹਾਇਤ ਹੁਸ਼ਿਆਰੀ ਨਾਲ ਹਿੰਦੋਸਤਾਨ ਦੀ ਨਾਕਾਬੰਦੀ ਸ਼ੁਰੂ ਕਰ ਦਿੱਤੀ। ਯੋਕੋਹਾਮਾ ਪਹੁੰਚ ਕੇ ਕਾਮਾਗਾਟਾਮਾਰੂ ਦੀ ਜਹਾਜ਼ ਕਮੇਟੀ ਤੇ ਸ੍ਰ. ਗੁਰਦਿੱਤ ਸਿੰਘ ਨੂੰ ਮਿਲਕੇ ਸਾਰਾ

ਪ੍ਰੋਗਰਾਮ ਸਮਝਾਇਆ ਗਿਆ ਅਤੇ ਢਾਈ ਸੌ ਪਿਸਤੌਲ ਤੇ ਹਜ਼ਾਰਾਂ ਕਾਰਤੂਸ ਉਹਨਾਂ ਨੂੰ ਆਪਣੀ ਹਿਫਾਜ਼ਤ ਲਈ ਦਿੱਤੇ ਗਏ। ਐਮਡਿਨ (ਪਣਡੁੱਬੀ) ਦਾ ਜਿਹੜਾ ਡਰ ਉਹਨਾਂ ਦੇ ਦਿਲ ਅੰਦਰ ਸੀ, ਯੋਕੋਹਾਮਾ ਦੇ ਜਰਮਨ ਕੌਂਸਲਰ ਨਾਲ ਮਿਲਕੇ ਦੂਰ ਕੀਤਾ। ਅਸਲ ਵਿੱਚ ਜੰਗ ਤੋਂ ਪਹਿਲਾਂ ਹੀ ਕਮਿਸ਼ਨ ਦੇ ਮੈਂਬਰ ਕਾਮਰੇਡ ਸੰਤੋਖ ਸਿੰਘ ਨੇ ਸਾਨਫਰਾਂਸਿਸਕੋ ਦੇ ਜਰਮਨ ਕੌਂਸਲਰ ਦੇ ਜ਼ਰੀਏ ਜਰਮਨ ਸਰਕਾਰ ਨਾਲ ਗਲਬਾਤ ਸ਼ੁਰੂ ਕੀਤੀ ਹੋਈ ਸੀ। ਜਦੋਂ ਕਰਤਾਰ ਸਿੰਘ ਨੂੰ ਈਸਟ ਅਮਰੀਕਾ ਵਿਚ ਹਵਾਬਾਜ਼ੀ ਦੀ ਟਰੇਨਿੰਗ ਲਈ ਭੇਜਿਆ ਗਿਆ ਸੀ ਤਾਂ ਉਹ ਵੀ ਇਹਨਾਂ ਸਬੰਧਾਂ ਦਾ ਹੀ ਸਿੱਟਾ ਸੀ।

ਹੁਣ ਤੱਕ ਪਾਠਕ ਸਮਝ ਚੁੱਕੇ ਹੋਣਗੇ ਕਿ ਗ਼ਦਰ ਪਾਰਟੀ ਦੇ ਨੇਤਾਵਾਂ ਨੇ ਇੱਕ ਮਿੰਟ ਵੀ ਖਰਾਬ ਨਹੀਂ ਕੀਤਾ ਤੇ ਕੋਈ ਵੀ ਮੌਕਾ ਹੱਥੋਂ ਖੁੰਝਣ ਨਹੀਂ ਦਿੱਤਾ। ਜੇ ਜੰਗ ਦੋ ਸਾਲ ਹੋਰ ਨਾ ਛਿੜਦੀ ਤਾਂ ਪਾਰਟੀ ਹਿੰਦੋਸਤਾਨ ਦੇ ਲੋਕਾਂ ਅੰਦਰ ਕੰਮ ਕਰਨ ਵਿਚ ਸਫ਼ਲ ਹੋ ਜਾਂਦੀ। ਲੋਕਾਂ ਵਿਚ ਕੰਮ ਨਾ ਹੋਣ ਦੀ ਸੂਰਤ ਵਿਚ ਪਾਰਟੀ ਨੂੰ ਜਿਹੜਾ ਨੁਕਸਾਨ ਹੋਇਆ ਹੈ, ਪਾਰਟੀ ਉਸ ਨੂੰ ਚੰਗੀ ਤਰ੍ਹਾਂ ਸਮਝਦੀ ਹੈ। ਪਰ ਪਾਰਟੀ ’ਤੇ ਇਹ ਇਲਜ਼ਾਮ ਲਗਾਉਣਾ ਕਿ ਲੋਕਾਂ ਵਿਚ ਕੰਮ ਕਰਨ ਦਾ ਖ਼ਿਆਲ ਉਹਨਾਂ ਦੇ ਦਿਮਾਗ ਵਿਚ ਹੀ ਨਹੀਂ ਸੀ ਅਤੇ ਸਿਰਫ਼ ਫੌਜੀ ਇਨਕਲਾਬ ਰਾਹੀਂ ਹੀ ਹਿੰਦੋਸਤਾਨ ਨੂੰ ਆਜ਼ਾਦ ਕਰਾਉਣ ਦਾ ਹੰਭਲਾ ਮਾਰਿਆ ਗਿਆ ਸੀ, ਉਹ ਠੀਕ ਨਹੀਂ ਹੈ। ਜੇ ਪਾਰਟੀ ਲੋਕਾਂ ਵਿਚ ਕੰਮ ਦੇ ਸਵਾਲ ’ਤੇ ਬੇਬਹਿਰੀ ਹੁੰਦੀ ਤਾਂ ਉਸਨੇ ਇਨਕਲਾਬ ਫੇਲ੍ਹ ਹੋਣ ਤੋਂ ਬਾਅਦ ਅਮਰੀਕਾ ਤੇ ਹਿੰਦੋਸਤਾਨ ’ਚ ਜਿਹੜਾ ਕੰਮ ਕੀਤਾ ਹੈ, ਉਹ ਕਦੇ ਨਾ ਹੋ ਸਕਦਾ ਤੇ ਪਾਰਟੀ ਓਸੇ ਵੇਲੇ ਹੀ ਟੁੱਟ ਜਾਂਦੀ, ਪਰ ਅਜਿਹਾ ਨਹੀਂ ਹੋਇਆ। ਪਾਰਟੀ ਤਾਂ ਜ਼ਮਾਨੇ ਦੇ ਨਾਲ-ਨਾਲ ਅੱਗੇ ਵਧੀ ਹੈ। ਜਦੋਂ 1917 ਵਿਚ ਰੂਸ ਦੇ ਨਵੇਂ ਸਮਾਜਵਾਦੀ ਨਿਜ਼ਾਮ ਨੇ ਆਪਣੇ ਪੈਰ ਜਮਾਏ ਤਾਂ ਗ਼ਦਰ ਪਾਰਟੀ ਨੇ ਛੇਤੀ ਹੀ ਉਸ ਸੂਝ ਨੂੰ ਅਪਣਾ ਲਿਆ। ਕਾਮਰੇਡ ਸੰਤੋਖ ਸਿੰਘ, ਭਾਈ ਰਤਨ ਸਿੰਘ ਵਰਗੇ ਕਈ ਜ਼ੁੰਮੇਵਾਰ ਸਾਥੀ ਗ਼ਦਰ ਪਾਰਟੀ ਵਲੋਂ ਪੜ੍ਹਨ ਲਈ ਰੂਸ ਭੇਜੇ ਗਏ। ਕਾਮਰੇਡ ਸੰਤੋਖ ਸਿੰਘ ਨੇ ਰੂਸ ਦੇ ਸਫ਼ਰ ਤੋਂ ਬਾਅਦ 1925 ਵਿਚ ਪੰਜਾਬੀ ਮਾਸਿਕ ਰਸਾਲਾ ‘ਕਿਰਤੀ’ ਕੱਢਿਆ। ਜਿਸਨੇ ਸਭ ਤੋਂ ਪਹਿਲਾਂ ਪੰਜਾਬ ਅੰਦਰ ਸਮਾਜਵਾਦੀ ਨਿਜ਼ਾਮ ਤੇ ਮਜ਼ਦੂਰਾਂ-ਕਿਸਾਨਾਂ ਦੀ ਰਹਿਨੁਮਾਈ ਦਾ ਨਾਅਰਾ ਉਵੇਂ ਹੀ ਬੁਲੰਦ ਕੀਤਾ, ਜਿਵੇਂ ਉਸ ਤੋਂ ਪਹਿਲਾਂ ਉਸਨੇ ਤੇ ਉਸਦੇ ਸਾਥੀਆਂ ਨੇ 1914-15 ਵਿਚ ਕੌਮੀ ਜਮਹੂਰੀਅਤ ਤੇ ਮੁਕੰਮਲ ਆਜ਼ਾਦੀ ਦਾ ਨਾਅਰਾ ਦਿੱਤਾ ਸੀ। ਦੂਜਾ ਜੇ ਇਹਨਾਂ ਲੋਕਾਂ ਦੇ ਦਿਮਾਗ ਵਿਚ ਲੋਕ-ਪਿਆਰ ਨਾ ਹੁੰਦਾ ਤਾਂ ਲੰਮੀਆਂ ਕੈਦਾਂ ਕੱਟਕੇ ਜਾਂ ਤਾਂ ਥੱਕ ਹਾਰਕੇ ਬਹਿ ਜਾਂਦੇ ਜਾਂ ਕੰਮ ਛੱਡ ਜਾਂਦੇ ਜਾਂ ਫਿਰ ਕਾਂਗਰਸੀਆਂ ਦੇ ਨਕਸ਼ੇ ਕਦਮਾਂ ’ਤੇ ਚਲ ਪੈਂਦੇ, ਪਰ ਅਜਿਹਾ ਨਹੀਂ ਹੋਇਆ। ਜੇਲ੍ਹਾਂ ’ਚੋਂ ਨਿਕਲਦਿਆਂ ਹੀ ਉਹ ਲੋਕਾਂ ਦੀ ਜਮਹੂਰੀ ਪਾਰਟੀ ਵਿਚ ਸ਼ਾਮਲ ਹੋ ਗਏ ਤੇ ਮਜ਼ਦੂਰਾਂ ਕਿਸਾਨਾਂ ’ਚ ਕੰਮ ਕਰਨ ਲੱਗ ਪਏ। ਅੱਜ ਵੀ ਜੋ ਜਿਉਂਦੇ ਹਨ, ਉਹ ਲੋਕ ਇਨਕਲਾਬ ਲਈ ਕੰਮ ਕਰੀ ਜਾ ਰਹੇ ਹਨ।

ਗ਼ਦਰ ਪਾਰਟੀ ਦੇ ਰਾਹ ਵਿਚ ਰੁਕਾਵਟਾਂ

ਗ਼ਦਰ ਪਾਰਟੀ ਦੇ ਰਾਹ ਵਿਚ ਸਭ ਤੋਂ ਵੱਡੀ ਰੁਕਾਵਟ ਤਾਂ ਇਹ ਸੀ ਕਿ ਪੜ੍ਹੇ-ਲਿਖੇ ਲੋਕਾਂ ਨੇ ਅਨੇਕਾਂ ਵਾਰ ਹਿੰਦੀਆਂ ਕੋਲੋਂ ਰੁਪਿਆ-ਪੈਸਾ ਬਟੋਰਿਆ ਸੀ। ਇਸ ਲਈ ਪੰਜਾਬੀ ਪੜ੍ਹੇ-ਲਿਖੇ ਲੋਕਾਂ ਤੋਂ ਬਹੁਤ ਦੁਖੀ ਸਨ ਤੇ ਉਹਨਾਂ 'ਤੇ ਭਰੋਸਾ ਨਹੀਂ ਕਰਦੇ ਸਨ।

ਦੂਜਾ ਮੁਸਲਮਾਨ ਲਾਲਾ ਹਰਦਿਆਲ ਉੱਤੇ ਇਹ ਇਲਜ਼ਾਮ ਲਗਾਉਂਦੇ ਸਨ ਕਿ ਉਹਨਾਂ ਦੇ ਦਿਮਾਗ ਤੇ ਹਿੰਦੂਇਜ਼ਮ ਛਾਇਆ ਹੋਇਆ ਹੈ। ਉਹ ਸ਼ਿਕਾਇਤ ਕਰਦੇ ਸਨ ਕਿ ਜਿਹੜੇ ਚਾਰ ਵਿਦਿਆਰਥੀ ਭਾਈ ਜਵਾਲਾ ਸਿੰਘ ਨੇ ਵੱਖ-ਵੱਖ ਸੂਬਿਆਂ ਤੋਂ ਵਜ਼ੀਫਾ ਦੇਕੇ ਮੰਗਵਾਏ ਸਨ, ਉਹਨਾਂ ਵਿਚ ਮਦਰਾਸ ਦਾ ਇੱਕ ਮੁਸਲਮਾਨ ਵਿਦਿਆਰਥੀ ਵੀ ਸੀ। ਉਹ ਕਾਬਲੀਅਤ 'ਚ ਦੂਜੇ ਵਿਦਿਆਰਥੀਆਂ ਤੋਂ ਘੱਟ ਨਹੀਂ ਸੀ, ਪਰ ਲਾਲਾ ਹਰਦਿਆਲ, ਜੋ ਵਜ਼ੀਫਾ ਮਨਜ਼ੂਰ ਕਰਨ ਵਾਲੀ ਕਮੇਟੀ ਦੇ ਮੈਂਬਰ ਸਨ, ਨੇ ਆਪਣੇ ਦਿੱਲੀ ਦੇ ਇੱਕ ਵਿਦਿਆਰਥੀ ਨੂੰ ਵਜ਼ੀਫਾ ਦੇ ਦਿੱਤਾ। ਉਹ ਕਾਬਲੀਅਤ ਵਿਚ ਮੁਸਲਿਮ ਵਿਦਿਆਰਥੀ ਤੋਂ ਹੀਣਾ ਸੀ। ਮੁਸਲਮਾਨ ਵਿਦਿਆਰਥੀ ਨੂੰ ਇਸ ਕਰਕੇ ਫੇਲ੍ਹ ਕਰ ਦਿੱਤਾ ਗਿਆ, ਕਿਉਂਕਿ ਉਹ ਦੂਜੇ ਧਰਮ ਨਾਲ ਸਬੰਧਤ ਸੀ।

ਤੀਜਾ ਅੰਗਰੇਜ਼ਾਂ ਦੀ ਸੀ.ਆਈ.ਡੀ. ਸਿੱਖ ਧਰਮ ਦੀ ਆੜ ਲੈਕੇ ਸਿੱਖਾਂ ਨੂੰ ਪਾਰਟੀ ਤੋਂ ਦੂਰ ਰੱਖਣ ਲਈ ਦਿਨ-ਰਾਤ ਕੰਮ ਕਰ ਰਹੀ ਸੀ।

ਪਾਰਟੀ ਨੇ ਆਪਣੀ ਸਚਾਈ, ਦੇਸ਼ਭਗਤੀ ਤੇ ਤਿਆਗ ਦੇ ਬਲ ਅਤੇ ਉੱਚੇ ਸਿਆਸੀ ਸ਼ਊਰ ਦਾ ਸਬੂਤ ਦਿੰਦਿਆਂ ਹੋਇਆਂ ਇਹਨਾਂ ਸਾਰੀਆਂ ਰੁਕਾਵਟਾਂ ਉੱਤੇ ਕਾਬੂ ਪਾ ਲਿਆ। ਅੰਗਰੇਜ਼ੀ ਰਾਜ ਦੇ ਚਾਟੜਿਆਂ ਨੂੰ ਪਾਰਟੀ ਦੇ ਸਾਹਮਣੇ ਮੂੰਹ ਦੀ ਖਾਣੀ ਪਈ। ਸੀ.ਆਈ.ਡੀ. ਵਿਚ ਵੀ ਇਹ ਜੁਅਰਤ ਨਾ ਰਹਿ ਗਈ ਕਿ ਉਹ ਪਾਰਟੀ ਦੇ ਖ਼ਿਲਾਫ਼ ਹਿੰਦੀਆਂ ਵਿਚ ਪ੍ਰਾਪੇਗੰਡਾ ਕਰ ਸਕੇ ਅਤੇ ਕਹਿ ਸਕੇ ਕਿ ਗ਼ਦਰ ਪਾਰਟੀ ਵੀ ਬਾਕੀ ਪਾਰਟੀਆਂ ਵਾਂਗ ਪੈਸਾ ਬਟੋਰਨ ਲਈ ਬਣਾਈ ਗਈ ਹੈ। ਫਿਰਕਾਪ੍ਰਸਤਾਂ ਦਾ ਵੀ ਹੌਂਸਲਾ ਨਹੀਂ ਸੀ ਕਿ ਉਹ ਪਾਰਟੀ ਨੂੰ ਧਰਮਹੀਣ ਤੇ ਨਾਸਤਿਕਾਂ ਦੀ ਪਾਰਟੀ ਕਹਿ ਸਕਦੇ, ਕਿਉਂਕਿ ਸੰਤ ਵਿਸਾਖਾ ਸਿੰਘ, ਭਾਈ ਜਵਾਲਾ ਸਿੰਘ ਤੇ ਭਾਈ ਨਿਧਾਨ ਸਿੰਘ ਚੁੱਘਾ ਵਰਗੇ ਸਤਿਕਾਰਤ ਸਿੱਖ ਪਾਰਟੀ ਵਿਚ ਕੰਮ ਹੀ ਨਹੀਂ ਕਰ ਰਹੇ ਸਨ, ਸਗੋਂ ਸਟਾਕਟਨ ਦੀ ਗੁਰਦੁਆਰਾ ਕਮੇਟੀ ਦੇ ਵੀ ਕਰਤਾ ਧਰਤਾ ਸਨ। ਮੁਸਲਮਾਨਾਂ ਨੂੰ ਵੀ ਯਕੀਨ ਹੋ ਗਿਆ ਸੀ ਕਿ ਗ਼ਦਰ ਪਾਰਟੀ ਨਿਰੋਲ ਸਿਆਸੀ ਤੇ ਦੇਸ਼ਭਗਤ ਪਾਰਟੀ ਹੈ, ਕਿਉਂਕਿ ਪ੍ਰੋ. ਮੌਲਵੀ ਬਰਕਤ ਉਲਾ ਵਰਗਾ ਵਿਦਵਾਨ ਮੁਸਲਮਾਨ ਵੀ ਪਾਰਟੀ ਵਿਚ ਸ਼ਾਮਲ ਸੀ ਅਤੇ ਕੰਮ ਵਿਚ ਜੁੱਟਿਆ ਹੋਇਆ ਸੀ।

ਪਾਰਟੀ 'ਤੇ ਅਸਹਿ ਸੱਟ

ਜਦੋਂ ਗ਼ਦਰ ਪਾਰਟੀ ਆਪਣੇ ਵਿਰੋਧੀਆਂ ਨੂੰ ਪਛਾੜਦੀ ਹੋਈ ਅਮਰੀਕਾ ਤੋਂ ਬਾਹਰ ਕਨੇਡਾ ਤੇ ਦੂਜੇ ਟਾਪੂਆਂ ਵਿਚ ਪਾਰਟੀ ਕੰਮ ਨੂੰ ਦਿਨ ਦੂਣਾ ਰਾਤ ਚੌਗਣਾ ਵਧਾਉਣ ਲੱਗੀ ਤਾਂ

ਪਾਰਟੀ ਦਾ ਵਕਾਰ ਵੱਧਣ ਦੇ ਨਾਲ-ਨਾਲ ਅੰਗਰੇਜ਼ੀ ਸਾਮਰਾਜ ਦੀ ਘਬਰਾਹਟ ਵੀ ਵੱਧਣ ਲੱਗੀ। ਉਹਨਾਂ ਦੇ ਦਿਮਾਗ ਵਿਚ ਇਹ ਵਹਿਮ ਸੀ ਕਿ ਗ਼ਦਰ ਪਾਰਟੀ ਦੇ ਕਰਤਾ ਧਰਤਾ ਲਾਲਾ ਹਰਦਿਆਲ ਹਨ। ਇਸ ਵਹਿਮ (ਜਿਹੜਾ ਹਾਲੇ ਤੱਕ ਹਿੰਦੋਸਤਾਨੀ ਲੇਖਕਾਂ ਦੇ ਦਿਮਾਗ ਵਿਚ ਵੀ ਹੈ) ਸਦਕਾ ਉਹ ਇਸ ਤਾਕ ਵਿਚ ਸਨ ਕਿ ਜਦੋਂ ਵੀ ਮੌਕਾ ਹੱਥ ਆਵੇ ਲਾਲਾ ਹਰਦਿਆਲ ਨੂੰ ਪਾਰਟੀ ਤੋਂ ਜੁਦਾ ਕਰ ਦਿੱਤਾ ਜਾਵੇ। ਇਹ ਬਹਾਨਾ ਉਹਨਾਂ ਨੂੰ ਮਿਲ ਗਿਆ।

ਪਾਠਕਾਂ ਨੂੰ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਸਾਨਫਰਾਂਸਿਸਕੋ ਉਸ ਵੇਲੇ ਦੁਨੀਆ ਭਰ ਦੇ ਇਨਕਲਾਬੀਆਂ ਦਾ ਅੱਡਾ ਸੀ। ਸਾਰੇ ਮੁਲਕਾਂ ਦੀਆਂ ਪਾਰਟੀਆਂ ਦੇ ਨੁਮਾਇੰਦੇ ਉੱਥੇ ਕੰਮ ਕਰਦੇ ਸਨ। ਇਹਨਾਂ ਵਿਚ ਰੂਸੀ ਵੀ ਸਨ, ਜੋ ਜਾਰਸ਼ਾਹੀ ਤੋਂ ਤੰਗ ਆਏ ਹੋਏ ਸਨ। ਇਹ ਨੁਮਾਇੰਦੇ ਆਪਸ ਵਿਚ ਮਿਲਦੇ ਸਨ। ਜਿਸ ਨਾਲ ਆਪਸ ਵਿਚ ਤਾਲਮੇਲ ਵਧਦਾ ਸੀ ਅਤੇ ਇੱਕ ਦੂਜੇ ਦੀ ਵਿੱਤ ਮੁਤਾਬਿਕ ਸਹਾਇਤਾ ਵੀ ਕਰਦੇ ਸਨ। ਰੂਸੀਆਂ ਦੇ ਇੱਕ ਜਲਸੇ ਵਿਚ ਲਾਲਾ ਹਰਦਿਆਲ ਨੇ ਜ਼ਾਰ ਦੇ ਖ਼ਿਲਾਫ਼ ਤਕਰੀਰ ਕੀਤੀ। ਅੰਗਰੇਜ਼ੀ ਸਰਕਾਰ ਨੇ ਇਸ ਮੌਕੇ ਨੂੰ ਖੁੰਝਣ ਨਾ ਦਿੱਤਾ ਅਤੇ ਕੌਮਾਂਤਰੀ ਕਾਨੂੰਨ ਅਧੀਨ ਅਮਰੀਕੀ ਸਰਕਾਰ ਨੇ ਲਾਲਾ ਹਰਦਿਆਲ 'ਤੇ ਮੁਕੱਦਮਾ ਚਲਾ ਦਿੱਤਾ। ਇਹ ਮੁਕੱਦਮਾ ਅੰਗਰੇਜ਼ ਸਰਕਾਰ ਦੇ ਇਸ਼ਾਰੇ 'ਤੇ ਚਲਾਇਆ ਗਿਆ। ਅਮਰੀਕੀ ਪ੍ਰੈੱਸ ਨੇ ਲਾਲਾ ਜੀ ਦੀ ਪੂਰੀ ਸਹਾਇਤਾ ਕੀਤੀ। ਕਈ ਅਖ਼ਬਾਰਾਂ ਨੇ ਤਾਂ ਇੱਥੋਂ ਤਕ ਲਿਖ ਦਿੱਤਾ ਕਿ ਅਮਰੀਕੀ ਸਰਕਾਰ ਅੰਗਰੇਜ਼ਾਂ ਦੇ ਬੂਟ ਚੱਟ ਰਹੀ ਹੈ। ਲਾਲਾ ਹਰਦਿਆਲ ਨੂੰ ਪਾਰਟੀ ਨੇ ਇੱਕ ਹਜ਼ਾਰ ਡਾਲਰ ਦੀ ਨਗਦ ਜ਼ਮਾਨਤ ਦੇਕੇ ਰਿਹਾਅ ਕਰਵਾ ਲਿਆ। ਕਈ ਅਮਰੀਕਨ ਦੋਸਤਾਂ ਨੇ ਸਲਾਹ ਦਿੱਤੀ ਹੁਣ ਹਰਦਿਆਲ ਦਾ ਅਮਰੀਕਾ ਵਿਚ ਰਹਿਣਾ ਮੁਸ਼ਕਲ ਹੈ। ਸੋ ਪਾਰਟੀ ਨੇ ਫ਼ੈਸਲਾ ਕੀਤਾ ਕਿ ਜ਼ਮਾਨਤ ਜ਼ਬਤ ਕਰਵਾਕੇ ਲਾਲਾ ਹਰਦਿਆਲ ਨੂੰ ਕਿਤੇ ਹੋਰ ਜਗ੍ਹਾ ਭੇਜ ਦਿੱਤਾ ਜਾਵੇ। ਇਸ ਲਈ ਮੁਨਾਸਿਬ ਬੰਦੋਬਸਤ ਕੀਤਾ ਗਿਆ। ਇਹ ਗੱਲ ਮਾਰਚ 1914 ਦੀ ਹੈ।

ਇਸ ਤੋਂ ਬਾਅਦ ਲਾਲਾ ਹਰਦਿਆਲ ਦਾ ਪਾਰਟੀ ਨਾਲ ਕੋਈ ਸਬੰਧ ਨਾ ਰਿਹਾ। ਜੇ ਕਿਸੇ ਨਾਲ ਕੋਈ ਨਿੱਜੀ ਸਬੰਧ ਹੋਵੇ ਤਾਂ ਵੱਖਰੀ ਗੱਲ ਹੈ। ਪਰ ਉਸਦਾ ਚਾਰ ਮਹੀਨੇ ਦਾ ਅਖ਼ਬਾਰੀ ਕੰਮ ਗ਼ਦਰ ਪਾਰਟੀ ਦੀ ਤਾਰੀਖ ਵਿਚ ਹਮੇਸ਼ਾਂ ਜ਼ਿੰਦਾ ਰਹੇਗਾ।

ਕਾਮਰੇਡ ਸੰਤੋਖ ਸਿੰਘ ਦਾ ਸਕੱਤਰ ਬਣਨਾ

ਇਹ ਉਹੀ ਕਾਮਰੇਡ ਸੰਤੋਖ ਸਿੰਘ ਹਨ, ਜੋ ਇਨਕਲਾਬ ਫੇਲ੍ਹ ਹੋਣ ਤੋਂ ਬਾਅਦ ਮਲਾਇਆ ਤੋਂ ਬਚਕੇ ਅਮਰੀਕਾ ਮੁੜ ਗਏ ਸਨ। ਉਸ ਵੇਲੇ ਰਾਮ ਚੰਦਰ, ਜੋ ਪਾਰਟੀ ਜਮਹੂਰੀਅਤ ਨੂੰ ਫਨਾਹ ਕਰਕੇ ਤੇ ਸਾਥੀਆਂ ਦੇ ਸਿਰਾਂ ਨੂੰ ਵੇਚਕੇ ਅਤੇ ਕੁੱਝ ਖੁਦਗਰਜ਼ਾਂ ਨੂੰ ਨਾਲ ਮਿਲਾਕੇ ਲੱਖਾਂ ਰੁਪਏ ਦੀ ਪਾਰਟੀ ਜਾਇਦਾਦ ਉੱਤੇ ਕਬਜ਼ਾ ਕਰਨ ਉਪਰੰਤ ਪਾਰਟੀ ਆਦਰਸ਼ ਨੂੰ ਤੱਬਾਹ ਕਰਦਿਆਂ ਖੁਦਮੁਖਤਾਰ ਡਿਕਟੇਟਰ ਬਣ ਚੁੱਕਿਆ ਸੀ, ਨੇ ਪਾਰਟੀ ਦਾ ਸਾਰਾ ਰਿਕਾਰਡ ਤਬਾਹ ਕਰ ਦਿੱਤਾ ਸੀ। ਜਦੋਂ ਕਈ ਮੈਂਬਰ ਵੱਖ-ਵੱਖ ਮੁਹਾਜ਼ਾਂ ਤੋਂ ਕਿਵੇਂ ਨਾ ਕਿਵੇਂ ਬਚ ਬਚਾਕੇ ਅਮਰੀਕਾ

ਪਹੁੰਚੇ, ਤਾਂ ਅਮਰੀਕੀ ਸਰਕਾਰ ਨੇ ਅੰਗਰੇਜ਼ਾਂ ਦੇ ਇਸ਼ਾਰਿਆਂ ਉੱਤੇ ਮੁਕੱਦਮੇ ਚਲਾ ਦਿੱਤੇ। ਭਾਈ ਸੰਤੋਖ ਸਿੰਘ ਵੀ ਮੁਕੱਦਮਿਆਂ ਵਿਚ ਧਰ ਲਏ ਗਏ। ਉਹਨਾਂ ਨੇ ਹੀ ਰਾਮ ਚੰਦਰ ਹੱਥੋਂ ਪਾਰਟੀ ਬਚਾ ਲਈ।

ਸੰਤੋਖ ਸਿੰਘ ਨਹਾਇਤ ਸੰਜੀਦਾ, ਪੜ੍ਹਿਆ ਲਿਖਿਆ ਤੇ ਦਿਆਨਤਦਾਰ ਨੌਜਵਾਨ ਸੀ। ਉਹ ਇੰਤਜ਼ਾਮੀਆ ਕਮੇਟੀ ਦਾ ਮੈਂਬਰ ਸੀ। ਇਸ ਲਈ ਜਨਰਲ ਸਕੱਤਰ ਦੇ ਅਹੁਦੇ ਲਈ ਸਾਥੀਆਂ ਨੇ ਉਸਦੀ ਹੀ ਚੋਣ ਕੀਤੀ। ਉਸਦੇ ਆਉਣ ਨਾਲ ਪਾਰਟੀ ਮਜ਼ਬੂਤ ਹੋਈ। ਪਹਿਲਾਂ ਮੁੱਢਲੀਆਂ ਕਮੇਟੀਆਂ ਦਾ ਇਹੀ ਕੰਮ ਸੀ ਕਿ ਮੈਂਬਰਾਂ ਨੂੰ ਅਖ਼ਬਾਰ ਤੇ ਹੋਰ ਲਿਟਰੇਚਰ ਵੰਡਣ, ਪਾਰਟੀ ਹਦਾਇਤਾਂ ਉਹਨਾਂ ਤੱਕ ਪੁਚਾਉਣ, ਮੈਂਬਰਸ਼ਿਪ ਦਾ ਚੰਦਾ ਇਕੱਤਰ ਕਰਕੇ ਪਾਰਟੀ ਨੂੰ ਭੇਜਣ ਤੇ ਮੈਂਬਰਸ਼ਿਪ ਵਧਾਉਣ, ਪਰ ਉਹਨਾਂ ਦੇ ਆਉਣ ਨਾਲ ਕਮਿਸ਼ਨ ਨੇ ਆਪਣਾ ਇਨਕਲਾਬੀ ਕੰਮ ਅਮਲੀ ਤੌਰ 'ਤੇ ਸ਼ੁਰੂ ਕੀਤਾ। ਨੌਜਵਾਨਾਂ ਨੂੰ ਮਾਸਟਰ ਊਧਮ ਸਿੰਘ ਦੀ ਨਿਗਰਾਨੀ ਹੇਠ ਫੌਜੀ ਤਾਲੀਮ ਦੇਣੀ ਸ਼ੁਰੂ ਕੀਤੀ। ਹਵਾਬਾਜ਼ੀ ਦੀ ਟਰੇਨਿੰਗ ਦਾ ਬੰਦੋਬਸਤ ਕੀਤਾ ਗਿਆ ਤੇ ਕਰਤਾਰ ਸਿੰਘ ਸਰਾਭਾ ਨੂੰ ਹਵਾਈ ਜਹਾਜ਼ ਉਡਾਉਣਾ ਸਿੱਖਣ ਲਈ ਪੂਰਬੀ ਅਮਰੀਕਾ ਭੇਜਿਆ ਗਿਆ। ਮੁੱਕਦੀ ਗੱਲ ਕਿ ਕਾਮਰੇਡ ਸੰਤੋਖ ਸਿੰਘ ਲਾਲਾ ਹਰਦਿਆਲ ਤੋਂ ਜ਼ਿਆਦਾ ਸਰਗਰਮ ਤੇ ਸਮਝਦਾਰ ਜਨਰਲ ਸਕੱਤਰ ਸਾਬਤ ਹੋਏ ਅਤੇ ਲਾਲਾ ਹਰਦਿਆਲ ਦੇ ਜਾਣ ਤੋਂ ਬਾਅਦ ਪਿਆ ਖਿਲਾਅ ਛੇਤੀ ਹੀ ਭਰ ਗਿਆ।

ਲਾਲਾ ਹਰਦਿਆਲ ਦੇ ਜਾਣ ਤੋਂ ਬਾਅਦ ਪਾਰਟੀ ਵਿਚ ਦੋ ਜਗ੍ਹਾ ਖਾਲੀ ਹੋਈਆਂ ਸਨ। ਇੱਕ ਜਨਰਲ ਸਕੱਤਰ ਦੀ ਤੇ ਦੂਜੀ ਐਡੀਟਰ ਦੀ, ਕਿਉਂਕਿ ਲਾਲਾ ਹਰਦਿਆਲ ਇਹ ਦੋਵੇਂ ਜ਼ੁੰਮੇਵਾਰੀਆਂ ਨਿਭਾਉਂਦੇ ਸਨ। ਪਾਰਟੀ ਨੇ ਜਨਰਲ ਸਕੱਤਰ ਲਈ ਕਾਮਰੇਡ ਸੰਤੋਖ ਸਿੰਘ ਦੀ ਚੋਣ ਕੀਤੀ ਅਤੇ 'ਗ਼ਦਰ' ਦੀ ਸੰਪਾਦਨਾ ਦਾ ਕੰਮ ਰਾਮ ਚੰਦਰ ਨੂੰ ਸੌਂਪ ਦਿੱਤਾ।

ਇਨਕਲਾਬੀ ਕੰਮ ਦੀ ਤਿਆਰੀ

ਪਾਠਕ ਜਾਣ ਚੁੱਕੇ ਹਨ ਕਿ ਗ਼ਦਰ ਪਾਰਟੀ ਦਾ ਨਜ਼ਰੀਆ ਅੰਗਰੇਜ਼ਾਂ ਕੋਲੋਂ ਭੀਖ ਮੰਗਣ ਦਾ ਨਹੀਂ ਸੀ। ਉਹ ਹਥਿਆਰਬੰਦ ਇਨਕਲਾਬ ਰਾਹੀਂ ਤਾਕਤ ਦੇ ਜ਼ੋਰ 'ਤੇ ਅੰਗਰੇਜ਼ਾਂ ਹੱਥੋਂ ਦੇਸ਼ ਨੂੰ ਅਜ਼ਾਦ ਕਰਾਉਣਾ ਚਾਹੁੰਦੀ ਸੀ। ਪਾਰਟੀ ਦੇ ਸਿਧਾਂਤਾਂ ਵਿਚ ਗ਼ੁਲਾਮੀ ਸਭ ਤੋਂ ਵੱਡਾ ਗੁਨਾਹ ਸੀ। ਪਾਰਟੀ ਗ਼ੁਲਾਮ ਰੱਖਣ ਅਤੇ ਗ਼ੁਲਾਮੀ ਪ੍ਰਵਾਨ ਕਰਨ ਵਾਲੇ, ਦੋਵਾਂ ਨੂੰ ਇਨਸਾਨੀਅਤ ਤੋਂ ਦੂਰ ਸਮਝਦੀ ਸੀ। ਮਹਾਤਮਾ ਜੀ ਦਾ ਅਹਿੰਸਾਵਾਦ ਉਸਨੂੰ ਜਚਦਾ ਨਹੀਂ ਸੀ। ਪਾਰਟੀ ਦੇ ਖ਼ਿਆਲ ਅਨੁਸਾਰ ਦੂਜਿਆਂ ਨੂੰ ਗ਼ੁਲਾਮ ਰੱਖਣ ਲਈ ਹਥਿਆਰ ਚੁੱਕਣਾ ਜਾਂ ਗ਼ੁਲਾਮ ਰੱਖਣ ਵਾਲੇ ਨੂੰ ਕਿਸੇ ਵੀ ਤਰ੍ਹਾਂ ਦੀ ਮਦਦ ਦੇਣਾ ਹਿੰਸਾ ਸੀ, ਜਦਕਿ ਗ਼ੁਲਾਮ ਕੌਮ ਦਾ ਆਪਣੀ ਅਜ਼ਾਦੀ ਲਈ ਹਥਿਆਰਬੰਦ ਇਨਕਲਾਬ ਕਰਨਾ ਗ਼ਦਰ ਪਾਰਟੀ ਦੇ ਕੋਸ਼ ਵਿਚ ਹਿੰਸਾ ਨਹੀਂ ਸਮਝਿਆ ਜਾਂਦਾ ਸੀ। ਇਸ ਤਰ੍ਹਾਂ ਗ਼ਦਰ ਪਾਰਟੀ ਮਹਾਤਮਾ ਜੀ ਨੂੰ ਅਹਿੰਸਾਵਾਦੀ ਨਹੀਂ ਸਮਝਦੀ ਸੀ। ਗ਼ਦਰੀਆਂ ਦਾ ਖ਼ਿਆਲ ਸੀ ਕਿ ਦੱਖਣੀ ਅਫਰੀਕਾ ਵਿਚ ਬੋਅਰ-ਵਾਰ

ਵਿਚ ਅਤੇ ਹਿੰਦੋਸਤਾਨ ਵਿਚ ਪਹਿਲੀ ਜੰਗ ਦੌਰਾਨ ਸੰਨ 1914–15 ਵਿਚ ਮਹਾਤਮਾ ਜੀ ਦਾ ਅੰਗਰੇਜ਼ਾਂ ਦੇ ਪੱਖ ਵਿਚ ਮੁਲਕ ਦੇ ਬੱਚਿਆਂ ਦਾ ਵਹਾਇਆ ਖ਼ੂਨ ਅਤੇ ਪਾਣੀ ਦੀ ਤਰ੍ਹਾਂ ਰੁਪਿਆ ਵਹਾਕੇ ਅੰਗਰੇਜ਼ਾਂ ਦੀ ਕੀਤੀ ਮਦਦ – ਇਹ ਸਭ ਕੁੱਝ ਅਹਿੰਸਾ ਅਤੇ ਸਤਿਯਾਵਾਦੀ ਅਸੂਲਾਂ ਦੇ ਅਨੁਕੂਲ ਨਹੀਂ ਸੀ।

ਪਾਰਟੀ ਦੇ ਹਥਿਆਰਬੰਦ ਇਨਕਲਾਬ ਦੀ ਤਿਆਰੀ ਲਈ ਤਿੰਨ ਜ਼ੁੰਮੇਵਾਰ ਸਾਥੀਆਂ ਦਾ ਕਮਿਸ਼ਨ ਬਣਾਇਆ ਸੀ। ਜਿਸਦੇ ਮੈਂਬਰ ਪ੍ਰਧਾਨ, ਜਨਰਲ ਸਕੱਤਰ ਤੇ ਖਜ਼ਾਨਚੀ ਸਨ। ਇਹ ਕਮਿਸ਼ਨ ਪਾਰਟੀ ਦੇ ਸਾਰੇ ਗੁਪਤ ਕੰਮਾਂ ਅਤੇ ਅੰਗਰੇਜ਼ਾਂ ਦੀਆਂ ਦੁਸ਼ਮਣ ਤਾਕਤਾਂ ਨਾਲ ਜੋੜ–ਤੋੜ ਕਰਨ ਦਾ ਜ਼ੁੰਮੇਵਾਰ ਸੀ। ਪਾਰਟੀ ਨੇ ਕਮਿਸ਼ਨ ਨੂੰ ਅਖ਼ਤਿਆਰ ਦਿੱਤਾ ਹੋਇਆ ਸੀ ਕਿ ਉਹ ਇਨਕਲਾਬ ਦੀ ਤਿਆਰੀ ਲਈ ਜਿੰਨਾ ਵੀ ਚਾਹੇ ਰੁਪਿਆ ਖਰਚ ਕਰ ਸਕਦਾ ਹੈ, ਜਿਸ ਵੀ ਮੈਂਬਰ ਦੀ ਚਾਹੇ ਮਦਦ ਲੈ ਸਕਦਾ ਹੈ। ਪਾਰਟੀ ਕਮਿਸ਼ਨ ਨੂੰ ਰਿਪੋਰਟ ਦੇਣ ਲਈ ਵੀ ਮਜਬੂਰ ਨਹੀਂ ਕਰੇਗੀ, ਪਰ ਜਦੋਂ ਕਮਿਸ਼ਨ ਇਹ ਮਹਿਸੂਸ ਕਰੇ ਕਿ ਰਿਪੋਰਟ ਨਾਲ ਪਾਰਟੀ ਹਿੱਤਾਂ ਨੂੰ ਕੋਈ ਨੁਕਸਾਨ ਨਹੀਂ, ਤਾਂ ਉਹ ਆਪਣੀ ਪੂਰੀ ਜ਼ੁੰਮੇਵਾਰੀ ਨਾਲ ਰਿਪੋਰਟ ਪਾਰਟੀ ਸਾਹਮਣੇ ਪੇਸ਼ ਕਰ ਸਕਦਾ ਹੈ।

ਹੁਣ ਪਾਰਟੀ ਨੇ ਫੌਜੀ ਤਾਲੀਮ ਲਈ ਨੌਜਵਾਨ ਚੁਣਨੇ ਸ਼ੁਰੂ ਕੀਤੇ। ਦੋ ਫੌਜੀ ਜਰਨੈਲ –ਇਕ ਪਿਆਦਾ ਫੌਜ ਲਈ ਅਤੇ ਦੂਜਾ ਅਸਮਾਨੀ ਲੜਾਈਆਂ 'ਚ ਮੁਹਾਰਤ ਹਾਸਲ ਕਰਨ ਲਈ ਤਿਆਰ ਕੀਤੇ ਗਏ। ਕਰਤਾਰ ਸਿੰਘ ਸਰਾਭਾ ਨੂੰ ਹਵਾਈ ਜਹਾਜ਼ ਉਡਾਉਣ ਅਤੇ ਅਸਮਾਨੀ ਲੜਾਈ ਦੇ ਗੁਰ ਸਿੱਖਣ ਲਈ ਪੂਰਬੀ ਅਮਰੀਕਾ ਦੀ ਇੱਕ ਜਰਮਨ ਕੰਪਨੀ ਵਿਚ ਭੇਜਿਆ ਗਿਆ। ਊਧਮ ਸਿੰਘ ਕਸੇਲ, ਜੋ ਹਾਂਗਕਾਂਗ ਦੇ ਤੋਪਖਾਨੇ ਵਿਚ ਰਹਿ ਚੁੱਕੇ ਸਨ ਅਤੇ ਅੱਛੇ ਖਾਸੇ ਨਿਸ਼ਾਨਚੀ ਸਨ, ਨੌਜਵਾਨਾਂ ਨੂੰ ਬੰਦੂਕ ਤੇ ਪਿਸਤੌਲ ਦੀ ਨਿਸ਼ਾਨਬਾਜ਼ੀ ਸਿਖਾਉਣ ਲਈ ਮੁਕੱਰਰ ਕੀਤੇ ਗਏ। ਇਸ ਤੋਂ ਇਲਾਵਾ ਆਇਰਸ਼ ਅਤੇ ਚੀਨੀ ਇਨਕਲਾਬੀਆਂ ਕੋਲੋਂ ਬੰਬ ਬਣਾਉਣ ਤੇ ਚਲਾਉਣ ਦੀ ਸਿਖਲਾਈ ਲਈ ਗਈ। ਨਿਸ਼ਾਨੇਬਾਜ਼ੀ ਅਤੇ ਬੰਬ ਚਲਾਉਣ ਦਾ ਕੰਮ ਕੈਲੇਫੋਰਨੀਆ ਦੇ ਉਸ ਇਲਾਕੇ ਵਿਚ ਕੀਤਾ ਗਿਆ, ਜੋ ਮੈਕਸੀਕੋ ਦੀ ਹੱਦ ਦੇ ਕੋਲ ਸੀ ਅਤੇ ਕਾਫੀ ਉਜਾੜ ਪਿਆ ਸੀ। ਅਜੇ ਪਾਰਟੀ ਨੇ ਆਪਣੀ ਤਿਆਰੀ ਪੂਰੀ ਨਹੀਂ ਕੀਤੀ ਸੀ ਅਤੇ ਕੰਮ ਮੁੱਢਲੇ ਪੜਾਅ ਤੇ ਹੀ ਸੀ, ਜਦੋਂ ਯੂਰਪ ਵਿਚ ਜੰਗ ਸ਼ੁਰੂ ਹੋ ਗਈ।

ਕਾਮਾਗਾਟਾਮਾਰੂ ਕਨੇਡਾ ਦੇ ਪੱਤਣਾਂ ਤੇ

23 ਮਈ 1914 ਨੂੰ ਜਦੋਂ ਕਾਮਾਗਾਟਾਮਾਰੂ ਜਹਾਜ਼ 378 ਹਿੰਦੀ ਮੁਸਾਫਰਾਂ ਨੂੰ ਲੈਕੇ ਵੈਨਕੂਵਰ ਦੇ ਤਟ 'ਤੇ ਪਹੁੰਚਿਆ ਤਾਂ ਉਸ ਵੇਲੇ ਤੱਕ ਪਾਰਟੀ ਅਮਰੀਕਾ, ਕਨੇਡਾ, ਸ਼ੰਘਾਈ, ਹਾਂਗਕਾਂਗ, ਜਪਾਨ, ਮਲਾਇਆ, ਬਰਮਾ ਆਦਿ ਟਾਪੂਆਂ ਵਿਚ ਜਥੇਬੰਦੀ ਨੂੰ ਪੂਰਨ ਰੂਪ ਨਹੀਂ ਦੇ ਸਕੀ ਸੀ ਅਤੇ ਨਾ ਹੀ ਨੌਜਵਾਨਾਂ ਨੂੰ ਫੌਜੀ ਟਰੇਨਿੰਗ ਦੇਣ ਦਾ ਕੰਮ ਪੂਰਾ ਹੋ ਸਕਿਆ ਸੀ। ਇਸ ਜਹਾਜ਼ ਨੇ ਕਨੇਡਾ ਸਰਕਾਰ ਦੀਆਂ ਉਹ ਸਾਰੀਆਂ ਸ਼ਰਤਾਂ ਪੂਰੀਆਂ ਕਰ ਦਿੱਤੀਆਂ ਸਨ,

ਜੋ 1910 ਦੇ ਕਾਨੂੰਨ ਮੁਤਾਬਕ ਵਿਦੇਸ਼ਾਂ ਤੋਂ ਕਨੇਡਾ ਆਉਣ ਲਈ ਜ਼ਰੂਰੀ ਸਨ। ਸ਼ਰਤਾਂ ਇਹ ਸਨ ਕਿ ਉਹ ਆਪਣੇ ਦੇਸ਼ ਤੋਂ ਸਿੱਧੇ ਸਵਾਰ ਹੋਕੇ ਕਨੇਡਾ ਆਉਣ, ਰਸਤੇ ਵਿਚ ਕੋਈ ਹੋਰ ਜਹਾਜ਼ ਨਾ ਬਦਲਣ ਅਤੇ ਹਰ ਮੁਸਾਫ਼ਰ ਕੋਲ 200 ਡਾਲਰ ਨਗਦ ਰਕਮ ਹੋਵੇ। ਕਨੇਡਾ ਸਰਕਾਰ ਨੇ ਮੁਸਾਫ਼ਰਾਂ ਨੂੰ ਉਤਰਨ ਦੀ ਆਗਿਆ ਤਾਂ ਕੀ ਦੇਣੀ ਸੀ, ਸਗੋਂ ਜਹਾਜ਼ ਨੂੰ ਬੰਦਰਗਾਹ 'ਤੇ ਹੀ ਨਾ ਲੱਗਣ ਦਿੱਤਾ ਗਿਆ ਤੇ ਕਈ ਮਹੀਨੇ ਜਹਾਜ਼ ਬੰਦਰਗਾਹ ਤੋਂ ਪਰ੍ਹੇ ਸਮੁੰਦਰ ਵਿਚ ਹੀ ਖੜਾ ਰਿਹਾ। ਇਸ ਅਰਸੇ ਦੌਰਾਨ ਮੁਸਾਫ਼ਰਾਂ ਨੂੰ ਬਹੁਤ ਕਸ਼ਟ ਸਹਿਣੇ ਪਏ ਅਤੇ ਕਨੇਡਾ ਵਿਚ ਵਸ ਰਹੇ ਹਿੰਦੀਆਂ ਨੇ ਜਿਹੜੀ ਜੱਦੋਜਹਿਦ ਕੀਤੀ, ਉਹ ਕੌਮੀ ਅਣਖ ਦਾ ਅਨੋਖਾ ਨਮੂਨਾ ਹੈ। ਅਖੀਰ ਕਨੇਡਾ ਸਰਕਾਰ ਤੇ ਉਸਦੀ ਮਾਲਕ ਅੰਗਰੇਜ਼ੀ ਸਰਕਾਰ ਨੂੰ ਝੁਕਣਾ ਪਿਆ। ਉਹ ਸਾਰੀਆਂ ਘਟਨਾਵਾਂ ਦੇਸ਼ ਦੇ ਲੋਕਾਂ ਸਾਹਮਣੇ ਆ ਚੁੱਕੀਆਂ ਹਨ। ਅਸੀਂ ਸਿਰਫ਼ ਕਾਮਾਗਾਟਾਮਾਰੂ ਦੇ ਕਾਂਡ ਦੇ ਗ਼ਦਰ ਪਾਰਟੀ ਨਾਲ ਸਬੰਧਾਂ ਅਤੇ ਉਥੋਂ ਦੇ ਹਿੰਦੀਆਂ ਉੱਤੇ ਪਏ ਅਸਰ ਦਾ ਹੀ ਜ਼ਿਕਰ ਕਰਾਂਗੇ।

ਜਦੋਂ ਪਾਰਟੀ ਨੂੰ ਕਾਮਾਗਾਟਾਮਾਰੂ ਦੇ ਆਉਣ ਅਤੇ ਕਨੇਡਾ ਸਰਕਾਰ ਦੀ ਧੱਕੇਸ਼ਾਹੀ ਤੇ ਗੈਰ-ਕਾਨੂੰਨੀ ਹਰਕਤਾਂ ਦਾ ਪਤਾ ਲੱਗਿਆ ਤਾਂ 'ਗ਼ਦਰ' ਦਾ ਸਪੈਸ਼ਲ ਅੰਕ ਕੱਢਿਆ ਗਿਆ। ਇਸ ਵਿਚ ਅਮਰੀਕਨ ਤੇ ਕਨੇਡੀਅਨ ਹਿੰਦੀਆਂ ਨੂੰ ਕਾਮਾਗਾਟਾਮਾਰੂ ਨੂੰ ਵਾਪਸ ਮੋੜਨ ਦਾ ਪੂਰਾ ਹਾਲ ਦੱਸਿਆ ਗਿਆ। ਕਨੇਡੀਅਨ ਅਤੇ ਅੰਗਰੇਜ਼ ਸਰਕਾਰ ਦੀ ਬਦਨੀਤੀ ਅਤੇ ਸ਼ਰਾਰਤ ਦਾ ਪਾਜ ਉਘੇੜਿਆ ਗਿਆ। ਕਾਮਾਗਾਟਾਮਾਰੂ ਪ੍ਰਤੀ ਹਿੰਦੀਆਂ ਦੇ ਫਰਜ਼ ਨੂੰ ਹਰ ਪਹਿਲੂ ਤੋਂ ਉਜਾਗਰ ਕੀਤਾ ਗਿਆ। ਇਸ ਤੋਂ ਇਲਾਵਾ ਪਾਰਟੀ ਨੇ ਪਾਰਟੀ ਫੰਡ ਵਿੱਚੋਂ ਇਕ ਹਜ਼ਾਰ ਡਾਲਰ ਹਿੰਦੋਸਤਾਨ ਕਮੇਟੀ ਨੂੰ ਮੁਸਾਫ਼ਰਾਂ ਦੀ ਸਹਇਤਾ ਲਈ ਭੇਜਿਆ। ਕਮੇਟੀ ਦੇ ਜ਼ੁੰਮੇਵਾਰ ਕਾਰਕੁੰਨਾਂ ਨੇ ਸ੍. ਭਾਗ ਸਿੰਘ ਤੇ ਬਲਵੰਤ ਸਿੰਘ ਨਾਲ ਫੋਨ 'ਤੇ ਗੱਲਬਾਤ ਜਾਰੀ ਰੱਖੀ ਅਤੇ 'ਗ਼ਦਰ' ਅਖ਼ਬਾਰ ਅਤੇ 'ਗ਼ਦਰ ਦੀ ਗੂੰਜ' ਸਮੇਤ ਹੋਰ ਪਾਰਟੀ ਲਿਟਰੇਚਰ ਭੇਜਿਆ ਜਾਂਦਾ ਰਿਹਾ। 'ਗ਼ਦਰ' ਦੇ ਹਰ ਪਰਚੇ ਵਿਚ ਕਾਮਾਗਾਟਾਮਾਰੂ ਦੀ ਬਾਬਤ ਕਾਫ਼ੀ ਚਰਚਾ ਕੀਤੀ ਜਾਂਦੀ। ਪਾਰਟੀ ਕਾਮਾਗਾਟਾਮਾਰੂ ਦੇ ਪਰਤ ਜਾਣ ਤੱਕ ਆਪਣਾ ਫਰਜ਼ ਪੂਰਾ ਕਰਦੀ ਰਹੀ। ਪਰ ਇਸ ਸਮੇਂ ਦੌਰਾਨ ਪਾਰਟੀ ਦੇ ਆਪਣੇ ਕੰਮ-ਕਾਰ ਵਿਚ ਵਿਘਨ ਪਿਆ।

ਕਨੇਡੀਅਨ ਅਤੇ ਅੰਗਰੇਜ਼ ਸਰਕਾਰਾਂ ਵਲੋਂ ਕਾਮਾਗਾਟਾਮਾਰੂ ਦੇ ਹਿੰਦੀ ਮੁਸਾਫ਼ਰਾਂ ਨਾਲ ਕੀਤੇ ਵਹਿਸ਼ੀਆਨਾ ਸਲੂਕ ਨਾਲ ਹਿੰਦੀਆਂ ਦੇ ਜਜ਼ਬਾਤ ਬਹੁਤ ਜ਼ਿਆਦਾ ਭੜਕ ਉੱਠੇ। ਉਹ ਪਾਰਟੀ ਉੱਤੇ ਜ਼ੋਰ ਦੇਣ ਲੱਗੇ ਕਿ ਹਿੰਦੋਸਤਾਨ ਵਿਚ ਛੇਤੀ ਤੋਂ ਛੇਤੀ ਇਨਕਲਾਬ ਕੀਤਾ ਜਾਵੇ।

ਅੰਤ ਕਨੇਡਾ ਸਰਕਾਰ ਨੇ ਕੁੱਝ ਹਰਜਾਨਾ ਦੇਣਾ ਮਨਜ਼ੂਰ ਕਰ ਲਿਆ ਅਤੇ ਹਿੰਦੋਸਤਾਨ ਕਮੇਟੀ ਤੇ ਜਹਾਜ਼ ਕਮੇਟੀ ਨਾਲ ਰਾਜ਼ੀਨਾਮਾ ਕਰ ਲਿਆ। 23 ਜੁਲਾਈ 1914 ਕਾਮਾਗਾਟਾਮਾਰੂ ਦੇ ਵਾਪਸ ਪਰਤ ਜਾਣ ਦਾ ਦਿਨ ਮੁਕੱਰਰ ਹੋ ਗਿਆ।

ਪਾਰਟੀ ਦੀ ਇੱਕ ਸਪੈਸ਼ਲ ਮੀਟਿੰਗ ਵਿਚ ਫ਼ੈਸਲਾ ਕੀਤਾ ਗਿਆ ਕਿ ਪਾਰਟੀ ਦਾ ਇੱਕ ਜ਼ੁੰਮੇਵਾਰ ਮੈਂਬਰ ਕਾਮਾਗਾਟਾਮਾਰੂ ਦੇ ਨਾਲ-ਨਾਲ ਹਿੰਦੋਸਤਾਨ ਜਾਵੇ। ਉਹ ਦੇਸ਼ ਜਾਕੇ

ਕਾਮਾਗਾਟਾਮਾਰੂ 'ਤੇ ਹੋਏ ਜ਼ੁਲਮਾਂ ਦਾ ਪ੍ਰਾਪੇਗੰਡਾ ਕਰੇ ਅਤੇ ਹਿੰਦੋਸਤਾਨ ਵਿਚ ਵੀ ਗ਼ਦਰ ਪਾਰਟੀ ਦੀ ਬੁਨਿਆਦ ਰੱਖੇ। ਕਮਿਸ਼ਨ ਦੇ ਤਿੰਨ ਮੈਂਬਰਾਂ – ਸੋਹਣ ਸਿੰਘ ਭਕਨਾ, ਭਾਈ ਸੰਤੋਖ ਸਿੰਘ ਤੇ ਪੰਡਿਤ ਕਾਂਸ਼ੀ ਰਾਮ ਦੀ ਮੀਟਿੰਗ ਹੋਈ ਅਤੇ ਫ਼ੈਸਲੇ ਮੁਤਾਬਿਕ ਸੋਹਨ ਸਿੰਘ ਭਕਨਾ ਨੇ ਇਹ ਕੰਮ ਆਪਣੇ ਜ਼ੁੰਮੇ ਲਿਆ। ਇਹਨੀਂ ਦਿਨੀਂ ਹੀ ਪ੍ਰੋ. ਮੌਲਵੀ ਬਰਕਤ ਉਲਾ ਤੇ ਭਾਈ ਭਗਵਾਨ ਸਿੰਘ ਵੀ ਜਪਾਨ ਤੋਂ ਸਾਨਫਰਾਂਸਿਸਕੋ ਦੇ ਪਾਰਟੀ ਦਫਤਰ ਵਿਚ ਪਹੁੰਚ ਗਏ। ਇਹਨਾਂ ਦੋਵਾਂ ਦੇ ਆਉਣ ਨਾਲ ਸੋਹਨ ਸਿੰਘ ਭਕਨਾ ਦੀ ਗੈਰ ਹਾਜ਼ਰੀ ਨਾਲ ਪਿਆ ਖਿਲਾਅ ਛੇਤੀ ਹੀ ਪੂਰਾ ਹੋ ਗਿਆ। ਜੇ ਗ਼ਦਰ ਪਾਰਟੀ ਦੀ ਬੁਨਿਆਦ ਵਿਅਕਤੀਗਤ ਲੀਡਰਾਂ 'ਤੇ ਹੁੰਦੀ ਤਾਂ ਉਹ ਪਹਿਲਾਂ ਹਰਦਿਆਲ ਦੇ ਜਾਣ ਮਗਰੋਂ ਅਤੇ ਪਿੱਛੋਂ ਸੋਹਨ ਸਿੰਘ ਭਕਨਾ ਦੇ ਤੁਰ ਜਾਣ ਨਾਲ ਖ਼ਤਮ ਹੋ ਜਾਂਦੀ, ਪਰ ਅਜਿਹਾ ਹੋਇਆ ਨਹੀਂ। ਦੋਵਾਂ ਦੇ ਜਾਣ ਨਾਲ ਪਾਰਟੀ ਵਧੀ ਸੀ, ਘਟੀ ਨਹੀਂ।

ਸੋਹਨ ਸਿੰਘ ਪਾਰਟੀ ਫ਼ੈਸਲੇ ਮੁਤਾਬਕ 21 ਜੁਲਾਈ 1914 ਨੂੰ ਯੁਗਾਂਤਰ ਆਸ਼ਰਮ ਸਾਨਫਰਾਂਸਿਸਕੋ ਤੋਂ ਰਵਾਨਾ ਹੋ ਗਿਆ। ਉਸਦੇ ਤੁਰਨ ਦੀ ਖ਼ਬਰ ਜਪਾਨ ਦੀ ਪਾਰਟੀ ਇਕਾਈ ਨੂੰ ਦਿੱਤੀ ਗਈ। ਉਸ ਨੂੰ ਯੋਕੋਹਾਮਾ (ਜਪਾਨ) ਪਹੁੰਚਿਆਂ ਕੁਝ ਹੀ ਦਿਨ ਹੋਏ ਸਨ ਕਿ ਕਾਮਾਗਾਟਾਮਾਰੂ ਵੀ ਉੱਥੇ ਆ ਲੱਗਿਆ। ਪਾਰਟੀ ਮੈਂਬਰਾਂ ਦੇ ਖ਼ਬਰ ਦੇਣ 'ਤੇ ਜਹਾਜ਼ ਕਮੇਟੀ ਦਾ ਸਕੱਤਰ ਤੇ ਹਰਨਾਮ ਸਿੰਘ ਨੌਰੰਗਵਾਲ ਜਹਾਜ਼ ਵੱਲੋਂ ਮਿਲਣ ਆਏ। ਉਸ ਤੋਂ ਅਗਲੇ ਦਿਨ ਸੋਹਨ ਸਿੰਘ ਜਹਾਜ਼ ਉੱਤੇ ਗਿਆ। ਉਸ ਨੇ ਗੁਰਦਿੱਤ ਸਿੰਘ ਤੇ ਜਹਾਜ਼ ਕਮੇਟੀ ਦੇ ਮੈਂਬਰਾਂ ਨਾਲ ਗੱਲਬਾਤ ਕੀਤੀ। 250 ਪਿਸਤੌਲ ਤੇ ਹਜ਼ਾਰਾਂ ਕਾਰਤੂਸ, ਜੋ ਪਾਰਟੀ ਫ਼ੈਸਲੇ ਮੁਤਾਬਿਕ ਭੇਜੇ ਗਏ ਸਨ, ਜਹਾਜ਼ੀਆਂ ਨੂੰ ਦੇ ਦਿੱਤੇ ਗਏ। ਉਹਨਾਂ ਨੂੰ ਪਾਰਟੀ ਪ੍ਰੋਗਰਾਮ ਸਮਝਾਇਆ ਗਿਆ ਅਤੇ ਜਹਾਜ਼ ਕਮੇਟੀ ਨੂੰ ਸਿੱਧਾ ਹਿੰਦੋਸਤਾਨ ਜਾਣ ਦੀ ਸਲਾਹ ਦਿੱਤੀ ਗਈ, ਕਿਉਂਕਿ ਹਾਂਗਕਾਂਗ ਜਾਕੇ ਜਹਾਜ਼ ਦੇ ਨਜ਼ਰਬੰਦ ਹੋਣ ਦਾ ਖ਼ਤਰਾ ਸੀ। ਸ੍ਰ. ਗੁਰਦਿੱਤ ਸਿੰਘ ਤੇ ਜਹਾਜ਼ ਕਮੇਟੀ ਨੇ ਰਸਤੇ ਵਿਚ ਐਮਡਿਨ (ਪਣਡੁੱਬੀ) ਦੇ ਖ਼ਤਰੇ ਦੀ ਗੱਲ ਕੀਤੀ। ਸੋਹਨ ਸਿੰਘ ਯੋਕੋਹਾਮਾ ਵਿਚ ਜਪਾਨ ਦੀ ਗ਼ਦਰ ਪਾਰਟੀ ਦੇ ਮੈਂਬਰਾਂ ਦੀ ਸਹਾਇਤਾ ਨਾਲ ਜਰਮਨ ਕੌਂਸਲਰ ਨੂੰ ਮਿਲੇ। ਉਸਨੇ ਐਮਡਿਨ ਤੋਂ ਖ਼ਤਰੇ ਸਬੰਧੀ ਤਸੱਲੀ ਦਾ ਯਕੀਨ ਜਹਾਜ਼ ਕਮੇਟੀ ਨੂੰ ਦੁਆਇਆ। ਅਸਲ ਵਿਚ ਜਰਮਨ ਕੌਂਸਲਰਾਂ ਨੂੰ ਪਹਿਲਾਂ ਹੀ ਗ਼ਦਰ ਪਾਰਟੀ ਦੀ ਮਦਦ ਕਰਨ ਦੀਆਂ ਹਦਾਇਤਾਂ ਪਹੁੰਚ ਚੁੱਕੀਆਂ ਸਨ।

ਕਾਮਾਗਾਟਾਮਾਰੂ ਦੇ ਜਪਾਨ ਪਹੁੰਚਣ ਤੋਂ ਪਹਿਲਾਂ ਹੀ ਯੂਰਪ ਦੀ ਜੰਗ ਛਿੜ ਚੁੱਕੀ ਸੀ ਅਤੇ ਬ੍ਰਿਟਿਸ਼ ਸਰਕਾਰ ਵਲੋਂ ਹਾਂਗਕਾਂਗ ਦੀ ਹਕੂਮਤ ਨੂੰ ਅਮਰੀਕਾ ਤੇ ਕਨੇਡਾ ਤੋਂ ਮੁੜਨ ਵਾਲੇ ਗ਼ਦਰ ਪਾਰਟੀ ਦੇ ਕਾਰਕੁੰਨਾਂ ਤੋਂ ਚੌਕੰਨੇ ਕਰ ਦਿੱਤਾ ਗਿਆ ਸੀ। ਉਹਨਾਂ ਨੇ ਸਾਰੀਆਂ ਜਹਾਜ਼ੀ ਕੰਪਨੀਆਂ ਨੂੰ ਹਦਾਇਤਾਂ ਕਰ ਦਿੱਤੀਆਂ ਸਨ ਕਿ ਉਹਨਾਂ ਦੀ ਇਜਾਜ਼ਤ ਤੋਂ ਬਗੈਰ ਕੋਈ ਵੀ ਕੰਪਨੀ ਹਿੰਦੋਸਤਾਨ ਜਾਣ ਵਾਲੇ ਮੁਸਾਫ਼ਰਾਂ ਨੂੰ ਟਿਕਟ ਨਾ ਦੇਵੇ। ਉਹਨਾਂ ਨੂੰ ਗ਼ਦਰ ਪਾਰਟੀ ਦੇ

ਇਰਾਦਿਆਂ ਦਾ ਆਪਣੇ ਜਸੂਸਾਂ ਰਾਹੀਂ ਪਹਿਲਾਂ ਹੀ ਪਤਾ ਲੱਗ ਚੁੱਕਿਆ ਸੀ। ਦੂਜਾ 'ਗ਼ਦਰ' ਅਖ਼ਬਾਰ ਵੀ ਆਪਣੇ ਇਰਾਦਿਆਂ ਦਾ ਖੁੱਲ੍ਹਾ ਇਜ਼ਹਾਰ ਕਰਦਾ ਸੀ ਅਤੇ ਪਾਰਟੀ ਮੈਂਬਰ ਵੀ ਆਪਣੇ ਇਰਾਦੇ ਛੁਪਾਕੇ ਨਹੀਂ ਰੱਖਦੇ ਸਨ।

ਪਾਰਟੀ ਸ਼ੰਘਾਈ ਪੁਲਿਸ, ਹਾਂਗਕਾਂਗ ਦੇ ਤੋਪਖਾਨੇ ਅਤੇ ਸਿੰਘਾਪੁਰ ਦੀਆਂ ਪਲਟਣਾਂ ਵਿਚ ਆਪਣਾ ਜਾਲ ਬੁਣ ਚੁੱਕੀ ਸੀ ਅਤੇ ਇਹ ਸਾਰੇ ਟਾਪੂ ਪਾਰਟੀ ਦੇ ਰਸੂਖ਼ ਹੇਠ ਆ ਚੁੱਕੇ ਸਨ। ਹਿੰਦੋਸਤਾਨ ਦੀ ਬਾਬਤ ਉਸਦਾ ਅੰਦਾਜ਼ਾ ਸੀ ਕਿ ਫੌਜਾਂ ਤੇ ਲੋਕ ਅਜ਼ਾਦੀ ਦੀ ਖ਼ਾਤਰ ਜ਼ਰੂਰ ਪਾਰਟੀ ਨਾਲ ਮਿਲ ਜਾਣਗੇ। ਫੌਜਾਂ ਬਾਰੇ ਤਾਂ ਇਸਦਾ ਅੰਦਾਜ਼ਾ ਸਹੀ ਸਾਬਿਤ ਹੋਇਆ, ਪਰ ਲੋਕਾਂ ਤੇ ਹਿੰਦੋਸਤਾਨ ਦੀ ਲੀਡਰਸ਼ਿਪ ਬਾਰੇ ਗ਼ਲਤ।

ਜਦੋਂ ਕਾਮਾਗਾਟਾਮਾਰੂ ਬਜਬਜ ਘਾਟ ਤੇ ਪਹੁੰਚਿਆ ਤਾਂ ਬ੍ਰਿਟਿਸ਼ ਸਰਕਾਰ ਨੇ ਗੁਰਦਿੱਤ ਸਿੰਘ ਤੇ ਹੋਰ ਆਗੂਆਂ ਨੂੰ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਕੀਤੀ। ਤਕਰਾਰ ਵਧ ਜਾਣ 'ਤੇ ਅੰਗਰੇਜ਼ਾਂ ਨੇ ਮੁਸਾਫ਼ਰਾਂ 'ਤੇ ਗੋਲੀ ਚਲਾ ਦਿੱਤੀ। ਜਿਸ ਵਿਚ ਬਹੁਤ ਸਾਰੇ ਹਿੰਦੀ ਸ਼ਹੀਦ ਹੋ ਗਏ। ਜਵਾਬ ਵਿਚ ਹਿੰਦੀਆਂ ਨੇ ਵੀ, ਜੋ ਕੁੱਝ ਉਹਨਾਂ ਦੇ ਕੋਲ ਸੀ, ਵਰਤੋਂ ਵਿਚ ਲਿਆਂਦਾ, ਜਿਸ ਕਰਕੇ ਅੰਗਰੇਜ਼ਾਂ ਦੇ ਵੀ ਕੁੱਝ ਆਦਮੀ ਮਾਰੇ ਗਏ। ਕਾਮਾਗਾਟਾਮਾਰੂ ਦੀ ਬਾਕੀ ਹਿਸਟਰੀ ਲਿਖਣ ਦੀ ਜ਼ਰੂਰਤ ਨਹੀਂ ਹੈ, ਕਿਉਂਕਿ ਕਾਮਾਗਾਟਾਮਾਰੂ ਦੇ ਇਤਿਹਾਸ ਵਿਚ ਸਭ ਕੁੱਝ ਛਪ ਚੁੱਕਿਆ ਹੈ।

ਬਜਬਜ ਘਾਟ ਦੇ ਖ਼ੂਨੀ ਸਾਕੇ ਨੇ ਅੱਗ ਉੱਤੇ ਤੇਲ ਦਾ ਕੰਮ ਕੀਤਾ ਤੇ ਗ਼ਦਰੀਆਂ ਦੇ ਜਜ਼ਬਾਤਾਂ ਨੂੰ ਹੋਰ ਵੀ ਭੜਕਾ ਦਿੱਤਾ। ਗ਼ਦਰ ਪਾਰਟੀ ਨੇ ਹਿੰਦੋਸਤਾਨ ਵਿਚ ਤੁਰੰਤ ਇਨਕਲਾਬ ਦਾ ਨਾਅਰਾ ਦੇ ਦਿੱਤਾ। ਦੂਜੇ ਪਾਸੇ ਇਸ ਘਟਨਾ ਨੇ ਅੰਗਰੇਜ਼ਾਂ ਨੂੰ ਵੀ ਬਹੁਤ ਚੌਕੰਨਾ ਕਰ ਦਿੱਤਾ ਸੀ ਅਤੇ ਉਹਨਾਂ ਨੇ ਹਿੰਦੋਸਤਾਨ ਦੀਆਂ ਸਾਰੀਆਂ ਬੰਦਰਗਾਹਾਂ ਉੱਤੇ ਇੰਤਜ਼ਾਮ ਹੋਰ ਮਜ਼ਬੂਤ ਕਰ ਦਿੱਤੇ ਸਨ।

ਯੂਰਪ ਦੀ ਜੰਗ ਤੇ ਗ਼ਦਰ ਪਾਰਟੀ

ਉਦੋਂ ਪਾਰਟੀ ਦੀ ਉਮਰ ਸਿਰਫ਼ ਇਕ ਸਾਲ ਦੀ ਸੀ, ਜਦੋਂ 1 ਅਗਸਤ 1914 ਨੂੰ ਯੂਰਪ ਵਿਚ ਜੰਗ ਸ਼ੁਰੂ ਹੋ ਗਈ। ਇਸ ਥੋੜ੍ਹੇ ਜਿਹੇ ਅਰਸੇ ਵਿਚ ਪਾਰਟੀ ਭਲਾ ਕਿੰਨੀ ਕੁ ਤਿਆਰੀ ਕਰ ਸਕਦੀ ਸੀ? ਫਿਰ ਵੀ ਉਸਨੇ ਉਹ ਕੰਮ ਕਰ ਵਿਖਾਇਆ, ਜਿਸਦੀ ਮਿਸਾਲ ਦੁਨੀਆ ਭਰ ਦੀਆਂ ਇਨਕਲਾਬੀ ਪਾਰਟੀਆਂ ਦੇ ਇਤਿਹਾਸ ਵਿਚ ਬਹੁਤ ਘੱਟ ਮਿਲਦੀ ਹੈ। ਉਸਨੇ ਚਲਾਕ ਅੰਗਰੇਜ਼ਾਂ ਦੇ ਹੱਥਕੰਡਿਆਂ ਅਤੇ ਚਾਲਬਾਜ਼ੀਆਂ ਨੂੰ ਨਾਕਾਮ ਕੀਤਾ। ਉਹਨਾਂ ਦੇ ਏਜੰਟਾਂ ਦੇ ਪ੍ਰਾਪੇਗੰਡੇ ਦਾ ਜਵਾਬ ਆਪਣੇ ਅਮਲ, ਸਚਾਈ ਤੇ ਦੇਸ਼ਭਗਤੀ ਦੀ ਲਗਨ ਨਾਲ ਦਿੱਤਾ। ਧਰਮ ਦੇ ਉਹਨਾਂ ਠੇਕੇਦਾਰਾਂ, ਜੋ ਧਰਮ ਦੀ ਆੜ 'ਚ ਸੀ.ਆਈ.ਡੀ. ਦਾ ਕੰਮ ਕਰਦੇ ਸਨ, ਨੂੰ ਵੀ ਲੋਕਾਂ ਸਾਹਮਣੇ ਨੰਗਾ ਕੀਤਾ। ਹਿੰਦੀਆਂ ਨੂੰ ਸੂਬਾ ਪ੍ਰਸਤੀ ਤੋਂ ਉਤਾਂਹ ਚੁੱਕਕੇ ਉਹਨਾਂ ਸਾਹਮਣੇ

ਕੌਮੀ ਅਜ਼ਾਦੀ ਦਾ ਆਦਰਸ਼ ਰੱਖਿਆ। ਕੌਮੀ ਜਮਹੂਰੀਅਤ ਦੀ ਬੁਨਿਆਦ ਆਜ਼ਾਦੀ ਤੇ ਬਰਾਬਰੀ ਦੇ ਅਸੂਲਾਂ 'ਤੇ ਰੱਖਣ ਦਾ ਸਬਕ ਸਿਖਾਇਆ। ਹਿੰਦੂ ਸਿੱਖ ਤੇ ਮੁਸਲਮਾਨ ਦਾ ਫ਼ਰਕ ਉਹਨਾਂ ਦੇ ਦਿਮਾਗ ਵਿੱਚੋਂ ਕੱਢਿਆ ਅਤੇ ਦੇਸ਼ ਤੇ ਕੌਮਪ੍ਰਸਤੀ ਦਾ ਸਾਂਝਾ ਫਰਜ਼ ਉਹਨਾਂ ਦੇ ਦਿਲੋ ਦਿਮਾਗ ਵਿੱਚ ਬਿਠਾ ਦਿੱਤਾ। ਉਸਨੇ ਕੌਮੀ ਹੀ ਨਹੀਂ, ਸਗੋਂ ਕੌਮਾਂਤਰੀ ਨਜ਼ਰੀਆ ਵੀ ਆਪਣੇ ਸਾਹਮਣੇ ਰੱਖਿਆ। ਲੀਡਰਸ਼ਿਪ ਦੀ ਹਵਸ ਨੂੰ ਤਿਆਗਕੇ ਕੌਮੀ ਤੇ ਮਨੁੱਖ ਮਾਤਰ ਦੀ ਆਜ਼ਾਦੀ ਲਈ ਮਰ ਮਿਟਣ ਵਾਲੇ ਸਿਪਾਹੀ ਪੈਦਾ ਕੀਤੇ। ਅਮਰੀਕਾ, ਕਨੇਡਾ ਤੇ ਦੂਜੇ ਮੁਲਕਾਂ ਦੇ ਮਜ਼ਦੂਰਾਂ ਨਾਲ ਆਪਣਾ ਰਿਸ਼ਤਾ ਜੋੜਿਆ। ਅਮਰੀਕਨ ਮਜ਼ਦੂਰਾਂ ਦੀ ਨਫ਼ਰਤ ਨੂੰ ਹਮਦਰਦੀ ਵਿਚ ਤਬਦੀਲ ਕੀਤਾ। ਅਮਰੀਕਾ ਤੇ ਕਨੇਡਾ ਤੋਂ ਇਲਾਵਾ ਚੀਨ, ਜਪਾਨ, ਮਲਾਇਆ, ਬਰਮਾ, ਸਿਆਮ, ਇੰਡੋਨੇਸ਼ੀਆ, ਪਨਾਮਾ, ਗੀਆਨਾ, ਫਿਜੀ, ਨਿਊਜ਼ੀਲੈਂਡ, ਅਰਜਨਟਾਈਨਾ, ਫਿਲਪਾਈਨ, ਮੈਕਸੀਕੋ ਤੇ ਅਫਰੀਕਾ ਤੱਕ ਜਿਥੇ ਕਿਤੇ ਵੀ ਹਿੰਦੀ ਸਨ, ਗ਼ਦਰ ਪਾਰਟੀ ਦੀਆਂ ਇਕਾਈਆਂ ਕਾਇਮ ਕੀਤੀਆਂ। ਇਹ ਇਕਾਈਆਂ ਇਨਕਲਾਬ ਦੇ ਫੇਲ੍ਹ ਹੋਣ ਤੋਂ ਬਾਅਦ 1947 ਤੱਕ ਵੀ ਗ਼ਦਰ ਪਾਰਟੀ ਨਾਲ ਜੁੜੀਆਂ ਰਹੀਆਂ ਅਤੇ ਹਜ਼ਾਰਾਂ ਰੁਪਏ ਹਿੰਦੋਸਤਾਨ ਵਿਚ ਇਨਕਲਾਬੀ ਕੰਮ ਲਈ ਭੇਜਦੀਆਂ ਰਹੀਆਂ। ਜਿਹੜੇ ਲੋਕ ਇਹ ਪ੍ਰਾਪੇਗੰਡਾ ਕਰਦੇ ਸਨ ਕਿ ਇਨਕਲਾਬੀ ਪਾਰਟੀ ਨੂੰ ਰੂਸ ਤੋਂ ਰੁਪਿਆ ਮਿਲਦਾ ਸੀ, ਉਹ ਗ਼ਲਤ ਹਨ। ਦਰਅਸਲ ਇਹ ਰੁਪਿਆ ਬਾਹਰ ਦੇ ਮੁਲਕਾਂ ਦੀਆਂ ਇਕਾਈਆਂ ਤੋਂ ਆਉਂਦਾ ਸੀ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਪਾਰਟੀ ਕਾਇਮ ਹੋਣ ਤੋਂ ਪਹਿਲਾਂ ਅਮਰੀਕਨ ਤੇ ਕਨੇਡੀਅਨ ਹਿੰਦੀਆਂ 'ਚ ਕਈ ਕਮਜ਼ੋਰੀਆਂ ਸਨ, ਜੋ ਜਥੇਬੰਦੀ ਨਾ ਹੋਣ ਦੀ ਸੂਰਤ ਵਿਚ ਅਕਸਰ ਹੋ ਜਾਂਦੀਆਂ ਹਨ। ਇਹ ਫੋਰਮੈਨਾਂ ਨੂੰ ਰਿਸ਼ਵਤ ਦੇਕੇ ਇਕ-ਦੂਜੇ ਦਾ ਕੰਮ ਖੋਹ ਲੈਂਦੇ ਸਨ। ਘੱਟ ਤਨਖਾਹ ਲੈਕੇ ਇੱਕ-ਦੂਜੇ ਨੂੰ ਕੰਮ ਤੋਂ ਕੱਢਵਾ ਦਿੰਦੇ ਸਨ। ਮਜ਼ਦੂਰਾਂ ਦੀਆਂ ਹੜਤਾਲਾਂ ਤੁੜਵਾਉਣ ਲਈ ਕੰਪਨੀਆਂ ਆਮ ਤੌਰ 'ਤੇ ਇਹਨਾਂ ਨੂੰ ਹੀ ਇਸਤੇਮਾਲ ਕਰਦੀਆਂ ਸਨ, ਜਿਵੇਂ ਡਿਕੋਟਾ ਦੀ ਘਟਨਾ। ਹੁਣ ਨਕਸ਼ਾ ਬਦਲ ਚੁੱਕਿਆ ਸੀ। ਆਪਸ ਵਿਚ ਤਾਂ ਇੱਕ ਪਾਸੇ ਰਿਹਾ, ਸਗੋਂ ਜੇ ਕਿਸੇ ਵੀ ਅਮਰੀਕਨ ਯੂਰਪੀਨ ਜਾਂ ਏਸ਼ੀਅਨ ਨੂੰ ਕੰਮ ਤੋਂ ਹਟਾਇਆ ਜਾਂਦਾ, ਤਾਂ ਹਿੰਦੀ ਮਜ਼ਦੂਰ ਤੁਰੰਤ ਉਸਦੀ ਮਦਦ ਲਈ ਆ ਖੜ੍ਹੇ ਹੁੰਦੇ। ਅਮਰੀਕਨ ਕੰਪਨੀਆਂ ਹੈਰਾਨ ਸਨ ਤੇ ਕਾਰਖਾਨਿਆਂ ਦੇ ਮਾਲਕ ਇਹ ਕਹਿੰਦੇ ਸੁਣੇ ਗਏ ਕਿ ਕੁੱਝ ਮਹੀਨਿਆਂ ਤੋਂ ਹਿੰਦੀ ਮਜ਼ਦੂਰਾਂ ਦਾ ਸਿਰ ਫਿਰ ਗਿਆ ਹੈ। ਹੁਣ ਪਾਠਕ ਇਹ ਸਮਝ ਚੁੱਕੇ ਹੋਣਗੇ ਕਿ ਗ਼ਦਰ ਪਾਰਟੀ ਹਿੰਦੋਸਤਾਨ ਦੇ ਲੋਕਾਂ ਵਿਚ ਆਪਣੇ ਪੈਰ ਕਿਉਂ ਨਾ ਜਮਾ ਸਕੀ ਅਤੇ ਕਿਸ ਕਾਰਨ ਅਸਫਲ ਰਹੀ। ਗੱਲ ਸਾਫ ਹੈ ਕਿ ਪਾਰਟੀ ਹਾਲੇ ਬਚਪਨ ਦੀ ਉਮਰ 'ਚ ਹੀ ਸੀ, ਜਦੋਂ ਯੂਰਪ ਦੀ ਜੰਗ ਇਸ ਦੇ ਸਿਰ 'ਤੇ ਆ ਪਈ ਸੀ।

ਹਿੰਦੀਆਂ ਦੀ ਦੇਸ਼ਭਗਤੀ ਦਾ ਇੱਕ ਨਮੂਨਾ

ਅਪ੍ਰੈਲ 1914 ਦੇ ਸ਼ੁਰੂ ਵਿੱਚ 70 ਕੁ ਛਾਛੀ ਮੁਸਲਮਾਨ ਰਾਵਲਪਿੰਡੀ ਤੇ ਮੀਆਂਵਾਲੀ ਜ਼ਿਲ੍ਹਿਆਂ ਤੋਂ ਮਜ਼ਦੂਰੀ ਕਰਨ ਲਈ ਅਮਰੀਕਾ ਪਹੁੰਚੇ। ਅਮਰੀਕੀ ਸਰਕਾਰ ਨੇ ਉਹਨਾਂ ਨੂੰ ਉਤਰਨ ਦੀ ਇਜਾਜ਼ਤ ਨਾ ਦਿੱਤੀ ਅਤੇ ਵਾਪਸ ਭੇਜਣ ਲਈ ਕੁਰਾਟੀਨ 'ਚ ਬੰਦ ਕਰ ਦਿੱਤਾ। ਜਦੋਂ ਪਾਰਟੀ ਨੂੰ ਪਤਾ ਲੱਗਿਆ ਤਾਂ ਮੁਕੱਦਮਾ ਦਾਇਰ ਕੀਤਾ ਗਿਆ। ਅਮਰੀਕਨ ਸਰਕਾਰ ਨੇ ਪੇਸ਼ਕਸ਼ ਕੀਤੀ ਕਿ ਜਦੋਂ ਤੱਕ ਕੋਈ ਅੰਤਮ ਫ਼ੈਸਲਾ ਨਹੀਂ ਹੋ ਜਾਂਦਾ, ਇਹ ਸਾਰੇ ਇੱਕ-ਇੱਕ ਹਜ਼ਾਰ ਡਾਲਰ ਦੀ ਨਗਦ ਜ਼ਮਾਨਤ 'ਤੇ ਰਿਹਾਅ ਕੀਤੇ ਜਾ ਸਕਦੇ ਹਨ। ਪਾਰਟੀ ਨੇ ਹਿੰਦੀਆਂ ਨੂੰ ਅਪੀਲ ਕੀਤੀ ਕਿ ਇਹਨਾਂ ਹਮਵਤਨਾਂ ਦੀ ਸਹਾਇਤਾ ਕੀਤੀ ਜਾਵੇ। ਇਸ ਤਰ੍ਹਾਂ ਸਾਰੇ ਦੋ-ਤਿੰਨ ਦਿਨਾਂ 'ਚ ਰਿਹਾ ਕਰਵਾ ਲਏ ਗਏ। ਪਾਰਟੀ ਮੈਂਬਰਾਂ ਨੇ ਕਈ ਦਿਨ ਉਹਨਾਂ ਨੂੰ ਆਪਣੇ ਖ਼ਰਚੇ ਉੱਤੇ ਕੋਲ ਰੱਖਿਆ ਅਤੇ ਪਿੱਛੋਂ ਕੰਮ 'ਤੇ ਲੁਆ ਦਿੱਤਾ। ਇਹਨਾਂ ਜਹਾਜ਼ੋਂ ਉਤਰਨ ਵਾਲਿਆਂ ਤੇ ਜ਼ਮਾਨਤੀਆਂ ਵਿੱਚ ਹਮਵਤਨੀ ਤੋਂ ਸਿਵਾ ਹੋਰ ਕੋਈ ਰਿਸ਼ਤਾ ਨਹੀਂ ਸੀ।

ਅਮਰੀਕਨ ਅਖ਼ਬਾਰਾਂ ਤੇ ਹੋਰਨਾਂ ਸਰੋਤਾਂ ਰਾਹੀਂ ਪਾਰਟੀ ਨੂੰ ਜੰਗ ਦੇ ਮੈਦਾਨ ਦੀ ਸਥਿਤੀ ਬਾਰੇ ਖ਼ਬਰ ਮਿਲਦੀ ਰਹਿੰਦੀ ਸੀ। ਸਾਨੂੰ ਇਹ ਵੀ ਪਤਾ ਲੱਗ ਚੁੱਕਿਆ ਸੀ ਕਿ ਗੋਰੀਆਂ ਫੌਜਾਂ ਤੇ ਬਿਹਤਰ ਜੰਗੀ ਸਮਾਨ ਹਿੰਦੋਸਤਾਨ ਤੋਂ ਕਾਫ਼ੀ ਤਦਾਦ ਵਿੱਚ ਬਾਹਰ ਜਾ ਚੁੱਕਾ ਸੀ। ਦੇਸੀ ਫੌਜਾਂ ਬਾਰੇ ਇਹ ਪਤਾ ਲੱਗ ਚੁੱਕਿਆ ਸੀ ਕਿ ਉਹ ਫਰਾਂਸ ਤੇ ਏਸ਼ੀਆ ਦੇ ਜੰਗੀ ਖੇਤਰਾਂ ਵਿੱਚ ਜਾ ਕੇ ਮਰਨ ਲਈ ਤਿਆਰ ਨਹੀਂ ਹਨ। ਇਸ ਲਈ ਪਾਰਟੀ ਨੇ ਅੰਦਾਜ਼ਾ ਲਗਾਇਆ ਕਿ ਫੌਜਾਂ ਦੇਸ਼ ਦੀ ਆਜ਼ਾਦੀ ਲਈ ਇਨਕਲਾਬੀਆਂ ਨਾਲ ਮਿਲ ਜਾਣਗੀਆਂ। ਪਾਰਟੀ ਦਾ ਇਹ ਅੰਦਾਜ਼ਾ ਠੀਕ ਹੀ ਨਿਕਲਿਆ ਸੀ। ਇਸ ਤੋਂ ਇਲਾਵਾ ਦੇਸ਼ਭਗਤੀ ਵਿੱਚ ਗੜੁੱਚ ਪਾਰਟੀ ਮੈਂਬਰ ਇਹ ਸਮਝਦੇ ਸਨ ਕਿ 30 ਕਰੋੜ ਹਿੰਦੀ ਤਾਂ ਆਪਣੇ ਹੀ ਸਕੇ-ਸੋਦਰੇ ਹਨ, ਕੋਈ ਗੈਰ ਨਹੀਂ। ਫਿਰ ਚੰਦ ਗੋਰੇ ਅੰਗਰੇਜ਼ ਤਾਂ ਆਟੇ ਵਿੱਚ ਲੂਣ ਦੇ ਬਰਾਬਰ ਵੀ ਨਹੀਂ। ਪਰ ਉਹਨਾਂ ਦਾ ਇਹ ਵਿਸ਼ਵਾਸ ਸਹੀ ਸਾਬਿਤ ਨਾ ਹੋਇਆ। 30 ਕਰੋੜ ਹਿੰਦੀ, ਜਿਨ੍ਹਾਂ ਨੂੰ ਉਹ ਆਪਣੇ ਸਮਝ ਰਹੇ ਸਨ, ਗ਼ੁਲਾਮੀ ਦੇ ਅਸਰ ਹੇਠ ਦੇਸ਼-ਪ੍ਰੇਮ ਤੋਂ ਕੋਹਾਂ ਦੂਰ ਜਾ ਚੁੱਕੇ ਸਨ। ਉਹ ਗ਼ੁਲਾਮ ਰੱਖਣ ਵਾਲਿਆਂ ਨੂੰ ਆਪਣੇ ਦੋਸਤ ਤੇ ਮੁਕਤੀ ਦੁਆਉਣ ਵਾਲਿਆਂ ਨੂੰ ਦੇਸ਼ ਦੇ ਦੁਸ਼ਮਣ ਸਮਝ ਰਹੇ ਸਨ।

ਇਨਕਲਾਬ ਦਾ ਬਿਗਲ ਅਤੇ ਸੈਕਰਾਮੈਂਟੋ ਦੀ ਜੰਗੀ ਸਭਾ

ਯੂਰਪ ਦੀ ਜੰਗ ਸ਼ੁਰੂ ਹੁੰਦਿਆਂ ਹੀ ਅਗਸਤ, 1914 ਵਿੱਚ ਸੈਕਰਾਮੈਂਟੋ ਵਿਖੇ ਪਾਰਟੀ ਨੇ ਹਿੰਦੀਆਂ ਦੀ ਭਾਰੀ ਕਾਨਫਰੰਸ ਸੱਦੀ। ਇਸ ਕਾਨਫਰੰਸ ਦੀ ਪ੍ਰਧਾਨਗੀ ਭਾਈ ਜਵਾਲਾ ਸਿੰਘ ਨੇ ਕੀਤੀ। ਓਰੀਗਨ, ਵਾਸ਼ਿੰਗਟਨ, ਕੈਲੇਫੋਰਨੀਆ ਤੇ ਕਨੇਡਾ ਦੇ ਨੁਮਾਇੰਦੇ ਇਸ ਵਿੱਚ

ਸ਼ਾਮਲ ਹੋਏ। ਇੱਥੇ ਅੰਗਰੇਜ਼ਾਂ ਵਿਰੁੱਧ ਐਲਾਨ-ਏ-ਜੰਗ ਕੀਤਾ ਗਿਆ। ਅਮਰੀਕਨ ਅਖ਼ਬਾਰਾਂ ਨੇ ਵੀ ਇਹ ਹੀ ਸੁਰਖ਼ੀ ਦਿੱਤੀ – 'ਹਿੰਦੀਆਂ ਦਾ ਅੰਗਰੇਜ਼ਾਂ ਵਿਰੁੱਧ ਐਲਾਨ-ਏ-ਜੰਗ'।

ਇਸ ਕਾਨਫਰੰਸ ਵਿੱਚ ਜੰਗੀ ਕੌਂਸਲ ਦਾ ਐਲਾਨ ਕੀਤਾ ਗਿਆ ਅਤੇ ਦੇਸ਼ ਨੂੰ ਜਥੇ ਭੇਜਣ ਦਾ ਫ਼ੈਸਲਾ ਲਿਆ ਗਿਆ। ਪਹਿਲਾ ਜਥਾ, ਜਿਸ ਵਿੱਚ 63 ਮੈਂਬਰ ਸਨ, ਗ਼ਦਰ ਪਾਰਟੀ ਦੇ ਖ਼ਾਸ ਜ਼ੁੰਮੇਵਾਰ ਆਗੂਆਂ ਦਾ ਜਥਾ ਸੀ। ਪਾਰਟੀ ਲੀਡਰਸ਼ਿਪ ਦਾ ਖ਼ਿਆਲ ਸੀ ਕਿ ਜਦੋਂ ਤੱਕ ਆਗੂ ਅੱਗੇ ਲੱਗ ਕੇ ਆਹੂਤੀਆਂ ਨਹੀਂ ਦਿੰਦੇ, ਤਦ ਤੱਕ ਆਮ ਲੋਕਾਂ ਵਿੱਚ ਪੂਰਾ ਸਾਹਸ ਨਹੀਂ ਆਵੇਗਾ। ਉਹਨਾਂ ਨੇ ਅਮਰੀਕਾ ਤੋਂ ਰਵਾਨਾ ਹੋਣ ਵੇਲੇ ਆਪਣਾ ਸਾਰਾ ਰੁਪਿਆ-ਪੈਸਾ ਤੇ ਜਾਇਦਾਦ ਦੇ ਕਾਗ਼ਜ਼ਾਤ ਪਾਰਟੀ ਫੰਡ ਵਿੱਚ ਦੇ ਦਿੱਤੇ ਸਨ।

ਹਿੰਦੋਸਤਾਨ ਤੋਂ ਇਲਾਵਾ ਬਾਕੀ ਮੁਹਾਜ਼ਾਂ ਉੱਤੇ ਵੀ ਲੀਡਰ ਭੇਜ ਦਿੱਤੇ ਗਏ। ਕਾਮਰੇਡ ਸੰਤੋਖ ਸਿੰਘ, ਬਾਬੂ ਹਰਨਾਮ ਸਿੰਘ ਐਮ.ਏ., ਸੋਹਨ ਲਾਲ ਪਾਠਕ, ਸ੍ਰ. ਬਲਵੰਤ ਸਿੰਘ ਗੰਥੀ ਤੇ ਹੋਰ ਸੱਜਣ ਸਿੰਘਾਪੁਰ, ਸਿਆਮ, ਬਰਮਾ ਦੇ ਮੁਹਾਜ਼ਾਂ 'ਤੇ ਚਲੇ ਗਏ। ਪ੍ਰੋ. ਮੌਲਵੀ ਬਰਕਤ ਉਲਾ ਇਸਲਾਮੀ ਮੁਲਕਾਂ ਵੱਲ ਰਵਾਨਾ ਹੋਏ। ਭਾਈ ਭਗਵਾਨ ਸਿੰਘ ਬਹੁਤ ਰੁਪਿਆ ਹੱਥ ਆਉਣ ਨਾਲ ਆਯਾਸ਼ੀ ਵਿੱਚ ਪੈ ਗਿਆ ਅਤੇ ਰਾਮ ਚੰਦਰ ਲਈ ਮੈਦਾਨ ਸਾਫ਼ ਹੋ ਗਿਆ।

ਅਮਰੀਕਾ-ਕਨੇਡਾ ਤੋਂ ਮੁੜੇ ਦੇਸ਼ਭਗਤਾਂ ਦੀਆਂ ਗ੍ਰਿਫ਼ਤਾਰੀਆਂ

ਅਸੀਂ ਪਿੱਛੇ ਦੱਸ ਚੁੱਕੇ ਹਾਂ ਕਿ ਅੰਗਰੇਜ਼ਾਂ ਨੂੰ ਗ਼ਦਰ ਪਾਰਟੀ ਦੇ ਇਰਾਦਿਆਂ ਦਾ ਪਤਾ ਲੱਗ ਚੁੱਕਾ ਸੀ। ਸੈਕਰਾਮੈਂਟੋ ਦੀ ਸਭਾ ਵਿੱਚ ਖੁਲ੍ਹੇਆਮ ਐਲਾਨ-ਏ-ਜੰਗ ਕੀਤਾ ਗਿਆ ਸੀ। ਅੰਗਰੇਜ਼ ਸਰਕਾਰ ਸ਼ੁਰੂ ਤੋਂ ਹੀ ਚੌਕੰਨੀ ਹੋ ਚੁੱਕੀ ਸੀ। ਉਸ ਨੇ ਅਮਰੀਕਾ-ਕਨੇਡਾ ਤੋਂ ਆ ਰਹੇ ਇਨਕਲਾਬੀਆਂ ਨੂੰ ਹਾਂਗਕਾਂਗ ਵਿੱਚ ਹੀ ਨਜ਼ਰਬੰਦ ਕਰਨ ਦਾ ਇੰਤਜ਼ਾਮ ਕਰ ਲਿਆ ਸੀ। ਹਰੇਕ ਬੰਦੇ ਦਾ ਨਾਂ ਤੇ ਪਤਾ ਪੂਰੀ ਤਰ੍ਹਾਂ ਨੋਟ ਕੀਤਾ ਜਾਂਦਾ ਸੀ ਅਤੇ ਤਸੱਲੀ ਹੋਣ ਬਾਅਦ ਹੀ ਟਿਕਟ ਲੈਣ ਦੀ ਇਜਾਜ਼ਤ ਦਿੱਤੀ ਜਾਂਦੀ ਸੀ।

ਜਦੋਂ ਬਜਬਜ ਘਾਟ 'ਤੇ ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫ਼ਰਾਂ 'ਤੇ ਗੋਲੀ ਚਲਾਈ ਗਈ, ਤਾਂ ਹਿੰਦੋਸਤਾਨ ਦੀ ਹੋਰ ਸਖ਼ਤ ਨਾਕਾਬੰਦੀ ਕੀਤੀ ਗਈ। ਇਸ ਦੇ ਨਤੀਜੇ ਵਜੋਂ ਸਭ ਤੋਂ ਪਹਿਲਾਂ ਕਨੇਡਾ, ਸ਼ੰਘਾਈ ਤੇ ਹਾਂਗਕਾਂਗ ਤੋਂ ਆਉਣ ਵਾਲੇ ਜਹਾਜ਼ਾਂ 'ਨਾਮਸੰਗ' ਨੂੰ ਕਲਕੱਤਾ ਦੀ ਬੰਦਰਗਾਹ ਉੱਤੇ ਰੋਕ ਲਿਆ ਗਿਆ। ਇਸ ਵਿੱਚ 100 ਤੋਂ ਵੱਧ ਮੈਂਬਰ ਸਵਾਰ ਸਨ, ਜਿਨ੍ਹਾਂ ਵਿੱਚ ਸੋਹਨ ਸਿੰਘ ਭਕਨਾ ਵੀ ਸੀ। ਸੋਹਨ ਸਿੰਘ ਤੇ ਕਨੇਡਾ ਤੋਂ ਮੁੜੇ ਦੋ ਹੋਰ ਮੈਂਬਰਾਂ ਨੂੰ 14 ਅਕਤੂਬਰ 1914 ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਦੋਵਾਂ ਕਨੇਡੀਅਨਾਂ ਨੂੰ ਤਾਂ ਜੰਗ ਤੋਂ ਬਾਅਦ ਛੱਡ ਦਿੱਤਾ ਗਿਆ, ਪਰ ਸੋਹਨ ਸਿੰਘ ਨੂੰ ਪਹਿਲੇ ਲਾਹੌਰ ਸਾਜਿਸ਼ ਕੇਸ ਵਿੱਚ ਮੌਤ ਦੀ ਸਜ਼ਾ ਸੁਣਾਈ ਗਈ, ਜੋ ਪਿੱਛੋਂ ਉਮਰਕੈਦ ਤੇ ਕਾਲਾਪਾਣੀ ਦੀ ਜਲਾਵਤਨੀ ਦੀ ਸਜ਼ਾ ਵਿੱਚ ਤਬਦੀਲ ਹੋ ਗਈ।

ਇਸ ਤੋਂ ਬਾਅਦ ਤੋਸ਼ਾਮਾਰੂ ਕਲਕੱਤੇ ਪਹੁੰਚਿਆ ਤਾਂ ਇਸ ਵਿੱਚ ਸਵਾਰ ਸਾਰੇ ਇਨਕਲਾਬੀ ਗ੍ਰਿਫ਼ਤਾਰ ਕਰ ਲਏ ਗਏ। ਇਸ ਤਰ੍ਹਾਂ ਪਾਰਟੀ ਲੀਡਰਸ਼ਿਪ ਦਾ ਵੱਡਾ ਹਿੱਸਾ ਬੰਦਰਗਾਹਾਂ 'ਤੇ ਹੀ ਗ੍ਰਿਫ਼ਤਾਰ ਹੋ ਚੁੱਕਿਆ ਸੀ। ਪਰ ਰੌਲਟ ਰਿਪੋਰਟ ਨੇ ਮੰਨਿਆ ਹੈ ਕਿ ਸਾਰੇ ਪ੍ਰਬੰਧਾਂ ਦੇ ਬਾਵਜੂਦ ਗ਼ਦਰ ਪਾਰਟੀ ਦੇ ਕਾਫ਼ੀ ਮੈਂਬਰ ਵੱਖੋ-ਵੱਖਰੀਆਂ ਬੰਦਰਗਾਹਾਂ ਤੋਂ ਵੱਖੋ-ਵੱਖ ਤਰੀਕਿਆਂ ਰਾਹੀਂ ਦੇਸ਼ ਪਹੁੰਚਣ ਵਿੱਚ ਕਾਮਯਾਬ ਹੋ ਗਏ ਸਨ।

[ਦੇਸ਼ਭਗਤ ਯਾਦਗਾਰ ਕਮੇਟੀ, ਜਲੰਧਰ ਦੀ ਇਤਿਹਾਸ ਸਬ-ਕਮੇਟੀ ਦੇ ਬੁਲਿਟਨ, ਵਿਰਸਾ, ਦੇ ਧੰਨਵਾਦ ਸਹਿਤ। ਉਰਦੂ ਹੱਥ-ਲਿਖਤ ਤੋਂ ਅਨੁਵਾਦ – ਐਨ.ਕੇ.ਜੋਸ਼ੀ ਤੇ ਸ਼ਬਦੀਸ਼]

ਗ਼ਦਰ ਪਾਰਟੀ: ਮੇਰੀ ਹੱਡਬੀਤੀ

–ਬਾਬਾ ਹਰਨਾਮ ਸਿੰਘ ਟੁੰਡੀਲਾਟ

(ਗ਼ਦਰ ਪਾਰਟੀ ਬਣਾਏ ਜਾਣ ਅਤੇ ਇਸਦੇ ਮੁੱਢਲੇ ਇਤਿਹਾਸ ਦਾ ਇਹ ਸਿੱਧਾ ਅਨੁਭਵ ਬਾਬਾ ਹਰਨਾਮ ਸਿੰਘ ਟੁੰਡੀਲਾਟ ਨੇ ਨਵੰਬਰ 1953 ਵਿਚ ਗੁਰਚਰਨ ਸਿੰਘ ਸਹਿਸਰਾ ਦੀ ਗੁਜ਼ਾਰਿਸ਼ 'ਤੇ ਲਿਖਿਆ ਸੀ, ਜਦੋਂ ਉਹ ਗ਼ਦਰ ਪਾਰਟੀ ਦਾ 1917 ਤਕ ਦਾ ਇਤਿਹਾਸ ਲਿਖ ਰਿਹਾ ਸੀ। ਇਸ ਵੇਰਵੇ ਨੂੰ ਉਨ੍ਹਾਂ ਵਲੋਂ 29 ਜਨਵਰੀ 1959 ਨੂੰ ਸੋਧਿਆ ਗਿਆ। ਇਹ ਗ਼ਦਰ ਲਹਿਰ ਦੀਆਂ ਸਭ ਤੋਂ ਸੱਚੀਆਂ ਕਹਾਣੀਆਂ ਵਿਚੋਂ ਇਕ ਮੰਨਿਆ ਜਾਂਦਾ ਹੈ।)

ਗ਼ਦਰ ਪਾਰਟੀ ਦਾ ਬਣਨਾ

ਵੀਹਵੀਂ ਸਦੀ ਦੇ ਬਿਲਕੁਲ ਮੁੱਢਲੇ ਸਾਲਾਂ ਵਿਚ ਸਵਾਮੀ ਰਾਮ ਤੀਰਥ ਅਤੇ ਸਵਾਮੀ ਵਿਵੇਕਾਨੰਦ ਅਮਰੀਕਾ ਗਏ ਸਨ। ਸਵਾਮੀ ਵਿਵੇਕਾਨੰਦ ਨੂੰ ਧਰਮ ਸੰਮੇਲਨ ਵਿਚ ਹਿੰਦੂ ਧਰਮ ਦੀ ਨੁਮਾਇੰਦਗੀ ਕਰਨ ਲਈ ਸੱਦਿਆ ਗਿਆ ਸੀ। ਸਵਾਮੀ ਰਾਮ ਤੀਰਥ ਖ਼ੁਦ ਹੀ ਵੇਦਾਂਤ ਦੇ ਫ਼ਲਸਫ਼ੇ ਦਾ ਪ੍ਰਚਾਰ ਕਰਨ ਲਈ ਉੱਥੇ ਗਿਆ ਸੀ। 1904–05 ਵਿਚ, ਸਵਾਮੀ ਰਾਮ ਤੀਰਥ ਨੇ ਹਿੰਦੁਸਤਾਨੀ ਅਖ਼ਬਾਰਾਂ ਵਿਚ ਅਮਰੀਕਾ ਬਾਰੇ ਆਪਣੇ ਲੇਖ ਛਪਵਾਏ ਸਨ। ਉਨ੍ਹਾਂ ਦਿਨਾਂ ਵਿਚ ਅਖ਼ਬਾਰ ਬਹੁਤ ਥੋੜ੍ਹੇ ਹੁੰਦੇ ਸਨ ਅਤੇ ਉਨ੍ਹਾਂ 'ਚੋਂ ਜ਼ਿਆਦਾਤਰ ਹਫ਼ਤਾਵਾਰ ਸਨ। ਪਾਠਕਾਂ ਨੂੰ ਉਹ ਟਿੱਪਣੀਆਂ ਪੜ੍ਹਕੇ ਉਸ ਮੁਲਕ, ਅਮਰੀਕਾ, ਬਾਰੇ ਕੁਝ ਜਾਣਕਾਰੀ ਹਾਸਲ ਹੋ ਗਈ।

ਪਹਿਲੇ ਹਿੰਦੁਸਤਾਨੀ 1904–05 ਵਿਚ ਕੈਨੇਡਾ ਗਏ ਸਨ। ਮੈਂ ਕੈਨੇਡਾ ਜਾਣ ਲਈ 11 ਮਈ 1906 ਨੂੰ ਆਪਣਾ ਘਰ ਛੱਡਿਆ। 26 ਜੂਨ ਨੂੰ ਮੈਂ ਹਾਂਗਕਾਂਗ ਤੋਂ ਸਮੁੰਦਰੀ ਜਹਾਜ਼ ਲਿਆ ਅਤੇ 12 ਜੁਲਾਈ 1906 ਨੂੰ ਵੈਨਕੂਵਰ ਪੁੱਜਿਆ। ਇਸ ਸਮੁੰਦਰੀ ਜਹਾਜ਼ ਵਿਚ 52 ਪੰਜਾਬੀ ਮੁਸਾਫ਼ਰ ਸਵਾਰ ਸਨ। ਐਨੀ ਵੱਧੀ ਤਾਦਾਦ 'ਚ ਹਿੰਦੁਸਤਾਨੀਆਂ ਨੂੰ ਕੈਨੇਡਾ ਲਿਜਾਣ ਵਾਲਾ ਇਹ ਪਹਿਲਾ ਜਹਾਜ਼ ਸੀ। ਪਹਿਲਾਂ ਜਹਾਜ਼ ਆਮ ਤੌਰ 'ਤੇ 10–12 ਹਿੰਦੁਸਤਾਨੀਆਂ ਨੂੰ ਹੀ ਲੈ ਕੇ ਗਏ ਸਨ। ਬਾਅਦ ਵਿਚ 1907 'ਚ, ਕਈ ਜਹਾਜ਼ 700 ਤਕ ਹਿੰਦੁਸਤਾਨੀਆਂ ਨੂੰ ਲੈਕੇ ਗਏ ਅਤੇ ਘੱਟੋਘੱਟ ਇਕ ਜਹਾਜ਼ ਤਾਂ 900 ਹਿੰਦੁਸਤਾਨੀਆਂ ਨੂੰ ਲੈ ਕੇ ਗਿਆ ਸੀ।

ਉਤਰੀ ਅਮਰੀਕਾ ਜਾਣ ਵਾਲੇ ਜ਼ਿਆਦਾਤਰ ਲੋਕ ਅਣਪੜ੍ਹ ਸਨ। ਉਨ੍ਹਾਂ ਦੀ ਕੁਲ

ਤਾਦਾਦ ਵਿੱਚੋਂ 5 ਫ਼ੀਸਦੀ ਤੋਂ ਵੀ ਘੱਟ ਨੂੰ ਕੁਝ ਉਰਦੂ ਜਾਂ ਗੁਰਮੁਖੀ ਆਉਂਦੀ ਸੀ। ਅੰਗਰੇਜ਼ੀ ਜਾਨਣ ਵਾਲੇ ਤਾਂ ਹੋਰ ਵੀ ਥੋੜ੍ਹੇ ਸਨ। ਇਹ ਸਾਰੇ ਬੰਦੇ ਉਥੇ ਮਜ਼ਦੂਰੀ ਕਰਨ ਗਏ ਸਨ। ਇਸ ਅਰਸੇ ਦੌਰਾਨ ਕੁਝ ਹਿੰਦੁਸਤਾਨੀ ਪੜ੍ਹਾਈ ਕਰਨ ਵੀ ਗਏ ਸਨ। ਉਨ੍ਹਾਂ ਵਿਚੋਂ ਕਈ, ਜੋ ਕਾਲਜ ਤੇ ਯੂਨੀਵਰਸਿਟੀ ਦੀਆਂ ਫ਼ੀਸਾਂ ਦੇਣ ਤੋਂ ਅਸਮਰੱਥ ਸਨ, ਮਜ਼ਦੂਰਾਂ ਦੀਆਂ ਸਫ਼ਾਂ ਵਿਚ ਸ਼ਾਮਲ ਹੋ ਗਏ। ਇਕ ਗ਼ੈਰਹੁਨਰੀ ਕਾਮਾ ਉਨ੍ਹਾਂ ਦਿਨਾਂ ਵਿਚ ਢਾਈ ਡਾਲਰ ਕਮਾ ਲੈਂਦਾ ਸੀ। (ਡਾਲਰ ਓਦੋਂ ਤਿੰਨ ਰੁਪਏ, ਇਕ ਆਨਾ, ਛੇ ਪਾਈ ਦੇ ਬਰਾਬਰ ਸੀ)। ਇਨ੍ਹਾਂ ਸਾਰੇ ਜਿਸਮਾਨੀ ਕਾਮਿਆਂ ਨੂੰ ਸਿਆਸਤ ਦਾ ਉੱਕਾ ਹੀ ਕੋਈ ਇਲਮ ਨਹੀਂ ਸੀ। ਜਦਕਿ, ਉਨ੍ਹਾਂ ਵਿਚੋਂ ਕੁਝ ਨੇ ਧਾਰਮਿਕ ਪ੍ਰਚਾਰ ਜ਼ਰੂਰ ਕੀਤਾ।

ਅਗਿਆਨਤਾ ਕਾਰਨ ਉਨ੍ਹਾਂ ਨੂੰ ਸੰਯੁਕਤ ਰਾਜ ਅਮਰੀਕਾ ਦੇ ਸਿਆਸੀ ਪ੍ਰਬੰਧ ਦਾ ਕੋਈ ਗਿਆਨ ਨਹੀਂ ਸੀ। ਜਦਕਿ ਉਹ ਸਾਰੇ ਕੈਨੇਡਾ ਅਤੇ ਸੰਯੁਕਤ ਰਾਜ ਦੇ ਜਮਹੂਰੀ ਰਾਜ ਪ੍ਰਸ਼ਾਸਨ ਤੋਂ ਪ੍ਰਭਾਵਤ ਸਨ। ਹਿੰਦੁਸਤਾਨੀ ਦੀ ਗ਼ੁਲਾਮੀ ਅਤੇ ਅਮਰੀਕਨਾਂ ਦੀ ਵਿਅਕਤੀਗਤ ਆਜ਼ਾਦੀ ਉਨ੍ਹਾਂ ਨੂੰ ਦਿਨ ਅਤੇ ਰਾਤ ਦੇ ਫ਼ਰਕ ਵਾਂਗ ਜਾਪਦੀ ਸੀ। ਇੱਥੋਂ ਤਕ ਕਿ ਸਭ ਤੋਂ ਘੱਟ ਗਿਆਨ ਵਾਲੇ ਅਤੇ ਅਨਪੜ੍ਹ ਹਿੰਦੁਸਤਾਨੀ ਵੀ ਖ਼ੁਦ ਇਹ ਦੇਖ ਸਕਦੇ ਸਨ। ਉਰਦੂ ਜਾਂ ਗੁਰਮੁਖੀ ਜਾਨਣ ਵਾਲਿਆਂ ਨੇ ਹਿੰਦੁਸਤਾਨ ਤੋਂ ਇਨ੍ਹਾਂ ਜ਼ੁਬਾਨਾਂ ਦੇ ਅਖ਼ਬਾਰ ਲਗਵਾ ਲਏ। ਅੰਗਰੇਜ਼ੀ ਜਾਨਣ ਵਾਲੇ ਸਥਾਨਕ ਅਖ਼ਬਾਰ ਪੜ੍ਹਦੇ ਸਨ। ਇੰਞ ਅਖ਼ਬਾਰ ਪੜ੍ਹਨ ਅਤੇ ਉਤਰੀ ਅਮਰੀਕਾ ਵਿਚ ਰੋਜ਼ਮਰਾ ਜ਼ਿੰਦਗੀ ਦੇ ਅਨੁਭਵ ਨੇ ਕਾਮਿਆਂ ਵਿਚ ਸਿਆਸੀ ਸੋਝੀ ਪੈਦਾ ਕੀਤੀ। ਇਹ ਮੇਰਾ ਆਪਣਾ ਜ਼ਾਤੀ ਤਜ਼ਰਬਾ ਵੀ ਹੈ।

1909 ਵਿਚ, ਕੈਨੇਡਾ ਸਰਕਾਰ ਨੇ ਹਿੰਦੁਸਤਾਨ ਸਰਕਾਰ ਦੀਆਂ ਹਦਾਇਤਾਂ 'ਤੇ ਹਿੰਦੁਸਤਾਨੀਆਂ ਦਾ ਕੈਨੇਡਾ ਵਿਚ ਦਾਖ਼ਲਾ ਬੰਦ ਕਰ ਦਿੱਤਾ। ਕੈਨੇਡਾ ਵਿਚਲੇ ਹਿੰਦੁਸਤਾਨੀ ਇਸ ਫ਼ੈਸਲੇ ਤੋਂ ਪ੍ਰੇਸ਼ਾਨ ਸਨ ਅਤੇ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਸੀ। ਲੋਕਾਂ ਨੇ ਕਾਫ਼ੀ ਜੱਦੋਜਹਿਦ ਕੀਤੀ ਪਰ ਉਨ੍ਹਾਂ ਦੇ ਯਤਨਾਂ ਦਾ ਕੋਈ ਸਿੱਟਾ ਨਾ ਨਿਕਲਿਆ। ਅਮਰੀਕਾ ਦੀ ਸਰਕਾਰ ਨੇ ਐਸਾ ਕੋਈ ਕਦਮ ਨਾ ਚੁੱਕਿਆ।

ਲਿਹਾਜ਼ਾ, 1914 ਤਕ ਹਿੰਦੁਸਤਾਨੀ ਓਦੋਂ ਤਕ ਇਥੇ ਵਹੀਰਾਂ ਘੱਤ ਕੇ ਆਉਂਦੇ ਰਹੇ ਜਦੋਂ ਅਮਰੀਕਾ ਦੀ ਸਰਕਾਰ ਨੇ ਵੀ ਅਮਰੀਕਾ ਵਿਚ ਹਿੰਦੁਸਤਾਨੀ ਕਾਮਿਆਂ ਦੇ ਆਉਣ ਉੱਪਰ ਪਾਬੰਦੀ ਨਹੀਂ ਲਗਾ ਦਿੱਤੀ ਅਤੇ ਉਨ੍ਹਾਂ ਨੂੰ ਜਹਾਜ਼ਾਂ ਤੋਂ ਉਤਰਨ ਦੀ ਇਜਾਜ਼ਤ ਦੇਣ ਤੋਂ ਇਨਕਾਰ ਨਹੀਂ ਕਰ ਦਿੱਤਾ।

ਲਾਲਾ ਹਰਦਿਆਲ ਐੱਮ.ਏ.

ਲਾਲਾ ਹਰਦਿਆਲ ਐੱਮ.ਏ. ਦਿੱਲੀ ਤੋਂ ਕਾਇਸਥ ਬ੍ਰਾਹਮਣ ਸੀ। ਉਸਨੇ ਆਈ.ਸੀ.ਐੱਸ. ਦਾ ਇਮਤਿਹਾਨ ਪਾਸ ਕੀਤਾ ਪਰ ਜਿਸਮਾਨੀ ਘਾਟਾਂ ਅਤੇ ਘੋੜ-ਸਵਾਰੀ ਕਰਨ 'ਚ ਅਸਫ਼ਲ ਰਹਿਣ ਕਾਰਨ ਉਸ ਨੂੰ ਨੌਕਰੀ ਨਾ ਮਿਲੀ। ਉਸਦੀ ਇੰਗਲੈਂਡ ਫੇਰੀ ਨੇ

ਉਸਨੂੰ ਹਿੰਦੁਸਤਾਨੀਆਂ ਦੀ ਗ਼ੁਲਾਮੀ ਦੇ ਰੂ-ਬ-ਰੂ ਕੀਤਾ ਅਤੇ ਉਸਦੀ ਨੌਕਰੀ ਹਾਸਲ ਨਾ ਕਰ ਸਕਣ ਦੀ ਨਾਕਾਮੀ ਨੇ ਉਸ ਅੰਦਰ ਹਕੂਮਤ ਵਿਰੋਧੀ ਭਾਵਨਾ ਹੋਰ ਵਿਕਸਤ ਕਰ ਦਿੱਤੀ। ਹਿੰਦੁਸਤਾਨੀ ਪ੍ਰੈੱਸ ਵਿਚ ਉਸਦੀਆਂ ਗਰਮ-ਮਿਜ਼ਾਜ ਲਿਖਤਾਂ ਨੇ ਉਸ ਨੂੰ ਅਣਚਾਹਿਆ ਬੰਦਾ ਬਣਾ ਦਿੱਤਾ ਅਤੇ ਉਸਨੂੰ ਹਿੰਦੁਸਤਾਨ ਛੱਡਣਾ ਪਿਆ। ਉਸਦਾ ਬਦੇਸ਼ ਸਫ਼ਰ ਆਖ਼ਿਰਕਾਰ 1911 'ਚ ਉਸਨੂੰ ਅਮਰੀਕਾ ਲੈ ਗਿਆ। ਜਦੋਂ ਉਹ ਅਮਰੀਕਾ ਵਿਚ ਸੀ, ਉਹ ਹਿੰਦੁਸਤਾਨੀ ਅਖ਼ਬਾਰਾਂ ਨੂੰ ਆਪਣੇ ਲੇਖ ਭੇਜਿਆ ਕਰਦਾ ਸੀ। ਇਸ ਤਰੀਕੇ ਨਾਲ, ਅਮਰੀਕਾ ਵਿਚਲੇ ਉਰਦੂ ਪੜ੍ਹਨ ਵਾਲੇ ਹਿੰਦੁਸਤਾਨੀ ਉਸਦੇ ਚੰਗੇ ਜਾਣੂ ਹੋ ਗਏ।

1907 ਦੇ ਅਖ਼ੀਰ 'ਚ, ਸਰਦਾਰ ਅਜੀਤ ਸਿੰਘ, ਸੂਫ਼ੀ ਅੰਬਾ ਪ੍ਰਸਾਦ ਅਤੇ ਪਟਿਆਲਾ ਤੋਂ ਲਾਲਾ ਠਾਕੁਰ ਦਾਸ ਤੇ ਕੁਝ ਹੋਰ ਦੇਸ਼ਭਗਤ ਹਿੰਦੁਸਤਾਨ ਤੋਂ ਫਰਾਰ ਹੋ ਕੇ ਬਰਾਸਤਾ ਈਰਾਨ ਯੂਰਪ ਆ ਗਏ। (ਸੂਫ਼ੀ ਅੰਬਾ ਨੂੰ ਈਰਾਨ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਫਾਹੇ ਲਾ ਦਿੱਤਾ ਗਿਆ।) ਉਨ੍ਹਾਂ ਵਿਚੋਂ ਲਾਲਾ ਠਾਕੁਰ ਦਾਸ ਅਤੇ ਰਿਸ਼ੀ ਕੇਸ਼ ਅਮਰੀਕਾ ਗਏ। ਉਹ ਓਰੇਗਨ ਰਾਜ ਦੇ ਸੇਂਟ ਜੌਹਨ ਕਸਬੇ ਵਿਚ ਅੰਬਾਲਾ ਤੋਂ ਪੰਡਤ ਕਾਂਸ਼ੀ ਰਾਮ ਕੋਲ ਠਹਿਰੇ।

1911 'ਚ, ਅਮਰੀਕਨ ਕਾਮਿਆਂ ਨੇ ਸੇਂਟ ਜੌਹਨ ਮਿੱਲ ਦੇ ਹਿੰਦੁਸਤਾਨੀ ਕਾਮਿਆਂ ਉੱਪਰ ਹਮਲਾ ਕੀਤਾ ਅਤੇ ਉਨ੍ਹਾਂ ਦਾ ਸਮਾਨ ਲੁੱਟ ਲਿਆ। ਪੰਜਾਬੀਆਂ ਦੀ ਤਾਦਾਦ ਬਹੁਤ ਥੋੜ੍ਹੀ ਸੀ। ਅਮਰੀਕਾ ਦੇ ਹੋਰ ਥਾਵਾਂ ਤੋਂ ਵੀ ਅਜਿਹੀਆਂ ਘਟਨਾਵਾਂ ਦੀਆਂ ਰਿਪੋਰਟਾਂ ਆਈਆਂ। ਕੁਝ ਥਾਈਂ ਪੰਜਾਬੀ ਕਾਮਿਆਂ ਨੇ ਅਮਰੀਕਨ ਕਾਮਿਆਂ ਨਾਲ ਸਿੱਧੀ ਟੱਕਰ ਲਈ ਅਤੇ ਫ਼ਤਹਿ ਦਾ ਸਵਾਦ ਵੀ ਚੱਖਿਆ। ਇਨ੍ਹਾਂ ਘਟਨਾਵਾਂ ਨੇ ਸਾਰੇ ਹਿੰਦੁਸਤਾਨੀ ਕਾਮਿਆਂ ਉੱਪਰ ਡੂੰਘਾ ਅਸਰ ਪਾਇਆ। ਬਰਾਈਡਲ ਵੇਲ ਵਿਖੇ ਅਸਾਂ ਦਸ ਤੋਂ ਪੰਦਰਾਂ ਪੰਜਾਬੀਆਂ ਦਾ ਜਥਾ ਰਹਿ ਰਿਹਾ ਸੀ ਜੋ ਪੰਡਤ ਕਾਂਸ਼ੀ ਰਾਮ ਦੇ ਰੈਣ-ਬਸੇਰੇ ਤੋਂ ਤੀਹ ਮੀਲ ਦੇ ਫ਼ਾਸਲੇ 'ਤੇ ਸੀ। ਅਸੀਂ ਤਕਰੀਬਨ ਹਰ ਹਫ਼ਤੇ ਐਤਵਾਰ ਨੂੰ ਪੋਰਟਲੈਂਡ ਵਿਚ ਮਿਲਦੇ ਸੀ, ਪਰ ਮਹੀਨੇ ਵਿਚ ਦੋ ਵਾਰ ਤਾਂ ਲਾਜ਼ਮੀ ਹੀ। ਸੇਂਟ ਜੌਹਨ ਤੋਂ ਦੋ ਮੀਲ ਅੱਗੇ ਵਾਸ਼ਿੰਗਟਨ ਸੂਬੇ ਵਿਚ ਲਿੰਟਨ ਕਸਬੇ ਵਿਚ ਬਾਬਾ ਸੋਹਣ ਸਿੰਘ ਪੰਜਾਬੀਆਂ ਦੇ ਇਕ ਹੋਰ ਜਥੇ ਕੋਲ ਠਹਿਰੇ ਹੋਏ ਸਨ। ਉਨ੍ਹਾਂ ਦਿਨੀਂ, ਗੁਰੂ ਦੱਤ ਕੁਮਾਰ (ਦੇਵ ਸਮਾਜੀ) ਵਾਸ਼ਿੰਗਟਨ ਸੂਬੇ ਵਿਚ ਸਿਆਟਲ ਸ਼ਹਿਰ ਵਿਚ ਰਹਿੰਦੇ ਸਨ। ਉਹ ਅਮਰੀਕਨਾਂ ਵਿਚ ਆਪਣੇ ਅਕੀਦੇ ਦਾ ਪ੍ਰਚਾਰ ਕਰਦੇ ਸਨ। ਉਹ ਉਪਰੋਕਤ ਸਾਰੇ ਸ਼ਹਿਰਾਂ ਵਿਚ ਗਏ ਅਤੇ ਸਥਾਨਕ ਲੋਕਾਂ ਨਾਲ ਮਿਲਕੇ "ਹਿੰਦੁਸਤਾਨੀ ਐਸੋਸੀਏਸ਼ਨ" ਨਾਂ ਦੀ ਜਥੇਬੰਦੀ ਬਣਾਈ।

1912 'ਚ, ਬਾਬਾ ਸੋਹਣ ਸਿੰਘ ਭਕਨਾ ਇਸ ਐਸੋਸੀਏਸ਼ਨ ਦੇ ਪ੍ਰਧਾਨ ਚੁਣੇ ਗਏ। ਇਸ ਐਸੋਸੀਏਸ਼ਨ ਦਾ ਮੁੱਖ ਮਨੋਰਥ ਹਿੰਦੁਸਤਾਨੀਆਂ ਅੰਦਰ ਚਰਿੱਤਰ-ਉਸਾਰੀ ਦਾ ਪ੍ਰਚਾਰ ਕਰਨਾ ਅਤੇ ਉਨ੍ਹਾਂ ਦਰਮਿਆਨ ਸਹਿਯੋਗ ਯਕੀਨੀਂ ਬਣਾਉਣਾ ਸੀ। ਬਤੌਰ ਦੇਵ ਸਮਾਜੀ ਗੁਰੂ ਦੱਤ ਕੁਮਾਰ ਵੀ ਸ਼ਰਾਬਨੋਸ਼ੀ ਅਤੇ ਜਾਨਵਰਾਂ ਦਾ ਮਾਸ ਖਾਣ ਦੇ ਖ਼ਿਲਾਫ਼ ਸਨ। ਇਹ ਐਸੋਸੀਏਸ਼ਨ ਪੰਜਾਬੀ ਕਾਮਿਆਂ ਵਿਚ ਹਰਮਨਪਿਆਰੀ ਨਾ ਹੋ ਸਕੀ। ਪੇਟ ਦੀ ਬੀਮਾਰੀ ਕਾਰਨ, ਗੁਰੂ ਦੱਤ

ਕੁਮਾਰ (ਜੋ ਇਸ ਐਸੋਸੀਏਸ਼ਨ ਦੇ ਸਕੱਤਰ ਸਨ) ਦੀ ਲੰਮਾ ਸਮਾਂ ਰੁਚੀ ਨਾ ਲੈਣ ਦੇ ਸਿੱਟੇ ਵਜੋਂ ਇਹ ਜਥੇਬੰਦੀ ਖ਼ਤਮ ਹੋ ਗਈ।

ਐਨ ਇਸੇ ਵਕਤ ਪੰਡਤ ਠਾਕੁਰ ਦਾਸ ਨੇ ਲਾਲਾ ਹਰਦਿਆਲ ਨੂੰ ਸੱਦਣ ਦੀ ਤਜਵੀਜ਼ ਰੱਖੀ ਜੋ ਉਸ ਵਕਤ ਕੈਲੀਫੋਰਨੀਆ ਯੂਨੀਵਰਸਿਟੀ ਵਿਖੇ ਸੰਸਕ੍ਰਿਤ ਪੜ੍ਹਾ ਰਿਹਾ ਸੀ। ਲਾਲਾ ਹਰਦਿਆਲ ਨੂੰ ਸੱਦਣ ਦੀ ਡਿਊਟੀ ਉਸੇ ਦੀ ਲਗਾਈ ਗਈ। ਵਾਹਵਾ ਖ਼ਤੋ-ਕਿਤਾਬਤ ਤੋਂ ਬਾਅਦ, ਉਹ ਆਪਣੇ ਸਾਥੀਆਂ ਨੂੰ ਇਹ ਦੱਸਣ ਜੋਗਾ ਹੋ ਗਿਆ ਕਿ ਲਾਲਾ ਹਰਦਿਆਲ ਕ੍ਰਿਸਮਿਸ ਦਿਹਾੜੇ (25 ਦਸੰਬਰ 1912) ਉਪਰ ਪੋਰਟਲੈਂਡ ਆਵੇਗਾ। ਭਾਰੀ ਬਰਫ਼ਵਾਰੀ ਕਾਰਨ ਲੰਬਰ ਮਿੱਲਾਂ ਆਮ ਤੌਰ 'ਤੇ ਵੀਹ ਤੋਂ ਲੈ ਕੇ ਤੀਹ ਦਿਨਾਂ ਲਈ ਬੰਦ ਹੋਣ ਕਾਰਨ ਕਾਮੇ ਕੁਝ ਵੀ ਕਰਨ ਲਈ ਆਜ਼ਾਦ ਸਨ। ਲਾਲਾ ਹਰਦਿਆਲ ਦੀ ਸੰਭਾਵੀ ਆਮਦ ਨੇ ਲੋਕਾਂ ਵਿਚ ਉਤਸੁਕਤਾ ਦੀ ਲਹਿਰ ਜਗਾ ਦਿੱਤੀ ਜੋ ਉਸਦਾ ਨਾਂ ਜਾਣਦੇ ਸਨ। ਪਰ ਉਹ ਮਿੱਥੀ ਤਰੀਕ 'ਤੇ ਆ ਨਹੀਂ ਸਕਿਆ। ਅਸੀਂ ਸਾਰੇ ਮਾਯੂਸ ਹੋ ਗਏ ਪਰ ਲਾਲਾ ਠਾਕੁਰ ਦਾਸ ਨੇ ਇਤਲਾਹ ਦਿੱਤੀ ਕਿ ਉਸਨੇ ਬਾਅਦ ਵਿਚ ਆਉਣ ਦਾ ਇਕਰਾਰ ਕੀਤਾ ਸੀ। ਬਰਫ਼ ਪਿਘਲ ਗਈ ਅਤੇ ਫੈਕਟਰੀਆਂ ਦੁਬਾਰਾ ਚਾਲੂ ਹੋ ਗਈਆਂ ਅਤੇ ਹਰ ਕਈ ਆਪੋ-ਆਪਣੇ ਕੰਮ-ਧੰਦੇ ਜਾ ਲੱਗਿਆ।

25 ਮਾਰਚ 1913 ਦੀ ਸ਼ਾਮ ਨੂੰ ਪੰਜ ਵਜੇ, ਜਦੋਂ ਮੈਂ ਆਪਣੀ ਮਸ਼ੀਨ ਉੱਪਰ ਕੰਮ ਕਰ ਰਿਹਾ ਸੀ, ਮੈਨੂੰ ਸੇਂਟ ਜੌਹਨ ਤੋਂ ਪੰਡਤ ਕਾਂਸ਼ੀ ਰਾਮ ਦਾ ਫ਼ੋਨ ਆਇਆ। ਉਸ ਨੇ ਮੈਨੂੰ ਦੱਸਿਆ ਕਿ ਲਾਲਾ ਹਰਦਿਆਲ ਅਤੇ ਭਾਈ ਪਰਮਾਨੰਦ ਸੇਂਟ ਜੌਹਨ ਪਹੁੰਚ ਚੁੱਕੇ ਸਨ ਅਤੇ ਮੈਨੂੰ ਬਰਾਈਡਲ ਵੇਲ ਤੋਂ ਛੇ ਵਜੇ ਵਾਲੀ ਗੱਡੀ ਲੈਕੇ ਸੇਂਟ ਜੌਹਨ ਪਹੁੰਚਣ ਦੀ ਤਾਕੀਦ ਕੀਤੀ ਗਈ। ਮੈਂ ਰਾਤ ਨੂੰ 9 ਵਜੇ ਸੇਂਟ ਜੌਹਨ ਪਹੁੰਚਿਆ ਅਤੇ ਲਾਲਾ ਹਰਦਿਆਲ ਤੇ ਭਾਈ ਪਰਮਾਨੰਦ ਨਾਲ ਮੁਲਾਕਾਤ ਹੋਈ। ਰਾਤ ਨੂੰ ਅਸੀਂ ਨਵੇਂ ਆਏ ਦੋ ਹਮ-ਵਤਨੀਆਂ ਨਾਲ ਵਿਚਾਰ-ਵਟਾਂਦਰਾ ਕੀਤਾ। ਲਾਲਾ ਹਰਦਿਆਲ ਦੀ ਰਾਇ ਸੀ ਕਿ ਸਾਨੂੰ ਅਮਰੀਕਾ ਵਿਚ ਗ਼ਦਰ ਅਖ਼ਬਾਰ ਕੱਢਣਾ ਚਾਹੀਦਾ ਹੈ ਅਤੇ ਅਮਰੀਕਾ ਵਿਚਲੇ ਹਿੰਦੁਸਤਾਨੀਆਂ ਦਰਮਿਆਨ ਬਰਤਾਨੀਆ ਵਿਰੋਧੀ ਪ੍ਰਚਾਰ ਵਿੱਢਣਾ ਚਾਹੀਦਾ ਹੈ। ਹਿੰਦੁਸਤਾਨ ਵਿਚ ਗ਼ਦਰ ਦੀਆਂ ਤਿਆਰੀਆਂ ਅਮਰੀਕਾ ਵਿਚ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਦੂਜੇ ਪਾਸੇ, ਭਾਈ ਪਰਮਾਨੰਦ ਦੀ ਰਾਇ ਸੀ ਕਿ ਹਿੰਦੁਸਤਾਨ ਤੋਂ ਵਿਦਿਆਰਥੀ ਬੁਲਾਉਣੇ ਚਾਹੀਦੇ ਹਨ ਅਤੇ ਸਾਨੂੰ ਉਨ੍ਹਾਂ ਦੀ ਪੜ੍ਹਾਈ ਵਿਚ ਮਦਦ ਕਰਨੀ ਚਾਹੀਦੀ ਹੈ। ਹਾਜ਼ਰ ਸਾਥੀਆਂ 'ਚੋਂ ਕੋਈ ਵੀ ਭਾਈ ਪਰਮਾਨੰਦ ਦੇ ਸੁਝਾਅ ਨਾਲ ਸਹਿਮਤ ਨਾ ਹੋਇਆ। ਅਸੀਂ ਸਾਰੇ ਲਾਲਾ ਹਰਦਿਆਲ ਦੀ ਤਜਵੀਜ਼ ਨੂੰ ਸਵੀਕਾਰ ਕਰਨ ਲਈ ਇਕਮੱਤ ਸੀ।

ਅਗਲੀ ਸਵੇਰ, ਭਾਈ ਪਰਮਾਨੰਦ ਗੱਡੀ ਫੜਕੇ ਨਿਊਯਾਰਕ ਲਈ ਰਵਾਨਾ ਹੋ ਗਿਆ ਅਤੇ ਉੱਥੋਂ ਹੋਕੇ ਹਿੰਦੁਸਤਾਨ ਚਲਾ ਗਿਆ। ਲਾਲਾ ਹਰਦਿਆਲ ਸੇਂਟ ਜੌਹਨ ਅਤੇ ਪੋਰਟਲੈਂਡ ਦੇ ਸਾਥੀਆਂ ਸਮੇਤ ਬਰਾਈਡਲ ਵੇਲ ਦੇ ਮਿੱਤਰਾਂ ਨੂੰ ਮਿਲਣ ਲਈ ਸਹਿਮਤ ਹੋ ਗਿਆ। ਇਹ ਤੈਅ ਹੋਇਆ ਕਿ ਅਸੀਂ ਇਕ ਜਾਂ ਦੂਜੇ ਐਤਵਾਰ ਹਰ ਫੈਕਟਰੀ ਵਿਚ ਜਾਵਾਂਗੇ ਅਤੇ ਉਥੇ

ਹਿੰਦੁਸਤਾਨੀਆਂ ਨਾਲ ਆਪਣੀ ਤਜਵੀਜ਼ ਬਾਰੇ ਗੱਲ ਕਰਾਂਗੇ। ਗ਼ਦਰ ਕੱਢਣ ਲਈ ਮਦਦ ਦੀ ਅਪੀਲ ਕਰਨ ਦਾ ਫ਼ੈਸਲਾ ਵੀ ਹੋਇਆ। ਪਹਿਲਾ ਇਕੱਠ ਬਰਾਈਡਲ ਵੇਲ ਵਿਖੇ ਹੋਇਆ ਜਿਥੇ 1500 ਹਿੰਦੁਸਤਾਨੀ ਕੰਮ ਕਰਦੇ ਸਨ। ਲਾਲਾ ਹਰਦਿਆਲ ਦੀ ਸੰਖੇਪ ਤਕਰੀਰ ਤੋਂ ਬਾਅਦ ਉਥੇ ਹਾਜ਼ਰ ਸਾਰੇ ਕਾਮੇ ਮੈਂਬਰ ਬਣ ਗਏ ਅਤੇ ਉਨ੍ਹਾਂ ਨੇ ਵੱਖੋ-ਵੱਖਰੀ ਮਾਤਰਾ 'ਚ ਚੰਦੇ ਦਿੱਤੇ।

ਇਸ ਢੰਗ ਨਾਲ ਬਰਾਈਡਲ ਵੇਲ ਵਿਚ ਪਾਰਟੀ ਦੀ ਪਹਿਲੀ ਸ਼ਾਖਾ ਬਣਾਈ ਗਈ। ਲਾਲਾ ਹਰਦਿਆਲ ਨੇ ਤਜਵੀਜ਼ ਰੱਖੀ ਕਿ ਵੱਖੋ-ਵੱਖਰੇ ਕੰਮਾਂ ਲਈ ਹਰ ਸ਼ਾਖਾ ਦਾ ਇਕ ਸਕੱਤਰ ਅਤੇ ਇਕ ਖਜ਼ਾਨਚੀ ਚੁਣਿਆ ਜਾਵੇ। ਮੈਨੂੰ ਸਕੱਤਰ ਅਤੇ ਭਾਈ ਅਮਰ ਸਿੰਘ ਕੋਟਲਾ ਨੌਧ ਸਿੰਘ ਨੂੰ ਖਜ਼ਾਨਚੀ ਚੁਣ ਲਿਆ ਗਿਆ। ਉਸ ਨੇ ਇਹ ਵੀ ਤਜਵੀਜ਼ ਰੱਖੀ ਕਿ ਪਾਰਟੀ ਦੇ ਸਦਰ-ਮੁਕਾਮ ਵਿਖੇ ਕੰਮ ਕਰਨ ਲਈ ਵਾਲੰਟੀਅਰ ਭਰਤੀ ਕੀਤੇ ਜਾਣ। ਵਾਲੰਟੀਅਰ ਕੋਈ ਮਿਹਨਤਾਨਾ ਲਏ ਬਗ਼ੈਰ ਕੰਮ ਕਰਨਗੇ ਅਤੇ ਉਨ੍ਹਾਂ ਨੂੰ ਸਾਨ ਫਰਾਂਸਿਸਕੋ ਵਿਖੇ ਸਦਰ-ਮੁਕਾਮ ਵਿਚ ਤਾਇਨਾਤ ਕੀਤਾ ਜਾਵੇਗਾ ਜਿੱਥੋਂ ਅਖ਼ਬਾਰ ਕੱਢਿਆ ਜਾਵੇਗਾ। ਪਾਰਟੀ ਸਦਰ-ਮੁਕਾਮ ਦਾ ਨਾਂ ਗ਼ਦਰ ਆਸ਼ਰਮ ਹੋਵੇਗਾ। ਉਸਨੂੰ ਕੁਝ ਅਮਰੀਕਨ ਮਿੱਤਰਾਂ ਤੋਂ ਮਦਦ ਦੀ ਉਮੀਦ ਸੀ ਜੋ ਬਰਤਾਨਵੀ ਹਕੂਮਤ ਵਿਰੁੱਧ ਸਾਡੀ ਲੜਾਈ ਵਿਚ ਸਾਡੀ ਮਦਦ ਕਰਨਗੇ। ਉਸਨੇ ਇਹ ਵੀ ਜਾਣਕਾਰੀ ਦਿੱਤੀ ਕਿ ਜੋ ਵਾਲੰਟੀਅਰ ਅਖ਼ਬਾਰ ਦੇ ਦਫ਼ਤਰ ਵਿਖੇ ਕੰਮ ਕਰਨਗੇ ਉਹ ਹਿੰਦੁਸਤਾਨ ਨਹੀਂ ਜਾ ਸਕਣਗੇ ਕਿਉਂਕਿ ਉਨ੍ਹਾਂ ਦੇ ਨਾਂ ਹਿੰਦੁਸਤਾਨ ਦੀ ਸੀ.ਆਈ.ਡੀ. ਦੀ ਕਾਲੀ ਸੂਚੀ ਵਿਚ ਚੜ੍ਹ ਜਾਣਗੇ। ਜਲੰਧਰ ਜ਼ਿਲ੍ਹੇ ਦੇ ਸੰਘਵਾਲ ਪਿੰਡ ਦੇ ਬਲਵੰਤ ਸਿੰਘ ਨੇ ਆਪਣਾ ਨਾਂ ਵਾਲੰਟੀਅਰ ਵਜੋਂ ਪੇਸ਼ ਕੀਤਾ। ਲਾਲਾ ਹਰਦਿਆਲ ਨੇ ਸਾਨੂੰ ਦੱਸਿਆ ਕਿ ਲੋੜ ਪੈਣ 'ਤੇ ਵਾਲੰਟੀਅਰਾਂ ਨੂੰ ਸੱਦ ਲਿਆ ਜਾਵੇਗਾ। ਇਸ ਨਾਲ ਓਰੇਗਨ ਸੂਬੇ ਵਿਚ ਪਾਰਟੀ ਦੀ ਪਹਿਲੀ ਸ਼ਾਖਾ ਬਣਾਉਣ ਲਈ ਮੀਟਿੰਗ ਦੀ ਸਮਾਪਤੀ ਹੋ ਗਈ। ਅਗਲੀ ਮੀਟਿੰਗ ਲਿੰਟਨ ਵਿਖੇ ਬਾਬਾ ਸੋਹਣ ਸਿੰਘ ਭਕਨਾ ਦੀ ਰਿਹਾਇਸ਼ ਉਪਰ ਰੱਖ ਲਈ ਜਿਸ ਵਿਚ ਪੋਰਟਲੈਂਡ ਸ਼ਹਿਰ ਅਤੇ ਲਿੰਟਨ ਵਾਲੇ ਸੱਜਣ ਸ਼ਾਮਲ ਹੋ ਸਕਦੇ ਸਨ।

ਜਿਵੇਂ ਤੈਅ ਹੋਇਆ ਸੀ ਅਪ੍ਰੈਲ 1913 ਦੇ ਪਹਿਲੇ ਹਫ਼ਤੇ ਲਿੰਟਨ ਵਿਚ ਮੀਟਿੰਗ ਹੋਈ। ਉਥੇ ਫਿਰ ਲਾਲਾ ਹਰਦਿਆਲ ਨੇ ਸੰਖੇਪ ਤਕਰੀਰ ਕੀਤੀ ਅਤੇ ਪਾਰਟੀ ਬਣਾਏ ਜਾਣ ਦਾ ਸੱਦਾ ਦਿੱਤਾ। ਉਸਨੇ ਸਾਰੇ ਹਿੰਦੁਸਤਾਨੀਆਂ ਨੂੰ ਇਸ ਉੱਦਮ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ। ਉਸਦੀ ਅਪੀਲ ਤੁਰੰਤ ਪ੍ਰਵਾਨ ਹੋ ਗਈ। ਇਥੇ ਪਾਰਟੀ ਸ਼ਾਖਾ ਬਣ ਗਈ। ਪੰਡਤ ਕਾਂਸ਼ੀ ਰਾਮ ਸਕੱਤਰ ਅੰਤੇ ਲਾਲਾ ਠਾਕੁਰ ਦਾਸ ਖਜ਼ਾਨਚੀ ਚੁਣੇ ਗਏ।

ਇਸੇ ਢੰਗ ਨਾਲ ਅਗਲੇ ਐਤਵਾਰ ਅਪ੍ਰੈਲ ਦੇ ਦੂਜੇ ਹਫ਼ਤੇ ਵਿਨਾ ਵਿਚ ਅਤੇ ਤੀਜੇ ਹਫ਼ਤੇ ਅਸਟੋਰੀਆ ਵਿਚ ਪਾਰਟੀ ਦੀਆਂ ਸ਼ਾਖਾਵਾਂ ਬਣ ਗਈਆਂ। ਇਨ੍ਹਾਂ ਥਾਵਾਂ ਦੇ ਤਕਰੀਬਨ ਸਾਰੇ ਹਿੰਦੁਸਤਾਨੀ ਪਾਰਟੀ ਦੇ ਮੈਂਬਰ ਬਣ ਗਏ ਅਤੇ ਫੰਡ ਵਿਚ ਆਪਣਾ ਹਿੱਸਾ ਪਾਇਆ। ਉਹ ਬਾਕਾਇਦਗੀ ਨਾਲ ਫੰਡ ਦੇਣ ਲਈ ਸਹਿਮਤ ਹੋਏ। ਇਨ੍ਹਾਂ ਚਾਰ ਵਿੱਚੋਂ ਤਿੰਨ ਕੇਂਦਰਾਂ ਤੋਂ ਸਾਨੂੰ

ਐਨੇ ਮੈਂਬਰ ਤੇ ਵਾਲੰਟੀਅਰ ਅਤੇ ਮਾਲੀ ਸਹਾਇਤਾ ਹਾਸਲ ਹੋ ਗਈ ਕਿ ਉਰਦੂ ਅਤੇ ਗੁਰਮੁਖੀ ਦੋਵੇਂ ਐਡੀਸ਼ਨ ਕੱਢਣੇ ਸੰਭਵ ਹੋ ਗਏ।

ਅਸਟੋਰੀਆ ਵਿਚ, ਤਿੰਨਾਂ ਸ਼ਾਖਾਵਾਂ ਦੇ ਨੁਮਾਇੰਦੇ ਹਾਜ਼ਰ ਸਨ। ਲਾਲਾ ਹਰਦਿਆਲ ਆਪਣੀ ਪ੍ਰਾਪਤੀ ਉੱਪਰ ਬਾਗ਼ੋਬਾਗ਼ ਸੀ ਅਤੇ ਉਸਨੇ ਤਜਵੀਜ਼ ਰੱਖੀ ਕਿ ਪਾਰਟੀ ਦੇ ਅਹੁਦੇਦਾਰ ਚੁਣ ਲਏ ਜਾਣ। ਬਾਬਾ ਸੋਹਣ ਸਿੰਘ ਭਕਨਾ ਸਰਵਸੰਮਤੀ ਨਾਲ ਪ੍ਰਧਾਨ ਅਤੇ ਭਾਈ ਕੇਸਰ ਸਿੰਘ ਠੱਠਗੜ੍ਹ ਮੀਤ ਪ੍ਰਧਾਨ ਚੁਣੇ ਗਏ। ਲਾਲਾ ਹਰਦਿਆਲ ਨੂੰ ਜਨਰਲ ਸਕੱਤਰ ਅਤੇ ਪੰਡਿਤ ਕਾਂਸ਼ੀ ਰਾਮ, ਪਿੰਡ ਮੜੌਲੀ ਜ਼ਿਲ੍ਹਾ ਅੰਬਾਲਾ ਨੂੰ ਖਜ਼ਾਨਚੀ ਚੁਣਿਆ ਗਿਆ।

ਕਸੇਲ, ਜ਼ਿਲ੍ਹਾ ਅੰਮ੍ਰਿਤਸਰ ਦੇ ਨੌਜਵਾਨ ਊਧਮ ਸਿੰਘ (ਜਿਨ੍ਹਾਂ ਨੇ ਬਾਅਦ ਵਿਚ ਸ਼ਹਾਦਤ ਪਾਈ) ਵਿਨਾ ਸ਼ਾਖਾ ਦੇ ਅਤੇ ਹੁਸ਼ਿਆਰਪੁਰ ਤੋਂ ਕਰੀਮ ਬਖ਼ਸ਼ ਅਸਟੋਰੀਆ ਸ਼ਾਖਾ ਦੇ ਸਕੱਤਰ ਚੁਣੇ ਗਏ।

ਪਾਰਟੀ ਦੇ ਇਹ ਨਿਸ਼ਾਨੇ ਤੇ ਮਨੋਰਥ ਵੀ ਤੈਅ ਕੀਤੇ ਗਏ। 1) ਅਮਰੀਕਨ ਪਾਰਟੀ ਦੇ ਪ੍ਰਚਾਰ ਲਈ ਹਿੰਦੁਸਤਾਨੀ ਜ਼ੁਬਾਨਾਂ ਵਿਚ ਇਕ ਅਖ਼ਬਾਰ ਕੱਢਣਾ। 2) ਹੋਰ ਮੁਲਕਾਂ ਵਿਚ ਸ਼ਾਖਾਵਾਂ ਕਾਇਮ ਕਰਨਾ। 3) ਅਮਰੀਕਾ ਵਿਚ ਸਾਥੀਆਂ ਨੂੰ ਸਿਖਲਾਈ ਦੇਣਾ ਅਤੇ ਹਿੰਦੁਸਤਾਨ ਵਿਚ ਪਾਰਟੀ ਦੀਆਂ ਖ਼ੁਫ਼ੀਆ ਸ਼ਾਖਾਵਾਂ ਕਾਇਮ ਕਰਨ ਲਈ ਉਨ੍ਹਾਂ ਨੂੰ ਗੁਪਤ ਤਰੀਕੇ ਨਾਲ ਹਿੰਦੁਸਤਾਨ ਭੇਜਣਾ ਅਤੇ 4) ਹਥਿਆਰਬੰਦ ਫ਼ੌਜਾਂ ਵਿਚ ਦੇਸ਼ਭਗਤੀ ਦਾ ਪ੍ਰਚਾਰ ਕਰਨਾ ਅਤੇ ਉਨ੍ਹਾਂ ਨੂੰ ਪਾਰਟੀ ਦੇ ਗ਼ਦਰ ਵਰਗੀ ਬਗ਼ਾਵਤ ਦੇ ਪ੍ਰੋਗਰਾਮ ਦੇ ਹੱਕ 'ਚ ਕਰਨਾ।

ਆਪਣੀ ਓਰੇਗਨ ਫੇਰੀ ਦੌਰਾਨ, ਲਾਲਾ ਹਰਦਿਆਲ ਨੇ ਕੈਲੀਫੋਰਨੀਆ ਦੇ ਫਾਰਮਾਂ ਅਤੇ ਬਾਗ਼ਾਂ ਵਿਚ ਕੰਮ ਕਰਦੇ ਹੋਰ ਸਾਥੀਆਂ ਬਾਰੇ ਜ਼ਿਕਰ ਕੀਤਾ ਜੋ ਇਸ ਮਿਸ਼ਨ ਦੀ ਤਹਿ-ਦਿਲੋਂ ਮਦਦ ਕਰਨ ਲਈ ਤਿਆਰ ਸਨ। ਇਹ ਨਾਂ ਜ਼ਿਕਰਯੋਗ ਹਨ: ਭਾਈ ਰੂੜ ਸਿੰਘ ਅਤੇ ਭਾਈ ਚੰਨਣ ਸਿੰਘ ਚੂਹੜਚੱਕ, ਪੰਡਿਤ ਜਗਤ ਰਾਮ ਹਰਿਆਣਾ, ਜ਼ਿਲ੍ਹਾ ਹੁਸ਼ਿਆਰਪੁਰ, ਕਰਤਾਰ ਸਿੰਘ ਸਰਾਭਾ ਅਤੇ ਕਰਤਾਰ ਸਿੰਘ 'ਦੁਕੀ' ਲਤਾਲਾ, ਜ਼ਿਲ੍ਹਾ ਲੁਧਿਆਣਾ।

'ਗ਼ਦਰ' ਦੀ ਪ੍ਰਕਾਸ਼ਨਾ

ਜ਼ਰੂਰੀ ਮਸ਼ਵਰੇ ਤੋਂ ਬਾਅਦ, ਲਾਲਾ ਹਰਦਿਆਲ ਸਾਨ ਫਰਾਂਸਿਸਕੋ ਤੋਂ ਅਖ਼ਬਾਰ ਕੱਢਣ ਦਾ ਵਾਅਦਾ ਕਰਕੇ ਕੈਲੀਫੋਰਨੀਆ ਮੁੜ ਗਏ। ਅਸੀਂ ਸਾਰੇ ਅਖ਼ਬਾਰ ਛਪਣ ਦੀ ਉਡੀਕ ਕਰਨ ਲੱਗੇ। ਜੂਨ, ਜੁਲਾਈ, ਅਗਸਤ ਮਹੀਨੇ ਗੁਜ਼ਰ ਗਏ ਪਰ ਅਖ਼ਬਾਰ ਨਾ ਨਿਕਲਿਆ। ਬਹੁਤ ਸਾਰੇ ਸੱਜਣਾਂ ਨੂੰ ਆਪਣੇ ਪਹਿਲੇ ਤਜ਼ਰਬੇ ਦੇ ਅਧਾਰ 'ਤੇ ਇਹ ਜਚਿਆ ਹੋਇਆ ਸੀ ਕਿ ਲਾਲਾ ਹਰਦਿਆਲ ਵੀ ਬਾਕੀ ਦੇ ਵਿਦਵਾਨ ਦੇਸ਼ਭਗਤਾਂ ਵਾਂਗ ਮਾਇਆ ਇਕੱਠੀ ਕਰਨੀ ਜਾਣਦਾ ਸੀ ਅਤੇ ਉਸ ਵਿਚ ਅਮਲੀ ਸਰਗਰਮੀ ਦੀ ਘਾਟ ਸੀ। ਲਾਲਾ ਜੀ ਨੂੰ ਖ਼ਤ ਲਿਖੇ ਗਏ। ਉਸਨੇ ਜਵਾਬ ਦਿੱਤਾ, ਬੀਮਾਰੀ ਕਾਰਨ ਉਹ ਅਖ਼ਬਾਰ ਦੇ ਪ੍ਰਕਾਸ਼ਨ ਵੱਲ ਧਿਆਨ ਨਹੀਂ ਦੇ ਸਕਿਆ। ਉਸਨੇ ਸਾਨੂੰ ਇਸ ਕੰਮ ਲਈ ਸਰਦਾਰ ਅਜੀਤ ਸਿੰਘ ਨੂੰ ਸੱਦਣ ਦੀ ਸਲਾਹ ਦਿੱਤੀ।

ਓਰੇਗਨ ਅਤੇ ਵਾਸ਼ਿੰਗਟਨ ਸੂਬਿਆਂ ਦੇ ਸਾਥੀ ਸਿਰ ਜੋੜਕੇ ਬੈਠੇ ਅਤੇ ਫ਼ੈਸਲਾ ਕੀਤਾ ਕਿ ਲਾਲਾ ਜੀ ਦੀ ਬੀਮਾਰੀ ਦਾ ਖ਼ਰਚਾ ਪਾਰਟੀ ਵਲੋਂ ਕੀਤਾ ਜਾ ਸਕਦਾ ਹੈ ਅਤੇ ਉਸ ਨੂੰ ਆਪਣੇ ਖ਼ਰਚ ਲਈ 25 ਡਾਲਰ ਪ੍ਰਤੀ ਮਹੀਨਾ ਦੇਣ ਦੀ ਪੇਸ਼ਕਸ਼ ਕੀਤੀ ਗਈ। ਇਸ ਵਿਉਂਤ ਨੂੰ ਅਮਲੀ ਰੂਪ ਦਿੱਤਾ ਗਿਆ ਅਤੇ ਲਾਲਾ ਜੀ ਨੂੰ ਸੂਚਨਾ ਦੇ ਦਿੱਤੀ ਗਈ। ਰਘੂਬੀਰ ਦਿਆਲ ਗੁਪਤਾ (ਯੂ.ਪੀ. ਦੇ ਇਕ ਸਰਦੇ-ਪੁੱਜਦੇ ਪਰਿਵਾਰ ਨਾਲ ਸਬੰਧਤ) ਨਾਂ ਦੇ ਇਕ ਨੌਜਵਾਨ ਨੂੰ ਉਨ੍ਹਾਂ ਦੀ ਦੇਖਭਾਲ ਕਰਨ ਲਈ ਬਰਾਈਡਲ ਵੇਲ ਤੋਂ ਸਾਨ ਫਰਾਂਸਿਸਕੋ ਭੇਜਿਆ ਗਿਆ।

ਲਾਲਾ ਹਰਦਿਆਲ ਨੇ ਕਰਤਾਰ ਸਿੰਘ ਸਰਾਭਾ ਦੀ ਮਦਦ ਨਾਲ ਸਤੰਬਰ ਵਿਚ ਗ਼ਦਰ ਦਾ ਪਹਿਲਾ ਅੰਕ ਕੱਢਿਆ ਅਤੇ ਇਹ ਡਾਕ ਰਾਹੀਂ ਮਿਲ ਗਿਆ। ਇਸ ਦੌਰਾਨ ਇਕ ਲਿਥੋ ਪ੍ਰੈੱਸ ਦਾ ਇੰਤਜ਼ਾਮ ਕਰ ਲਿਆ ਗਿਆ ਸੀ। ਕੁਝ ਹਫ਼ਤੇ ਬਾਅਦ, ਅਖ਼ਬਾਰ ਦਾ ਗੁਰਮੁਖੀ ਐਡੀਸ਼ਨ ਵੀ ਕੱਢਿਆ ਗਿਆ। ਅਖ਼ਬਾਰ ਦੀ ਮੰਗ ਸਪਲਾਈ ਤੋਂ ਕਿਤੇ ਜ਼ਿਆਦਾ ਸੀ। ਜਦੋਂ ਅਸੀਂ ਵਾਧੂ ਕਾਪੀਆਂ ਮੰਗੀਆਂ ਤਾਂ ਲਾਲਾ ਜੀ ਨੇ ਦੱਸਿਆ ਕਿ ਹੱਥ ਵਾਲੀ ਮਸ਼ੀਨ ਹੋਰ ਨਹੀਂ ਛਾਪ ਸਕਦੀ। ਉਸਨੇ ਪੁਰਾਣੀ ਬਿਜਲੀ ਨਾਲ ਚੱਲਣ ਵਾਲੀ ਮਸ਼ੀਨ ਖ਼ਰੀਦਣ ਦੀ ਤਜਵੀਜ਼ ਰੱਖੀ ਜੋ 2200 ਡਾਲਰ ਨੂੰ ਮਿਲਦੀ ਸੀ। ਓਰੇਗਨ ਅਤੇ ਵਾਸ਼ਿੰਗਟਨ ਸੂਬਿਆਂ ਦੀਆਂ ਸ਼ਾਖਾਵਾਂ ਤੋਂ ਪੈਸੇ ਦਾ ਇੰਤਜ਼ਾਮ ਕੀਤਾ ਗਿਆ। ਪਰ ਮਸ਼ੀਨ 1100 ਡਾਲਰ ਵਿਚ ਖ਼ਰੀਦ ਲਈ ਗਈ। ਗ਼ਦਰ ਅਖ਼ਬਾਰ ਦਾ ਮੁੱਲ ਨਹੀਂ ਸੀ ਵਸੂਲਿਆ ਜਾਂਦਾ ਸਗੋਂ ਹਰ ਖ਼ਾਹਸ਼ਮੰਦ ਨੂੰ "ਦੇਸ਼ਭਗਤੀ" ਦੇ ਰੂਪ 'ਚ ਇਸ ਦਾ ਮੁੱਲ ਤਾਰਨ ਲਈ ਕਿਹਾ ਜਾਂਦਾ ਸੀ। ਅਖ਼ਬਾਰ ਹਫ਼ਤੇ ਬਾਅਦ ਉਰਦੂ ਅਤੇ ਗੁਰਮੁਖੀ ਵਿਚ ਛਪਦਾ ਸੀ ਅਤੇ ਕੈਨੇਡਾ, ਅਮਰੀਕਾ ਅਤੇ ਹੋਰ ਕਈ ਮੁਲਕਾਂ ਵਿਚ ਵੰਡਿਆ ਜਾਂਦਾ ਸੀ। ਪਹਿਲੇ ਕੁਝ ਹਫ਼ਤੇ ਇਸ ਦੀਆਂ ਕਾਪੀਆਂ ਹਿੰਦੁਸਤਾਨ ਦੇ ਸਰਨਾਵਿਆਂ ਉੱਪਰ ਵੀ ਪਹੁੰਚੀਆਂ। ਬਾਅਦ ਵਿਚ ਜਦੋਂ ਸੀ.ਆਈ.ਡੀ. ਚੁਕੰਨੀ ਹੋ ਗਈ, ਅਖ਼ਬਾਰ ਦੇ ਅੰਕ ਬੰਦ ਲਿਫ਼ਾਫ਼ਿਆਂ ਵਿਚ, ਅਤੇ ਹੋਰ ਢੰਗਾਂ ਨਾਲ ਭੇਜੇ ਜਾਣ ਲੱਗੇ। ਗ਼ਦਰ ਦੀ ਪ੍ਰਕਾਸ਼ਨਾ ਨੇ ਅੰਗਰੇਜ਼ ਹਕੂਮਤ, ਹਿੰਦੁਸਤਾਨ ਅਤੇ ਹੋਰ ਥਾਈਂ ਜਿਥੇ ਵੀ ਬਰਤਾਨਵੀ ਸਾਮਰਾਜ ਦਾ ਰਾਜ ਸੀ ਉਨ੍ਹਾਂ ਸਾਰਿਆਂ ਦੀ ਨੀਂਦ ਹਰਾਮ ਕਰ ਦਿੱਤੀ। ਉਨ੍ਹਾਂ ਨੇ ਅਖ਼ਬਾਰ ਦੀ ਵੰਡ-ਵੰਡਾਈ 'ਤੇ ਰੋਕਾਂ ਲਾਉਣ ਲਈ ਵਿਆਪਕ ਵਿਉਂਤ ਬਣਾਈ। ਹਿੰਦੁਸਤਾਨ ਦੇ ਸਾਰੇ ਰਸਤਿਆਂ ਨੂੰ ਅਮਰੀਕਾ ਤੋਂ ਆਉਣ ਵਾਲੀ ਡਾਕ ਦੀ ਛਾਣਬੀਣ ਕਰਨ ਦੇ ਨਿਰਦੇਸ਼ ਦੇ ਦਿੱਤੇ ਗਏ ਅਤੇ ਸਾਨ ਫਰਾਂਸਿਸਕੋ ਤੋਂ ਅਖ਼ਬਾਰ ਦੀ ਪ੍ਰਕਾਸ਼ਨਾ ਨੂੰ ਬੰਦ ਕਰਾਉਣ ਦੀਆਂ ਤਿਆਰੀਆਂ ਵਿੱਢ ਦਿੱਤੀਆਂ ਗਈਆਂ।

ਸੇਂਟ ਜੌਹਨ ਤੋਂ ਲਾਲਾ ਠਾਕੁਰ ਦਾਸ ਨੇ ਮੈਂਬਰਾਂ ਅਤੇ ਪ੍ਰਧਾਨ ਦੀ ਜਾਨ ਨੂੰ ਖ਼ਤਰੇ ਵੱਲ ਧਿਆਨ ਦਿਵਾਇਆ। ਇਸ ਗੱਲ ਦੀ ਹਰ ਸੰਭਾਵਨਾ ਸੀ ਕਿ ਲਾਲਾ ਹਰਦਿਆਲ ਨੂੰ ਅਗਵਾ ਕੀਤਾ ਜਾ ਸਕਦਾ ਸੀ ਜਾਂ ਕਤਲ ਵੀ ਕੀਤਾ ਜਾ ਸਕਦਾ ਸੀ। ਲਿਹਾਜ਼ਾ ਸਰਗਰਮ ਮੈਂਬਰਾਂ ਨੇ ਫ਼ੈਸਲਾ ਕੀਤਾ ਕਿ ਇਕ ਕਾਰਕੁਨ ਪੱਕੇ ਤੌਰ 'ਤੇ ਲਾਲਾ ਹਰਦਿਆਲ ਦੀ ਹਿਫਾਜ਼ਤ ਲਈ ਉਸ ਦੇ ਨਾਲ ਰਹੇ। ਉਨ੍ਹਾਂ ਸਾਰਿਆਂ ਨੇ ਮੇਰਾ ਨਾਂ ਇਸ ਕੰਮ ਲਈ ਤਜਵੀਜ਼ ਕੀਤਾ। ਮੈਨੂੰ ਸੋਹਣ ਸਿੰਘ

ਭਕਨਾ ਦਾ ਲਿਖਿਆ ਖ਼ਤ ਮਿਲਿਆ ਜਿਸ ਵਿਚ ਮੈਨੂੰ ਸਾਨ ਫਰਾਂਸਿਸਕੋ ਜਾਣ ਅਤੇ ਲਾਲਾ ਹਰਦਿਆਲ ਦੀ ਸੁਰੱਖਿਆ ਯਕੀਨੀਂ ਬਣਾਉਣ ਦੀ ਹਦਾਇਤ ਕੀਤੀ ਗਈ ਸੀ। ਮੈਨੂੰ ਬਹੁਤ ਹੀ ਚੁਕੰਨਾ ਰਹਿਣ ਦੀ ਚੇਤਾਵਨੀ ਦਿੱਤੀ ਗਈ ਸੀ। ਮੈਂ ਪਹਿਲਾ ਵਾਲੰਟੀਅਰ ਹੋਣ ਕਾਰਨ ਮੈਨੂੰ ਇਸ ਕੰਮ ਲਈ ਚੁਣਿਆ ਗਿਆ ਸੀ। ਪ੍ਰਧਾਨ ਜੀ ਦਾ ਹੁਕਮ ਮਿਲਣ 'ਤੇ ਮੈਂ ਨੌਕਰੀ ਛੱਡ ਦਿੱਤੀ ਅਤੇ ਆਪਣੀ ਨਵੀਂ ਜ਼ਿੰਮੇਵਾਰੀ ਓਟਣ ਲਈ ਪਹਿਲੀ ਨਵੰਬਰ ਨੂੰ ਸਾਨ ਫਰਾਂਸਿਸਕੋ ਪਹੁੰਚ ਗਿਆ।

ਜਦੋਂ ਮੈਂ ਸਵੇਰੇ ਸੱਤ ਵਜੇ 36, ਹਿੱਲ ਸਟਰੀਟ ਦਾ ਦਰਵਾਜ਼ਾ ਖੜਕਾਇਆ, ਲਾਲਾ ਹਰਦਿਆਲ, ਰਘੁਬੀਰ ਦਿਆਲ ਗੁਪਤਾ ਅਤੇ ਕਰਤਾਰ ਸਿੰਘ ਸਰਾਭਾ ਅਜੇ ਸੁੱਤੇ ਪਏ ਸਨ। ਮੈਂ ਕੁਝ ਸਮਾਂ ਦਰਵਾਜ਼ਾ ਖੜਕਾਉਂਦਾ ਰਿਹਾ, ਅਤੇ ਫਿਰ ਇਕ ਅਠਾਰਾਂ ਕੁ ਸਾਲ ਦੇ ਮੁੱਛ ਫੁੱਟ ਸੁਹਣੇ ਨੌਜਵਾਨ ਨੇ ਦਰਵਾਜ਼ਾ ਖੋਲ੍ਹਿਆ। ਮੈਂ ਉਸਨੂੰ ਪੁੱਛਿਆ: ਤੂੰ ਕਰਤਾਰ ਸਿੰਘ ਏਂ? ਉਸਨੇ ਜਵਾਬ ਦਿੱਤਾ "ਹਾਂ ਜੀ" ਅਤੇ ਅਸੀਂ ਦੋਵਾਂ ਨੇ ਇਕ ਦੂਜੇ ਨੂੰ ਕਲਾਵੇ ਵਿਚ ਲੈ ਲਿਆ। ਮੈਂ ਅੰਦਰ ਚਲਾ ਗਿਆ ਅਤੇ ਲਾਲਾ ਹਰਦਿਆਲ ਤੇ ਰਘੁਬੀਰ ਦਿਆਲ ਨੂੰ "ਬੰਦੇ ਮਾਤਰਮ" ਕਹੀ ਜੋ ਅਜੇ ਬਿਸਤਰਿਆਂ ਵਿਚ ਹੀ ਪਏ ਸਨ।

ਛਾਪਾਖ਼ਾਨਾ ਮਸ਼ੀਨ 5 ਨੰਬਰ, ਵੁੱਡ ਸਟਰੀਟ ਵਿਖੇ ਲਗਾਈ ਗਈ ਸੀ। ਇਕ ਗੋਰੇ ਅਮਰੀਕਨ ਨੂੰ ਮਸ਼ੀਨ ਚਲਾਉਣ ਅਤੇ ਕਰਤਾਰ ਸਿੰਘ ਨੂੰ ਮਸ਼ੀਨ ਚਲਾਉਣੀ ਸਿਖਾਉਣ ਲਈ ਅੱਧਾ ਡਾਲਰ ਘੰਟੇ ਦੇ ਹਿਸਾਬ ਨਾਲ ਰੱਖਿਆ ਗਿਆ ਸੀ। ਕਰਤਾਰ ਸਿੰਘ ਨੇ ਲਿਥੋ ਪ੍ਰੈੱਸ ਅਤੇ ਬਿਜਲੀ ਨਾਲ ਚੱਲਣ ਵਾਲੀ ਮਸ਼ੀਨ ਚਲਾਉਣੀ ਸਿੱਖ ਲਈ ਸੀ। ਉਰਦੂ ਅਖ਼ਬਾਰ ਲਿਖਣ ਦਾ ਕੰਮ ਲਾਲਾ ਰਘੁਬੀਰ ਦਿਆਲ ਕਰਦਾ ਸੀ। ਗੁਰਮੁਖੀ ਅਨੁਵਾਦ ਕਰਤਾਰ ਸਿੰਘ ਕਰਦਾ ਸੀ। ਮੇਰੇ ਕੋਲ ਕਰਨ ਲਈ ਬਹੁਤ ਥੋੜ੍ਹਾ ਕੰਮ ਸੀ ਕਿਉਂਕਿ ਮੇਰੀ ਲੋੜ ਉਦੋਂ ਪੈਂਦੀ ਸੀ ਜਦੋਂ ਲਾਲਾ ਹਰਦਿਆਲ ਨੇ ਬਾਹਰ ਜਾਣਾ ਹੁੰਦਾ ਸੀ। ਮਨੁੱਖੀ ਤਾਕਤ ਦੀ ਲੋੜ ਪੂਰਤੀ ਲਈ ਮੈਂ ਵੀ ਪ੍ਰੈੱਸ ਵਿਚ ਕੰਮ ਕਰਨਾ ਸ਼ੁਰੂ ਕਰ ਦਿੱਤਾ। ਪਹਿਲਾਂ ਹੀ ਕਈ ਮਸ਼ੀਨਾਂ ਉੱਪਰ ਕੰਮ ਕੀਤਾ ਹੋਣ ਕਾਰਨ ਮੈਂ ਬਹੁਤ ਛੇਤੀ ਪ੍ਰੈੱਸ ਮਸ਼ੀਨ ਚਲਾਉਣੀ ਸਿੱਖ ਲਈ। ਸਾਡੇ ਅੱਗੇ ਗੋਰੇ ਅਮਰੀਕਨ ਨੂੰ ਕੰਮ ਤੋਂ ਫਾਰਗ਼ ਕਰਨ ਦਾ ਮਸਲਾ ਸੀ ਕਿਉਂਕਿ ਅਸੀਂ ਸਮਝਦੇ ਸੀ ਕਿ ਉਸਨੂੰ ਕੀਤੇ ਜਾਂਦੇ ਕੰਮ ਦੀ ਬਹੁਤ ਜ਼ਿਆਦਾ ਤਨਖ਼ਾਹ ਦਿੱਤੀ ਜਾ ਰਹੀ ਸੀ। ਸਾਡੇ ਆਪਣੇ ਲੋਕ 25 ਤੋਂ 30 ਸੈਂਟ ਪ੍ਰਤੀ ਘੰਟਾ ਦੇ ਹਿਸਾਬ ਨਾਲ ਇਸ ਮਸ਼ੀਨ ਉੱਪਰ ਕੰਮ ਕਰਨ ਲਈ ਤਿਆਰ ਸਨ। ਮੈਂ ਪ੍ਰਧਾਨ ਜੀ ਨੂੰ ਖ਼ਤ ਲਿਖਿਆ ਅਤੇ ਸੇਂਟ ਜੌਹਨ ਤੋਂ ਅਮਰ ਸਿੰਘ ਚੌਹਾਨ ਨੂੰ ਇਸ ਕੰਮ ਲਈ ਭੇਜਿਆ ਗਿਆ। ਉਸਦੇ ਆਉਣ 'ਤੇ ਅਸੀਂ ਗੋਰੇ ਅਮਰੀਕਨ ਨੂੰ ਫਾਰਗ਼ ਕਰ ਦਿੱਤਾ ਅਤੇ ਪ੍ਰੈੱਸ ਦਾ ਸਾਰਾ ਕੰਮ ਦੇਸ਼ਭਗਤ ਹਿੰਦੀ ਵਾਲੰਟੀਅਰਾਂ ਨੇ ਸਾਂਭ ਲਿਆ। ਮੰਦੇਭਾਗੀਂ ਗ਼ਦਰ ਫ਼ੇਲ੍ਹ ਹੋਣ 'ਤੇ ਇਹ ਨੌਜਵਾਨ ਅਮਰ ਸਿੰਘ ਚੌਹਾਨ ਵਾਅਦਾ-ਮੁਆਫ਼ ਅਤੇ ਇਸਤਗਾਸਾ ਗਵਾਹ ਬਣ ਗਿਆ ਅਤੇ ਆਪਣੀ ਖਲ ਬਚਾਉਣ ਲਈ ਉਸਨੇ ਗਵਾਹੀ ਦਿੱਤੀ ਜਿਸ ਨਾਲ ਕਈ ਸਾਥੀਆਂ ਨੂੰ ਫਾਂਸੀ ਹੋ ਗਈ। ਉਹ ਨਵਾਂਸ਼ਹਿਰ ਦੋਆਬਾ ਕਸਬੇ ਤੋਂ ਸੀ।

20 ਨਵੰਬਰ 1912 ਨੂੰ ਇਕ ਨੌਜਵਾਨ ਹਿੰਦੀ ਦੇਸ਼ਭਗਤ ਨੇ ਵਾਇਸਰਾਏ ਹਿੰਦ ਲਾਰਡ ਹਾਰਡਿੰਗ ਉੱਪਰ ਬੰਬ ਸੁੱਟਿਆ ਸੀ। ਇਸ ਮੌਕੇ ਦੀ ਯਾਦ ਨੂੰ ਤਾਜ਼ਾ ਕਰਨ ਲਈ ਲਾਲਾ ਹਰਦਿਆਲ ਨੇ ਅੰਕ ਦੀ ਤਰੀਕ ਬਦਲਕੇ 22 ਨਵੰਬਰ ਤੋਂ 20 ਨਵੰਬਰ ਕਰ ਦਿੱਤੀ ਅਤੇ "ਬੰਬ ਦੀ ਫ਼ਿਲਾਸਫ਼ੀ" ਅਨੁਵਾਨ ਹੇਠ ਲੇਖ ਲਿਖਿਆ। ਅਗਲੇ ਅੰਕ ਉੱਪਰ 27 ਨਵੰਬਰ ਦੀ ਤਰੀਕ ਪਾਈ ਗਈ ਅਤੇ ਭਵਿੱਖ ਦੇ ਸਾਰੇ ਅੰਕ 20 ਨਵੰਬਰ ਦੇ ਅੰਕ ਦੇ ਮੁਤਾਬਿਕ ਇਕ ਹਫ਼ਤੇ ਦੇ ਵਕਫ਼ੇ ਨਾਲ ਛਾਪੇ ਗਏ।

ਇਥੇ ਇਹ ਦੱਸਣਾ ਅਹਿਮ ਹੈ ਕਿ ਪਾਰਟੀ ਦੇ ਜਮਹੂਰੀ ਢਾਂਚੇ ਦੇ ਬਾਵਜੂਦ ਗ਼ਦਰ ਅਖ਼ਬਾਰ ਦੀ ਨੀਤੀ ਦਾ ਜ਼ਿੰਮਾ ਸਿਰਫ਼ ਤੇ ਸਿਰਫ਼ ਲਾਲਾ ਹਰਦਿਆਲ ਦਾ ਸੀ।

ਨਵੰਬਰ ਅਤੇ ਦਸੰਬਰ 1913 'ਚ ਲੁਧਿਆਣਾ ਤੋਂ ਬਸੰਤ ਸਿੰਘ ਅਤੇ ਲਤਾਲਾ ਦਾ ਕਰਤਾਰ ਸਿੰਘ "ਦੁਕੀ" ਬਿਜਲੀ ਵਾਲੀ ਪ੍ਰੈੱਸ ਉੱਪਰ ਕੰਮ ਕਰਨ ਲਈ ਆ ਗਏ। ਲਾਲਾ ਹਰਦਿਆਲ ਨੇ ਤਜਵੀਜ਼ ਰੱਖੀ ਕਿ ਬਿਜਲੀ ਵਾਲੀ ਪ੍ਰੈੱਸ ਉੱਪਰ ਕੰਮ ਕਰਨ ਵਾਲੇ ਸਾਰੇ ਵਾਲੰਟੀਅਰ ਆਪਣੇ ਖ਼ਰਚੇ ਆਪ ਚੁੱਕਣ ਅਤੇ ਜਦੋਂ ਉਨ੍ਹਾਂ ਦੇ ਬਚਾਏ ਸਾਰੇ ਪੈਸੇ ਮੁੱਕ ਜਾਣ, ਉਹ ਦੁਬਾਰਾ ਕੰਮ 'ਤੇ ਲੱਗ ਸਕਦੇ ਹਨ ਅਤੇ ਹੋਰ ਵਾਲੰਟੀਅਰ ਉਨ੍ਹਾਂ ਦੀ ਥਾਂ ਲੈ ਸਕਦੇ ਹਨ। ਡੇਢ ਮਹੀਨਾ ਪ੍ਰੈੱਸ ਵਿਚ ਕੰਮ ਕਰਕੇ, ਮੈਨੂੰ ਇਹ ਤਜਵੀਜ਼ ਬਹੁਤ ਨੁਕਸਦਾਰ ਲੱਗੀ। ਫਿਰ, ਹਰਦਿਆਲ ਨਾਲ ਮਸ਼ਵਰਾ ਕਰਕੇ, ਮੈਂ ਭਾਈ ਸੋਹਣ ਸਿੰਘ ਭਕਨਾ ਨੂੰ ਖ਼ਤ ਲਿਖਕੇ ਬੇਨਤੀ ਕੀਤੀ ਕਿ ਵਾਲੰਟੀਅਰਾਂ ਦੇ ਖਾਣਪੀਣ ਵਗੈਰਾ ਦੇ ਸਾਰੇ ਖ਼ਰਚੇ ਪਾਰਟੀ ਫੰਡਾਂ 'ਚੋਂ ਕੀਤੇ ਜਾਣ। ਮੈਂ ਦੋ ਡਾਲਰ ਪ੍ਰਤੀ ਮਹੀਨਾ ਜੇਬ ਖ਼ਰਚ ਦੇਣ ਦੀ ਤਜਵੀਜ਼ ਵੀ ਰੱਖੀ। ਮੇਰੀ ਤਜਵੀਜ਼ ਪੂਰੇ ਵੇਰਵੇ ਸਹਿਤ ਹੋਣ ਕਾਰਨ ਪ੍ਰਧਾਨ ਜੀ ਨੇ ਝਟਪਟ ਫ਼ੈਸਲਾ ਲੈ ਲਿਆ ਅਤੇ ਜਨਵਰੀ 1914 ਤੋਂ ਇਹ ਲਾਗੂ ਹੋ ਗਿਆ।

ਕਦੇ-ਕਦਾਈਂ ਲਾਲਾ ਹਰਦਿਆਲ ਸਿਆਸੀ ਕਵਿਤਾਵਾਂ ਛਾਪਦਾ ਜੋ ਉਹ ਇੱਧਰੋਂ-ਉੱਧਰੋਂ ਹਾਸਲ ਕਰ ਲੈਂਦਾ। ਕਰਤਾਰ ਸਿੰਘ ਸਰਾਭਾ ਉਰਦੂ ਬੰਦਾਂ ਨੂੰ ਗੁਰਮੁਖੀ ਵਿਚ ਅਨੁਵਾਦ ਕਰ ਦਿੰਦਾ। ਉਸਨੇ ਗੁਰਮੁਖੀ ਐਡੀਸ਼ਨ ਲਈ ਪੰਜਾਬੀ ਵਿਚ ਕਵਿਤਾ ਲਿਖਣ 'ਤੇ ਹੱਥ ਵੀ ਅਜ਼ਮਾਇਆ ਪਰ ਉਸਨੇ ਦੇਖਿਆ ਕਿ ਉਸ ਕੋਲ ਕਵਿਤਾ ਦੀ ਦਾਤ ਨਹੀਂ ਸੀ। ਛਾਪੀਆਂ ਗਈਆਂ ਉਰਦੂ ਕਵਿਤਾਵਾਂ ਵਿੱਚੋਂ ਇਕ ਮੈਨੂੰ ਚੇਤੇ ਹੈ ਜੋ ਪਹਿਲਾਂ ਦਿੱਲੀ ਦੇ ਹਫ਼ਤਾਵਾਰ *ਆਫ਼ਤਾਬ* ਵਿਚ ਛਪ ਚੁੱਕੀ ਸੀ। ਇਹ ਬਾਲ ਗੰਗਾਧਰ ਤਿਲਕ ਦੇ ਛੇ ਸਾਲ ਜਲਾਵਤਨੀ ਕੱਟਕੇ ਵਾਪਸ ਪਰਤਣ ਦੀ ਉਸਤਤ ਵਿਚ ਲਿਖੀ ਗਈ ਸੀ। *ਆਫ਼ਤਾਬ* ਦੇ ਸੰਪਾਦਕ ਸਈਦ ਹੈਦਰ ਰਜ਼ਾ ਨੂੰ ਆਪਣੇ ਰਸਾਲੇ ਵਿਚ ਭੜਕਾਊ ਲੇਖ ਲਿਖਣ ਬਦਲੇ ਤਿੰਨ ਸਾਲ ਦੀ ਕੈਦ ਦੀ ਸਜ਼ਾ ਹੋਈ ਸੀ। ਮੈਨੂੰ ਇਕ ਹੋਰ ਕਵਿਤਾ ਵੀ ਚੇਤੇ ਹੈ ਜੋ ਦਿੱਲੀ ਦੇ ਇਕ ਕਵੀ ਲਾਲਾ ਗਣੇਸ਼ੀ ਦਾਸ "ਖ਼ਾਸਤਾ" ਦੀ ਲਿਖੀ ਹੋਈ ਸੀ। ਉਸ ਜ਼ਮਾਨੇ ਦੇ ਉਰਦੂ ਅਖ਼ਬਾਰਾਂ ਅਤੇ ਰਸਾਲਿਆਂ ਵਿਚ ਕਈ ਕਈ ਸਿਆਸੀ ਕਵਿਤਾਵਾਂ ਛਪੀਆਂ ਹੁੰਦੀਆਂ ਸਨ ਪਰ ਗੁਰਮੁਖੀ ਰਸਾਲਿਆਂ ਵਿਚ ਪੰਜਾਬੀ ਵਿਚ ਕੋਈ ਕਵਿਤਾ ਨਹੀਂ ਸੀ ਛਾਪੀ ਜਾਂਦੀ। ਕਰਤਾਰ ਸਿੰਘ ਦੇ ਥੋੜ੍ਹੇ ਯਤਨ ਤੋਂ

ਬਾਅਦ, ਮੈਂ ਪੰਜਾਬੀ ਕਵਿਤਾ ਉੱਪਰ ਆਪਣਾ ਹੱਥ ਅਜ਼ਮਾਉਣ ਦੀ ਸੋਚੀ। ਚੰਗੇ ਭਾਗਾਂ ਨੂੰ ਮੈਂ ਚੰਗੀ ਸਿਆਸੀ ਕਵਿਤਾ ਲਿਖਣ ਵਿਚ ਕਾਮਯਾਬ ਹੋ ਗਿਆ। ਮੈਂ ਦੱਸ ਦਿੰਦਾ ਹਾਂ ਮੈਂ ਕਾਮਯਾਬ ਕਿਉਂ ਹੋਇਆ।

ਫ਼ੌਜ ਦੀ ਜ਼ਿੰਦਗੀ ਅਤੇ ਕਵਿਤਾ ਲਿਖਣ ਦੀ ਤਾਂਘ

ਮੈਂ ਪਿੰਡ ਦੇ ਸਕੂਲ ਤੋਂ ਪੰਜ ਜਮਾਤਾਂ ਪਾਸ ਸੀ ਅਤੇ ਜਦੋਂ ਅਜੇ ਮੈਂ ਮੁਸ਼ਕਲ ਨਾਲ ਤੇਰਾਂ ਸਾਲ ਦਾ ਸੀ ਤਾਂ ਮੇਰੀ ਪੜ੍ਹਾਈ ਛੁੱਟ ਗਈ। ਸਾਡੇ ਪਿੰਡ ਵਿਚ ਇਕ ਨਿਰਮਲਾ ਸੰਤ ਹੁੰਦਾ ਸੀ। ਉਹ ਵਾਰਿਸ ਸ਼ਾਹ ਦੀ ਹੀਰ ਅਤੇ ਪੂਰਨ ਭਗਤ, ਸ਼ਾਹ ਬਹਿਰਾਮ ਵਗੈਰਾ ਦੇ ਕਿੱਸੇ ਗਾਉਣ ਦਾ ਬਹੁਤ ਸ਼ੌਕੀਨ ਸੀ। ਉਸਦੀ ਸੰਗਤ ਵਿਚ ਪਿੰਡ ਦੇ ਕਈ ਗੱਭਰੂਆਂ ਨੂੰ ਇਹ ਕਿੱਸੇ ਪੜ੍ਹਨ ਦਾ ਸ਼ੌਕ ਜਾਗ ਪਿਆ। ਬਚਪਨ ਤੋਂ ਹੀ ਮੈਨੂੰ ਗਾਉਣ ਦਾ ਸ਼ੌਂਕ ਸੀ। ਮੈਂ ਆਪਣੀ ਰੁਚੀ ਅਨੁਸਾਰ ਗੁਰਮੁਖੀ ਸਿੱਖਣੀ ਸ਼ੁਰੂ ਕਰ ਦਿੱਤੀ। ਸੰਤ ਦੀ ਸੰਗਤ ਵਿਚ ਮੈਂ ਅਭਿਆਸ਼ੀ ਉਸਤਾਦ ਬਣ ਗਿਆ। ਆਪਣੇ ਪਰਿਵਾਰ ਦੀਆਂ ਮਾਇਕ ਮੁਸ਼ਕਲਾਂ ਕਾਰਨ, ਜਦੋਂ ਮੈਂ ਅਜੇ ਅਠਾਰਾਂ ਸਾਲਾਂ ਦਾ ਹੀ ਸੀ ਤਾਂ ਪਿੰਡ ਦੇ ਹੋਰ ਮਿੱਤਰਾਂ ਦੀ ਰੀਸੇ 1902 'ਚ ਮੈਂ ਵੀ ਫ਼ੌਜ ਵਿਚ ਭਰਤੀ ਹੋ ਗਿਆ। ਮੈਂ ਫ਼ੌਜ 'ਚ ਵੀ ਇਹ ਕਿੱਸੇ ਗਾਇਆ ਕਰਦਾ ਸੀ। ਮੈਂ ਆਪਣੇ ਉਰਦੂ ਅਤੇ ਗੁਰਮੁਖੀ ਦੇ ਗਿਆਨ ਵਿਚ ਵੀ ਸੁਧਾਰ ਕੀਤਾ। ਮੈਂ ਪੰਜਾਬੀ ਵਿਚ ਕਵਿਤਾ ਲਿਖਣੀ ਸ਼ੁਰੂ ਕਰ ਦਿੱਤੀ ਅਤੇ ਕਿਸੇ ਹੋਰ ਸਰੋਤ ਦੀ ਮਦਦ ਲਏ ਬਿਨਾ ਹੀ ਮੈਂ ਸ਼ਾਹ ਬਹਿਰਾਮ ਦੀ ਕਥਾ ਪੰਜਾਬੀ ਵਿਚ ਲਿਖਣ ਦਾ ਕੰਮ ਹੱਥ ਲੈ ਲਿਆ। ਮੈਂ ਕਹਾਣੀ ਵਿਚ ਕੁਝ ਸੋਧਾਂ ਕੀਤੀਆਂ ਅਤੇ 250 ਤੋਂ 300 ਸਫ਼ਿਆਂ ਦੀ ਕਿਤਾਬ ਤਿਆਰ ਕਰ ਲਈ।

1904 'ਚ, ਨੌਸ਼ਹਿਰਾ ਛਾਉਣੀ ਵਿਚ ਜਲੰਧਰ ਜ਼ਿਲ੍ਹੇ ਦੇ ਇਕ ਸਿੱਖ ਸਿਪਾਹੀ ਨੇ ਆਪਣੇ ਸਿੱਖ ਸੂਬੇਦਾਰ ਨੂੰ ਗੋਲੀ ਮਾਰਕੇ ਮਾਰ ਦਿੱਤਾ ਜੋ ਹੁਸ਼ਿਆਰਪੁਰ ਜ਼ਿਲ੍ਹੇ ਤੋਂ ਸੀ। ਉਸ ਨੇ ਇਹ ਕਾਰਵਾਈ ਸੂਬੇਦਾਰ ਹੱਥੋਂ ਝੱਲੇ ਕਿਸੇ ਅਨਿਆਂ ਦੇ ਕਾਰਨ ਕੀਤੀ ਸੀ। ਹਮੇਸ਼ਾ ਨਿਆਂ ਅਤੇ ਸਚਾਈ ਦਾ ਹਾਮੀ ਹੋਣ ਕਾਰਨ, ਮੈਂ ਉਸਦੀ ਕਾਰਵਾਈ ਨੂੰ ਨਿਆਂ ਦੀ ਭਾਵਨਾ ਤੋਂ ਪ੍ਰੇਰਤ ਇਕ ਬਹਾਦਰ ਮਿਸਾਲ ਵਜੋਂ ਲਿਆ। ਜਦੋਂ ਫ਼ੌਜੀ ਦੇ ਵਿਰੁੱਧ ਕੋਰਟ ਮਾਰਸ਼ਲ ਦੀ ਕਾਰਵਾਈ ਚੱਲ ਰਹੀ ਸੀ, ਮੈਂ ਉਸ ਨਾਲ ਦੋਸਤੀ ਬਣਾ ਲਈ ਅਤੇ ਉਸਨੂੰ ਦੱਸਿਆ ਕਿ ਜੇ ਉਸਨੂੰ ਇਸ ਕਾਰਵਾਈ ਬਦਲੇ ਫਾਂਸੀ ਹੋ ਗਈ ਤਾਂ ਮੈਂ ਪੰਜਾਬੀ ਛੰਦ ਵਿਚ ਉਸਦੀ ਬਹਾਦਰੀ ਦੀ ਗਾਥਾ ਲਿਖਾਂਗਾ ਅਤੇ ਇਸ ਨੂੰ ਛਪਵਾਵਾਂਗਾ। ਸਿਪਾਹੀ ਨੂੰ ਮੌਤ ਦੀ ਸਜ਼ਾ ਹੋ ਗਈ ਅਤੇ ਨੌਸ਼ਹਿਰਾ ਛਾਉਣੀ ਵਿਚ ਉਸ ਨੂੰ ਫਾਂਸੀ ਦੇ ਦਿੱਤੀ ਗਈ। ਆਪਣਾ ਵਾਅਦਾ ਨਿਭਾਉਣ ਲਈ, ਮੈਂ ਸਮੁੱਚੀ ਕਹਾਣੀ ਕੋਰੜਾ ਛੰਦ, ਸਵੱਈਏ ਅਤੇ ਕਬਿੱਤ ਵਿਚ ਲਿਖੀ। ਹਾਲਾਂਕਿ, ਇਸਨੂੰ ਛਪਵਾਉਣ ਲਈ ਮੈਂ ਪੈਸੇ ਇਕੱਠੇ ਨਹੀਂ ਕਰ ਸਕਿਆ।

ਪੂਰਾ ਸਾਲ (1905) ਬਿਨਾ ਕੋਈ ਕਾਮਯਾਬੀ ਤੋਂ ਗੁਜ਼ਰ ਗਿਆ। ਪਲਟਣ ਵਿਚ ਡਾਕ ਵੰਡਣ ਦੀ ਡਿਊਟੀ ਮੇਰੀ ਲਾ ਦਿੱਤੀ ਗਈ। ਮੈਨੂੰ ਹੋਰ ਸਿਪਾਹੀਆਂ ਨੂੰ ਪੰਜਾਬੀ ਅਤੇ ਉਰਦੂ

ਸਿਖਾਉਣ ਦਾ ਕੰਮ ਵੀ ਦਿੱਤਾ ਗਿਆ। ਡਾਕ ਵੰਡਦਿਆਂ, ਮੈਨੂੰ ਉਰਦੂ ਦੇ ਦੋ ਹਫ਼ਤਾਵਾਰ ਅਖ਼ਬਾਰ ਲੁਧਿਆਣਾ ਤੋਂ *ਆਰਮੀ ਨਿਊਜ਼* ਅਤੇ ਲਾਹੌਰ ਤੋਂ *ਅਖ਼ਬਾਰ-ਏ-ਆਲਮ* ਹੱਥ ਲੱਗ ਗਏ। ਜੋ ਇਕ ਜਮਾਂਦਾਰ ਅਤੇ ਇਕ ਕਲਰਕ ਨੇ ਲਗਵਾਏ ਹੋਏ ਸਨ। *ਅਖ਼ਬਾਰ-ਏ-ਆਲਮ* ਵਿਚ ਸਵਾਮੀ ਰਾਮ ਤੀਰਥ ਦੇ ਅਮਰੀਕਾ ਵਿਚਲੇ ਆਪਣੇ ਅਨੁਭਵਾਂ ਅਤੇ ਉਥੇ ਲੋਕਾਂ ਦੀ ਜ਼ਿੰਦਗੀ ਨੂੰ ਲੈ ਕੇ ਲਿਖੇ ਲੇਖ ਛਪੇ ਸਨ ਅਤੇ ਮੈਨੂੰ ਜਾਣਕਾਰੀ ਹੋ ਗਈ ਕਿ ਅਮਰੀਕਾ ਵਿਚ ਇਕ ਸਧਾਰਨ ਕਾਮਾ ਛੇ ਤੋਂ ਸੱਤ ਰੁਪਏ ਰੋਜ਼ ਕਮਾ ਲੈਂਦਾ ਸੀ। ਪਰ ਅਜੇ ਵੀ ਮੈਨੂੰ ਇਹ ਮਾਲੂਮ ਨਹੀਂ ਸੀ ਕਿ ਮੈਂ ਅਮਰੀਕਾ ਕਿਵੇਂ ਪੁੱਜ ਸਕਦਾ ਸੀ ਅਤੇ ਸਫ਼ਰ ਖ਼ਰਚ ਲਈ ਪੈਸੇ ਕਿਵੇਂ ਇਕੱਠੇ ਕਰ ਸਕਦਾ ਸੀ।

ਇਕ ਸਾਲ ਪਹਿਲਾਂ ਫ਼ੌਜ ਦਾ ਇਕ ਸਿਪਾਹੀ ਸਾਡੀ ਕੰਪਨੀ ਛੱਡ ਕੇ ਚਲਾ ਗਿਆ ਸੀ। ਉਹ ਕੁਆਲਾ ਲੰਪੁਰ (ਮਲਾਇਆ) ਚਲਾ ਗਿਆ ਸੀ ਅਤੇ ਪੁਲਿਸ ਵਿਚ ਭਰਤੀ ਹੋ ਗਿਆ ਸੀ। ਉਸਨੇ ਕੰਪਨੀ ਦੇ ਆਪਣੇ ਇਕ ਮਿੱਤਰ ਨੂੰ ਲਿਖਿਆ ਕਿ ਉਸਨੂੰ ਪੰਦਰਾਂ ਰੁਪਏ ਮਹੀਨੇ ਦੀ ਨੌਕਰੀ ਮਿਲ ਗਈ ਸੀ ਅਤੇ ਉਸਨੇ ਉਸਨੂੰ ਨੌਕਰੀ ਤੋਂ ਅਸਤੀਫ਼ਾ ਦੇ ਕੇ ਉਥੇ ਉਸ ਕੋਲ ਆਕੇ ਭਰਤੀ ਹੋਣ ਦੀ ਸਲਾਹ ਦਿੱਤੀ ਸੀ। ਸਿਪਾਹੀ ਨੂੰ ਫ਼ੌਜ ਵਿਚ 9 ਰੁਪਏ ਤਨਖ਼ਾਹ ਮਿਲਦੀ ਸੀ। ਉਸਨੇ ਇਹ ਵੀ ਦੱਸਿਆ ਕਿ ਉਸ ਤੋਂ ਅੱਗੇ ਅਮਰੀਕਾ ਨਾਂ ਦਾ ਇਕ ਮੁਲਕ ਸੀ ਅਤੇ ਉਸ ਧਰਤੀ 'ਤੇ ਜਾਣ ਦਾ ਰਸਤਾ ਖੁੱਲ੍ਹਾ ਸੀ। ਤਨਖ਼ਾਹਾਂ ਬਥੇਰੀਆਂ ਸਨ ਪਰ ਭਾੜਾ ਇਕ ਸੌ ਰੁਪਏ ਹੈ। ਫ਼ੌਜ ਦੇ ਮੇਰੇ ਇਕ ਮਿੱਤਰ ਨੇ ਵੀ ਐਲਾਨ ਕਰ ਦਿੱਤਾ ਕਿ ਉਹ ਵੀ ਨੌਕਰੀ ਛੱਡਕੇ ਚੀਨ ਜਾਵੇਗਾ ਅਤੇ ਉੱਥੋਂ ਮੈਨੂੰ ਖ਼ਤ ਲਿਖੇਗਾ। ਥੋੜ੍ਹਾ ਚਿਰ ਪਹਿਲਾਂ, ਮੇਰੇ ਪਿੰਡ ਦਾ ਇਕ ਹੋਰ ਬੰਦਾ ਅਮਰ ਸਿੰਘ ਸਿੰਗਾਪੁਰ ਚਲਾ ਗਿਆ ਸੀ ਅਤੇ ਇਕ ਚੀਨੀ ਸੌਦਾਗਰ ਦੀ ਦੁਕਾਨ ਉੱਪਰ ਚੌਕੀਦਾਰ ਜਾ ਲੱਗਿਆ ਸੀ। ਉਸਨੇ ਵੀ ਅਮਰੀਕਾ ਜਾਣ ਦੀ ਗੱਲ ਕੀਤੀ ਸੀ। ਮੈਂ ਵੀ ਅਮਰੀਕਾ ਦੇ ਸੁਪਨੇ ਲੈਣੇ ਸ਼ੁਰੂ ਕਰ ਦਿੱਤੇ ਪਰ ਮੇਰੇ ਕੋਲ ਭਾੜਾ ਨਹੀਂ ਸੀ ਅਤੇ ਮੈਨੂੰ ਰਾਹ ਨਹੀਂ ਸੁੱਝਦਾ ਕਿ ਇਸਦਾ ਇੰਤਜ਼ਾਮ ਕਿਵੇਂ ਕਰਾਂ।

ਜਿਵੇਂ ਮੈਂ ਪਹਿਲਾਂ ਦੱਸ ਚੁੱਕਾ ਹਾਂ ਮੇਰਾ ਮਿੱਤਰ ਫ਼ੌਜ ਦੀ ਨੌਕਰੀ ਛੱਡ ਗਿਆ ਸੀ ਅਤੇ ਹੁਨਾਨ ਸਿੰਡੀਕੇਟ ਰੇਲਵੇ ਦੀ ਪੁਲਿਸ ਵਿਚ ਭਰਤੀ ਹੋ ਗਿਆ ਸੀ। ਇਕ ਖ਼ਤ ਵਿਚ ਉਸਨੇ ਆਪਣੀ ਅਮਰੀਕਾ ਜਾਣ ਦੀ ਖ਼ਾਹਸ਼ ਬਾਰੇ ਲਿਖਿਆ ਅਤੇ ਦੂਜੇ ਖ਼ਤ ਵਿਚ ਮੈਨੂੰ ਸੱਦ ਲਿਆ। 10 ਫਰਵਰੀ 1906 ਦਾ ਦਿਨ ਸੀ ਅਤੇ ਰਾਵਲਪਿੰਡੀ ਛਾਉਣੀ ਵਿਚ ਆਮ ਪਰੇਡ ਰੱਖੀ ਗਈ ਸੀ। ਸਾਰੇ ਸਿਪਾਹੀਆਂ ਨੂੰ ਪਰੇਡ ਵਿਚ ਸ਼ਾਮਲ ਹੋਣ ਦਾ ਹੁਕਮ ਹੋ ਗਿਆ। ਅਰਦਲੀਆਂ ਅਤੇ ਡਾਕਖ਼ਾਨੇ ਦਾ ਕੰਮ ਕਰਨ ਵਾਲਿਆਂ, ਜਿਨ੍ਹਾਂ ਦੀ ਆਮ ਪਰੇਡਾਂ ਵਿਚ ਸ਼ਾਮਲ ਹੋਣ ਦੀ ਕੋਈ ਲੋੜ ਨਹੀਂ ਸੀ, ਦਾ ਵੀ ਇਸ ਪਰੇਡ ਵਿਚ ਜਾਣਾ ਜ਼ਰੂਰੀ ਸੀ। ਮੈਂ ਡੇਢ ਸਾਲ ਤੋਂ ਕਿਸੇ ਪਰੇਡ ਵਿਚ ਹਿੱਸਾ ਨਹੀਂ ਲਿਆ ਸੀ। ਮੈਂ ਪਹਿਲੀ ਕੰਪਨੀ ਦੇ ਪਹਿਲੇ ਹਿੱਸੇ ਦੇ ਦੂਜੇ ਜਾਂ ਤੀਜੇ ਕਾਲਮ ਵਿਚ ਆਪਣੀ ਥਾਂ 'ਤੇ ਖੜ੍ਹਾ ਸੀ। ਮੁਆਇਨਾ ਕਰਨ ਵਾਲੇ ਕਪਤਾਨ ਨੂੰ ਮੇਰੇ ਖੜ੍ਹਨ ਦਾ ਅੰਦਾਜ਼ ਨੁਕਸਦਾਰ ਜਾਪਿਆ ਅਤੇ ਉਸਨੇ ਮੈਨੂੰ ਆਪਣੀ ਪੁਜੀਸ਼ਨ ਦਾ ਸਪਸ਼ਟੀਕਰਨ ਦੇਣ ਲਈ

ਦਫ਼ਤਰ ਤਲਬ ਕਰ ਲਿਆ। ਇਸ ਹੁਕਮ ਨਾਲ ਮੇਰੇ ਅੰਦਰ ਮੁਕੰਮਲ ਬਦਲਾਓ ਆ ਗਿਆ। ਮੈਂ "ਗਰਮੀ" ਲੱਗ ਜਾਣ ਦਾ ਬਹਾਨਾ ਬਣਾਇਆ ਅਤੇ ਡਿਗ ਗਿਆ। ਬਾਰਿਸ਼ ਹੋਣ ਕਰਕੇ ਧਰਤੀ ਗਿੱਲੀ ਸੀ। ਮੇਰੀ ਵਰਦੀ ਅਤੇ ਰਾਈਫਲ ਚਿੱਕੜ ਨਾਲ ਲਿੱਬੜ ਗਈ। ਇਕ ਹਿੰਦੁਸਤਾਨੀ ਅਫ਼ਸਰ ਦੇ ਹੁਕਮ 'ਤੇ ਮੈਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ। ਮੈਂ ਫ਼ੌਜ ਦੀ ਨੌਕਰੀ ਛੱਡਣ ਦਾ ਫ਼ੈਸਲਾ ਕਰ ਲਿਆ। ਮੈਂ ਹਵਾਲਦਾਰ ਨੂੰ ਦੱਸਿਆ ਕਿ ਬੰਦੂਕ ਦੀ ਨਾਲੀ ਗੰਦੀ ਹੋ ਗਈ ਸੀ ਅਤੇ ਉਹ ਇਸ ਨੂੰ ਸਾਫ਼ ਕਰ ਲਵੇ। ਮੈਂ ਹੁਣ ਇਹ ਬੰਦੂਕ ਨਹੀਂ ਚੁੱਕਾਂਗਾ। ਹਵਾਲਦਾਰ ਮੇਰਾ ਜਵਾਬ ਸੁਣਕੇ ਹੱਕਾ-ਬੱਕਾ ਰਹਿ ਗਿਆ।

ਜਦੋਂ ਪਰੇਡ ਤੋਂ ਬਾਅਦ ਸਿਪਾਹੀ ਬੈਰਕਾਂ ਵਿਚ ਵਾਪਸ ਮੁੜੇ, ਮੈਂ ਆਪਣੇ ਸੂਬੇਦਾਰ ਨੂੰ ਦੱਸਿਆ ਕਿ ਮੈਂ ਨੌਕਰੀ ਨਹੀਂ ਕਰਨੀ। ਉਦੋਂ ਨਿਯਮ ਇਹ ਸੀ ਕਿ ਕੋਈ ਫ਼ੌਜੀ ਘੱਟੋਘੱਟ ਤਿੰਨ ਸਾਲ ਨੌਕਰੀ ਕਰਨ ਤੋਂ ਪਹਿਲਾਂ ਆਪਣੀ ਮਰਜ਼ੀ ਨਾਲ ਫ਼ੌਜ ਛੱਡਕੇ ਨਹੀਂ ਸੀ ਜਾ ਸਕਦਾ। ਮੈਂ ਪਹਿਲਾਂ ਹੀ ਤਿੰਨ ਸਾਲ ਅਤੇ ਦੋ ਮਹੀਨੇ ਨੌਕਰੀ ਕਰ ਚੁੱਕਾ ਸੀ। ਲਿਹਾਜ਼ਾ, ਕਮਾਂਡਿੰਗ ਅਫ਼ਸਰ ਨੂੰ ਨਾ ਚਾਹੁੰਦੇ ਹੋਏ ਵੀ ਮੈਨੂੰ ਫ਼ੌਜ ਤੋਂ ਬਰਖ਼ਾਸਤ ਕਰਨਾ ਪਿਆ। ਉਸੇ ਰਾਤ, ਮੇਰਾ ਹਿਸਾਬ-ਕਿਤਾਬ ਹੋ ਜਾਣ 'ਤੇ ਮੈਂ ਅੱਧੀ ਰਾਤ ਨੂੰ ਆਪਣੇ ਪਿੰਡ ਲਈ ਗੱਡੀ ਫੜ ਲਈ। ਮੈਂ ਆਪਣੇ ਮਿੱਤਰ ਦਾ ਖ਼ਤ ਉਡੀਕਣਾ ਸ਼ੁਰੂ ਕਰ ਦਿੱਤਾ ਜੋ ਮੇਰੇ ਫ਼ੌਜ ਦੀ ਨੌਕਰੀ ਛੱਡਣ ਤੋਂ ਕੋਈ ਦੋ ਮਹੀਨੇ ਬਾਅਦ ਆਇਆ। ਉਸਨੇ ਮੈਨੂੰ ਦੱਸਿਆ ਕਿ ਕੈਨੇਡਾ ਅਤੇ ਅਮਰੀਕਾ ਜਾਣ ਲਈ ਹਾਂਗਕਾਂਗ ਤੋਂ ਪਾਸਪੋਰਟ ਮਿਲ ਸਕਦਾ ਸੀ ਅਤੇ ਬਾਕਾਇਦਗੀ ਨਾਲ ਸ਼ਿਪਿੰਗ ਲਾਈਨਾਂ ਖੁੱਲ੍ਹੀਆਂ ਸਨ ਜੋ ਖੁਸ਼ੀ-ਖੁਸ਼ੀ ਹਿੰਦੁਸਤਾਨੀਆਂ ਨੂੰ ਮੁਸਾਫ਼ਰਾਂ ਵਜੋਂ ਲੈ ਜਾਂਦੀਆਂ ਸਨ। ਹਿੰਦੁਸਤਾਨ ਤੋਂ ਕੈਨੇਡਾ ਦਾ ਕੁਲ ਭਾੜਾ ਤਿੰਨ ਸੌ ਰੁਪਏ ਦੇ ਕਰੀਬ ਲੱਗਣਾ ਸੀ।

ਖ਼ਤ ਮਿਲਣ 'ਤੇ ਮੈਂ ਆਪਣੇ ਦੋ ਮਿੱਤਰਾਂ ਨੂੰ ਵੀ ਨਾਲ ਜਾਣ ਲਈ ਮਨਾ ਲਿਆ ਅਤੇ ਆਪਣੇ ਭਰਾ ਦੀ ਜ਼ਾਮਨੀ 'ਤੇ ਮੈਂ ਇਕ ਸ਼ਾਹੂਕਾਰ ਤੋਂ ਸਾਢੇ ਤਿੰਨ ਸੌ ਰੁਪਏ ਦਾ ਇੰਤਜ਼ਾਮ ਕਰ ਲਿਆ। ਮੈਂ ਇਹ ਵੀ ਯਕੀਨੀ ਬਣਾਇਆ ਕਿ ਮੇਰੇ ਵੱਡੇ ਭਾਈ ਤੋਂ ਬਿਨਾ ਮੇਰੇ ਬਾਹਰ ਜਾਣ ਦੀ ਕਿਸੇ ਹੋਰ ਨੂੰ ਭਿਣਕ ਨਾ ਲੱਗੇ ਤਾਂ ਜੋ ਪਰਿਵਾਰ ਜਾਂ ਪਿੰਡ ਦਾ ਕੋਈ ਬੰਦਾ ਕੋਈ ਰੁਕਾਵਟ ਨਾ ਪਾ ਸਕੇ ਕਿਉਂਕਿ ਉਦੋਂ ਤਕ ਸਫ਼ਰ ਨੂੰ ਘਰ-ਘਾਟ ਦੀ ਬਰਬਾਦੀ ਮੰਨਿਆ ਜਾਂਦਾ ਸੀ।

ਅਸੀਂ ਤਿੰਨੇ 11 ਮਈ 1906 ਦੀ ਰਾਤ ਨੂੰ ਚੋਰੀਛੁਪੇ ਪਿੰਡ ਤੋਂ ਚੱਲੇ। ਅਸੀਂ ਕਲਕੱਤੇ ਦੀ ਗੱਡੀ ਫੜੀ ਅਤੇ ਉੱਥੋਂ ਹਾਂਗਕਾਂਗ ਲਈ ਇਕ ਬਰਤਾਨਵੀ ਜਹਾਜ਼ 'ਤੇ ਚੜ੍ਹ ਗਏ। ਤੀਜੇ ਦਰਜੇ ਦਾ ਭਾੜਾ ਪੈਂਤੀ ਰੁਪਏ ਸੀ ਜਿਸ ਵਿਚ "ਤੀਜੇ ਦਰਜੇ" ਦਾ ਖਾਣਾ ਵੀ ਸ਼ਾਮਲ ਸੀ। ਪਰ ਜ਼ਿਆਦਾਤਰ ਹਿੰਦੀ ਮੁਸਾਫ਼ਰ, ਐਸਾ ਖਾਣਾ ਦਿੱਤੇ ਜਾਣ ਤੋਂ ਡਰਕੇ ਜਿਸ ਦੀ ਉਨ੍ਹਾਂ ਦਾ ਧਰਮ ਮਨਾਹੀ ਕਰਦਾ ਸੀ, ਆਪਣਾ ਰਾਸ਼ਨ ਆਪਣੇ ਨਾਲ ਲੈ ਕੇ ਜਾਂਦੇ ਸਨ। ਪਰ ਅਸੀਂ ਇਸ ਤਰ੍ਹਾਂ ਨਹੀਂ ਕੀਤਾ। ਸਾਡੇ ਲਈ ਕੁਝ ਵੀ ਹਰਾਮ ਨਹੀਂ ਸੀ ਅਤੇ ਪਿਛਲੇ ਕੁਝ ਸਾਲਾਂ ਵਿਚ ਮੇਰੇ ਖ਼ਿਆਲਾਤ ਬਦਲ ਗਏ ਸਨ। ਮੈਂ ਬਹੁਤ ਸਾਰੇ ਅੰਧਵਿਸ਼ਵਾਸਾਂ ਅਤੇ ਧਾਰਮਿਕ ਦੰਭ ਤੋਂ ਮੁਕਤੀ ਪਾ ਚੁੱਕਾ ਸੀ। ਫ਼ੌਜ ਵਿਚ ਜਾਣ ਤੋਂ ਪਹਿਲਾਂ, ਮੈਂ ਪੰਥ ਪ੍ਰਕਾਸ਼, ਸੂਰਜ ਪ੍ਰਕਾਸ਼ ਅਤੇ ਛੇਵੇਂ ਗੁਰੂ

ਹਰਗੋਬਿੰਦ ਦੀ ਜੀਵਨ ਕਥਾ ਵਰਗੀਆਂ ਕਿਤਾਬਾਂ ਪਹਿਲਾਂ ਹੀ ਪੜ੍ਹ ਚੁੱਕਾ ਸੀ।

ਹਾਂਗਕਾਂਗ ਵਿਖੇ ਸਾਨੂੰ ਢੁੱਕਵੇਂ ਸਮੁੰਦਰੀ ਸਫ਼ਰ ਲਈ ਕੁਝ ਦਿਨ ਉਡੀਕ ਕਰਨੀ ਪਈ। ਹਾਂਗਕਾਂਗ ਤੋਂ ਮੈਂ ਜੋ ਜਹਾਜ਼ ਲਿਆ ਉਸ ਉੱਪਰ 52 ਪੰਜਾਬੀ ਸਵਾਰ ਸਨ। ਇਸ ਤੋਂ ਪਹਿਲਾਂ ਐਨੀ ਵੱਡੀ ਤਾਦਾਦ 'ਚ ਹਿੰਦੁਸਤਾਨੀਆਂ ਨੇ ਕਦੇ ਇਕ ਜਹਾਜ਼ ਉੱਪਰ ਸਫ਼ਰ ਨਹੀਂ ਕੀਤਾ ਸੀ। ਚਾਰ ਜਾਂ ਪੰਜ ਜਣਿਆਂ ਨੂੰ ਛੱਡਕੇ, ਜ਼ਿਆਦਾਤਰ ਮੁਸਾਫ਼ਰ ਜਲੰਧਰ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਦੇ ਸਨ। ਉਦੋਂ ਤਕ ਤਕਰੀਬਨ ਇਕ ਸੌ ਹਿੰਦੁਸਤਾਨੀ ਕੈਨੇਡਾ ਅਤੇ ਅਮਰੀਕਾ ਪੁੱਜ ਚੁੱਕੇ ਸਨ। ਜਿਹੜੇ ਉੱਤਰੀ ਅਮਰੀਕੀ ਮੁਲਕਾਂ ਵਿਚ ਜਾ ਪੁੱਜੇ ਉਨ੍ਹਾਂ ਨੇ ਆਪਣੇ ਮਿੱਤਰਾਂ ਤੇ ਸਕੇ-ਸਬੰਧੀਆਂ ਆਉਣ ਲਈ ਖ਼ਤ ਲਿਖੇ ਅਤੇ ਕੈਨੇਡਾ ਨੂੰ ਪੰਜਾਬੀਆਂ ਦੀ ਆਮਦ ਵਧ ਗਈ। 1905 ਤੇ 1908 ਦਰਮਿਆਨ ਦਸ ਹਜ਼ਾਰ ਹਿੰਦੁਸਤਾਨੀ ਅਮਰੀਕਾ ਤੇ ਕੈਨੇਡਾ ਪਹੁੰਚ ਗਏ ਸਨ ਅਤੇ ਉਨ੍ਹਾਂ ਵਿੱਚੋਂ ਜ਼ਿਆਦਾਤਰ ਅੰਮ੍ਰਿਤਸਰ, ਜਲੰਧਰ, ਹੁਸ਼ਿਆਰਪੁਰ, ਲੁਧਿਆਣਾ ਅਤੇ ਫ਼ਿਰੋਜ਼ਪੁਰ ਜ਼ਿਲ੍ਹਿਆਂ ਦੇ ਪੰਜਾਬੀ ਸਨ। ਉਨ੍ਹਾਂ ਵਿੱਚੋਂ 98ਫ਼ੀਸਦੀ ਤੋਂ ਵੀ ਵੱਧ ਕਿਸਾਨੀ ਵਿੱਚੋਂ ਸਨ।

ਰਾਸ਼ਟਰਵਾਦ ਦਾ ਜਨਮ ਅਤੇ ਕੌਮੀ ਚੇਤਨਾ

ਉਪਰ ਦੱਸੀ 10,000 ਹਿੰਦੁਸਤਾਨੀਆਂ ਦੀ ਕੁਲ ਤਾਦਾਦ ਵਿੱਚੋਂ ਮੁਸ਼ਕਲ ਨਾਲ ਹੀ ਇਕ ਫ਼ੀਸਦੀ ਉਰਦੂ ਜਾਣਦੇ ਸਨ। ਅਤੇ ਅੰਗਰੇਜ਼ੀ ਦੀ ਜਾਣਕਾਰੀ ਰੱਖਣ ਵਾਲੇ ਐੱਫ.ਏ. ਤਕ ਪੜ੍ਹੇ, ਇਕ ਹਜ਼ਾਰ ਵਿਚ ਪੰਜ ਤੋਂ ਵੱਧ ਨਹੀਂ ਸਨ। ਦਸ ਹਜ਼ਾਰ ਵਿੱਚੋਂ ਮੁਸ਼ਕਲ ਨਾਲ ਹੀ ਕਿਸੇ ਨੂੰ ਕੋਈ ਸਿਆਸੀ ਸੂਝ ਜਾਂ ਕੌਮੀ ਆਜ਼ਾਦੀ ਦੀ ਲੋੜ ਦੀ ਸੋਝੀ ਹੋਵੇਗੀ। ਭਾਵੇਂ ਮੈਂ ਅਮਰੀਕਾ ਵਿਚ ਸਿਆਸੀ ਚੇਤਨਾ ਹਾਸਲ ਕਰ ਲਈ ਪਰ ਉੱਥੇ ਰਹਿਣ ਦੇ ਮੁੱਢਲੇ ਸਮੇਂ ਵਿਚ, ਪਹਿਲੇ ਤਿੰਨ ਜਾਂ ਚਾਰ ਸਾਲ, ਮੈਨੂੰ ਐਸਾ ਇਕ ਵੀ ਬੰਦਾ ਨਹੀਂ ਮਿਲਿਆ, ਜਿਸ ਨੂੰ ਮੈਂ ਆਪਣਾ ਸਿਆਸੀ ਉਸਤਾਦ ਕਹਿ ਸਕਾਂ। ਹਾਲਾਂਕਿ ਮੇਰਾ ਮੇਲ ਕੁਝ ਐਸੇ ਬੰਦਿਆਂ ਨਾਲ ਹੋਇਆ ਜੋ ਆਪਣੀ ਤਾਕਤ ਚਰਿੱਤਰ ਉਸਾਰੀ ਅਤੇ ਧਾਰਮਿਕ ਸੁਧਾਰਾਂ ਦੇ ਪ੍ਰਚਾਰ ਵਿਚ ਲਾ ਰਹੇ ਸਨ। ਮੇਰਾ ਇਹ ਕਹਿਣਾ ਨਹੀਂ ਹੈ ਕਿ ਮੈਂ ਕਿਸੇ ਤਰ੍ਹਾਂ ਨਾਲ ਲੋੜੀਂਦੀ ਸਿਆਸੀ ਚੇਤਨਾ ਹਾਸਲ ਕਰ ਲਈ ਸੀ, ਮੈਂ ਓਨੀ ਕੁ ਸਿਆਸੀ ਸੂਝ ਹੀ ਰੱਖਦਾ ਸੀ ਜਿੰਨੀ ਕੁ ਮੇਰੇ ਹੋਰ ਸਾਥੀਆਂ ਨੂੰ ਸੀ।

(ਸਰੋਤ: "ਹੈਰੀਟਿਜ," ਜਲੰਧਰ, ਨੰਬਰ 4, 1996, ਸਫ਼ੇ 5-18)

[ਗ਼ਦਰੀ ਹਰਨਾਮ ਸਿੰਘ ਟੁੰਡੀਲਾਟ: ਇਕ ਸੰਖੇਪ ਤੁਆਰਫ਼]

ਗ਼ਦਰੀ ਇਨਕਲਾਬੀ ਹਰਨਾਮ ਸਿੰਘ ਟੁੰਡੀਲਾਟ (1882-1962), 11 ਮਾਰਚ 1882 ਨੂੰ ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਕੋਟਲਾ ਨੌਧ ਸਿੰਘ ਵਿਚ ਪੈਦਾ ਹੋਏ ਸਨ। ਉਹ ਇਕ ਮਾਮੂਲੀ ਆਰਥਕ ਵਸੀਲਿਆਂ ਵਾਲੇ ਕਿਸਾਨ ਦੇ ਪੁੱਤਰ ਸਨ। ਉਨ੍ਹਾਂ ਨੇ ਪਿੰਡ ਦੀ ਧਰਮਸ਼ਾਲਾ ਤੋਂ ਗੁਰਮੁਖੀ ਦਾ ਅੱਖਰ-ਗਿਆਨ ਲਿਆ ਅਤੇ ਜਵਾਨ ਹੋ ਕੇ ਹਿੰਦੁਸਤਾਨੀ ਫ਼ੌਜ

ਵਿਚ ਭਰਤੀ ਹੋ ਗਏ। 12 ਜੁਲਾਈ 1906 ਨੂੰ ਪਹਿਲਾਂ ਉਹ ਕੈਨੇਡਾ ਗਏ ਅਤੇ ਉੱਥੋਂ ਦਸੰਬਰ 1909 'ਚ ਕੈਲੀਫੋਰਨੀਆ, ਅਮਰੀਕਾ ਚਲੇ ਗਏ। ਉਥੇ ਉਨ੍ਹਾਂ ਨੇ ਓਰੇਗਨ ਵਿਚ ਬਰਾਈਡਲ ਵੇਲ ਦੀ ਲੱਕੜ ਮਿੱਲ ਵਿਚ ਕੰਮ ਕੀਤਾ। ਉਥੇ ਉਨ੍ਹਾਂ ਨੇ 1912 ਦੇ ਸ਼ੁਰੂ ਵਿਚ ਆਵਾਸੀ ਹਿਦੁਸਤਾਨੀਆਂ ਦੀਆਂ ਮੀਟਿੰਗਾਂ ਵਿਚ ਜਾਣਾ ਸ਼ੁਰੂ ਕਰ ਦਿੱਤਾ ਜਿਨ੍ਹਾਂ ਦੇ ਸਿੱਟੇ ਵਜੋਂ ਹਿਦੁਸਤਾਨੀ ਵਰਕਰਜ਼ ਆਫ ਪੈਸੀਫ਼ਿਕ ਕੋਸਟ ਬਣੀ, ਜਿਸ ਦਾ ਨਾਂ ਬਦਲਕੇ ਫਿਰ ਹਿੰਦੀ ਐਸੋਸੀਏਸ਼ਨ ਆਫ ਪੈਸੀਫ਼ਿਕ ਕੋਸਟ ਰੱਖ ਦਿੱਤਾ ਗਿਆ, ਪਰ ਜੋ ਗ਼ਦਰ ਪਾਰਟੀ ਵਜੋਂ ਹਰਮਨਪਿਆਰੀ ਹੋਈ।

ਐਸੋਸੀਏਸ਼ਨ ਦੀ ਪਹਿਲੀ ਮੀਟਿੰਗ 3 ਮਾਰਚ 1913 ਨੂੰ ਹੋਈ, ਜਿਸ ਵਿਚ ਉਨ੍ਹਾਂ ਨੂੰ ਕੇਂਦਰੀ ਕਾਰਜਕਾਰਨੀ ਕਮੇਟੀ ਦਾ ਮੈਂਬਰ ਲੈ ਲਿਆ ਗਿਆ। ਇਸ ਦੌਰਾਨ, ਇਕ ਹਫ਼ਤਾਵਾਰ ਅਖ਼ਬਾਰ *ਗ਼ਦਰ* ਉਰਦੂ, ਪੰਜਾਬੀ, ਹਿੰਦੀ ਅਤੇ ਹੋਰ ਹਿਦੁਸਤਾਨੀ ਜ਼ੁਬਾਨਾਂ ਵਿਚ ਕੱਢਣ ਦਾ ਫ਼ੈਸਲਾ ਲਿਆ ਗਿਆ ਸੀ ਜਿਸਦਾ ਸ਼ਾਬਦਿਕ ਭਾਵ ਸੀ ਬਗ਼ਾਵਤ। ਇਸ ਦਾ ਉਰਦੂ ਵਿਚ ਪਲੇਠਾ ਅੰਕ 1 ਨਵੰਬਰ 1913 ਨੂੰ ਛਾਪਿਆ ਗਿਆ ਅਤੇ ਪੰਜਾਬੀ ਐਡੀਸ਼ਨ ਜਨਵਰੀ 1914 'ਚ ਕੱਢਿਆ ਗਿਆ। ਸ਼ੁਰੂ 'ਚ, ਇਸ ਦੇ ਸੰਪਾਦਕ ਲਾਲਾ ਹਰਦਿਆਲ ਅਤੇ ਸਹਾਇਕ ਸੰਪਾਦਕ ਕਰਤਾਰ ਸਿੰਘ ਸਰਾਭਾ ਅਤੇ ਰਘੁਬੀਰ ਦਿਆਲ ਸਨ।

ਬਾਅਦ ਵਿਚ, ਹਰਨਾਮ ਸਿੰਘ ਅਤੇ ਕੁਝ ਹੋਰਾਂ ਨੂੰ ਵੀ ਇਸ ਵਿਚ ਸ਼ਾਮਲ ਹੋਣ ਲਈ ਬੁਲਾਇਆ ਗਿਆ। ਉਹ ਪੰਜਾਬੀ ਵਿਚ ਕਵਿਤਾ ਲਿਖਦੇ ਸਨ ਅਤੇ ਉਨ੍ਹਾਂ ਨੇ ਗ਼ਦਰ ਵਿਚ ਦੇਸ਼ਭਗਤੀ ਵਾਲੀਆਂ ਜੋਸ਼ਭਰਪੂਰ ਕਵਿਤਾਵਾਂ ਲਿਖਕੇ ਯੋਗਦਾਨ ਪਾਇਆ। ਉਹ ਪਾਰਟੀ ਦੇ ਜਨਰਲ ਸਕੱਤਰ ਲਾਲਾ ਹਰਦਿਆਲ ਦੇ ਅੰਗ-ਰੱਖਿਅਕ ਵੀ ਰਹੇ। ਅਪ੍ਰੈਲ 1914 'ਚ ਲਾਲਾ ਹਰਦਿਆਲ ਨੂੰ ਅਮਰੀਕਾ ਵਿੱਚੋਂ ਕੱਢੇ ਜਾਣ 'ਤੇ ਪਾਰਟੀ ਦੇ ਸਾਨ ਫਰਾਂਸਿਸਕੋ ਵਾਲੇ ਸਦਰ ਮੁਕਾਮ, ਯੁਗਾਂਤਰ ਆਸ਼ਰਮ, ਦੇ ਕੰਮ ਦੀ ਮੁੜ ਵੰਡ ਕੀਤੀ ਗਈ। ਹਰਨਾਮ ਸਿੰਘ ਨੂੰ *ਗ਼ਦਰ* ਦਾ ਸੰਪਾਦਕ ਬਣਾਇਆ ਗਿਆ ਅਤੇ ਉਨ੍ਹਾਂ ਨਾਲ ਚਾਰ ਸਹਾਇਕ ਸੰਪਾਦਕ ਲਾਏ ਗਏ।

ਬਰਤਾਨੀਆ ਅਤੇ ਜਰਮਨੀ ਦਰਮਿਆਨ ਜੰਗ ਛਿੜਨ ਦੀ ਚਰਚਾ ਸੀ, ਅਤੇ ਅੰਗਰੇਜ਼ਾਂ ਦੇ ਯੂਰਪ ਅੰਦਰ ਜੰਗ ਵਿਚ ਉਲਝ ਜਾਣ ਦੇ ਮੱਦੇਨਜ਼ਰ ਗ਼ਦਰ ਪਾਰਟੀ ਵਲੋਂ ਹਿਦੁਸਤਾਨ ਵਿਚ ਬਗ਼ਾਵਤ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ। ਊਧਮ ਸਿੰਘ ਨੇ ਪਾਰਟੀ ਵਾਲੰਟੀਅਰਾਂ ਨੂੰ ਫ਼ੌਜੀ ਸਿਖਲਾਈ ਦੇਣੀ ਸ਼ੁਰੂ ਕਰ ਦਿੱਤੀ, ਕਰਤਾਰ ਸਿੰਘ ਸਰਾਭਾ ਫਿਲਟਰ-ਕਮ-ਹਵਾਈ ਜਹਾਜ਼ ਮਕੈਨਿਕ ਦੀ ਸਿਖਲਾਈ ਲੈਣ ਲਈ ਪੂਰਬੀ ਕੋਸਟ ਚਲੇ ਗਏ ਅਤੇ ਹਰਨਾਮ ਸਿੰਘ ਨੇ ਇਕ ਅਮਰੀਕਨ ਦੋਸਤ ਤੋਂ ਬੰਬ ਬਣਾਉਣ ਦੀ ਸਿਖਲਾਈ ਲੈਣੀ ਸ਼ੁਰੂ ਕਰ ਦਿੱਤੀ। 5 ਜੁਲਾਈ 1914 ਨੂੰ ਬੰਬ ਦੀ ਇਕ ਅਜ਼ਮਾਇਸ਼ ਦੌਰਾਨ, ਉਨ੍ਹਾਂ ਦਾ ਖੱਬਾ ਹੱਥ ਉਡ ਗਿਆ ਅਤੇ ਸਿੱਟੇ ਵਜੋਂ ਕੂਹਣੀ ਤੋਂ ਉੱਪਰੋਂ ਉਨ੍ਹਾਂ ਦੀ ਬਾਂਹ ਕੱਟਣੀ ਪਈ। ਉਨ੍ਹਾਂ ਦੇ ਸਾਥੀਆਂ ਨੇ ਉਨ੍ਹਾਂ ਦਾ ਨਵਾਂ ਨਾਂ ਟੁੰਡੀਲਾਟ ਰੱਖ ਲਿਆ। ਟੁੰਡਾ ਲਾਰਡ। ਇਹ ਵਿਅੰਗਮਈ ਖ਼ਿਤਾਬ ਉਸ ਵਕਤ ਹਿਦੁਸਤਾਨ ਦੇ ਗਵਰਨਰ ਜਨਰਲ (1844-48) ਸਰ ਹੈਨਰੀ ਹਾਰਡਿੰਗ ਨੂੰ ਦਿੱਤਾ ਗਿਆ ਸੀ ਜਿਸ ਨੂੰ

ਪੰਜਾਬੀ ਪਹਿਲੀ ਮਸ਼ਹੂਰ ਅੰਗੇਰਜ਼-ਸਿੱਖ ਜੰਗ ਦੌਰਾਨ ਉਸ ਦੀ ਬਾਂਹ ਕੱਟੇ ਜਾਣ ਕਾਰਨ ਟੁੰਡੀਲਾਟ ਕਿਹਾ ਕਰਦੇ ਸਨ।

25 ਜੁਲਾਈ 1914 ਨੂੰ ਪਹਿਲੀ ਆਲਮੀ ਜੰਗ ਲੱਗਣ 'ਤੇ, ਗ਼ਦਰ ਪਾਰਟੀ ਨੇ ਆਪਣੇ ਮੈਂਬਰਾਂ ਤੇ ਹਮਦਰਦਾਂ ਨੂੰ ਤੁਰੰਤ ਹਿੰਦੁਸਤਾਨ ਨੂੰ ਚਾਲੇ ਪਾਉਣ ਦੇ ਨਿਰਦੇਸ਼ ਦਿੱਤੇ। ਹਰਨਾਮ ਸਿੰਘ ਬਰਾਸਤਾ ਕੋਲੰਬੋ ਆਏ ਅਤੇ 24 ਦਸੰਬਰ 1914 ਨੂੰ ਪੰਜਾਬ ਪਹੁੰਚੇ। ਗੇਰੂਆ ਚੋਲੇ ਵਿਚ ਮਹਾਤਮਾ ਦਾ ਭੇਖ ਧਾਰਕੇ ਉਹ ਦੁਆਬੇ ਦੇ ਪਿੰਡ-ਪਿੰਡ ਘੁੰਮਕੇ ਗ਼ਦਰ ਦਾ ਪ੍ਰਚਾਰ ਕਰਦੇ ਰਹੇ। ਪਾਰਟੀ ਵਲੋਂ ਉਨ੍ਹਾਂ ਨੇ ਰਾਵਲਪਿੰਡੀ, ਬਨੂ, ਨੌਸ਼ਹਿਰਾ ਅਤੇ ਪਿਸ਼ਾਵਰ ਛਾਉਣੀਆਂ ਵਿਚ ਫ਼ੌਜੀ ਟੁਕੜੀਆਂ ਨਾਲ ਸੰਪਰਕ ਬਣਾਏ। ਪਾਰਟੀ ਕਾਡਰ ਵਿਚ ਘੁਸੇ ਪੁਲਿਸ ਦੇ ਇਕ ਮੁਖ਼ਬਰ ਦੀ ਵਜ੍ਹਾ ਨਾਲ ਜਦੋਂ 21 ਫਰਵਰੀ 2015 ਦੀ ਥਾਂ 19 ਫਰਵਰੀ 1915 ਨੂੰ ਕੀਤੇ ਜਾਣ ਵਾਲੇ ਫ਼ੌਜੀ ਤੇ ਆਮ ਗ਼ਦਰ ਦੀ ਯੋਜਨਾ ਵੀ ਨਾਕਾਮਯਾਬ ਹੋ ਗਈ ਤਾਂ ਹਰਨਾਮ ਸਿੰਘ ਟੁੰਡੀਲਾਟ, ਕਰਤਾਰ ਸਿੰਘ ਸਰਾਭਾ ਅਤੇ ਸੁਰਸਿੰਘ ਵਾਲਾ ਜਗਤ ਸਿੰਘ ਬਚਕੇ ਨਿਕਲ ਗਏ ਅਤੇ ਅਫ਼ਗਾਨਿਸਤਾਨ ਵਿਚ ਪਨਾਹ ਲੈਣ ਤੇ ਨਵੀਂ ਯੋਜਨਾ ਬਣਾਉਣ ਲਈ ਉਤਰ-ਪੱਛਮੀ ਸਰਹੱਦੀ ਸੂਬੇ ਵਿਚ ਚਲੇ ਗਏ।

ਪਰ ਉਸ ਹਕੂਮਤ ਤੋਂ ਹਮਾਇਤ ਦੀ ਕੋਈ ਉਮੀਦ ਨਾ ਹੋਣ ਕਾਰਨ ਉਹ ਵਾਪਸ ਮੁੜ ਆਏ ਅਤੇ 2 ਮਾਰਚ 1915 ਨੂੰ ਸ਼ਾਹਪੁਰ (ਸਰਗੋਧਾ) ਜ਼ਿਲ੍ਹੇ ਦੇ ਚੱਕ ਨੰਬਰ 105 ਵਿਚ ਵਿਲਸਨਪੁਰ ਘੋੜਿਆਂ ਦੇ ਤਬੇਲੇ ਵਿਚ ਰਾਜਿੰਦਰ ਸਿੰਘ ਕੋਲ ਆ ਠਹਿਰੇ ਜੋ ਇਕ ਫ਼ੌਜੀ ਪੈਨਸ਼ਨੀਆ ਸੀ ਅਤੇ ਫ਼ੌਜ ਵਿਚ ਰਹਿ ਚੁੱਕੇ ਜਗਤ ਸਿੰਘ ਦਾ ਵਾਕਫ਼ਕਾਰ ਸੀ। ਰਾਜਿੰਦਰ ਸਿੰਘ ਗ਼ਦਾਰੀ ਕਰ ਗਿਆ ਅਤੇ ਗੰਡੀਵਿੰਡ ਦੇ ਰਿਸਾਲਦਾਰ ਗੰਡਾ ਸਿੰਘ ਨਾਲ ਮਿਲਕੇ ਪੁਲਿਸ ਸੱਦਕੇ ਉਨ੍ਹਾਂ ਨੂੰ ਫੜਾ ਦਿੱਤਾ। ਗ੍ਰਿਫ਼ਤਾਰੀ ਪਿੱਛੋਂ ਉਨ੍ਹਾਂ ਨੂੰ ਲਾਹੌਰ ਕੇਂਦਰੀ ਜੇਲ੍ਹ ਵਿਚ ਲਿਜਾਕੇ ਮੁਕੱਦਮਾ ਚਲਾਇਆ ਗਿਆ ਜੋ ਪਹਿਲੇ ਲਾਹੌਰ ਸਾਜ਼ਿਸ਼ ਮੁਕੱਦਮੇ ਵਜੋਂ ਮਸ਼ਹੂਰ ਹੈ। ਡਿਫੈਂਸ ਆਫ ਇੰਡੀਆ ਐਕਟ-1914 ਤਹਿਤ ਸਪੈਸ਼ਲ ਟ੍ਰਿਬਿਊਨਲ ਬਣਾਕੇ 26 ਅਪ੍ਰੈਲ 1915 ਨੂੰ ਮੁਕੱਦਮਾ ਚਲਾਇਆ ਗਿਆ ਅਤੇ 13 ਸਤੰਬਰ 1915 ਨੂੰ ਫ਼ੈਸਲਾ ਸੁਣਾਇਆ ਗਿਆ। ਹਰਨਾਮ ਸਿੰਘ ਉਨ੍ਹਾਂ ਚੌਵੀ ਜਣਿਆਂ 'ਚੋਂ ਸਨ ਜਿਨ੍ਹਾਂ ਨੂੰ ਸਜ਼ਾ-ਏ-ਮੌਤ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਦਿੱਤੀ ਗਈ।

ਗ਼ਦਰ ਆਗੂਆਂ ਨੇ ਅਪੀਲ ਕਰਨ ਤੋਂ ਨਾਂਹ ਕਰ ਦਿੱਤੀ, ਪਰ ਵਾਇਸਰਾਏ ਨੇ ਆਪਣੇ ਤੌਰ 'ਤੇ ਉਨ੍ਹਾਂ ਵਿੱਚੋਂ ਸਤਾਰਾਂ ਦੀ ਸਜ਼ਾ-ਏ-ਮੌਤ ਘਟਾਕੇ ਉਮਰ ਕੈਦ ਵਿਚ ਬਦਲ ਦਿੱਤੀ ਜਿਨ੍ਹਾਂ ਵਿਚ ਹਰਨਾਮ ਸਿੰਘ ਵੀ ਸਨ। ਉਨ੍ਹਾਂ ਨੇ ਛੇ ਸਾਲ ਅੰਡੇਮਾਨ ਅਤੇ ਨੌ ਸਾਲ ਮਦਰਾਸ, ਪੁਣੇ, ਬੰਬਈ ਅਤੇ ਮਿੰਟਗੁਮਰੀ ਜੇਲ੍ਹਾਂ ਵਿਚ ਕੈਦ ਕੱਟੀ। 15 ਸਤੰਬਰ 1930 ਨੂੰ ਉਨ੍ਹਾਂ ਦੀ ਸਿਹਤ ਨੂੰ ਮੁੱਖ ਰੱਖਕੇ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ। ਦੂਜੀ ਵਾਰ ਉਹ 1941 ਤੋਂ 1945 ਤਕ ਕੈਦ ਰਹੇ। 1947 ਦੇ ਫਿਰਕੂ ਫ਼ਸਾਦਾਂ ਦੇ ਵਕਤ ਉਨ੍ਹਾਂ ਨੇ ਆਪਣੇ ਪਿੰਡ ਤੇ ਆਲੇ-ਦੁਆਲੇ ਦੇ ਇਲਾਕੇ ਦੇ ਮੁਸਲਮਾਨਾਂ ਦੀ ਢਾਲ ਬਣਕੇ ਉਨ੍ਹਾਂ ਨੂੰ ਸ਼ਰਣਾਰਥੀ ਕੈਂਪਾਂ ਵਿਚ

ਪਹੁੰਚਾਇਆ। ਇਕ ਸੰਖੇਪ ਬੀਮਾਰੀ ਪਿੱਛੋਂ 18 ਸਤੰਬਰ 1962 ਨੂੰ ਉਹ ਚਲਾਣਾ ਕਰ ਗਏ।

ਹਰਨਾਮ ਸਿੰਘ ਇਕ ਇਨਕਲਾਬੀ ਕਵੀ ਅਤੇ ਮਿਆਰੀ ਵਾਰਤਕ ਲੇਖਕ ਸਨ। ਉਨ੍ਹਾਂ ਦੇ ਤਿੰਨ ਕਾਵਿ-ਸੰਗ੍ਰਹਿ ਛਪ ਚੁੱਕੇ ਹਨ। ਉਨ੍ਹਾਂ ਦੀਆਂ ਵਾਰਤਕ ਲਿਖਤਾਂ ਵਿਚ *ਸੱਚਾ ਸੌਦਾ*, *ਅਖ਼ਲਾਕ ਤੇ ਮਜ਼੍ਹਬ*, ਦੋਵੇਂ ਪੰਜਾਬੀ ਵਿਚ, ਅਤੇ *ਮਜ਼੍ਹਬ ਔਰ ਇਨਸਾਨੀਅਤ* ਉਰਦੂ ਵਿਚ ਸ਼ਾਮਲ ਹਨ।]

ਹਿੰਦੁਸਤਾਨੀ ਕਿਸਾਨ

–ਲਾਲਾ ਹਰਦਿਆਲ

ਹਿੰਦੋਸਤਾਨ ਵਿਚ ਸਭ ਤੋਂ ਦਿਲਚਸਪ ਮੇਰੇ ਵਾਸਤੇ ਤਾਂ ਹਿੰਦੋਸਤਾਨੀ ਕਿਸਾਨ ਹੀ ਹੈ। ਮੈਂ ਸਾਧੂ ਅਤੇ ਸਵਾਮੀ ਨੂੰ ਵੀ ਉਸ ਤੋਂ ਉਚਾ ਦਰਜਾ ਨਹੀਂ ਦੇ ਸਕਦਾ ਕਿਉਂਕਿ ਉਹ ਹੀ ਉਸਨੂੰ ਵੀ ਰੋਟੀ ਦੇਂਦਾ ਹੈ। ਸ਼ਹਿਰ ਦੇ ਹੁਨਰ ਪੇਸ਼ਾ ਲੋਕਾਂ, ਜੁਲਾਹੇ ਤੇ ਮੋਚੀ, ਮਿਸਤਰੀ ਤੇ ਲੁਹਾਰ, ਟੀਨਸਾਜ਼ ਤੇ ਤਰਖਾਨ ਅਤੇ ਰਾਜ, ਕਿਸਾਨ ਦੇ ਬਾਦ ਦੂਜਾ ਦਰਜਾ ਹੈ। ਉਹਨਾਂ ਦੇ ਕੰਮ ਦੇਖਕੇ ਮੈਂ ਉਹਨਾਂ ਤੇ ਲੱਟੂ ਹੋ ਜਾਂਦਾ ਹਾਂ।

ਤੀਜੀ ਸਭ ਤੋਂ ਜ਼ਰੂਰੀ ਅਤੇ ਫਾਯਦਾਮੰਦ ਜਮਾਤ ਇਨ੍ਹਾਂ ਗੈਰ–ਹੁਨਰਮੰਦ ਮਜ਼ਦੂਰਾਂ ਯਾਨੀ ਭੰਗੀ, ਕਹਾਰ ਪਾਲਕੀ ਚੁੱਕਣ ਵਾਲੇ, ਰਸੋਈਏ, ਖਾਨਸਾਮੇ ਸਾਈਸਾਂ ਅਤੇ ਕੁਲੀਆਂ ਦੀ ਹੈ। ਹਿੰਦੁਸਤਾਨ ਦੇ ਏਹ ਨਿਚਲੇ ਤਬਕੇ ਦੇ ਅਨਗਿਣਤ ਲੋਕੀ ਹੁਣ ਜੰਜੀਰਾਂ ਤੋੜ ਸੁੱਟਣਾ ਚਾਹੁੰਦੇ ਹਨ। ਇਨ੍ਹਾਂ ਮਜ਼ਦੂਰਾਂ ਦੇ ਰਾਜ ਵਿਚ ਤਾਂ ਇਕ ਮੁਰਦਨੀ ਵਰਗੀ ਚੁੱਪ ਵਰਤੀ ਹੋਈ ਹੈ। ਕਿਸਾਨ, ਮਜ਼ਦੂਰ ਅਤੇ ਨੌਕਰ ਸਭ ਗੂੰਗੇ ਹਨ। ਉਹਨਾਂ ਨੂੰ ਕੌਣ ਆਵਾਜ਼ ਦੇਵੇ? ਕਿਹੜਾ ਕਵੀ ਉਹਨਾਂ ਦੀ ਕਵਿਤਾ ਕਹੇਗਾ? ਉਹਨਾਂ ਦੀ ਰਮਾਇਣ ਅਤੇ ਮਹਾਂ ਭਾਰਤ ਕੌਣ ਲਿਖੇਗਾ? ਹਿੰਦੋਸਤਾਨ ਵਿਚ ਇੱਕ ਸਚੇ ਅਸਲੀ ਕਵੀ ਦੀ ਲੋੜ ਹੈ। ਕਿਉਂਕਿ ਲੋਕੀ ਆਮ ਜਨਤਾ ਤਾਂ ਦੂਰ ਝੌਂਪੜੀਆਂ ਅਤੇ ਛੱਪਰਾਂ ਹੇਠ ਰਹਿੰਦੀ ਹੈ, ਮਹੱਲਾਂ ਅਤੇ ਬੰਗਲਿਆਂ ਵਿਚ ਨਹੀਂ।

ਮੈਂ ਇਨ੍ਹਾਂ ਵਲ ਹੀ ਏਨਾਂ ਕਿਉਂ ਝੁਕ ਗਿਆ ਹਾਂ। ਸੋਹਣੇ ਅਤੇ ਸਾਫ ਕਪੜੇ ਵਾਲੇ ਜੰਟਨਮੈਨਾਂ ਵਲ ਕਿਉਂ ਨਹੀਂ ਧਿਆਨ ਦੇਂਦਾ ਜਿਹੜੇ ਕਿ ਰੌਲਾ ਪਾ ਪਾ ਕੇ ਕੰਨ ਖਾ ਰਹੇ ਹਨ। ਇਸ ਦੀ ਵਜ੍ਹਾ ਸਾਫ਼ ਹੈ। ਆਮ ਹਿੰਦੋਸਤਾਨੀ ਤਾਂ ਏਹ ਮਜ਼ਦੂਰ ਹਨ, ਕੁਝ ਰਾਜੇ ਵੀ ਹਨ, ਕੁਝ ਮਹਾਰਾਜੇ ਵੀ, ਕੁਝ ਗ੍ਰੈਜੂਏਟ ਵੀ ਹਨ। ਕੁਝ ਵਕੀਲ ਵੀ। ਕੁਝ ਸ਼ਾਹੂਕਾਰ ਵੀ ਹਨ ਤੇ ਕੁਝ ਡਾਕਟਰ ਵੀ, ਕੁਝ ਸਾਧੂ ਵੀ ਹਨ ਤੇ ਕੁਝ ਪੰਡਤ ਵੀ। ਪਰ ਕਿਸਾਨ ਅਤੇ ਮਜ਼ਦੂਰ ਤਾਂ ਅਣਗਿਣਤ ਹਨ, ਕਰੋੜਾਂ ਹਨ, ਉਸ ਸਭ ਤੋਂ ਉਤੇ ਹਨ।

ਭਾਰਤ ਦੀ ਦੌਲਤ ਪੈਦਾ ਕਰਨ ਵਾਲੇ ਭੀ ਤਾਂ ਏਹ ਗਰੀਬ ਮਜ਼ਦੂਰ ਅਤੇ ਕਿਸਾਨ ਹੀ ਹਨ। ਸਾਲ ਦੇ ਸਾਲ ਉਹ ਲਹੂ ਪਸੀਨਾ ਇਕ ਕਰਕੇ ਕੰਮ ਕਰਦੇ ਜਾਂਦੇ ਸਭਨਾਂ ਵਾਸਤੇ ਘਰ ਬਣਾਉਂਦੇ ਹਨ। ਸੜਕਾਂ ਬਣਾਉਂਦੇ ਹਨ। ਬੱਘੀਆਂ ਬਣਾਉਂਦੇ ਹਨ, ਸਭ ਨੂੰ ਰੋਟੀ ਦੇਂਦੇ ਹਨ। ਮੀਂਹ, ਹਨੇਰੀ ਵਿਚ, ਧੁਪ ਛਾਂ ਵਿਚ, ਸਰਦੀ ਗਰਮੀ ਵਿਚ, ਉਹ ਬਿਚਾਰੇ ਮਿਹਨਤ ਕਰੀ ਜਾਂਦੇ ਹਨ। ਇਸ ਤਰਾਂ ਸਮਾਜ ਦੀਆਂ ਸਭੇ ਜ਼ਰੂਰਤਾਂ ਪੂਰੀਆਂ ਕਰਦੇ ਹਨ। ਇਸ ਸ੍ਰਿਸ਼ਟੀ ਦੇ ਅੰਨ

ਦਾਤਾ ਵਿਸ਼ਨੂੰ ਭਗਵਾਨ ਤਾਂ ਏਹ ਕਿਸਾਨ ਹੀ ਹਨ। ਜ਼ਿੰਦਗੀ ਅਤੇ ਸ਼ਕਤੀ ਦਾ ਉਹ ਮੰਬਾ ਹਨ ਜਿਥੋਂ ਕਿ ਲੋਕਾਂ ਨੂੰ ਜ਼ਿੰਦਗੀ ਅਤੇ ਸ਼ਕਤੀ ਮਿਲਦੀ ਹੈ। ਕਿਸਾਨ ਇਕ ਸੂਰਜ ਹੈ ਦੂਜੇ ਮਜ਼ਦੂਰ ਪੇਸ਼ਾ ਲੋਕ ਸਿਤਾਰੇ ਤੇ ਸਿਆਰੇ ਹਨ ਜਿਹੜੇ ਕਿ ਉਸ ਦੇ ਪ੍ਰਕਾਸ਼ ਨਾਲ ਚਮਕਦੇ ਹਨ। ਪੰਡਿਤਾਂ ਅਤੇ ਪ੍ਰਚਾਰਕਾਂ, ਵਕੀਲਾਂ ਅਤੇ ਸ਼ਾਹੂਕਾਰਾਂ, ਰਾਜਿਆਂ ਅਤੇ ਮਹਾਰਾਜਿਆਂ ਤੋਂ ਉਚੀ ਜ਼ਿੰਦਗੀ ਹੈ ਉਸ ਕਿਸਾਨ ਦੀ ਜੋ ਕਿ ਉਹਨਾਂ ਸਭਨਾਂ ਨੂੰ ਰੋਟੀ ਦੇਣ ਵਾਲਾ ਹੈ।

ਹੁਨਰਮੰਦ ਲੋਕੀ ਉਸੇ ਦੇ ਸ਼ੁਰੂ ਕੀਤੇ ਹੋਏ ਕੰਮ ਨੂੰ ਪੂਰਿਆਂ ਕਰ ਦਿੰਦੇ ਹਨ। ਉਹ ਉਸ ਦੀ ਪੈਦਾ ਕੀਤੀ ਹੋਈ ਕਪਾਸ, ਕੱਚੇ ਚਮੜੇ, ਬੜੇ ਬੜੇ ਲਕੜ ਦੇ ਸ਼ਹਿਤੀਰ ਅਤੇ ਖਾਣਾਂ ਵਿਚੋਂ ਨਿਕਲੀਆਂ ਹੋਈਆਂ ਬੇਸ਼ੁਮਾਰ ਧਾਤਾਂ ਨੂੰ ਬੜਾ ਸੁੰਦਰ ਅਤੇ ਫਾਇਦੇਮੰਦ ਬਣਾ ਦੇਂਦਾ ਹੈ। ਉਸ ਦੀਆਂ ਹੁਨਰਮੰਦ ਉਂਗਲੀਆਂ ਸਾਨੂੰ ਕਪੜਾ, ਘਰ, ਹੋਲਡਰ, ਬਰਤਨ, ਸ਼ੀਸ਼ਾ, ਜੁਤੀ ਆਦਿਕ ਸਭੇ ਜ਼ਰੂਰੀ ਚੀਜ਼ਾਂ ਦੇ ਕੇ ਸਾਨੂੰ ਤਹਿਜ਼ੀਬ-ਯਾਫ਼ਤਾ ਬਣਾ ਦੇਂਦੀਆਂ ਹਨ। ਏਹ ਹੁਨਰਮੰਦ ਲੋਕੀ ਤਾਂ ਚੰਗੇ ਭਲੇ ਜਾਦੂਗਰ ਹਨ।

ਗ਼ੈਰ-ਹੁਨਰਮੰਦ ਲੋਕੀ ਸਮਾਜ ਜਾਂ ਸੁਸਾਇਟੀ ਦੀ ਜਿੰਦ ਜਾਨ ਹਨ। ਜੇ ਭੰਗੀ ਨਾ ਹੋਣ ਤਾਂ ਸ਼ਹਿਰ ਦੀ ਕੀ ਹਾਲਤ ਹੋ ਜਾਵੇ। ਜੇ ਡੋਲੀਆਂ ਚੁੱਕਣ ਵਾਲੇ ਨਾ ਹੋਣ ਤਾਂ ਲੇਡੀਆਂ ਕੀ ਕਰਨ। ਅਸਲ ਵਿਚ ਤਾਂ ਭੰਗੀ ਸੁਸਾਇਟੀ ਦਾ ਮਾਲਕ ਹੈ। ਦੁਖ ਤਾਂ ਇਸ ਗਲ ਦਾ ਹੈ ਕਿ ਉਸ ਨੂੰ ਇਸ ਗਲ ਦਾ ਪਤਾ ਨਹੀਂ। ਭੰਗੀ ਚਾਹੇ ਤਾਂ ਇਕ ਹਫ਼ਤੇ ਦੇ ਅੰਦਰ ਅੰਦਰ ਹੀ ਕਿਸੇ ਵੀ ਰਾਜੇ ਨੂੰ ਆਪਣੇ ਪੈਰੀਂ ਡੇਗ ਸਕਦਾ ਹੈ।

ਮੇਰੀਆਂ ਏਅ ਗੱਲਾਂ ਸੁਣਕੇ ਸੋਹਣੇ ਸੋਹਣੇ ਕਪੜੇ ਪਾਉਣ ਵਾਲੇ, ਇਤਰ ਫ਼ਲੇਲ ਮਲਣ ਵਾਲੇ, ਹਸ ਹਸ ਕੇ ਗੱਲਾਂ ਕਰਨ ਵਾਲੇ, ਆਰਾਮ-ਪਸੰਦ ਹਿੰਦੋਸਤਾਨੀ ਮੈਥੋਂ ਨਾਰਾਜ਼ ਨਾ ਹੋ ਜਾਣ ਕਿ ਮੈਂ ਇਹਨਾਂ ਕਿਸਾਨਾਂ ਅਤੇ ਮਜ਼ਦੂਰਾਂ ਨਾਲ ਮਿਲਣਾ ਚਾਹੁੰਦਾ ਹਾਂ। ਪੜ੍ਹੇ ਲਿਖੇ ਗ੍ਰੈਜੂਏਟ ਵੀ ਤੜਫ਼ ਨਾ ਉਠਣ ਜਦੋਂ ਕਿ ਉਹ ਏਹ ਸੁਣਨ ਕਿ ਇਕ ਕਿਸਾਨ ਉਹਨਾਂ ਨਾਲੋਂ ਜ਼ਿਆਦਾ ਕੀਮਤੀ ਅਤੇ ਜ਼ਰੂਰੀ ਆਦਮੀ ਹੈ। ਮੈਂ ਸਮਾਜ ਨੂੰ ਥੱਲੇ ਖਲੋਕੇ ਜੜ੍ਹਾਂ ਤੋਂ ਦੇਖਦਾ ਹਾਂ ਤੇ ਉਹ ਉਪਰੋਂ ਦੇਖਦੇ ਹਨ। ਉਹ ਰਾਜੇ ਅਤੇ ਦੌਲਤਮੰਦ ਲੋਕਾਂ ਨੂੰ ਪੈਹਲਾ ਦਰਜਾ ਦਿੰਦੇ ਹਨ, ਮੈਂ ਦੌਲਤ ਕਮਾਉਣ ਵਾਲੇ ਮਜ਼ਦੂਰ ਨੂੰ ਪਹਿਲਾ ਦਰਜਾ ਦੇਂਦਾ ਹਾਂ। ਉਹ ਮਹਿਲਾਂ ਵਿਚ ਰਹਿਣ ਵਾਲੇ ਲੋਕਾਂ ਨੂੰ ਪੈਹਲਾਂ ਗਿਣਦੇ ਹਨ, ਮੈਂ ਉਹਨਾਂ ਮਹਿਲਾਂ ਨੂੰ ਬਨੌਣ ਵਾਲੇ ਮਜ਼ਦੂਰਾਂ ਨੂੰ ਪਹਿਲਾ ਦਰਜਾ ਦਿੰਦਾ ਹਾਂ। ਮੈਂ ਤਾਂ ਉਹਨਾਂ ਕਰੋੜਾਂ ਮਜ਼ਦੂਰਾਂ ਦਾ ਵਕੀਲ ਹਾਂ ਅਤੇ ਉਹਨਾਂ ਦੇ ਪੱਖ ਦੀਆਂ ਹੀ ਗੱਲਾਂ ਕਰਾਂਗਾ।

ਜ਼ਰਾ ਧਿਆਨ ਕਰਨ ਵਾਲੀ ਗੱਲ ਹੈ ਕਿ ਹਿੰਦੋਸਤਾਨ ਦੀ ਤਵਾਰੀਖ ਅਤੇ ਰਵਾਇਤਾਂ ਵਿਚ ਮਜ਼ਦੂਰ ਅਤੇ ਕਿਸਾਨ ਨੂੰ ਬੌਹਤ ਨੀਵਾਂ ਥਾਂ ਦਿੱਤਾ ਗਿਆ ਹੈ। ਖਬਰੇ ਕਿੰਨੇ ਲੱਖਾਂ ਬਰਸ ਤੋਂ ਉਹਨਾਂ ਨਾਲ ਏਹ ਜ਼ੁਲਮ ਅਸੀਂ ਕਰਦੇ ਚਲੇ ਆਏ ਹਾਂ। ਚੌਹ ਵਰਨਾਂ ਦਾ ਢੋਂਗ ਖੜਾ ਕੀਤਾ ਗਿਆ। ਬ੍ਰਾਹਮਣ ਅਤੇ ਕਸ਼ੱਤ੍ਰੀ ਨੂੰ ਗਰੀਬ ਮਜ਼ਦੂਰ ਤੇ ਕਿਸਾਨ ਦੇ ਸਿਰ ਤੇ ਬੈਠਾ ਦਿੱਤਾ ਗਿਆ। ਇਸ ਤੋਂ ਵਧੀਕ ਜ਼ੁਲਮ ਹੋਰ ਕੀ ਹੋ ਸਕਦਾ ਸੀ। ਸਾਡੇ ਲੋਕੀ ਇਸ ਵੰਡ ਦੀ ਬੜੀ ਤਾਰੀਫ਼ ਕਰਦੇ

ਹੋਏ ਆਪਣੇ ਬਜ਼ੁਰਗਾਂ ਦੀ ਅੰਨ੍ਹੇਵਾਹ ਤਾਰੀਫ ਕਰਦੇ ਰਹਿੰਦੇ ਹਨ। ਉਹਨਾਂ ਨੂੰ ਇਹ ਨਹੀਂ ਪਤਾ ਕਿ ਇਸ ਵਿਚ ਕਿੱਡੀ ਭਾਰੀ ਬੇ-ਇਨਸਾਫ਼ੀ ਪਾਈ ਜਾਂਦੀ ਹੈ।

ਇਸ ਵੰਡ ਨੇ ਜੁ ਨੁਕਸਾਨ ਕੀਤਾ ਹੈ ਉਸ ਵਲ ਦੇਖਦਿਆਂ ਹੀ ਕੋਈ ਭੀ ਸਮਝ ਸਕਦਾ ਹੈ, ਕਿ ਏਹ ਇਨਸਾਫ਼ ਅਤੇ ਅਕਲ ਦੇ ਬਿਲਕੁਲ ਵਿਰੁੱਧ ਹੈ। ਮੈਂ ਅੱਜ ਕੌਮੀ ਇਤਹਾਦ ਦੇ ਨਾਉਂ ਉਤੇ ਇਸ ਫਿਰਕੇਵਾਰ ਜਥੇਬੰਦੀ ਦੇ ਵਿਰੁੱਧ ਦੁਹਾਈ ਨਹੀਂ ਮਚਾਉਣ ਲਗਾ। ਪਰ ਇਸ ਵੇਲੇ ਤਾਂ ਸਿਰਫ਼ ਇਸ ਦੇ ਬੁਰੇ ਅਸਰ ਵਲ ਇਸ਼ਾਰਾ ਕਰਾਂਗਾ ਜੋ ਕਿ ਬ੍ਰਾਹਮਣ ਅਤੇ ਕਸ਼ੱਤਰੀ ਨੂੰ ਗਰੀਬ ਅਤੇ ਮਜ਼ਦੂਰ ਦੇ ਸਿਰ ਤੇ ਬਿਠਾਉਣ ਦਾ ਹੁੰਦਾ ਹੈ। ਅਸੀਂ ਉਹਨਾਂ ਨੂੰ ਹਮੇਸ਼ਾ ਏਹੋ ਦਸਦੇ ਹਾਂ ਕਿ ਤੁਹਾਡਾ ਦਰਜਾ ਨੀਵਾਂ ਹੈ ਤੁਸੀਂ ਸਾਥੋਂ ਨੀਵੇਂ ਹੋ ਏਹ ਗਲ ਬਾਰ ਬਾਰ ਸੁਣਕੇ ਬੇਚਾਰਾ ਆਪਣੀਆਂ ਨਜ਼ਰਾਂ ਵਿਚ ਆਪ ਹੀ ਡਿਗ ਜਾਂਦਾ ਹੈ ਉਸ ਦੇ ਹਿਰਦੇ ਵਿਚ ਖ਼ੁਦਦਾਰੀ ਦਾ ਭਾਵ ਵੀ ਨਹੀਂ ਰਹਿੰਦਾ।

ਦਿਲ ਤੇ ਬਿਠਾਏ ਗਏ ਖਿਆਲਾਤ ਦਾ ਭੀ ਹਿਪਨਾਟਿਜ਼ਨ ਵਾਂਗੂ ਅਸਰ ਹੋਇਆ ਕਰਦਾ ਹੈ। ਸਾਨੂੰ ਹੁਣ ਕੌਮ ਦੇ ਸੋਚਣ ਦਾ ਹੀ ਰੁਖ ਬਦਲ ਦੇਣਾ ਚਾਹੀਦਾ ਹੈ। ਕੌਮ ਤੋਂ ਮੁਰਾਦ ਕਿਸਾਨ ਤੇ ਮਜ਼ਦੂਰ ਤੋਂ ਹੈ ਰਾਜਿਆਂ, ਬ੍ਰਾਹਮਣਾਂ, ਸ਼ਾਹੂਕਾਰਾਂ ਵਿਚ ਜਾ ਕੇ ਏਹ ਪ੍ਰਚਾਰ ਕਰਨ ਦੀ ਲੋੜ ਨਹੀਂ। ਗ੍ਰੈਜੂਏਟ ਏਹ ਸੁਣਨਾ ਵੀ ਪਸੰਦ ਨਹੀਂ ਕਰੇਗਾ ਕਿ ਤਰਖਾਣ ਉਸ ਨਾਲੋਂ ਵਧੀਕ ਜ਼ਰੂਰੀ ਆਦਮੀ ਹੈ। ਉਸ ਨੂੰ ਤਾਂ ਉਸ ਦੀ ਡਿਗਰੀ ਨੇ ਅੰਨ੍ਹਾਂ ਬਣਾਇਆ ਹੋਇਆ ਹੈ। ਰਾਜਾ ਬਾਜ਼ਾਰ ਵਿਚ ਜਾ ਕੇ ਲੋਹਾਰ ਦੇ ਸਾਹਮਣੇ ਝੁਕਣੋਂ ਤਾਂ ਰਿਹਾ। ਉਸਦਾ ਬੜਾ ਭਾਰੀ ਮਹਿਲ ਉਸਨੂੰ ਸਚਾਈ ਤੀਕ ਨਹੀਂ ਪੁੱਜਣ ਦਿੰਦਾ। ਏਹ ਗੱਲਾਂ ਤਾਂ ਜਾ ਕੇ ਕਿਸਾਨ ਅਤੇ ਮਜ਼ਦੂਰ ਨੂੰ ਹੀ ਦੱਸਣ ਵਾਲੀਆਂ ਹਨ। ਉਹ ਹੀ ਦਿਲ ਖੋਲ ਕੇ ਇਹਨਾਂ ਨੂੰ ਸੁਣੇਗਾ, ਉਹ ਹੀ ਖ਼ੁਸ਼ੀ ਨਾਲ ਇਹਨਾਂ ਨੂੰ ਕਬੂਲ ਕਰੇਗਾ। ਉਸ ਨੂੰ ਦਸ ਦੇਣਾ ਚਾਹੀਦਾ ਹੈ ਕਿ ਉਸਦਾ ਦਰਜਾ ਤੀਸਰਾ ਨਹੀਂ ਪਹਿਲਾ ਹੈ। ਨਹੀਂ ਜੀ ਉਸ ਨੂੰ ਸਮਝਾ ਦੇਣਾ ਚਾਹੀਦਾ ਹੈ ਕਿ ਸਭੋ ਕੁਝ ਉਹ ਹੈ। ਉਸ ਦੇ ਬਿਨਾਂ ਕੋਈ ਭੀ ਕੁਝ ਵੀ ਨਹੀਂ। ਜਦ ਉਸ ਨੂੰ ਇਹ ਪਤਾ ਚਲ ਜਾਵੇਗਾ ਕਿ ਉਹ ਹੀ ਸੰਸਾਰ ਵਿਚ ਸਭ ਤੋਂ ਵੱਡਾ ਆਦਮੀ ਹੈ ਤਦ ਹੀ ਉਸ ਵਿਚ ਖ਼ੁਦਦਾਰੀ ਦਾ ਭਾਵ ਜਾਗ ਉਠੇਗਾ ਅਤੇ ਉਹ ਫੇਰ ਹੀ ਆਦਮੀ ਬਣ ਸਕੇਗਾ। ਫੇਰ ਉਹ ਇਹਨਾਂ ਹਰਾਮ ਖੋਰ ਸਾਧੂਆਂ ਅਤੇ ਫਕੀਰਾਂ, ਵਕੀਲਾਂ ਅਤੇ ਮਹਾਜਨਾਂ ਅੱਗੇ ਮੱਥਾ ਨਾ ਰਗੜਿਆ ਕਰੇਗਾ। ਹੁਣ ਜ਼ਮਾਨਾ ਆ ਗਿਆ ਹੈ ਕਿ ਅਸੀਂ ਪਿਛਲੀ ਗ਼ੈਰ-ਮੁਨਸਿਫਾਨਾਂ ਕਾਰਵਾਈ ਦਾ ਕੁਫ਼ਾਰਾ ਕਰੀਏ। ਹੁਣ ਕਈ ਤਰਾਂ ਦੇ ਖਿਆਲਾਤ ਲੋਕਾਂ ਦੇ ਦਿਲਾਂ ਵਿਚ ਭਰਨੇ ਚਾਹੀਦੇ ਹਨ।

ਹਿੰਦੂਆਂ ਦੇ ਤਾਂ ਦਿਮਾਗ਼ ਵਿਚ ਰਾਜੇ ਮਹਾਰਾਜੇ ਬੁਰੀ ਤਰਾਂ ਘੁਸੜੇ ਹੋਏ ਹਨ। ਛੋਟੇ ਜਿਹੇ ਬੱਚੇ ਨੂੰ ਹੀ ਜਦ ਕਹਾਣੀ ਸੁਣਾਈ ਜਾਂਦੀ ਹੈ ਤਾਂ ਉਹ ਏਥੋਂ ਹੀ ਸ਼ੁਰੂ ਹੁੰਦੀ ਹੈ ਕਿ ਇਕ ਤਾਂ ਰਾਜਾ ਸੀ ਉਹਦੇ ਇਕ ਰਾਣੀ ਸੀ। ਕਿਸ ਤਰਾਂ ਸ਼ੁਰੂ ਵਿਚ ਹੀ ਦਿਮਾਗ਼ ਨੂੰ ਗੰਦਿਆਂ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਕਿਸਾਨ ਦੇ ਦਿਲ ਉਤੇ ਜੋ ਇਹਨਾਂ ਪਾਖੰਡੀਆਂ ਸਾਧੂਆਂ ਨੇ ਰੋਹਬ ਪਾਇਆ ਹੋਇਆ

ਹੈ ਉਹ ਕਿਸੇ ਕੋਲੋਂ ਘੱਟ ਨੁਕਸਾਨਦੇਹ ਤਾਂ ਨਹੀਂ। ਬੁੱਧ ਧ੍ਰਮ ਨੇ ਤਾਂ ਫਸਲਾਂ ਬੋਣਾ, ਮਕਾਨ ਬਣਾਉਣਾ ਅਤੇ ਸਫਾਈ ਕਰਨਾ, ਆਦਿ ਨੂੰ ਵੀ ਦੁਨਿਆਵੀ ਧੰਦੇ ਕਹਿ ਕੇ ਬੁਰਾ ਭਲਾ ਕਹਿ ਛੱਡਿਆ ਅਤੇ ਧਰਮਾਤਮਾ ਬਣਨ ਵਾਲੇ ਇਹਨਾਂ ਕੰਮਾਂ ਨੂੰ ਨਫ਼ਰਤ ਦੀ ਨਿਗਾਹ ਨਾਲ ਦੇਖਣ ਲਗ ਪਏ। ਏਹੋ ਜਿਹੀਆਂ ਨਿਕੰਮੀਆਂ ਗੱਲਾਂ ਨੇ ਹੀ ਤਾਂ ਮਿਹਨਤ ਦੀ ਪਵਿੱਤਰਤਾ ਦਾ ਨਾਸ਼ ਕਰ ਦਿੱਤਾ ਅਤੇ ਅੱਜ ਮਜ਼ਦੂਰ ਅਤੇ ਕਿਸਾਨ ਆਪਣੇ ਪੇਸ਼ੇ ਕੋਲੋਂ ਆਪ ਹੀ ਸ਼ਰਮਿੰਦਾ ਹੋ ਜਾਂਦਾ ਹੈ। ਪਿਛਲੇ ਜ਼ਮਾਨੇ ਦੀਆਂ ਕਵਿਤਾਵਾਂ ਅਤੇ ਕਿਤਾਬਾਂ ਵਿਚ ਵੀ ਕਿਸਾਨ ਨੂੰ ਨੀਵਾਂ ਦਰਜਾ ਦਿੱਤਾ ਗਿਆ ਹੈ। ਅਤੇ ਮੁਫ਼ਤਖੋਰੇ ਪੰਡਤਾਂ ਨੂੰ ਉਹਨਾਂ ਦੇ ਸਿਰ ਤੇ ਬਿਠਾ ਦਿੱਤਾ ਗਿਆ। ਇਸ ਦਾ ਬੜਾ ਬੁਰਾ ਅਸਰ ਹੋਇਆ।

ਏਹ ਨਿਕੰਮੇ ਸਾਧੂ ਵੀ ਤਾਂ ਫੇਰ ਰਾਜਿਆਂ ਦਵਾਲੇ ਹੀ ਇਕੱਠੇ ਹੋਏ ਰਹਿੰਦੇ ਹਨ। ਕਈ ਮਸ਼ਹੂਰ ਸਾਧੂ ਤਾਂ ਰਾਜਿਆਂ ਪਾਸ ਗਏ ਇਸੇ ਕਰਕੇ ਸਨ ਕਿ ਸਮਾਜਕ ਸੁਧਾਰ ਕਰਨ ਦੀ ਅਸਲੀ ਥਾਂ ਉਹ ਹੈ। ਦੇਖੋ ਨਾ, ਪਾਖੰਡ ਕਰਨਾ ਕਿ ਸਾਰੇ ਸੰਸਾਰ ਦਾ ਤਿਆਗ ਕਰ ਦਿੱਤਾ ਹੈ ਤੇ ਫੇਰ ਮਜ਼ਦੂਰ ਦੀ ਝੌਂਪੜੀ ਵਲ ਨਾ ਜਾਕੇ ਮਹਿਲਾਂ ਵਲ ਨੂੰ ਤੁਰ ਪੈਣਾ। ਜਦ ਤਿਆਗੀਆਂ ਦਾ ਏਹ ਹਾਲ ਹੋਵੇ ਤਦ ਮੁਲਕ ਦੀ ਬਦ-ਨਸੀਬੀ ਹੀ ਸਮਝਣੀ ਚਾਹੀਦੀ ਹੈ।

ਬਾਕੀ ਸੁਧਾਰਕ ਭੀ ਤਾਂ ਵਿਚਕਾਰਲੇ ਦਰਜੇ ਦੇ ਲੋਕਾਂ ਵਿਚ ਹੀ ਪ੍ਰਚਾਰ ਕਰਨ ਦਾ ਯਤਨ ਕਰਦੇ ਹਨ। ਕਿਸੇ ਨੇ ਐਵੇਂ ਤਾਂ ਨਹੀਂ ਸੀ ਕਿਹਾ ਕਿ ਦੌਲਤ ਹਰ ਚੰਗੀ ਚੀਜ਼ ਨੂੰ ਆਪਣੇ ਵਲ ਖਿੱਚ ਲੈਂਦੀ ਹੈ। ਵਿਦਿਆ ਅਤੇ ਇਖਲਾਕ ਦਾ ਮੌਕਿਆ ਵੀ ਅਮੀਰਾਂ ਨੂੰ ਹੀ ਮਿਲ ਸਕਦਾ ਹੈ। ਹੋਰ ਤਾਂ ਹੋਰ ਜਦ ਸਾਧੂ ਸੰਨਿਆਸੀ ਹੀ ਵਕੀਲਾਂ ਤੇ ਸ਼ਾਹੂਕਾਰਾਂ ਵੱਲ ਝੁਕਣ ਲੱਗ ਪਏ ਤਦ ਗਰੀਬਾਂ ਦਾ ਤਾਂ ਖ਼ੁਦਾ ਹੀ ਰਾਖਾ। ਉਹ ਤਾਂ ਬੇਚਾਰੇ ਇਵੇਂ ਹੀ ਗੁਲਾਮੀ ਵਿਚ ਫਸੇ ਰਹਿਣਗੇ।

ਸਾਰੀਆਂ ਨਵੀਆਂ ਤਹਰੀਕਾਂ ਵਿਚ ਅਮੀਰਾਂ ਦੀ ਹੀ ਆਵਾਜ਼ ਦਾ ਜ਼ੋਰ ਹੁੰਦਾ ਹੈ। ਕਾਂਗਰਸ ਦੀ ਮੰਗ ਵੀ ਤਾਂ ਏਹੋ ਹੀ ਹੈ ਕਿ ਅਮੀਰਾਂ ਨੂੰ ਰਾਜ ਵਿਚ ਹਿੱਸਾ ਮਿਲੇ। ਸਕੂਲ ਵੀ ਹਜ਼ਾਰਾਂ ਖੁਲ੍ਹਦੇ ਹਨ। ਰਾਜੇ ਮਹਾਰਾਜੇ ਇਨ੍ਹਾਂ ਗਰੀਬ ਕਿਸਾਨਾਂ ਦੇ ਲਹੂ ਦੀ ਕਮਾਈ ਵਿਚੋਂ ਹਜ਼ਾਰਾਂ ਰੁਪਏ ਇਨ੍ਹਾਂ ਲਈ ਦਾਨ ਕਰ ਦੇਂਦੇ ਹਨ। ਉਥੇ ਵੀ ਅਮੀਰਾਂ ਦੇ ਲੜਕੇ ਹੀ ਪੜ੍ਹ ਸਕਦੇ ਹਨ। ਕਈ ਲੜਕੇ ਬਾਹਰ ਪੜ੍ਹਣ ਵਾਸਤੇ ਘੱਲੇ ਜਾਂਦੇ ਹਨ, ਕੇਵਲ ਇਸ ਵਾਸਤੇ ਕਿ ਅਮੀਰ ਹੋਰ ਧੰਨ ਕਮਾ ਸਕਣ। ਗਰੀਬ ਕਿਸਾਨ ਇਨ੍ਹਾਂ ਕੰਮਾਂ ਵਾਸਤੇ ਧੰਨ ਦੇਂਦੇ ਹਨ, ਪਰ ਉਹਨਾਂ ਨੂੰ ਫਾਇਦਾ ਕੁਝ ਭੀ ਨਹੀਂ ਹੁੰਦਾ। ਪੰਜਾਬ ਅਤੇ ਮਹਾਂਰਾਸ਼ਟਰ ਦੇ ਕਈ ਤਿਆਗੀ ਵੀਰਾਂ ਦੇ ਜੀਵਨ ਵਿਦਿਆ ਲਈ ਲਗ ਗਏ ਪਰ ਉਹਨਾਂ ਦੀ ਵਾਗ ਡੋਰ ਭੀ ਖੁਦ-ਗਰਜ਼ ਅਮੀਰ ਲੋਕਾਂ ਦੇ ਹੱਥ ਵਿਚ ਹੀ ਰਹੀ। ਕੀ ਫਾਇਦਾ ਏਹੋ ਜਿਹੀ ਵਿਦਿਆ ਦਾ? ਜਿਸ ਤੋਂ ਕਿ ਸਿਰਫ਼ ਕਲੱਰਕ ਅਤੇ ਵਕੀਲ ਹੀ ਪੈਦਾ ਕੀਤੇ ਜਾ ਸਕਣ? ਕਿਸਾਨ ਨੂੰ ਇਸ ਸਭ ਤੋਂ ਕੀ ਫਾਇਦਾ।

ਅਫਸੋਸ ਤਾਂ ਇਸ ਗੱਲ ਦਾ ਹੈ ਕਿ ਆਪਣੇ ਆਪ ਨੂੰ ਬੜੇ ਗਰਮ-ਖਿਆਲੀਏ ਕਹਿਣ ਵਾਲੇ ਲੋਕ ਵੀ ਕਿਸਾਨਾਂ ਵੱਲ ਧਿਆਨ ਨਹੀਂ ਦੇਂਦੇ। ਸ਼ਾਇਦ ਉਹ ਇਕ ਐਸੀ ਕੌਮੀ ਗਵਰਨਮੈਂਟ ਦੇ ਸੁਫ਼ਨੇ ਦੇਖ ਰਹੇ ਹਨ ਜਿਸ ਵਿਚ ਰਾਜਿਆਂ ਦਾ ਜ਼ੋਰ ਹੋਵੇਗਾ। ਜਾਂ ਜੇ ਉਹ ਜ਼ਰਾ ਜ਼ਿਆਦਾ

ਪੰਚਾਇਤੀ ਖਿਆਲ ਦੇ ਹਨ ਤਾਂ ਸੋਚਦੇ ਹੋਣ ਕਿ ਪ੍ਰਤੀਨਧ ਰਾਜ ਹੋਵੇਗਾ ਜਿਸ ਵਿਚ ਵਕੀਲਾਂ ਅਤੇ ਸ਼ਾਹੂਕਾਰਾਂ ਦਾ ਜ਼ੋਰ ਰਹੇਗਾ। ਅਸਲੀ ਹਿੰਦੁਸਤਾਨੀ ਲੋਕ ਦੂਰ ਝੌਂਪੜੀਆਂ ਵਿਚ ਰਹਿੰਦੇ ਹਨ। ਉਹਨਾਂ ਵੱਲ ਕੋਈ ਧਿਆਨ ਹੀ ਨਹੀਂ ਦੇਂਦਾ। ਸਾਡੇ ਦਿਮਾਗ ਵੀ ਖ਼ੂਬ ਹਨ, ਅਸੀਂ ਹਿੰਦੋਸਤਾਨ ਦੀ ਹਾਲਤ ਉਤੇ ਨਿਗਾਹ ਮਾਰਦੇ ਹਾਂ ਤਾਂ ਸਾਡਾ ਵਿਚਾਰ ਉਸ ਲਕੀਰ ਤੇ ਆ ਕੇ ਰੁਕ ਜਾਂਦਾ ਹੈ ਜੇਹੜੀ ਕਿ ਸੋਹਣੇ ਕਪੜਿਆਂ ਵਾਲਿਆਂ ਨੂੰ ਗਰੀਬ ਕਿਸਾਨਾਂ ਕੋਲੋਂ ਵਖਰਾ ਕਰਦੀ ਹੈ। ਪਰ ਜਿਥੇ ਅਸੀਂ ਰੁਕ ਜਾਂਦੇ ਹਾਂ ਉਥੋਂ ਅਸਲੀ ਲੋਕੀ ਚਲਦੇ ਹਨ। ਉਹ, ਅਸੀਂ ਤਾਂ ਝੂਠੇ ਦੇਵਤਿਆਂ ਦੀ ਪੂਜਾ ਕਰਦੇ ਹਾਂ। ਏਹ ਅਮੀਰ ਆਦਮੀ ਤਾਂ ਨਕਲੀ ਸਿੱਕੇ ਹਨ। ਮਾਨਵ ਸਮਾਜ ਦੀ ਬਿਗੜੀ ਹੋਈ ਅਤੇ ਝੂਠੀ ਤਸਵੀਰ ਹਨ। ਆਮ ਲੋਕੀ ਏਹ ਨਹੀਂ, ਉਹ ਤਾਂ ਦੂਰ ਖੇਤਾਂ ਵਿਚ, ਕਾਰਖ਼ਾਨਿਆਂ ਵਿਚ ਜਿਵੇਂ ਕਿਵੇਂ ਦਿਨ ਕੱਟ ਰਹੇ ਹਨ। ਮੋਤੀ ਤਾਂ ਸਮੁੰਦ੍ਰ ਦੀ ਤਹਿ ਵਿਚ ਪਏ ਹੋਏ ਹਨ। ਇਹ ਤਾਂ ਘਾਸ ਫੂਸ ਹੀ ਉਪਰ ਤਰ ਰਹੀ ਹੈ।

ਹਿੰਦੋਸਤਾਨੀ ਮਜ਼ਦੂਰ ਦੀ ਅੱਜ ਬੜੀ ਬੁਰੀ ਹਾਲਤ ਹੈ। ਗਰੀਬੀ ਦੀ ਹੱਦ ਨਹੀਂ। ਕਿਸਾਨ ਉਤੇ ਟੈਕਸ ਵਧੇਰੇ ਹਨ। ਬੇਚਾਰੇ ਨੂੰ ਪੇਟ ਭਰ ਖਾਣ ਨੂੰ ਵੀ ਨਹੀਂ ਮਿਲਦਾ। ਤਨ ਢੱਕਣ ਨੂੰ ਕਪੜਾ ਤੀਕ ਵੀ ਨਹੀਂ ਮਿਲਦਾ। ਪਲੇਗ ਅਤੇ ਕਹਿਤ ਦਾ ਸਭ ਤੋਂ ਪਹਿਲਾ ਸ਼ਿਕਾਰ ਉਹੋ ਹੀ ਹੁੰਦਾ ਹੈ। ਰਾਜਾ ਵੀ ਉਸ ਹੀ ਦਾ ਖ਼ੂਨ ਚੁਸਦਾ ਹੈ। ਸਰਕਾਰੀ ਹੁਕਮ ਨੂੰ ਭੀ ਉਹੋ ਹੀ ਮੰਨਦਾ ਹੈ। ਜ਼ਿਮੀਂਦਾਰ ਅਲਗ ਉਸ ਨੂੰ ਲੁਟ ਲੈ ਜਾਂਦੇ ਹਨ। ਵਕੀਲ, ਸੂਦਖੋਰ, ਸਾਧੂ ਅਤੇ ਪਾਦਰੀ ਅਲਗ ਆਪਣੀ "ਸੇਵਾ" ਦੇ ਬਦਲੇ ਦੇ ਬਹਾਨੇ ਉਸਦਾ ਰੈਂਹਦਾ ਖੂੰਹਦਾ ਖ਼ੂਨ ਚੂਸ ਜਾਂਦੇ ਹਨ। ਪਿਛੋਂ ਉਸ ਪਾਸ, ਆਪਣੇ ਅਤੇ ਆਪਣੇ ਬੱਚਿਆਂ ਵਾਸਤੇ ਬਾਕੀ ਕੀ ਰੈਂਹਦਾ ਹੈ। ਅਤੇ ਜਦ ਉਹੋ ਆਪਣੇ ਖੇਤ ਦੇ ਕਿਨਾਰੇ ਤੇ ਖਲੋਂਦਾ ਹੈ, ਤਦੋਂ ਉਸ ਦੇ ਚਿਹਰੇ ਤੇ ਹਜ਼ਾਰਾਂ ਵਰ੍ਹਿਆਂ ਦਾ ਗੰਮ ਅਤੇ ਪਿੱਠ ਤੇ ਦੁਨੀਆਂ ਭਰ ਦਾ ਭਾਰ ਅਤੇ ਰਾਜ ਪਿਆ ਹੁੰਦਾ ਹੈ। ਹਿੰਦੋਸਤਾਨ ਦੀ ਬਦ-ਕਿਸਮਤੀ, ਬਦਹਾਲੀ ਅਤੇ ਬਦਨਸੀਬੀ ਤੇ ਨਿਰਾਸ਼ਾ ਦੀ ਉਹ ਪ੍ਰਤੱਖ ਮੂਰਤੀ ਹੈ। ਉਹ ਆਪਣੇ ਦਰਦ ਵਿਚ ਵੀ ਖਾਮੋਸ਼ ਖਲੋਤਾ ਹੈ। ਉਸ ਨੂੰ ਅਜ ਆਪਣੇ ਦੁਖ ਦਾ ਭੀ ਪੂਰਾ ਅਨੁਭਵ ਨਹੀਂ ਹੁੰਦਾ। ਉਹ ਬਾਹਰਲੀ ਦੁਨੀਆਂ ਵਾਸਤੇ ਮੁਰਦੇ ਸਮਾਨ ਹੋ ਚੁਕਾ ਹੈ। ਉਸ ਨੂੰ ਤਹਿਜ਼ੀਬ ਅਤੇ ਤਰੱਕੀ ਦਾ ਕੁਝ ਵੀ ਪਤਾ ਨਹੀਂ। ਆਹ! ਅਜ ਕਿਹੜਾ ਕਵੀ ਉਸ ਦਾ ਦਰਦ ਭਰਿਆ ਗੀਤ ਲਿਖੇ ਅਤੇ ਕਿਹੜਾ ਗਵੱਈਆ ਉਸ ਨੂੰ ਦਰਦ-ਭਰੀ ਆਵਾਜ਼ ਨਾਲ ਗਾ ਦੇਵੇ ਅਤੇ ਇਸ ਸ਼ਾਂਤ ਸੰਸਾਰ ਦੀ ਸ਼ਾਂਤੀ ਭੰਗ ਕਰਕੇ ਉਸ ਦਾ ਦਰਦ ਫੈਲਾ ਦੇਵੇ?

ਉਹੋ ਮਰਸੀਆ ਕੇਡਾ ਦਰਦਨਾਕ ਹੋਵੇਗਾ। ਕਿਸੇ ਨੇ ਕਿਥੇ ਉੰਨਾ ਦਰਦਨਾਕ ਗੀਤ ਸੁਣਿਆ ਹੋਵੇਗਾ। ਯਤੀਮ ਅਤੇ ਵਿਧਵਾ ਦੀ ਚੀਖ ਪੁਕਾਰ ਵੀ ਉਸਦੀ ਆਵਾਜ਼ ਵਿਚ ਬੱਚੇ ਦੀਆਂ ਸਿਸਕੀਆਂ ਵਾਂਗੂ ਲੋਪ ਹੋ ਜਾਵੇਗੀ। ਇਕ ਵਾਰ ਕਿਸਾਨ ਬੋਲੇ ਤਾਂ ਸਹੀ। ਆਪਣੇ ਦਰਦ ਦੀ ਕਹਾਣੀ ਸੁਣਾਵੇ ਤਾਂ ਸਹੀ। ਫੇਰ ਦੇਖੋ, ਅਜਕਲ੍ਹ ਦੇ ਕਵੀ ਤੇ ਤੁਕਬੰਦ ਕਿਸ ਤਰ੍ਹਾਂ ਮੂੰਹ ਲੁਕਾਈ ਫਿਰਦੇ ਹਨ। ਹਿੰਦੁਸਤਾਨ ਦੀ ਬੜੀ ਕਵਿਤਾ ਤਾਂ ਹਾਲੇ ਲਿਖਣੀ ਬਾਕੀ ਹੈ।

ਸ਼ਹਿਰ ਦੇ ਹੁਨਰਮੰਦ ਅਤੇ ਗੈਰ-ਹੁਨਰਮੰਦ, ਮਜ਼ਦੂਰ ਅਤੇ ਪਿੰਡਾਂ ਦੇ ਕਿਸਾਨ ਅਤਿ

ਗਰੀਬੀ ਵਿਚ ਦਿਨ ਕੱਟ ਰਹੇ ਹਨ। ਉਹ ਸੰਗਠਿਤ ਨਹੀਂ। ਉਹਨਾਂ ਨੂੰ ਸੰਗਠਿਤ ਕਰੋ। ਉਹਨਾਂ ਵਿਚ ਖੁਦਦਾਰੀ ਪੈਦਾ ਕਰੋ। ਉਹਨਾਂ ਵਿਚ ਆਪਣੀ ਹਸਤੀ ਨੂੰ ਸਮਝਣ ਦੀ ਸ਼ਕਤੀ ਪੈਦਾ ਕਰੋ।

ਏਹ ਕੰਮ ਚੋਣਵੀਆਂ ਪੜ੍ਹੀਆਂ ਲਿਖੀਆਂ ਹਸਤੀਆਂ ਹੀ ਕਰਿਆ ਕਰਦੀਆਂ ਹਨ। ਏਸ ਗੱਲ ਵਾਸਤੇ ਮਾਨਵ ਸਮਾਜ ਹਮੇਸ਼ਾ ਫਖਰ ਕਰ ਸਕੇਗੀ ਕਿ ਹੁਣ ਤੀਕ ਜਿਤਨੇ ਵੀ ਗਰੀਬਾਂ ਦੇ ਹਮਦਰਦ ਪੈਦਾ ਹੋਏ ਜਿਨ੍ਹਾਂ ਨੇ ਵੀ ਉਹਨਾਂ ਵਾਸਤੇ ਆਵਾਜ਼ ਓਠਾਈ, ਉਹ ਇਹਨਾਂ ਅਮੀਰਾਂ ਵਿਚੋਂ ਹੀ ਸਨ। ਇਸ਼ਕ (ਮੁਹੱਬਤ) ਨਾ ਪੁਛੇ ਜਾਤ। ਮੁਹੱਬਤ – ਲੋਕਾਂ ਦੀ ਮੁਹੱਬਤ –ਜਮਾਇਤੀ ਅਤੇ ਫਿਰਕੇਦਾਰ ਦੀਵਾਰ ਨੂੰ ਪਾਰ ਕਰ ਜਾਂਦੀ ਹੈ। ਜਿਹੜੇ ਭਲੇ ਲੋਕੀ ਇਹਨਾਂ ਗਰੀਬਾਂ ਦੇ ਸੁਖ ਅਤੇ ਇਨ੍ਹਾਂ ਦੀ ਆਜ਼ਾਦੀ ਦੇ ਸੁਫ਼ਨੇ ਦੇਖਦੇ ਹਨ, ਉਹਨਾਂ ਨੂੰ ਉਹਨਾਂ ਦੇ ਹੀ ਭਰਾ ਤੰਗ ਕਰਦੇ ਹਨ। ਸਜ਼ਾਵਾਂ ਦੇਂਦੇ ਹਨ। ਪਰ ਉਹ ਵੀ ਸਮਝ ਚੁੱਕੇ ਹਨ ਕਿ ਸਾਰੀ ਤਹਿਜ਼ੀਬ ਅਤੇ ਤਰੱਕੀ ਦਾ ਮੂਲ ਏਹ ਮਜ਼ਦੂਰ ਹੀ ਹਨ। ਉਹ ਬੇਚਾਰਾ ਸਕੂਲ ਤਾਂ ਬਣਾਉਂਦਾ ਹੈ, ਪਰ ਖੁਦ ਸਕੂਲ ਵਿਚ ਨਹੀਂ ਜਾ ਸਕਦਾ। ਉਹ ਨੇਕ ਦਿਲ ਲੋਕੀ ਦਿਲ ਦੇ ਅੰਦਰ ਹੀ ਅੰਦਰ ਕਿਸਾਨ ਦੇ ਸ਼ੁਕਰਗੁਜ਼ਾਰ ਹੋ ਜਾਂਦੇ ਹਨ। ਅਤੇ ਉਸ ਦੀ ਆਜ਼ਾਦੀ ਵਾਸਤੇ ਕੋਸ਼ਿਸ਼ ਸ਼ੁਰੂ ਕਰ ਦੇਂਦੇ ਹਨ। ਓਹ ਹਰਾਮਖ਼ੋਰ ਲੋਕਾਂ ਨਾਲੋਂ ਵੱਖਰੇ ਹੋਕੇ ਮਜ਼ਦੂਰਾਂ ਵਿਚ ਜਾਕੇ ਮਿਲਦੇ ਹਨ। ਏਹੋ ਜਿਹੇ ਹੀ ਦਲੇਰ ਮਰਦ ਅਤੇ ਔਰਤਾਂ ਇਹਨਾਂ ਗਰੀਬਾਂ ਦੇ ਰਾਖੇ ਹਨ।

ਜਿਨ੍ਹਾਂ ਲੋਕਾਂ ਦੇ ਦਿਲ ਵਿਚ ਇਹਨਾਂ ਗਰੀਬਾਂ ਦੀ ਸੇਵਾ ਦਾ ਭਾਵ ਹੋਵੇ ਉਹਨਾਂ ਨੂੰ ਚਾਹੀਦਾ ਹੈ ਕਿ ਉਹ ਵੀ ਗਰੀਬ ਬਣਨ। ਅਗਰ ਕਿਸਾਨ ਦੀ ਮਦਦ ਕਰਨ ਦਾ ਇਰਾਦਾ ਹੈ ਤਾਂ ਜਾਓ ਪਿੰਡਾਂ ਵਿਚ, ਜਾ ਕੇ ਕਿਸਾਨ ਦੇ ਨਾਲ ਰਹੋ ਉਸ ਦੇ ਨਾਲ ਹੀ ਰਲ ਕੇ ਸੁੱਕੀ ਮਿੱਸੀ ਰੋਟੀ ਖਾਓ। ਫਟੇ ਪੁਰਾਣੇ ਕਪੜੇ ਪਾਉ। ਉਹਨਾਂ ਦੀ ਗੰਵਾਰੂ ਭਾਸ਼ਾ ਵਿਚ ਗੱਲ ਕਰੋ। ਸ਼ੌਕੀਨ, ਜੰਟਲਮੈਨ, ਬਣਕੇ ਉਹਨਾਂ ਦੇ ਪਾਸ ਨਾ ਜਾਓ। ਕਾਂਗਰਸ ਅਤੇ ਕਾਨਫਰੰਸ ਦੇ ਪਲੇਟਫਾਰਮਾਂ ਤੇ ਖਲੋਕੇ ਉਹਨਾਂ ਨੂੰ ਉਪਦੇਸ਼ ਨਾ ਕਰੋ। ਆਪਣੇ ਰੇਸ਼ਮੀ ਅਤੇ ਸੋਹਣੇ ਸੋਹਣੇ ਕਪੜੇ ਲਾਹ ਦਿਉ। ਪਿੰਡਾਂ ਵਿਚ ਜਾਉ। ਪਿੰਡ ਪਿੰਡ ਘੁੰਮ ਕੇ ਕਿਸਾਨਾਂ ਨੂੰ ਸੰਗਠਤ ਕਰੋ। ਗਲੀ ਗਲੀ ਘੁੰਮਕੇ ਗਰੀਬ ਮਜ਼ਦੂਰਾਂ ਦੀ ਤਨਜ਼ੀਮ ਕਰੋ। ਉਹਨਾਂ ਨੂੰ ਜੱਥੇਬੰਦ ਕਰੋ। ਰਾਜੇ ਵਜ਼ੀਰ, ਵਕੀਲ ਅਤੇ ਐਡੀਟਰ ਉਹਨਾਂ ਦੀ ਕੋਈ ਮਦਦ ਨਹੀਂ ਕਰ ਸਕਦੇ।

ਜੇ ਅਜੇ ਸਾਡੇ ਵਿਚ ਕੋਈ ਸਚੇ ਇਨਸਾਨ ਹਨ ਜਿਨ੍ਹਾਂ ਦੇ ਦਿਲਾਂ ਵਿਚ ਇਹਨਾਂ ਗਰੀਬਾਂ ਦੇ ਵਾਸਤੇ ਕੁਝ ਦਰਦ ਹੈ ਤਾਂ ਉਹ ਉਠਣ। ਅਮੀਰਾਂ ਦੇ ਰਾਜਸੀ ਹੱਕਾਂ ਲਈ ਉਹ ਝਗੜੇ ਕਰ ਕਰ ਕੇ ਆਪਣੇ ਜੀਵਨ ਬਰਬਾਦ ਨਾ ਕਰਨ, ਆਮ ਲੋਕਾਂ ਦੀ ਤਰੱਕੀ ਲਈ ਸਭੇ ਕੁਝ ਕੁਰਬਾਨ ਕਰ ਦੇਣ। ਇਹਨਾਂ ਹਰਾਮਖ਼ੋਰਾਂ, ਗਰੀਬਾਂ ਦਾ ਖ਼ੂਨ ਚੁਸਣ ਵਾਲੇ ਮੋਟੇ ਢਿੱਡਾਂ ਵਾਲਿਆਂ ਦਾ ਸਾਥ ਛੱਡਕੇ ਪਿੰਡਾਂ ਨੂੰ ਜਾਓ। ਉਹ ਦੇਖੋ ਖੇਤ ਦੇ ਕੰਢੇ ਖਲੋਤਾ ਕਿਸਾਨ ਕਹਿ ਰਿਹਾ ਹੈ, "ਮੇਰੇ ਲਈ ਕਦੋਂ ਪ੍ਰਕਾਸ਼ ਆਵੇਗਾ? ਮੇਰੀ ਦੁਨੀਆਂ ਦਾ ਅੰਧਕਾਰ ਕਦੋਂ ਮਿਟੇਗਾ।"

(X.Y.Z)

[From: The MODERN REVIEW for May, 1913, pp.506-509]

ਗਿਆਨੀ ਕੇਸਰ ਸਿੰਘ ਨਾਵਲਕਾਰ: .ਗਦਰੀਆਂ ਦਾ ਜੋਸ਼ੀਲਾ ਕਥਾਕਾਰ

-ਪ੍ਰਿਥਵੀ ਰਾਜ ਕਾਲੀਆ

ਨੇਤਾ ਜੀ ਅਤੇ ਆਜ਼ਾਦ ਹਿੰਦ .ਫ਼ੌਜ ਲਈ ਕੰਮ ਕਰਨ ਵਾਲੇ ਗਿਆਨੀ ਕੇਸਰ ਸਿੰਘ ਨਾਵੱਲਕਾਰ ਨੇ ਉਨ੍ਹਾਂ ਦਾ ਸਾਥ ਦਿੱਤਾ ਜਿਨ੍ਹਾਂ ਨੇ ਬਸਤੀਵਾਦੀ ਹਿੰਦੁਸਤਾਨ ਵਿੱਚੋਂ ਅੰਗਰੇਜ਼ ਰਾਜ ਦਾ ਤਖ਼ਤ ਉਲਟਾਉਣ ਲਈ ਹਥਿਆਰਬੰਦ ਸੰਘਰਸ਼ ਲੜਿਆ। ਉਨ੍ਹਾਂ ਨੇ ਪੰਜਾਬੀ ਵਿਚ 15 ਇਤਿਹਾਸਕ ਨਾਵਲ ਲਿਖੇ, ਜ਼ਿਆਦਾਤਰ .ਗਦਰੀਆਂ ਬਾਰੇ ਉਨ੍ਹਾਂ ਦੀਆਂ ਬੀਰ-ਗਾਥਾਵਾਂ ਆਉਣ ਵਾਲੀਆਂ ਪੀੜ੍ਹੀਆਂ ਤਕ ਪਹੁੰਚਾਉਣ ਲਈ। ਪੰਜਾਬੀ ਸਾਹਿਤ ਵਿਚ ਸ਼ਾਇਦ ਉਹ .ਗਦਰ ਲਹਿਰ ਦੇ ਸਭ ਤੋਂ ਪ੍ਰਮਾਣਿਕ ਕਥਾਕਾਰ ਸਨ।

ਕੁਲ-ਮਿਲਾਕੇ ਉਨ੍ਹਾਂ ਦੀਆਂ ਲਿਖਤਾਂ ਲੋਕਾਂ ਦੀਆਂ ਗਹਿਰ-ਗੰਭੀਰ ਭਾਵਨਾਵਾਂ ਅਤੇ ਖ਼ਿਆਲਾਂ, ਉਨ੍ਹਾਂ ਦੀਆਂ ਰਵਾਇਤਾਂ, ਸੂਝ ਅਤੇ ਗਰਮਜੋਸ਼ੀ ਦਾ ਸੰਚਾਰ ਕਰਦੀਆਂ ਹਨ। ਜਦੋਂ ਤਕ ਅਸੀਂ ਮਨੁੱਖੀ ਸਨਮਾਨ ਅਤੇ ਮੁਕਤੀ ਲਈ ਜੂਝਦੇ ਅਤੇ ਤਾਂਘਦੇ ਰਹਾਂਗੇ ਉਨ੍ਹਾਂ ਦੀਆਂ ਲਿਖਤਾਂ ਜ਼ਿੰਦਾ ਰਹਿਣਗੀਆਂ। ਉਨ੍ਹਾਂ ਦੀ ਸ਼ਖਸੀਅਤ ਅਤੇ ਉਨ੍ਹਾਂ ਦੀਆਂ ਕਿਤਾਬਾਂ ਹਮੇਸ਼ਾ ਸਾਡਾ ਭਵਿੱਖ ਦਾ ਰਾਹ ਰੁਸ਼ਨਾਉਂਦੀਆਂ ਰਹਿਣਗੀਆਂ।

ਇਕ ਕਮਾਲ ਦੀ ਸ਼ਖਸੀਅਤ ਗਿਆਨੀ ਕੇਸਰ ਸਿੰਘ (10 ਅਕਤੂਬਰ 1912– 20 ਸਤੰਬਰ 2006), ਹਿੰਦੁਸਤਾਨ ਦੇ ਆਜ਼ਾਦੀ ਸੰਗਰਾਮ ਦੌਰਾਨ ਤਰਾਸ਼ੇ ਗਏ ਇਨਸਾਨ, ਦੀ ਪ੍ਰੇਰਣਾ ਸਾਡੇ ਇਕ ਚੋਟੀ ਦੇ ਰਾਸ਼ਟਰਵਾਦੀ ਆਗੂ ਨੇਤਾ ਜੀ ਸੁਭਾਸ਼ ਚੰਦਰ ਬੋਸ ਸਨ। ਨੇਤਾ ਜੀ ਅਤੇ ਆਜ਼ਾਦ ਹਿੰਦ ਫ਼ੌਜ ਲਈ ਕੰਮ ਕਰਨ ਵਾਲੇ ਗਿਆਨੀ ਕੇਸਰ ਸਿੰਘ ਨਾਵਲਕਾਰ ਨੇ ਉਨ੍ਹਾਂ ਦਾ ਸਾਥ ਦਿੱਤਾ ਜਿਨ੍ਹਾਂ ਨੇ ਬਸਤੀਵਾਦੀ ਹਿੰਦੁਸਤਾਨ ਵਿੱਚੋਂ ਅੰਗਰੇਜ਼ ਰਾਜ ਦਾ ਤਖ਼ਤ ਉਲਟਾਉਣ ਲਈ ਹਥਿਆਰਬੰਦ ਸੰਘਰਸ਼ ਲੜਿਆ। ਅੰਗਰੇਜ਼ ਰਾਜ ਦਾ ਫਸਤਾ ਵੱਢਣ ਲਈ ਲੜਨ ਵਾਲੀ ਹਥਿਆਰਬੰਦ ਤਾਕਤ ਦਾ ਖ਼ਿਆਲ ਪਹਿਲੀ ਆਲਮੀ ਜੰਗ ਦੌਰਾਨ ਉਭਰਿਆ ਜਦੋਂ .ਗਦਰ ਪਾਰਟੀ ਨੇ ਪੰਜਾਬ ਤੋਂ ਲੈ ਕੇ ਬੰਗਾਲ ਤੋਂ ਅੱਗੇ ਹਾਂਗ ਕਾਂਗ ਤਕ ਬ.ਗਾਵਤ ਦੀ ਯੋਜਨਾ ਉਲੀਕੀ।

ਸ਼ਾਨਦਾਰ ਇਖ਼ਲਾਕੀ ਖ਼ੂਬੀਆਂ, ਵਸੀਹ ਬੌਧਿਕ ਦਿਸਹੱਦੇ ਅਤੇ ਭਰਪੂਰ ਭਾਵੁਕ ਸੰਸਾਰ ਨਾਲ ਵਰੋਸਾਏ ਗਿਆਨੀ ਕੇਸਰ ਸਿੰਘ ਸੱਚੀ ਪ੍ਰਤਿਭਾ ਅਤੇ ਉਮਦਾ ਸਾਹਿਤਕ ਮੱਸ ਵਾਲੇ ਇਨਸਾਨ ਸਨ। ਉਨ੍ਹਾਂ ਨੇ ਪੰਜਾਬੀ ਸਾਹਿਤ ਨੂੰ ਅਮੀਰ ਬਣਾਉਣ 'ਚ ਪ੍ਰੇਰਣਾਦਾਇਕ ਯੋਗਦਾਨ ਪਾਇਆ। ਨਿਸ਼ਚੇ ਹੀ, ਗਿਆਨੀ ਜੀ ਪ੍ਰਦੇਸਾਂ ਵਿਚਲੇ ਉਨ੍ਹਾਂ ਪੰਜਾਬੀ ਲੇਖਕਾਂ ਵਿੱਚੋਂ ਸਿਰਕੱਢ ਸਨ ਜੋ ਪੰਜਾਬੀ ਜ਼ੁਬਾਨ ਅਤੇ ਸਾਹਿਤ ਦੀ ਸੇਵਾ ਨੂੰ ਪ੍ਰਣਾਏ ਹੋਏ ਸਨ। ਪੰਜਾਬ ਦੀ ਮਿੱਟੀ, ਇਸ ਦੇ ਪੌਣਪਾਣੀ ਅਤੇ ਪੰਜਾਬੀ ਤਰਜ਼ੇ-ਜ਼ਿੰਦਗੀ ਦੇ ਹਕੀਕੀ ਦੀਦਾਰ ਉਨ੍ਹਾਂ ਦੀਆਂ ਲਿਖਤਾਂ ਵਿਚ ਹੁੰਦੇ ਹਨ।

ਪੰਜਾਬੀ ਅਤੇ ਅੰਗਰੇਜ਼ੀ ਦੋਵਾਂ ਵਿਚ ਉਨ੍ਹਾਂ ਨੇ 60 ਤੋਂ ਉਪਰ ਕਿਤਾਬਾਂ ਲਿਖੀਆਂ ਜੋ ਲੰਘੀ ਸਦੀ ਦੀਆਂ ਸਮਾਜੀ-ਸਿਆਸੀ ਘਟਨਾਵਾਂ ਉਪਰ ਲੜੀਵਾਰ ਤਬਸਰਾ ਹਨ। ਉਨ੍ਹਾਂ ਸਮਿਆਂ ਦੀ ਹਲਚਲ ਅਤੇ ਜੋਸ਼ ਦਾ ਸਿੱਧਾ ਇਜ਼ਹਾਰ ਗਿਆਨੀ ਜੀ ਦੀਆਂ ਲਿਖਤਾਂ ਵਿਚ ਹੋਇਆ। ਖ਼ਾਸ ਕਰਕੇ, ਉਨ੍ਹਾਂ ਦੇ ਜ਼ਿਆਦਾਤਰ ਨਾਵਲ ਆਜ਼ਾਦੀ ਦੀ ਲਹਿਰ ਦੇ ਹੋਰ ਸ਼ਹੀਦਾਂ ਦੇ ਨਾਲ-ਨਾਲ ਸਿਰਕੱਢ ਗ਼ਦਰੀਆਂ ਦੀ ਜ਼ਿੰਦਗੀ ਅਤੇ ਸੰਘਰਸ਼ਾਂ ਦੀ ਸਜਿੰਦ ਤਸਵੀਰ ਪੇਸ਼ ਕਰਦੇ ਹਨ। ਪੰਜਾਬੀ ਜ਼ੁਬਾਨ ਵਿਚ ਉਹ ਸ਼ਾਇਦ ਗ਼ਦਰ ਲਹਿਰ ਅਤੇ ਗ਼ਦਰੀਆਂ ਬਾਰੇ ਸਭ ਤੋਂ ਪ੍ਰਮਾਣਿਕ ਕਥਾਕਾਰ ਸਨ। 20ਵੀਂ ਸਦੀ ਦੇ ਮੁੱਢਲੇ ਸਾਲਾਂ ਦੌਰਾਨ 1913 'ਚ ਗ਼ਦਰ ਪਾਰਟੀ ਬਣਾਉਣ ਵਾਲੇ ਉਹ ਹਿੰਦੁਸਤਾਨੀ ਸਨ ਜਿਨ੍ਹਾਂ ਨੂੰ ਆਵਾਸ ਦੇ ਹੱਕ ਨਹੀਂ ਦਿੱਤੇ ਗਏ ਅਤੇ ਜਿਨ੍ਹਾਂ ਉਪਰ ਉਨ੍ਹਾਂ ਦੀਆਂ ਸਿਆਸੀ ਸਰਗਰਮੀਆਂ ਨੂੰ ਲੈ ਕੇ ਮੁਕੱਦਮੇ ਚਲਾਏ ਗਏ। ਇਹ ਬਸਤੀਵਾਦ ਅਤੇ ਨਸਲਵਾਦ ਵਿਰੁੱਧ ਸਿਆਸੀ ਤੌਰ 'ਤੇ ਸੰਸਥਾਗਤ ਵਿਰੋਧ ਦਾ ਪਹਿਲਾ ਇਜ਼ਹਾਰ ਸੀ ਜੋ ਉਤਰੀ ਅਮਰੀਕਾ ਵਿਚ ਹਿੰਦੁਸਤਾਨੀ ਆਵਾਸੀਆਂ 'ਚੋਂ ਉਪਜਿਆ ਸੀ। ਗ਼ਦਰ ਪਾਰਟੀ ਨੇ ਉਨ੍ਹਾਂ ਅੰਦਰ ਇਸ ਕਦਰ ਮਿਸਾਲੀ ਰਾਸ਼ਟਰਵਾਦ ਭਰ ਦਿੱਤਾ ਕਿ ਇਸ ਦੇ ਸਿੱਟੇ (ਕੈਦ, ਜਲਾਵਤਨੀ ਅਤੇ ਮੌਤ ਸਮੇਤ) ਮਾਲੂਮ ਹੋਣ ਦੇ ਬਾਵਜੂਦ ਉਹ ਇੱਕੋ ਮਨੋਰਥ ਮਨ ਵਿਚ ਧਾਰਕੇ ਹਿੰਦੁਸਤਾਨ ਵਾਪਸ ਆਏ ਕਿ ਗ਼ਦਰ ਕਰਨਾ ਹੈ ਅਤੇ ਹਥਿਆਰਾਂ ਦੇ ਜ਼ੋਰ ਅੰਗਰੇਜ਼ ਬਸਤੀਵਾਦੀਆਂ ਨੂੰ ਆਪਣੇ ਵਤਨ ਵਿੱਚੋਂ ਕੱਢਣਾ ਹੈ। ਉਨ੍ਹਾਂ ਦੀ ਗਾਥਾ ਚਾਹੇ ਹੁਣ ਇਤਿਹਾਸ ਦਾ ਹਿੱਸਾ ਹੈ, ਪਰ ਉਨ੍ਹਾਂ ਦੀ ਵਿਰਾਸਤ ਜ਼ਿੰਦਾ ਹੈ। ਗਿਆਨੀ ਕੇਸਰ ਸਿੰਘ ਨੇ ਪੰਜਾਬੀ ਵਿਚ 15 ਇਤਿਹਾਸਕ ਨਾਵਲ ਲਿਖੇ, ਜ਼ਿਆਦਾਤਰ ਗ਼ਦਰੀਆਂ ਬਾਰੇ ਉਨ੍ਹਾਂ ਦੀਆਂ ਬੀਰ-ਗਾਥਾਵਾਂ ਨੂੰ ਆਉਣ ਵਾਲੀਆਂ ਪੀੜ੍ਹੀਆਂ ਤਕ ਪਹੁੰਚਾਉਣ ਲਈ।

ਗਿਆਨੀ ਕੇਸਰ ਸਿੰਘ 10 ਅਕਤੂਬਰ 1912 ਨੂੰ ਰਾਵਲਪਿੰਡੀ (ਹੁਣ ਪਾਕਿਸਤਾਨ) ਵਿਚ ਪੈਦਾ ਹੋਏ ਸਨ। ਤਿੰਨ ਸਾਲ ਦੀ ਉਮਰ 'ਚ ਹੀ ਉਹ ਯਤੀਮ ਹੋ ਗਏ ਅਤੇ ਉਨ੍ਹਾਂ ਨੇ ਆਪਣਾ ਬਚਪਨ ਅੰਮ੍ਰਿਤਸਰ ਦੇ ਇਕ ਯਤੀਮਖ਼ਾਨੇ ਡੇਰਾ ਸੰਤ ਗੁਲਾਬ ਸਿੰਘ ਵਿਚ ਗੁਜ਼ਾਰਿਆ। ਉਨ੍ਹਾਂ ਨੇ ਸਖ਼ਤ ਮਿਹਨਤ ਕਰਕੇ ਗਰੈਜੂਏਟ ਦੀ ਡਿਗਰੀ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਕੀਤੀ। ਫਿਰ ਉਨ੍ਹਾਂ ਨੇ ਇਕ ਆਪਾਵਾਰ ਸਿਪਾਹੀ ਵਜੋਂ ਆਜ਼ਾਦੀ ਦੀ ਲਹਿਰ ਵਿਚ ਸਰਗਰਮੀ ਨਾਲ ਹਿੱਸਾ ਲਿਆ। ਉਨ੍ਹਾਂ ਦੀ ਜਵਾਨੀ ਆਜ਼ਾਦੀ ਸੰਗਰਾਮ ਦੇ ਉਨ੍ਹਾਂ ਵਰ੍ਹਿਆਂ ਦੀ ਸਮਕਾਲੀ

ਸੀ ਜਦੋਂ ਚਾਰੇ ਪਾਸੇ ਮੁਜ਼ਾਹਰਿਆਂ ਅਤੇ ਮੀਟਿੰਗਾਂ ਵਿਚ ਜੋਸ਼ੀਲੀਆਂ ਤਕਰੀਰਾਂ ਦੀ ਗੂੰਜ ਸੁਣਾਈ ਦਿੰਦੀ ਸੀ। ਉਹ ਇਨਕਲਾਬੀਆਂ ਦੇ ਦੁੱਖ-ਸੁੱਖ ਦੇ ਸਾਂਝੀ ਸਨ।

1930ਵਿਆਂ ਅਤੇ 1940ਵਿਆਂ ਵਿਚ ਗਿਆਨੀ ਜੀ ਦੂਰ-ਪੂਰਬ ਦੇ ਮੁਲਕਾਂ, ਖ਼ਾਸ ਕਰਕੇ ਮਲਾਇਆ ਅਤੇ ਜਪਾਨ, ਵਿਚ ਰਹਿਕੇ ਅੰਗਰੇਜ਼ ਰਾਜ ਵਿਰੁੱਧ ਲੜਨ ਵਾਲੀਆਂ ਤਾਕਤਾਂ ਦੇ ਇਕਜੁੱਟ ਹੋਣ 'ਚ ਸਹਾਇਤਾ ਕਰ ਰਹੇ ਸਨ। ਆਜ਼ਾਦ ਹਿੰਦ ਫ਼ੌਜ ਵਿਚ ਉਨ੍ਹਾਂ ਦਾ ਰੁਤਬਾ ਸਿਵਲ ਪ੍ਰਸ਼ਾਸਕ ਦਾ ਸੀ ਅਤੇ ਉਹ ਆਜ਼ਾਦ ਹਿੰਦ ਫ਼ੌਜ ਦੀ ਅਕਾਦਮੀ ਵਿਚ ਇਨਕਲਾਬ ਦਾ ਇਤਿਹਾਸ ਅਤੇ ਜਪਾਨੀ ਜ਼ੁਬਾਨ ਪੜ੍ਹਾਉਂਦੇ ਸਨ। ਉਥੇ ਹੀ ਉਨ੍ਹਾਂ ਨੂੰ ਲਿਖਣ ਦੀ ਚੇਟਕ ਲੱਗੀ। ਉਨ੍ਹਾਂ ਦੀ ਪਹਿਲੀ ਕਿਤਾਬ "ਪੂਰਬ ਏਸ਼ੀਆ ਵਿਚ ਹਿੰਦ ਦੀ ਆਜ਼ਾਦੀ ਦੀ ਲਹਿਰ" ਅੰਗਰੇਜ਼ੀ ਵਿਚ ਸੀ। ਇਸ ਕਿਤਾਬ ਦਾ ਮੁੱਖਬੰਦ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਵੱਡੇ ਭਾਈ ਸਰਤ ਚੰਦਰ ਬੋਸ ਨੇ ਲਿਖਿਆ ਸੀ।

ਕਿਤਾਬ ਦੀ ਅਹਿਮੀਅਤ ਬਾਰੇ ਚਾਨਣਾ ਪਾਉਂਦਿਆਂ ਸਰਤ ਬੋਸ ਨੇ ਲਿਖਿਆ:

> "ਨੌਜਵਾਨ ਪੀੜ੍ਹੀ ਨੂੰ ਉਨ੍ਹਾਂ ਮਹਾਨ ਹਿੰਦੁਸਤਾਨੀ ਇਨਕਲਾਬੀਆਂ ਬਾਰੇ ਬਹੁਤ ਘੱਟ ਜਾਣਕਾਰੀ ਹੈ ਜੋ ਇਸ ਸਦੀ ਦੇ ਮੁੱਢਲੇ ਸਾਲਾਂ ਵਿਚ ਆਪਣਾ ਵਤਨ ਹਿੰਦੁਸਤਾਨ ਛੱਡਕੇ ਜਪਾਨ, ਚੀਨ, ਸਿਆਮ, ਮਲਾਇਆ ਤੇ ਹੋਰ ਮੁਲਕਾਂ ਵਿਚ ਗਏ ਅਤੇ ਹਿੰਦੁਸਤਾਨ ਨੂੰ ਬਦੇਸ਼ੀ ਜੂਲੇ ਤੋਂ ਮੁਕਤ ਕਰਾਉਣ ਦੇ ਮਨੋਰਥ ਨਾਲ ਉਥੇ ਇਨਕਲਾਬੀ ਸਰਗਰਮੀਆਂ ਸ਼ੁਰੂ ਕੀਤੀਆਂ। ਸਰਦਾਰ ਕੇਸਰ ਸਿੰਘ ਨੇ ਉਨ੍ਹਾਂ ਮਹਾਨ ਇਨਕਲਾਬੀਆਂ ਦੀਆਂ ਸਰਗਰਮੀਆਂ ਦਾ ਸੰਖੇਪ ਬਿਊਰਾ ਹਿੰਦੁਸਤਾਨੀ ਨੌਜਵਾਨਾਂ ਅੱਗੇ ਪੇਸ਼ ਕਰਨ ਦਾ ਹੰਭਲਾ ਮਾਰਿਆ ਹੈ ਜਿਨ੍ਹਾਂ ਨੇ ਹਿੰਦੁਸਤਾਨ ਦੀ ਆਜ਼ਾਦੀ ਦਾ ਸੁਪਨਾ ਲਿਆ ਅਤੇ ਇਸ ਸੁਪਨੇ ਨੂੰ ਸਾਕਾਰ ਕਰਨ ਲਈ ਘਾਲਣਾ ਘਾਲੀ। ਉਨ੍ਹਾਂ ਦੀ ਕਿਤਾਬ ਦਾ ਵੱਡਾ ਹਿੱਸਾ ਆਜ਼ਾਦ ਹਿੰਦ ਫ਼ੌਜ – ਇਸ ਨੂੰ ਬਣਾਏ ਜਾਣ, ਫਿਰ ਭੰਗ ਕੀਤੇ ਜਾਣ, ਨੇਤਾਜੀ ਸੁਭਾਸ਼ ਚੰਦਰ ਬੋਸ ਦੀ ਸੁਪਰੀਮ ਕਮਾਨ ਹੇਠ ਇਸ ਨੂੰ ਦੁਬਾਰਾ ਬਣਾਏ ਜਾਣ ਅਤੇ ਹਿੰਦੁਸਤਾਨ ਦੀ ਆਜ਼ਾਦੀ ਲਈ ਇਸ ਵਲੋਂ ਲੜੀ ਲੜਾਈ – ਨੂੰ ਸਮਰਪਿਤ ਹੈ।"

1947 'ਚ ਬਰਤਾਨਵੀ ਹਿੰਦੁਸਤਾਨ ਦੀ ਵੰਡ ਤੋਂ ਬਾਅਦ ਗਿਆਨੀ ਕੇਸਰ ਸਿੰਘ ਅੰਮ੍ਰਿਤਸਰ ਵਿਚ ਜਾ ਵਸੇ। ਉਥੇ ਉਨ੍ਹਾਂ ਨੇ ਮਸ਼ਹੂਰ ਪੰਜਾਬੀ ਲੇਖਕ ਸੁਜਾਨ ਸਿੰਘ ਦੇ ਮਾਰਗ-ਦਰਸ਼ਨ ਹੇਠ ਆਪਣੀ ਜ਼ਿੰਦਗੀ ਮੁੜ ਸ਼ੁਰੂ ਕੀਤੀ ਅਤੇ ਛੇਤੀ ਹੀ ਇਕ ਨਿਆਰੀ ਸ਼ੈਲੀ ਵਾਲੇ ਨਾਵਲਕਾਰ ਵਜੋਂ ਉਨ੍ਹਾਂ ਦੀ ਧਾਂਕ ਜੰਮ ਗਈ। ਅੰਮ੍ਰਿਤਸਰ ਵਿਚ ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਵਜੋਂ ਕੰਮ ਕੀਤਾ ਅਤੇ ਦੋ ਸਾਲ ਹਰਿਮੰਦਰ ਸਾਹਿਬ ਵਿਚ ਗਾਈਡ ਵਜੋਂ ਵੀ ਸੇਵਾ ਨਿਭਾਈ।

ਆਪਣੀ ਪਹਿਲੀ ਪਤਨੀ ਦੇ ਚਲਾਣਾ ਕਰ ਜਾਣ 'ਤੇ, ਗਿਆਨੀ ਕੇਸਰ ਸਿੰਘ ਇੰਗਲੈਂਡ

ਚਲੇ ਗਏ ਅਤੇ 1963 'ਚ ਕੈਨੇਡਾ ਵਿਚ ਜਾ ਵਸੇ। ਇਥੇ ਕੈਨੇਡਾ ਵਿਚ ਉਨ੍ਹਾਂ ਨੇ 14 ਸਾਲ ਅਲਬਰਟਾ ਦੇ ਸਿਖਿਆ ਵਿਭਾਗ ਵਿਚ ਨੌਕਰੀ ਕੀਤੀ। ਆਪਣੀ ਹਯਾਤੀ ਦੇ ਆਖ਼ਰੀ ਛੇ-ਸੱਤ ਸਾਲ ਉਹ ਐਡਮਿੰਟਨ ਵਿਚ ਰਹੇ। ਉਥੇ 95 ਸਾਲ ਦੀ ਉਮਰ 'ਚ ਉਹ ਚਲਾਣਾ ਕਰ ਗਏ।

ਗਿਆਨੀ ਕੇਸਰ ਸਿੰਘ ਨੂੰ ਭਾਸ਼ਾ ਵਿਭਾਗ ਪੰਜਾਬ ਨੇ ਸਾਹਿਤ ਸ਼੍ਰੋਮਣੀ ਪੁਰਸਕਾਰ ਨਾਲ ਸਨਮਾਨਿਆ ਸੀ। ਇਹ ਸੂਬਾ ਸਰਕਾਰ ਵਲੋਂ ਦਿੱਤਾ ਜਾਣ ਵਾਲਾ ਸਰਵਉੱਚ ਸਾਹਿਤਕ ਸਨਮਾਨ ਮੰਨਿਆ ਜਾਂਦਾ ਹੈ। ਇਸ ਇਨਾਮ-ਸਨਮਾਨ ਤੋਂ ਪਹਿਲਾਂ, 15 ਜੁਲਾਈ 2003 ਨੂੰ ਗਿਆਨੀ ਜੀ ਨੂੰ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ, ਪੰਜਾਬ ਵਲੋਂ ਫੈਲੋਸ਼ਿਪ ਅਤੇ ਨਗਦ ਇਨਾਮ ਨਾਲ ਨਿਵਾਜ਼ਿਆ ਗਿਆ।

ਗਿਆਨੀ ਕੇਸਰ ਸਿੰਘ ਦੀਆਂ ਜ਼ਿਆਦਾਤਰ ਕਿਤਾਬਾਂ ਸਿੰਘ ਬ੍ਰਦਰਜ਼, ਅੰਮ੍ਰਿਤਸਰ ਵਲੋਂ ਛਾਪੀਆਂ ਗਈਆਂ ਹਨ।

ਗ਼ਦਰੀਆਂ ਦਾ ਸਿਰਕੱਢ ਕਥਾਕਾਰ

ਭਾਵੇਂ ਗਿਆਨੀ ਕੇਸਰ ਸਿੰਘ ਨੇ ਆਪਣਾ ਸਾਹਿਤਕ ਪੰਧ ਇਕ ਕਵੀ ਵਜੋਂ ਸ਼ੁਰੂ ਕੀਤਾ ਪਰ ਉਨ੍ਹਾਂ ਨੇ ਆਪਣਾ ਅਸਲ ਕਸਬ ਨਾਵਲਕਾਰ ਵਿਚ ਦੇਖਿਆ। ਖ਼ਾਸ ਕਰਕੇ, ਉਨ੍ਹਾਂ ਦੇ ਇਤਿਹਾਸਕ ਨਾਵਲ; *ਸ਼ਹੀਦ ਊਧਮ ਸਿੰਘ*, *ਬਾਬਾ ਹਰੀ ਸਿੰਘ ਉਸਮਾਨ*, *ਸ਼ਹੀਦ ਮਦਨ ਲਾਲ ਢੀਂਗਰਾ*, *ਸ਼ਹੀਦ ਮੇਵਾ ਸਿੰਘ ਲੋਪੋਕੇ*, *ਜੰਵ ਲਾੜਿਆਂ ਦੀ*, *ਲਹਿਰ ਵਗਦੀ ਗਈ*, *ਗ਼ਦਰੀ ਗੁਲਾਬ*, *ਹਥਿਆਰਬੰਦ ਇਨਕਲਾਬ* ਅਤੇ *ਜੰਗੀ ਕੈਦੀ* ਐਨੇ ਪ੍ਰੇਰਨਾਦਾਇਕ ਹਨ ਕਿ ਉਹ ਹਿੰਦੁਸਤਾਨ ਦੀ ਹੋਣੀ ਅਤੇ ਸੁਪਨਿਆਂ ਦੀ ਜਿਊਂਦੀ-ਜਾਗਦੀ ਤਸਵੀਰ ਪੇਸ਼ ਕਰਦੇ ਹਨ।

ਉਨ੍ਹਾਂ ਦੇ ਨਾਵਲਾਂ ਦਾ ਵਿਸ਼ਾ-ਵਸਤੂ ਮਨੁੱਖੀ ਸ਼ਾਨ ਅਤੇ ਇਨਸਾਨ ਦਾ ਲੋਕਾਂ ਪ੍ਰਤੀ ਫਰਜ਼ ਹੈ। ਉਨ੍ਹਾਂ ਦੇ ਸਿਰਜੇ ਕਿਰਦਾਰ ਕਿਸੇ ਖ਼ਾਸ ਜਮਾਤ ਜਾਂ ਮੁਲਕ ਤਕ ਮਹਿਦੂਦ ਨਹੀਂ, ਸਗੋਂ ਉਹ ਸਰਵ-ਵਿਆਪਕ ਮਨੁੱਖ ਦੀ ਤਰਜ਼ਮਾਨੀ ਕਰਦੇ ਹਨ। "ਜੰਗੀ ਕੈਦੀ" ਲਿਖੇ ਜਾਣ 'ਤੇ ਉਹ ਪੰਜਾਬੀ ਸਾਹਿਤ ਦੇ ਲਿਓ ਤੋਲਸਤੋਏ ਵਜੋਂ ਮਕਬੂਲ ਹੋਏ। ਰੂਸੀ ਲੇਖਕ ਲਿਓ ਤੋਲਸਤੋਏ ਦੇ ਨਾਵਲ *ਜੰਗ ਤੇ ਅਮਨ*, ਜੋ 1869 'ਚ ਛਪਿਆ ਸੀ, ਦੀ ਤਰ੍ਹਾਂ ਗਿਆਨੀ ਜੀ ਦਾ *ਜੰਗੀ ਕੈਦੀ* ਇਕ ਵੱਡ-ਅਕਾਰੀ ਨਾਵਲ ਹੈ ਅਤੇ ਇਸ ਨੂੰ ਸਾਹਿਤ ਦੀਆਂ ਸਭ ਤੋਂ ਅਹਿਮ ਰਚਨਾਵਾਂ ਵਿੱਚੋਂ ਇਕ ਮੰਨਿਆ ਜਾਂਦਾ ਹੈ। ਇਸ ਨੂੰ ਪੰਜਾਬੀ ਸਾਹਿਤ ਦਾ ਇਕ ਸਭ ਤੋਂ ਹੱਕਦਾਰ ਹਾਸਲ ਮੰਨਿਆ ਜਾਂਦਾ ਹੈ। *ਜੰਗ ਤੇ ਅਮਨ* ਰੂਸ ਉਪਰ ਫਰਾਂਸ ਦੇ ਹਮਲੇ ਨਾਲ ਜੁੜੀਆਂ ਘਟਨਾਵਾਂ ਅਤੇ ਨੈਪੋਲੀਅਨ ਯੁਗ ਦੇ ਜ਼ਾਰਸ਼ਾਹੀ ਰੂਸ ਉਪਰ ਪ੍ਰਭਾਵ ਨੂੰ ਵਿਸਤਾਰ ਵਿਚ ਬਿਆਨ ਕਰਦਾ ਹੈ, ਜਦਕਿ *ਜੰਗੀ ਕੈਦੀ* ਹਿੰਦੁਸਤਾਨੀ ਆਜ਼ਾਦੀ ਘੁਲਾਟੀਆਂ ਉਪਰ ਜਪਾਨੀਆਂ ਵਲੋਂ ਕੀਤੇ ਜ਼ੁਲਮਾਂ ਦੀ ਸਜਿੰਦ ਤਸਵੀਰ ਪੇਸ਼ ਕਰਦਾ ਹੈ। ਇਹ ਨਾਵਲ ਬਹੁਤ ਸਾਰੇ ਪਾਤਰਾਂ ਵਾਲੀ ਇਕ ਨਵੀਂ ਤਰ੍ਹਾਂ ਦੀ ਗਲਪ ਵੀ ਹੈ। ਇਹ ਉਨ੍ਹਾਂ ਦੀਆਂ ਦੋ ਸ਼ਾਹਕਾਰ ਰਚਨਾਵਾਂ ਵਿੱਚੋਂ ਇਕ ਮੰਨਿਆ ਜਾਂਦਾ ਹੈ, ਦੂਜੀ *ਹਥਿਆਰਬੰਦ ਇਨਕਲਾਬ* ਹੈ ਜੋ ਪੰਜਾਬੀ ਵਿਚ 728 ਸਫ਼ਿਆਂ ਦੀ ਇਕ ਸਭ

ਤੋਂ ਲੰਮੀ ਗਲਪ ਰਚਨਾ ਹੈ। ਬਹੁਤ ਥੋੜ੍ਹੇ ਬੰਦੇ ਹੋਣਗੇ ਜੋ "ਜੰਗੀ ਕੈਦੀ" ਨੂੰ ਕਿਸੇ ਜ਼ੁਬਾਨ ਦਾ ਇਕ ਸਭ ਤੋਂ ਲੰਮਾ ਨਾਵਲ ਮੰਨਣ ਦੇ ਦਾਅਵੇ ਨੂੰ ਰੱਦ ਕਰਦੇ ਹੋਣ। ਇਹ ਵੱਡ-ਅਕਾਰੀ ਬਿਰਤਾਂਤ ਆਜ਼ਾਦੀ ਘੁਲਾਟੀਆਂ ਦੇ ਸੰਗਰਾਮ ਨੂੰ ਪੇਸ਼ ਕਰਦਾ ਹੈ। ਨਾਵਲਕਾਰ ਦੀ ਮਨੁੱਖੀ ਫ਼ਿਤਰਤ ਬਾਰੇ ਡੂੰਘੀ ਪਕੜ ਇਸ ਰਚਨਾ ਨੂੰ ਸਰਵਵਿਆਪਕਤਾ ਬਖ਼ਸ਼ਦੀ ਹੈ।

ਭਾਈ ਵੀਰ ਸਿੰਘ ਨੇ ਪਹਿਲਾ ਪੰਜਾਬੀ ਨਾਵਲ "ਸੁੰਦਰੀ" 1899 'ਚ ਲਿਖਿਆ। ਇਹ ਕਿਤਾਬ ਉਦੋਂ ਲਿਖੀ ਗਈ ਸੀ ਜਦੋਂ ਸਿੱਖ 1849 'ਚ ਆਪਣੇ ਰਾਜ ਦੇ ਪਤਨ ਅਤੇ ਬਰਤਾਨੀਆ ਵਲੋਂ ਪੰਜਾਬ ਨੂੰ ਆਪਣੇ ਰਾਜ ਵਿਚ ਰਲਾ ਲੈਣ ਤੋਂ ਬਾਅਦ ਢਹਿੰਦੀ ਕਲਾ ਵਿਚ ਸਨ। ਐਸਾ ਨਾਵਲ ਲਿਖਣ ਦਾ ਮਨੋਰਥ ਸਿੱਖਾਂ ਨੂੰ ਉਨ੍ਹਾਂ ਦਾ ਸ਼ਾਨਾਮੱਤਾ ਅਤੀਤ ਚੇਤੇ ਕਰਾਉਣਾ ਅਤੇ ਖ਼ਾਲਸੇ ਦੇ ਸਰਬੋਤਮ ਜਜ਼ਬੇ ਦੀ ਤਸਵੀਰ ਪੇਸ਼ ਕਰਨਾ ਸੀ। ਤਕਰੀਬਨ ਇਕ ਸੌ ਸਾਲ ਬਾਅਦ ਗਿਆਨੀ ਕੇਸਰ ਸਿੰਘ ਨੇ ਆਪਣੇ ਦੇਸ਼ਭਗਤ ਜਜ਼ਬੇ ਦੇ ਅਨੁਭਵ ਵਿੱਚੋਂ ਦੀ ਦੁਬਾਰਾ ਗੁਜ਼ਰਦੇ ਹੋਏ 1998 'ਚ ਆਪਣਾ ਆਖ਼ਰੀ ਸ਼ਾਹਕਾਰ *"ਹਥਿਆਰਬੰਦ ਇਨਕਲਾਬ"* ਲਿਖਿਆ। ਇਸ ਨਾਵਲ ਦੀ ਕੈਨਵਸ ਭਾਈ ਵੀਰ ਸਿੰਘ ਦੇ ਨਾਵਲ ਨਾਲੋਂ ਕਿਤੇ ਵਡੇਰੀ ਹੈ, ਹਾਲਾਂਕਿ ਦੋਵੇਂ ਰਚਨਾਵਾਂ ਇਤਿਹਾਸਕ ਤੱਥਾਂ 'ਤੇ ਅਧਾਰਤ ਹਨ।

ਨਾਵਲ ਦਾ ਸੱਤਵਾਂ ਕਾਂਡ ਸਵੈਜੀਵਨੀਨੁਮਾ ਹੈ ਜੋ ਉਨ੍ਹਾਂ ਦੇ ਆਈ.ਐੱਨ.ਏ. ਦੇ ਦਿਨਾਂ ਦੇ ਬਹੁਤ ਸਾਰੇ ਗੁੰਮਨਾਮ ਪਹਿਲੂਆਂ ਨੂੰ ਸਾਹਮਣੇ ਲਿਆਉਂਦਾ ਹੈ। ਨਾਵਲ ਨੇਤਾ ਜੀ ਸੁਭਾਸ਼ ਚੰਦਰ ਬੋਸ, ਲਾਲਾ ਹਰਦਿਆਲ, ਵੀਰ ਸਾਵਰਕਰ, ਅਤੇ ਕਰਤਾਰ ਸਿੰਘ ਸਰਾਭਾ ਦੀਆਂ ਸਰਗਰਮੀਆਂ ਬਾਰੇ ਅਹਿਮ ਜਾਣਕਾਰੀ ਮੁਹੱਈਆ ਕਰਦਾ ਹੈ। ਇਹ ਉਨ੍ਹਾਂ ਦਿਨਾਂ ਉਪਰ ਵੀ ਚਾਨਣਾ ਪਾਉਂਦਾ ਹੈ ਜਦੋਂ ਉਸਨੇ ਪੀਨਾਂਗ ਵਿਚ ਯੰਗਮੈਨ ਸਿੱਖ ਐਸੋਸੀਏਸ਼ਨ ਬਣਾਈ। ਦਿਲਚਸਪ ਗੱਲ ਇਹ ਹੋਈ ਕਿ ਇਕ ਵਾਰ ਤਾਂ ਉਸਦਾ ਨਾਂ ਆਈ.ਐੱਨ.ਏ. ਵਲੋਂ ਜਾਰੀ ਕੀਤੀ 'ਸ਼ਹੀਦਾਂ' ਦੀ ਸੂਚੀ ਵਿਚ ਵੀ ਦੇ ਦਿੱਤਾ ਗਿਆ ਸੀ। ਇਸ ਬਾਬਤ, ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ ਵਿਅੰਗ ਕੀਤਾ, 'ਮ੍ਰਿਤਕ ਕੇਸਰ ਸਿੰਘ ਅੰਗਰੇਜ਼ ਹਕੂਮਤ ਵਿਰੁੱਧ ਲਹਿਰ ਲਈ ਵਧੇਰੇ ਲਾਭਦਾਇਕ ਹੁੰਦਾ।'

ਇਕ ਹੋਰ ਨਾਵਲ *"ਮੇਵਾ ਸਿੰਘ ਲੋਪੋਕੇ"* ਵਿਚ ਇਕ ਸਰਹੱਦੀ ਪਿੰਡ ਲੋਪੋਕੇ ਤੋਂ ਇਨਕਲਾਬੀ ਮੇਵਾ ਸਿੰਘ ਗਿੱਲ ਦੀ ਅਦਭੁਤ ਗਾਥਾ ਬਿਆਨ ਕੀਤੀ ਗਈ ਹੈ। ਉਹ ਕੈਨੇਡੀਅਨ ਅਫ਼ਸਰ ਹਾਪਕਿਨਸਨ ਦੇ ਕਤਲ ਲਈ ਜ਼ਿੰਮੇਵਾਰ ਸੀ ਜਿਸ ਨੂੰ 'ਬਾਗ਼ੀ' ਘਿਰਣਾ ਕਰਦੇ ਸਨ।

1881 ਵਿਚ ਲੋਪੋਕੇ ਵਿਚ ਜਨਮਿਆ ਮੇਵਾ ਸਿੰਘ 1906 'ਚ ਬ੍ਰਿਟਿਸ਼ ਕੋਲੰਬੀਆ ਆ ਗਿਆ ਸੀ। ਉਹ ਵਿਆਹ ਹੋਇਆ ਨਹੀਂ ਸੀ। ਉਸ ਨੂੰ ਲੱਕੜ ਮਿੱਲਾਂ ਵਿਚ ਕੰਮ ਮਿਲ ਗਿਆ। ਇਕ ਖ਼ਾਲਸਾ ਸਿੱਖ ਵਜੋਂ ਉਹ ਵੈਨਕੂਵਰ ਦੇ ਸਿੱਖ ਗੁਰਦੁਆਰੇ ਦੀ ਸਾਂਭ-ਸੰਭਾਲ ਵਿਚ ਸਰਗਰਮੀ ਨਾਲ ਜੁੱਟਿਆ ਰਹਿੰਦਾ ਸੀ ਅਤੇ ਅਰਦਾਸ ਵੇਲੇ ਗ੍ਰੰਥੀ ਦੀ ਜ਼ਿੰਮੇਵਾਰੀ ਨਿਭਾਉਂਦਾ ਸੀ। 1913 'ਚ ਉਸਦਾ ਸੰਪਰਕ ਸਾਨ ਫਰਾਂਸਿਸਕੋ ਵਾਲੀ ਗ਼ਦਰ ਪਾਰਟੀ ਨਾਲ ਹੋ ਗਿਆ, ਜੋ ਸਮੁੱਚੇ ਪੈਸੀਫਿਕ ਕੋਸਟ ਖੇਤਰ ਵਿਚ ਰਹਿੰਦੇ ਹਿੰਦੁਸਤਾਨੀ ਆਵਾਸੀਆਂ ਵਿਚ ਇਨਕਲਾਬੀ

ਅਤੇ ਬਰਤਾਨੀਆ ਵਿਰੋਧੀ ਖ਼ਿਆਲਾਂ ਦਾ ਧੜੱਲੇਦਾਰ ਸੰਚਾਰ ਕਰਦੀ ਸੀ। 21 ਅਕਤੂਬਰ 2014 ਨੂੰ ਮੇਵਾ ਸਿੰਘ ਨੇ ਇਮੀਗਰੇਸ਼ਨ ਇੰਸਪੈਕਟਰ ਵਿਲੀਅਮ ਚਾਰਲਸ ਹਾਪਕਿਨਸਨ ਨੂੰ ਗੋਲੀ ਮਾਰਕੇ ਮਾਰ ਦਿੱਤਾ ਜੋ ਉਸ ਲਈ ਬਰਤਾਨਵੀ ਦਾਬੇ ਦਾ ਵਿਅਕਤੀਗਤ ਇਜ਼ਹਾਰ ਸੀ। ਮੇਵਾ ਸਿੰਘ ਦਾ ਹਾਪਕਿਨਸਨ ਨਾਲ ਵਾਹ 17 ਜੁਲਾਈ 1914 ਨੂੰ ਪਿਆ ਜਦੋਂ ਉਸ ਨੂੰ 500 ਰਾਊਂਡ ਗੋਲੀ-ਸਿੱਕੇ ਅਤੇ ਇਕ ਰਿਵਾਲਵਰ ਸਮੇਤ ਸਰਹੱਦ ਉੱਪਰ ਕੈਨੇਡਾ ਵਾਲੇ ਪਾਸੇ ਗ੍ਰਿਫ਼ਤਾਰ ਕਰ ਲਿਆ ਗਿਆ ਜੋ ਅਮਰੀਕਾ 'ਚੋਂ ਖ਼ਰੀਦਿਆ ਗਿਆ ਸੀ। ਉਸ ਨੇ ਬਚ ਨਿਕਲਣ ਜਾਂ ਗ੍ਰਿਫ਼ਤਾਰੀ ਦਾ ਵਿਰੋਧ ਕਰਨ ਦਾ ਕੋਈ ਯਤਨ ਨਹੀਂ ਕੀਤਾ। ਉਹ ਸ਼ਹੀਦ ਹੋਣ ਲਈ ਤੱਤਪਰ ਸੀ। 11 ਜਨਵਰੀ 1915 ਨੂੰ ਨਿਊ ਵੈਸਟਮਿੰਸਟਰ, ਬੀ.ਸੀ. ਵਿਚ ਉਸ ਨੂੰ ਫਾਂਸੀ ਦੇ ਦਿੱਤੀ ਗਈ। ਉਸ ਨੂੰ ਫਾਂਸੀ ਦਿੱਤੇ ਜਾਣ ਦੇ ਵਕਤ ਤੋਂ ਹੀ ਬ੍ਰਿਟਿਸ਼ ਕੋਲੰਬੀਆ ਅਤੇ ਕੈਲੀਫੋਰਨੀਆ ਦੇ ਇੰਡੋ-ਕੈਨੇਡੀਅਨ ਲੋਕਾਂ ਵਲੋਂ ਉਸ ਦੀ ਬਰਸੀ ਮਨਾਈ ਜਾਂਦੀ ਹੈ।

ਗ਼ਦਰੀ ਗੁਲਾਬ ਉਸ ਇੱਕੋ-ਇਕ ਪੰਜਾਬੀ ਔਰਤ ਦੀ ਗਾਥਾ ਹੈ ਜੋ ਗ਼ਦਰ ਲਹਿਰ ਵਿਚ ਕੁੱਦੀ ਅਤੇ ਸਾਢੇ ਤਿੰਨ ਸਾਲ ਲਾਹੌਰ ਦੇ ਸ਼ਾਹੀ ਕਿਲ੍ਹੇ ਵਿਚ ਕੈਦ ਰਹੀ। ਨਾਵਲ ਬਿਆਨ ਕਰਦਾ ਹੈ ਕਿਵੇਂ ਫਿਲਪਾਈਨ ਵਿਚ ਬੀਬੀ ਗੁਲਾਬ ਕੌਰ ਆਪਣੇ ਪਤੀ ਤੋਂ ਬੇਪ੍ਰਵਾਹ ਹੋਕੇ ਗ਼ਦਰ ਲਹਿਰ ਵਿਚ ਸ਼ਾਮਲ ਹੋਈ, ਜਿਥੇ ਹਾਫ਼ਿਜ਼ ਅਬਦੁੱਲਾ ਗ਼ਦਰ ਦੀ ਮੁਕਾਮੀ ਸ਼ਾਖਾ ਦਾ ਪ੍ਰਧਾਨ ਸੀ। ਉਹ ਬੰਤਾ ਸਿੰਘ ਸੰਘਵਾਲ ਅਤੇ ਹਰਨਾਮ ਸਿੰਘ ਟੁੰਡੀਲਾਟ ਵਰਗੇ ਗ਼ਦਰੀ ਆਗੂਆਂ ਨਾਲ ਵੀ ਕੰਮ ਕਰਦੀ ਰਹੀ। ਗੁਲਾਬ ਕੌਰ ਭੇਸ ਵਟਾਕੇ ਪਾਰਟੀ ਦੀ ਪ੍ਰਿੰਟਿੰਗ ਪ੍ਰੈੱਸ ਉਪਰ ਨਜ਼ਰ ਰੱਖਦੀ ਅਤੇ ਹਥਿਆਰ ਤੇ ਸਾਹਿਤ ਇਧਰ-ਉਧਰ ਪਹੁੰਚਾਉਣ ਵਿਚ ਹੱਥ ਵਟਾਉਂਦੀ। ਉਨ੍ਹਾਂ ਗ਼ਦਰੀਆਂ ਵਿਚ ਉਹ ਦਲੇਰ ਔਰਤ ਸੀ ਜੋ ਮਨੀਲਾ ਤੋਂ ਵਾਪਸ ਆ ਰਹੇ ਸਮੁੰਦਰੀ ਜਹਾਜ਼ ਉਪਰ ਜੋਸ਼ੀਲੀਆਂ ਤਕਰੀਰਾਂ ਕਰਦੀ ਅਤੇ ਗ਼ਦਰ ਲਹਿਰ ਵਿਚ ਉਸ ਨੇ ਅਹਿਮ ਯੋਗਦਾਨ ਪਾਇਆ। ਉਸ ਦੀਆਂ ਤਕਰੀਰਾਂ ਨੇ ਮਲਾਇਆ ਸਟਰੇਟਸ ਗਾਈਡਜ਼ ਅਤੇ ਬਰਤਾਨੀਆ ਦੀ ਹਿੰਦੁਸਤਾਨੀ ਫ਼ੌਜ ਦੀਆਂ ਹੋਰ ਇਕਾਈਆਂ ਸਮੇਤ ਸਰੋਤਿਆਂ ਉਪਰ ਡੂੰਘਾ ਪ੍ਰਭਾਵ ਪਾਇਆ। ਗਿਆਨੀ ਕੇਸਰ ਸਿੰਘ ਵਲੋਂ ਲਿਖੇ ਕਈ ਹੋਰ ਇਤਿਹਾਸਕ ਨਾਵਲਾਂ ਵਿਚ ਅੰਮ੍ਰਿਤਸਰ ਜ਼ਿਲ੍ਹੇ ਨਾਲ ਸਬੰਧਤ ਮਹਾਨ ਸ਼ਹੀਦਾਂ ਬਾਰੇ ਪ੍ਰਮਾਣਿਕ ਜਾਣਕਾਰੀ ਦਿੱਤੀ ਗਈ ਹੈ ਜਿਨ੍ਹਾਂ ਵਿਚ *ਸ਼ਹੀਦ ਊਧਮ ਸਿੰਘ, ਮਦਨ ਲਾਲ ਢੀਂਗਰਾ*, ਅਤੇ *ਪੰਡਿਤ ਸੋਹਣ ਲਾਲ ਪਾਠਕ* (ਪੱਟੀ) ਸ਼ਾਮਲ ਹਨ। *'ਲਹਿਰ ਵਗਦੀ ਗਈ'* ਨੂੰ ਕਮਿਊਨਿਸਟ 'ਪਾਠ-ਪੁਸਤਕ' ਦੀ ਤਰ੍ਹਾਂ ਪੜ੍ਹਦੇ ਸਨ।

ਗਿਆਨੀ ਜੀ ਨੇ 1909 'ਚ ਬਦੇਸ਼ ਵਿਚ ਸ਼ਹਾਦਤ ਦਾ ਜਾਮ ਪੀਣ ਵਾਲੇ ਪਹਿਲੇ ਹਿੰਦੁਸਤਾਨੀ, ਮਦਨ ਲਾਲ ਢੀਂਗਰਾ, ਬਾਰੇ ਮਸ਼ਹੂਰ ਪੰਜਾਬੀ ਕਵੀ ਬਾਵਾ ਬਲਵੰਤ ਦੀ ਮਦਦ ਨਾਲ ਜਾਣਕਾਰੀ ਇਕੱਠੀ ਕਰਨ ਲਈ ਬਹੁਤ ਮਿਹਨਤ ਕੀਤੀ ਅਤੇ ਇਕ ਖ਼ੂਬਸੂਰਤ ਨਾਵਲ ਲਿਖਿਆ। ਉਨ੍ਹਾਂ ਨੇ ਬਾਬਾ ਹਰੀ ਸਿੰਘ ਉਸਮਾਨ ਬਾਰੇ ਵੀ ਇਕ ਜੀਵਨੀਮੂਲਕ ਨਾਵਲ ਲਿਖਿਆ, ਜਿਨ੍ਹਾਂ ਦਾ ਜਨਮ 1880 'ਚ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਬੱਦੋਵਾਲ ਵਿਚ ਹੋਇਆ

ਸੀ। ਉਸਮਾਨ ਨੇ ਕੁਝ ਸਮਾਂ ਅੰਗਰੇਜ਼ ਫ਼ੌਜ ਵਿਚ ਵੀ ਨੌਕਰੀ ਕੀਤੀ। 27 ਸਾਲ ਦੀ ਉਮਰ 'ਚ ਉਹ ਅਮਰੀਕਾ ਚਲੇ ਗਏ। ਉਥੇ ਉਨ੍ਹਾਂ ਦਾ ਸਾਹਮਣਾ ਦਮਘੋਟੂ ਮਾਹੌਲ ਨਾਲ ਹੋਇਆ ਕਿਉਂਕਿ ਹਿੰਦੁਸਤਾਨੀਆਂ ਨਾਲ ਬਹੁਤ ਮਾੜਾ ਸਲੂਕ ਕੀਤਾ ਜਾਂਦਾ ਸੀ। ਫਿਰ ਉਹ ਗ਼ਦਰ ਲਹਿਰ ਵਿਚ ਸ਼ਾਮਲ ਹੋ ਗਏ। ਬਾਬਾ ਹਰੀ ਸਿੰਘ ਉਸਮਾਨ ਨੂੰ ਹਥਿਆਰਾਂ ਅਤੇ ਗੋਲੀਸਿੱਕੇ ਨਾਲ ਲੱਦੇ ਜਹਾਜ਼ ਨਾਲ ਜਾਣ ਦਾ ਬਹੁਤ ਹੀ ਨਾਜ਼ੁਕ ਅਤੇ ਖ਼ਤਰਨਾਕ ਕੰਮ ਸੌਂਪਿਆ ਗਿਆ। ਹਥਿਆਰ ਜੋ ਜਰਮਨੀ ਦੀ ਮਦਦ ਨਾਲ ਹਾਸਲ ਕੀਤੇ ਗਏ ਸਨ ਅਤੇ ਹਿੰਦੁਸਤਾਨ ਵਿਚ ਖ਼ਾਸ ਕੇਂਦਰਾਂ ਉਪਰ ਗ਼ਦਰੀਆਂ ਨੂੰ ਪਹੁੰਚਾਏ ਜਾਣੇ ਸਨ।

ਇਸੇ ਤਰ੍ਹਾਂ, *'ਜੰਞ ਲਾੜਿਆਂ ਦੀ'* ਸੱਤ ਗ਼ਦਰੀਆਂ ਦੀ ਸਰਬੋਤਮ ਕੁਰਬਾਨੀ 'ਤੇ ਅਧਾਰਤ ਹੈ। ਉਨ੍ਹਾਂ ਨੇ ਅੰਮ੍ਰਿਤਸਰ ਜ਼ਿਲ੍ਹੇ ਦੇ ਇਕ ਹੋਰ ਆਜ਼ਾਦੀ ਸੰਗਰਾਮੀਏ ਪੰਡਤ ਸੋਹਣ ਲਾਲ ਪਾਠਕ ਦੀ ਭਾਵੁਕ ਗਾਥਾ ਬਿਆਨ ਕੀਤੀ ਹੈ। ਜਿਨ੍ਹਾਂ ਦਾ ਜਨਮ 7 ਜਨਵਰੀ 1883 'ਚ ਪੱਟੀ, ਅੰਮ੍ਰਿਤਸਰ, ਦੇ ਇਕ ਗ਼ਰੀਬ ਬ੍ਰਾਹਮਣ ਪਰਿਵਾਰ ਵਿਚ ਪੰਡਿਤ ਚੰਦਾ ਰਾਮ ਦੇ ਘਰ ਹੋਇਆ ਸੀ। ਪਾਠਕ ਨੇ ਲਾਲਾ ਲਾਜਪਤ ਰਾਏ ਅਤੇ ਹੋਰ ਕੌਮੀ ਆਗੂਆਂ ਨਾਲੋਂ ਰਿਸ਼ਤਾ ਤੋੜ ਲੈਣ ਦੇ ਹੈੱਡਮਾਸਟਰ ਦੇ ਫ਼ਰਮਾਨ ਵਿਰੁੱਧ ਰੋਸ ਪ੍ਰਗਟਾਉਂਦਿਆਂ ਪ੍ਰਚਾਰਕ ਦੀ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ ਸੀ। ਇਸ ਪਿੱਛੋਂ ਉਹ ਲਾਲਾ ਲਾਜਪਤ ਰਾਏ ਦੇ ਮਤਹਿਤ ਕੰਮ ਕਰਦਿਆਂ ਗ਼ਦਰੀ ਰਸਾਲੇ 'ਬੰਦੇ ਮਾਤਰਮ' ਦੇ ਜਾਇੰਟ ਐਡੀਟਰ ਬਣੇ। ਫਿਰ ਪਾਠਕ ਨੇ ਆਪਣੀਆਂ ਸਰਗਰਮੀਆਂ ਦਾ ਕੇਂਦਰ ਬਰਮਾ ਨੂੰ ਬਣਾ ਲਿਆ। ਤੁਰੰਤ ਉਨ੍ਹਾਂ ਦੀ ਭਾਲ ਸ਼ੁਰੂ ਹੋ ਗਈ। ਉਨ੍ਹਾਂ ਨੂੰ ਫੜ੍ਹਨਾ ਸੁਖਾਲਾ ਨਹੀਂ ਸੀ ਕਿਉਂਕਿ ਉਹ ਮੁਕਾਮੀ ਜ਼ੁਬਾਨ ਜਾਣਦੇ ਸਨ ਅਤੇ ਉਸ ਮੁਲਕ ਵਿਚ ਉੱਥੋਂ ਦੇ ਲੋਕਾਂ ਦੇ ਭੇਸ ਵਿਚ ਵਿਚਰਦੇ ਸਨ। ਆਖ਼ਿਰਕਾਰ ਅਗਸਤ 1915 'ਚ ਹਕੂਮਤ ਉਨ੍ਹਾਂ ਨੂੰ ਮੇਮੀਓ (ਬਰਮਾ) ਤੋਂ ਗ੍ਰਿਫ਼ਤਾਰ ਕਰਨ 'ਚ ਕਾਮਯਾਬ ਹੋ ਗਈ। ਮੁਕੱਦਮੇ ਦੌਰਾਨ ਉਨ੍ਹਾਂ ਨੂੰ ਮਾਂਡਲੇ ਦੇ ਕਿਲ੍ਹੇ ਵਿਚ ਕੈਦ ਰੱਖਿਆ ਗਿਆ। ਅਦਾਲਤ ਨੇ ਉਨ੍ਹਾਂ ਨੂੰ ਦੋਸ਼ੀ ਕਰਾਰ ਦਿੱਤਾ ਅਤੇ 10 ਫਰਵਰੀ 1916 ਨੂੰ ਉਨ੍ਹਾਂ ਨੂੰ ਫਾਂਸੀ ਦੇ ਦਿੱਤੀ ਗਈ।

ਕੈਨੇਡੀਅਨ ਸਿੱਖ ਅਤੇ ਕਾਮਾਗਾਟਾ ਮਾਰੂ ਕਤਲੇਆਮ ਗਿਆਨੀ ਜੀ ਵਲੋਂ ਖ਼ੁਦ ਸਖ਼ਤ ਘਾਲਣਾ ਘਾਲਕੇ ਜੁਟਾਏ ਇਤਿਹਾਸਕ ਦਸਤਾਵੇਜ਼ਾਂ 'ਤੇ ਅਧਾਰਤ ਰਚਨਾ ਹੈ ਜੋ ਉਨ੍ਹਾਂ ਨੇ 1989 'ਚ ਆਪਣੇ ਵਲੋਂ ਹੀ ਛਪਵਾਈ ਸੀ। ਉਨ੍ਹਾਂ ਨੇ ਕੈਨੇਡਾ ਅਤੇ ਹੋਰ ਮੁਲਕਾਂ ਵਿਚ ਗੁਰਦਵਾਰਿਆਂ ਦੀ ਗ਼ਦਰ ਲਹਿਰ ਨੂੰ ਅੱਗੇ ਵਧਾਉਣ ਵਿਚ ਦੇਣ ਨੂੰ ਕਲਮਬੰਦ ਕੀਤਾ। ਉਨ੍ਹਾਂ ਦੀ ਨਿੱਜੀ ਲਾਇਬ੍ਰੇਰੀ ਵਿਚ ਆਜ਼ਾਦੀ ਸੰਗਰਾਮੀਆਂ ਨਾਲ ਸਬੰਧਤ ਦੁਰਲੱਭ ਦਸਤਾਵੇਜ਼ ਅਤੇ ਤਸਵੀਰਾਂ ਸੰਗ੍ਰਹਿ ਕੀਤੀਆਂ ਹੋਈਆਂ ਸਨ।

ਆਪਣੀ ਸਵੈਜੀਵਨੀ, *'ਆਤਮ ਕਥਾ'* ਵਿਚ ਗਿਆਨੀ ਕੇਸਰ ਸਿੰਘ ਨੇ ਨਾ ਸਿਰਫ਼ ਦੇਸ਼ਭਗਤ ਬਾਰੇ ਲਿਖਿਆ ਹੈ, ਸਗੋਂ ਆਜ਼ਾਦੀ ਸੰਗਰਾਮ ਵਿਚ ਆਪਣੀ ਦੇਣ ਨੂੰ ਵੀ ਤਰਤੀਬਵਾਰ ਪੇਸ਼ ਕੀਤਾ ਹੈ। ਕੁਲ-ਮਿਲਾਕੇ ਉਨ੍ਹਾਂ ਦੀਆਂ ਲਿਖਤਾਂ ਲੋਕਾਂ ਦੀਆਂ ਗਹਿਰ-ਗੰਭੀਰ ਭਾਵਨਾਵਾਂ ਅਤੇ ਖ਼ਿਆਲਾਂ, ਉਨ੍ਹਾਂ ਦੀਆਂ ਰਵਾਇਤਾਂ, ਸੂਝ ਅਤੇ ਗਰਮਜੋਸ਼ੀ ਦਾ ਸੰਚਾਰ ਕਰਦੀਆਂ ਹਨ।

ਗ਼ਦਰ ਲਹਿਰ ਬਾਰੇ ਆਪਣੀਆਂ ਰਚਨਾਵਾਂ ਜ਼ਰੀਏ ਗਿਆਨੀ ਕੇਸਰ ਸਿੰਘ ਇਨਸਾਨੀਅਤ ਨੂੰ ਪ੍ਰੇਮ ਤੇ ਸਤਿਕਾਰ ਕਰਨ ਅਤੇ ਧਰਤੀ ਉਪਰ ਅਮਨ ਲਈ ਬੇਧੜਕ ਹੋ ਕੇ ਡੱਟ ਜਾਣ ਦੀ ਸਿਖਿਆ ਦਿੰਦੇ ਹਨ। ਇਨ੍ਹਾਂ ਰਚਨਾਵਾਂ ਵਿਚ ਗ਼ਦਰੀ ਲਟ-ਲਟ ਬਲਦੇ ਜਜ਼ਬੇ ਨਾਲ ਸਾਡੇ ਭਵਿੱਖ ਦਾ ਰਾਹ ਰੁਸ਼ਨਾਉਂਦੇ ਹਨ। ਗਿਆਨੀ ਜੀ ਨੇ ਨਿਰੋਲ ਸੱਚੀਆਂ ਅਤੇ ਸੰਭਵ ਘਟਨਾਵਾਂ ਦੀ ਤਸਵੀਰ ਇਸ ਤਰ੍ਹਾਂ ਪੇਸ਼ ਕੀਤੀ ਹੈ ਕਿ ਉਨ੍ਹਾਂ ਦੇ ਨਾਵਲ ਗ਼ਦਰ ਲਹਿਰ ਦਾ ਪ੍ਰਮਾਣਿਕ ਇਤਿਹਾਸ ਬਣ ਗਏ ਹਨ। ਉਨ੍ਹਾਂ ਨੇ ਹਰ ਘਟਨਾ ਦੀ ਖੋਜ ਸਦਾਚਾਰਕ ਤਾਕਤ ਦੇ ਜ਼ੋਰ ਕੀਤੀ ਹੈ।

ਇਕ ਲੇਖਕ ਅਤੇ ਇਕ ਸ਼ਖਸੀਅਤ ਵਜੋਂ ਗਿਆਨੀ ਜੀ ਆਪਣੇ ਪਾਠਕਾਂ ਵਿਚ ਬਹੁਤ ਸਤਿਕਾਰੇ ਗਏ। ਜਦੋਂ ਤਕ ਅਸੀਂ ਮਨੁੱਖੀ ਸਨਮਾਨ ਅਤੇ ਮੁਕਤੀ ਲਈ ਜੂਝਦੇ ਤੇ ਤਾਂਘਦੇ ਰਹਾਂਗੇ ਉਨ੍ਹਾਂ ਦੀਆਂ ਲਿਖਤਾਂ ਸਾਡੇ ਲਈ ਪ੍ਰੇਰਣਾ-ਸਰੋਤ ਬਣੀਆਂ ਰਹਿਣਗੀਆਂ। ਆਓ, ਗਿਆਨੀ ਜੀ ਸਮੇਤ ਗ਼ਦਰੀ ਨਾਇਕਾਂ ਨੂੰ ਰੂਸੀ ਕਵਿਤਰੀ ਫਾਜ਼ੂ ਆਲੀਏਵਾ ਦੇ ਲਫ਼ਜ਼ਾਂ ਨਾਲ ਯਾਦ ਕਰੀਏ:

ਜਦੋਂ ਤੁਸੀਂ ਦੂਰ ਹੁੰਦੇ ਹੋ
ਮੈਂ ਤੁਹਾਡੇ ਬਾਰੇ ਸੋਚਦੀ ਹਾਂ
ਸਮੁੰਦਰੀ ਲਹਿਰ
ਦੀ ਬੇਚੈਨ ਰੂਹ ਵਾਕੁਨ।

ਹਿੱਸਾ ਪੰਜਵਾਂ

ਪ੍ਰਭਾਵ/ਵਿਰਾਸਤ

ਭਗਤ ਸਿੰਘ ਅਤੇ ਗ਼ਦਰ ਲਹਿਰ
ਬਹਾਦਰੀ, ਵਿਚਾਰਧਾਰਾ ਅਤੇ ਜਥੇਬੰਦੀ ਦੇ ਸਵਾਲ

–ਹਰੀਸ਼ ਕੇ. ਪੁਰੀ

ਹਿੰਦੁਸਤਾਨੀ ਦੇ ਆਜ਼ਾਦੀ ਸੰਗਰਾਮ ਵਿਚ ਪੰਜਾਬੀਆਂ ਦੇ ਯੋਗਦਾਨ ਬਾਰੇ ਲਿਖਤਾਂ ਅੰਦਰ ਸਾਡੇ ਇਤਿਹਾਸਕਾਰਾਂ ਅਤੇ ਬੁੱਧੀਜੀਵੀਆਂ ਵਿਚ ਇਕ ਖ਼ਾਸ ਰੁਚੀ ਹਾਵੀ ਰਹੀ ਹੈ। ਇਹ ਸਿਆਸੀ ਲਹਿਰਾਂ ਅਤੇ ਹੋਰ ਸੰਘਰਸ਼ਾਂ ਨੂੰ ਉਨ੍ਹਾਂ ਮਾਇਨਿਆਂ 'ਚ ਦੇਖਣ–ਸਮਝਣ ਦੀ ਰੁਚੀ ਹੈ ਜੋ ਪੰਜਾਬੀਆਂ ਦੇ ਕਿਰਦਾਰ ਦੀਆਂ ਖ਼ਾਸ ਖ਼ੂਬੀਆਂ ਮੰਨੀਆਂ ਜਾਂਦੀਆਂ ਹਨ ਜਿਵੇਂ ਬਹਾਦਰੀ, ਬਦਲੇ ਦੀ ਭਾਵਨਾ, ਆਪਾਵਾਰੂ ਜੋਸ਼ ਅਤੇ ਸ਼ਹਾਦਤ ਦਾ ਚਾਓ। ਪੰਜਾਬ ਨਾਲ ਸਬੰਧਤ ਸਿਆਸੀ ਸੰਘਰਸ਼ਾਂ ਨੂੰ "ਪੰਜਾਬੀਆਂ ਦੀ ਬਹਾਦਰੀ ਦੀ ਰਵਾਇਤ" ਦੇ ਸਬੂਤ ਵਜੋਂ ਪੇਸ਼ ਕਰਨ ਦੀ ਜ਼ਾਹਰਾ ਰੁਚੀ ਮੌਜੂਦ ਰਹੀ ਹੈ। ਦਰਅਸਲ ਇੰਞ ਲਗਦਾ ਹੈ ਕਿ ਇਹ ਰੈਡੀਕਲ ਬਦਲਾਓ ਲਈ ਸੰਘਰਸ਼ਾਂ ਦਾ ਵਿਸ਼ਲੇਸ਼ਣ ਕਰਨ ਅਤੇ ਉਨ੍ਹਾਂ ਦਾ ਜਾਇਜ਼ਾ ਲੈਣ ਦੇ ਸਾਡੇ ਚੌਖਟੇ ਦੀ ਕੇਂਦਰੀ ਖ਼ਾਸੀਅਤ ਬਣ ਚੁੱਕੀ ਹੈ; ਜਿਵੇਂ ਸ਼ਹੀਦ ਹੋਣਾ, ਆਪਣਾ ਖ਼ੂਨ ਡੋਲ੍ਹਣਾ ਆਪਣੇ ਆਪ ਵਿਚ ਹੀ ਪਰਮ ਸਵੈ–ਮੁਕਤੀ ਹੋਵੇ।

ਮਿਸਾਲ ਵਜੋਂ, ਇਕ ਉੱਘੇ ਇਤਿਹਾਸਕਾਰ ਨੇ ਅੰਮ੍ਰਿਤਸਰ ਸ਼ਹਿਰ ਦੇ ਇਤਿਹਾਸ ਬਾਰੇ ਆਪਣੀ ਕਿਤਾਬ ਵਿਚ 13 ਅਪ੍ਰੈਲ 1919 ਦੇ ਜਲ੍ਹਿਆਂ ਵਾਲਾ ਬਾਗ਼ ਦੇ ਸਾਕੇ ਬਾਰੇ ਲਿਖਦਿਆਂ ਜ਼ੋਰ ਦੇ ਕੇ ਕਿਹਾ ਕਿ ਇਕ ਵਾਰ ਹੀ ਵੱਧ ਤੋਂ ਵੱਧ ਖ਼ੂਨ ਡੋਲ੍ਹਣ ਕਾਰਨ ਇਸ ਸ਼ਹਿਰ ਦਾ ਰੁਤਬਾ ਨਿਆਰਾ ਹੈ। ਸਾਡੇ ਇਤਿਹਾਸ ਦੀ ਇਕ ਸਭ ਤੋਂ ਘ੍ਰਿਣਤ ਅਤੇ ਘਿਣਾਉਣੀ ਘਟਨਾ ਬਿਆਨ ਕਰਦੇ ਹੋਏ ਖ਼ਾਸ ਮਾਣ ਮਹਿਸੂਸ ਕਰਨ ਦੀ ਇਸ ਤਰ੍ਹਾਂ ਦੀ ਲਲਕ ਮਹਿਜ਼ ਤਰਸਯੋਗ ਹੀ ਨਹੀਂ, ਇਹ ਇਤਿਹਾਸ ਲਿਖਦਿਆਂ ਇਸ ਨੂੰ ਤੋੜ–ਮਰੋੜਕੇ ਪੇਸ਼ ਕਰਨ ਵਾਲਾ ਕਾਰਕ ਵੀ ਹੋ ਨਿੱਬੜਦੀ ਹੈ। ਇਹ ਚੁੜੇਰੇ ਇਤਿਹਾਸਕ ਪ੍ਰਸੰਗ, ਟਕਰਾਵੇਂ ਖ਼ਿਆਲਾਂ ਅਤੇ ਤਾਕਤਾਂ, ਮਨੋਰਥਾਂ ਅਤੇ ਯੁੱਧਨੀਤੀ ਵਗੈਰਾ ਦੇ ਹਵਾਲੇ ਨਾਲ ਵਿਸ਼ਲੇਸ਼ਣ ਕਰਨ ਦੇ ਮੁਸ਼ਕਲ ਕਾਰਜ ਨੂੰ ਦਰਕਿਨਾਰ ਕਰਨ ਦੀ ਰੁਚੀ ਨੂੰ ਵੀ ਦਰਸਾਉਂਦੀ ਸੀ। ਇਸ ਲਈ, ਇਕ ਖ਼ਾਸ ਲਹਿਰ ਦੇ ਅਸਫ਼ਲ ਹੋਣ ਨੂੰ ਸਮਝਣ ਦਾ ਯਤਨ ਕਰਦਿਆਂ ਸਾਡੇ ਵਿੱਚੋਂ ਕਈਆਂ ਦਾ ਝੁਕਾਅ ਵਿਅਕਤੀਗਤ ਕਮਜ਼ੋਰੀਆਂ ਨੂੰ ਦੋਸ਼ ਦੇਣ ਜਾਂ ਚੀਜ਼ਾਂ ਨੂੰ ਖ਼ਾਸ ਜਾਸੂਸਾਂ, ਅੰਦਰਲਿਆਂ, ਗ਼ਦਾਰਾਂ ਜਾਂ ਉਨ੍ਹਾਂ ਦੇ ਵਿਸਾਹਘਾਤ ਵਗੈਰਾ ਵਜੋਂ ਬਿਆਨ ਕਰਨ ਦਾ ਰਿਹਾ ਹੈ ਜੋ ਆਪਣੀ ਖੱਲ ਬਚਾਉਣ ਲਈ ਵਾਅਦਾ–ਮੁਆਫ਼ ਬਣ ਗਏ। ਮਸਲਨ, ਦੇਸ਼ਭਗਤ ਯਾਦਗਾਰ ਕਮੇਟੀ ਦੇ ਅਧਿਕਾਰਤ ਇਤਿਹਾਸਕਾਰਾਂ ਵਲੋਂ ਵੀ

"ਮੁਖ਼ਬਰ ਮਾਰ ਗਿਆ" ਨੂੰ 1913–1918 ਦੀ ਗ਼ਦਰ ਇਨਕਲਾਬੀ ਲਹਿਰ ਦੀ ਅਸਫ਼ਲਤਾ ਦੀ ਚੋਖੀ ਵਿਆਖਿਆ ਮੰਨ ਲਿਆ ਗਿਆ।

ਵਿਅਕਤੀਆਂ ਤੇ ਗਰੁੱਪਾਂ ਦੇ ਤਾਕਤਵਰ ਪੱਖਾਂ ਅਤੇ ਕਮਜ਼ੋਰੀਆਂ ਦੇ ਅੰਤਰਮੁਖੀ ਪਹਿਲੂ ਨਿਸ਼ਚੇ ਹੀ ਅਹਿਮ ਸਨ। ਇਨਕਲਾਬੀ ਜਜ਼ਬੇ ਅਤੇ ਡੂੰਘੀ ਵਚਨਬਧਤਾ ਤੋਂ ਬਗ਼ੈਰ ਕੋਈ ਵੀ ਇਨਕਲਾਬੀ ਲਹਿਰ ਸੰਭਵ ਨਹੀਂ। ਪਰ ਜੇ ਅਤੇ ਜਦੋਂ ਵਿਅਕਤੀਗਤ ਖ਼ੂਬੀਆਂ ਨੂੰ ਲਹਿਰ ਦੀ ਕਾਮਯਾਬੀ ਅਤੇ ਨਾਕਾਮਯਾਬੀ ਨੂੰ ਤੈਅ ਕਰਨ ਦੇ ਪੱਧਰ ਤਕ ਉੱਚਾ ਚੁੱਕ ਦਿੱਤਾ ਜਾਵੇ ਤਾਂ ਬਾਹਰਮੁਖੀ ਇਤਿਹਾਸਕ ਹਾਲਾਤ ਦੇ ਹਾਸਲ ਪ੍ਰਸੰਗ ਅੰਦਰ ਵਿਚਾਰਧਾਰਕ ਗੁਰਬੰਦੀਆਂ, ਲੀਡਰਸ਼ਿਪ ਤੇ ਜਥੇਬੰਦੀ ਦੀ ਗੁਣਵੱਤਾ, ਯੁੱਧਨੀਤੀ ਤੇ ਦਾਅਪੇਚਾਂ ਦਾ ਵਿਸ਼ਲੇਸ਼ਣ ਲੇਖਕਾਂ ਲਈ ਉਨਾ ਪ੍ਰਸੰਗਕ ਜਾਂ ਉਨਾ ਅਹਿਮ ਨਹੀਂ ਰਹਿ ਜਾਂਦਾ। ਇਸ ਦਾ ਸਿੱਟਾ ਇਤਿਹਾਸ ਦੀ ਤੋੜ–ਮਰੋੜ ਵਿਚ ਨਿਕਲਦਾ ਹੈ।

ਇਸ ਤਰ੍ਹਾਂ ਦੇ ਪੱਖਪਾਤ ਦਾ ਸਿੱਟਾ ਇਹ ਹੁੰਦਾ ਹੈ ਕਿ ਅਜਿਹੀਆਂ ਇਤਿਹਾਸਕ ਲਿਖਤਾਂ ਵਿਚ ਫੋਕਸ ਇਕ ਪਾਸੇ "ਦੁਸ਼ਮਣ" ਨੂੰ ਮਾਰਨ ਦੀ ਕਿਸੇ ਵਾਰਦਾਤ ਜਾਂ ਇਕ ਨਾਇਕ ਦੀ ਵਿਅਕਤੀਗਤ ਬਹਾਦਰੀ ਜਾਂ ਗੁਣਾਂ ਦੇ ਕਿੱਸਿਆਂ ਵੱਲ ਅਤੇ ਦੂਜੇ ਪਾਸੇ ਕਿਸੇ ਵਿਅਕਤੀ/ਵਿਅਕਤੀਆਂ ਦੀ ਗ਼ੈਰਈਮਾਨਦਾਰੀ, ਗ਼ਦਾਰੀ, ਵਿਸਾਹਘਾਤ, ਬੁਜ਼ਦਿਲੀ ਵਗੈਰਾ 'ਤੇ ਕੇਂਦਰਤ ਹੋ ਜਾਂਦਾ ਹੈ। ਇੰਞ ਬਸਤੀਵਾਦੀ ਜਾਬਰ ਵਿਰੁੱਧ ਆਮ ਲੋਕਾਂ ਦੇ ਦ੍ਰਿੜ ਪਰ ਖ਼ਾਮੋਸ਼ ਟਾਕਰੇ 'ਤੇ ਅਧਾਰਤ ਲਹਿਰਾਂ ਅਤੇ ਉਸ ਟਾਕਰੇ, ਜਿਸ ਵਿਚ ਦੱਬੇ–ਕੁਚਲਿਆਂ ਨੇ "ਨਿਤਾਣਿਆਂ ਵਾਲੇ" ਗ਼ੈਰਕ੍ਰਿਸ਼ਮਈ "ਹਥਿਆਰਾਂ" ਦਾ ਸਹਾਰਾ ਲਿਆ, ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ। ਸਰਦਾਰ ਅਜੀਤ ਸਿੰਘ ਅਤੇ ਸੂਫ਼ੀ ਅੰਬਾ ਪ੍ਰਸਾਦ ਦੀ ਅਗਵਾਈ ਵਾਲੀ ਕਿਸਾਨ ਲਹਿਰ ਦੇ ਮਾਮਲੇ ਵਿਚ, ਇਸ ਲਹਿਰ ਵਲੋਂ ਕਿਸਾਨਾਂ ਦੀ ਸਿਆਸੀ ਚੇਤਨਾ ਦਾ ਪੱਧਰ ਉੱਚਾ ਚੁੱਕਣ ਤੇ ਉਨ੍ਹਾਂ ਦੀ ਹਿੱਸੇਦਾਰੀ ਨੂੰ ਵਧਾਉਣ ਵਿਚ ਜੋ ਅਤਿਅੰਤ ਭੂਮਿਕਾ ਨਿਭਾਈ ਗਈ ਨਾ ਉਸ ਦੀ ਉਨੀ ਛਾਣਬੀਣ ਕੀਤੀ ਗਈ ਅਤੇ ਨਾ ਉਸ ਬਾਰੇ ਲਿਖਿਆ ਗਿਆ। ਅਜੀਤ ਸਿੰਘ ਅਤੇ ਲਾਜਪਤ ਰਾਏ ਦੀ ਜਲਾਵਤਨੀ ਦੀ ਘਟਨਾ ਵੱਲ ਬਹੁਤ ਜ਼ਿਆਦਾ ਤਵੱਜੋ ਦਿੱਤੀ ਗਈ। ਇਸੇ ਤਰ੍ਹਾਂ, 1928 ਤੋਂ ਲੈ ਕੇ ਕਿਸਾਨਾਂ ਤੇ ਮੁਜ਼ਾਰਿਆਂ ਦੇ ਸੰਘਰਸ਼ਾਂ ਨੇ ਬਣਦਾ ਧਿਆਨ ਨਹੀਂ ਖਿੱਚਿਆ। ਨਾਮਧਾਰੀ ਸੰਘਰਸ਼ ਬਾਰੇ ਕੁਲ ਲਿਖਤਾਂ 66 "ਕੂਕਿਆਂ" ਨੂੰ ਤੋਪਾਂ ਨਾਲ ਉਡਾਏ ਜਾਣ ਦੇ ਵਹਿਸ਼ੀ ਕਾਂਡ ਉਪਰ ਕੇਂਦਰਤ ਰਹੀਆਂ, ਪਰ ਉਸ ਲਹਿਰ ਦੇ ਇਤਿਹਾਸ ਅੰਦਰ ਖ਼ਿਆਲਾਂ, ਉਦੇਸ਼ਾਂ ਅਤੇ ਜਥੇਬੰਦੀ ਵੱਲ ਉਨਾ ਧਿਆਨ ਨਹੀਂ ਦਿੱਤਾ ਗਿਆ।

ਇਸ ਨੁਕਤੇ ਬਾਰੇ ਸ਼ਹੀਦ ਭਗਤ ਸਿੰਘ ਬਾਰੇ ਆਮ ਸਮਝ ਅਤੇ ਲਿਖਤਾਂ ਦੇ ਹਵਾਲੇ ਨਾਲ ਚਰਚਾ ਕੀਤੀ ਜਾ ਸਕਦੀ ਹੈ। ਜਿਵੇਂ ਅਸੀਂ ਦੇਖ ਚੁੱਕੇ ਹਾਂ, ਪ੍ਰਮੁੱਖ ਜ਼ੋਰ ਉਸਦੀ ਸ਼ਹਾਦਤ ਦੇ ਮਹਾਨ ਕਾਰਨਾਮੇ ਅਤੇ ਪੁਲਿਸ ਅਫ਼ਸਰ ਜੇ.ਪੀ.ਸਾਂਡਰਸ ਦੇ ਕਤਲ ਅਤੇ ਕੇਂਦਰੀ ਅਸੰਬਲੀ ਵਿਚ ਦੋ ਬੰਬ ਸੁੱਟਣ ਦੀ ਉਸਦੀ ਦਲੇਰਾਨਾ ਕਾਰਵਾਈ ਉਪਰ ਦਿੱਤਾ ਗਿਆ। ਇਨ੍ਹਾਂ ਕਾਰਵਾਈਆਂ ਦੀ ਵੱਡੀ ਸਿਆਸੀ ਅਹਿਮੀਅਤ ਸੀ। ਆਪਣੀਆਂ ਲਿਖਤਾਂ ਅਤੇ ਤਕਰੀਰਾਂ ਵਿਚ ਅਸੀਂ ਇਨ੍ਹਾਂ ਨਾਲ ਜੁੜੀ ਅਹਿਮੀਅਤ ਨੂੰ ਖ਼ੂਬ ਸਮਝਦੇ ਹਾਂ। ਜਦਕਿ, ਭਗਤ ਸਿੰਘ ਵਲੋਂ ਜੇਲ੍ਹ ਵਿਚ ਸਿਆਸੀ

ਕੈਦੀਆਂ ਦੇ ਹੱਕਾਂ ਲਈ ਮਰਨ ਵਰਤ ਜਾਂ ਭੁੱਖ ਹੜਤਾਲ ਦਾ ਸਹਾਰਾ ਲੈਣ ਦੀ ਸਿਆਸੀ ਅਹਿਮੀਅਤ ਵੀ ਘੱਟ ਨਹੀਂ ਸੀ। ਜਿਵੇਂ ਜੇਲ੍ਹ ਦੇ ਕਾਇਦਾ-ਏ-ਕਾਨੂੰਨਾਂ ਵਿਚ ਬਿਆਨ ਕੀਤਾ ਗਿਆ ਸੀ, ਇਕ ਪਾਸੇ ਅੰਗਰੇਜ਼ ਤੇ ਯੂਰਪੀ ਕੈਦੀਆਂ ਅਤੇ ਦੂਜੇ ਪਾਸੇ ਹਿੰਦੁਸਤਾਨੀ ਸਿਆਸੀ ਕੈਦੀਆਂ ਨਾਲ ਕੀਤੇ ਜਾਂਦੇ ਸਲੂਕ ਦਰਮਿਆਨ ਵੱਡਾ ਪਾੜਾ ਬਹੁਤ ਹੀ ਬੇਇੱਜ਼ਤ ਕਰਨ ਵਾਲਾ ਸੀ। ਉਨ੍ਹਾਂ ਦੀ ਭੁੱਖ-ਹੜਤਾਲ ਨੇ, ਜਿਸ ਵਿਚ ਵਿਹਾਰਕ ਤੌਰ 'ਤੇ ਹਿੰਦੁਸਤਾਨ ਦੀਆਂ ਵੱਖੋ-ਵੱਖਰੀਆਂ ਜੇਲ੍ਹਾਂ ਵਿਚ ਬੰਦ ਸਾਰੇ ਸਿਆਸੀ ਕੈਦੀ ਸ਼ਾਮਲ ਹੋ ਗਏ ਸਨ, ਮੁਲਕ ਵਿਚ ਬਸਤੀਵਾਦੀ ਨਿਜ਼ਾਮ ਵਿਰੁੱਧ ਵਿਆਪਕ ਜਨਤਕ ਗੁੱਸਾ ਪੈਦਾ ਕਰ ਦਿੱਤਾ। ਉਸ ਹੜਤਾਲ ਦੌਰਾਨ – ਜਿਸ ਨੂੰ ਮਹਾਤਮਾ ਗਾਂਧੀ ਨੇ "ਆਤਮ ਬਲ" ਕਿਹਾ ਸੀ ਉਹ ਰਾਹ ਅਪਣਾਏ ਜਾਣ 'ਤੇ – ਮੋਤੀਲਾਲ ਨਹਿਰੂ, ਮੁਹੰਮਦ ਅਲੀ ਜਿਨਾਹ, ਜਵਾਹਰਲਾਲ ਨਹਿਰੂ ਅਤੇ ਸੁਭਾਸ਼ ਚੰਦਰ ਬੋਸ ਵਰਗੇ ਬਹੁਤ ਸਾਰੇ ਸਿਆਸੀ ਆਗੂ ਅਤੇ ਹਿੰਦੁਸਤਾਨੀ ਅਖ਼ਬਾਰਾਂ ਦਾ ਇਕ ਅਹਿਮ ਹਿੱਸਾ ਇਨਕਲਾਬੀਆਂ ਦੀ ਹਮਾਇਤ ਵਿਚ ਖੜ੍ਹ ਗਏ। ਉਸ ਸਿਆਸੀ ਕਾਰਵਾਈ ਦਾ ਅਵਾਮ ਦੇ ਦਿਲੋ-ਦਿਮਾਗਾਂ ਨੂੰ ਮੋਹ ਲੈਣ ਵਿਚ ਭਾਰੀ ਯੋਗਦਾਨ ਸੀ, ਜਿਵੇਂ ਮੁਕੱਦਮੇ ਦੌਰਾਨ ਅਦਾਲਤ ਵਿਚ ਦਿੱਤੇ ਭਗਤ ਸਿੰਘ ਦੇ ਬਿਆਨਾਂ ਦਾ ਯੋਗਦਾਨ ਸੀ। ਉਨ੍ਹਾਂ ਦੇ ਸੰਘਰਸ਼ ਦੇ ਇਸ ਪਸਾਰ ਵੱਲ ਬਹੁਤ ਘੱਟ ਧਿਆਨ ਦਿੱਤਾ ਗਿਆ ਹੈ।

ਸ਼ਾਇਦ, ਇਕ ਹੋਰ ਵੀ ਅਹਿਮ ਪਸਾਰ ਕੇਂਦਰੀ ਜੇਲ੍ਹ ਲਾਹੌਰ ਦੀ ਇਕਾਂਤ ਵਿਚ ਭਗਤ ਸਿੰਘ ਦੀ ਆਪਣੀ ਜ਼ਿੰਦਗੀ ਦੇ ਆਖ਼ਰੀ ਛੇ ਮਹੀਨਿਆਂ ਦੌਰਾਨ ਇਨਕਲਾਬੀ ਸਿਆਸੀ ਵਿਚਾਰਧਾਰਾ ਅਤੇ ਯੁੱਧਨੀਤੀ ਦੇ ਮਾਮਲਿਆਂ ਬਾਰੇ ਗੰਭੀਰ ਮੁੜ-ਵਿਚਾਰ ਸੀ। ਉਸ ਦੇ ਸੱਜਰੇ ਨਵੇਂ ਖ਼ਿਆਲ ਉਸ ਦੀਆਂ ਤਿੰਨ ਅਹਿਮ ਲਿਖਤਾਂ ਵਿਚ ਦਿੱਤੇ ਗਏ ਹਨ – *ਮੈਂ ਨਾਸਤਿਕ ਕਿਉਂ ਹਾਂ*, ਲਾਲਾ ਰਾਮ ਸਰਨ ਦਾਸ ਦੀ ਕਿਤਾਬ *ਡਰੀਮਲੈਂਡ* ਦੀ "ਭੂਮਿਕਾ" ਅਤੇ "ਨੌਜਵਾਨਾਂ ਸਿਆਸੀ ਕਾਰਕੁਨਾਂ" ਦੇ ਨਾਂ 2 ਫਰਵਰੀ 1931 ਦਾ ਦਸਤਾਵੇਜ਼। ਉਸਦੇ ਸਾਥੀ ਜਤਿੰਦਰਨਾਥ ਸਾਨਿਆਲ ਅਨੁਸਾਰ ਮਗਰਲੇ ਨੂੰ "ਭਗਤ ਸਿੰਘ ਦੀ ਆਖ਼ਰੀ ਵਸੀਅਤ" ਮੰਨਿਆ ਜਾਂਦਾ ਸੀ। ਜਦੋਂਕਿ ਇਨ੍ਹਾਂ ਖ਼ਿਆਲਾਂ ਵੱਲ ਬਹੁਤੀ ਤਵੱਜੋ ਨਹੀਂ ਦਿੱਤੀ ਗਈ। ਪਹਿਲੀ ਗੱਲ ਤਾਂ ਉਸਦੇ ਆਪਣੇ ਦਿਮਾਗ ਵਿਚ ਚਲ ਰਹੇ ਮੰਥਨ ਅਤੇ ਉਨ੍ਹਾਂ ਸਿਆਸੀ ਧਾਰਨਾਵਾਂ ਵਿਚ ਆਏ ਬਦਲਾਓ ਬਾਰੇ ਉਸ ਦੇ ਇਕਬਾਲੀਆ ਵੇਰਵੇ ਨੂੰ ਯਾਦ ਰੱਖਣਾ ਜ਼ਰੂਰੀ ਹੈ, ਜੋ ਕਾਕੋਰੀ ਮਾਮਲੇ ਦੇ ਇਨਕਲਾਬੀਆਂ ਦੀ ਸ਼ਹਾਦਤ ਤਕ ਉਸਦੇ ਦ੍ਰਿੜ ਖ਼ਿਆਲ ਰਹੇ ਸਨ। ਜਿਵੇਂ ਉਸ ਨੇ ਖ਼ੁਦ ਬਿਆਨ ਕੀਤਾ:

> "ਉਸ ਅਰਸੇ ਤੱਕ ਮੈਂ ਸਿਰਫ਼ ਰੋਮਾਂਟਕ ਵਿਚਾਰਵਾਦੀ ਇਨਕਲਾਬੀ ਸੀ। ਉਦੋਂ ਤੱਕ ਤਾਂ ਅਸੀਂ ਸਿਰਫ ਅਨੁਯਾਈ ਹੀ ਸਾਂ। ਫੇਰ ਸਾਰੀ ਜ਼ਿੰਮੇਂਵਾਰੀ ਆਪਣੇ ਮੋਢਿਆਂ ਉੱਤੇ ਲੈਣ ਦਾ ਵੇਲਾ ਆਇਆ। ਕੁਝ ਚਿਰ ਪਾਰਟੀ ਦੀ ਅਟੱਲ ਵਿਰੋਧਤਾ ਕਾਰਨ ਇਹਦੀ ਹੋਂਦ ਹੀ ਖ਼ਤਰੇ ਵਿਚ ਸੀ। ਜੋਸ਼ ਨਾਲ ਭਰੇ ਕਾਮਰੇਡ – ਨਹੀਂ ਸਗੋਂ ਆਗੂ ਵੀ – ਮਜ਼ਾਕ ਉਡਾਉਣ ਲੱਗੇ। ਕੁਝ ਚਿਰ ਮੈਨੂੰ ਵੀ ਸੰਸਾ ਰਿਹਾ ਕਿ ਕਿਸੇ ਦਿਨ ਮੈਨੂੰ ਵੀ ਆਪਣੀ ਪਾਰਟੀ ਦੇ ਪ੍ਰੋਗਰਾਮ ਦੀ ਨਿਸਫ਼ਲਤਾ

ਦਾ ਯਕੀਨ ਹੋ ਜਾਵੇਗਾ। ਇਹ ਮੇਰੇ ਇਨਕਲਾਬੀ-ਜੀਵਨ (ਕੈਰੀਅਰ) ਵਿਚ ਆਇਆ ਵੱਡਾ ਮੋੜ ਸੀ। "ਅਧਿਅਨ ਕਰਨ" ਦੇ ਅਹਿਸਾਸ ਦੀਆਂ ਤਰੰਗਾਂ ਮੇਰੇ ਮਨ ਵਿਚ ਉਭਰਦੀਆਂ ਰਹੀਆਂ।" [ਜ਼ੋਰ ਮੇਰੇ ਵਲੋਂ]

ਜਿਵੇਂ ਉਸ ਵਲੋਂ ਵਿਸਤਾਰ 'ਚ ਦੱਸਿਆ ਗਿਆ, ਅਧਿਐਨ ਵਿਰੋਧੀਆਂ ਦੀਆਂ ਦਲੀਲਾਂ ਦਾ ਸਾਹਮਣਾ ਕਰਨ ਦੇ ਕਾਬਲ ਬਣਨ ਦੀ ਖਾਹਸ਼ ਦੀ ਕੁੰਜੀ ਬਣ ਗਿਆ। ਅਧਿਐਨ ਅਤੇ ਸੋਚ-ਵਿਚਾਰ ਆਪਣੇ ਅਕੀਦੇ ਦੇ ਹੱਕ 'ਚ ਦਲੀਲਾਂ ਨਾਲ ਲੈਸ ਹੋਣ ਦਾ ਧੁਰਾ ਬਣ ਗਏ। "ਮੈਂ ਅਧਿਅਨ ਕਰਨਾ ਸ਼ੁਰੂ ਕਰ ਦਿੱਤਾ", ਅਤੇ ਜਿਵੇਂ ਉਸਨੇ ਆਪਣੇ ਬਾਰੇ ਵਿਸਤਾਰ 'ਚ ਲਿਖਿਆ:

"ਮੇਰੇ ਪਹਿਲੇ ਅਕੀਦੇ ਤੇ ਵਿਸ਼ਵਾਸਾਂ ਵਿਚ ਬਹੁਤ ਵੱਡੀ ਤਬਦੀਲੀ ਆ ਗਈ। ਸਾਡੇ ਤੋਂ ਪਹਿਲਾਂ ਦੇ ਇਨਕਲਾਬੀਆਂ ਵਿਚ ਸਿਰਫ ਤਸ਼ੱਦਦ ਦੇ ਤੌਰ-ਤਰੀਕਿਆਂ ਦਾ ਰੋਮਾਂਸ ਏਨਾ ਭਾਰੂ ਸੀ, ਹੁਣ ਉਹਦੀ ਥਾਂ ਗੰਭੀਰ ਵਿਚਾਰਾਂ ਨੇ ਲੈ ਲਈ। ਹੁਣ ਰਹੱਸਵਾਦ ਵਾਸਤੇ ਅੰਧ-ਵਿਸ਼ਵਾਸ ਵਾਸਤੇ ਕੋਈ ਥਾਂ ਨਾ ਰਹੀ। ਯਥਾਰਥਵਾਦ ਸਾਡਾ ਸਿਧਾਂਤ ਹੋ ਗਿਆ। ਸਖ਼ਤ ਲੋੜ ਵੇਲੇ ਤਾਕਤ ਦੀ ਵਰਤੋਂ ਜਾਇਜ਼ ਹੈ: ਅਹਿੰਸਾ ਸਾਰੀਆਂ ਜਨਤਕ ਲਹਿਰਾਂ ਦੀ ਅਟੁੱਟ ਨੀਤੀ ਹੈ। ਮੈਂ ਤੌਰ-ਤਰੀਕਿਆਂ ਬਾਰੇ ਕਾਫ਼ੀ ਆਖ ਚੁੱਕਾ ਹਾਂ। ਸਭ ਤੋਂ ਅਹਿਮ ਇਹ ਗੱਲ ਸੀ ਕਿ ਜਿਸ ਆਦਰਸ਼ ਵਾਸਤੇ ਅਸੀਂ ਜੂਝਣਾ ਹੈ। ਉਹਦਾ ਸਪੱਸ਼ਟ ਸੰਕਲਪ ਸਾਡੇ ਸਾਹਮਣੇ ਹੋਵੇ।" [ਜ਼ੋਰ ਮੇਰੇ ਵਲੋਂ]

ਉਹ ਆਪਣੇ ਨਵੇਂ ਵਿਸ਼ਵਾਸ 'ਤੇ ਜ਼ੋਰ ਦੇਣ ਲਈ ਵਾਰ-ਵਾਰ ਇਸ ਨੁਕਤੇ ਵੱਲ ਆਉਂਦੇ ਹਨ: "ਜਿਹੜਾ ਵੀ ਮਨੁੱਖ ਪ੍ਰਗਤੀ ਦਾ ਹਾਮੀ ਹੈ, ਉਸਨੂੰ ਲਾਜ਼ਮੀ ਤੌਰ ਉਤੇ ਪੁਰਾਣੇ ਵਿਸ਼ਵਾਸ ਦੀ ਹਰ ਗੱਲ ਦੀ ਆਲੋਚਨਾ ਕਰਨੀ ਪਏਗੀ, ਇਹਦੇ ਵਿਚ ਅਵਿਸ਼ਵਾਸ ਪ੍ਰਗਟ ਕਰਨਾ ਪਏਗਾ, ਤੇ ਇਹਦੇ ਹਰ ਪਹਿਲੂ ਨੂੰ ਵੰਗਾਰਨਾ ਪਏਗਾ। ਪ੍ਰਚੱਲਤ ਵਿਸ਼ਵਾਸ ਦੀ ਇਕੱਲੀ-ਇਕੱਲੀ ਗੱਲ ਦੀ ਬਾਦਲੀਲ ਪੁਣਛਾਣ ਕਰਨੀ ਹੋਵੇਗੀ।" ਉਹ ਗ਼ਦਰ ਲਹਿਰ ਤੋਂ, ਗ਼ਦਰੀ ਨਾਇਕਾਂ ਵਲੋਂ ਕੀਤੀਆਂ ਖ਼ਾਸ ਤੌਰ 'ਤੇ ਆਹਲਾ ਦਰਜ਼ੇ ਦੀਆਂ ਕੁਰਬਾਨੀਆਂ ਤੋਂ ਅਤੇ ਇਸ ਦੀ ਵਿਚਾਰਧਾਰਾ ਨੇ ਸਿੱਧੇ-ਸਾਦੇ ਕਿਸਾਨ ਕਾਮਿਆਂ ਦੇ ਖ਼ਿਆਲਾਂ ਤੇ ਰਵੱਈਆਂ ਦੀ ਜਿਵੇਂ ਕਾਇਆਪਲਟੀ ਕੀਤੀ ਉਸ ਤੋਂ ਡੂੰਘੇ ਤੌਰ 'ਤੇ ਪ੍ਰਭਾਵਤ ਸੀ। ਇਹ ਬਹੁਤ ਹੀ ਦੁੱਖ ਦੀ ਗੱਲ ਸੀ ਕਿ ਜਿਸ ਲਹਿਰ ਵਿਚ ਇਨਕਲਾਬੀ ਬਦਲਾਓ ਦੀ ਜ਼ਬਰਦਸਤ ਸੰਭਾਵਨਾ ਸੀ ਉਹ ਬੁਰੀ ਤਰ੍ਹਾਂ ਅਸਫ਼ਲ ਹੋਈ। ਭਗਤ ਸਿੰਘ ਨੇ ਜ਼ੋਰ ਦਿੱਤਾ ਕਿ ਇਸ ਦੀ ਅਸਫ਼ਲਤਾ ਤੋਂ ਉਸ ਤੇ ਉਨ੍ਹਾਂ ਦੇ ਸਾਥੀਆਂ ਲਈ ਸਿੱਖਣ ਵਾਸਤੇ ਬਹੁਤ ਕੁਝ ਹੈ। ਇਹ ਮੰਨਿਆ ਗਿਆ ਕਿ ਇਸ ਦੀ ਅਸਫ਼ਲਤਾ ਦੇ ਕਾਰਨ ਇਸ ਦੀ ਜਥੇਬੰਦੀ ਅਤੇ ਅਗਵਾਈ ਵਿਚ ਪਏ ਹਨ। ਪਰ ਇਸਦੀ ਅਸਫ਼ਲਤਾ ਦੇ ਵੱਡੇ ਕਾਰਨਾਂ ਵਿਚ ਇਕ ਉਸ ਵਿਚ ਪਿਆ ਹੈ ਜਿਸ ਨੂੰ ਉਨ੍ਹਾਂ ਨੇ "ਜਨਤਾ ਦੀ ਅਗਿਆਨਤਾ, ਬੇਲਾਗਤਾ ਅਤੇ ਕਈ ਵਾਰ ਤਾਂ ਵਿਰੋਧ" ਵਜੋਂ ਬਿਆਨ ਕੀਤਾ। ਉਹ ਸਮਝਦਾ ਸੀ ਕਿ ਜਜ਼ਬਾਤੀ ਸ਼ਮੂਲੀਅਤ, ਬਹਾਦਰੀ ਅਤੇ ਕੁਰਬਾਨੀ ਲਈ ਤਿਆਰ ਰਹਿਣਾ ਨਿਸ਼ਚੇ ਹੀ ਇਸ ਦੀਆਂ ਬਹੁਤ ਹੀ ਕਾਬਲੇ-ਤਾਰੀਫ਼ ਖ਼ੂਬੀਆਂ ਸਨ। *ਜ਼ਰੂਰੀ* ਹੁੰਦਿਆਂ ਵੀ ਇਹ ਇਨਕਲਾਬੀ ਬਦਲਾਓ ਲਈ *ਕਾਫ਼ੀ* ਨਹੀਂ ਸਨ। ਮਹਿਜ਼ ਬਹਾਦਰੀ ਅਤੇ ਭਾਵੁਕ ਪਹੁੰਚ ਤੋਂ ਉਨ੍ਹਾਂ ਦੀ ਸੋਚ ਬਦਲਕੇ ਲੋਕਾਂ ਨੂੰ ਸਿਆਸੀ

ਸਿਖਿਆ ਦੇਣ ਅਤੇ ਵਿਚਾਰਧਾਰਾ, ਜਥੇਬੰਦੀ ਤੇ ਯੁੱਧਨੀਤੀ ਦੇ ਸਵਾਲਾਂ ਪ੍ਰਤੀ ਤਹੱਮਲ ਵਾਲੀ ਤਰਕਪੂਰਨ ਪਹੁੰਚ ਦੀ ਜ਼ਰੂਰਤ ਉਪਰ ਜ਼ੋਰ ਦੇਣ ਦੀ ਬਣ ਗਈ। ਉਨ੍ਹਾਂ ਨੂੰ ਇਹ ਵੀ ਸਾਫ਼ ਹੋ ਗਿਆ ਸੀ ਕਿ ਇਨਕਲਾਬੀਆਂ ਦੀ ਭੂਮਿਕਾ ਅਤੇ ਕਾਰਵਾਈਆਂ ਸਮੇਂ ਦੇ ਤਕਾਜ਼ਿਆਂ ਨਾਲ ਇਕਸੁਰ ਹੋਣੇ ਚਾਹੀਦੇ ਹਨ। ਆਪਣੇ ਅਜ਼ੀਜ ਸਾਥੀ ਸੁਖਦੇਵ ਨੂੰ ਉਹ ਇਹੀ ਕਹਿਣ ਦਾ ਯਤਨ ਕਰ ਰਹੇ ਸਨ ਜਦੋਂ ਉਸ ਨੇ ਸੁਖਦੇਵ ਨੂੰ ਕਿਹਾ, "ਅਸੀਂ ਤਾਂ ਸਿਰਫ਼ ਵਕਤ ਦੀ ਪੈਦਾਵਾਰ ਹਾਂ।"

ਪਹਿਲੀ ਆਲਮੀ ਜੰਗ ਤੋਂ ਪਿੱਛੋਂ ਦਾ ਦਹਾਕਾ ਬਾਲਸ਼ਵਿਕ ਇਨਕਲਾਬ ਦੀ ਗਰਜ, ਕੁਲ ਆਲਮ ਵਿਚ ਕੌਮੀ ਸਵੈ-ਨਿਰਣੇ ਦੇ ਖ਼ਿਆਲਾਂ ਦੇ ਜ਼ੋਰ ਫੜ੍ਹਨ ਅਤੇ ਗਾਂਧੀਵਾਦੀ ਲਹਿਰ ਦੇ ਅਸਰ ਹੇਠ ਹਿੰਦੁਸਤਾਨ ਵਿਚ ਸਿਆਸੀ ਜਾਗਰੂਕਤਾ ਤੇ ਜਨਤਕ ਟਾਕਰੇ ਦੀ ਉਠਾਣ ਦਾ ਗਵਾਹ ਸੀ। ਇਹ ਸਾਰੇ ਘਟਨਾ-ਵਿਕਾਸ ਇਨਕਲਾਬੀ ਸੰਘਰਸ਼, ਖ਼ਾਸ ਕਰਕੇ ਮਜ਼ਦੂਰਾਂ ਤੇ ਕਿਸਾਨਾਂ ਦੇ ਸੰਘਰਸ਼, ਵਿਚ ਅਵਾਮ ਦੀ ਸਿਆਸੀ ਭੂਮਿਕਾ ਦੀ ਕੇਂਦਰੀਅਤਾ 'ਤੇ ਜ਼ੋਰ ਦਿੰਦੇ ਸਨ। ਲਿਹਾਜ਼ਾ ਭਗਤ ਸਿੰਘ ਆਪਣੇ ਸਾਥੀਆਂ ਨਾਲ ਬਦਲੇ ਹੋਏ ਸਿਆਸੀ ਪ੍ਰਸੰਗ ਵਿਚ ਤਸ਼ੱਦਦ ਦੇ ਦਹਿਸ਼ਤਵਾਦੀ ਢੰਗ ਦੀ ਵਾਜਬੀਅਤ ਉਪਰ ਬਹਿਸ-ਵਿਚਾਰ ਕਰ ਰਹੇ ਸਨ। ਜਿਸ ਵਕਤ ਉਨ੍ਹਾਂ ਨੇ "ਨੌਜਵਾਨ ਸਿਆਸੀ ਕਾਰਕੁਨਾਂ ਨੂੰ" ਖ਼ਤ ਲਿਖਿਆ, ਲੱਗਦਾ ਹੈ ਉਨ੍ਹਾਂ ਦੇ ਖ਼ਿਆਲਾਂ ਦੀ ਸੁਰ ਵਿਚ ਸਪਸ਼ਟਤਾ ਅਤੇ ਪ੍ਰਮਾਣਕਤਾ ਆ ਗਈ ਸੀ। ਉਨ੍ਹਾਂ ਨੇ ਸਿਆਸੀ ਕਾਰਕੁਨਾਂ ਨੂੰ ਪਹਿਲਾਂ ਆਪਣੇ ਟੀਚਿਆਂ ਬਾਰੇ ਸਪਸ਼ਟ ਖ਼ਿਆਲ ਬਣਾਉਣ ਅਤੇ ਆਪਣੀਆਂ ਤਾਕਤਾਂ ਨੂੰ ਜਥੇਬੰਦ ਕਰਨ ਦੇ ਕੰਮ 'ਚ ਤਹਿ ਦਿਲੋਂ ਜੁੱਟ ਜਾਣ ਦੀ ਤਾਕੀਦ ਕੀਤੀ। ਉਨ੍ਹਾਂ ਨੂੰ ਦੋ ਵੱਖੋ-ਵੱਖਰੇ ਪੜਾਵਾਂ ਵਿੱਚੋਂ ਗੁਜ਼ਰਨਾ ਹੋਵੇਗਾ: "ਪਹਿਲਾ, ਤਿਆਰੀ; ਦੂਜਾ ਕਾਰਵਾਈ"।

ਉਸ ਨੇ ਆਪਣੀ ਪੁਜੀਸ਼ਨ ਸਪਸ਼ਟ ਕਰਨੀ ਜ਼ਰੂਰੀ ਸਮਝੀ। "ਬਾਹਰੀ ਤੌਰ 'ਤੇ ਮੈਂ ਇਕ ਤਸ਼ੱਦਦ ਪਸੰਦ ਵਾਂਗ ਕੰਮ ਕੀਤਾ ਹੈ। ਪਰ ਮੈਂ ਤਸ਼ੱਦਦ ਪਸੰਦ ਨਹੀਂ ਹਾਂ। ਮੈਂ ਇੱਕ ਇਨਕਲਾਬੀ ਹਾਂ ਜਿਸਦੇ ਖ਼ਾਸ, ਠੋਸ ਤੇ ਲੰਬੇ ਸਮੇਂ ਦੇ ਪ੍ਰੋਗਰਾਮ ਬਾਰੇ ਵਿਚਾਰ ਹਨ, ਜਿਹੜੇ ਇਥੇ ਵਿਚਾਰੇ ਜਾ ਰਹੇ ਹਨ।" ਉਸ ਨੂੰ ਸ਼ੱਕ ਸੀ ਕਿ ਉਸ ਦੇ "ਹਥਿਆਰਾਂ ਦੇ ਸਾਂਝੀਦਾਰ" ਸਾਥੀ ਉਸ ਨੂੰ ਇਸ ਗੱਲ ਲਈ ਦੋਸ਼ੀ ਠਹਿਰਾਉਣਗੇ ਕਿ ਫਾਂਸੀ ਕੋਠੜੀ ਦੇ ਅੰਦਰ ਰਹਿ ਕੇ ਉਸ ਦੇ ਅੰਦਰ ਕੁਝ ਪ੍ਰਤੀਕਿਰਿਆ ਪੈਦਾ ਹੋ ਗਈ ਹੈ ਅਤੇ ਉਨ੍ਹਾਂ ਨੇ ਇਹ ਦੱਸਣਾ ਜ਼ਰੂਰੀ ਸਮਝਿਆ ਕਿ ਇਸ ਵਿਚ ਬਿਲਕੁਲ ਕੋਈ ਸਚਾਈ ਨਹੀਂ। "ਇਸ ਕਰਕੇ ਮੈਂ ਆਪਣੇ ਪਾਠਕਾਂ ਨੂੰ ਇਹ ਚੇਤਾਵਨੀ ਦੇਣਾ ਚਾਹੁੰਦਾ ਹਾਂ ਕਿ ਮੇਰੇ ਲਫ਼ਜ਼ਾਂ ਨੂੰ ਪੂਰੇ ਧਿਆਨ ਨਾਲ ਪੜ੍ਹਣ" ਉਸਨੇ ਲਿਖਿਆ। "ਉਨ੍ਹਾਂ ਨੂੰ ਕੁਝ ਵੀ ਲਾਈਨਾਂ ਦੇ ਵਿਚਕਾਰ ਨਹੀਂ ਦੇਖਣਾ ਚਾਹੀਦਾ। ਮੈਂ ਆਪਣੀ ਸਾਰੀ ਤਾਕਤ ਨਾਲ ਇਹ ਕਹਿਣਾ ਚਾਹਾਂਗਾ ਕਿ *ਨਾਂ ਮੈਂ ਦਹਿਸ਼ਤ ਪਸੰਦ ਹਾਂ ਅਤੇ ਨਾਂ ਹੀ ਸਾਂ, ਸਿਰਫ਼ ਇਨਕਲਾਬੀ ਜੀਵਨ ਦੇ ਸ਼ੁਰੂ ਦੇ ਚੰਦ ਦਿਨਾਂ ਦੇ ਸਵਾਏ....ਸਾਡੇ ਸਾਰੇ ਕੰਮ ਇਕ ਦਿਸ਼ਾ ਵੱਲ ਹੀ ਸਨ, ਯਾਨੀ ਵੱਡੀ ਕੌਮੀ ਲਹਿਰ ਦੇ ਮਿਲਟਰੀ ਵਿੰਗ ਦੀ ਥਾਂ ਆਪਣੀ ਪਹਿਚਾਣ ਕਰਾਉਣੀ।*" [ਜ਼ੋਰ ਮੇਰੇ ਵਲੋਂ] ਉਸ ਨੂੰ ਲੱਗਦਾ ਸੀ ਕਿ ਆਪਣੇ ਸਾਥੀਆਂ ਅਤੇ ਹੋਰ ਸਿਆਸੀ ਕਾਰਕੁਨਾਂ ਨਾਲ ਸਿਆਸੀ ਦਹਿਸ਼ਤਵਾਦ ਦੀ ਭੂਮਿਕਾ ਦੇ "ਕਠਿਨ ਸਵਾਲ" ਬਾਰੇ ਵਿਚਾਰ-ਚਰਚਾ ਕਰਨਾ ਲਾਜ਼ਮੀ ਤੇ ਜ਼ਰੂਰੀ ਹੈ। ਸ਼ੁਰੂ ਵਿਚ ਇਸ ਨੇ

ਇਕ ਭੂਮਿਕਾ ਨਿਭਾਈ, ਪਰ ਲੋਕ ਸੰਘਰਸ਼ਾਂ ਦੇ ਨਵੇਂ ਯੁਗ ਵਿਚ ਇਹ ਸਹੀ ਨਹੀਂ ਸੀ। ਉਨ੍ਹਾਂ ਨੇ ਆਪਣੇ ਵਿਸ਼ਵਾਸ ਨੂੰ ਪੂਰੀ ਸਪਸ਼ਟਤਾ ਨਾਲ ਇੰਞ ਬਿਆਨ ਕੀਤਾ:

"ਦਹਿਸ਼ਤਵਾਦ ਇਨਕਲਾਬੀ ਮਾਨਸਿਕਤਾ ਦੇ ਜਨਤਾ ਵਿਚ ਗਹਿਰੇ ਨਾ ਜਾਣ ਬਾਰੇ, ਇਕ ਪਛਤਾਵਾ ਹੈ। ਇਸ ਤਰ੍ਹਾਂ ਇਹ ਸਾਡੀ ਨਾਕਾਮਯਾਬੀ ਦਾ ਇਕਬਾਲ ਕਰਨਾ ਵੀ ਹੈ। ਸ਼ੁਰੂ-ਸ਼ੁਰੂ ਵਿਚ ਇਸ ਦਾ ਕੁੱਝ ਲਾਭ ਸੀ। ਸਾਰੀ ਰਾਜਨੀਤੀ ਵਿਚੋਂ ਜੜ੍ਹ ਬਦਲ ਕੇ ਬਾਹਰ ਕੱਢ ਦਿੱਤੀ, ਨੌਜਵਾਨ ਬੁੱਧੀ ਜੀਵੀਆਂ ਦੀ ਸੋਚ ਨੂੰ ਚਮਕਾਇਆ, ਸਵੈ-ਤਿਆਗ ਦੀ ਭਾਵਨਾ ਨੂੰ ਜਵਲੰਤ ਕੀਤਾ ਅਤੇ ਦੁਨੀਆਂ ਅਤੇ ਆਪਣੇ ਦੁਸ਼ਮਣਾਂ ਸਾਹਮਣੇ ਆਪਣੀ ਲਹਿਰ ਦੀ ਸਚਾਈ ਅਤੇ ਤਾਕਤ ਪ੍ਰਗਟਾਉਣ ਦਾ ਮੌਕਾ ਮਿਲਿਆ। ਪਰ ਆਪਣੇ ਆਪ ਵਿਚ ਇਹ ਕਾਫ਼ੀ ਨਹੀਂ ਹੈ। ਹਰ ਦੇਸ਼ ਵਿਚ, ਇਸ ਦਾ ਇਤਿਹਾਸ ਨਾਕਾਮਯਾਬੀ ਦਾ ਇਤਿਹਾਸ ਹੈ-ਫਰਾਂਸ, ਰੂਸ, ਜਰਮਨ ਅੰਦਰ ਬਾਲਕਨ ਦੇਸ਼ਾਂ, ਸਪੇਨ, ਹਰ ਥਾਂ ਇਹੀ ਕਹਾਣੀ ਹੈ। ਹਾਰ ਦਾ ਬੀਜ ਇਸ ਦੇ ਅੰਦਰ ਹੀ ਉਂਗਰਿਆ ਹੋਇਆ ਹੁੰਦਾ ਹੈ।" [ਜ਼ੋਰ ਮੇਰੇ ਵਲੋਂ]

ਉਸਨੇ ਸ਼ਹਾਦਤ ਦੇ ਰੋਮਾਂਚ ਦਾ ਪੜਚੋਲੀਆ ਮੁਲੰਕਣ ਕੀਤਾ। ਲਿਹਾਜ਼ਾ ਉਸਨੇ ਸਿਆਸੀ ਕਾਰਕੁਨਾਂ ਨੂੰ ਇਹ ਸਲਾਹ ਵੀ ਦਿੱਤੀ ਅਤੇ ਖ਼ਬਰਦਾਰ ਵੀ ਕੀਤਾ: "ਸਭ ਕਿਸੇ ਲਈ ਉਤਸ਼ਾਹਿਤ ਕਰਨ ਵਾਲਾ ਆਦਰਸ਼, ਉਦੇਸ਼ ਲਈ ਮਰਨਾ ਨਾ ਹੋ ਕੇ ਉਦੇਸ਼ ਲਈ ਜੀਉਣਾ ਅਤੇ ਉਹ ਵੀ ਲਾਹੇਵੰਦ ਅਤੇ ਯੋਗ ਤਰੀਕੇ ਨਾਲ, ਹੋਣਾ ਚਾਹੀਦਾ ਹੈ।" ਇਹ ਬਹਿਸ ਦਾ ਮੁੱਦਾ ਹੈ ਕਿ ਸਭ ਤੋਂ ਪਹਿਲਾਂ, ਕੀ ਉਸ ਨੇ ਸ਼ਹੀਦ ਹੋਣ ਦਾ ਐਨਾ ਦ੍ਰਿੜ ਇਰਾਦਾ ਧਾਰਿਆ ਹੋਇਆ ਸੀ। ਕਿਹੜੇ ਦੋ ਸਾਥੀ ਅਸੰਬਲੀ ਹਾਲ ਵਿਚ ਬੰਬ ਸੁੱਟਣਗੇ ਇਸ ਬਾਰੇ ਐੱਚ.ਐੱਸ.ਆਰ.ਏ. ਦਾ ਮੁੱਢਲਾ ਫ਼ੈਸਲਾ ਹੋਰ ਸੀ। ਭਗਤ ਸਿੰਘ ਉਨ੍ਹਾਂ ਦੋ ਵਿਚ ਨਹੀਂ ਸੀ। ਹੋਰ ਅੱਗੇ, ਉਸ ਵਕਤ ਫ਼ੈਸਲਾ ਇਹ ਸੀ ਕਿ ਕਾਰਵਾਈ ਕਰਕੇ ਉਹ ਬਚ ਨਿਕਲਣਗੇ। ਸੁਖਦੇਵ ਦੀ ਦ੍ਰਿੜ ਦਖ਼ਲਅੰਦਾਜ਼ੀ ਨਾਲ ਯੋਜਨਾ ਬਦਲ ਦਿੱਤੀ ਗਈ। ਇਸ ਘਟਨਾ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਸਿਆਸੀ ਪ੍ਰਚਾਰ ਲਈ ਇਸਤੇਮਾਲ ਕਰਨ ਦਾ ਖ਼ਿਆਲ ਉਨ੍ਹਾਂ ਨੂੰ ਹਾਸਲ ਪ੍ਰਸੰਗ ਵਿਚ ਵਧੇਰੇ ਅਹਿਮ ਲੱਗਿਆ। ਘੋੜਾ ਦਬਾਉਣ ਦੇ ਸ਼ੌਕੀਨ ਹਤਿਆਰੇ ਜਾਂ ਕਾਤਲ ਗਰਦਾਨੇ ਜਾਣ ਦੀ ਘੋਰ ਗ਼ਲਤ ਬਿਆਨੀ ਤੋਂ ਉਨ੍ਹਾਂ ਨੂੰ ਬਹੁਤ ਚਿੜ ਸੀ। ਮਨੁੱਖੀ ਜ਼ਿੰਦਗੀ ਲਈ ਪਿਆਰ ਅਤੇ ਆਪਣੇ ਉੱਚੇ ਆਦਰਸ਼ਾਂ ਨੂੰ ਢੋਲ ਵਜਾਕੇ (ਇਥੇ ਬੰਬ ਧਮਾਕਾ ਕਰਕੇ) ਸਪਸ਼ਟ ਕਰਨਾ ਉਨ੍ਹਾਂ ਨੂੰ ਜ਼ਰੂਰੀ ਲੱਗਦਾ ਸੀ। ਬੀ.ਕੇ. ਦੱਤ ਦੇ ਨਾਲ ਭਗਤ ਸਿੰਘ ਦੀ ਡਿਊਟੀ ਲਗਾਉਣਾ ਅਤੇ ਆਪਣੀ ਮਰਜ਼ੀ ਨਾਲ ਗ੍ਰਿਫ਼ਤਾਰੀ ਦੇਣ ਦੀ ਚੋਣ ਇਸ ਮਨੋਰਥ ਨਾਲ ਕੀਤੀ ਗਈ ਸੀ ਕਿ ਇਹ ਕਾਰਵਾਈ "ਬੋਲਿਆਂ ਨੂੰ ਸੁਣਾਉਣ ਲਈ" ਹੈ। ਜਦਕਿ ਉਨ੍ਹਾਂ ਦੀ ਗ੍ਰਿਫ਼ਤਾਰੀ ਪੁਲਿਸ ਲਈ ਸਾਂਡਰਸ ਕਤਲ ਕੇਸ ਦੀ ਗੁੱਥੀ ਸੁਲਝਾਉਣ 'ਚ ਸਹਾਈ ਸਾਬਤ ਹੋਈ, ਓੜਕ ਇਸ ਦੇ ਸਿੱਟੇ ਵਜੋਂ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਫਾਂਸੀ ਦੇ ਦਿੱਤੀ ਗਈ। ਹਾਲਾਂਕਿ, ਫਾਂਸੀ ਦਿੱਤੇ ਜਾਣ ਤੋਂ ਦੋ ਕੁ ਮਹੀਨੇ ਪਹਿਲਾਂ ਉਹ ਇਸ ਨੂੰ ਲੈ ਕੇ ਫ਼ਿਕਰਮੰਦ ਸੀ ਕਿ ਮੌਜੂਦ ਸੰਘਰਸ਼ ਦੇ ਅੰਤ ਨਾਲ ਸੰਜੀਦਾ ਇਨਕਲਾਬੀ ਕਾਰਕੁਨਾਂ ਵਿਚ ਮਾਯੂਸੀ ਅਤੇ ਨਿਰਾਸ਼ਤਾ ਆ ਸਕਦੀ ਸੀ। ਲਿਹਾਜ਼ਾ ਉਸਨੇ ਉਨ੍ਹਾਂ ਨੂੰ ਹਕੀਕਤਵਾਦੀ ਹੋਣ, ਠੋਸ ਹਕੀਕਤ ਨੂੰ ਸਮਝਣ ਅਤੇ ਪ੍ਰੇਸ਼ਾਨ ਨਾ ਹੋਣ ਦੀ ਸਲਾਹ ਦਿੱਤੀ। ਉਸਨੇ ਉਨ੍ਹਾਂ ਨੂੰ

ਕਿਹਾ, "ਭਾਵੁਕਤਾ ਇਕ ਪਾਸੇ ਛੱਡੋ। ਅਸਲੀਅਤ ਦਾ ਸਾਹਮਣਾ ਕਰਨ ਲਈ ਤਿਆਰ ਹੋਵੋ। ਇਨਕਲਾਬ ਬਹੁਤ ਮੁਸ਼ਕਲ ਕੰਮ ਹੈ। ਕਿਸੇ ਇਕ ਆਦਮੀ ਦੀ ਤਾਕਤ ਤੋਂ ਬਾਹਰੀ ਗੱਲ ਹੈ।" ਉਨ੍ਹਾਂ ਨੂੰ ਲੋਕਾਂ 'ਚ ਕੰਮ ਕਰਨ ਅਤੇ ਉਨ੍ਹਾਂ ਨੂੰ ਜਥੇਬੰਦ ਕਰਨ ਦੀ ਸਲਾਹ ਦਿੱਤੀ ਗਈ। ਇਕ ਮਜ਼ਬੂਤ ਇਨਕਲਾਬੀ ਜਥੇਬੰਦੀ ਹੀ ਅਤਿ ਜ਼ਰੂਰੀ ਨਹੀਂ ਸੀ। ਇਸ ਲਈ ਅਗਵਾਈ ਅਤੇ "ਪੇਸ਼ਾਵਾਰ ਇਨਕਲਾਬੀਆਂ" ਦਾ ਹੋਣਾ ਜ਼ਰੂਰੀ ਸੀ।

ਇਸ ਚਰਚਾ ਦਾ ਮਨੋਰਥ ਚੁਕੰਨੇ ਰਹਿਣ ਦੀ ਲੋੜ 'ਤੇ ਜ਼ੋਰ ਦੇਣਾ ਹੈ ਕਿ ਅਸੀਂ ਭਗਤ ਸਿੰਘ ਦੀ ਭੂਮਿਕਾ ਤੇ ਉਨ੍ਹਾਂ ਦੇ ਖ਼ਿਆਲਾਂ ਦਾ ਮੁਲੰਕਣ ਕਿਵੇਂ ਕਰਦੇ ਹਾਂ ਅਤੇ ਉਨ੍ਹਾਂ ਦੀ ਜ਼ਿੰਦਗੀ ਤੋਂ ਅਸੀਂ ਕਿਸ ਤਰ੍ਹਾਂ ਦੀ ਪ੍ਰੇਰਣਾ ਤੇ ਸਬਕ ਲੈਂਦੇ ਹਾਂ। ਮਹਿਜ਼ ਉਸਦੀ ਪਰਮ ਸ਼ਹਾਦਤ ਦੀ ਮਹਿਮਾ ਗਾਉਂਦੇ ਰਹਿਣਾ ਇਹ ਸਮਝਣ 'ਚ ਅਸਫ਼ਲ ਰਹਿਣ ਦਾ ਹੀ ਝਲਕਾਰਾ ਹੈ ਕਿ ਉਹ ਕਿਨ੍ਹਾਂ ਖ਼ਿਆਲਾਂ ਦਾ ਪ੍ਰਤੀਕ ਸੀ ਅਤੇ ਉਹ ਆਪਣੇ ਸਾਥੀਆਂ ਨੂੰ ਕੀ ਸਬਕ ਲੈਣ ਅਤੇ ਕਰਨ ਦੀ ਸਲਾਹ ਦੇ ਰਿਹਾ ਸੀ। ਕਿੰਨਾ ਵਿਅੰਗ ਹੈ ਕਿ ਸਾਡੇ ਜ਼ਮਾਨੇ ਦੇ ਰੈਡੀਕਲ ਨੌਜਵਾਨ ਜਿਨ੍ਹਾਂ ਲਈ ਭਗਤ ਸਿੰਘ "ਨਾਇਕ" ਤੇ ਪ੍ਰੇਰਣਾ ਹੈ ਉਹ ਉਨ੍ਹਾਂ ਹੀ ਮਾਅਰਕੇਬਾਜ਼ ਰੁਚੀਆਂ ਤੇ ਭਾਵੁਕਤਾਵਾਦ ਨੂੰ ਪੂਜਣ ਦੀ ਰੁਚੀ ਦਾ ਸ਼ਿਕਾਰ ਹਨ ਜਿਸ ਨੂੰ ਉਸ ਨੇ ਰੱਦ ਕੀਤਾ ਸੀ ਅਤੇ ਜਿਸ ਨੂੰ ਨੁਕਤਾ ਬਣਾਕੇ ਉਸ ਨੇ ਨੌਜਵਾਨ ਸਿਆਸੀ ਕਾਰਕੁਨਾਂ ਨੂੰ ਖ਼ਬਰਦਾਰ ਕੀਤਾ ਸੀ। ਇਹ ਵਿਚਾਰਨਾ ਵੀ ਠੀਕ ਰਹੇਗਾ ਕਿ ਅਸੀਂ ਗ਼ਦਰ ਲਹਿਰ ਦੇ ਇਤਿਹਾਸ ਦਾ ਮੁਤਾਲਿਆ ਕਿਵੇਂ ਕਰਦੇ ਹਾਂ ਅਤੇ ਉਸ ਤੋਂ ਅਸੀਂ ਕਿਸ ਤਰ੍ਹਾਂ ਦੇ ਸਬਕ ਤੇ ਪ੍ਰੇਰਣਾ ਲੈ ਸਕਦੇ ਹਾਂ। ਇਹ ਹਿੰਦੁਸਤਾਨ ਲਈ ਮੁਕੰਮਲ ਸਿਆਸੀ ਆਜ਼ਾਦੀ ਦੇ ਨਿਸ਼ਾਨੇ ਵਾਲੀ ਪਹਿਲੀ ਸਿਆਸੀ ਲਹਿਰ ਸੀ। ਅਮਰੀਕਾ ਤੇ ਕੈਨੇਡਾ ਵਿਚ ਵਸੇ ਹਿੰਦੁਸਤਾਨੀਆਂ ਵਲੋਂ 1913 'ਚ ਸਾਨ ਫਰਾਂਸਿਸਕੋ ਤੋਂ ਸ਼ੁਰੂ ਕੀਤੀ ਇਹ ਲਹਿਰ ਬਦੇਸ਼ੀ ਜਾਬਰ ਰਾਜ ਵਿਰੁੱਧ ਨੈਤਿਕ ਰੋਹ 'ਚੋਂ ਉਪਜੀ ਤਾਕਤ ਦਾ ਜ਼ਬਰਦਸਤ ਫੁਟਾਰਾ ਬਣਕੇ ਉੱਠੀ। ਥੋੜ੍ਹੇ ਵਕਤ 'ਚ ਹੀ ਇਹ ਬਦੇਸ਼ਾਂ ਵਿਚ ਰਹਿੰਦੇ ਹਜ਼ਾਰਾਂ ਆਵਾਸੀਆਂ ਨੂੰ ਹਥਿਆਰਬੰਦ ਸੰਘਰਸ਼ ਰਾਹੀਂ ਅੰਗਰੇਜ਼ ਰਾਜ ਦਾ ਖ਼ਾਤਮਾ ਕਰਨ ਲਈ ਹਿੰਦੁਸਤਾਨ ਵਾਪਸ ਜਾਣ ਦੇ ਖ਼ਰੇ ਤੇ ਮਜ਼ਬੂਤ ਇਰਾਦੇ ਨਾਲ ਇਕਜੁੱਟ ਤੇ ਲਾਮਬੰਦ ਕਰਨ 'ਚ ਕਾਮਯਾਬ ਹੋ ਗਈ। ਪਰ ਇਸ ਨੂੰ ਹਾਰ ਦਾ ਮੂੰਹ ਦੇਖਣਾ ਪਿਆ। ਜਿਵੇਂ ਭਗਤ ਸਿੰਘ ਨੇ ਲਿਖਿਆ, "ਹਨੇਰੀ ਵਾਂਗ ਉਹ ਇਕ ਦਮ ਕਿਤਿਓਂ ਆਏ, ਅੱਗ ਭੜਕਾਈ....ਬਗਾਵਤ ਦਾ ਯੱਗ ਰਚਿਆ, ਅਤੇ ਆਖ਼ਰ ਉਹ ਆਪ ਖੁਦ ਇਸ ਵਿਚ ਭਸਮ ਹੋ ਗਏ।" ਇਹ ਲਹਿਰ ਆਪਣੇ ਪਿੱਛੇ ਜਾਨਾਂ ਵਾਰਨ ਅਤੇ ਹਿੰਦੁਸਤਾਨ ਦੀ ਸਿਆਸੀ ਆਜ਼ਾਦੀ ਲਈ ਦੇਸ਼ਭਗਤੀ ਦੇ ਜਜ਼ਬੇ ਦੀ ਐਸੀ ਵਿਰਾਸਤ ਛੱਡ ਗਈ ਜੋ ਦੰਦਕਥਾ ਬਣਕੇ ਮਸ਼ਹੂਰ ਹੋ ਗਈ। ਇਸ ਦੇ ਇਤਿਹਾਸ ਦਾ ਮੁਤਾਲਿਆ ਠੋਸ ਸਿਆਸੀ ਹਕੀਕਤ ਦੇ ਇਤਿਹਾਸਕ ਪ੍ਰਸੰਗ ਵਿਚ ਬਹਾਦਰੀ, ਵਿਚਾਰਧਾਰਾ, ਯੁੱਧਨੀਤੀ ਅਤੇ ਦਾਅਪੇਚਾਂ ਦਰਮਿਆਨ ਰਿਸ਼ਤੇ ਦੇ ਭਵਿੱਖ-ਨਕਸ਼ੇ ਤੋਂ ਕੀਤਾ ਜਾ ਸਕਦਾ ਹੈ। ਵਿਸ਼ਲੇਸ਼ਣ ਦਾ ਐਸਾ ਚੌਖਟਾ ਤਰ੍ਹਾਂ-ਤਰ੍ਹਾਂ ਦੀਆਂ ਸਮੱਸਿਆਵਾਂ, ਅਤੇ ਉਨ੍ਹਾਂ ਅੰਦਰੂਨੀ ਵਿਰੋਧਤਾਈਆਂ ਤੇ ਰੁਚੀਆਂ ਨੂੰ ਸਮਝਣ ਵਿਚ ਸਹਾਇਤਾ ਕਰ ਸਕਦਾ ਹੈ ਜੋ ਅਵਾਮੀ ਇਨਕਲਾਬੀ ਲਹਿਰਾਂ ਵਿਚ ਉਭਰਦੀਆਂ ਹਨ।

ਗ਼ਦਰ ਲਹਿਰ ਬਦੇਸ਼ਾਂ ਵਿਚ ਹਿੰਦੁਸਤਾਨੀ ਆਵਾਸੀ ਕਾਮਿਆਂ ਵਲੋਂ ਹੰਢਾਏ ਜਾਂਦੇ ਸੰਤਾਪ 'ਚੋਂ ਪੈਦਾ ਹੋਈ ਸੀ। ਇਨ੍ਹਾਂ ਕਾਮਿਆਂ ਵਿੱਚੋਂ ਜ਼ਿਆਦਾਤਰ ਪੰਜਾਬ ਦੇ ਕੇਂਦਰੀ ਜ਼ਿਲ੍ਹਿਆਂ ਦੇ ਪਿੰਡਾਂ ਦੇ ਸਿੱਖ ਸਨ। ਉਹ ਘੋਰ ਨਸਲੀ ਅਪਮਾਨ ਅਤੇ ਅਮਰੀਕਨਾਂ ਤੇ ਕੈਨੇਡੀਅਨਾਂ ਦੀ ਖ਼ੁਸ਼ਹਾਲੀ ਤੇ ਆਜ਼ਾਦੀ ਦੇ ਮੁਕਾਬਲੇ ਆਪਣੇ ਪੱਛੜੇਪਣ ਦੀ ਜ਼ਲਾਲਤ ਤੋਂ ਬਹੁਤ ਪ੍ਰੇਸ਼ਾਨ ਸਨ। ਇਹ ਸ਼ਾਇਦ ਇਕ ਇਤਫ਼ਾਕ ਹੀ ਸੀ ਕਿ ਲਾਲਾ ਹਰਦਿਆਲ ਤੇ ਤਾਰਕ ਨਾਥ ਦਾਸ ਵਰਗੇ ਹਿੰਦੁਸਤਾਨੀ ਇਨਕਲਾਬੀ ਤੇ ਵਿਦਿਆਰਥੀ ਵੱਡੀ ਤਾਦਾਦ 'ਚ ਉਥੇ ਸਨ ਜਿਨ੍ਹਾਂ ਨੇ ਉਨ੍ਹਾਂ ਨੂੰ ਦੱਸਿਆ ਕਿ ਉਨ੍ਹਾਂ ਦੀਆਂ ਸਮੱਸਿਆਵਾਂ ਦੀ ਮੂਲ ਵਜ੍ਹਾ ਹਿੰਦੁਸਤਾਨ ਅੰਦਰ ਅੰਗਰੇਜ਼ਾਂ ਦਾ ਬਦੇਸ਼ੀ ਰਾਜ ਸੀ। ਵਿਆਖਿਆਵਾਂ ਤੇ ਅੰਕੜਿਆਂ ਸਹਿਤ ਇਹ ਬਿਆਨ ਕੀਤਾ ਗਿਆ ਕਿ ਅੰਗਰੇਜ਼ ਆਪਣੇ ਯੁੱਧਾਂ ਦੀ ਲਾਲਸਾ ਅਤੇ ਆਪਣੀ ਸਨਅਤ ਦੇ ਵਧਾਰੇ-ਪਸਾਰੇ ਲਈ ਹਿੰਦੁਸਤਾਨ ਦੀ ਦੌਲਤ ਇੰਗਲੈਂਡ ਲੈ ਗਏ ਸਨ। ਉਸ ਵਿਆਪਕ ਕੰਗਾਲੀ, ਫ਼ਾਕਾਕਸ਼ੀ ਅਤੇ ਵਾਰ-ਵਾਰ ਪੈਂਦੇ ਕਾਲ ਦੀ ਵਜ੍ਹਾ ਇਹੋ ਸੀ ਜਿਸ ਵਿਚ ਦਹਿ-ਲੱਖਾਂ ਹਿੰਦੁਸਤਾਨੀ ਮਾਰੇ ਗਏ। ਅੰਧਕਾਰ, ਅਣਪੜ੍ਹਤਾ, ਬੀਮਾਰੀਆਂ, ਆਤਮ-ਸਨਮਾਨ ਦੀ ਘਾਟ, ਜਾਤਪਾਤ ਅਤੇ 1857 ਦੇ ਗ਼ਦਰ ਤੋਂ ਬਾਅਦ ਫੁੱਟ ਪਾਉਣ ਲਈ ਧਾਰਮਿਕ ਤੇ ਜਾਤਪਾਤੀ ਵੰਡੀਆਂ ਦਾ ਉਭਰਨਾ ਇਹ ਸਭ ਚਲਾਕ ਤੇ ਕਮੀਨੀ ਬਸਤੀਵਾਦੀ ਨੀਤੀ ਦਾ ਸਿੱਟਾ ਸੀ। ਅਮਰੀਕਨ ਆਜ਼ਾਦੀ ਮਾਣਦੇ ਸਨ ਕਿਉਂਕਿ ਉਹ ਆਪਣੇ ਘਰ ਦੇ ਮਾਲਕ ਸਨ। ਉਨ੍ਹਾਂ ਨੇ ਅੰਗਰੇਜ਼ ਬਸਤੀਵਾਦੀ ਰਾਜ ਦੇ ਵਿਰੁੱਧ ਜੰਗੇ-ਆਜ਼ਾਦੀ ਲੜਕੇ ਕਾਮਯਾਬੀ ਹਾਸਲ ਕੀਤੀ ਸੀ ਅਤੇ ਇਹ ਉਨ੍ਹਾਂ ਦੀ ਖ਼ੁਸ਼ਹਾਲੀ ਦਾ ਰਾਜ਼ ਸੀ। 'ਹਿੰਦੁਸਤਾਨੀ ਅੰਗਰੇਜ਼ਾਂ ਦੇ ਗ਼ੁਲਾਮ ਸਨ ਅਤੇ ਗ਼ੁਲਾਮਾਂ ਨੂੰ ਸਤਿਕਾਰ ਨਹੀਂ ਮਿਲਦਾ।' ਜਦੋਂ ਤਕ ਅੰਗਰੇਜ਼ ਨੂੰ ਹਿੰਦੁਸਤਾਨ ਵਿੱਚੋਂ ਕੱਢਿਆ ਨਹੀਂ ਜਾਂਦਾ ਬਿਹਤਰੀ ਲਿਆਉਣ ਵਾਲਾ ਕੋਈ ਬਦਲਾਓ ਸੰਭਵ ਨਹੀਂ ਸੀ।

ਲਹਿਰ ਪਹਿਲਾਂ ਹਿੰਦੁਸਤਾਨੀ ਲੋਕਾਂ ਵਿਚ ਵਸੀਹ ਪੈਮਾਨੇ 'ਤੇ ਸਿਆਸੀ ਜਾਗਰੂਕਤਾ ਪੈਦਾ ਕਰਨ ਦੀ ਸਪਸ਼ਟ ਕਾਰਜ-ਸੇਧ ਨਾਲ ਸ਼ੁਰੂ ਹੋਈ ਕਿ ਸਾਡੀ ਗ਼ੁਲਾਮੀ ਦਾ ਕਾਰਨ ਅੰਗਰੇਜ਼ ਪ੍ਰਤੀ ਵਫ਼ਾਦਾਰੀ ਜਾਂ ਨਿਰਵਿਵਾਦ ਜੀ-ਹਜ਼ੂਰੀ ਹੈ। ਨਹੀਂ ਤਾਂ, ਇਕ ਲੱਖ ਅੰਗਰੇਜ਼ 33 ਕਰੋੜ ਹਿੰਦੁਸਤਾਨੀਆਂ ਉਪਰ ਐਨੇ ਲੰਮੇ ਸਮੇਂ ਲਈ ਰਾਜ ਕਿਵੇਂ ਕਰ ਸਕਦੇ ਸਨ? ਹਿੰਦੁਸਤਾਨੀ ਕਾਮਿਆਂ ਨੂੰ ਚੇਤੇ ਕਰਾਇਆ ਗਿਆ ਕਿ ਅੰਗਰੇਜ਼ਾਂ ਦੀ 90ਫ਼ੀਸਦੀ ਹਿੰਦੁਸਤਾਨੀ ਫ਼ੌਜ, ਪੁਲਿਸ ਅਤੇ ਪ੍ਰਸ਼ਾਸਨ ਹਿੰਦੁਸਤਾਨੀਆਂ ਨੂੰ ਲੈ ਕੇ ਬਣਾਏ ਹੋਏ ਸਨ। ਜੇ ਹਿੰਦੁਸਤਾਨੀ ਬਦੇਸ਼ੀ ਹੁਕਮਰਾਨਾਂ ਨੂੰ ਹਮਾਇਤ ਦੇਣ ਤੋਂ ਨਾਂਹ ਕਰ ਦੇਣ ਅਤੇ ਜੇ ਉਹ ਮਾਲੀਆ ਤੇ ਹੋਰ ਟੈਕਸ ਦੇਣ ਤੋਂ ਇਨਕਾਰੀ ਹੋ ਜਾਣ, ਤਾਂ ਹਿੰਦੁਸਤਾਨ ਉਪਰ ਕਾਬਜ਼ ਬਣੇ ਰਹਿਣ ਲਈ ਅੰਗਰੇਜ਼ਾਂ ਕੋਲ ਕੋਈ ਤਾਕਤ ਨਹੀਂ ਹੋਵੇਗੀ। ਲੋਕਾਂ ਨੂੰ ਸਿਖਿਅਤ ਕਰਨਾ; ਉਨ੍ਹਾਂ ਦੇ ਦਿਮਾਗਾਂ ਵਿਚ ਭਰੇ "ਗ਼ੁਲਾਮੀ ਦਾ ਜ਼ਹਿਰ" ਤੋਂ ਉਨ੍ਹਾਂ ਨੂੰ ਮੁਕਤ ਕਰਾਉਣਾ ਜ਼ਰੂਰੀ ਸੀ। "ਸਾਡਾ ਕੰਮ ਤਾਂ ਉਨ੍ਹਾਂ ਦੇ ਦਿਲੋ-ਦਿਮਾਗਾਂ ਵਿਚ ਫਰੰਗੀ ਹੁਕਮਰਾਨਾਂ ਨੂੰ ਕੱਢਣ ਦੀ ਅੱਗ ਭੜਕਾਉਣਾ ਹੈ।" ਜਦੋਂ ਹਿੰਦੁਸਤਾਨੀ ਫ਼ੌਜੀਆਂ ਅਤੇ ਹੋਰ ਲੋਕਾਂ ਨੇ 1857 'ਚ ਗ਼ਦਰ ਨਾਂ ਦੀ ਫ਼ੌਜੀ ਬਗ਼ਾਵਤ ਸ਼ੁਰੂ ਕੀਤੀ ਸੀ ਓਦੋਂ ਅੰਗਰੇਜ਼ੀ ਰਾਜ ਦਾ ਫਸਤਾ ਵੱਢਿਆ ਜਾਣਾ ਸੀ। ਇਹ ਇਸ ਕਰਕੇ ਕੁਚਲ ਦਿੱਤੀ ਗਈ ਕਿ ਹਿੰਦੁਸਤਾਨੀਆਂ ਦੇ ਇਕ ਹਿੱਸੇ,

ਖ਼ਾਸ ਕਰਕੇ ਸਿੱਖ ਰਿਆਸਤਾਂ ਦੇ ਸਵਾਰਥੀ ਹੁਕਮਰਾਨਾਂ ਤੇ ਫ਼ੌਜੀਆਂ ਨੇ ਅੰਗਰੇਜ਼ਾਂ ਦੀ ਮਦਦ ਕੀਤੀ ਸੀ। ਇਕ ਦੂਜਾ ਗ਼ਦਰ, ਉਸ ਤਰ੍ਹਾਂ ਦੀ ਹਥਿਆਰਬੰਦ ਬਗ਼ਾਵਤ ਕਰਨੀ ਜ਼ਰੂਰੀ ਸੀ। ਇਸ ਮਨੋਰਥ ਲਈ ਇਕ ਸਭਾ ਬਣਾਈ ਗਈ ਅਤੇ ਸੋਹਣ ਸਿੰਘ ਭਕਨਾ, ਲਾਲਾ ਹਰਦਿਆਲ ਅਤੇ ਪੰਡਿਤ ਕਾਂਸ਼ੀ ਰਾਮ ਨੂੰ ਆਗੂ ਚੁਣਕੇ ਕਮੇਟੀ ਬਣਾਈ ਗਈ।

ਪਹਿਲਾ ਕਦਮ ਸੀ ਉਰਦੂ ਅਤੇ ਗੁਰਮੁਖੀ ਵਿਚ ਇਕ ਪ੍ਰਚਾਰਕ ਹਫ਼ਤਾਵਾਰ ਅਖ਼ਬਾਰ ਨੂੰ ਛਾਪਣਾ ਤੇ ਵੰਡਣਾ। ਇਸ ਦਾ ਸੰਪਾਦਕ ਹਰਦਿਆਲ ਇਕ ਜ਼ਬਰਦਸਤ ਤੇ ਪ੍ਰੇਰਣਾਦਾਇਕ ਲੇਖਕ ਸੀ। ਉਦੋਂ ਅਮਰੀਕਾ ਵਿਚ ਅੰਗਰੇਜ਼ ਵਿਰੋਧੀ ਨਿਡਰ ਪ੍ਰਚਾਰ ਕਰਨ ਦੀ ਆਜ਼ਾਦੀ ਨੇ ਕਾਫ਼ੀ ਮਦਦ ਕੀਤੀ। ਹਰ ਮਹੀਨੇ ਅਖ਼ਬਾਰ ਹਜ਼ਾਰਾਂ ਹਿੰਦੁਸਤਾਨੀਆਂ, ਖ਼ਾਸ ਕਰਕੇ ਕਈ ਮੁਲਕਾਂ ਵਿਚ ਜਾ ਵਸੇ ਸਿੱਖਾਂ ਵਿਚ ਮੁਫ਼ਤ ਵੰਡਿਆ ਜਾਂਦਾ ਸੀ। ਉਨ੍ਹਾਂ ਵਿੱਚੋਂ ਕਈ ਆਪਣੇ ਮੁਲਕ ਲਈ ਕੁਝ ਕਰ ਗੁਜ਼ਰਨ ਲਈ ਤਿਆਰ ਹੋ ਗਏ।

ਆਜ਼ਾਦੀ ਇਕ ਇੱਜ਼ਤ – ਮਾਣ–ਸਨਮਾਨ – ਦਾ ਸਵਾਲ ਸੀ। ਹਰਦਿਆਲ ਨੇ ਇਹ ਸਪਸ਼ਟ ਕਰ ਦਿੱਤਾ ਕਿ ਲਹਿਰ ਦਾ ਪਹਿਲਾ ਪੜਾਅ ਹਿੰਦੁਸਤਾਨੀ ਲੋਕਾਂ ਨੂੰ ਸਿਆਸੀ ਸਿਖਿਆ ਦੇਣ ਦਾ ਸੀ ਜਿਸ ਨੂੰ ਲੰਮਾ ਵਕਤ ਲੱਗ ਸਕਦਾ ਸੀ; ਹੋ ਸਕਦਾ ਹੈ ਸੱਤ ਜਾਂ ਦਸ ਵਰ੍ਹੇ ਲੱਗ ਜਾਣ। ਅਗਲਾ ਪੜਾਅ ਕਾਰਵਾਈ ਦਾ ਹੋਵੇਗਾ। ਫ਼ੌਜੀ ਸਿਖਲਾਈ ਲੈਣ ਅਤੇ ਹਥਿਆਰ ਇਕੱਠੇ ਕਰਨ ਦੇ ਇੰਤਜ਼ਾਮ ਕੀਤੇ ਜਾਣਗੇ। ਇਹ ਵੀ ਕਿਹਾ ਗਿਆ ਕਿ ਜਰਮਨੀ ਅਤੇ ਇੰਗਲੈਂਡ ਦਰਮਿਆਨ ਯੁੱਧ ਛਿੜਨ ਦੀ ਸੰਭਾਵਨਾ ਹੈ ਅਤੇ ਇਹ ਹਿੰਦੁਸਤਾਨ ਵਿਚ ਹਥਿਆਰਬੰਦ ਬਗ਼ਾਵਤ ਸ਼ੁਰੂ ਕਰਨ ਦਾ ਸਾਜ਼ਗਰ ਮੌਕਾ ਹੋਵੇਗਾ। ਪਰ ਇਹ ਸੰਭਾਵਨਾ ਵੀ ਭਵਿੱਖ ਵਿਚ ਮੌਜੂਦ ਸੀ। ਕੁਝ ਵੀ ਹੋਵੇ, ਤਾਕਤਵਰ ਬਰਤਾਨਵੀ ਸਲਤਨਤ ਵਿਰੁੱਧ ਹਥਿਆਰਬੰਦ ਸੰਘਰਸ਼ ਅਗਲੇ ਦਿਨਾਂ ਜਾਂ ਅਗਲੇ ਸਾਲ ਲਈ ਏਜੰਡੇ ਉਪਰ ਨਹੀਂ ਸੀ। ਲਿਹਾਜ਼ਾ ਇਕ ਜਥੇਬੰਦ ਯੁੱਧ ਲਈ ਜਿਸ ਤਰ੍ਹਾਂ ਦੀ ਜਥੇਬੰਦੀ, ਫ਼ੌਜੀ ਯੁੱਧਨੀਤੀ ਅਤੇ ਦੁਨੀਆ ਦੀ ਬਹੁਤ ਹੀ ਜਥੇਬੰਦ ਤਾਕਤ ਦੇ ਖ਼ਿਲਾਫ਼ ਲੜਾਈ ਲੜਨ ਤੇ ਉਸ ਨੂੰ ਹਰਾਉਣ ਲਈ ਜਿਸ ਤਰ੍ਹਾਂ ਦੇ ਦਾਅਪੇਚ ਲੋੜੀਂਦੇ ਸਨ ਇਨ੍ਹਾਂ ਸਾਰੇ ਮਾਮਲਿਆਂ ਵੱਲ ਉਦੋਂ ਗੰਭੀਰਤਾ ਨਾਲ ਧਿਆਨ ਦੇਣਾ ਜ਼ਰੂਰੀ ਨਹੀਂ ਸੀ ਲੱਗਦਾ। ਇਸ ਦੌਰਾਨ ਸਮੁੱਚਾ ਧਿਆਨ ਅੰਗਰੇਜ਼ ਵਿਰੁੱਧ ਰੋਹ ਪੈਦਾ ਕਰਨ ਲਈ ਸਿਆਸੀ ਪ੍ਰਚਾਰ ਕਰਨ, ਸਿੱਖਾਂ, ਮੁਸਲਮਾਨਾਂ ਅਤੇ ਰਾਜਪੂਤਾਂ ਦੀ ਬਹਾਦਰੀ ਅਤੇ ਕੁਰਬਾਨੀਆਂ ਕਰਨ ਲਈ ਤਿਆਰ ਹੋਣ ਉਪਰ ਕੇਂਦਰਤ ਕੀਤਾ ਗਿਆ। ਦਰਅਸਲ, ਹਰਦਿਆਲ ਵਰਗੇ ਆਗੂ ਆਪਣੀ ਮੁੱਖ ਭੂਮਿਕਾ ਸਿਆ ਾਸੀ ਜਾਗਰੂਕਤਾ ਲਿਆਉਣ ਵਾਲੇ ਜਾਂ ਪ੍ਰਚਾਰਕ ਦੀ ਦੇਖਦੇ ਸਨ। ਉਹ ਇਸ ਬਾਰੇ ਸਪਸ਼ਟ ਨਹੀਂ ਸਨ ਕਿ ਹਿੰਦੁਸਤਾਨ ਵਿਚ ਗੋਰਿਆਂ ਉਪਰ ਹਮਲਾ ਕਰਨ ਅਤੇ ਉਨ੍ਹਾਂ ਨੂੰ ਮਾਰਨ ਲਈ ਹਥਿਆਰਬੰਦ ਬਗ਼ਾਵਤ ਇਕ ਫ਼ੌਜੀ ਕਾਰਵਾਈ ਦੀ ਤਰ੍ਹਾਂ ਵਿਉਂਤੀ ਜਾਵੇ ਜਾਂ ਵੱਡੇ ਪੈਮਾਨੇ 'ਤੇ ਆਮ ਲੋਕਾਂ ਦੇ ਆਪ–ਮੁਹਾਰੇ ਰੋਹ–ਫੁਟਾਰੇ ਦੇ ਰੂਪ 'ਚ। ਪਰ ਗ਼ਦਰ ਅਤੇ ਗ਼ਦਰ ਦੀ ਕਵਿਤਾ ਦੀਆਂ ਲਿਖਤਾਂ ਨੇ ਲੋਕਾਂ ਨੂੰ ਉੱਠ ਖੜ੍ਹੇ ਹੋਣ ਅਤੇ ਅੰਗਰੇਜ਼ਾਂ ਨੂੰ ਇਸ ਢੰਗ ਨਾਲ ਮਾਰਨ ਦਾ ਸੱਦਾ ਦਿੱਤਾ ਜਿਵੇਂ ਇਹ ਤੁਰੰਤ ਬਗ਼ਾਵਤ ਕਰ ਦੇਣ ਦਾ ਪ੍ਰੋਗਰਾਮ ਹੋਵੇ। ਗ਼ਦਰ ਦੇ ਪਲੇਠੇ ਅੰਕ ਵਿਚ ਹਰਦਿਆਲ ਵਲੋਂ ਲਿਖੇ ਇਕ ਮੁੱਖ ਲੇਖ ਵਿਚ ਪਾਠਕਾਂ ਨੂੰ ਇਹ ਸੱਦਾ ਦਿੱਤਾ ਗਿਆ: "ਮੇਰੇ ਨਾਇਕੋ !, ਐ ਮੇਰੇ ਸ਼ੇਰੋ !

ਐ ਬਹਾਦਰੋ! ਹੋਸ਼ ਸੰਭਾਲੋ। ਕਿੰਨਾ ਕੁ ਚਿਰ ਸੁੱਤੇ ਰਹੋਗੇ?...ਉੱਠੋ, ਸ਼ੇਰੋ! ਦਲੇਰ ਬਣੋ....ਆਓ ਸੂਰਬੀਰੋ! ਨਾਨਾ ਸਾਹਿਬ ਅਤੇ ਰਾਣੀ ਝਾਂਸੀ ਦਾ ਬਦਲਾ ਲਈਏ। ਉੱਠੋ! ਮੈਂ ਤੁਹਾਨੂੰ ਪੁਕਾਰ ਰਿਹਾ ਹਾਂ। ਆਪਣੇ ਪੁਰਖਿਆਂ ਦੀ ਇੱਜ਼ਤ ਦਾ ਖ਼ਿਆਲ ਕਰੋ। ਸਿੱਘਾਂ, ਖ਼ਾਨਾਂ ਅਤੇ ਰਾਜਪੂਤਾਂ ਦੇ ਸੱਚੇ ਪੁੱਤਰ ਬਣ ਕੇ ਦਿਖਾ ਦਿਓ...। ਜੇ ਤੁਸੀਂ ਅਜੇ ਵੀ ਹੌਸਲਾ ਨਹੀਂ ਦਿਖਾਉਂਦੇ ਤਾਂ ਤੁਹਾਨੂੰ ਸ਼ਰਮ ਨਾਲ ਸਿਰ ਨਿਵਾਉਣੇ ਪੈਣਗੇ। ....ਦੁਬਾਰਾ ਮੌਕਾ ਨਹੀਂ ਮਿਲਣਾ....ਉੱਠੋ। ਕਮਰਕੱਸ ਲਵੋ! ਕਮਰਕੱਸ ਲਵੋ। ਉੱਠੋ। ਇਹ ਦੇਰੀ ਕਰਨ ਦਾ ਵੇਲਾ ਨਹੀਂ ਹੈ।" [ਜ਼ੋਰ ਮੇਰੇ ਵਲੋਂ]

ਪਰ ਇਹ ਅਜੇ ਸਪਸ਼ਟ ਨਹੀਂ ਸੀ ਕਿ ਉਨ੍ਹਾਂ ਨੇ ਹਿੰਦੁਸਤਾਨ ਪਹੁੰਚਕੇ ਉਥੇ ਕਰਨਾ ਕੀ ਹੈ। ਰੂਸੀ ਇਨਕਲਾਬੀਆਂ ਦੇ ਕਾਰਨਾਮਿਆਂ ਦੇ ਅਰਾਜਕਤਾਵਾਦੀ ਹਵਾਲੇ ਅਤੇ "ਗੁਪਤੀ ਸਭਾ ਬਣਾਓ", "ਸਿਪਾਹੀਆਂ ਨੂੰ ਆਪਣੇ ਵੱਲ ਕਰੋ", "ਫ਼ੌਜ ਦੇ ਹਥਿਆਰ ਲੁੱਟੋ", "ਸਰਕਾਰੀ ਖਜ਼ਾਨੇ ਲੁੱਟੋ", "ਬੰਗਾਲੀਆਂ ਵਾਂਗ ਚਮਕੋ", "ਗੋਰਿਆਂ ਨੂੰ ਮਾਰੋ", "ਜਸੂਸਾਂ ਅਤੇ ਗ਼ਦਾਰਾਂ ਉਪਰ ਨਜ਼ਰ ਰੱਖੋ" ਵਰਗੇ ਸੱਦੇ ਗ਼ਦਰ ਵਿਚ ਅਤੇ ਪੰਜਾਬੀ ਵਿਚ ਲਿਖੀਆਂ ਕਵਿਤਾਵਾਂ ਦਾ ਹਿੱਸਾ ਸਨ। ਲਹਿਰ ਦੇ ਸ਼ੁਰੂ ਹੋਣ ਦੇ ਚਾਰ ਮਹੀਨੇ ਬਾਅਦ ਹੀ ਹਰਦਿਆਲ ਦੀ ਗ੍ਰਿਫ਼ਤਾਰੀ ਨਾਲ ਗੁੱਸਾ ਭੜਕ ਉੱਠਿਆ। ਫਿਰ ਗ਼ਦਰ ਦੇ ਕਵੀਆਂ ਨੇ ਪੁੱਛਿਆ, "ਹੁਣ ਦੱਸੋ ਭਰਾਵੋ ਕੀ ਕਰੀਏ?" "ਕੀ ਠੁੱਡੇ ਖਾਂਦਿਆਂ ਮਰਨ ਦਾ ਰਾਹ ਚੁਣੀਏ? ਤੁਸੀਂ ਅਜੇ ਵੀ ਅਰਾਮ ਨਾਲ ਕਿਵੇਂ ਬੈਠੇ ਰਹਿ ਸਕਦੇ ਹੋ? ਆਓ ਸ਼ਹੀਦੀਆਂ ਪਾਈਏ?" ਦੋ ਮਹੀਨਿਆਂ ਦੇ ਅੰਦਰ ਹੀ, ਐੱਸ.ਐੱਸ. ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਨਾਲ ਕੀਤੇ ਸਲੂਕ ਨੇ ਜ਼ਖ਼ਮਾਂ 'ਤੇ ਹੋਰ ਲੂਣ ਭੁੱਕ ਦਿੱਤਾ। "ਆਓ ਹਿੰਦ ਜਾ ਕੇ ਬੇਇੱਜ਼ਤੀ ਦਾ ਬਦਲਾ ਲਈਏ" ਇਹ ਆਮ ਹੋਕਾ ਬਣ ਗਿਆ। ਜਦੋਂ ਦੋ ਹਫ਼ਤੇ ਬਾਅਦ ਇੰਗਲੈਂਡ ਅਤੇ ਜਰਮਨੀ ਦਰਮਿਆਨ ਜੰਗ ਛਿੜ ਗਈ ਤਾਂ ਪਾਰਟੀ ਦੇ ਆਗੂਆਂ ਦਾ ਇਕ ਵੱਡਾ ਹਿੱਸਾ ਤੁਰੰਤ ਇਨਕਲਾਬ ਲਈ ਆਪਣੇ ਹਮਵਤਨੀਆਂ ਨੂੰ ਗੋਲਬੰਦ ਕਰਨ 'ਚ ਜੁੱਟ ਗਿਆ। ਤਿੰਨ ਅਹਿਮ ਆਗੂ ਰਾਮ ਚੰਦਰ, ਭਗਵਾਨ ਸਿੰਘ ਅਤੇ ਮੁਹੰਮਦ ਬਰਕਤਉਲਾ ਵਤਨ-ਪ੍ਰੇਮੀਆਂ ਨੂੰ ਆਪਣੇ ਕਾਰੋਬਾਰ ਸਮੇਟ ਲੈਣ, ਜਾਇਦਾਦਾਂ ਵੇਚ ਦੇਣ ਅਤੇ ਹਿੰਦੁਸਤਾਨ ਵਿਚ ਇਨਕਲਾਬ ਕਰਨ ਲਈ ਵਾਲੰਟੀਅਰਾਂ ਵਜੋਂ ਭਰਤੀ ਹੋਣ ਦਾ ਹੋਕਾ ਦੇਣ ਦੀ ਮੁਹਿਮ 'ਤੇ ਨਿਕਲ ਤੁਰੇ। ਅਗਸਤ 1914 ਦੇ ਸ਼ੁਰੂ 'ਚ ਸੈਕਰਾਮੈਂਟੋ ਵਿਖੇ ਹੋਏ ਵਿਸ਼ਾਲ ਇਕੱਠ ਦੇ ਠਾਠਾਂ ਮਾਰਦੇ ਜੋਸ਼ ਦੇ ਮਾਹੌਲ ਨੂੰ ਬਾਬਾ ਪ੍ਰਿਥਵੀ ਸਿੰਘ ਆਜ਼ਾਦ ਨੇ ਬਿਆਨ ਕੀਤਾ ਸੀ। ਉਸ ਮੁਤਾਬਕ ਉਸ ਇਕੱਠ ਵਿਚ ਚਾਰੇ ਪਾਸੇ ਹਰ ਚਿਹਰੇ ਉਪਰ ਆਜ਼ਾਦੀ ਤੇ ਕੁਰਬਾਨੀ ਲਈ ਜੋਸ਼ ਦਾ ਜਲੌਅ ਨਜ਼ਰ ਆਉਂਦਾ ਸੀ। "ਚਾਰ ਚੁਫੇਰੇ ਅਸੀਂ ਸਾਰੇ 'ਮਜਨੂ' ਵਾਂਗ ਜਨੂੰਨੀ ਸੀ। ਪਰ ਇਹ ਮੁੱਖ ਤੌਰ 'ਤੇ ਜੋਸ਼ ਦਾ ਉਬਾਲ ਸੀ। ਸਾਡੇ ਵਿੱਚੋਂ ਕਿਸੇ ਨੂੰ ਵੀ ਸਪਸ਼ਟ ਨਹੀਂ ਸੀ ਕਿ ਹਿੰਦੁਸਤਾਨ ਜਾ ਕੇ ਅਸੀਂ ਕਰਨਾ ਕੀ ਹੈ।" ਐਸੇ ਮਾਹੌਲ ਵਿਚ ਇਸ ਤਰ੍ਹਾਂ ਦੇ ਕੰਮ ਲਈ ਦਰਕਾਰ ਲੀਡਰਸ਼ਿਪ ਦੀ ਧਾਰਨਾ ਗੰਧਲੀ ਹੀ ਹੋਣੀ ਸੀ।

ਸਚਿੰਦਰਨਾਥ ਸਾਨਿਆਲ ਨੇ ਨਵੰਬਰ 1914 'ਚ ਲਾਡੂਵਾਲ (ਲੁਧਿਆਣਾ) ਨੇੜੇ ਮੁੱਖ ਆਗੂਆਂ ਨਾਲ ਹੋਈ ਪਹਿਲੀ ਮਿਲਣੀ ਦੀ ਇਕ ਘਟਨਾ ਬਿਆਨ ਕੀਤੀ ਸੀ। ਉਨ੍ਹਾਂ ਨੇ ਰਾਸ ਬਿਹਾਰੀ ਬੋਸ ਤਕ ਪਹੁੰਚ ਕੀਤੀ ਸੀ, ਇਸ ਲਈ ਸਾਨਿਆਲ ਉਸ ਬਾਬਤ ਕੁਝ ਅਹਿਮ ਮੁੱਦਿਆਂ

ਦੇ ਸਬੰਧ ਵਿਚ ਉਨ੍ਹਾਂ ਨਾਲ ਵਿਚਾਰ-ਚਰਚਾ ਕਰਨਾ ਚਾਹੁੰਦਾ ਸੀ।

ਸਾਨਿਆਲ –ਤੁਹਾਡਾ ਮੁੱਖ ਆਗੂ ਕੌਣ ਹੈ?

ਅਮਰ ਸਿੰਘ – ਅਸਲ ਵਿਚ, ਸਚਾਈ ਇਹ ਹੈ ਕਿ ਸਾਡਾ ਮੁੱਖ ਆਗੂ ਕੋਈ ਨਹੀਂ। ਇਸੇ ਲਈ ਅਸੀਂ ਚਾਹੁੰਦੇ ਹਾਂ ਕਿ ਰਾਸ ਬਿਹਾਰੀ ਬੋਸ ਕਮਾਨ ਸੰਭਾਲੇ।

ਪਰ ਕਰਤਾਰ ਸਿੰਘ ਸਰਾਭਾ ਨੇ ਉਸਦੀ ਗੱਲ ਟੋਕ ਦਿੱਤੀ।

ਕਰਤਾਰ ਸਿੰਘ ਨੇ ਅਮਰ ਸਿੰਘ ਨੂੰ (ਯਕੀਨ ਦਿਵਾਊ ਲਹਿਜ਼ੇ 'ਚ) ਕਿਹਾ, "ਵੇਖੋ ਇਸ ਤਰਾਂ ਹਿੰਮਤ ਕਿਉਂ ਹਾਰਦੇ ਹੋ? ਕੰਮ ਵੇਲੇ ਵੇਖ ਲੈਣਾ ਕਿ ਤੁਹਾਡੇ ਵਿਚੋਂ ਕਿਤਨੇ ਹੀ ਛਿਪੇ ਹੋਏ ਰੁਸਤਮ ਨਿਕਲ ਆਉਣਗੇ"।

ਆਗੂ ਦੀ ਜੋ ਘਾਟ ਮਹਿਸੂਸ ਕੀਤੀ ਜਾ ਰਹੀ ਸੀ ਉਸਦਾ ਬਦਲ ਇਹ ਸੋਚਿਆ ਗਿਆ ਸੀ ਕਿ ਉਨ੍ਹਾਂ ਕੋਲ ਬਹੁਤ ਸਾਰੇ ਬਹਾਦਰ ਯੋਧੇ ਜਾਂ *ਹੀਰੋ* ਹਨ। ਜਦੋਂ ਤੁਹਾਡੇ ਕੋਲ ਆਪਣੇ ਕਾਜ ਲਈ ਜਾਨਾਂ ਵਾਰਨ ਲਈ ਤਿਆਰ ਸਾਥੀ ਹਨ ਤੁਹਾਨੂੰ ਵੱਖ-ਵੱਖ ਪੱਧਰਾਂ ਦੀ ਕਮਾਨ ਅਤੇ ਲੀਡਰਸ਼ਿਪ ਦੀ ਚਿੰਤਾ ਕਰਨ ਦੀ ਲੋੜ ਨਹੀਂ। ਉਨ੍ਹਾਂ ਦੀ ਜਥੇਬੰਦੀ ਦੀ ਫ਼ੈਸਲਾਕੁਨ ਧਾਰਨਾ ਦੀ ਇਕ ਹੋਰ ਝਲਕ ਇਕ ਸਪਸ਼ਟ, ਵਿਹਾਰਕ ਟਿੱਪਣੀ 11 ਅਪ੍ਰੈਲ 1915 ਦੇ ਗ਼ਦਰ ਵਿਚ ਛਪੀ ਸੀ। ਇਸ ਵਿਚ ਕਿਹਾ ਗਿਆ ਸੀ: "ਇਸ ਪਾਰਟੀ ਕੇ ਆਦਮੀ ਅਕਸਰ ਤੌਰ ਪਰ ਰਜਿਸਟਰ ਔਰ ਮਕਾਨ ਵਗੈਰਾ ਕੀ ਕੋਈ ਪਕੀ ਬੰਦੋਬਸਤ ਨੰਹੀ ਕਰ ਸਕਤੇ। ਗ਼ਦਰ ਕੇ ਸਿਪਾਹੀ ਅਪਨੇ ਮੁਲਕ ਮੇ ਚੁਪ ਚਾਪ ਖੁਫੀਆ ਤੌਰ ਪਰ ਕਾਮ ਕਰਤੇ ਹੈ ਅਪਨਾ ਨਾਮ ਜ਼ਾਹਰ ਨੰਹੀ ਕਰਤੇ, ਔਰ ਪੂਰੀ ਬੰਦੋਬਸਤ ਸੇ ਖੁਫੀਆ ਅਖਬਾਰ ਨਕਾਲਤੇ ਹੈ ਔਰ ਇਸ਼ਤੇਹਾਰ ਜਗਾ ਜਗਾ ਲਗਾਤੇ ਹੈ....ਦੇਸ ਸੇ ਬਾਹਰ ਭੂਕੇ ਪਿਆਸੇ ਫਟੇ ਕਪੜੋਂ ਸੇ ਫਿਰਤੇ ਹੈ ਐਸੀ ਹੀ ਪਵਿਤਰ ਹਿੰਦੋਸਤਾਨ ਕੀ ਗਦਰ ਪਾਰਟੀ ਹੈ ਜਿਸ ਕਾ ਪਕਾ ਅਸਥਾਨ ਕਿਸੀ ਜਾਗ ਨੰਹੀ ਹੈ ਮਗਰ ਇਸ ਕੇ ਸਿਪਾਹੀ ਹਰ ਜਗਾ ਹਰ ਵਕਤ ਮੌਜੂਦ ਰੈਹਤੇ ਹੈਂ ਔਰ ਖਾਸ ਜ਼ਾਲਮ ਅੰਗਰੇਜ਼ ਕੀ ਤਲਵਾਰ ਕੇ ਨੀਚੇ ਆਜ਼ਾਦੀ ਕਾ ਵਿਗਲ ਬਜਾਤੇ ਹੈਂ ਅਖਬਾਰ ਬਾਂਟਤੇ ਹੈਂ ਗ਼ਦਰ ਕੀ ਤਿਆਰੀਆ ਕਰਤੇ ਹੈਂ...।"

ਗ਼ਦਰ ਕਵਿਤਾ ਦਾ ਇਕ ਬੰਦ *"ਗਿਦੜ ਪਿਛੇ ਤੇ ਜਾਣ ਗੇ ਸ਼ੇਰ ਅੱਗੇ"* ਇਸ ਜਜ਼ਬੇ ਦਾ ਪ੍ਰਤੀਕ ਸੀ। ਚੁਕੰਨੇ ਰਹਿਣ ਦੀ ਸਲਾਹ ਦੇਣ ਵਾਲੇ ਜਾਂ ਪੂਰੇ ਧਿਆਨ ਨਾਲ ਵਿਉਂਤਬੱਧ ਰਸਤਾ ਅਖ਼ਤਿਆਰ ਕਰਨ ਦੀ ਗੱਲ ਕਰਨ ਵਾਲੇ ਨੂੰ ਬੁਜ਼ਦਿਲ ਸਮਝਿਆ ਜਾਂਦਾ ਸੀ। ਇਸ ਲੇਖਕ ਨੇ ਇਕ ਗ਼ਦਰੀ ਬਾਬਾ ਗੁੱਜਰ ਸਿੰਘ ਭਕਨਾ ਨੂੰ ਪੁੱਛਿਆ, "ਕੀ ਵੱਖੋ-ਵੱਖਰੀਆਂ ਬੰਦਰਗਾਹਾਂ ਉਪਰਲੇ ਸ਼ਹਿਰਾਂ ਵਿੱਚੋਂ ਵੱਡੀ ਤਾਦਾਦ 'ਚ ਮਰਜੀਵੜੇ ਭਰਤੀ ਕਰਦੇ ਵਕਤ ਤੁਸੀਂ ਉਨ੍ਹਾਂ ਬੰਦਿਆਂ ਦਾ ਅੱਗਾ-ਪਿੱਛਾ ਜਾਨਣ ਲਈ ਕੋਈ ਢੰਗ ਇਸਤੇਮਾਲ ਕੀਤਾ, ਤਾਂ ਜੋ ਅੰਗਰੇਜ਼ਾਂ ਦਾ ਕੋਈ ਜਾਸੂਸ ਤੁਹਾਡੇ ਵਿਚ ਘੁਸਪੈਠ ਨਾ ਕਰ ਸਕੇ?" ਉਨ੍ਹਾਂ ਦਾ ਨਿਝੱਕ ਜਵਾਬ ਸੀ: "ਉਹ ਪੁਣਛਾਣ ਕਰਨ ਜਾਂ ਮਰਜ਼ੀ ਨਾਲ ਚੁਨਣ ਦਾ ਵਕਤ ਨਹੀਂ ਸੀ। ਜਿਸ ਕਿਸੇ ਨੇ ਵੀ ਵਤਨ ਸੇਵਾ ਦੀ ਭਾਵਨਾ ਦਿਖਾਈ ਉਸੇ ਨੂੰ ਭਰਤੀ ਕਰ ਲਿਆ ਗਿਆ।" ਇਕ ਹੋਰ ਆਗੂ ਪ੍ਰਿਥਵੀ ਸਿੰਘ ਆਜ਼ਾਦ ਨੇ ਇਸੇ ਵਿਚ ਵਾਧਾ ਕੀਤਾ, "ਜਿਹੜਾ ਵੀ ਕੋਈ ਅੰਗਰੇਜ਼ਾਂ ਨੂੰ ਗਾਲੀ-ਗਲੋਚ ਕਰਦਾ ਸੀ ਸਾਨੂੰ ਦੇਸ਼ਭਗਤ ਅਤੇ ਆਪਣੀ ਪਾਰਟੀ ਵਿਚ ਭਰਤੀ ਕਰਨ ਦੇ ਲਾਇਕ ਜਾਪਦਾ ਸੀ।" ਇਹ ਹੈਰਾਨੀ

ਦੀ ਗੱਲ ਨਹੀਂ ਕਿ ਅੰਗਰੇਜ਼ ਪ੍ਰਸ਼ਾਸਨ ਨੇ, ਜੋ ਉਨ੍ਹਾਂ ਦੀ ਯੋਜਨਾ ਤੋਂ ਪਹਿਲਾਂ ਹੀ ਚੰਗੀ ਤਰ੍ਹਾਂ ਜਾਣੂ ਸੀ, ਹਿੰਦੁਸਤਾਨ ਪਹੁੰਚਦੇ ਸਾਰ ਇਕ ਸੌ ਤੋਂ ਉਪਰ ਆਗੂ ਸ਼ਖਸੀਅਤਾਂ ਨੂੰ ਫੜ੍ਹਕੇ ਸਿੱਧੇ ਜੇਲ੍ਹਾਂ ਵਿਚ ਡੱਕ ਦਿੱਤਾ। ਸੱਤ ਸੌ ਤੋਂ ਵੱਧ ਗ਼ਦਰੀਆਂ ਨੂੰ ਉਨ੍ਹਾਂ ਦੇ ਪਿੰਡਾਂ ਵਿਚ ਨਜ਼ਰਬੰਦ ਕਰ ਦਿੱਤਾ ਗਿਆ ਅਤੇ ਉਨ੍ਹਾਂ ਦੀ ਨਿਗਰਾਨੀ ਕੀਤੀ ਜਾਣ ਲੱਗੀ। ਉਨ੍ਹਾਂ ਵਿੱਚੋਂ ਬਹੁਤ ਥੋੜ੍ਹੇ ਜੋ ਖ਼ਾਸ ਰਸਤਿਆਂ ਰਾਹੀਂ ਮੁਲਕ ਵਿਚ ਆਏ ਉਹ ਹੀ ਹਕੂਮਤ ਦੀਆਂ ਨਜ਼ਰਾਂ 'ਚ ਆਏ ਬਗ਼ੈਰ ਪੰਜਾਬ ਪਹੁੰਚਣ 'ਚ ਕਾਮਯਾਬ ਹੋਏ ਸਨ।

ਇਹ ਹੈਰਾਨੀ ਦੀ ਗੱਲ ਹੈ, ਉਨ੍ਹਾਂ ਨੂੰ ਸੂਬੇ ਦੀ ਸਿਆਸੀ ਹਾਲਤ ਦੀ ਕੋਈ ਖ਼ਬਰ ਨਹੀਂ ਸੀ। ਉਨ੍ਹਾਂ ਵਿਚ ਖੁਫ਼ੀਆ ਮੀਟਿੰਗਾਂ ਤੇ ਦਿਸ਼ਾ-ਨਿਰਦੇਸ਼ਾਂ ਲਈ ਸਦਰ-ਮੁਕਾਮ ਬਣਾਉਣ ਜਾਂ ਲਹਿਰ ਦੀ ਸਮੁੱਚੀ ਕਮਾਨ ਲਈ ਆਗੂ ਜਾਂ ਕਮੇਟੀ ਦੀ ਕੋਈ ਸੋਚ ਨਹੀਂ ਸੀ। ਉਨ੍ਹਾਂ ਨੂੰ ਇਹ ਦੇਖਕੇ ਸਦਮਾ ਪਹੁੰਚਿਆ ਸੀ ਕਿ ਪਿੰਡ-ਪਿੰਡ ਸਰਦੇ-ਪੁੱਜਦੇ ਲੋਕ ਗੋਰੇ ਮਾਲਕ ਦੀ ਵਫ਼ਾਦਾਰੀ ਦੇ ਸੋਹਲੇ ਗਾ ਰਹੇ ਸਨ ਅਤੇ ਅੰਗਰੇਜ਼ੀ ਫ਼ੌਜ ਵਿਚ ਥੋਕ ਤਾਦਾਦ 'ਚ ਨੌਜਵਾਨ ਰੰਗਰੂਟ ਭਰਤੀ ਕਰਾਉਣ ਦੇ ਇਵਜ਼ 'ਚ ਇਨਾਮਾਂ-ਸਨਮਾਨਾਂ ਦਾ ਹੱਕ ਜਤਾ ਰਹੇ ਸਨ। ਜਿਸ ਸੂਬੇ ਨੂੰ ਉਹ ਹਥਿਆਰਬੰਦ ਬਗ਼ਾਵਤ ਦਾ ਕੇਂਦਰ ਮਿੱਥਕੇ ਚੱਲੇ ਸਨ ਉਹ ਦਰਅਸਲ ਦੁਸ਼ਮਣ ਦਾ ਸਭ ਤੋਂ ਮਜ਼ਬੂਤ ਅਧਾਰ ਬਣਿਆ ਹੋਇਆ ਸੀ। ਇਸ ਅਰਸੇ ਵਿਚ ਹਰ ਅੱਠਾਂ ਪਿੱਛੇ ਇਕ ਪੰਜਾਬੀ ਫ਼ੌਜੀ ਭਰਤੀ ਹੋਇਆ ਸੀ। ਸਮੁੱਚੇ ਤੌਰ 'ਤੇ ਹਿੰਦੁਸਤਾਨ ਵਿਚ ਇਹ ਤਨਾਸਬ 150 ਪਿੱਛੇ ਇਕ ਸੀ। ਲਿਹਾਜ਼ਾ ਗ਼ਦਰੀਆਂ ਨੂੰ ਪਿੰਡਾਂ ਵਿਚ ਸਿਰਫਿਰੇ ਅਮਰੀਕਨ ਸਿੱਖ ਸਮਝਿਆ ਗਿਆ, ਜਿਨ੍ਹਾਂ ਨੂੰ ਸਿਆਸੀ ਮੁਕਤੀ ਦੀ ਕੋਈ ਬਦੇਸ਼ੀ ਛੂਤ ਚਿੰਬੜੀ ਹੋਈ ਸੀ। ਜ਼ਰਾ ਇਨ੍ਹਾਂ ਹਜ਼ਾਰਾਂ ਦੇਸ਼ਭਗਤਾਂ ਬਾਰੇ ਕਲਪਨਾ ਕਰੋ ਜਿਨ੍ਹਾਂ ਨੇ ਆਪਣੇ ਕਾਰੋਬਾਰ ਵਤਨ ਲਈ ਕੁਰਬਾਨ ਕਰ ਦਿੱਤੇ, ਜਾਇਦਾਦਾਂ ਵੇਚ ਦਿੱਤੀਆਂ, ਆਪਣੀ ਮਿਹਨਤ ਨਾਲ ਕਮਾਈ ਦੌਲਤ ਪਾਰਟੀ ਦੇ ਹਵਾਲੇ ਕਰ ਦਿੱਤੀ ਅਤੇ ਅੰਗਰੇਜ਼ ਜਰਵਾਣਿਆਂ ਨੂੰ ਹਿੰਦੁਸਤਾਨ ਵਿੱਚੋਂ ਕੁੱਟ-ਦਬੱਲਣ ਦੀਆਂ ਵੱਡੀਆਂ ਉਮੀਦਾਂ ਲੈ ਕੇ ਆਪਣੇ ਮੁਲਕ ਨੂੰ ਮੁੜ ਆਏ ਉਨ੍ਹਾਂ ਦੇ ਆਪਣੇ ਹੀ ਭਾਈਚਾਰੇ ਦੇ ਮੋਹਤਬਰ ਲੋਕਾਂ ਵਲੋਂ ਉਨ੍ਹਾਂ ਨੂੰ 'ਮੁਜਰਿਮ' ਕਰਾਰ ਦੇ ਕੇ ਉਨ੍ਹਾਂ ਦਾ ਸ਼ਿਕਾਰ ਪਿੱਛਾ ਕੀਤਾ ਜਾ ਰਿਹਾ ਸੀ। ਉਹ ਵੱਖੋ-ਵੱਖਰੇ ਇਲਾਕਿਆਂ ਵਿਚ ਖਿੰਡਕੇ ਆਪਣੇ ਖ਼ਾਸ *ਜਥੇ* ਨੂੰ ਅਗਵਾਈ ਦੇਣ ਲਈ ਆਗੂ ਦੀ ਰਾਹ ਤੱਕ ਰਹੇ ਸਨ। ਅਤੇ ਅਕਸਰ ਹੀ ਉਹ ਇਹ ਤੈਅ ਨਾ ਕਰ ਪਾਉਂਦੇ ਕਿ ਪਹਿਲਾਂ ਉਨ੍ਹਾਂ ਨੂੰ ਕਿਹੜਾ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਕੁਲ ਹਿੰਦ ਪ੍ਰਸੰਗ ਦਾ ਕੋਈ ਬੋਧ ਨਹੀਂ ਸੀ, ਨਾ ਹੀ ਉਨ੍ਹਾਂ ਦੀ ਕੋਈ ਕੇਂਦਰੀ ਜਥੇਬੰਦੀ ਜਾਂ ਵਿਉਂਤਬੱਧ ਯੁੱਧਨੀਤੀ ਸੀ। ਨਾ ਉਨ੍ਹਾਂ ਕੋਲ ਸੰਚਾਰ ਤੇ ਤਾਲਮੇਲ ਦੀ ਕੋਈ ਸਪਸ਼ਟ ਵਿਵਸਥਾ ਸੀ, ਨਾ ਉਨ੍ਹਾਂ ਕੋਲ ਹਥਿਆਰ ਸਨ। ਉਨ੍ਹਾਂ ਵਿਚ ਤਾਂ "ਪਰੇਮ ਖੇਲਨ ਕਾ ਚਾਓ", ਬੇਗਰਜ਼ ਸ਼ਰਧਾ, ਆਪੋ ਵਿਚ ਮਜ਼ਬੂਤ ਰਿਸ਼ਤਾ ਅਤੇ ਬੜੀ ਤੋਂ ਬੜੀ ਕੁਰਬਾਨੀ ਕਰਨ ਦੀ ਤੱਤਪਰਤਾ ਦਾ ਨਿਆਰਾ ਜਜ਼ਬਾ ਲਟ ਲਟ ਬਲ ਰਿਹਾ ਸੀ। ਉਨ੍ਹਾਂ ਦਾ ਸਭ ਤੋਂ ਵੱਧ ਸਰੋਕਾਰ ਕਾਰਵਾਈ ਨਾਲ ਸੀ। ਕੁਝ ਕੀਤੇ ਬਗ਼ੈਰ ਉਹ ਬੇਚੈਨ ਮਹਿਸੂਸ ਕਰ ਰਹੇ ਸਨ। ਹਥਿਆਰਾਂ ਦੇ ਪਹੁੰਚਣ ਜਾਂ ਉਨ੍ਹਾਂ ਤੱਕ ਪਹੁੰਚਦੇ ਕੀਤੇ ਜਾਣ ਦੀ ਇੰਤਜ਼ਾਰ ਕਰਨੀ ਮੁਸ਼ਕਲ ਸੀ।

ਸਿੱਟੇ ਵਜੋਂ, ਫੌਰਨ ਬਗ਼ਾਵਤ ਕਰਨ ਜਾਂ ਗ਼ਦਰ ਦੀ ਤਰੀਕ ਤੈਅ ਕਰਨ ਦੀ ਮੰਗ ਕੀਤੀ ਜਾ ਰਹੀ ਸੀ। ਲਾਹੌਰ ਸਾਜ਼ਿਸ਼ ਮੁਕੱਦਮੇ ਵਿਚ ਇਕ ਜੇਰ-ਸਮਾਇਤ ਗ਼ਦਰੀ ਨੇ ਟ੍ਰਿਬਿਊਨਲ ਨੂੰ ਦੱਸਿਆ: "ਸਾਡਾ ਜੱਥਾ ਤੁਰੰਤ ਗ਼ਦਰ ਕਰਨ ਦੇ ਹੱਕ 'ਚ ਸੀ।" ਇਕ ਹੋਰ ਨੇ ਦੱਸਿਆ ਕਿ ਉਨ੍ਹਾਂ ਨੇ ਆਗੂਆਂ ਨੂੰ ਸਾਫ਼ ਦੱਸ ਦਿੱਤਾ ਸੀ ਕਿ ਜੇ ਛੇਤੀ ਹੀ ਗ਼ਦਰ ਦੀ ਤਰੀਕ ਨਾ ਮਿੱਥੀ ਗਈ ਤਾਂ "ਉਹ ਖ਼ੁਦ ਹੀ ਤਰੀਕ ਦਾ ਐਲਾਨ ਕਰ ਦੇਣਗੇ।" ਉਨ੍ਹਾਂ ਮਾਮਲਿਆਂ ਵਿਚ ਜਿਥੇ ਹਥਿਆਰ ਪਹੁੰਚ ਜਾਣ ਦੀ ਉਮੀਦ ਬੱਝੀ ਜਾਂ ਕਿਸੇ ਛਾਉਣੀ ਦੇ ਫ਼ੌਜੀਆਂ ਦੇ ਸਮੂਹ ਵਲੋਂ ਗ਼ਦਰ ਦਾ ਵਾਅਦਾ ਕੀਤੇ ਜਾਣ ਦੀ ਇਤਲਾਹ ਮਿਲੀ ਉਥੇ ਬੇਚੈਨ ਜੱਥੇ ਨੇ ਗ਼ਦਰ ਦੀ ਤਰੀਕ ਖ਼ੁਦ ਹੀ ਐਲਾਨ ਕਰ ਦਿੱਤੀ। ਜਦੋਂ ਕਿਸੇ ਖ਼ਾਸ ਯੋਜਨਾ ਨੇ ਉਮੀਦ ਅਨੁਸਾਰ ਕੰਮ ਨਾ ਕੀਤਾ ਤਾਂ ਉਨ੍ਹਾਂ ਵਿੱਚੋਂ ਕੁਝ ਨੇ ਸਲਾਹ ਦਿੱਤੀ ਕਿ ਇਸ ਦੌਰਾਨ ਆਪਣੀਆਂ ਕਾਰਵਾਈਆਂ ਲਈ ਉਨ੍ਹਾਂ ਨੂੰ ਕਿਸੇ ਪੁਲਿਸ ਥਾਣੇ ਉਪਰ ਹਮਲਾ ਕਰਕੇ ਹਥਿਆਰ ਲੁੱਟਣੇ ਚਾਹੀਦੇ ਹਨ ਜਾਂ ਸਰਕਾਰੀ ਖ਼ਜ਼ਾਨੇ ਤੋਂ ਧਨ ਲੁੱਟ ਲੈਣਾ ਚਾਹੀਦਾ ਹੈ। ਐਸੀ ਕਿਸੇ ਕਾਰਵਾਈ ਦੌਰਾਨ, ਜੇ ਕਿਸੇ ਬਦਤਮੀਜ਼ ਪੁਲਿਸ ਅਧਿਕਾਰੀ ਜਾਂ ਜ਼ੈਲਦਾਰ ਨੇ ਉਨ੍ਹਾਂ ਨੂੰ ਰੋਕਣਾ ਚਾਹਿਆ, ਸਵਾਲ ਕੀਤਾ ਜਾਂ ਸ਼ੱਕ ਪੈਣ 'ਤੇ ਉਨ੍ਹਾਂ ਤੋਂ ਜ਼ਲਾਲਤ ਵਾਲੇ ਢੰਗ ਨਾਲ ਪੁੱਛਗਿੱਛ ਕਰਨੀ ਚਾਹੀ ਤਾਂ ਤੈਸ਼ 'ਚ ਆ ਕੇ ਕੋਈ ਸਾਥੀ ਆਪਣੀ ਬੁੱਕਲ 'ਚੋਂ ਪਿਸਤੌਲ ਕੱਢਕੇ ਦੁਸ਼ਮਣ ਨੂੰ ਮਾਰ ਮੁਕਾਉਂਦਾ। ਫੇਰੂ ਸ਼ਹਿਰ ਵਿਖੇ ਇਸ ਤਰ੍ਹਾਂ ਦੇ ਉਕਸਾਹਟ ਵਾਲੇ ਪ੍ਰਤੀਕਰਮ ਦੇ ਸਿੱਟੇ ਵਜੋਂ ਦਸ ਗ਼ਦਰੀਆਂ ਨੂੰ ਜਾਨ ਦੇਣੀ ਪਈ ਜਿਨ੍ਹਾਂ ਵਿਚ ਇਕ ਬਹੁਤ ਹੀ ਉੱਘੇ ਆਗੂ ਪੰਡਿਤ ਕਾਂਸ਼ੀ ਰਾਮ ਵੀ ਸਨ ਜਿਨ੍ਹਾਂ ਨੂੰ ਫਾਂਸੀ ਦਿੱਤੀ ਗਈ। ਇਸ ਨਾਲ ਸੰਘਰਸ਼ ਨੂੰ ਭਾਰੀ ਧੱਕਾ ਲੱਗਿਆ।

ਫੰਡਾਂ ਦੀ ਤੋਟ ਕਾਰਨ ਸਰਾਭਾ ਤੇ ਕੁਝ ਹੋਰਾਂ ਨੇ ਨਿਧਾਨ ਸਿੰਘ ਚੁੱਘਾ ਵਰਗੇ ਆਗੂਆਂ ਦੇ ਵਿਰੋਧ ਦੇ ਬਾਵਜੂਦ 'ਮਨੀ ਐਕਸ਼ਨ' - ਡਾਕੇ ਮਾਰਨ - ਦਾ ਫ਼ੈਸਲਾ ਲਿਆ। ਨਿਸ਼ਚੇ ਹੀ ਉਨ੍ਹਾਂ ਦੀ ਜ਼ਿਹਨੀ ਢਲਾਈ ਅਜਿਹੇ ਜੁਰਮ ਕਰਨ ਦੀ ਨਹੀਂ ਸੀ। ਜਿੱਥੋਂ ਤਕ ਡਾਕਾ ਮਾਰਨ ਦਾ ਸਵਾਲ ਹੈ ਉਹ ਸੁਭਾਵਿਕ ਤੌਰ 'ਤੇ ਹੀ ਇੱਧਰ ਨੂੰ ਰੁਚਿਤ ਹੋ ਤੁਰੇ। ਉਨ੍ਹਾਂ ਵਿੱਚੋਂ ਜ਼ਿਆਦਾਤਰ ਨੇ ਬਾਦ ਵਿਚ ਮੰਨਿਆ ਕਿ ਮਾੜੀ ਵਿਉਂਤਬੰਦੀ ਨਾਲ ਚੱਬਾ ਪਿੰਡ ਵਿਚ ਮਾਰਿਆ ਡਾਕਾ ਮਿੱਥੇ ਗ਼ਦਰ ਨੂੰ ਨਿਸਫ਼ਲ ਬਣਾ ਦੇਣ ਦਾ ਵੱਡਾ ਕਾਰਨ ਬਣਿਆ।

ਅਜੋਕੇ ਸਿਆਸੀ ਪ੍ਰਸੰਗ ਦੇ ਹਵਾਲੇ ਨਾਲ ਗ਼ਦਰ ਲਹਿਰ ਦੇ ਅਧਿਐਨ ਦੀ ਪ੍ਰਸੰਗਿਕਤਾ ਬਾਰੇ ਸਾਡੀ ਵਿਚਾਰ-ਚਰਚਾ ਅੰਦਰ ਜੋ ਪਹਿਲੀ ਚੀਜ਼ ਪ੍ਰਮਾਣਿਤ ਹੁੰਦੀ ਹੈ ਉਹ ਹੈ ਇਸ ਦੀ ਜ਼ਬਰਦਸਤ ਸੰਭਾਵਨਾ। ਇਸਦੀ ਤਾਕਤ ਉਸ ਕਾਇਆਪਲਟੀ ਵਿਚ ਮੌਜੂਦ ਹੈ ਜੋ ਇਸਨੇ ਉਨ੍ਹਾਂ ਅੱਧਪੜ੍ਹ ਕਿਸਾਨ ਕਾਮਿਆਂ ਦੇ ਖ਼ਿਆਲਾਂ, ਅਕੀਦਿਆਂ ਅਤੇ ਤਰਜ਼ੀਹਾਂ ਵਿਚ ਲਿਆਂਦੀ ਜੋ ਬਦੇਸ਼ਾਂ ਵਿਚ ਮਹਿਜ਼ ਕਮਾਈ ਕਰਨ ਦੇ ਉਦੇਸ਼ ਨਾਲ ਗਏ ਸਨ। ਉਨ੍ਹਾਂ ਦੇ ਨਿੱਜੀ, ਪਰਿਵਾਰਕ, ਧਾਰਮਿਕ ਅਤੇ ਖੇਤਰੀ ਰੁਚੀ ਦੇ ਸਾਰੇ ਮਸਲੇ ਬਦੇਸ਼ੀ ਰਾਜ ਤੋਂ ਆਪਣੇ ਮੁਲਕ ਦੀ ਆਜ਼ਾਦੀ ਲਈ ਨਿਰਣਾਇਕ ਵਚਨਬੱਧਤਾ ਵਿਚ ਸਮੋ ਗਏ। ਉਨ੍ਹਾਂ ਦੀ ਸੁਰਤ ਸਾਮਰਾਜਵਾਦ ਅਤੇ ਬਸਤੀਵਾਦ ਦੇ ਕੌਮਾਂਤਰੀ ਮੁੱਦਿਆਂ, ਬਸਤੀਕਰਨ ਦਾ ਸ਼ਿਕਾਰ ਬਣਾਏ ਗਏ ਸਾਰੇ ਲੋਕਾਂ ਦੇ ਸੰਘਰਸ਼ਾਂ ਅਤੇ ਸਾਮਰਾਜਵਾਦ ਦੇ ਵਿਰੁੱਧ ਲੜਨ ਜਾਂ ਲੜਾਈ ਵਿਚ ਸਾਂਝ ਉਸਾਰਨ ਦੀ ਲੋੜ ਦੇ ਮੁੱਦਿਆਂ ਨੇ ਮੱਲ

ਲਈ। ਸੰਘਰਸ਼ ਲਈ ਅਵਾਮ ਦੀ ਸਿਆਸੀ ਜਾਗਰੂਕਤਾ ਅਤੇ ਲੋਕਾਂ ਦੀ ਵੱਡੇ ਪੈਮਾਨੇ 'ਤੇ ਸ਼ਮੂਲੀਅਤ ਦਰਕਾਰ ਸੀ। ਇਹ ਵਿਸ਼ਵਾਸ ਕੀਤਾ ਜਾਂਦਾ ਸੀ ਕਿ ਜੇ ਲੋਕ ਉੱਠ ਖੜ੍ਹੇ ਅਤੇ ਹਰ ਢੰਗ ਨਾਲ ਹਕੂਮਤ ਦੀ ਇਮਦਾਦ ਕਰਨ ਤੋਂ ਇਨਕਾਰੀ ਹੋ ਗਏ ਤਾਂ ਬਦੇਸ਼ੀ ਅੰਗਰੇਜ਼ ਹੁਕਮਰਾਨ ਹਿੰਦੁਸਤਾਨ ਵਿਚ ਟਿਕ ਨਹੀਂ ਸਕਣਗੇ। ਉਹ ਇਸ ਦੇ ਕਾਇਲ ਸਨ ਕਿ ਧਰਮ ਦੇ ਝਮੇਲਿਆਂ ਵਿਚ ਰੁੱਝੇ ਰਹਿਣ ਦੀ ਮਹਿੰਗੀ ਕੀਮਤ ਪ੍ਰਮੁੱਖ ਜ਼ਿੰਮੇਵਾਰੀ ਮਨੋ ਵਿਸਰ ਜਾਣ ਦੇ ਰੂਪ 'ਚ ਤਾਰਨੀ ਪੈਂਦੀ ਹੈ – *"ਸਾਨੂੰ ਲੋੜ ਨਾ ਪੰਡਤਾਂ ਕਾਜੀਆਂ ਦੀ, ਨਹੀਂ ਸ਼ੌਕ ਹੈ ਬੇੜਾ ਡੁਬਾਵਣੇ ਦਾ।"* ਗ਼ਦਰੀਆਂ ਦਾ ਵੱਡਾ ਹਿੱਸਾ ਧਰਮਨਿਰਪੱਖ ਅਤੇ ਆਧੁਨਿਕ ਖ਼ਿਆਲਾਂ ਅਤੇ ਨਾਲ ਹੀ ਹਿੰਦੁਸਤਾਨ ਦੀ ਬਹੁ-ਸਭਿਆਚਾਰੀ ਏਕਤਾ ਦੀ ਭਾਵਨਾ ਦੇ ਰੰਗ 'ਚ ਰੰਗਿਆ ਹੋਇਆ ਸੀ। ਗਣਰਾਜੀ ਹਕੂਮਤ ਅਤੇ ਬਰਾਬਰੀ ਤੇ ਸਮਾਜੀ ਨਿਆਂ ਵਾਲਾ ਨਵਾਂ ਸਮਾਜੀ ਪ੍ਰਬੰਧ ਉਸਾਰਨ ਦੇ ਖ਼ਿਆਲ ਉਨ੍ਹਾਂ ਦੀ ਪ੍ਰੇਰਣਾ ਸਨ। ਉਨ੍ਹਾਂ ਦੀ ਇਸ ਤਰ੍ਹਾਂ ਦੀ ਸਿਆਸੀ ਕਾਇਆਕਲਪ ਦੀ ਸੋਚ ਸੀ ਜਿਸ ਤੋਂ ਭਗਤ ਸਿੰਘ ਡੂੰਘੇ ਰੂਪ 'ਚ ਪ੍ਰਭਾਵਿਤ ਹੋਏ। ਜੇਲ੍ਹਾਂ ਵਿਚ ਅੰਗਰੇਜ਼ਾਂ ਦੇ ਜ਼ੁਲਮਾਂ ਨਾਲ ਲਗਾਤਾਰ ਅਡੋਲ ਟੱਕਰ ਲੈਂਦੇ ਰਹਿਣ ਤੋਂ ਲੈ ਕੇ ਹਿੰਦੁਸਤਾਨ ਦੀ ਆਜ਼ਾਦੀ ਤੋਂ ਬਾਅਦ ਵੀ ਮਜ਼ਦੂਰਾਂ ਤੇ ਕਿਸਾਨਾਂ ਦੇ ਖੁੱਲ੍ਹੇ ਸਿਆਸੀ ਸੰਘਰਸ਼ਾਂ ਤੱਕ, ਗ਼ਦਰੀ ਬਾਬੇ ਵਿਅਕਤੀਗਤ ਦਿਆਨਤਦਾਰੀ ਅਤੇ ਧਰਮਨਿਰਪੱਖਤਾ ਤੇ ਸਮਾਜੀ ਨਿਆਂ ਪ੍ਰਤੀ ਡੂੰਘੀ ਵਚਨਬੱਧਤਾ ਦਾ ਨਮੂਨਾ ਬਣੇ ਰਹੇ। ਲਹਿਰ ਦੇ ਇਹ ਪਸਾਰ ਸਾਨੂੰ ਪ੍ਰੇਰਣਾ ਦਿੰਦੇ ਹਨ।

ਦੂਜੇ ਪਾਸੇ, ਉਪਰ ਜੋ ਘਾਟਾਂ-ਕਮੀਆਂ ਵਿਚਾਰੀਆਂ ਗਈਆਂ ਹਨ, ਉਨ੍ਹਾਂ ਤੋਂ ਪਤਾ ਚਲਦਾ ਹੈ ਕਿ ਇਨ੍ਹਾਂ ਨੇ ਨਾ ਸਿਰਫ਼ ਗ਼ਦਰੀਆਂ ਦੇ ਸੁਪਨੇ ਖੇਰੂੰ-ਖੇਰੂੰ ਕਰ ਦਿੱਤੇ ਸਗੋਂ ਇਹ ਐਸੇ ਜ਼ਹੀਨ ਇਨਸਾਨਾਂ ਤੇ ਦੇਸ਼ਭਗਤਾਂ ਦੇ ਘੋਰ ਅਤੇ ਅਣਚਾਹੇ ਜਾਨੀ ਨੁਕਸਾਨ ਦਾ ਕਾਰਨ ਵੀ ਬਣੀਆਂ। 1894-1901 ਦੇ ਅਰਸੇ ਦੌਰਾਨ ਸੋਸ਼ਲ ਡੈਮੋਕਰੇਟਾਂ ਦੀਆਂ ਸਿਆਸੀ ਸਰਗਰਮੀਆਂ ਬਾਰੇ ਲੈਨਿਨ ਨੇ ਜੋ ਟਿੱਪਣੀਆਂ ਕੀਤੀਆਂ ਸਨ ਉਨ੍ਹਾਂ ਨੂੰ ਚੇਤੇ ਕਰਨਾ ਸਾਡੇ ਲਈ ਬਹੁਤ ਮੁਨਾਸਬ ਰਹੇਗਾ। ਕਾਮਾਗਾਟਾ ਮਾਰੂ ਕਾਂਡ ਤੋਂ ਉਪਜੇ ਰੋਹ ਮਗਰ ਵਗ ਤੁਰਨ ਵਾਲੇ ਗ਼ਦਰੀਆਂ ਵਾਂਗ ਇਹ ਸੋਸ਼ਲ ਡੈਮੋਕਰੇਟ ਵੀ ਆਪਣੀ ਸੰਕਟ ਦੀ ਹਾਲਤ ਵਿਚ ਇਕ ਸਵਾਲ ਦਾ ਜਵਾਬ ਚਾਹੁੰਦੇ ਸਨ: "ਹੁਣ ਕੀ ਕੀਤਾ ਜਾਵੇ?" ਇਹ ਯੋਜਨਾਬੰਦੀ, ਸਿਖਲਾਈ, ਹਥਿਆਰਾਂ ਜਾਂ ਵਸੀਲਿਆਂ ਤੋਂ ਬਗ਼ੈਰ ਹੀ ਦੁਸ਼ਮਣ ਵਿਰੁੱਧ ਮੈਦਾਨ ਵਿਚ ਕੁੱਦਣ ਦਾ ਹੋਕਾ ਸੀ। ਜਿਵੇਂ ਲੈਨਿਨ ਇਸ ਨੂੰ ਦੇਖਦਾ ਸੀ, "ਇਹ ਨਵੇਂ ਯੋਧੇ ਹੈਰਾਨੀਜਨਕ ਤੌਰ 'ਤੇ ਪੁਰਾਣੇ ਹਥਿਆਰ ਅਤੇ ਸਿਖਲਾਈ ਲੈ ਕੇ ਮੈਦਾਨ ਵਿਚ ਨਿਤਰਦੇ ਸਨ। ਬਹੁਤ ਸਾਰੀਆਂ ਮਿਸਾਲਾਂ ਐਸੀਆਂ ਵੀ ਹਨ ਜਿਥੇ ਉਨ੍ਹਾਂ ਕੋਲ ਲਗਭਗ ਨਾ ਤਾਂ ਕੋਈ ਹਥਿਆਰ ਹੁੰਦਾ ਅਤੇ ਨਾ ਉਕਾ ਹੀ ਕੋਈ ਸਿਖਲਾਈ ਹੁੰਦੀ। ਉਹ ਜੰਗ ਨੂੰ ਇਸ ਤਰ੍ਹਾਂ ਤੁਰ ਪੈਂਦੇ ਜਿਵੇਂ ਕੋਈ ਹਲ ਵਾਹੁੰਦਾ ਕਿਸਾਨ ਹੱਲ ਛੱਡਕੇ ਲਾਠੀ ਮੋਢੇ 'ਤੇ ਰੱਖਕੇ ਤੁਰ ਪਵੇ।" ਉਸਨੇ ਇਸ ਨੂੰ "ਸਿਖਾਂਦਰੂਵਾਦ" ਕਿਹਾ ਅਤੇ ਉਹ ਅਜਿਹੀ ਮੁਹਿੰਮ ਦੀ ਹੋਣੀ ਬਾਰੇ ਸਪਸ਼ਟ ਸੀ। ਜਿਵੇਂ ਉਸਨੇ ਟਿੱਪਣੀ ਕੀਤੀ:

"ਆਮ ਕਰਕੇ ਪਹਿਲੀ ਕਾਰਵਾਈ ਹੁੰਦੇ ਸਾਰ ਹੀ ਤੁਰੰਤ ਅਤੇ ਵੱਡੇ ਪੈਮਾਨੇ 'ਤੇ ਗ੍ਰਿਫ਼ਤਾਰੀਆਂ ਹੋ ਜਾਂਦੀਆਂ ਹਨ। ਤੁਰੰਤ ਤੇ ਵੱਡੇ ਪੈਮਾਨੇ 'ਤੇ ਇਸ ਲਈ ਕਿ ਇਹ ਖੁੱਲ੍ਹੀ ਜੰਗ

ਲੰਮੇਰੇ ਤੇ ਦ੍ਰਿੜ ਸੰਘਰਸ਼ ਲਈ ਬਾਕਾਇਦਗੀ ਤੇ ਧਿਆਨ ਨਾਲ ਸੋਚੀ ਵਿਚਾਰੀ ਅਤੇ ਪੜਾਅਵਾਰ ਤਿਆਰ ਕੀਤੀ ਯੋਜਨਾ ਦਾ ਸਿੱਟਾ ਨਹੀਂ ਸੀ ਸਗੋਂ ਇਹ ਆਪਮੁਹਾਰੇ ਵਿਕਾਸ ਦਾ ਸਿੱਟਾ ਸੀ...।"

ਇਸ ਤਰ੍ਹਾਂ ਮਹਿਸੂਸ ਹੋਣਾ ਸ਼ੁਰੂ ਹੋ ਜਾਂਦਾ ਹੈ ਜਿਵੇਂ ਉਹ ਗ਼ਦਰ ਲਹਿਰ ਬਾਰੇ ਲਿਖ ਰਿਹਾ ਹੋਵੇ। ਬਗ਼ਾਵਤ ਦੀ ਆਪਮੁਹਾਰਤਾ ਜੋਸ਼ ਦੇ ਉਬਾਲ, ਬਹਾਦਰੀ ਅਤੇ ਕੁਰਬਾਨੀ ਲਈ ਇਕ ਖ਼ਾਸ ਬੇਤਹਾਸ਼ਾ ਤਿਆਰੀ ਨੂੰ ਦਰਸਾਉਂਦੀ ਸੀ। ਪਰ ਅਜੋਕੇ ਖੱਬੇਪੱਖੀ ਰੈਡੀਕਲ ਆਗੂਆਂ ਨੂੰ ਲੈਨਿਨ ਦੀ ਹੇਠ ਦਿੱਤੀ ਚੇਤਾਵਨੀ ਚੇਤੇ ਰੱਖਣ ਦੀ ਲੋੜ ਹੈ:

"ਪਰ, ਜਥੇਬੰਦੀ ਦੇ ਆਪਮੁਹਾਰੇ ਤੌਰ 'ਤੇ ਵਿਕਸਤ ਹੋ ਰਹੇ ਰੂਪਾਂ ਦੀ ਪੂਜਾ ਕਰਨਾ, ਸਾਡੇ ਜਥੇਬੰਦਕ ਕੰਮ, ਅਤੇ ਇਹ ਮਹਿਸੂਸ ਕਰਨ ਤੋਂ ਅਸਮਰੱਥ ਰਹਿਣਾ ਕਿ ਸਾਡਾ ਜਥੇਬੰਦਕ ਕੰਮ ਕਿੰਨੇ ਸੁੰਗੜਵੇਂ ਤੇ ਮੁੱਢਲੇ ਰੂਪ 'ਚ ਹੈ ਅਤੇ ਇਸ ਅਹਿਮ ਖੇਤਰ ਵਿਚ ਅਸੀਂ ਅਜੇ ਕਿੰਨੇ ਸਿਖਾਂਦਰੂ ਢੰਗ ਨਾਲ ਕੰਮ ਕਰ ਰਹੇ ਹਾਂ– ਇਹ ਮਹਿਸੂਸ ਕਰਨ ਤੋਂ ਅਸਮਰੱਥ ਰਹਿਣਾ – ਮੈਂ ਕਹਿੰਦਾ ਹਾਂ – ਇਕ ਹਕੀਕੀ ਰੋਗ ਹੈ ਜਿਸ ਵਿਚ ਸਾਡੀ ਲਹਿਰ ਗ੍ਰਸੀ ਹੋਈ ਹੈ। ਇਹ ਐਸਾ ਰੋਗ ਨਹੀਂ ਜੋ ਅੱਧੋਗਤੀ ਨਾਲ ਆਉਂਦਾ ਹੈ ਸਗੋਂ ਨਿਸ਼ਚੇ ਹੀ ਇਹ ਐਸਾ ਰੋਗ ਹੈ ਜੋ ਚੜ੍ਹਾਅ ਵੇਲੇ ਪੈਦਾ ਹੁੰਦਾ ਹੈ; ਪਰ ਇਹ ਠੀਕ ਉਹ ਵਕਤ ਹੈ ਜਦੋਂ ਕਿ ਸਾਡੇ ਲਹਿਰ ਦੇ ਆਗੂਆਂ ਅਤੇ ਜਥੇਬੰਦਕਾਂ ਦੇ ਚੁਫੇਰੇ ਸਵੈ-ਉਤਪੰਨ ਕਰੋਧ ਦੀ ਹਨੇਰੀ ਝੁਲੀ ਹੋਈ ਹੈ, ਜਦ ਕਿ ਪਛੜੇਵੇਂ ਦੀ ਹਰ ਤਰ੍ਹਾਂ ਦੀ ਹਮਾਇਤ ਦੇ ਖ਼ਿਲਾਫ਼, ਇਸ ਮਾਮਲੇ ਵਿਚ ਸੁੰਗੜੇਪਨ ਨੂੰ ਹੱਕੀ ਆਖਣ ਦੇ ਖ਼ਿਲਾਫ਼ ਡੱਟਵਾਂ ਘੋਲ ਵਿੱਢਣਾ ਲਾਜ਼ਮੀ ਹੈ ਅਤੇ ਇਹ ਖ਼ਾਸ ਕਰਕੇ ਜ਼ਰੂਰੀ ਹੈ ਕਿ ਉਨ੍ਹਾਂ ਸਭਨਾਂ ਵਿਚ ਜਿਹੜੇ ਅਮਲੀ ਕੰਮ ਵਿਚ ਹਿੱਸਾ ਲੈਂਦੇ ਹਨ ਅਤੇ ਜਿਹੜੇ ਆਪਣਾ ਕੰਮ ਸ਼ੁਰੂ ਕਰਨ ਦੀ ਤਿਆਰੀ ਕਰ ਰਹੇ ਹਨ, ਉਸ ਸਿਖਾਂਦਰੂਪਨ ਲਈ, ਜਿਹੜਾ ਸਾਡੇ ਵਿਚ ਫੈਲਿਆ ਹੋਇਆ ਹੈ, ਅਸੰਤੁਸ਼ਟਤਾ ਅਤੇ ਇਸ ਤੋਂ ਛੁਟਕਾਰਾ ਹਾਸਲ ਕਰਨ ਲਈ ਦ੍ਰਿੜ ਇਰਾਦਾ ਪੈਦਾ ਕੀਤਾ ਜਾਵੇ।" (ਲੈਨਿਨ, "ਕੀ ਕਰਨਾ ਲੋੜੀਏ?" ਚੋਣਵੀਆਂ ਰਚਨਾਵਾਂ [ਤਿੰਨ ਜਿਲਦਾਂ ਵਿਚ], ਪ੍ਰਾਗਰੈਸਿਵ ਪਬਲਿਸ਼ਰਜ਼, ਮਾਸਕੋ, 1970, ਜਿਲਦ ਪਹਿਲੀ, ਸਫ਼ਾ 197–98, ਜ਼ੋਰ ਮੇਰੇ ਵਲੋਂ)।

ਆਪਮੁਹਾਰਤਾ ਉਸ ਹਾਲਤ ਵੱਲ ਇਸ਼ਾਰਾ ਸੀ ਜਦੋਂ ਸਿਆਸੀ ਚੇਤਨਾ ਅਜੇ ਮੁੱਢਲੇ ਪੜਾਅ 'ਚ ਹੀ ਸੀ। ਆਗੂਆਂ ਨੇ ਜਥੇਬੰਦੀ, ਯੁੱਧਨੀਤੀ ਅਤੇ ਦਾਅਪੇਚਾਂ ਦੇ ਕਾਰਜਾਂ ਬਾਬਤ ਗੰਭੀਰ ਜ਼ਿੰਮੇਵਾਰੀ ਓਟੀ। ਭਾਵੇਂ 1925–26 ਵਿਚ ਕਿਰਤੀ ਲਹਿਰ ਦੇ ਆਗਾਜ਼ ਨਾਲ ਗ਼ਦਰ ਲਹਿਰ ਦੀਆਂ ਕੁਝ ਸਭ ਤੋਂ ਉੱਭਰਵੀਆਂ ਵਿਸ਼ੇਸ਼ਤਾਵਾਂ ਤੋਂ ਗੰਭੀਰ ਕਿਨਾਰਾ ਕਰ ਲਿਆ ਗਿਆ ਸੀ, ਪਰ ਆਗੂ ਸ਼ਖਸੀਅਤਾਂ ਅਤੇ ਇਤਿਹਾਸਕਾਰ ਇਕ ਚੁੜੇਰੇ ਭਵਿੱਖਨਕਸ਼ੇ ਤੋਂ ਇਸ ਦਾ ਬਾਹਰਮੁਖੀ ਮੁਲੰਕਣ ਕਰਨ ਤੋਂ ਝਿਜਕ ਦਿਖਾਉਂਦੇ ਰਹੇ ਹਨ। ਵਿਅੰਗ ਤਾਂ ਇਹ ਵੀ ਹੈ ਕਿ ਹੋਰ ਲੇਖਕਾਂ ਦੀ ਤਾਂ ਗੱਲ ਛੱਡੋ, ਮਾਰਕਸਵਾਦੀ ਬੁੱਧੀਜੀਵੀਆਂ ਅਤੇ ਲੇਖਕਾਂ ਦਾ ਝੁਕਾਅ ਵੀ ਸੂਰਮਗਤੀ, ਆਪਮੁਹਾਰਤਾ, ਮਾਅਰਕੇਬਾਜ਼ੀ, ਸ਼ਹਾਦਤ ਵਗੈਰਾ ਨੂੰ ਅਸਾਧਾਰਨ ਤੌਰ 'ਤੇ ਉਤਸ਼ਾਹਤ ਕਰਨ ਦਾ ਰਿਹਾ ਹੈ। ਮਹਾਨ ਦੇਸ਼ਭਗਤਾਂ ਦੀਆਂ ਕੁਰਬਾਨੀਆਂ ਤੋਂ ਪ੍ਰੇਰਣਾ ਲੈਣਾ ਨਿਸ਼ਚੇ ਹੀ ਮੁੱਲਵਾਨ ਹੈ, ਪਰ ਇਨ੍ਹਾਂ ਖ਼ਾਸੀਅਤਾਂ ਨੂੰ ਇਨਕਲਾਬੀ ਸੰਘਰਸ਼ਾਂ ਦੀ ਕਾਮਯਾਬੀ ਦੇ ਕੁੰਜੀਵਤ ਨਿਰਣਾਕਾਰੀ ਮੰਨਣਾ ਦਰਅਸਲ ਗ਼ਦਰ ਲਹਿਰ ਦੇ ਇਤਿਹਾਸ ਦੇ ਗ਼ਲਤ ਅਰਥ ਕੱਢਣਾ ਹੈ।

ਗ਼ਦਰ ਪਾਰਟੀ: ਕਦਰ ਕਰਨ ਹਿੱਤ ਇਕ ਦ੍ਰਿਸ਼ਟੀ

-ਵੇਦ ਪ੍ਰਕਾਸ਼ ਵਟੁਕ

1963 ਤੋਂ ਲੈ ਕੇ, ਜਦੋਂ ਤੋਂ ਮੈਂ ਕੈਲੀਫੋਰਨੀਆ ਯੂਨੀਵਰਸਿਟੀ ਵਿਖੇ ਹਿੰਦੁਸਤਾਨੀ ਜ਼ੁਬਾਨਾਂ ਅਤੇ ਸੰਸਕ੍ਰਿਤੀ ਪੜ੍ਹਾਉਣ ਲਈ ਬਰਕਲੇ ਚਲਾ ਗਿਆ, ਮੈਂ ਗ਼ਦਰ ਲਹਿਰ ਦੇ ਜਜ਼ਬੇ ਦੀ ਸਾਂਭ-ਸੰਭਾਲ ਕਰਨ ਦੀ ਸਰਗਰਮੀ ਵਿਚ ਜੁੱਟਿਆ ਰਿਹਾ ਹਾਂ। ਗ਼ਦਰ ਲਹਿਰ ਹਿੰਦੁਸਤਾਨ ਦੇ ਆਜ਼ਾਦੀ ਦੇ ਸੰਘਰਸ਼ ਵਿਚ ਇਕ ਸ਼ਾਨਾਮੱਤਾ ਕਾਂਡ ਸੀ। ਜਦੋਂ ਮੈਂ ਬਰਕਲੇ ਗਿਆ, ਓਦੋਂ ਗ਼ਦਰ ਪਾਰਟੀ ਦੇ ਆਖ਼ਰੀ ਪ੍ਰਧਾਨ ਕੇਸਰ ਸਿੰਘ ਢਿੱਲੋਂ ਅਤੇ ਉਸਦੇ ਚਰਨ ਸਿੰਘ ਪਢਾਣਾ ਵਰਗੇ ਸਾਥੀ ਹਿੰਦੁਸਤਾਨ ਦੀ ਸਰਕਾਰ ਨੂੰ ਢੁੱਕਵਾਂ ਗ਼ਦਰ ਅਜਾਇਬਘਰ/ਯਾਦਗਾਰ ਉਸਾਰਨ ਲਈ ਮਜਬੂਰ ਕਰਨ ਦੇ ਮਨੋਰਥ ਨਾਲ ਅੰਦੋਲਨ ਕਰ ਰਹੇ ਸਨ ਜਿਵੇਂ ਇਸ ਨੇ ਵਾਅਦਾ ਕੀਤਾ ਹੋਇਆ ਸੀ। ਹਿੰਦੁਸਤਾਨ ਨੂੰ ਆਜ਼ਾਦੀ ਮਿਲ ਜਾਣ 'ਤੇ, ਗ਼ਦਰ ਪਾਰਟੀ ਦਾ 5 ਵੁੱਡ ਸਟਰੀਟ, ਸਾਨ ਫਰਾਂਸਿਸਕੋ ਵਾਲਾ ਸਦਰ ਮੁਕਾਮ ਹਿੰਦੁਸਤਾਨ ਦੀ ਸਰਕਾਰ ਦੇ ਸਪੁਰਦ ਕਰ ਦਿੱਤਾ ਗਿਆ ਸੀ। ਉਮੀਦ ਸੀ ਕਿ ਹਿੰਦੁਸਤਾਨ ਦੀ ਸਰਕਾਰ ਇਸ ਇਮਾਰਤ ਦੀ ਸਾਂਭ-ਸੰਭਾਲ ਤੇ ਲੋੜੀਂਦੀ ਮੁਰੰਮਤ ਕਰਾਏਗੀ ਅਤੇ ਇਥੇ ਗ਼ਦਰ ਪਾਰਟੀ ਤੇ ਆਮ ਤੌਰ 'ਤੇ ਆਜ਼ਾਦੀ ਦੀ ਲਹਿਰ ਨੂੰ ਸਮਰਪਿਤ ਪੁਰਾਲੇਖ ਤੇ ਅਜਾਇਬਘਰ ਬਣਾਏਗੀ। ਇਸ ਦੀ ਬਜਾਏ ਸਰਕਾਰ ਨੇ ਗ਼ਦਰ ਪਾਰਟੀ ਨਾਲ ਸਬੰਧਤ ਦਸਤਾਵੇਜ਼ਾਂ ਅਤੇ ਹੋਰ ਸਮੱਗਰੀ ਨੂੰ ਸੰਭਾਲਣ ਤੋਂ ਬਿਨਾ ਹੀ ਇਮਾਰਤ ਨੂੰ ਢਾਹੁਣ ਦਾ ਫ਼ੈਸਲਾ ਕੀਤਾ। ਇਹ ਬਹੁਤ ਹੀ ਸਦਮਾ ਪਹੁੰਚਾਉਣ ਵਾਲਾ ਮਾਮਲਾ ਸੀ। ਕੇਸਰ ਸਿੰਘ ਅਤੇ ਉਸਦੇ ਸਾਥੀਆਂ ਨੇ ਗ਼ਦਰ ਯਾਦਗਾਰ ਕਮੇਟੀ ਬਣਾਈ ਹੋਈ ਹੈ। ਜਥੇਬੰਦੀ ਇਕ ਮਾਸਿਕ ਖ਼ਬਰਨਾਮਾ "ਸ਼ਹੀਦਾਂ ਦਾ ਹੋਕਾ" ਛਾਪ ਰਹੀ ਸੀ। ਮੈਂ ਇਸ ਲਈ ਕਵਿਤਾਵਾਂ ਅਤੇ ਲੇਖਾਂ ਦੇ ਰੂਪ 'ਚ ਇਸ ਵਿਚ ਹਿੱਸਾ ਪਾਉਣ ਦੇ ਨਾਲ-ਨਾਲ ਇਸ ਲਈ ਪੰਜਾਬੀ ਤੇ ਹਿੰਦੀ ਵਿਚ ਸਮੱਗਰੀ ਟਾਈਪ ਕਰਕੇ ਇਸ ਦੀ ਮਦਦ ਕਰਨੀ ਸ਼ੁਰੂ ਕਰ ਦਿੱਤੀ। ਉਨ੍ਹਾਂ ਨੇ ਮੈਨੂੰ ਉਮਰ ਭਰ ਲਈ ਕਮੇਟੀ ਦਾ ਮੈਂਬਰ ਲੈ ਲਿਆ। ਅੰਦੋਲਨ ਵੀਹ ਸਾਲ ਤੋਂ ਵੱਧ ਸਮਾਂ ਓਦੋਂ ਤਕ ਚੱਲਦਾ ਰਿਹਾ, ਜਦੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਲੋਂ ਥੋਪੀ ਐਮਰਜੈਂਸੀ ਦੌਰਾਨ ਹਿੰਦੁਸਤਾਨ ਸਰਕਾਰ ਨੇ ਇਕ ਮੰਜ਼ਲੀ ਇਮਾਰਤ ਉਸਾਰਨ ਦਾ ਫ਼ੈਸਲਾ ਕੀਤਾ।

ਗ਼ਦਰ ਪਾਰਟੀ ਦੀ ਤਿੰਨ-ਮੰਜ਼ਲੀ ਇਮਾਰਤ ਦੀ ਥਾਂ ਲੈਣ ਵਾਲੀ ਇਹ ਇਮਾਰਤ ਲੰਮਾ ਸਮਾਂ ਆਮ ਜਨਤਾ ਲਈ ਬੰਦ ਰਹੀ। ਕੌਂਸਲ ਜਨਰਲ ਦੇ ਡਰਾਈਵਰ ਨੇ ਲੰਮਾ ਚਿਰ ਇਸ ਨੂੰ ਆਪਣੀ ਰਿਹਾਇਸ਼ ਬਣਾਕੇ ਇਸ ਉਪਰ ਕਬਜ਼ਾ ਕਰੀ ਰੱਖਿਆ। ਬਾਅਦ ਵਿਚ, ਇਕ

ਆਜ਼ਾਦੀ ਸੰਗਰਾਮੀਏ ਸੂਰੀਆ ਪ੍ਰਕਾਸ਼ ਆਨੰਦ, ਜੋ ਗ਼ਦਰੀ ਯੋਧਿਆਂ ਨਾਲ ਜੇਲ੍ਹ ਵਿਚ ਬੰਦ ਰਹੇ ਸਨ ਨੇ ਇਸ ਦੀਆਂ ਕੰਧਾਂ 'ਤੇ ਸਜਾਉਣ ਲਈ ਗ਼ਦਰੀ ਯੋਧਿਆਂ ਦੀਆਂ ਦਰਜਨਾਂ ਤਸਵੀਰਾਂ ਇਸ ਨੂੰ ਭੇਂਟ ਕੀਤੀਆਂ। ਮੇਰੇ ਮਿੱਤਰਾਂ ਅਤੇ ਮੈਨੂੰ ਇਮਾਰਤ ਨੂੰ ਕੌਮੀ ਸਮਾਗਮਾਂ ਲਈ ਖੋਲ੍ਹਣ ਲਈ ਮਜਬੂਰ ਕਰਨ ਵਾਸਤੇ ਇਕ ਵਾਰ ਫਿਰ ਅੰਦੋਲਨ ਕਰਨਾ ਪਿਆ। ਕਈ ਸਾਲ ਪਿੱਛੋਂ ਜਾਕੇ 16 ਨਵੰਬਰ 1990 ਨੂੰ ਅਸੀਂ ਪਹਿਲੀ ਵਾਰ ਇਥੇ ਉਨ੍ਹਾਂ ਸੱਤ ਗ਼ਦਰੀ ਸ਼ਹੀਦਾਂ ਦੀ ਯਾਦ ਵਿਚ ਸ਼ਹੀਦੀ ਦਿਹਾੜਾ ਮਨਾਇਆ ਜਿਨ੍ਹਾਂ ਨੂੰ ਅੰਗਰੇਜ਼ਾਂ ਨੇ 1915 'ਚ ਫਾਂਸੀ ਦੇ ਦਿੱਤੀ ਸੀ। ਉਸ ਤੋਂ ਮਗਰੋਂ ਅਸੀਂ ਹਰ ਸਾਲ ਰਾਜਗੁਰੂ, ਸੁਖਦੇਵ ਅਤੇ ਭਗਤ ਸਿੰਘ ਦੇ ਨਾਲ-ਨਾਲ ਪੰਜਾਬੀ ਦੇ ਇਨਕਲਾਬੀ ਪਾਸ਼ ਦਾ ਸ਼ਹੀਦੀ ਸਮਾਗਮ ਕਰਨਾ ਸ਼ੁਰੂ ਕਰ ਦਿੱਤਾ। ਬਹੁਤ ਸਾਲਾਂ ਤਕ, ਆਮ ਤੌਰ 'ਤੇ ਹਿੰਦੁਸਤਾਨੀ ਭਾਈਚਾਰਾ ਗ਼ਦਰ ਪਾਰਟੀ ਦੇ ਇਤਿਹਾਸ ਜਾਂ ਉਸ ਵਕਤ ਦੀ ਯਾਦਗਾਰੀ ਇਮਾਰਤ ਤੋਂ ਅਣਜਾਣ ਸੀ।

21ਵੀਂ ਸਦੀ ਚੜ੍ਹਨ 'ਤੇ ਇਕ ਨਵੀਂ ਚੀਜ਼ ਵਾਪਰਨੀ ਸ਼ੁਰੂ ਹੋ ਗਈ। ਕੁਝ ਜਥੇਬੰਦੀਆਂ ਨੇ ਕੈਲੀਫੋਰਨੀਆ ਦੇ ਵੱਖੋ-ਵੱਖਰੇ ਸ਼ਹਿਰਾਂ ਵਿਚ ਗ਼ਦਰੀ ਮੇਲੇ ਜਥੇਬੰਦ ਕਰਨੇ ਸ਼ੁਰੂ ਕਰ ਦਿੱਤੇ। ਇਹ ਚੰਗਾ ਘਟਨਾ-ਵਿਕਾਸ ਸੀ। ਪਰ ਇਹ ਦੇਖਕੇ ਨਿਰਾਸ਼ਾ ਹੁੰਦੀ ਸੀ ਕਿ ਉਹ ਸਮਾਗਮ ਗ਼ਦਰ ਪਾਰਟੀ ਦੀ ਸਮਝ ਅਤੇ ਭਾਵਨਾ ਨੂੰ ਪੇਸ਼ ਕਰਨ ਦੀ ਥਾਂ ਤੇਜ਼ੀ ਨਾਲ ਪੱਖਪਾਤੀ ਅਤੇ ਮਨ-ਪ੍ਰਚਾਵੇ ਦਾ ਸਾਧਨ ਬਣਦੇ ਜਾ ਰਹੇ ਸਨ। ਲੋਕਾਂ ਨੂੰ ਇਕਜੁੱਟ ਕਰਨ ਦੀ ਥਾਂ ਇਹ ਮੇਲੇ ਫੁੱਟ ਪਾਊ ਸਾਬਤ ਹੋਏ ਸਨ। ਮੇਲੇ ਇਹ ਨੁਮਾਇਸ਼ ਲਾਉਣ ਦਾ ਸਾਧਨ ਬਣਕੇ ਰਹਿ ਗਏ ਕਿ ਇਹ ਮੇਲੇ ਕਰਵਾਉਣ ਵਾਲੇ ਆਗੂ ਕਿੱਥੋਂ-ਕਿੱਥੋਂ ਦੇ ਹਨ। ਇਸ ਤੋਂ ਇਲਾਵਾ, ਮੇਰੀ ਸਮਝ ਅਨੁਸਾਰ ਉਨ੍ਹਾਂ ਨੇ ਗ਼ਦਰੀ ਨਾਇਕਾਂ ਦੀ ਆਲਮੀ ਦ੍ਰਿਸ਼ਟੀ ਨੂੰ ਤਿਲਾਂਜਲੀ ਦੇ ਦਿੱਤੀ ਅਤੇ ਉਨ੍ਹਾਂ ਨੂੰ ਮਹਿਜ਼ ਪੰਜਾਬੀਆਂ ਤੇ ਇਸ ਤੋਂ ਵੀ ਅੱਗੇ ਮਹਿਜ਼ ਸਿੱਖਾਂ ਤਕ ਸੁੰਗੇੜ ਦਿੱਤਾ। ਤੰਗਨਜ਼ਰੀ ਦੀ ਇਹ ਰੁਚੀ ਇਸ ਹੱਦ ਤਕ ਚਲੀ ਗਈ ਕਿ ਇਕ ਦਿਨ ਅਮਰੀਕੀ ਸੈਨੇਟਰ ਦੇ ਦਫ਼ਤਰ ਨੇ ਮੈਨੂੰ ਫ਼ੋਨ ਕਰਕੇ ਪੁੱਛਿਆ ਕਿ ਕੀ ਇਹ ਸੱਚ ਸੀ ਕਿ ਗ਼ਦਰ ਪਾਰਟੀ ਖ਼ਾਲਿਸਤਾਨ ਦੀ ਸਥਾਪਨਾ ਲਈ ਲੜ ਰਹੀ ਸੀ। ਮੈਨੂੰ ਇਹ ਦੇਖਕੇ ਘਿਣ ਆਉਂਦੀ ਸੀ ਕਿ ਕਈ ਵਿਦਵਾਨ ਇਨ੍ਹਾਂ ਮੰਚਾਂ ਤੋਂ ਗ਼ਦਰ ਪਾਰਟੀ ਦੀਆਂ ਕਦਰਾਂ-ਕੀਮਤਾਂ ਲੋਕਾਂ ਵਿਚ ਲਿਜਾਣ ਦੀ ਬਜਾਏ ਸਿੱਖ ਮੂਲਵਾਦ ਨੂੰ ਪ੍ਰਚਾਰਨ ਲਈ ਜ਼ਿਆਦਾ ਤੀਂਘੜ ਰਹੇ ਸਨ। ਅਤੇ ਮੇਰਾ ਇਹ ਲੇਖ ਇਹ ਜ਼ੋਰ ਦੇਣ ਦੇ ਮਨੋਰਥ ਨਾਲ ਹੈ ਕਿ ਪਿਛਾਖੜੀ ਤਾਕਤਾਂ ਨੂੰ ਇਸ ਲਹਿਰ ਨੂੰ ਅਗਵਾ ਕਰ ਲੈਣ ਦੀ ਇਜਾਜ਼ਤ ਹਰਗਿਜ਼ ਨਾ ਦਿੱਤੀ ਜਾਵੇ।

ਜਿੰਨਾ ਜ਼ਿਆਦਾ ਮੈਂ ਗ਼ਦਰ ਪਾਰਟੀ ਬਾਰੇ ਪੜ੍ਹਦਾ ਜਾਂਦਾ ਹਾਂ, ਮੈਂ ਉਨਾ ਹੀ ਹੈਰਾਨ ਹੁੰਦਾ ਜਾਂਦਾ ਹਾਂ ਕਿ ਇਹ ਨਾਇਕ ਆਪਣੇ ਜ਼ਮਾਨੇ ਤੋਂ ਕਿੰਨਾ ਅੱਗੇ ਵਧਕੇ ਸੋਚਦੇ ਸਨ ਅਤੇ ਉਨ੍ਹਾਂ ਦੀ ਦ੍ਰਿਸ਼ਟੀ ਕਿਸ ਕਦਰ ਆਲਮੀ ਸੀ। ਗ਼ਦਰ ਐਸੀ ਪਹਿਲੀ ਪਾਰਟੀ ਸੀ ਅਤੇ ਅੱਜ ਵੀ ਇਕੋ-ਇਕ ਪਾਰਟੀ ਹੈ ਜੋ ਸੱਚੇ ਮਾਇਨਿਆਂ 'ਚ ਲੋਕਾਂ ਨੇ, ਲੋਕਾਂ ਲਈ ਅਤੇ ਲੋਕਾਂ ਨੂੰ ਲੈ ਕੇ ਬਣਾਈ। ਇਹ ਸਮਾਜ ਦੇ ਕਈ ਹਿੱਸਿਆਂ – ਹਰਦਿਆਲ ਵਰਗੇ ਬੁੱਧੀਜੀਵੀ, ਕਰਤਾਰ ਸਿੰਘ

ਸਰਾਭਾ ਵਰਗੇ ਨੌਜਵਾਨ ਪੂਰੀ ਤਰ੍ਹਾਂ ਸਮਰਪਿਤ ਮਨ ਅਤੇ ਕਿਸਾਨ ਤੇ ਮਜ਼ਦੂਰ, ਪੜ੍ਹੇਲਿਖੇ ਤੇ ਅਨਪੜ੍ਹ - ਦਾ ਸੁਮੇਲ ਕਰਕੇ ਬਣਾਈ ਗਈ ਸੀ। ਸਾਰਿਆਂ ਨੇ ਪਾਰਟੀ ਦੀ ਉਸਾਰੀ ਵਿਚ ਬਰਾਬਰ ਯੋਗਦਾਨ ਪਾਇਆ। ਉਸ ਦੇ ਹਫ਼ਤਾਵਾਰ ਅਖ਼ਬਾਰ *ਗ਼ਦਰ* ਵਿਚ ਸਾਰੀਆਂ ਜਮਾਤਾਂ ਅਤੇ ਫਿਰਕਿਆਂ ਦੇ ਮੈਂਬਰ ਹਿੱਸਾ ਪਾਉਂਦੇ ਸਨ।

ਇਹ ਸੱਚ ਹੈ ਕਿ ਪਾਰਟੀ ਦੇ ਬਹੁਗਿਣਤੀ ਮੈਂਬਰ ਸਿੱਖ ਸਨ। ਇਸ ਦੀ ਸਿੱਧੀ-ਸਾਦੀ ਵਜ੍ਹਾ ਇਹ ਸੀ ਕਿ ਉਨ੍ਹਾਂ ਦਿਨਾਂ ਵਿਚ ਅਮਰੀਕਾ ਤੇ ਕੈਨੇਡਾ ਵਿਚ ਆ ਕੇ ਵਸੇ ਹਿੰਦੁਸਤਾਨੀਆਂ ਦੀ ਬਹੁਗਿਣਤੀ ਸਿੱਖ ਸੀ। ਪਰ ਪਾਰਟੀ ਵਿਚ ਸਾਰੇ ਧਰਮਾਂ ਤੇ ਜਾਤਾਂ ਦੇ ਮੈਂਬਰ ਹਿੱਸਾ ਪਾਉਂਦੇ ਸਨ। ਜਦੋਂ ਅਸੀਂ ਪਾਰਟੀ ਦੇ ਆਗੂਆਂ 'ਤੇ ਨਜ਼ਰ ਮਾਰਦੇ ਹਾਂ, ਉਹ ਸਾਰੇ ਭਾਈਚਾਰਿਆਂ ਵਿੱਚੋਂ ਸਨ। ਮੰਗੂ ਰਾਮ ਦਾ ਯੋਗਦਾਨ ਇਸ ਦਾ ਸਭ ਤੋਂ ਵੱਡਾ ਸਬੂਤ ਹੈ। ਉਹ ਦਲਿਤ ਸੀ ਅਤੇ ਉਸ ਵਕਤ ਅਮਰੀਕਾ ਵਿਚ ਦਲਿਤ ਜ਼ਿਆਦਾ ਨਹੀਂ ਸਨ - ਮਸਾਂ ਦੋ-ਤਿੰਨ ਹੋਣਗੇ। ਪਾਰਟੀ ਦੇ ਬਣ ਜਾਣ 'ਤੇ ਉਹ ਐਨਾ ਉਤੇਜਤ ਹੋ ਉੱਠਿਆ ਕਿ ਉਸਨੇ ਐਲਾਨ ਕੀਤਾ ਕਿ ਉਹ ਤਾਂ ਆਜ਼ਾਦ ਮਨੁੱਖ ਬਣਿਆ ਹੀ ਪਾਰਟੀ ਦਾ ਮੈਂਬਰ ਬਣਕੇ ਹੈ। ਉਸਨੇ ਕਿਹਾ ਕਿ ਪਹਿਲੀ ਵਾਰ ਉਸ ਨੂੰ ਇਨਸਾਨ ਸਮਝਕੇ ਬਰਾਬਰੀ ਵਾਲਾ ਸਲੂਕ ਕੀਤਾ ਗਿਆ ਸੀ ਅਤੇ ਮਾਣ-ਸਨਮਾਨ ਦਿੱਤਾ ਗਿਆ ਸੀ। ਹਿੰਦੁਸਤਾਨ ਵਿਚ ਜਦੋਂ ਉਸਨੇ ਪੜ੍ਹਨ ਚਾਹਿਆ ਤਾਂ ਉਸ ਨੂੰ ਜਮਾਤ ਦੇ ਕਮਰੇ ਵਿਚ ਬੈਠਣ ਦੀ ਇਜਾਜ਼ਤ ਨਹੀਂ ਸੀ ਦਿੱਤੀ ਗਈ। ਉਸ ਨੂੰ ਕਮਰੇ ਦੇ ਬਾਹਰ ਖਿੜਕੀ ਕੋਲ ਬੈਠਣਾ ਪੈਂਦਾ ਸੀ ਅਤੇ ਬਾਹਰੋਂ ਹੀ ਅਧਿਆਪਕ ਵਲੋਂ ਪੜ੍ਹਾਇਆ ਜਾ ਰਿਹਾ ਸਬਕ ਗ੍ਰਹਿਣ ਕਰਨਾ ਪੈਂਦਾ ਸੀ। ਇਕ ਵਾਰ ਜਦੋਂ ਬਾਰਿਸ਼ ਸ਼ੁਰੂ ਹੋ ਗਈ ਅਤੇ ਉਸਨੇ ਕਮਰੇ ਵਿਚ ਜਾਣ ਦਾ ਯਤਨ ਕੀਤਾ ਤਾਂ ਉਸ ਦੀ ਕੁੱਟਮਾਰ ਕੀਤੀ ਗਈ ਅਤੇ ਕਮਰੇ ਨੂੰ ਸ਼ੁੱਧ ਕੀਤਾ ਗਿਆ ਕਿਉਂਕਿ ਉਹ ਸਮਝਦੇ ਸਨ ਕਿ ਉਸ ਦੇ ਪੈਰ ਪਾਉਣ ਨਾਲ ਕਮਰਾ ਭਿੱਟਿਆ ਗਿਆ ਸੀ। ਇਥੇ ਪਾਰਟੀ ਦੇ ਸਦਰ-ਮੁਕਾਮ ਵਿਚ ਉਹ ਹਰ ਕਿਸੇ ਨਾਲ ਮਿਲਕੇ ਰਹਿ ਰਿਹਾ ਸੀ, ਉਨ੍ਹਾਂ ਨਾਲ ਮਿਲਕੇ ਖਾਣਾ ਬਣਾਉਂਦਾ ਤੇ ਖਾਂਦਾ ਸੀ, ਮਹੀਨੇ ਦੇ ਦੋ ਡਾਲਰ ਖ਼ਰਚ ਸਮੇਤ ਉਸਨੂੰ ਉਹ ਸਾਰੀਆਂ ਸਹੂਲਤਾਂ ਮਿਲਦੀਆਂ ਸਨ ਜੋ ਬਾਕੀਆਂ ਨੂੰ ਸਨ। ਇੰਞ, ਪਾਰਟੀ ਭਾਈਚਾਰੇ ਤੇ ਬਰਾਬਰੀ ਦਾ ਮਹਿਜ਼ ਪ੍ਰਚਾਰ ਹੀ ਨਹੀਂ ਸੀ ਕਰਦੀ ਸਗੋਂ ਵਿਹਾਰਕ ਜ਼ਿੰਦਗੀ ਵਿਚ ਕਰਕੇ ਵਿਖਾ ਰਹੀ ਸੀ। ਮੇਰੇ ਲਈ ਇਹ ਉਸ ਵਕਤ ਦਾ ਸਭ ਤੋਂ ਵੱਡਾ ਇਨਕਲਾਬ ਸੀ ਜਿਸ ਦੀ ਮਹਾਨਤਾ ਅਜੇ ਤਕ ਵੀ ਹਿੰਦੁਸਤਾਨ ਨਹੀਂ ਪਹੁੰਚੀ। ਇਸੇ ਤਰ੍ਹਾਂ ਗ਼ਦਰ ਪਾਰਟੀ ਦੇ ਨਾਇਕ ਅਤੇ ਸ਼ਹੀਦ ਹਿੰਦੁਸਤਾਨ ਦੇ ਵੱਖੋ-ਵੱਖਰੇ ਹਿੱਸਿਆਂ ਤੋਂ ਸਨ, ਜਿਵੇਂ ਵਿਸ਼ਨੂ ਗਣੇਸ਼ ਪਿੰਗਲੇ, ਪਾਂਡੂਰੰਗ ਸਦਾਸ਼ਿਵਰਾਜ ਖ਼ਾਨਖੋਜੇ, ਚੇਂਚਈਆ ਦੀਆਂ ਮਿਸਾਲਾਂ ਹਨ। ਆਪਣੇ ਦਫ਼ਤਰ ਦਾ ਨਾਂ ਰੱਖਦੇ ਵਕਤ ਉਨ੍ਹਾਂ ਨੇ ਯੁਗਾਂਤਰ ਨਾਂ ਦੇ ਬੰਗਾਲੀ ਅਖ਼ਬਾਰ ਤੋਂ ਪ੍ਰੇਰਣਾ ਲਈ।

ਜਦੋਂ ਗਾਂਧੀ ਜੀ ਦੱਖਣੀ ਅਫ਼ਰੀਕਾ ਤੋਂ ਹਿੰਦੁਸਤਾਨ ਆਏ ਅਤੇ 1916 'ਚ ਬਨਾਰਸ ਹਿੰਦੂ ਯੂਨੀਵਰਸਿਟੀ ਵਿਖੇ ਪਹਿਲੀ ਤਕਰੀਰ ਕੀਤੀ, ਉਸਨੇ ਰੋਣਾ ਰੋਇਆ ਕਿ ਉਸ ਨੂੰ ਬਹੁਤ ਦੁੱਖ ਹੋਇਆ ਕਿ ਉਸਨੂੰ ਆਪਣੇ ਲੋਕਾਂ ਨੂੰ ਇਕ ਬਦੇਸ਼ੀ ਜ਼ੁਬਾਨ ਅੰਗਰੇਜ਼ੀ ਵਿਚ ਮੁਖ਼ਾਤਬ

ਹੋਣਾ ਪਿਆ ਸੀ। ਇਸ ਪ੍ਰਸੰਗ ਵਿਚ ਵੀ ਇਹ ਗ਼ੌਰਤਲਬ ਹੈ ਕਿ ਗ਼ਦਰ ਪਾਰਟੀ ਨੇ ਪਹਿਲੇ ਦਿਨ ਤੋਂ ਹੀ ਆਪਣੇ ਕਾਜ ਦਾ ਪ੍ਰਚਾਰ ਕਰਨ ਲਈ ਲੋਕ ਬੋਲੀ ਇਸਤੇਮਾਲ ਕੀਤੀ। ਹਫ਼ਤਾਵਾਰ ਅਖ਼ਬਾਰ *ਗ਼ਦਰ* ਸ਼ੁਰੂ ਕਰਦਿਆਂ ਇਸ ਨੇ ਮਾਣ ਨਾਲ ਐਲਾਨ ਕੀਤਾ: "ਅੱਜ ਅੰਗਰੇਜ਼ੀ ਰਾਜ ਦੇ ਵਿਰੁੱਧ ਪ੍ਰਦੇਸ ਵਿੱਚੋਂ **ਦੇਸੀ ਜ਼ਬਾਨ** ਵਿੱਚ ਜੰਗ ਛਿੜਦਾ ਹੈ।" ਗ਼ਦਰ ਦੇ ਐਨਾ ਹਰਦਿਲ-ਅਜ਼ੀਜ ਹੋਣ ਅਤੇ ਪਾਰਟੀ ਦੇ ਐਨੀ ਮਕਬੂਲ ਹੋਣ ਦੀ ਵਜ੍ਹਾ ਇਸ ਦਾ ਉਰਦੂ ਤੇ ਪੰਜਾਬੀ ਨੂੰ ਇਸਤੇਮਾਲ ਕਰਨਾ ਸੀ। ਇਸ ਤੋਂ ਪਹਿਲਾਂ ਅੰਗਰੇਜ਼ੀ ਵਿਚ ਬਹੁਤ ਸਾਰੀਆਂ ਪ੍ਰਕਾਸ਼ਨਾਵਾਂ ਹੋ ਚੁੱਕੀਆਂ ਸਨ, ਪਰ ਉਹ ਲੋਕਾਂ ਵਿਚ ਕਦੇ ਵੀ ਐਸੀ ਜਾਗ੍ਰਿਤੀ ਪੈਦਾ ਨਹੀਂ ਕਰ ਸਕੀਆਂ। ਉਹ ਸਿਰਫ਼ ਬੁੱਧੀਜੀਵੀਆਂ ਤਕ ਹੀ ਮਹਿਦੂਦ ਰਹੀਆਂ। ਉਹ ਇਨਕਲਾਬ ਅਜੇ ਵੀ ਸਾਡੇ ਸਮਾਜ ਵਿਚ ਬੇਜੋੜ ਮਿਸਾਲ ਹੈ, ਜਿਥੇ ਕਿ ਅੰਗਰੇਜ਼ੀ ਦਾ ਬੋਲਬਾਲਾ ਹੈ।

ਮੇਰੇ ਖ਼ਿਆਲ 'ਚ ਹਿੰਦੁਸਤਾਨ ਵਿਚ ਐਸੀ ਕੋਈ ਪਾਰਟੀ ਨਹੀਂ ਜੋ ਗ਼ਦਰ ਪਾਰਟੀ ਵਾਂਗ ਦਾਅਵਿਆਂ ਤੇ ਭਾਵਨਾ ਪੱਖੋਂ ਧਰਮਨਿਰਪੱਖ ਹੋਵੇ। ਉਹ ਵਿਅਕਤੀ ਦੇ ਨਿੱਜੀ ਧਾਰਮਿਕ ਅਕੀਦੇ ਵਜੋਂ ਧਰਮ ਦੀ ਆਜ਼ਾਦੀ ਦੇ ਪੂਰੀ ਤਰ੍ਹਾਂ ਹੱਕ ਵਿਚ ਸਨ, ਪਰ ਉਨ੍ਹਾਂ ਨੇ ਹਿੰਦੁਸਤਾਨ ਦੀ ਹੋਣੀ ਬਾਰੇ ਵਿਚਾਰ-ਚਰਚਾ ਕਰਦੇ ਵਕਤ ਧਰਮ ਨੂੰ ਦਖ਼ਲਅੰਦਾਜ਼ੀ ਕਰਨ ਦੀ ਇਜਾਜ਼ਤ ਨਹੀਂ ਦਿੱਤੀ। ਹਿੰਦੁਸਤਾਨ ਅਤੇ ਇਸੇ ਤਰ੍ਹਾਂ ਬਦੇਸ਼ ਵਿਚ ਉਨ੍ਹਾਂ ਦੀ ਪਛਾਣ ਹਮੇਸ਼ਾ ਹਿੰਦੁਸਤਾਨੀ ਦੀ ਰਹੀ। ਕਿੰਨੀਆਂ ਕਵਿਤਾਵਾਂ ਅਤੇ ਗੀਤਾਂ ਵਿਚ ਉਨ੍ਹਾਂ ਨੇ ਵਾਰ-ਵਾਰ ਹਿੰਦੁਸਤਾਨੀਅਤ ਵਿਚ ਆਪਣਾ ਭਰੋਸਾ ਐਲਾਨਿਆ ਹੋਇਆ ਹੈ। ਉਨ੍ਹਾਂ ਦਾ ਹਮੇਸ਼ਾ ਇਹ ਸੁਪਨਾ ਰਿਹਾ ਕਿ ਰਾਸ਼ਟਰ ਦੀ ਉਸਾਰੀ ਯੂਨਾਈਟਿਡ ਸਟੇਟਸ ਆਫ ਇੰਡੀਆ ਦੀ ਸ਼ਕਲ 'ਚ ਗਣਰਾਜ ਵਜੋਂ ਕਰਨੀ ਹੈ। ਉਹ ਵਾਰ-ਵਾਰ ਐਲਾਨ ਕਰਦੇ ਹਨ:

'ਅਸੀਂ ਨਾ ਹਿੰਦੂ ਹਾਂ, ਨਾ ਮੁਸਲਮਾਨ ਜਾਂ ਈਸਾਈ ਹਾਂ ਤੇ ਨਾ ਸਿੱਖ ਹਾਂ।' ਇਥੇ ਅਸੀਂ ਸਾਰੇ ਹਿੰਦੀ ਹਾਂ। ਇਕ ਹੋਰ ਬੰਦ ਵਿਚ ਉਹ ਕਹਿੰਦੇ ਹਨ:

"ਅਗਰ ਕੋਈ ਪੂਛੇ ਕਿ ਕੌਨ ਹੋ ਤੁਮ,
ਤੋ ਕਹਿ ਦੋ ਬਾਗ਼ੀ ਹੈ ਨਾਮ ਅਪਨਾ।
ਜ਼ੁਲਮ ਮਿਟਾਨਾ ਹਮਾਰਾ ਪੇਸ਼ਾ,
ਗ਼ਦਰ ਕਰਨਾ ਹੈ ਕਾਮ ਅਪਨਾ।
ਨਮਾਜ਼ ਸੰਧਿਆ ਯਹੀ ਹਮਾਰੀ,
ਔਰ ਪਾਠ ਪੂਜਾ ਸਭੀ ਯਹੀ ਹੈ।
ਧਰਮ ਕਰਮ ਸਭੀ ਯਹੀ ਹੈ ਹਮਾਰਾ,
ਯਹੀ ਖ਼ੁਦਾ ਹੈ ਔਰ ਰਾਮ ਅਪਨਾ।"

ਇਹ ਕਿਹਾ ਜਾਂਦਾ ਹੈ ਕਿ ਜਦੋਂ ਸਰਾਭਾ ਨੂੰ ਫਾਂਸੀ ਦਿੱਤੀ ਜਾ ਰਹੀ ਸੀ ਤਾਂ ਉਸ ਵਲੋਂ ਗਾਇਆ ਗੀਤ ਇਹ ਸੀ:

ਯਹੀਂ ਪਾਉਗੇ ਮਹਿਸ਼ਰ ਮੇਂ ਜਬਾਂ ਮੇਰੀ ਬਆਂ ਮੇਰਾ,

ਮੈਂ ਬੰਦਾ ਹਿੰਦ ਵਾਲੋਂ ਕਾ ਹੂੰ, ਹੈ ਹਿੰਦੁਸਤਾਨ ਮੇਰਾ,
ਮੈਂ ਹਿੰਦੀ, ਠੇਠ ਹਿੰਦੀ, ਖ਼ੂਨ ਹਿੰਦੀ, ਜਾਤ ਹਿੰਦੀ ਹੂੰ,
ਯਹੀ ਮਜ਼੍ਹਬ, ਯਹੀ ਫਿਰਕਾ, ਯਹੀ ਹੈ ਖਾਨਦਾਨ ਮੇਰਾ,
ਮੈਂ ਇਸ ਉਜੜੇ ਹੂਏ ਭਾਰਤ ਕੇ ਖੰਡਰ ਕਾ ਏਕ ਜ਼ੱਰ੍ਹਾ ਹੂੰ,
ਯਹੀ ਬਸ ਏਕ ਪਤਾ ਮੇਰਾ, ਯਹੀਂ ਨਾਮੋ ਨਿਸ਼ਾਨ ਮੇਰਾ,
ਤੇਰੀ ਖਿਦਮਤ ਮੇਂ ਐ ਭਾਰਤ, ਯਹ ਸਿਰ ਜਾਏ, ਯਹ ਜਾਨ ਜਾਏ,
ਤੋ ਸਮਝੂੰਗਾ, ਯਹ ਮਰਨਾ ਜਾਬਦਾ ਮੇਰਾ।"

ਇਸ ਦਾ ਭਾਵ ਇਹ ਨਹੀਂ ਕਿ ਗ਼ਦਰੀ ਧਾਰਮਿਕ ਲੋਕ ਨਹੀਂ ਸਨ। ਉਨ੍ਹਾਂ ਵਿਚ ਇਸਲਾਮ ਦਾ ਮਹਾਨ ਵਿਦਵਾਨ ਮੌਲਾਨਾ ਬਰਕਤਉਲਾ ਸੀ, ਇਕ ਸਤਿਕਾਰਤ ਗ੍ਰੰਥੀ ਭਾਈ ਭਗਵਾਨ ਸਿੰਘ ਸੀ, ਪੰਡਤ ਜਗਤ ਰਾਮ ਸੀ ਜਿਸਨੇ ਮਸ਼ਹੂਰ ਧਾਰਮਿਕ ਕਿਤਾਬਾਂ ਲਿਖੀਆਂ। ਪਰ ਜਦੋਂ ਹਿੰਦੁਸਤਾਨ ਦੀ ਆਜ਼ਾਦੀ ਲਈ ਲੜਨ ਦਾ ਸਵਾਲ ਆਇਆ ਤਾਂ ਉਹ ਪਹਿਲਾਂ ਹਿੰਦੁਸਤਾਨੀ ਸਨ ਅਤੇ ਅੰਤ ਵਿਚ ਵੀ ਹਿੰਦੁਸਤਾਨੀ ਸਨ। ਦਰਅਸਲ ਇਕ ਕਵਿਤਾ ਵਿਚ ਉਨ੍ਹਾਂ ਨੇ ਐਲਾਨ ਕੀਤਾ:

ਸਾਨੂੰ ਲੋੜ ਨਾ ਪੰਡਤਾਂ ਕਾਜੀਆਂ ਦੀ,
ਨਹੀਂ ਸ਼ੌਕ ਹੈ ਬੇੜਾ ਡੁਬਾਵਨੇ ਦਾ।
ਜਪ ਤਪ ਦਾ ਵਕਤ ਬਤੀਤ ਹੋਇਆ,
ਵੇਲਾ ਆ ਗਿਆ ਤੇਗ ਉਠਾਵਨੇ ਦਾ।

ਆਪਣੀਆਂ ਲਿਖਤਾਂ ਵਿਚ ਉਹ ਚਾਹੁੰਦੇ ਸਨ ਕਿ ਬਹੁਤ ਹੀ ਤਰਕਸ਼ੀਲ ਹੋਇਆ ਜਾਵੇ। ਉਹ ਚਾਹੁੰਦੇ ਸਨ ਕਿ ਜੜ੍ਹ ਤਕ ਪਹੁੰਚਿਆ ਜਾਵੇ ਅਤੇ ਸਤੱਹੀ ਨਾ ਰਿਹਾ ਜਾਵੇ। ਜ਼ਿਆਦਾਤਰ ਧਾਰਮਿਕ ਪ੍ਰਚਾਰ ਵਿਚ ਉਨ੍ਹਾਂ ਨੂੰ ਫੁੱਟ ਅਤੇ ਗ਼ੁਲਾਮੀ ਦਾ ਜ਼ਹਿਰ ਨਜ਼ਰ ਆਉਂਦਾ ਸੀ। ਫਿਰ ਇਹ ਹੈਰਾਨੀਜਨਕ ਨਹੀਂ ਕਿ ਸਾਰੀਆਂ ਧਾਰਮਿਕ ਸੰਸਥਾਵਾਂ ਵਲੋਂ ਐਲਾਨ ਕਰ ਦਿੱਤਾ ਗਿਆ ਕਿ ਇਨ੍ਹਾਂ ਬੰਦਿਆਂ ਦੀ ਉਨ੍ਹਾਂ ਨੂੰ ਲੋੜ ਨਹੀਂ – ਚਾਹੇ ਇਹ ਹਰਿਮੰਦਰ ਸਾਹਿਬ ਸੀ ਜਾਂ ਆਰੀਆ ਸਮਾਜ। ਦਰਅਸਲ ਕਿਸੇ ਨੇ ਵੀ ਉਨ੍ਹਾਂ ਨੂੰ ਹਮਾਇਤ ਨਹੀਂ ਦਿੱਤੀ, ਕਿਉਂਕਿ ਸਾਰੀਆਂ ਹੀ ਧਾਰਮਿਕ ਅਤੇ ਸਿਆਸੀ ਪਾਰਟੀਆਂ ਪਹਿਲੀ ਆਲਮੀ ਜੰਗ ਦੌਰਾਨ ਬਰਤਾਨੀਆ ਦੀ ਹਮਾਇਤ ਕਰ ਰਹੀਆਂ ਸਨ। ਉਹ ਇਕੱਲੇ ਹੀ ਹਰ ਮੁਸੀਬਤ ਨਾਲ ਮੱਥਾ ਲਾਕੇ ਅੰਗਰੇਜ਼ ਵਿਰੁੱਧ ਜੰਗ ਲੜ ਰਹੇ ਸਨ। ਉਹ ਮਾਹੌਲ ਦੇ ਉਲਟ ਲੜ ਰਹੇ ਸਨ।

ਵਿਦਵਾਨਾਂ ਨੇ ਜੋ ਸਿੱਖਿਆ ਸੀ ਢੇਰ ਕਿਤਾਬਾਂ ਪੜ੍ਹਕੇ ਸਿੱਖਿਆ ਸੀ, ਉਨ੍ਹਾਂ ਨੇ ਜਾਬਰਾਂ ਦੇ ਖੇਤਾਂ ਤੇ ਕਾਰਖ਼ਾਨਿਆਂ ਵਿਚ ਕੰਮ ਕਰਦਿਆਂ ਆਪਣੀ ਜ਼ਿੰਦਗੀ ਦੇ ਤਜ਼ਰਬੇ 'ਚੋਂ ਸਿੱਖਿਆ। ਉਹ ਕੁਠਾਲੀ ਵਿਚ ਢਲਕੇ ਇਨਕਲਾਬ ਦਾ ਖ਼ਰਾ ਕੁੰਦਨ ਬਣਕੇ ਨਿਕਲੇ। ਉਹ ਤੰਗੀਆਂ-ਤੁਰਸ਼ੀਆਂ 'ਚੋਂ ਉੱਭਰੇ ਐਸੇ ਇਨਕਲਾਬੀ ਲੋਕ ਸਨ ਜਿਨ੍ਹਾਂ ਨੇ ਇਕ ਵਾਰ ਆਜ਼ਾਦੀ ਦੇ ਕਾਜ ਦਾ ਪੱਲਾ ਫੜ੍ਹਕੇ ਪਿੱਛੇ ਮੁੜਕੇ ਨਹੀਂ ਦੇਖਿਆ। ਕੁਰਬਾਨੀ ਉਨ੍ਹਾਂ ਦੀ ਜ਼ਿੰਦਗੀ ਦਾ ਮਨੋਰਥ ਬਣ

ਗਈ ਅਤੇ ਉਹ ਕੁਰਬਾਨੀ ਦਿੰਦੇ ਰਹੇ। ਕਿਸੇ ਵੀ ਤਰ੍ਹਾਂ ਦਾ ਤਸੀਹਾ ਉਨ੍ਹਾਂ ਨੂੰ ਆਪਣੇ ਕਾਜ ਨੂੰ ਤਿਲਾਂਜਲੀ ਦੇਣ ਲਈ ਪ੍ਰੇਰਨ 'ਚ ਕਾਮਯਾਬ ਨਹੀਂ ਹੋਇਆ। ਬੁੱਧੀਜੀਵੀ ਤਾਂ ਮੈਦਾਨ ਛੱਡ ਗਏ, ਪਰ ਇਨ੍ਹਾਂ ਧਰਤੀ ਦੇ ਲਾਲਾਂ ਨੇ ਪਿੱਠ ਨਹੀਂ ਦਿਖਾਈ। ਉਨ੍ਹਾਂ ਨੇ ਇਸ ਦੇ ਬਦਲੇ ਕਦੇ ਇਨਾਮਾਂ ਦੀ ਝਾਕ ਨਹੀਂ ਰੱਖੀ ਅਤੇ ਨਾ ਹੀ ਉਨ੍ਹਾਂ ਨੇ ਇਨਾਮ-ਸਨਮਾਨ ਲਏ। ਉਨ੍ਹਾਂ ਨੂੰ ਮਿਲਿਆ ਕੀ, ਲੰਮੇ ਸਮੇਂ ਲਈ ਇਤਿਹਾਸਕਾਰਾਂ ਵਲੋਂ ਉਨ੍ਹਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ।

ਪਾਰਟੀ ਦੀ ਇਕ ਸਿੱਖਿਆ ਸੀ: ਤੁਸੀਂ ਜਿਹੜੇ ਵੀ ਮੁਲਕ ਵਿਚ ਰਹਿ ਰਹੇ ਹੋ, ਉੱਥੋਂ ਦੇ ਲੋਕਾਂ ਦੀ ਆਜ਼ਾਦੀ ਲਈ ਲੜੋ। ਹਰੀ ਸਿੰਘ ਉਸਮਾਨ ਇਸ ਦੀ ਬਿਹਤਰੀਨ ਮਿਸਾਲ ਹਨ। 'ਨਾ ਹਿੰਦੂ, ਨਾ ਮੁਸਲਮਾਨ, ਮੈਂ ਹੂੰ ਹਰੀ ਸਿੰਘ ਉਸਮਾਨ।' ਦੋ ਦਹਾਕੇ ਤਕ ਉਹ ਜਾਵਾ ਲਈ ਲੜਦੇ ਰਹੇ, ਜਿੱਥੇ ਉਹ ਰਹਿ ਰਹੇ ਸਨ, ਅਤੇ ਫਿਰ ਉਹ ਆਪਣੇ ਪੁੱਤਰਾਂ ਸਮੇਤ *ਆਜ਼ਾਦ ਹਿੰਦ ਫ਼ੌਜ* ਵਿਚ ਸ਼ਾਮਲ ਹੋ ਗਏ। ਇਨ੍ਹਾਂ ਵਿੱਚੋਂ ਕੋਈ ਵੀ ਨਾਇਕ ਖ਼ੁਦ ਨੂੰ ਮਹਾਨ ਬੰਦੇ ਨਹੀਂ ਸੀ ਕਹਿੰਦਾ। ਉਸ ਵਿਚ ਐਨੀ ਹਲੀਮੀਂ ਸੀ ਕਿ ਉਸਨੇ ਹਿੰਦੁਸਤਾਨ ਵਾਪਸ ਆ ਕੇ ਲੜਕੀਆਂ ਲਈ ਸਕੂਲ ਬਣਾਇਆ ਅਤੇ ਉਸ ਦੀ ਸਫ਼ਾਈ ਆਪਣੇ ਹੱਥੀਂ ਕਰਿਆ ਕਰਦਾ ਸੀ। ਉਹ ਮਹਿਸੂਸ ਕਰਦੇ ਸਨ ਜਦੋਂ ਤਕ ਇਕ ਵੀ ਬੰਦਾ ਗ਼ੁਲਾਮ ਹੈ ਉਨ੍ਹਾਂ ਦਾ ਮਿਸ਼ਨ ਅਧੂਰਾ ਹੈ।

ਗ਼ਦਰ ਪਾਰਟੀ ਪਹਿਲੀ ਪਾਰਟੀ ਸੀ ਜਿਸਨੇ ਆਪਣਾ ਟੀਚਾ ਮੁਕੰਮਲ ਆਜ਼ਾਦੀ – ਸਿਆਸੀ, ਧਾਰਮਿਕ, ਸਭਿਆਚਾਰਕ, ਆਰਥਕ ਤੇ ਸਮਾਜੀ – ਐਲਾਨਿਆ ਸੀ। ਉਨ੍ਹਾਂ ਦਾ ਸੁਪਨਾ ਸਾਰੇ ਖੇਤਰਾਂ ਵਿਚ ਮੁਕੰਮਲ ਬਰਾਬਰੀ 'ਤੇ ਅਧਾਰਤ ਲੁੱਟਖਸੁੱਟ ਤੋਂ ਪੂਰੀ ਤਰ੍ਹਾਂ ਮੁਕਤ ਜਾਤਰਹਿਤ ਅਤੇ ਜਮਾਤਰਹਿਤ ਸਮਾਜ ਬਣਾਉਣ ਦਾ ਸੀ। ਉਨ੍ਹਾਂ ਵਿੱਚੋਂ ਕਈ ਆਗੂਆਂ ਨੇ ਔਰਤ-ਮਰਦ ਦੀ ਬਰਾਬਰੀ ਨੂੰ ਉਤਸ਼ਾਹਤ ਕਰਨ ਲਈ ਕੁੜੀਆਂ ਦੇ ਸਕੂਲ ਖੋਲ੍ਹੇ। ਉਹ ਰੂਸ ਵਿਚ ਇਨਕਲਾਬ ਆਉਣ ਤੋਂ ਪਹਿਲਾਂ ਹੀ ਇਨਕਲਾਬੀ ਬਣ ਚੁੱਕੇ ਸਨ।

ਉਨ੍ਹਾਂ ਨੂੰ ਸਲਾਮ ਕਹਿਣ ਲਈ ਸਾਨੂੰ ਹਰ ਤਰ੍ਹਾਂ ਦੇ ਕੱਟੜਪੁਣੇ, ਗ਼ੁਲਾਮੀ ਅਤੇ ਨਾਬਰਾਬਰੀ ਦੇ ਖ਼ਿਲਾਫ਼ ਜੂਝਣਾ ਹੋਵੇਗਾ। ਸਿਰਫ਼ ਇਸ ਢੰਗ ਨਾਲ ਹੀ ਅਸੀਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰ ਸਕਦੇ ਹਾਂ। ਸਾਨੂੰ ਹਰ ਤਰ੍ਹਾਂ ਦੀਆਂ ਪਿਛਾਖੜੀ ਤਾਕਤਾਂ ਵਲੋਂ ਉਨ੍ਹਾਂ ਨੂੰ ਅਗਵਾ ਕਰ ਲਏ ਜਾਣ ਤੋਂ ਉਨ੍ਹਾਂ ਦੀ ਰਾਖੀ ਕਰਨੀ ਹੋਵੇਗੀ। ਸਾਨੂੰ ਉਹ ਸਹੁੰ ਪੂਰੀ ਕਰਨੀ ਹੋਵੇਗੀ ਜੋ ਜਗਤ ਰਾਮ ਨੇ ਉਦੋਂ ਖਾਧੀ ਸੀ ਜਦੋਂ ਕਰਤਾਰ ਸਿੰਘ ਸਰਾਭਾ ਨੂੰ ਫਾਂਸੀ ਦਿੱਤੀ ਜਾ ਰਹੀ ਸੀ:

'ਹਰ ਹਿੰਦੀ ਨੂੰ ਤੇਰੀ ਸਹੁੰ ਅਸੀਂ ਤੇਰਾ ਮਿਸ਼ਨ ਪੂਰਾ ਕਰਾਂਗੇ।'

ਗ਼ਦਰ ਦਾ ਜਜ਼ਬਾ ਜ਼ਿੰਦਾਬਾਦ,

ਇਨਕਲਾਬ ਜ਼ਿੰਦਾਬਾਦ।

ਗ਼ਦਰ ਲਹਿਰ ਦੀ ਮੁੜ-ਸੁਰਜੀਤੀ

–ਹਰਭਜਨ ਚੀਮਾ, –ਕਿਰਪਾਲ ਬੈਂਸ

19ਵੀਂ ਸਦੀ ਦੇ ਅਖ਼ੀਰ 'ਚ ਅਤੇ 20ਵੀਂ ਸਦੀ ਦੇ ਮੁੱਢ 'ਚ ਹਿੰਦੁਸਤਾਨੀ ਨਾਗਰਿਕਾਂ ਨੇ ਬਦੇਸ਼ਾਂ ਵਿਚ ਜਾਕੇ ਵਸਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਸਾਲਾਂ ਦੌਰਾਨ ਹਿੰਦੁਸਤਾਨੀ, ਖ਼ਾਸ ਕਰਕੇ ਪੰਜਾਬੀ ਕੈਨੇਡਾ ਤੇ ਅਮਰੀਕਾ ਵਿਚ ਆਏ। ਬੇਗਾਨੇ ਮੁਲਕਾਂ ਵੱਲ ਪ੍ਰਵਾਸ ਦਾ ਵੱਡਾ ਕਾਰਨ ਮੁੱਖ ਤੌਰ 'ਤੇ ਆਰਥਕ ਸੀ। ਉੱਨੀਵੀਂ ਸਦੀ ਦੇ ਦੂਜੇ ਅੱਧ ਵਿਚ, ਪੰਜਾਬ ਦੇ ਕਿਸਾਨਾਂ ਦੇ ਹਾਲਾਤ ਬਹੁਤ ਮਾੜੇ ਸਨ। ਮਾਲੀਏ ਵਿਚ ਵਾਧਾ, ਭਾਰੀ ਟੈਕਸ, ਸ਼ਾਹੂਕਾਰਾਂ ਤੋਂ ਲਏ ਲੱਕ–ਤੋੜ ਕਰਜ਼ੇ ਅਤੇ ਜ਼ਮੀਨ ਤੇ ਜਾਇਦਾਦ ਦੀ ਛੋਟੇ–ਛੋਟੇ ਟੁਕੜਿਆਂ 'ਚ ਤਕਸੀਮ ਇਸ ਪ੍ਰਵਾਸ ਦੇ ਵੱਡੇ ਕਾਰਨ ਸਨ।

ਉਤਰੀ ਅਮਰੀਕਾ ਪਹੁੰਚਕੇ ਹਿੰਦੁਸਤਾਨੀਆਂ, ਜੋ ਬਹੁਗਿਣਤੀ ਪੰਜਾਬੀ ਸਨ, ਨੂੰ ਬਹੁਤ ਹੀ ਨਾਖੁਸ਼ਗਵਾਰ ਹਾਲਾਤ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਨਾਲ ਕੈਨੇਡਾ ਅਤੇ ਅਮਰੀਕਾ ਦੇ ਕੁਝ ਨਸਲਵਾਦੀ ਨਾਗਰਿਕ ਬਹੁਤ ਹੀ ਬਦਸਲੂਕੀ ਨਾਲ ਪੇਸ਼ ਆਉਂਦੇ ਸਨ ਅਤੇ ਕੰਮ ਦੀਆਂ ਥਾਵਾਂ ਉਪਰ ਵੀ ਉਨ੍ਹਾਂ ਨੂੰ ਨਸਲੀ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਸੀ। ਅਮਰੀਕਾ ਤੇ ਕੈਨੇਡਾ ਦੇ ਇਨ੍ਹਾਂ ਰੂੜ੍ਹੀਵਾਦੀ ਤੇ ਪਿਛਾਖੜੀ ਨਾਗਰਿਕਾਂ ਦਾ ਹਿੰਦੁਸਤਾਨੀਆਂ ਪ੍ਰਤੀ ਨਜ਼ਰੀਆ ਬਹੁਤ ਹੀ ਤੰਗਨਜ਼ਰ ਸੀ। ਹਿੰਦੁਸਤਾਨੀਆਂ ਨੂੰ ਬ੍ਰਿਟਿਸ਼ ਕੋਲੰਬੀਆ ਤੋਂ ਹਾਂਡੂਰਸ ਭੇਜਣ ਦੇ ਅਸਫ਼ਲ ਯਤਨ,[1] 1907 'ਚ ਬਲਿੰਗਟਨ ਵਿਚ ਨਸਲੀ ਹਮਲੇ[2] ਅਤੇ ਕਾਮਾਗਾਟਾ ਮਾਰੂ ਕਾਂਡ (1914) ਵਰਗੀਆਂ ਘਟਨਾਵਾਂ ਨੇ ਹਾਲਾਤ ਹੋਰ ਵੀ ਭਿਆਨਕ ਬਣਾ ਦਿੱਤੇ।

ਇਨ੍ਹਾਂ ਘਟਨਾਵਾਂ ਦਾ ਹਿੰਦੁਸਤਾਨੀ ਲੋਕਾਂ ਦੇ ਜ਼ਿਹਨ ਉਪਰ ਬਹੁਤ ਡੂੰਘਾ ਅਸਰ ਹੋਇਆ ਅਤੇ ਉਨ੍ਹਾਂ ਨੂੰ ਚੰਗੀ ਤਰ੍ਹਾਂ ਅਹਿਸਾਸ ਹੋ ਗਿਆ ਕਿ ਇਸ ਸਭ ਕਾਸੇ ਦੀ ਵਜ੍ਹਾ ਹਿੰਦੁਸਤਾਨ ਉਪਰ ਅੰਗਰੇਜ਼ਾਂ ਦਾ ਰਾਜ ਸੀ। ਉਨ੍ਹਾਂ ਨੇ ਗ਼ੁਲਾਮੀ ਦੀਆਂ ਜ਼ੰਜੀਰਾਂ ਨੂੰ ਲਾਹ ਸੁੱਟਣ ਦੀ ਠਾਣ ਲਈ। ਇਹ ਨਿਸ਼ਾਨਾ ਪੂਰਾ ਕਰਨ ਲਈ ਉਨ੍ਹਾਂ ਨੂੰ ਇਕ ਕੇਂਦਰੀਕ੍ਰਿਤ ਜਥੇਬੰਦੀ ਦੀ ਲੋੜ ਮਹਿਸੂਸ ਹੋਈ। ਇਸ ਜਥੇਬੰਦੀ ਨੇ ਕੈਨੇਡਾ ਤੇ ਅਮਰੀਕਾ ਵਿਚ ਨਸਲਵਾਦ ਨਾਲ ਟੱਕਰ ਲਈ, ਅਤੇ ਹਿੰਦੁਸਤਾਨ ਦੀ ਆਜ਼ਾਦੀ ਲਈ ਲੜਾਈ ਲੜੀ। ਐਸੀ ਇਕ ਜਥੇਬੰਦੀ ਦੀ ਨੀਂਹ 1913 'ਚ 'ਪੈਸੀਫਿਕ ਕੋਸਟ ਹਿੰਦੀ ਐਸੋਸੀਏਸ਼ਨ' ਨਾਂ ਹੇਠ ਅਸਟੋਰੀਆ (ਓਰੇਗਾਨ) ਵਿਚ ਰੱਖੀ ਗਈ ਸੀ ਜੋ ਬਾਅਦ ਵਿਚ 'ਹਿੰਦੁਸਤਾਨੀ ਗ਼ਦਰ ਪਾਰਟੀ' ਦੇ ਨਾਂ ਨਾਲ ਹਰਮਨਪਿਆਰੀ ਹੋਈ।

ਗ਼ਦਰ ਪਾਰਟੀ ਦੀ ਪ੍ਰੇਰਣਾ ਦਾ ਪਹਿਲਾ ਸਰੋਤ 1857 ਦੀ ਪਹਿਲੀ ਜੰਗੇ–ਆਜ਼ਾਦੀ

ਸੀ, ਅਤੇ ਇਸ ਦਾ ਮੁੱਖ ਨਿਸ਼ਾਨਾ ਹਥਿਆਰਬੰਦ ਸੰਘਰਸ਼ ਜ਼ਰੀਏ ਹਿੰਦੁਸਤਾਨ ਨੂੰ ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਮੁਕਤ ਕਰਾਉਣਾ ਸੀ। ਗ਼ਦਰ ਪਾਰਟੀ ਦੇ ਮੈਂਬਰ ਫਰਾਂਸੀਸੀ ਇਨਕਲਾਬ ਦੇ 'ਆਜ਼ਾਦੀ, ਬਰਾਬਰੀ ਤੇ ਭਾਈਚਾਰਾ' ਦੇ ਮਾਟੋ ਅਤੇ ਨਾਲ ਹੀ ਅਮਰੀਕਨ ਇਨਕਲਾਬ ਦੇ ਬਰਾਬਰੀ ਤੇ ਸਮਾਜੀ ਨਿਆਂ ਦੇ ਸ੍ਰੇਸ਼ਟ ਆਦਰਸ਼ਾਂ ਤੋਂ ਪ੍ਰੇਰਤ ਸਨ। ਇਸ ਜਥੇਬੰਦੀ ਦੀ ਬਣਤਰ ਨਿਰੋਲ ਧਰਮਨਿਰਪੱਖ ਸੀ। ਇਸ ਦੇ ਸੰਵਿਧਾਨ ਦੀ ਇਕ ਧਾਰਾ ਵਿਚ ਸਪਸ਼ਟ ਕਿਹਾ ਗਿਆ ਸੀ ਕਿ ਧਰਮ ਮਨੁੱਖ ਦਾ ਨਿੱਜੀ ਮਾਮਲਾ ਹੈ ਅਤੇ ਗ਼ਦਰ ਪਾਰਟੀ ਦੀਆਂ ਮੀਟਿੰਗਾਂ ਵਿਚ ਧਰਮ ਨੂੰ ਲੈ ਕੇ ਕੋਈ ਬਹਿਸ-ਵਿਚਾਰ ਨਹੀਂ ਹੋਵੇਗੀ।[3]

1914-1915 ਦੇ ਸਾਲਾਂ ਦੌਰਾਨ, 8000 ਦੇ ਲੱਗਭੱਗ ਹਿੰਦੁਸਤਾਨੀ ਬਦੇਸ਼ਾਂ ਤੋਂ, ਖ਼ਾਸ ਕਰਕੇ ਕੈਨੇਡਾ ਤੇ ਅਮਰੀਕਾ ਤੋਂ ਹਿੰਦੁਸਤਾਨ ਵਾਪਸ ਚਲੇ ਗਏ ਅਤੇ ਉਨ੍ਹਾਂ ਨੇ ਹਿੰਦੁਸਤਾਨ ਦੇ ਆਜ਼ਾਦੀ ਦੇ ਸੰਘਰਸ਼ ਵਿਚ ਅਭੁੱਲ ਯੋਗਦਾਨ ਪਾਇਆ। ਵਤਨ ਦੀ ਆਜ਼ਾਦੀ ਲਈ ਜੂਝਦਿਆਂ ਉਨ੍ਹਾਂ ਨੇ ਆਪਣੇ ਦੇਸ਼ਪ੍ਰੇਮ ਦੇ ਜਜ਼ਬੇ ਦਾ ਅਸਧਾਰਨ ਮੁੱਲ ਤਾਰਿਆ। ਪ੍ਰੋਫੈਸਰ ਹਰੀਸ਼ ਪੁਰੀ ਲਿਖਦੇ ਹਨ, ਰੌਲਟ ਕਮੇਟੀ ਵਲੋਂ ਲਾਏ ਹਿਸਾਬ-ਕਿਤਾਬ ਅਨੁਸਾਰ:

"ਸਾਜ਼ਿਸ਼ ਦੇ ਸਿਲਸਿਲੇ ਅਤੇ ਹੋਰ ਜੁਰਮਾਂ ਦੇ ਮਾਮਲਿਆਂ ਵਿਚ ਕੁਲ 279 ਗ਼ਦਰੀਆਂ ਨੂੰ ਮੁਕੱਦਮਿਆਂ ਵਿਚ ਸ਼ਾਮਲ ਕੀਤਾ ਗਿਆ, 46 ਨੂੰ ਸਜ਼ਾ-ਏ-ਮੌਤ ਦਿੱਤੀ ਗਈ, 69 ਨੂੰ ਜਲਾਵਤਨੀ ਵਿਚ ਉਮਰ ਕੈਦ ਅਤੇ 125 ਨੂੰ ਵੱਖੋ-ਵੱਖਰੀ ਕੈਦ ਦੀ ਸਜ਼ਾ ਦਿੱਤੀ ਗਈ। ਉਨ੍ਹਾਂ ਵਿੱਚੋਂ ਕਈਆਂ ਨੂੰ ਕਤਲ ਕਰ ਦਿੱਤਾ ਗਿਆ ਜਾਂ ਕਿਸੇ ਹੋਰ ਮਾਮਲਿਆਂ ਵਿਚ ਸਜ਼ਾਵਾਂ ਦਿੱਤੀਆਂ ਗਈਆਂ। 23ਵੇਂ ਰਿਸਾਲੇ ਦੇ ਅਠਾਰਾਂ ਸਿਪਾਹੀਆਂ ਨੂੰ ਕੋਰਟ ਮਾਰਸ਼ਲ ਤੋਂ ਬਾਦ ਗੋਲੀ ਨਾਲ ਉਡਾ ਦਿੱਤਾ ਗਿਆ। 8 ਕੈਦੀ ਅੰਡੇਮਾਨ ਦੀ ਸੈਲੂਲਰ ਜੇਲ੍ਹ ਵਿਚ ਪੁਲਿਸ ਦੇ ਤਸੀਹਿਆਂ ਨਾਲ ਸ਼ਹੀਦ ਹੋਏ। ਸਜ਼ਾਵਾਂ ਵਿਚ ਉਨ੍ਹਾਂ ਦੇ ਪਰਿਵਾਰਾਂ ਦੀ ਸਮੁੱਚੀ ਜਾਇਦਾਦ ਜ਼ਬਤ ਕਰਨਾ ਅਤੇ ਉਨ੍ਹਾਂ ਦੇ ਸਕੇ-ਸਬੰਧੀਆਂ ਨੂੰ ਲੰਮੇ ਸਮੇਂ ਲਈ ਤਸੀਹੇ ਦੇਣ ਅਤੇ ਤੰਗ-ਪ੍ਰੇਸ਼ਾਨ ਕੀਤੇ ਜਾਣ ਦਾ ਸਿਲਸਿਲਾ ਸ਼ਾਮਲ ਸੀ।"[4]

ਪਾਰਟੀ ਦੇ ਕਰਤਾਰ ਸਿੰਘ ਸਰਾਭਾ, ਭਾਈ ਬਲਵੰਤ ਸਿੰਘ ਅਤੇ ਜਗਤ ਸਿੰਘ ਸੁਰਸਿੰਘ ਵਰਗੇ ਅਨਮੋਲ ਯੋਧਿਆਂ ਨੇ ਆਪਣੀਆਂ ਜਾਨਾਂ ਵਾਰ ਦਿੱਤੀਆਂ, ਜਦਕਿ ਬਾਬਾ ਸੋਹਣ ਸਿੰਘ ਭਕਨਾ, ਭਾਈ ਪਰਮਾਨੰਦ ਅਤੇ ਬਾਬਾ ਗੁਰਮੁੱਖ ਸਿੰਘ ਵਰਗੇ ਕਈ ਹੋਰ ਇਨਕਲਾਬੀ ਕਈ-ਕਈ ਸਾਲ ਅੰਡੇਮਾਨ-ਨਿਕੋਬਾਰ ਦੀ ਜੇਲ੍ਹ ਦੀਆਂ ਕਾਲ-ਕੋਠੜੀਆਂ ਵਿਚ ਸੜਦੇ ਰਹੇ।

ਗ਼ਦਰ ਲਹਿਰ ਹਿੰਦੁਸਤਾਨ ਦੇ ਇਤਿਹਾਸ ਦਾ ਸੁਨਹਿਰੀ ਕਾਂਡ ਹੈ, ਜਿਸ ਨੇ ਸਿਰਫ਼ ਮੁਲਕ ਦੀ ਆਜ਼ਾਦੀ ਲਈ ਹੀ ਯੋਗਦਾਨ ਨਹੀਂ ਪਾਇਆ ਸਗੋਂ ਦੁਨੀਆ ਭਰ ਵਿਚ ਬਸਤੀਵਾਦ ਅਤੇ ਸਾਮਰਾਜਵਾਦ ਦੇ ਵਿਰੁੱਧ ਬਗ਼ਾਵਤਾਂ ਨੂੰ ਵੀ ਹੁਲਾਰਾ ਦਿੱਤਾ।

ਪਹਿਲੀ ਆਲਮੀ ਜੰਗ ਤੋਂ ਪਿੱਛੋਂ ਗ਼ਦਰ ਪਾਰਟੀ ਦੀ ਮੁੜ-ਸੁਰਜੀਤੀ

ਪਹਿਲੀ ਆਲਮੀ ਜੰਗ ਮੁੱਕਣ ਤੋਂ ਬਾਅਦ ਗ਼ਦਰ ਪਾਰਟੀ ਦੀ ਮੁੜ-ਸੁਰਜੀਤੀ ਦੇ ਚਿੰਨ੍ਹ ਨਜ਼ਰ ਆਉਣੇ ਸ਼ੁਰੂ ਹੋ ਗਏ ਸਨ। ਸਾਨ ਫਰਾਂਸਿਸਕੋ ਸਾਜ਼ਿਸ਼ ਮੁਕੱਦਮੇ ਦੌਰਾਨ ਗ਼ਦਰ

ਪਾਰਟੀ ਦੀਆਂ ਸਰਗਰਮੀਆਂ ਉਨੀਆਂ ਉੱਭਰਵੀਆਂ ਨਹੀਂ ਰਹੀਆਂ ਸਨ। ਹਰਜਾਪ ਸਿੰਘ ਅਤੇ ਰਤਨ ਸਿੰਘ ਕਾਨੂੰਨੀ ਸੇਵਾਵਾਂ ਦੇ ਬਿੱਲਾਂ ਦਾ ਭੁਗਤਾਨ ਕਰਨ ਲਈ ਫੰਡ ਉਗਰਾਹੁਣ ਵਿਚ ਰੁੱਝੇ ਰਹੇ। 1919 'ਚ ਗ਼ਦਰ ਪਾਰਟੀ ਨੂੰ ਮੁੜ ਜਥੇਬੰਦ ਕੀਤਾ ਗਿਆ ਸੀ ਅਤੇ ਇਸ ਦੇ ਨਵੇਂ ਚੁਣੇ ਅਹੁਦੇਦਾਰ ਸਨ: ਪ੍ਰਧਾਨ, ਹਰਜਾਪ ਸਿੰਘ; ਜਨਰਲ ਸਕੱਤਰ, ਸੰਤੋਖ ਸਿੰਘ; ਸੁਰਿੰਦਰਨਾਥ ਕਰ ਨੂੰ *ਇੰਡੀਪੈਂਡੈਂਟ ਹਿੰਦੁਸਤਾਨ* ਦਾ ਸੰਪਾਦਕ, ਜਦਕਿ ਆਇਰਿਸ਼ ਪਾਰਟੀ ਦੇ ਐਡਵਰਡ ਗੈਮਨਜ਼ ਨੂੰ ਸਹਾਇਕ ਸੰਪਾਦਕ ਬਣਾਇਆ ਗਿਆ। ਮਾਰਚ 1920 ਵਿਚ ਗ਼ਦਰੀ ਦੁਬਾਰਾ ਪੁਰਾਣੇ ਯੁਗਾਂਤਰ ਆਸ਼ਰਮ ਵਿਚ ਚਲੇ ਗਏ ਅਤੇ ਇਨਕਲਾਬੀ ਸਾਹਿਤ ਛਾਪਣਾ ਸ਼ੁਰੂ ਕਰ ਦਿੱਤਾ।[5]

ਹੁਣ ਹਕੀਕਤ ਵਿਚ ਗ਼ਦਰ ਪਾਰਟੀ ਸੰਤੋਖ ਸਿੰਘ ਅਤੇ ਸੁਰਿੰਦਰਨਾਥ ਕਰ ਦੇ ਰਸੂਖ਼ ਹੇਠ ਕੰਮ ਕਰਦੀ ਸੀ, ਜੋ ਕਮਿਊਨਿਸਟ ਬਣ ਗਏ ਸਨ। ਸੰਤੋਖ ਸਿੰਘ ਅਤੇ ਰਤਨ ਸਿੰਘ ਥਾਂ-ਥਾਂ ਜਾ ਕੇ ਪੁਰਾਣੀਆਂ ਇਕਾਈਆਂ ਨੂੰ ਮੁੜ-ਸੁਰਜੀਤ ਕਰਨ ਅਤੇ ਫੰਡ ਉਗਰਾਹੁਣ ਦਾ ਕੰਮ ਕਰ ਰਹੇ ਸਨ। *ਇੰਡੀਪੈਂਡੈਂਟ ਹਿੰਦੁਸਤਾਨ* ਦਾ ਪਹਿਲਾ ਅੰਕ ਸਤੰਬਰ 1920 'ਚ ਛਪਕੇ ਆਇਆ।

ਰੂਸ ਵਿਚ ਛੇ ਮਹੀਨੇ ਲਗਾਕੇ ਸੰਤੋਖ ਸਿੰਘ ਅਤੇ ਰਤਨ ਸਿੰਘ ਮਈ 1923 ਵਿਚ ਹਿੰਦੁਸਤਾਨ ਆਏ। ਉਨ੍ਹਾਂ ਦੇ ਅਮਰੀਕਾ ਤੋਂ ਆ ਜਾਣ ਪਿੱਛੋਂ, ਗ਼ਦਰ ਪਾਰਟੀ ਦੀ ਵਾਗਡੋਰ ਨਿਰੰਜਣ ਸਿੰਘ ਢਿੱਲੋਂ ਨੇ ਸੰਭਾਲ ਲਈ। ਹੁਣ ਇਨਕਲਾਬੀਆਂ ਦੀ ਅਗਵਾਈ ਉਹ ਕਰ ਰਿਹਾ ਸੀ ਅਤੇ ਉਨ੍ਹਾਂ ਨੇ ਹਥਿਆਰ ਬਣਾਉਣ ਦਾ ਕੰਮ ਸਿੱਖਣਾ ਸ਼ੁਰੂ ਕਰ ਦਿੱਤਾ। ਜਦੋਂ ਭਗਵਾਨ ਸਿੰਘ ਵਾਪਸ ਆ ਗਏ ਤਾਂ ਗ਼ਦਰ ਪਾਰਟੀ ਮੁੜ ਮਜ਼ਬੂਤ ਹੋ ਗਈ। 1926 'ਚ ਗ਼ਦਰ ਪਾਰਟੀ ਦੋ ਧੜਿਆਂ ਵਿਚ ਵੰਡੀ ਗਈ, ਇਕ ਧੜਾ ਕਮਿਊਨਿਸਟਾਂ ਦਾ ਸੀ ਅਤੇ ਦੂਜਾ ਨਰਮਖ਼ਿਆਲੀਆਂ ਦਾ।

ਬਾਲਸ਼ਵਿਕ ਇਨਕਲਾਬ ਤੋਂ ਪਿੱਛੋਂ, 1921 'ਚ ਸੋਵੀਅਤ ਯੂਨੀਅਨ ਨੇ "ਪੂਰਬ ਦੇ ਮਿਹਨਤਕਸ਼ਾਂ ਦੀ ਯੂਨੀਵਰਸਿਟੀ" ਦੀ ਸਥਾਪਨਾ ਕੀਤੀ। ਕਮਿਊਨਿਸਟ ਇੰਟਰਨੈਸ਼ਨਲ ਨੇ ਪੂਰਬੀ ਮੁਲਕਾਂ ਦੇ ਇਨਕਲਾਬੀਆਂ ਨੂੰ ਉਥੇ ਆ ਕੇ ਸਿਖਲਾਈ ਲੈਣ ਦਾ ਸੱਦਾ ਦਿੱਤਾ। ਮਾਸਕੋ ਵਲੋਂ ਦਿੱਤੀ ਹਮਾਇਤ ਗ਼ਦਰ ਪਾਰਟੀ ਲਈ ਵੱਡਾ ਹੁਲਾਰਾ ਸਾਬਤ ਹੋਈ। ਨਵੰਬਰ ਵਿਚ ਗ਼ਦਰ ਪਾਰਟੀ ਦਾ ਦੋ ਮੈਂਬਰੀ ਵਫ਼ਦ ਮਾਸਕੋ ਵਿਖੇ ਕਮਿਊਨਿਸਟ ਕੌਮਾਂਤਰੀ ਦੀ ਚੌਥੀ ਕਾਂਗਰਸ ਵਿਚ ਸ਼ਾਮਲ ਹੋਇਆ। ਮਾਸਕੋ ਵਿਚਲੇ ਸਲਾਹਕਾਰਾਂ ਦੇ ਮਸ਼ਵਰੇ ਅਨੁਸਾਰ ਗ਼ਦਰ ਪਾਰਟੀ ਨੇ 1925 ਵਿਚ ਪੰਜਾਬ ਵਿਚ ਕਿਰਤੀ ਕਿਸਾਨ ਪਾਰਟੀ ਬਣਾਈ। ਕਿਰਤੀ ਕਿਸਾਨ ਪਾਰਟੀ ਦੇ ਨਿਸ਼ਾਨੇ ਇਹ ਸਨ; ਅੰਗਰੇਜ਼ ਸਾਮਰਾਜਵਾਦ ਤੋਂ ਮੁਕੰਮਲ ਆਜ਼ਾਦੀ ਹਾਸਲ ਕਰਨਾ; ਅਤੇ ਕਿਰਤੀਆਂ ਤੇ ਕਿਸਾਨਾਂ ਨੂੰ ਜਥੇਬੰਦ ਕਰਨਾ। ਹਿੰਦੁਸਤਾਨ ਵਿਚ ਕਿਰਤੀ ਕਿਸਾਨ ਪਾਰਟੀ ਅਮਰੀਕਾ ਵਿਚਲੀ ਗ਼ਦਰ ਪਾਰਟੀ ਜਥੇਬੰਦੀ ਦੀ ਪੂਰਕ ਸੀ ਅਤੇ ਇਹ ਖੁੱਲ੍ਹੇਆਮ ਕਮਿਊਨਿਸਟ ਅਕੀਦਿਆਂ ਨੂੰ ਸਵੀਕਾਰ ਕਰਦੀ ਸੀ।[6] 1925 'ਚ ਗ਼ਦਰ ਪਾਰਟੀ ਦੇ ਸਿਖਿਆਰਥੀਆਂ ਨੂੰ

ਮਾਸਕੋ ਭੇਜਣ ਦੇ ਇੰਤਜ਼ਾਮ ਕੀਤੇ ਗਏ ਅਤੇ ਉਸੇ ਸਾਲ ਪਹਿਲੀ ਪੰਜ ਜਣਿਆਂ ਦੀ ਟੋਲੀ ਮਾਸਕੋ ਭੇਜੀ ਗਈ। ਅਮਰੀਕਾ ਦੀ ਕਮਿਊਨਿਸਟ ਪਾਰਟੀ ਨੇ ਵੀ ਗ਼ਦਰੀ ਸਿਖਿਆਰਥੀਆਂ ਨੂੰ ਮਾਸਕੋ ਭੇਜਣ ਵਿਚ ਬਹੁਤ ਮਦਦ ਕੀਤੀ। ਉਸ ਵਕਤ ਮਾਸਕੋ ਵਿਚ ਐੱਮ.ਐੱਨ.ਰਾਏ ਦਾ ਬਹੁਤ ਰਸੂਖ਼ ਸੀ; ਪਰ ਗ਼ਦਰ ਪਾਰਟੀ ਉਸ ਦੇ ਖ਼ਿਲਾਫ਼ ਸੀ। 1927 'ਚ ਭਾਈ ਰਤਨ ਸਿੰਘ ਰਾਏਪੁਰ ਡੱਬਾ ਦੇ ਹਿੰਦੁਸਤਾਨ ਆਉਣ ਨਾਲ ਪਾਰਟੀ ਦੀ ਤਾਕਤ ਵਧੀ ਅਤੇ 1928 ਦੇ ਅਖੀਰ 'ਚ ਇਹ ਕੈਲੀਫੋਰਨੀਆ ਵਿਚ ਵੀ ਬਹੁਤ ਮਜ਼ਬੂਤ ਹੋ ਗਈ ਸੀ ਅਤੇ ਇਹ ਵਾਹਵਾ ਫੰਡ ਭੇਜਦੀ ਰਹੀ।

ਫਰਵਰੀ 1926 'ਚ *'ਕਿਰਤੀ'* ਰਸਾਲਾ ਛਪਿਆ। ਪਹਿਲਾ ਅੰਕ ਉਨ੍ਹਾਂ ਸ਼ਹੀਦਾਂ ਨੂੰ ਸਮਰਪਿਤ ਸੀ ਜਿਨ੍ਹਾਂ ਨੇ ਕੌਮੀ ਆਜ਼ਾਦੀ ਦੇ ਮਹਾਨ ਕਾਜ ਲਈ ਜਾਨਾਂ ਵਾਰੀਆਂ ਸਨ। ਮਾਸਕੋ ਅਤੇ ਲੰਦਨ ਵਿਚ ਵੀ ਕਿਰਤੀ ਦੇ ਪ੍ਰਕਾਸ਼ਨ ਦਾ ਨੋਟਿਸ ਲਿਆ ਗਿਆ। *ਪਰਾਵਦਾ* ਅਤੇ ਲੰਦਨ *ਟਾਈਮਜ਼* ਨੇ ਕਿਰਤੀ ਦੇ ਛਪਣ ਦੀ ਅਹਿਮੀਅਤ ਬਾਰੇ ਲਿਖਿਆ। ਹਿੰਦੁਸਤਾਨ ਦੀ ਅੰਗਰੇਜ਼ ਹਕੂਮਤ *ਕਿਰਤੀ* ਨੂੰ ਬਹੁਤ ਹੀ ਖ਼ਤਰਨਾਕ ਰਸਾਲਾ ਮੰਨਦੀ ਸੀ। ਸੰਤੋਖ ਸਿੰਘ ਤਪਦਿਕ ਦੇ ਮਰੀਜ ਸਨ ਅਤੇ 19 ਮਈ 1927 ਨੂੰ ਅੰਮ੍ਰਿਤਸਰ ਵਿਚ ਉਨ੍ਹਾਂ ਦਾ ਦੇਹਾਂਤ ਹੋ ਗਿਆ। ਸੰਤੋਖ ਸਿੰਘ ਦੀ ਮੌਤ ਤੋਂ ਪਿੱਛੋਂ ਇਸ ਦੇ ਸੰਪਾਦਕ ਸੋਹਣ ਸਿੰਘ ਜੋਸ਼ ਬਣੇ।

1929 'ਚ ਕਿਰਤੀ ਕਿਸਾਨ ਪਾਰਟੀ ਨੇ ਹਿੰਦੁਸਤਾਨ ਦੇ ਹੋਰ ਕਮਿਊਨਿਸਟਾਂ ਨਾਲ ਰਾਬਤਾ ਬਣਾਉਣ ਲਈ ਸਿਰਤੋੜ ਯਤਨ ਕੀਤੇ। 1929 ਦੇ ਦੂਜੇ ਅੱਧ ਵਿਚ, ਉਤਰੀ ਹਿੰਦੁਸਤਾਨ ਵਿਚ ਦਹਿਸ਼ਤਪਸੰਦ ਸਰਗਰਮੀਆਂ, ਮਿਸਾਲ ਵਜੋਂ ਲਾਹੌਰ ਵਿਚ ਸਾਂਡਰਸ ਦਾ ਕਤਲ, ਅਸੈਂਬਲੀ ਵਿਚ ਬੰਬ-ਧਮਾਕਾ ਵਗੈਰਾ, ਦਾ ਜ਼ੋਰ ਰਿਹਾ। ਗ਼ਦਰ ਪਾਰਟੀ ਨੇ ਵੀ ਸਰਗਰਮੀ ਫੜ੍ਹੀ। ਹਿੰਦੁਸਤਾਨ ਵਿਚ ਛਾਪਾਮਾਰ ਯੁੱਧ ਸ਼ੁਰੂ ਕਰਨ ਦੀਆਂ ਜੁਗਤਾਂ ਘੜਨ ਲਈ ਮੀਟਿੰਗਾਂ ਕੀਤੀਆਂ ਗਈਆਂ। ਇਸ ਵਕਤ ਤੇਜਾ ਸਿੰਘ ਸੁਤੰਤਰ, ਜੋ ਕਾਂਸਤਨੋਪਲ ਵਿਖੇ ਤੁਰਕੀ ਦੀ ਫ਼ੌਜੀ ਅਕਾਦਮੀ ਤੋਂ ਫ਼ੌਜੀ ਸਿਖਲਾਈ ਲੈ ਕੇ ਆਏ ਸਨ, ਅਮਰੀਕਾ ਆਏ ਅਤੇ ਇਸ ਪਾਸੇ ਉਤਸ਼ਾਹ ਦਿਖਾਉਣ ਵਾਲੇ ਹਿੰਦੁਸਤਾਨੀਆਂ ਨੂੰ ਹਵਾਈ ਜਹਾਜ਼ਾਂ ਬਾਰੇ ਸਿਖਲਾਈ ਦਿੱਤੀ ਗਈ। ਜਨਵਰੀ 1931 'ਚ ਅਮਰੀਕਾ ਵਿੱਚੋਂ ਕੱਢ ਦਿੱਤੇ ਜਾਣ 'ਤੇ ਸੁਤੰਤਰ ਨੇ ਆਪਣੇ ਸਾਥੀਆਂ ਸਮੇਤ ਪਨਾਮਾ, ਬਰਾਜ਼ੀਲ ਅਤੇ ਅਰਜਨਟਾਈਨਾ ਦਾ ਦੌਰਾ ਕੀਤਾ, ਜਿਥੇ ਉਹ ਗ਼ਦਰ ਪਾਰਟੀ ਦੀਆਂ ਸ਼ਾਖਾਵਾਂ ਬਣਾਉਣ ਅਤੇ ਚੋਖੇ ਫੰਡ ਉਗਰਾਹੁਣ ਵਿਚ ਕਾਮਯਾਬ ਹੋ ਗਏ।

1930 'ਚ ਗ਼ਦਰ ਪਾਰਟੀ ਨੇ ਆਪਣੀਆਂ ਸਰਗਰਮੀਆਂ ਲਈ ਅਤੇ ਹਿੰਦੁਸਤਾਨ ਵਿਚ ਬਗ਼ਾਵਤ ਦਾ ਪ੍ਰਚਾਰ ਕਰਨ ਦੇ ਮਨੋਰਥ ਨਾਲ ਅਫ਼ਗਾਨਿਸਤਾਨ ਅੰਦਰ ਕਾਬੁਲ ਵਿਚ ਸੈੱਲ ਬਣਾਇਆ। 1931 ਦੇ ਸ਼ੁਰੂ 'ਚ ਗ਼ਦਰ ਪਾਰਟੀ ਦੇ 35 ਦੇ ਕਰੀਬ ਸਿਖਿਆਰਥੀ ਮਾਸਕੋ ਵਿਚ ਸਿਖਲਾਈ ਲੈ ਚੁੱਕੇ ਸਨ।

ਕੈਲੀਫੋਰਨੀਆ ਵਿਚ ਗ਼ਦਰ ਪਾਰਟੀ ਨਿਧਾਨ ਸਿੰਘ ਦੀ ਅਗਵਾਈ ਹੇਠ ਸਰਗਰਮੀ ਵਿਚ ਜੁੱਟੀ ਹੋਈ ਸੀ ਜੋ ਇਸਦੇ ਪ੍ਰਧਾਨ ਸਨ। ਗੁਰਮੁੱਖ ਸਿੰਘ ਅਤੇ ਰਤਨ ਸਿੰਘ ਵਰਗੇ ਆਗੂ

ਉਨ੍ਹਾਂ ਨਾਲ ਮਿਲਕੇ ਕੰਮ ਕਰਦੇ ਰਹੇ। ਇਸੇ ਤਰ੍ਹਾਂ, ਕਾਬੁਲ ਵਿਚ ਗ਼ਦਰ ਪਾਰਟੀ ਦੇ ਮਾਮਲਿਆਂ ਦੀ ਜ਼ਿੰਮੇਵਾਰੀ ਈਸ਼ਰ ਸਿੰਘ ਉਰਫ਼ ਵਾਸਦੇਵ ਸਿੰਘ ਨੇ ਸੰਭਾਲ ਲਈ ਜੋ ਤੇਜਾ ਸਿੰਘ ਸੁਤੰਤਰ ਦੇ ਰਿਸ਼ਤੇਦਾਰ ਸਨ।

ਗ਼ਦਰ ਪਾਰਟੀ ਦੀ ਉੱਘੀ ਭੂਮਿਕਾ ਤੋਂ ਇਲਾਵਾ, ਗ਼ਦਰੀ ਦ੍ਰਿਸ਼ਟੀ ਨੂੰ ਇਕ ਜਾਂ ਦੂਜੇ ਢੰਗ ਨਾਲ ਅੱਗੇ ਵਧਾਉਣ ਤੇ ਇਸ ਨੂੰ ਉਭਾਰਨ ਵਿਚ ਬੱਬਰ ਅਕਾਲੀ ਲਹਿਰ, ਕਿਰਤੀ ਪਾਰਟੀ, ਨੌਜਵਾਨ ਭਾਰਤ ਸਭਾ, ਹਿੰਦੁਸਤਾਨ ਰਿਪਬਲਿਕਨ ਸੋਸ਼ਲਿਸਟ ਐਸੋਸੀਏਸ਼ਨ, ਭਗਤ ਸਿੰਘ, ਰਾਜਗੁਰੂ, ਸੁਖਦੇਵ ਅਤੇ ਉਨ੍ਹਾਂ ਦੇ ਸਾਥੀਆਂ, ਆਜ਼ਾਦ ਹਿੰਦ ਫ਼ੌਜ ਅਤੇ ਹੋਰ ਦੇਸ਼ਭਗਤਾਂ ਦੀ ਭੂਮਿਕਾ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਭਾਵੇਂ ਗ਼ਦਰ ਪਾਰਟੀ ਅਧਿਕਾਰਤ ਤੌਰ ’ਤੇ 1947 ਤਕ ਕੰਮ ਕਰਦੀ ਰਹੀ, ਪਰ ਇਸ ਦੀਆਂ ਜੋ ਸਿਰਕੱਢ ਸ਼ਖਸੀਅਤਾਂ ਜ਼ਿੰਦਾ ਸਨ ਉਨ੍ਹਾਂ ਨੇ 1947 ਵਿਚ ਅੰਗਰੇਜ਼ਾਂ ਦੇ ਹਿੰਦੁਸਤਾਨ ਛੱਡਕੇ ਜਾਣ ਉਪਰੰਤ ਆਜ਼ਾਦੀ ਤੋਂ ਬਾਅਦ ਵੀ ਆਪਣਾ ਸੰਘਰਸ਼ ਜਾਰੀ ਰੱਖਿਆ। ਕੱਦਾਵਰ ਗ਼ਦਰੀ ਆਗੂਆਂ ਸੋਹਣ ਸਿੰਘ ਭਕਨਾ, ਹਰਨਾਮ ਸਿੰਘ ਟੁੰਡੀਲਾਟ, ਗੁਰਮੁੱਖ ਸਿੰਘ ਲਲਤੋਂ, ਪਾਂਡੂਰੰਗ ਖ਼ਾਨਖੋਜੇ, ਬੂਝਾ ਸਿੰਘ, ਮੰਗੂਰਾਮ ਮੁੱਗੋਵਾਲੀਆ, ਵਸਾਖਾ ਸਿੰਘ ਦਦੇਹਰ, ਨਿਰੰਜਣ ਸਿੰਘ ਪੰਡੋਰੀ, ਹਰਜਾਪ ਸਿੰਘ, ਹਰੀ ਸਿੰਘ ਸੂੰਢ ਅਤੇ ਬਹੁਤ ਸਾਰੇ ਹੋਰ ਆਗੂਆਂ ਨੇ ਇਕ ਵਧੀਆ ਤੇ ਨਿਆਂਪੂਰਨ ਸਮਾਜ ਲਈ ਸੰਘਰਸ਼ ਨੂੰ ਸਪਸ਼ਟ ਬੱਝਵਾਂ ਰੂਪ ਦਿੱਤਾ।

ਆਜ਼ਾਦੀ ਤੋਂ ਬਾਅਦ ਮੁੜ-ਸੁਰਜੀਤੀ

15 ਅਗਸਤ 1947 ਨੂੰ ਹਿੰਦੁਸਤਾਨ ਨੇ ਅੰਗਰੇਜ਼ ਰਾਜ ਤੋਂ ਮੁਕਤੀ ਹਾਸਲ ਕਰ ਲਈ, ਅਤੇ ਹਕੂਮਤ ਦੀ ਵਾਗਡੋਰ ਕਾਂਗਰਸ ਅਤੇ ਗਾਂਧੀ–ਨਹਿਰੂ ਗੁੱਟ ਦੇ ਹੱਥ ਆ ਗਈ। ਸੰਵਿਧਾਨ ਨੇ ਹਿੰਦੁਸਤਾਨ ਦੀ ਇਕ ਕੁਲ–ਇਖ਼ਤਿਆਰ (sovereign) ਜਮਹੂਰੀ ਰਾਸ਼ਟਰ ਵਜੋਂ ਸਥਾਪਨਾ ਕੀਤੀ ਜਿਥੇ ਹਕੂਮਤ ਲੋਕਾਂ ਦੀ ਅਤੇ ਲੋਕਾਂ ਵਲੋਂ ਚੁਣੀ ਹੋਵੇਗੀ। ਪਰ ਆਜ਼ਾਦੀ ਦੇ 66 ਸਾਲਾਂ ਬਾਅਦ ਵੀ ਜਿਸ ਤਰੀਕੇ ਨਾਲ ਮੁਲਕ ਦੇ ਲੋਕਾਂ ਉਪਰ ਰਾਜ ਕੀਤਾ ਜਾ ਰਿਹਾ ਹੈ ਕੀ ਕੋਈ ਵੱਡਾ ਬਦਲਾਓ ਆਇਆ ਹੈ? ਆਜ਼ਾਦੀ ਦੇ ਮੌਕੇ ’ਤੇ ਨਹਿਰੂ ਨੇ ਜੋ ‘ਸਮਾਜਵਾਦ’ ਦਾ ਹੋਕਾ ਦਿੱਤਾ ਸੀ, ਉਸ ਥੋਥੇ ਨਾਅਰੇ ਨੇ ਮੁਲਕ ਦੇ ਅਵਾਮ ਦਾ ਕੁਝ ਨਹੀਂ ਸੰਵਾਰਿਆ। ਅਤੇ ਗ਼ਦਰ ਪਾਰਟੀ ਦਾ ਮੁਕੰਮਲ ਆਜ਼ਾਦੀ ਦਾ ਸੁਪਨਾ ਅਜੇ ਵੀ ਪੂਰੀ ਤਰ੍ਹਾਂ ਅਧੂਰਾ ਹੈ।

ਕੈਨੇਡਾ ਵਿਚ 1947 ਤੋਂ ਲੈ ਕੇ 1967 ਤਕ ਦਾ ਵੀਹ ਸਾਲ ਦਾ ਅਰਸਾ ਖੜੋਤ ਦੀ ਹਾਲਤ ਸੀ ਜਿਸ ਦੌਰਾਨ ਕੋਈ ਅਗਾਂਹਵਧੂ ਲਹਿਰ ਨਹੀਂ ਉੱਭਰੀ। 1967 ’ਚ ਹਿੰਦੁਸਤਾਨ ਦੀ ਸਿਆਸੀ ਹਾਲਤ ਨੇ ਮੋੜਾ ਕੱਟਿਆ ਜਿਸ ਨੂੰ ਕੈਨੇਡਾ ਦੇ ਇਤਿਹਾਸਕ ਪ੍ਰਸੰਗ ਵਿਚ ਵੀ ਇਵੇਂ ਹੀ ਦੇਖਿਆ ਜਾ ਸਕਦਾ ਹੈ। ਉਸ ਸਾਲ ਵਿਚ, ਬੰਗਾਲ ਵਿਚ ਨਕਸਲਬਾੜੀ ਸੰਘਰਸ਼ ਸ਼ੁਰੂ ਹੋਇਆ। ਘਟਨਾਵਾਂ ਦੇ ਇਸ ਗੇੜ ਨੇ ਸੋਧਵਾਦ ਅਤੇ ਮੌਕਾਪ੍ਰਸਤੀ ਦੀ ਸਿਆਸਤ ਨੂੰ ਐਸਾ ਝਟਕਾ ਦਿੱਤਾ ਕਿ ਸੀ.ਪੀ.ਆਈ. ਅਤੇ ਸੀ.ਪੀ.ਐੱਮ. ਦੋਵੇਂ ਕਮਿਊਨਿਸਟ ਪਾਰਟੀਆਂ ਦਾ

ਪਰਦਾਫਾਸ਼ ਹੋ ਗਿਆ ਜੋ ਪਾਰਲੀਮੈਂਟਰੀ ਜਮਹੂਰੀਅਤ ਦੀਆਂ ਅਨਿੰਨ ਭਗਤ ਬਣ ਚੁੱਕੀਆਂ ਸਨ। ਨਕਸਲਬਾੜੀ ਦੇ ਹਥਿਆਰਬੰਦ ਸੰਘਰਸ਼ ਦੇ ਸਿੱਟੇ ਵਜੋਂ ਚਾਰੂ ਮਜ਼ੂਮਦਾਰ ਦੀ ਅਗਵਾਈ ਹੇਠ ਇਨਕਲਾਬੀ ਪਾਰਟੀ, ਹਿੰਦੁਸਤਾਨੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਬਣਾਈ ਗਈ।

ਕੌਮਾਂਤਰੀ ਖੇਤਰ ਵਿਚ, 1953 'ਚ ਜੋਸਫ਼ ਸਟਾਲਿਨ ਦੇ ਦੇਹਾਂਤ ਤੋਂ ਬਾਅਦ ਖਰੁਸਚੇਵ ਦੀ ਅਗਵਾਈ ਹੇਠ ਸੋਵੀਅਤ ਰੂਸ ਇਕ ਸੋਧਵਾਦੀ ਅਤੇ ਉਲਟ-ਇਨਕਲਾਬੀ ਮੁਲਕ ਵਿਚ ਬਦਲ ਗਿਆ। ਇਸ ਦਿਸ਼ਾ ਵਿਚ ਪਿਛਲਮੋੜਾ ਕੱਟਕੇ, ਦੁਨੀਆ ਦਾ ਪਹਿਲਾ ਪ੍ਰੋਲੇਤਾਰੀ ਰਾਜ ਸਮਾਜਿਕ ਸਾਮਰਾਜਵਾਦੀ ਰਾਜ ਬਣ ਗਿਆ। ਸਿੱਟੇ ਵਜੋਂ, ਪੂਰੀ ਦੁਨੀਆ ਵਿਚ ਦੋ ਧੜੇ ਉਭਰ ਆਏ। ਇਕ ਅਮਰੀਕਨ ਸਾਮਰਾਜਵਾਦ ਅਤੇ ਦੂਜਾ ਸੋਵੀਅਤ ਸਮਾਜਿਕ ਸਾਮਰਾਜਵਾਦ, ਦੋਹਾਂ ਦਾ ਨਿਸ਼ਾਨਾ ਇਕ ਹੀ ਸੀ; ਗ਼ਰੀਬ ਕੌਮਾਂ ਦੇ ਦਬਾਏ ਹੋਏ ਲੋਕਾਂ ਦੀ ਲਗਾਤਾਰ ਲੁੱਟਮਾਰ ਕਰਨਾ।

ਇਸੇ ਵਕਤ, ਮਾਓ ਜ਼ੇ-ਤੁੰਗ ਦੀ ਅਗਵਾਈ ਹੇਠ ਕਮਿਊਨਿਸਟ ਚੀਨ ਨੂੰ ਆਲਮੀ ਪੱਧਰ 'ਤੇ ਬਹੁਤ ਮਾਣ-ਤਾਣ ਅਤੇ ਹਮਾਇਤ ਹਾਸਲ ਹੋ ਰਹੇ ਸਨ। ਜਿਥੇ ਦੁਨੀਆ ਵਿਚ ਅਮਰੀਕਨ ਸਾਮਰਾਜਵਾਦ ਅਤੇ ਸੋਵੀਅਤ ਸਮਾਜਿਕ ਸਾਮਰਾਜਵਾਦ ਵਿਰੁੱਧ ਇਨਕਲਾਬੀ ਕਾਂਗ ਮਜ਼ਬੂਤ ਹੋ ਰਹੀ ਸੀ, ਉਥੇ ਵੀਅਤਨਾਮ, ਲਾਊਸ, ਕੰਬੋਡੀਆ ਅਤੇ ਫ਼ਲਸਤੀਨ ਵਿਚ ਕੌਮੀ ਮੁਕਤੀ ਸੰਘਰਸ਼ ਚੜ੍ਹਤ ਦੇ ਰੌਂਅ 'ਚ ਸਨ।

1967 'ਚ 'ਪੀਪਲਜ਼ ਡੇਲੀ' ਨੇ ਸੀ.ਪੀ.ਆਈ. ਅਤੇ ਸੀ.ਪੀ.ਐੱਮ. ਦੀ ਆਲੋਚਨਾ ਕੀਤੀ ਅਤੇ ਨਕਸਲਬਾੜੀ ਬਗ਼ਾਵਤ ਦੀ ਜੈ-ਜੈਕਾਰ ਕਰਦੇ ਹੋਏ ਇਸ ਨੂੰ ਹਿੰਦੁਸਤਾਨੀ ਇਨਕਲਾਬ ਦੀ 'ਬਸੰਤ ਦੀ ਗਰਜ' ਕਿਹਾ। ਮਾਓ ਜ਼ੇ-ਤੁੰਗ ਦਾ 20 ਮਈ 1970 ਦਾ ਅਹਿਮ ਬਿਆਨ, ਜਿਸਦਾ ਅਨੁਵਾਨ ਸੀ "ਦੁਨੀਆ ਦੇ ਲੋਕੋ ਇਕਜੁੱਟ ਹੋਵੋ ਅਤੇ ਅਮਰੀਕਨ ਹਮਲਾਵਰਾਂ ਤੇ ਇਨ੍ਹਾਂ ਦੇ ਸਾਰੇ ਹੀ ਪਾਲਤੂ ਕੁੱਤਿਆਂ ਨੂੰ ਭਾਂਜ ਦਿਓ!" ਇਕ ਮਹਾਨ ਪ੍ਰੋਗਰਾਮੀਆ ਹੋਕਾ ਸੀ ਜੋ ਉਸ ਵਕਤ ਦੁਨੀਆ ਵਿਚ ਜਮਾਤੀ ਤਾਕਤਾਂ ਦੇ ਤਵਾਜ਼ਨ ਨੂੰ ਦਰਸਾਉਂਦਾ ਸੀ। ਇਸ ਵਿਚ ਕਿਹਾ ਗਿਆ ਸੀ: "ਇਕ ਨਿੱਕੀ ਜਹੀ ਕੌਮ ਵੀ ਵੱਡੀ ਨੂੰ ਹਰਾ ਸਕਦੀ ਹੈ"। ਉਸਨੇ ਦਰੁਸਤ ਨਿਰਣਿਆਂ ਨੂੰ ਪੁੱਠਾ ਗੇੜਾ ਦੇਣ ਵਿਚ ਜੁੱਟੀਆਂ ਤਾਕਤਾਂ ਦੀ ਸੱਜੀ ਥਿੜ੍ਹਕਣ ਅਤੇ ਕੌਮਾਂਤਰੀ ਮੌਕਾਪ੍ਰਸਤੀ ਦੇ ਪਿਛਾਖੜੀ ਸੁਭਾਅ ਦਾ ਪਰਦਾਫਾਸ਼ ਕਰਦਿਆਂ ਸਾਫ਼ ਕਿਹਾ : *"ਸਰਮਾਏਦਾਰੀ ਰਾਹ ਦੇ ਪੈਰੋਕਾਰ ਅਜੇ ਵੀ ਸਰਮਾਏਦਾਰੀ ਰਾਹ 'ਤੇ ਚੱਲ ਰਹੇ ਹਨ"*। ਇਹ ਅਤੇ ਹੋਰ ਬਿਆਨ ਸੰਸਾਰ ਇਨਕਲਾਬ ਦੀ ਇਕ ਸਪਸ਼ਟ ਤੇ ਦਰੁਸਤ ਸੇਧ ਮੁਹੱਈਆ ਕਰਦੇ ਹਨ।[7]

ਗ਼ਦਰ ਪਾਰਟੀ 1947 'ਚ ਭੰਗ ਕਰ ਦਿੱਤੀ ਗਈ ਸੀ ਪਰ ਇਸਦਾ ਅਸਰ ਆਜ਼ਾਦੀ ਤੋਂ ਬਾਅਦ ਵੀ ਗੂੰਜ ਰਿਹਾ ਸੀ। ਗ਼ਦਰ ਲਹਿਰ, 1921 ਦੀ ਬੱਬਰ ਲਹਿਰ ਅਤੇ ਹੋਰ ਲਹਿਰਾਂ ਦੇ ਖਾੜਕੂ ਸੰਗਰਾਮੀਏ ਸੀ.ਪੀ.ਆਈ.(ਐੱਮ.ਐੱਲ.) ਦੇ ਝੰਡੇ ਹੇਠ ਇਕਮੁੱਠ ਹੋ ਕੇ ਸੰਗਰਾਮ

ਜਾਰੀ ਰੱਖਣ ਲਈ ਵਚਨਬੱਧ ਸਨ। ਇਹ ਇਤਿਹਾਸਕ ਤੱਥ ਹੈ ਕਿ ਉਸ ਵਕਤ ਵੀ ਜਿਊਂਦੇ ਬਜ਼ੁਰਗ ਗ਼ਦਰੀਆਂ ਨੇ ਚਾਰੂ ਮਜ਼ੂਮਦਾਰ ਅਤੇ ਨਕਸਲਬਾੜੀ ਲਹਿਰ ਦੇ ਸਿਰ 'ਤੇ ਹੱਥ ਰੱਖਿਆ। ਬਾਬਾ ਬੂਝਾ ਸਿੰਘ, ਜੋ ਅਰਜਨਟਾਈਨਾ ਤੋਂ ਵਾਪਸ ਆਏ ਗ਼ਦਰੀ ਸਨ, ਸੀ.ਪੀ.ਆਈ.(ਐੱਮ.ਐੱਲ.) ਦੀ ਪੰਜਾਬ ਇਕਾਈ ਦੇ ਪਹਿਲੇ ਚੁਣੇ ਹੋਏ ਆਗੂ ਸਨ।[8]

ਐਡਹਾਕ ਕਮੇਟੀ ਦਾ ਬਣਨਾ

ਕੈਨੇਡਾ ਵਿਚ ਇਕ ਐਸੀ ਜਥੇਬੰਦੀ ਬਣਾਉਣ ਦੀ ਲੋੜ ਮਹਿਸੂਸ ਕੀਤੀ ਗਈ ਜੋ ਗ਼ਦਰ ਪਾਰਟੀ ਦੇ ਵਿਰਸੇ ਅਤੇ ਰਵਾਇਤਾਂ ਨੂੰ ਅੱਗੇ ਤੋਰੇ। ਐਸੀ ਜਥੇਬੰਦੀ ਜੋ ਹਿੰਦੁਸਤਾਨ ਵਿਚ ਨਵ-ਜਮਹੂਰੀ ਇਨਕਲਾਬ ਲਈ ਸੰਘਰਸ਼ ਦੀ ਹਮਾਇਤ ਕਰੇ ਅਤੇ ਕੈਨੇਡਾ ਵਿਚ ਆਵਾਸੀਆਂ ਦੇ ਹੱਕਾਂ ਦੀ ਰਾਖੀ ਕਰੇ। ਇਨ੍ਹਾਂ ਨਿਸ਼ਾਨਿਆਂ ਦੀ ਪੂਰਤੀ ਲਈ ਇਕ ਨਵੀਂ ਪਾਰਟੀ ਹੋਂਦ 'ਚ ਆਈ ਜਿਸ ਦੀ ਐਡਹਾਕ ਕਮੇਟੀ ਦਸੰਬਰ 1968 'ਚ ਬਣਾਈ ਗਈ। ਇਸ ਕਮੇਟੀ ਦਾ ਮੁੱਖ ਨਿਸ਼ਾਨਾ ਹਿੰਦੁਸਤਾਨੀ ਵਿਦਿਆਰਥੀਆਂ, ਬੁੱਧੀਜੀਵੀਆਂ, ਕਿਰਤੀਆਂ ਅਤੇ ਛੋਟੇ ਕਾਰੋਬਾਰੀਆਂ ਨੂੰ ਇਨਕਲਾਬੀ ਪਾਰਟੀ ਵਿਚ ਇਕਜੁੱਟ ਕਰਨਾ ਸੀ। ਇਸ ਪਾਰਟੀ ਦੇ ਮੁੱਖ ਨਿਸ਼ਾਨੇ ਸਨ:

1. ਨਸਲੀ ਹਮਲਿਆਂ ਅਤੇ ਨਸਲਵਾਦ ਨਾਲ ਟੱਕਰ ਲੈਣ ਲਈ ਲੋਕਾਂ ਨੂੰ ਲਾਮਬੰਦ ਕਰਨਾ।
2. ਕੈਨੇਡਾ ਦੀ ਮਜ਼ਦੂਰ ਜਮਾਤ ਨੂੰ ਸਾਡੇ ਹੱਕਾਂ ਲਈ ਸੰਘਰਸ਼ ਨਾਲ ਇਕਜੁੱਟ ਕਰਨ ਦੇ ਮਨੋਰਥ ਨਾਲ ਲਾਮਬੰਦ ਕਰਕੇ ਮਾਰਕਸਵਾਦ-ਲੈਨਿਨਵਾਦ ਤੇ ਮਾਓ ਜ਼ੇ-ਤੁੰਗ ਦੀ ਵਿਚਾਰਧਾਰਾ ਦੇ ਨਿੱਗਰ ਅਧਾਰ 'ਤੇ ਇਕ ਨਵੀਂ ਜਥੇਬੰਦੀ ਉਸਾਰਨਾ।
3. ਪੁਰਾਣੀ ਗ਼ਦਰ ਪਾਰਟੀ ਦੇ ਅਧੂਰੇ ਸੁਪਨਿਆਂ ਤੇ ਨਿਸ਼ਾਨਿਆਂ ਨੂੰ ਪੂਰੇ ਕਰਨ ਅਤੇ ਹਿੰਦੁਸਤਾਨ ਅੰਦਰ ਚਾਰੂ ਮਜ਼ੂਮਦਾਰ ਦੀ ਅਗਵਾਈ ਹੇਠ ਚੱਲ ਰਹੀ ਜੱਦੋਜਹਿਦ ਦੀ ਹਮਾਇਤ ਕਰਨ ਲਈ ਮਾਰਕਸਵਾਦੀ-ਲੈਨਿਨਵਾਦੀ ਰਾਹ ਅਖ਼ਤਿਆਰ ਕਰਨਾ।

ਕੈਨੇਡਾ ਦੇ ਵੱਖੋ-ਵੱਖਰੇ ਸ਼ਹਿਰਾਂ ਜਿਵੇਂ ਮੌਂਟਰੀਅਲ, ਟੋਰਾਂਟੋ, ਹੈਲੀਫਾਕਸ, ਵਿਨੀਪੈੱਗ, ਵੈਨਕੂਵਰ ਅਤੇ ਵਿਕਟੋਰੀਆ ਵਿਚ ਇਸ ਦੀਆਂ ਬਰਾਂਚਾਂ ਕਾਇਮ ਕਰਨ ਲਈ ਦੋ ਸਾਲ ਦੇ ਕਰੀਬ ਸਖ਼ਤ ਘਾਲਣਾ ਘਾਲੀ ਗਈ। ਇੰਵ ਸਮਾਂ ਪਾ ਕੇ ਐਡਹਾਕ ਕਮੇਟੀ ਦੀ ਪਛਾਣ ਤੇ ਹਰਮਨਪਿਆਰਤਾ ਹੋਰ ਮਜ਼ਬੂਤ ਹੋ ਗਈ।

ਅਕਤੂਬਰ 1968 'ਚ, ਕਮੇਟੀ ਨੇ ਇਕ ਅਖ਼ਬਾਰ ਕੱਢਣ ਦੀ ਜ਼ਰੂਰਤ ਮਹਿਸੂਸ ਕੀਤੀ ਜੋ ਇਸਦਾ ਪ੍ਰਮੁੱਖ ਤਰਜ਼ਮਾਨ ਹੋਵੇ। ਇਸ ਵਿੱਚੋਂ ਅੰਗਰੇਜ਼ੀ ਖ਼ਬਰਨਾਮੇ *'ਚਿੰਗਾੜੀ'* ਦਾ ਜਨਮ ਹੋਇਆ। ਐਡਹਾਕ ਕਮੇਟੀ ਦੀ ਇਹ ਇਨਕਲਾਬੀ ਆਵਾਜ਼ ਹਰ ਮਹੀਨੇ ਦੀ 15 ਤਾਰੀਕ ਨੂੰ ਛਪਦਾ ਸੀ। ਇਸਦੀ ਛਪਣ ਗਿਣਤੀ 5000 ਸੀ ਅਤੇ ਇਹ ਕੈਨੇਡਾ ਦੇ ਮੁੱਖ ਸ਼ਹਿਰਾਂ ਦੇ ਨਾਲ-ਨਾਲ ਅਮਰੀਕਾ, ਇੰਗਲੈਂਡ ਅਤੇ ਹਿੰਦੁਸਤਾਨ ਵਿਚ ਵੀ ਵੰਡਿਆ ਜਾਂਦਾ ਸੀ। ਇਹ ਬਦੇਸ਼ਾਂ ਵਿਚ ਰਹਿ ਰਹੇ ਦੇਸ਼ਭਗਤ ਹਿੰਦੁਸਤਾਨੀ ਨਾਗਰਿਕਾਂ ਦੀ ਨੁਮਾਇੰਦਗੀ

ਕਰਦਾ ਸੀ। ਇਹ ਇਕ ਨਵ-ਜਮਹੂਰੀ ਗਣਰਾਜ ਦੀ ਸਥਾਪਨਾ ਕੀਤੇ ਜਾਣ ਦਾ ਤਰਜ਼ਮਾਨ ਬਣਿਆ ਜੋ ਮਜ਼ਦੂਰਾਂ ਤੇ ਛੋਟੇ ਕਾਰੋਬਾਰੀਆਂ ਦੇ ਹਿੱਤਾਂ ਲਈ ਜੱਦੋਜਹਿਦ ਕਰੇਗਾ ਅਤੇ ਅਗਾਂਹਵਧੂ ਲੋਕਾਂ ਦੀ ਆਵਾਜ਼ ਬਣਕੇ ਕੰਮ ਕਰੇਗਾ। ਇਹ ਅਮਰੀਕੀ ਸਾਮਰਾਜਵਾਦ ਅਤੇ ਸੋਵੀਅਤ ਸਮਾਜਿਕ ਸਾਮਰਾਜਵਾਦ ਨੂੰ ਹਰਾਉਣ ਦੀ ਜ਼ਰੂਰਤ ਦਾ ਧੜੱਲੇਦਾਰ ਪ੍ਰਚਾਰ ਵੀ ਕਰੇਗਾ। ਇਹ ਨਾ ਸਿਰਫ਼ ਕੈਨੇਡਾ ਵਿਚ ਵਸਦੇ ਹਿੰਦੁਸਤਾਨੀਆਂ ਉਪਰ ਨਸਲਵਾਦੀ ਹਮਲਿਆਂ ਤੇ ਨਸਲਵਾਦ ਦੇ ਖ਼ਿਲਾਫ਼ ਟਾਕਰੇ ਦੀ ਆਵਾਜ਼ ਬਣਿਆ ਸਗੋਂ ਉਨ੍ਹਾਂ ਦੇ ਹੱਕਾਂ ਲਈ ਜੂਝਣ ਦਾ ਜੁਝਾਰੂ ਹੋਕਾ ਬਣਕੇ ਵੀ ਉੱਭਰਿਆ।

ਹਿੰਦੁਸਤਾਨ ਵਿਚ ਵੀ ਇਹ ਦੌਰ ਸਰਗਰਮ ਅਤੇ ਇਨਕਲਾਬੀ ਸਿਆਸਤ ਦਾ ਦੌਰ ਸੀ। ਉਨ੍ਹਾਂ ਦਿਨਾਂ ਵਿਚ ਅਕਤੂਬਰ 1969 'ਚ ਇਕ ਸਿਰਕੱਢ ਗ਼ਦਰੀ ਬਾਬਾ ਗੁਰਮੁੱਖ ਸਿੰਘ ਦੀ ਅਗਵਾਈ ਹੇਠ ਪੰਜਾਬ ਵਿਚ ਵੀ *"ਪੀਪਲਜ਼ ਪਾਥ"* ਨਾਂ ਦਾ ਦੇਸ਼ਭਗਤ ਮਾਸਿਕ ਰਸਾਲਾ ਕੱਢਿਆ ਗਿਆ ਸੀ। ਇਸ ਰਸਾਲੇ ਜ਼ਰੀਏ ਬਾਬਾ ਗੁਰਮੁੱਖ ਸਿੰਘ ਨੇ ਕੈਨੇਡਾ ਵਿਚ ਉੱਭਰੀ ਇਸ ਨਵੀਂ ਲਹਿਰ ਨੂੰ ਜੀ ਆਇਆਂ ਨੂੰ ਕਿਹਾ। ਉਨ੍ਹਾਂ ਨੇ ਸੱਦਾ ਵੀ ਦਿੱਤਾ ਅਤੇ ਇਹ ਚੁਣੌਤੀ ਵੀ ਦਿੱਤੀ ਕਿ ਜੇ ਤੁਸੀਂ ਕੈਨੇਡਾ/ਅਮਰੀਕਾ ਵਿਚ "ਚਿੰਗਾੜੀ" ਸ਼ੁਰੂ ਕਰ ਹੀ ਲਈ ਹੈ ਤਾਂ ਇਸ ਨੂੰ ਇਕ ਪੂਰੇ ਭਾਂਬੜ ਵਿਚ ਬਦਲਣ ਲਈ ਤੁਹਾਨੂੰ ਹਿੰਦੁਸਤਾਨ ਵਾਪਸ ਆਉਣਾ ਹੋਵੇਗਾ ਅਤੇ ਸੰਘਰਸ਼ ਵਿਚ ਹਿੱਸਾ ਲੈਣਾ ਹੋਵੇਗਾ ਜਿਵੇਂ ਗ਼ਦਰ ਪਾਰਟੀ ਦੇ ਯੋਧਿਆਂ ਨੇ ਕੀਤਾ ਸੀ।[9]

ਬਾਬਾ ਗੁਰਮੁੱਖ ਸਿੰਘ ਦਾ ਇਹ ਪੈਗ਼ਾਮ ਬਹੁਤ ਸਹੀ ਤੇ ਸੂਝ ਵਾਲਾ ਸੀ। ਇਹ ਐਨ ਸਹੀ ਵਕਤ 'ਤੇ ਆਇਆ ਸੀ ਅਤੇ ਇਸ ਨੂੰ ਸਾਡੀ ਲਹਿਰ ਵਲੋਂ ਕਦੇ ਵੀ ਨਜ਼ਰਅੰਦਾਜ਼ ਨਹੀਂ ਕੀਤਾ ਗਿਆ। ਇਹ ਚੇਤੇ ਰੱਖਣਾ ਹੋਵੇਗਾ ਕਿ ਬਾਬਾ ਗੁਰਮੁੱਖ ਸਿੰਘ ਨੂੰ ਦੋ ਵਾਰ ਅੰਡੇਮਾਨ-ਨਿਕੋਬਾਰ ਟਾਪੂਆਂ ਦੀ ਜੇਲ੍ਹ ਦੀਆਂ ਕਾਲ-ਕੋਠੜੀਆਂ ਵਿਚ ਸੜਨ ਲਈ ਡੱਕਿਆ ਗਿਆ ਸੀ ਅਤੇ ਇਹ ਉਹੀ ਬਾਬਾ ਸੀ ਜੋ ਜ਼ੰਜੀਰਾਂ ਵਿਚ ਜਕੜਿਆ ਹੋਇਆ ਵੀ ਚਲਦੀ ਰੇਲ ਗੱਡੀ ਵਿੱਚੋਂ ਛਾਲ ਮਾਰਕੇ ਫ਼ਰਾਰ ਹੋ ਗਿਆ ਸੀ। ਬਾਬਾ ਗੁਰਮੁੱਖ ਸਿੰਘ ਦੀ ਸਮਝ ਹਿੰਦੁਸਤਾਨ ਵਿਚ ਹਥਿਆਰਬੰਦ ਸੰਘਰਸ਼ ਦੀ ਅਹਿਮੀਅਤ ਬਾਰੇ ਬਹੁਤ ਸਪਸ਼ਟ ਸੀ।

'ਚਿੰਗਾੜੀ' ਨੂੰ 'ਭਾਂਬੜ' ਵਿਚ ਬਦਲਣਾ

ਅਸੀਂ ਹੇਠਾਂ ਹਿੰਦੁਸਤਾਨੀ ਗ਼ਦਰ ਪਾਰਟੀ ਕੈਨੇਡਾ ਦੀ ਐਡਹਾਕ ਕਮੇਟੀ ਦੇ ਮਾਸਿਕ ਤਰਜ਼ਮਾਨ ਰਸਾਲੇ "ਚਿੰਗਾੜੀ" ਵਿੱਚ ਛਪੀ ਇਕ ਜਨਤਕ ਇਕੱਠ ਦੀ ਰਿਪੋਰਟ ਦੇ ਰਹੇ ਹਾਂ ਜੋ 24-25 ਨਵੰਬਰ 1969 ਨੂੰ ਇੰਡੀਅਨ ਪ੍ਰਾਗਰੈਸਿਵ ਸਟੱਡੀ ਗਰੁੱਪ ਵਲੋਂ ਘੋਰ ਪਿਛਾਖੜੀ ਗਾਂਧੀ ਦਾ ਪਰਦਾਫਾਸ਼ ਕਰਨ ਤੇ ਉਸ ਦੀ ਨਿਖੇਧੀ ਕਰਨ ਲਈ ਜਥੇਬੰਦ ਕੀਤਾ ਗਿਆ ਸੀ:

"ਅਸੀਂ ਇਸ ਇਕੱਠ ਵਿਚ ਪ੍ਰਗਟਾਏ ਖ਼ਿਆਲਾਂ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਅਤੇ ਉਨ੍ਹਾਂ ਦੀ ਤਈਦ ਕਰਦੇ ਹਾਂ। ਜਦਕਿ ਅਸੀਂ ਇਨ੍ਹਾਂ ਸਾਥੀਆਂ ਦੇ ਧਿਆਨ ਵਿਚ ਲਿਆਉਣਾ ਚਾਹੁੰਦੇ ਹਾਂ ਕਿ ਮਹਿਜ਼ ਮਤੇ ਪਾਸ ਕਰਨ ਜਾਂ ਜਨਤਕ ਇਕੱਠ ਕਰਨ ਨਾਲ ਕੁਝ ਨਹੀਂ ਬਣੇਗਾ।

ਜੇ ਉਹ ਸੱਚਮੁੱਚ ਹੀ ਹਿੰਦੁਸਤਾਨੀ ਅਵਾਮ ਦੀ ਸੇਵਾ ਕਰਨੀ ਚਾਹੁੰਦੇ ਹਨ ਅਤੇ ਉਨ੍ਹਾਂ ਦੀ ਮੁਕਤੀ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਗ਼ਦਰ ਪਾਰਟੀ ਦੇ ਮਿਸ਼ਨ 'ਤੇ ਚੱਲਣਾ ਹੋਵੇਗਾ। ਉਨ੍ਹਾਂ ਦੇ ਮਿਸ਼ਨ ਨੂੰ ਅਮਲੀ ਰੂਪ ਦੇਣ ਲਈ ਉਨ੍ਹਾਂ ਨੂੰ ਹਿੰਦੁਸਤਾਨ ਵਾਪਸ ਜਾਣਾ ਚਾਹੀਦਾ ਹੈ ਤੇ ਇਨਕਲਾਬੀ ਸੰਘਰਸ਼ ਜਥੇਬੰਦ ਕਰਨੇ ਚਾਹੀਦੇ ਹਨ। ਜਦੋਂ ਗ਼ਦਰ ਪਾਰਟੀ ਮੈਦਾਨ ਵਿਚ ਨਿੱਤਰੀ ਉਨ੍ਹਾਂ ਦਿਨਾਂ ਦੇ ਮੁਕਾਬਲੇ ਮੁਲਕ ਦੇ ਹਾਲਾਤ ਹੁਣ ਸਾਜ਼ਗਰ ਹਨ। ਸੱਤਾਧਾਰੀ ਪਾਰਟੀ ਕੇਂਦਰ ਅਤੇ ਸੂਬਿਆਂ ਵਿਚ ਵੰਡੀ ਹੋਈ ਹੈ, ਲੋਕ ਭੈੜੇ ਹਾਲਾਤ ਤੋਂ ਤੰਗ ਆ ਚੁੱਕੇ ਹਨ। ਪਰ ਉਨ੍ਹਾਂ ਨੂੰ ਅਗਵਾਈ ਦੇਣ ਲਈ ਕੋਈ ਇਨਕਲਾਬੀ ਪਾਰਟੀ ਨਹੀਂ ਹੈ। ਨੌਜਵਾਨਾਂ ਤੇ ਵਿਦਿਆਰਥੀਆਂ ਦੀ ਤਾਕਤ ਨੂੰ ਵੀ ਦਿਸ਼ਾ ਦੇਣ ਦੀ ਲੋੜ ਹੈ। ਜੇ ਸਾਡੇ ਕੈਨੇਡਾ ਵਾਲੇ ਸਾਥੀ ਕੁਝ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਮਜ਼ਦੂਰ ਜਮਾਤ ਦੇ ਇਨਕਲਾਬ ਲਈ ਪੱਕ ਚੁੱਕੀ ਇਸ ਹਾਲਤ ਦਾ ਫ਼ਾਇਦਾ ਉਠਾਉਣਾ ਚਾਹੀਦਾ ਹੈ।

ਉਨ੍ਹਾਂ ਨੂੰ ਕੈਨੇਡਾ ਛੱਡ ਦੇਣਾ ਚਾਹੀਦਾ ਹੈ ਅਤੇ ਚਿੰਗਾੜੀ ਨੂੰ ਭਾਂਬੜ ਬਣਾਉਣ ਲਈ ਹਿੰਦੁਸਤਾਨ ਵਾਪਸ ਚਲੇ ਜਾਣਾ ਚਾਹੀਦਾ ਹੈ, ਕਿਤੇ ਇਹ ਨਾ ਹੋਵੇ ਕਿ ਚਿੰਗਾੜੀ ਨਿੱਕੇ ਜਹੇ ਝੱਖੜ ਨਾਲ ਹੀ ਬੁਝ ਜਾਵੇ।"[10]

ਇਥੇ ਸਾਡੀ ਮਨਸ਼ਾ ਗ਼ਦਰ ਪਾਰਟੀ ਦੇ ਤਰਜ਼ਮਾਨ, *ਗ਼ਦਰ*, ਦੀ ਇਤਿਹਾਸਕ ਅਹਿਮੀਅਤ ਨੂੰ ਛੁਟਿਆਉਣ ਦੀ ਨਹੀਂ; ਪਰ *ਚਿੰਗਾੜੀ* 12 ਅਕਤੂਬਰ 1968 ਨੂੰ ਗ਼ਦਰ ਪਾਰਟੀ ਦੇ ਵਿਰਸੇ ਅਤੇ ਰਵਾਇਤਾਂ ਨੂੰ ਅੱਗੇ ਵਧਾਉਣ ਦੇ ਨਿਸ਼ਾਨੇ ਨਾਲ ਸ਼ੁਰੂ ਕੀਤੀ ਗਈ ਸੀ। ਬਾਅਦ ਵਿਚ ਨੇੜ ਭਵਿੱਖ ਵਿਚ ਪੰਜਾਬੀ ਐਡੀਸ਼ਨ ਵੀ ਛਾਪਣਾ ਸ਼ੁਰੂ ਕਰ ਦਿੱਤਾ ਗਿਆ। *'ਚਿੰਗਾੜੀ'* ਤੋਂ ਇਲਾਵਾ, ਕਈ ਹੋਰ ਪ੍ਰਕਾਸ਼ਨਾਵਾਂ ਵੀ ਕੀਤੀਆਂ ਗਈਆਂ। *ਹਿੰਦ ਮਜ਼ਦੂਰ* ਪੰਜਾਬੀ ਵਿਚ, *ਜਨ ਦਿਸ਼ਾ* ਪੰਜਾਬੀ ਵਿਚ, *ਲੋਕ ਆਵਾਜ਼* ਅੰਗਰੇਜ਼ੀ-ਹਿੰਦੀ ਅਤੇ ਪੰਜਾਬੀ ਵਿਚ; *ਨਵੀਂ ਦੁਨੀਆ* ਇਕ ਹੋਰ ਰਸਾਲਾ ਸੀ ਜੋ ਨਵੇਂ ਯੁਗ ਵਿਚ ਆਜ਼ਾਦੀ ਤੇ ਤਰੱਕੀ ਦਾ ਤਰਜ਼ਮਾਨ ਸੀ। ਇਹ ਹਫ਼ਤਾਵਾਰ ਰਸਾਲੇ ਵਜੋਂ ਤੇਰਾਂ ਮਹੀਨੇ ਛਪਦਾ ਰਿਹਾ। 1997 'ਚ *'ਦੇਸ਼ ਭਗਤ'* ਰਸਾਲਾ ਛਾਪਣਾ ਸ਼ੁਰੂ ਕੀਤਾ ਗਿਆ। ਇਹ ਸਾਡੇ ਭਾਈਚਾਰੇ ਦਾ ਤਰਜ਼ਮਾਨ ਅਤੇ ਸਮੁੱਚੀ ਮਨੁੱਖਤਾ ਦੀ ਬਿਹਤਰੀ, ਖੁਸ਼ਹਾਲੀ ਅਤੇ ਤਰੱਕੀ ਦਾ ਚਿੰਨ੍ਹ ਸੀ। ਇਹ ਦਸ ਵਰ੍ਹੇ ਛਪਦਾ ਰਿਹਾ।

ਓਦੋਂ ਲੋਕਾਂ ਵਿਚ ਅਗਾਂਹਵਧੂ ਅਤੇ ਇਨਕਲਾਬੀ ਸਾਹਿਤ ਲਿਜਾਣਾ ਐਨਾ ਸੌਖਾ ਨਹੀਂ ਸੀ। 1974 'ਚ, ਹਫ਼ਤਾਵਾਰ ਅਖ਼ਬਾਰ *ਲੋਕ ਆਵਾਜ਼* ਵਿਚ ਛਪੇ ਇਕ ਲੇਖ ਨੂੰ ਲੈ ਕੇ ਇਸ ਦੇ ਖ਼ਿਲਾਫ਼ ਮਾਨਹਾਨੀ ਦਾ ਮੁਕੱਦਮਾ ਕਰ ਦਿੱਤਾ ਗਿਆ ਅਤੇ ਇਸ ਨੂੰ ਮਾਨਹਾਨੀ ਬਦਲੇ ਦਸ ਹਜ਼ਾਰ ਡਾਲਰ ਡੰਨ ਭਰਨਾ ਪਿਆ। ਅਜਿਹੀਆਂ ਕਾਰਵਾਈਆਂ ਦੀ ਮਨਸ਼ਾ ਜਥੇਬੰਦੀ ਦੀਆਂ ਸਰਗਰਮੀਆਂ ਦੇ ਵਧ ਰਹੇ ਰਸੂਖ਼ ਨੂੰ ਰੋਕਣਾ ਸੀ। ਸਾਰੀਆਂ ਸੰਸਥਾਵਾਂ ਵਿਚ ਹਿੰਦੁਸਤਾਨੀ ਹਕੂਮਤ ਦੇ ਦਲਾਲਾਂ ਦਾ ਬੋਲਬਾਲਾ ਸੀ ਅਤੇ ਉਹ ਅਗਾਂਹਵਧੂ ਸਿਆਸਤ ਦੇ ਸਖ਼ਤ ਖ਼ਿਲਾਫ਼ ਸਨ। ਉਹ ਦੇਸ਼ਭਗਤ ਨੌਜਵਾਨਾਂ ਦੇ ਰਾਹ ਵਿਚ ਅੜਿੱਕੇ ਖੜ੍ਹੇ ਕਰਨ ਲਈ ਹਰ ਤਰ੍ਹਾਂ ਦਾ

ਦਬਾਓ ਇਸਤੇਮਾਲ ਕਰਦੇ ਸਨ। ਪੁਲਿਸ ਅਤੇ ਨਿਆਂਪ੍ਰਣਾਲੀ ਉਨ੍ਹਾਂ ਦੇ ਨਾਲ ਸੀ। ਇਸ ਸੰਘਰਸ਼ ਦੌਰਾਨ ਦੋ ਇਨਕਲਾਬੀ, ਹਰਸ਼ ਚੱਢਾ ਅਤੇ ਸੁਬੀਰ ਰਾਏ ਕਈ ਮਹੀਨੇ ਜੇਲ੍ਹਾਂ ਵਿਚ ਰਹੇ ਅਤੇ ਉਨ੍ਹਾਂ ਨੂੰ ਵਾਪਸ ਭੇਜ ਦਿੱਤਾ ਗਿਆ। ਇਨ੍ਹਾਂ ਦੋ ਸਾਥੀਆਂ ਤੋਂ ਇਲਾਵਾ, ਕਈ ਹੋਰ ਸਾਥੀਆਂ ਨੂੰ ਵੀ ਫਰਜ਼ੀ ਮਾਮਲਿਆਂ ਵਿਚ ਫਸਾਇਆ ਗਿਆ ਅਤੇ ਸਾਥੀ ਫਾਸ਼ੀਵਾਦੀ ਹਮਲਿਆਂ ਵਿਚ ਫੱਟੜ ਹੁੰਦੇ ਰਹੇ। ਤੇਰਾਂ ਸਾਥੀਆਂ ਨੂੰ ਵੱਖੋ-ਵੱਖਰੇ ਮੁਕੱਦਮਿਆਂ ਜ਼ਰੀਏ ਅਦਾਲਤਾਂ ਵਿਚ ਖੱਜਲ-ਖੁਆਰ ਕੀਤਾ ਗਿਆ।

ਮੁੱਢ ਤੋਂ ਹੀ, ਐਡਹਾਕ ਕਮੇਟੀ ਦੇ ਮੈਂਬਰਾਂ ਨੇ ਸੋਧਵਾਦ ਦੇ ਖ਼ਿਲਾਫ਼ ਡੱਟਵਾਂ ਸਟੈਂਡ ਲਿਆ ਅਤੇ ਪਿਛਾਖੜੀ ਤੇ ਫਿਰਕਾਪ੍ਰਸਤ ਖ਼ਿਆਲਾਂ ਦੇ ਖ਼ਿਲਾਫ਼ ਅਸੂਲੀ ਸਿਆਸੀ ਚੌਕਸੀ ਬਣਾਈ ਰੱਖੀ। ਮਾਰਕਸਵਾਦੀ ਮੱਤ, ਸਿਧਾਂਤ, ਜਾਂ ਅਮਲ ਤੋਂ ਕਿਸੇ ਵੀ ਥਿੜ੍ਹਕਣ, ਖ਼ਾਸ ਕਰਕੇ ਇਨਕਲਾਬੀ ਬਦਲਾਓ ਨਾਲੋਂ ਸੁਧਾਰਾਂ ਨੂੰ ਅਹਿਮੀਅਤ ਦੇਣ ਦੀ ਕਿਸੇ ਵੀ ਰੁਚੀ ਨੂੰ ਸਵੀਕਾਰ ਨਹੀਂ ਕੀਤਾ ਗਿਆ। ਇਨ੍ਹਾਂ ਸਾਥੀਆਂ ਲਈ ਵਚਨਬੱਧਤਾ ਅਤੇ ਸਰਗਰਮੀਆਂ ਲਈ ਪ੍ਰੇਰਣਾ ਦਾ ਸੋਮਾ ਗ਼ਦਰ ਪਾਰਟੀ ਅਤੇ ਨਕਸਲਬਾੜੀ ਦੇ ਮਹਾਨ ਸ਼ਹੀਦ, ਭਾਈ ਮੇਵਾ ਸਿੰਘ, ਕਰਤਾਰ ਸਿੰਘ ਸਰਾਭਾ, ਬਾਬਾ ਬੂਝਾ ਸਿੰਘ, ਸਰੋਜ ਦੱਤ, ਬਾਬੂ ਲਾਲ, ਕ੍ਰਿਸ਼ਨਾ ਮੂਰਤੀ, ਨਿਰਮਲਾ ਮੂਰਤੀ ਅਤੇ ਦਇਆ ਸਿੰਘ ਵਰਗੇ ਸੰਗਰਾਮੀਏ ਸਨ।

ਇੰਡੀਅਨ ਪ੍ਰਾਗਰੈਸਿਵ ਸਟੱਡੀ ਗਰੁੱਪ

1968 ਦੀ ਬਸੰਤ 'ਚ, ਇੰਡੀਅਨ ਪ੍ਰਾਗਰੈਸਿਵ ਸਟੱਡੀ ਗਰੁੱਪ ਸ਼ੁਰੂ ਕੀਤਾ ਗਿਆ ਜਿਸ ਦਾ ਮਨੋਰਥ ਵਿਦਿਆਰਥੀਆਂ ਤੇ ਬੁੱਧੀਜੀਵੀਆਂ ਨੂੰ ਸੇਧ ਦੇਣਾ ਅਤੇ ਉਨ੍ਹਾਂ ਨੂੰ ਅਗਾਂਹਵਧੂ ਏਜੰਡੇ ਨਾਲ ਲੈਸ ਕਰਨਾ ਸੀ। ਅਗਲੇ ਕੁਝ ਸਾਲਾਂ ਵਿਚ, ਕੈਨੇਡਾ ਅਤੇ ਅਮਰੀਕਾ ਦੀਆਂ ਵੱਡੀਆਂ ਯੂਨੀਵਰਸਿਟੀਆਂ ਵਿਚ ਇਸ ਦੀਆਂ ਸ਼ਾਖਾਵਾਂ ਬਣਾ ਦਿੱਤੀਆਂ ਗਈਆਂ। 1968-78 ਦੇ ਦਹਾਕੇ ਵਿਚ, ਸੈਂਕੜੇ ਵਿਦਿਆਰਥੀਆਂ ਨੇ ਇਸ ਦਾ ਪ੍ਰਭਾਵ ਕਬੂਲਿਆ ਅਤੇ ਲਹਿਰ ਵਿਚ ਸ਼ਾਮਲ ਹੋਏ। ਇਸ ਅਰਸੇ ਵਿਚ, ਮੈਕਗਿਲ ਯੂਨੀਵਰਸਿਟੀ ਨੇ ਹਿੰਦੁਸਤਾਨੀ ਫ਼ੌਜ ਦੇ ਸਾਬਕਾ ਜਨਰਲ ਸ੍ਰੀ ਚੌਧਰੀ ਨੂੰ ਭਾਸ਼ਣ ਦੇਣ ਲਈ ਬੁਲਾਇਆ। ਉਸ ਜਨਰਲ ਨੇ ਪੜ੍ਹਾਈ-ਸਿਖਲਾਈ ਅੰਗਰੇਜ਼ਾਂ ਤੋਂ ਲਈ ਹੋਈ ਸੀ। ਸਟੱਡੀ ਗਰੁੱਪ ਨੇ ਉਸਦੇ ਖ਼ਿਲਾਫ਼ ਲਗਾਤਾਰ ਅੰਦੋਲਨ ਕੀਤਾ, ਜਿਸ ਨੇ ਇਹ ਸਾਬਤ ਕਰ ਦਿੱਤਾ ਕਿ ਹਿੰਦੁਸਤਾਨੀ ਸਰਕਾਰ ਦੇ ਅਧਿਕਾਰੀਆਂ, ਪੁਲਿਸ ਤੇ ਫ਼ੌਜੀ ਅਧਿਕਾਰੀਆਂ ਅਤੇ ਸਿਆਸਤਦਾਨਾਂ ਨੂੰ ਅਵਾਮ ਦੇ ਵਿਰੋਧ ਦਾ ਸਾਹਮਣਾ ਕਰਨਾ ਪਵੇਗਾ ਅਤੇ ਜਵਾਬਦੇਹ ਹੋਣਾ ਪਵੇਗਾ। ਲੋਕਾਂ ਦੇ ਸੰਘਰਸ਼ਾਂ ਉਪਰ ਕੀਤੇ ਜ਼ੁਲਮਾਂ ਦਾ ਹਮੇਸ਼ਾ ਡੱਟਕੇ ਵਿਰੋਧ ਕੀਤਾ ਜਾਵੇਗਾ। 1973 'ਚ ਜਦੋਂ ਹਿੰਦੁਸਤਾਨੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਕੈਨੇਡਾ ਦੌਰੇ 'ਤੇ ਆਈ ਤਾਂ ਹਰ ਸ਼ਹਿਰ ਵਿਚ ਉਸਦੇ ਖ਼ਿਲਾਫ਼ ਖਾੜਕੂ ਮੁਜ਼ਾਹਰੇ ਹੋਏ।

5-6 ਮਈ 1969 ਨੂੰ ਵੈਨਕੂਵਰ ਵਿਚ ਇਕ ਮੀਟਿੰਗ ਕੀਤੀ ਗਈ ਜਿਸ ਵਿਚ ਪੰਦਰਾਂ ਜਣੇ ਸ਼ਾਮਲ ਹੋਏ ਸਨ। ਮੀਟਿੰਗ ਨੂੰ ਹਰਦਿਆਲ ਬੈਂਸ ਨੇ ਸੰਬੋਧਨ ਕੀਤਾ ਸੀ ਜਿਸ ਵਿਚ

ਹਿੰਦੁਸਤਾਨ ਵਿਚ ਕਿਸਾਨਾਂ ਵਲੋਂ ਚਲਾਏ ਜਾ ਰਹੇ ਹਥਿਆਰਬੰਦ ਸੰਘਰਸ਼ ਦੀ ਅਹਿਮੀਅਤ ਦੀ ਜੈ-ਜੈਕਾਰ ਕੀਤੀ ਗਈ। ਇਸ ਦੇ ਨਾਲ ਹੀ ਸਪਸ਼ਟ ਕਿਹਾ ਗਿਆ ਕਿ ਸੀ.ਪੀ.ਆਈ. ਅਤੇ ਸੀ.ਪੀ.ਐੱਮ. ਦੀਆਂ ਪਾਰਲੀਮੈਂਟਰੀ ਰਸਤੇ ਜ਼ਰੀਏ ਲੋਕਾਂ ਦੇ ਕਲਿਆਣ ਲਈ ਕੰਮ ਕਰਨ ਦੀਆਂ ਦੀਵਾਲੀਆ ਨੀਤੀਆਂ ਇਕ ਧੋਖਾ ਹਨ ਅਤੇ ਇਹ ਹਿੰਦੁਸਤਾਨ ਅੰਦਰ ਇਨਕਲਾਬ ਦੇ ਰਾਹ ਵਿਚ ਵੱਡੀ ਰੁਕਾਵਟ ਹਨ। ਮੀਟਿੰਗ ਤੋਂ ਬਾਅਦ, ਐਡਹਾਕ ਕਮੇਟੀ ਦੀ ਮੈਂਬਰਸ਼ਿਪ ਲਈ ਫਾਰਮ ਭਰੇ ਗਏ ਅਤੇ ਵੈਨਕੂਵਰ ਵਿਚ ਇਸ ਦੀ ਸ਼ਾਖਾ ਬਣਾ ਦਿੱਤੀ ਗਈ।

ਉਤਰੀ ਅਮਰੀਕਾ ਦੇ ਹਿੰਦੁਸਤਾਨੀ ਹਮ-ਵਤਨੀਆਂ ਦੀ ਕਾਨਫਰੰਸ

ਐਡਹਾਕ ਕਮੇਟੀ ਅਤੇ ਇੰਡੀਅਨ ਪ੍ਰਾਗਰੈਸਿਵ ਸਟੱਡੀ ਗਰੁੱਪ ਵਲੋਂ ਜ਼ਬਰਦਸਤ ਪ੍ਰਚਾਰ ਅਤੇ ਕੈਨੇਡਾ ਤੇ ਅਮਰੀਕਾ ਦੇ ਵੱਖੋ-ਵੱਖਰੇ ਸ਼ਹਿਰਾਂ ਅਤੇ ਯੂਨੀਵਰਸਿਟੀਆਂ ਅੰਦਰ ਇਕਾਈਆਂ ਬਣਾਉਣ ਤੋਂ ਬਾਅਦ ਉਨ੍ਹਾਂ ਨੇ ਉਤਰੀ ਅਮਰੀਕਾ ਵਿਚ ਰਹਿ ਰਹੇ ਕੁਲ ਹਿੰਦੁਸਤਾਨੀ ਹਮ-ਵਤਨੀਆਂ ਦੀ ਕਾਨਫਰੰਸ ਸੱਦਣ ਦੀ ਲੋੜ ਮਹਿਸੂਸ ਕੀਤੀ। 1947 ਵਿਚ ਅਖਾਉਤੀ ਆਜ਼ਾਦੀ ਹਾਸਲ ਹੋ ਜਾਣ ਨਾਲ ਕਈ ਤਰ੍ਹਾਂ ਦੇ ਭਰਮ-ਭੁਲੇਖੇ ਪੈਦਾ ਹੋ ਗਏ ਸਨ। ਉਧਰ ਜਵਾਹਰ ਲਾਲ ਨਹਿਰੂ ਵਲੋਂ ਪ੍ਰਚਾਰੇ ਜਾਂਦੇ "ਸਮਾਜਵਾਦ" ਦਾ ਹੀਜ-ਪਿਆਜ ਨੰਗਾ ਹੋ ਰਿਹਾ ਸੀ। ਸੋਧਵਾਦੀ ਅਤੇ ਪਾਰਲੀਮੈਂਟਰੀ ਰਾਹ ਅਖ਼ਤਿਆਰ ਕਰਨ ਦੇ ਬਾਰੇ ਜੋ ਭਰਮ-ਭੁਲੇਖੇ ਸਨ ਉਹ ਵੀ ਚਕਨਾਚੂਰ ਹੋ ਰਹੇ ਸਨ। 1967 'ਚ, ਨਕਸਲਬਾੜੀ ਤੋਂ ਬਾਅਦ ਇਹ ਸਾਫ਼ ਹੋ ਗਿਆ ਕਿ ਹਿੰਦੁਸਤਾਨ ਵਿਚ ਇਨਕਲਾਬ ਹਥਿਆਰਬੰਦ ਸੰਘਰਸ਼ ਤੋਂ ਬਗ਼ੈਰ ਅੱਗੇ ਨਹੀਂ ਵਧ ਸਕਦਾ। ਲਿਹਾਜ਼ਾ ਗ਼ਦਰ ਪਾਰਟੀ ਦੇ ਮੈਂਬਰਾਂ ਵਲੋਂ ਪਾਈਆਂ ਪਿਰਤਾਂ ਨੂੰ ਅੱਗੇ ਵਧਾਉਣਾ ਜ਼ਰੂਰੀ ਸੀ। ਇਹ ਨਿਸ਼ਾਨਾ ਪੂਰਾ ਕਰਨ ਲਈ ਸੀ.ਪੀ.ਆਈ.(ਐੱਮ.ਐੱਲ.) ਨੂੰ ਹਮਾਇਤ ਦੇਣਾ ਲਾਜ਼ਮੀ ਸ਼ਰਤ ਸੀ। ਇਹੀ ਇੱਕੋਇਕ ਪਾਰਟੀ ਸੀ ਜੋ ਹਿੰਦੁਸਤਾਨ ਵਿਚ ਹਥਿਆਰਬੰਦ ਜ਼ਰੱਈ ਸੰਘਰਸ਼ ਦੀ ਅਗਵਾਈ ਕਰ ਰਹੀ ਸੀ ਅਤੇ ਮੁਲਕ ਦੇ ਠੋਸ ਹਾਲਾਤ ਵਿਚ ਮਾਰਕਸਵਾਦ-ਲੈਨਿਨਵਾਦ-ਮਾਓ ਜ਼ੇ-ਤੁੰਗ ਵਿਚਾਰਧਾਰਾ ਨੂੰ ਲਾਗੂ ਕਰ ਰਹੀ ਸੀ।

1947 ਤੋਂ ਬਾਅਦ, ਕੈਨੇਡਾ ਵਿਚ ਐਸੀ ਕੋਈ ਜਥੇਬੰਦੀ ਨਹੀਂ ਸੀ ਜੋ ਗ਼ਦਰ ਪਾਰਟੀ ਦੀਆਂ ਇਨਕਲਾਬੀ ਰਵਾਇਤਾਂ ਦੀ ਨੁਮਾਇੰਦਗੀ ਕਰਦੀ ਹੋਵੇ। ਕੈਨੇਡਾ ਵਿਚ 1947 ਤੋਂ 1968 ਦਾ ਅਰਸਾ ਸਾਡੇ ਭਾਈਚਾਰੇ ਲਈ ਗਿਰਾਵਟ ਤੇ ਨਿਰਾਸ਼ਾਵਾਦ ਦਾ ਵਕਤੀ ਪੜਾਅ ਸੀ। ਉਸ ਵਕਤ ਕੋਈ ਜਥੇਬੰਦੀ, ਅਖ਼ਬਾਰ ਜਾਂ ਆਗੂ ਭਾਈਚਾਰੇ ਨੂੰ ਅਗਵਾਈ ਦੇਣ ਲਈ ਅੱਗੇ ਨਹੀਂ ਆਏ ਕਿਉਂਕਿ ਕੈਨੇਡਾ ਤੇ ਅਮਰੀਕਾ ਦੇ ਸੋਧਵਾਦੀਆਂ ਦੀਆਂ ਨਜ਼ਰਾਂ ਵੀ "ਆਜ਼ਾਦੀ" ਦੇ ਹਾਸਲ ਨੇ ਚੁੰਧਿਆ ਦਿੱਤੀਆਂ ਸਨ।

27 ਦਸੰਬਰ 1969 ਨੂੰ, ਉਤਰੀ ਅਮਰੀਕਾ ਦੇ ਹਿੰਦੁਸਤਾਨੀ ਹਮ-ਵਤਨੀਆਂ ਦੀ ਕਾਨਫਰੰਸ ਵੈਨਕੂਵਰ ਵਿਚ ਜਥੇਬੰਦ ਕੀਤੀ ਗਈ। ਇਸ ਕਾਨਫਰੰਸ ਵਿਚ, ਹਿੰਦੁਸਤਾਨੀ ਨਾਗਰਿਕਾਂ ਦੇ ਇਨਕਲਾਬੀ ਸੰਘਰਸ਼ ਦੇ ਇਤਿਹਾਸ, ਕਿਸਾਨਾਂ ਦੇ ਹਥਿਆਰਬੰਦ ਸੰਘਰਸ਼ ਦੇ

ਇਤਿਹਾਸਕ ਅਧਾਰ ਅਤੇ ਇਸ ਦੀ ਕੌਮਾਂਤਰੀ ਅਹਿਮੀਅਤ, ਹਿੰਦ-ਚੀਨੀ ਟਕਰਾਓ ਦੇ ਸਵਾਲਾਂ ਬਾਰੇ ਚਰਚਾ ਕੀਤੀ ਗਈ। ਇਹ ਤੈਅ ਕੀਤਾ ਗਿਆ ਕਿ ਨਕਸਲਬਾੜੀ ਸੰਘਰਸ਼ ਹਿੰਦੁਸਤਾਨੀ ਲੋਕਾਂ ਦੇ ਇਤਿਹਾਸ ਵਿਚ ਸੰਘਰਸ਼ ਦਾ ਸਰਵਉੱਚ ਪੜਾਅ ਹੈ। ਉਸ ਵਕਤ ਹਿੰਦੁਸਤਾਨੀ ਇਨਕਲਾਬ ਦੀ ਬਹੁਤ ਅਹਿਮੀਅਤ ਸੀ ਕਿਉਂਕਿ ਅਮਰੀਕਨ ਸਾਮਰਾਜਵਾਦ ਨਿਘਾਰ ਦੀ ਹਾਲਤ 'ਚ ਸੀ ਜਦਕਿ ਦੁਨੀਆ ਭਰ ਵਿਚ ਮਜ਼ਦੂਰ ਲਹਿਰਾਂ ਛੜੱਪੇ ਮਾਰਕੇ ਅੱਗੇ ਵਧ ਰਹੀਆਂ ਸਨ। ਇਹ ਉਹ ਵਕਤ ਸੀ ਜਦੋਂ ਸੋਵੀਅਤ ਸਮਾਜਿਕ ਸਾਮਰਾਜਵਾਦ ਅਤੇ ਹਿੰਦੁਸਤਾਨ ਵਿਚਲੇ ਇਸ ਦੇ ਹਮਾਇਤੀਆਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਰਹੀ ਸੀ। ਇਨ੍ਹਾਂ ਹਾਲਾਤ ਵਿਚ ਇਕ ਆਜ਼ਾਦ ਤੇ ਮੁਕਤ ਹਿੰਦੁਸਤਾਨ ਇਨ੍ਹਾਂ ਸਾਮਰਾਜਵਾਦੀ ਤਾਕਤਾਂ ਦੇ ਪਤਨ ਦੀ ਜ਼ਾਮਨੀ ਹੋਵੇਗਾ।

19 ਸਤੰਬਰ 1970 ਨੂੰ ਐਡਹਾਕ ਕਮੇਟੀ ਦੀ ਇਕ ਅਹਿਮ ਮੀਟਿੰਗ ਹੋਈ ਅਤੇ ਪਿਛਲੇ ਦੋ ਸਾਲਾਂ ਵਿਚ ਕੀਤੇ ਕੰਮ ਦਾ ਲੇਖਾਜੋਖਾ ਕੀਤਾ ਗਿਆ। ਇਸ ਵਿਸ਼ਲੇਸ਼ਣ ਦੇ ਅਧਾਰ 'ਤੇ ਇਹ ਸਰਵਸੰਮਤੀ ਨਾਲ ਤੈਅ ਕੀਤਾ ਗਿਆ ਕਿ ਐਡਹਾਕ ਕਮੇਟੀ ਨੇ ਹਿੰਦੁਸਤਾਨ ਦੀ ਗ਼ਦਰ ਪਾਰਟੀ ਕਾਇਮ ਕਰਨ ਦੀ ਪਦਾਰਥਕ ਬੁਨਿਆਦ ਤਿਆਰ ਕਰ ਦਿੱਤੀ ਹੈ। ਅਗਲੀ ਮੀਟਿੰਗ ਵਿਚ ਬਦੇਸ਼ ਵਿਚ ਵਸਦੇ ਹਿੰਦੁਸਤਾਨੀਆਂ ਦੀ ਜਥੇਬੰਦੀ, ਹਿੰਦੁਸਤਾਨੀ ਗ਼ਦਰ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਬਣਾਏ ਜਾਣ ਦਾ ਐਲਾਨ ਕੀਤਾ ਗਿਆ। ਐਲਾਨ ਤੋਂ ਬਾਅਦ, ਪਾਰਟੀ ਦੇ ਚੇਅਰਮੈਨ ਹਰਦਿਆਲ ਬੈਂਸ ਨੇ ਇਤਿਹਾਸ ਦਾ ਹਵਾਲਾ ਦਿੰਦਿਆਂ ਕਿਹਾ ਕਿ 1913 ਵਿਚ ਗ਼ਦਰ ਪਾਰਟੀ ਦਾ ਬਣਾਇਆ ਜਾਣਾ ਕੋਈ ਚਾਣਚੱਕ ਕਾਰਵਾਈ ਨਹੀਂ ਸੀ। 1911 'ਚ ਚੀਨ ਵਿਚ ਇਨਕਲਾਬ ਅੱਗੇ ਵਧ ਰਿਹਾ ਸੀ ਅਤੇ ਇਸ ਨਾਲ ਏਸ਼ੀਆ ਦੇ ਲੋਕ ਜਾਗਰੂਕ ਹੋ ਗਏ ਸਨ। ਇਸੇ ਵਕਤ ਤੁਰਕੀ ਅਤੇ ਏਸ਼ੀਆ ਦੇ ਹੋਰ ਮੁਲਕਾਂ ਵਿਚ ਵਿਕਾਸਮੂਲਕ ਸੰਘਰਸ਼ ਹੋ ਰਹੇ ਸਨ। ਉਸ ਵਕਤ, ਗ਼ਦਰ ਪਾਰਟੀ ਦੀ ਸਥਾਪਨਾ 1857 ਦੀ ਜੰਗੇ-ਆਜ਼ਾਦੀ ਦੇ ਅਧੂਰੇ ਨਿਸ਼ਾਨਿਆਂ ਨੂੰ ਪੂਰਾ ਕਰਨ ਲਈ ਬਣਾਈ ਗਈ ਸੀ।

ਜਦੋਂ ਸਤੰਬਰ 1970 ਵਿਚ ਨਵੀਂ ਗ਼ਦਰ ਪਾਰਟੀ ਬਣਾਈ ਗਈ, ਓਦੋਂ ਵੀ ਦੁਨੀਆ ਵਿਚ ਬਹੁਤ ਸਾਰੀਆਂ ਇਤਿਹਾਸਕ ਮੋੜਾ ਦੇਣ ਵਾਲੀਆਂ ਘਟਨਾਵਾਂ ਵਾਪਰ ਰਹੀਆਂ ਸਨ। ਉਹ ਇਨਕਲਾਬੀ ਸਰਗਰਮੀਆਂ ਦਾ ਦੌਰ ਸੀ। ਨਵੀਂ ਗ਼ਦਰ ਪਾਰਟੀ ਦਾ ਬਣਾਇਆ ਜਾਣਾ ਇਸ ਦਾ ਸਬੂਤ ਸੀ ਕਿ ਬਦੇਸ਼ਾਂ ਵਿਚ ਰਹਿ ਰਹੇ ਹਿੰਦੁਸਤਾਨੀਆਂ ਵਿਚ 1913 ਵਾਲਾ ਇਨਕਲਾਬੀ ਜਜ਼ਬਾ ਬਰਕਰਾਰ ਸੀ। ਨਵੀਂ ਗ਼ਦਰ ਪਾਰਟੀ ਦਾ ਨਿਸ਼ਾਨਾ ਪੁਰਾਣੀ ਗ਼ਦਰ ਪਾਰਟੀ ਦੇ ਅਧੂਰੇ ਕਾਜ ਨੂੰ ਨੇਪਰੇ ਚਾੜ੍ਹਨਾ ਹੈ ਜੋ ਸੱਠ ਸਾਲ ਪਹਿਲਾਂ ਬਣਾਈ ਗਈ ਸੀ। ਪੁਰਾਣੀ ਗ਼ਦਰ ਪਾਰਟੀ ਦਾ ਨਿਸ਼ਾਨਾ ਹਿੰਦੁਸਤਾਨ ਨੂੰ ਹਥਿਆਰਬੰਦ ਸੰਘਰਸ਼ ਰਾਹੀਂ ਆਜ਼ਾਦ ਕਰਾਉਣਾ ਅਤੇ ਬਰਾਬਰੀ, ਭਾਈਚਾਰੇ ਅਤੇ ਸਮਾਨਤਾਵਾਦ 'ਤੇ ਅਧਾਰਤ ਗਣਰਾਜ ਯੂਨਾਈਟਿਡ ਸਟੇਟਸ ਆਫ ਇੰਡੀਆ ਦੀ ਸਥਾਪਨਾ ਕਰਨਾ ਸੀ ਜੋ ਹਰ ਤਰ੍ਹਾਂ ਦੀ ਲੁੱਟਖਸੁੱਟ ਤੋਂ ਰਹਿਤ ਹੋਵੇਗਾ। ਇਹ ਕਾਜ ਪੂਰਾ ਨਹੀਂ ਹੋ ਸਕਿਆ ਕਿਉਂਕਿ 1947 ਦਾ ਬਦਲਾਓ ਸੱਚੀ ਆਜ਼ਾਦੀ ਨਹੀਂ ਸੀ, ਇਹ ਮਹਿਜ਼ ਇਕ ਸਮਝੌਤਾ ਅਤੇ ਸੱਤਾਬਦਲੀ ਸੀ।

ਹਿੰਦ ਮਜ਼ਦੂਰ ਲਹਿਰ

1968 ਤੋਂ ਲੈ ਕੇ 1971 ਤਕ ਦੇ ਸਾਲ ਬ੍ਰਿਟਿਸ਼ ਕੋਲੰਬੀਆ ਵਿਚ ਹਿੰਦੁਸਤਾਨੀ ਮਜ਼ਦੂਰਾਂ ਦੇ ਸੰਘਰਸ਼ ਦਾ ਦੌਰ ਸੀ। 15-16 ਅਗਸਤ 1971 ਨੂੰ ਇਕ ਨਵੀਂ ਜਥੇਬੰਦੀ 'ਹਿੰਦ ਮਜ਼ਦੂਰ ਲਹਿਰ' ਬਣਾਏ ਜਾਣ ਨਾਲ ਇਸ ਸੰਘਰਸ਼ ਵਿਚ ਇਕ ਨਵਾਂ ਮੋੜ ਆਇਆ। ਇਸ ਜਥੇਬੰਦੀ ਨੇ ਪੂਰੇ ਬੀ.ਸੀ. ਵਿਚ ਮੀਟਿੰਗਾਂ ਕਰਕੇ ਅਤੇ ਇਨਕਲਾਬੀ ਵਿਚਾਰ-ਵਟਾਂਦਰੇ ਜਥੇਬੰਦ ਕਰਕੇ ਸਾਰੇ ਭਾਈਚਾਰਿਆਂ ਦੇ ਨੌਜਵਾਨਾਂ ਨੂੰ ਇਕਜੁੱਟ ਕਰ ਦਿੱਤਾ। ਇਸਨੇ ਵੈਨਕੂਵਰ ਵਿਚ ਦਫ਼ਤਰ ਖੋਲ੍ਹਿਆ ਅਤੇ ਇਸਦਾ ਨਾਂ 'ਨਕਸਲਬਾੜੀ ਸੈਂਟਰ' ਰੱਖਿਆ ਗਿਆ। ਇਹ ਮਜ਼ਦੂਰਾਂ ਦੀ ਲਾਮਬੰਦੀ ਦਾ ਨਵਾਂ ਆਗਾਜ਼ ਸੀ ਅਤੇ ਇਸ ਜਥੇਬੰਦੀ ਨੇ ਭਾਈਚਾਰੇ ਦੀ ਭਵਿੱਖੀ ਸਿਆਸੀ ਸੇਧ ਨੂੰ ਪ੍ਰੀਭਾਸ਼ਤ ਕਰਨ 'ਚ ਅਹਿਮ ਭੂਮਿਕਾ ਨਿਭਾਈ। ਪੁਰਾਣੀ ਗ਼ਦਰ ਪਾਰਟੀ ਨੂੰ ਭੰਗ ਕੀਤੇ ਜਾਣ ਤੋਂ ਬਾਅਦ, ਇਸ ਜਥੇਬੰਦੀ ਅਤੇ 1970 ਵਿਚ ਕੀਤੀ ਗਈ ਕਾਨਫਰੰਸ ਨੇ ਸਮੁੱਚੇ ਭਾਈਚਾਰੇ ਅੰਦਰ ਨਵੀਂ ਸੋਝੀ ਤੇ ਜੋਸ਼ ਦਾ ਸੰਚਾਰ ਕੀਤਾ ਅਤੇ ਨਵੇਂ ਭਵਿੱਖ ਦਾ ਖ਼ਾਕਾ ਪੇਸ਼ ਕੀਤਾ। *ਹਿੰਦ ਮਜ਼ਦੂਰ* ਇਸ ਲਹਿਰ ਦਾ ਤਰਜ਼ਮਾਨ ਅਖ਼ਬਾਰ ਸੀ।

ਈਸਟ ਇੰਡੀਅਨ ਡਿਫੈਂਸ ਕਮੇਟੀ

1970-72 ਵਿਚ ਸੈਂਕੜੇ ਹਿੰਦੁਸਤਾਨੀ ਨੌਜਵਾਨ ਕੈਨੇਡਾ ਆਉਣੇ ਸ਼ੁਰੂ ਹੋ ਗਏ। ਇਨ੍ਹਾਂ ਦੀ ਬਹੁਗਿਣਤੀ ਰੋਜ਼ਗਾਰ ਦੀ ਭਾਲ ਵਿਚ ਆਈ ਸੀ ਜੋ ਬੀ.ਸੀ. ਦੇ ਵੱਖੋ-ਵੱਖਰੇ ਸ਼ਹਿਰਾਂ ਵਿਚ ਵਸ ਗਏ। 1973 'ਚ ਸਾਡੇ ਲੋਕਾਂ ਨੂੰ ਕੰਮ ਦੀਆਂ ਥਾਵਾਂ ਉਪਰ ਉਸੇ ਤਰ੍ਹਾਂ ਦੇ ਨਸਲੀ ਹਮਲਿਆਂ ਤੇ ਨਸਲਵਾਦ ਦਾ ਸਾਹਮਣਾ ਕਰਨਾ ਪਿਆ, ਜਿਵੇਂ ਉਨ੍ਹਾਂ ਨਾਲ ਵੀਹਵੀਂ ਸਦੀ ਦੇ ਸ਼ੁਰੂ ਵਿਚ ਹੋਇਆ ਸੀ। ਗੱਲ ਸਿਰਫ਼ ਇੰਨੀ ਕੁ ਹੀ ਨਹੀਂ ਸੀ ਸਗੋਂ ਇਹ ਹਮਲੇ ਕਈ ਗੁਣਾਂ ਵਧ ਗਏ। ਵੈਨਕੂਵਰ ਅਤੇ ਸਰੀ ਤੋਂ ਇਲਾਵਾ, ਵਿਲੀਅਮਜ਼ ਲੇਕ, ਕਵੀਨਲ, ਪ੍ਰਿੰਸ ਜਾਰਜ ਅਤੇ ਫੋਰਟ ਸੇਂਟ ਜੇਮਜ਼ ਵਿਚ ਵੀ ਨਸਲੀ ਹਮਲਿਆਂ ਨੇ ਹਿੰਸਕ ਸ਼ਕਲ ਅਖ਼ਤਿਆਰ ਕਰ ਲਈ। ਬਜ਼ੁਰਗਾਂ ਨੂੰ ਨਸਲੀ ਗਾਲ੍ਹ-ਮੰਦਾ, ਜਿਸਮਾਨੀ ਹਮਲੇ ਅਤੇ ਘਰਾਂ ਦੇ ਦਰਵਾਜ਼ੇ-ਤਾਕੀਆਂ ਤੋੜ ਦੇਣੇ, ਇਸ ਤਰ੍ਹਾਂ ਦੀਆਂ ਕਾਰਵਾਈਆਂ ਰੋਜ਼ਮਰਾ ਦੀਆਂ ਘਟਨਾਵਾਂ ਹੋ ਗਈਆਂ। *ਦ ਵੈਨਕੂਵਰ ਸਨ*, *ਦ ਪ੍ਰਾਵਿੰਸ* ਅਤੇ *ਸੀ.ਬੀ.ਸੀ* ਵਰਗੇ ਨਿਊਜ਼ ਮੀਡੀਆ ਨੇ ਨਸਲੀ ਹਿੰਸਾ ਦੀ ਅੱਗ ਦੀਆਂ ਲਾਟਾਂ ਨੂੰ ਭੜਕਾਉਣ 'ਚ ਪੂਰੀ ਉਤਸੁਕਤਾ ਨਾਲ ਹਿੱਸਾ ਲਿਆ। ਬੀ.ਸੀ. ਵਿਚ ਉੱਭਰੀਆਂ ਇਨ੍ਹਾਂ ਚੁਣੌਤੀਆਂ ਨੇ ਨਸਲਵਾਦੀ ਘਟਨਾਵਾਂ ਅਤੇ ਉਨ੍ਹਾਂ ਦੀ ਵਿਚਾਰਧਾਰਾ ਨੂੰ ਉਜਾਗਰ ਕਰ ਦਿੱਤਾ।

ਇਨ੍ਹਾਂ ਨਸਲੀ ਹਮਲਿਆਂ ਦਾ ਪੁਰਜ਼ੋਰ ਵਿਰੋਧ ਕਰਨ ਲਈ ਇਕ ਜਥੇਬੰਦੀ ਦੀ ਲੋੜ ਮਹਿਸੂਸ ਕੀਤੀ ਗਈ ਅਤੇ ਇਸ ਲੋੜ ਦੀ ਪੂਰਤੀ ਲਈ ਇਕ ਮੀਟਿੰਗ ਸੱਦੀ ਗਈ। ਇਥੇ ਇਹ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਮੁਕਾਮੀ ਪੁਲਿਸ ਨਸਲਵਾਦੀਆਂ ਤੋਂ ਲੋਕਾਂ ਨੂੰ ਬਚਾਉਣ 'ਚ ਪੂਰੀ

ਤਰ੍ਹਾਂ ਨਾਲਾਇਕ ਸਾਬਤ ਹੋਈ। ਮੀਟਿੰਗ ਵਿਚ ਇਸ 'ਤੇ ਜ਼ੋਰ ਦਿੱਤਾ ਗਿਆ ਕਿ ਸਾਨੂੰ ਆਪਣੀ ਰਾਖੀ ਆਪ ਕਰਨ ਦੀ ਲੋੜ ਹੈ। ਉਨ੍ਹਾਂ ਘਟਨਾਵਾਂ ਲਈ ਕੈਨੇਡਾ ਦੇ ਰਾਜ ਨੂੰ ਜ਼ਿੰਮੇਵਾਰ ਕਰਾਰ ਦਿੱਤਾ ਗਿਆ ਅਤੇ "ਸਵੈ-ਰਾਖੀ ਹੀ ਇੱਕੋ-ਇਕ ਰਾਹ ਹੈ' ਦਾ ਨਾਅਰਾ ਬੁਲੰਦ ਕੀਤਾ ਗਿਆ।

ਈ.ਆਈ.ਡੀ.ਸੀ. ਦੇ ਕੁਝ ਮੁੱਖ ਉਦੇਸ਼ ਤੇ ਨਿਸ਼ਾਨੇ ਹੇਠ ਲਿਖੇ ਸਨ:

1. ਮਜ਼ਦੂਰਾਂ ਖ਼ਾਸ ਕਰਕੇ ਆਵਾਸੀ ਮਜ਼ਦੂਰਾਂ ਦੇ ਆਰਥਕ, ਸਿਆਸੀ, ਸਭਿਆਚਾਰਕ ਅਤੇ ਸਮਾਜੀ ਹੱਕਾਂ ਦੀ ਰਾਖੀ ਕਰਨਾ।
2. ਇਮੀਗਰੇਸ਼ਨ ਡਿਪਾਰਟਮੈਂਟ, ਰਫਿਊਜ਼ੀ ਬੋਰਡ, ਸਿਟੀਜ਼ਨ ਡਿਪਾਰਟਮੈਂਟ ਅਤੇ ਹੋਰ ਸਟੇਟ ਏਜੰਸੀਆਂ ਵੱਲੋਂ ਵਿੱਢੇ ਨਸਲੀ ਹਮਲਿਆਂ ਦਾ ਵਿਰੋਧ ਕਰਨਾ।
3. ਕੇ.ਕੇ.ਕੇ. ਅਤੇ ਹੋਰ ਵੱਖੋ-ਵੱਖਰੇ ਨਾਵਾਂ ਹੇਠ ਇਸੇ ਤਰ੍ਹਾਂ ਦਾ ਏਜੰਡਾ ਲੈ ਕੇ ਚੱਲ ਰਹੇ ਨਸਲਵਾਦੀ ਗਰੋਹਾਂ ਦੇ ਨਸਲੀ ਹਮਲਿਆਂ ਦਾ ਟਾਕਰਾ ਕਰਨਾ।
4. ਈਸਟ ਇੰਡੀਅਨ ਨੌਜਵਾਨਾਂ ਵਿਚਲੀ ਨਰੋਈ ਭਾਵਨਾ ਦੀ ਡੱਟਕੇ ਹਮਾਇਤ ਕਰਨਾ ਅਤੇ ਦੋਸਤਾਨਾ ਮੁਕਾਬਲੇਬਾਜ਼ੀ ਤੇ ਸਾਂਝ ਨੂੰ ਹੱਲਾਸ਼ੇਰੀ ਦੇਣਾ।
5. ਇਕ 'ਤੇ ਹੋਇਆ ਵਾਰ ਸਾਰਿਆਂ 'ਤੇ ਵਾਰ ਹੈ। ਸਾਰੇ ਇਕੱਲੇ-ਇਕੱਲੇ ਦੀ ਹਮਾਇਤ 'ਤੇ ਅਤੇ ਹਰ ਜਣਾ ਸਮੂਹ ਦੀ ਹਮਾਇਤ 'ਤੇ ਆਵੇ।

ਵੈਨਕੂਵਰ ਤੋਂ ਇਲਾਵਾ ਕੈਨੇਡਾ ਦੇ ਸ਼ਹਿਰਾਂ ਜਿਵੇਂ ਵਿਕਟੋਰੀਆ, ਕੈਲਗਰੀ, ਐਡਮਿੰਟਨ, ਵਿਨੀਪੈੱਗ, ਹੈਮਿਲਟਨ ਅਤੇ ਟੋਰਾਂਟੋ ਵਿਚ ਸਾਲਾਂ ਦੇ ਅਰਸੇ ਵਿਚ ਬਹੁਤ ਸਾਰੀਆਂ ਮੀਟਿੰਗਾਂ ਕੀਤੀਆਂ ਗਈਆਂ। ਇਨ੍ਹਾਂ ਸਾਰੇ ਸ਼ਹਿਰਾਂ ਵਿਚ ਈਸਟ ਇੰਡੀਅਨ ਡਿਫੈਂਸ ਕਮੇਟੀ ਦੀਆਂ ਸ਼ਾਖਾਵਾਂ ਬਣਾਈਆਂ ਗਈਆਂ। ਖੇਡ ਤੇ ਸਭਿਆਚਾਰਕ ਮੇਲੇ ਲਾਉਣ ਅਤੇ ਦੇਸ਼ਭਗਤ ਭਵਨ ਬਣਾਉਣ ਲਈ ਵੀ ਮੀਟਿੰਗਾਂ ਜਥੇਬੰਦ ਕੀਤੀਆਂ ਗਈਆਂ। ਕੈਨੇਡਾ, ਇੰਗਲੈਂਡ ਅਤੇ ਹਿੰਦੁਸਤਾਨ ਵਿਚ ਖੇਡ ਅਤੇ ਸਭਿਆਚਾਰਕ ਸਮਾਗਮ ਕਰਵਾਏ ਜਾਣ ਲੱਗੇ। ਸੈਂਕੜੇ ਈਸਟ ਇੰਡੀਅਨ ਨੌਜਵਾਨ ਇਨ੍ਹਾਂ ਕੌਮੀ ਤੇ ਕੌਮਾਂਤਰੀ ਟੂਰਨਾਮੈਂਟਾਂ ਵਿਚ ਹਿੱਸਾ ਲੈਂਦੇ ਅਤੇ ਹਜ਼ਾਰਾਂ ਦੀ ਤਾਦਾਦ 'ਚ ਲੋਕ ਇਨ੍ਹਾਂ ਸਮਾਗਮ ਵਿਚ ਸ਼ਾਮਲ ਹੁੰਦੇ। ਬਹੁਤ ਸਾਰੇ ਸ਼ਹਿਰਾਂ ਵਿਚ ਦੇਸ਼ਭਗਤ ਭਵਨ ਉਸਾਰਨ ਲਈ ਸਾਡੇ ਭਾਈਚਾਰੇ ਨੇ ਵੀ ਭਰਪੂਰ ਯੋਗਦਾਨ ਪਾਇਆ, ਜਿਨ੍ਹਾਂ ਵਿੱਚੋਂ ਪਹਿਲਾ ਭਵਨ 1977 'ਚ ਵੈਨਕੂਵਰ ਵਿਚ ਬਣਾਇਆ ਗਿਆ ਸੀ।

ਹਿੰਦੁਸਤਾਨੀ ਗ਼ਦਰ ਪਾਰਟੀ (ਐੱਮ.ਐੱਲ.) ਦੀ ਪਹਿਲੀ ਕਾਂਗਰਸ 31 ਦਸੰਬਰ 1977 ਨੂੰ ਟੋਰਾਂਟੋ ਵਿਚ ਕੀਤੀ ਗਈ। ਉਸ ਕਾਂਗਰਸ ਵਲੋਂ ਬਹੁਤ ਸਾਰੇ ਫ਼ੈਸਲੇ ਲਏ ਗਏ ਅਤੇ ਉਨ੍ਹਾਂ ਫ਼ੈਸਲਿਆਂ ਨੂੰ ਲਾਗੂ ਕਰਨ ਤੇ ਇਤਿਹਾਸਕ ਕਾਰਜ ਨੂੰ ਨੇਪਰੇ ਚਾੜ੍ਹਨ ਦੇ ਮਨੋਰਥ ਨਾਲ ਬਹੁਤ ਸਾਰੇ ਸਾਥੀ ਹਿੰਦੁਸਤਾਨ ਚਲੇ ਗਏ। ਉਨ੍ਹਾਂ ਨੇ ਕਮਿਊਨਿਸਟ ਗ਼ਦਰ ਪਾਰਟੀ ਆਫ ਇੰਡੀਆ ਦੇ ਝੰਡੇ ਹੇਠ ਕੰਮ ਕਰਨਾ ਸ਼ੁਰੂ ਕਰ ਦਿੱਤਾ। ਪਰ ਇਹ ਪਾਰਟੀ ਹੁਣ ਨਕਸਲਬਾੜੀ ਦੇ ਰਾਹ ਨੂੰ ਤਿਲਾਂਜਲੀ ਦੇ ਚੁੱਕੀ ਹੈ। ਹੁਣ ਇਸ ਦਾ ਸਿਆਸੀ ਪ੍ਰੋਗਰਾਮ ਅਤੇ ਇਸ ਨੂੰ ਲਾਗੂ ਕਰਨ ਦੇ ਇਸ ਦੇ ਢੰਗ-ਤਰੀਕੇ ਹਿੰਦੁਸਤਾਨ ਦੀਆਂ ਸੋਧਵਾਦੀ ਪਾਰਟੀਆਂ ਵਾਲੇ ਹੀ ਹਨ। ਪਾਰਟੀ

ਨਕਸਲਬਾੜੀ ਦਾ ਇਨਕਲਾਬੀ ਰਾਹ ਛੱਡ ਚੁੱਕੀ ਹੈ ਅਤੇ ਪੂਰੀ ਤਰ੍ਹਾਂ ਪਾਰਲੀਮੈਂਟਰੀ ਤੌਰ-ਤਰੀਕੇ ਅਖ਼ਤਿਆਰ ਕਰ ਚੁੱਕੀ ਹੈ।

ਇਸੇ ਤਰ੍ਹਾਂ ਕੈਨੇਡਾ ਵਿਚ, ਸੀ.ਪੀ.ਸੀ.(ਐੱਮ.ਐੱਲ.) ਇਨਕਲਾਬੀ ਰਾਹ ਤੋਂ ਪਾਸੇ ਹਟ ਗਈ ਹੈ ਅਤੇ ਇਸਨੇ ਸੋਸ਼ਲ ਡੈਮੋਕਰੇਸੀ ਦਾ ਰਾਹ ਅਖ਼ਤਿਆਰ ਕਰ ਲਿਆ ਹੈ। ਇਸ ਨੇ ਲਾਲ ਝੰਡੇ ਦੀ ਸਿਆਸਤ ਤੇ ਇਨਕਲਾਬ ਨੂੰ ਤਿਲਾਂਜਲੀ ਦੇ ਦਿੱਤੀ ਹੈ ਅਤੇ ਮਾਅਰਕੇਬਾਜ਼ ਨਾਅਰਿਆਂ ਨਾਲ ਆਪਣੇ ਮਨ ਨੂੰ ਧਰਵਾਸ ਦੇ ਰਹੀ ਹੈ। ਇਹ ਬੁਰਜੂਆ ਤੇ ਪਿਛਾਖੜੀ ਢੰਗ-ਤਰੀਕਾ ਹੈ ਜੋ ਇਨਕਲਾਬ ਦੇ ਐਨ ਉਲਟ ਹੈ।

1947 ਤੋਂ ਹੀ ਹਿੰਦੁਸਤਾਨ ਦੀ ਹਕੂਮਤ ਮਜ਼ਦੂਰਾਂ, ਕਿਸਾਨਾਂ ਅਤੇ ਵਿਦਿਆਰਥੀਆਂ ਦੇ ਬੇਸ਼ੁਮਾਰ ਸੰਘਰਸ਼ਾਂ ਨੂੰ ਲਗਾਤਾਰ ਦਬਾਉਂਦੀ ਆ ਰਹੀ ਹੈ। ਜਦੋਂ ਵੀ ਹਿੰਦੁਸਤਾਨ ਦੇ ਲੋਕ ਆਪਣੇ ਹੱਕਾਂ ਲਈ ਉੱਠੇ, ਉਨ੍ਹਾਂ ਨੂੰ ਗੋਲੀਆਂ ਦੀ ਸ਼ਕਲ 'ਚ ਪੁਲਿਸ ਜਾਂ ਨੀਮ-ਫ਼ੌਜੀ ਤਸ਼ੱਦਦ ਦਾ ਸਾਹਮਣਾ ਕਰਨਾ ਪਿਆ ਹੈ। ਚਾਹੇ ਇਹ ਤੇਲੰਗਾਨਾ ਦਾ ਸੰਘਰਸ਼ ਹੋਵੇ, ਜਾਂ ਅਸਾਮ ਜਾਂ ਕਸ਼ਮੀਰ ਦੇ ਸੰਘਰਸ਼। ਇਸ ਵਕਤ ਕਬਾਇਲੀ ਖੇਤਰਾਂ ਦੇ ਆਦਿਵਾਸੀ ਲੋਕ ਆਪਣੇ ਗੁਜ਼ਾਰੇ ਦੇ ਵਸੀਲਿਆਂ ਦੀ ਰਾਖੀ, ਸਿਹਤ ਤੇ ਸਿਖਿਆ ਵਰਗੇ ਬੁਨਿਆਦੀ ਹੱਕ ਲੈਣ ਲਈ ਪੁਰਜੋਸ਼ ਲੜਾਈ ਲੜ ਰਹੇ ਹਨ। ਹੁਕਮਰਾਨਾਂ ਵਲੋਂ ਉਨ੍ਹਾਂ ਦੇ ਵਸੀਲੇ ਵਿਕਾਸ ਦੇ ਨਾਂ ਹੇਠ ਹਕੂਮਤੀ ਤਾਕਤ ਨਾਲ ਖੋਹਕੇ ਬਹੁਕੌਮੀ ਕੰਪਨੀਆਂ ਦੇ ਹਵਾਲੇ ਕੀਤੇ ਜਾ ਰਹੇ ਹਨ।

2013 ਗ਼ਦਰ ਪਾਰਟੀ ਦਾ ਸ਼ਤਾਬਦੀ ਵਰ੍ਹਾ ਹੈ। ਇਸ ਵਰ੍ਹੇ, ਦੁਨੀਆ ਭਰ ਵਿਚ, ਖ਼ਾਸ ਕਰਕੇ ਕੈਨੇਡਾ, ਅਮਰੀਕਾ ਤੇ ਹਿੰਦੁਸਤਾਨ ਵਿਚ ਸ਼ਤਾਬਦੀ ਸਮਾਗਮ ਜਥੇਬੰਦ ਕੀਤੇ ਜਾ ਰਹੇ ਹਨ। ਈਸਟ ਇੰਡੀਅਨ ਡਿਫੈਂਸ ਕਮੇਟੀ ਹੋਰ ਅਗਾਂਹਵਧੂ ਜਥੇਬੰਦੀਆਂ ਅਤੇ ਸੰਸਥਾਵਾਂ ਨਾਲ ਮਿਲਕੇ ਵੈਨਕੂਵਰ, ਐਬਟਸਫੋਰਡ, ਕੈਲਗਰੀ, ਐਡਮਿੰਟਨ ਅਤੇ ਵਿਨੀਵੈੱਗ ਵਿਚ ਗ਼ਦਰ ਪਾਰਟੀ ਦਾ ਸ਼ਤਾਬਦੀ ਦਿਹਾੜਾ ਮਨਾ ਰਹੀ ਹੈ।

ਇਸ ਵਰ੍ਹੇ 30 ਨਵੰਬਰ ਨੂੰ ਈਸਟ ਇੰਡੀਅਨ ਡਿਫੈਂਸ ਕਮੇਟੀ ਆਪਣੀ 40ਵੀਂ ਵਰ੍ਹੇਗੰਢ ਵੀ ਮਨਾ ਰਹੀ ਹੈ। ਇਸ ਦਿਹਾੜੇ 'ਤੇ ਇਸ ਵਲੋਂ ਆਪਣੀ 21ਵੀਂ ਕਨਵੈਨਸ਼ਨ ਕੀਤੀ ਜਾਵੇਗੀ। ਇਸ ਮੌਕੇ 2009 'ਚ ਹੋਈ ਪਿਛਲੀ ਕਨਵੈਨਸ਼ਨ ਤੋਂ ਲੈ ਕੇ ਈ.ਆਈ.ਡੀ.ਸੀ. ਦੇ ਪਿਛਲੇ ਚਾਰ ਸਾਲਾਂ ਦੇ ਕੰਮ ਦਾ ਲੇਖਾਜੋਖਾ ਕੀਤਾ ਜਾਵੇਗਾ। ਕੈਨੇਡਾ, ਅਮਰੀਕਾ ਅਤੇ ਹਿੰਦੁਸਤਾਨ ਦੀ ਹਾਲਤ ਦਾ ਵਿਸ਼ਲੇਸ਼ਣ ਕਰਕੇ ਭਵਿੱਖੀ ਪ੍ਰੋਗਰਾਮ ਉਲੀਕਿਆ ਜਾਵੇਗਾ। ਈਸਟ ਇੰਡੀਅਨ ਡਿਫੈਂਸ ਕਮੇਟੀ ਭਵਿੱਖੀ ਚੁਣੌਤੀਆਂ ਨਾਲ ਮੱਥਾ ਲਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਨ੍ਹਾਂ ਚੁਣੌਤੀਆਂ ਵਿਚ ਸ਼ਾਮਲ ਹੈ ਸੱਚੇ ਨਵ-ਜਮਹੂਰੀ ਹਿੰਦੁਸਤਾਨ ਲਈ ਸੰਘਰਸ਼ ਦੀ ਹਮਾਇਤ ਕਰਨਾ, ਕੈਨੇਡੀਅਨ ਰਾਜ ਦੀਆਂ ਨਸਲਵਾਦੀ ਨੀਤੀਆਂ ਦਾ ਜ਼ੋਰਦਾਰ ਵਿਰੋਧ ਕਰਨਾ, ਨੌਜਵਾਨਾਂ ਦੀਆਂ ਖੇਡ ਤੇ ਸਭਿਆਚਾਰਕ ਸਰਗਰਮੀਆਂ ਜਥੇਬੰਦ ਕਰਨਾ ਅਤੇ ਸਾਮਰਾਜਵਾਦ ਵਿਰੁੱਧ ਲੜਾਈ ਦੀ ਹਮਾਇਤ ਕਰਨਾ। ਪਰ ਯਾਦ ਰਹੇ ਇਸ ਦਾ ਸੰਘਰਸ਼ ਮਹਿਜ਼ ਇਨ੍ਹਾਂ ਤਕ ਸੀਮਤ ਨਹੀਂ ਹੈ ਇਸ ਅੱਗੇ ਹੋਰ ਵੀ ਕਈ ਚੁਣੌਤੀਆਂ ਹਨ।

NOTES AND REFERENCES

1. Dirk Hoerder, *Cultures in Contact: World Migration in the Second Millennium,* p.400.
2. Allerfeldt, Kristofer. "Race and Restriction: Anti-Asian Immigration Pressures in the Pacific North-West Of America during the Progressive Era, 1885-1924." *History*, Vol. 88. Issue 289, p. 53-73.
3. Harish Puri, Ghadr Movement: A Short History, NBT, India, p.87.
4. Ibid, p.131.
5. Maia Ramnath, p.136.
6. Ghadr Directory, Preface by Williamson, Director, Intelligence, Bureau, Home Department Government of India, 19 March, 1934.
7. Published: *The Workers's Advocate*, Special Issue, Vol. 6, No. 7, September 18, 1976.
8. Maia Ramnath: Haj to Utopia, p.236.
9. People's Path, December 1969.
10. *People's Path*, December 1969. ਭਾਵੇਂ ਇਸ ਪੈਰੇ ਵਿਚ ਵਿਆਕਰਣ ਅਤੇ ਸ਼ਬਦ-ਜੋੜਾਂ ਦੀ ਗ਼ਲਤੀਆਂ ਹਨ, ਅਸੀਂ ਇਸ ਨੂੰ ਹੂ-ਬ-ਹੂ ਇਥੇ ਦੇ ਰਹੇ ਹਾਂ।

.ਗ਼ਦਰ ਪਾਰਟੀ ਦਾ ਵਿਰਸਾ

-ਹਰੀਸ਼ ਕੇ. ਪੁਰੀ

ਓਦੋਂ ਵਾਲਾ .ਗ਼ਦਰ ਕੀ ਸੀ....? ਇਤਿਹਾਸਕ ਤੌਰ 'ਤੇ ਪਿਛਲ-ਝਾਤ ਮਾਰਦੇ ਹੋਏ, ਅਸੀਂ ਸਿਰ.ਫ਼ ਇਹੋ ਸਿੱਟਾ ਕੱਢ ਸਕਦੇ ਹਾਂ ਕਿ ਇਹ ਬਸ ਇਕ ਭਾਵੁਕ, ਖ਼ਿਆਲੀ ਕਲਪਨਾ ਸੀ....ਜਦਕਿ ਹੋਰ ਪੱਖਾਂ ਤੋਂ ਦੇਖਿਆ ਜਾਵੇ ਤਾਂ ਬਹੁਤ ਸਾਰੀਆਂ ਹਾਂਪੱਖੀ ਪ੍ਰਾਪਤੀਆਂ ਦਾ ਸਿਹਰਾ ਇਸੇ ਨੂੰ ਜਾਂਦਾ ਹੈ। ਇਹ ਕਿਹਾ ਜਾ ਸਕਦਾ ਹੈ ਕਿ ਇਸਦਾ ਸਭਿਆਚਾਰਕ ਪਸਾਰਾ ਇਸ ਦੀਆਂ .ਫ਼ੌਜੀ ਪ੍ਰਾਪਤੀਆਂ ਨਾਲੋਂ ਕਿਤੇ ਵਸੀਹ ਸੀ।

-ਹੈਰਲਡ ਏ.ਗਾਓਲ (2006: 203-204)

ਬਾਹਰੋਂ ਦੇਖਿਆਂ ਲੱਗਦਾ ਹੈ .ਗ਼ਦਰ ਲਹਿਰ ਬੁਰੀ ਤਰ੍ਹਾਂ ਫੇਲ੍ਹ ਹੋਈ ਸੀ। ਇਸ ਨੂੰ ਉਨ੍ਹਾਂ ਸੈਂਕੜੇ ਦੇਸ਼ਭਗਤਾਂ ਦੇ ਐਸੇ ਬਹੁਤ ਹੀ ਸਿੱਧੜ ਹੰਭਲੇ ਵਜੋਂ ਦੇਖਿਆ ਜਾਂਦਾ ਹੈ ਜਿਨ੍ਹਾਂ ਨੇ ਭਾਵੁਕਤਾ ਦੇ ਅਸਰ ਹੇਠ ਹਿੰਦੁਸਤਾਨ ਵਿੱਚੋਂ ਬਰਤਾਨਵੀ ਰਾਜ ਨੂੰ ਖ਼ਤਮ ਕਰਨਾ ਚਾਹਿਆ, ਪਰ ਤਿਆਰੀ ਪੱਖੋਂ ਉਨ੍ਹਾਂ ਦੀ ਹਾਲਤ ਬਹੁਤ ਪਤਲੀ ਸੀ। ਉਨ੍ਹਾਂ ਨੂੰ ਬਰਤਾਨਵੀਆਂ ਦੀ ਜਥੇਬੰਦ ਕੀਤੀ ਰਾਜ ਸੱਤਾ ਦੀ ਡੂੰਘਾਈ ਅਤੇ ਪਸਾਰੇ ਦਾ, ਪ੍ਰਸ਼ਾਸਕਾਂ ਦੀ ਬੇਰਹਿਮੀ ਦਾ ਅਤੇ ਸਮਾਜ ਵਿਚ ਮੌਜੂਦ "ਸਵਾਮੀ ਨਸਲ" ਪ੍ਰਤੀ ਜੀ-ਹਜ਼ੂਰੀ ਦੇ ਸਭਿਆਚਾਰ ਦਾ ਪੂਰਾ ਅਹਿਸਾਸ ਨਹੀਂ ਸੀ। ਬਰਤਾਨਵੀਆਂ ਲਈ ਉਨ੍ਹਾਂ ਦੇ ਮਨਾਂ ਵਿਚ ਬਹੁਤ ਹੀ ਘੋਰ ਨ.ਫ਼ਰਤ ਸੀ ਜਿਨ੍ਹਾਂ ਨੇ ਕਥਿਤ ਤੌਰ 'ਤੇ ਉਨ੍ਹਾਂ ਦੀ *ਇੱਜ਼ਤ ਤੇ ਆਬਰੂ* ਖੋਹ ਲਈ ਸੀ। ਬਰਤਾਨਵੀਆਂ ਲਈ ਉਹ ਜੋ ਲਾਹਣਤੀ ਲ.ਫ਼ਜ਼ - *ਠੱਗ, ਬਦਮਾਸ਼, ਜ਼ਾਲਿਮ, ਦ.ਗ਼ੇਬਾਜ਼* ਆਦਿ - ਇਸਤੇਮਾਲ ਕਰਦੇ ਸਨ, ਅਤੇ ਰਾਜਭਗਤ *ਸਰਦਾਰਾਂ, ਰਾਏ ਬਹਾਦਰਾਂ, ਜ਼ੈਲਦਾਰਾਂ, ਨੰਬਰਦਾਰਾਂ* ਅਤੇ ਧਾਰਮਿਕ ਪੁਜਾਰੀਆਂ ਨੂੰ ਜਿਵੇਂ ਉਹ ਨਾਕਾਬਲੇਮੁਆ.ਫ਼ .ਗ਼ਦਾਰ ਕਰਾਰ ਦੇ ਕੇ ਉਨ੍ਹਾਂ ਦੀ ਭੰਡੀ ਕਰਦੇ ਸਨ, ਇਹ ਬਦੇਸ਼ੀ ਜੂਲਾ ਲਾਹੁਣ ਦੀ ਉਨ੍ਹਾਂ ਦੀ ਜਨੂੰਨੀ ਤਾਂਘ ਨੂੰ ਦਰਸਾਉਂਦੇ ਸਨ। "ਦੁੱਖਾਂ ਅਤੇ ਜ਼ਲਾਲਤ ਦੀ ਜ਼ਿੰਦਗੀ ਜਿਉਣ ਨਾਲੋਂ ਮਰਨਾ ਬਿਹਤਰ ਹੈ"। ਉਹ ਆਪਣੀਆਂ ਜਾਨਾਂ ਕੁਰਬਾਨ ਕਰਨ ਲਈ ਤਿਆਰ ਸਨ। ਜ਼ਿੰਦਗੀ ਦਾ ਉਨ੍ਹਾਂ ਲਈ ਫਿਰ ਹੀ ਕੋਈ ਮਾਇਨਾ ਸੀ ਜੇ ਉਹ .ਗ਼ੁਲਾਮੀ ਦੇ ਸਰਾਪ ਤੋਂ ਆਪਣੀ ਬੰਦ-ਖ਼ਲਾਸੀ ਕਰਾ ਲੈਣਗੇ। ਉਹ ਦ੍ਰਿੜ ਨਿਹਚਾ ਵਾਲੇ ਇਨਕਲਾਬੀ ਸਨ। ਜਾਨਾਂ ਵਾਰ ਕੇ ਅਤੇ ਜੇਲ੍ਹਾਂ ਵਿਚ ਮੁਸੀਬਤਾਂ ਝੱਲਕੇ ਉਨ੍ਹਾਂ ਨੇ ਇਸਦਾ ਜੋ ਮੁੱਲ ਤਾਰਿਆ ਉਹ ਬਹੁਤ ਜ਼ਿਆਦਾ ਸੀ। ਮਾਈਕਲ ਓਡਵਾਇਰ ਵਰਗੇ ਬਰਤਾਨਵੀ ਮਾਲਕ ਪੂਰੇ ਖ਼ੁਸ਼ ਸਨ ਕਿ

ਉਨ੍ਹਾਂ ਨੇ ਆਪਣੀ ਸੱਤਾ ਲਈ ਵੰਗਾਰ ਨੂੰ ਚਕਨਾਚੂਰ ਕਰ ਦਿੱਤਾ ਸੀ। ਉਹ ਨਹੀਂ ਸੀ ਜਾਣਦੇ ਕਿ ਇਕ ਐਸੀ ਭਾਵਨਾ ਵਧਦੀ ਜਾ ਰਹੀ ਸੀ ਜੋ ਬਦੇਸ਼ੀ ਗ਼ਲਬੇ ਦੇ ਖ਼ਿਲਾਫ਼ ਸੀ। ਜਿਸ ਨੈਤਿਕ ਵੱਕਾਰ ਨੂੰ ਉਨ੍ਹਾਂ ਦੇ ਰਾਜ ਦੀ ਵਾਜਬੀਅਤ ਸਮਝਿਆ ਜਾਂਦਾ ਸੀ ਉਹ ਖ਼ਤਮ ਹੋ ਰਿਹਾ ਸੀ।

ਗ਼ਦਰ ਲਹਿਰ ਦੀ ਵਿਰਾਸਤ ਅਤੇ ਇਸ ਦਾ ਬਸਤੀਵਾਦ ਵਿਰੋਧੀ ਚੇਤਨਾ ਦੇ ਵਧਾਰੇ-ਪਸਾਰੇ ਉਪਰ ਜੋ ਡੂੰਘਾ ਪ੍ਰਭਾਵ ਪਿਆ ਉਸ ਵੱਲ ਜ਼ਿਆਦਾ ਤਵੱਜੋ ਨਹੀਂ ਦਿੱਤੀ ਗਈ। ਸ਼ਾਇਦ ਇਸ ਪਾਸੇ ਨੂੰ ਅੱਖੋਂ ਪਰੋਖੇ ਕਰਨ ਦੀ ਵਜ੍ਹਾ ਇਸ ਤੱਥ ਵਿਚ ਮੌਜੂਦ ਹੈ ਕਿ ਲਹਿਰ ਪਰਦੇਸਾਂ ਵਿਚ ਜਥੇਬੰਦ ਕੀਤੀ ਗਈ ਸੀ। ਇਹ ਯੂਰਪ ਦੀ ਸਮਕਾਲੀ ਇਨਕਲਾਬੀ ਸੋਚਧਾਰਾ ਅਤੇ ਦੁਨੀਆ ਦੇ ਬਹੁਤ ਸਾਰੇ ਮੁਲਕਾਂ ਵਿਚ ਚੱਲ ਰਹੀਆਂ ਰੈਡੀਕਲ ਇਨਕਲਾਬੀ ਲਹਿਰਾਂ ਤੋਂ ਪ੍ਰਭਾਵਤ ਸੀ। ਗ਼ਦਰੀ ਇਨਕਲਾਬੀਆਂ ਦੀ ਬਸਤੀਵਾਦ ਵਿਰੋਧੀ ਜ਼ਿਹਨੀਅਤ ਹਿੰਦੁਸਤਾਨ ਦੇ ਸਿਆਸੀ ਹਲਕਿਆਂ ਅੰਦਰ ਪਾਏ ਜਾਂਦੇ ਰਵੱਈਏ ਤੋਂ ਸਿਫ਼ਤੀ ਤੌਰ 'ਤੇ ਵੱਖਰੀ ਸੀ। ਇਕ ਹੋਰ ਕਾਰਕ ਇਹ ਸੀ ਕਿ ਗ਼ਦਰ ਲਹਿਰ ਵਿਚ ਵੱਡੀ ਤਦਾਦ 'ਚ ਸ਼ਾਮਲ ਹੋਏ ਲੋਕਾਂ ਦਾ ਪਿਛੋਕੜ ਪੇਂਡੂ ਕਿਸਾਨੀ ਦਾ ਸੀ। ਸ਼ਹਿਰੀ ਅਤੇ ਸਿਆਸੀ ਤੌਰ 'ਤੇ ਪ੍ਰਬੁੱਧ ਹਿੱਸਾ ਗ਼ਦਰੀ ਇਨਕਲਾਬੀਆਂ ਨੂੰ ਦੀਵਾਨੇ ਗੰਵਾਰ ਸਮਝਦਾ ਸੀ ਜਿਨ੍ਹਾਂ ਨੂੰ "ਬਦੇਸ਼ਾਂ ਦੇ ਮੁਕਤੀ ਅਤੇ ਬਰਾਬਰੀ ਦੇ ਅਜੀਬ ਖ਼ਿਆਲਾਂ ਦੀ ਛੂਤ ਚਿੰਬੜੀ ਹੋਈ ਸੀ"। ਹਕੂਮਤ ਵਲੋਂ ਥੋਪੀ ਸੈਂਸਰਸ਼ਿਪ ਅਤੇ ਲੰਮਾ ਵਕਤ ਜਾਰੀ ਰਹੀ ਜੰਗ ਦੀਆਂ ਮੁਸ਼ਕਲਾਂ ਐਨੀਆਂ ਡਾਹਢੀਆਂ ਸਨ ਕਿ ਇਨ੍ਹਾਂ ਨੇ ਹਿੰਦੁਸਤਾਨੀ ਲੋਕਾਂ ਨੂੰ ਲਹਿਰ ਦੇ ਨਿਸ਼ਾਨਿਆਂ, ਬਰਤਾਨਵੀ ਕਬਜ਼ੇ ਵਿਰੁੱਧ ਇਖ਼ਲਾਕੀ ਰੋਹ ਦੇ ਜਜ਼ਬੇ ਅਤੇ ਇਨਕਲਾਬਪਸੰਦਾਂ ਦੇ ਹੌਸਲੇ ਤੇ ਕੁਰਬਾਨੀਆਂ ਦੀ ਜਾਣਕਾਰੀ ਹੀ ਨਹੀਂ ਹੋਣ ਦਿੱਤੀ ਗਈ। ਛੇਤੀ ਹੀ ਲੋਕਾਂ ਦਾ ਧਿਆਨ ਪਹਿਲਾਂ ਜੱਲਿਆਂਵਾਲਾ ਬਾਗ਼ ਕਤਲੇਆਮ ਵਰਗੀਆਂ ਅਨਰਥਕਾਰੀ ਘਟਨਾਵਾਂ ਅਤੇ ਫਿਰ ਗਾਂਧੀਵਾਦੀ ਨਾਮਿਲਵਰਤਣ ਲਹਿਰ ਨੇ ਮੱਲ ਲਿਆ। ਥੋੜ੍ਹੀ ਘੋਖਵੀਂ ਨਜ਼ਰ ਮਾਰਿਆਂ ਹੀ ਇਹ ਸਾਹਮਣੇ ਆ ਸਕਦਾ ਹੈ ਕਿ ਗ਼ਦਰ ਲਹਿਰ ਦੀ ਵਿਰਾਸਤ ਨੇ ਦਰਅਸਲ ਕਿਵੇਂ ਬਹੁਤ ਹੀ ਸੂਖ਼ਮ ਢੰਗ ਨਾਲ ਪੰਜਾਬ ਅੰਦਰ ਖ਼ਾਸ ਕਰਕੇ ਅਤੇ ਮੁਲਕ ਅੰਦਰ ਆਮ ਕਰਕੇ ਭਾਰੂ ਸਿਆਸੀ ਰਵੱਈਆਂ ਅਤੇ ਵਤੀਰੇ ਨੂੰ ਹੀ ਬਦਲ ਦਿੱਤਾ।

ਬਰਤਾਨਵੀ ਪ੍ਰਸ਼ਾਸਕਾਂ ਦੇ ਮਨਾਂ ਵਿਚ ਗ਼ਦਰੀ ਸੰਗਰਾਮ ਦਾ ਖ਼ੌਫ਼ਨਾਕ ਪ੍ਰਭਾਵ ਅਤੇ ਅੰਮ੍ਰਿਤਸਰ ਦੇ ਕਤਲੇਆਮ ਤੇ ਪੰਜਾਬ ਦੇ ਕਈ ਜ਼ਿਲ੍ਹਿਆਂ ਵਿਚ ਮਾਰਸ਼ਲ ਲਾਅ ਦੇ ਜ਼ੁਲਮਾਂ ਨਾਲ ਇਸਦਾ ਸਬੰਧ ਇਹ ਇਕ ਹੋਰ ਪਾਸਾਰ ਸੀ ਜੋ ਲਗਭਗ ਫੋਕਸ ਤੋਂ ਬਾਹਰ ਰਿਹਾ। 1857 ਦੇ ਗ਼ਦਰ ਵਲੋਂ ਬਰਤਾਨਵੀ ਸੱਤਾ ਨੂੰ ਦਿੱਤੀ ਵੱਡੀ ਚੁਣੌਤੀ ਅਤੇ ਬਾਗ਼ੀਆਂ ਵਲੋਂ ਕਾਨਪੁਰ ਵਿਚ ਵੱਡੀ ਤਾਦਾਦ 'ਚ "ਸਵਾਮੀ ਨਸਲ" ਦੇ ਮਰਦਾਂ, ਔਰਤਾਂ ਅਤੇ ਬੱਚਿਆਂ ਦੇ ਕਤਲੇਆਮ ਦੀਆਂ ਯਾਦਾਂ ਅੰਗਰੇਜ਼ਾਂ ਲਈ ਡਰਾਉਣਾ ਸੁਪਨਾ ਬਣੀਆਂ ਹੋਈਆਂ ਸਨ। ਜਨਰਲ ਹੈਵਲਾਕ ਅਤੇ ਕਰਨਲ ਜੇਮਜ਼ ਨੀਲ ਵਰਗੇ ਬਰਤਾਨੀ ਫ਼ੌਜੀ ਅਫ਼ਸਰਾਂ ਦੀਆਂ ਬਦਲਾਲਊ ਕਾਰਵਾਈਆਂ ਇਸ ਤਰੀਕੇ ਨਾਲ ਵਿਉਂਤੀਆਂ ਗਈਆਂ ਸਨ ਕਿ ਵਹਿਸ਼ਤ ਦਾ ਅਸਧਾਰਨ ਅਸਰ ਪਵੇ। ਉਹ ਤਲਵਾਰ ਅਤੇ ਬੰਦੂਕ ਨਾਲ ਰਾਜ ਕਰਨਗੇ। ਉਨ੍ਹਾਂ ਨੇ ਇਹੀ ਸਬਕ ਲਿਆ ਸੀ। ਫਿਰ ਵੀ

ਬਰਤਾਨਵੀਆਂ ਦੇ ਮਨਾਂ ਵਿਚ ਖ਼ੌਫ਼ ਘਰ ਕਰ ਗਿਆ। ਆਪਣੇ ਘਰੋਂ ਹਿੰਦੁਸਤਾਨ ਵਿਚ ਨੌਕਰੀ ਲਈ ਆਉਣ ਵਾਲਾ ਕੋਈ ਵੀ ਅੰਗਰੇਜ਼ ਰੋਹ ਭਰੇ ਗ਼ੁਲਾਮਾਂ ਦੀ ਵਹਿਸ਼ਤ ਦੇ ਮਨ 'ਚ ਛੁਪੇ ਭੈਅ ਤੋਂ ਰਹਿਤ ਨਹੀਂ ਸੀ ਹੋ ਸਕਦਾ। ਜਦੋਂ ਵੀ.ਡੀ. ਸਾਵਰਕਰ ਅਤੇ ਹੋਰ ਹਿੰਦੁਸਤਾਨੀ ਇਨਕਲਾਬੀਆਂ ਨੇ "ਹਿੰਦੁਸਤਾਨ ਦੀ ਜੰਗੇ-ਆਜ਼ਾਦੀ" ਵਜੋਂ ਇਸ ਦੀ ਜੈ-ਜੈਕਾਰ ਕਰਦੇ ਹੋਏ 10 ਮਈ 1907 ਨੂੰ ਲੰਦਨ ਵਿਚ ਗੋਲਡਨ ਜੁਬਲੀ ਮਨਾਈ ਤਾਂ ਉਨ੍ਹਾਂ ਦੇ ਕੰਨ ਖੜ੍ਹੇ ਹੋ ਗਏ। ਲਿਹਾਜ਼ਾ, ਉਸ ਵਕਤ ਜਦੋਂ ਸਰਦਾਰ ਅਜੀਤ ਸਿੰਘ ਅਤੇ ਲਾਲਾ ਲਾਜਪਤ ਰਾਏ ਨੇ ਪੰਜਾਬ ਵਿਚ ਕੁਝ ਕਿਸਾਨ ਵਿਰੋਧੀ ਕਦਮਾਂ ਦੇ ਬਰਖ਼ਿਲਾਫ਼ ਕਿਸਾਨਾਂ ਦੇ ਪੁਰਅਮਨ ਜਨਤਕ ਇਕੱਠਾਂ ਨੂੰ ਸੰਬੋਧਨ ਕੀਤਾ, ਤਾਂ ਲੰਦਨ ਵਿਚ ਅੰਗਰੇਜ਼ੀ ਅਖ਼ਬਾਰਾਂ ਨੂੰ ਪਿੱਸੂ ਪੈ ਗਏ। ਉਹ ਇਹ ਸਲਾਹ ਦੇ ਕੇ ਬਰਤਾਨੀਆ ਦੀ ਹਕੂਮਤ ਨੂੰ ਹਿੰਦੁਸਤਾਨ ਵਿਚ ਫ਼ੌਜੀ ਕੁਮਕ ਭੇਜਣ ਲਈ ਕਹਿ ਰਹੇ ਸਨ ਕਿ "ਫ਼ੌਜੀ ਬਗ਼ਾਵਤ ਦੀਆਂ ਭਿਆਨਕ ਘਟਨਾਵਾਂ ਦੁਹਰਾਈਆਂ ਜਾਣਗੀਆਂ" (ਐੱਨ.ਗਾਰੌਰ 1965:35-36)। 1818 ਦੇ ਜੰਗਾਲ ਲੱਗੇ ਬੰਗਾਲ ਐਕਟ ਤੀਜੇ ਤਹਿਤ ਦੋਵਾਂ ਆਗੂਆਂ ਦੀ ਜਲਾਵਤਨੀ ਇਸ ਦੀ ਲਖਾਇਕ ਸੀ। ਲਿਹਾਜ਼ਾ, ਜਦੋਂ ਪਹਿਲੀ ਨਵੰਬਰ 1913 ਨੂੰ ਆਪਣੇ ਆਗਾਜ਼ ਮੌਕੇ ਗ਼ਦਰ ਨੇ ਡੰਕੇ ਦੀ ਚੋਟ ਨਾਲ ਐਲਾਨ ਕੀਤਾ ਕਿ ਇਸਦਾ ਨਾਂ "ਗ਼ਦਰ" ਹੈ, ਕਿ ਇਹ "ਅੰਗਰੇਜ਼ੀ ਰਾਜ ਦਾ ਦੁਸ਼ਮਨ" ਹੈ ਅਤੇ ਕਿ ਇਸ ਦਾ ਮਨੋਰਥ ਇਕ ਹੋਰ ਗ਼ਦਰ ਮਚਾਉਣਾ ਹੈ, ਤਾਂ ਇਸਨੇ ਉਨ੍ਹਾਂ ਦੇ ਮਨ ਵਿਚ ਬੈਠੇ ਭੈਅ ਦਾ ਘੋੜਾ ਦਬਾ ਦਿੱਤਾ। ਚਾਹੇ ਓਡਵਾਇਰ ਵਰਗੇ ਬਰਤਾਨਵੀ ਪ੍ਰਸ਼ਾਸਕਾਂ ਨੇ ਤੈਅਸ਼ੁਦਾ ਗ਼ਦਰ ਨੂੰ ਕੁਚਲ ਦੇਣ ਅਤੇ ਇਨਕਲਾਬਪਸੰਦਾਂ ਨੂੰ ਬਹੁਤ ਹੀ ਬਦਲਾਲਊ ਸਜ਼ਾਵਾਂ ਦਿੱਤੇ ਜਾਣ ਦੇ ਜਸ਼ਨ ਮਨਾਏ, ਫਿਰ ਵੀ ਗ਼ਦਰੀ ਦੇਸ਼ਭਗਤਾਂ ਦੇ ਅਡੋਲ ਹੌਸਲੇ ਅਤੇ ਵਚਨਬੱਧਤਾ ਨੂੰ ਦੇਖਕੇ ਹਾਕਮਾਂ ਦੇ ਜ਼ਿਹਨ ਵਿਚ ਇਕ ਹੋਰ ਹਥਿਆਰਬੰਦ ਗ਼ਦਰ ਦਾ ਖ਼ੌਫ਼ ਬੈਠ ਗਿਆ। ਇਸ ਖ਼ੌਫ਼ ਦੇ ਲੱਛਣ ਰੌਲਟ ਕਮੇਟੀ ਦੀ ਰਿਪੋਰਟ (1918) ਅਤੇ ਇਸ ਦੀਆਂ ਸਿਫ਼ਾਰਸ਼ਾਂ ਤੋਂ ਜ਼ਾਹਰ ਸਨ। ਮਹਾਤਮਾ ਗਾਂਧੀ, ਜੋ ਓਦੋਂ ਤਕ ਅੰਗਰੇਜ਼ੀ ਫ਼ੌਜ ਲਈ ਭਰਤੀ ਦੀ ਮੁਹਿੰਮ ਚਲਾਉਣ ਵਾਲਾ ਬਹੁਤ ਹੀ ਉੱਘਾ ਨਾਂ ਸੀ, ਉਸਨੇ ਜਦੋਂ ਅਖ਼ਬਾਰ ਵਿਚ ਕਮੇਟੀ ਦੀਆਂ ਸਿਫ਼ਾਰਸ਼ਾਂ ਪੜ੍ਹੀਆਂ ਤਾਂ ਉਸ ਦਾ "ਤ੍ਰਾਹ ਨਿਕਲ ਗਿਆ" ਸੀ।

ਰੌਲਟ ਐਕਟ ਵਿਰੁੱਧ ਜਨਤਕ ਰੋਸ-ਮੁਜ਼ਾਹਰਿਆਂ ਅਤੇ ਹੜਤਾਲ ਦੇ ਵਕਤ ਅੰਗਰੇਜ਼ਾਂ ਦੇ ਮਨਾਂ ਅਤੇ ਅੰਮ੍ਰਿਤਸਰ ਵਿਖੇ ਸਿਵਲ ਲਾਈਨਜ਼ ਅਤੇ ਛਾਉਣੀ ਦੇ ਇਲਾਕਿਆਂ ਵਿਚ ਰਹਿ ਰਹੀਆਂ ਗੋਰੀਆਂ ਔਰਤਾਂ ਤੇ ਬੱਚਿਆਂ ਦੇ ਚਿਹਰਿਆਂ ਉਪਰ ਜ਼ਾਹਰਾ ਭੈਅ ਬਾਰੇ ਬਹੁਤਾ ਕੁਝ ਸਾਹਮਣੇ ਨਹੀਂ ਆਇਆ ਜਾਂ ਲਿਖਿਆ ਨਹੀਂ ਗਿਆ। ਆਪਣੇ ਜਵਾਕਾਂ ਨੂੰ ਹਿੱਕ ਨਾਲ ਲਾਈ ਚੀਕ ਰਹੀਆਂ ਪੀਲੇ ਭੂਕ ਚਿਹਰਿਆਂ ਵਾਲੀਆਂ ਮੇਮਾਂ ਦੀ ਨਿੱਜੀ ਖ਼ਤੋ-ਕਿਤਾਬਤ ਵਿਚ ਬਿਆਨ ਕੀਤੇ ਵੇਰਵੇ ਇਕ ਹੋਰ ਕਾਨਪੁਰ ਦੁਹਰਾਏ ਜਾਣ ਦੇ ਹਊਏ ਦੀ ਬਾਤ ਪਾਉਂਦੇ ਹਨ। ਇਸ ਨਾਲ ਜਨਰਲ ਡਾਇਰ ਅਤੇ ਸਰ ਮਾਈਕਲ ਫਰਾਂਸਿਸ ਓਡਵਾਇਰ ਪਾਗਲ ਹੋ ਉੱਠੇ ਅਤੇ ਬਿਨਾ ਚੇਤਾਵਨੀ ਦਿੱਤੇ ਅੰਮ੍ਰਿਤਸਰ ਦੇ ਜੱਲਿਆਂਵਾਲਾ ਬਾਗ਼ ਵਿਚ ਘਿਰੇ ਹਜ਼ਾਰਾਂ ਬੇਗੁਨਾਹ ਲੋਕਾਂ

ਉਪਰ ਉਦੋਂ ਤਕ ਗੋਲੀਆਂ ਚਲਾਉਂਦੇ ਰਹੇ ਜਦੋਂ ਤਕ ਪੂਰਾ ਗੋਲੀ-ਬਾਰੂਦ ਮੁੱਕ ਨਹੀਂ ਗਿਆ। ਮਾਰਸ਼ਲ ਲਾਅ ਦੌਰਾਨ ਅੰਮ੍ਰਿਤਸਰ ਦੀਆਂ ਸੜਕਾਂ ਉਪਰ "ਰੀਂਗਕੇ ਜਾਣ ਦੇ ਹੁਕਮ" ਅਤੇ ਪੰਜਾਬ ਦੇ ਕਈ ਹਿੱਸਿਆਂ ਵਿਚ ਸੈਂਕੜੇ ਬੇਕਸੂਰ ਲੋਕਾਂ ਨੂੰ ਸ਼ਰੇਆਮ ਬੇਰਹਿਮੀ ਨਾਲ ਕੋੜੇ ਮਾਰੇ ਜਾਣ ਦੇ ਜ਼ੁਲਮ ਤਾਂ ਹੋਰ ਵੀ ਵਹਿਸ਼ੀ ਸਨ। *ਰਾਜ* ਦਾ ਪਾਗਲ ਹੋਇਆ ਚਿਹਰਾ ਦੱਸਦਾ ਸੀ ਕਿ ਇਹ ਬੁਰੀ ਤਰ੍ਹਾਂ ਬੁਖਲਾਇਆ ਹੋਇਆ ਸੀ। ਇਹ ਹੈਰਾਨੀਜਨਕ ਨਹੀਂ ਸੀ ਜਦੋਂ ਸਰ ਜੇਮਜ਼ ਹਿਊਜ਼ਮੇ ਡੂ ਬਾਓਲੇ ਨੇ, ਜੋ ਹਕੂਮਤ-ਏ ਹਿੰਦ ਦੇ ਗ੍ਰਹਿ ਵਿਭਾਗ ਵਿਚ ਲੰਮਾ ਸਮਾਂ ਸਕੱਤਰ ਰਿਹਾ ਸੀ, ਅਮਰੀਕਾ ਵਿਚ ["ਘਬਰਾਏ ਹੋਏ"] ਗੋਬਿੰਦ ਬਿਹਾਰੀ ਲਾਲ ਨੂੰ ਦੱਸਿਆ ਕਿ "ਅੰਮ੍ਰਿਤਸਰ ਕਤਲੇਆਮ ਦੀ ਪੈੜ ਗ਼ਦਰ ਲਹਿਰ ਤਕ ਨੱਪੀ ਜਾ ਸਕਦੀ ਸੀ"। ਲਾਲ ਅਨੁਸਾਰ, "[ਡੂ ਬਾਓਲੇ] ਨੇ ਕਿਹਾ ਕਿ ਅੰਗਰੇਜ਼ਾਂ ਨੇ ਇਸ ਕਰਕੇ ਗੋਲੀਆਂ ਚਲਾਈਆਂ ਕਿਉਂਕਿ ਉਹ ਸਾਨ ਫਰਾਂਸਿਸਕੋ ਵਿਚ ਲਿਖੀ ਸਾਡੀ ਪ੍ਰਚਾਰ ਸਮੱਗਰੀ ਤੋਂ ਭੈਭੀਤ ਹੋ ਗਏ ਸਨ।" (ਬਰਾਊਨ 1975:201-202)

ਗ਼ਦਰ ਲਹਿਰ ਦੇ ਪ੍ਰਭਾਵ ਦਾ ਇਕ ਪਾਸਾਰ ਲੋਕਾਂ ਦੇ ਦਿਲੋ-ਦਿਮਾਗਾਂ ਵਿਚ, ਖ਼ਾਸ ਕਰਕੇ ਪੰਜਾਬ ਅੰਦਰ, ਆਇਆ ਬਹੁਤ ਹੀ ਸੂਖ਼ਮ ਬਦਲਾਓ ਸੀ - ਇਹ ਸੀ ਬਸਤੀਵਾਦ ਵਿਰੋਧੀ ਚੇਤਨਾ ਦਾ ਵਧਣਾ। ਮਹਾਤਮਾ ਗਾਂਧੀ ਨੇ ਰੋਹ ਅਤੇ ਨਫ਼ਰਤ ਦੀ ਆਪਣੀ ਨਿਆਰੀ ਭਾਸ਼ਾ ਵਿਚ ਬਰਤਾਨਵੀ ਰਾਜ ਨੂੰ "ਰਾਖ਼ਸ਼ ਰਾਜ" ਕਿਹਾ। 1920 ਦੇ ਅਖ਼ੀਰ ਵਿਚ ਵਿਦਿਆਰਥੀਆਂ ਨੂੰ ਆਪਣੇ ਇਕ ਸੰਬੋਧਨ ਵਿਚ, ਉਸਨੇ ਮੰਨਿਆ:

"ਤੁਹਾਨੂੰ ਸੱਚ ਦੱਸਾਂ ਮੈਂ ਤਾਂ ਐਸੇ ਰਾਜ ਦੇ ਅਧੀਨ ਰਹਿਣਾ ਵੀ ਨਹੀਂ ਚਾਹੁੰਦਾ। ਜੇ ਇਸ ਨੂੰ ਪੂਰੀ ਤਰ੍ਹਾਂ ਤਿਆਗਣਾ ਸੰਭਵ ਹੁੰਦਾ ਤਾਂ ਮੈਂ ਇੰਞ ਕਰ ਦਿੰਦਾ.... ਮੈਂ ਨਿਸ਼ਚਿਤ ਤੌਰ 'ਤੇ ਕਹਿ ਸਕਦਾ ਹਾਂ ਕਿ ਚੌਂਤੋ ਪਹਿਰ ਮੈਨੂੰ ਇਸ ਦਾ ਨਾਸ਼ ਕਰ ਦੇਣ ਜਾਂ ਇਸ ਵਿਚ ਸੁਧਾਰ ਲਿਆਉਣ ਦਾ ਖ਼ਿਆਲ ਆਉਂਦਾ ਰਹਿੰਦਾ ਹੈ।...ਇਸ ਬਾਬਤ ਤੁਹਾਡੇ ਲਈ ਜੋ ਭੀ ਸੰਭਵ ਹੈ ਤੁਹਾਨੂੰ ਲਾਜ਼ਮੀ ਕਰਨਾ ਚਾਹੀਦਾ ਹੈ।" (ਮਹਾਤਮਾ ਗਾਂਧੀ ਸਮੁੱਚੀਆਂ ਰਚਨਾਵਾਂ, ਜਿਲਦ 22, 15 ਨਵੰਬਰ 1920 - 5 ਅਪ੍ਰੈਲ 1921:23)

ਇਸ ਤਰ੍ਹਾਂ ਦੀ ਨਫ਼ਰਤ ਹਰਦਿਆਲ ਵਲੋਂ *ਗ਼ਦਰ* ਵਿਚ ਲਿਖੀਆਂ ਲਿਖਤਾਂ ਅਤੇ ਗ਼ਦਰੀ ਇਨਕਲਾਬੀਆਂ ਵਲੋਂ ਗਾਈਆਂ ਜਾਂਦੀਆਂ ਗ਼ਦਰ ਕਵਿਤਾਵਾਂ ਪਿਛਲੀ ਭਾਵਨਾ ਤੋਂ ਬਹੁਤੀ ਵੱਖਰੀ ਨਹੀਂ ਸੀ। ਗਾਂਧੀ ਬਰਤਾਨਵੀ ਰਾਜ ਵਿਰੁੱਧ ਨੈਤਿਕ ਨਾਰਾਜ਼ਗੀ ਦੇ ਇਸ ਪੱਧਰ ਤਕ ਜੰਗ ਦੇ ਅੰਤ 'ਚ ਅਤੇ ਰੌਲਟ ਐਕਟ ਦਾ ਨੋਟੀਫੀਕੇਸ਼ਨ ਹੋ ਜਾਣ ਤੇ ਜੱਲ੍ਹਿਆਂਵਾਲਾ ਬਾਗ਼ ਕਤਲੇਆਮ ਤੋਂ ਬਾਅਦ ਪਹੁੰਚਿਆ। ਪ੍ਰਦੇਸਾਂ ਵਿਚ ਰਹਿ ਰਹੇ ਮੋਹਰੀ ਇਨਕਲਾਬੀਆਂ ਵਿਚ ਅਜਿਹੀ ਮਜ਼ਬੂਤ ਭਾਵਨਾ ਅਤੇ ਦ੍ਰਿੜ ਵਿਸ਼ਵਾਸ ਬਹੁਤ ਸਾਲ ਪਹਿਲਾਂ ਜੜ੍ਹਾਂ ਲਾ ਚੁੱਕਾ ਸੀ। ਗ਼ਦਰੀਆਂ ਦੀ ਬੋਲ-ਕੁਬੋਲ ਵਾਲੀ ਸ਼ਬਦਾਵਲੀ ਨਫ਼ਰਤ ਅਤੇ ਬਦਲੇ ਦੀ ਭਾਵਨਾ ਨਾਲ ਲਬਰੇਜ਼ ਸੀ; ਉਹ ਹਿੰਸਕ ਹਮਲਿਆਂ ਅਤੇ ਆਪਣੀਆਂ ਜਾਨਾਂ ਵਾਰਨ ਲਈ ਵਚਨਬੱਧ ਸਨ। ਉਨ੍ਹਾਂ ਦੀਆਂ ਭਾਵੁਕ ਕਾਰਵਾਈਆਂ ਵਿਚ ਜਾਬਰ ਦੇ ਖ਼ਿਲਾਫ਼ ਕਿਸਾਨਾਂ ਦੇ ਰੋਹ-ਫੁਟਾਰੇ ਵਾਲਾ

ਅੱਖੜਪੁਣਾ ਸੀ। ਉਨ੍ਹਾਂ ਦੇ ਮੁਕੰਮਲ ਆਜ਼ਾਦੀ ਅਤੇ ਗਣਰਾਜ ਹਕੂਮਤ ਦੇ ਖ਼ਿਆਲਾਂ ਬਾਰੇ ਮੰਨਿਆ ਜਾ ਸਕਦਾ ਸੀ ਕਿ ਉਹ ਬਹੁਤ ਅੱਗੇ ਵਧੇ ਹੋਏ ਜਾਂ ਸੁਪਨ-ਸੰਸਾਰ ਵਾਲੇ ਸਨ ਅਤੇ ਹਿੰਦੁਸਤਾਨ ਵਿਚ ਪ੍ਰਚਲਤ ਸਿਆਸੀ ਭਾਵਨਾ ਨਾਲ ਮੇਲ ਨਹੀਂ ਖਾਂਦੇ ਸਨ। ਪਰ ਇਸ ਦੀ ਜੜ੍ਹ ਵਿਚ ਨਾਰਾਜ਼ਗੀ ਦਾ ਜੋ ਵਲਵਲਾ ਸੀ – ਐਸੀ ਜ਼ਾਲਮ ਬਦੇਸ਼ੀ ਹਕੂਮਤ ਹੇਠ ਰਹਿਣ ਨਾਲੋਂ ਲੜਨਾ ਤੇ ਮਰਨਾ ਬਿਹਤਰ ਹੈ – ਇਹ ਕਿਸੇ ਵੀ ਤਰ੍ਹਾਂ ਉਸ ਤੋਂ ਵੱਖਰਾ ਨਹੀਂ ਸੀ ਜਿਸ ਦਾ ਇਜ਼ਹਾਰ ਗਾਂਧੀ ਨੇ ਖੁੱਲ੍ਹਕੇ ਕੀਤਾ।

ਇਕ ਸਮੇਂ ਦੌਰਾਨ, ਉਸ ਭਾਵਨਾ ਦੇ ਸਭਿਆਚਾਰਕ ਫੈਲਾਅ ਨਾਲ ਪੰਜਾਬ ਵਿਚ ਅਹਿਮ ਬਦਲਾਓ ਆਇਆ। ਆਲਮੀ ਜੰਗ ਦੇ ਅਖ਼ੀਰ 'ਚ, ਵਿਹਾਰਕ ਤੌਰ 'ਤੇ ਕੁਲ ਅਹਿਮ ਫ਼ੌਜੀ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਸੂਬੇ ਵਲੋਂ ਸਲਤਨਤ ਦੀ ਅਡੋਲ ਵਫ਼ਾਦਾਰੀ ਅਤੇ ਇਸ ਦੀ ਖ਼ਿਦਮਤ ਵਿਚ ਸਵੈਇੱਛਾ ਨਾਲ ਪਾਏ ਖ਼ਾਸ ਤੌਰ 'ਤੇ ਵੱਡੇ ਯੋਗਦਾਨ ਨੂੰ ਗਰਮਜੋਸ਼ੀ ਨਾਲ ਸਲਾਹਿਆ ਸੀ। ਪੰਜਾਬ ਨੂੰ "ਰੱਖਿਆ ਕਰਨ ਵਾਲੇ ਰਾਜ" ਵਜੋਂ ਪੂਰਾ ਧਿਆਨ ਦੇ ਕੇ ਉਸਾਰਿਆ ਗਿਆ ਸੀ ਅਤੇ ਇਸ ਨੂੰ "ਸੁਲਤਾਨ ਦੀ ਖੜਗ-ਭੁਜਾ" ਮੰਨਿਆ ਜਾਂਦਾ ਸੀ। ਫ਼ੌਜੀ ਇਤਿਹਾਸ ਦੇ ਆਪਣੇ ਅਹਿਮ ਵੇਰਵੇ, *ਪੰਜਾਬ ਅਤੇ ਜੰਗ*, ਵਿਚ ਐੱਮ.ਐੱਸ. ਲੇਹ ਦਿਖਾਉਂਦਾ ਹੈ ਕਿ 1914 ਦੇ ਅਖ਼ੀਰ 'ਚ ਪੰਜਾਬ ਦੇ 88,438 ਸਿਪਾਹੀਆਂ ਦੇ ਮੁਕਾਬਲੇ, ਇਸ ਵਿਚ 282171 ਨਵੇਂ ਰੰਗਰੂਟਾਂ ਸ਼ਾਮਲ ਹੋਣ ਨਾਲ 1915-1918 ਦੌਰਾਨ ਇਹ ਤਾਦਾਦ ਵਧਕੇ 370,609 ਹੋ ਗਈ ਸੀ [ਲੇਹ 1922:44] ਇਸ ਦਾ ਖ਼ਾਸ ਸਿਹਰਾ ਲੈਫਟੀਨੈਂਟ ਗਵਰਨਰ ਸਰ ਮਾਈਕਲ ਓਡਵਾਇਰ ਨੂੰ ਜਾਂਦਾ ਸੀ, ਜੋ "ਅਸਲ ਵਿਚ ਸਮੁੱਚੇ ਸੂਬੇ ਦੇ ਯਤਨਾਂ ਦਾ ਮੁੱਖ ਹੁਲਾਰਾ ਸੀ"। ਲੇਹ ਅਨੁਸਾਰ, "ਉਸਦਾ [ਓਡਵਾਇਰ ਦਾ] ਪੰਜਾਬ ਤੋਂ ਭਰੋਸਾ ਕਦੇ ਵੀ ਨਹੀਂ ਡੋਲਿਆ; ਸੂਬੇ ਨੂੰ ਕੀ ਕਰਨ ਲਈ ਕਿਹਾ ਜਾ ਸਕਦਾ ਸੀ ਬਾਬਤ ਉਸ ਦੇ ਅੰਦਾਜ਼ੇ ਤੋਂ ਸੁਚੇਤ ਲੋਕ ਹੱਕੇ-ਬੱਕੇ ਰਹਿ ਗਏ; ਪਰ ਸੂਬੇ ਨੇ ਉਸਨੂੰ ਸਹੀ ਸਾਬਤ ਕੀਤਾ" (ਉਹੀ: 29)। ਓਡਵਾਇਰ ਜਾਣਦਾ ਸੀ ਕਿ 90ਫ਼ੀਸਦੀ ਤੋਂ ਵੱਧ ਗ਼ਦਰੀ ਸਿੱਖ ਭਾਈਚਾਰੇ, ਮੁੱਖ ਤੌਰ 'ਤੇ ਜੱਟ ਸਿੱਖ, ਸਨ। ਲਿਹਾਜ਼ਾ ਇਹ ਉਸਦੀ ਹਉਮੈਂ ਨੂੰ ਖ਼ਾਸ ਤੌਰ 'ਤੇ ਵਧਾਉਂਦਾ ਸੀ ਕਿ "ਜੱਟ ਸਿੱਖਾਂ ਨੇ ਆਪਣੇ ਭਰਤੀ ਦੇ ਕਾਬਲ ਬੰਦਿਆਂ ਦੀ ਬਹੁਤ ਹੀ ਉੱਚੀ ਫ਼ੀਸਦੀ [30ਫ਼ੀਸਦੀ ਅਤੇ ਕੁਝ ਜ਼ਿਲ੍ਹਿਆਂ ਵਿਚ ਇਸ ਤੋਂ ਵੱਧ] ਫ਼ੌਜ ਵਿਚ ਭੇਜੀ" (ਉਹੀ: 50)। ਇਸ ਭਾਈਚਾਰੇ ਨੂੰ "ਮਾਰਸ਼ਲ ਨਸਲ" ਦੀ ਬਹੁਤ ਵੱਡੀ ਪਛਾਣ ਦਿੱਤੀ ਗਈ ਸੀ। ਦਰਅਸਲ, ਹੁਕਮਰਾਨਾਂ ਨੇ ਸਿੱਖ ਭਾਈਚਾਰੇ ਨੂੰ ਅਲੱਗ "ਕੌਮ" ਬਣਾਉਣ ਦਾ ਸਿਹਰਾ ਆਪਣੇ ਸਿਰ ਬੰਨ੍ਹਿਆ। ਬਰਤਾਨਵੀ ਰਾਜ ਦੀ ਸੇਵਾ ਵਿਚ ਆਪਣੀ ਬਹਾਦਰੀ ਦੀ ਸਵੈ-ਵਡਿਆਈ ਅਤੇ ਅਡੋਲ ਵਫ਼ਾਦਾਰੀ ਕਰਕੇ ਇਸ ਦੀ ਬਹੁਤ ਕਦਰ ਕੀਤੀ ਜਾਂਦੀ ਸੀ। ਗ਼ਦਰੀ ਇਨਕਲਾਬੀਆਂ ਦਾ ਖ਼ੁਰਾ ਨੱਪਣ ਲਈ ਸਿੱਖ ਕੁਲੀਨ ਵਰਗ ਵਲੋਂ ਬਣਾਈਆਂ ਖ਼ਾਸ ਕਮੇਟੀਆਂ ਦਾ ਯੋਗਦਾਨ ਵੀ ਬਰਤਾਨਵੀਆਂ ਲਈ ਘੱਟ ਅਹਿਮ ਨਹੀਂ ਸੀ। ਹਕੂਮਤ ਵਲੋਂ ਥਾਪੇ ਪਾਵਨ ਧਾਰਮਿਕ ਅਸਥਾਨਾਂ ਦੇ ਪੁਜਾਰੀਆਂ ਅਤੇ ਪ੍ਰਬੰਧਕਾਂ, ਅਤੇ ਨਾਲ ਹੀ ਸ਼ਹਿਰੀ ਪੜ੍ਹੇ-ਲਿਖੇ ਕੁਲੀਨ ਵਰਗ ਨੇ ਜੰਗ ਵਿਚ ਭਾਈਚਾਰੇ ਨੂੰ ਵਫ਼ਾਦਾਰੀ ਅਤੇ ਕੁਰਬਾਨੀਆਂ ਲਈ ਮਿਲੇ "ਖ਼ਾਸ ਮਾਣ-

ਤਾਣ" ਦੇ ਜਸ਼ਨ ਮਨਾਏ। ਸਿੱਖ ਕੁਲੀਨ ਵਰਗ ਵਲੋਂ ਅੰਗਰੇਜ਼ਾਂ ਦੀ ਤਾਬਿਆਦਾਰੀ ਨੇ ਓਦੋਂ ਹੋਰ ਵੀ ਨਿਵਾਣਾਂ ਛੂਹ ਲਈਆਂ ਜਦੋਂ ਜੱਲ੍ਹਿਆਂਵਾਲਾ ਬਾਗ਼ ਕਤਲੇਆਮ ਤੋਂ ਮਹਿਜ਼ ਦੋ ਹਫ਼ਤੇ ਬਾਅਦ ਹੀ ਹਰਿਮੰਦਰ ਸਾਹਿਬ ਦੇ ਸਰਬਰਾਹ ਅਰੂੜ ਸਿੰਘ ਨੇ "ਅੰਮ੍ਰਿਤਸਰ ਦੇ ਬੁੱਚੜ" ਜਨਰਲ ਰੇਜਨਾਲਡ ਡਾਇਰ ਅਤੇ ਉਸਦੇ ਬ੍ਰਿਗੇਡ ਮੇਜਰ ਕੈਪਟਨ ਬਰਿੱਗਸ ਨੂੰ "ਖ਼ਾਸ ਸਨਮਾਨ" ਲਈ ਸੱਦਾ ਦਿੱਤਾ। ਜਨਰਲ ਡਾਇਰ ਦੇ ਜੀਵਨੀ-ਲੇਖਕ ਨਾਈਜਲ ਕੌਲਿਟ ਅਨੁਸਾਰ, ਉਨ੍ਹਾਂ ਨੂੰ "ਮਾਣਯੋਗ ਸਿੱਖ ਬਣਾਏ ਜਾਣ ਦਾ ਅਲੋਕਾਰ ਸਨਮਾਨ ਦਿੱਤਾ ਗਿਆ, ਦਸਤਾਰ ਅਤੇ *ਕਿਰਪਾਨ* ਸਮੇਤ ਉਨ੍ਹਾਂ ਨੂੰ ਸਿੱਖ ਅਕੀਦੇ ਦੇ ਚਿੰਨ੍ਹ ਭੇਂਟ ਕੀਤੇ ਗਏ ਅਤੇ *ਸਿਰੋਪਾਓ* ਦਿੱਤਾ ਗਿਆ"। ਇਸ ਘਟਨਾ ਨੇ ਵਿਆਪਕ ਖ਼ਾਮੋਸ਼ ਨਫ਼ਰਤ ਨੂੰ ਜਨਮ ਦਿੱਤਾ। ਇਸਨੇ ਭਾਈਚਾਰੇ ਦੀ ਪਤਿਤ ਤੇ ਭ੍ਰਿਸ਼ਟਾਚਾਰੀ ਲੀਡਰਸ਼ਿਪ ਅਤੇ ਨਾਲ ਹੀ ਫਿਰੰਗੀ ਰਾਜ ਦੇ ਵਿਰੁੱਧ ਗੁੱਸੇ ਦੇ ਡੂੰਘੇ ਕੁੰਡ ਵਿਚ ਹਲਚਲ ਮਚਾ ਦਿੱਤੀ। ਗ਼ਦਰੀ ਦੇਸ਼ਭਗਤਾਂ ਵਲੋਂ ਛੱਟਾ ਦਿੱਤੇ ਜਿਨ੍ਹਾਂ ਖ਼ਿਆਲਾਂ ਤੇ ਭਾਵਨਾਵਾਂ ਨੂੰ ਪਹਿਲਾਂ ਜਨੂੰਨ ਸਮਝਿਆ ਜਾਂਦਾ ਸੀ, ਉਹ ਅਹਿਮੀਅਤ ਅਖ਼ਤਿਆਰ ਕਰਨ ਲੱਗੇ ਅਤੇ ਦਿਲਾਂ ਨੂੰ ਮੋਹਣ ਲੱਗੇ। ਪਿੰਡਾਂ ਵਿਚ ਉਨ੍ਹਾਂ ਦੀਆਂ ਕੁਰਬਾਨੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਵੱਲੋਂ ਝੱਲੀਆਂ ਮੁਸੀਬਤਾਂ ਨੂੰ ਚੇਤੇ ਕੀਤਾ ਜਾਣ ਲੱਗਾ। ਇਹ ਉੱਘੀ ਵਫ਼ਦਾਰੀ ਦੇ ਅੰਤ ਦੇ ਆਗਾਜ਼ ਦਾ ਸੰਕੇਤ ਸੀ। ਗੁਰਦੁਆਰਿਆਂ ਨੂੰ ਬਰਤਾਨਵੀਆਂ ਦੇ ਕਬਜ਼ੇ 'ਚੋਂ ਆਜ਼ਾਦ ਕਰਾਉਣ ਲਈ ਹਰਮਨਪਿਆਰੇ ਸੰਘਰਸ਼ ਦੇ ਰੂਪ 'ਚ ਰੋਸ-ਵਿਖਾਵਾ ਸ਼ੁਰੂ ਹੋ ਗਿਆ। ਇਸ ਮਨੋਰਥ ਲਈ ਦਸੰਬਰ 1920 'ਚ ਸ਼ਿਰੋਮਣੀ ਅਕਾਲੀ ਦਲ ਅਤੇ ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਪੀ.ਸੀ.) ਦੀ ਸਥਾਪਨਾ ਕੀਤੀ ਗਈ। ਇਸ ਸੰਘਰਸ਼ ਵਿਚ ਪੇਂਡੂ ਸਿੱਖ ਅਵਾਮ ਦੀ ਖ਼ਾਸ ਤੌਰ 'ਤੇ ਵੱਡੇ ਪੈਮਾਨੇ 'ਤੇ ਲਾਮਬੰਦੀ ਸਾਹਮਣੇ ਆਈ। ਇਕ ਹੋਰ ਸਿਆਸੀ ਜਥੇਬੰਦੀ, ਸੈਂਟਰਲ ਸਿੱਖ ਲੀਗ, ਨੇ ਬਾਬਾ ਖੜਕ ਸਿੰਘ ਦੀ ਖਾੜਕੂ ਲੀਡਰਸ਼ਿਪ ਹੇਠ ਉਨ੍ਹਾਂ ਗ਼ਦਰੀਆਂ ਨੂੰ ਅੰਮ੍ਰਿਤਸਰ ਵਿਖੇ ਸੰਗਤ ਦੇ ਵੱਡੇ ਇਕੱਠ ਵਿਚ ਵਿਸ਼ੇਸ ਸਨਮਾਨ ਦੇਣ ਲਈ ਸੱਦਾ ਦਿੱਤਾ, ਜੋ ਪਿੱਛੇ ਜਹੇ ਹੀ ਜੇਲ੍ਹਾਂ 'ਚੋਂ ਰਿਹਾਅ ਕੀਤੇ ਗਏ ਸਨ। ਅਕਾਲੀ ਸੰਘਰਸ਼ ਨੂੰ ਮਹਾਤਮਾ ਗਾਂਧੀ ਤੇ ਇੰਡੀਅਨ ਨੈਸ਼ਨਲ ਕਾਂਗਰਸ ਅਤੇ ਹੋਰ ਧਾਰਮਿਕ ਫਿਰਕਿਆਂ ਦੇ ਨੁਮਾਇੰਦਿਆਂ ਵਲੋਂ ਚੋਖੀ ਨੈਤਿਕ ਤੇ ਪਦਾਰਥਕ ਇਮਦਾਦ ਹਾਸਲ ਹੋਈ। ਜਦੋਂ ਮਈ 1921 ਵਿਚ ਐੱਸ.ਜੀ.ਪੀ.ਸੀ. ਨੇ ਗਾਂਧੀਵਾਦੀ ਨਾਮਿਲਵਰਤਣ ਲਹਿਰ ਦੀ ਹਮਾਇਤ ਵਿਚ ਰਸਮੀ ਮਤਾ ਪਾਸ ਕੀਤਾ, ਓਦੋਂ ਗੁਰਦੁਆਰਾ ਸੁਧਾਰ ਲਈ ਜੱਦੋਜਹਿਦ ਨੂੰ "ਕੌਮੀ ਸੰਘਰਸ਼" ਵਜੋਂ ਮਾਨਤਾ ਮਿਲ ਗਈ। ਪ੍ਰਸਿੱਧ ਅੰਦੋਲਨ ਵਿਚ ਅੰਗਰੇਜ਼ ਹਕੂਮਤ ਹਰਿਮੰਦਰ ਸਾਹਿਬ ਦੇ ਤੋਸ਼ਾਖ਼ਾਨਾ ਦੀਆਂ ਕੁੰਜੀਆਂ ਉਨ੍ਹਾਂ ਦੇ ਹਵਾਲੇ ਕਰਨ ਲਈ ਮਜਬੂਰ ਹੋਈ। ਸਾਰੇ ਅਕਾਲੀ ਕੈਦੀਆਂ ਦੀ ਰਿਹਾਈ ਤੋਂ ਬਾਅਦ, ਅੰਮ੍ਰਿਤਸਰ ਦਾ ਜ਼ਿਲ੍ਹਾ ਮੈਜਿਸਟ੍ਰੇਟ ਖ਼ੁਦ ਹਰਿਮੰਦਰ ਸਾਹਿਬ ਵਿਚ ਬਾਬਾ ਖੜਕ ਸਿੰਘ ਨੂੰ ਕੁੰਜੀਆਂ ਦੇਣ ਲਈ ਗਿਆ। ਇਸ ਮੌਕੇ ਮਹਾਤਮਾ ਗਾਂਧੀ ਨੇ ਬਾਬਾ ਖੜਕ ਸਿੰਘ ਨੂੰ ਜੋ ਤਾਰ ਭੇਜੀ ਉਸਦੀ ਇਬਾਰਤ ਨਿਚੋੜ ਪੇਸ਼ ਕਰਦੀ ਸੀ ਕਿ ਓਦੋਂ ਉਸ ਜਿੱਤ ਨੂੰ ਉਸ ਵਲੋਂ ਕਿਵੇਂ ਲਿਆ ਗਿਆ – 'ਹਿੰਦੁਸਤਾਨ ਦੀ ਆਜ਼ਾਦੀ ਦੀ ਪਹਿਲੀ ਲੜਾਈ ਜਿੱਤ ਲਈ ਗਈ। ਮੁਬਾਰਕਾਂ।'

ਦੂਜੇ ਪਾਸੇ, ਇਕ ਸਮਕਾਲੀ ਯੂਰਪੀ ਲੇਖਕ ਨੇ ਬਰਤਾਨਵੀਆਂ ਲਈ ਇਸ ਦਾ ਪ੍ਰਭਾਵ ਹੋਰ ਰੂਪ 'ਚ ਲਿਆ। "ਇਸ ਤੋਂ ਵਧੇਰੇ ਸ਼ਰਮਨਾਕ ਹਾਰ ਕਦੇ ਵੀ ਨਹੀਂ ਹੋਈ," ਇਹ ਉਸਦੀ ਟਿੱਪਣੀ ਸੀ। "ਪੰਜਾਬ ਸਰਕਾਰ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਅੱਗੇ ਝੁਕਣਾ ਪਿਆ ਸੀ," (ਮਹਿੰਦਰ ਸਿੰਘ, 2008:39)। ਜਦਕਿ ਇਸ ਦਾ ਭਾਵ ਇਹ ਨਹੀਂ ਕਿ ਬਰਤਾਨਵੀ ਹਕੂਮਤ ਦੇ ਜਬਰ ਦੀ ਵਹਿਸ਼ਤ ਘਟ ਜਾਵੇਗੀ। ਮਹੰਤ ਨਰੈਣ ਦਾਸ ਦੇ ਗੁੰਡਿਆਂ ਵਲੋਂ ਨਨਕਾਣਾ ਸਾਹਿਬ ਵਿਖੇ ਅਕਾਲੀਆਂ ਦੀ ਵਹਿਸ਼ੀ ਕਤਲੋਗ਼ਾਰਤ ਨੇ ਭਾਰੀ ਰੋਹ ਨੂੰ ਜਨਮ ਦਿੱਤਾ ਸੀ ਜਿਸ ਦੀ ਹਮਾਇਤ ਸਰਕਾਰ ਕਰਦੀ ਸੀ। ਪਰ ਸਭ ਤੋਂ ਵੱਧ ਵਿਦਰੋਹ ਪੈਦਾ ਕਰਨ ਵਾਲਾ ਸੀ ਗੁਰੂ ਕਾ ਬਾਗ਼ ਵਿਖੇ ਅਕਾਲੀ ਸੱਤਿਆਗ੍ਰਹੀਆਂ ਦੇ ਪੁਰਅਮਨ, ਧਾਰਮਿਕ ਅਤੇ ਸਿਦਕੀ ਜੱਥਿਆਂ ਉਪਰ ਅਦੁੱਤੀ ਤੌਰ 'ਤੇ ਵਹਿਸ਼ੀ ਤਸ਼ੱਦਦ। ਇਕ ਹੋਰ ਜਾਵੀਏ ਤੋਂ, ਇਹ ਸੰਘਰਸ਼ ਅਡੋਲ ਨੈਤਿਕ ਅਤੇ ਸਿਆਸੀ ਟਾਕਰੇ ਦਾ ਨਜ਼ਾਰਾ ਸੀ। ਇਕ ਬਰਤਾਨਵੀ ਈਸਾਈ ਮਿਸ਼ਨਰੀ ਸੀ.ਐੱਫ.ਐਂਡਰਿਊਜ਼ ਪੁਲਿਸ ਦੇ ਤਸ਼ੱਦਦ ਦਾ ਚਸ਼ਮਦੀਦ ਗਵਾਹ ਸੀ। ਉਸਨੇ ਇਸ ਕਾਰਵਾਈ ਨੂੰ "ਅਣਮਨੁੱਖੀ, ਵਹਿਸ਼ੀ, ਘ੍ਰਿਣਤ, ਅਤੇ ਇਕ ਅੰਗਰੇਜ਼ ਲਈ ਬੁਜ਼ਦਿਲੀ ਵਾਲੀ ਤੇ ਨਾ ਮੰਨਣਯੋਗ ਅਤੇ ਇੰਗਲੈਂਡ ਦੀ ਇਖ਼ਲਾਕੀ ਹਾਰ" ਬਿਆਨ ਕੀਤਾ। ਜਿਥੇ ਜੇਲ੍ਹ ਤੋਂ ਬਾਹਰਲੇ ਗ਼ਦਰੀਆਂ, ਜਿਵੇਂ ਊਧਮ ਸਿੰਘ ਕਸੇਲ, ਨੇ ਅਕਾਲੀ ਸੰਘਰਸ਼ ਵਿਚ ਹਿੱਸਾ ਲਿਆ, ਗ਼ਦਰ ਲਹਿਰ ਦਾ ਪ੍ਰਭਾਵ ਅਕਾਲੀਆਂ ਦੇ ਅਸਹਿਮਤ ਹਿੱਸੇ ਦੇ ਖਾੜਕੂ ਬੱਬਰ ਅਕਾਲੀ ਸੰਘਰਸ਼ ਵਿਚ ਵਧੇਰੇ ਪ੍ਰਤੱਖ ਸੀ। ਉਹ ਪੁਲਿਸ ਦੇ ਵਹਿਸ਼ੀ ਜਬਰ ਅੱਗੇ ਅਕਾਲੀਆਂ ਦੇ ਅਹਿੰਸਕ ਆਤਮ-ਸਮਰਪਣ ਤੋਂ ਨਾਰਾਜ਼ ਸਨ। ਇਹ ਉਨ੍ਹਾਂ ਦੀ ਨਿਹਚਾ ਦਾ ਹਿੱਸਾ ਸੀ ਕਿ ਬਰਤਾਨਵੀ ਜਰਵਾਣੇ ਸਿਰਫ਼ ਹਿੰਸਕ ਬਦਲੇ ਦੀ ਜ਼ੁਬਾਨ ਹੀ ਸਮਝਦੇ ਹਨ। ਆਲਮੀ ਜੰਗ ਤੋਂ ਪਿੱਛੋਂ ਥੋੜ੍ਹੇ ਸਾਲਾਂ ਦੇ ਅੰਦਰ ਹੀ ਸਿੱਖ ਭਾਈਚਾਰੇ ਦੀ "ਅੰਗਰੇਜ਼ ਰਾਜ ਪ੍ਰਤੀ ਅਨੰਤ ਵਫ਼ਾਦਾਰੀ" ਦੀ ਮਿੱਥ ਤਹਿਸ਼-ਨਹਿਸ਼ ਹੋ ਗਈ ਸੀ।

ਭਗਤ ਸਿੰਘ, ਨੌਜਵਾਨ ਭਾਰਤ ਸਭਾ ਅਤੇ ਕਿਰਤੀ-ਕਿਸਾਨ ਲਹਿਰ

ਮਹਾਤਮਾ ਗਾਂਧੀ ਵਲੋਂ ਨਾਮਿਲਵਰਤਣ ਲਹਿਰ ਵਾਪਸ ਲਏ ਜਾਣ ਨਾਲ ਗ਼ਦਰ ਪਾਰਟੀ ਦੀ ਵਿਰਾਸਤ ਵਿਚ ਗੰਭੀਰ ਰੁਚੀ ਲਈ ਜਾਣ ਲੱਗੀ। ਜਿਹੜੇ ਬਹੁਤ ਸਾਰੇ ਨੌਜਵਾਨ ਇਨਕਲਾਬੀ ਉਸਦੀ ਹਰਮਨਪਿਆਰੀ ਅਹਿੰਸਕ ਰੋਸ ਲਹਿਰ ਤੋਂ ਪ੍ਰੇਰਣਾ ਲੈ ਕੇ ਉਸ ਵਿਚ ਸ਼ਾਮਲ ਹੋਏ ਸਨ ਉਹ ਪ੍ਰੇਸ਼ਾਨ ਸਨ। ਲਹਿਰ ਨੂੰ ਵਾਪਸ ਲਏ ਜਾਣ ਤੋਂ ਬਾਅਦ ਫਿਰਕੂ ਹਿੰਸਾ ਵਧਣ ਨੇ ਬਹੁਤ ਸਾਰੇ ਦੇਸ਼ਭਗਤਾਂ ਨੂੰ ਪ੍ਰੇਸ਼ਾਨ ਕਰ ਦਿੱਤਾ। ਉਨ੍ਹਾਂ ਵਿੱਚੋਂ ਇਕ ਭਗਤ ਸਿੰਘ ਸਨ। ਜ਼ਿੰਦਗੀ ਦੇ ਬਹੁਤ ਸ਼ੁਰੂ 'ਚ ਹੀ ਉਸਨੂੰ ਗ਼ਦਰ ਲਹਿਰ ਦੀ ਵਿਚਾਰਧਾਰਾ ਅਤੇ ਜਜ਼ਬੇ ਨਾਲ ਭਾਵੁਕ ਲਗਾਓ ਹੋ ਗਿਆ ਸੀ। ਉਹ ਇਸਦੇ ਆਦਰਸ਼ਵਾਦ ਅਤੇ ਇਸ ਵਲੋਂ ਫਿਰਕਾਪ੍ਰਸਤੀ ਨੂੰ ਜ਼ਬਰਦਸਤ ਨਿਸ਼ਾਨਾ ਬਣਾਏ ਜਾਣ ਤੋਂ ਪ੍ਰਭਾਵਿਤ ਸੀ। ਗ਼ਦਰੀ ਦੇਸ਼ਭਗਤਾਂ ਦੇ ਅਦੁੱਤੀ ਸਾਹਸ ਅਤੇ ਉਨ੍ਹਾਂ ਦੀਆਂ ਭਾਰੀ ਕੁਰਬਾਨੀਆਂ ਬਾਰੇ ਸੁਣਕੇ ਨੌਜਵਾਨ ਭਗਤ ਸਿੰਘ ਹੱਕਾਬੱਕਾ ਰਹਿ

ਗਿਆ ਸੀ। ਕਰਤਾਰ ਸਿੰਘ ਸਰਾਭਾ ਉਸ ਲਈ ਨਾਇਕ ਅਤੇ ਆਦਰਸ਼ ਨਮੂਨਾ ਬਣਿਆ। ਜਿਵੇਂ ਬਾਅਦ ਵਿਚ ਉਸਨੇ ਸਰਾਭਾ ਬਾਰੇ ਲਿਖਿਆ:

"19 ਸਾਲ ਦੀ ਉਮਰ ਵਿਚ ਉਨ੍ਹਾਂ ਨੇ ਇੰਨੇ ਕੰਮ ਕਰ ਦਿਖਾਏ ਕਿ ਸੋਚ ਕੇ ਹੈਰਾਨੀ ਹੁੰਦੀ ਹੈ। ਐਨੀ ਜ਼ੁਰਅਤ, ਐਨਾ ਆਤਮ-ਵਿਸ਼ਵਾਸ, ਐਨਾ ਆਤਮ-ਤਿਆਗ ਅਤੇ ਐਨੀ ਲਗਨ ਬਹੁਤ ਘੱਟ ਦੇਖਣ ਨੂੰ ਮਿਲੇਗੀ। ਉਨ੍ਹਾਂ ਦੀ ਰਗ ਰਗ ਵਿਚ ਇਨਕਲਾਬੀ ਜਜ਼ਬਾ ਸਮਾਇਆ ਹੋਇਆ ਸੀ।"

ਓਦੋਂ ਹੀ ਅੰਡੇਮਾਨ ਜੇਲ੍ਹ ਵਿੱਚੋਂ ਰਿਹਾਅ ਹੋਏ ਕੁਝ ਉੱਘੇ ਗ਼ਦਰੀਆਂ, ਜਿਵੇਂ ਭਾਈ ਪਰਮਾਨੰਦ, ਸਾਚਿੰਦਰਨਾਥ ਸਾਨਿਆਲ ਅਤੇ ਰਾਮ ਸਰਨ ਦਾਸ, ਨਾਲ ਭਗਤ ਸਿੰਘ ਦੇ ਆਦਾਨ-ਪ੍ਰਦਾਨ ਨੇ ਉਸਨੂੰ ਅਤੇ ਉਸਦੇ ਸਾਥੀਆਂ ਨੂੰ ਸੰਘਰਸ਼ ਦੇ ਗੰਭੀਰ ਅਧਿਐਨ ਦੇ ਰਾਹ ਤੋਰਿਆ। ਉਹ ਇਸ ਤੋਂ ਹੈਰਾਨ ਸੀ ਕਿ ਅਮਰੀਕਾ ਵਿਚ ਇਨ੍ਹਾਂ ਅੱਧ-ਪੜ੍ਹ ਪੰਜਾਬੀ ਕਾਮਿਆਂ ਅਤੇ ਕਿਸਾਨਾਂ ਨੇ ਐਨੇ ਥੋੜ੍ਹੇ ਵਕਤ ਵਿਚ ਕਿਸ ਕਦਰ ਦੁਨੀਆ ਭਰ ਦੇ ਯੁਗਪਲਟਾਊ ਇਨਕਲਾਬੀ ਖ਼ਿਆਲਾਂ ਨੂੰ ਆਤਮਸਾਤ ਕਰ ਲਿਆ ਸੀ। ਕੌਮਾਂਤਰੀਵਾਦ ਦੀ ਭਾਵਨਾ ਦੀਆਂ ਲੀਹਾਂ 'ਤੇ ਉਨ੍ਹਾਂ ਦਾ ਵਿਸ਼ਾਲ ਅਤੇ ਸਾਰਿਆਂ ਨੂੰ ਆਪਣੇ ਵਿਚ ਸਮੋਣ ਵਾਲਾ ਰਾਸ਼ਟਰਵਾਦ ਨਿਆਰਾ ਸੀ। ਉਹ ਉਨ੍ਹਾਂ ਦੇ ਉਦਾਰਵਾਦ ਅਤੇ ਪਹਿਲ-ਤਾਜ਼ਗੀ ਵਾਲੇ ਆਧੁਨਿਕ ਵਤੀਰੇ ਤੋਂ ਬਹੁਤ ਪ੍ਰਭਾਵਿਤ ਸੀ ਜੋ ਪੇਂਡੂ ਇਲਾਕਿਆਂ ਨਾਲ ਸਬੰਧਤ ਸਿੱਧੇ-ਸਾਦੇ ਗ਼ਦਰੀ ਦੇਸ਼ਭਗਤਾਂ ਨੇ ਸਮਾਜੀ ਤੇ ਸਿਆਸੀ ਮੁੱਦਿਆਂ ਪ੍ਰਤੀ ਅਖ਼ਤਿਆਰ ਕੀਤਾ। ਮਹਾਤਮਾ ਗਾਂਧੀ ਵਲੋਂ ਨਾਮਿਲਵਰਤਣ ਦਾ ਰਾਹ ਅਖ਼ਤਿਆਰ ਕਰਨ ਤੋਂ ਕਈ ਸਾਲ ਪਹਿਲਾਂ ਹੀ ਗ਼ਦਰ ਨੇ ਇਸ ਸਿੱਧੇ-ਸਾਦੇ ਸਬਕ ਉਪਰ ਜ਼ੋਰ ਦਿੱਤਾ ਸੀ ਕਿ ਜੇ ਤੀਹ ਕਰੋੜ ਲੋਕ ਹੁਕਮਰਾਨਾਂ ਨੂੰ ਸਹਿਯੋਗ ਦੇਣ ਤੋਂ ਇਨਕਾਰੀ ਹੋ ਜਾਣ ਤਾਂ ਅੰਗਰੇਜ਼ ਹਿੰਦੁਸਤਾਨ ਵਿਚ ਟਿਕ ਨਹੀਂ ਸਕਣਗੇ। ਉਨ੍ਹਾਂ ਨੇ ਪਿੰਡਾਂ ਵਾਲਿਆਂ ਨੂੰ ਹੋਕਾ ਦਿੱਤਾ "*ਪਿੰਡਾਂ ਵਾਲਿਓ ਮਾਮਲਾ ਬੰਦ ਕਰ ਦਿਓ*"।

ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਨੌਜਵਾਨਾਂ ਨੂੰ ਸਰਗਰਮੀ ਨਾਲ ਜਥੇਬੰਦ ਕਰਨਾ ਸ਼ੁਰੂ ਕਰ ਦਿੱਤਾ। 1924 'ਚ ਨੌਜਵਾਨ ਭਾਰਤ ਸਭਾ ਅਤੇ ਹਿੰਦੁਸਤਾਨ ਰਿਪਬਲਿਕਨ ਆਰਮੀ ਬਣਾਈ ਗਈ। ਉਸ ਵਕਤ ਦੀਆਂ ਆਪਣੀਆਂ ਯਾਦਾਂ ਵਿਚ ਸੋਹਣ ਸਿੰਘ ਭਕਨਾ ਲਿਖਦੇ ਹਨ ਕਿ ਕਰਤਾਰ ਸਿੰਘ ਸਰਾਭਾ ਨੌਜਵਾਨਾਂ ਲਈ "ਮੌਤ ਨੂੰ ਮਖੌਲਾਂ ਕਰਨ ਵਾਲੇ ਹੌਸਲੇ, ਨਿਡਰਤਾ ਅਤੇ ਅੰਗਰੇਜ਼ ਰਾਜ ਵਿਰੁੱਧ ਲਟ-ਲਟ ਬਲਦੀ ਨਫ਼ਰਤ ਦਾ ਨਮੂਨਾ" ਸੀ। "ਸਰਾਭਾ ਦਿਵਸ' ਅਤੇ ਨੌਜਵਾਨ ਭਾਰਤ ਸਭਾ ਅਤੇ ਲਾਹੌਰ ਸਟੂਡੈਂਟਸ ਯੂਨੀਅਨ ਦੀਆਂ ਕਾਨਫਰੰਸਾਂ ਦੇ ਹੋਰ ਮੌਕਿਆਂ ਉਪਰ ਭਗਤ ਸਿੰਘ ਦੀਆਂ ਤਕਰੀਰਾਂ ਨੌਜਵਾਨਾਂ ਲਈ ਬਹੁਤ ਪ੍ਰੇਰਣਾਦਾਇਕ ਹੁੰਦੀਆਂ ਸਨ। "ਮੈਂ ਸੱਚੀਮੁੱਚੀਂ ਉਸਦੀ ਪੂਜਾ ਕਰਦਾ ਹਾਂ", ਅਜੋ ਘੋਸ਼ ਨੇ ਲਿਖਿਆ, ਜੋ ਬਾਅਦ ਵਿਚ ਹਿੰਦੁਸਤਾਨੀ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਬਣੇ। "ਜਦੋਂ ਵੀ ਮੈਂ ਕਿਸੇ ਨੂੰ ਆਪਣੇ ਨਾਇਕ ਬਾਰੇ ਪ੍ਰੇਰਣਾਦਾਇਕ ਗੱਲ ਕਰਦੇ ਨੂੰ ਸੁਣਦਾ ਮੈਨੂੰ ਬਹੁਤ ਖੁਸ਼ੀ ਹੁੰਦੀ ਸੀ।" ਇਹੀ ਵਜ੍ਹਾ ਸੀ ਕਿ "ਮੈਂ ਭਗਤ ਸਿੰਘ ਨੂੰ ਚਾਹੁਣ ਲੱਗਿਆ"।

ਸਾਚਿੰਦਰਨਾਥ ਸਾਨਿਆਲ ਦੀ ਬੰਦੀ-ਜੀਵਨ, ਜੋ ਹਿੰਦੁਸਤਾਨ ਵਿਚ ਗ਼ਦਰੀਆਂ ਦੀਆਂ ਯੋਜਨਾਵਾਂ ਅਤੇ ਸਰਗਰਮੀਆਂ ਦਾ ਇਸ ਦੇ ਅੰਦਰ ਕੰਮ ਕਰ ਚੁੱਕੇ ਕਾਰਕੁਨ ਵਲੋਂ ਪਹਿਲਾ ਇਤਿਹਾਸਕ ਵਰਨਣ ਸੀ, ਇਨਕਲਾਬੀਆਂ ਲਈ ਐਸੀ ਮੂਲ ਪਾਠ-ਪੁਸਤਕ ਬਣ ਗਈ ਜਿਸਨੂੰ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਪੜ੍ਹਿਆ ਅਤੇ ਉਸ ਉਪਰ ਡੂੰਘੀ ਵਿਚਾਰ-ਚਰਚਾ ਕੀਤੀ ਗਈ।

ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀਆਂ ਹਾਸਲ ਲਿਖਤਾਂ ਵਿਚ, ਗ਼ਦਰ ਲਹਿਰ ਨੂੰ ਸਪਸ਼ਟ ਤੌਰ 'ਤੇ ਹਿੰਦੁਸਤਾਨ ਦੀ ਆਜ਼ਾਦੀ ਲਈ ਪਹਿਲੇ ਸੱਚੇ ਇਨਕਲਾਬੀ ਸੰਘਰਸ਼ ਵਜੋਂ ਬੁਲੰਦ ਕੀਤਾ ਗਿਆ ਸੀ (ਪੁਰੀ, 2008)। ਗ਼ਦਰ ਪਾਰਟੀ, ਜਿਵੇਂ ਉਸਨੇ ਲਿਖਿਆ, ਉਨ੍ਹਾਂ ਨੂੰ ਲੈਕੇ ਬਣੀ ਸੀ ਜਿਨ੍ਹਾਂ ਨੇ "ਸਵਤੰਤਰਤਾ ਦੇਵੀ" ਦੀ ਬਲੀ ਵੇਦੀ ਉਪਰ ਆਪਣੇ ਸਿਰਾਂ ਦੀ ਕੁਰਬਾਨੀ ਦੇ ਦਿੱਤੀ: "ਹਨੇਰੀ ਵਾਂਗ ਉਹ ਇਕ ਦਮ ਕਿਤਿਓਂ ਆਏ, ਅੱਗ ਭੜਕਾਈ ਤੇ ਸੁਪਨਿਆਂ 'ਚ ਪਈ ਰਣਚੰਡੀ ਨੂੰ ਜਗਾਉਣ ਦੀ ਕੋਸ਼ਿਸ਼ ਕੀਤੀ। ਬਗ਼ਾਵਤ ਦਾ ਯੱਗ ਰਚਿਆ, ਅਤੇ ਆਖਰ ਉਹ ਆਪ ਖ਼ੁਦ ਇਸ ਵਿਚ ਭਸਮ ਹੋ ਗਏ।" ਭਗਤ ਸਿੰਘ ਇਸ ਤੱਥ ਤੋਂ ਸੁਚੇਤ ਸਨ ਕਿ ਲਹਿਰ ਦੀ ਮਹਾਨ ਦੇਣ ਅਤੇ ਗ਼ਦਰੀ ਦੇਸ਼ਭਗਤਾਂ ਦੀਆਂ ਕੁਰਬਾਨੀਆਂ ਬਾਰੇ ਬਹੁਤੇ ਲੋਕਾਂ ਨੂੰ ਜਾਣਕਾਰੀ ਨਹੀਂ। ਲਿਹਾਜ਼ਾ ਉਸਨੇ ਫਰਜ਼ੀ ਨਾਂਵਾਂ ਥੱਲੇ ਹਿੰਦੀ ਅਤੇ ਪੰਜਾਬੀ ਵਿਚ ਸ਼ਹੀਦਾਂ ਬਾਰੇ ਨਿੱਕੇ ਕਿਤਾਬਚੇ ਅਤੇ ਲੇਖ ਲਿਖੇ। ਬਾਅਦ ਵਿਚ ਉਨ੍ਹਾਂ ਦੇ ਉੱਦਮ ਨਾਲ ਨਵੰਬਰ 1928 ਵਿਚ ਹਿੰਦੀ ਰਸਾਲੇ *ਚਾਂਦ* ਦਾ *ਫਾਂਸੀ ਅੰਕ* ਨਾਂ ਦਾ ਵਿਸ਼ੇਸ਼ ਅੰਕ ਛਾਪਿਆ ਗਿਆ। ਉਸ ਅੰਕ ਵਿਚ 30 ਦੇ ਕਰੀਬ ਲੇਖ ਗ਼ਦਰੀ ਸ਼ਹੀਦਾਂ ਬਾਰੇ ਲਿਖੇ ਹੋਏ ਸਨ।

ਇਸ ਦੌਰਾਨ, ਰੂਸੀ ਇਨਕਲਾਬ ਦੇ ਪ੍ਰੇਰਣਾਦਾਇਕ ਪੈਗ਼ਾਮ ਦੁਆਰਾ ਸਿਆਸੀ ਰੀਝਾਂ ਦੀ ਇਕ ਵਿਲੱਖਣ ਨਵੀਂ ਲਹਿਰ ਚੱਲ ਪਈ ਸੀ। ਅਮਰੀਕਾ ਅਤੇ ਹੋਰ ਮੁਲਕਾਂ ਵਿਚਲੇ ਬਹੁਤ ਸਾਰੇ ਗ਼ਦਰੀਆਂ ਨੇ ਰੂਸ ਵਿਚ ਪੂਰਬ ਦੇ ਮਿਹਨਤਕਸ਼ਾਂ ਦੀ ਯੂਨੀਵਰਸਿਟੀ ਤੋਂ ਨਵੀਂ ਸਿਆਸੀ ਤਾਲੀਮ ਹਾਸਲ ਕੀਤੀ। ਉਨ੍ਹਾਂ ਦੀ ਨਵੀਂ ਸੋਚ ਅਤੇ ਤਰੀਕੇ ਉਨ੍ਹਾਂ ਦੀ ਇਨਕਲਾਬ ਦੀ ਧਾਰਨਾ ਅਤੇ ਢੰਗ ਵਿਚ ਆਏ ਮੋੜੇ ਨੂੰ ਦਰਸਾਉਂਦੇ ਸਨ। *ਕਿਰਤੀ* ਨਾਂ ਦੇ ਰਸਾਲੇ, ਜੋ 1926 ਵਿਚ ਕੱਢਿਆ ਗਿਆ ਅਤੇ ਜਿਸ ਵਿਚ ਭਗਤ ਸਿੰਘ ਨੇ ਕੁਝ ਮਹੀਨੇ ਸੰਪਾਦਕ ਵਜੋਂ ਕੰਮ ਕੀਤਾ, ਦੁਆਲੇ ਜਥੇਬੰਦ ਹੋਣ 'ਤੇ ਹੁਣ ਇਨਕਲਾਬੀ ਬਦਲਾਓ ਲਈ ਸਿਆਸੀ ਤਾਲੀਮ ਅਤੇ ਕਿਸਾਨਾਂ ਤੇ ਮਜ਼ਦੂਰਾਂ ਨੂੰ ਜਥੇਬੰਦ ਕਰਨ ਉਪਰ ਜ਼ੋਰ ਦਿੱਤਾ ਜਾਣ ਲੱਗਿਆ। ਭਗਤ ਸਿੰਘ ਦੀ ਸਮਾਜਵਾਦ ਵਿਚ ਰੁਚੀ ਕਿਰਤੀ ਗਰੁੱਪ ਦੇ ਗ਼ਦਰੀਆਂ ਦੀ ਸੰਗਤ ਚੋਂ ਵਿਕਸਤ ਹੋਈ। ਸੋਹਣ ਸਿੰਘ ਜੋਸ਼, ਜੋ ਕਿਰਤੀ ਦਾ ਸੰਪਾਦਕ ਸੀ, ਦਾ ਮੰਨਣਾ ਸੀ ਕਿ ਇਹ ਰਸਾਲਾ ਅਤੇ ਕਿਰਤੀ ਤੇ ਕਿਸਾਨ ਲਹਿਰ "ਇਕ ਨਵੇਂ ਢੰਗ ਨਾਲ ਗ਼ਦਰ ਲਹਿਰ ਦੀ ਲਗਾਤਾਰਤਾ ਦੀ ਨੁਮਾਇੰਦਗੀ ਕਰਦੇ ਸਨ"। ਭਗਤ ਸਿੰਘ ਅਤੇ ਉਨ੍ਹਾਂ ਨੇ ਸਾਥੀ, ਜਿਨ੍ਹਾਂ ਨੇ ਗ਼ਦਰ ਲਹਿਰ ਨੂੰ ਸੱਚੇ ਇਨਕਲਾਬੀ ਸੰਘਰਸ਼ ਵਜੋਂ ਬੁਲੰਦ ਕੀਤਾ, ਮੰਨਦੇ ਸਨ ਕਿ "ਜਥੇਬੰਦੀ ਦੀ ਘਾਟ" ਦੇ ਨਾਲ-ਨਾਲ ਇਸਦੀ ਕਾਰਜ-ਸ਼ੈਲੀ ਵਿਚ ਸਾਵਧਾਨੀ ਅਤੇ ਲੋੜੀਂਦੀ ਗੁਪਤਤਾ ਦੀ ਅਣਹੋਂਦ ਇਸਦੀ ਨਾਕਾਮੀ ਦੇ ਕਾਰਨ

ਸਨ। ਜਦੋਂਕਿ ਇਕ ਹੋਰ ਕਾਰਕ ਵੀ ਘੱਟ ਅਹਿਮ ਨਹੀਂ ਸੀ ਜਿਸਨੂੰ ਉਨ੍ਹਾਂ ਨੇ "ਲੋਕਾਂ ਦੀ ਅਗਿਆਨਤਾ, ਅਰੁਚੀ ਅਤੇ ਕਦੇ-ਕਦੇ ਸਰਗਰਮ ਵਿਰੋਧ" ਕਿਹਾ। ਇਸ ਨੂੰ ਮੁੱਖ ਰੱਖਦੇ ਹੋਏ, ਭਗਤ ਸਿੰਘ ਨੇ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਦੇ ਸਾਥੀਆਂ ਨਾਲ ਮੀਟਿੰਗ ਵਿਚ ਜਿਨ੍ਹਾਂ ਦੋ ਸਭ ਤੋਂ ਅਹਿਮ ਕਾਰਜਾਂ ਉਪਰ ਜ਼ੋਰ ਦਿੱਤਾ ਉਹ ਸਨ "ਲੋਕਾਂ ਨਾਲ ਜੁੜਨਾ" ਅਤੇ "ਉਨ੍ਹਾਂ ਨੂੰ ਜਥੇਬੰਦ ਕਰਨਾ"। "ਸੰਗਠਨ ਦਾ ਜਨਵਾਦੀਕਰਨ"; ਉਸਨੇ ਉਨ੍ਹਾਂ ਅੱਗੇ ਇਹ ਨਿਸ਼ਾਨਾ ਰੱਖਿਆ। ਲੰਮੇ ਵਕਤ ਤਕ ਕਿਸਾਨਾਂ ਤੇ ਮਜ਼ਦੂਰਾਂ ਵਿਚ ਕੰਮ ਕਰਨਾ ਅਤੇ ਉਨ੍ਹਾਂ ਨੂੰ ਜਥੇਬੰਦ ਕਰਨਾ ਜ਼ਰੂਰੀ ਸੀ।

ਦੂਜੇ ਪਾਸੇ, ਗ਼ਦਰੀ ਆਗੂ ਜੋ ਲੰਮੀਆਂ ਕੈਦਾਂ ਕੱਟਕੇ ਜੇਲ੍ਹਾਂ ਵਿੱਚੋਂ ਰਿਹਾਅ ਹੋਏ ਸਨ ਅਤੇ ਜਿਨ੍ਹਾਂ ਦਾ ਭਾਰੀ ਕੁਰਬਾਨੀਆਂ ਵਾਲੇ ਹੋਣ ਕਾਰਨ ਬਹੁਤ ਸਤਿਕਾਰ ਸੀ, ਪੰਜਾਬ ਵਿਚ ਇਕ ਨਿਵੇਕਲੇ ਕਮਿਊਨਿਸਟ ਗਰੁੱਪ ਦੇ ਨੁਮਾਇੰਦੇ ਬਣਕੇ ਉੱਭਰੇ। ਗ਼ਦਰ ਜਾਂ ਕਿਰਤੀ ਕਮਿਊਨਿਸਟਾਂ ਨੇ ਲੰਮੇ ਸਮੇਂ ਤਕ ਆਪਣੀ ਖ਼ੁਦਮੁਖਤਿਆਰ ਹੋਂਦ ਬਣਾਈ ਰੱਖੀ। ਉਹ ਹਿੰਦੁਸਤਾਨੀ ਕਮਿਊਨਿਸਟ ਪਾਰਟੀ ਦੀ ਪੰਜਾਬ ਇਕਾਈ, ਜੋ "ਜੋਸ਼ ਗਰੁੱਪ" ਵਜੋਂ ਜਾਣੀ ਜਾਂਦੀ ਸੀ, ਤੋਂ ਵੱਖਰੀ ਜਥੇਬੰਦੀ ਸੀ। ਗ਼ਦਰੀ ਮਜ਼ਬੂਤ ਕਿਸਾਨ ਲਹਿਰ ਪਿਛੇ ਕੰਮ ਕਰਦੀ ਅਸਲ ਤਾਕਤ ਸਨ ਜਿਸਨੇ ਪੰਜਾਬ ਦੇ ਬਹੁਤ ਸਾਰੇ ਇਲਾਕਿਆਂ ਵਿਚ ਕਿਸਾਨਾਂ ਅਤੇ ਮੁਜ਼ਾਰਿਆਂ ਦੇ ਬਹੁਤ ਹੀ ਕਾਮਯਾਬ ਅੰਦੋਲਨ ਜਥੇਬੰਦ ਕੀਤੇ। ਉਨ੍ਹਾਂ ਦੇ ਕਈ ਆਗੂ, ਜਿਵੇਂ ਬਾਬਾ ਸੋਹਣ ਸਿੰਘ ਭਕਨਾ ਅਤੇ ਬਾਬਾ ਜਵਾਲਾ ਸਿੰਘ, ਜੋ ਇਖ਼ਲਾਕੀ ਅਤੇ ਸਿਆਸੀ ਪੱਖੋਂ ਬਹੁਤ ਹੀ ਕੱਦਾਵਰ ਹਸਤੀਆਂ ਸੀ, ਕਾਂਗਰਸ ਦੇ ਸੋਸ਼ਲਿਸਟਾਂ ਅਤੇ ਰੈਡੀਕਲ ਅਕਾਲੀਆਂ ਦੇ ਬਹੁਤ ਵੱਡੇ ਹਿੱਸਿਆਂ ਨੂੰ ਜੋੜਨ ਵਿਚ ਕਾਮਯਾਬ ਹੋਏ। ਉਨ੍ਹਾਂ ਵਿੱਚੋਂ ਕੁਝ, ਜਿਵੇਂ ਪ੍ਰਿਥਵੀ ਸਿੰਘ ਆਜ਼ਾਦ ਅਤੇ ਕਾਮਾਗਾਟਾ ਮਾਰੂ ਵਾਲੇ ਗੁਰਦਿੱਤ ਸਿੰਘ, ਜਿਨ੍ਹਾਂ ਦਾ ਝੁਕਾਅ ਕਮਿਊਨਿਜ਼ਮ ਵੱਲ ਨਹੀਂ ਸੀ, ਉਹ ਗਾਂਧੀਵਾਦੀ ਲਹਿਰ ਅਤੇ ਕਾਂਗਰਸ ਪਾਰਟੀ ਵਿਚ ਸ਼ਾਮਲ ਹੋਏ। ਦਿਲਚਸਪ ਗੱਲ ਇਹ ਹੋਈ ਕਿ ਜਦੋਂ ਇੰਡੀਅਨ ਨੈਸ਼ਨਲ ਕਾਂਗਰਸ ਨੇ ਗ਼ਦਰੀ ਕਮਿਊਨਿਸਟ ਆਗੂਆਂ ਨੂੰ ਪ੍ਰੇਰਕੇ 1937 'ਚ ਪੰਜਾਬ ਵਿਧਾਨ-ਸਭਾ ਦੀਆਂ ਚੋਣਾਂ ਲੜੀਆਂ, ਵਿਹਾਰਕ ਤੌਰ 'ਤੇ ਉਨ੍ਹਾਂ ਨੇ ਸਾਰੀਆਂ ਸੀਟਾਂ ਜਿੱਤ ਲਈਆਂ ਜੋ ਸਿੱਖਾਂ ਲਈ ਰਾਖਵੀਆਂ ਸਨ। ਇਨ੍ਹਾਂ ਗ਼ਦਰੀ ਆਗੂਆਂ ਦਾ ਸੱਭਿਆਚਾਰਕ ਅਤੇ ਸਿਆਸੀ ਰਸੂਖ਼ ਵਿਚਾਰਧਾਰਕ ਵਲਗਣਾਂ ਤੋਂ ਪਾਰ ਤਕ ਫੈਲਿਆ ਹੋਇਆ ਸੀ। ਇਕ ਵਕਤ ਉਨ੍ਹਾਂ ਨੇ ਐੱਸ.ਜੀ.ਪੀ.ਸੀ. ਵਿਚ ਭਾਰੂ ਭੂਮਿਕਾ ਨਿਭਾਈ ਜੋ ਸਿੱਖ ਧਰਮ ਦੇ ਅਸਥਾਨਾਂ ਦੀ ਸਾਂਭ-ਸੰਭਾਲ ਲਈ ਬਣਾਈ ਗਈ ਸੀ। ਪਰ ਗ਼ਦਰ ਲਹਿਰ ਦੀ ਵਿਰਾਸਤ ਦਾ ਸਭ ਤੋਂ ਉੱਭਰਵਾਂ ਸਥਾਨ ਫਿਰਕੂ ਅਤੇ ਜਗੀਰੂ ਤਾਕਤਾਂ ਵਿਰੁੱਧ ਲੜਾਈ ਵਿਚ ਬਣਿਆ ਰਿਹਾ। ਆਪਣੇ ਅਵਾਮੀ ਸੰਘਰਸ਼ਾਂ ਵਿਚ ਨੈਤਿਕ ਅਤੇ ਸਿਆਸੀ ਵਾਜਬੀਅਤ ਹਾਸਲ ਕਰਨ ਲਈ ਪੰਜਾਬ ਅੰਦਰ ਵੱਖੋ-ਵੱਖਰੀਆਂ ਕਮਿਊਨਿਸਟ ਅਤੇ ਖੱਬੀਆਂ ਸਿਆਸੀ ਤੇ ਸੱਭਿਆਚਾਰਕ ਜਥੇਬੰਦੀਆਂ ਲਗਾਤਾਰਤਾ ਨਾਲ ਇਸ ਵਿਰਾਸਤ ਦਾ ਜ਼ਿਕਰ ਕਰਦੀਆਂ ਹਨ।

ਦੂਜੀ ਆਲਮੀ ਜੰਗ ਦੌਰਾਨ ਸੁਭਾਸ਼ ਚੰਦਰ ਬੋਸ ਦੀ ਅਗਵਾਈ ਵਿਚ ਆਜ਼ਾਦ ਹਿੰਦ

ਸ਼ੱਕ ਦੇ ਘੇਰੇ ਵਿਚ ਆ ਗਏ ਸਨ। ਦੋ ਉੱਘੇ ਆਗੂ ਸੰਤੋਖ ਸਿੰਘ ਅਤੇ ਰਤਨ ਸਿੰਘ 1922 'ਚ ਤੀਜੀ ਕਮਿਊਨਿਸਟ ਕੌਮਾਂਤਰੀ ਦੀ ਚੌਥੀ ਕਾਂਗਰਸ ਵਿਚ ਸ਼ਾਮਲ ਹੋਣ ਲਈ ਮਾਸਕੋ ਗਏ ਸਨ ਅਤੇ ਲੈਨਿਨ ਨੂੰ ਮਿਲੇ ਸਨ। ਉਸ ਤੋਂ ਪਿੱਛੋਂ ਗ਼ਦਰੀਆਂ ਦੇ ਇਕ ਹਿੱਸੇ ਦਾ ਕਮਿਊਨਿਜ਼ਮ ਵੱਲ ਝੁਕਾਅ ਹੋਰ ਵੀ ਵੱਧ ਗਿਆ ਸੀ ਅਤੇ ਮੈਂਬਰਾਂ ਦੀ ਇਕ ਛੋਟੀ ਜਹੀ ਟੋਲੀ ਪੂਰਬ ਦੇ ਮਿਹਨਤਕਸ਼ਾਂ ਦੀ ਯੂਨੀਵਰਸਿਟੀ ਵਿਖੇ ਸਿਆਸੀ ਤਾਲੀਮ ਅਤੇ ਸਿਖਲਾਈ ਲਈ ਭੇਜੀ ਗਈ ਸੀ। ਪਰ ਬਰਤਾਨਵੀ ਖ਼ੁਫ਼ੀਆ ਏਜੰਸੀਆਂ ਦੇ ਸ਼ੱਕੀ ਜਾਸੂਸ ਉਨ੍ਹਾਂ ਦੇ ਪਿੱਛੇ ਪਏ ਹੋਏ ਸਨ। ਆਪਸੀ ਸ਼ੱਕ ਦੇ ਮਾਹੌਲ ਨੇ ਭਾਈਚਾਰੇ ਦੇ ਇਕ ਵਾਹਵਾ ਵੱਡੇ ਹਿੱਸੇ ਨੂੰ ਉਨ੍ਹਾਂ ਤੋਂ ਅਲੱਗ-ਥਲੱਗ ਕਰ ਦਿੱਤਾ ਸੀ। ਕਈ ਸਮਝਦੇ ਸਨ ਕਿ ਖਾੜਕੂ ਧੜੇ ਨਾਲ ਜੁੜਨਾ ਮਹਿਫ਼ੂਜ਼ ਨਹੀਂ। ਦਰਅਸਲ, ਖ਼ੁਫ਼ੀਆ ਢੰਗ ਨਾਲ ਕੰਮ ਕਰ ਰਹੇ ਗ਼ਦਰੀਆਂ ਦੇ ਇਕ ਛੋਟੇ ਜਹੇ ਗਰੁੱਪ ਅਤੇ ਉਨ੍ਹਾਂ ਦੀ ਵਿਰੋਧਤਾ ਕਰਨ ਵਾਲਿਆਂ ਦਰਮਿਆਨ ਧੜੇਬੰਦਕ ਟਕਰਾਓ ਨਾਲ ਭਾਈਚਾਰੇ ਵਿਚ ਕੁਝ ਰਹੱਸਮਈ ਕਤਲ ਹੋਏ। ਹਾਲਾਂਕਿ, ਹਿੰਦੁਸਤਾਨ ਦੇ ਆਜ਼ਾਦੀ ਦੇ ਸੰਗਰਾਮ ਅਤੇ ਆਪਣੇ ਭਾਈਚਾਰੇ ਦੇ ਬੰਦਿਆਂ ਦੀ ਦੇਸ਼ਭਗਤੀ ਨਾਲ ਭਾਵੁਕ ਲਗਾਓ ਭਾਈਚਾਰੇ ਲਈ ਪਛਾਣ ਅਤੇ ਗੌਰਵ ਪੱਖੋਂ ਅਹਿਮ ਬਣਿਆ ਰਿਹਾ। ਭਾਈਚਾਰਾ ਹਿੰਦੁਸਤਾਨ ਅੰਦਰਲੀਆਂ ਵੱਡੀਆਂ ਘਟਨਾਵਾਂ ਵਿਚ ਵੀ ਬਹੁਤ ਰੁਚੀ ਲੈ ਰਿਹਾ ਸੀ ਜਿਵੇਂ ਅੰਮ੍ਰਿਤਸਰ ਕਤਲੇਆਮ, ਬਰਤਾਨੀਆ ਵਿਰੋਧੀ ਅਕਾਲੀ ਲਹਿਰ, ਨਨਕਾਣਾ ਸਾਹਿਬ ਦਾ ਸਾਕਾ ਵਗੈਰਾ। ਹਿੰਦੁਸਤਾਨ ਨੂੰ ਭੇਜੇ ਜਾਂਦੇ ਫੰਡਾਂ ਦਾ ਯੋਗਦਾਨ ਆਪਣੇ ਹਮਵਤਨੀਆਂ ਨਾਲ ਇਕਮੁੱਠਤਾ ਦੀ ਸਿਰਕੱਢ ਸ਼ਕਲ ਅਖ਼ਤਿਆਰ ਕਰ ਗਿਆ। ਅਜਿਹੇ ਯੋਗਦਾਨ *ਕਿਰਤੀ* ਲਹਿਰ ਅਤੇ *ਕੈਦੀ ਪਰਿਵਾਰ ਸਹਾਇਕ ਫੰਡ* ਲਈ ਵੱਡਾ ਮਾਲੀ ਵਸੀਲਾ ਬਣੇ ਜੋ ਪੰਜਾਬ ਵਿਚ ਸਿਆਸੀ ਕੈਦੀਆਂ ਦੇ ਪਰਿਵਾਰਾਂ ਦੀ ਭਲਾਈ ਲਈ ਬਣਾਈ ਗਈ ਸੀ।

ਦੂਜੇ ਪਾਸੇ, ਕੁਝ ਨਰਮ-ਖ਼ਿਆਲ ਗ਼ਦਰੀ ਆਗੂ ਬਹੁਤ ਸਾਰੇ ਅਮਰੀਕਨ ਰੈਡੀਕਲਾਂ ਨਾਲ ਜੁੜ ਗਏ ਜਿਨ੍ਹਾਂ ਨੇ "ਹਿੰਦੁਸਤਾਨ ਦੀ ਆਜ਼ਾਦੀ ਦੇ ਮਿੱਤਰ" (ਐੱਫ.ਐੱਫ.ਆਈ.) ਨਾਂ ਦਾ ਮੰਚ ਜਥੇਬੰਦ ਕਰ ਲਿਆ। ਇਸਦੇ ਕੁਝ ਆਗੂਆਂ ਜਿਵੇਂ ਐਗਨੀਸ ਸਮੈਡਲੀ ਨੇ ਹਿੰਦੁਸਤਾਨੀਆਂ ਨੂੰ ਵਾਪਸ ਭੇਜੇ ਜਾਣ ਅਤੇ ਹਿੰਦੁਸਤਾਨ ਦੀ ਆਜ਼ਾਦੀ ਲਈ ਉਦਾਰ ਖ਼ਿਆਲਾਂ ਵਾਲੇ ਅਮਰੀਕਨਾਂ ਦੀ ਹਮਾਇਤ ਜਿੱਤਣ ਵਿਚ ਅਹਿਮ ਭੂਮਿਕਾ ਨਿਭਾਈ, ਜੋ ਰਾਮ ਚੰਦਰ, ਤਾਰਕਨਾਥ ਦਾਸ ਅਤੇ ਭਗਵਾਨ ਸਿੰਘ ਵਰਗੇ ਇਸਦੇ ਆਗੂਆਂ ਨਾਲ ਲੰਮੇ ਸਮੇਂ ਤੋਂ ਜੁੜੀ ਹੋਈ ਸੀ। ਇਸ ਜਥੇਬੰਦੀ ਦੀਆਂ ਮੁੱਢਲੀਆਂ ਸਰਗਰਮੀਆਂ ਵਿੱਚੋਂ ਇਕ ਸੀ ਇਸ ਵਲੋਂ ਮਹਾਨ ਆਇਰਿਸ਼ ਆਜ਼ਾਦੀ ਘੁਲਾਟੀਏ ਈਮਨ ਡੀ ਵਲੇਰਾ ਦਾ ਸਾਨ ਫਰਾਂਸਿਸਕੋ ਵਿਖੇ ਕੀਤਾ ਗਿਆ ਵਿਸ਼ੇਸ਼ ਸਨਮਾਨ। ਇਹ ਸਨਮਾਨ ਉਸ ਵਲੋਂ ਉਨ੍ਹਾਂ ਦੇ ਕਾਜ ਨੂੰ ਦਿੱਤੀ ਗਈ ਹਮਾਇਤ ਦੀ ਸ਼ਲਾਘਾ ਕਰਦੇ ਹੋਏ ਦਿੱਤਾ ਗਿਆ। ਦੂਜੀ ਸੀ 1920 ਵਿਚ ਸੇਂਟ ਪੈਤਰਿਕ ਦਿਵਸ ਪਰੇਡ ਜਿਸ ਵਿਚ ਬਹੁਤ ਸਾਰੇ ਹਿੰਦੁਸਤਾਨੀ ਆਪਣਾ ਹਿੰਦੁਸਤਾਨੀ ਪਹਿਰਾਵਾ ਤੇ ਪੱਗੜੀਆਂ ਪਹਿਨਕੇ ਅਤੇ ਝੰਡੇ ਤੇ ਬੈਨਰ ਚੁੱਕੀ ਸ਼ਾਮਲ ਹੋਏ ਜਿਨ੍ਹਾਂ ਦੀ ਅਗਵਾਈ ਸਾੜੀ ਪਹਿਨੀ ਐਗਨੀਸ ਕਰ

ਰਹੀ ਸੀ। ਗ਼ਦਰ ਪਾਰਟੀ ਦੇ ਨਰਮ-ਖ਼ਿਆਲ ਮੈਂਬਰਾਂ ਤੇ ਹਮਾਇਤੀਆਂ ਨੇ ਇੰਡੀਅਨ ਨੈਸ਼ਨਲ ਕਾਂਗਰਸ ਦੇ ਸਈਦ ਹੁਸੈਨ ਅਤੇ ਜਗਜੀਤ ਸਿੰਘ ਵਰਗੇ ਨੁਮਾਇੰਦਿਆਂ ਵਲੋਂ ਜਥੇਬੰਦ ਕੀਤੀਆਂ ਮੀਟਿੰਗਾਂ ਵਿਚ ਹਿੱਸਾ ਲਿਆ ਜੋ ਜੇ.ਜੇ. ਸਿੰਘ ਅਤੇ ਅਨੂਪ ਸਿੰਘ ਵਜੋਂ ਹਰਮਨਪਿਆਰੇ ਸਨ। ਹਾਲਾਂਕਿ, ਜਦੋਂ ਰੈਡੀਕਲ ਗੁੱਟ ਨੇ 1924 'ਚ ਰਾਜਾ ਮਹਿੰਦਰ ਪ੍ਰਤਾਪ ਨੂੰ ਇਕ ਨਾਇਕ ਵਾਲਾ ਮਾਣ-ਸਨਮਾਨ ਦੇਣ ਅਤੇ ਹਿੰਦੁਸਤਾਨ ਉਪਰ ਹਥਿਆਰਬੰਦ ਹਮਲੇ ਦੀ ਤਿਆਰੀ ਲਈ ਉਸਦੇ ਗ਼ੈਰਵਿਹਾਰਕ ਮਿਸ਼ਨ ਦੀ ਹਮਾਇਤ ਲਈ ਇਕ ਇਕੱਤਰਤਾ ਜਥੇਬੰਦ ਕੀਤੀ ਓਦੋਂ ਵੀ ਭਾਈਚਾਰੇ ਦਾ ਉਤਸ਼ਾਹ ਘੱਟ ਉੱਘੜਵਾਂ ਨਹੀਂ ਸੀ। ਇਕੱਲੀ ਮੈਰਿਸਵਿਲ ਮੀਟਿੰਗ ਵਿਚ ਹੀ ਦਸ ਹਜ਼ਾਰ ਡਾਲਰ ਇਕੱਠੇ ਹੋ ਗਏ ਅਤੇ ਬਾਕੀ ਥਾਵਾਂ ਉਪਰ ਹੋਰ ਫੰਡ ਜੁਟਾਏ ਗਏ ਸਨ। 12 ਸਾਲ ਦੇ ਬਡ ਸਿੰਘ ਢਿੱਲੋਂ, ਜੋ ਰਾਜੇ ਦੇ ਮਿਸ਼ਨ ਦੇ ਮੈਂਬਰ ਦੇ ਤੌਰ 'ਤੇ ਇਸ ਵਿਚ ਬਣ-ਫੱਬਕੇ ਸ਼ਾਮਲ ਹੋਇਆ ਸੀ ਸਮੇਤ ਭਾਈਚਾਰੇ ਦੇ ਸੱਤ ਵਾਲੰਟੀਅਰਾਂ ਦੀ ਟੋਲੀ ਨੂੰ ਜਨਵਰੀ 1924 'ਚ ਗ਼ਦਰ ਆਸ਼ਰਮ ਤੋਂ ਰਵਾਨਾ ਕੀਤਾ ਗਿਆ। ਬੱਡ ਸਿੰਘ ਵਲੋਂ ਇਸ ਮਾੜੀ ਯੋਜਨਾਬੰਦੀ ਵਾਲੇ ਮਿਸ਼ਨ ਬਾਰੇ ਜੋ ਸਵੈਜੀਵਨੀਨੁਮਾ ਬਿਰਤਾਂਤ ਲਿਖਿਆ ਗਿਆ ਉਹ ਖ਼ਬਤੀ ਆਗੂ (ਮਹਿੰਦਰ ਪ੍ਰਤਾਪ) ਅਤੇ ਉਸਦੀਆਂ ਹਾਸੋਹੀਣੀਆਂ ਹਰਕਤਾਂ ਤੋਂ ਉਸਦੀ ਉਪਰਾਮਤਾ ਦਾ ਗਵਾਹ ਸੀ। ਪਰ ਬੱਡ ਸਿੰਘ ਨੇ ਇਕ ਅਹਿਮ ਨਿਰਖ ਵੀ ਪੇਸ਼ ਕੀਤੀ ਕਿ ਕੈਲੀਫੋਰਨੀਆ ਵਿਚਲੇ ਭਾਈਚਾਰੇ ਨੇ ਇਸ ਮਿਸ਼ਨ ਦੀ ਐਨੇ ਉਤਸ਼ਾਹ ਨਾਲ ਹਮਾਇਤ ਕਿਉਂ ਕੀਤੀ ਅਤੇ ਉਸਦੇ ਮਾਪਿਆਂ ਨੇ ਆਪਣੇ 12 ਸਾਲ ਦੇ ਪੁੱਤ ਦੇ ਇਕ ਜ਼ੋਖ਼ਮ ਵਾਲੇ ਅਤੇ ਖ਼ਤਰਨਾਕ ਮਿਸ਼ਨ 'ਤੇ ਜਾਣ ਦੇ ਫ਼ੈਸਲੇ ਨੂੰ ਸਿਰਮੱਥੇ ਪ੍ਰਵਾਨ ਕਿਉਂ ਕੀਤਾ। ਇਸ ਦੀ ਵਜ੍ਹਾ ਸੀ, "ਈਮਾਨਦਾਰੀ ਅਤੇ ਹਿੰਦੁਸਤਾਨ ਦੇ ਆਜ਼ਾਦੀ ਦੇ ਨਿਸ਼ਾਨੇ ਨਾਲ ਭਾਵੁਕ ਲਗਾਓ ਜੋ ਉਸ ਵਕਤ ਅਮਰੀਕਾ ਵਿਚ ਰਹਿ ਰਹੇ ਹਰ ਪੰਜਾਬੀ ਦੀ *ਪੱਕੀ ਪਹਿਚਾਣ* ਹੋਇਆ ਕਰਦੀ ਸੀ"। ਲਿਹਾਜ਼ਾ, ਗੁਰਦੁਆਰਿਆਂ ਦੀਆਂ ਜਨਤਕ ਮੀਟਿੰਗਾਂ ਅਤੇ ਇਕੱਠਾਂ ਵਿਚ, ਜਿਥੇ ਮੁਹੰਮਦ ਬਰਕਤਉਲਾ, ਸਰੋਜਿਨੀ ਨਾਇਡੂ ਅਤੇ ਸਈਦ ਹੁਸੈਨ ਦੀਆਂ ਤਕਰੀਰਾਂ ਕਰਵਾਈਆਂ ਗਈਆਂ ਸਨ, ਉਨ੍ਹਾਂ ਵਿਚ ਬਰਤਾਨਵੀ ਰਾਜ ਹੇਠ ਹਿੰਦੁਸਤਾਨੀ ਲੋਕਾਂ ਦੇ ਸੰਤਾਪ ਦੇ ਖ਼ਿਲਾਫ਼ ਅਤੇ ਆਜ਼ਾਦੀ ਲਈ ਸੰਘਰਸ਼ ਦੀ ਮਦਦ ਕਰਨ ਦੀ ਲੋੜ ਵੱਡੇ ਮੁੱਦੇ ਸਨ।

ਗ਼ਦਰੀਆਂ ਦਾ ਛੋਟਾ ਹਿੱਸਾ ਜਿਸਦਾ ਸੋਵੀਅਤ ਰੂਸ ਵੱਲ ਜ਼ਿਆਦਾ ਝੁਕਾਅ ਸੀ, ਨੇ ਚੀਨ ਦੇ ਹਿੱਸਿਆਂ ਅੰਦਰ ਹਿੰਦੁਸਤਾਨੀਆਂ ਨਾਲ ਰਾਬਤਾ ਬਣਾਇਆ ਹੋਇਆ ਸੀ। *ਹਿੰਦੁਸਤਾਨ ਗ਼ਦਰ ਢੰਡੋਰਾ* ਵਰਗੇ ਪੈਂਫਲੈੱਟਾਂ ਜ਼ਰੀਏ, ਜੋ ਚੀਨ ਵਿਚ ਤਾਇਨਾਤ ਹਿੰਦੁਸਤਾਨੀ ਫ਼ੌਜ ਦੇ ਸਿਪਾਹੀਆਂ ਵਿਚ ਵੰਡੇ ਗਏ, ਉਨ੍ਹਾਂ ਨੂੰ ਆਪਣੀ ਕੌਮੀ ਆਜ਼ਾਦੀ ਲਈ ਲੜ ਰਹੇ "ਚੀਨੀ ਭਰਾਵਾਂ" ਨੂੰ ਨੁਕਸਾਨ ਨਾ ਪਹੁੰਚਾਉਣ ਸਗੋਂ ਉਨ੍ਹਾਂ ਨੂੰ ਸਹਿਯੋਗ ਦੇਣ ਲਈ ਪ੍ਰੇਰਿਆ ਗਿਆ। ਇਸਨੇ ਜ਼ੋਰ ਦਿੱਤਾ, "ਹਿੰਦੁਸਤਾਨ ਦੀ ਆਜ਼ਾਦੀ ਅਤੇ ਚੀਨ ਦੀ ਆਜ਼ਾਦੀ ਦਾ ਇਕ ਦੂਜੇ ਨਾਲ ਗੂੜ੍ਹਾ ਸਬੰਧ ਹੈ"। "ਚੀਨ ਨੂੰ ਆਜ਼ਾਦੀ ਹਾਸਲ ਹੋਣ ਨਾਲ ਹਿੰਦੁਸਤਾਨ ਦੀ ਆਜ਼ਾਦੀ ਦਾ ਦਿਨ ਨੇੜੇ ਆਵੇਗਾ"। ਰਤਨ ਸਿੰਘ ਨੇ ਬਰਲਿਨ ਅਤੇ ਕਾਬੁਲ ਤੇ ਹੋਰ ਕੁਝ ਥਾਵਾਂ 'ਤੇ ਰਹਿ

ਰਹੇ ਹਿੰਦੁਸਤਾਨੀਆਂ ਨਾਲ ਸੰਪਰਕ ਬਣਾਈ ਰੱਖੇ। ਸਾਮਰਾਜਵਾਦ ਵਿਰੁੱਧ ਕੌਮਾਂਤਰੀ ਲੀਗ ਦੀ ਕਾਨਫਰੰਸ ਵਿਚ, ਜੋ 10–15 ਫਰਵਰੀ 1927 ਨੂੰ ਬਰੁਸ਼ਲਜ਼ ਵਿਖੇ ਹੋਈ, ਅਤੇ ਬਾਅਦ ਵਿਚ ਲੀਗ ਦੀ ਕਾਰਜਕਾਰਨੀ ਦੇ ਮੈਂਬਰ ਵਜੋਂ ਉਸ ਦੀ ਸ਼ਮੂਲੀਅਤ ਸਾਮਰਾਜਵਾਦ ਵਿਰੁੱਧ ਲੜਾਈ ਨਾਲ ਕੌਮਾਂਤਰੀ ਇਕਮੁੱਠਤਾ ਵਿਚ ਉਨ੍ਹਾਂ ਦੀ ਪਾਰਟੀ ਦੀ ਰੁਚੀ ਦਾ ਸਬੂਤ ਸੀ। ਉਸ ਕਾਨਫਰੰਸ ਵਿਚ ਨਹਿਰੂ ਨੇ ਇੰਡੀਅਨ ਨੈਸ਼ਨਲ ਕਾਂਗਰਸ ਦੇ ਨੁਮਾਇੰਦੇ ਵਜੋਂ ਹਿੱਸਾ ਲਿਆ ਜਿਥੇ ਉਸਨੇ ਹਿੰਦੁਸਤਾਨੀ ਦੀ ਆਜ਼ਾਦੀ ਦੇ ਹੱਕ ਵਿਚ ਮਤਾ ਪੇਸ਼ ਕੀਤਾ। ਦੁਨੀਆ ਦੀਆਂ ਕੁਝ ਸਭ ਤੋਂ ਸਿਰਕੱਢ ਸ਼ਖਸੀਅਤਾਂ ਜਿਵੇਂ ਅਲਬਰਟ ਆਈਨਸਟਾਈਨ, ਰੋਮੇਨ ਰੋਲੈਂਡ ਅਤੇ ਸ਼੍ਰੀਮਤੀ ਸੁਨ-ਯਤ ਸੇਨ ਦੇ ਲੀਗ ਦੇ ਸਰਪ੍ਰਸਤ ਹੋਣ ਨਾਲ ਉਸ ਕਾਨਫਰੰਸ ਦਾ ਅਕਸ ਇਕ ਕੌਮਾਂਤਰੀ ਨੈਤਿਕ ਤਾਕਤ ਵਾਲਾ ਬਣ ਗਿਆ।

ਐਪਰ, ਉੱਥੇ ਵਸੇ ਹਿੰਦੁਸਤਾਨੀਆਂ ਦੀਆਂ ਰੀਝਾਂ ਦਾ ਇਕ ਹੋਰ ਪਾਸਾਰ ਵੀ ਸੀ। ਇਸ ਦਾ ਪ੍ਰਗਟਾਵਾ ਇਕ ਹਮਦਰਦ ਅਮਰੀਕਨ ਵਿਦਵਾਨ ਰੋਬਰਟ ਆਈ. ਕਰੇਨ ਨੇ ਬਹੁਤ ਹੀ ਵਾਜਬ ਢੰਗ ਨਾਲ ਕੀਤਾ ਹੈ: "ਉਹ ਸਾਰੇ ਦੇਸ਼ਭਗਤ ਸਨ। ਉਹ ਚਾਹੁੰਦੇ ਸਨ ਕਿ ਹਿੰਦੁਸਤਾਨ ਆਜ਼ਾਦ ਹੋਵੇ, ਪਰ ਉਹ ਅਮਰੀਕਨ ਨਾਗਰਿਕਤਾ ਵੀ ਚਾਹੁੰਦੇ ਸਨ" (ਗੌਲਡ: 369; ਜ਼ੋਰ ਮੌਲਿਕ ਲਿਖਤ ਦਾ)। ਇਸ ਨੂੰ ਮੁੱਖ ਰੱਖਦੇ ਹੋਏ, ਸਈਦ ਹੁਸੈਨ, ਜੇ.ਜੇ.ਸਿੰਘ ਅਤੇ ਅਨੂਪ ਸਿੰਘ ਦੀ ਅਗਵਾਈ ਹੇਠ ਬਹੁਤ ਹੀ ਪੜ੍ਹੇਲਿਖੇ ਹਿੰਦੁਸਤਾਨੀ ਦੇਸ਼ਭਗਤਾਂ ਵਲੋਂ ਉਦਾਰ ਖ਼ਿਆਲਾਂ ਦੇ ਮਸ਼ਹੂਰ ਅਮਰੀਕਨਾਂ ਦੇ ਦਿਲੋ-ਦਿਮਾਗਾਂ ਨੂੰ ਹਿੰਦੁਸਤਾਨੀ ਕਾਜ ਦੇ ਹੱਕ ਵਿਚ ਮੋੜਾ ਦੇਣ ਲਈ ਪ੍ਰਭਾਵਸ਼ਾਲੀ ਯਤਨ ਕੀਤੇ ਗਏ। ਇੰਡੀਆ ਲੀਗ ਆਫ਼ ਅਮੈਰਿਕਾ ਦੇ ਨਾਲ-ਨਾਲ, ਜਿਸਦਾ ਪ੍ਰਧਾਨ ਜੇ.ਜੇ.ਸਿੰਘ ਬਣਿਆ, ਨੈਸ਼ਨਲ ਕਮੇਟੀ ਫਾਰ ਇੰਡੀਆ'ਜ਼ ਫਰੀਡਮ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਆਫ ਅਮੈਰਿਕਾ ਵਰਗੀਆਂ ਜਥੇਬੰਦੀਆਂ ਵਲੋਂ ਰਸਾਲੇ ਛਾਪੇ ਗਏ ਅਤੇ ਅਖ਼ਬਾਰਾਂ ਵਿਚ ਲੇਖ ਛਪਵਾਏ ਗਏ ਅਤੇ ਵਿਸ਼ੇਸ਼ ਤਕਰੀਰਾਂ ਕਰਵਾਈਆਂ ਗਈਆਂ। 1924 ਤੋਂ ਬਾਅਦ ਤਾਂ ਬਹੁਤ ਹੀ ਪੜ੍ਹੇਲਿਖੇ ਹਿੰਦੁਸਤਾਨੀਆਂ ਨੂੰ ਨਾਗਰਿਕਤਾ ਦੇਣਾ ਵੀ ਅਸੰਭਵ ਬਣਾ ਦਿੱਤਾ ਗਿਆ ਅਤੇ ਘੱਟੋਘੱਟ ਪੈਂਹਟ ਨਿਰਪੱਖ ਨਾਗਰਿਕਾਂ ਨੂੰ ਨਾਗਰਿਕਤਾ ਤੋਂ ਵਾਂਝੇ ਕਰ ਦਿੱਤਾ ਗਿਆ ਸੀ। ਇਨ੍ਹਾਂ ਵਿੱਚੋਂ ਕੁਝ ਪ੍ਰਚਾਰਕ ਅਮਰੀਕੀ ਸੈਨੇਟਰਾਂ ਅਤੇ ਹੋਰ ਵਿਧਾਨਘਾੜਿਆਂ ਨੂੰ ਆਪਣੇ ਹੱਕ ਵਿਚ ਕਰਨ ਵਿਚ ਪੂਰੇ ਮਾਹਰ ਹੋ ਗਏ।

ਈਸਟ ਕੋਸਟ ਇਲਾਕਿਆਂ ਦੇ ਪੜ੍ਹੇਲਿਖੇ ਹਿੰਦੁਸਤਾਨੀਆਂ, ਜੋ ਮੱਧਵਰਗੀ ਸ਼ਹਿਰੀ ਹਿੰਦੂ ਸਨ, ਅਤੇ ਵੈਸਟ ਕੋਸਟ ਦੇ ਗ਼ਦਰ ਪਿਛੋਕੜ ਵਾਲੇ ਸਿੱਖਾਂ, ਜੋ ਭਾਰੂ ਤੌਰ 'ਤੇ ਖੇਤੀਬਾੜੀ ਪਿਛੋਕੜ ਵਾਲੇ ਸਨ, ਦਰਮਿਆਨ ਭਵਿੱਖਨਕਸ਼ੇ ਅਤੇ ਹਿੱਤਾਂ ਦੇ ਮੱਤਭੇਦ ਮਾਮੂਲੀ ਨਹੀਂ ਸਨ। ਪਹਿਲੇ ਧੜੇ ਨੂੰ ਗ਼ਦਰ ਦਾ ਖਾੜਕੂ ਪਿਛੋਕੜ ਮਨਜ਼ੂਰ ਨਹੀਂ ਸੀ ਅਤੇ ਉਹ ਬਾਲਸ਼ਵਾਦ ਨਾਲ ਜੁੜੇ ਤੱਤਾਂ ਨਾਲ ਜੁੜਨ ਤੋਂ ਗੁਰੇਜ਼ ਕਰਦੇ ਸਨ, ਪਰ ਉਨ੍ਹਾਂ ਨੇ ਸਿੱਖ ਭਾਈਚਾਰੇ ਦੇ ਵੱਡੇ ਹਿੱਸੇ ਨਾਲ ਸਬੰਧ ਬਣਾਈ ਰੱਖੇ। ਕਰੇਨ ਅਨੁਸਾਰ, ਜੇ.ਜੇ.ਸਿੰਘ "ਪੀ.ਆਰ. (ਪਬਲਿਕ ਰਿਲੇਸ਼ਨਜ਼) ਦਾ ਮਾਹਰ ਸੀ ਅਤੇ ਕੈਲੀਫੋਰਨੀਆ ਦੇ ਸਿੱਖ ਭਾਈਚਾਰੇ ਨਾਲ ਉਸਦੇ ਚੰਗੇ ਸਬੰਧ ਸਨ ਜੋ

ਉਸਦੇ ਫੰਡਾਂ ਦਾ ਵੱਡਾ ਸੋਮਾ ਸੀ।" ਜਿਵੇਂ ਕਰੇਨ ਜ਼ੋਰ ਦਿੰਦਾ ਹੈ, "ਉਹ ਸਾਰੇ ਉਨ੍ਹਾਂ ਯਤਨਾਂ ਲਈ ਪੈਸਾ ਵਾਰ ਦੇਣ ਲਈ ਤਿਆਰ ਸਨ ਜਿਨ੍ਹਾਂ ਨਾਲ ਉਨ੍ਹਾਂ ਨੂੰ ਅਮਰੀਕਨ ਨਾਗਰਿਕਤਾ ਮਿਲ ਜਾਵੇ"। ਦਸੰਬਰ 1944 'ਚ ਵਿਜੇ ਲਕਸ਼ਮੀ ਪੰਡਿਤ ਦੀ ਕੈਲੀਫੋਰਨੀਆ ਫੇਰੀ ਅਤੇ ਸਟਾਕਟਨ ਦੇ ਸਿੱਖ ਗੁਰਦੁਆਰੇ ਵਿਖੇ ਕੀਤੀ ਤਕਰੀਰ ਇਤਿਹਾਸਕ ਮੰਨੀ ਗਈ। ਮੀਟਿੰਗ ਵਿਚ ਹਿੱਸਾ ਲੈਣ ਵਾਲਿਆਂ ਦੀ ਉਸਦੇ ਨਾਲ ਖਿਚਵਾਈ ਗਰੁੱਪ ਫ਼ੋਟੋ ਹਿੰਦੁਸਤਾਨ ਦੀ ਆਜ਼ਾਦੀ ਲਈ ਸੰਘਰਸ਼ ਦੀ ਉਨ੍ਹਾਂ ਦੀ ਵਿਰਾਸਤ ਦੇ ਯਾਦ-ਚਿੰਨ੍ਹ ਵਜੋਂ ਗੁਰਦੁਆਰਾ ਹਾਲ ਦੀ ਦੀਵਾਰ ਦਾ ਸ਼ਿੰਗਾਰ ਬਣੀ ਹੋਈ ਹੈ।

ਹਰਦਿਆਲ, ਤਾਰਕਨਾਥ ਦਾਸ ਅਤੇ ਲਾਜਪਤ ਰਾਏ ਦੀਆਂ ਮੁੱਢਲੇ ਦਿਨਾਂ ਦੀਆਂ ਸਿਆਸੀ ਲਿਖਤਾਂ ਅਤੇ ਮੁਹਿੰਮਾਂ ਵਲੋਂ ਤਿਆਰ ਕੀਤੀ ਜ਼ਮੀਨ ਸਦਕਾ, ਜੇ.ਜੇ.ਸਿੰਘ ਅਤੇ ਉਸਦੇ ਸਹਿਯੋਗੀ ਵੱਡੀ ਤਦਾਦ 'ਚ ਬਹੁਤ ਹੀ ਸਨਮਾਨਜਨਕ ਅਮਰੀਕਨਾਂ ਅੰਦਰ ਆਪਣਾ ਮਜ਼ਬੂਤ ਹਮਾਇਤੀ ਅਧਾਰ ਬਣਾਉਣ 'ਚ ਕਾਮਯਾਬ ਹੋ ਗਏ। ਹਿੰਦੁਸਤਾਨ ਦੀ ਆਜ਼ਾਦੀ ਅਤੇ ਉਥੇ ਰਹਿ ਰਹੇ ਹਿੰਦੁਸਤਾਨੀ ਆਵਾਸੀਆਂ ਨੂੰ ਨਾਗਰਿਕਤਾ ਦੇਣ ਦੇ ਐਸੇ ਹਮਾਇਤੀਆਂ ਦੀ ਇਕ ਸੂਚੀ ਵਿਚ ਅਲਬਰਟ ਆਈਨਸਟਾਈਨ, ਜੋਹਨ ਡੇਵੇ, ਪਰਲ ਐੱਸ. ਬੱਕ, ਲਿਊਸ ਫਿਸਚਰ, ਲਿਨ ਯੂ. ਟੈਂਗ, ਅਪਟਨ ਸਿਨਕਲੇਅਰ ਅਤੇ ਰੇਨੌਲਡ ਨੀਬਰ ਵਰਗੀਆਂ ਸ਼ਖਸੀਅਤਾਂ ਸ਼ਾਮਲ ਸਨ। ਸਿੱਟੇ ਵਜੋਂ, ਰਾਸ਼ਟਰਪਤੀ ਫਰੈਂਕਲਿਨ ਰੂਜ਼ਵੈਲਟ ਦੇ ਆਖ਼ਰੀ ਦਿਨਾਂ ਦੌਰਾਨ ਬਰਤਾਨਵੀ ਹਕੂਮਤ ਉਪਰ ਹਿੰਦੁਸਤਾਨ ਦੀ ਆਜ਼ਾਦੀ ਲਈ ਅਹਿਮ ਕੂਟਨੀਤਕ ਦਬਾਅ ਬਣ ਗਿਆ ਸੀ। 1946 'ਚ ਇੰਡੀਆ ਇਮੀਗ੍ਰੇਸ਼ਨ ਐਂਡ ਨੈਚੁਰਲਾਈਜੇਸ਼ਨ ਬਿੱਲ (ਲਿਊਸ-ਸੈਲਰ ਬਿੱਲ) ਦੇ ਕਾਨੂੰਨ ਬਣਨ ਨੇ ਹਿੰਦੁਸਤਾਨੀਆਂ ਦੇ ਆਵਾਸ, ਉਨ੍ਹਾਂ ਨੂੰ ਨਾਗਰਿਕਤਾ ਹਾਸਲ ਹੋਣ ਅਤੇ ਅਮਰੀਕਾ ਵਿਚ ਹਿੰਦੁਸਤਾਨੀਆਂ ਦੇ ਬਰਾਬਰ ਮਾਣ-ਸਨਮਾਨ ਲਈ ਜ਼ਮੀਨ ਤਿਆਰ ਕਰ ਦਿੱਤੀ। ਜਦੋਂਕਿ ਕੈਨੇਡਾ ਵਿਚ ਸਿਆਸੀ ਸਰਗਰਮੀ ਲਈ ਓਦੋਂ ਤਕ ਵੀ ਹਾਲਾਤ ਸਾਜ਼ਗਰ ਨਹੀਂ ਸਨ ਜਦੋਂ 1941 ਵਿਚ ਦਰਸ਼ਨ ਸਿੰਘ ਕੈਨੇਡੀਅਨ ਵਲੋਂ ਹਿੰਦੁਸਤਾਨੀ ਮਜ਼ਦੂਰਾਂ ਨੂੰ ਜਥੇਬੰਦ ਕਰਨਾ ਸ਼ੁਰੂ ਕੀਤਾ ਗਿਆ। ਇਸ ਪਿੱਛੋਂ ਟਰੇਡ ਯੂਨੀਅਨ ਲਹਿਰ ਅਤੇ ਹਿੰਦੁਸਤਾਨੀਆਂ ਲਈ ਵੋਟ ਦੇ ਹੱਕ ਲਈ ਜੋ ਕੁਲ ਯਤਨ ਜੁਟਾਏ ਗਏ, *ਕਾਮਾਗਾਟਾ ਮਾਰੂ* ਗ਼ਦਰ ਲਹਿਰ ਦੀ ਵਿਰਾਸਤ ਉਨ੍ਹਾਂ ਲਈ ਭਾਵੁਕ ਅਤੇ ਸਭਿਆਚਾਰਕ ਸਹਾਰਾ ਬਣੀ। ਇਹ ਵਿਰਾਸਤ 1984 'ਚ ਸਾਕਾ ਨੀਲਾ ਤਾਰਾ ਤੋਂ ਬਾਅਦ ਉਤਰੀ ਅਮਰੀਕਾ ਦੇ ਦੋਹਾਂ ਮੁਲਕਾਂ ਵਿਚ ਖ਼ਾਲਿਸਤਾਨੀ ਤੱਤਾਂ ਨਾਲ ਭਾਈਚਾਰੇ ਦੇ ਇਕ ਚੋਖੇ ਹਿੱਸੇ ਦੇ ਲਗਾਤਾਰ ਟਕਰਾਅ ਵਿਚ ਵੀ ਅਹਿਮ ਕਾਰਕ ਬਣੀ। ਪਰ, ਜਿਨ੍ਹਾਂ ਦਾ ਗ਼ਦਰੀਆਂ ਨਾਲ ਸਬੰਧ ਸੀ ਉਨ੍ਹਾਂ ਨੂੰ ਇਹ ਦੇਖਕੇ ਦੁੱਖ ਹੋਇਆ ਕਿ 1947 ਤੋਂ ਬਾਦ ਕੈਨੇਡਾ ਅਤੇ ਅਮਰੀਕਾ ਵਿਚ ਪ੍ਰਵਾਸ ਕਰਨ ਵਾਲੇ ਬਹੁਤ ਸਾਰੇ ਲੋਕਾਂ ਨੇ "ਗ਼ਦਰ ਪਾਰਟੀ ਦਾ ਨਾਂ ਵੀ ਨਹੀਂ ਸੁਣਿਆ ਹੋਇਆ"। ਬੱਡ ਦੀ ਭੈਣ ਕਰਤਾਰ ਢਿੱਲੋਂ ਲਈ ਇਹ "ਅਚੰਭੇ ਅਤੇ ਸ਼ਰਮਿੰਦਗੀ ਵਾਲੀ ਗੱਲ ਸੀ" [ਢਿੱਲੋਂ 1998:26]

[ਨੈਸ਼ਨਲ ਬੁੱਕ ਟਰੱਸਟ ਆਫ ਇੰਡੀਆ, ਨਵੀਂ ਦਿੱਲੀ ਦੇ ਧੰਨਵਾਦ ਸਹਿਤ]

ਅੰਤਿਕਾ-1

.ਗ਼ਦਰ ਪਾਰਟੀ ਦੀਆਂ ਕੁਰਬਾਨੀਆਂ ਦਾ ਵੇਰਵਾ

ਫਾਂਸੀ ਦਿੱਤੇ ਜਾਂ ਗੋਲੀ ਨਾਲ ਸ਼ਹੀਦ: 145
ਉਮਰ ਕੈਦ : 306
ਘੱਟ ਕੈਦ : 77

ਮੌਤ ਦੀ ਸਜ਼ਾਵਾਂ ਪਾਉਣ ਵਾਲੇ ਅਤੇ ਫਾਂਸੀ ਦਿੱਤੇ ਗਏ .ਗ਼ਦਰੀ

ਹੇਠ ਦਿੱਤੇ ਗ਼ਦਰੀਆਂ ਨੇ ਬਰਤਾਨਵੀ ਦਾਬੇ ਵਿਰੁੱਧ ਅਤੇ ਸਮਾਜੀ ਨਿਆਂ ਅਤੇ ਆਜ਼ਾਦੀ ਲਈ ਜੂਝਦਿਆਂ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ:

ਫੇਰੂ ਸ਼ਹਿਰ ਕਾਂਡ ਦੇ ਸ਼ਹੀਦ:

1. ਕਾਂਸ਼ੀ ਰਾਮ (ਪੰਡਤ), ਮੜੌਲੀ, ਥਾਣਾ ਮੋਰਿੰਡਾ (ਰੋਪੜ)
2. ਰਹਿਮਤ ਅਲੀ ਫ਼ਕੀਰ, ਵਜ਼ੀਦਕੇ, ਪਟਿਆਲਾ (ਹੁਣ ਜ਼ਿਲ੍ਹਾ ਬਰਨਾਲਾ)
3. ਬਖ਼ਸ਼ੀਸ਼ ਸਿੰਘ, ਸਪੁੱਤਰ ਦੇਵਾ ਸਿੰਘ, ਖ਼ਾਨਪੁਰ (ਲੁਧਿਆਣਾ)
4. ਜੀਵਨ ਸਿੰਘ, ਸਪੁੱਤਰ ਵਜ਼ੀਰ ਸਿੰਘ, ਦੌਲੇ ਵਾਲਾ, ਪਟਿਆਲਾ (ਹੁਣ ਜ਼ਿਲ੍ਹਾ ਸੰਗਰੂਰ)
5. ਲਾਲ ਸਿੰਘ, ਸਪੁੱਤਰ ਦਯਾ ਸਿੰਘ, ਸਾਹਿਬਆਣਾ, ਸਾਹਨੇਵਾਲ (ਲੁਧਿਆਣਾ)
6. ਧਿਆਨ ਸਿੰਘ, ਸਪੁੱਤਰ ਕਰਮ ਸਿੰਘ, ਉਮਰਪੁਰਾ, ਅਜਨਾਲਾ (ਅੰਮ੍ਰਿਤਸਰ)
7. ਜਗਤਸਿੰਘ, ਬਿੰਜਲ, ਰਾਏਕੋਟ (ਲੁਧਿਆਣਾ)
8. ਭਗਤ ਸਿੰਘ ਉਰਫ਼ ਗਾਂਧਾ ਸਿੰਘ ਸਪੁੱਤਰ ਜਵਾਲਾ ਸਿੰਘ, ਕਚਰਭੰਨ, ਜ਼ੀਰਾ (ਫ਼ਿਰੋਜ਼ਪੁਰ)
9. ਸੁਰਜਨ ਸਿੰਘ ਸਪੁੱਤਰ ਬੂਟਾ, ਫਤਹਿਗੜ੍ਹ (ਹੁਸ਼ਿਆਰਪੁਰ)
   (ਸੈਸ਼ਨ ਜੱਜ ਫ਼ਿਰੋਜ਼ਪੁਰ ਨੇ ਫਾਂਸੀ ਦੀ ਸਜ਼ਾ ਸੁਣਾਈ)

ਲਾਹੌਰ ਦੂਜਾ ਸਾਜ਼ਿਸ਼ ਕੇਸ:

10. ਬਾਬੂ ਰਾਮ ਸਪੁੱਤਰ ਗਾਂਧੀ, ਫਤਹਿਗੜ੍ਹ (ਹੁਸ਼ਿਆਰਪੁਰ)
11. ਬਲਵੰਤ ਸਿੰਘ ਸਪੁੱਤਰ ਬੁੱਧ ਸਿੰਘ, ਖ਼ੁਰਦਪੁਰ, ਆਦਮਪੁਰ (ਜਲੰਧਰ)
12. ਨਾਮਾ ਸਪੁੱਤਰ ਗੋਪਾਲ, ਫਤਹਿਗੜ੍ਹ (ਹੁਸ਼ਿਆਰਪੁਰ)
13. ਹਾਫ਼ਿਜ਼ ਅਬਦੁੱਲਾ ਸਪੁੱਤਰ ਨਿਜ਼ਾਮ ਦੀਨ, ਜਗਰਾਓਂ (ਲੁਧਿਆਣਾ)

14. ਰੂੜ ਸਿੰਘ ਉਰਫ਼ ਅਰੂੜ ਸਿੰਘ ਸਪੁੱਤਰ ਅਰਜਨ ਸਿੰਘ, ਸੰਘਵਾਲ, ਕਰਤਾਰਪੁਰ (ਜਲੰਧਰ)

ਅਨਾਰਕਲੀ (ਲਾਹੌਰ) ਘਟਨਾ

15. ਅਰਜਨ ਸਿੰਘ ਉਰਫ਼ ਸੱਜਣ ਸਿੰਘ, ਖੁਖਰਾਣਾ, ਮੋਗਾ (ਫ਼ਿਰੋਜ਼ਪੁਰ)

ਲਾਹੌਰ ਸਾਜ਼ਿਸ਼ ਕੇਸ:

16. ਹਰਨਾਮ ਸਿੰਘ ਸਪੁੱਤਰ ਅਰੂੜਾ, ਭੱਟੀ, ਗੋਰਾਇਆ (ਸਿਆਲਕੋਟ)
17. ਬਖ਼ਸ਼ੀਸ਼ ਸਿੰਘ ਸਪੁੱਤਰ ਸੰਤਾ ਸਿੰਘ, ਗਿਲਵਾਲੀ, (ਅੰਮ੍ਰਿਤਸਰ)
18. ਜਗਤ ਸਿੰਘ ਉਰਫ਼ ਜੈਸਿੰਘ ਸਪੁੱਤਰ ਅਰੂੜ ਸਿੰਘ, ਸੁਰਸਿੰਘ (ਅੰਮ੍ਰਿਤਸਰ)
19. ਕਰਤਾਰ ਸਿਘ ਸਰਾਭਾ ਸਪੁੱਤਰ ਮੰਗਲ ਸਿੰਘ, ਸਰਾਭਾ, ਰਾਏਕੋਟ (ਲੁਧਿਆਣਾ)
20. ਵਿਸ਼ਣੂੰ ਗਣੇਸ਼ ਪਿੰਗਲੇ ਸਪੁੱਤਰ ਗਣੇਸ਼ ਪਿੰਗਲੇ, ਤਾਲਾਗਾਓਂ, ਧਮਧੇਰਾ (ਪੂਣੇ)
21. ਸੁਰੈਣ ਸਿਘ ਸਪੁੱਤਰ ਬੂੜ ਸਿੰਘ, ਗਿਲਵਾਲੀ (ਅੰਮ੍ਰਿਤਸਰ)
22. ਸੁਰੈਣ ਸਿੰਘ ਸਪੁੱਤਰ ਈਸ਼ਰ ਸਿੰਘ, ਗਿਲਵਾਲੀ (ਅੰਮ੍ਰਿਤਸਰ)

ਲਾਹੌਰ ਪਹਿਲਾ ਸਪਲੀਮੈਂਟਰੀ ਸਾਜ਼ਿਸ਼ ਕੇਸ:

23. ਬੀਰ ਸਿੰਘ ਉਰਫ਼ ਵੀਰ ਸਿੰਘ ਸਪੁੱਤਰ ਬੂਟਾ ਸਿੰਘ, ਬਾਹੋਵਾਲ (ਹੁਸ਼ਿਆਰਪੁਰ)
24. ਈਸ਼ਰ ਸਿੰਘ ਉਰਫ਼ ਪੂਰਨ ਸਿਘ ਸਪੁੱਤਰ ਸੱਜਣ ਸਿੰਘ, ਢੁੱਡੀਕੇ (ਫ਼ਿਰੋਜ਼ਪੁਰ)
25. ਰੰਗਾ ਸਿੰਘ ਉਰਫ਼ ਰੋਡਾ ਸਿਘ ਸਪੁੱਤਰ ਗੁਰਦਿਤ ਸਿੰਘ, ਖ਼ੁਰਦਪੁਰ, ਕਰਤਾਰਪੁਰ (ਜਲੰਧਰ)
26. ਰੂੜ ਸਿੰਘ ਸਪੁੱਤਰ ਸਮੁੰਦ ਸਿੰਘ, ਤਲਵੰਡੀ ਦੋਸਾਂਝ, ਮੋਗਾ (ਫ਼ਿਰੋਜ਼ਪੁਰ)
27. ਉਤਮ ਸਿੰਘ ਉਰਫ਼ ਰਾਘੋ ਸਿੰਘ ਸਪੁੱਤਰ ਜੀਤਾ ਸਿੰਘ, ਹਾਂਸ, ਜਗਰਾਓਂ (ਲੁਧਿਆਣਾ)

ਤੀਜਾ ਲਾਹੌਰ ਸਾਜ਼ਿਸ਼ ਕੇਸ:

28. ਮਥਰਾ ਸਿੰਘ ਉਰਫ਼ ਸ਼ਮਸ਼ੇਰ ਸਿੰਘ ਸਪੁੱਤਰ ਹਰੀ ਸਿੰਘ ਢੁਡਿਆਲ, ਚਕਵਾਲ (ਜਿਹਲਮ)

ਚੌਥਾ ਲਾਹੌਰ ਸਾਜ਼ਿਸ਼ ਕੇਸ:

29. ਜਵੰਦ ਸਿੰਘ ਸਪੁੱਤਰ ਨਰੈਣ ਸਿੰਘ, ਨੰਗਲ ਕਲਾਂ, ਮਾਹਿਲਪੁਰ (ਹੁਸ਼ਿਆਰਪੁਰ)

ਪੱਧਰੀ ਕਤਲ ਕੇਸ:

30. ਪ੍ਰੇਮ ਸਿੰਘ ਸਪੁੱਤਰ ਜੀਵਨ ਸਿੰਘ, ਸੁਰਸਿੰਘ (ਅੰਮ੍ਰਿਤਸਰ)
31. ਇੰਦਰ ਸਿੰਘ ਸਪੁੱਤਰ ਗੁਰਮੁਖ ਸਿੰਘ, ਪੱਧਰੀ ਕਲਾਂ, ਤਰਨਤਾਰਨ (ਅੰਮ੍ਰਿਤਸਰ)

ਵੱਲਾ ਪੁਲ ਕੇਸ:

32. ਕਾਲਾ ਸਿੰਘ ਉਰਫ਼ ਪ੍ਰੀਤਮ ਸਿੰਘ, ਜਗਤਪੁਰ, ਸਰਹਾਲੀ (ਅੰਮ੍ਰਿਤਸਰ)
33. ਚੰਨਣ ਸਿੰਘ ਸਪੁੱਤਰ ਬਲ ਸਿੰਘ, ਬਾਲ ਚੰਦ, ਪੱਟੀ (ਅੰਮ੍ਰਿਤਸਰ)
34. ਹਰਨਾਮ ਸਿੰਘ, ਠੱਠੀ ਖਾਰਾ, ਤਰਨਤਾਰਨ (ਅੰਮ੍ਰਿਤਸਰ)
35. ਆਤਮਾ ਸਿੰਘ, ਠੱਠੀ ਖਾਰਾ, ਤਰਨਤਾਰਨ (ਅੰਮ੍ਰਿਤਸਰ)
36. ਬੰਤਾ ਸਿੰਘ ਉਰਫ਼ ਬਲਵੰਤ ਸਿੰਘ ਸਪੁੱਤਰ ਬੂਟਾ ਸਿੰਘ, ਸੰਘਵਾਲ, ਕਰਤਾਰਪੁਰ (ਜਲੰਧਰ)

ਨੰਗਲ ਕਲਾਂ ਕਤਲ:

37. ਬੂਟਾ ਸਿੰਘ ਸਪੁੱਤਰ ਸ਼ੇਰ ਸਿੰਘ, ਅਕਾਲਗੜ੍ਹ ਖੁਰਦ, ਰਾਏਕੋਟ (ਲੁਧਿਆਣਾ)

ਮਾਂਡਲੇ (ਬਰਮਾ) ਸਾਜ਼ਿਸ਼ ਕੇਸ:

38. ਹਰਨਾਮ ਸਿੰਘ ਉਰਫ਼ ਈਸ਼ਰ ਦਾਸ ਸਪੁੱਤਰ ਲਾਭ ਸਿੰਘ, ਸਾਹਰੀ (ਹੁਸ਼ਿਆਰਪੁਰ)
39. ਚਾਲੀਆ ਰਾਮ ਸਪੁੱਤਰ ਸ਼ੰਕਰ ਦਾਸ, ਸਾਹਨੇਵਾਲ (ਲੁਧਿਆਣਾ)
40. ਵਸਾਵਾ ਸਿੰਘ ਸਪੁੱਤਰ ਝੰਡਾ ਸਿੰਘ, ਵਾੜਾ, ਨਕੋਦਰ (ਜਲੰਧਰ)
41. ਨਰੈਣ ਸਿੰਘ ਉਰਫ਼ ਰਾਮ ਸਿੰਘ ਸਪੁੱਤਰ ਅਬਲੂ ਸਿੰਘ, ਬਾਲੋ (ਬਠਿੰਡਾ)
42. ਨਰੰਜਣ ਸਿੰਘ ਸਪੁੱਤਰ ਜਵਾਲ ਸਿੰਘ, ਸੰਗਤਪੁਰ, ਜਗਰਾਓਂ (ਲੁਧਿਆਣਾ)
43. ਪਾਲਾ ਸਿੰਘ ਸਪੁੱਤਰ ਜੈਮਲ ਸਿੰਘ, ਸ਼ੇਰਪੁਰ, ਜਗਰਾਓਂ (ਲੁਧਿਆਣਾ)
44. ਮੁਜਤਬਾ ਹੁਸੈਨ ਉਰਫ਼ ਮੂਲ ਚੰਦ ਸਪੁੱਤਰ ਸਜਾਦ ਹੁਸੈਨ, ਜੌਨਪੁਰ (ਯੂ.ਪੀ.)

ਉਪਰੋਕਤ 44 ਸ਼ਹੀਦਾਂ ਤੋਂ ਇਲਾਵਾ, 69 ਗ਼ਦਰੀਆਂ ਨੂੰ ਕਾਲੇਪਾਣੀ ਉਮਰਕੈਦ ਦੀ ਸਜ਼ਾ ਦਿੱਤੀ ਗਈ ਸੀ। ਉਨ੍ਹਾਂ ਵਿੱਚੋਂ ਉਨੀ ਨੂੰ ਪਹਿਲਾਂ ਮੌਤ ਦੀ ਸਜ਼ਾ ਦਿੱਤੀ ਗਈ ਸੀ, ਬਾਦ ਵਿਚ ਸਜ਼ਾ ਘਟਾਕੇ ਕਾਲੇਪਾਣੀ ਉਮਰਕੈਦ ਵਿਚ ਬਦਲ ਦਿੱਤੀ ਗਈ। ਇਨ੍ਹਾਂ ਉੱਨੀ ਗ਼ਦਰੀਆਂ ਵਿਚ ਸ਼ਾਮਲ ਸਨ: ਬਾਬਾ ਸੋਹਣ ਸਿੰਘ ਭਕਨਾ, ਹਰਨਾਮ ਸਿੰਘ ਟੁੰਡੀਲਾਟ, ਜਗਤ ਰਾਮ, ਭਾਈ ਪਰਮਾਨੰਦ ਕਰਿਆਲਾ (ਜਿਹਲਮ), ਪੰਡਤ ਪਰਮਾਨੰਦ ਹਮੀਰਪੁਰ (ਯੂ.ਪੀ.) ਅਤੇ ਰਾਮਸਰਨ ਦਾਸ, ਕਪੂਰਥਲਾ। ਜਿਨ੍ਹਾਂ ਨੂੰ ਫਾਂਸੀ ਲਾਇਆ ਗਿਆ ਅਤੇ ਜਿਨ੍ਹਾਂ ਨੂੰ ਕਾਲੇਪਾਣੀ ਉਮਰਕੈਦ ਦੀ ਸਜ਼ਾ ਹੋਈ ਉਨ੍ਹਾਂ ਸਾਰਿਆਂ ਦੇ ਮਾਮਲਿਆਂ ਵਿਚ ਗ਼ਦਰੀਆਂ ਦੀਆਂ ਜਾਇਦਾਦਾਂ ਬਸਤੀਵਾਦੀ ਸਰਕਾਰ ਨੇ ਕੁਰਕ ਕਰ ਲਈਆਂ ਸਨ ਅਤੇ ਆਪਣੇ ਕਬਜ਼ੇ ਵਿਚ ਲੈ ਲਈਆਂ ਸਨ।

ਸਿੰਗਾਪੁਰ ਫ਼ੌਜੀ ਗ਼ਦਰ ਦੇ ਸ਼ਹੀਦ

ਸਿੰਗਾਪੁਰ ਵਿਚ 5ਵੇਂ ਲਾਈਟ ਰਸਾਲੇ ਨੇ ਗ਼ਦਰ ਲਹਿਰ ਤੋਂ ਪ੍ਰੇਰਤ ਹੋਕੇ/ਪ੍ਰੇਰਨਾਮਈ ਪ੍ਰਭਾਵ ਹੇਠ/ਪ੍ਰਭਾਵ ਹੇਠ ਆ ਕੇ 15 ਫਰਵਰੀ 1915 ਨੂੰ ਗ਼ਦਰ ਕਰ

ਦਿੱਤਾ ਸੀ। ਗ਼ਦਰ ਵਹਿਸ਼ੀ ਢੰਗ ਨਾਲ ਕੁਚਲ ਦਿੱਤਾ ਗਿਆ। ਗ੍ਰਿਫ਼ਤਾਰ ਕੀਤੇ ਗਏ ਬਹਾਦਰ ਸਿਪਾਹੀਆਂ ਵਿੱਚੋਂ 41 ਨੂੰ ਗੋਲੀਆਂ ਨਾਲ ਉਡਾ ਦਿੱਤਾ ਗਿਆ, ਉਨ੍ਹਾਂ ਵਿੱਚੋਂ ਤਿੰਨ ਨੂੰ ਫਾਂਸੀ ਦੇ ਦਿੱਤੀ ਗਈ ਅਤੇ 161 ਨੂੰ ਉਮਰ ਕੈਦ ਦੀਆਂ ਸਜ਼ਾਵਾਂ ਅਤੇ ਬਾਕੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ। ਇਨ੍ਹਾਂ ਸ਼ਹੀਦਾਂ ਦੀ ਸੂਚੀ ਹੇਠਾਂ ਦਿੱਤੀ ਜਾ ਰਹੀ ਹੈ, ਜਿਨ੍ਹਾਂ ਦਾ ਕਦੇ ਕਿਸੇ ਨੇ ਗੀਤ ਨਹੀਂ ਗਾਇਆ:

ੳ) ਸ਼ਰੇਆਮ ਗੋਲੀਆਂ ਨਾਲ ਉਡਾਏ ਗਏ

1. ਅਬਦੁਲ ਗ਼ਨੀ ਖ਼ਾਨ ਸਪੁੱਤਰ ਸੈਦ ਖ਼ਾਨ; ਜਾਟਸੁਆਣਾ, ਗੁੜਗਾਓਂ
2. ਅਬੁਦਲ ਗ਼ਨੀ ਖ਼ਾਨ ਸਪੁੱਤਰ ਸੈਦੂ ਖ਼ਾਨ; ਕਾਲੂਵਾਸ, ਜੀਂਦ
3. ਅਹਿਮਦ ਖ਼ਾਨ ਸਪੁੱਤਰ ਮੱਖਣ ਖ਼ਾਨ; ਬੁਰਟਾਣਾ, ਹਿਸਾਰ
4. ਇਨਾਇਤ ਸਪੁੱਤਰ ਬਲੀ ਮੋਹਣ ਖ਼ਾਨ ....
5. ਇਬਰਾਹਿਮ ਸਪੁੱਤਰ ਨਾਜ਼ਰ ਖ਼ਾਨ; ਜਮਾਲਪੁਰ, ਹਿਸਾਰ
6. ਇਬਰਾਹਿਮ ਸਪੁੱਤਰ ਛਾਇਲੂ ਜਾਟ; ਤੁਰਾਨੀ, ਰੋਹਤਕ
7. ਇਮਤਿਆਜ਼ ਅਲੀ ਸਪੁੱਤਰ ਗ਼ੁਲਾਮ ਰਸੂਲ ਖ਼ਾਨ ....
8. ਇਸਮੈਲ ਸਪੁੱਤਰ ਮੱਖਣ ਖ਼ਾਨ; ਬੈਸੀ, ਰੋਹਤਕ
9. ਉਮਰਾਓ ਅਲੀ ਸਪੁੱਤਰ ਮੱਖਣ ਖ਼ਾਨ ਪਠਾਣ; ਕਰਮਪੁਰ, ਗੁੜਗਾਓਂ
10. ਗ਼ਫ਼ਾਰ ਅਲੀ ਸਪੁੱਤਰ ਹਕੀਮ ਖ਼ਾਨ, ਪਟੇਣ, ਹਿਸਾਰ
11. ਚਿਸਤੀ ਖ਼ਾਨ ਸਪੁੱਤਰ ਮੁਸਲਮ ਖ਼ਾਨ; ਕੀਰਾਵਾੜ, ਹਿਸਾਰ
12. ਜਮਾਲੂਦੀਨ ਸਪੁੱਤਰ ਬਖਸ਼ ਖ਼ਾਨ; ਜਟੌਲੀ, ਗੁੜਗਾਓਂ
13. ਡੂੰਡੇ ਖ਼ਾਨ ਸਪੁੱਤਰ ਖ਼ਾਨ ਮੁਹੰਮਦ ਖ਼ਾਨ; ਬਾਜਪੁਰ, ਗੁੜਗਾਓਂ
14. ਤਾਜ ਮੁਹੰਮਦ ਖ਼ਾਨ ਸਪੁੱਤਰ ਗ਼ੁਲਾਮ ਮੁਹੰਮਦ ਖ਼ਾਨ; ਬਨਿਆਨੀ, ਰੋਹਤਕ
15. ਨਾਥੇ ਖ਼ਾਨ ਸਪੁੱਤਰ ਦਾਰੇ ਖ਼ਾਨ; ਕੁਸਿਨੀ, ਮੁਜ਼ੱਫ਼ਰ ਨਗਰ
16. ਨਵਾਬ ਖ਼ਾਨ ਸਪੁੱਤਰ ਹੈਦਰ ਖ਼ਾਨ; ਤੁਸਾਨੀ, ਹਿਸਾਰ
17. ਨਿਆਜ਼ ਮੁਹੰਮਦ ਸਪੁੱਤਰ ਅਲੀ ਅਕਬਰ ਖ਼ਾਨ; ਕਨੌਹਰ, ਰੋਹਤਕ
18. ਨਿਸ਼ਾਨ ਅਲੀ ਖ਼ਾਨ ਸਪੁੱਤਰ ਮਜ਼ਹਾਰ ਖ਼ਾਨ; ਰੌਰ, ਕਰਨਾਲ
19. ਨੂਰ ਮੁਹੰਮਦ ਸਪੁੱਤਰ ਮੱਖਣ ਖ਼ਾਨ; ਜਾਟਸੁਆਣਾ, ਗੁੜਗਾਓਂ
20. ਫ਼ਜ਼ਲ ਅਲੀ ਸਪੁੱਤਰ ਕਬੀਰਾ ਖ਼ਾਨ; ਚਾਂਗ, ਹਿਸਾਰ
21. ਫ਼ਿਰੋਜ਼ ਖ਼ਾਨ ਸਪੁੱਤਰ ਅੱਲਾਦਿੱਤਾ ਖ਼ਾਨ; ਖੇੜੀ ਨੰਗਲ, ਗੁੜਗਾਓਂ
22. ਫ਼ੈਜ਼ ਮੁਹੰਮਦ ਸਪੁੱਤਰ ਰਹੀਮ ਅਲੀ ਖ਼ਾਨ; ਸਾਮਾ ਗੋਪਾਲਪੁਰ, ਰੋਹਤਕ
23. ਬਸ਼ਰਤ ਅਲੀ ਸਪੁੱਤਰ ਰਣਮਸਤ ਖ਼ਾਨ; ਬਲੀਆ ਅਲੀ, ਹਿਸਾਰ
24. ਬਕਰ ਅਲੀ ਸਪੁੱਤਰ ਉਮੈਦ ਖ਼ਾਨ; ਗਜਰਾਮ, ਹਿਸਾਰ

25. ਭੂਰੇ ਖ਼ਾਨ ਸਪੁੱਤਰ ਫ਼ੈਜ ਖ਼ਾਨ; ਰਾਜਪੂਤ ਪੜਤਲ, ਨਾਭਾ
26. ਮੁਣਸ਼ੀ ਖ਼ਾਨ ਸਪੁੱਤਰ ਮਜ਼ਹਰ ਖ਼ਾਨ; ਬਲਿਆਲੀ, ਹਿਸਾਰ
27. ਮੁਰਾਦ ਅਲੀ ਖ਼ਾਨ ਸਪੁੱਤਰ ਕਰਮ ਅਲੀ ਖ਼ਾਨ; ਜਮਾਲਪੁਰ, ਹਿਸਾਰ
28. ਮੁਹੰਮਦ ਬਕਸ਼ ਸਪੁੱਤਰ ਜਾਨ ਮੁਹੰਮਦ ਖ਼ਾਨ; ਜਮਾਲਪੁਰ, ਹਿਸਾਰ
29. ਰਸੂਲ ਅਲੀ ....
30. ਰਹਿਮਤ ਅਲੀ ਸਪੁੱਤਰ ਲਖਮੀਰ ਖ਼ਾਨ; ਝੋਬਰੀ, ਰੋਹਤਕ
31. ਰਹੀਮ ਦਾਦ ਸਪੁੱਤਰ ਗ਼ਫ਼ਾਰ ਖ਼ਾਨ; ਚਾਨਹੀ, ਹਿਸਾਰ
32. ਰੁਕੁਨ-ਉ-ਦੀਨ ਸਪੁੱਤਰ ਫ਼ਰੀਕ ਖ਼ਾਨ, ਜਾਟ; ਕਾਨੀ, ਰੋਹਤਕ
33. ਲਾਲ ਖ਼ਾਨ ਸਪੁੱਤਰ ਕਰੀਮ ਬਖ਼ਸ਼ ਚੌਹਾਨ; ਗੁਜਰਾਨੀ, ਹਿਸਾਰ
34. ਸਈਦ ਮੁਹੰਮਦ ਸਪੁੱਤਰ ਲਸ਼ਕਰੀ ਖ਼ਾਨ; ਬਾਇਆਲੀ, ਹਿਸਾਰ
35. ਰਫ਼ੀ ਮੁਹੰਮਦ ਸਪੁੱਤਰ ਅਮਰ ਅਲੀ ਖ਼ਾਨ ਚੌਹਾਨ; ਜਾਟਸੁਆਣਾ, ਗੁੜਗਾਓਂ
36. ਸਮੱਦ ਖ਼ਾਨ ਸਪੁੱਤਰ ਸਹਜਾਦ ਖ਼ਾਨ; ਚੌਧਰੀਵਾਸ, ਹਿਸਾਰ
37. ਸ਼ਮਸੁਦੀਨ ਸਪੁੱਤਰ ....; ਬਨਿਆਨੀ, ਰੋਹਤਕ
38. ਸੁਲੇਮਾਨ ਖ਼ਾਨ ਸਪੁੱਤਰ ਰਸੂਲ ਖ਼ਾਨ; ਬਲਨਾਲੀ, ਹਿਸਾਰ
39. ਸੁਲੇਮਾਨ ਖ਼ਾਨ ਸਪੁੱਤਰ ਇਮਾਨਉਦੀਨ ਖ਼ਾਨ; ਗੜ੍ਹੀ, ਰੋਹਤਕ
40. ਸੁਲੇਮਾਨ ਖ਼ਾਨ ਸਪੁੱਤਰ ਮਹਿਬੂਬ ਖ਼ਾਨ; ਖਨੌਰ, ਰੋਹਤਕ
41. ਹਕੀਮ ਅਲੀ ....

ਫਾਂਸੀ ਦਿੱਤੇ ਗਏ

1. ਮੋਮਨ ਸਪੁੱਤਰ ਆਸਤਾ ਖ਼ਾਨ; ਬਾਸ, ਪਟਿਆਲਾ
2. ਰਫ਼ੀ ਮੁਹੰਮਦ ਸਪੁੱਤਰ ਨਵਾਬ ਅਲੀ ਖ਼ਾਨ; ਕਲਾਨੌਰ, ਰੋਹਤਕ
3. ਸ਼ਾਮੂਦੀਨ ਸਪੁੱਤਰ ਮਨੀਉਦੀਨ; ਮੈਹਮ, ਰੋਹਤਕ

[ਫਾਈਲ ਨੰ. ਹੋਮ 1916 ਕਾਂਨਫੀਡੈਂਸ਼ਲ ਨੰ. 18/1916 ਹੋਮ 1917 ਪੁਲੀਟੀਕਲ ਏ। ਨਵੰਬਰ, 75; ਪੀ.ਏ. ਸੈਕਸ਼ਨ, ਨੈਸ਼ਨਲ ਆਰਕਾਈਵਜ਼ ਆਫ ਇੰਡੀਆ, ਨਵੀਂ ਦਿੱਲੀ ਫਾਈਲ ਨੰਬਰ 76 (ਹੱਥਲਿਖਤ: ਹਿੰਦੀ), ਸਫ਼ੇ 12-14।

ਸਰੋਤ: ਪ੍ਰੋਫੈਸਰ ਫੂਲ ਚੰਦ ਜੈਨ]

ਧੰਨਵਾਦ ਸਹਿਤ: ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ (ਸਹਿਯੋਗ : ਗ਼ਦਰ ਸ਼ਤਾਬਦੀ ਕਮੇਟੀ, ਟੋਰਾਂਟੋ)

ਕਾਲੇਪਾਣੀ ਉਮਰ ਕੈਦ 1915-21
ਕਾਲੇਪਾਣੀ ਭੇਜੇ .ਗਦਰੀ

ਲਾਹੌਰ ਸਾਜ਼ਿਸ਼ ਮਾਮਲੇ ਵਿਚ ਮੁਕੱਦਮਾ ਚਲਾਕੇ ਉਮਰ ਕੈਦ ਦੀ ਸਜ਼ਾ ਦੇਕੇ ਚਾਲੀ ਦੇਸ਼ਭਗਤਾਂ ਨੂੰ ਕਾਲੇਪਾਣੀ ਜੇਲ੍ਹ ਅੰਡੇਮਾਨ ਭੇਜਿਆ ਗਿਆ। ਇਹ ਸਨ:

1. **ਭਾਨ ਸਿੰਘ**, ਉਮਰ 40 ਸਾਲ, ਸਪੁੱਤਰ ਸਾਵਣ ਸਿੰਘ, ਜੱਟ, ਪਿੰਡ ਸੁਨੇਤ, ਥਾਣਾ ਲੁਧਿਆਣਾ। ਉਹ *ਐੱਸ.ਐੱਸ. ਕੋਰੀਆ* ਅਤੇ *ਤੋਸ਼ਾ ਮਾਰੂ* ਰਾਹੀਂ ਸਫ਼ਰ ਕਰਕੇ 29 ਅਕਤੂਬਰ 1914 ਨੂੰ ਕਲਕੱਤਾ ਉਤਰਿਆ ਸੀ।
2. **ਬਿਸ਼ਨ ਸਿੰਘ**, ਉਮਰ 30 ਸਾਲ, ਸਪੁੱਤਰ ਜਵਾਲਾ ਸਿੰਘ, ਜੱਟ, ਪਿੰਡ ਦਦੇਹਰ, ਥਾਣਾ ਸਰਹਾਲੀ, ਜ਼ਿਲ੍ਹਾ ਅੰਮ੍ਰਿਤਸਰ। ਉਹ *ਐੱਸ.ਐੱਸ. ਕਟਨਾ ਮਾਰੂ* ਜਹਾਜ਼ ਰਾਹੀਂ 7 ਜਨਵਰੀ 1915 ਨੂੰ ਪਹੁੰਚਿਆ ਸੀ।
3. **ਬਿਸ਼ਨ ਸਿੰਘ**, ਉਮਰ 30 ਸਾਲ, ਸਪੁੱਤਰ ਕੇਸਰ ਸਿੰਘ, ਜੱਟ, ਪਿੰਡ ਦਦੇਹਰ, ਥਾਣਾ ਸਰਹਾਲੀ, ਜ਼ਿਲ੍ਹਾ ਅੰਮ੍ਰਿਤਸਰ। ਉਹ ਵੀ *ਕਾਮਾਗਾਟਾ ਮਾਰੂ* 'ਤੇ ਆਇਆ ਸੀ ਅਤੇ ਸਤੰਬਰ 1914 'ਚ ਕਲਕੱਤਾ ਪਹੁੰਚਿਆ ਸੀ।
4. **ਚੂਹੜ ਸਿੰਘ**, ਉਮਰ 40 ਸਾਲ, ਸਪੁੱਤਰ ਬੂਟਾ ਸਿੰਘ, ਜੱਟ, ਪਿੰਡ ਲੀਲਾਂ, ਥਾਣਾ ਰਾਏਕੋਟ, ਜ਼ਿਲ੍ਹਾ ਲੁਧਿਆਣਾ। ਉਹ .ਗਦਰ ਤੋਂ ਚਾਰ ਸਾਲ ਪਹਿਲਾਂ ਹਾਂਗਕਾਂਗ ਤੋਂ ਆਇਆ ਸੀ।
5. **ਗੁਰਦਿੱਤ ਸਿੰਘ**, ਉਮਰ 50 ਸਾਲ, ਸਪੁੱਤਰ ਗੁਰਮੁੱਖ ਸਿੰਘ, ਨਾਈ, ਪਿੰਡ ਸੁਰਸਿੰਘ, ਥਾਣਾ ਖਾਲੜਾ, ਜ਼ਿਲ੍ਹਾ ਅੰਮ੍ਰਿਤਸਰ। ਉਹ 20 ਨਵੰਬਰ 1914 ਨੂੰ *ਐੱਸ.ਐੱਸ. ਸਲਾਮਿਸ* ਉਪਰ ਹਿੰਦੁਸਤਾਨ ਪਹੁੰਚਿਆ ਸੀ।
6. **ਗੁਰਮੁੱਖ ਸਿੰਘ ਉਰਫ਼ ਅਨੂਪ ਸਿੰਘ**, ਉਮਰ 30 ਸਾਲ, ਸਪੁੱਤਰ ਹੁਸ਼ਨਾਕ ਸਿੰਘ, ਪਿੰਡ ਲਲਤੋਂ, ਜ਼ਿਲ੍ਹਾ ਲੁਧਿਆਣਾ। ਉਹ *ਕਾਮਾਗਾਟਾਮਾਰੂ* ਉਪਰ ਆਇਆ ਸੀ ਅਤੇ 26 ਸਤੰਬਰ 1914 ਨੂੰ ਕਲਕੱਤਾ ਪਹੁੰਚਿਆ ਸੀ।
7. **ਹਰਨਾਮ ਸਿੰਘ ਟੁੰਡਾ**, ਉਮਰ 30 ਸਾਲ, ਸਪੁੱਤਰ ਗੁਰਦਿੱਤ ਸਿੰਘ, ਪਿੰਡ ਕੋਟਲਾ, ਥਾਣਾ ਹਰਿਆਣਾ, ਜ਼ਿਲ੍ਹਾ ਹੁਸ਼ਿਆਰਪੁਰ। ਉਹ ਅਕਤੂਬਰ 1914 'ਚ ਸਾਨ ਫਰਾਂਸਿਸਕੋ ਤੋਂ *ਐੱਸ. ਮਨਚੂਰੀਆ* ਅਤੇ *ਐੱਸ.ਐੱਸ. ਕੋਰੀਆ* ਉਪਰ ਆਇਆ।

8. **ਹਜ਼ਾਰਾ ਸਿੰਘ**, ਉਮਰ 28 ਸਾਲ, ਸਪੁੱਤਰ ਬੇਲਾ ਸਿੰਘ, ਪਿੰਡ ਦਦੇਹਰ, ਥਾਣਾ ਸਰਹਾਲੀ, ਜ਼ਿਲ੍ਹਾ ਅੰਮ੍ਰਿਤਸਰ। ਉਹ ਮਨੀਲਾ ਤੋਂ ਚੱਲਕੇ *ਐੱਸ.ਐੱਸ. ਕਟਨਾਮਾਰੂ* ਰਾਹੀਂ 7 ਜਨਵਰੀ 1915 ਨੂੰ ਹਿੰਦੁਸਤਾਨ ਪਹੁੰਚਿਆ।
9. **ਹਿਰਦਾਰਾਮ**, ਉਮਰ 21 ਸਾਲ, ਸਪੁੱਤਰ ਗੱਜਣ ਸਿੰਘ, ਰਾਜਪੂਤ, ਪਿੰਡ ਮੰਡੀ, ਸੁਨਿਆਰ।
10. **ਇੰਦਰ ਸਿੰਘ ਗ੍ਰੰਥੀ**, ਉਮਰ 23 ਸਾਲ, ਸਪੁੱਤਰ ਆਲਾ ਸਿੰਘ, ਪਿੰਡ ਮੱਲਾ, ਥਾਣਾ ਜਗਰਾਓਂ, ਜ਼ਿਲ੍ਹਾ ਲੁਧਿਆਣਾ। ਉਹ ਅਗਸਤ 1913 'ਚ ਹਾਂਗਕਾਂਗ ਤੋਂ ਅਮਰੀਕਾ ਗਿਆ ਅਤੇ *ਐੱਸ.ਐੱਸ.ਕੋਰੀਆ* ਅਤੇ *ਤੋਸ਼ਾ ਮਾਰੂ* ਰਾਹੀਂ ਕਲਕੱਤਾ ਆਇਆ।
11. **ਇੰਦਰ ਸਿੰਘ**, ਉਮਰ 35 ਸਾਲ, ਸਪੁੱਤਰ ਮੂਲਾ ਸਿੰਘ, ਜੱਟ, ਪਿੰਡ ਸੁਰਸਿੰਘ, ਥਾਣਾ ਖਾਲੜਾ, ਹੁਣ ਜ਼ਿਲ੍ਹਾ ਅੰਮ੍ਰਿਤਸਰ। ਉਹ *ਐੱਸ.ਐੱਸ. ਕੋਰੀਆ* ਰਾਹੀਂ ਹਿੰਦੁਸਤਾਨ ਆਇਆ ਸੀ।
12. **ਜਗਤ ਰਾਮ**, ਉਮਰ 40 ਸਾਲ, ਸਪੁੱਤਰ ਦਿੱਤੂ ਮੱਲ, ਬ੍ਰਾਹਮਣ, ਪਿੰਡ ਹਰਿਆਣਾ, ਜ਼ਿਲ੍ਹਾ ਹੁਸ਼ਿਆਰਪੁਰ।
13. **ਜਵੰਦ ਸਿੰਘ**, ਉਮਰ 32 ਸਾਲ, ਸਪੁੱਤਰ ਉੱਤਮ ਸਿੰਘ, ਜੱਟ, ਪਿੰਡ ਸੁਰਸਿੰਘ, ਥਾਣਾ ਖਾਲੜਾ, ਹੁਣ ਜ਼ਿਲ੍ਹਾ ਅੰਮ੍ਰਿਤਸਰ। ਉਹ 23 ਜਨਵਰੀ 1915 ਨੂੰ *ਐੱਸ.ਐੱਸ.ਨਾਮ ਸੰਗ* ਰਾਹੀਂ ਹਿੰਦੁਸਤਾਨ ਆਇਆ ਸੀ।
14. **ਜਵਾਲਾ ਸਿੰਘ ਉਰਫ਼ ਸੰਤਾ ਸਿੰਘ**, ਉਮਰ 45 ਸਾਲ, ਸਪੁੱਤਰ ਕਨੱਈਆ ਸਿੰਘ, ਪਿੰਡ ਠੱਠੀਆਂ, ਥਾਣਾ ਬਿਆਸ, ਜ਼ਿਲ੍ਹਾ ਅੰਮ੍ਰਿਤਸਰ। ਉਹ 29 ਅਕਤੂਬਰ 1914 ਨੂੰ *ਤੋਸ਼ਾਮਾਰੂ* ਰਾਹੀਂ ਲਾਹੌਰ ਪਹੁੰਚਿਆ ਸੀ।
15. **ਕਾਲਾ ਸਿੰਘ**, ਸਪੁੱਤਰ ਘਸੀਟਾ ਸਿੰਘ, ਜੱਟ, ਪਿੰਡ ਸੁਰਸਿੰਘ, ਥਾਣਾ ਖਾਲੜਾ, ਹੁਣ ਜ਼ਿਲ੍ਹਾ ਅੰਮ੍ਰਿਤਸਰ। ਉਹ 23 ਜਨਵਰੀ 1915 ਨੂੰ *ਐੱਸ ਐੱਸ.ਨਾਮ ਸੰਗ* ਰਾਹੀਂ ਹਿੰਦੁਸਤਾਨ ਪਹੁੰਚਿਆ ਸੀ।
16. **ਕਾਲਾ ਸਿੰਘ**, ਉਮਰ 55 ਸਾਲ, ਸਪੁੱਤਰ ਗੁਲਾਬ ਸਿੰਘ, ਲੁਹਾਰ, ਅੰਮ੍ਰਿਤਸਰ।
17. **ਕੇਹਰ ਸਿੰਘ**, ਉਮਰ 55 ਸਾਲ, ਸਪੁੱਤਰ ਨਿਹਾਲ ਸਿੰਘ, ਪਿੰਡ ਮਰਹਾਣਾ, ਥਾਣਾ ਸਰਹਾਲੀ, ਜ਼ਿਲ੍ਹਾ ਅੰਮ੍ਰਿਤਸਰ। ਉਹ ਅਮਰੀਕਾ ਤੋਂ ਚਲਕੇ *ਐੱਸ.ਐੱਸ.ਕਟਨਾ ਮਾਰੂ* ਰਾਹੀਂ 7 ਜਨਵਰੀ 1915 ਨੂੰ ਹਿੰਦੁਸਤਾਨ ਆਇਆ ਸੀ।
18. **ਕੇਸਰ ਸਿੰਘ**, ਉਮਰ 40 ਸਾਲ, ਸਪੁੱਤਰ ਭੂਪ ਸਿੰਘ, ਜੱਟ, ਪਿੰਡ ਠੱਠਗੜ੍ਹ, ਥਾਣਾ ਤਰਨਤਾਰਨ, ਜ਼ਿਲ੍ਹਾ ਅੰਮ੍ਰਿਤਸਰ। ਉਹ ਸ਼ੰਘਾਈ ਤੋਂ *ਤੋਸ਼ਾਮਾਰੂ* ਰਾਹੀਂ ਆਇਆ ਸੀ।
19. **ਖੁਸ਼ਹਾਲ ਸਿੰਘ**, ਉਮਰ 22 ਸਾਲ, ਸਪੁੱਤਰ ਸੁਚੇਤ ਸਿੰਘ, ਜੱਟ, ਪਿੰਡ ਪੱਧਰੀ, ਜ਼ਿਲ੍ਹਾ ਅੰਮ੍ਰਿਤਸਰ।
20. **ਕਿਰਪਾਲ ਸਿੰਘ**, ਉਮਰ 18 ਸਾਲ, ਸਪੁੱਤਰ ਨਰੈਣ ਸਿੰਘ, ਪਿੰਡ ਬੋਪਾਰਾਏ, ਜ਼ਿਲ੍ਹਾ

ਲੁਧਿਆਣਾ। ਉਹ ਖ਼ਾਲਸਾ ਕਾਲਜ ਲੁਧਿਆਣਾ ਦਾ ਵਿਦਿਆਰਥੀ ਸੀ।

21. **ਲਾਲ ਸਿੰਘ**, ਉਮਰ 30 ਸਾਲ, ਸਪੁੱਤਰ ਮੀਹਾਂ ਸਿੰਘ, ਪਿੰਡ ਭੂਰੇ, ਥਾਣਾ ਤਰਨਤਾਰਨ, ਜ਼ਿਲ੍ਹਾ ਅੰਮ੍ਰਿਤਸਰ।

22. **ਮਦਨ ਸਿੰਘ**, ਉਮਰ 28 ਸਾਲ, ਸਪੁੱਤਰ ਮੱਲ ਸਿੰਘ, ਤਰਖਾਣ, ਪਿੰਡ ਗਾਗਾ, ਥਾਣਾ ਬਾਰਕੀ, ਜ਼ਿਲ੍ਹਾ ਲਾਹੌਰ।

23. **ਮੰਗਲ ਸਿੰਘ**, ਉਮਰ 31 ਸਾਲ, ਸਪੁੱਤਰ ਸਰਮੁੱਖ ਸਿੰਘ, ਪਿੰਡ ਲਾਲਪੁਰ, ਥਾਣਾ ਤਰਨਤਾਰਨ, ਜ਼ਿਲ੍ਹਾ ਅੰਮ੍ਰਿਤਸਰ। ਉਹ *ਐੱਸ.ਐੱਸ. ਕੋਰੀਆ* ਰਾਹੀਂ ਆਇਆ ਸੀ।

24. **ਨੰਦ ਸਿੰਘ**, ਉਮਰ 32 ਸਾਲ, ਸਪੁੱਤਰ ਰਾਮ ਸਿੰਘ, ਜੱਟ, ਪਿੰਡ ਕੈਲੇ, ਥਾਣਾ ਰਾਏਕੋਟ, ਜ਼ਿਲ੍ਹਾ ਲੁਧਿਆਣਾ। ਉਹ 13 ਅਕਤੂਬਰ 1914 ਨੂੰ *ਐੱਸ.ਐੱਸ.ਨਾਮ ਸੰਗ* ਰਾਹੀਂ ਹਿੰਦੁਸਤਾਨ ਆਇਆ ਸੀ।

25. **ਨਿਧਾਨ ਸਿੰਘ**, ਉਮਰ 60 ਸਾਲ, ਸਪੁੱਤਰ ਸੁੰਦਰ ਸਿੰਘ, ਜੱਟ, ਪਿੰਡ ਚੁੱਘਾ, ਥਾਣਾ ਧਰਮਕੋਟ, ਜ਼ਿਲ੍ਹਾ ਫ਼ਿਰੋਜ਼ਪੁਰ। ਉਹ ਸਾਨ ਫਰਾਂਸਿਸਕੋ ਤੋਂ *ਐੱਸ.ਐੱਸ. ਕੋਰੀਆ* ਰਾਹੀਂ 29 ਅਗਸਤ 1914 ਨੂੰ ਆਇਆ ਸੀ। ਉਹ ਨਾਗਾਸਾਕੀ ਤੋਂ ਜਹਾਜ਼ ਲੈਕੇ ਸ਼ੰਘਾਈ ਲਈ ਚੱਲਿਆ ਅਤੇ 25 ਅਕਤੂਬਰ 1914 ਨੂੰ ਐੱਸ.ਐੱਸ.ਮਾਸ਼ੀ ਮਾਰੂ ਰਾਹੀਂ ਕੋਲੰਬੋ ਆਇਆ।

26. **ਭਾਈ ਪਰਮਾਨੰਦ**, ਉਮਰ 40 ਸਾਲ, ਸਪੁੱਤਰ ਭਾਈ ਤਾਰਾ ਚੰਦ, ਬ੍ਰਾਹਮਣ, ਕਰਿਆਲਾ, ਜ਼ਿਲ੍ਹਾ ਜੇਹਲਮ।

27. **ਪਰਮਾਨੰਦ ਝਾਂਸੀ**, ਉਮਰ 28 ਸਾਲ, ਗਯਾ ਪ੍ਰਸਾਦ ਕਾਇਸਥ, ਪਿੰਡ ਸੁਖਾਰਡਾ ਖਾੜਕਾ, ਜ਼ਿਲ੍ਹਾ ਹਮੀਰਪੁਰ ਯੂ.ਪੀ.। ਉਹ ਅਮਰੀਕਾ ਗਿਆ ਸੀ, ਪਰ ਉਹ ਯੋਕੋਹਾਮਾ ਤੋਂ *ਐੱਸ.ਐੱਸ. ਕੋਰੀਆ* ਰਾਹੀਂ ਵਾਪਸ ਮੁੜ ਆਇਆ ਅਤੇ 29 ਅਕਤੂਬਰ 1914 ਨੂੰ *ਐੱਸ.ਐੱਸ. ਤੋਸ਼ਾ ਮਾਰੂ* ਰਾਹੀਂ ਕਲਕੱਤਾ ਪਹੁੰਚਿਆ।

28. **ਪਿਆਰਾ ਸਿੰਘ ਉਰਫ਼ ਕਰਮ ਸਿੰਘ**, ਉਮਰ 32 ਸਾਲ, ਸਪੁੱਤਰ ਲੱਖਾ ਸਿੰਘ, ਪਿੰਡ ਲੰਗੇਰੀ, ਥਾਣਾ ਮਾਹਿਲਪੁਰ, ਜ਼ਿਲ੍ਹਾ ਹੁਸ਼ਿਆਰਪੁਰ। ਉਹ 16 ਅਕਤੂਬਰ 1914 ਨੂੰ *ਐੱਸ.ਐੱਸ.ਕੋਰੀਆ* ਅਤੇ *ਐੱਸ.ਐੱਸ. ਫਾਓ ਸੰਗ* ਰਾਹੀਂ ਹਿੰਦੁਸਤਾਨ ਆਇਆ ਸੀ।

29. **ਪ੍ਰਿਥਵੀ ਸਿੰਘ**, ਉਮਰ 26 ਸਾਲ, ਸਪੁੱਤਰ ਸ਼ਾਦੀ ਰਾਮ, ਪਿੰਡ ਸ਼ੰਭੂ, ਜ਼ਿਲ੍ਹਾ ਪਟਿਆਲਾ। ਉਹ *ਐੱਸ.ਐੱਸ. ਕੋਰੀਆ* ਅਤੇ *ਐੱਸ.ਐੱਸ. ਤੋਸ਼ਾ ਮਾਰੂ* ਰਾਹੀਂ ਹਿੰਦੁਸਤਾਨ ਆਇਆ ਸੀ।

30. **ਰਾਮ ਸਰਨ ਦਾਸ**, ਉਮਰ 27 ਸਾਲ, ਸਪੁੱਤਰ ਸੰਤ ਰਾਮ, ਖੱਤਰੀ, ਕਪੂਰਥਲਾ।

31. **ਰੋਡਾ ਸਿੰਘ**, ਉਮਰ 43 ਸਾਲ, ਸਪੁੱਤਰ ਵਸਾਵਾ ਸਿੰਘ, ਜੱਟ, ਪਿੰਡ ਰੋਡਾ, ਥਾਣਾ ਬਾਘਾ ਪੁਰਾਣਾ, ਜ਼ਿਲ੍ਹਾ ਫ਼ਿਰੋਜ਼ਪੁਰ। ਉਹ *ਐੱਸ.ਐੱਸ. ਮਾਸ਼ੀਮਾ ਮਾਰੂ* ਰਾਹੀਂ ਸ਼ੰਘਾਈ ਤੋਂ ਆਇਆ ਸੀ ਅਤੇ 25 ਅਕਤੂਬਰ 1914 ਨੂੰ ਕੋਲੰਬੋ ਪਹੁੰਚਿਆ ਸੀ।

32. **ਰੁਲੀਆ ਸਿੰਘ**, ਉਮਰ 36 ਸਾਲ, ਸਪੁੱਤਰ ਜਗਤ ਸਿੰਘ, ਪਿੰਡ ਸਰਾਭਾ, ਥਾਣਾ ਰਾਏਕੋਟ, ਜ਼ਿਲ੍ਹਾ ਲੁਧਿਆਣਾ। ਉਹ *ਐੱਸ.ਐੱਸ.ਕੋਰੀਆ* ਅਤੇ *ਤੋਸ਼ਾ ਮਾਰੂ* ਰਾਹੀਂ ਹਿੰਦੁਸਤਾਨ ਵਾਪਸ ਆਇਆ ਸੀ।

33. **ਸਾਵਣ ਸਿੰਘ**, ਉਮਰ 45 ਸਾਲ, ਸਪੁੱਤਰ ਖ਼ੁਸ਼ਹਾਲ ਸਿੰਘ, ਪਿੰਡ ਚੱਬਾ, ਥਾਣਾ ਸਦਰ, ਜ਼ਿਲ੍ਹਾ ਅੰਮ੍ਰਿਤਸਰ।

34. **ਸ਼ਿਵ ਸਿੰਘ**, ਉਮਰ 29 ਸਾਲ, ਸਪੁੱਤਰ ਮੁਣਸ਼ੀ, ਜੱਟ, ਪਿੰਡ ਕੋਸਲਾ, ਥਾਣਾ ਹਰਿਆਣਾ, ਜ਼ਿਲ੍ਹਾ ਹੁਸ਼ਿਆਰਪੁਰ। *ਐੱਸ.ਐੱਸ.ਕੋਰੀਆ* ਅਤੇ *ਤੋਸ਼ਾ ਮਾਰੂ* ਰਾਹੀਂ ਕਲਕੱਤਾ ਆਇਆ ਸੀ।

35. **ਸ਼ੇਰ ਸਿੰਘ**, ਉਮਰ 32 ਸਾਲ, ਸਪੁੱਤਰ ਕੇਹਰ ਸਿੰਘ, ਜੱਟ, ਪਿੰਡ ਵੇਈਂ ਪੂਈਂ, ਥਾਣਾ ਤਰਨਤਾਰਨ, ਜ਼ਿਲ੍ਹਾ ਅੰਮ੍ਰਿਤਸਰ। ਉਹ ਅਗਸਤ 1914 'ਚ *ਐੱਸ.ਐੱਸ. ਕੈਨੇਡਾ ਮਾਰੂ* ਰਾਹੀਂ ਹਾਂਗਕਾਂਗ ਤੋਂ *ਐੱਸ.ਐੱਸ.ਤੋਸ਼ਾਮਾਰੂ* 'ਤੇ ਸਵਾਰ ਹੋਕੇ ਹਿੰਦੁਸਤਾਨ ਪਹੁੰਚਿਆ ਸੀ।

36. **ਸੋਹਣ ਸਿੰਘ**, ਉਮਰ 50 ਸਾਲ, ਸਪੁੱਤਰ ਕਰਮ ਸਿੰਘ, ਜੱਟ ਪਿੰਡ ਭਕਨਾ, ਥਾਣਾ ਘਰਿੰਡਾ, ਜ਼ਿਲ੍ਹਾ ਅੰਮ੍ਰਿਤਸਰ। ਉਹ ਹਾਂਗਕਾਂਗ ਤੋਂ *ਐੱਸ.ਐੱਸ. ਨਾਮ ਸੰਗ* ਰਾਹੀਂ ਕਲਕੱਤਾ ਆਇਆ ਸੀ।

37. **ਊਧਮ ਸਿੰਘ**, ਉਮਰ 26 ਸਾਲ, ਸਪੁੱਤਰ ਮੇਵਾ ਸਿੰਘ, ਜੱਟ, ਪਿੰਡ, ਕਸੇਲ, ਥਾਣਾ ਘਰਿੰਡਾ, ਜ਼ਿਲ੍ਹਾ ਅੰਮ੍ਰਿਤਸਰ। ਉਹ *ਐੱਸ.ਐੱਸ. ਕੋਰੀਆ* ਅਤੇ *ਤੋਸ਼ਾ ਮਾਰੂ* ਰਾਹੀਂ ਹਿੰਦੁਸਤਾਨ ਪਹੁੰਚਿਆ ਸੀ।

38. **ਵਸਾਖਾ ਸਿੰਘ**, ਉਮਰ 32 ਸਾਲ, ਸਪੁੱਤਰ ਦਿਆਲ ਸਿੰਘ, ਪਿੰਡ ਦਦੇਹਰ, ਥਾਣਾ ਸਰਹਾਲੀ, ਜ਼ਿਲ੍ਹਾ ਅੰਮ੍ਰਿਤਸਰ। ਉਹ 7 ਜਨਵਰੀ 1915 ਨੂੰ *ਐੱਸ.ਐੱਸ. ਕਟਨਾ ਮਾਰੂ* ਰਾਹੀਂ ਹਿੰਦੁਸਤਾਨ ਆਇਆ ਸੀ।

39. **ਵਸਾਵਾ ਸਿੰਘ**, ਉਮਰ 38 ਸਾਲ, ਸਪੁੱਤਰ ਮੀਹਾਂ ਸਿੰਘ, ਜੱਟ, ਗਿੱਲਵਾਲੀ, ਜ਼ਿਲ੍ਹਾ ਅੰਮ੍ਰਿਤਸਰ। ਉਹ 20 ਨਵੰਬਰ 1914 ਨੂੰ *ਐੱਸ.ਐੱਸ. ਸਲਾਮੀਸ* ਰਾਹੀਂ ਹਿੰਦੁਸਤਾਨ ਆਇਆ ਸੀ।

40. **ਰੂੜ ਸਿੰਘ**, ਉਮਰ 38 ਸਾਲ, ਸਪੁੱਤਰ ਅਤਰ ਸਿੰਘ, ਪਿੰਡ ਚੂਹੜ ਚੱਕ, ਥਾਣਾ ਮੋਗਾ। ਉਹ *ਐੱਸ.ਐੱਸ.ਕੋਰੀਆ* ਅਤੇ *ਤੋਸ਼ਾ ਮਾਰੂ* ਰਾਹੀਂ ਹਿੰਦੁਸਤਾਨ ਪਹੁੰਚਿਆ ਸੀ।

ਮਾਂਡਲੇ ਸਾਜ਼ਿਸ਼ ਕੇਸ

1. **ਚੇਤ ਰਾਮ ਸਪੁੱਤਰ ਬਿਸ਼ਨ ਦਾਸ ਅਰੋੜਾ**, ਪਿੰਡ ਵੈਰੋਵਾਲ, ਥਾਣਾ ਸਾਂਬਰਾਵਾਲ, ਸਿਆਲਕੋਟ (ਹੁਣ ਪਾਕਿਸਤਾਨ ਵਿਚ)।

2. **ਜੀਵਨ ਸਿੰਘ ਸਪੁੱਤਰ ਈਸ਼ਰ ਸਿੰਘ ਬ੍ਰਾਹਮਣ**, ਪਿੰਡ ਫੀਲੋਕੇ, ਥਾਣਾ ਕਿਲ੍ਹਾ ਦੀਦਾਰ

ਸਿਘ, ਗੁੱਜਰਾਂਵਾਲਾ (ਹੁਣ ਪਾਕਿਸਤਾਨ ਵਿਚ)।

3. **ਭਾਈ ਕਪੂਰ ਸਿੰਘ ਮੋਹੀ ਸਪੁੱਤਰ ਮਿੱਤ ਸਿੰਘ**, ਪਿੰਡ ਮੋਹੀ, ਥਾਣਾ ਦਾਖਾ, ਜ਼ਿਲ੍ਹਾ ਲੁਧਿਆਣਾ।
4. **ਹਰਦਿੱਤ ਸਿੰਘ ਸਪੁੱਤਰ ਭਗਵਾਨ ਸਿੰਘ**, ਪਿੰਡ ਲੰਮੇ ਜੱਟਪੁਰਾ, ਜ਼ਿਲ੍ਹਾ ਲੁਧਿਆਣਾ।
5. **ਕਿਰਪਾ ਰਾਮ**, ਸਕੂਲ ਮਾਸਟਰ, ਸਪੁੱਤਰ ਬਰਿਜ ਲਾਲ, ਪਿੰਡ ਕੁਟਾਲਾ ਸ਼ਾਹੀ ਫਾੜੀਆ, ਗੁਜਰਾਤ, ਪੰਜਾਬ (ਹੁਣ ਪਾਕਿਸਤਾਨ ਵਿਚ)।
6. **ਬੁੱਧ ਸਿੰਘ ਸਪੁੱਤਰ ਸ਼ਾਮ ਸਿੰਘ**, ਪਿੰਡ ਫੀਲੋਕੇ, ਥਾਣਾ ਕਿਲ੍ਹਾ ਦੀਦਾਰ ਸਿੰਘ, ਗੁੱਜਰਾਂਵਾਲਾ (ਹੁਣ ਪਾਕਿਸਤਾਨ ਵਿਚ)।

ਫ਼ੌਜੀ ਜਵਾਨਾਂ ਦਾ ਮੁਕੱਦਮਾ

1. **ਬਿਸ਼ਨ ਸਿੰਘ ਢੋਟੀਆਂ**, ਉਮਰ 29 ਸਾਲ, ਸਪੁੱਤਰ ਜੀਵਨ ਸਿੰਘ, 23ਵਾਂ ਰਿਸਾਲਾ ਪਲਟਣ, ਸਿਪਾਹੀ ਨੰਬਰ 1526।
2. **ਬਿਸ਼ਨ ਸਿੰਘ ਢੋਟੀਆਂ ਸਪੁੱਤਰ ਰਾਮ ਸਿੰਘ**, ਪਿੰਡ ਸਰਹਾਲੀ, ਜ਼ਿਲ੍ਹਾ ਅੰਮ੍ਰਿਤਸਰ (ਪੰਜਾਬ), 23ਵਾਂ ਰਿਸਾਲਾ ਦੀ ਪਲਟਣ ਦਾ ਸਿਪਾਹੀ ਨੰਬਰ 1945।
3. **ਨੱਥਾ ਸਿੰਘ ਢੋਟੀਆਂ**, ਉਮਰ 29 ਸਾਲ, ਸਪੁੱਤਰ ਸਦਾ ਸਿੰਘ, ਪਿੰਡ ਸਰਹਾਲੀ ਜ਼ਿਲ੍ਹਾ ਅੰਮ੍ਰਿਤਸਰ, 23ਵਾਂ ਰਿਸਾਲਾ ਦੀ ਪਲਟਣ ਦਾ ਸਿਪਾਹੀ ਨੰਬਰ 1393।
4. **ਕੇਹਰ ਸਿੰਘ ਉਰਫ਼ ਕੇਸਰੀ ਉਰਫ਼ ਕੇਸਰ ਸਿੰਘ**, ਉਮਰ 27 ਸਾਲ, ਸਪੁੱਤਰ ਭਗਤ ਸਿੰਘ, ਪਿੰਡ ਸਰਹਾਲੀ ਜ਼ਿਲ੍ਹਾ ਅੰਮ੍ਰਿਤਸਰ (ਪੰਜਾਬ), 23ਵਾਂ ਰਿਸਾਲਾ ਦੀ ਪਲਟਣ ਦਾ ਸਿਪਾਹੀ ਨੰਬਰ 1523।
5. **ਚੰਨਣ ਸਿੰਘ ਢੰਡ ਕਸੇਲ**, ਉਮਰ 24 ਸਾਲ, ਸਪੁੱਤਰ ਨੱਥਾ ਸਿੰਘ, ਪਿੰਡ ਢੰਡ ਕਸੇਲ, ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ, 23ਵੇਂ ਰਸਾਲੇ ਨਾਲ ਸਬੰਧਤ ਸਿਪਾਹੀ ਨੰਬਰ 1775।
6. **ਨੰਦ ਸਿੰਘ ਰਾਏਕੇ ਬੁਰਜਾਂ**, ਉਮਰ 37 ਸਾਲ, ਸਪੁੱਤਰ ਪੰਜਾਬ ਸਿੰਘ, ਲਾਇਲਪੁਰ (ਹੁਣ ਪਾਕਿਸਤਾਨ ਵਿਚ), 23ਵਾਂ ਰਿਸਾਲਾ ਦੀ ਪਲਟਣ ਦਾ ਸਿਪਾਹੀ ਨੰਬਰ 1327।

ਕਾਲੇਪਾਣੀ ਜੇਲ੍ਹ ਵਿਚ ਭੇਜੇ ਹੋਰ ਦੇਸ਼ਭਗਤ

1. ਅਲਾ-ਉਦ-ਦੀਨ
2. ਅਲੀ ਅਹਿਮਦ ਸਿਦੀਕੀ
3. ਅਮਰ ਸਿੰਘ
4. ਅਮਰ ਸਿੰਘ ਨੰਦਬੋਲ
5. ਉਪੇਂਦਰ ਨਾਥ ਬੈਨਰਜੀ
6. ਅਸ਼ਵਨੀ ਕੁਮਾਰ ਬਾਸੂ
7. ਅਬਿਨਾਸ਼ ਚੰਦਰ ਭੱਟਾਚਾਰਜੀ

8. ਹਰੇਂਦਰ ਕੁਮਾਰ ਭੱਟਾਚਾਰਜੀ
9. ਮਦਨ ਮੋਹਣ ਭੌਮਿਕ
10. ਸੁਰੇਂਦਰ ਨਾਥ ਬਿਸਵਾਸ
11. ਚਤਰ ਸਿੰਘ
12. ਚਤਰ ਸਿੰਘ
13. ਅਬਾਨੀ ਭੂਸ਼ਨ ਚਕਰਾਬਰਤੀ
14. ਤ੍ਰਿਲੋਕੀਯ ਨਾਥ ਚਕਰਾਬਰਤੀ
15. ਸਾਨੁਕੁਲ ਚੈਟਰਜੀ
16. ਸਤੀਸ਼ ਚੰਦਰ ਚੈਟਰਜੀ
17. ਨਗੇਂਦਰ ਚੰਦਰ ਚੰਦਰ
18. ਖਾਗੇਂਦਰ ਨਾਥ ਚੌਧਰੀ
19. ਨਾਰੇਨ ਮੋਹਣ ਘੋਸ਼ ਚੌਧਰੀ
20. ਹੇਮ ਚੰਦਰ ਦਾਸ
21. ਪੁਲਿਨ ਬਿਹਾਰੀ ਦਾਸ
22. ਬ੍ਰੋਜੇਂਦਰ ਨਾਥ ਦੱਤ
23. ਸਚਿੰਦਰ ਨਾਥ ਦੱਤ
24. ਦੇਅ ਬਿਧੂ ਭੂਸ਼ਨ
25. ਦੇਅ ਸੁਹੀਰ ਚੰਦਰ
26. ਉਲਾਸਕਰ ਦੱਤ
27. ਗੇਵਨ ਸਿੰਘ ਮਰਹਾਣਾ
28. ਬਰਿੰਦਰ ਕੁਮਾਰ ਘੋਸ਼
29. ਭੁਪੇਂਦਰ ਨਾਥ ਘੋਸ਼
30. ਕਾਲੀਦਾਸ ਘੋਸ਼
31. ਗਿਰਧਾਰੀ ਲਾਲ
32. ਗੋਵਿੰਦ ਰਾਮ
33. ਗੁਰਦਾਸ ਸਿੰਘ
34. ਗੁਰਮੁੱਖ ਸਿੰਘ
35. ਹਰਨਦੇਵ ਸਿੰਘ
36. ਅੰਮ੍ਰਿਤ ਲਾਲ ਹਾਜ਼ਰਾ
37. ਮੁਜਤਬਾ ਹੁਸੈਨ ਮੁਹੰਮਦ
38. ਇੰਦਰ ਸਿੰਘ ਸਪੁੱਤਰ ਆਲਾ ਸਿੰਘ
39. ਇੰਦੂਭੂਸ਼ਨ

40. ਜਲਾਲਦੀਨ
41. ਜੈਰਾਮ ਸਿੰਘ
42. ਦਾਜੀ ਨਰੈਣ ਜੋਸ਼ੀ
43. ਹਰਿਸ਼ੀਕੀਸ਼ ਕਾਂਜੀਲਾਲ
44. ਗੋਬਿੰਦ ਚੰਦਰ ਕਰ
45. ਕਰਮ ਚੰਦ
46. ਕਰਤਾਰ ਸਿੰਘ
47. ਕੇਹਰ ਸਿੰਘ ਸਪੁੱਤਰ ਭਾਨ ਸਿੰਘ
48. ਲੱਧਾ ਸਿੰਘ
49. ਆਸ਼ੁਤੋਸ਼ ਲਹਿਰੀ
50. ਲਖਨ ਸਿੰਘ
51. ਲਾਲ ਸਿੰਘ ਸਪੁੱਤਰ ਉਦੈ ਸਿੰਘ
52. ਮਨੋਹਰ ਸਿੰਘ
53. ਮਣਸ਼ਾ ਸਿੰਘ
54. ਮਿਹਰਦੀਨ
55. ਮੇਹਰ ਸਿੰਘ
56. ਮੁਹੰਮਦੀ
57. ਮੁਹੰਮਦ ਅਕਰਮ ਖ਼ਾਨ
58. ਸਚਿੰਦਰ ਲਾਲ ਮਿਤਰਾ
59. ਨਾਨੀ ਗੋਪਾਲ ਮੁਖਰਜੀ
60. ਨੰਦਗੋਪਾਲ
61. ਨਾਦਿਰ ਅਲੀ ਸ਼ਾਹ
62. ਕਿਨੂਰਾਮ ਪਾਲ
63. ਨਿਕੁੰਜ ਬਿਹਾਰੀ ਪਾਲ
64. ਜਯੋਤਿਸ਼ ਚੰਦਰ ਪਾਲ
65. ਰਾਜਾ ਰਾਮ
66. ਰਾਮ ਚਰਨ ਲਾਲ
67. ਰਾਮ ਹਰੀ
68. ਰਾਮ ਰੱਖਾ
69. ਰਣਧੀਰ ਸਿੰਘ
70. ਰਤਨ ਚੰਦ
71. ਰੋਸ਼ਨ ਲਾਲ

72. ਗੋਪੇਂਦਰ ਲਾਲ ਰਾਏ
73. ਇੰਦੂਭੂਸ਼ਨ ਰਾਏ
74. ਨਿਖਿਲ ਰੰਜਨ ਗੁਹਾ ਰਾਏ
75. ਨਿਰਪਦ ਰਾਏ
76. ਫ਼ਨੀਂਦਰ ਭੂਸ਼ਨ ਰਾਏ
77. ਸਦੀਕ
78. ਸੱਜਣ ਸਿੰਘ
79. ਸਾਂਧੀ
80. ਕਸ਼ਿਤਿਜ ਚੰਦਰ ਸਾਨਿਆਲ
81. ਸਚਿੰਦਰਨਾਥ ਸਾਨਿਆਲ
82. ਬਿਭੂਤੀ ਭੂਸ਼ਨ ਸਰਕਾਰ
83. ਬਿਧੂ ਭੂਸ਼ਨ ਸਰਕਾਰ
84. ਨਗੇਂਦਰ ਨਾਥ ਸਰਕਾਰ
85. ਸੁਧੀਰ ਕੁਮਾਰ ਸਰਕਾਰ
86. ਗਣੇਸ਼ ਦਮੋਦਰ ਸਾਵਰਕਰ
87. ਵਿਨਾਇਕ ਦਮੋਦਰ ਸਾਵਰਕਰ
88. ਬਿਰੇਨ ਚੰਦਰ ਸੇਨ
89. ਸੁਰੇਸ਼ ਚੰਦਰ ਸੇਨ ਗੁਪਤਾ
90. ਸਿੰਗਾਰਾ ਸਿੰਘ
91. ਸੁੱਚਾ ਸਿੰਘ
92. ਸੁੰਦਰ ਸਿੰਘ
93. ਸੁਰੈਣ ਸਿੰਘ
94. ਸੁਰਜਣ ਸਿੰਘ
95. ਤੇਜਾ ਸਿੰਘ
96. ਠਾਕੁਰ ਸਿੰਘ
97. ਹੋਤੂਲਾਲ ਵਰਮਾ
98. ਵਲਾਇਤੀ

[ਸਰੋਤ: ਐੱਸ.ਐੱਨ. ਅਗਰਵਾਲ, ਦ ਹੀਰੋਜ਼ ਆਫ ਸੈਲੂਲਰ ਜੇਲ੍ਹ, ਸਫ਼ੇ 180-188; ਅੰਤਿਕਾ ਡੀ, ਭਾਗ ਤਿੰਨ, ਸਫ਼ਾ 342-346]

ਗ੍ਰੰਥ ਸੂਚੀ

- A. B. Ganguly, 'Ghadar Revolution in America', Metropolitan Books, Delhi, 1980.
- Arun Kumar Bose, 'Indian Revolutionaries Abroad', Bharti Bhawan, Patna, 1971.
- Ali Imran, 1988, The Punjab Under Imperialism, 1885-1947, Princeton University Press.
- Abdullah Leghari, (ed.) *ਮੌਲਾਨਾ ਉਬੈਦੁੱਲਾ ਸਿੰਧੀ ਕੀ ਸਰਗੁਜ਼ਸ਼ਤ-ਏ-ਕਾਬੁਲ* (ਇਸਲਾਮਾਬਾਦ: ਕੌਮੀ ਇਦਾਰਾ ਬਰਾਈ ਤਾਰਾਕੀ-ਏ-ਸਕਾਫ਼ਤ, 1980, ਰਿਜ਼ਵੀ.)
- Ahmad, Syed N., *Origins of Muslim consciousness in India: a world-system perspective*. New York, USA: Greenwood Press, 1991.
- Attar Chand, India, Pakistan, and Afghanistan: a study of freedom struggle and Abdul Ghaffar Khan. New Delhi, India: Commonwealth Publishers, 1989.
- Azad, Abul Kalam (1958 (reprint: 1989)). *India Wins Freedom*. Stosius Inc/Advent Books Division.
- Ahmad, Muzaffar, The Communist Party of India and its Formation Abroad, Calcutta: National Book Agency Pvt. Ltd, 1962.
- Acharya, M.P.T., and Bishember Dayal Yadav. *M.P.T. Acharya: Reminiscences of an Indian Revolutionary.* New Delhi: Anmol Publications, 1991.
- Aggarwal, S.N. *The Heroes of Cellular Jail*. Patiala: Publication Bureau, Punjabi University, 1995.
- Ahmad, Aziz. *Islamic Modernism in India and Pakistan, 1857-1964.* London: Oxford University Press, 1967.
- ——. *Myself and the Communist Party of India, 1920-1929.* Calcutta: National Book Agency, 1970.
- Anderson, W.K. *James Connolly and the Irish Left.* Dublin: Irish Academic Press, 1994.
- Ansari, K.H. *The Emergence of the Muslim Socialists in North India, 1917-1947.* Boston Spa, UK: British Library Document Supply Centre,

1985.

- ——. "Pan-Islam and the Making of the Early Indian Muslim Socialists." *Modern Asian Studies 20.3 (1986).*
- Anschel, Eugene. *Homer Lea, Sun Yat-sen, and the Chinese Revolution. New York: Praeger, 1984.*
- Avrich, Paul. *The Russian Anarchists.* Princeton, NJ: Princeton University Press, 1971.
- Aydin, Cemil. *The Politics of Anti-Westernism in Asia: Visions of World Order in Pan-Islamic and Pan-Asian Thought.* New York: Columbia University Press, 2007.
- ——. "The Politics of Civilizational Identities: Asia, West, and Islam in the Pan-Asianist Thought of Okawa Shumei." PhD diss., Harvard University, 2002.
- Azad, Chaman Lal. *ਭਗਤ ਸਿਘ ਔਰ ਦੱਤ ਕੀ ਅਮਰ ਕਹਾਣੀ, New Delhi:* Satya Prakashan, 1966.
- Archives on Contemporary History, Jawaharlal Nehru University, Delhi. Desh Bhagat Yadgar, Jalandhar, India.
- Adhikari, Gangadhar, ed. *Documents of History of the Communist Party of India.* Vols 1-3. New Delhi: People's Publishing House, 1971-1982.
- Bhai Parmanand, The Story of My Life (1982).
- Bipan Chandra, K. N. Panikkar, Mridula Mukherjee, Sucheta Mahajan, India's Struggle for Independence, New Delhi, Penguin Books, India, 1988.
- Bipin Chandra, Advanced History of India.
- Brown, Giles (Aug 1948). "The Hindu Conspiracy, 1914–1917". *The Pacific Historical Review* (University of California Press) 17 (3): 299–310. ISSN 0030-8684..
- Bhai Sukhdeep, 1998, Ghadar: The Immigrant Outrage Against Canadian Injustices, 1900-1918, M.A. Thesis, Queens University, Kingston, Ontario, Canada.
- B. Gurcharan S. & B. Singh Bolaria, 2003, The Sikh's in Canada: Migration, Race, class & gender, New Delhi, Oxford University Press, 2003.
- Bolaria & Li, Racial Operation in Canada (Second Revised Edition). Toronto: Garamond Press, 1988.
- Buchignani, Norman & Indra, Doreen M., with Srivastva, 1985, Continuous Journey: A Social History of South Asians in Canada, Toronto: McClelland and Stewart, 1985.
- Ballantyne, Tony. *Between Colonialism and Diaspora: Sikh Cultural*

Formations in an Imperial World. Durham, NC: Duke University Press, 2006.

- Barooah, Nirode. Chatto: *The Life and Times of an Indian Anti-Imperialist in Europe.* New Delhi: Oxford University Press, 2004.
- Barrier Gerald, 1966, The Punjab Alienation of Land Bill, 1900, Duke University, Monograph, no. 2.
- Barrier, Gerald. *Banned: Controversial Literature and Political Control in British India, 1907-1947.* New Delhi: Manohar, 1974.
- Barrier, Gerald, and Verne Dusenbery, eds. *The Sikh Diaspora: Migration and the Experience beyond Punjab.* Delhi: Chanakya Publications, 1989.
- Bayly, Christopher, and Leila Fawaz, eds. *Modernity and Culture from the Mediterranean to the Indian Ocean.* New York: Columbia University Press, 2002.
- Bennigsen, Alexandre, and Stephen Wimbush. *Muslim National Communism in the Soviet Union:* A Revolutionary Strategy for the Colonial World. Chicago: University of Chicago Press, 1979.
- Bilington, James. *Fire in the Minds of Men: Origins of the Revolutionary Faith.* New York: Basic Books, 1980.
- Bose, A.C. *Indian Revolutionaries Abroad, 1905-1922, in the Background of International Developments.* Patna: Bharati Bhawan, 1971.
- Brasted, Howard. *"Indian Nationalist Development and the Influence of Irish Home Rule, 1870-1886."* Modern Asian Studies 14.1 (1980).
- Breen, Dan. *My Fight for Irish Freedom.* Dublin: Talbot Press, 1924. Reprint, Dublin and Tralee: Anvil Press, 1964.
- Brooks, Van Wyck. *An Autobiography.* New York: E.P. Dutton, 1965.
- Brown, Emily. *Har Dayal: Hindu Revolutionary and Rationalist.* Tuscon: University of Arizona Press, 1975.
- Buchignani, Norman, and Doreen Indra. *Continuous Journey: A Social History of South Asians in Canada.* Toronto: McClelland & Stewart, 1985.
- Bufe, Charles, and Mitch Verter. *Dreams of Freedom: A Ricardo Flores Magon Reader,* Oakland, CA: AK Press, 2006.
- Buhle, Paul, and Dan Georgakas, eds. *The Immigrant Left in the United States,* Albany: SUNY Press, 1996.
- Burke, Edmund, III. "Moroccan Resistance, Pan-Islam, and German was Strategy, 1914-1918." Francia(Munich) 3 (1976).
- ——. "Pan-Islam and Moroccan Resistance to French Colonial Penetra-

tion, 1900-1912." *The Journal of African History 13.1 (1972).*

- Bakshi, S.R. *Bhagat Singh and His Ideology. New Delhi: Capital Publishers, 1981.*
- Bahadur, K.P., History of the Freedom Movement in India, New Delhi: Ess Ess Publications, 1987
- Barooah, Nirode K., India and official Germany, 1866-1914, Frankfurt: Peter Lang 1977
- ________, Chatto: The Life and Times of an Anti-Imperialist in Europe, New Delhi: Oxford University Press, 2004.
- Chhabra, G. S. (2005), *Advance Study in the History of Modern India*, 2: 1803–1920, Lotus Press, ISBN 81-89093-07-X.
- Car Campbell, *Political Troubles in India*, 1907-17.
- Cantwal Smith, Modern Islam in India.
- Catanach, Ian, 2007, "Punjab and the Sikhs through the Prism of Plague", In Tony Ballantyne (ed.), Textures of the Sikh Past: New Historical Perspectives, New Delhi: Oxford University Press.
- Chopra, P.N., ed. *Indian Freedom Fighters Abroad*: Secret British Intelligence Report. New Delhi: Criterion Publications, 1988.
- Caldwell, John Taylor. *Come Dungeons Dark. Edinburgh: Luath Press, 1988.*
- Chandrasekhar, S., ed. From India to America: A brief History of Immigration; Problems of Discrimination, Admission, and Assimilation. La Jolla, CA: Population Review Publications, 1982.
- Cheng, Lucie, and Edna Bonacich. Labor Immigration under Capitalism: Asian Workers in the United States before World War II. Berkley: University of California Press, 1984.
- Chirol, Valentine. Indian Unrest. London: Macmillan and Co., 1910
- Coury, Ralph. The Making of an Egyptian Arab Nationalist: The Early Years of Azzam Pasha, 1893-1936. Reading: Ithaca Press, 1998.
- Candler, Edmund. The Long Road to Baghdad, London: Cassell and Company Ltd, 1919
- Darshan S. Tatla, 'Ghadar Movement: A Guide to Sources', GND University, Amritsar, 2003
- Deepak, B. R. (1999). "Revolutionary Activities of the Ghadar Party in China". *China Report* (Sage Publications) (35): 439. ISSN 0009-4455..
- De, Amalendu. History of the Khaksar Movement in India, 1931-1947, Kolkata: Parul Prakashani, 2009.
- Davis, Richard. "India in Irish Revolutionary Movement, 1905-1922."

Journal of Asiatic Society 22.1 (April 1977).

- Deol. Gurdev Singh. The Role of the Ghadar Party in the National Movement, New Delhi: Sterling Publishers, 1969
- _____. Shaheed-e-Azam Sardar Bhagat Singh: The Man and His ideology, Nabha: Deep Prakashan, 1978.
- Devoy, John. Recollection of an Irish Rebel: The Fenian Movement; Its Origin and Progress…A Personal Narrative. New York: Charles Young Company, 1929.
- Dharmavira. Lala Har Dayal and Revolutionary Movements of His Times: New Delhi: India Book Company 1970.
- Dharam Vir, 'Lal (Lala) Hardyal and the Review of his Times', Indian Book Company, New Delhi, 1970.
- _______,ed. Letters of Lala Har Dayal. Ambala Cantt.: Indian Book Agency 1970.
- Dignan, Don. The Indian Revolutionary Problem in British Diplomacy, 1914-1919. New Delhi: Allied Publishers, 1983.
- Dubofsky, Melvyn. We shall be All: A History of the Industrial Workers of the World. Urbana: University of Illinois Press, 2000.
- Das, R.K., Hindusatni Workers on the Pacific Coast, Berlin: Walter De Gruyter & Co, 1923.
- Das, Sitanshu, Subhas. A political Biography, New Delhi: Rupa & Co., 2001
- David, Saul, The Indian Mutiny 1857, UK: Penguin Books 2002.
- Desai, A.R., Social Background of Indiamn Nationalism, Bombay: Popular Prakashan, 1948.
- Emily C. Brown, 'Hardyal: Hindu Revolutionary & Rationalist', Manohar, Delhi. 1975'
- Eric Hobsbaum, The Age of Empire, 1875-1914, London: Weidenfeld and Nicholson 1987; Michel Beaud, A History of Capitalism (1500-1980), published in1983.
- Eric Wakeham, *The Bravest Soldier: Sir Rollo Gillespie, 1766–1814* (London, 1937).
- Fischer-Tinç, Herald (2007), *Indian Nationalism and the 'world forces': Transnational and diasporic dimensions of the Indian freedom movement on the eve of the First World War* (2), Cambridge University Press, ISSN 1740-0228.
- Ferguson, Ted; A White Man's Country: An Exercise in Canadian Prejudice. Toronto: Doubleday Canada Limited 1975.

- Foley, Tadhg, and Maureen O'Connor, eds., Ireland and India: Colonies, Culture, and Empire. Dublin: Irish Academic Press, 2006.
- Gupta, Amit K. (Sep. – Oct. 1997). "Defying Death: Nationalist Revolutionism in India, 1897–1938.". *Social Scientist* 25 (9/10): 3–27. ISSN 09700293..
- G. C. Ismonger and J. Slattery, 'An Account of the Ghadr Conspiracy', Archna Prakashan, Meerut, 1998.
- G. S. Deol, 'The Role of Ghadar Party in the National Movement', Sterling, Delhi, 1969
- GOI, 'The Ghadar Directory 1917', GOI, Delhi, 1917
- GOI, (P.U., Patiala), 'The Ghadar Directory 1934', GOI, Delhi, 1934
- G. S. Muhay, 'A Zeal for Martyrdom (Kartar Singh Sarabha)', Lahore Book Shop, Ludhiana, 2005
- Gleig, Memory of Warren Hastings.
- Gould, Herold A, 2006. Sikhs, Swamis, Students and Spies, New Delhi: Sage Publications.
- Ganachari, Arvind. Nationalism and Social Reform in the Colonial Situation, Delhi: Kalpaz Publications, 2005.
- Ganguly, A.B. Ghadar Revolution in America. New Delhi: Metropolitan Book Company, 1980.
- Gershoni, Israel, and James Jankowski. Egypt, Islam, and the Arabs: The Search for Egyptian Nationalhood, 1900-1930. New York: Oxford University Press, 1987.
- Ghosh, Ajoy. Bhagat Singh and His Comrades. New Delhi: People's Publishing House, 1979.
- Gordon, Leonard. Bengal: The Nationalist Movement, 1876-1940. New York: Columbia University Press, 1974.
- Goswami, Manu. "Autonomy and Comparability: Notes on the Anti-colonial and the Postcolonial." Boundary 2 32.2 (2005).
- Gould, Harold. Sikhs, Swamis, Students, and Spies: The India Lobby in the United States, 1900-1946. New Delhi: Sage Publications, 2006.
- Gupta, Manmathnath. They Lived Dangerously, New Delhi: People's Publishing House, 1969.
- Ganguly, Anil Baran, Ghadar Revolution in America, New Delhi: Metropolitan Book Co., 1980
- Ghadr Directory History Sheet, India Office Library, British Museum, 1934
- Guha, Arun Chandra, First Spark of revolution, New Delhi: Orient

Longman 1971

- Gupta, Manmathnath, History of the Indian Revolutionary Movement, Bombay: Somaiya Publications, 1972.
- H. Hasan, A Soldier Remembers.
- Har Dayal, *Forty-Four Months in Germany and Turkey* (1920), Internet.
- Har Dayal, *Hints for Self Culture* (1934) Hy SL Polak & Co. London, reprint by Jaico Publishing House, New Delhi, India.
- Har Dayal, Bodhisattva *Doctrines in Budhist and Sanskrit Literatures* (1970) Munshiram, Banarsidas Publishers. New Delhi, India.
- Hoover, Karl (May 1985). "The Hindu Conspiracy in California, 1913–1918". *German Studies Review* (German Studies Association) 8 (2): 245–261. ISBN 01497952.
- Hopkirk, Peter (2001), *On Secret Service East of Constantinople*, Oxford Paperbacks, ISBN 0-19-280230-5.
- H. W. Hale, 'Terrorism in India' (1917-36), GOI, Delhi, 1974.
- Hardas Bal Shastri, 'Armed Struggle for Freedom', Kal Prakashan, Pune, 1958
- Hardiman, David (ed.) 1992, Peasant Resistance in India; 1858-1914, Delhi, Oxford University Press, 1992.
- Harish K. Puri, Ghadar Movement: A Short History, 2011, NBT, New Delhi, India.
- Horninan, B.G., British Oppression in Punjab, 1920; reprinted first edition, Sameer Parkashan, Chandigarh, India, 1980.
- H. W. Nevinson, The New Spirit in India, 1908, Introduction.
- Helen Fein, Imperial Crime and Punishment: The Massacre at Jallianwala Bagh and British Judgement, 1919-1920, Honolulu.
- Hugh Johnston, *The Voyage of the Komagata Maru: The Sikh Challenge to Canada's Colour Bar (*Toronto: Oxford University Press, 1979).
- Habib, Irfan. To Make the Deaf Hear: Ideology and Programme of Bhagat Singh and His Comrades. Gurgaon: Three Essays Collective, 2007.
- Haithcox, John. Communism and Nationalism in India: M.N. Roy and Comintern Policy, 1920-1939. Princeton, NJ: Princeton University Press, 1971.
- ______. "Nationalism, Communism, and Twentieth-Century Jacobinism: Royalist Tactics in India, 1927-1940. "Phd. Diss., University of California, Berkley, 1965.
- Har Dayal, Lala, , Marx comes to India: Earliest Indian Biographies of

Karl Marx. Delhi: Member Book Service, 1975.

- _____, Writtings of Lala Hardayal. Benares: Swaraj Publishing House, [1923?].
- Harper, R.W. E., and Larry Miller. Singapore Mutiny. New York: Oxford University Press, 1984.
- Hassan, Mushirul, ed. Communal and Pan-Islamic Trends in Colonial India. New Delhi: Manohar, 1981.
- ____. Regionalizing Pan-Islamism,: Documents on the Khilafat Movement. New Delhi: Manohar, 2005.
- Heehs, Peter. The Bomb in Bengal: The Rise of Revolutionary Terrorism in India, 1900-1910. New York: Oxford University Press, 2004.
- _______. Nationalism, Terrorism, Communalism: Essays in Modern Indian History. New York: Oxford University Press, 1998.
- Horowitz, Irving. Radicalism and the Revolt against Reason: The Social Theories of Geoges Sorel, New York: Humanities Press, 1961.
- Hourani, Albert. Arabic Thought in the Liberal Age, 1798-1939. New York: Oxford University Press 1970.
- Hoover Library and Archives, Stanford University, Palo Alto, CA.
- Hall, Melvin A., Journey to the End of an Era: an Informal Autobiography, New York: Charles Scribner's and Sons, 1947.
- Hardas, Balshastri, Armed Struggle for Freedom, Poona: Yashwant Printing Press, 1958.
- Hedin, Sven, Overland to India, London: Macmillan, 1910.
- Imperial Gazetteer of India vol. IV 1907.
- Isemonger, F.C. and Slattery, J. 1919. An Account of the Ghadar Conspiracy, 1913-1915. (1919) Reprinted Berkley: Folklore Institute, 1998.
- Irfan Khan, Muhammad. Barkatullah Bhupali: Ek Jhan Gasht-I Innqalabi, Bhpal: Irfan publications, 1969. Reprint, London: British Library Document Supply Centre, 1985.
- India Office Records, British Library, London. [IOR].
- Jaswant & Shubh Pal, 'Hardyal', Rolli Books, Delhi, 2005.
- J.M. Carr, 'Political Trouble in India (1907-17)', GOI, Oriental Publishers, Delhi, 1973.
- Juergensmeyer/Barrier, 'Sikh Studies', Berkeley, 1979.
- Juergensmeyer, Mark, and Gerald Barrier, eds. Sikh Studies: Comparative Perspectives on a changing Tradition. Berkeley: Graduate Theological Union, 1979.
- Juergensmeyer, Mark.: "The Gadar Syndrome: Ethnic Anger and Nation-

alist Pride.: Situation Review 251-2(1981).

- _____. The Ghadar Syndrome: Nationalism in an Immigrant Community. Amritsar: Guru Nanak Dev University, 1977.
- _____. Religion as Social Vision: The Movement against untouchability in Twentieth-Century Punjab. Berkeley: University of California Press, 1982.
- Jensen, Joan M., Passage to India, Yale University Press, 1988
- Jagjit Singh, *ਗ਼ਦਰ ਪਾਰਟੀ ਲਹਿਰ (ਪੰਜਾਬੀ)*, Navyug Publishers, Chandni Chowk, Delhi, 1956.
- Jadu Gopal Mukhopadhay, *Biplabi Jibaner Smriti.*
- Jawahar Lal Nehru, Autobiography.
- Johnston, Hugh 1979. The Voyage of the Komagata Maru – The Sikh Challenge to Canada's Color Bar, New Delhi: Oxford University Press.
- Jones, Kenneth 1976. Arya Dharm: Hindu Consciousness in the 19th Century Punjab, Delhi: Manohar.
- Jalal, Ayesha 2008. Partisans of Allah – Jihad in South Asia, New Delhi: Permanent Black.
- Jacobson, Jon. When the Soviet Union Entered World Politics. Berkeley: University of California Press, 1994.
- Jensen, Joan. Passage from Inida: Asian Indian Immigrants in North America. New Haven, CT: Yale University Press, 1988.
- Josh, Bhagwan. Communist Movement in Punjab, 1926-47. Delhi: Anupama Publications, 1979.
- Josh, Sohan Singh. Baba Sohan Singh Bhakna: Life of the Founder of the Ghadar Party. New Delhi: People's Publishing House, 1979.
- ______. Hindustan Gadar Party: A Short History. New Delhi: People's Publishing House, 1977-1978.
- ______. My meetings with Bhagat Singh and on Other Early Revolutionaries. New Delhi: Communist Party of India, 1976.
- _____. My Tryst with Secularism: An Autobiography. New Delhi: Patriot Publishings, 1991.
- Kazimi, Ali; 2012, UNDISIRABLES: White Canada and the Kamagata Maru— An Illustrated History, Vancouver, Douglas & McIntyre.
- Ker, J. C. (1917), *Political Trouble in India 1907–1917*, Calcutta. Superintendent Government Printing, India, 1917. Republished 1973 by Delhi, Oriental Publishers.
- Khushwant Singh & Satindra Singh, 'Ghadar 1915 : Indian's First armed Revolution', R. K. Publishing, Delhi, 1966

- Kuwajima, Sho (1988), "First World War and Asia — Indian Mutiny in Singapore (1915)", *Journal of Osaka University of Foreign Studies* (Osaka University of Foreign Studies) 69: 23–48, ISSN 04721411.
- Kalyan Kumar Bannerjee, 'Indian Freedom Revolutionaries in America', Jijnasa, Kolkata, 1969.
- Keer, Dhananjay 1995. Dr. Ambedkar – Life and Mission, Bombay: Popular Prakashan.
- Kapur, Harish, Soviet Russia and Asia, 1917-1927. London: Pinter Publications, 1989.
- Keddie, Nikki. An Islamic Response to Imperialism: Political and Religious Writings of sayyid Jamal ad Din "al-Afghani." Berkeley: University of California Press, 1968.
- Khan, Amir Haider. Chains to Lose: Life and Struggles of a Revolutionary. New Delhi: Patriot Publishers, 1989.
- Khuri-Makdisi, Ilham. "Levantine Trajectories: The Formulation and Dissemination of Radical Ideas in and between Beirut, Cairo and Alexandria, 1860-1914." PhD Diss., Harvard University, 2004.
- Knowles, Robert. "Anarchist Notions of Nationalism and Patriotism." R.A. Forum.
- Kornbluh, Joyce, ed. Rebel Voices: An IWW Anthology. Ann Arbor: University of Michigan press, 1968.
- Kaye, Cecil. *Communism in India, 1919-1924. 1924*. Reprint, Calcutta: Editions Indian, 1971.
- Khankhoje, P.S., Unpublished Memoirs, New Delhi: Nehru Memorial Library
- Kinder, Hermann and Werner Hilgemann, The Penguin Atlas of World History, Vol. II: From the French Revolution to the Present, translated by Ernest A. Menze, London: Penguin Books, 1978.
- Kochar, Bishan Das, Unpublished Memoirs, New Delhi: Nehru Memorial Library (Khankhoje Papers).
- L. B. Mathur, 'Indian Revolutionaries in the USA', S. Chand & Co., 1970.
- Lord Hardinge, 'My Indian Years' (1910-16), London, 1948.
- L.S. S. Omally; History of Bengal, Bihar and Orissa.
- Leigh, M.S. 1922, Punjab and the War, Lahore.
- Labrack, Bruce. The Sikhs of Northern California, 1904-1975. New York: AMS Press, 1988.
- Lal, Chaman. Bhagat Singh: The Jail Notebook and Other Writings. New Delhi: Leftword Books. 2007.

- ____. "Gandhi, Bhagat Singh, and What the Historians Say." Economic and Political Weekly 44.25(2009).
- Leonard, Karen. Making Ethnic Choices: California's Punjabi Mexican Americans. Philadelphia: Temple University Press, 1992.
- Lynch, David. Radical Politics in Modern Ireland: The Irish Socialist Republican Party, 1896-1904. Dublin: Irish Academic Press, 2005.
- Lovett, Sir Verney, A History of the Indian Nationalist Movement, London: Frank Cass and Co. Ltd, 1968.
- Majumdar, Bimanbehari (1967), *Militant Nationalism in India and Its Socio-religious Background, 1897–1917*, General Printers & Publishers.
- Malini Sood, 'Ghadr Party in North America', Garland Publisher, New York, 2000.
- Michael O'Dwyer, 'Indian As I Knew it', London, 1925.
- M.S. Waraich/Harinder Singh, 'War Against King Emperor "Ghadar of 1914-15', Bhai Randhir Singh Trust Ludhiana, 2001.
- M.S. Waraich/GS Sidhu, 'Komagtamaru: (Documents)', Uni Star, Chandigarh, 2005.
- Malvinderjit Singh Waraich, (Edited), ਜੀਵਨ ਸੰਗਰਾਮ (ਪੰਜਾਬੀ), ਬਾਬਾ ਸੋਹਨ ਸਿੰਘ ਭਕਨਾ ਦੀ ਸਵੈ-ਜੀਵਨੀ, Tarak Bharti Prakashan, Barnala, 2003.
- Malvinderjit Singh Waraich, Harish Jain, *Ghadr Documents: Soldiers in Revolt,* Unistar Publishers (Preface), under publication.
- Malvinderjit Singh Waraich, ਡਾਇਰੀ ਬਾਬਾ ਹਰੀ ਸਿੰਘ ਉਸਮਾਨ (ਸਵੈ-ਜੀਵਨੀ), ਪੰਜਾਬੀ, Ed. Trak Bharti Parkashan Barnala — 2006.
- Malvinderjit Singh Waraich, *Bhagat Singh — The Eternal Rebel*, Publication Division, Ministry of Information and Broadcasting, Govt. of India, Soochna Bhawan, C.G.O. Complex, Lodhi Road, New Delhi 110003, 2007.
- Malwinderjit Singh Waraich, Gurdev Singh Sidhu, *Hanging of Bhagat Singh*, Vol. I, Complete Judgement and other Documents, Unistar Publishers, Chandigarh, 2005.
- Malwinderjit Singh Waraich, and Harinder Singh; *Ghadr Movement: Original Documents.* Chandigarh: Unistar Books, 2008.
- Malwinderjit Singh Waraich, Sita Ram Bansal, ਆਤਮ ਕਥਾ: ਗ਼ਦਰੀ ਬਾਬਾ ਹਰਨਾਮ ਸਿੰਘ ਕਾਲਾ ਸੰਘਿਆਂ (ਕਪੂਰਥਲਾ), Ed. Lokgeet Parkashan, Chandigarh 2011.
- Malwinderjit Singh Waraich, ਆਤਮ ਕਥਾ: ਆਤਮ ਕਥਾ : ਬਾਬਾ ਸੱਜਣ ਸਿੰਘ ਨਾਰੰਗਵਾਲ Ed. Sita Ram Bansal, Lokgeet Parkashan, Chandigarh, 2011.

- Michel Beaud, A History of Capitalism.
- Meyer, K. E., 2003, The Dust of Empire: The Race for Mastery in Asia Heartland, New York, The Century Foundation.
- Muinuddin Ahmed, Wahabi Trials 1863-1870, Pakistan Asiatic Society Publication, No 8.
- M. N. Roy, 'Memoires', Allied Bombay, 1964.
- M. Naeem Qureshi, Pan-Islam in British Indian Politics: A Study of the Khilafat Movement, 1918-1924.
- Meher Fatima Hussain, *Maulvi Mohammad Baqar in the Vanguard of 1857*, Delhi.
- Mohinder Singh, 2008. The Akali Movement, New Delhi: National Book Trust of India.
- Mackinnon, Janice, and Stephen Mackinnon. Agnes Smedley: The Life and Times of an American Radical. Berkeley: University of California Press, 1988.
- Manjapra, Kris. "The Illusions of Encounter: Muslim and Hindu Revolutionaries in First World War Germany and After. "Journal of Global History 1.3(2006).
- Marks, Steve G. How Russia Shaped the Modern World. Princeton, NJ: Princeton University Press, 2003.
- Mathur, I.P. Indian Revolutionary Movement in the United States of America. Delhi: S. Chand, 1970.
- Melendy, H. Bret. Asians in America. Boston: Twayne Publishers, 1977.
- Metcalf, Thomas. Imperial connections: India in the Indian Ocean Arena, 1860-1920. Berkeley: University of California Press, 2007.
- Miller, Sally. The Radical Immigrant. New York: Twayne Publishers, 1974.
- Minault, Gail. The Khilafat Movement: Religious Symbolism and Political Mobilization in India. New York: Columbia University press, 1982.
- Mitchell, Barbara. The Practical Revolutionaries: A New interpretation of the French Anarchosyndicalists, Westport, CT: Greenwood Press, 1987.
- Mondal, Anshuman. Nationalism and Post-Colonial Identity: Culture and Ideology in India and Egypt. New York: Routledge Curzon, 2003.
- Moss, Bernard. The Origins of the French Labor Movement, 1830-1914: The Socialism of Skilled Workers. Berkeley: University of California Press, 1976.
- Mukerji, Dhan Gopal. Caste and Outcast. Edited by Gordan Chang. Purnima Mankekar, and Akhil Gupta. New York: E.P. Dutton, 1923. Re-

print, Stanford, CA: Stanford University Press 2002.

- Mukherjee, Tapan K. Taraknath Das: Life and Letters of a Revolutionary in Exile. Calcutta: National Council of Education, 1998.
- Musa, Salama. The Education of Salama Musa. Translated by L.O. Schuman. Leiden: Brill, 1961.
- Majumdar, R.C., History of the Freedom Movement in India, Calcutta: Firma KLM, 1997
- Matchett, Karin, 'At Odds over Inbreeding: An Abandoned attempt at Mexican/United States Collaboration to Improve Mexican Corn', doctoral thesis, Yale University, 2006
- Mitrokhin, L.V., Lenin in India, New Delhi: Allied Publishers, 1981.
- N. Gerald Barrier, 'Banned Controversial Literature (1907-47)', Manohar, Delhi, 1976.
- Nahar Singh & Kirpal Singh, 'Struggle for Free Hindustan' (Ghadar Movement in 3 vols.), Atlantic/Nirmal 1986, Delhi, 1988.
- N. Gerald Barrier, "The Punjab Disturbances of 1907: The Response of the British Government in India to Agrarian Unrest", in Hardiman, David (ed.), Peasant resistance in India, 1858-1914, Delhi, Oxford University Press, 1992.
- Nevinson, Henry W., 1968, The New Spirit in India, Introduction.
- Nasim Yousaf, Alama Mashriqi and the Khaksar Tehrik.
- Nair, Neeti. "Bhagat Singh as Satyagrahi: "The limits of Non-Violence in Late Colonial India." Modern Asian Studies 43.3 (2009).
- National Archives of India, Delhi. [NAI].
- Nehru Memorial Museum and Library, Delhi. [NMML].
- O'Dwyer, Sir Michael Francis 1925. India As I Knew It – 1885-1925 London: Constable & Co.
- O Malley, Kate. Ireland, India, and Empire: Indo-Irish Radical Connections, 1919-1964. Manchester: Manchester University Press 2008.
- Overstreet, Gene, and Marshall Windmiller. Communism in India. Berkeley: University of California Press, 1959.
- Ozcan, Azmi. Pan-Islamism: Indian Muslims, the Ottomans, and Britain, 1877-1924. New York: Brill, 1977.
- Percy Sykes, A History of Persia, Vol. 2, London, Macmillan, 1915, p. 517.
- Plowman, Matthew (2003), "Irish Republicans and the Indo-German Conspiracy of World War I", *New Hibernia Review* (Center for Irish Studies at the University of St. Thomas) (7.3): 81–105, ISBN 10923977 Check lisbn= value (help).

- Popplewell, Richard J. (1995), *Intelligence and Imperial Defence: British Intelligence and the Defence of the Indian Empire 1904–1924.*
- P. B. Sinha, 'Indian National Liberation Movement & Russia', Sterling, Delhi, 1975
- Prem Singh, 2007, From Pagri Sambhal Jatta to Jallianwala Bagh, Desh Bhagat Yadgar Committee.
- Pankaj Mishra, From the Ruins of Empire: The Intellectuals Who Remade Asia. New York: Farrar, Straus and Giroux, 2012.
- Parwana, Balbir (ed.) 2007, Likhtaan: ਲਿਖਤਾਂ: ਗ਼ਦਰੀ ਬਾਬਾ ਜਵਾਲਾ ਸਿਘ (ਪੰਜਾਬੀ) (Writings of Ghadari Baba Jawala Singh), Barnala.
- Petrie, D., nd. (1911). Developments in Sikh Politics 1901-1911: A Report. Reprinted Amritsar: Chief Khalsa Diwan.
- Puri, Harish K. (Sep. – Oct. 1980), "Revolutionary Organization: A Study of the Ghadar Movement", *Social Scientist* 9 (2/3): 53–66, ISSN 097 0293.
- Puri, Harish K. 1993. Ghadar Movement: Ideology, Organisation and Strategy, Amritsar: GND University.
- __________, 2000. "The Ghadar Movement: A New Consciousness" in Harish K. Puri and Paramjit Singh Judge (eds.) Social and Political Movements, Jaipur and New Delhi: Rawat Publications.
- __________, 2008. "The influence of Ghadar Movement on Bhagat Singh's Thought and Action", Pakistan Vision (Lahore), Vol.9, No.2, pp. 70-84.
- Panikkar, K.N., ed. National and Left Movements in India. New Delhi: Vikas, 1980.
- Patel, Zarina. Unquit: The Life and Times of Makhan Singh. Nairobi: Zand Graphics, 2006.
- Persits, M. Revolutionaries of India in Soviet Russia. Moscow: Progress Publishers, 1983.
- Plowman, Mathew. "Irish Republicans and the Indo-German Conspiracy of World War I." New Hibernia Review 7.3 (Autumn 2003).
- Popplewell, Richard. Intelligence and Imperial Defense: British Intelligence and the Defence of the Indian Empire, 1904-1924. London: Frank Cass, 1995.
- Price, Ruth. The Lives of Agnes Smedley. New York: Oxford University Press, 2005.
- Puri, Harish K. Ghadar Movement: Ideology, Organization, and Strategy. Amritsar: Guru Nanak Dev University, 1993.

- Petrie, David. *Communism in India, 1924-1927. 1927.* Calcutta: Editions Indian, 1972.
- ——. *Developments in Sikh Politics, 1900-1911:* A Report. Amritsar: Chief Khalsa Diwan, 1972 [1991].
- Patnaik, Ashok Kumar, The Soviets and the Indian Revolutionary, New Delhi: Anamika Prakashan, 1992.
- Paul, E. Jaiwant, and Shubh Paul, Har Dayal: The Great Revolutionary, New Delhi: Roli Books, 2003.
- Pradhan G.P., India's freedom Struggle, New Delhi: Popular Prakashan, 1990.
- Qureshi, M. Naeem (1999), *Pan-Islam in British Indian Politics: A Study of the Khilafat Movement, 1918–1924*, Brill Academic Publishers, ISBN 90-04-11371-1.
- Q. Ahmad, 'The Wahabi Movement in India'.
- R.A. Ulyanovsky (ed), 'Revolutionaries of India in Soviet Union', Progress Publishers, Moscow, 1973/83.
- Raja Mahendra Pratap, 'My Life Story of 55 years', 1947.
- Rulph Russel and Khurshidul Islam (1994), Ghalib, his life and letters', compiled and translated by published, Oxford University press.
- Richard Cavendish, History Today, Volume 49, Issue 5, 1999.
- Richard Gott, Britains Empire, 2011, Verso, London, U.K.
- R. C. Mazumdar, "History of the Freedom Movement in India."
- Roland Miller, The Encyclopaedia of Islam, Vol VI, Brill 1988.
- Ramnath, Maia 2011. "Hajj to Utopia", University of California Press.
- Rathore, Naem Gul 1965, "Indian Nationalist Agitation in the United States: A Study of Lala Lajpat Rai". Ph.D Dissertation (Unpublished), Columbia University.
- Ramu, P.S., Prelude to Quit India, New Delhi: S.S. Publishers, 1993.
- Reetz, Dietrich. Hijrat: The Fight of the Faithful; A British File on the Exodus of Muslim Peasants from India to Afghanistan in 1920. Berlin: Verlag Das Arabische Buch, 1995.
- Rodinson, Maxime. Marxism and the Muslim World. New York: Monthly Review Press, 1981.
- Roth, Jack. The Cult of Violence: Sorel and the Sorelians. Berkeley: University of California Press, 1980.
- Roy, M. N. Memoirs. Bombay and New York: Allied Publishers, 1964.
- Ryan, Desmond. The Rising: The Complete Story of Easter Week. Dublin: Golden Eagle Books, Ltd., 1949.

Peoples of the East. New York: Pathfinder Press, 1995.

- Sareen, Tilak R. (1995), *Secret Documents On Singapore Mutiny 1915*, Mounto Publishing House, New Delhi, ISBN 81-7451-009-5.
- Sareen, Tilkraj, 1979, Indian Revolutionary Movement Abroad (1905-1921), Sterling Publishers Pvt. Ltd. New Delhi.
- Sareen, T.R., Russian Revolution and India, 1917-1921, New delhi: Sterling Publishers, 1977
- Sarkar, Sumit. Modern India, 1885-1947. New Delhi: Macmillan, 1983.
- ______. The Swadeshi Movement in Bengal, 1903-1908. New Delhi: People's Publishing House, 1973.
- Sarkar, Sumit (1983), *Modern India, 1885–1947*, Delhi: Macmillan, ISBN 978-0-333-90425-1.
- Strachan, Hew (2001), *The First World War*, I: To Arms, USA: Oxford University Press, ISBN 0-19-926191-1.
- S.A. Waiz (ed), 'Indians Abroad' (Documents), Bombay, 1927.
- Sir Percy Sykes, A History of Persia, Vol. 2, London, Macmillan, 1915, p. 517.
- Strachan, Hew (2001), *The First World War*, I: To Arms, USA: Oxford University Press, ISBN 0-19-926191-1.
- Shamsul Islam, Indian First War of Independence 1857.
- Sugata Bose, His Majesty's Opponent's, 2011, The Belknap Press of Harvard University Press, Cambridge, Massachusetts, London, England.
- Santimoy Ray, Freedom Movement and Indian Muslims.
- S. B. Chaoudhry, Civil Disturbance in India.
- Syed Shabbir Hussain, *Al-Mashriqi: The Disowned Genius*, 1991, Publisher: Jang Publisher, Lahore, Pakistan.
- Syed Ahmad, ***ਅਸਬਾਬ-ਏ-ਬਗ਼ਾਵਤ-ਏ-ਹਿੰਦ*** (Causes of the Indian Revolt), Bombay: Nachiketa Publications Limited, 1972.
- Shyam Sunder, *Barkatullah Bhopali (*Bhopal: Swaraj Sansthan Sanchalnalay, 2004).
- Shafqat Rizvi, **ਨਕੀਬ-ਏ-ਇਨਕਲਾਬ-ਮੌਲਾਨਾ ਬਰਕਤਉੱਲਾ ਭੋਪਾਲੀ** (Patna: Khuda Baksh Oriental Public Library).
- Syed Ali Abid Wajdi Al Hussaini, *Maulana Barkatullah Bhopali* (Bhopal: Madhya Pradesh Urdu Academy, 1986).

- Satia, Priya. Spies in Arabia. New York: Oxford University Press, 2008.
- Sawhney, Savitri. I Shall Never Ask for Pardon: Amemoir of Pandurang Khankhoje. New Delhi: Oxford India, 2008.
- Seth, Sanjay. Marxist Theory and Nationalist Politics: The Case of Colonial India. New Delhi: Sage Publications, 1995.
- Shakir, Moin. Khilafat to Partition: A Survey of Major Political Trends among Indian Muslims during 1919-1947. Delhi: Ajanta Publications, 1983.
- Sharma, Shalini. "Developing a Communist Identity: The Case of the Naujavan Bharat Sabha." Journal of Punjab Studies 14.2 (Fall 2007).
- Sho, Kuwajima. Mutiny in Singapore. War, Anti-War, and the War for India's Independence, New Delhi: Rainbow Publishers, 2006.
- Singh, Gurharpal. Communism in Punjab: A Study of the Movement up to 1967. Delhi: Ajanta Publications, 1994.
- Singh, Jane, et al., eds. South Asians in North America: An Annotated and Selected Bibiliography. Berkeley: Center for South and Southeast Asia Studies, 1988.
- Singh, Khushwant, and Satindera Singh. Ghadar 1915: India's First Armed Revolution. Delhi: R & K Publishing House, 1966.
- Smedley, Agbes, Daughter of Earth. New York: Coward-McCann, 1929.
- Smith, W.C. Modern Islam in India. New Delhi: Usha Publications, 1979.
- Sood, Malini. "Expatriate Nationalism and Ethnic Radicalism: The Ghadar Party in North America, 1910-1920." PhD diss., SUNY, Stony Brook, 1995.
- Spratt, Philip. Blowing up India: Reminiscences and Reflections of a Former Comintern Emissarry, Calcutta: Prachi Prakashan, 1955.
- Subramanyam, C.S.M.P.T. Acharya, His Life and Times: Revolutionary Trends in the early Anti-Imperialist Movements in South India and Abroad. Madras: Institute of South Indian Studies, 1995.
- Tabili, Laura. "We Ask for British Justice": Workers and Racial Difference in Late Imperial Britain. Ithaca, NY: Cornell University Press, 1994.
- Sedition Committee (S.A.T. Rowlatt, President). *Report.* Calcutta: Superintendent Government Printing, 1918.
- Senate Fact – Finding Committee. *Seventh Report on Un-American Activities in California.* Sacramento: California Senate Printing Office, 1953.
- South Asians in North American Collection, Bancroft Library, University of California, Berkeley. [SANA]
- Sanyal Sachindranath, 1922, ਬੰਦੀ ਜੀਵਨ (ਹਿਦੀ), Rpt. Delhi: Atma Ram & Sons, 1963.

- Sawhney, Savitiri, 2008, I shall never ask for Pardon—A Memoir of Pandurang Khankhoje, New Delhi: Penguin
- Sathe, Shanta, Lokmanya Tilak: His Social and Political Thought, New Delhi: Ajanta Publications, 1994
- Sharma, Jagdish Saran, India Since the Advent of the British, New Delhi: S. Chand and Company, 1970
- Singh, Fauja, Eminent Freedom Fighters of Punjab, Patiala: Punjabi University, 1972
- Sykes, Christopher, Wassmuss. The German Lawrence, London Longmans, Green & Co, 1936
- Tilak Raj Sareen, 'Selected Documents of the Ghadar Party', Mounto, Delhi, 1969.
- Teggart, 'Terrorism in India', GOI, Delhi, 1932.
- T. R. Sareen, Indian Revolutionary Movement Abroad (1905-1920), New Delhi, Sterling Publishers, 1979, p. 106.
- T. R. Sareen, Indian Revolutionary Movement Abroad (1905-1920), New Delhi, Sterling Publishers, 1979.
- Tau, Tai Yong, 2005, The Garrisn State: The Military, Government and Society in Colonial Punjab, 1849-1947, Sage Publications, New Delhi.
- Tahera Aftab, Inscribing South Asian Muslim Women: An Annotated Bibliography & Research Guide.
- Thakur, Gopal. Bhagat Singh: The Man and His Ideas. New Delhi: People's Publishing House, 1962.
- Thorpe, Wayne, and Marcel van der Linden, Revolutinary Syndicatlism: An International Perspective. Aldershot, Eng.: Scolar Press, 1990.
- Usmani, Shaukat. Historic Trips of a Revolutionary: Sojourn in the Soviet Union. New Delhi: Sterling Publishers, 1977.
- ______. Peshawar to Moscow: Leaves from an Indian Muhajireen's Diary. Benares: Swarajya Publishing House, 1927.
- United States National Archives and Records Administration, College Park, MD; San Bruno, CA. [NARA]
- Uchmany, Eva Alexandra, edited and coordinated, India-Mexico: Similarities & Encounters Throughout History, New Delhi Macmillan, 2003
- V. D. Mahajan, Advanced History of India, S. Chand & Co, 1990.
- Vohra, Ranbir (2001), *The Making of India: A Historical Survey*, 2nd Ed. Armonk, New York: M.E. Sharpe.
- Van der Ver, Peter. Nation and Migration: The Politics of Space in the

South Asian Diaspora. Philadelphia: University of Pennsylvania Press, 1955.

- Vatikiotis, P. The History of Egypt. London: Weidenfeld & Nicolson, 1969.
- Vatuk, Ved Prakash. Thieves in My House: Four Studies of Indian Folklore of Protest and change. Varanasi: Vishwavidyalaya Parkashan, 1969.
- Verma, Shiv. Ed., Selected Writings of Shaheed Bhagat Singh. New Delhi: National Book Centre, 1986.
- Voll, John Obert, Islam: Continuity and Change in the Modern World. Boulder, CO: Westview Press, 1982.
- Van Pelt, Rare Documents Collection, University of Pennsylvania, Philadelphia, PA.
- Ward, W. P. (2002), "White Canada Forever: Popular Attitudes and Public Policy Toward Orientals in British Columbia", *McGill-Queen's Studies in Ethnic History* (3 ed.) (McGill-Queen's University Press), ISBN 0-7735-2322-7.
- William Langer, The Diplomacy of Imperialism, 1890-1902 (1965).
- William Hunter, 'Indian Mussalman.'
- W. C. Smith, 'Modern Islam in India'.
- Wikipedia, Darul Uloom Deoband.
- Ward, Alan j., The Easter Rising: Revolution and Irish Nationalism. Arlington Heights, IL: AHM Publishing Corporation, 1980.
- Worley, Matthew, ed. In Search of Revolution: International Communist Parties in the Third Period. London: IB. Tauris, 2004.
- Wilbur, C. Martin, Sun Yat Sen: Frustrated Patriot, New Delhi, Columbia University Press, 1976.
- Wilson, Sir Arnold T., Loyalties: Mesopotamia 1914-1917, Oxford University Press, 1930.
- Wolfe, Bertram D., The Fabulous Life of Diego Rivera, New York Stein and Day, 1963.
- Wolpert, Stanely A., Tilak and Gokhale : Revolution and Reform in the Making of Modern India, New Delhi: Oxford University Press, 1961.
- Y Y. V. Gankovsky, L. R. Gordon-Polonskaya, A History of Pakistan (1947-1958).
- Yajnik, Indulal Kanailal. Shyamji Krishnavarma: Life and Times of an Indian Revolutionnary, Bombay: Lakshmi Publications, 1950.
- Zabre, Alfonso Teja, Breve Historia de Mexica, Government of Mexico Publication, 1934.


ਹਿੰਦੁਸਤਾਨ ਦੇ ਆਜ਼ਾਦੀ ਸੰਗਰਾਮ ਦੀ ਮੁਹਰੈਲ, ਗ਼ਦਰ ਪਾਰਟੀ ਕੋਲ ਇਕ ਦਲੇਰਾਨਾ ਅਤੇ ਭਵਿੱਖੀ ਦ੍ਰਿਸ਼ਟੀ ਵਾਲਾ ਮਿਸ਼ਨ ਸੀ: ਭਾਵ ਬਰਤਾਨੀਆ ਦੇ ਨਿਰੰਕੁਸ਼ ਬਸਤੀਵਾਦੀ ਰਾਜ ਤੋਂ ਹਿੰਦੁਸਤਾਨ ਦੀ ਮੁਕਤੀ। ਆਪਣੇ ਨਿਸ਼ਾਨੇ ਦੀ ਪੂਰਤੀ ਲਈ, ਉਨ੍ਹਾਂ ਨੇ ਸਾਮਰਾਜਵਾਦ ਦੇ ਵਿਰੁੱਧ ਸ਼ਕਤੀਸ਼ਾਲੀ ਜੁਝਾਰੂ ਟਾਕਰਾ ਲਾਮਬੰਦ ਕੀਤਾ, ਅਤੇ ਉਹ ੮000 ਤੋਂ ਵੱਧ ਹਿੰਦੁਸਤਾਨੀਆਂ ਨੂੰ ਆਪਣੀ ਮਾਂ-ਧਰਤੀ ਨੂੰ ਆਜ਼ਾਦ ਕਰਾਉਣ ਲਈ ਵਤਨ ਵਾਪਸ ਪਰਤਣ ਲਈ ਪ੍ਰੇਰਨ ਵਿਚ ਕਾਮਯਾਬ ਹੋਏ ਜੋ ਬਦੇਸ਼ ਵਿਚ ਪਹਿਲਾਂ ਹੀ ਸਥਾਪਤ ਹੋ ਚੁੱਕੇ ਸਨ ਜਾਂ ਉਥੇ ਕੰਮ ਕਰ ਰਹੇ ਸਨ। ਆਲਮੀ ਮੰਚ ਉੱਪਰ ਇਕ ਨਾਟਕੀ ਕਿਰਦਾਰ ਨਿਭਾਉਂਦੇ ਹੋਏ, ਉਹ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਦੇਸ਼ ਅਤੇ ਬਦੇਸ਼ ਵਿਚ ਹਿੰਦੁਸਤਾਨੀਆਂ ਲਈ ਪ੍ਰੇਰਣਾ ਦਾ ਅਮੁੱਕ ਸੋਮਾ ਅਤੇ ਇਨਕਲਾਬੀ ਉਮੀਦ ਬਣੇ।


ਗ਼ਦਰੀ ਚਾਹੁੰਦੇ ਸਨ ਕਿ ਦੁਨੀਆ ਸਾਮਰਾਜਵਾਦੀ ਗ਼ਲਬੇ ਅਤੇ ਬਸਤੀਵਾਦੀ ਰਾਜ ਤੋਂ ਮੁਕਤ ਹੋਵੇ। ਕਿਸਾਨਾਂ, ਮਜ਼ਦੂਰਾਂ, ਔਰਤਾਂ ਅਤੇ ਸਬਆਲਟਰਨ ਜਮਾਤਾਂ ਤੇ ਜਾਤਾਂ ਨੂੰ ਤਾਕਤ ਬਖ਼ਸ਼ਣ ਦਾ ਉਨ੍ਹਾਂ ਦੇ ਸਿਆਸੀ ਏਜੰਡੇ ਉੱਪਰ ਹਮੇਸ਼ਾ ਉੱਘੜਵਾਂ ਸਥਾਨ ਰਿਹਾ। ਹਿੰਦੁਸਤਾਨ ਦੇ ਵੱਖੋ-ਵੱਖਰੇ ਧਾਰਮਿਕ ਫਿਰਕਿਆਂ ਨੂੰ ਇਕ ਸਾਂਝੇ ਸੰਘਰਸ਼ ਵਿਚ ਇਕਜੁੱਟ ਕਰਨਾ ਅਤੇ ਇਕ ਡੂੰਘੀ ਧਰਮਨਿਰਪੱਖ ਸਿਆਸੀ ਚੇਤਨਾ ਪ੍ਰਫੁੱਲਤ ਕਰਨਾ ਉਨ੍ਹਾਂ ਦਾ ਸਭ ਤੋਂ ਵੱਡਾ ਹਾਸਲ ਸੀ। ਉਨ੍ਹਾਂ ਨੂੰ ਬਾਗ਼ੀ ਹੋਣ ਉੱਪਰ ਮਾਣ ਸੀ ਅਤੇ ਉਨ੍ਹਾਂ ਨੇ ਆਪਣੇ ਲਹੂ ਦਾ ਆਖ਼ਰੀ ਕਤਰਾ ਹਿੰਦੁਸਤਾਨ ਦੀ ਉਡਾਰ ਹੋ ਰਹੀ ਕੌਮੀ ਮੁਕਤੀ ਲਹਿਰ ਦੇ ਪਾਲਣ-ਪੋਸ਼ਣ ਦੇ ਲੇਖੇ ਲਾਇਆ।

ਇਹ ਯਾਦਗਾਰੀ ਕਿਤਾਬ, ਗ਼ਦਰ ਲਹਿਰ ਅਤੇ ਹਿੰਦੁਸਤਾਨ ਦੀ ਸਾਮਰਾਜਵਾਦ ਵਿਰੋਧੀ ਜੱਦੋਜਹਿਦ, ਪ੍ਰਾਗਰੈਸਿਵ ਪੀਪਲਜ਼ ਫਾਊਂਡੇਸ਼ਨ ਆਫ ਐਡਮਿੰਟਨ ਵਲੋਂ ਉਲੀਕੇ ਸਰਗਰਮੀਆਂ ਅਤੇ ਪ੍ਰੋਜੈਕਟਾਂ ਦੇ ਇਕ ਸਾਲ ਦੇ ਪ੍ਰੋਗਰਾਮ ਦੀ ਸਿਖ਼ਰ ਹੈ, ਜੋ ਗ਼ਦਰ ਲਹਿਰ ਦੀ ਪਹਿਲੀ ਸ਼ਤਾਬਦੀ ਮਨਾਏ ਜਾਣ ਨੂੰ ਸਮਰਪਿਤ ਹਨ।

ਗ਼ਦਰ ਲਹਿਰ ਅਤੇ ਇਸਦੇ ਇਨਕਲਾਬੀ ਮੁਹਰੈਲ ਆਧੁਨਿਕ ਹਿਦੁਸਤਾਨ ਦੇ ਇਤਿਹਾਸ ਅੰਦਰ ਅਥਾਹ ਸਤਿਕਾਰ ਅਤੇ ਆਦਰਯੋਗ ਰੁਤਬੇ ਦੇ ਹੱਕਦਾਰ ਹਨ।

-ਪ੍ਰੋਫੈਸਰ ਰਾਜ ਪੰਨੂ
ਪ੍ਰੋਫੈਸਰ ਇਮੈਰਾਈਟਸ, ਯੂਨੀਵਰਸਿਟੀ ਆਫ ਐਲਬਰਟਾ





ਪ੍ਰਾਗਰੈਸਿਵ ਪੀਪਲਜ਼ ਫਾਊਂਡੇਸ਼ਨ ਆਫ ਐਡਮਿੰਟਨ ਅਲਬਰਟਾ, ਕੈਨੇਡਾ